S.P

PUNJAB VIDHAN SABHA

DEBATES

10th March, 1999

VOL. VII–NO. 1

OFFICIAL REPORT

CONTENTS

Wednesday, the 10th March, 1999

Punjab Vidhan Sabha Secretariat, Chandigarh.

Price Rs.———

PUNJAB VIDHAN SABHA

Wednesday, 10th March, 1999

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 9.00 A. M. Mr. Speaker (Sardar Charnjit Singh Atwal) in the Chair.

OBITUARY REFERENCES

ਸ਼੍ਰੀ ਸਪੀਕਰ : ਸਭ ਤੋਂ ਪਹਿਲਾਂ ਸੀ.ਐਮ. ਸਾਹਿਬ ਅਕਾਲ ਚਲਾਣਿਆਂ ਦਾ ਵਰਣਨ ਕਰਨਗੇ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਪਿਛਲੇ ਸਮੇਂ ਤੋਂ ਲੈ ਕੇ, ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਬਹੁਤ ਸਾਰੇ ਉਘੇ ਸਾਥੀ, ਜੋ ਸਾਡੇ ਇਸ ਹਾਊਸ ਦੇ ਮੈਂਬਰ ਵੀ ਰਹੇ ਹਨ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਇਸ ਲਈ ਮੈਂ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ ।

ਸ਼੍ਰੀ ਤਿਲਕ ਰਾਜ ਚੱਢਾ ਜਿਹੜੇ ਕਿ ਸਾਬਕਾ ਵਿਧਾਇਕ ਸਨ, ਉਨ੍ਹਾਂ ਨੇ ਸਾਡਾ ਸਾਥ ਛੱਡ ਦਿੱਤਾ । ਰਾਵਲਪਿੰਡੀ, ਜੋ ਹੁਣ ਪਾਕਿਸਤਾਨ ਵਿਚ ਹੈ, ਉਥੇ ਉਨ੍ਹਾਂ ਦਾ ਜਨਮ ਹੋਇਆ । ਰਾਵਲਪਿੰਡੀ ਦੀ ਅਸੈਂਬਲੀ ਸੀਟ ਤੋਂ ਉਹ ਐਮ.ਐਲ.ਏ. ਬਣੇ । ਉਹ ਬਹੁਤ ਵੱਡੇ ਰੈਵੋਲਿਊਸ਼ਨਰੀ ਸਨ । ਉਹ ਸਵਰਗਵਾਸੀ ਅਚਾਰੀਆ ਨਰਿੰਦਰ ਦੇਵ ਅਤੇ ਜੈ ਪ੍ਰਕਾਸ਼ ਨਾਰਾਇਣ ਦੇ ਬਹੁਤ ਨੇੜੇ ਦੇ ਸਾਥੀ ਸਨ । ਉਹ ਲਾਹੌਰ ਵਿਚ 'ਬੰਦੇ ਮਾਤਰਮ' ਅਖਬਾਰ ਦੇ ਚੀਫ ਆਡੀਟਰ ਰਹੇ ਅਤੇ ਉਨ੍ਹਾਂ ਨੇ ਆਪ ਇਕ 'ਨਯਾ ਪੰਜਾਬ' ਨਾਂ ਦਾ ਅਖ਼ਬਾਰ ਸ਼ੁਰੂ ਕੀਤਾ । ਇਥੇ ਆਉਣ ਤੋਂ ਬਾਅਦ ਉਹ ਮੁਕੰਦ ਲਾਲ ਨੈਸ਼ਨਲ ਕਾਲਜ, ਯਮੁਨਾਨਗਰ ਦੇ ਪ੍ਰਿੰਸੀਪਲ ਵੀ ਰਹੇ ਹਨ । ਉਨ੍ਹਾਂ ਦੇ ਅਕਾਲ ਚਲਾਣੇ ਤੇ ਪੰਜਾਬ ਨੂੰ, ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ । ਉਹ ਬਹੁਤ ਵਡੇ ਐਕਸਪੀਰੀਐਂਸਡ ਲੈਜਿਸਲੇਟਰ ਸਨ, ਐਡਮਨਿਸਟ੍ਰੇਟਰ ਸਨ । ਸਮਾਜ ਸੇਵਾ ਉਨ੍ਹਾਂ ਦਾ ਮੇਨ ਕੰਮ ਸੀ । ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਬਹੁਤ ਵੱਡਾ ਹਿੱਸਾ ਪਾਇਆ । ਮੈਂ ਬੜੇ ਦੁਖ ਅਤੇ ਅਫਸੋਸ ਨਾਲ, ਚਿੰਤਾ ਨਾਲ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦਿਆਲ ਸਿੰਘ ਲਹਿਰਾ ਵੀ ਆਪਣੇ ਇਸ ਹਾਊਸ ਦੇ ਮੈਂਬਰ ਰਹੇ । ਉਨ੍ਹਾਂ ਦਾ ਜਨਮ ਪਿੰਡ ਘੜੂੰਆਂ, ਜ਼ਿਲ੍ਹਾ ਰੋਪੜ ਵਿਚ ਹੋਇਆ । ਉਹ ਸਾਲ 1952 ਤੋਂ ਲੈ ਕੇ 1954 ਤੁਕ ਅਸੈਂਬਲੀ ਦੇ ਮੈਂਬਰ ਰਹੇ । ਪੰਜਾਬੀ ਸੂਬਾ ਮੂਵਮੈਂਟ ਵਿਚ ਉਨ੍ਹਾਂ ਨੇ ਬਹੁਤ ਐਕਟਿਵ ਹਿੱਸਾ ਲਿਆ ਅਤੇ ਕਈ ਦਫਾ ਉਨ੍ਹਾਂ ਨੇ ਜੇਲ੍ਹ ਯਾਤਰਾ ਕੀਤੀ । ਉਹ ਐਸ. ਜੀ.ਪੀ.ਸੀ. ਦੇ ਵੀ ਮੈਂਬਰ ਰਹੇ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਬਹੁਤ ਦੁਖ ਅਤੇ ਅਫਸੋਸ ਹੋਇਆ ਹੈ ਅਤੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

[ਮੁੱਖ ਮੰਤਰੀ]

ਸਰਦਾਰ ਨਰੰਜਨ ਸਿੰਘ ਸੇਰੋਂ ਵੀ ਇਸ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਰਹੇ ਹਨ । ਉਨ੍ਹਾਂ ਦਾ ਜਨਮ ਪਿੰਡ ਸੇਰੋਂ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ । ਉਨ੍ਹਾਂ ਨੇ 6 ਦਫਾ ਪੰਜਾਬੀ ਸੂਬਾ ਮੂਵਮੈਂਟ ਵਿਚ ਕੈਦ ਕੱਟੀ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ ।

ਬੇਗਮ ਯੂਸਫ ਜ਼ਮਾਂ ਜੋ ਕਿ ਨਵਾਬ ਮਲੇਰਕੋਟਲਾ ਦੇ ਬੇਗਮ ਸਨ, ਉਹ 90 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਹਨ । ਉਹ ਨਹਾਇਤ ਹੀ ਅੱਛੇ ਪਾਰਲੀ-ਮੈਂਟੇਰੀਅਨ ਸਨ । ਉਹ ਬਹੁਤ ਨੇਕ ਇਨਸਾਨ ਸਨ । ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਘਾਟਾ ਪਿਆ ਹੈ । ਉਨ੍ਹਾਂ ਨੇ ਇਕ ਵਿਧਾਨਕਾਰ ਦੇ ਤੌਰ ਤੇ ਬਹੁਤ ਵੱਡਾ ਹਿੱਸਾ ਪਾਇਆ । ਅੱਜ ਅਸੀਂ ਉਨ੍ਹਾਂ ਤੋਂ ਮਹਿਰੂਮ ਹੋ ਗਏ ਹਾਂ ।

ਸ੍ਰੀ ਸ਼ਾਂਤੀ ਪ੍ਰਕਾਸ਼ ਸਹਾਏ ਵੀ ਸਾਬਕਾ ਵਿਧਾਇਕ ਸਨ । ਸਪੀਕਰ ਸਾਹਿਬ, ਇਨ੍ਹਾਂ ਨੇ ਪਿੰਡ ਗਾਜ਼ੀਪੁਰ ਵਿਚ ਜਨਮ ਲਿਆ ਜੋ ਕਿ ਬਹਾਵਲਪੁਰ ਸਟੇਟ ਵਿਚ ਸੀ । ਉਨ੍ਹਾਂ ਨੇ ਡੀ.ਏ.ਵੀ. ਕਾਲਜ ਲਾਹੌਰ ਵਿਚ ਐਜੂਕੇਸ਼ਨ ਹਾਸਲ ਕੀਤੀ । 1947 ਵਿਚ ਇਹ ਨਜ਼ਰਬੰਦ ਵੀ ਰਹੇ । ਇਥੇ ਆਉਣ ਤੋਂ ਬਾਅਦ ਉਨ੍ਹਾਂ ਨੇ ਰਾਜਪੁਰਾ ਵਿਚ ਇਕ ਕਾਲਜ ਖੋਲ੍ਹਿਆ । ਉਹ ਬਹੁਤ ਵੱਡੇ ਸੋਸ਼ਲ ਵਰਕਰ ਅਤੇ ਐਜੂਕੇਸ਼ਨਿਸਟ ਸਨ । ਉਨ੍ਹਾਂ ਦੇ ਜਾਣ ਨਾਲ ਵੀ ਸਾਨੂੰ ਬਹੁਤ ਵੱਡਾ ਧੱਕਾ ਲਗਾ ਹੈ, ਪੰਜਾਬ ਨੂੰ ਬਹੁਤ ਵੱਡਾ ਧੱਕਾ ਲੱਗਾ ਹੈ ।

ਸਪੀਕਰ ਸਾਹਿਬ, ਇਕ ਹੋਰ ਬਹੁਤ ਮਹਾਨ ਸ਼ਖਸੀਅਤ ਸਰਦਾਰ ਰਘਬੀਰ ਸਿੰਘ ਜੋ ਪੰਜ ਹਜ਼ਾਰੀ ਵੀ ਸਾਡੇ ਕੋਲੋਂ ਚਲੇ ਗਏ ਹਨ । ਉਹ ਤਿੰਨ ਟਰਮਾਂ ਰਾਜ ਸਭਾ ਦੇ ਮੈਂਬਰ ਰਹੇ । ਉਹ ਬਹੁਤ ਐਕਟਿਵਲੀ ਪਾਲਿਟਿਕਸ ਵਿਚ ਹਿੱਸਾ ਲੈਂਦੇ ਸਨ । ਭਾਵੇਂ ਉਹ ਪੰਜਾਬ ਦੀ ਪਾਲਿਟਿਕਸ ਹੋਵੇ, ਦੇਸ਼ ਦੀ ਪਾਲਿਟਿਕਸ ਹੋਵੇ, ਹਮੇਸ਼ਾ ਹੀ ਉਸ ਵਿਚ ਇੰਟਰਸਟ ਲੈ ਕੇ ਉਨ੍ਹਾਂ ਨੇ ਕਈ ਮਸਲੇ ਸੁਲਝਾਉਣ ਦੀ ਕੋਸ਼ਿਸ਼ ਕੀਤੀ । ਇਸ ਲਈ ਉਨ੍ਹਾਂ ਦੇ ਜਾਣ ਨਾਲ ਵੀ ਸਾਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ, ਬਹੁਤ ਵੱਡਾ ਗਹਿਰਾ ਦੁੱਖ ਲਗਾ ਹੈ ।

ਸਪੀਕਰ ਸਾਹਿਬ, ਇਕ ਬਹੁਤ ਹੀ ਦੁਖਦਾਈ ਘਟਨਾ ਬਾਰੇ ਤੁਸੀਂ ਵੀ ਪੜ੍ਹ ਹੀ ਲਿਆ ਹੋਣਾ ਹੈ ਕਿ ਇਕ ਆਈ.ਏ.ਐਫ.ਏ.ਐਨ. 12 ਜਹਾਜ਼ ਦਾ ਐਕਸੀਡੈਂਟ ਹੋਇਆ ਹੈ, ਜਿਸ ਦੇ ਵਿਚ 21 ਡੈਥਸ ਹੋਈਆਂ ਹਨ, ਜਿਨ੍ਹਾਂ ਵਿਚੋਂ 18 ਕਰਿਊ ਦੇ ਮੈਂਬਰ ਸਨ ਅਤੇ 3 ਸਿਵਲੀਅਨ ਸਨ । ਇਸ ਘਟਨਾ ਤੇ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਦੁੱਖ ਹੈ । ਇਨ੍ਹਾਂ ਸਾਰਿਆਂ ਦੇ ਪਰਿਵਾਰਾਂ ਦੇ ਦੁੱਖ ਵਿਚ ਇਹ ਸਾਰਾ ਹਾਊਸ ਸ਼ਾਮਲ ਹੁੰਦਾ ਹੈ ਅਤੇ ਮੈਂ ਬੇਨਤੀ ਕਰਦਾ ਹਾਂ ਕਿ ਸਾਰੇ ਹਾਊਸ ਵਲੋਂ, ਇਹ ਸਾਰੇ ਹੀ ਜੋ ਘਾਟੇ ਪਏ ਹਨ, ਉਨ੍ਹਾਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਚਿੱਠੀਆਂ ਲਿਖ ਕੇ ਰੈਜ਼ੋਲਿਊਸ਼ਨ ਭੇਜ ਦਿੱਤਾ ਜਾਵੇ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਪਿਛਲੇ ਸੈਸ਼ਨ ਤੋਂ ਬਾਅਦ ਸਾਡੇ ਪੰਜਾਬ ਵਿਚ ਸਾਡੇ ਬਹੁਤ ਸਤਿਕਾਰਯੋਗ ਸਾਥੀ, ਐਕਸ ਐਮ. ਐਲ ਏਜ਼. ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਵਿਚ ਸ੍ਰੀ ਤਿਲਕ ਰਾਜ ਚੱਢਾ, ਐਕਸ ਐਮ.ਐਲ.ਏ., 12 ਦਸੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ । ਮੈਂ ਉਨ੍ਹਾਂ ਦੇ ਨਿਧਨ ਤੇ

ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਉਨ੍ਹਾਂ ਦਾ ਜਨਮ 1914 ਵਿਚ ਹੋਇਆ ਅਤੇ 1946 ਵਿਚ ਉਹ ਵਿਧਾਨ ਸਭਾ ਦੇ ਐਮ.ਐਲ.ਏ. ਬਣੇ ਅਤੇ ਉਹ ਬਹੁਤ ਹੀ ਲੋਕਪ੍ਰਿਯ ਐਮ.ਐਲ.ਏ. ਸਨ । ਉਹ ਸ਼੍ਰੀ ਜੈ ਪ੍ਰਕਾਸ਼ ਨਾਰਾਇਣ ਜੀ ਦੇ ਸਾਥੀ ਸਨ । ਉਨ੍ਹਾਂ ਨੇ ਸਮਾਜ ਦੀ ਬੜੀ ਸੇਵਾ ਕੀਤੀ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਜਾਣ ਨਾਲ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ ਅਤੇ ਇਕ ਬਹੁਤ ਉਘੇ ਸਿਆਸਤਦਾਨ ਅਤੇ ਸਮਾਜ ਸੇਵੀ ਤੋਂ ਪੰਜਾਬ ਵਾਂਝਾ ਹੋਇਆ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਗੁਰਦਿਆਲ ਸਿੰਘ ਲਹਿਰਾ ਜੀ, ਐਕਸ ਐਮ.ਐਲ.ਏ. ਜਿਹੜੇ ਕਿ ਸਾਡੀ ਇਸ ਵਿਧਾਨ ਸਭਾ ਵਿਚ ਐਮ.ਐਲ.ਏ. ਸਨ, ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਔਰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਉਨ੍ਹਾਂ ਨੇ ਵੀ ਸਮਾਜ ਦੀ ਬੜੀ ਸੇਵਾ ਕੀਤੀ । ਉਹ ਅਕਾਲੀ ਪਾਰਟੀ ਦੇ ਇਕ ਉਘੇ ਕਾਰਕੁੰਨ ਸਨ ਅਤੇ ਸ਼੍ਰੋਮਣੀ ਕਮੇਟੀ ਦੇ ਵੀ ਉਹ ਮੈਂਬਰ ਰਹੇ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਨਰੰਜਨ ਸਿੰਘ ਸੇਰੋਂ, ਐਕਸ ਐਮ.ਐਲ.ਏ. ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਉਨ੍ਹਾਂ ਨੇ 1957 ਅਤੇ 1977 ਵਿਚ ਪੰਜਾਬ ਵਿਧਾਨ ਸਭਾ ਦੇ ਐਮ.ਐਲ.ਏ. ਬਣ ਕੇ ਸਮਾਜ ਦੀ ਬੜੀ ਸੇਵਾ ਕੀਤੀ ਅਤੇ ਸਮੁੱਚੇ ਪੰਜਾਬ ਦੀ ਬੜੀ ਸੇਵਾ ਕੀਤੀ । ਉਨ੍ਹਾਂ ਦੀ ਕੀਤੀ ਸੇਵਾ ਕਦੇ ਭੁਲਾਈ ਨਹੀਂ ਜਾ ਸਕਦੀ । ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਬੇਗਮ ਯੂਸਫ਼ ਜ਼ਮਾਂ ਜੋ ਨਵਾਬ ਮਲੇਰਕੋਟਲਾ ਦੇ ਵੱਡੇ ਬੇਗਮ ਸਨ, 90 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਦੇਹਾਂਤ ਹੋਇਆ ਹੈ । ਉਹ ਸਾਡੀ ਇਸ ਵਿਧਾਨ ਸਭਾ ਦੇ ਮੈਂਬਰ ਰਹੇ ਜਿਹੜੇ ਕਿ ਬਹੁਤ ਹੀ ਸਤਿਕਾਰਯੋਗ ਸਨ । ਉਨ੍ਹਾਂ ਨੇ ਪੰਜਾਬ ਦੀ ਪ੍ਰਗਤੀ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ । ਉਨ੍ਹਾਂ ਦਾ ਬਹੁਤ ਵੱਡਾ ਸਤਿਕਾਰ ਕੀਤਾ ਜਾਂਦਾ ਸੀ । ਮੈਂ ਉਨ੍ਹਾਂ ਦੇ ਨਿਧਨ ਤੇ ਵੀ ਆਪਣੇ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਸ਼ਾਂਤੀ ਪ੍ਰਕਾਸ਼ ਸਹਾਏ ਜੀ, ਜਿਹੜੇ ਸਾਡੇ ਬੜੇ ਫਰੀਡਮ ਫਾਈਟਰ ਸਨ ਅਤੇ ਜੰਗੇ-ਆਜ਼ਾਦੀ ਦੇ ਵੱਡੇ ਯੋਧੇ ਸਨ, ਉਹ ਵੀ ਸਾਡੇ ਕੋਲੋਂ ਚਲੇ ਗਏ ਹਨ । ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ ਅਤੇ ਡੀ.ਏ.ਵੀ. ਕਾਲਜ ਲਾਹੌਰ ਤੋਂ ਉਨ੍ਹਾਂ ਨੇ ਵਿਦਿਆ ਪ੍ਰਾਪਤ ਕੀਤੀ । ਜੰਗੇ-ਆਜ਼ਾਦੀ ਦੀ ਮੂਵਮੈਂਟ ਵਿਚ ਉਨ੍ਹਾਂ ਨੇ ਵੱਡਾ ਹਿੱਸਾ ਲਿਆ । ਉਹ ਬੜੇ ਵੱਡੇ ਸਮਾਜ ਸੇਵੀ ਸਨ । ਉਹ ਕਾਂਗਰਸ ਪਾਰਟੀ ਦੀ ਟਿਕਟ ਤੋਂ ਐਮ.ਐਲ.ਏ ਵੀ ਬਣੇ ਅਤੇ ਆਰੀਆ ਸਮਾਜ ਵਿਚ ਰਹਿ ਕੇ ਉਨ੍ਹਾਂ ਨੇ ਸਮਾਜ ਦੀ ਬਹੁਤ ਸੇਵਾ ਕੀਤੀ । ਉਹ ਇਕ ਚੰਗੇ ਸੋਸ਼ਲ ਵਰਕਰ ਸਨ ਅਤੇ ਉਨ੍ਹਾਂ ਨੇ ਇਕ ਕਾਲਜ ਦੀ ਸਥਾਪਨਾ ਵੀ ਕੀਤੀ । ਉਨ੍ਹਾਂ ਦੇ ਜਾਣ ਨਾਲ ਵੀ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜਾ ਸਾਡਾ ਜਹਾਜ਼ ਗਿਰਿਆ ਹੈ, ਇਹ ਇਕ ਬਹੁਤ ਵੱਡਾ ਦੁਖਾਂਤ ਹੋਇਆ ਹੈ ਅਤੇ ਇਸ ਵਿਚ ਬਹੁਤ ਸਾਰੀਆਂ ਮੌਤਾਂ ਹੋਈਆਂ ਹਨ । ਉਨ੍ਹਾਂ ਦੇ ਬਾਰੇ ਵੀ ਮੈਂ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਇਸ ਦੁਖਾਂਤ ਨਾਲ

[ਚੌਧਰੀ ਜਗਜੀਤ ਸਿੰਘ]

ਦੇਸ਼ ਨੂੰ ਇਕ ਬੜਾ ਵੱਡਾ ਘਾਟਾ ਪਿਆ ਹੈ । ਸਾਰੇ ਦੇਸ਼ ਨੂੰ ਇਸ ਦੁਰਘਟਨਾ ਨਾਲ ਦੁੱਖ ਪਹੁੰਚਿਆ ਹੈ । ਇਸ ਦੁਖਾਂਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਰਘਬੀਰ ਸਿੰਘ ਪੰਜ ਹਜ਼ਾਰੀ ਰਾਜ ਸਭਾ ਦੇ ਮੈਂਬਰ ਸਨ ਅਤੇ ਬਹੁਤ ਹਰਮਨ ਪਿਆਰੇ ਸਨ । ਦਿੱਲੀ ਵਿਚ ਪੰਜਾਬ ਦਾ ਕੋਈ ਵੀ ਮਸਲਾ ਆਉਂਦਾ ਸੀ ਤਾਂ ਉਹ ਉਸ ਵਿਚ ਬੜੀ ਸਹਾਇਤਾ ਕਰਦੇ ਸਨ । ਮੈਨੂੰ ਯਾਦ ਹੈ ਜਦੋਂ ਇਕ ਵਾਰੀ ਕਾਟਨ ਦੀ ਬੜੀ ਮੰਦੀ ਹੋ ਗਈ ਸੀ ਤਾਂ ਉਨ੍ਹਾਂ ਨੇ ਕਾਟਨ ਕਾਰਪੋਰੇਸ਼ਨ ਵਿਚ ਬੜੀ ਮਿਹਨਤ ਕਰਕੇ ਪੰਜਾਬ ਦੇ ਕਿਸਾਨਾਂ ਨੂੰ ਵੱਧ ਮੁੱਲ ਲੈ ਕੇ ਦਿੱਤਾ ਸੀ । ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ । ਉਨ੍ਹਾਂ ਦੇ ਨਿਧਨ ਤੇ ਮੈਂ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ ਸਰਦਾਰ ਗੁਰਦਿੱਤ ਸਿੰਘ ਵੀ ਸਾਡੇ ਵਿਚੋਂ ਚਲੇ ਗਏ ਹਨ ਜੋ ਸਾਡੇ ਮਾਨਯੋਗ ਮੈਂਬਰ ਸਰਦਾਰ ਸੋਹਣ ਸਿੰਘ ਬੋਦਲ ਦੇ ਪੂਜਨੀਕ ਪਿਤਾ ਜੀ ਸਨ । ਸਰਦਾਰ ਸੋਹਣ ਸਿੰਘ ਬੋਦਲ ਇਕ ਲੀਡਿੰਗ ਲਾਈਅਰ ਹਨ ਅਤੇ ਪੰਜਾਬ ਅਸੈਂਬਲੀ ਦੇ ਮੈਂਬਰ ਵੀ ਹਨ । ਉਨ੍ਹਾਂ ਦੇ ਪਿਤਾ ਜੀ ਦੇ ਵਿਛੜ ਜਾਣ ਤੇ ਮੈਂ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਜੋ ਮਤਾ ਸੀ.ਐਮ. ਸਾਹਿਬ ਨੇ ਰੱਖਿਆ ਹੈ, ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਪਣੀ ਪਾਰਟੀ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹੋਇਆ ਰਜ਼ਾ ਲੈਂਦਾ ਹਾਂ ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਸਤਿਕਾਰਯੋਗ ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਸਾਡੇ ਕੋਲੋਂ ਬਹੁਤ ਸਾਰੀਆਂ ਉਘੀਆਂ ਸ਼ਖਸੀਅਤਾਂ ਵਿੱਛੜ ਗਈਆਂ ਹਨ, ਜਿਸ ਨਾਲ ਸਮੁੱਚੇ ਪੰਜਾਬ ਨੂੰ ਅਤੇ ਪੰਜਾਬ ਦੀ ਜਮਹੂਰੀ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਆਰੰਭ ਵਿਚ ਮੈਂ ਸ੍ਰੀ ਤਿਲਕ ਰਾਜ ਚੱਢਾ ਦੇ ਵਿਛੜਨ ਤੇ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਉਹ ਇਸ ਪਵਿੱਤਰ ਸਦਨ ਦੇ ਮੈਂਬਰ ਰਹੇ । ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ । ਉਹ ਸੋਸ਼ਲਿਸਟ ਲਹਿਰ ਦੇ ਮੋਢੀਆਂ ਵਿਚੋਂ ਸਨ ਅਤੇ ਵਿਦਿਅਕ ਲਹਿਰ ਵਿਚ ਵੀ ਉਨ੍ਹਾਂ ਨੇ ਬਹੁਤ ਉਘਾ ਯੋਗਦਾਨ ਪਾਇਆ । ਉਨ੍ਹਾਂ ਆਜ਼ਾਦੀ ਲਹਿਰ ਵਿਚ ਵੀ ਬਹੁਤ ਵੱਡਾ ਹਿੱਸਾ ਪਾਇਆ । ਉਨ੍ਹਾਂ ਦਾ ਵਿਛੜਨਾ ਸਮੁੱਚੇ ਪੰਜਾਬ ਅਤੇ ਦੇਸ਼ ਵਾਸਤੇ ਇਕ ਬਹੁਤ ਹੀ ਵੱਡਾ ਘਾਟਾ ਹੈ । ਮੈਂ ਆਪਣੀ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦਿਆਲ ਸਿੰਘ ਲਹਿਰਾ ਸਾਬਕਾ ਵਿਧਾਇਕ ਸਨ ਜਿਨ੍ਹਾਂ ਨੇ 1962 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਦੇ ਤੌਰ ਤੇ ਇਸ ਪਵਿੱਤਰ ਸਦਨ ਵਿਚ ਆਪਣੇ ਹਲਕੇ ਦੀ ਨੁਮਾਇੰਦਗੀ ਕੀਤੀ । ਸਮਾਜ ਸੇਵਾ ਵਿਚ ਉਨ੍ਹਾਂ ਦਾ ਬਹੁਤ ਯੋਗਦਾਨ ਸੀ । ਉਨ੍ਹਾਂ ਦੇ ਅਕਾਲ ਚਲਾਣੇ ਤੇ ਮੈਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਨਰੰਜਨ ਸਿੰਘ ਸ਼ੇਰੋਂ ਸਾਬਕਾ ਵਿਧਾਇਕ ਸਨ । ਉਹ 1957 ਅਤੇ 1977 ਵਿਚ ਦੋ ਵਾਰ ਐਮ.ਐਲ.ਏ. ਰਹੇ । ਉਹ ਪੰਜਾਬੀ ਰੀਜਨਲ ਕਮੇਟੀ ਦੇ ਵੀ ਮੈਂਬਰ ਰਹੇ । ਉਨ੍ਹਾਂ ਦਾ ਵਿਛੋੜਾ ਵੀ ਬੜਾ ਦੁਖਦਾਈ ਹੈ । ਉਨ੍ਹਾਂ ਦੇ ਵਿਛੜਣ ਤੇ ਮੈਂ ਆਪਣੀ ਪਾਰਟੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਬੇਗਮ ਯੂਸਫ ਜ਼ਮਾਂ, ਜਿਸ ਤਰ੍ਹਾਂ ਕਿ ਸੀ.ਐਮ. ਸਾਹਿਬ ਨੇ ਵੀ ਕਿਹਾ ਹੈ, ਨਵਾਬ ਮਲੇਰਕੋਟਲਾ ਦੀ ਵੱਡੀ ਬੇਗਮ ਦਾ ਸਥਾਨ ਰੱਖਦੇ ਸਨ । ਉਨ੍ਹਾਂ ਨੇ ਵੀ ਆਪਣੇ ਇਸ ਪਵਿੱਤਰ ਹਾਊਸ ਵਿਚ ਆਪਣੇ ਹਲਕੇ ਦੀ ਨੁਮਾਇੰਦਗੀ ਕੀਤੀ । ਇਸ ਸ਼ਖਸੀਅਤ ਦਾ ਵਿਛੜਨਾ ਸਾਡੇ ਵਾਸਤੇ ਬੜਾ ਦੁਖਦਾਈ ਹੈ ਅਤੇ ਇਸ ਦੇ ਵਾਸਤੇ ਮੈਂ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਸ੍ਰੀ ਸ਼ਾਂਤੀ ਪ੍ਰਕਾਸ਼ ਸਹਾਇ ਸਾਬਕਾ ਵਿਧਾਇਕ ਸਨ । ਉਨ੍ਹਾਂ ਦਾ ਜਨਮ ਪਾਕਿਸਤਾਨ ਵਿਚ ਹੋਇਆ ਅਤੇ ਆਜ਼ਾਦੀ ਸੰਗਰਾਮ ਵਿੱਚ ਉਨ੍ਹਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ । 1967 ਵਿੱਚ ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਟਿਕਟ ਤੇ ਇਸ ਪਵਿੱਤਰ ਹਾਊਸ ਵਿਚ ਆਪਣੇ ਹਲਕੇ ਦੀ ਨੁਮਾਇੰਦਗੀ ਕੀਤੀ । ਉਨ੍ਹਾਂ ਦੇ ਵਿਛੜਨ ਤੇ ਮੈਂ ਆਪਣੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਸਰਦਾਰ ਰਘਬੀਰ ਸਿੰਘ ਪੰਜਹਜ਼ਾਰੀ ਨੇ 2-3 ਵਾਰ ਰਾਜ ਸਭਾ ਵਿਚ ਪੰਜਾਬ ਦੀ ਅੱਛੀ ਨੁਮਾਇੰਦਗੀ ਕੀਤੀ ਅਤੇ ਪੰਜਾਬ ਦੇ ਹਿਤਾਂ ਦੀ ਅੱਛੀ ਤਰ੍ਹਾਂ ਰਾਖੀ ਕਰਨ ਵਾਸਤੇ ਰਾਜ ਸਭਾ ਵਿਚ ਉਨ੍ਹਾਂ ਨੇ ਠੀਕ ਤਰੀਕੇ ਨਾਲ ਤਰਜ਼ਮਾਨੀ ਕੀਤੀ । ਇਸ ਤਰ੍ਹਾਂ ਦੇ ਸੁਤੰਤਰਤਾ ਸੰਗਰਾਮੀ ਦਾ ਵਿਛੋੜਾ ਸਾਡੇ ਲਈ ਬਹੁਤ ਹੀ ਦੁਖਦਾਈ ਹੈ ।

ਜੋ ਮੰਦਭਾਗੀ ਘਟਨਾ ਏਅਰ-ਫੋਰਸ ਦੇ ਹਵਾਈ ਜਹਾਜ਼ ਦੀ ਘਟੀ ਹੈ ਅਤੇ ਜਿਸ ਦੇ ਵਿਚ ਬਹੁਤ ਸਾਰੇ ਏਅਰ-ਫੋਰਸ ਦੇ ਉਚ ਅਧਿਕਾਰੀ ਸਾਡੇ ਕੋਲੋਂ ਵਿਛੜ ਗਏ ਹਨ, ਉਸ ਹਾਦਸੇ ਦੀ ਲਪੇਟ ਵਿਚ ਜਿਥੇ ਜਹਾਜ਼ ਗਿਰਿਆ ਉਥੋਂ ਦੇ ਮਜ਼ਦੂਰ ਤੇ ਬੱਚੇ ਵੀ ਆ ਗਏ ਅਤੇ 20 ਦੇ ਕਰੀਬ ਕੈਜ਼ੂਅਲਟੀਜ਼ ਹੋ ਗਈਆਂ ਹਨ, ਇਹ ਸਾਡੇ ਸਮੁੱਚੇ ਦੇਸ਼ ਵਾਸਤੇ ਬਹੁਤ ਹੀ ਦੁਖਦਾਈ ਘਟਨਾ ਹੈ । ਪਾਇਲਟ ਤਿਆਰ ਕਰਨਾ ਇਕ ਬਹੁਤ ਲੰਮਾ ਪ੍ਰੋਸੈਸ ਹੈ ਅਤੇ ਇਸ ਉਤੇ ਬਹੁਤ ਜ਼ਿਆਦਾ ਖਰਚਾ ਆਉਂਦਾ ਹੈ । ਭਾਵੇਂ ਉਹ ਪਾਇਲਟ ਸਨ ਅਤੇ ਭਾਵੇਂ ਅਮਲੇ ਦੇ ਹੋਰ ਮੈਂਬਰ ਸਨ, ਉਨ੍ਹਾਂ ਦੇ ਵਿਛੜਣ ਨਾਲ ਸਮੁੱਚੇ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ । ਮੈਂ ਉਨ੍ਹਾਂ ਦੇ ਪ੍ਰਤੀ ਤਹਿ ਦਿਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ।

ਸਾਡੇ ਮੌਜੂਦਾ ਮੈਂਬਰ ਸਰਦਾਰ ਸੋਹਣ ਸਿੰਘ ਬੋਦਲ ਜੀ ਜਿਹੜੇ ਕਿ ਗੜ੍ਹਦੀਵਾਲਾ ਕੰਸਟੀਚਿਊਐਂਸੀ ਤੋਂ ਜਿੱਤ ਕੇ ਆਏ ਹਨ, ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸਰਦਾਰ ਗੁਰਦਿੱਤ ਸਿੰਘ ਜੀ ਵੀ 19 ਜਨਵਰੀ, 1999 ਨੂੰ ਸਾਡੇ ਕੋਲੋਂ ਵਿਛੜ ਗਏ ਹਨ । ਮੈਂ ਆਪਣੇ ਸਾਥੀ ਵਿਧਾਇਕ ਦੇ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦਾ ਹਾਂ ਅਤੇ ਉਨ੍ਹਾਂ ਦੇ ਪਿਤਾ ਜੀ ਦੇ ਵਿਛੜਣ ਤੇ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ । ਇਸ ਦੇ ਨਾਲ ਹੀ ਮੈਂ ਉਨ੍ਹਾਂ ਸਾਰੀਆਂ ਮਹਾਨ ਸ਼ਖਸੀਅਤਾਂ ਜਿਨ੍ਹਾਂ ਦਾ ਇਥੇ ਜ਼ਿਕਰ ਕੀਤਾ ਗਿਆ ਹੈ, ਪ੍ਰਤੀ ਆਪਣੀ ਪਾਰਟੀ ਵੱਲੋਂ ਸਿਰ ਝੁਕਾਉਂਦਾ ਹੋਇਆ ਉਨ੍ਹਾਂ ਸਾਰਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਥਾਨਕ ਸਰਕਾਰ, ਕਿਰਤ ਅਤੇ ਰੁਜ਼ਗਾਰ ਮੰਤਰੀ (ਸ਼੍ਰੀ ਬਲਰਾਮਜੀ ਦਾਸ ਟੰਡਨ) : ਸਪੀਕਰ ਸਾਹਿਬ, ਅੱਜ ਸਾਡੇ ਵਾਸਤੇ ਬੜੇ ਅਫਸੋਸ ਦਾ ਦਿਨ ਹੈ ਕਿਉਂਕਿ ਸਾਡੇ ਵਿਚੋਂ ਕਈ ਸਾਬਕਾ ਸਾਥੀ, ਸਾਡੇ ਕੋਲੋਂ ਵਿਛੜ ਗਏ ਹਨ ਜਿਨ੍ਹਾਂ ਨੇ ਵਿਧਾਨ ਸਭਾ ਵਿਚ ਬੜਾ ਯੋਗਦਾਨ ਪਾਇਆ ਹੈ ਅਤੇ ਇਸ ਕਾਨੂੰਨ ਸਾਜ਼ ਅਸੈਂਬਲੀ ਵਿਚ ਨਾ ਸਿਰਫ ਆਪਣਾ ਹਿੱਸਾ ਹੀ ਪਾਇਆ ਹੈ ਸਗੋਂ ਉਨ੍ਹਾਂ ਨੇ ਇਸ ਤੋਂ ਇਲਾਵਾ ਕਈ ਐਸੇ ਕੰਮ ਵੀ ਕੀਤੇ ਹਨ ਜਿਨ੍ਹਾਂ ਨੂੰ ਕਿ ਅੱਜ ਅੱਖਾਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ ।

ਸ੍ਰੀ ਤਿਲਕ ਰਾਜ ਜੀ ਚੱਢਾ, ਜਿਹੜੇ ਅਜ਼ਾਦੀ ਦੇ ਉਘੇ ਸੰਗਰਾਮੀ ਸਨ ਅਤੇ ਜਿਨ੍ਹਾਂ ਨੇ ਪਾਰਟੀਸ਼ਨ ਤੋਂ ਪਹਿਲਾਂ ਉਧਰਲੇ ਪਾਸੇ ਜੰਗੇ-ਅਜ਼ਾਦੀ ਵਿਚ ਆਪਣਾ ਹਿੱਸਾ ਹੀ ਨਹੀਂ ਪਾਇਆ ਬਲਕਿ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਫਿਰ ਇਧਰ ਆ ਕੇ ਉਹ ਸੋਸ਼ਲਿਸਟ ਲਹਿਰ ਵਿਚ ਪੰਜਾਬ ਦੇ ਲੋਕਾਂ ਨੂੰ ਸੰਦੇਸ਼ ਦਿੰਦੇ ਰਹੇ । ਅਸੀਂ ਵੀ ਛੋਟੇ ਹੁੰਦਿਆਂ ਉਨ੍ਹਾਂ ਦੀਆਂ ਤਕਰੀਰਾਂ ਸੁਣਦੇ ਰਹੇ ਹਾਂ । ਉਨ੍ਹਾਂ ਨੇ ਕੇਵਲ ਇਸ ਤਰ੍ਹਾਂ ਹੀ ਪੰਜਾਬ ਦੇ ਲੋਕਾਂ ਦਾ ਭਲਾ ਨਹੀਂ ਕੀਤਾ ਸਗੋਂ ਵਿਦਿਆ ਦੇ ਖੇਤਰ ਵਿਚ, ਖਾਸ ਕਰਕੇ ਯਮੁਨਾਨਗਰ ਵਾਸਤੇ ਅਤੇ ਬਾਕੀ ਪੰਜਾਬ ਦੇ ਲੋਕਾਂ ਵਾਸਤੇ ਬੜਾ ਵੱਡਾ ਨਜ਼ੀਰ ਸਥਾਪਤ ਕੀਤਾ । ਅੱਜ ਉਹ ਸਾਡੇ ਦਰਮਿਆਨ ਨਹੀਂ ਰਹੇ ਅਤੇ ਸਾਥੋਂ ਵਿਛੜ ਗਏ ਹਨ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਗੁਰਦਿਆਲ ਸਿੰਘ ਲਹਿਰਾ ਨੇ ਪਬਲਿਕ ਕਾਜ਼ ਵਾਸਤੇ ਬੜੀਆਂ ਭਾਰੀ ਕੁਰਬਾਨੀਆਂ ਕੀਤੀਆਂ ਅਤੇ ਜੇਲ੍ਹਾਂ ਵਿਚ ਵੀ ਗਏ । ਪਬਲਿਕ ਦੀ ਅਵਾਜ਼ ਨੂੰ ਉਠਾਉਣ ਵਾਸਤੇ ਉਨ੍ਹਾਂ ਨੂੰ ਜੋ ਦੁੱਖ ਝੱਲਣੇ ਪਏ, ਉਹ ਕਦੀ ਵੀ ਉਨ੍ਹਾਂ ਤੋਂ ਪਿਛੇ ਨਹੀਂ ਹਟੇ । ਨਾਲ ਹੀ ਆਪਣੇ ਵਿਧਾਇਕ ਦੇ ਤੌਰ ਤੇ ਕੰਮਾਂ ਕਰਕੇ ਉਹ ਸਾਨੂੰ ਹਮੇਸ਼ਾ ਯਾਦ ਆਉਂਦੇ ਰਹਿਣਗੇ ।

ਸਰਦਾਰ ਨਰੰਜਨ ਸਿੰਘ ਸੇਰੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਉਘੇ ਆਗੂ ਸਨ । ਉਹ ਦੋ ਵਾਰ ਅਸੈਂਬਲੀ ਦੇ ਮੈਂਬਰ ਰਹੇ । ਉਹ ਸਾਡੇ ਨਾਲ ਇਥੇ ਇਕੱਠੇ ਕੰਮ ਵੀ ਕਰਦੇ ਰਹੇ ਹਨ । ਉਹ ਐਸ.ਜੀ.ਪੀ.ਸੀ. ਦੇ ਮੈਂਬਰ ਵੀ ਸਨ । ਉਨ੍ਹਾਂ ਨੇ ਜਨਤਾ ਦੇ ਕਾਜ਼ ਵਾਸਤੇ ਜੇਲ੍ਹਾਂ ਵਿਚ ਜਾਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ । ਉਸ ਨੇਤਾ ਦੀ ਅੱਜ ਵੀ ਸਾਨੂੰ ਯਾਦ ਆਉਂਦੀ ਹੈ । ਜਿਸ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਦੇ ਅਸੀਂ ਕੁਝ ਚੁਣਵੇਂ ਲੋਕਾਂ ਨੂੰ ਗਿਣਦੇ ਹਾਂ ਤਾਂ ਉਨ੍ਹਾਂ ਦਾ ਨਾਂ ਅਗਰਗਨੀ ਦੇ ਤੌਰ ਤੇ ਲੈ ਸਕਦੇ ਹਾਂ ।

ਇਸ ਤੋਂ ਬਾਅਦ ਬੇਗਮ ਯੂਸਫ ਜ਼ਮਾਂ, ਜਿਹੜੇ ਕਿ ਨਵਾਬ ਮਲੇਰਕੋਟਲਾ ਦੀ ਵੱਡੀ ਬੇਗਮ ਸਨ, ਉਹ ਵੀ ਸਾਡੇ ਨਾਲ ਸਾਥੀ ਸਨ ਅਤੇ ਉਹ ਬੜੀ ਨੇਕ ਸੀਰਤ ਔਰਤ ਸਨ ਅਤੇ ਉਨ੍ਹਾਂ ਦੇ ਨਾਲ ਬੈਠ ਕੇ ਜਦੋਂ ਅਸੀਂ ਉਨ੍ਹਾਂ ਦੀਆਂ ਪੁਰਾਣੀਆਂ ਗੱਲਾਂ ਸੁਣਦੇ ਸੀ ਤਾਂ ਸਾਨੂੰ ਬੜੀ ਹੈਰਾਨਗੀ ਹੁੰਦੀ ਸੀ । ਉਨ੍ਹਾਂ ਦੀ ਯਾਦਾਸ਼ਤ ਬਹੁਤ ਸੀ ਅਤੇ ਅਸੀਂ ਉਨ੍ਹਾਂ ਕੋਲੋਂ ਵਿਧਾਨ ਸਭਾ ਦੇ ਮੈਂਬਰ ਵਜੋਂ ਜਦੋਂ ਕੋਈ ਜਾਣਕਾਰੀ ਲੈਂਦੇ ਸੀ ਤਾਂ ਸਾਨੂੰ ਬੜੀ ਹੈਰਾਨਗੀ ਹੁੰਦੀ ਸੀ । ਅੱਜ ਉਹ ਸਾਡੇ ਵਿਚ ਨਹੀਂ ਰਹੇ ਅਤੇ ਸਾਡੇ ਕੋਲੋਂ ਵਿਛੜ

ਗਏ ਹਨ । ਪੰਜਾਬ ਦੇ ਸਾਰੇ ਲੋਕ ਅਤੇ ਖਾਸ ਕਰਕੇ ਮਲੇਰਕੋਟਲਾ ਦੇ ਲੋਕ ਉਨ੍ਹਾਂ ਨੂੰ ਭੁੱਲ ਨਹੀਂ ਸਕਦੇ ।

ਇਸੇ ਤਰ੍ਹਾਂ ਸ੍ਰੀ ਸ਼ਾਂਤੀ ਪ੍ਰਕਾਸ਼ ਸਹਾਇ ਜੀ ਰਾਜਪੁਰਾ ਕੰਸਟੀਚਿਊਐਂਸੀ ਨੂੰ ਰਿਪਰੇਜ਼ੈਂਟ ਕਰਦੇ ਸਨ, ਜਿਥੋਂ ਕਿ ਹੁਣ ਮੈਂ ਜਿੱਤ ਕੇ ਆਇਆ ਹੋਇਆ ਹਾਂ । ਪਾਕਿਸਤਾਨ ਬਣਨ ਤੋਂ ਪਹਿਲਾਂ ਵੀ ਜੰਗੇ ਅਜ਼ਾਦੀ ਵਿਚ ਉਨ੍ਹਾਂ ਨੇ ਬੜਾ ਭਾਰੀ ਯੋਗਦਾਨ ਪਾਇਆ । ਉਹ ਬੜੇ ਸੋਸ਼ਲ ਆਗੂ ਸਨ । ਵਿੱਦਿਆ ਦੇ ਖੇਤਰ ਵਿੱਚ ਵੀ ਉਨ੍ਹਾਂ ਨੇ ਇਕ ਕਾਲਜ ਸਥਾਪਤ ਕਰਕੇ ਬੜਾ ਯੋਗਦਾਨ ਪਾਇਆ । ਅੱਜ ਵੀ ਰਾਜਪੁਰਾ ਦੇ ਲੋਕ ਬੜੀ ਸ਼ਰਧਾ ਨਾਲ ਉਨ੍ਹਾਂ ਨੂੰ ਯਾਦ ਕਰਦੇ ਹਨ । ਮੈਂ ਵੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ ਸਰਦਾਰ ਰਘਬੀਰ ਸਿੰਘ ਪੰਜਹਜ਼ਾਰੀ ਸਾਹਿਬ ਪੰਜਾਬ ਦੇ ਇਕ ਉਘੇ ਲੀਡਰ ਰਹੇ । ਉਹ ਰਾਜ ਸਭਾ ਦੇ ਵੀ ਮੈਂਬਰ ਰਹੇ । ਉਨ੍ਹਾਂ ਨੇ ਪੰਜਾਬ ਦੀ ਉੱਨਤੀ ਲਈ ਕਾਫੀ ਸੰਘਰਸ਼ ਕੀਤਾ । ਪੰਜਾਬ ਦੀ ਰਾਜਨੀਤੀ ਵਿੱਚ ਕਈ ਔਖੇ ਮੋੜ ਆਏ ਹਨ । ਮੈਂ ਵੇਖਦਾ ਰਿਹਾ ਹਾਂ, ਪੰਜਾਬ ਵਿੱਚ ਜਿਹੜੀਆਂ ਸਮੱਸਿਆਵਾਂ ਖੜੀਆਂ ਹੁੰਦੀਆਂ ਸਨ, ਉਨ੍ਹਾਂ ਨੂੰ ਕਿਸ ਤਰ੍ਹਾਂ ਸੁਲਝਾਇਆ ਜਾ ਸਕਦਾ ਹੈ, ਕਿਸ ਤਰ੍ਹਾਂ ਪੰਜਾਬ ਵਿੱਚ ਸ਼ਾਂਤੀ ਸਥਾਪਤ ਹੋ ਸਕਦੀ ਹੈ, ਕਿਸ ਤਰ੍ਹਾਂ ਮਾਹੌਲ ਠੀਕ ਹੋ ਸਕਦਾ ਹੈ, ਇਨ੍ਹਾਂ ਲਈ ਉਹ ਕਿਸ ਤਰ੍ਹਾਂ ਨੱਠ-ਭੱਜ ਕਰਦੇ ਰਹਿੰਦੇ ਸੀ । ਉਹ ਕਈ ਵੇਰ ਦਿੱਲੀ ਦੇ ਲੀਡਰਾਂ ਨਾਲ ਜਾ ਕੇ ਗੱਲਬਾਤ ਕਰਦੇ ਸਨ ਤਾਂ ਕਿ ਪੰਜਾਬ ਦਾ ਮਾਹੌਲ ਠੀਕ ਰਹੇ ਅਤੇ ਪੰਜਾਬ ਦੀਆਂ ਸਮੱਸਿਆਵਾਂ ਹੱਲ ਹੋ ਸਕਣ । ਇਸ ਲਈ ਪੰਜ-ਹਜ਼ਾਰੀ ਸਾਹਿਬ ਵਲੋਂ ਪਾਇਆ ਯੋਗਦਾਨ ਪੰਜਾਬ ਭੁਲਾ ਨਹੀਂ ਸਕਦਾ । ਇਸ ਲਈ ਉਨ੍ਹਾਂ ਦੇ ਅਕਾਲ ਚਲਾਣੇ ਤੇ ਮੈਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ ਸਾਡੇ ਸਾਥੀ ਸਰਦਾਰ ਸੋਹਣ ਸਿੰਘ ਬੋਦਲ ਜੀ ਦੇ ਪਿਤਾ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ । ਅੱਜ ਉਨ੍ਹਾਂ ਦੇ ਅਕਾਲ ਚਲਾਣੇ ਤੇ ਅਸੀਂ ਸਾਰੇ ਅਫਸੋਸ ਜ਼ਾਹਰ ਕਰਦੇ ਹਾਂ ਅਤ ਮੈਂ ਆਪਣੇ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਇਸੇ ਤਰ੍ਹਾਂ ਇੰਡੀਅਨ ਏਅਰ ਫੋਰਸ ਦੇ ਜਹਾਜ਼ ਦਾ ਜਿਹੜਾ ਹਾਦਸਾ ਹੋਇਆ ਹੈ ਮੈਂ ਸਮਝਦਾ ਹਾਂ ਕਿ ਇਸਦੇ ਨਾਲ ਸਿਰਫ ਪੰਜਾਬ ਨੂੰ ਹੀ ਨਹੀਂ ਬਲਕਿ ਪੂਰੇ ਹਿੰਦੁਸਤਾਨ ਨੂੰ ਘਾਟਾ ਪਿਆ ਹੈ । ਉਸ ਹਾਦਸੇ ਵਿੱਚ ਸਾਡੇ ਕਈ ਟਰੇਂਡ ਆਦਮੀ, ਜਿਨ੍ਹਾਂ ਨੇ ਪਹਿਲਾਂ ਵੀ ਦੇਸ਼ ਦੀ ਉੱਨਤੀ ਲਈ ਹਿੱਸਾ ਪਾਇਆ ਸੀ ਅਤੇ ਅੱਗੇ ਨੂੰ ਵੀ ਪਾ ਸਕਦੇ ਸਨ, ਉਹ ਹਮੇਸ਼ਾ ਵਾਸਤੇ ਸਾਡੇ ਕੋਲੋਂ ਜੁਦਾ ਹੋ ਗਏ ਹਨ । ਅੱਜ ਜਿਹੜਾ ਸਦਨ ਹੈ ਅਤੇ ਜਿਹੜੇ ਸਾਰੇ ਸਾਡੇ ਸਾਥੀ ਅਕਾਲ ਚਲਾਣੇ ਕਰਕੇ ਗਏ ਹਨ, ਉਨ੍ਹਾਂ ਨੂੰ ਮੇਰੇ ਸਾਥੀਆਂ ਵਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ ਅਤੇ ਮੁੱਖ ਮੰਤਰੀ ਜੀ ਵਲੋਂ ਜੋ ਪ੍ਰਸਤਾਵ ਪੇਸ਼ ਕੀਤਾ ਗਿਆ ਹੈ, ਉਸਦਾ ਮੈਂ ਪੂਰਾ ਸਮਰਥਨ ਕਰਦਾ ਹਾਂ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਗੜ੍ਹਸ਼ੰਕਰ) : ਮਾਨਯੋਗ ਸਪੀਕਰ ਸਾਹਿਬ, ਬੜੇ ਦੁਖੀ ਮਨ ਦੇ ਨਾਲ ਇਹ ਕਹਿਣਾ ਪੈ ਰਿਹਾ ਹੈ, ਕਿਉਂਕਿ ਪਿਛਲੇ ਸੈਸ਼ਨ ਤੋਂ ਬਾਅਦ ਅੱਜ ਤੱਕ ਬਹੁਤ ਸਾਰੀਆਂ ਮਹਾਨ ਸ਼ਖਸੀਅਤਾਂ ਸਾਡੇ ਵਿਚੋਂ ਜੁਦਾ ਹੋਈਆਂ ਹਨ ਜਿਨ੍ਹਾਂ ਨੇ ਲੋਕਰਾਜ ਦੀਆਂ ਕਦਰਾਂ ਕੀਮਤਾਂ ਨੂੰ, ਜਮਹੂਰੀ ਢਾਂਚੇ ਨੂੰ, ਦੇਸ਼ ਦੀ ਆਜ਼ਾਦੀ ਨੂੰ ਪ੍ਰਾਪਤ

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਕਰਨ ਲਈ ਉਘਾ ਘੋਲ ਕੀਤਾ, ਜੇਲ੍ਹਾਂ ਦੇ ਵਿੱਚ ਗਏ ਔਰ ਬੜੀਆਂ ਮੁਸ਼ਕਲਾਂ ਦੇ ਨਾਲ ਔਰ ਬੜੀਆਂ ਤਕਲੀਫਾਂ ਦੇ ਨਾਲ ਸਾਨੂੰ ਇਹ ਲੋਕਰਾਜੀ ਢਾਂਚਾ ਹਾਸਲ ਕਰਕੇ ਦਿੱਤਾ। ਬੇਸ਼ਕ ਮੈਂ ਉਨ੍ਹਾਂ ਨੂੰ ਨਿੱਜੀ ਤੌਰ ਤੇ ਨਹੀਂ ਦੇਖਿਆ ਅਤੇ ਨਾ ਹੀ ਮਿਲਿਆ ਹਾਂ, ਲੇਕਿਨ ਮੈਂ ਸਮਝਦਾ ਹਾਂ ਕਿ ਪਿਛਲੀਆਂ ਜਿਹੜੀਆਂ ਪੀੜ੍ਹੀਆਂ ਹਨ, ਆਉਣ ਵਾਲੀਆਂ ਨਸਲਾਂ ਲਈ ਉਹ ਇਕ ਪ੍ਰੇਰਨਾ ਸਰੋਤ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੀਆਂ ਹਨ। ਅੱਜ ਅਸੀਂ ਉਨ੍ਹਾਂ ਦੇ ਮਾਰਗ ਦਰਸ਼ਨ ਤੋਂ ਵਾਂਝੇ ਹੋ ਗਏ ਹਾਂ। ਸ਼੍ਰੀ ਤਿਲਕ ਰਾਜ ਜੀ ਚੱਢਾ, ਸਾਬਕਾ ਐਮ.ਐਲ.ਏ. ਨੇ ਸਾਂਝੇ ਪੰਜਾਬ ਦੀ ਅਸੈਂਬਲੀ ਦੇ ਅੰਦਰ ਪੰਜਾਬ ਦੇ ਲੋਕਾਂ ਦੀ ਖਾਤਰ, ਦੇਸ਼ ਦੀ ਖਾਤਰ ਬੜਾ ਯੋਗਦਾਨ ਪਾਇਆ। ਇਸੇ ਤਰ੍ਹਾਂ ਸਰਦਾਰ ਗੁਰਦਿਆਲ ਸਿੰਘ ਲਹਿਰਾ, ਜਿਹੜੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਇਸ ਪਵਿੱਤਰ ਸਦਨ ਦੇ ਮੈਂਬਰ ਵੀ ਰਹੇ, ਸਰਦਾਰ ਨਰੰਜਨ ਸਿੰਘ ਸੇਰੋਂ, ਇਸ ਪਵਿੱਤਰ ਸਦਨ ਦੇ ਮੈਂਬਰ ਰਹੇ ਅਤੇ ਇਸੇ ਤਰ੍ਹਾਂ ਬੇਗਮ ਯੂਸਫ ਜ਼ਮਾਂ ਵੀ ਇਸ ਪਵਿੱਤਰ ਸਦਨ ਦੇ ਮੈਂਬਰ ਰਹੇ ਹਨ ਅਤੇ ਇਨ੍ਹਾਂ ਪਵਿੱਤਰ ਰੂਹਾਂ ਦੇ ਵਿਛੜਣ ਤੇ ਸਾਨੂੰ ਬੜਾ ਧੱਕਾ ਲਗਾ ਹੈ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਤੇ ਮੈਂ ਆਪਣੇ ਵਲੋਂ ਦੁੱਖ ਦਾ ਇਜ਼ਹਾਰ ਕਰਦਾ ਹਾਂ। ਇਸੇ ਤਰ੍ਹਾਂ ਸ਼੍ਰੀ ਸ਼ਾਂਤੀ ਪ੍ਰਕਾਸ਼ ਜੀ ਸਹਾਇ, ਜੋ ਸਾਬਕਾ ਵਿਧਾਇਕ ਰਹੇ ਹਨ ਅਤੇ ਇਸ ਸਦਨ ਦੇ ਮੈਂਬਰ ਰਹੇ ਹਨ, ਉਹ ਵੀ ਸਾਡੇ ਵਿੱਚ ਨਹੀਂ ਰਹੇ, ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ।

ਸਰਦਾਰ ਰਘਬੀਰ ਸਿੰਘ ਪੰਜੂਹਜ਼ਾਰੀ ਜੀ ਨੇ ਰਾਜਸਭਾ ਵਿੱਚ ਪੰਜਾਬ ਦੀ ਰਹਿਨੁਮਾਈ ਕੀਤੀ ਅਤੇ ਪੰਜਾਬ ਦੇ ਮਸਲਿਆਂ ਲਈ ਘੋਲ ਕੀਤਾ, ਉਹ ਵੀ ਸਾਡੇ ਵਿੱਚ ਨਹੀਂ ਰਹੇ। ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਦੋ ਬੜੀਆਂ ਅਹਿਮ ਘਟਨਾਵਾਂ ਹੋਈਆਂ। ਇੱਕ ਘਟਨਾ ਮੇਰੇ ਆਪਣੇ ਹਲਕੇ ਅੰਦਰ ਹੋਈ। ਮੇਰੇ ਕੰਡੀ ਏਰੀਏ ਦੇ ਸੇਖੋਵਾਲ ਪਿੰਡ ਤੋਂ ਇੱਕ ਟਰਾਲੀ ਵਿੱਚ, ਇੱਕ ਵਿਆਹ ਵਿੱਚ ਸ਼ਾਮਲ ਹੋਣ ਵਾਸਤੇ ਪੂਰਾ ਪਰਿਵਾਰ ਜਾ ਰਿਹਾ ਸੀ। ਜਦੋਂ ਇਹ ਟਰਾਲੀ ਪਹਾੜੀ ਦੀ ਢਲਾਨ ਤੋਂ ਉਤਰ ਰਹੀ ਸੀ ਤਾਂ ਸੱਤ ਬੰਦੇ, ਜਿਸ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ, ਉਸ ਵਕਤ ਸ਼ਹੀਦ ਹੋ ਗਏ। ਇਸ ਤਰ੍ਹਾਂ ਉਨ੍ਹਾਂ ਨੂੰ ਜਾਨ ਤੋਂ ਹੱਥ ਧੋਣੇ ਪਏ। ਇਸੇ ਤਰ੍ਹਾਂ ਬਲਾਚੌਰ ਕੋਲ ਕਾਠਗੜ੍ਹ ਇਲਾਕੇ ਵਿੱਚ ਵੀ ਬੱਸ ਕਾਂਡ ਵਿੱਚ ਸੱਤ ਬੰਦੇ ਮਾਰੇ ਗਏ। ਉਨ੍ਹਾਂ ਦੇ ਵਿਛੜਨ ਤੇ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵਲੋਂ ਦੁੱਖ ਦਾ ਇਜ਼ਹਾਰ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਇੱਕ ਏਅਰ ਕਰੈਸ਼ ਦਿੱਲੀ ਵਿੱਚ ਹੋਇਆ। ਇਸ ਕਰੈਸ਼ ਨਾਲ ਸਾਡਾ ਦੇਸ਼ ਔਰ ਪੰਜਾਬ ਬਹੁਤ ਹੀ ਮਾਹਿਰ ਅਫਸਰਾਂ ਕੋਲੋਂ ਵਾਂਝਾ ਹੋ ਗਿਆ ਹੈ। ਇਨ੍ਹਾਂ ਅਫਸਰਾਂ ਦਾ ਆਉਣ ਵਾਲੇ ਸਮੇਂ ਵਿੱਚ ਬਹੁਤ ਵੱਡਾ ਯੋਗਦਾਨ ਹੋਣਾ ਸੀ।

ਇਸੇ ਤਰ੍ਹਾਂ ਸਰਦਾਰ ਸੋਹਨ ਸਿੰਘ ਜੀ ਬੋਦਲ, ਜੋ ਇਸ ਪਵਿੱਤਰ ਹਾਊਸ ਦੇ ਮੈਂਬਰ ਹਨ, ਉਨ੍ਹਾਂ ਦੇ ਪਿਤਾ ਸਰਦਾਰ ਗੁਰਦਿੱਤ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ ਹਨ। ਉਹ ਮੈਨੂੰ ਨਿੱਜੀ ਤੌਰ ਤੇ ਜਾਣਦੇ ਸਨ ਔਰ ਬਹੁਤ ਹੀ ਪਵਿੱਤਰ ਆਤਮਾ ਸਨ। ਉਹ ਵੀ ਸਾਡੇ

ਵਿੱਚ ਨਹੀਂ ਰਹੇ । ਮੈਂ ਇਨ੍ਹਾਂ ਸਾਰੀਆਂ ਪਵਿੱਤਰ ਰੂਹਾਂ ਜਿਹੜੀਆਂ ਹੁਣ ਸਾਡੇ ਵਿੱਚ ਨਹੀਂ ਰਹੀਆਂ, ਨੂੰ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਜੈ ਭੀਮ, ਜੈ ਭਾਰਤ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਰਿਸਪੈਕਟਿਡ ਸਪੀਕਰ ਸਾਹਿਬ, ਜਿੰਨੇ ਵੀ ਸਤਿਕਾਰਯੋਗ ਐਮ. ਐਲ. ਏ. ਸਾਹਿਬਾਨ ਪਿਛਲੇ ਸੈਸ਼ਨ ਤੋਂ ਹੁਣ ਦੇ ਸੈਸ਼ਨ ਤੱਕ ਸਾਡੇ ਤੋਂ ਵਿਛੜੇ ਹਨ, ਉਨ੍ਹਾਂ ਨੂੰ ਮੈਂ ਆਪਣੇ ਵਲੋਂ ਅਤੇ ਪਾਰਟੀ ਵਲੋਂ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਖੜ੍ਹਾ ਹੋਇਆ ਹਾਂ ।

ਸਭ ਤੋਂ ਪਹਿਲਾਂ ਸ੍ਰੀ ਤਿਲਕ ਰਾਜ ਚੱਢਾ ਜੋ ਲਾਹੌਰ ਵਿੱਚ ਐਮ.ਐਲ.ਏ. ਸਨ, ਸਾਡੇ ਤੋਂ ਵਿਛੜ ਗਏ ਹਨ । ਉਨ੍ਹਾਂ ਨੇ ਆਪਣੇ ਸਮੇਂ ਵਿੱਚ ਲੋਕਾਂ ਦੀ ਬੜੀ ਸੇਵਾ ਕੀਤੀ ਔਰ ਅਜ਼ਾਦੀ ਦੇ ਸੰਘਰਸ਼ ਵਿੱਚ ਹਿੱਸਾ ਪਾਇਆ । ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਉਸ ਵਕਤ ਵੀ ਉਨ੍ਹਾਂ ਨੇ ਲੋਕਾਂ ਦੀ ਬੜੀ ਮਦਦ ਕੀਤੀ । ਜਦੋਂ ਉਹ ਪੰਜਾਬ ਵਿੱਚ ਸੈਟਲ ਹੋਏ ਤਾਂ ਉਨ੍ਹਾਂ ਨੇ ਲੋਕਾਂ ਨੂੰ ਸੋਸ਼ਲਿਜ਼ਮ ਵੱਲ ਤੋਰਿਆ ।

ਸਰਦਾਰ ਗੁਰਦਿਆਲ ਸਿੰਘ ਜੀ ਲਹਿਰਾ ਜੋ 1953 ਵਿੱਚ ਐਮ.ਐਲ.ਏ. ਬਣੇ ਔਰ ਐਸ.ਜੀ.ਪੀ.ਸੀ ਦੇ ਮੈਂਬਰ ਵੀ ਰਹੇ, ਉਹ ਵੀ ਸਾਡੇ ਤੋਂ ਵਿਛੜ ਗਏ ਹਨ । ਮੇਰੇ ਵਾਲਿਦ ਸਾਹਿਬ ਨਾਲ ਕਈ ਵਾਰ ਉਹ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਗਏ । ਉਨ੍ਹਾਂ ਦਾ ਚਲੇ ਜਾਣਾ ਬਹੁਤ ਹੀ ਦੁੱਖ ਦੀ ਗੱਲ ਹੈ । ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਨਰੰਜਨ ਸਿੰਘ ਸੇਰੋਂ, ਸਾਬਕਾ ਐਮ.ਐਲ.ਏ. ਵੀ ਸਾਡੇ ਤੋਂ ਵਿਛੜ ਗਏ ਹਨ । ਉਹ ਅੰਮ੍ਰਿਤਸਰ ਹਲਕੇ ਤੋਂ ਸਤਿਕਾਰਯੋਗ ਐਮ.ਐਲ.ਏ. ਸਨ ਔਰ ਉਨ੍ਹਾਂ ਨੇ ਵੀ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਹਿੱਸਾ ਪਾਇਆ । ਉਨ੍ਹਾਂ ਦੇ ਚਲੇ ਜਾਣ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ ।

ਬੇਗਮ ਯੂਸਫ ਜ਼ਮਾਂ, ਸਾਬਕਾ ਐਮ.ਐਲ.ਏ. ਜੋ ਕਿ ਮਲੇਰਕੋਟਲੇ ਦੇ ਨਵਾਬ ਸਾਹਿਬ ਦੀ ਵੱਡੀ ਬੇਗਮ ਸਨ ਔਰ ਜਿਨ੍ਹਾਂ ਨੇ ਇਸ ਹਾਊਸ ਵਿੱਚ ਲੋਕਾਂ ਦੀ ਬਹੁਤ ਸੇਵਾ ਕੀਤੀ, ਉਨ੍ਹਾਂ ਦੇ ਚਲੇ ਜਾਣ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ ।

ਸ੍ਰੀ ਸ਼ਾਂਤੀ ਪ੍ਰਕਾਸ਼ ਸਹਾਇ, ਸਾਬਕਾ ਐਮ.ਐਲ.ਏ. ਵੀ ਸਾਡੇ ਕੋਲੋਂ ਵਿਛੜ ਗਏ ਹਨ । ਉਹ ਪਾਕਿਸਤਾਨ ਵਿੱਚ ਜੰਮੇ ਔਰ ਉਨ੍ਹਾਂ ਦੇ 1947 ਵਿੱਚ ਅਜ਼ਾਦੀ ਦੀ ਲੜਾਈ ਵਿੱਚ ਬਹੁਤ ਵੱਡਾ ਹਿੱਸਾ ਪਾਇਆ ਔਰ ਲੋਕਾਂ ਦੀ ਰਾਜਨੀਤਕ ਤੌਰ ਤੇ ਬੜੀ ਸੇਵਾ ਕੀਤੀ ਉਨ੍ਹਾਂ ਦੇ ਚਲੇ ਜਾਣ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ । ਉਨ੍ਹਾਂ ਨੂੰ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

ਸਰਦਾਰ ਰਘਬੀਰ ਸਿੰਘ ਪੰਜਹਜ਼ਾਰੀ, ਜੋ ਰਾਜ ਸਭਾ ਦੇ ਤਿੰਨ ਵਾਰ ਮੈਂਬਰ ਰਹੇ, ਉਨ੍ਹਾਂ ਦੇ ਚਲੇ ਜਾਣ ਤੇ ਵੀ ਮੈਂ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ । ਉਹ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਵੀ ਰਹੇ । ਉਨ੍ਹਾਂ ਨੇ ਪੰਜਾਬ ਵਿੱਚ ਨਵਾਂ ਕਾਟਨ ਦਾ ਸੀਡ ਲਿਆਂਦਾ ਔਰ ਕਿਸਾਨਾਂ ਨੂੰ ਚੰਗੇ ਰੇਟ ਦਿਵਾਏ । ਉਨ੍ਹਾਂ ਦੇ ਚਲੇ ਜਾਣ ਤੇ ਵੀ ਮੈਂ ਦੁੱਖ ਦਾ ਇਜ਼ਹਾਰ ਕਰਦਾ ਹਾਂ ਔਰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਇਸੇ ਤਰ੍ਹਾਂ ਸਾਡੇ ਸਤਿਕਾਰਯੋਗ ਐਮ.ਐਲ.ਏ. ਸਰਦਾਰ ਸੋਹਨ ਸਿੰਘ ਜੀ ਬੱਦਲ, ਜਿਨ੍ਹਾਂ ਦੇ ਫਾਦਰ ਸਾਹਿਬ ਸਾਡੇ ਤੋਂ ਵਿਛੜ ਗਏ ਹਨ, ਉਨ੍ਹਾਂ ਦੇ ਵਿਛੜਨ ਤੇ ਵੀ ਮੈਂ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹਾਂ ਔਰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਦਿੱਲੀ ਵਿਖੇ ਪਿੱਛੇ ਜਿਹੇ ਏਅਰ ਕਰੈਸ਼ ਹੋਇਆ। ਉਸ ਵਿਚ 23 ਬਹੁਤ ਹੀ ਕੀਮਤੀ ਜਾਨਾਂ ਚਲੀਆਂ ਗਈਆਂ ਜਿਸ ਨਾਲ ਸਾਨੂੰ ਬਹੁਤ ਹੀ ਘਾਟਾ ਪਿਆ ਹੈ। ਇਸ ਵਿੱਚ 21 ਕਰਿਊ ਮੈਂਬਰ ਫਲਾਈ ਕਰ ਰਹੇ ਸਨ ਜੋ ਕਿ ਬਹੁਤ ਹੀ ਚੰਗੇ ਅਫਸਰ ਸਨ ਔਰ ਦੋ ਸਿਵਲੀਅਨ ਸਨ, ਉਹ ਸਾਰੇ ਮਾਰੇ ਗਏ। ਇਸ ਵੱਡੇ ਹਾਦਸੇ ਨਾਲ ਸਾਨੂੰ ਬਹੁਤ ਹੀ ਘਾਟਾ ਪਿਆ ਹੈ। ਅੰਤ ਵਿਚ ਮੈਂ ਇਨ੍ਹਾਂ ਸਾਰੀਆਂ ਕੀਮਤੀ ਜਾਨਾਂ, ਜਿਨ੍ਹਾਂ ਵਿੱਚ ਐਮ.ਐਲ.ਏ. ਸਾਹਿਬਾਨ ਵੀ ਸ਼ਾਮਲ ਸਨ, ਦੇ ਚਲੇ ਜਾਣ ਤੇ ਦੁੱਖ ਦਾ ਇਜ਼ਹਾਰ ਕਰਦਾ ਹਾਂ ਔਰ ਵਿਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਇਸ ਦੇ ਨਾਲ ਹੀ ਜਿਸ ਤਰ੍ਹਾਂ ਬੀ.ਐਸ.ਪੀ. ਦੇ ਐਮ.ਐਲ.ਏ. ਸਾਹਿਬ ਨੇ ਐਕਸੀਡੈਂਟ ਦਾ ਜ਼ਿਕਰ ਕੀਤਾ ਹੈ, ਮੈਂ ਉਨ੍ਹਾਂ ਕੀਮਤੀ ਜਾਨਾਂ ਦੇ ਵਿਛੜਨ ਤੇ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

ਸਰਦਾਰ ਧਨਵੰਤ ਸਿੰਘ (ਧੂਰੀ) : ਮਾਨਯੋਗ ਸਪੀਕਰ ਸਾਹਿਬ, ਸਾਡੇ ਪਿਛਲੇ ਸੈਸ਼ਨ ਦੇ ਮਿਲਣ ਤੋਂ ਬਾਅਦ ਜੋ ਮਹਾਨ ਸ਼ਖਸੀਅਤਾਂ ਸਾਡੇ ਵਿੱਚ ਨਹੀਂ ਰਹੀਆਂ ਹਨ, ਉਨ੍ਹਾਂ ਦਾ ਸਾਨੂੰ ਬੜਾ ਭਾਰੀ ਦੁੱਖ ਹੈ ਕਿਉਂਕਿ ਜੋ ਸ਼ਖਸੀਅਤਾਂ ਸਾਡੇ ਕੋਲੋਂ ਚਲੀਆਂ ਗਈਆਂ ਹਨ, ਸ਼ਾਇਦ ਉਨ੍ਹਾਂ ਦੇ ਜੀਵਨ ਵਿਚ ਪੰਜਾਬ ਜਾਂ ਹਿੰਦੁਸਤਾਨ ਨੂੰ ਦਿੱਤੀ ਦੇਣ ਨੂੰ ਕੋਈ ਵੀ ਬੰਦਾ ਸ਼ਬਦਾਂ ਵਿੱਚ ਕਲਮਬੱਧ ਨਹੀਂ ਕਰ ਸਕਦਾ। ਜਿਸ ਤਰ੍ਹਾਂ ਤਿਲਕ ਰਾਜ ਜੀ ਚੱਢਾ ਸਾਹਿਬ 84 ਵਰਸ਼ ਦੇ ਹੋ ਕੇ ਪੂਰੇ ਹੋਏ ਹਨ, ਜਿਨ੍ਹਾਂ ਨੇ ਬਿਹਤਰੀਨ ਐਜੂਕੇਸ਼ਨ ਵੀ ਹਾਸਲ ਕੀਤੀ ਅਤੇ ਰਾਵਲਪਿੰਡੀ ਵਿੱਚ ਉਹ ਵਿਧਾਨ ਸਭਾ ਦੇ ਮੈਂਬਰ ਵੀ ਰਹੇ। ਇਹੋ ਜਿਹੇ ਦੇਸ਼ ਭਗਤ ਦਾ ਚਲੇ ਜਾਣਾ ਸਾਰੇ ਦੇਸ਼ ਨੂੰ ਅਤੇ ਸਾਰੇ ਸੂਬੇ ਨੂੰ ਬੜਾ ਘਾਟਾ ਹੈ। ਇਨ੍ਹਾਂ ਦੀ ਇਕ ਮਹਾਨ ਦੇਣ ਉਸ ਵਕਤ ਜੋ ਸਾਡੇ ਦੇਸ਼ ਨੂੰ ਹੈ, ਉਹ ਹੈ ਕਿ ਉਨ੍ਹਾਂ ਨੇ 'ਨਯਾ ਪੰਜਾਬ' ਅਖ਼ਬਾਰ ਸ਼ੁਰੂ ਕੀਤਾ ਅਤੇ 'ਬੰਦੇ ਮਾਤਰਮ' ਅਖ਼ਬਾਰ ਦੇ ਉਹ ਸੰਪਾਦਕ ਵੀ ਰਹੇ।

ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਸਰਦਾਰ ਗੁਰਦਿਆਲ ਸਿੰਘ ਜੀ ਲਹਿਰਾ ਸਾਹਿਬ, ਜੋ ਰੋਪੜ ਹਲਕੇ ਨੂੰ ਬਿਲੌਂਗ ਕਰਦੇ ਸਨ ਅਤੇ ਜਿਨ੍ਹਾਂ ਦਾ ਪਿੰਡ ਘੜੂੰਆਂ ਹੈ, ਉਹ 1952 ਤੋਂ 54 ਤੱਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਉਨ੍ਹਾਂ ਨੇ ਪੰਜਾਬੀ ਸੂਬੇ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਨੂੰ ਅਤੇ ਤਕਰੀਬਨ ਜੋ ਪੰਜਾਬੀ ਸੂਬਾ ਬਣਿਆ ਹੈ, ਉਸ ਨੂੰ ਬੜੀ ਭਾਰੀ ਦੇਣ ਸੀ। ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਸੂਬੇ ਨੂੰ ਬਹੁਤ ਹੀ ਭਾਰੀ ਘਾਟਾ ਪਿਆ ਹੈ।

ਇਸੇ ਤਰ੍ਹਾਂ, ਮਾਨਯੋਗ ਸਪੀਕਰ ਸਾਹਿਬ, ਸਰਦਾਰ ਨਰੰਜਨ ਸਿੰਘ ਜੀ ਮੋਰੋਂ ਜੋ ਸਾਡੀ ਇਸ ਵਿਧਾਨ ਸਭਾ ਦੇ 1957 ਵਿੱਚ ਵੀ ਅਤੇ 1977 ਵਿੱਚ ਵੀ ਮੈਂਬਰ ਰਹੇ, ਨੇ ਬੜੀ ਯੋਗਤਾ ਦੇ ਨਾਲ ਪੰਜਾਬ ਦੀ ਅਵਾਜ਼ ਅਤੇ ਆਪਣੇ ਹਲਕੇ ਦੀ ਆਵਾਜ਼ ਇਸ ਵਿਧਾਨ ਸਭਾ ਦੇ ਵਿੱਚ ਬੁਲੰਦ ਕੀਤੀ। ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਹੀ ਘਾਟਾ ਪਿਆ ਹੈ।

ਮਾਨਯੋਗ ਸਪੀਕਰ ਸਾਹਿਬ, ਬੇਗਮ ਯੂਸਫ ਜ਼ਮਾਂ, ਜੋ 1962 ਵਿੱਚ ਇਸ ਵਿਧਾਨ ਸਭਾ ਦੇ ਮੈਂਬਰ ਰਹੇ, ਮੇਰਾ ਖਿਆਲ ਹੈ ਸ਼ਾਇਦ ਸਾਰੀ ਸਿੱਖ ਕੌਮ, ਸਾਰਾ ਪੰਜਾਬ ਜਾਂ ਸਮੁੱਚੇ ਜਿਹੜੇ ਸਰਬ ਧਰਮਾਂ ਦੇ ਸਾਂਝੇ ਵਿਅਕਤੀ ਹਨ, ਉਸ ਪਰਿਵਾਰ ਦੀ ਦੇਣ ਨੂੰ ਭੁਲਾ ਨਹੀਂ ਸਕਦੇ । ਜਦੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ ਤਾਂ ਇੱਕੋ ਹੀ ਪਰਿਵਾਰ ਸੀ ਪੰਜਾਬ ਦੇ ਵਿੱਚੋਂ, ਜਿਸ ਪਰਿਵਾਰ ਦੇ ਵਿੱਚੋਂ ਨਵਾਬ ਮਲੇਰਕੋਟਲਾ ਸਨ, ਜਿਨ੍ਹਾਂ ਨੇ ਹਾਅ ਦਾ ਨਾਅਰਾ ਮਾਰਿਆ ਸੀ । ਅਜਿਹੀ ਸ਼ਖਸੀਅਤ ਦਾ ਚਲੇ ਜਾਣਾ, ਬਹੁਤ ਹੀ ਘਾਟੇ ਦੀ ਗੱਲ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਜੋ ਸਾਡੇ ਸ਼ਾਂਤੀ ਪ੍ਰਕਾਸ਼ ਸਹਾਇ, ਐਮ.ਐਲ.ਏ. ਰਹੇ ਹਨ, ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਡੇ ਦੇਸ਼ ਨੂੰ ਘਾਟਾ ਪਿਆ ਹੈ ਕਿਉਂਕਿ ਇਨ੍ਹਾਂ ਮਹਾਂਪੁਰਸ਼ਾਂ ਨੇ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਿਨ੍ਹਾਂ ਸੁਪਨਿਆਂ ਨੂੰ ਸਾਕਾਰ ਕੀਤਾ ਸੀ, ਅੱਜ ਉਨ੍ਹਾਂ ਅਨੁਸਾਰ ਹੀ ਹਿੰਦੁਸਤਾਨ ਹੈ ਅਤੇ ਦੇਸ਼ ਹੈ । ਉਹ ਸਾਡੇ ਕੋਲੋਂ ਚਲੇ ਗਏ ਹਨ, ਇਹ ਵੀ ਬੜੇ ਦੁੱਖ ਦੀ ਗੱਲ ਹੈ ।

ਸਰਦਾਰ ਰਘਬੀਰ ਸਿੰਘ ਜੀ ਪੰਜਹਜ਼ਾਰੀ ਹਮੇਸ਼ਾਂ ਰਾਜ ਸਭਾ ਦੇ ਵਿੱਚ ਪੰਜਾਬ, ਪੰਜਾਬੀਅਤ ਅਤੇ ਸਾਡੇ ਦੇਸ਼ ਦੀ ਗੱਲ ਕਰਦੇ ਰਹੇ ਜਿਥੇ ਸਾਰੇ ਹੋਰ ਐਮ. ਐਲ. ਏ. ਸਾਹਿਬਾਨ ਬਾਰੇ ਹਾਊਸ ਦੇ ਲੀਡਰ ਸਾਹਿਬ ਨੇ ਦੱਸਿਆ, ਉਥੇ ਇਨ੍ਹਾਂ ਬਾਰੇ ਵੀ ਦੱਸਿਆ ਕਿ ਇਨ੍ਹਾਂ ਨੇ ਖਾਸ ਤੌਰ ਤੇ ਕਾਟਨ ਸੀਡ ਲਿਆ ਕੇ, ਪੰਜਾਬ ਦੀ ਆਵਾਜ਼ ਰਾਜ ਸਭਾ ਵਿੱਚ ਬੁਲੰਦ ਕਰਕੇ ਪੰਜਾਬ ਦਾ ਨਾਮ ਉੱਚਾ ਕੀਤਾ ਹੈ ।

ਸਪੀਕਰ ਸਾਹਿਬ, ਸਾਡੇ ਬਹੁਤ ਹੀ ਸੁਲਝੇ ਹੋਏ ਐਮ.ਐਲ.ਏ. ਸਾਹਿਬ ਸਰਦਾਰ ਸੋਹਨ ਸਿੰਘ ਜੀ ਬੋਦਲ, ਜਿਹੜੇ, ਬਿਹਤਰੀਨ ਵਕੀਲ ਵੀ ਹਨ, ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸਰਦਾਰ ਗੁਰਦਿੱਤ ਸਿੰਘ ਜੀ ਦਾ ਸਾਡੇ ਵਿੱਚੋਂ ਚਲੇ ਜਾਣਾ ਸਾਡੇ ਸਾਰਿਆਂ ਲਈ ਬਹੁਤ ਘਾਟੇ ਦੀ ਗੱਲ ਹੈ ।

ਇਸੇ ਤਰ੍ਹਾਂ ਸਾਡਾ ਏਅਰ ਇੰਡੀਆ ਦੇ ਜਹਾਜ਼ ਦਾ ਜੋ ਹਵਾਈ ਹਾਦਸਾ ਹੋਇਆ ਹੈ, ਉਹ ਬਹੁਤ ਹੀ ਦੁੱਖ ਦੀ ਗੱਲ ਹੈ । ਇਸ ਦੇ ਵਿੱਚ ਸਾਡੇ ਬਹੁਤ ਬਿਹਤਰੀਨ ਅਫ਼ਸਰ ਤੇ ਨਾਲ ਹੀ ਉਨ੍ਹਾਂ ਦੇ ਸੁਬਾਰਡੀਨੇਟ ਜਾਨਾਂ ਦੇ ਗਏ, ਜਿਸ ਨੇ ਸਾਰੇ ਹਿੰਦੁਸਤਾਨ ਨੂੰ ਇੱਕ ਵਾਰੀ ਹਿਲਾ ਕੇ ਰੱਖ ਦਿੱਤਾ । ਮੈਂ ਲੀਡਰ ਆਫ਼ ਦਿ ਹਾਊਸ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਇਸ ਮਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਨਾਲ ਹੀ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰਿਆਂ ਸਬੰਧਿਤ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਇਨ੍ਹਾਂ ਮਤਿਆਂ ਦੀ ਕਾਪੀ ਭੇਜੀ ਜਾਵੇ ਅਤੇ ਮੈਂ ਇਸ ਦੁੱਖ ਵਿੱਚ ਸ਼ਾਮਿਲ ਹੁੰਦਾ ਹਾਂ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ।

ਸਰਦਾਰ ਪ੍ਰੇਮ ਸਿੰਘ ਲਾਲਪੁਰਾ (ਤਰਨ ਤਾਰਨ) : ਸਪੀਕਰ ਸਾਹਿਬ, ਅੱਜ ਇਸ ਹਾਊਸ ਵਿੱਚ ਲੀਡਰ ਆਫ ਦਿ ਹਾਊਸ ਨੇ ਜੋ ਸ਼ੋਕ-ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਇਸ ਵਿੱਚ ਸ਼ਾਮਲ ਹੋਣ ਲਈ ਖੜ੍ਹਾ ਹੋਇਆ ਹਾਂ । ਸਾਰੇ ਐਮ.ਐਲ.ਏ. ਸਾਹਿਬਾਨ ਜਿਨ੍ਹਾਂ ਦਾ ਜ਼ਿਕਰ ਇਥੇ ਕੀਤਾ ਗਿਆ ਹੈ, ਸ੍ਰੀ ਤਿਲਕ ਰਾਜ ਚੱਢਾ, ਸਰਦਾਰ ਗੁਰਦਿਆਲ ਸਿੰਘ

[ਸਰਦਾਰ ਪ੍ਰੇਮ ਸਿੰਘ ਲਾਲਪੁਰਾ]

ਲਹਿਰਾ, ਸਰਦਾਰ ਨਰੰਜਨ ਸਿੰਘ ਸੇਰੋਂ, ਬੇਗਮ ਯੂਸਫ ਜ਼ਮਾਂ ਅਤੇ ਸਰਦਾਰ ਰਘਬੀਰ ਸਿੰਘ ਪੰਜਹਜ਼ਾਰੀ, ਇਨ੍ਹਾਂ ਸਾਰਿਆਂ ਦਾ ਚਲੇ ਜਾਣਾ ਬੜੇ ਭਾਰੀ ਅਫਸੋਸ ਵਾਲੀ ਗੱਲ ਹੈ। ਸਰਦਾਰ ਰਘਬੀਰ ਸਿੰਘ ਪੰਜਹਜ਼ਾਰੀ ਜੋ ਕਿ ਮੇਰੇ ਜ਼ਿਲ੍ਹੇ ਅੰਮ੍ਰਿਤਸਰ ਨਾਲ ਤੁਅੱਲਕ ਰੱਖਦੇ ਸਨ, ਮਹਾਨ ਕੁਰਬਾਨੀ ਦੇ ਪੁੰਜ ਸਨ। ਗੁਰੂ ਕਾ ਬਾਗ, ਜੈਤੋਂ ਦੇ ਮੋਰਚੇ ਤੇ ਜਦੋਂ ਗੋਲੀਆਂ ਚਲ ਰਹੀਆਂ ਸਨ, ਸ਼ਹਾਦਤਾਂ ਹੋ ਰਹੀਆਂ ਸਨ ਤਾਂ ਉਨ੍ਹਾਂ ਦੀ ਮਾਤਾ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਜਾ ਕੇ 5000 ਰੁਪਿਆ ਉਥੇ ਮੱਥਾ ਟੇਕਿਆ ਔਰ ਪੰਜ-ਹਜ਼ਾਰੀ ਨੂੰ ਪੰਥ ਦੇ ਹਵਾਲੇ ਕੀਤਾ ਤੇ ਕਿਹਾ ਕਿ ਅੱਜ ਤੋਂ ਬਾਅਦ ਉਹ ਘਰ ਨਹੀਂ ਆਵੇਗਾ, ਪੰਥ ਦੀ ਔਰ ਦੇਸ਼ ਦੀ ਸੇਵਾ ਕਰੇਗਾ। ਉਸ ਜ਼ਮਾਨੇ ਵਿਚ ਇਹ ਬੜੀ ਭਾਰੀ ਕੁਰਬਾਨੀ ਸੀ।

ਇਸੇ ਤਰ੍ਹਾਂ ਸਰਦਾਰ ਨਰੰਜਨ ਸਿੰਘ ਸੇਰੋਂ, ਸਾਬਕਾ ਐਮ.ਐਲ.ਏ. ਜੋ ਕਿ ਮੇਰੇ ਹਲਕੇ ਦੇ ਨਾਲ ਤੁਅੱਲਕ ਰੱਖਦੇ ਸਨ। ਉਹ 1957 ਦੇ ਵਿੱਚ ਮੇਰੇ ਇਸ ਹਲਕੇ ਵਿਚੋਂ ਜਦੋਂ ਮੈਂ ਉਥੋਂ ਦਾ ਵੋਟਰ ਸੀ, ਉਹ ਐਮ.ਐਲ.ਏ. ਬਣੇ। ਉਹ ਮੇਰੇ ਨਾਲ ਜੱਥੇ ਵਿੱਚ, ਜਦੋਂ 1955 ਦੇ ਵਿੱਚ ਪੰਜਾਬੀ ਸੂਬਾ ਜ਼ਿੰਦਾਬਾਦ ਕਹਿਣ ਤੇ ਪਾਬੰਦੀ ਲਗੀ ਹੋਈ ਸੀ ਤਾਂ ਉਨ੍ਹਾਂ ਨੇ ਮੋਰਚੇ ਵਿੱਚ ਗ੍ਰਿਫਤਾਰੀ ਦਿੱਤੀ ਔਰ ਉਨ੍ਹਾਂ ਨੇ ਮੇਰੇ ਨਾਲ ਜੇਲ੍ਹ ਕੱਟੀ। ਉਹ ਦੋ ਵਾਰ ਐਮ.ਐਲ.ਏ. ਰਹੇ। ਉਸ ਯੁੱਗ ਦੇ ਵਿੱਚ ਜਦੋਂ ਸਾਰਾ ਹਿੰਦੁਸਤਾਨ ਅੱਜ ਕੁਰੱਪਸ਼ਨ ਦੇ ਬੜੇ ਹੜ ਵਿੱਚ ਰੁੜ੍ਹ ਰਿਹਾ ਹੈ ਸਰਦਾਰ ਨਰੰਜਨ ਸਿੰਘ ਸੇਰੋਂ ਇੱਕ ਅਤਿਅੰਤ ਗਰੀਬ ਪਰਿਵਾਰ ਨਾਲ ਤੁਅੱਲਕ ਰੱਖਦੇ ਹੋਏ ਦੋ ਵਾਰ ਐਮ.ਐਲ.ਏ. ਰਹੇ ਤੇ ਇੱਕ ਨਵੇਂ ਪੈਸੇ ਦੇ ਜੁਵਾਬਦੇਹ ਨਹੀਂ ਹੋਏ ਔਰ ਸਾਰੀ ਉਮਰ ਉਨ੍ਹਾਂ ਨੇ ਗਰੀਬੀ ਦੇ ਵਿੱਚ ਕੱਟੀ ਔਰ ਗਰੀਬੀ ਦੇ ਵਿੱਚ ਹੀ ਸਾਡੇ ਕੋਲੋਂ ਜੁਦਾ ਹੋ ਗਏ ਹਨ। ਮੈਂ ਮਹਿਸੂਸ ਕਰਦਾ ਹਾਂ, ਤੇ ਮੈਨੂੰ ਆਸ ਹੈ ਕਿ ਸਰਕਾਰ ਨੂੰ ਉਨ੍ਹਾਂ ਦੇ ਬਾਕੀ ਪਰਿਵਾਰ ਨੂੰ ਜਿੰਨੀ ਜ਼ਿਆਦਾ ਹੋ ਸਕੇ, ਮਾਲੀ ਸਹਾਇਤਾ ਦੇਣੀ ਚਾਹੀਦੀ ਹੈ। ਮੇਰੀ ਇਹ ਸੀ.ਐਮ. ਸਾਹਿਬ ਕੋਲ ਬੇਨਤੀ ਹੈ। ਮੈਨੂੰ ਆਸ ਹੈ ਕਿ ਪੰਜਾਬ ਸਰਕਾਰ ਇਸ ਸਬੰਧ ਵਿੱਚ ਗੌਰ ਕਰੇਗੀ ਕਿਉਂਕਿ ਜਦੋਂ ਉਹ ਗਰੀਬ ਪਰਿਵਾਰ ਵਿਚੋਂ ਹੁੰਦਿਆਂ ਔਰ ਗਰੀਬੀ ਨੂੰ ਹੰਢਾਉਂਦਾ ਹੋਇਆ ਸਾਡੇ ਕੋਲੋਂ ਚਲਿਆ ਗਿਆ ਹੈ, ਉਸ ਦੇ ਪਰਿਵਾਰ ਦੀ ਸਾਰ ਲੈਣੀ ਸਾਡਾ ਫਰਜ਼ ਹੈ। ਮੈਂ ਇਹੋ ਸ਼ਰਧਾਂਜ਼ਲੀ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਖਿਮਾਂ ਦਾ ਜਾਚਕ ਹਾਂ।

ਸ੍ਰੀ ਸਪੀਕਰ : ਇਸ ਹਾਊਸ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਵਲੋਂ ਉਨ੍ਹਾਂ ਸਾਰੀਆਂ ਵਿਛੜੀਆਂ ਹੋਈਆਂ ਸ਼ਖਸੀਅਤਾਂ, ਜੋ ਅੱਜ ਸਾਡੇ ਦਰਮਿਆਨ ਨਹੀਂ ਹਨ, ਪ੍ਰਤੀ ਜੋ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ ਹਨ, ਮੈਂ ਉਨ੍ਹਾਂ ਨਾਲ ਸ਼ਰੀਕ ਹੁੰਦਾ ਹੋਇਆ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਲਈ ਖੜ੍ਹੇ ਹੋ ਕੇ ਮੋਨ ਧਾਰਨ ਕਰਨ। ਇਸ ਤਰ੍ਹਾਂ ਇਹੋ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

(ਇਸ ਸਮੇਂ ਸਦਨ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਵਲੋਂ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ ਗਿਆ।)

ਧੰਨਵਾਦ । ਸਦਨ ਦੀ ਇੱਛਾ ਅਨੁਸਾਰ ਸ਼ੋਕ ਮਤੇ ਸਬੰਧਿਤ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ ।

ਸ਼੍ਰੀ ਸਪੀਕਰ : ਹੁਣ ਸਦਨ ਵੀਰਵਾਰ, ਮਿਤੀ 11 ਮਾਰਚ, 1999 ਨੂੰ 9.00 ਵਜੇ ਸਵੇਰੇ ਤਕ ਸਥਗਿਤ ਕੀਤਾ ਜਾਂਦਾ ਹੈ ।

*9.40 ਵਜੇ ਸਵੇਰੇ	(ਇਸ ਉਪਰੰਤ ਸਦਨ ਵੀਰਵਾਰ, ਮਿਤੀ 11 ਮਾਰਚ, 1999 ਨੂੰ 9.00 ਵਜੇ ਸਵੇਰ ਤੱਕ *ਸਥਗਿਤ ਹੋ ਗਿਆ ।)

ਪੰਜਾਬ ਸਰਕਾਰ ਪ੍ਰੈਸ, ਮੁਹਾਲੀ/3799/5-99/305 (ਆਫਸੈਟ ਪੇਪਰ)

Published under the authority of the Punjab Vidhan Sabha and printed by the Controller, Printing & Stationery, Punjab at S.A.S. Nagar (Mohali).

PUNJAB VIDHAN SABHA

DEBATES

11th March, 1999
(Morning Sitting)

Vol. VII—No. 2

OFFICIAL REPORT

CONTENTS

Thursday, the 11th March, 1999
(Morning Sitting)

Punjab Vidhan Sabha Secretariat, Chandigarh.

Price: Rs......

—0—

PUNJAB VIDHAN SABHA

Thursday, the 11th March, 1999

(Morning Sitting)

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9-00 A. M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਨਿਸ਼ਾਨ ਵਾਲਾ ਪ੍ਰਸ਼ਨ ਨੰ: 1381**

Mr. Speaker : Extension has been asked for in respect of Starred Question No. 1381 and the same has been granted.

ਅ. ਸ. ਪ. ਨੰ: ਲ-2/99/144

ਪ੍ਰਕਾਸ਼ ਸਿੰਘ ਬਾਦਲ — ਮੁੱਖ ਮੰਤਰੀ, ਪੰਜਾਬ

ਮਿਤੀ 8 ਮਾਰਚ, 1999

ਵਿਸ਼ਾ :— ਮਿਤੀ 11 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1381 ਮੁਲਤਵੀ ਕਰਨ ਬਾਰੇ ।

ਮਾਨਯੋਗ ਸਪੀਕਰ ਸਾਹਿਬ,

ਮਿਤੀ 11 ਮਾਰਚ, 1999 ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1381, ਜੋ ਕਿ ਕਾਮਰੇਡ ਅਜੈਬ ਸਿੰਘ ਰੋਤਾ ਅਤੇ ਕਾਮਰੇਡ ਹਰਦੇਵ ਸਿੰਘ ਅਰਸ਼ੀ, ਐਮ. ਐਲ. ਏਜ਼ ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤੂ,
ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

**For Starred Question No. 1381 and reply thereto, please see P.V.S. Debates dated 30th March, 1999.

ਕਾਮਰੇਡ ਅਜੈਬ ਸਿੰਘ ਰੋਤਾ : ਸਪੀਕਰ ਸਾਹਿਬ, ਇਹ ਕਿੰਨੇ ਚਿਰ ਦੀ ਐਕਸ-ਟੈਂਸ਼ਨ ਹੈ ?

ਸ੍ਰੀ ਸਪੀਕਰ : ਦੋ ਹਫ਼ਤੇ ਦੀ ।

ਕਾਮਰੇਡ ਅਜੈਬ ਸਿੰਘ ਰੋਤਾ : ਇਸ ਤੋਂ ਜ਼ਿਆਦਾ ਤਾਂ ਨਹੀਂ ਹੋ ਜਾਵੇਗੀ ?

ਸ੍ਰੀ ਸਪੀਕਰ : ਇਸ ਬਾਰੇ ਕੋਸ਼ਿਸ਼ ਕਰਾਂਗੇ ਕਿ ਨਾ ਹੋਵੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਪਿਛਲੇ ਸੈਸ਼ਨ ਵਿਚ ਵੀ ਰੂਲਿੰਗ ਇਕ ਹਫ਼ਤੇ ਦੀ ਦਿੱਤੀ ਸੀ . . . (ਵਿਘਨ)

ਸ੍ਰੀ ਸਪੀਕਰ : ਇਹ ਸੈਸ਼ਨ ਲੰਬਾ ਹੈ । ਅਗਲਾ ਸਵਾਲ ।

ਸਤਲੁਜ-ਯਮੁਨਾ ਲਿੰਕ ਨਹਿਰ ਦੀ ਮੁਰੰਮਤ

*1354. (1) **ਕਾਮਰੇਡ ਹਰਦੇਵ ਸਿੰਘ ਅਰਸ਼ੀ**
(2) **ਕਾਮਰੇਡ ਅਜੈਬ ਸਿੰਘ ਰੋਤਾ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1994-95, 1995-96, 1996-97, 1997-98 ਅਤੇ 1998-99 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਸਤਲੁਜ-ਯਮੁਨਾ ਲਿੰਕ (ਐਸ. ਵਾਈ. ਐਲ.) ਨਹਿਰ ਦੀ ਮੁਰੰਮਤ ਆਦਿ ਤੇ ਸਿੰਜਾਈ ਵਿਭਾਗ ਦੁਆਰਾ ਕੀਤੇ ਗਏ ਖਰਚੇ ਦੇ ਸਾਲ-ਵਾਰ ਵੇਰਵੇ ਕੀ ਹਨ ਅਤੇ ਉਨ੍ਹਾਂ ਮੁੱਖ ਕੰਮਾਂ/ਮੱਦਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੇ ਉਕਤ ਖਰਚਾ ਕੀਤਾ ਗਿਆ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : ਵਿੱਤੀ ਸਾਲਾਂ 1994-95, 1995-96, 1996-97, 1997-98 ਅਤੇ 1998-99 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦੀ ਮੁਰੰਮਤ ਆਦਿ ਤੇ ਸਿੰਜਾਈ ਵਿਭਾਗ ਦੁਆਰਾ ਕੀਤੇ ਗਏ ਖਰਚੇ ਦੇ ਸਾਲ-ਵਾਰ ਵੇਰਵੇ ਅਤੇ ਮੁੱਖ ਕੰਮਾਂ/ਆਈਟਮਾਂ ਜਿਨ੍ਹਾਂ ਤੇ ਖਰਚਾ ਕੀਤਾ ਗਿਆ, ਹੇਠ ਅਨੁਸਾਰ ਹਨ :—

ਲੜੀ ਨੰ:	ਸਾਲ	ਰਕਮ	ਮੁੱਖ ਕੰਮਾਂ/ਆਈਟਮਾਂ ਦਾ ਵੇਰਵਾ
1	2	3	4
(1)	1994-95 . .	35.72 ਲੱਖ ਰੁਪਏ	ਸਤਲੁਜ-ਯਮੁਨਾ ਲਿੰਕ ਨਹਿਰ ਦੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਕਰਨਾ, ਗਾਰ ਕੱਢਣਾ ਅਤੇ ਕਿਨਾਰੇ ਮਜ਼ਬੂਤ ਕਰਨਾ ।

1	2	3	4
(2)	1995-96 ..	34.66 ਲੱਖ ਰੁਪਏ	ਜ਼ੈਅੰਤੀ ਕੀ ਰਾਓ ਦੇ ਜਲ ਨਿਕਾਸ ਰਸਤੇ ਦੀ ਮੁਰੰਮਤ ਕਰਨਾ, ਗਾਰ ਕੱਢਣਾ, ਕਮਜ਼ੋਰ ਕਿਨਾਰਿਆਂ ਨੂੰ ਚੌੜਾ/ਮਜ਼ਬੂਤ ਕਰਨਾ ਅਤੇ ਪਾੜ ਵਗੈਰਾ ਪੂਰਨੇ ।
(3)	1996-97 ..	25.95 ਲੱਖ ਰੁਪਏ	ਪਾੜਾਂ ਵਾਲੀਆਂ ਥਾਵਾਂ ਦੀ ਮੁਰੰਮਤ ਕਰਨਾ ਅਤੇ ਮਜ਼ਬੂਤ ਕਰਨਾ ।
(4)	1997-98 ..	22.74 ਲੱਖ ਰੁਪਏ	ਜਲ ਨਿਕਾਸ ਸਾਈਫਨ ਅਤੇ ਪੁਲਾਂ ਨੂੰ ਸਾਫ/ਮੁਰੰਮਤ ਕਰਨਾ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਪਹੁੰਚ ਬੁਰਜੀ 93 ਤੋਂ 117 ਕਿਲੋਮੀਟਰ ਤੱਕ ਦੇ ਸੱਜੇ ਕਿਨਾਰੇ ਦੇ ਖੱਪੇ ਪੂਰਨਾ ਆਦਿ ।
(5)	1998-99 ..	2.50 ਲੱਖ ਰੁਪਏ	ਸਤਲੁਜ-ਯਮੁਨਾ ਲਿੰਕ ਨਹਿਰ ਦੀ ਪਹੁੰਚ ਬੁਰਜੀ 92 ਤੋਂ 94 ਕਿਲੋਮੀਟਰ ਤੱਕ ਕਿਨਾਰਿਆਂ ਦੀ ਮੁਰੰਮਤ ਕਰਨਾ ਅਤੇ ਪਹੁੰਚ ਬੁਰਜੀ 68.4 ਕਿਲੋਮੀਟਰ ਦੇ ਕਰਾਸ ਬੰਨ੍ਹ ਦੀ ਮੁਰੰਮਤ/ਮਜ਼ਬੂਤ ਕਰਨਾ, ਬਾਰਸ਼ਾਂ ਦੌਰਾਨ ਕਿਨਾਰਿਆਂ ਦੀ ਵਾਚ ਅਤੇ ਵਾਰਡ ਰੱਖਣਾ ।
ਕੁੱਲ (1994 ਤੋਂ ਫਰਵਰੀ, 1999 ਤੱਕ)	.	121.57 ਲੱਖ ਰੁਪਏ	

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਪਿਛਲੇ ਪੰਜ ਵਿੱਤੀ ਸਾਲਾਂ ਵਿਚ ਕੁੱਲ 121.57 ਲੱਖ ਰੁਪਏ ਐਸ. ਵਾਈ. ਐਲ. ਨਹਿਰ ਦੀ ਰਿਪੇਅਰ ਉਤੇ ਖ਼ਰਚ ਹੋਏ ਹਨ । ਕਰੋੜਾਂ ਰੁਪਏ ਪਹਿਲਾਂ ਹੀ ਪਿਛਲੇ ਫਾਈਨਾਸ਼ੀਅਲ ਯੀਅਰਜ਼ ਵਿਚ ਇਸ ਤੇ ਖ਼ਰਚ ਕੀਤਾ ਜਾ ਚੁੱਕਾ ਹੈ । ਕੀ ਆਉਣ ਵਾਲੇ ਸਮੇਂ ਵਿਚ ਜਿਸ ਪਰਪਜ਼ ਵਾਸਤੇ ਇਹ ਨਹਿਰ ਉਸਾਰੀ ਗਈ ਸੀ, ਉਸ ਪਰਪਜ਼ ਨੂੰ ਪੂਰਾ ਕਰਦੇ ਹੋਏ ਇਹ ਨਹਿਰ ਹਰਿਆਣਾ ਨੂੰ ਪਾਣੀ ਦੇਣ ਦਾ ਕੰਮ ਸ਼ੁਰੂ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦਾ ਇਹ ਪੱਕਾ ਫੈਸਲਾ ਹੈ ਕਿ ਨਹਿਰ ਕਿਸੇ ਕੀਮਤ ਤੇ ਵੀ ਚਾਲੂ ਨਹੀਂ ਕੀਤੀ ਜਾਵੇਗੀ । ਜਿਹੜਾ ਖ਼ਰਚਾ ਕੀਤਾ ਜਾ ਰਿਹਾ ਹੈ, ਉਸ

[ਰਾਜ ਮੰਤਰੀ ਸਿੰਚਾਈ]

ਦਾ ਕਾਰਨ ਇਹ ਹੈ ਕਿ ਸਾਲ 1993 ਵਿਚ ਬਹੁਤ ਜ਼ਿਆਦਾ ਹੜ੍ਹ ਆਏ ਸੀ। ਉਸ ਨਾਲ ਸਾਰੇ ਸਾਈਫਨ ਤੇ ਕੰਢੇ ਟੁੱਟ ਗਏ ਸੀ। ਇਸ ਨਹਿਰ ਦਾ ਜਿਹੜਾ ਹਿੱਸਾ ਪੰਜਾਬ ਵਿਚ ਪੈਂਦਾ ਹੈ, ਉਹ ਹਿੱਸਾ ਹੜ੍ਹਾਂ ਕਾਰਨ ਟੁੱਟ ਗਿਆ ਜਿਸ ਕਰਕੇ ਰਾਜਪੁਰਾ, ਪਟਿਆਲਾ ਦੇ ਹਿੱਸੇ ਨੂੰ ਬਚਾਉਣ ਲਈ ਮੁਰੰਮਤ ਕਰਨ ਦੀ ਖਾਤਰ ਖਰਚਾ ਕਰਨਾ ਪਿਆ। ਹੜ੍ਹਾਂ ਕਾਰਨ ਸਾਈਫਨ ਬੰਦ ਹੋ ਜਾਂਦੇ ਹਨ ਜਿਨ੍ਹਾਂ ਨੂੰ ਠੀਕ ਕਰਨ ਦੀ ਖਾਤਰ ਖਰਚ ਕਰਨਾ ਪੈਂਦਾ ਹੈ। ਬਾਕੀ ਖਰਚ ਤਨਖਾਹਾਂ ਦਾ ਪੈਂਦਾ ਹੈ। ਹੋਰ ਕੋਈ ਵੀ ਵਾਧੂ ਖਰਚਾ ਸਰਕਾਰ ਵੱਲੋਂ ਨਹੀਂ ਕੀਤਾ ਜਾਂਦਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਨਾਲ ਮੇਰੀ ਤਸੱਲੀ ਨਹੀਂ ਹੋਈ। ਜੋ ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ, ਉਸ ਵਿਚ ਤਨਖਾਹਾਂ ਦਾ ਖਰਚਾ ਵੀ ਇਹ ਪੂਰਾ ਕਰ ਰਹੇ ਹਨ। ਲੈਂਡ ਓਨਰਜ਼ ਨੂੰ ਜ਼ਮੀਨ ਦਾ ਜ਼ਿਆਦਾ ਮੁਆਵਜ਼ਾ ਦੇਣ ਵਾਸਤੇ ਖਰਚਾ ਕੀਤਾ। ਲੱਖਾਂ ਕਰੋੜਾਂ ਰੁਪਿਆ ਰਿਪੇਅਰ ਤੇ ਖਰਚ ਕੀਤਾ ਜਾ ਰਿਹਾ ਹੈ। ਜੋ ਉੱਤਰ ਦਿੱਤਾ ਗਿਆ ਹੈ, ਉਸ ਨਾਲ ਮੇਰੀ ਤਸੱਲੀ ਨਹੀਂ ਹੋਈ। ਸੈਕਿੰਡਲੀ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਾਲਮ-4 ਵਿਚ 1997-98 ਫਾਈਨਾਂਸ਼ੀਅਲ ਯੀਅਰ ਵਿਚ ਆਰ. ਡੀ. 92 ਤੋਂ 117 ਤੱਕ ਸੀ ਅਤੇ ਖਰਚ ਕੀਤਾ ਗਿਆ ਹੈ ਤਕਰੀਬਨ 22 ਲੱਖ 74 ਹਜ਼ਾਰ ਰੁਪਏ। ਫੇਰ 1998-99 ਵਿਚ ਆਰ. ਡੀ. 92 ਤੋਂ 94 ਤੱਕ ਹੀ ਸੀ। ਇਕ ਫਾਈਨਾਂਸ਼ੀਅਲ ਯੀਅਰ ਵਿਚ ਇਕ ਵਾਰ ਰਿਪੇਅਰ ਹੋ ਗਈ ਤਾਂ ਅਗਲੇ ਫਾਈਨਾਂਸ਼ੀਅਲ ਯੀਅਰ ਵਿਚ ਉਸੇ ਆਰ. ਡੀ. ਤੇ ਹੀ ਰਿਪੇਅਰ ਕੀਤੀ ਜਾਵੇ, ਕੀ ਇਹ ਜਸਟੀਫਾਈਡ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਮੈਂਬਰ ਸਾਹਿਬ ਨੂੰ ਦੱਸਿਆ ਸੀ ਕਿ ਬਾਰਸ਼ਾਂ ਕਰਕੇ ਬੜੀ ਰਿਪੇਅਰ ਕੀਤੀ ਗਈ। ਸਾਈਫਨ ਬੰਦ ਹੋ ਗਏ ਜਿਨ੍ਹਾਂ ਦੀ ਮਿੱਟੀ ਕੱਢਣ ਲਈ ਖ਼ਰਚ ਕੀਤਾ ਗਿਆ। ਕੰਢੇ ਟੁੱਟ ਗਏ, ਉਨ੍ਹਾਂ ਨੂੰ ਤਕੜਾ ਕਰਨਾ ਸੀ, ਕੰਢਿਆਂ ਨੂੰ ਬਚਾਉਣ ਦੀ ਖਾਤਰ ਖਰਚਾ ਹੋਇਆ। ਹੜ੍ਹਾਂ ਤੋਂ ਬਚਾਉਣ ਦੀ ਖਾਤਰ ਸਾਰਾ ਖਰਚ ਕੀਤਾ ਗਿਆ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਨਹਿਰ ਐਸ. ਵਾਈ. ਐਲ. ਕਿਸੇ ਹਾਲਤ ਵਿਚ ਵੀ ਬਣਾਉਣ ਨਹੀਂ ਦੇਣੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਹਿੱਸਾ ਇਸ ਨਹਿਰ ਦਾ ਪੰਜਾਬ ਵਿਚ ਹੈ, ਕੀ ਉਸ ਦੀ ਕੰਪਲੀਸ਼ਨ ਨੂੰ ਬੰਦ ਕਰਨ ਦਾ ਕੋਈ ਸੁਝਾਅ ਜਾਂ ਪਰਪੋਜ਼ਲ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਨਹੀਂ ਕਿਹਾ ਹੈ ਕਿ ਨਹਿਰ ਬੰਦ ਪਈ ਹੈ ਜਾਂ ਚਲ ਰਹੀ ਹੈ। ਇਹ ਨਹਿਰ ਤਾਂ ਪਹਿਲੇ ਹੀ ਬਣੀ ਹੋਈ ਹੈ। ਥੋੜਾ ਬਹੁਤ ਰੀਪੇਅਰ ਦਾ ਕੰਮ ਹੁੰਦਾ ਰਹਿੰਦਾ ਹੈ। ਜਦ ਤੱਕ ਕੋਈ ਪੱਕੇ ਤੌਰ ਤੇ ਫੈਸਲਾ ਸਾਡੀ ਇੱਛਾ ਦੇ ਮੁਤਾਬਿਕ ਜਾਂ ਕਾਨੂੰਨ ਦੇ ਮੁਤਾਬਿਕ ਹੋ ਨਹੀਂ ਜਾਂਦਾ, ਉਤਨੀ ਦੇਰ ਤੱਕ ਕੋਈ ਅੱਗੇ ਦੀ ਕਾਰਵਾਈ ਨਹੀਂ ਕੀਤੀ ਜਾਵੇਗੀ। ਪੰਜਾਬ ਸਰਕਾਰ ਵਲੋਂ ਉਥੇ ਕੰਮ ਠੱਪ ਪਿਆ ਹੋਇਆ ਹੈ ਅਤੇ ਪਾਣੀ ਛੱਡਿਆ ਨਹੀਂ ਜਾਵੇਗਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਪਹਿਲੇ ਸਟੇਟਮੈਂਟ ਦਿੱਤੀ ਸੀ, ਉਸ ਵਿਚ ਥੋੜ੍ਹਾ ਜਿਹਾ ਫਰਕ ਪੈ ਗਿਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਜਦ ਤਕ ਪੱਕੇ ਤੌਰ ਤੇ ਕੋਈ ਫੈਸਲਾ ਹੋ ਨਹੀਂ ਜਾਂਦਾ ਉਤਨੀ ਦੇਰ ਤਕ ਨਹਿਰ ਕਿਸੇ ਕੀਮਤ ਤੇ ਚੱਲਣ ਨਹੀਂ ਦੇਣੀ। ਸਰਕਾਰ

ਵਲੋਂ 600 ਕਰੋੜ ਰੁਪਿਆ ਇਸ ਨਹਿਰ ਦੀ ਕੰਸਟ੍ਰਕਸ਼ਨ ਉਤੇ ਖਰਚ ਹੋ ਚੁੱਕਾ ਹੈ। ਹਰਿਆਣੇ ਵਿਚ ਇਨ੍ਹਾਂ ਦੀ ਆਪਣੀ ਸਰਕਾਰ ਹੈ, ਪੰਜਾਬ ਵਿਚ ਇਨ੍ਹਾਂ ਦੀ ਮਿਲੀ ਜੁਲੀ ਸਰਕਾਰ ਹੈ ਅਤੇ ਉਪਰ ਸੈਂਟਰ ਵਿਚ ਇਨ੍ਹਾਂ ਦੀ ਭਾਈਵਾਲ ਸਰਕਾਰ ਹੈ। ਕੀ ਇਹ ਆਪਸ ਵਿਚ ਮੀਟਿੰਗ ਕਰਕੇ ਅਤੇ ਕੇਂਦਰ ਦੀ ਸਰਕਾਰ ਤੋਂ ਇੰਟਰਵੀਨ ਕਰਵਾ ਕੇ ਕੋਈ ਫੈਸਲਾ ਕਰਵਾ ਰਹੇ ਹਨ ? ਕੀ ਕੋਈ ਗਲਬਾਤ ਚਲ ਰਹੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਸਾਰਿਆਂ ਨੂੰ ਸਾਡੀ ਸਰਕਾਰ ਦੇ ਸਟੈਂਡ ਬਾਰੇ ਪਤਾ ਹੈ। ਇਸ ਬਾਰੇ ਸੈਂਟਰ ਦੀ ਸਰਕਾਰ ਨਾਲ ਕੋਈ ਗੱਲ ਬਾਤ ਨਹੀਂ ਹੋ ਰਹੀ ਹੈ ਅਤੇ ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਡੇ ਕੋਲ ਕੋਈ ਖਾਸ ਸਰਪਲੱਸ ਪਾਣੀ ਨਹੀਂ ਹੈ ਜਿਹੜਾ ਅਸੀਂ ਕਿਸੇ ਨੂੰ ਦੇ ਸਕੀਏ। ਸਾਹਮਣੇ ਬੈਠੇ ਵੀਰਾਂ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਅਤੇ ਮਤਰੇਈ ਮਾਂ ਵਾਲਾ ਸਲੂਕ ਕਰਵਾਇਆ ਸੀ। ਅਸੀਂ ਪੰਜਾਬ ਦੇ ਇੰਟਰੈਸਟ ਨੂੰ ਮੁੱਖ ਰਖਦੇ ਹੋਏ ਪੰਜਾਬ ਵਿਚੋਂ ਪਾਣੀ ਨੂੰ ਚੱਲਣ ਨਹੀਂ ਦੇਵਾਂਗੇ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, 2 ਸਾਲ ਇਨ੍ਹਾਂ ਦੀ ਸਰਕਾਰ ਬਣੇ ਨੂੰ ਹੋ ਗਏ ਹਨ ਅਤੇ ਇਕ ਸਾਲ ਕੇਂਦਰ ਵਿਚ ਇਨ੍ਹਾਂ ਦੀ ਭਾਈਵਾਲ ਸਰਕਾਰ ਬਣੀ ਨੂੰ ਹੋ ਗਿਆ ਹੈ। ਕੀ ਇਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਕਥਿਤ ਧੱਕਿਆਂ ਨੂੰ ਦੂਰ ਕਰਵਾਉਣ ਲਈ ਯਤਨ ਕੀਤੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬਾਕੀ ਦੇ ਮਸਲਿਆਂ ਦਾ ਇਸ ਨਾਲ ਕੋਈ ਤੁਅਲੱਕ ਨਹੀਂ ਹੈ। ਅਸੀਂ ਇਹ ਸਮਝਦੇ ਹਾਂ ਕਿ ਪੰਜਾਬ ਦੇ ਇੰਟਰੈਸਟ ਵਿਚ ਇਹ ਗੱਲ ਲੈ ਕੇ ਜਾਈਏ ਤਾਂ ਇਹ "ਆ ਬੈਲ ਮੁਝੇ ਮਾਰ" ਵਾਲੀ ਗੱਲ ਹੋਵੇਗੀ। ਜਿਹੜੇ ਪੰਜਾਬ ਦੇ ਹੱਕੀ ਵਾਰਸ ਹਨ, ਉਹ ਉਲਟਾ ਕੰਮ ਨਹੀਂ ਕਰ ਸਕਦੇ।

ਸਥਾਨਕ ਸਰਕਾਰ ਵਿਭਾਗ ਦੁਆਰਾ ਦਿੱਤੇ ਗਏ ਇਸ਼ਤਿਹਾਰਾਂ ਤੇ ਖ਼ਰਚਾ

*1368. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਮਾਰਚ, 1997 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਅਖ਼ਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਤੇ ਸਥਾਨਕ ਸਰਕਾਰ ਵਿਭਾਗ ਦੁਆਰਾ ਕੁੱਲ ਕਿੰਨਾ ਖ਼ਰਚਾ ਕੀਤਾ ਗਿਆ ਅਤੇ ਹਰ ਇਕ ਇਸ਼ਤਿਹਾਰ ਤੇ ਕੀਤੇ ਗਏ ਖ਼ਰਚੇ ਦੇ ਅਖ਼ਬਾਰ-ਵਾਰ ਵੇਰਵੇ ਕੀ ਹਨ;

(ਅ) ਉਕਤ ਇਸ਼ਤਿਹਾਰ ਕਿਹੜੇ-ਕਿਹੜੇ ਮੌਕਿਆਂ ਤੇ ਦਿੱਤੇ ਗਏ ਸਨ ਅਤੇ ਕਿਹੜੇ-ਕਿਹੜੇ ਨੇਤਾਵਾਂ/ਮੰਤਰੀਆਂ ਦੀਆ ਫੋਟੋਆਂ ਅਖ਼ਬਾਰਾਂ ਵਿੱਚ ਛਪਾਈਆਂ ਗਈਆਂ ਸਨ ਅਤੇ ਕਿਹੜੇ-ਕਿਹੜੇ ਮੌਕਿਆਂ ਤੇ ਇਹ ਫੋਟੋਆਂ ਛਪਾਈਆਂ ਗਈਆਂ ਸਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਸਥਾਨਕ ਸਰਕਾਰ ਵਿਭਾਗ ਵੱਲੋਂ ਮਿਤੀ 1 ਮਾਰਚ, 1997 ਤੋਂ ਹੁਣ ਤੱਕ ਅਖਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਦਾ ਕੁੱਲ ਖ਼ਰਚਾ 1,33,906.00 ਰੁਪਏ ਹੈ। ਅਖ਼ਬਾਰਵਾਰ ਖ਼ਰਚੇ ਦਾ ਵੇਰਵਾ ਅੰਤਕਾ 'ਏ' ਤੇ ਰੱਖਿਆ ਜਾਂਦਾ ਹੈ।

(ਅ) ਕਾਰਨਾਂ ਦਾ ਵੇਰਵਾ ਵੀ ਅੰਤਕਾ 'ਏ' ਤੇ ਰੱਖਿਆ ਜਾਂਦਾ ਹੈ। ਕਿਸੇ ਵੀ ਮੌਕੇ ਤੇ ਨੇਤਾ/ਮੰਤਰੀ ਜੀ ਦੀਆਂ ਫੋਟੋਆਂ ਨਹੀਂ ਛਾਪੀਆਂ ਗਈਆਂ।

ਅੰਤਿਕਾ 'ਏ'

ਲੜੀ ਨੰ:	ਅਖਬਾਰ ਦਾ ਨਾਂ	ਬਿਲ/ਮਿਤੀ	ਰਕਮ	ਜਿਸ ਮੌਕੇ ਤੇ ਅਖਬਾਰ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਗਿਆ ।
1	2	3	4	5
			ਰੁਪਏ	
1.	ਦੁਨਿਆ ਖਬਰ ਭੁਵਨੇਸ਼ਵਰ ..	2-04-020/8-5-1997	3,572.00	ਸੀਮੈਂਟ ਅਤੇ ਆਰ. ਸੀ. ਸੀ. ਮੇਨ ਹੋਲ ਕਵਰ ਖਰੀਦ ਕਰਨ ਸਬੰਧੀ ਟੈਂਡਰ ।
2.	'ਦੀ ਟ੍ਰਿਬਿਊਨ' ਚੰਡੀਗੜ੍ਹ (ਅੰਗ੍ਰੇਜ਼ੀ) ..	759/15-5-97	1,365.00	ਸਟਾਫ ਭਰਤੀ ਕਰਨ ਬਾਰੇ ।
3.	—ਉਕਤ— (ਪੰਜਾਬੀ) ..	306/4-7-97	460.00	ਦੋ ਸੇਵਾਦਾਰਾਂ ਦੀ ਨਿਯੁਕਤੀ ਕਰਨ ਬਾਰੇ ।
4.	—ਉਕਤ— (ਅੰਗ੍ਰੇਜ਼ੀ) ..	1,656/5-7-97	975.00	—ਉਕਤ—
5.	—ਉਕਤ— (ਅੰਗ੍ਰੇਜ਼ੀ) ..	5,928/20-3-98	50,312.00	ਰਿਕਰੂਟਮੈਂਟ ਸੈਲ ਵੱਲੋਂ ਪੋਸਟਾਂ ਐਡਵਰਟਾਇਜ਼ਮੈਂਟ ਕਰਨ ਬਾਰੇ ।
6.	—ਉਕਤ— (ਪੰਜਾਬੀ) ..	165/20-5-98	429.00	ਜੂਨੀਅਰ ਸਕੇਲ ਸਟੈਨੋਗਰਾਫਰ ਦੀ ਨਿਯੁਕਤੀ ਬਾਰੇ ।
7.	—ਉਕਤ— (ਅੰਗਰੇਜ਼ੀ) ..	628/20-5-98	832.00	ਸਟੈਨੋਗਰਾਫਰ ਦੀ ਆਸਾਮੀ ਬਾਰੇ ।
8.	—ਉਕਤ— (ਅੰਗਰੇਜ਼ੀ) ..	676/23-5-98	1,040.00	ਬਿਲਡਿੰਗ ਕਿਰਾਏ ਤੇ ਲੈਣ ਬਾਰੇ ।

9.	'ਦੀ ਟ੍ਰਿਬਿਊਨ' ਚੰਡੀਗੜ੍ਹ	(ਪੰਜਾਬੀ)	..	178/23-5-98	354.00	ਬਿਲਡਿੰਗ ਕਿਰਾਏ ਤੇ ਲੈਣ ਬਾਰੇ ।
10.	—ਉਕਤ—	(ਪੰਜਾਬੀ)	..	200/3-5-98	454.00	ਜੂਨੀਅਰ ਸਕੇਲ ਸਟੈਨੋਗਰਾਫਰ ਦੀ ਆਸਾਮੀ ਬਾਰੇ ।
11.	—ਉਕਤ—	(ਅੰਗਰੇਜ਼ੀ)	..	788/30-5-98	920.00	—ਉਕਤ—
12.	—ਉਕਤ—	(ਅੰਗਰੇਜ਼ੀ)	..	854/5-6-98	3,534.00	ਸਟੇਸ਼ਨ ਫਾਇਰ ਅਫਸਰ ਦੀ ਆਸਾਮੀ ਭਰਨ ਬਾਰੇ ।
13.	—ਉਕਤ—	(ਅੰਗਰੇਜ਼ੀ)	..	1432/8-7-98	2,217.00	ਕਾਰਜ ਸਾਧਕ ਅਫਸਰ, ਮਿਉਂਸਪਲ ਇੰਜੀਨੀਅਰ ਦੀ ਆਸਾਮੀ ਭਰਨ ਬਾਰੇ ।
14.	—ਉਕਤ—	(ਪੰਜਾਬੀ)		389/2-8-98	1,111.00	ਕਾਰ ਨਿਲਾਮ ਕਰਨ ਬਾਰੇ ।
15.	—ਉਕਤ—	(ਅੰਗਰੇਜ਼ੀ)	..	1669/2-8-98	3,049.00	—ਉਕਤ—
16.	—ਉਕਤ—	(ਅੰਗਰੇਜ਼ੀ)	..	2443/30-9-98	2,187.00	ਰਿਕਰੂਟਮੈਂਟ ਸੈਲ ਵਲੋਂ ਉਮੀਦਵਾਰਾਂ ਨੂੰ ਰੋਲ ਨੰਬਰ ਭੇਜਣ ਬਾਰੇ ।
17.	—ਉਕਤ—	(ਪੰਜਾਬੀ)	..	3247/30-11-98	2,624.00	ਰਿਕਰੂਟਮੈਂਟ ਸੈਲ ਵਲੋਂ ਵਿਭਾਗੀ ਪੋਸਟਾਂ ਦਾ ਰਿਜ਼ਲਟ ਪ੍ਰਕਾਸ਼ਿਤ ਕਰਨ ਬਾਰੇ ।
18.	ਡੇਲੀ 'ਅਜੀਤ' ਜਲੰਧਰ		..	21740/5-6-98	7,194.00	ਸਟੇਸ਼ਨ ਫਾਇਰ ਅਫਸਰ ਦੀ ਆਸਾਮੀ ਭਰਨ ਬਾਰੇ ।
19.	—ਉਕਤ—		..	24760/18-7-98	3836.00	ਰਿਕਰੂਟਮੈਂਟ ਸਬੰਧੀ ਇਮਤਿਹਾਨ ਲੈਣ ਬਾਰੇ ।

1	2	3	4	5
20.	ਡੇਲੀ 'ਅਜੀਤ' ਜਲੰਧਰ ..	ਪੀ-28602/2-8-98	3,117.00	ਕਾਰ ਨਿਲਾਮ ਕਰਨ ਬਾਰੇ ।
21.	—ਉਕਤ— ..	30662/23-9-98	1,372.00	ਰਿਕਰੂਟਮੈਂਟ ਸੈਲ ਵਲੋਂ ਰੋਲ ਨੰਬਰ ਭੇਜਣ ਬਾਰੇ ।
22.	'ਇੰਡੀਅਨ ਐਕਸਪਰੈਸ' ਚੰਡੀਗੜ੍ਹ .	18026/5-9-97	1,452.00	ਮਿਊਂਸਪਲ ਕਾਰਪੋਰੇਸ਼ਨ ਸਕੱਤਰ ਦੀ ਆਸਾਮੀ ਭਰਨ ਬਾਰੇ ।
23.	'ਹਿੰਦ ਸਮਾਚਾਰ' ਜਲੰਧਰ ..	ਏ. ਸੀ.-80004387/ 26-3-98	34,360.00	ਰਿਕਰੂਟਮੈਂਟ ਸੈਲ ਵਲੋਂ ਪੋਸਟਾਂ ਭਰਨ ਸਬੰਧੀ ਇਸ਼ਤਿਹਾਰ ਦੇਣ ਬਾਰੇ ।
24.	—ਉਕਤ— .	80003335/17-7-98	2,749.00	ਰਿਕਰੂਟਮੈਂਟ ਸਬੰਧੀ ਦਿਤੇ ਇਸ਼ਤਿਹਾਰ ਵਿਚ ਸੋਧ ਕਰਨ ਬਾਰੇ ।
25.	—ਉਕਤ— ..	80004049/18-11-98	2,441.00	ਰਿਕਰੂਟਮੈਂਟ ਸੈਲ ਵਲੋਂ ਵਿਭਾਗੀ ਪੋਸਟਾਂ ਦਾ ਰਿਜ਼ਲਟ ਪ੍ਰਕਾਸ਼ਤ ਕਰਨ ਬਾਰੇ ।
26.	'ਦੀ ਸਰਪੰਚ,' ਡੇਲੀ ਜਲੰਧਰ ..	1041/27-1-99	1,951.00	ਸੌਫਟ ਵੇਅਰ ਕੰਪਿਊਟਰ ਦੀ ਖਰੀਦ ਕਰਨ ਬਾਰੇ ।
		ਕੁਲ ਜੋੜ ਰੁਪਏ	1,33,907-00	

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਇਹ ਜੋ ਵਿਵਰਣ ਦਿੱਤਾ ਗਿਆ ਹੈ, ਇਸ ਵਿਚ ਸਟਾਫ ਦੀ ਰਿਕਰੂਟਮੈਂਟ ਲਈ ਵਿਗਿਆਪਨ ਦਿੱਤਾ ਗਿਆ ਹੈ। ਜੋ ਹਾਊਸ ਦੇ ਵਿਚ ਲਿਸਟ ਦਿੱਤੀ ਗਈ ਹੈ, ਉਸ ਮੁਤਾਬਿਕ 17 ਵਾਰ ਵਿਗਿਆਪਨ, 'ਟ੍ਰਿਬਿਊਨ' ਅਖਬਾਰ ਨੂੰ ਦਿੱਤਾ ਗਿਆ, 3 ਵਾਰ 'ਹਿੰਦ ਸਮਾਚਾਰ' ਨੂੰ 4 ਵਾਰ 'ਅਜੀਤ' ਅਖਬਾਰ ਨੂੰ, ਇਕ ਵਾਰ 'ਇੰਡੀਅਨ ਐਕਸਪ੍ਰੈਸ' ਨੂੰ, ਅਤੇ ਇਕ ਵਾਰ 'ਡੇਲੀ ਸਰਪੰਚ' ਅਖਬਾਰ ਨੂੰ ਦਿੱਤਾ ਗਿਆ। ਇਸ ਵਿਗਿਆਪਨ ਦੇਣ ਲਈ ਕੋਈ ਨਾਰਮਜ਼ ਹੋਣਗੇ ਕਿ ਕਿਸ ਨਾਰਮ ਵਿਚ ਇਹ ਦਿੱਤਾ ਜਾਣਾ ਚਾਹੀਦਾ ਹੈ। ਇਸ ਬਾਰੇ ਮੰਤਰੀ ਸਾਹਿਬ ਨੀਤੀ ਸਪਸ਼ਟ ਕਰਨ।

ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਸਬੰਧਤ ਮਹਿਕਮੇ ਵਲੋਂ ਪਰਪੋਜ਼ਲ ਲੇਆਊਟ ਕੀਤੀ ਹੋਈ ਹੈ ਜਿਸ ਨੂੰ ਫਾਲੋ-ਅੱਪ ਕੀਤਾ ਜਾਂਦਾ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਇਨ੍ਹਾਂ ਨੇ 'ਸਰਪੰਚ' ਅਖਬਾਰ ਵਿਚ ਸੋਫਟ ਵੇਅਰ ਕੰਪਿਊਟਰ ਨੂੰ ਖਰੀਦਣ ਲਈ ਵਿਗਿਆਪਨ ਦਿੱਤਾ ਸੀ। ਇਸ ਅਖਬਾਰ ਦੀ ਨਾ ਕੋਈ ਸੇਲ ਹੈ ਅਤੇ ਨਾ ਹੀ ਕਿਸੇ ਕੋਨੇ ਤੇ ਇਹ ਪਹੁੰਚਦਾ ਹੈ। ਇਸ ਵਿਗਿਆਪਨ ਰਾਹੀਂ ਸਰਕਾਰ ਕੋਲ ਕਿੰਨੇ ਨੋਟਿਸ ਆਏ ਹਨ?

ਮੰਤਰੀ: ਸਪੀਕਰ ਸਾਹਿਬ ਅਗਰ ਇਹ ਵੀ ਸਵਾਲ ਪਹਿਲਾਂ ਪੁੱਛ ਲੈਂਦੇ ਤਾਂ ਉਸ ਦਾ ਵੀ ਜਵਾਬ ਦੇ ਦਿੰਦੇ। ਕਿੰਨੇ ਆਏ, ਕਿੰਨੇ ਨਹੀਂ ਆਏ, ਇਸ ਬਾਰੇ ਇਹ ਸੈਪਰੇਟ ਕੁਐਸਚਨ ਦੇ ਦੇਣ।

श्रीमती लक्ष्मी कांता चावला: अध्यक्ष महोदय, यह 'सरपंच' अखबार कितना छपता है और जालन्धर से इसकी कितनी कापियां छपती हैं?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਸੁਜਾਨਪੁਰ ਵਿਖੇ ਸਿਲਕ ਸਪਿਨਿੰਗ ਇੰਡਸਟਰੀ ਨੂੰ ਮੁੜ ਚਾਲੂ ਕਰਨਾ

*1389. **ਸ੍ਰੀ ਸੱਤਿਆ ਪਾਲ ਸੈਣੀ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰੇਸ਼ਮੀ ਧਾਗਾ ਬਣਾਉਣ ਲਈ ਜ਼ਿਲਾ ਗੁਰਦਾਸਪੁਰ ਦੇ ਸੁਜਾਨਪੁਰ ਸ਼ਹਿਰ ਵਿਚ ਲਗਾਈ ਗਈ ਸਿਲਕ ਸਪਿਨਿੰਗ ਇੰਡਸਟਰੀ ਬੰਦ ਪਈ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੋਂ ਅਤੇ ਇਸ ਦੇ ਕਾਰਣ ਕੀ ਹਨ;

(ਅ) ਉਕਤ ਇੰਡਸਟਰੀ ਨੂੰ ਦੁਬਾਰਾ ਚਾਲੂ ਕਰਨ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਗੁਰਦੇਵ ਸਿੰਘ ਬਾਦਲ: (ੳ) ਸੁਜਾਨਪੁਰ ਵਿਖੇ ਕਦੇ ਵੀ ਸਰਕਾਰੀ ਰੇਸ਼ਮ ਰੀਲਿੰਗ ਇਕਾਈ ਸਥਾਪਤ ਨਹੀਂ ਕੀਤੀ ਗਈ।

(ਅ) ਲਾਗੂ ਨਹੀਂ ਹੁੰਦਾ।

ਸ੍ਰੀ ਸੱਤਿਆ ਪਾਲ ਸੈਣੀ: ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਸਵਾਲ ਗਲਤ ਜਗ੍ਹਾ ਬਾਰੇ ਮਾਰਕ ਹੋ ਗਿਆ ਹੈ। ਇਹ ਰੇਸ਼ਮ ਕਤਾਈ ਉਦਯੋਗ ਡੀ. ਆਰ. ਡੀ. ਚਲਾ ਰਿਹਾ ਸੀ ਔਰ ਇਸ ਦੇ ਨਾਲ ਸਾਰੇ ਸੈਕਸ਼ਨਾਂ ਦੇ ਲੋਕਾਂ ਨੂੰ ਰੋਜ਼ਗਾਰ ਪ੍ਰਾਪਤ ਸੀ।

[ਸ਼੍ਰੀ ਸੱਤਿਆ ਪਾਲ ਸੈਣੀ]
ਇਸ ਨਾਲ 10-15 ਹਜ਼ਾਰ ਲੋਕ ਪ੍ਰਭਾਵਤ ਹੋਏ ਹਨ । ਇਸ ਇੰਡਸਟਰੀ ਵਿਚ ਧਾਗਾ ਬਣਦਾ ਸੀ । ਇਹ ਗੁਰਦਾਸਪੁਰ ਵਿਚ ਸਥਿਤ ਸੀ । ਮੈਂ ਇਸ ਬਾਰੇ ਦੁਬਾਰਾ ਪ੍ਰਾਰਥਨਾ ਕਰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਤੇ ਦੁਬਾਰਾ ਵਿਚਾਰ ਕਰਕੇ ਸਰਕਾਰ ਇਸ ਨੂੰ ਚਲਾਵੇਗੀ ?

ਸ਼੍ਰੀ ਸਪੀਕਰ ਤੁਸੀਂ ਕੁਐਸਚਨ ਪੁੱਛੋ ।

ਸ਼੍ਰੀ ਸੱਤਿਆ ਪਾਲ ਸੈਣੀ : ਕੀ ਸਬੰਧਤ ਅਧਿਕਾਰੀ, ਸਬੰਧਤ ਮੰਤਰੀ ਇਸ ਪ੍ਰਾਜੈਕਟ ਨੂੰ ਦੁਬਾਰਾ ਸ਼ੁਰੂ ਕਰਨ ਵਾਸਤੇ ਕੋਈ ਵਿਸ਼ਵਾਸ ਦੇਣ ਦੀ ਸਥਿਤੀ ਵਿਚ ਹਨ ?

ਸ਼੍ਰੀ ਸਪੀਕਰ ਮੰਤਰੀ ਜੀ, ਕੀ ਕੋਈ ਐਸ਼ੋਰੈਂਸ ਦੇ ਸਕਦੇ ਹੋ ?

ਮੰਤਰੀ ਸਪੀਕਰ ਸਾਹਿਬ, ਇਹ 1984-85 ਤੋਂ ਮਹਿਕਮਾ ਬਦਲ ਕੇ ਸਾਡੇ ਕੋਲ ਆ ਗਿਆ ਸੀ । 9-10 ਸਾਲਾਂ ਤੋਂ ਇਹ ਮਹਿਕਮਾ ਸਾਡੇ ਕੋਲ ਹੈ । ਸੁਜਾਨਪੁਰ ਬਾਰੇ ਇਨ੍ਹਾਂ ਨੇ ਸਵਾਲ ਕੀਤਾ ਸੀ ਪਰ ਉਥੇ ਕੋਈ ਯੂਨਿਟ ਨਹੀਂ ਸੀ ਲਗਾਇਆ ਗਿਆ । ਮੈਂ ਸੁਜਾਨਪੁਰ ਬਾਰੇ ਜਵਾਬ ਦੇ ਰਿਹਾ ਹਾਂ । ਗੁਰਦਾਸਪੁਰ ਦੋ ਯੂਨਿਟ ਲਗਾਏ ਗਏ ਸਨ ਅਤੇ ਦੋਨੋਂ ਹੀ ਉਹ ਬੰਦ ਪਏ ਹਨ । ਇਨ੍ਹਾਂ ਨੂੰ ਸਵਾਲ ਸੁਜਾਨਪੁਰ ਬਾਰੇ ਨਹੀਂ ਬਲਕਿ ਗੁਰਦਾਸਪੁਰ ਬਾਰੇ ਪੁੱਛਣਾ ਚਾਹੀਦਾ ਸੀ । ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਛੋਟੇ ਛੋਟੇ ਯੂਨਿਟ ਲਗਾ ਕੇ ਲੋਕਾਂ ਨੂੰ ਰੋਜ਼ਗਾਰ ਦਿਵਾ ਰਹੀ ਹੈ । ਸਤੰਬਰ ਵਿਚ ਇਹ ਯੂਨਿਟ ਅਵੱਸ਼ ਚਾਲੂ ਕਰ ਦਿਤੇ ਜਾਣਗੇ ।

ਰਾਜ ਵਿਚ ਕਪਾਹ ਦੀ ਪੈਦਾਵਾਰ

*1406. (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1998 ਦੇ ਦੌਰਾਨ ਰਾਜ ਵਿਚ ਕੁਲ ਕਿੰਨੇ ਏਕੜ ਜ਼ਮੀਨ ਤੇ ਕਪਾਹ ਦੀ ਫ਼ਸਲ ਬੀਜੀ ਗਈ ਸੀ ਅਤੇ ਉਸ ਦੀਆਂ ਕਿੰਨੀਆਂ ਗੱਠਾਂ (ਲੱਖਾਂ ਵਿਚ) ਦਾ ਉਤਪਾਦਨ ਕੀਤੇ ਜਾਣ ਦਾ ਅਨੁਮਾਨ ਲਗਾਇਆ/ਟੀਚਾ ਮਿਥਿਆ ਗਿਆ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਨੁਮਾਨਤ/ਮਿਥੀ ਗਈ ਪੈਦਾਵਾਰ ਦੇ ਮੁਕਾਬਲੇ ਕਪਾਹ ਦੀਆਂ ਕਿੰਨੀਆਂ ਗੱਠਾਂ (ਲੱਖਾਂ ਵਿਚ) ਦੀ ਪੈਦਾਵਾਰ ਹੋਈ ਅਤੇ ਰਾਜ ਦੀਆਂ ਮੰਡੀਆਂ ਵਿਚ ਵਿਕਰੀ ਲਈ ਜ਼ਿਲ੍ਹਾਵਾਰ ਕਿੰਨੀਆਂ ਕਪਾਹ ਦੀਆਂ ਗੱਠਾਂ ਅਸਲ ਵਿਚ ਆਈਆਂ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਸਾਲ 1998-99 ਦੌਰਾਨ ਲਗਭਗ 5.67 ਲੱਖ ਹੈਕਟੇਅਰ ਰਕਬੇ ਵਿਚ ਕਪਾਹ ਬੀਜੀ ਗਈ ਸੀ ਅਤੇ 15 ਲੱਖ ਗੰਢਾਂ ਪੈਦਾਵਾਰ ਹੋਣ ਦਾ ਟੀਚਾ ਸੀ ।

(ਅ) ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਰਾਜ ਵਿਚ ਕੇਵਲ 6.00 ਲੱਖ ਗੰਢਾਂ ਪੈਦਾ ਹੋਈਆਂ ਹਨ । ਜਨਵਰੀ, 1999 ਤੱਕ ਜ਼ਿਲ੍ਹਾਵਾਰ ਕਪਾਹ ਦੀ ਮੰਡੀਆਂ ਵਿਚ ਆਮਦ ਅਤੇ ਵਿਕਰੀ ਸਬੰਧੀ ਵੇਰਵਾ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੁਲੱਗ-'ੳ'

ਲੜੀ ਨੰ	ਜ਼ਿਲ੍ਹਾ		ਕਪਾਹ ਦੀ ਆਮਦ	
			ਕਪਾਹ (ਕੁਇੰਟਲਾਂ ਵਿਚ)	ਰੂੰ (ਗੰਢਾਂ ਵਿਚ)
1	2		3	4
1.	ਅੰਮ੍ਰਿਤਸਰ	..	93	18
2.	ਹੁਸ਼ਿਆਰਪੁਰ	..	—	—
3.	ਗੁਰਦਾਸਪੁਰ	..	—	—
4.	ਜਲੰਧਰ	..	—	—
5	ਨਵਾਂ ਸ਼ਹਿਰ	..	—	—
6.	ਕਪੂਰਥਲਾ	..	—	—
7.	ਲੁਧਿਆਣਾ	..	7,651	1,454
8.	ਪਟਿਆਲਾ	..	1,219	232
9.	ਫਤਹਿਗੜ੍ਹ ਸਾਹਿਬ	..	—	—
10.	ਰੋਪੜ	..	6	1
11.	ਸੰਗਰੂਰ	..	57,972	11,015
12.	ਫਿਰੋਜ਼ਪੁਰ	..	7,20,199	1,36,838
13.	ਫਰੀਦਕੋਟ	..	59,691	11,341
14.	ਮੋਗਾ	..	28,854	5,482
15.	ਮੁਕਤਸਰ	..	3,54,941	67,439
16.	ਬਠਿੰਡਾ	..	2 87,235	54,574
17.	ਮਾਨਸਾ	..	2,42,174	46,013
	ਜੋੜ	..	17,60,035	3,34,407

ਕਾਮਰੇਡ ਅਜੈਬ ਸਿੰਘ ਰੋਤਾ : ਸਪੀਕਰ ਸਾਹਿਬ, ਸਾਲ 1998-99 ਦੌਰਾਨ ਲਗਭਗ 5.67 ਲੱਖ ਹੈਕਟੇਅਰ ਰਕਬੇ ਵਿਚ ਕਪਾਹ ਬੀਜੀ ਗਈ ਸੀ ਅਤੇ 15 ਲੱਖ ਗੰਢਾਂ ਪੈਦਾਵਾਰ ਹੋਣ ਦਾ ਟੀਚਾ ਸੀ ਜੋ ਇਨ੍ਹਾਂ ਨੇ 'ੳ' ਵਿਚ ਜਵਾਬ ਦਿੱਤਾ ਹੈ, ਪਰ ਇਹ 3,34,407 ਗੰਢਾਂ ਰੂੰ ਦੀਆਂ ਬਣਦੀਆਂ ਹਨ ਜੋ ਵਿਕਰੀ ਵਾਸਤੇ ਮੰਡੀਆਂ ਵਿਚ ਆਈਆਂ। ਅੰਦਾਜਨ 6 ਲੱਖ ਗੰਢਾਂ ਦੀ ਪੈਦਾਵਾਰ ਹੋਈ ਜਦੋਂ ਕਿ 15 ਲੱਖ ਗੰਢਾਂ ਦਾ ਟੀਚਾ ਸੀ। 9 ਲੱਖ ਗੰਢਾਂ ਦਾ ਜਿਹੜਾ ਘਾਟਾ ਪਿਆ ਹੈ, ਉਸ ਘਾਟ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਘਾਟੇ ਦੇ ਕਾਰਨ ਹਨ ਕਿ ਪਹਿਲਾਂ ਜਦੋਂ ਨਰਮੇ ਦੀ ਬਿਜਾਈ ਕੀਤੀ ਗਈ, ਉਦੋਂ ਬਹੁਤ ਜ਼ਿਆਦਾ ਗਰਮੀ ਸੀ ਤੇ ਗਰਮੀ ਦੀ ਵਜਾਹ ਕਰਕੇ ਨਰਮੇ ਦੀ ਉਗਾਊ ਸ਼ਕਤੀ ਜਿਹੜੀ ਸੀ, ਉਹ ਖਤਮ ਹੋ ਗਈ। ਉਸ ਤੋਂ ਬਾਅਦ ਜਦੋਂ ਲੋਕਾਂ ਨੇ ਦੁਬਾਰਾ ਨਰਮਾ ਬੀਜਿਆ ਤਾਂ ਫਿਰ ਬਾਰਸ਼ਾਂ ਬਹੁਤ ਸ਼ੁਰੂ ਹੋ ਗਈਆਂ ਤੇ ਬਾਰਸ਼ਾਂ ਦੇ ਕਾਰਨ ਜਿਹੜੀ ਨਰਮੇ ਦੀ ਫਸਲ ਹੈ, ਉਹ ਖਤਮ ਹੋ ਗਈ। ਜਦੋਂ ਵੜੇਵਾਂ ਨਰਮੇ ਦੀ ਉਗਾਊ ਸ਼ਕਤੀ ਪੈਦਾ ਕਰਦਾ ਹੈ ਤਾਂ ਉਸਦੇ ਵਿਚੋਂ ਤਿੰਨ ਪੱਤੇ ਨਿਕਲਦੇ ਹਨ ਅਤੇ ਜਦੋਂ ਇਨ੍ਹਾਂ ਤਿੰਨ ਪੱਤਿਆਂ ਤੇ ਬਾਰਸ਼ ਪੈ ਜਾਵੇ ਤਾਂ ਉਸਦੀ ਉਗਾਊ ਸ਼ਕਤੀ ਨਹੀਂ ਰਹਿੰਦੀ ਕਿਉਂਕਿ ਇਹ ਤਿੰਨ ਪੱਤੇ ਨਾਲ ਦੀ ਨਾਲ ਨਿਕਲਦੇ ਹਨ। ਇਸ ਦੇ ਨਾਲ ਹੀ ਇਹ ਜਿਹੜੀ ਬਿਜਾਈ ਕੀਤੀ ਗਈ ਸੀ, ਇਹ ਲੇਟ ਹੋਣ ਕਾਰਨ ਇਹ ਰਕਬਾ ਘਾਟੇ ਵਿਚ ਆ ਗਿਆ। ਫਿਰ 6 ਲੱਖ ਗੱਠ ਜਿਹੜੀ ਹੈ, ਉਹ ਪੈਦਾ ਕੀਤੀ ਗਈ।

ਕਾਮਰੇਡ ਅਜੈਬ ਸਿੰਘ ਰੋਤਾ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਮੰਨਿਆ ਹੈ ਕਿ ਜਦੋਂ ਫਸਲ ਬੀਜੀ ਗਈ, ਉਦੋਂ ਵੀ ਇਸ ਤੇ ਮੌਸਮ ਦਾ ਅਸਰ ਹੋਇਆ ਅਤੇ ਅੱਗੋਂ ਫਿਰ ਇਸ ਤੇ ਬਾਰਸ਼ਾਂ ਦਾ ਅਸਰ ਹੋਇਆ। ਨਰਮੇ ਤੇ ਕਪਾਹ ਦੀ ਜਿਹੜੀ ਬੈਲਟ ਹੈ, ਉਹ ਕੋਟ ਕਪੂਰੇ ਤੋਂ ਲੈ ਕੇ ਮਲੋਟ ਸਾਈਡ ਤੱਕ ਹੈ ਅਤੇ ਉਥੇ ਤਾਂ ਪਹਿਲਾਂ ਹੀ ਕਿਸਾਨ ਦੀ ਹਾਲਤ ਬੜੀ ਮਾੜੀ ਹੈ। ਇਸ ਦੇ ਨਾਲ ਕਿਸਾਨ ਦੇ ਨਾਲ ਜਿਹੜਾ ਖੇਤ ਮਜ਼ਦੂਰ ਭਰਾ ਹੈ, ਉਸਦੀ ਹਾਲਤ ਤਾਂ ਹੋਰ ਵੀ ਮਾੜੀ ਹੋ ਗਈ ਹੈ। ਕਿਸਾਨ ਦੇ ਕੋਲ ਜਦੋਂ ਆਪਣੇ ਪਾਸ ਹੀ ਕੁਝ ਨਹੀਂ, ਉਸਦਾ ਆਪਣਾ ਚੁੱਲ੍ਹਾ ਹੀ ਅਾਬਣ ਨੂੰ ਤਪਦਾ ਨਹੀਂ ਤਾਂ ਉਹ ਖੇਤ ਮਜ਼ਦੂਰ ਦਾ ਕੀ ਕਰੇਗਾ। ਮੈਂ ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਵਾਸਤੇ ਕੋਈ ਮੁਆਵਜ਼ਾ ਦੇਣ ਦਾ ਪ੍ਰਬੰਧ ਕਰ ਰਹੀ ਹੈ ? ਇਸ ਦੇ ਨਾਲ ਹੀ ਕੀ ਸਰਕਾਰ ਖੇਤ ਮਜ਼ਦੂਰ ਸਾਥੀਆਂ ਵਾਸਤੇ ਕੁਝ ਮੁਆਵਜ਼ਾ ਦੇਣ ਵਾਸਤੇ ਵਿਚਾਰ ਕਰ ਰਹੀ ਹੈ ? ਕੀ ਇਹ ਗੱਲ ਸਰਕਾਰ ਦੇ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਇਕੱਲੇ ਖੇਤ ਮਜ਼ਦੂਰ ਦੀ ਗੱਲ ਨਹੀਂ। ਜੇ ਕਿਸਾਨ ਦੀ ਫਸਲ ਨਹੀਂ ਹੁੰਦੀ ਤਾਂ ਉਸਦੀ ਵੀ ਹਾਲਤ ਮਾੜੀ ਹੋ ਜਾਂਦੀ ਹੈ। ਕਿਉਂਕਿ ਸਾਡਾ ਸੂਬਾ ਇਕ ਖੇਤੀਬਾੜੀ ਪ੍ਰਧਾਨ ਸੂਬਾ ਹੈ, ਇਸ ਫਸਲ ਦੇ ਨਾ ਹੋਣ ਦਾ ਅਸਰ ਸਾਰੇ ਸੂਬੇ ਤੇ ਪੈਂਦਾ ਹੈ। ਬਾਕੀ ਗਰੀਬਾਂ ਤੇ ਵੀ ਇਸ ਦਾ ਅਸਰ ਬਹੁਤ ਜ਼ਿਆਦਾ ਪਿਆ ਹੈ ਜਿਹੜੇ ਕਿ ਨਰਮਾ ਚੁਗ ਕੇ ਉਸ ਆਮਦਨ ਵਿਚੋਂ ਆਪਣੇ ਬੱਚਿਆਂ ਨੂੰ ਪਾਲਦੇ ਸੀ, ਆਪਣਾ ਰੋਜ਼ਗਾਰ ਚਲਾਉਂਦੇ ਸੀ। ਜਿਥੇ ਕਿਸਾਨ ਦਾ ਨੁਕਸਾਨ ਹੈ, ਉਥੇ ਉਸ ਗਰੀਬ ਦਾ ਵੀ ਨੁਕਸਾਨ

ਹੋਇਆ ਹੈ । ਉਸ ਏਰੀਏ ਵਿਚ ਜਿਥੇ ਨਰਮਾ ਪੈਦਾ ਹੁੰਦਾ ਸੀ, ਚਾਰ ਫਸਲਾਂ ਤਬਾਹ ਹੋ ਗਈਆਂ । ਇਸ ਬਾਰੇ ਮੈਂ ਸੀ. ਐਮ. ਸਾਹਿਬ ਨੂੰ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਜਿਥੇ ਅਸੀਂ 3.50 ਕਰੋੜ ਰੁਪਿਆ ਨਰਮੇ ਦੀ ਫਸਲ ਤਬਾਹ ਹੋਣ ਕਰਕੇ ਫੰਡ ਦੇਣ ਵਾਸਤੇ, ਮੁਆਵਜ਼ਾ ਦੇਣ ਵਾਸਤੇ ਮੰਗ ਕੀਤੀ ਹੈ, ਉਥੇ ਉਨ੍ਹਾਂ ਸ਼ਡਿਊਲਡ ਕਾਸਟ ਭਰਾਵਾਂ ਵਾਸਤੇ ਜਿਹੜੇ ਕਿ ਨਰਮਾ ਚੁਗ ਕੇ ਆਪਣਾ ਗੁਜ਼ਾਰਾ ਕਰਦੇ ਸਨ, ਵੀ ਪੈਸੇ ਦੀ ਮੰਗ ਕਰੀਏ ਤਾਂ ਕਿ ਉਨ੍ਹਾਂ ਲੋਕਾਂ ਨੂੰ ਵੀ ਢਿੱਡ ਭਰ ਕੇ ਰੋਟੀ ਖਾਣ ਨੂੰ ਨਸੀਬ ਹੋ ਸਕੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜੋ ਸਵਾਲ ਦੇ ਸੈਕਿੰਡ ਪਾਰਟ ਦਾ ਉੱਤਰ ਦਿੱਤਾ ਹੈ, ਉਹ ਕਾਫੀ ਤਸੱਲੀ ਵਾਲਾ ਹੈ, ਹਮਦਰਦੀ ਵਾਲਾ ਹੈ । ਪਰ ਮੈਂ ਇਸ ਦੇ ਨਾਲ ਹੀ ਇਹ ਵੀ ਕਹਿੰਦਾ ਹਾਂ ਕਿ ਇਥੇ ਸਦਨ ਵਿਚ ਮੰਤਰੀ ਜੀ ਇਸ ਗੱਲ ਦਾ ਯਕੀਨ ਦਿਵਾਉਣ ਕਿਉਂਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਸ ਗੱਲ ਲਈ ਹਾਲੇ ਮੰਗ ਕੀਤੀ ਹੈ । ਇਹ ਗੱਲ ਵੀ ਠੀਕ ਹੈ ਕਿ ਪਿਛਲੇ 4 ਸਾਲ ਤੋਂ ਨਰਮੇ ਦੀ ਫਸਲ ਤਬਾਹ ਹੋ ਰਹੀ ਹੈ ਅਤੇ 9 ਲੱਖ ਗੰਢਾਂ ਦਾ ਘਟ ਜਾਣਾ ਕਾਫੀ ਵੱਡਾ ਨੁਕਸਾਨ ਹੈ ਕਿਉਂਕਿ ਸਬੰਧਤ ਕਿਸਾਨਾਂ ਨੇ ਤਾਂ ਆਪਣਾ ਪੈਸਾ ਖਰਚ ਕਰ ਦਿੱਤਾ ਹੈ ਪਰ ਹਾਲੇ ਤੱਕ ਨਾ ਕਿਸਾਨ ਨੂੰ ਅਤੇ ਨਾ ਖੇਤ ਮਜ਼ਦੂਰ ਨੂੰ ਕੋਈ ਰਾਹਤ ਦਿੱਤੀ ਗਈ ਹੈ । ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਸਰਕਾਰ ਵੱਲੋਂ ਮੰਗ ਕੀਤੀ ਹੋਈ ਹੈ ਅਤੇ ਸੀ. ਐਮ. ਸਾਹਿਬ ਨੂੰ ਵੀ ਇਨ੍ਹਾਂ ਨੇ ਅਪੀਲ ਕੀਤੀ ਹੋਈ ਹੈ । ਪਰ ਇਹ ਇਥੇ ਹਾਊਸ ਨੂੰ ਭਰੋਸਾ ਦਿਵਾਉਣ ਅਤੇ ਦੱਸਣ ਕਿ ਇਹ ਕੇਂਦਰ ਸਰਕਾਰ ਕੋਲੋਂ ਕਦੋਂ ਪੈਸੇ ਲੈ ਕੇ ਦੇਣਗੇ । ਇਸ ਦੇ ਨਾਲ ਹੀ ਇਹ ਵੀ ਦੱਸਣ ਕਿ ਕੀ ਕੇਂਦਰ ਸਰਕਾਰ ਇਸ ਗੱਲ ਨਾਲ ਐਗਰੀ ਕਰ ਰਹੀ ਹੈ ਕਿ ਉਸਨੇ ਪੈਸੇ ਦੇਣੇ ਹਨ ਜਾਂ ਕਿ ਉਸਨੇ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੀ ਕੋਈ ਮੱਦਦ ਕਰਨ ਦਾ ਉਨ੍ਹਾਂ ਦਾ ਕੋਈ ਵਸੀਲਾ ਨਹੀਂ ਹੈ ? ਮੰਤਰੀ ਜੀ ਇਸ ਗੱਲ ਬਾਰੇ ਦੱਸ ਦੇਣ । ਸਪਸ਼ਟ ਜਾਣਕਾਰੀ ਦਿੱਤੀ ਜਾਵੇ ਕਿ ਕੋਈ ਰਾਹਤ ਦਿੱਤੀ ਜਾਵੇਗੀ ਜਾਂ ਨਹੀ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਇਕ 3 ਮੈਂਬਰੀ ਕਮੇਟੀ ਬਣਾਈ ਗਈ ਸੀ ਜਿਹੜੀ ਕਿ ਇਸ ਦਾ ਸਰਵੇ ਕਰਕੇ ਲੈ ਗਈ ਹੈ । ਇਸ ਸਬੰਧੀ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸੀ. ਐਮ. ਸਾਹਿਬ, ਆਪ ਵੀ ਗਏ ਸਨ ਅਤੇ ਉਨ੍ਹਾਂ ਨੇ ਵੀ ਸੈਂਟਰ ਵਿਚ ਜਾ ਕੇ ਇਸ ਗੱਲ ਦੀ ਡਿਮਾਂਡ ਕੀਤੀ ਹੈ ਅਤੇ ਲਿਖਤੀ ਤੌਰ ਤੇ ਨਰਮੇ ਵਾਲੇ ਭਰਾਵਾਂ ਨੂੰ ਰਾਹਤ ਦੇਣ ਲਈ ਮੰਗ ਕੀਤੀ ਹੈ । ਉਹ ਸਰਵੇ ਕਰਕੇ ਲੈ ਜਾਣ ਵਾਲਿਆਂ ਨੇ ਰਿਪੋਰਟ ਵੀ ਦੇ ਦਿੱਤੀ ਹੈ ਅਤੇ ਉਸ ਤੇ ਜਲਦੀ ਹੀ ਅਮਲ ਕੀਤਾ ਜਾਵੇਗਾ । ਇਹ ਸੈਂਟਰ ਦਾ ਮਾਮਲਾ ਹੈ, ਜੇ ਸਾਡਾ ਆਪਣਾ ਹੁੰਦਾ ਤਾਂ ਮੈਂ ਹੁਣੇ ਹੀ ਅਨਾਊਂਸ ਕਰ ਦੇਂਦਾ । ਅਸੀਂ ਯਤਨ ਕਰ ਰਹੇ ਹਾਂ ਕਿ ਛੇਤੀ ਹੀ ਮੁਆਵਜ਼ਾ ਮਿਲ ਸਕੇ । ਇਸ ਬਾਰੇ ਗੱਲਬਾਤ ਚੱਲ ਰਹੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਾਡੀ ਇਸ ਉੱਤਰ ਨਾਲ ਤਸੱਲੀ ਨਹੀਂ ਹੋਈ । ਇਨ੍ਹਾਂ ਨੇ ਕਿਹਾ ਹੈ ਕਿ ਗੱਲਬਾਤ ਚਲ ਰਹੀ ਹੈ । ਮੈਂ ਇਸ ਪਵਿੱਤਰ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਸਰਕਾਰ ਤੋਂ ਕੋਈ ਦੁਆਨੀ ਮਿਲਣ ਵਾਲੀ ਨਹੀਂ ਹੈ ।

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਅਗਲੀ ਗੱਲ ਇਹ ਹੈ ਕਿ ਇਕੱਲੀ ਮੌਸਮ ਦੀ ਖਰਾਬੀ ਹੀ ਇਸ ਦੇ ਲਈ ਜ਼ਿੰਮੇਂਵਾਰ ਨਹੀਂ ਹੈ । ਬੇਮੌਸਮੀ ਬਾਰਸ਼ਾਂ ਤੋਂ ਇਲਾਵਾ 'ਅਮਰੀਕਨ ਸੁੰਡੀ ਦਾ ਹਮਲਾ ਅਤੇ ਸੁਧਰੇ ਹੋਏ ਮਿਆਰੀ ਬੀਜ ਕਿਸਾਨਾਂ ਨੂੰ ਸਪਲਾਈ ਨਾ ਹੋ ਸਕਣੇ ਵੀ ਇਸ ਦੇ ਕਈ ਕਾਰਣ ਹਨ । ਇਸ ਤੋਂ ਇਲਾਵਾ ਘਟੀਆ ਮਿਆਰ ਦੀਆਂ ਕੀਟ ਨਾਸ਼ਕ ਦਵਾਈਆਂ ਵੀ ਇਸ ਦੇ ਲਈ ਜ਼ਿੰਮੇਵਾਰ ਹਨ । ਇਹ ਵੀ ਇਕ ਕਾਰਣ ਹੈ । ਪਿਛਲਾ ਸਾਲ ਤਾਂ ਲੰਘ ਗਿਆ ਹੋਇਆ ਹੈ । ਭਵਿੱਖ ਵਿਚ ਇਸ ਸਬੰਧੀ ਤੁਹਾਡੇ ਵੱਲੋਂ, ਖੇਤੀਬਾੜੀ ਵਿਭਾਗ ਵੱਲੋਂ ਕੀ ਕਦਮ ਪੁੱਟੇ ਜਾਣਗੇ ? ਪਿਛਲੀਆਂ ਗਲਤੀਆਂ ਲਈ ਕੀ ਕਿਸੇ ਦੀ ਕੋਈ ਜ਼ਿੰਮੇਵਾਰੀ ਫਿਕਸ ਕੀਤੀ ਗਈ ਹੈ ? ਮੈਂ ਜਾਨਣਾ ਚਾਹੁੰਦਾ ਹਾਂ ਕਿ ਭਵਿੱਖ ਵਿਚ ਇਹ ਸਾਰੀਆਂ ਕਮੀਆਂ ਦੂਰ ਕਰਨ ਵਾਸਤੇ ਤੁਸੀਂ ਕੀ ਕਰ ਰਹੇ ਹੋ ? ਨਰਮੇ ਦਾ ਉਤਪਾਦਨ ਘਟਣ ਕਰਕੇ 165 ਦੇ ਕਰੀਬ ਜਿਨਿੰਗ ਮਿੱਲਾਂ/ਕਪਾਹ ਦੀਆਂ ਮਿੱਲਾਂ ਜੋ ਕਿ ਸਮਾਲ ਸਕੇਲ ਇੰਡਸਟਰੀ ਵਿਚ ਆਉਂਦੀਆਂ ਹਨ, ਬੰਦ ਹੋ ਗਈਆਂ ਹਨ । ਹਜ਼ਾਰਾਂ ਦੀ ਸੰਖਿਆ ਵਿਚ ਮਜ਼ਦੂਰ ਇਸ ਵਜ੍ਹਾ ਕਰਕੇ ਬੇਕਾਰ ਹੋ ਗਏ ਹਨ । ਮੈਂ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਦੇ ਗੁਜ਼ਾਰੇ ਦਾ ਕੋਈ ਸਾਧਨ ਪੈਦਾ ਕਰਨ ਵਾਸਤੇ ਤੁਹਾਡਾ ਕੋਈ ਵਿਚਾਰ ਹੈ ਜਾਂ ਕੋਈ ਤਜਵੀਜ਼ ਤੁਹਾਡੇ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਤੁਹਾਨੂੰ ਵੀ ਅਤੇ ਅਰਸ਼ੀ ਸਾਹਿਬ ਨੂੰ ਵੀ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਇਸ ਸਬੰਧ ਵਿਚ ਬਹੁਤ ਮਿਹਨਤ ਕੀਤੀ ਹੈ । ਜਿਹੜੀਆਂ ਜਾਅਲੀ ਦਵਾਈਆਂ ਵਿਕ ਰਹੀਆਂ ਸਨ, ਉਨ੍ਹਾਂ ਤੇ ਛਾਪੇ ਮਾਰੇ ਅਤੇ ਜਿਹੜੀਆਂ ਜਾਅਲੀ ਦਵਾਈਆਂ ਬਣਾਉਣ ਜਾਂ ਵੇਚਣ ਵਾਲੀਆਂ ਏਜੰਸੀਆਂ ਸਨ, ਉਹ 70 ਦੇ ਕਰੀਬ ਏਜੰਸੀਆਂ ਪੰਜਾਬ ਛੱਡ ਕੇ ਚਲੀਆਂ ਗਈਆਂ ਹਨ । ਸਾਰੀ ਦੁਨੀਆਂ ਤਾਂ ਗੁਰੂ ਨਾਨਕ ਜੀ ਤੋਂ ਵੀ ਨਹੀਂ ਸੁਧਰੀ, ਫਿਰ ਵੀ ਮੈਂ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਸ਼ਹਿਰ ਵਿਚੋਂ ਜਾਅਲੀ ਦਵਾਈ ਦੀ ਇਕ ਸ਼ੀਸ਼ੀ ਵੀ ਤੁਹਾਨੂੰ ਮਿਲੇ ਜਾਂ ਜਾਅਲੀ ਦਵਾਈ ਦੀ ਇਕ ਸ਼ੀਸ਼ੀ ਵੀ ਸਾਡੇ ਕੋਲ ਲੈ ਆਓ ਤਾਂ ਅਸੀਂ ਤੁਹਾਡੇ ਨਾਲ ਸਹਿਮਤ ਹੋ ਜਾਵਾਂਗੇ ।

ਸਪੀਕਰ ਸਾਹਿਬ, 1-2 ਚੀਜ਼ਾਂ ਦੀ ਕਿਸਾਨ ਨੂੰ ਜ਼ਰੂਰਤ ਸੀ ਜਿਨ੍ਹਾਂ ਬਾਰੇ ਮੈਂ ਤੁਹਾਨੂੰ ਜਾਣਕਾਰੀ ਦੇਣੀ ਚਾਹੁੰਦਾ ਹਾਂ । ਇਕ ਤਾਂ ਇਹ ਹੈ ਕਿ ਜਿਹੜੇ ਏਰੀਏ ਵਿਚ ਨਰਮਾ ਪੈਦਾ ਹੋਣਾ ਸੀ, ਉਹ ਸਾਰਾ ਏਰੀਆ ਸੇਮ ਨਾਲ ਭਰਿਆ ਗਿਆ । ਇਸ ਦੀ ਵਜ੍ਹਾ ਕਰਕੇ ਨਰਮੇ ਦੀ ਫਸਲ ਕਈ ਸਾਲ ਲਗਾਤਾਰ ਪੈਦਾ ਹੋ ਹੀ ਨਹੀਂ ਸਕੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਜੰਗੀ ਪੱਧਰ ਤੇ ਯਤਨ ਕਰਕੇ ਜਿਥੇ 20-25 ਸਾਲ ਲਗਾਤਾਰ ਸੇਮ ਚੱਲ ਰਹੀ ਸੀ ਉਥੇ ਡਰੇਨਾਂ ਪੁੱਟ ਕੇ ਪਾਣੀ ਦੀ ਸਤਹਾ 5 ਫੁੱਟ ਤੋਂ ਵੀ ਥੱਲੇ ਲੈ ਆਂਦੀ ਹੈ । ਨਰਮੇ ਵਾਸਤੇ 5 ਫੁੱਟ ਦੀ ਸਤਹਾ ਤੇ ਪਾਣੀ ਨਹੀਂ ਹੋਣਾ ਚਾਹੀਦਾ । ਇਸ ਕਰਕੇ ਅਸੀਂ ਇਹ ਯਤਨ ਕੀਤੇ ਹਨ ਤਾਂ ਕਿ ਪਾਣੀ ਦੀ ਸਤਹਾ ਨੂੰ ਥੱਲੇ ਲਿਆਂਦਾ ਜਾ ਸਕੇ ਅਤੇ ਜਿਹੜੀ ਬੈਲਟ ਨਰਮਾ ਪੈਦਾ ਕਰਨ ਵਾਲੀ ਹੈ, ਉਥੇ ਦੁਬਾਰਾ ਨਰਮਾ ਬੀਜਿਆ ਜਾ ਸਕੇ । ਵਾਹਿਗੁਰੂ ਦੀ ਮਿਹਰ ਨਾਲ ਅਸੀਂ ਕਾਮਯਾਬ ਹੋ ਸਕੇ ਹਾਂ ਅਤੇ ਨਰਮੇ ਦੀ ਅਗਲੀ ਫਸਲ ਅਸੀਂ ਜ਼ਰੂਰ ਬਿਜਵਾਵਾਂਗੇ ।

———

ਰਾਜ ਸਰਕਾਰ ਦੁਆਰਾ ਬੈਂਕਾਂ ਤੋਂ ਕਰਜ਼ੇ ਲੈਣੇ

*1357. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਮਾਰਚ, 1997 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਕਿਸੇ ਬੈਂਕਾਂ ਤੋਂ ਕਰਜ਼ੇ ਲਏ ਹਨ; ਜੇਕਰ ਅਜਿਹਾ ਹੋਵੇ ਤਾਂ ਕਰਜ਼ੇ ਕਿਸ ਮੰਤਵ ਲਈ ਲਏ ਸਨ ਅਤੇ ਹਰ ਇਕ ਕੇਸ ਵਿਚ ਕਰਜ਼ੇ ਦੀ ਕੁਲ ਕਿੰਨੀ ਰਕਮ ਲਈ ਗਈ ਅਤੇ ਹਰ ਇਕ ਬੈਂਕ ਤੋਂ ਕੁਲ ਕਿੰਨੀ ਰਕਮ ਦੇ ਕਰਜ਼ੇ ਲਏ ਗਏ ?

ਕੈਪਟਨ ਕੰਵਲਜੀਤ ਸਿੰਘ : ਹਾਂ ਜੀ, ਰਾਜ ਸਰਕਾਰ ਦੁਆਰਾ ਮਾਰਚ, 1997 ਤੋਂ ਹੁਣ ਤੱਕ ਲੋਕ ਨਿਰਮਾਣ ਵਿਭਾਗ, ਖੁਰਾਕ ਤੇ ਸਪਲਾਈ ਵਿਭਾਗ, ਸਿਹਤ ਵਿਭਾਗ ਵਿਚ ਵੱਖ-ਵੱਖ ਮੰਤਵਾਂ ਵਾਸਤੇ ਵੱਖ-ਵੱਖ ਬੈਂਕਾਂ ਤੋਂ ਕਰਜ਼ਾ ਲਿਆ ਗਿਆ ਹੈ, ਜਿਸਦਾ ਵਿਵਰਣ ਸੂਚੀ ਅਨੁਸਾਰ ਸਦਨ ਦੇ ਟੇਬਲ ਤੇ ਰੱਖਿਆ ਜਾਂਦਾ ਹੈ ।

ਸੂਚੀ

ਰਾਜ ਸਰਕਾਰ ਦੁਆਰਾ ਮਾਰਚ, 1997 ਤੋਂ ਹੁਣ ਤਕ ਹੇਠ ਲਿਖੇ ਵਿਭਾਗਾਂ ਰਾਹੀਂ ਵੱਖ ਵੱਖ ਬੈਂਕਾਂ ਤੋਂ ਕਰਜ਼ਾ ਲਿਆ ਗਿਆ ਹੈ :—

ਲੜੀ ਨੰ:	ਬੈਂਕ ਦਾ ਨਾਂ	ਕਰਜ਼ਾ ਲੈਣ ਦੀ ਮਿਤੀ	ਕਰਜ਼ੇ ਦੀ ਰਕਮ (ਕਰੋੜਾਂ ਵਿਚ)	ਸਕੀਮ/ਕੇਸ ਜਿਸ ਅਧੀਨ ਕਰਜ਼ਾ ਲਿਆ ਗਿਆ	ਮੰਤਵ (ਸੰਖੇਪ ਵਿਚ)	ਵਿਸ਼ੇਸ਼ ਕਥਨ
1	2	3	4	5	6	7
	(1) ਲੋਕ ਨਿਰਮਾਣ ਵਿਭਾਗ (ਸਿੰਜਾਈ ਕਾਰਜ), ਪੰਜਾਬ					
1.	ਖੇਤੀਬਾੜੀ ਅਤੇ ਪੇਂਡੂ ਵਿਕਾਸ ਨੈਸ਼ਨਲ ਬੈਂਕ ..	26-11-97	72.24	ਪੰਜਾਬ ਦੇ ਦੱਖਣੀ ਪੱਛਮੀ (ਆਰ.ਆਈ.ਡੀ.ਐਫ-III) ਭਾਗਾਂ ਵਿਚ ਨਾਲਿਆਂ ਦੀ ਉਸਾਰੀ ਤੇ ਹੜ੍ਹਾਂ ਦੀ ਰੋਕਥਾਮ ਲਈ ਸਕੀਮ ।	ਪੰਜਾਬ ਦੇ ਦੱਖਣੀ ਪੱਛਮੀ ਜ਼ਿਲ੍ਹਿਆਂ ਦੀ ਖੇਤੀ ਉਪਜਾਊ ਜ਼ਮੀਨ ਨੂੰ ਸੇਮ ਦੇ ਖਤਰੇ ਤੋਂ ਬਚਾਉਣ ਲਈ ਨਵੇਂ ਨਾਲੇ ਖੋਦਣ ਬਾਰੇ ।	
2.	—ਉਹੀ— ..	4-4-98	49.60	ਨਵੇਂ ਲਿੰਕ ਨਾਲਿਆਂ ਦੀ ਉਸਾਰੀ ਅਤੇ ਦੱਖਣੀ ਪੱਛਮੀ ਪੰਜਾਬ ਦੇ ਜ਼ਿਲ੍ਹਿਆਂ ਵਿਚ ਨਾਲਿਆਂ ਨੂੰ ਨਵਰੂਪਨ ਕਰਨ ਬਾਰੇ (ਆਰ.ਆਈ.ਡੀ. ਐਫ-I) ਸਕੀਮ ।	ਦੱਖਣੀ ਪੱਛਮੀ ਪੰਜਾਬ ਦੀ ਉਪਜਾਊ ਭੂਮੀ ਨੂੰ ਪਾਣੀ ਦੇ ਖਤਰੇ ਤੋਂ ਬਚਾਉਣ ਲਈ ਨਵੇਂ ਨਾਲੇ ਖੋਦਣੇ/ਉਹਨਾਂ ਦੀ ਮੁੜ ਬਣਤਰ ਅਤੇ ਨਵਰੂਪਨ ਸਬੰਧੀ ।	

3.	ਖੇਤੀਬਾੜੀ ਅਤੇ ਪੇਂਡੂ ਵਿਕਾਸ ਨੈਸ਼ਨਲ ਬੈਂਕ	27-10-98	19.90	ਦੱਖਣੀ ਪੱਛਮੀ ਪੰਜਾਬ ਵਿਚ ਵਾਹਬਦਾਲਾ ਡਰੇਨੇਜ ਸਿਸਟਮ ਦੀ ਉਸਾਰੀ ਲਈ (ਆਰ. ਆਈ. ਡੀ. ਐਫ-I) ਸਕੀਮ ।	ਪੰਜਾਬ ਦੇ ਦੱਖਣੀ ਪੱਛਮੀ ਜ਼ਿਲ੍ਹਿਆਂ ਵਿਚ ਖੇਤੀਬਾੜੀ ਦੀ ਜ਼ਮੀਨ ਨੂੰ ਪਾਣੀ ਦੇ ਖਤਰੇ ਤੋਂ ਬਚਾਉਣ ਲਈ ਨਵਾਂ ਡਰੇਨੇਜ ਸਿਸਟਮ ਬਣਾਉਣ ਬਾਰੇ ।
	(2) ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ), ਪੰਜਾਬ				
4.	—ਉਹੀ—	20-5-98	1.66	ਪੇਂਡੂ ਸੜਕਾਂ ਤੇ ਪੁਲਾਂ ਬਾਰੇ ਪ੍ਰਾਜੈਕਟ	ਪੇਂਡੂ ਸੜਕਾਂ ਅਤੇ ਪੁਲਾਂ ਦੀ ਉਸਾਰੀ ਕਰਨ ਲਈ
5.	—ਉਹੀ—	ਅਕਤੂਬਰ, 98	3.5314	—ਉਹੀ—	—ਉਹੀ—
	(3) ਖੁਰਾਕ ਤੇ ਸਪਲਾਈ ਵਿਭਾਗ ਪੰਜਾਬ				
6.	ਸਟੇਟ ਬੈਂਕ ਆਫ ਇੰਡੀਆ, ਸੈਕਟਰ-17, ਚੰਡੀਗੜ੍ਹ	24-4-97	50.00	ਅਨਾਜਾਂ ਦੀ ਪ੍ਰਾਪਤੀ ਲਈ ਕੈਸ਼ ਨਕਦੀ ।	ਕਣਕ ਦੀ ਖਰੀਦ ਵਾਸਤੇ
		8-5-97	120.00		
		16-5-97	80.00		
		26-5-97	70.00		
		30-5-97	50.00		
			370.00		

1	2	3	4	5	6	7
7.	ਸਟੇਟ ਬੈਂਕ ਆਫ ਇੰਡੀਆ, ਸੈਕਟਰ 17, ਚੰਡੀਗੜ੍ਹ . .	26-9-97	30.00	ਅਨਾਜਾਂ ਦੀ ਪ੍ਰਾਪਤੀ ਲਈ ਕੈਸ਼ ਨਕਦੀ ।	ਝੋਨੇ ਦੀ ਖਰੀਦ ਵਾਸਤੇ ।	
		29-9-97	15.00			
		9-10-97	75.00			
		21-10-97	70.00			
		25-10-97	25.00			
		11-11-97	124.00			
		11-12-97	25.00			
		23-12-97	25.00			
			389.00			
8.	—ਉਹੀ— . .	17-4-98	120.00	—ਉਹੀ—	ਕਣਕ ਦੀ ਖਰੀਦ ਵਾਸਤੇ ।	
		5-5-98	60.00			
		11-5-98	63.00			
		15-5-98	100.00			
		25-6-98	120.00			
			463.00			

9.	ਸਟੇਟ ਬੈਂਕ ਆਫ ਇੰਡੀਆ, ਸੈਕਟਰ-17 ਚੰਡੀਗੜ੍ਹ ।	24-9-98	10.00	—ਉਹੀ —	ਝੋਨੇ ਦੀ ਖਰੀਦ ਵਾਸਤੇ ।	
		7-10-98	40.00			
		13-10-98	60.00			
		16-10-98	50.00			
		28-10-98	65.00			
		9-11-98	50.00			
		13-11-98	50.00			
			325.00			
	(4) **ਸਿਹਤ ਵਿਭਾਗ, ਪੰਜਾਬ**					
10.	ਪੰਜਾਬ ਅਤੇ ਸਿੰਧ ਬੈਂਕ, ਸੈਕਟਰ-34, ਚੰਡੀਗੜ੍ਹ	(i) 19-3-98 ਤੋਂ 23-10-98	9.96	ਰਾਜ ਸਰਕਾਰ ਨੇ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਨੂੰ ਵਰਲਡ ਬੈਂਕ ਵੱਲੋਂ "ਸੈਕਿੰਡ ਸਟੇਟ ਹੈਲਥ ਸਿਸਟਮਜ਼ ਵਿਕਾਸ ਪ੍ਰਾਜੈਕਟ" ਅਧੀਨ ਦਿੱਤੀ ਗਈ ਸਹਾਇਤਾ ਨੂੰ ਲਾਗੂ ਕਰਵਾਏ ਜਾਣ ਲਈ ਸਾਲ 1997-98 ਲਈ 10 ਕਰੋੜ ਅਤੇ ਸਾਲ 1998-99 ਲਈ 25 ਕਰੋੜ ਰੁਪਏ ਦਾ ਬ੍ਰਿਜ ਲੋਨ ਮਨਜ਼ੂਰ ਕੀਤਾ ਸੀ ।	ਰਾਸ਼ੀ ਦੀ ਵੰਡ ਅਤੇ ਪ੍ਰਤੀਪੂਰਤੀ ਦੇ ਗੈਪ ਨੂੰ ਪੂਰਾ ਕਰਨ ਲਈ ਰਾਜ ਸਰਕਾਰ ਨੇ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਨੂੰ ਬ੍ਰਿਜ ਲੋਨ ਦੀ ਮਨਜ਼ੂਰੀ ਦਿਤੀ ਸੀ ।	ਕਰਜ਼ਾ ਸਿੱਧੇ ਤੌਰ ਤੇ ਰਾਜ ਸਰਕਾਰ ਵਲੋਂ ਨਹੀਂ ਲਿਆ ਗਿਆ ਸੀ ਸਗੋਂ ਰਾਜ ਸਰਕਾਰ ਵਲੋਂ ਕੀਤੇ ਗਏ ਵਚਨ ਅਨੁਸਾਰ ਕਾਰਪੋਰੇਸ਼ਨ ਨੂੰ ਕਮਰਸ਼ੀਅਲ ਬੈਂਕਾਂ ਵਲੋਂ ਦਿਤਾ ਗਿਆ ਸੀ । ਨੋਟ :- (ਇਹ ਕਥਨ ਸਿਰਫ ਸਿਹਤ ਵਿਭਾਗ ਸਬਧੀ ਹੈ)
		(ii) 3-11-98	9.95 (ਲਗਾਤਾਰ ਵੱਧ ਤੋਂ ਵੱਧ 25.00 ਤੱਕ)			

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹਵਾਂਗਾ ਕਿ ਜਿਹੜਾ ਇਨ੍ਹਾਂ ਨੇ ਪਹਿਲਾਂ ਨਾਬਾਰਡ ਬਾਰੇ ਕਿਹਾ ਹੈ, ਇਹ ਜਿਹੜਾ ਕਰਜ਼ਾ ਹੈ, ਇਹ ਮਾਨਸਾ ਲਈ 19.90 ਕਰੋੜ ਰੁਪਏ ਦਾ ਲਿਆ ਗਿਆ ਸੀ, ਇਸ ਵਿਚੋਂ ਹੁਣ ਤੱਕ ਕਿੰਨਾ ਪੈਸਾ ਖਰਚ ਹੋਇਆ ਹੈ ? ਮੈਨੂੰ ਪਤਾ ਲੱਗਾ ਹੈ ਕਿ ਇਸ ਵਿਚੋਂ 5 ਕਰੋੜ ਰੁਪਿਆ ਡੈਬਿਟ ਹੋ ਗਿਆ ਹੈ । ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਡੈਬਿਟ ਹੋਇਆ ਹੈ ਜਾਂ ਨਹੀਂ ਅਤੇ ਪਿਛਲੇ ਸਾਲ ਵਿਚ ਕਿੰਨਾ ਪੈਸਾ ਖਰਚ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਸਕੀਮ ਦਾ ਜ਼ਿਕਰ ਮਾਨਯੋਗ ਮੈਂਬਰ ਸਾਹਿਬ ਨੇ ਕੀਤਾ ਹੈ, ਉਸ ਦੇ ਲਈ 2 ਕਰੋੜ ਰੁਪਿਆ ਰਿਲੀਜ਼ ਹੋ ਗਿਆ ਹੋਇਆ ਹੈ । ਇਹ ਮਾਨਸਾ ਦੇ ਹਲਕੇ ਵਿਚ ਲਿੰਕ ਡਰੇਨਜ਼ ਕਾਇਮ ਕਰਨ ਵਾਸਤੇ ਸਕੀਮ ਹੈ ਅਤੇ ਇਸ ਪ੍ਰਾਜੈਕਟ ਨੂੰ ਅਗਲੇ ਸਾਲ ਤੱਕ ਕੰਪਲੀਟ ਕਰ ਦਿੱਤਾ ਜਾਵੇਗਾ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਦੂਸਰਾ ਮੰਤਰੀ ਜੀ ਨੇ ਕਿਹਾ ਹੈ ਕਿ ਸਰਕਾਰ ਨੇ ਲੋਕ ਨਿਰਮਾਣ ਵਿਭਾਗ ਲਈ ਲੋਨ ਲਿਆ ਹੈ । ਮੰਤਰੀ ਜੀ ਕਿਰਪਾ ਕਰਕੇ ਹਾਊਸ ਵਿਚ ਇਹ ਦੱਸਣ ਦੀ ਖੇਚਲ ਕਰਨ ਕਿ ਇਹ ਪੈਸਾ ਰਿਪੇਅਰ ਵਾਸਤੇ ਹੈ ਜਾਂ ਕਿ ਨਵੀਆਂ ਸੜਕਾਂ ਤੇ ਬ੍ਰਿਜਜ਼ ਵਾਸਤੇ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਇਸ ਲੋਨ ਦੀ ਬੜੀ ਥੋੜ੍ਹੀ ਅਮਾਊਂਟ ਹੈ ਜਿਸ ਦਾ ਵਿਵਰਣ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ । ਇਸ ਦੇ ਵਿਚ ਕੁਝ ਸੜਕਾਂ ਦੀ ਰਿਪੇਅਰ ਹੈ, ਕੁਝ ਸੜਕਾਂ ਦੀ ਸਟਰੈਂਥਨਿੰਗ ਹੈ ਅਤੇ ਕੁਝ ਨਵੀਆਂ ਸੜਕਾਂ ਦਾ ਵੀ ਵਿਵਰਣ ਹੈ ।

ਸ੍ਰੀ ਸਪੀਕਰ : ਮੋਫਰ ਸਾਹਿਬ, ਤੁਸੀਂ ਪਹਿਲਾਂ ਤਿਆਰੀ ਕਰਕੇ ਬੋਲਿਆ ਕਰੋ । ਤੁਹਾਨੂੰ ਦੋ ਸਪਲੀਮੈਂਟਰੀਜ ਦਾ ਟਾਈਮ ਦੇ ਦਿੱਤਾ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਵੱਖ ਵੱਖ ਮਹਿਕਮਿਆਂ ਦੇ ਕਰਜ਼ੇ ਦਾ ਸਵਾਲ ਹੈ । ਇਸ ਲਈ ਸਪਲੀਮੈਂਟਰੀ ਤਾਂ ਬਣਦੀ ਹੈ । ਫੂਡ ਅਤੇ ਸਪਲਾਈ ਮਹਿਕਮੇ ਵਾਸਤੇ ਵੀ ਕਰਜ਼ਾ ਲਿਆ ਹੈ । ਇਸ ਦੇ ਵਾਸਤੇ ਜਿਹੜਾ ਕਰੋੜਾਂ ਰੁਪਏ ਦਾ ਲੋਨ ਲਿਆ ਹੈ, ਉਸ ਰਕਮ ਤੇ ਕਿੰਨਾ ਵਿਆਜ ਪੈ ਰਿਹਾ ਹੈ ਅਤੇ ਸਰਕਾਰ ਇਸ ਦੇ ਵਾਸਤੇ ਕੀ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਹਰ ਸਾਲ ਰਿਜ਼ਰਵ ਬੈਂਕ ਆਫ ਇੰਡੀਆ, ਬੰਬਈ ਬੁਲਾ ਕੇ, ਮੀਟਿੰਗ ਕਰਕੇ, ਵਿਸ਼ੇਸ਼ ਰੂਪ ਵਿਚ ਅਨਾਜ ਦੇ ਭੰਡਾਰਾਂ ਨੂੰ ਖਰੀਦਣ ਵਾਸਤੇ ਕਨਸੈਸ਼ਨਲ ਰੇਟ ਤੇ ਸਰਕਾਰ ਨੂੰ ਕਰਜ਼ਾ ਦਿੰਦਾ ਹੈ । ਇਸ ਦਾ ਵਿਆਜ 12% ਹੁੰਦਾ ਹੈ । ਐਫ. ਸੀ. ਆਈ. ਨੂੰ ਜਦੋਂ ਅਨਾਜ ਦੇ ਦਿੱਤਾ ਜਾਂਦਾ ਹੈ ਤਾਂ ਉਥੋਂ ਪੇਮੈਂਟ ਹੋ ਕੇ ਉਸ ਦੇ

ਇੰਟਰੈਸਟ ਅਤੇ ਲੋਨ ਦੀ ਰੀ-ਪੇਮੈਂਟ ਹੋ ਜਾਂਦੀ ਹੈ । ਮੈਂ ਥੋੜ੍ਹੀ ਜਿਹੀ ਦਰੁਸਤੀ ਕਰ ਦਿਆਂ ਕਿ 12% ਦੀ ਬਜਾਏ ਇਸ ਦਾ ਇੰਟਰੈਸਟ 13.21% ਹੁੰਦਾ ਹੈ । ਕਮਰਸ਼ੀਅਲ ਬੇਸਿਸ ਤੇ ਸਰਕਾਰ ਅਨਾਜ ਖਰੀਦਦੀ ਹੈ ਅਤੇ ਲਗਭਗ ਪੰਜਾਬ ਸਰਕਾਰ ਦੇ ਇਸ ਨਾਲ ਸਬੰਧਤ ਸਾਰੇ ਸਰਕਾਰੀ ਅਦਾਰੇ ਇਹ ਅਨਾਜ ਖਰੀਦਦੇ ਹਨ । ਉਹ ਇਸ ਵਿਚੋਂ ਪਰਾਫਿਟ ਅਤੇ ਮੁਨਾਫਾ ਵੀ ਕਮਾਉਂਦੇ ਹਨ ।

ਸ਼੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੇ ਲੋਨ ਦਾ ਵਿਵਰਣ ਦਿੱਤਾ ਹੈ ਉਹ ਸਾਨੂੰ ਤਾਂ ਟੇਬਲ ਤੇ ਮਿਲਣਾ ਨਹੀਂ । ਇਸ ਲਈ ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਾਰੇ ਮਹਿਕਮਿਆਂ ਦੇ ਕਰਜ਼ੇ ਬਾਰੇ ਮੂੰਹੋਂ ਦੱਸ ਦੇਣ ਕਿ ਪੀ. ਡਬਲਯੂ. ਡੀ. ਦਾ ਕਿੰਨਾ ਹੈ, ਫੂਡ ਅਤੇ ਸਪਲਾਈ ਮਹਿਕਮੇ ਦਾ ਕਿੰਨਾ ਹੈ......

ਸ਼੍ਰੀ ਸਪੀਕਰ : ਐਫ. ਐਮ. ਸਾਹਿਬ ਨੇ ਇਹ ਸਾਰਾ ਵਿਵਰਣ ਪਹਿਲਾਂ ਹੀ ਦੇ ਦਿੱਤਾ ਹੈ । ਅਗਲਾ ਸਵਾਲ ।

ਜ਼ਿਲ੍ਹਾ ਪਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਕਰਮਚਾਰੀਆਂ ਲਈ ਪੈਨਸ਼ਨ ਸਕੀਮ

*1366. **ਸ਼੍ਰੀ ਤਿਕਸ਼ਨ ਸੂਦ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਰਿਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਂ ਜੀ । ਪੈਨਸ਼ਨ ਸਕੀਮ ਜਲਦੀ ਲਾਗੂ ਕਰ ਦਿੱਤੀ ਜਾਵੇਗੀ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਆਸ਼ਵਾਸਨ ਨਾਲ ਸਰਕਾਰ ਦਾ ਧੰਨਵਾਦ ਕਰਦਾ ਹਾਂ ਖਾਸ ਤੌਰ ਤੇ ਮੰਤਰੀ ਜੀ ਦਾ । ਇਹ ਬੜੀ ਪੁਰਾਣੀ ਮੰਗ ਚਲੀ ਆ ਰਹੀ ਸੀ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਦੇ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਲਾਗੂ ਕਰ ਦਿੱਤੀ ਜਾਵੇਗੀ ? ਕੀ ਸਰਕਾਰ ਨੇ ਇਸ ਬਾਰੇ ਕੋਈ ਸਮਾਂ ਨਿਸ਼ਚਿਤ ਕੀਤਾ ਹੈ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਬਾਦਲ ਸਰਕਾਰ ਜਦੋਂ ਦੀ ਹੋਂਦ ਵਿਚ ਆਈ ਹੈ, ਮੁਲਾਜ਼ਮਾਂ ਦੀ ਬਹਿਬੂਦੀ ਅਤੇ ਤਕਲੀਫਾਂ ਵੱਲ ਉਚੇਚੇ ਤੌਰ ਤੇ ਧਿਆਨ ਦਿੱਤਾ ਗਿਆ ਹੈ । ਪੈਨਸ਼ਨ ਦੀ ਗੱਲ ਤੋਂ ਪਹਿਲੋਂ ਤਨਖਾਹਾਂ ਵਧਾਉਣ ਦੀ ਜਦੋਂ ਗੱਲ ਆਈ ਤਾਂ ਉਦੋਂ ਵੀ ਫਰਾਖਦਿਲੀ ਨਾਲ ਫੈਸਲਾ ਲਿਆ । ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੋਡੈਲਟੀਜ਼ ਵਰਕ-ਆਊਟ ਹੋ ਰਹੀਆਂ ਹਨ ਅਤੇ 30 ਜੂਨ ਤੱਕ ਪੈਨਸ਼ਨ ਲਾਗੂ ਕਰ ਦਿੱਤੀ ਜਾਵੇਗੀ । (ਥੰਪਿੰਗ)

ਸਰਦਾਰ ਅਵਤਾਰ ਸਿੰਘ ਬਰਾੜ : ** ** **

**Expunged as ordered by the Chair.

Mr. Speaker: No, this supplementary is not related to the question. This is not allowed. ਬਰਾੜ ਸਾਹਿਬ, ਕਿਸੇ ਪੁਆਇੰਟ ਤੇ ਗੱਲ ਕਰੋ । ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ ।

ਦਰਖਤ ਉਗਾਉਣ ਵਾਲਿਆਂ ਨੂੰ ਲਾਭ ਦੀ ਵੰਡ

*1365. **ਸ਼੍ਰੀ ਤਿਕਸ਼ਨ ਸੂਦ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਨੇ ਨਹਿਰਾਂ, ਸੜਕਾਂ ਆਦਿ ਦੇ ਕੰਢਿਆਂ ਤੇ ਦਰਖਤ ਉਗਾਉਣ ਲਈ ਕਿਸਾਨਾਂ ਨੂੰ ਲਾਭ ਦੇ 50 % ਤਕ ਦੇ ਹਿੱਸੇ ਦਾ ਉਤਸ਼ਾਹ ਦੇਣ ਸਬੰਧੀ ਕੋਈ ਨੀਤੀ ਬਣਾਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਉਕਤ ਨੀਤੀ ਕਿਸ ਤਰੀਕ ਤੋਂ ਲਾਗੂ ਕੀਤੀ ਗਈ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਨੀਤੀ ਦੀ ਪੈਰਵੀ ਵਿੱਚ ਰਾਜ ਵਿੱਚ ਉਕਤ ਸਕੀਮ ਦੇ ਬਣਾਏ ਜਾਣ ਦੀ ਮਿਤੀ ਤੋਂ 30 ਨਵੰਬਰ, 1998 ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾਵਾਰ ਇਸ ਤਰ੍ਹਾਂ ਉਤਸ਼ਾਹ ਦੀ ਕਿੰਨੀ-ਕਿੰਨੀ ਰਕਮ ਵੰਡੀ ਗਈ ਅਤੇ ਅਜਿਹੀ ਗ੍ਰਾਂਟ ਨੂੰ ਮੰਨਜ਼ੂਰ ਕਰਨ ਵਾਲੀ ਸਮਰੱਥ ਅਥਾਰਟੀ ਦਾ ਨਾਂ ਕੀ ਹੈ ?

ਮਾਸਟਰ ਮੋਹਨ ਲਾਲ : (ੳ) ਰਾਜ ਵਿਚ ਸੜਕ ਪਟੜੀਆਂ ਤੇ ਲੱਗੇ ਰੁੱਖਾਂ ਤੋਂ ਹੋਣ ਵਾਲੀ ਆਮਦਨ ਦਾ ਹਿੱਸਾ ਨਾਲ ਲੱਗਦੇ ਖੇਤਾਂ ਦੇ ਮਾਲਕਾਂ ਨੂੰ ਦੇਣ ਬਾਰੇ ਨੀਤੀ ਸਰਕਾਰ ਦੇ ਵਿਚਾਰ ਅਧੀਨ ਹੈ ।

(ਅ) ਉਪਰ (ੳ) ਵਿੱਚ ਦਿੱਤੇ ਉਤਰ ਅਨੁਸਾਰ ਅਜੇ ਕੋਈ ਰਕਮ ਨਹੀਂ ਵੰਡੀ ਗਈ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਇਹ ਸਕੀਮ ਬਹੁਤ ਚੰਗੀ ਹੈ ਅਤੇ ਕਈ ਵੇਰ ਅਨਾਊਂਸਮੈਂਟ ਵੀ ਕੀਤੀ ਗਈ ਸੀ ਕਿ ਇਹ ਸਕੀਮ ਬਣਾ ਦਿਤੀ ਜਾਵੇਗੀ । ਇਸ ਦੇ ਬਾਰੇ ਮੰਤਰੀ ਜੀ ਦੱਸਣ ਦੀ ਖੇਚਲ ਕਰਨ ਕਿ ਇਹ ਕਦੋਂ ਤੱਕ ਬਣਾ ਦਿੱਤੀ ਜਾਵੇਗੀ, ਲਾਗੂ ਕਰ ਦਿੱਤੀ ਜਾਵੇਗੀ । ਮੰਤਰੀ ਜੀ ਇਸ ਨੂੰ ਟਾਈਮ-ਬਾਊਂਡ ਕਰਨ ਦੀ ਖੇਚਲ ਕਰਨ ।

ਮੰਤਰੀ : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਫਾਰੈਸਟ ਵਿਭਾਗ ਵੱਲੋਂ ਪੂਰਾ ਖਰੜਾ ਤਿਆਰ ਕਰਕੇ ਫਾਈਨਾਂਸ ਵਿਭਾਗ ਨੂੰ ਭੇਜ ਦਿੱਤਾ ਗਿਆ ਹੈ । ਉਨ੍ਹਾਂ ਦੀ ਮਨਜ਼ੂਰੀ ਆਉਣ ਤੋਂ ਬਾਅਦ ਇਹ ਸਕੀਮ ਲਾਗੂ ਕਰ ਦਿੱਤੀ ਜਾਵੇਗੀ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਮੰਤਰੀ ਜੀ ਕੋਈ ਸਮਾਂ ਨਿਸਚਿਤ ਕਰਨ ਕਿ ਇਹ ਸਕੀਮ ਇਕ ਸਾਲ ਵਿੱਚ, ਦੋ ਸਾਲ ਵਿੱਚ ਜਾਂ ਡੇਢ ਸਾਲ ਵਿੱਚ ਲਾਗੂ ਕਰ ਦਿੱਤੀ ਜਾਵੇਗੀ । ਸਪੀਕਰ ਸਾਹਿਬ, ਜਿਹੜੀ ਮਨਜ਼ੂਰੀ ਆਉਣੀ ਹੈ, ਉਹ ਵੀ ਇਨ੍ਹਾਂ ਦੀ ਸਰਕਾਰ ਦੇ ਆਪਣੇ ਵਿੱਤ ਵਿਭਾਗ ਤੋਂ ਹੀ ਆਉਣੀ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਜਿਸ ਵੇਲੇ ਵੀ ਫਾਈਨਾਂਸ ਵਿਭਾਗ ਤੋਂ ਮਨਜ਼ੂਰੀ/ਕਲੀਅਰੈਂਸ ਆ ਜਾਂਦੀ ਹੈ, ਉਸੇ ਵੇਲੇ ਇਹ ਸਕੀਮ ਲਾਗੂ ਕਰ ਦੇਵਾਂਗੇ ਜੀ ।

ਪੰਜਾਬ ਰੋਡਵੇਜ਼ ਦੁਆਰਾ ਬੱਸਾਂ ਦੀਆਂ ਚੈਸੀਆਂ ਦੀ ਖਰੀਦ

*1355. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1998 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਪੰਜਾਬ ਰੋਡਵੇਜ਼ ਦੁਆਰਾ ਬੱਸਾਂ ਦੀਆਂ ਕੁੱਲ ਕਿੰਨੀਆਂ ਨਵੀਆਂ ਚੈਸੀਆਂ ਖਰੀਦੀਆਂ ਗਈਆਂ;

(ਅ) ਉਨ੍ਹਾਂ ਬਾਡੀ ਬਿਲਡਰਾਂ ਦੇ ਨਾਂ ਅਤੇ ਪੂਰੇ ਪਤੇ ਕੀ ਕੀ ਹਨ ਜਿਨ੍ਹਾਂ ਤੋਂ ਉਪਰੋਕਤ ਭਾਗ (ੳ) ਵਿੱਚ ਵਰਣਿਤ ਬੱਸਾਂ ਦੀਆਂ ਬਾਡੀਆਂ ਬਣਵਾਈਆਂ ਗਈਆਂ ਸਨ ਅਤੇ ਹਰ ਇੱਕ ਬਾਡੀ ਬਣਵਾਉਣ ਲਈ ਕੁੱਲ ਕਿੰਨੀ ਰਕਮ ਅਦਾ ਕੀਤੀ ਗਈ;

(ੲ) ਕੀ ਸਰਕਾਰ ਨੂੰ ਵੱਖ-ਵੱਖ ਡਿਪੂਆਂ ਦੇ ਜਨਰਲ ਮੈਨੇਜਰਾਂ ਤੋਂ ਉਕਤ ਬੱਸਾਂ ਦੀਆਂ ਬਾਡੀਆਂ ਵਿੱਚ ਨੁਕਸ ਹੋਣ ਦੀਆਂ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਣ ?

ਸਰਦਾਰ ਰਘਬੀਰ ਸਿੰਘ : (ੳ) 200 ਚੈਸੀਆਂ ।

(ਅ) ਬਾਡੀ ਬਿਲਡਰਾਂ ਦੇ ਨਾਂ ਅਤੇ ਪਤੇ ਅਨੁਲੱਗ 'ੳ' ਵਿੱਚ ਦਿੱਤੇ ਗਏ ਹਨ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਆਲ ਮੈਟਲ ਬੱਸ ਬਾਡੀਆਂ ਬਣਾਉਣ ਤੇ ਹੇਠ ਲਿਖੇ ਅਨੁਸਾਰ ਖਰਚਾ ਆਇਆ ਹੈ :—

1. ਟਾਟਾ ਚੈਸੀ	..	2,50,000.00 (ਸੇਲਜ਼ ਟੈਕਸ ਇਲਾਵਾ)
2. ਲੇ ਲੈਂਡ ਚੈਸੀ	..	2,55,000.00 (ਸੇਲਜ਼ ਟੈਕਸ ਇਲਾਵਾ)

(ੲ) ਨਹੀਂ ਜੀ ।

[ਟਰਾਂਸਪੋਰਟ ਮੰਤਰੀ]

ਅਨੁਲੱਗ 'ੳ'

ਬਾਡੀ ਬਿਲਡਰਾਂ ਦੇ ਨਾਮ ਅਤੇ ਪਤੇ

ਮੈਸ:

1. ਹੇਮ ਰਾਜ ਐਂਡ ਬਰਦਰਜ਼, ਜੀ. ਟੀ. ਰੋਡ, ਸਰਹਿੰਦ ।
2. ਬਤਰਾ ਕੋਚ ਬਿਲਡਰਜ਼, ਪਿੰਡ ਸਿੰਘਵਾਲਾ, ਹਿਸਾਰ ਰੋਡ, ਅੰਬਾਲਾ ।
3. ਹਿਮਾਚਲ ਇੰਜੀਨੀਅਰਿੰਗ ਐਂਡ ਫੈਬਰੀਕੇਟਰਜ਼, ਜੀ. ਟੀ. ਰੋਡ, ਮੋਹਤਲੀ ਡਮਟਾਲ ।
4. ਸੀਤਾ ਸਿੰਘ ਇੰਜੀਨੀਅਰ ਐਂਡ ਸੰਨਜ਼, ਦਿੱਲੀ-ਮਾਥੁਰਾ ਰੋਡ, ਫਰੀਦਾਬਾਦ ।
5. ਹਰਿਆਣਾ ਕੋਚ ਬਿਲਡਰਜ਼, ਗੋਹਾਨਾ ਰੋਡ, ਰੋਹਤਕ ।
6. ਪਾਰਸ ਮੋਟਰਜ਼ ਇੰਡਸਟਰੀਜ਼, 1 ਕੇ. ਐਮ., ਸ਼ਾਹਪੁਰ ਰੋਡ, ਪਿੰਡ ਸਿਕਰੀ ਮਾਥੁਰਾ ਰੋਡ, ਫਰੀਦਾਬਾਦ ।
7. ਨਿਊ ਮਾਡਲ ਇੰਡਸਟਰੀਜ਼ (ਪ੍ਰਾ.) ਲਿਮਟਿਡ, ਜੀ. ਟੀ. ਰੋਡ, ਜਲੰਧਰ ।
8. ਨਿਊ ਸ਼ਾਲੀਮਾਰ ਬਾਡੀ ਬਿਲਡਰਜ਼, ਜੀ. ਟੀ. ਰੋਡ, ਜਲੰਧਰ ।
9. ਨੈਸ਼ਨਲ ਕੋਚ ਬਿਲਡਰਜ਼, ਜੀ. ਟੀ. ਰੋਡ, ਸਰਹਿੰਦ ।
10. ਖਾਲਸਾ ਬਾਡੀ ਬਿਲਡਰਜ਼, ਨਿਊ ਮਾਡਲ ਟਾਊਨ, ਹੁਸ਼ਿਆਰਪੁਰ ।
11. ਜੇ. ਸੀ. ਕੋਚ ਬਿਲਡਰਜ਼, ਲਾਲੜੂ ।
12. ਗੁਰੂ ਨਾਨਕ ਫੈਬਰੀਕੇਟਰਜ਼, ਬਾਈ ਪਾਸ, ਜਲੰਧਰ ।
13. ਗੁਰੂ ਨਾਨਕ ਬਾਡੀ ਬਿਲਡਰਜ਼, ਜੀ. ਟੀ. ਰੋਡ, ਜਲੰਧਰ ।
14. ਅਮਰ ਕੋਚ ਬਿਲਡਰਜ਼, ਜੀ. ਟੀ. ਰੋਡ, ਜਲੰਧਰ ।
15. ਸਕਾਈਵੇਜ਼ ਕੋਚ ਬਿਲਡਰਜ਼, ਜੀ ਟੀ. ਰੋਡ, ਜਲੰਧਰ ।
16. ਭਾਰਤ ਇੰਜੀਨੀਅਰਿੰਗ ਵਰਕਸ, ਛੋਟੀ ਨਹਿਰ, ਮਲਿਕਪੁਰ ਚੌਂਕ, ਪਠਾਨਕੋਟ ।
17. ਦੋਆਬਾ ਕੋਚ ਬਿਲਡਰਜ਼, ਜੀ. ਟੀ. ਰੋਡ, ਜਲੰਧਰ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਪਲੀਮੈਂਟਰੀ ਤਾਂ ਬਾਅਦ ਵਿੱਚ ਕਰਾਂਗਾ । ਜਿਹੜਾ 'ੲ' ਪਾਰਟ ਹੈ, ਉਸਦੇ ਵਿੱਚ ਮੈਂ ਜਾਣਕਾਰੀ ਮੰਗੀ ਸੀ ਕਿ ਜਿਹੜੀਆਂ ਬੱਸਾਂ ਦੀਆਂ ਬਾਡੀਆਂ ਪਿਛਲੇ ਸਮੇਂ ਵਿੱਚ ਲਗਵਾਈਆਂ ਗਈਆਂ ਸਨ, ਉਨ੍ਹਾਂ ਵਿੱਚ ਬਹੁਤ ਸਾਰੇ ਨੁਕਸ ਰਹਿ ਗਏ ਹਨ ਕੀ ਉਨ੍ਹਾਂ ਨੁਕਸਾਂ ਸਬੰਧੀ ਕੋਈ ਸ਼ਿਕਾਇਤ ਜਾਂ ਪੱਤਰ ਕੰਨਸਰਨਡ ਜਨਰਲ ਮੈਨੇਜਰਾਂ ਵੱਲੋਂ ਸਰਕਾਰ ਨੂੰ ਪ੍ਰਾਪਤ ਹੋਇਆ ਹੈ ? ਇਨ੍ਹਾਂ ਨੇ ਉੱਤਰ 'ਨਾਂਹ' ਵਿੱਚ ਦਿੱਤਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਤੇ ਫੈਸਲਾ ਛੱਡ ਦਿੰਦਾ ਹਾਂ । ਇਨ੍ਹਾਂ ਨੇ ਹਾਊਸ ਨੂੰ ਪੂਰੀ ਜਾਣਕਾਰੀ ਦੇਣ ਤੋਂ ਹਨੇਰੇ ਵਿੱਚ ਰੱਖਿਆ ਹੈ । ਮੇਰੇ ਕੋਲ ਜਨਰਲ ਮੈਨੇਜਰਾਂ ਦੇ ਪੱਤਰ ਹਨ, ਮੈਂ ਉਨ੍ਹਾਂ ਦੇ ਨਾਂ ਨਹੀਂ ਦੱਸਦਾ । ਇੱਕ ਪੱਤਰ ਦਾ ਨੰਬਰ 7276 ਹੈ ਅਤੇ ਮਿਤੀ 22 ਦਸੰਬਰ, 1998 ਹੈ ਅਤੇ ਦੂਜੇ ਪੱਤਰ ਦਾ ਨੰਬਰ 1734 ਹੈ, ਮਿਤੀ 24 ਦਸੰਬਰ, 1998 ਹੈ । ਸ਼ਿਕਾਇਤਾਂ ਵੀ ਕੋਈ ਛੋਟੀਆਂ ਨਹੀਂ, ਬੜੀਆਂ ਸੀਰੀਅਸ ਹਨ ਕਿ ਬਾਡੀਆਂ ਲਾਉਣ ਤੋਂ ਥੋੜ੍ਹੇ ਸਮੇਂ ਬਾਅਦ ਹੀ ਬੱਸਾਂ ਚੋਅ ਰਹੀਆਂ ਹਨ, ਉਨ੍ਹਾਂ ਦੇ ਰਿਬਟ ਉਖੜ ਗਏ ਹਨ, ਸ਼ੀਸ਼ੇ ਵੀ

ਬੇਕਾਰ ਹਨ ਅਤੇ ਇਹ ਬੱਸਾਂ ਸੜਕਾਂ ਤੇ ਚੱਲਣ ਦੇ ਯੋਗ ਨਹੀਂ ਹਨ । ਇਸ ਤਰ੍ਹਾਂ ਦੀਆਂ ਗੰਭੀਰ ਸ਼ਿਕਾਇਤਾਂ ਹਨ ਜੋ ਕਿ ਡਾਇਰੈਕਟਰ, ਸਟੇਟ ਟਰਾਂਸਪੋਰਟ, ਦੇ ਦਫਤਰ ਵਿੱਚ ਪੁੱਜੀਆਂ ਹਨ । ਮੰਤਰੀ ਜੀ ਨੇ ਇਤਨੀਆਂ ਗੰਭੀਰ ਸ਼ਿਕਾਇਤਾਂ ਨੂੰ ਨਜ਼ਰ ਅੰਦਾਜ਼ ਕੀਤਾ ਹੈ । ਮੈਂ ਤੁਹਾਡੀ ਮਾਰਫਤ ਮੰਤਰੀ ਜੀ ਤੋਂ ਇਸ ਸਬੰਧ ਵਿੱਚ ਜਾਣਕਾਰੀ ਲੈਣਾ ਚਾਹੁੰਦਾ ਹਾਂ ਜੀ ।

ਮੰਤਰੀ : ਸਪੀਕਰ ਸਾਹਿਬ, ਸਾਡੇ ਰਿਕਾਰਡ ਵਿੱਚ ਕੋਈ ਸ਼ਿਕਾਇਤ ਨਹੀਂ ਆਈ, ਅਰਸ਼ੀ ਸਾਹਿਬ ਦੇ ਭਾਵੇਂ ਰਿਕਾਰਡ ਵਿੱਚ ਆਈ ਹੋਵੇ, ਜਿਹੜਾ ਇਹ ਦੱਸੀ ਜਾਂਦੇ ਹਨ । ਜਨਵਰੀ ਤੱਕ ਕਿਸੇ ਜਨਰਲ ਮੈਨੇਜਰ ਵੱਲੋਂ ਬੱਸਾਂ ਦੀਆਂ ਬਾਡੀਆਂ ਬਾਰੇ ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਆਈ ।

ਸ਼੍ਰੀ ਸਪੀਕਰ : ਮੰਤਰੀ ਜੀ, ਅਰਸ਼ੀ ਸਾਹਿਬ ਕਹਿੰਦੇ ਹਨ ਕਿ ਮੇਰੇ ਕੋਲ ਲੈਟਰ ਨੰਬਰ ਹਨ, ਜੇ ਉਹ ਨੰਬਰ ਦੇ ਦੇਣ ਤਾਂ ਫਿਰ ਕੀ ਤੁਸੀਂ ਇਨਕੁਆਰੀ ਕਰਵਾਵੋਗੇ ?

ਮੰਤਰੀ : ਜੇ ਇਹ ਪੂਰੇ ਨੰਬਰ ਦੱਸਣ ਤਾਂ ਅਸੀਂ ਇਨਕੁਆਰੀ ਜ਼ਰੂਰ ਕਰਵਾਵਾਂਗੇ ਜੀ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਮਾਮਲਾ ਇਨਕੁਆਇਰੀ ਦਾ ਨਹੀਂ ਹੈ ਜੀ, ਇਹ ਤਾਂ ਬਰੀਚ ਆਫ ਪ੍ਰਿਵਿਲੇਜ ਦਾ ਮਸਲਾ ਹੈ । ਇਨਕੁਆਇਰੀ ਤਾਂ ਵੈਸੇ ਵੀ ਚੱਲ ਹੀ ਰਹੀ ਹੈ, ਮੇਰਾ ਇਸ ਨਾਲ ਕੋਈ ਤਾਅਲੁੱਕ ਨਹੀਂ ਹੈ । ਸਪੀਕਰ ਸਾਹਿਬ, ਮੈਂ ਤਾਂ ਬਕਾਇਦਾ ਨੰਬਰ ਦਿੱਤੇ ਹਨ । ਮੈਂ ਸਾਰੀ ਗੱਲ ਹਾਊਸ ਵਿੱਚ ਡਿਸਕਲੋਜ਼ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਸ ਵਿੱਚ ਘਪਲੇਬਾਜ਼ੀ ਹੋਈ ਹੈ । ਮੇਰੀ ਜਾਣਕਾਰੀ ਮੁਤਾਬਿਕ ਲੈਟਰ ਇਨ੍ਹਾਂ ਨੇ ਆਪਣੇ ਰਿਕਾਰਡ ਵਿੱਚੋਂ ਰਿਮੂਵ ਕਰਵਾਏ ਹਨ ਔਰ ਸੇਮ ਲੈਟਰ, ਸੇਮ ਨੰਬਰ ਤੇ ਰਿਕਾਰਡ ਵਿੱਚ ਦੁਬਾਰਾ ਦਾਖਲ ਕਰਵਾ ਦਿੱਤੇ ਗਏ । ਇਸ ਤੋਂ ਇਲਾਵਾ ਟੈਲੀਫੂਨ ਤੇ ਕੁਝ ਨੂੰ ਹਦਾਇਤ ਦਿੱਤੀ ਕਿ ਪਹਿਲੀ ਸ਼ਿਕਾਇਤ ਪਾੜ ਦਿਓ ਔਰ ਉਸੀ ਤਰ੍ਹਾਂ ਦੀ ਲੈਟਰ ਉਸੇ ਨੰਬਰ ਤੇ ਲਿਖ ਕੇ ਦਿਓ । ਜਨਰਲ ਮੈਨੇਜਰਾਂ ਨੇ ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਉਸੀ ਤਰ੍ਹਾਂ ਸ਼ਿਕਾਇਤ ਲਿਖ ਦਿੱਤੀ ਪਰ ਬਦਲੀ ਹੋਈ ਲੈਟਰ ਨਾਲ ਬੱਸਾਂ ਦਾ ਜਿਹੜਾ ਓਰਿਜਨਲ ਰਿਕਾਰਡ ਸੀ, ਉਹ ਉਸੀ ਤਰ੍ਹਾਂ ਨਾਲ ਲਗਾ ਦਿੱਤਾ ਗਿਆ । ਇਸ ਤੋਂ ਜ਼ਿਆਦਾ ਮੰਤਰੀ ਜੀ ਹੋਰ ਕੀ ਕਹਿਣਗੇ । ਸਪੀਕਰ ਸਾਹਿਬ, ਮੈਂ ਸਪਲੀਮੈਂਟਰੀਆਂ ਤਾਂ ਬਾਅਦ ਵਿੱਚ ਕਰਾਂਗਾ । ਇਸ ਤੋਂ ਪਹਿਲਾਂ ਤੁਸੀਂ ਇਸ ਬਰੀਚ ਆਫ ਪ੍ਰਿਵਿਲੇਜ ਤੇ ਫੈਸਲਾ ਦਿਓ ।

ਮੰਤਰੀ : ਮੈਂ ਪਹਿਲਾਂ ਵੀ ਦੱਸ ਦਿੱਤਾ ਹੈ ਕਿ ਸਾਡੇ ਰਿਕਾਰਡ ਵਿੱਚ ਜਨਰਲ ਮੈਨੇਜਰਾਂ ਦੀ ਅਜਿਹੀ ਕੋਈ ਸ਼ਿਕਾਇਤ ਨਹੀਂ ਹੈ । ਸਾਡਾ ਵਾਰੰਟੀ ਪੀਰੀਅਡ ਡੇਢ ਸਾਲ ਦਾ ਹੁੰਦਾ ਹੈ । ਉਸ ਵਿੱਚ ਅਸੀਂ ਬੱਸਾਂ ਠੀਕ ਕਰਵਾ ਸਕਦੇ ਹਾਂ । ਜੇ ਰਿਬਟਾਂ ਖਰਾਬ ਹਨ ਜਾਂ ਰੰਗ ਠੀਕ ਨਹੀਂ ਤਾਂ ਉਹ ਠੀਕ ਕਰਵਾ ਸਕਦੇ ਹਾਂ । ਜਿਹੜੀਆਂ ਬੱਸਾਂ 1997 ਵਿੱਚ ਖਰੀਦੀਆਂ ਸਨ, ਉਨ੍ਹਾਂ ਸਬੰਧੀ ਜ਼ਰੂਰ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਉਹ ਟਾਈਮ ਤੇ ਠੀਕ ਕਰਵਾ ਦਿੱਤੀਆਂ ਸਨ ਔਰ ਅਗਰ ਹੁਣ ਵੀ ਕੋਈ ਸ਼ਿਕਾਇਤ ਆਈ ਹੁੰਦੀ ਤਾਂ ਉਹ ਵੀ ਅਸੀਂ ਠੀਕ ਕਰਵਾ ਦਿੰਦੇ । ਸਾਨੂੰ ਕੋਈ ਹਰਜ਼ ਨਹੀਂ ਹੈ । ਸ਼ਾਇਦ ਅਰਸ਼ੀ ਸਾਹਿਬ ਦੇ ਚਹੇਤੇ ਨੇ ਉਨ੍ਹਾਂ ਨੂੰ ਇਹ ਸ਼ਿਕਾਇਤਾਂ ਦੇ ਦਿੱਤੀਆਂ ਹੋਣਗੀਆਂ । ਸਾਡੇ ਕੋਲ ਕੋਈ ਸ਼ਿਕਾਇਤ ਨਹੀਂ ਆਈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਪਲੀਮੈਂਟਰੀ ਤਾਂ ਮੈਂ ਹਾਲੇ ਕਰਨੇ ਹਨ । ਪਹਿਲਾਂ ਤਾਂ ਮੈਂ ਜਿਹੜੀ ਜਾਣਕਾਰੀ ਸਹੀ ਨਹੀਂ ਦਿੱਤੀ ਜਾ ਰਹੀ, ਉਸ ਸੰਬੰਧੀ ਮਾਮਲਾ ਤੁਹਾਡੇ ਧਿਆਨ ਵਿਚ ਲਿਆਂਦਾ ਹੈ ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਬੱਸਾਂ ਦੀਆਂ ਬਾਡੀਆਂ .

ਸ੍ਰੀ ਸਪੀਕਰ : ਤੁਸੀਂ ਬਾਅਦ ਵਿਚ ਪੁੱਛ ਲੈਣਾ । ਪਹਿਲਾਂ ਅਰਸ਼ੀ ਸਾਹਿਬ ਦਾ ਗੱਲ ਨਿਬੜ ਲੈਣ ਦਿਓ । ਮੈਂ ਸਮਝਿਆ ਸੀ ਕਿ ਸ਼ਾਇਦ ਤੁਸੀਂ ਕੋਈ ਸਲਾਹ ਦੇਣੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਹ ਮਾਮਲਾ ਤੁਹਾਡੇ ਤੇ ਛੱਡਦਾ ਹਾਂ । ਮੈਂ ਇਹ ਤਾਂ ਨਹੀਂ ਕਿਹਾ ਕਿ ਇਨ੍ਹਾਂ ਨੇ ਕੋਈ ਕਮਿਸ਼ਨ ਲਿਆ ਹੈ । ਮੈਂ ਤਾਂ ਕੋਈ ਦੋਸ਼ ਨਹੀਂ ਲਗਾਇਆ । ਸਪੀਕਰ ਸਾਹਿਬ, ਮੈਂ ਇਹ ਮਾਮਲਾ ਤੁਹਾਡੇ ਤੇ ਛੱਡਦਾ ਹਾਂ । ਮੈਂ ਤਾਂ ਬਾਕਾਇਦਾ ਨੰਬਰ ਦਿੱਤੇ ਹਨ । ਇਸ ਤੋਂ ਜ਼ਿਆਦਾ ਹੋਰ ਕੋਈ ਪਰੂਫ ਨਹੀਂ ਹੈ ।

ਸ੍ਰੀ ਸਪੀਕਰ : ਇਹ ਲੈਟਰ ਤੁਸੀਂ ਮੈਨੂੰ ਦੇ ਦੇਣਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਾਰੀਆਂ ਬਾਡੀਆਂ ਪ੍ਰਾਈਵੇਟ ਬਿਲਡਰਾਂ ਤੋਂ ਬਣਵਾਈਆਂ ਗਈਆਂ ਹਨ ਜਦ ਕਿ ਪੀ. ਆਰ. ਟੀ. ਸੀ. ਕੋਲ ਆਪਣਾ ਬਾਡੀਆਂ ਬਣਾਉਣ ਦਾ ਫ਼ਾਈਬਰਕੇਸ਼ਨ ਸਿਸਟਮ ਹੈ । ਇਸ ਤਰ੍ਹਾਂ ਦਾ ਸਿਸਟਮ ਹਰਿਆਣੇ ਕੋਲ ਵੀ ਹੈ ਅਤੇ ਯੂ. ਪੀ. ਕੋਲ ਵੀ ਹੈ । ਹੋਰ ਵੀ ਕਈ ਸਟੇਟਾਂ ਹਨ ਜਿਨ੍ਹਾਂ ਕੋਲ ਇਹ ਸਿਸਟਮ ਹੈ । ਪਹਿਲਾਂ ਰੋਡਵੇਜ਼ ਦੀਆਂ ਬੱਸਾਂ ਦੀਆਂ ਚੈਸੀਆਂ ਸਰਕਾਰੀ ਅਦਾਰੇ ਤੋਂ ਬਣਦੀਆਂ ਸਨ । ਸਰਕਾਰੀ ਅਦਾਰੇ ਵਿਚ ਚੈਸੀਆਂ ਬਣਨ ਨਾਲ ਸਰਕਾਰ ਨੂੰ ਪ੍ਰਾਈਵੇਟ ਅਦਾਰਿਆਂ ਨਾਲੋਂ ਰੁ: 50,000/- ਘੱਟ ਕੀਮਤ ਦੇਣੀ ਪੈਂਦੀ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਾਰਨ ਹੈ ਕਿ ਮੰਤਰੀ ਜੀ ਨੇ ਪੁਰਾਣੀ ਰਵਾਇਤ ਤੋੜ ਕੇ ਪੀ. ਆਰ. ਟੀ. ਸੀ., ਹਰਿਆਣਾ, ਰਾਜਸਥਾਨ ਜਾਂ ਯੂ. ਪੀ. ਰੋਡਵੇਜ਼ ਵਿਚੋਂ ਬਾਡੀਆਂ ਬਣਾਉਣ ਦੀ ਜਗ੍ਹਾ ਜਲੰਧਰ ਦੇ ਪ੍ਰਾਈਵੇਟ ਬਾਡੀ ਬਿਲਡਰਾਂ ਕੋਲੋਂ ਇਹ ਚੈਸੀਆਂ ਬਣਵਾਈਆਂ ?

ਮੰਤਰੀ : ਸਪੀਕਰ ਸਾਹਿਬ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਕੋਲ ਬਾਡੀ ਬਣਾਉਣ ਦਾ ਆਪਣਾ ਪ੍ਰਬੰਧ ਹੈ, ਉਨ੍ਹਾਂ ਦੀ ਆਪਣੀ ਮਸ਼ੀਨਰੀ ਹੈ ਪਰ ਉਥੇ ਮਹੀਨੇ ਵਿਚ 12-15 ਬੱਸਾਂ ਤੋਂ ਵੱਧ ਦੀਆਂ ਬਾਡੀਆਂ ਨਹੀਂ ਬਣ ਸਕਦੀਆਂ । ਪੰਜਾਬ ਰੋਡਵੇਜ਼ ਕੋਲ ਆਪਣਾ ਅਜਿਹਾ ਕੋਈ ਪ੍ਰਬੰਧ ਨਹੀਂ ਹੈ ਜਿਸ ਨਾਲ ਉਹ ਆਪਣੀਆਂ ਬੱਸਾਂ ਦੀਆਂ ਬਾਡੀਆਂ ਲਗਵਾ ਸਕਣ । ਇਸ ਤੋਂ ਇਲਾਵਾ ਸਪੈਸ਼ਲ ਸਪੈਸੀਫਿਕੇਸ਼ਨਾਂ ਰੱਖੀਆਂ ਗਈਆਂ ਹਨ ਔਰ ਆਲ ਮੈਟਲ ਬਾਡੀਆਂ ਬਣਵਾਈਆਂ ਗਈਆਂ ਹਨ । ਇਸ ਸਬੰਧੀ ਮੈਂ ਅਰਸ਼ੀ ਸਾਹਿਬ ਦੀ ਤਸੱਲੀ ਕਰਵਾ ਸਕਦਾ ਹਾਂ ਕਿ ਸਪੈਸੀਫਿਕੇਸ਼ਨਾਂ ਅਨੁਸਾਰ ਹੀ ਬਾਡੀਆਂ ਬਣਵਾਈਆਂ ਗਈਆਂ ਹਨ । ਬਾਕੀ ਬਾਡੀਆਂ ਦੀਆਂ ਵੱਖ ਵੱਖ ਕੀਮਤਾਂ ਹਨ । ਕਿਸੇ ਦੀ ਕੀਮਤ ਚਾਰ ਲੱਖ ਹੈ, ਕਿਸੇ ਦੀ ਪੰਜ ਲੱਖ ਅਤੇ ਕਿਸੇ ਦੀ ਦਸ ਲੱਖ ਤੱਕ ਵੀ ਹੈ । ਜਿਹੜੀਆਂ ਬਾਡੀਆਂ ਪ੍ਰਾਈਵੇਟ ਬਿਲਡਰਾਂ ਤੋਂ ਸਪੈਸੀਫਿਕੇਸ਼ਨਾਂ ਅਨੁਸਾਰ ਬਣਵਾਈਆਂ ਗਈਆਂ ਹਨ, ਉਹ ਕਿਸੇ ਇਕ ਤੋਂ ਨਹੀਂ ਬਣਵਾਈਆਂ ਗਈਆਂ ਬਲਕਿ ਇਸ ਸਬੰਧੀ

ਇਕ ਉੱਚ ਪੱਧਰੀ ਕਮੇਟੀ ਚੀਫ ਸੈਕਟਰੀ ਸਾਹਿਬ ਦੀ ਪ੍ਰਧਾਨਗੀ ਹੇਠ ਬਣੀ ਸੀ । ਉਸ ਵਿਚ ਟੈਂਡਰ ਕਾਲ ਕੀਤੇ ਗਏ ਅਤੇ ਫਿਰ ਸਾਰਾ ਕੁਝ ਦੇਖ ਕੇ ਆਰਡਰ ਦਿੱਤਾ ਗਿਆ । ਇਸ ਵਿਚ ਕੋਈ ਐਸੀ ਗੱਲ ਨਹੀਂ ਹੈ । ਬਾਡੀ ਬਿਲਡਰਾਂ ਨੂੰ ਕੋਈ ਰਿਆਇਤ ਨਹੀਂ ਦਿੱਤੀ ਗਈ ਅਤੇ ਨਾ ਹੀ ਘਟੀਆ ਮਾਲ ਲਗਾਇਆ ਗਿਆ ਹੈ । ਮੈਂ ਮੈਂਬਰ ਸਾਹਿਬ ਅਤੇ ਸਾਰੇ ਹਾਊਸ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਜਿਹੜੀਆਂ ਬਾਡੀਆਂ ਬਣਵਾਈਆਂ ਗਈਆਂ ਹਨ, ਉਹ ਸਪੈਸੀਫਿਕੇਸ਼ਨਾਂ ਅਨੁਸਾਰ ਹੀ ਬਣਵਾਈਆਂ ਗਈਆਂ ਹਨ । ਹੁਣ ਵੀ ਸਰਦਾਰ ਬਾਦਲ ਦੀ ਸਰਕਾਰ ਨੇ ਨਵੀਆਂ 200 ਬੱਸਾਂ ਖਰੀਦਣੀਆਂ ਹਨ ਅਤੇ ਮੈਂ ਕਹਿੰਦਾ ਹਾਂ ਕਿ ਅਰਸ਼ੀ ਸਾਹਿਬ ਨੂੰ ਵੀ ਨਾਲ ਲੈ ਚੱਲਾਂਗੇ ਤੇ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਸਪੀਕਰ ਸਾਹਿਬ, ਆਖਰੀ ਬੇਨਤੀ ਕਰਾਂਗਾ ਅਤੇ ਮੰਤਰੀ ਜੀ ਇਸ ਨਾਲ ਸਹਿਮਤ ਹੋਣ । ਇਨ੍ਹਾਂ ਨੂੰ ਇਸ ਪਵਿੱਤਰ ਸਦਨ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ । ਤੁਹਾਡੀ ਆਗਿਆ ਦੇ ਨਾਲ ਅਗਰ ਸਦਨ ਦੀ ਕੋਈ ਕਮੇਟੀ ਬਣ ਜਾਵੇ ਜੋ ਡਾਇਰੈਕਟਰ, ਟਰਾਂਸਪੋਰਟ ਜਾਂ ਟਰਾਂਸਪੋਰਟ ਵਿਭਾਗ ਨੇ ਜੋ ਸਪੈਸੀ-ਫਿਕੇਸ਼ਨਜ਼ ਤਹਿ ਕੀਤੀਆਂ ਹਨ ਅਤੇ 14-15 ਬਾਡੀ ਬਿਲਡਰਜ਼ ਤੋਂ ਜੋ ਬਾਡੀਜ਼ ਬਣਾਈਆਂ ਹਨ, ਉਨ੍ਹਾਂ ਨੂੰ ਜੋ ਕੁਝ ਹਰਿਆਣੇ ਨੇ ਬਾਡੀਜ਼ ਬਣਾਈਆਂ ਹਨ, ਉਨ੍ਹਾਂ ਸਪੈਸੀਫਿਕੇਸ਼ਨਜ਼ ਨਾਲ ਸਦਨ ਦੀ ਉਹ ਕਮੇਟੀ ਕੰਪੇਅਰ ਕਰ ਲਵੇ । ਸਰਕਾਰ ਵੱਲੋਂ ਪੀ. ਆਰ. ਟੀ. ਸੀ. ਦੁਆਰਾ ਬਾਡੀਜ਼ ਬਣਾਈਆਂ ਜਾਂਦੀਆਂ ਹਨ, ਹਰਿਆਣਾ ਰੋਡਵੇਜ਼ ਦਾ ਇਨ੍ਹਾਂ ਨੇ ਜ਼ਿਕਰ ਨਹੀਂ ਕੀਤਾ. ਉਨ੍ਹਾਂ ਨੇ (ਹਰਿਆਣਾ ਨੇ) ਇਨਕਾਰ ਨਹੀਂ ਕੀਤਾ ਕਿ ਅਸੀਂ ਨਹੀਂ ਬਣਾਉਂਦੇ । ਜਿਹੜੀਆਂ ਹੁਣ ਇਹ ਬਾਡੀਜ਼ ਬਣਾਉਂਦੇ ਹਨ ਜਾਂ ਲਗਾਉਂਦੇ ਹਨ, ਇਨ੍ਹਾਂ ਸਾਰਿਆਂ ਨੂੰ ਕੰਪੇਅਰ ਕਰ ਲਿਆ ਜਾਵੇ ਅਤੇ ਜੋ ਕਮੇਟੀ ਰਿਪੋਰਟ ਦੇਵੇ, ਉਸ ਨੂੰ ਅਸੀਂ ਵੀ ਪ੍ਰਵਾਨ ਕਰੀਏ ਅਤੇ ਸਦਨ ਵੀ ਪ੍ਰਵਾਨ ਕਰੇ । ਕੀ ਕੋਈ ਇਸ ਤਰ੍ਹਾਂ ਦੀ ਕਮੇਟੀ ਬਣਾਈ ਜਾ ਸਕਦੀ ਹੈ ?

ਸ੍ਰੀ ਸਪੀਕਰ : ਇਹ ਮਹਿਕਮੇ ਦੀਆਂ ਕਮੇਟੀਆਂ ਬਣਾ ਰਹੇ ਹਨ । ਅੱਗੇ ਲਕਸ਼ਮੀ ਕਾਂਤਾ ਚਾਵਲਾ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਕ ਮੈਂਬਰ ਤੋਂ ਦੋ ਤੋਂ ਵੱਧ ਸਪਲੀਮੈਂਟਰੀ ਨਾ ਕਰਵਾਇਆ ਕਰੋ । (ਵਿਘਨ)

ਸ੍ਰੀ ਸਪੀਕਰ : ਅਗਲਾ ਸਵਾਲ ।

ਲੋਕ ਸੰਪਰਕ ਵਿਭਾਗ ਦੁਆਰਾ ਦਿੱਤੇ ਗਏ ਇਸ਼ਤਿਹਾਰਾਂ ਤੇ ਖਰਚਾ

*1367. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਲੋਕ ਸੰਪਰਕ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 1 ਮਾਰਚ, 1997 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਰਾਜ ਦੇ ਲੋਕ ਸੰਪਰਕ ਵਿਭਾਗ ਦੁਆਰਾ ਕੁੱਲ ਕਿੰਨੇ ਇਸ਼ਤਿਹਾਰ ਦਿੱਤੇ ਗਏ ਅਤੇ ਉਨ੍ਹਾਂ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਇਸ਼ਤਿਹਾਰ ਕਿਹੜੇ-ਕਿਹੜੇ ਮੌਕਿਆਂ ਤੇ ਦਿੱਤੇ ਗਏ ਸਨ ਅਤੇ ਉਨ੍ਹਾਂ ਨੇਤਾਵਾਂ ਦੇ ਨਾਂ ਕੀ-ਕੀ ਹਨ, ਜਿਨ੍ਹਾਂ ਦੀਆਂ ਫੋਟੋਆਂ ਉਕਤ ਇਸ਼ਤਿਹਾਰਾਂ ਵਿਚ ਛਪਾਈਆਂ ਗਈਆਂ ਸਨ;

(ੲ) ਉਕਤ ਇਸ਼ਤਿਹਾਰ ਕਿਹੜੇ-ਕਿਹੜੇ ਅਖਬਾਰਾਂ ਨੂੰ ਦਿੱਤੇ ਗਏ ਸਨ ਅਤੇ ਉਨ੍ਹਾਂ ਤੇ ਕੀਤੇ ਗਏ ਖਰਚੇ ਦੇ ਅਖਬਾਰ-ਵਾਰ ਵੇਰਵੇ ਕੀ-ਕੀ ਹਨ ?

ਸਰਦਾਰ ਸੇਵਾ ਸਿੰਘ ਸੇਖਵਾਂ : (ੳ) ਮਿਤੀ 1 ਮਾਰਚ 1997 ਤੋਂ 19 ਫਰਵਰੀ, 1999 ਤੱਕ 57 ਮੌਕਿਆਂ ਤੇ 1,46,35,400 ਰੁਪਏ ਦੇ ਇਸ਼ਤਿਹਾਰ ਜਾਰੀ ਕੀਤੇ ਗਏ ।

(ਅ) ਅਤੇ (ੲ) ਲੋੜੀਂਦਾ ਵੇਰਵਾ ਅਨੁਲੱਗ 'ਏ' ਤੇ ਨੱਥੀ ਕੀਤਾ ਗਿਆ ਹੈ ।

ANNEXURE—A

Date	Name of Occasion	List of News Papers	Amount	Name of the leader whose photographs were published
1	2	3	4	5
23-3-97	Martyrdam Day of Shaheed Bhagat Singh	The Tribune, Indian Express, Punjabi Tribune, Ajit & Ajit Samachar Jalandhar, Akali Patrika, Jagbani, Punjab Kesri, Nawan Zamana, Milap, Hindi Milap, Vir Partap, Utam Hindu, Chardi Kala, Ranjit & Tir Kaman Patiala, Suraj Ludhiana, Pilot Bathinda.	1,20,000/-	S. Bhagat Singh Ji Sh. Raj Guru Ji Sh. Sukhdev Ji
26-3-97	Oath Ceremony-CM	The Hindustan Times Delhi and Ranjit Patiala	39,000/-	
30-3-97	Cultural Fair at Lambi	Punjabi Tribune, The Tribune, Jagbani and Ajit Jalandhar.	24,000/-	S. Parkash Singh Badal, C.M., Ph.
4-4-97	Relief Package by CM	The Tribune, Indian Express, Punjabi Tribune, Akali Patrika, Ajit & Ajit Samachar, Hind Samachar Group Jalandhar, Nawan Zamana, Utam Hindu, Milap & Hindi Milap Jalandhar, Vir Partap Jalandhar, Chardi kala, Ranjit & Tir Kaman Patiala, Arth Prakash Chandigarh.	1,13,000/-	—do—

13-4-97	Baisakhi Day.	The Tribune. Indian Express Delhi & Chandigarh. The Times of India Delhi, Statesman, The Pioneer, National Herold, Hindu & The Hindustan Times Delhi, Punjabi Tribune, Akali Patrika, Ajit, Nawan Zamana, Aaj Di Awaj Jalandhar, Samrat, Jantak Lehar, Jalandhar, Suraj, Tarjman, Rower, Punjab Bulletin, Jagjot Ludhiana, Sarvodhaya Sansar Jalandhar, Kaumi Dan Sangrur, Desh Sewak Chandigarh, Chardi Kala, Shamshir Hind, Panth Khalsa, Ranjit, Nawin Sawer, Poh Phutti, Gainwan, Dharledar, Senapati, Tir Kaman, Sawarn, Hazara Patrika, World Express Patiala, Azad Awaj, Aashiana Patiala, Educator, Jathedar, Panthak Samachar Delhi, U. P. Punjab Samachar, Mahant Jalandhar, Punjab Mail Chandigarh, Hind Samachar Group Jalandhar, Milap & Hindi Milap. Vir Partap, Utam Hindu M R. Khabran, Jalandhar and Sandhaya Chirag Jalandhar, Jai Nandan Jalandhar, Samaj Ludhiana, Post, Kamal Nethara Ludhiana, Dainik The Tribune, Jansatta, Arth Prakash Delhi, News Line Chandigarh, Nav Bharat Times, Daink Jagran Delhi, Hindustan Hindi. Bharat Desh Hamara Patiala and Pilot Bathinda, Nawan Lok Yog, Himprata. Noori Kiran, Desh Pradesh, Patiala. Naudaran News Chandigarh.	5,50,000/-	—do—

1	2	3	4	5
14-4-97	Birthday of Sh. B. R. Ambedkar	The Tribune, Indian Express, Punjabi Tribune Chandigarh, Akali Patrika, Ajit & Ajit Samachar, Hind Samachar Group Jalandhar, Nawan Zamana Utam Hindu, Hindi Milap, Vir Partap, Chardi Kala, Ranjit and Tir Kaman Patiala.	98,000/-	S. Parkash Singh Badal, C. M. Pb.
15-4-97	Ram Navami Utsav	Hind Samachar Group Jalandhar, Ajit & Ajit Samachar Jalandhar, Akali Patrika, Nawan Zamana, Utam Hindu, M.R. Khabran Vir Partap, Hindi Milap and Aaj Di Awaj Jalandhar, Dainik The Tribune, Arth Prakash Yug Marg Chandigarh, Chardi Kala, Tir Kaman and Ranjit Patiala.	90,000/-	—do—
18-4-97	Id-ul-Fiter	Punjabi Tribune, Ajit & Ajit Samachar Akali Patrika, Nawan Zamana, Hind Samachar Group Jalandhar. Utam Hindu, Milap and Vir Partap Jalandhar.	86,400/-	—do—
20-4-97	Mahavir Jayanti	Hind Samachar Group Jalandhar, Ajit & Ajit Samachar, Akali Patrika, Hindi Milap, Vir Partap, Nawan Zamana, Utam Hindu, Vir Partap Jalandhar, The Tribune Group	2,60,000/-	—do—

		Chandigarh, Indian Express Delhi and Chandigarh, Hindu Delhi, The Pioneer, The Statesman and The Times of India Delhi.		
1-5-97	May Day	Indian Express Chandigarh, The Tribune and Punjabi Tribune, Ajit & Ajit Samachar, Akali Patrika, Hind Samachar Group, Hindi Milap, Vir Partap, Nawan Zamana, Arth Prakash, Yug Marg Chandigarh, Utam Hindu Jalandhar, Chardi Kala, Tir Kaman and Ranjit Patiala.	1,10,000	--do--
3-5-97	Baba Jassa Singh Ramgharhia	Indian Express, The Tribune & Punjabi Tribune, Desh Sewak, Arth Prakash, Yug Marg Chandigarh, Akali Patrika, Ajit & Ajit Samachar, Nawan Zamana, Aaj Di Awaj, Hind Samachar Group Jalandhar, Utam Hindu, Hindi Milap, Vir Partap Jalandhar, Chardi Kala, Ranjit and Tir Kaman Patiala.	1,05,000/-	--do--
7-5-97	About Services of Bhai Kanaya Ji	The Tribune, Indian Express, Punjabi Tribune, Desh Sewak, Arth Prakash, Yug Marg Chandigarh,, Akali Patrika, Ajit & Ajit Samachar, Nawan Zamana,, Aaj Di Awaz, Hind Samachar Group Jalandhar, Utam Hindu, Hindi Milap, Vir. Partap Jalandhar, Chardi Kala, Ranjit and Tir Kaman Patiala.	1,50,000/-	--do--

1	2	3	4	5
21-5-97	Shaheed Dr. Diwan Singh Kalepani	The Tribune, Express, Punjabi Tribune, Desh Sewak Chandigarh, Hindi Samachar, Group Jalandhar, Milap and Hindi Milap, Ajit and Ajit Samachar, Vir Partap, Aaj di Awaz, Nawan Zamana, Akali Patrika Jalandhar, Chardi Kalan, Ranjit and Tir Kaman Patiala.	1,47,000/-	S. Parkash Singh Badal, C. M.
27-6-97	Shere Punjab Maharaja Ranjit Singh Ji	Indian Express Chandigarh & Delhi, The Tribune Chandigarh, Times of India Delhi, Punjabi The Tribune Chandigarh, Desh Sewak, Yug Marg & Arth Prakash Chandigarh, Ajit & Ajit Samachar Jalandhar, Akali Patrika, Nawan Zamana, Aaj Di Awaj, Utam Hindu and Hind Samachar Group Jalandhar, Milap & Hindi Milap, Vir Partap, Chardi Kala, Ranjit & Tir Kaman Patiala.	3,72,000/-	--do--
30-7-97	Shaheed Udham Singh Ji	Indian Express Delhi & Chandigarh, The Tribune Chandigarh, Hindu, National Harld, The Pioneer & Statesman Delhi, Punjabi Tribune, Desh Sewak, Arth Prakash, Yug	3,50,000/-	S. Parkash Singh Badal, C.M. S. Sukhdev Singh Dhindsa, Dy. Chairman

		Marg Chandigarh, Akali Patrika, Nawan Zamana, Ajit & Ajit Samachar, Hind Samachar Group Jalandhar, Aaj Di Awaj, Utam Hindu, Milap & Hindi Milap, Vir Partap, Chardi Kala, Ranjit, Swaran & Tir Kaman Patiala, Kaumi Den Sangrur.		
1-8-97	To Laydown Stone Focal Points Scheme	Indian Express Delhi & Chandigarh, The Tribune Chandigarh, National Herald, The Pioneer, Hindu & Stateman Delhi, Punjabi Tribune, Akali Patrika, Ajit & Ajit Samachar, Nawan Zamana, Aaj Di Awaj, Utam Hindu, Vir Partap, Milap & Hindi Milap, Hind Samachar Group Jalandhar, Yug Marg, Arth Prakash, Desh Sewak Chandigarh, Chardi Kala, Tir Kaman & Ranjit Patiala, Punchi, Suraj, Tarjman, Rower, Punjab Bulaitan, Jagjot, Kamal Netar, Samaj Ludhiana, Express Ludhianan, Samrat, Jantak Lahar, Jai Nandan, Sandhya Chirag, M.R. Khabran Jalandar, Poh Phutti, Naween Sewer, Bharat Desh Hamara, Shamshir Hind, Panth Khalsa, Dharledar, Gianwan, Senapati, Hazara Patrika, Pias, Aashiana, Lok Ran, Noori Kirn & World Express Patiala.	3,81,000/-	S. Parkash Singh Badal, C.M

1	2	3	4	5
14-8-97	Independence Day	The Times of India, The Hindustan Times, National Herold, Statesman, The Pioneer, Hindu Business Standard, Observer, Indian Express Delhi & Chandigarh, The Tribune Chandigarh, Punjabi Tribune, Ajit & Ajit Samchar Jalandhar, Hind Samachar Group Jalandhar, Akali Patrika, Nawan Zamana, Aaj Di Awaj, Samart, Jantak Lahar Jalandhar, Suraj Rower, Punjab Bulaitan, Tarjman, Jagjot Ludhiana, Kaumi Den Sangrur, Chardi Kala, Shamshir Hind, Panth Khalsa, Ranjit, Naween Sawer, Poh Phutti, Dharleder, Gianwan, Senapati, Tir Kaman, Swaran, Hazara Patrika, Pias, Aashiana, Lok Ran, Naween Parbhat Calcutta, Educater, Jathedar, Azad Awaj Patiala, Desh Sewak, Sarpanch, Jansatta, Daink Tribune, Shivalik Sandesh, Arth Prakash Chandigarh, Vir Partap, Milap & Hind Milap, Jai Nandan, Sandhya Chirag, M. R. Khabren, Utam Hindu Jalandhar, Bharat Desh Hamara Delhi & Patiala, Pilot Bathinda, Kamal Netar	8,64,000/-	S. Parkash Singh Badal, C.M.

		Ludhiana, Hindustan Hindi, Nav Bharat Times, Rozana Jagran Delhi, Press Sangrash Ambala, Huk Prasat Kaithal, Navjoti, Ludhiana Post, Samaj Jalandhar, Tej & Partap Delhi.		
14-8-97	Six Months Achievements Punjab Govt.	Indian Express Delhi, Chandigarh The Tribune, The Times of India Delhi, National Harld, The Pioneer, The Hindustan Times, Hindu & Statesman Delhi, Punjabi Tribune, Desh Sewak, Yug Marg, Arth Prakash Chandigarh, Akali Patrika, Ajit & Ajit Samachar, Hind Samachar Group Jalandhar, Nawan Zamana, Aaj Di Awaj, Mahnet, Vir Partap, Milap & Hindi Milap Jalandhar.	3,41,000/-	—do—
16-8-97	Barsi Sant Harchand Singh Longowal	Indian Express Delhi, Chandigarh, The Tribune, The Times of India, The Pioneer, National Herald, Statesman Delhi, Punjabi Tribune, Desh Sewak, Yug Marg, Arth Prakash, Akali Patrika, Ajit & Ajit Samachar, Hind Samachar Group, Vir Partap, Milap & Hind Milap, Utam Hindu, Chardi Kala, Ranjit & Tir Kaman Patiala, Kaumi Den Sangrur.	8,25,000/-	S. Harchand Singh Longowal

1	2	3	4	5
4-9-97	Teacher is Day	Indian Express, The Tribune, Punjabi Tribune, Ajit Jalandhar, Akali Patrika Jalandhar, Nawan Zamana, Punjab Kesri, Jagbani Jalandhar & Chardi Kala Patiala.	80,000/-	S. Parkash Singh Badal, C.M. S. Tota Singh, E.M. Sh. Swarna Ram State E.M.
25-9-97	C.M.'s Appeal	Indian Express, The Tribune, Punjabi Tribune, Akali Patrika, Ajit & Ajit Samchar Nawan Zamana, Aaj Di Awaj, Hind Samachar Group Jalandhar, Utam Hindu, Vir Partap, Milap & Hindi Milap Jalandhar, Desh Sewak, Yug Marg, Arth Prakash Chandigarh, Chardi Kala, Ranjit, Tir Kaman, Bharat Desh Hamara, Shamshir Hind, Panth Khalsa, Naween Sawer, Poh Phutti, Dharledar, Gianwan, Senapati, Hazara Patrika, Pias, Aashiana, Lok Ran, Noori Kiran, Azad Awaj, World Express, Swaran Patiala, Panchhi, Samaj Tarajman, Rower, Punjab Bullletin, Jagjot Ludhiana, Desh Sewak	1,97,000/-	S. Parkash Singh Badal, C.M.

		Patiala, Kamal Netar, Ludhiana Express, Rohjan Ludhiana, Samrat, Jai Nandan Sandhaya Chirag, M. R. Khabren, Mahnet Jalandhar, Kaumi Den Sangrur, Pilot Bathinda.		
2-10-97	Gandhi Jayanti	Indian Express, The Tribune, Punjabi Tribune, Desh Sewak, Arth Prakash, Yug Marg Chandigarh, Ajit & Ajit Samachar, Akali Patrika, Hind Samachar Group Jalandhar, Nawan Zamana, Utam Hindu, Aaj Di Awaj, Vir Partap, Milap & Hindi Milap, Mahnet Jalandhar, Chardi Kala, Ranjit & Tir Kaman Patiala.	1,21,000/-	Mahatama Gandhi
10-10-97	PM's Punjab Visit	The Times of India, Statesman, Hindu, The Pioneer, National Herald Delhi, The Tribune Chandigarh, Indian Express Delhi & Chandigarh, Asian Age Delhi Punjabi Tribune, Ajit & Ajit Samachar, Hind Samachar Group Jalandhar, Akali Patrika, Nawan Zamana, Aaj Di Awaj, Vir Partap, Utam Hindu, Milap & Hindi Milap, Chardi Kala, Tir Kaman, Ranjit Patiala, Desh Sewak, Arth Prakash, Yug Marg Chandigarh Samrat, Mahnet, Suraj, Tarjman, Rower,	4,96,000/-	Sh. I. K. Gujral Ex. P. M. S. Parkash Singh Badal

1	2	3	4	5
		Punjab Bulletin, Jagjot, Kaumi Den, Lok Ran, Shamshir Hind, Panth Khalsa, Naween Sawer, Poh Phutti, Dharledar, Gianwan, Senapati, Sawran, Pias, Aashiana, World Express Patiala, Educator Delhi, Noori Kiran Patiala, Jai Nandan, Sandhaya Chirag, M. R. Khabren, Bharat Desh Hamara Patiala, Pilot Bathinda, Kamal Netar Ludhiana, Post Samaj Ludhiana, Huk Prasat & Press Sangrash Ambala.		Sh. I. K. Gujral Ex. P. M. S. Parkash Singh Badal, C.M.
12-10-97	Congratulation to P.M.	Hidustan Times, The Times of India, Observer, Stateman, Hindu, The Pioneer, National Herald, Indian Express Delhi & Chandigarh, The Tribune, Desh Sewak, Arth Prakash, Yug Marg, Sarpanch Chandigarh, Asian Age Delhi, Ajit & Ajit Samachar, Akali Patrika, Nawan Zamana, Aaj Di Awaj, Vir Partap, Utam Hindu, Milap & Hindi Milap, Chardi Kala, Pilot Bathinda, Huk Prasat, Press Sangrash Ambala, Educater, Panthak Samachar, Partap Delhi, Samart, Jai Nandan,	6,41,000/-	—do—

		Sandhaya Chirag, M. R. Kharbren, Mahnet Jalandhar, Samaj, Panchhi, Suraj, Tarajman, Punjabi Bulletin, Jagjot, Rover Ludhiana, Post Ludhiana, Tir Kaman, Ranjit, Shamshir Hind, Panth Khalsa, Naveen Sawer, Pauh Phutti, Dhadaledar, Giyanwan, Senapati, Swaran, Piyas, Ashiana, World Express, Noori Kiran, Bharat Desh Hamara Patiala, Lok Ran Rajpura and Kaumi Den Sangrur.		
14-10-97	Queen Elizabeth's Punjab Visit	The Times of India, Asian Age The Statesman, National Herald, Pioneer, Hindu, Indian Express Delhi and Chandigarh, The Tribune Chandigarh, Ajit and Ajit Samachar, Akali Patrika, Aaj Di Awaj, Nawan Zamana, Hind Samachar Group Jalandhar, Vir Partap, Milap and Hindi Milap, Utam Hindu, Yug Marg, Arth Parkash, Desh Sewak Chandigarh, Chardi Kala Patiala.	4,53,000/-	S. Parkash Singh Badal, C.M.
16-10-97	Punjab Welcomes PM	The Hindustan Times, The Times of India, Statsman, National Herald, The Pioneer, Hindu, The Tribune Chandigarh, Indian Express Delhi & Chandigarh, Punjabi Tribune, Ajit & Ajit Samachar, Akali Patrika, Nawan Zamana, Aaj Di Awaj, Utam Hindu,	5,37,000/-	

1	2	3	4	5
		Hind Samachar Group Jalandhar, Vir Partap, Milap & Hindi Milap, Yug Marg, Arth Prakash, Desh Sewak Chandigarh, Chardi Kala, Tir Kaman, Ranjit, Shamshir Hind, Panth Khalsa, Naween Sawer, Poh Phutti, Dharledar, Gianwan, Senapati, Sawarn, Piyas, Ashiana Patiala, Lok Ran Rajpura, Kaumi Den Sangrur, World Express, Noori Kiran, Bharat Desh Hamara Jalandhar, Samaj, Jai Nandan, Sandhaya Chirag, M. R. Khabran, Mahnet Jalandhar, Suraj, Punjab Bulletin, Jagjot, Tarajman. Rover, Ludhiana Post, Punchhi, Sarpanch Chandigarh, Haq Prasat, Press Sangrash Ambala, Jathedar Delhi, Pilot Bathinda, Desh Pradesh Patiala.		
17-10-97	Welcome Ceremony of PM	The Tribune Group Chandigarh, Indian Express Delhi & Chandigarh, Jalandhar News Line, Ajit & Ajit Samachar, Hind Samachar Group, The Hindustan Times, The Times of India, The Statesman, Hindu, The Pioneer & National Harld Delhi, Akali Patrika, Aaj Di Awaz, Na-	21,73,000/-	Sh. I. K. Gujral Ex. P.M. S. Parkash Singh Badal, C.M.

		wan Zamana, Uttam Hindu, Vir Partap, Milap & Hind Milap, Mahnet Jalandhar, Desh Sewak, Yug Marg, Arth Prakash Chandigarh, Chardi Kala, Tir Kaman, Ranjit, Shamshir Hind, Panth Khalsa, Naveen Sawer, Pauh Phutti, Dharledar, Gianwan, Senapati, Sawarn, Pyas, Aashiana, World Express, Noori Kiran, Bharat Desh Hamara Patiala, Lok Ran Rajpura, Kaumi Den Sangrur, Educater Delhi, Pilot Bathinda, Suraj, Punjab Bullatin, Jagjot, Tarjman, Rover, Samaj, Ludhiana Post, Punchhi, Sarpanch Chandigarh, Kamal Netar, Ludhiana, Samart, Jai Nandan Jalandhar, M. R. Khabran, Sandhaya Chirag Jalandhar, Desh Predesh, Patiala.		
18-10-97	Maharishi Balmiki Ji	Indian Express, The Tribune Chandigarh. Ajit & Ajit Samachar, Punjab Kesri, Jagbani, Aaj Di Awaj, Nawan Zamana, Uttam Hindu Jalandhar.	87,000/-	S. Parkash Singh Badal, C.M.
29-10-97	Homage to Veterans of Saka Panja Sahib	The Tribune, Ajit & Ajit Samachar, Jagbani, Hind Samachar, Aaj Di Awaj, Chardi Kala, Ranjit, Tir Kaman Patiala, Desh Sewak Chandigarh.	1,12,000/-	S. Sewa Singh Sehkwan M.I.P.R.

1	2	3	4	5
30-10-97	Vishwakarma Day	Indian Express, Punjabi Tribune, Punjab Kesri, Nawan Zamana, Akali Patrika, Uttam Hindu, Yug Marg, Arth Prakash, Northern News Chandigarh.	54,000/-	S. Parkash Singh Badal, C.M.
2-11-97	Faloral Tribute to Sant Fateh Singh Ji	Indian Express, The Tribune, Ajit, Punjab Kesri, Nawan Zamana, Aaj Di Awaj, Akali Patrika, Jalandhar.	84,000/-	
3-11-97	Freedom Fighter of Praja Mandal Movement	Indian Express, Punjabi Tribune, Desh Sewak, Yug Marg, Arth Prakash, The Tribune Chandigarh, Ajit Samachar, Jagbani, Hind Samachar, Uttam Hindu Jalandhar, Chardi Kala, Ranjit, Tir Kaman, Patiala.	65,000/-	S. Parkash Singh Badal, C.M.
8-11-97	State Level Function Bhagat Namdev Ji	The Tribune, Indian Express, Punjabi Tribune, Desh Sewak, Arth Prakash, Yug Marg, Ajit & Ajit Samachar Jalandhar, Hind Samachar Group, Akali Patrika, Nawan Zamana, Aaj Di Awaj, Uttam Hindu, Vir Partap, Milap & Hind Milap, Chardi Kala, Ranjit & Tir Kaman, Patiala.	1,15,000/-	—do—

12-11-97	Birthday Shere Punjab Maharaja Ranjit Singh	Indian Express, The Tribune, Punjabi Tribune Ajit & Ajit Samachar, Akali Patrika, Nawan Zamana, Uttam Hindu, Vir Partap, Milap & Hind Milap, Hind Samachar Group Jalandhar, Desh Sewak Chandigarh, Chardi Kala, Ranjit & Tir Kaman, Patiala.	1,40,000/-	—do—
14-11-97	Sri Guru Nanak Dev Ji	Indian Express, The Tribune, Punjabi Tribune, Ajit & Ajit Samachar, Akali Patrika, Aaj Di Awaj, Nawan Zamana, Hind Samachar Group, Uttam Hindu, Vir Partap, Milap, Hindi Milap, Desh Sewak, Yug Marg, Arth Prakash, Chardi Kala, Tir Kaman, Ranjit Patiala.	1,38,000/-	—do—
14-11-97	To Honour Mrs. Ambedkar	Punjabi Tribune, Indian Express, The Tribune Chandigarh, Desh Sewak, Ajit & Ajit Samachar, Nawan Zamana, Uttam Hindu, Akali Patrika, Hind Samachar Group, Vir Partap, Milap & Hindi Milap, Tir Kaman, Chardi Kala, Ranjit Patiala, Arth Prakash Chandigarh.	1,07,000/-	—do—
17-11-97	Guru Ka Bagh Morcha State Level Function	The Tribune, Indian Express, Ajit Jalandhar, Akali Patrika, Aaj Di Awaj Jalandhar, Nawan Zamana, Vir Partap, Punjab Kesri, Hind Samachar Jalandhar.	47,000/-	S. Sewa Singh Sekhwan M.I.P.R.

1	2	3	4	5
30-1-98	Martyrs Day of Mahatma Gandhi Ji	The Tribune, Indian Express Chandigarh, Ajit Jalandhar, Punjab Kesri, Hind Samachar Jalandhar, Milap.	41,000/-	
12-3-98	Hola Mohalla Sri Anandpur Sahib	The Tribune, Indian Express, Punjabi Tribune, Desh Sewak Chandigarh, Yug Marg, Ajit Jalandhar, Ajit Samachar, Akali Patrika, Aaj Di Awaj, Vir Partap, Hindi Milap, Milap, Nawan Zamana, Uttam Hindu, Hind Samachar Group Jalandhar, Chardi Kala, Tir Kaman, Ranjit Patiala, Sarpanch Chandigarh, M. R. Khabran Jalandhar, Nirbheh, Sewak Ludhiana, Northern News Chandigarh.	1,34,000/-	
21-3-98	400 Days Achievements of Punjab Govt.	Indian Express, The Tribune, Punjabi Tribune, Desh Sewak, Arth Prakash, Yug Marg, Chandigarh, Ajit & Ajit Samachar, Hind Samachar Group, Akali Patrika, Milap, Hindi Milap, Vir Partap, Nawan Zamana, Uttam Hindu, Aaj Di Awaj, Chardi Kala, Ranjit, Tir Kaman.	1,29,000/-	S. Parkash Singh Badal, C.M.

20-3-98	Congratulations to PM	Indian Express, The Tribune, The Pioneer National Herald, Stateman, Observer Delhi, Punjabi Tribune, Ajit & Ajit Samacnar, Akaii Patrika, Nawan Zamana, Aaj Di Awaj, Hind Samachar Group, Vir partap, Milap, Hindi Milap, Uttam Hindu, Yug Marg, Arth Prakash, Desh Sewak Chandigarh, Ranjit, Tir Kaman & Chardi Kala Patiala.	1,24,000/-	Prime Minister, S. Parkash Singh Badal, C.M.
22-3-98	Shaheed-a-Azam S. Bhagat Singh ji	The Tribune & Punjabi Tribune, Indian Express, Desh Sewak Chandigarh, Arth Parkash, Yug Marg, Tir Kaman, Chardi Kala Ranjit Patiala, Ajit & Ajit Samachar, Akali Patrika, Hind Samachar Group, Aaj Di Awaj Jalandhar, Uttam Hindu, Milap & Hindi Milap, Nawan Zamana, Vir Partap.	1,26,000/-	
3-4-98	Ram Naumi	The Times of India, The Hindustan Times, The Pioneer, Observer, Indian Express Delhi, The Tribune Chandigarh, Ajit, Akali Patrika, Aaj Di Awaj, Nawan Zamana, Vir Partap, Hindi Milap, Punjab Kesari Jalandhar, Desh Sewak Chandigarh, Chardi Kala, Ranjit, Tir Kaman Patiala.	1,92,000/-	—do—

1	2	3	4	5
8-4-98	Baisakhi Day	The Tribune, Indian Express, Arth Parkash, Yug Marg, Desh Sewak Chandigarh, The Hindustan Times Delhi, Ajit, Punjab Kesari, Nawan Zamana, Aaj Di Awaj, Vir Partap, Uttam Hindu, Milap, Hindi Milap Jalandhar Chardi Kala, Ranjit, Tir Kaman, Desh Pradesh, Ashiana Patiala, Weeklies Sukhraj Chandigarh, Darshan, Skay Hawk, Shahadat Agro Industrialist, Chandigarh.	1,82,000/-	Prime Minister, S. Parkash Singh Badal, C.M.
8-4-98	Four Hundred Days Achievements of Govt.	Indian Abroad India New Delhi, Indo Canadian Times Canada.	99,500/-	
24-4-98	People of Punjab Welcome PM of India	The Tribune, Indian Express, Punjabi Tribune, Desh Sewak, Arth Parkash, Yug Marg Chandigarh, Divya Himachal Punchkula, The Times of India Delhi, The Pioneer Delhi, Bharat Desh Hamara Shamsheer Hind, Naveen Saver, Pauh Phutti, Panth Khalsa, Dhareledar, Gianwan, Senapati, Sawarn, Hazara Patrika, Pyas Patiala ,Lok Ran Rajpura, World Express, Azad Awaj, Noori	10,00,000/-	Sh. Atal Behari Vajpayee, P.M. Sh. Parkash Singh Badal, C.M.

		Kiran, Desh Pardesh Patiala, Mel Milap Delhi, Business Times Delhi, Ajit & Ajit Samachar, Akali Patrika, Aaj Di Awaj, Nawan Zamana, Uttam Hindu, Hind Samachar Group, Vir Partap, Milap, Hindi Milap Jalandhar, Chardi Kala, Ranjit, Tir Kaman and Ashiana Patiala, Chandigarh News Line, Pilot Bathinda, Kaumi Den Sangrur, Sarpanch, Shivalik Sandesh, Naya Lok Yug Chandigarh, Tarjman Ludhiana, Rover, Punjab Bulletin, Kamal Netra, Ludhiana Post, Samrat, Jagjot, Panchhi Ludhiana.		
24-4-98	State Level Function Bhai Mati Das ji	The Tribune Chandigarh and Indian Express.	65,000/-	Lt. Gen. (Retd.) Sh. B.K.N. Chhibber Governor., Sh. Parkash Singh Badal C.M.
1-5-98	May day	The Tribune, Punjabi Tribune, Indian Express, Desh Sewak, Yug Marg, Arth, Ajit & Ajit Samachar, Hind Samachar Group, Akali Patrika, Aaj Di Awaj, Nawan Zamana, Uttam Hindu, Vir Partap, Milap and Hindi Milap Jalandhar, Chardi Kala, Ranjit, Tir Kaman, Ashiana, Bharat Desh Hamara, Shamsheer Hind, Dhareledar, Gianwan, Senapati, Naveen Saver, Pauh Phutti, Noori Kiran, Desh Pardesh, Hazara Patrika, Pyas, World Express, Azad Awaj and Sawarn Patiala.	74,000/-	S. Parkash Singh Badal, C.M.

1	2	3	4	5
9-6-98	Bhagat Kabir Ji Utsav Mela, Jalandhar	The Tribune, Indian Express Chandigarh, Ajit, Ajit Samachar, Akali Patrika, Aaj Di Awaj, Nawan Zamana, Milap, Hindi Milap, Vir Partap, Uttam Hindu, Hind Samachar Group Jalandhar, Samrat, MR Khabren, Sandhaya Chirag, Janta Lahar and Mehnat Jalandhar, Chardi Kala, Tir Kaman and Ranjit, Ashiana, Noori Kiran Patiala, Desh Sewak, Punjabi Tribune, Yug Marg. Arth Parkash and Mel Milap Chandigarh, Educator, Sunder Virsa, Kisan Mittar, Chardi Kala, Business Times, Bharat Desh Hamara Delhi, UP Pb. Samachar Saharanpur.	1,60,000/-	
24-6-98	Appeal to Milk Venders Punjabi	The Tribune and Desh Sewak Chandigarh, Ajit, Akali Patrika, Nawan Zamana, Aaj Di Awaj Jalandhar, Chardi Kala, Ranjit, Tir Kaman and Ashiana Patiala.	46,000/-	
26-6-98	Death Anniversary Shere Punjab Maharaja Ranjit Singh	The Tribune, Punjabi Tribune, Indian Express, Desh Sewak, Arth Parkash, Yug Marg Chandigarh, Ajit, Ajit Samachar, Akali Patrika, Aaj Di Awaj, Nawan	1,20,300/-	

		Zamana, Uttam Hindu, Vir Partap, Milap, Hindi Milap, Hind Samachar Jalandhar, Chardi Kala, Ranjit, Tir Kaman, Ashiana Patiala.		
17-7-98	State Level Function Shaheed Bhai Mahraj Singh	The Tribune, Indian Express, Chandigarh, Ajit, Ajit Samachar, Akali Patrika, Aaj Di Awaj, Nawan Zamana, Vir Partap, Uttam Hindu, Milap, Hindi Milap, Jagbani, Hind Samachar, Punjab Kesari, Chardi Kala, Tir Kaman, Ashiana Patiala, Ranjit, Desh Sewak. Punjabi Tribune, Northern News Chandigarh, Jagjot, Tarjman, Rover, Punjab Bulletin, Ludhiana Post Ludhiana.	1,01,000/-	S. Parkash Singh Badal, C.M.
28-7-98	State Level Function Shaheed Udham Singh, Sunam	The Tribune, Indian Express, Punjabi Tribune, Desh Sewak, Yug Marg, Arth Divya Himachal P. Kula, Ajit, Ajit Samachar, Akali Patrika, Nawan Zamana, Aaj Di Awaj, Uttam Hindu, Vir Partap, Milap and Hindi Milap, Punjab Kesari, Jagbani Jalandhar, Chardi Kala, Ranjit, Tir Kaman, Ashiana, Senapati, Desh Pardesh, Pyas, World Express, Bharat Desh Hamara, Gianwan, Pauh Phutti, Naween Saver Swaran, Shamsheer Hind, Panth Khalsa Patiala, Azad Soch Bhawanigarh.	1,84,100/-	

1	2	3	4	5
15-8-98	Independence Day	The Hindustan Times, The Times of India, Economic Times, Indian Express Delhi, The Tribune, Punjabi Tribune, Desh Sewak and Sarpanch Chandigarh, Hind Samachar Group Jalandhar, Akali Patrika Nawan Zamana, Aaj Di Awaj, Samrat, Jantak Lehar, Mehnat Jalandhar, Suraj, Rover, Punjab Bulletin, Jagjot Tarjman Ludhiana, Shamsheer Hind, Panth Khalsa Ranjit, Naween Saver Ludhiana, Chardi Kala, Pauh Phutti, Dhareledar, Gianwan, Senapati, Tir Kaman, Swaran, Hazara Patrika, Pyas, Ashiana, Noori Kiran, World Express, Des Pardes Patiala, Kaumi Den Sangrur, Lok Ran Rajpura, Azad Soch Bhawanigarh, Navi Parbhat Calcutta, Educator, Jathedar, Mel Milap Delhi, Vir Partap, Hindi Milap, Milap, Jai Nandan, Sandhya Chirag, MR Khabran, Uttam Hindu, Ajit Samachar and Ajit Jalandhar, The Tribune, Jan Satta	6,60,000/-	

Chandigarh, Shivalik Sandesh, Arth Parkash, Naya Lok Yug, Bharat Desh Hamara Patiala, Pilot Bathinda, Kamal Netra, Panchhi Ludhiana, Teh Partap Delhi, Daler Punjab, Dalit Suneha, Intzar, Noori Preet, Intqam, Roop, World Express, Punjab Light, Gairat, Pyas, Pendu Darpan Sukhraj, Pawittar Bodh, Patiala Express, Pahul Khandedhar, Pbi. Jagat, Patiala Bani, Darshanjit, Zamhuriat, Preet Suneha, Joginder Panchayat Awaj, Dashmesh Patrika Lok Yug, Anad Samachar Nabha, Gagan Savera Nabha, Mel Milap, Sarpanch Chd., Daler Khalsa, Mansarover Times, Kaumi Bulara Khalsa Samachar Amritsar, Nirbhai Sewak, Chandan, Aroma Samrala times Ludhiana, Samrat Sada Zamana, Chandigarh, Times Sakshi Delhi, Chandigarh Darshan, Avahan Batala, Panth Parkash, Sevadar, Pehredar, Singh Sabha Reporter Panthak Ekta Delhi, Kissan Mittar, Visha Ekta, Pilot Bathinda Nazrana Ludhiana, Des Pardes, Quomantry Pardesi, Asian Affairs Delhi, Preet Lari Amritsar, Modern Practical Psychology,

1	2	3	4	5
		Barricade Ludhiana, Harakara, Surkhian Rajpura, Pb. Today Patiala, Integrationist Chd., Indo-China Mirror, Modern Kheri, Ghar Shingar Mehram Nabha, Business Standard Delhi, Pbi, King Chd., Bharat Shan Btda, Madhusar Patiala, Kaumi Marg Chd., Northern News Chd. Scratch Magazine, Noori Preet Janta Bulletin, Khalsa Advocate Bharat Prabha, Nupper Times Chd., Panth Di Awaj, Hari Bhoomi Rohtak, Kaumi Awaj Delhi, Exclusive Weekly Janta Kesari Abohar, Rojgar Bureau, Ved Satuti, Sai Arts, Rajsi Hulara Garjadi Saver Chd., Digest Kaumi Sawtantar International Blast, Janta Lehar Yug Marg, Him Prabha Chd. Awara Badal Kurukshetra, Sher Malwa, Wattan Kesar, Sadai Wattan, Uzur Bharat Delhi, Hem Kunt Patrika Telents Combine, Delhi The Tribune, Saara Bharat, Tender Sandesh, Rajdhani Express, Tender Focus, Tender Auction, Shivram Sandesh, Bharti Interna-		

		tional Kaumi Wangar, News India Divya Himachal, Sky Hawk Mohali, Current News, Adalti News Patiala, Press News Gwalior, Desh Pyar, Amandeep, Green gold. Arth file, Sach Di Kalam, Kanoon Di Aakh, Jagat Bani Nagara Shahadat Agro Industerialist, Kalgidhar Mel, Nakodar, Shromani Punjab, Sacha Aagoo Tarn Taran Amritsar.	
16-8-98	State Level Function at Ludhiana	The Tribune, Indian Express Chandigarh, Punjab Kesari Jalandhar.	58,600/-
18-8-98	Shaheed Sant Longowal	The Tribune, Indian Express Chd., The Times of India Delhi, Ajit, Pb. Kesari, Ajit Samachar, Akali Patrika, Aaj Di Awaj, Nawan Zamana, Vir Partap, Uttam Hindu Jalandhar, Qumi Den, Azad Soch Bhawanigarh, Hindi Milap, Hind Samachar Group Jalandhar. Pbi. The Tribune, Desh Sewak Chd., Chardi Kala Delhi, Tir Kaman, Ranjit Ashiana, Bharat Desh Hamara, Business Times, Him Prabha, Naya Lok, Yug Marg, Shahadat Agro Industerialist Chd.	2,60,000/-
30-9-98	Is Strike Justified	The Tribune, Indian Express Chd., Ajit, Pb. Kesari Jalandhar, Pbi. Tribune Chd.	62,900/-

1	2	3	4	5
2-10-98	An Appeal	The Tribune, Indian Express, Pbi. Tribune Chd.. Ajit, Pb. Kesari Jalandhar.	62,900/-	
28-10-98	Barsi Shaheed Fateh Singh ji	The Tribune, Indian Express, Yug Marg, Roop Sagar Blast Shahd at Agro Industrilist Chd., Punjab Kesari, Nawan Zamana, Ajit Jalandhar.	59,500/-	S. Parkash Singh Badal, C.M.
11-11-98	PM Visit at Bathinda	Indian Express, National Herald, Statesman, The Pioneer, The Times of India, Hindutsan Times, Hindu Delhi, The Tribune, Pb. Kesari, Ajit, Jagbani, Ajit Samachar, Nawan Zamana, Akali Patrika, Vir Partap Jalandhar, Desh Sewak, Pbi. The Tribune Chd.. Divya Himachal Punchkula, Chardi Kala, Ashiana, Tir Kaman, Ranjit, Yug Marg Chd., Mehnat; Aaj Di Awaj Patiala, Sarpanch Chd., Samrat, Jantak Leher, Suraj Rover, Tarjman Ludhiana, Jagjot, Panth Khalsa, Shamsheer Hind, Naveen Sawer, Pauh Phutti, Gian wan, Dharledar, Senapati, Swarn Pyas, Hazara Patrika, Nuri Kiran, World Express Des Pardes, Azad Soach, Kaumi Ekta Sangrur, Lok Ran Rajpura, U.P.,	7,12,000/-	Sh. Atal Behari Vajpayee, P.M. Sh. Parkash Singh Badal, C.M.

Punjab Samachar, Chardikala, Business Times, Naveen Parbhat, Milap,Hindi Milap Jalandhar, Panthak Samachar, Chardi Kala Delhi, Azad Awaj Patiala, Jai Nandan, Sandhya Chirag, MR Khabran, Utam Hindu Jalandhar, Tribune Jansatta, Shivalik Sandesh, Arth Parkash, Naya Lok Yug, Chandigarh, Bharat Desh Hamara Chandigarh & Delhi, Pilot Bathinda, Kamal Netar Ludhiana, Hind Samachar Jalandhar, Panchhi Ludhiana, Press Sangarsh Ambala, Hind Di Lalkar Bhawani, Daler Punjab, Dalit Sena, Intazar, Noori Preet, Intqam, Roop World Express Patiala, Punjab Light, Gairat Pyas Pandu Darpan, Sukhraj Kaumi, Sampark Sheeda-a-zam, Jaswinder Charda Suraj, Pavitar Bodh Patiala, Express Phul Khendedhar, Punjabi Jagat Patiala, Bani Darpan, Deep Jamhuriat Preet Saneha Anand Samachar Nabha, Gagan Savera, Mel Milap Chandigarh, Sarpanch, Daler Khalsa, Man Sarover, Times Kaumi Bulara, Khalsa Samachar, Nirbhai Sewak Ludhiana, Chandhan Aroma Samrala, Times Smarat, Sada Zamana, Panth Parkash Delhi, Sewa Dar, Kaumi Ekta Ferozepur, Des Pardesh

[ਰਾਜ ਮੰਤਰੀ, ਲੋਕ ਸੰਪਰਕ]

1	2	3	4	5
		Patiala & Chandigarh, Times Sakshi Delhi Chandigarh, Darshan Nazrana Ludhiana, Avhan Batala, Kalghidar mail Nakodar, Bharat Shan Bathinda, Him Prabha, Shadat Agro Industrialist, Chandigarh.		
7-1-99	Maghi Mela	Pbi. Tribune Chd., Ajit Jalandhar.	67,600/-	
11-1-99	Kuka Sikh Martyrs	The Tribune Chd., Pb. Kesari, Ajit Jalandhar.	53,900/-	
26-1-99	Republic Day	Indian Express, The Tribune Chd., Pbi. Tribune, Desh Sewak Chd., Ajit, Jagbani Akali Patrika. Nawan Zamana, Aaz Di-Awaz, Mehnat, Chardi Kala, Ranjit, Pauh Phutti Gian wan. Tir Kaman, Ashiana, Patiala, Kaumi Den Sangrur, Ajit Samachar Jalandhar Arth Parkash, Naya Lok Yug Chandigarh Bharat Desh Hamara, Patiala, Pilot Bathinda, Hind Samachar, Milap Jalandhar.	1,50,400/-	
29-1-99	Guru Ravidass	The Tribune, Indian Express, Pb. Kesari, Ajit Jalandhar,	Rs. 35,000/-	
17-2-99	Jato Morcha	The Tribune Jag Bani, Ajit Jalandhar.	Rs. 25,300/-	
19-2-99	P.M. Visit to Pakistan.	The Tribune, Pbi. Tribune Chd., Jagbani Ajit Jalandhar.	Rs. 38,000/-	

श्रीमती लक्ष्मी कांता चावला : अध्यक्ष महोदय, म मंत्री जी से यही जानकारी चाहती थी, अच्छा हुआ मुझे काफी जानकारी मिल गई लेकिन जैसे एक पंजाबी की कहावत है : "मेरे भुँखे मरन निआणे मैं पिंड वंडदी दाणे" बात कुछ वैसी ही बनी है। (ਇਕ ਅਵਾਜ਼ : ਇਸ ਦੀ ਹਿੰਦੀ ਬਣਾਓ।)

श्री स्पीकर : बीबी जी, आप सवाल पूछिए।

श्रीमती लक्ष्मी कांता चावला : हिन्दी ही नहीं, मैं संस्कृत भी बना दूंगी। इन्होंने यह कहा है कि 1 करोड़ 46 लाख रूपए के विज्ञापन दिये गए लेकिन यह जो इन्होंने नाम बताएं है, उन में से एक ही व्यक्ति पर ज्यादा निहाल हो गए हैं पी. एम. गुजराल जी की पंजाब की विजिट जो 10 अक्तूबर, 1997 को हुई थी उस पर 4,96,000 रूपये खर्च हुए। 12 अक्तूबर, 1997 को उन को बधाई देने के लिए 6,41,000 रूपये खर्च हुए। फिर 16 अक्तूबर 1997 को 5,37,000 रूपए, 17 अक्तूबर, 1997 को 21,73,000 रूपए यानि 10 दिन में नहीं बल्कि 8 दिन में 38,47,000/ रूपए सिर्फ गुजराल साहिब जो पहले पी. एम. थे, उनके वैलकम/बधाई के लिए खर्च गये। उस के बाद फिर एक ही पी. एम. पर एक ही दिन में 19,00,000/- रूपए खर्च कर दिए गये और यह 57,47,000/- रूपए कुछ ही समय में खर्च कर दिए गये। फिर महारानी ऐलिजाबेथ पर उसी महीने 14 अक्तूबर, 1997 को 4,53 000/- रूपए खर्च कर दिए गये। कुल मिला के 10 से 17 तारीख के बीच इन्होंने यह रूपए खर्च कर दिए। मेरा आप के माध्यम से मंत्री जी से यह निवेदन है कि क्या सरकार यह तय करती है कि ज्यादा से ज्यादा एक व्यक्ति पर कितना रूपया खर्चा जा सकता है ? अगर ऐसी कोई बात है तो उस का विवरण दें।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਭੈਣ ਜੀ ਨੂੰ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਵਾਕਿਆ ਹੀ ਸਾਡੇ ਪ੍ਰਧਾਨ ਮੰਤਰੀ ਸਾਹਿਬ, ਗੁਜਰਾਲ ਸਾਹਿਬ ਅਤੇ ਅਟੱਲ ਬਿਹਾਰੀ ਵਾਜਪਾਈ ਜੀ ਵੱਖ ਵੱਖ ਸਮਿਆਂ ਵਿੱਚ ਪੰਜਾਬ ਵਿਚ ਆਏ ਸਨ ਅਤੇ ਅਸੀਂ ਉਨ੍ਹਾਂ ਦੀ ਆਮਦ ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਵਾਸਤੇ, ਉਨ੍ਹਾਂ ਦਾ ਸਤਿਕਾਰ ਕਰਨ ਵਾਸਤੇ ਜੋ ਇਨ੍ਹਾਂ ਨੇ ਅੰਕੜੇ ਦਿੱਤੇ, ਉਹ ਇਸ਼ਤਿਹਾਰਾਂ ਤੇ ਖਰਚ ਕੀਤੇ ਕਿਉਂਕਿ ਆਈ. ਕੇ. ਗੁਜਰਾਲ ਜੀ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਬਣੇ ਜਿਨ੍ਹਾਂ ਨੇ ਜੋ ਪੰਜਾਬ ਦੇ ਸਿਰ ਤੇ ਸਭ ਤੋਂ ਵੱਡਾ ਬੋਝ ਸੀ, 85 ਸੌ ਕਰੋੜ ਰੁਪਏ ਦੇ ਕਰਜ਼ੇ ਦਾ, ਉਹ ਸਾਡਾ ਮੁਆਫ ਕੀਤਾ। (ਥੰਪਿੰਗ) ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਨੂੰ ਵੱਖ ਵੱਖ ਪ੍ਰੋਜੈਕਟ ਦਿੱਤੇ, ਸਾਇੰਸ ਸਿਟੀ ਜਲੰਧਰ ਵਿਖੇ ਇੰਟਰਨੈਸ਼ਨਲ ਏਅਰਪੋਰਟ, ਅੰਮ੍ਰਿਤਸਰ ਵਿਖੇ ਅਤੇ ਇਸ ਤਰ੍ਹਾਂ ਦੇ ਕਈ ਹੋਰ ਕਰੋੜਾਂ ਰੁਪਏ ਦੇ ਪ੍ਰਾਜੈਕਟ ਉਨ੍ਹਾਂ ਵੱਲੋਂ ਪੰਜਾਬ ਨੂੰ ਦਿੱਤੇ ਗਏ ਹਨ ਜਦੋਂ ਕਿ ਜਿਹੜੇ ਪਹਿਲਾਂ ਪ੍ਰਧਾਨ ਮੰਤਰੀ ਬਣਦੇ ਰਹੇ ਹਨ, ਉਹ ਪੰਜਾਬ ਆਉਂਦੇ ਰਹੇ ਅਤੇ ਉਨ੍ਹਾਂ ਵੱਲੋਂ ਪੈਕੇਜਾਂ ਦਾ ਐਲਾਨ ਵੀ ਕੀਤਾ ਜਾਂਦਾ ਰਿਹਾ ਪਰ ਅਸਲ ਵਿਚ ਪੰਜਾਬ ਨੂੰ ਕੁਝ ਵੀ ਨਹੀਂ ਦਿੱਤਾ ਗਿਆ। (ਸ਼ੇਮ ਸ਼ੇਮ ਦੀਆਂ

[ਰਾਜ ਮੰਤਰੀ, ਲੋਕ ਸੰਪਰਕ]

ਆਉਂਦਾ ਜਾਂਦਾ) ਇਸ ਤੋਂ ਬਾਅਦ ਸ੍ਰੀ ਅਟੱਲ ਬਿਹਾਰੀ ਵਾਜਪਾਈ, ਪ੍ਰਧਾਨ ਮੰਤਰੀ, ਸਾਡੇ ਪੰਜਾਬ ਦੇ ਵਿੱਚ ਆਏ ਅਤੇ ਮੈਂ ਇਹ ਗੱਲ ਖੁਸ਼ੀ ਦੇ ਨਾਲ ਦੱਸਣਾ ਚਾਹੁੰਦਾ ਹਾਂ ਕਿ ਇਕੱਲੇ ਤੇਲ ਸੋਧਕ ਕਾਰਖਾਨੇ ਲਈ ਜਿਹੜਾ ਕਿ ਬਠਿੰਡਾ ਵਿਖੇ ਲੱਗ ਰਿਹਾ ਹੈ, 16 ਹਜ਼ਾਰ ਕਰੋੜ ਰੁਪਿਆ ਦਿੱਤਾ ਗਿਆ ਹੈ ਜਦੋਂ ਕਿ ਪਿਛਲੇ ਸਮੇਂ ਦੇ ਦੌਰਾਨ....(ਵਿਘਨ) ਤੁਸੀਂ ਬਾਅਦ ਵਿਚ ਸਪਲੀਮੈਂਟਰੀ ਕਰ ਲੈਣਾ ਪਹਿਲਾਂ ਮੈਨੂੰ ਜਵਾਬ ਦੇ ਲੈਣ ਦਿਉ। ਇਹ 16 ਹਜ਼ਾਰ ਕਰੋੜ ਰੁਪਏ ਦਾ ਪ੍ਰਾਜੈਕਟ ਪੰਜਾਬ ਨੂੰ ਦਿੱਤਾ ਜਦੋਂ ਕਿ ਪਿਛਲੇ ਸਾਰਿਆਂ ਸਮਿਆਂ ਦੇ ਦੌਰਾਨ ਇੰਡਸਟਰੀ ਵਾਸਤੇ ਕੇਂਦਰ ਦੀ ਸਰਕਾਰ ਨੇ ਸਾਨੂੰ ਕੇਵਲ 14 ਹਜ਼ਾਰ 500 ਕਰੋੜ ਰੁਪਿਆ ਪ੍ਰਾਜੈਕਟਾਂ ਦੇ ਲਈ ਦਿੱਤਾ ਹੈ। ਇਸ ਕਰਕੇ ਅਸੀਂ ਅਜਿਹੇ ਪ੍ਰਧਾਨ ਮੰਤਰੀ ਲਈ ਅਜਿਹਾ ਕੀਤਾ ਹੈ ਜਿਨ੍ਹਾਂ ਨੇ ਪੰਜਾਬ ਦੇ ਵਾਸਤੇ ਇੰਨਾ ਕੁਝ ਦਿੱਤਾ ਹੈ।

श्रीमती लक्ष्मी कांता चावला : स्पीकर साहिब, मैंने तो यह पूछा ही नहीं है। मैंने तो यह पूछा था कि क्या कोई विभागीय समिति है जो यह तय करती है कि इतना खर्च करना है और किस इश्तिहार पर कितना खर्चा करना है। यह उत्तर और है जैसे "मुंह मुलाहजों किन्हीं को सलाम"। मैंने तो यह पूछा ही नहीं था।

ਸ਼੍ਰੀ ਸਪੀਕਰ : ਮੰਤਰੀ ਜੀ, ਇਸ ਸਬੰਧੀ ਕੋਈ ਸਮਿਤੀ ਹੈ ਜਿਹੜੀ ਇਸ ਸਬੰਧੀ ਤਹਿ ਕਰੇ ਕਿ ਇੰਨਾ ਖ਼ਰਚਾ ਕੀਤਾ ਜਾਣਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਬੰਧੀ 1981 ਦੇ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਥੱਲੇ ਫੈਸਲਾ ਹੋਇਆ ਜਿਸ ਦੇ ਤਹਿਤ ਇਹ ਜੋ ਇਸ਼ਤਿਹਾਰ ਹਨ ਉਹ ਦੁਬਾਰਾ ਪਾਲਿਸੀ ਬਣੀ ਸੀ, ਉਸ ਨੂੰ ਰਿਵਾਈਵ ਕਰਨ ਜਾ ਰਹੇ ਹਾਂ। ਪਿਛਲੇ ਸਮੇਂ ਵਿਚ ਸਕੱਤਰ ਸਾਹਿਬ ਦੀ ਮੀਟਿੰਗ ਹੋਈ ਸੀ ਉਸ ਦੇ ਮੁਤਾਬਿਕ ਅਸੀਂ ਸਮਝਦੇ ਹਾਂ ਕਿ ਜਿਹੜੇ ਇਸ਼ਤਿਹਾਰ ਹਨ ਕਿ ਅੱਗੋਂ ਅਖ਼ਬਾਰਾਂ ਨੂੰ ਕਿਵੇਂ ਦਿੱਤੇ ਜਾਣ ਕਿਉਂਕਿ ਹੁਣ ਟੀ. ਵੀ. ਚੈਨਲ ਜਾਂ ਪ੍ਰਾਈਵੇਟ ਚੈਨਲ ਆ ਗਏ ਹਨ, ਉਨ੍ਹਾਂ ਦੇ ਰਾਹੀਂ ਵੀ ਐਡ ਦਿੱਤੀ ਜਾ ਸਕਦੀ ਹੈ। ਜਿਹੜੀ ਪਹਿਲੀ ਕਮੇਟੀ ਸੀ, ਉਸ ਦੀਆਂ ਸਿਫ਼ਾਰਸ਼ਾਂ ਮੁਤਾਬਿਕ ਇਹ ਐਡ ਕਿਵੇਂ ਦਿੱਤੀ ਜਾਵੇ ਉਨ੍ਹਾਂ ਮੁਤਾਬਿਕ ਮੌਜੂਦਾ ਸਕੀਮ ਜਿਸ ਤਹਿਤ ਐਡ, ਕਲਾਸੀਫਾਈਡ ਅਤੇ ਡਿਸਪਲੇਅ ਆਦਿ ਮਹਿਕਮਾ ਲੋਕ ਸੰਪਰਕ ਕੋਲ ਹੀ ਪਹਿਲਾਂ ਦੀ ਤਰ੍ਹਾਂ ਜਾਰੀ ਰਹਿਣਗੇ।

ਨੰਬਰ ਦੋ ਵੱਖ ਵੱਖ ਕਾਰਪੋਰੇਸ਼ਨਾਂ ਅਤੇ ਬੋਰਡਾਂ ਆਦਿ ਵੱਲੋਂ ਦਿੱਤੀ ਜਾਂਦੀ ਐਡ ਵੀ ਮਹਿਕਮਾ ਲੋਕ ਸੰਪਰਕ ਰਾਹੀਂ ਹੋਵੇਗੀ। ਇਸ ਦੇ ਲਈ ਲੋੜੀਂਦੀਆਂ ਹਦਾਇਤਾਂ ਡਾਇਰੈਕਟਰ, ਬਿਊਰੋ ਆਫ ਪਬਲਿਕ ਇੰਟਰਪ੍ਰਾਇਜ਼ਿਜ਼, ਵੱਲੋਂ ਜਾਰੀ ਕੀਤੀਆਂ ਜਾਣਗੀਆਂ ਅਤੇ ਅਗਰ ਕੋਈ ਮੁਸ਼ਕਲ ਹੋਵੇ ਤਾਂ ਉਹ ਵੱਖ ਵੱਖ ਕਾਰਪੋਰੇਸ਼ਨਾਂ ਅਤੇ ਬੋਰਡਾਂ ਦੀਆਂ ਮੀਟਿੰਗਾਂ ਸੱਦ ਕੇ ਹੱਲ ਕਰੇਗਾ। ਨੰ: 3 ਦੇ ਮੁਤਾਬਿਕ ਅਖ਼ਬਾਰਾਂ ਦੀ ਐਡ ਲਈ ਚੋਣ

ਵਾਸਤੇ ਮੌਜੂਦਾ ਡੀ. ਏ. ਵੀ. ਪੀ. ਪੈਟਰਨ ਸਮੇਂ ਅਨੁਸਾਰ ਲੋੜੀਂਦੀ ਸੋਧ ਨਾਲ ਜਾਰੀ ਰਹੇਗੀ । ਇੱਥੇ ਅਖ਼ਬਾਰ ਦਾ ਲਗਾਤਾਰ ਇਕ ਸਾਲ ਛਪਣਾ ਅਤੇ 2 ਹਜ਼ਾਰ ਕਾਪੀਆਂ ਹਰੇਕ ਇਸ਼ੂ ਦੀਆਂ ਛਪਣੀਆਂ ਜ਼ਰੂਰੀ ਹੋਣਗੀਆਂ । ਕਲਾਸੀਫਾਈਡ ਐਡ ਲਈ ਵੀਕਲੀ ਰਸਾਲਿਆਂ ਦਾ ਸਟੇਟਸ, ਛਪਣ ਵਿਚ ਲਗਾਤਾਰਤਾ ਅਤੇ ਸਰਕੂਲੇਸ਼ਨ ਆਦਿ ਧਿਆਨ ਵਿਚ ਰੱਖਦਿਆਂ ਹੋਇਆਂ ਕੇਸ ਸਰਕਾਰ ਕੋਲ ਆਖ਼ਰੀ ਫੈਸਲੇ ਲਈ ਪੁੱਟ ਕੀਤਾ ਗਿਆ ਹੈ । ਮੌਜੂਦਾ ਭਾਸ਼ਾ ਫ਼ੀਸਦੀ ਜਾਰੀ ਰਹੇਗੀ । ਇੰਡੀਵਿਜੂਅਲ ਅਖ਼ਬਾਰਾਂ ਲਈ ਐਡ ਦੇਣ ਵਾਸਤੇ ਚੋਣ ਮਹਿਕਮਾ ਇਸ ਵਿੱਚ ਛਪਦੇ ਮਸੌਦੇ ਨਫ਼ਰਤ ਜਾਂ ਸਮਾਜ ਵਿਚ ਵੰਡੀਆਂ ਪਾਉਣ ਆਦਿ ਜਿਸ ਨਾਲ ਕੌਮੀ ਭਾਵਨਾ ਦਾ ਨੁਕਸਾਨ ਹੋਵੇ ਤਾਂ ਨਹੀਂ ਛਾਪਦਾ ।

ਅਖ਼ਬਾਰਾਂ ਨੂੰ ਅਟੈਚਮੈਂਟ ਵਿਚੋਂ 50% ਪੰਜਾਬੀ ਦੀਆਂ ਅਖ਼ਬਾਰਾਂ ਨੂੰ, ਅੰਗਰੇਜ਼ੀ ਦੀਆਂ ਅਖ਼ਬਾਰਾਂ ਨੂੰ 20% ਹਿੰਦੀ ਦੀਆਂ ਅਖ਼ਬਾਰਾਂ ਨੂੰ 14% ਅਤੇ 10% ਉਰਦੂ ਦੀਆਂ ਅਖ਼ਬਾਰਾਂ ਨੂੰ ਦਿੱਤਾ ਹੈ । ਜਿਹੜੇ ਇੰਡੀਵਿਜੂਅਲ ਅਖ਼ਬਾਰਾਂ ਵਾਲੇ ਹਨ ਉਹ ਇਸ ਮਸੌਦੇ ਦੇ ਆਧਾਰ ਤੇ ਹੋਵੇਗਾ ਕਿ ਉਹ ਅਖ਼ਬਾਰ ਭਾਸ਼ਾਵਾਦ ਹੋਣ, ਨਫ਼ਰਤ ਜਾਂ ਜਿਸ ਨਾਲ ਸਮਾਜ ਵਿਚ ਵੰਡੀਆਂ ਪੈਣ ਅਤੇ ਸਮਾਜ ਨੂੰ ਜਿਸ ਨਾਲ ਨੁਕਸਾਨ ਹੁੰਦਾ ਹੋਵੇ, ਉਹ ਨਾ ਛਾਪਦੇ ਹੋਣ । ਸਪਲੀਮੈਂਟ ਕੇਵਲ ਉਦੋਂ ਜਾਰੀ ਹੋਣਗੇ ਜਦੋਂ ਕੋਈ ਵੱਡਾ ਪ੍ਰਾਜੈਕਟ ਸ਼ੁਰੂ ਕੀਤਾ ਜਾਵੇਗਾ ਜਿਸ ਰਾਹੀਂ ਪ੍ਰਾਜੈਕਟ ਦੀ ਡਿਟੇਲ ਤੇ ਸਰਕਾਰ ਦੀਆਂ ਪ੍ਰਾਪਤੀਆਂ ਦਰਸਾਈਆਂ ਜਾਣਗੀਆਂ । ਡਿਸਪਲੇਅ ਐਡ ਸਾਲ ਵਿਚ ਇਕ ਵਾਰੀ ਕੌਮੀ ਮਹੱਤਵ ਵਾਲੇ ਦਿਨ ਤੇ ਹੀ ਜਾਰੀ ਹੋਣਗੀਆਂ ਜਿਵੇਂ ਆਜ਼ਾਦੀ ਦਿਵਸ । ਇਸ ਲਈ ਚੋਣ ਮੈਰਿਟ ਦੇ ਆਧਾਰ ਤੇ ਹੋਵੇਗੀ । ਮਹੱਤਵਪੂਰਨ ਸਮਾਗਮਾਂ ਤੇ ਹੋਰ ਸਰਕਾਰੀ ਐਲਾਨਾਂ ਬਾਰੇ ਐਡ ਇੰਪਾਰਟੈਂਟ ਰੋਜ਼ਾਨਾ ਅਖ਼ਬਾਰਾਂ ਨੂੰ ਦਿੱਤੀ ਜਾਵੇਗੀ । ਇਹ ਇਕ ਜਾਂ ਦੋ ਹੋ ਸਕਦੀਆਂ ਹਨ । ਪ੍ਰਾਪਤੀਆਂ ਸਬੰਧੀ ਡਿਸਪਲੇਅ ਐਡ ਸੋਵੀਨਰ, ਅਖ਼ਬਾਰਾਂ ਦੇ ਖ਼ਾਸ ਅੰਕ ਅਤੇ ਮੈਗਜ਼ੀਨਾਂ ਨੂੰ ਬਹੁਤ ਖ਼ਾਸ ਕਾਰਨਾਂ ਤੇ ਮੈਰਿਟ ਦੇ ਆਧਾਰ ਤੇ ਦਿੱਤੀ ਜਾ ਸਕਦੀ ਹੈ । ਇਸ ਦੇ ਲਈ ਬੇਨਤੀ ਸੀ. ਐਮ., ਚੀਫ ਸੈਕਟਰੀ ਜਾਂ ਡੀ. ਪੀ. ਆਰ. ਨੂੰ ਕੀਤੀ ਜਾ ਸਕਦੀ ਹੈ । ਸਰਕਾਰੀ ਮਹਿਕਮੇ, ਕਾਰਪੋਰੇਸ਼ਨਾਂ ਅਤੇ ਬੋਰਡ ਖ਼ਾਸ ਹਾਲਾਤ ਜਾਂ ਮੌਕਿਆਂ ਤੇ ਅਖ਼ਬਾਰਾਂ ਦੇ ਨਾਂ ਐਡ ਦੇ ਵਾਸਤੇ ਦੇ ਸਕਦੇ ਹਨ । ਆਖ਼ਰੀ ਚੋਣ ਦਾ ਫੈਸਲਾ ਡੀ. ਪੀ. ਆਰ. ਕੋਲ ਹੋਵੇਗਾ । ਇਕੋ ਹੀ ਐਡ ਦੁਬਾਰਾ ਵੱਡੀ ਗਿਣਤੀ ਵਿਚ ਅਖ਼ਬਾਰਾਂ ਵਿਚ ਨਾ ਆਵੇ, ਇਸ ਦਾ ਖ਼ਾਸ ਧਿਆਨ ਰੱਖਿਆ ਜਾਵੇਗਾ ਅਤੇ ਜਿਥੋਂ ਤੱਕ ਹੋ ਸਕੇ, ਖਰਚਾ ਬਚਾਇਆ ਜਾਵੇਗਾ ।

श्रीमती लक्ष्मी कांता चावला : मेरी विनती है कि सरकार ने जो उत्तर दिया है, उस में एक संत जी को दान में एक लाख रूपये दिए हैं दूसरे को 80 हजार रूपये और तीसरे संत जी को 41 हजार रूपये दिए हैं । इन में इतना अंतर क्यों है ?

ਸ੍ਰੀ ਸਪੀਕਰ : ਇਸ ਨੂੰ ਰਹਿਣ ਦਿਓ ।

श्रीमती लक्ष्मी कांता चावला : स्पीकर साहिब, यह तो अन्याय है ।

ਸ੍ਰੀ ਸਪੀਕਰ : ਬੈਠ ਜਾਓ । ਸਰਦਾਰ ਅਵਤਾਰ ਸਿੰਘ ਜੀ, ਤੁਸੀਂ ਦੱਸੋ ।

ਸਰਦਾਰ ਅਵਤਾਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਇਹ ਇਸ ਨਾਲ ਕਨਸਰਨਡ ਨਹੀਂ ਹੈ ਇਹ ਐਕਸਪੰਜ ਕਰ ਦਿੱਤਾ ਜਾਵੇ ।

ਸਰਦਾਰ ਅਵਤਾਰ ਸਿੰਘ ਬਰਾੜ : ** **

ਸ੍ਰੀ ਸਪੀਕਰ : ਇਹ ਇਸ ਨਾਲ ਕਨਸਰਡ ਨਹੀਂ ਹੈ । ਡੋਗਰਾ ਸਾਹਿਬ, ਤੁਸੀਂ ਬੋਲੋ । (ਵਿਘਨ) ਮੈਨੂੰ ਇਨ੍ਹਾਂ ਦੀ ਗੱਲ ਸੁਣਨ ਦਿਓ । ਕੇਵਲਜੀਤ ਸਿੰਘ ਜੀ, ਤੁਸੀਂ ਬੋਲੋ । ਜੋ ਇਸ ਨਾਲ ਸਬੰਧਤ ਨਹੀਂ ਸੀ, ਉਹ ਮੈਂ ਐਕਸਪੰਜ ਕਰਾ ਦਿੱਤਾ ਹੈ ।

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਇਹ ਮੈਂ ਮੈਂਬਰ ਸਾਹਿਬ ਦੀ ਤਸੱਲੀ ਲਈ ਦੱਸਣਾ ਚਾਹੁੰਦਾ ਹਾਂ ਕਿ ਜੇ ਉਹ ਚਿੱਠੀ ਦੇਖਣਾ ਚਾਹੁੰਦੇ ਹਨ ਤਾਂ ਮੇਰੇ ਦਫਤਰ ਵਿਚ ਆ ਜਾਣ, ਮੈਂ ਉਨ੍ਹਾਂ ਨੂੰ ਦਿਖਾ ਦੇਵਾਂਗਾ । (ਥੰਪਿੰਗ)

ਸਰਦਾਰ ਅਵਤਾਰ ਸਿੰਘ ਬਰਾੜ : ਹਾਊਸ ਦੀ ਮੇਜ਼ ਤੇ ਕਿਉਂ ਨਹੀਂ ਰੱਖ ਦਿੰਦੇ । ਕੀ ਉਹ ਕੋਈ ਸੀਕਰੇਟ ਡਾਕੂਮੈਂਟ ਹੈ ?

ਸ੍ਰੀ ਸਪੀਕਰ : ਨਹੀਂ ਪਲੀਜ਼, ਰਣੀਕੇ ਜੀ, ਤੁਸੀਂ ਬੋਲੋ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਸੀ ।

ਸ੍ਰੀ ਸਪੀਕਰ : ਡੋਗਰਾ ਸਾਹਿਬ, ਬੈਠ ਜਾਓ । ਅਗਲਾ ਸਵਾਲ ।

ਪੰਜਾਬ ਪੁਲਿਸ ਵਿਚ ਸਹਾਇਕ ਸਬ-ਇੰਸਪੈਕਟਰਾਂ ਦੀ ਭਰਤੀ

*1375. ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵੰਬਰ/ਦਸੰਬਰ, 1998 ਦੇ ਮਹੀਨੇ ਦੇ ਦੌਰਾਨ ਪੰਜਾਬ ਪੁਲਿਸ ਵਿਚ ਸਹਾਇਕ ਸਬ-ਇੰਸਪੈਕਟਰਾਂ ਵਜੋਂ ਰਾਖਵੀਆਂ ਸ਼੍ਰੇਣੀਆਂ ਦੇ ਕਿੰਨੇ ਵਿਅਕਤੀ ਚੁਣੇ ਗਏ ਅਤੇ ਉਨ੍ਹਾਂ ਦਾ ਸ਼੍ਰੇਣੀ-ਵਾਰ ਵੇਰਵਾ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਨਵੰਬਰ/ਦਸੰਬਰ 1998 ਵਿਚ ਜੋ ਸਹਾਇਕ ਥਾਣੇਦਾਰ ਪੁਲਿਸ ਵਿਚ ਭਰਤੀ ਕਰਨ ਲਈ ਸਿਲੈਕਟ ਕੀਤੇ ਗਏ ਹਨ, ਉਨ੍ਹਾਂ ਵਿਚ ਰਾਖਵੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ :—

1.	ਪਛੜੀ ਸ਼੍ਰੇਣੀ	..	13 ਸਾਬਕਾ ਫੌਜੀਆਂ ਅਤੇ ਖਿਡਾਰੀਆਂ ਤੋਂ ਇਲਾਵਾ
2.	ਅਨੁਸੂਚਿਤ ਜਾਤੀ (ਮਜ਼ਬੀ/ ਬਾਲਮੀਕੀ)	..	14
3.	ਅਨੁਸੂਚਿਤ ਜਾਤੀ (ਦੂਸਰੇ)	..	15

**Expunged as ordered by the Chair.

4. ਖਿਡਾਰੀ	..	3 ਜਨਰਲ ਕੈਟਾਗਰੀ-2 ਅਨੁਸੂਚਿਤ ਜਾਤੀ-1
5. ਸੁਤੰਤਰਤਾ ਸੰਗਰਾਮੀ	..	1
6. ਸਾਬਕਾ ਫੌਜੀ	..	18 ਜਨਰਲ-10 ਪਛੜੀ ਸ਼੍ਰੇਣੀ-3 ਅਨੁਸੂਚਿਤ ਜਾਤੀ-2 (ਮਜ਼ਬੀ/ਬਾਲਮੀਕੀ) ਅਨੁਸੂਚਿਤ ਜਾਤੀ-3 (ਦੂਸਰੇ)

ਸਰਦਾਰ ਗੁਲਜ਼ਾਰ ਸਿੰਘ ਰਣੀਕੇ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਭਰਤੀਆਂ ਵਿਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੋਈ ਬੈਕਲਾਗ ਹੈ ? ਜੇ ਹੈ ਤਾਂ ਇਹ ਕਦੋਂ ਪੂਰਾ ਕੀਤਾ ਜਾਵੇਗਾ ?

ਮੁੱਖ ਮੰਤਰੀ : ਬੈਕਲਾਗ ਦਾ ਸੈਪਰੇਟ ਸਵਾਲ ਕਰ ਦੇਣ । ਇਹ ਜੋ ਸਿਲੈਕਸ਼ਨ ਹੋਈ ਹੈ, ਇਹ according to the reservation policy of the Govt. ਹੋਈ ਹੈ ।

ਨਾਬਾਰਡ ਸਕੀਮ ਹੇਠ ਪੁਲ ਦੀ ਉਸਾਰੀ

*1356. **ਸਰਦਾਰ ਅਜੀਤ ਇੰਦਰ ਸਿੰਘ ਮੋਫਰ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਬ-ਡਵੀਜ਼ਨ ਬੁਢਲਾਡਾ, ਜ਼ਿਲ੍ਹਾ ਮਾਨਸਾ ਵਿਚ ਪਿੰਡ ਫਰੀਦਕੇ ਦੇ ਨਜ਼ਦੀਕ ਸਰਹਿੰਦ ਡ੍ਰੇਨ ਦੇ ਨਾਬਾਰਡ ਸਕੀਮ ਹੇਠ ਪੁਲ ਦੀ ਉਸਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅੰਤਿਮ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ): ਹਾਂ ਜੀ, ਇਹ ਪੁਲ ਨਾਬਾਰਡ-III ਦੇ ਪ੍ਰੋਜੈਕਟ ਅਧੀਨ ਬੁਰਜੀ 24500 ਤੇ ਪਿੰਡ ਫਰੀਦਕੇ ਦੇ ਨਜ਼ਦੀਕ ਸਰਹਿੰਦ ਚੋਅ ਤੇ ਬਣਾਉਣ ਦਾ ਉਪਬੰਧ ਕੀਤਾ ਗਿਆ ਸੀ । ਹੁਣ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪੁਲ ਸਰਹਿੰਦ ਚੋਅ ਦੀ ਬੁਰਜੀ 81800 ਤੇ ਬਣਾਉਣ ਲਈ ਵਿਚਾਰ ਕੀਤਾ ਜਾ ਰਿਹਾ ਹੈ, ਜਿਸ ਨਾਲ ਇਤਿਹਾਸਕ ਗੁਰਦੁਆਰੇ ਨੂੰ ਪਹੁੰਚ ਮਾਰਗ ਵੀ ਮਿਲ ਜਾਵੇਗਾ । ਇਨ੍ਹਾਂ ਦੋਨਾਂ ਪੁਲਾਂ ਦੀ ਪ੍ਰਵਾਨਗੀ ਦੇਣ ਲਈ ਨਾਬਾਰਡ ਨੂੰ ਪਹੁੰਚ ਕੀਤੀ ਗਈ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਸ ਵਿਚ ਬਹੁਤ ਵੱਡੀ ਕਾਂਸਪੀਰੇਸੀ ਕੀਤੀ ਗਈ ਹੈ । ਆਲਰੈਡੀ ਨਾਬਾਰਡ ਨੇ ਇਨ੍ਹਾਂ ਪੁਲਾਂ ਦੀ ਉਸਾਰੀ ਲਈ ਫੰਡਜ਼ ਦੀ ਮੰਜ਼ੂਰੀ ਦਿੱਤੀ ਹੋਈ ਹੈ । ਇਹ ਸਿਰਫ ਇਸ ਕਰਕੇ ਕੀਤਾ ਜਾ ਰਿਹਾ ਹੈ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]
ਕਿਉਂਕਿ ਮੇਰੇ ਹਲਕੇ ਨਾਲ ਅਰਸ਼ੀ ਜੀ ਦਾ ਹਲਕਾ ਲੱਗਦਾ ਹੈ ਅਤੇ ਨਾਲ ਹੀ ਹਰਿਆਣਾ ਲੱਗਦਾ ਹੈ। ਪਹਿਲੇ ਨਾਬਾਰਡ ਵੱਲੋਂ ਬੁਰਜੀ 24500 ਤੇ ਪਿੰਡ ਫਰੀਦਕੇ ਦੇ ਨਜ਼ਦੀਕ ਸਰਹਿੰਦ ਚੋਅ ਤੇ ਬਣਾਉਣ ਦੀ ਪਰਪੋਜ਼ਲ ਕੀਤੀ ਗਈ ਸੀ, ਹੁਣ ਸਰਕਾਰ ਬੁਰਜੀ 81800 ਤੇ ਇਹ ਪੁਲ ਬਣਾ ਰਹੀ ਹੈ। ਕੀ ਸਰਕਾਰ ਗਰੰਟੀ ਦੇਵੇਗੀ ਕਿ ਇਨ੍ਹਾਂ ਦੋਨਾਂ ਪੁਲਾਂ ਦੀ ਉਸਾਰੀ ਇੱਕਠੀ ਕੀਤੀ ਜਾਵੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਜਿਹੜੇ ਪੁਲ ਦੀ ਉਸਾਰੀ ਦੀ ਪਰਪੋਜ਼ਲ ਬਣਾਈ ਗਈ ਹੈ, ਉਹ ਉਥੋਂ ਦੇ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ, ਅਤੇ ਇਤਿਹਾਸਕ ਗੁਰਦੁਆਰੇ ਨੂੰ ਪਹੁੰਚ ਮਾਰਗ ਦੇਣ ਲਈ ਬਣਾਈ ਗਈ ਹੈ ਅੋਰ ਜਿਹੜਾ ਪੁਲ ਇਨ੍ਹਾਂ ਦੇ ਪਿੰਡ ਦੇ ਨਾਲ ਲਗਦਾ ਹੈ, ਉਹ ਪੁਲ ਵੀ ਬਣਾ ਦੇਵਾਂਗੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਹ ਹਾਊਸ ਨੂੰ ਬਿਲਕੁਲ ਮਿਸਲੀਡ ਕਰ ਰਹੇ ਹਨ। ਇਹ ਪੁਲ ਮੇਰੇ ਪਿੰਡ ਤੋਂ ਕਾਫੀ ਦੂਰੀ ਤੇ ਹੈ। ਇਸ ਪੁਲ ਲਈ ਨਾਬਾਰਡ ਵਲੋਂ ਫੰਡਜ਼ ਦੀ ਮੰਜ਼ੂਰੀ ਆਈ ਹੋਈ ਹੈ, ਇਸ ਕਰਕੇ ਹਾਊਸ ਦੇ ਵਿਚ ਇਹ ਭਰੋਸਾ ਦੇਣ ਕਿ ਇਸ ਪੁਲ ਨੂੰ ਪਹਿਲੇ ਬਣਾ ਦਿੱਤਾ ਜਾਵੇਗਾ ਤਾਂਕਿ ਲੋਕਾਂ ਨੂੰ ਇਸ ਪੁਲ ਦਾ ਫਾਇਦਾ ਹੋ ਸਕੇ।

ਰਾਜ ਮੰਤਰੀ ਸਪੀਕਰ ਸਾਹਿਬ, ਇਨ੍ਹਾਂ ਦੋਨਾਂ ਪੁਲਾਂ ਦੇ ਲਈ ਫੰਡਜ਼ ਦੀ ਘਾਟ ਹੈ ਅਤੇ ਜਦ ਇਹ ਘਾਟ ਪੂਰੀ ਹੋ ਜਾਵੇਗੀ ਅਤੇ ਫੰਡਜ਼ ਆ ਜਾਣਗੇ ਤਾਂ ਇਹ ਪੁਲ ਬਣਾ ਦਿੱਤੇ ਜਾਣਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਇਸ ਗੱਲ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਹਾਊਸ ਦੇ ਵਿਚ ਯਕੀਨ ਦਿੱਤਾ ਹੈ ਕਿ ਇਨ੍ਹਾਂ ਦੋਨਾਂ ਪੁਲਾਂ ਨੂੰ ਬਣਾ ਦਿੱਤਾ ਜਾਵੇਗਾ। ਬਾਕੀ ਜਿਹੜੇ ਪਹਿਲੇ ਪੁਲ ਲਈ ਨਾਬਾਰਡ ਨੇ ਮੰਜ਼ੂਰੀ ਦਿੱਤੀ ਹੋਈ ਹੈ, ਉਥੇ ਲੋਕਾਂ ਦੀ ਆਬਾਦੀ ਬਹੁਤ ਥੋੜ੍ਹੀ ਹੈ ਅਤੇ ਦੂਸਰਾ ਪੁਲ ਜਿਹੜਾ ਬਣਨਾ ਹੈ, ਉਥੇ ਲੋਕਾਂ ਦੀ ਆਬਾਦੀ ਵੀ ਕਾਫ਼ੀ ਹੈ। ਇਸ ਕਰਕੇ ਇਸ ਪੁਲ ਦੀ ਉਸਾਰੀ ਲਈ ਫੰਡਜ਼ ਦੀ ਪ੍ਰੋਵੀਜ਼ਨ ਕਰਕੇ ਜਲਦੀ ਇਸ ਨੂੰ ਬਣਾ ਦਿੱਤਾ ਜਾਵੇ। ਪਿਛਲੇ 3-4 ਸਾਲ ਤੋਂ ਮੈਂ ਇਹ ਮੰਗ ਕਰਦਾ ਆ ਰਿਹਾ ਹਾਂ। ਨਾਬਾਰਡ ਵਲੋਂ ਜਿਹੜੇ ਫੰਡਜ਼ ਮੰਜ਼ੂਰ ਹੋਏ ਹਨ, ਉਨ੍ਹਾਂ ਫੰਡਜ਼ ਦੇ ਨਾਲ ਪੁਲ ਦੀ ਉਸਾਰੀ ਕਰ ਦਿੱਤੀ ਜਾਵੇ ਅਤੇ ਇਨ੍ਹਾਂ ਦੋਨਾਂ ਪੁਲਾਂ ਦੀ ਉਸਾਰੀ ਇਕੱਠੀ ਹੀ ਕੀਤੀ ਜਾਵੇ।

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਦੋਵਾਂ ਪੁੱਲਾਂ ਨੂੰ ਬਣਾਉਣਾ ਹੈ। ਨਾਬਾਰਡ ਵਲੋਂ ਫੰਡਜ਼ ਦੀ ਪ੍ਰੋਵੀਜ਼ਨ ਕਰਨ ਤੋਂ ਬਾਅਦ ਅਤੇ ਅਰਸ਼ੀ ਸਾਹਿਬ ਨਾਲ ਰਾਏ ਕਰਕੇ ਅਸੀਂ ਇਨ੍ਹਾਂ ਪੁਲਾਂ ਨੂੰ ਬਣਾ ਦੇਵਾਂਗੇ ਅਤੇ ਕਿਸ ਨੂੰ ਪਹਿਲੇ ਬਣਾਉਣਾ ਹੈ, ਇਸ ਬਾਰੇ ਤੁਹਾਡੇ ਨਾਲ ਰਾਏ ਕਰ ਲਵਾਂਗੇ। ਪੁਲ ਅਸੀਂ ਦੋਵੇਂ ਬਣਾਵਾਂਗੇ।

ਖੇਤੀਬਾੜੀ ਵਿਭਾਗ ਨਾਲ ਸਬੰਧਤ ਜਾਇਦਾਦ ਦੀ ਵਿਕਰੀ

*1402. **ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ** (ਸਰਦਾਰ ਅਵਤਾਰ ਸਿੰਘ ਬਰਾੜ ਨੇ ਪੁੱਛ ਕੀਤਾ) ਕੀ ਖੇਤੀਬਾੜੀ ਮੰਤਰੀ ਕਿਰਪਾ ਦੱਸਣਗੇ ਕਿ ਕੀ ਸਾਲਾਂ 1997-98 ਅਤੇ 1998-99 (ਮਿਤੀ ਅੰਤ ਤੱਕ) ਦੇ ਦੌਰਾਨ ਸਰਕਾਰ ਨੇ ਖੇਤੀਬਾੜੀ ਵਿਭਾਗ ਨਾਲ ਸਬੰਧਤ ਕੋਈ ਚੱਲ ਜਾਂ ਅਚੱਲ ਜਾਇਦਾਦ ਦੀ ਨਿਲਾਮੀ/ਵਿਕਰੀ ਕੀਤੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਦੇ ਕਾਰਣ ਕੀ ਹਨ ਅਤੇ ਇਸ ਤੋਂ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਗੁਰਦੇਵ ਸਿੰਘ ਬਾਦਲ : ਹਾਂ ਜੀ । ਲੋੜੀਂਦੀ ਸੂਚਨਾ ਅਨੁਲੱਗ 'ੳ' ਵਿਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ 'ੳ'

ਖੇਤੀਬਾੜੀ ਵਿਭਾਗ ਵਿਚ ਮੰਡੀਆਂ ਦੇ ਵਿਕਾਸ ਆਦਿ ਲਈ ਅਚੱਲ ਜਾਇਦਾਦ ਸਾਲ 1997-98 ਦੌਰਾਨ 375 ਪਲਾਟ 10,76,16,800/- ਰੁਪਏ ਦੇ ਵੇਚੇ ਗਏ । ਇਸ ਵਿਚੋਂ ਚੌਥੇ ਹਿੱਸੇ ਦੀ ਰਕਮ 2,72,02,125/- ਰੁਪਏ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਗਈ ਅਤੇ ਇਸੇ ਸਾਲ ਵਿਚ ਪਲਾਟਾਂ ਦੀ ਸੇਲ ਅਤੇ ਕਿਸ਼ਤਾਂ ਦੀ ਵਸੂਲੀ ਵਜੋਂ 17,40,39,875/-ਰੁਪਏ ਦੀ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਗਈ । ਸਾਲ 1998-99 (28 ਫਰਵਰੀ, 1999 ਤੱਕ) ਦੌਰਾਨ ਅਚੱਲ ਜਾਇਦਾਦ 58 ਪਲਾਟ 4,04,27,000/- ਰੁਪਏ ਦੇ ਵੇਚੇ ਗਏ । ਚੌਥੇ ਹਿੱਸੇ ਵਜੋਂ 1,01,82,000/- ਰੁਪਏ ਦੀ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਗਈ । ਪਲਾਟਾਂ ਦੀ ਸੇਲ ਅਤੇ ਕਿਸ਼ਤਾਂ ਦੀ ਵਸੂਲੀ ਵਜੋਂ ਕੁਲ 13,72,31,422/- ਰੁਪਏ ਦੀ ਵਸੂਲੀ ਕਰਕੇ ਮਿਤੀ 28 ਫਰਵਰੀ, 1999 ਤੱਕ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਈ ਗਈ । ਇਸ ਵਿਭਾਗ ਵਿਚ ਚੱਲ ਜਾਇਦਾਦ ਦੀ ਨਿਲਾਮੀ/ਵਿਕਰੀ ਸਾਲ 1997-98 ਵਿਚ 3,39,574/- ਰੁਪਏ ਅਤੇ ਸਾਲ 1998-99 ਵਿਚ 19,34,398/- ਰੁਪਏ, ਜਿਸ ਦੀ ਕੁੱਲ ਆਮਦਨ 22,73,972/- ਰੁਪਏ ਹੋਈ ਹੈ ਜੀ ।

(ਇਸ ਸੰਵਾਲ ਤੇ ਕੋਈ ਸਪਲੀਮੈਂਟਰੀ ਨਹੀਂ ਹੋਈ ।)

ਲਿੰਕ ਸੜਕਾਂ ਦੀ ਮੁਰੰਮਤ/ਮੁੜ-ਉਸਾਰੀ

*1395. **ਸਰਦਾਰ ਬਲਦੇਵ ਸਿੰਘ ਖਿਆਲਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਦੱਸਣਗੇ ਕਿ :—

(ੳ) ਫਰਵਰੀ, 1996 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਵਿਚ ਜ਼ਿਲ੍ਹਾ-ਵਾਰ ਕਿੰਨੇ-ਕਿੰਨੇ ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ/ਨਵੀਆਂ ਬਣਾਈਆਂ ਗਈਆਂ;

(ਅ) ਰਾਜ ਵਿਚ ਅਜਿਹੀਆਂ ਲਿੰਕ ਸੜਕਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ 1 ਫਰਵਰੀ, 1996 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਮੁਰੰਮਤ/ਮੁੜ-ਉਸਾਰੀ ਹੋਣੀ ਬਣਦੀ ਸੀ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਸੂਚਨਾ ਦਾ ਵਿਵਰਣ ਅਨੁਲੱਗ "ੳ" ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

(ਅ) ਸੂਚਨਾ ਦਾ ਵਿਵਰਣ ਅਨੁਲੱਗ "ਅ" ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੁਲੱਗ 'ਉ'

ਫਰਵਰੀ 1996 ਤੋਂ ਹੁਣ ਤੱਕ ਮੁਰੰਮਤ ਕੀਤੀਆਂ/ਨਵੀਆਂ ਉਸਾਰੀਆਂ ਗਈਆਂ ਸੜਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਜ਼ਿਲ੍ਹੇ ਦਾ ਨਾਂ	ਮੁਰੰਮਤ ਕੀਤੀਆਂ ਸੜਕਾਂ ਦੀ ਲੰਬਾਈ		ਨਵੀਆਂ ਉਸਾਰੀਆਂ ਸੜਕਾਂ ਦੀ ਲੰਬਾਈ	
	ਲੋਃ ਨਿਃ ਵਿਃ (ਕਿਃ ਮੀਃ)	ਪੰਃ ਮੰਃ ਬੋਃ (ਕਿ. ਮੀ)	ਲੋਃ ਨਿਃ ਵਿਃ (ਕਿ ਮੀ)	ਪੰਃ ਮੰਃ ਬੋਃ (ਕਿ ਮੀ)
1	2	3	4	5
ਅੰਮ੍ਰਿਤਸਰ ..	812.00	768.30	42.67	62.04
ਬਠਿੰਡਾ ..	999.15	—	90.38	—
ਫਰੀਦਕੋਟ ..	57.95	309.17	4.75	24.95
ਫਤਹਿਗੜ੍ਹ ਸਾਹਿਬ ..	474.41	—	11.44	—
ਫਿਰੋਜ਼ਪੁਰ ..	535.70	771.00	28.69	154.84
ਗੁਰਦਾਸਪੁਰ ..	553.39	610.89	10.34	80.36

ਹੁਸ਼ਿਆਰਪੁਰ	..	1,279.85	—	92.31	—
ਜਲੰਧਰ	..	627.39	576.38	65.14	141.92
ਕਪੂਰਥਲਾ	..	705.65	—	11.60	—
ਲੁਧਿਆਣਾ	..	1,255.85	426.34	170.75	23.20
ਮਾਨਸਾ	..	—	378.00	16.40	160.00
ਮੋਗਾ	..	458.00	346.89	6.25	9.89
ਮੁਕਤਸਰ	..	296.67	138.19	60.94	82.33
ਨਵਾਂ ਸ਼ਹਿਰ	..		605.14	—	135.40
ਪਟਿਆਲਾ	..	1,275.43	421.62	13.44	46.36
ਰੋਪੜ	..	427.00	—	40.24	—
ਸੰਗਰੂਰ	..	944.56	487.84	61.69	178.70
ਜੋੜ		10,702.86 ਕਿ. ਮੀ.	5,839.76 ਕਿ. ਮੀ.	727.03 ਕਿ. ਮੀ.	1,099.91 ਕਿ. ਮੀ.

ਕੁੱਲ ਮੁਰੰਮਤ ਕੀਤੀਆਂ ਸੜਕਾਂ=16,542.62 ਕਿ. ਮੀ. ਕੁੱਲ ਨਵੀਆਂ ਉਸਾਰੀਆਂ ਗਈਆਂ ਸੜਕਾਂ= 1,826.94 ਕਿ.ਮੀ.

[ਖੇਤੀਬਾੜੀ ਮੰਤਰੀ]

ਅਨੁਲੱਗ 'ਅ'

ਫਰਵਰੀ, 1996 ਤੋਂ ਮਿਤੀ ਅੰਤ ਤੱਕ ਮੁਰੰਮਤ/ਉਸਾਰੀ ਯੋਗ ਸੜਕਾਂ ਦੀ ਗਿਣਤੀ/ਵੇਰਵਾ

ਜਿਲਾ	ਡਿਊ ਸੜਕਾਂ ਦੀ ਗਿਣਤੀ	
	ਲੋਕ ਨਿਰਮਾਣ ਵਿਭਾਗ	ਪੰਜਾਬ ਮੰਡੀ ਬੋਰਡ
1	2	3
ਅੰਮ੍ਰਿਤਸਰ	350	235
ਬਠਿੰਡਾ	76	—
ਫਰੀਦਕੋਟ	42	145
ਫਤਹਿਗੜ੍ਹ-ਸਾਹਿਬ	160	—
ਫਿਰੋਜ਼ਪੁਰ	202	216
ਗੁਰਦਾਸਪੁਰ	337	218
ਹੁਸ਼ਿਆਰਪੁਰ	582	—
ਜਲੰਧਰ	186	370
ਕਪੂਰਥਲਾ	260	—
ਲੁਧਿਆਣਾ	489	171
ਮਾਨਸਾ	—	147
ਮੋਗਾ	143	124
ਮੁਕਤਸਰ	202	134
ਨਵਾਂ ਸ਼ਹਿਰ	—	371
ਪਟਿਆਲਾ	19	162
ਰੋਪੜ	307	—
ਸੰਗਰੂਰ	302	217
ਜੋੜ ਗਿਣਤੀ	3,666	2,510

ਕੁੱਲ ਜੋੜ ਲੋਕ ਨਿਰਮਾਣ ਵਿਭਾਗ : ਪੰਜਾਬ ਮੰਡੀ ਬੋਰਡ -6176

ਸ੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

ਸ੍ਰੀ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ ਦੇ ਬੇਦਖਲ ਕੀਤੇ ਗਏ ਵਿਅਕਤੀਆਂ ਲਈ ਨੌਕਰੀ ਦਾ ਉਪਬੰਧ

*1377. **ਸਰਦਾਰ ਮੱਖਣ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਹਰ ਇਕ ਪਰਿਵਾਰ ਦੇ ਇਕ ਮੈਂਬਰ ਨੂੰ ਨੌਕਰੀ ਦਿੱਤੀ ਹੈ ਜਿਨ੍ਹਾਂ ਦੀ ਜ਼ਮੀਨ ਲਹਿਰਾ-ਮੁਹੱਬਤ, ਜ਼ਿਲ੍ਹਾ ਬਠਿੰਡਾ ਵਿਖੇ ਸ੍ਰੀ ਹਰਗੋਬਿੰਦ ਥਰਮਲ ਪਲਾਂਟ ਸਥਾਪਤ ਕਰਨ ਲਈ ਪ੍ਰਾਪਤ ਕੀਤੀ ਗਈ ਸੀ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਅਜਿਹੇ ਪਰਿਵਾਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਲਾਭ ਦਿੱਤਾ ਗਿਆ ਹੈ ਅਤੇ ਉਨ੍ਹਾਂ ਪਰਿਵਾਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਇਹ ਲਾਭ ਨਹੀਂ ਦਿੱਤਾ ਗਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ ।

(ਅ) ਜਿਨ੍ਹਾਂ ਨੇ ਲਾਭ ਪ੍ਰਾਪਤ ਕੀਤਾ .. 385

ਵਿਚਾਰ ਅਧੀਨ .. 5 (ਯੋਗ)

ਪਿੰਡ ਫੂਲੋ ਖੇੜੀ, ਜ਼ਿਲ੍ਹਾ ਬਠਿੰਡਾ ਵਿਖੇ ਤੇਲ ਸੋਧਕ ਕਾਰਖਾਨੇ ਲਈ ਜ਼ਮੀਨ ਦੀ ਪ੍ਰਾਪਤੀ

*1378. **ਸਰਦਾਰ ਮੱਖਣ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਪਿੰਡ ਫੂਲੋ ਖੇੜੀ, ਜ਼ਿਲ੍ਹਾ ਬਠਿੰਡਾ ਵਿਚ ਤੇਲ ਸੋਧਕ ਕਾਰਖਾਨੇ ਲਈ ਕਿੰਨੀ ਜ਼ਮੀਨ ਪ੍ਰਾਪਤ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਪ੍ਰਾਪਤ ਕੀਤੀ ਗਈ ਹੈ ਉਨ੍ਹਾਂ ਨੂੰ ਮੁਆਵਜ਼ਾ ਕਦੋਂ ਤੱਕ ਦਿਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ, 1992.55 ਏਕੜ ਜ਼ਮੀਨ ਤੇਲ ਸੋਧ ਕਾਰਖਾਨੇ ਦੀ ਸਥਾਪਨਾ ਲਈ ਇਕੁਆਇਰ ਕੀਤੀ ਗਈ ਹੈ ਜਿਸ ਵਿਚ 287.87 ਏਕੜ

[ਮੁੱਖ ਮੰਤਰੀ]

ਪਿੰਡ ਫੂਲੋ ਖੇੜੀ, ਜ਼ਿਲ੍ਹਾ ਬਠਿੰਡਾ ਦੀ ਹੈ । 80% ਭੌਂ ਮੁਆਵਜ਼ਾ ਸਬੰਧਤ ਭੌਂ ਮਾਲਕਾਂ ਨੂੰ ਪੇਸ਼ ਕੀਤਾ/ਅਦਾ ਕੀਤਾ ਜਾ ਚੁੱਕਾ ਹੈ । ਬਾਕੀ 20% ਰਹਿੰਦਾ ਮੁਆਵਜ਼ਾ ਭੌਂ ਪ੍ਰਾਪਤੀ ਐਕਟ 1894 ਅਧੀਨ ਬਣਦੇ ਵਿਆਜ ਸਮੇਤ, 30 ਅਪ੍ਰੈਲ, 1999 ਤੱਕ ਭੂਮੀ ਮਾਲਕਾਂ ਨੂੰ ਪੇਸ਼ ਕਰਨ/ਅਦਾ ਕਰਨ ਦੀ ਸੰਭਾਵਨਾ ਹੈ ।

ਕੋਟਲਾ ਬ੍ਰਾਂਚ ਕੈਨਾਲ ਦੇ ਫਸਟ ਫੀਡਰ ਵਿੱਚ ਪਾਣੀ ਛੱਡਣਾ

*1385. **ਸਰਦਾਰ ਧਨਵੰਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੋਟਲਾ ਬ੍ਰਾਂਚ ਕੈਨਾਲ ਦੀ ਫਸਟ ਫੀਡਰ ਵਿਚ ਪਾਣੀ ਦੀ ਸਮਰੱਥਾ ਕੁੱਲ ਕਿੰਨੇ ਕਿਊਸਿਕਸ ਹੈ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਕੈਨਾਲ ਵਿੱਚ ਪਾਣੀ ਇਸ ਦੀ ਪੂਰੀ ਸਮਰੱਥਾ ਅਨੁਸਾਰ ਛੱਡਿਆ ਜਾ ਰਿਹਾ ਹੈ; ਜੇਕਰ ਨਹੀਂ, ਤਾਂ ਉਸਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਫਸਟ ਪਟਿਆਲਾ ਫੀਡਰ ਅਤੇ ਕੋਟਲਾ ਬ੍ਰਾਂਚ ਵਿਚ ਪਾਣੀ ਦੀ ਸਮਰੱਥਾ ਕਰਮਵਾਰ 4,010 ਕਿਊਸਿਕਸ ਅਤੇ 3,018 ਕਿਊਸਿਕਸ ਹੈ ।

(ਅ) ਨਹੀਂ ਜੀ ।

ਇਹ ਚੈਨਲ ਸਰਹਿੰਦ ਕੈਨਾਲ ਸਿਸਟਮ ਦਾ ਹਿੱਸਾ ਹਨ ਅਤੇ ਇਹ ਸਿਸਟਮ ਇਕ ਸਦੀ ਤੋਂ ਵੀ ਵੱਧ ਪੁਰਾਣਾ ਹੈ । ਨਹਿਰਾਂ ਦੇ ਬੈੱਡ ਵਿਚ ਲਗਾਤਾਰ ਸਿਲਟ ਪੈਣ ਕਾਰਨ, ਇਨ੍ਹਾਂ ਦੀ ਸਮਰੱਥਾ ਬਹੁਤ ਘਟ ਚੁੱਕੀ ਹੈ । ਇਸ ਤੋਂ ਇਲਾਵਾ ਇਨ੍ਹਾਂ ਨਹਿਰਾਂ ਦੇ ਬੈਂਕ ਵੀ ਬਹੁਤ ਕਮਜ਼ੋਰ ਹੋ ਚੁੱਕੇ ਹਨ ਜੋ ਕਿ ਪੂਰਾ ਪਾਣੀ ਨਹੀਂ ਝੱਲ ਸਕਦੇ ।

ਫਸਟ ਫੀਡਰ ਕੋਟਲਾ ਬ੍ਰਾਂਚ ਨਹਿਰ ਤੇ ਲਗਾਏ ਗਏ ਘਰਾਟਾਂ ਤੋਂ ਆਮਦਨ

*1386. **ਸਰਦਾਰ ਧਨਵੰਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੋਟਲਾ ਬ੍ਰਾਂਚ ਕੈਨਾਲ ਦੇ ਫਸਟ ਫੀਡਰ ਤੇ ਲਗਾਏ ਗਏ ਘਰਾਟਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਵਿੱਤੀ ਸਾਲਾਂ 1996-97, 1997-98 ਅਤੇ 1998-99 ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਉਕਤ ਘਰਾਟਾਂ ਤੋਂ ਸਰਕਾਰ ਨੂੰ ਸਾਲ-ਵਾਰ ਕਿੰਨੀ-ਕਿੰਨੀ ਆਮਦਨ ਹੋਈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਘਰਾਟਾਂ ਤੋਂ ਸਾਲ-ਵਾਰ ਹੋਈ ਆਮਦਨ ਵਿਚ ਕੋਈ ਕਮੀ ਆਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਕਾਰਣ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 5 ਨੰ: ਘਰਾਟ (ਵਾਟਰ ਮਿਲਜ਼) ਕੋਟਲਾ ਬਰਾਂਚ ਨਹਿਰ ਉਪਰ ਚੱਲ ਰਹੀਆਂ ਹਨ ।

ਵਿੱਤੀ ਸਾਲਾਂ ਵਿਚ ਇਨ੍ਹਾਂ ਘਰਾਟਾਂ ਤੋਂ ਸਰਕਾਰ ਨੂੰ ਹੇਠ ਲਿਖੇ ਅਨੁਸਾਰ ਆਮਦਨ ਹੋਈ :—

1996-97	..	5,96,600/-
1997-98	..	10,94,288/-
1998-99	..	11,77,393/-
(31-1-99 ਤੱਕ ਕੁਲ ਆਮਦਨ)	..	28,68,281/-

(ਅ) ਵਿੱਤੀ ਸਾਲਾਂ ਵਿਚ ਆਮਦਨ ਵਿਚ ਕੋਈ ਕਮੀ ਨਹੀਂ ਹੋਈ ।

ਕੰਡੀ ਇਲਾਕੇ ਵਿਚ ਟਿਊਬਵੈੱਲ ਲਗਾਉਣੇ

*1388. **ਸ਼੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਗੁਰਦਾਸਪੁਰ ਵਿੱਚ ਧਾਰ ਬਲਾਕ ਦੇ ਕੰਡੀ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਲਗਾਏ ਗਏ ਟਿਊਬਵੈੱਲਾਂ ਦੀ ਇਸ ਸਮੇਂ ਕੁਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿਚੋਂ ਠੀਕ ਤਰ੍ਹਾਂ ਚਲ ਰਹੇ ਟਿਊਬਵੈੱਲਾਂ ਦੀ ਗਿਣਤੀ ਕਿੰਨੀ ਹੈ,

(ਅ) ਕੀ ਸਰਕਾਰ ਨੇ ਉਪਰੋਕਤ ਭਾਗ (ੳ) ਵਿਚ ਵਰਣਿਤ ਇਲਾਕਿਆਂ ਵਿਚ ਸਾਲਾ 1997-98 ਅਤੇ 1998-99 (ਮਿਤੀ ਅੰਤ ਤੱਕ) ਦੇ ਸਮੇਂ ਦੌਰਾਨ ਕੋਈ ਨਵੇਂ ਟਿਊਬਵੈੱਲ ਲਗਾਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਧਾਰ ਕਲਾਂ ਬਲਾਕ, ਜ਼ਿਲ੍ਹਾ ਗੁਰਦਾਸਪੁਰ ਦੇ ਕੰਡੀ/ਨੀਮ ਪਹਾੜੀ ਇਲਾਕੇ ਵਿਚ ਕਾਰਪੋਰੇਸ਼ਨ ਵਲੋਂ 24 ਟਿਊਬਵੈੱਲ ਲਗਾਏ ਹੋਏ ਹਨ ਜਿਨ੍ਹਾਂ ਵਿਚੋਂ 22 ਟਿਊਬਵੈੱਲ ਠੀਕ ਠਾਕ ਚੱਲ ਰਹੇ ਹਨ ਅਤੇ 2 ਟਿਊਬਵੈੱਲਾਂ ਦਾ ਬਿਜਲੀਕਰਨ ਦਾ ਕੰਮ ਅਜੇ ਹੋਣਾ ਬਾਕੀ ਹੈ ।

(ਅ) ਹਾਂ ਜੀ, ਧਾਰ ਬਲਾਕ ਜ਼ਿਲ੍ਹਾ ਗੁਰਦਾਸਪੁਰ ਵਿਚ ਸਾਲ 1997-98 ਅਤੇ 1998-99 ਦੌਰਾਨ ਕਾਰਪੋਰੇਸ਼ਨ ਵੱਲੋਂ 4 ਟਿਊਬਵੈੱਲ ਲਗਾਏ ਗਏ ਹਨ ।

ਨਹਿਰਾਂ ਵਿਚ ਪਾਣੀ ਛੱਡਣਾ

*1396. **ਸਰਦਾਰ ਬਲਦੇਵ ਸਿੰਘ ਖਿਆਲਾ.** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਫਸਟ ਪਟਿਆਲਾ ਫੀਡਰ ਕੇਨਾਲ, ਕੋਟਲਾ ਬ੍ਰਾਂਚ ਕੇਨਾਲ ਅਤੇ ਮੰਡੀ ਮਾਈਨਰ ਕੇਨਾਲ (ਜ਼ਿਲ੍ਹਾ ਬਠਿੰਡਾ) ਦੀ ਕਿੰਨੇ-ਕਿੰਨੇ ਕਿਊਸਿਕ ਪਾਣੀ ਪ੍ਰਾਪਤ ਕਰਨ ਦੀ ਸਮਰੱਥਾ ਹੈ ;

(ਅ) ਜਨਵਰੀ, 1997 ਤੋਂ ਜਨਵਰੀ, 1998 ਤੱਕ ਦੇ ਸਮੇਂ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਕੇਨਾਲ ਵਿਚ ਕਿੰਨੇ-ਕਿੰਨੇ ਕਿਊਸਿਕ ਪਾਣੀ ਛੱਡਿਆ ਗਿਆ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਜ਼ਿਲ੍ਹਾ ਬਠਿੰਡਾ ਵਿਚ ਫਸਟ ਪਟਿਆਲਾ ਫੀਡਰ ਨਹਿਰ, ਕੋਟਲਾ ਬ੍ਰਾਂਚ ਨਹਿਰ ਅਤੇ ਮੰਡੀ ਮਾਈਨਰ ਨਹਿਰ ਦੀ ਕਰਮਵਾਰ ਸਮਰੱਥਾ 4,010, 3,018 ਅਤੇ 145.32 ਕਿਊਸਿਕਸ ਪਾਣੀ ਪ੍ਰਾਪਤ ਕਰਨ ਦੀ ਹੈ ।

(ਅ) ਜਨਵਰੀ, 1997 ਤੋਂ ਜਨਵਰੀ 1998 ਤੱਕ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਨਹਿਰ ਵਿਚ ਕਰਮਵਾਰ 2,490, 1,860, ਅਤੇ 105 ਕਿਊਸਿਕਸ (ਔਸਤਨ) ਪਾਣੀ ਛੱਡਿਆ ਗਿਆ ।

UNSTARRED QUESTIONS AND ANSWERS

ਹੜ੍ਹ ਕੰਟਰੋਲ ਉਪਾਵਾਂ ਤੇ ਖਰਚਾ

312. **ਕਾਮਰੇਡ ਹਰਦੇਵ ਸਿੰਘ ਅਰਸ਼ੀ:** ਕਿ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਅਪ੍ਰੈਲ, 1998 ਨੂੰ ਮੁੱਖ ਮੰਤਰੀ ਰਿਲੀਫ ਫੰਡ ਵਿਚ ਕੁੱਲ ਕਿੰਨੀ ਰਕਮ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿਚੋਂ ਕੋਈ ਰਕਮ 1 ਅਪ੍ਰੈਲ, 1998 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਹੜ੍ਹ ਕੰਟਰੋਲ ਉਪਾਵਾਂ ਅਤੇ ਕਿਸੇ ਹੋਰ ਮੰਤਵ ਤੇ ਖਰਚ ਕੀਤੀ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) 1 ਅਪ੍ਰੈਲ, 1998 ਨੂੰ ਮੁੱਖ ਮੰਤਰੀ ਰਿਲੀਫ ਫੰਡ ਵਿਚ 2,82,89,786/- ਰੁ. ਦੇ ਫੰਡਜ਼ ਮੌਜੂਦ ਸਨ ।

(ਅ) ਉਪਰੋਕਤ ਭਾਗ (ਅ) ਅਨੁਸਾਰ ਮੁੱਖ ਮੰਤਰੀ ਰਿਲੀਫ ਫੰਡ ਵਿਚੋਂ 1 ਅਪ੍ਰੈਲ, 1998 ਤੋਂ ਮਿਤੀ ਅੰਤ ਤੱਕ ਕੋਈ ਵੀ ਰਕਮ ਹੜ੍ਹ ਕੰਟਰੋਲ ਉਪਾਵਾਂ ਤੇ ਖਰਚ ਨਹੀਂ ਕੀਤੀ ਗਈ । ਕੇਵਲ ਸੀਰੀਅਸ ਐਕਸੀਡੈਂਟ, ਗਰੀਬ ਵਿਅਕਤੀਆਂ ਨੂੰ ਮਾਲੀ ਸਹਾਇਤਾ, ਗਰੀਬ ਬੱਚਿਆਂ ਨੂੰ ਕਿਤਾਬਾਂ ਖਰੀਦਣ ਲਈ ਅਤੇ ਉੱਘੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਤੇ (ਅਨੁਲੱਗ 'ੳ') ਤੇ ਵਰਣਿਤ ਵੇਰਵੇ ਅਨੁਸਾਰ ਰਕਮ ਖਰਚ ਕੀਤੀ ਗਈ ਹੈ ।

ਅਨੁਲੱਗ 'ੳ'

ਮੁੱਖ ਮੰਤਰੀ ਰਿਲੀਫ ਫੰਡ ਵਿਚੋਂ ਸੀਰੀਅਸ ਐਕਸੀਡੈਂਟਾਂ, ਗਰੀਬ ਵਿਅਕਤੀਆਂ ਦੀ ਮਾਲੀ ਸਹਾਇਤਾ, ਗਰੀਬ ਬੱਚਿਆਂ ਨੂੰ ਕਿਤਾਬਾਂ ਖਰੀਦਣ ਲਈ ਅਤੇ ਉੱਘੇ ਖਿਡਾਰੀਆਂ ਦ ਹੌਸਲਾ ਅਫ਼ਜ਼ਾਇਆ ਲਈ ਹੇਠ ਲਿਖੇ ਅਨੁਸਾਰ ਰਕਮ ਖ਼ਰਚ ਕੀਤੀ ਗਈ —

1.	ਅਪ੍ਰੈਲ, 1998	..	1,65,000-00
2.	ਮਈ, 1998	..	5,65,000-00
3.	ਜੂਨ, 1998	..	38,91,400-00
4.	ਜੁਲਾਈ, 1998	..	19,28,000-00
5.	ਅਗਸਤ, 1998	..	10,95,000-00
6	ਸਤੰਬਰ, 1998	..	6,32,000-00
7.	ਅਕਤੂਬਰ, 1998	..	2,00,000-00
8.	ਨਵੰਬਰ, 1998	..	13,50,000-00
9.	ਦਸੰਬਰ, 1998	..	43,45,100-00
10.	ਜਨਵਰੀ, 1999	..	1,00,000-00
11.	ਫਰਵਰੀ, 1999	..	7,81,000-00
12.	5 ਮਾਰਚ, 1999 ਤੱਕ	..	—
	ਕੁੱਲ ਜੋੜ	..	1,50,52,500-00

ਪ੍ਰਦੂਸ਼ਨ ਵਿਰੋਧੀ ਕਾਨੂੰਨਾਂ ਦੀ ਉਲੰਘਣਾ

314. **ਸ਼੍ਰੀ ਤਿਕਸ਼ਨ ਸੂਦ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਪ੍ਰਦੂਸ਼ਨ ਵਿਰੋਧੀ ਕਾਨੂੰਨਾਂ ਦੇ ਉਪਬੰਧਾਂ ਦੀ ਉਲੰਘਣਾ ਸਬੰਧੀ ਅਦਾਲਤਾਂ ਵਿਚ ਪੈਂਡਿੰਗ ਪਏ ਫੌਜਦਾਰੀ ਕੇਸਾਂ ਦੀ ਜ਼ਿਲਾਵਾਰ ਗਿਣਤੀ ਕਿੰਨੀ ਹੈ ਅਤੇ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਵਿਭਾਗ ਸਾਹਮਣੇ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਲਈ ਪੈਂਡਿੰਗ ਪਏ ਹਨ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜਿਹੇ ਕੋਈ ਕੇਸ ਹਨ ਜਿਨ੍ਹਾਂ ਵਿਚ ਭੱਠਾ ਮਾਲਕ ਸ਼ਾਮਲ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਤੇ ਯੋਜਨਾ ਮੰਤਰੀ,): (ੳ) ਪ੍ਰਦੂਸ਼ਣ ਵਿਰੋਧੀ ਕਾਨੂੰਨਾਂ ਦੇ ਉਪਬੰਧਾਂ ਦੀ ਉਲੰਘਣਾ ਸਬੰਧੀ ਅਦਾਲਤਾਂ ਵਿਚ ਪੈਂਡਿੰਗ ਫੌਜਦਾਰੀ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਸਬੰਧੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ। ਪਰੰਤੂ ਵਿਭਾਗ ਕੋਲ ਕੋਈ ਵੀ ਕੇਸ ਮਨਜ਼ੂਰੀ ਲਈ ਬਕਾਇਆ ਨਹੀਂ ਹੈ।

(ਅ) ਨਹੀਂ ਜੀ।

[ਵਿੱਤ ਤੇ ਯੋਜਨਾ ਮੰਤਰੀ]

ਸੂਚਨਾ

ਪ੍ਰਦੂਸ਼ਨ ਵਿਰੋਧੀ ਕਾਨੂੰਨਾਂ ਦੇ ਉਪਬੰਧਾਂ ਦੀ ਉਲੰਘਣਾ ਸਬੰਧੀ ਅਦਾਲਤਾਂ ਵਿਚ ਪੈਂਡਿੰਗ ਫੌਜਦਾਰੀ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਸਬੰਧੀ ਸੂਚਨਾ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ.	ਜ਼ਿਲ੍ਹੇ ਦਾ ਨਾਮ	ਵਾਟਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ ਐਕਟ, 1974) ਅਧੀਨ ਚਲ ਰਹੇ ਕੇਸਾਂ ਦੀ ਗਿਣਤੀ	ਏਅਰ (ਪ੍ਰੀਵੈਨਸ਼ਨ ਐਂਡ ਕੰਟਰੋਲ ਆਫ ਪੋਲੂਸ਼ਨ ਐਕਟ, 1981) ਅਧੀਨ ਚਲ ਰਹੇ ਕੇਸਾਂ ਦੀ ਗਿਣਤੀ	ਕਾਲਮ 3 ਅਤੇ 4 ਦਾ ਜੋੜ
1	2	3	4	5
1.	ਅੰਮ੍ਰਿਤਸਰ	12	09	21
2.	ਜਲੰਧਰ	20	22	42
3.	ਲੁਧਿਆਣਾ	55	46	101
4.	ਗੁਰਦਾਸਪੁਰ	03	02	05
5.	ਰੋਪੜ	06	03	09
6.	ਫ਼ਿਰੋਜ਼ਪੁਰ	16	16	32
7.	ਫਰੀਦਕੋਟ	02	04	06
8.	ਸੰਗਰੂਰ	19	05	24
9.	ਹੁਸ਼ਿਆਰਪੁਰ	06	03	09
10.	ਪਟਿਆਲਾ	04	06	10
11.	ਫਤਹਿਗੜ੍ਹ ਸਾਹਿਬ	06	16	22
12.	ਕਪੂਰਥਲਾ	02	02	04
	ਕੁੱਲ ਜੋੜ	151	134	285

ਬੁਢਾਪਾ ਪੈਨਸ਼ਨਾਂ ਦੇਣਾ

315. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅਜਿਹੇ ਪੁਰਸ਼ ਅਤੇ ਇਸਤਰੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਸਾਲਾਂ 1991-92, 1992-93, 1993-94, 1994-95, 1995-96, 1996-97, 1997-98 ਅਤੇ 1998-99, (ਮਿਤੀ ਅੰਤ ਤੱਕ) ਦੇ ਸਮੇਂ ਦੌਰਾਨ ਬੁਢਾਪਾ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਹਨ ;

(ਅ) 31 ਦਸੰਬਰ, 1998 ਨੂੰ ਰਾਜ ਵਿਚ ਬੁੱਢਾਪਾ ਪੈਨਸ਼ਨ ਲੈਣ ਵਾਲਿਆਂ ਦੀ ਜ਼ਿਲ੍ਹਾਵਾਰ ਅਤੇ ਲਿੰਗਵਾਰ ਕੁੱਲ ਗਿਣਤੀ ਕਿੰਨੀ-ਕਿੰਨੀ ਸੀ ?

ਬੀਬੀ ਜਗੀਰ ਕੌਰ : ਸੂਚਨਾ ਇੱਕਤਰ ਕਰਨ ਉੱਤੇ ਖਰਚ ਹੋਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁੱਕਤ ਨਹੀਂ ਹੋਵੇਗੀ ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 321*

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

ਅ. ਸ. ਪ. ਨੰ ਲ. ਸ.-2/99/1451

ਮੁੱਖ ਮੰਤਰੀ, ਪੰਜਾਬ ।

ਮਿਤੀ 9 ਮਾਰਚ, 1999

ਪ੍ਰਕਾਸ਼ ਸਿੰਘ ਬਾਦਲ

ਵਿਸ਼ਾ :—ਮਿਤੀ 11 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ 321 ਮੁਲਤਵੀ ਕਰਨ ਬਾਰੇ ।

---

*For Unstarred Question No. 321 and reply thereto, please see Appendix to this Debates.

[ਮੁੱਖ ਮੰਤਰੀ]

ਮਾਨਯੋਗ ਸਪੀਕਰ ਸਾਹਿਬ,

ਮਿਤੀ 11 ਮਾਰਚ, 1999 ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ 321 ਜੋ ਕਿ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਐਮ. ਐਲ ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,

ਸਹੀ/-

(ਪ੍ਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ
ਚੰਡੀਗੜ੍ਹ।

'ਸ਼ਗਨ ਸਕੀਮ ਹੇਠ ਖਰਚਾ'

322. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1 ਮਾਰਚ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ 'ਸ਼ਗਨ' ਸਕੀਮ ਹੇਠ ਕੀਤੇ ਗਏ ਕੁੱਲ ਖਰਚੇ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ;

(ਅ) 'ਸ਼ਗਨ' ਸਕੀਮ ਹੇਠ ਉਨ੍ਹਾਂ ਦਰਖ਼ਾਸਤਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਹੜੀਆਂ ਪੈਂਡਿੰਗ ਪਈਆਂ ਹਨ ਅਤੇ ਇਹ ਦਰਖ਼ਾਸਤਾਂ ਕਿਸ ਸਮੇਂ ਤੋਂ ਪੈਂਡਿੰਗ ਪਈਆਂ ਹਨ ?

ਸਰਦਾਰ ਸਰਵਣ ਸਿੰਘ ਫਿਲੌਰ : (ੳ) 'ਸ਼ਗਨ ਸਕੀਮ ਰਾਜ ਵਿਚ 1 ਅਪ੍ਰੈਲ, 1997 ਤੋਂ ਸ਼ੁਰੂ ਕੀਤੀ ਗਈ। ਇਸ ਸਕੀਮ ਹੇਠ 1 ਅਪ੍ਰੈਲ, 1997 ਤੋਂ 31 ਜਨਵਰੀ, 1999 ਤੱਕ ਹੋਏ ਖਰਚੇ ਦਾ ਜ਼ਿਲ੍ਹਾ-ਵਾਰ ਵੇਰਵਾ ਅਨੁਲੱਗ 'ੳ' ਅਨੁਸਾਰ ਨਾਲ ਨੱਥੀ ਹੈ।

(ਅ) ਵੇਰਵਾ ਅਨੁਲੱਗ 'ਅ' ਅਨੁਸਾਰ ਨਾਲ ਨੱਥੀ ਹੈ।

ਅਨੁਲੱਗ 'ੳ'

'ਸੰਗਠ' ਸਕੀਮ ਹੇਠ ਖਰਚਾ

ਲੜੀ ਨੰ	ਜ਼ਿਲ੍ਹਾ		ਖਰਚਾ (ਰੁ ਲੱਖਾਂ ਵਿਚ)
1	2		3
1	ਅੰਮ੍ਰਿਤਸਰ	..	494.55
2.	ਬਠਿੰਡਾ	..	156.67
3.	ਫਰੀਦਕੋਟ	..	113.02
4.	ਫਤਹਿਗੜ੍ਹ ਸਾਹਿਬ	..	84.25
5.	ਫਿਰੋਜ਼ਪੁਰ	..	267.80
6.	ਗੁਰਦਾਸਪੁਰ	..	227.86
7.	ਹੁਸ਼ਿਆਰਪੁਰ	..	139.69
8.	ਜਲੰਧਰ	..	272.29
9.	ਕਪੂਰਥਲਾ	..	80.89
10.	ਲੁਧਿਆਣਾ	..	218.13
11.	ਮਾਨਸਾ	..	164.42
12.	ਮੋਗਾ	..	97.82
13.	ਮੁਕਤਸਰ	..	160.09
14.	ਨਵਾਂ ਸ਼ਹਿਰ	..	98.84
15.	ਪਟਿਆਲਾ	..	174.42
16.	ਰੋਪੜ	..	83.79
17.	ਸੰਗਰੂਰ	..	300.65
	ਜੋੜ	..	3,135.18

[ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆ ਦੇ ਭਲਾਈ ਮੰਤਰੀ]

ਅਨੁਲੱਗ 'ਅ'

'ਸ਼ਗਨ' ਸਕੀਮ ਹੇਠ ਖਰਚ

ਲੜੀ ਨੰ	ਜ਼ਿਲ੍ਹਾ	ਪੈਂਡਿੰਗ ਦਰਖਾਸਤਾਂ ਦੀ ਗਿਣਤੀ	ਜਿਸ ਸਮੇਂ ਤੋਂ ਪੈਂਡਿੰਗ ਪਈਆਂ ਹਨ
1	2	3	4
1.	ਅੰਮ੍ਰਿਤਸਰ ..	1,922	1998-99
2.	ਬਠਿੰਡਾ ..	67	1998-99
3.	ਫਰੀਦਕੋਟ ..	22	1998-99
4.	ਫਤਹਿਗੜ੍ਹ ਸਾਹਿਬ ..	9	1/99
5.	ਫਿਰੋਜ਼ਪੁਰ ..	1,127	1998-99
6.	ਗੁਰਦਾਸਪੁਰ ..	1,139	10/98 ਤੋਂ 2/99 ਤੱਕ
7.	ਹੁਸ਼ਿਆਰਪੁਰ ..	388	12/98 ਤੋਂ 2/99 ਤੱਕ
8.	ਜਲੰਧਰ ..	1,580	11/98 ਤੋਂ 1/99 ਤੱਕ
9.	ਕਪੂਰਥਲਾ ..	190	1/99 ਤੋਂ 2/99 ਤੱਕ
10.	ਲੁਧਿਆਣਾ ..	862	12/98 ਤੋਂ 2/99 ਤੱਕ
11.	ਮਾਨਸਾ .	250	12/98 ਤੋਂ 2/99 ਤੱਕ
12.	ਮੋਗਾ ..	927	1998-99
13.	ਮੁਕਤਸਰ ..	1,138	7/98 ਤੋਂ 2/99 ਤੱਕ
14.	ਨਵਾਂ-ਸ਼ਹਿਰ ..	67	1998-99
15.	ਪਟਿਆਲਾ ..	438	1998-99
16.	ਰੋਪੜ ..	—	—
17.	ਸੰਗਰੂਰ ..	616	1998-99
	ਜੋੜ ..	10,742	

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਮਕਾਨਾਂ ਦੀ ਉਸਾਰੀ

324\. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਅਜਿਹੀ ਕੋਈ ਸਕੀਮ ਹੈ ਜਿਸ ਹੇਠ ਗਰੀਬ ਵਿਅਕਤੀਆਂ/ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਮੁਫਤ ਮਕਾਨ ਮੁਹੱਈਆ ਕੀਤੇ ਜਾਂਦੇ ਹਨ ; ਜੇਕਰ ਅਜਿਹਾ ਹੋਵੇ ਤਾਂ ਉਕਤ ਸਕੀਮ ਕਦੋਂ ਤੋਂ ਚਾਲੂ ਹੈ ਅਤੇ ਉਨ੍ਹਾਂ ਵਿਅਕਤੀਆਂ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ ਜਿਨ੍ਹਾਂ ਨੂੰ ਉਕਤ ਸਕੀਮ ਹੇਠ ਮਿਤੀ ਅੰਤ ਤੱਕ ਮਕਾਨ ਮੁਹੱਈਆ ਕੀਤੇ ਗਏ ਹਨ ਅਤੇ ਇਸ ਤਰ੍ਹਾਂ ਉਸਾਰੇ ਗਏ ਮਕਾਨਾਂ ਦੇ ਜ਼ਿਲ੍ਹਾ-ਵਾਰ ਅਤੇ ਸਾਲ-ਵਾਰ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਕਾਨਾਂ ਦੀ ਉਸਾਰੀ ਤੇ ਪ੍ਰਤੀ ਮਕਾਨ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ?

ਸਰਦਾਰ ਸਰਵਣ ਸਿੰਘ ਫਿਲੌਰ : (ੳ) ਹਾਂ ਜੀ, ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠਾਂ ਪਿੰਡਾਂ ਵਿਚ ਰਹਿ ਰਹੇ ਪਰਿਵਾਰਾਂ ਨੂੰ ਮਕਾਨ ਬਣਾ ਕੇ, ਮੁਫਤ ਦੇਣ ਦੀ ਸਕੀਮ ਸਾਲ 1997-98 ਤੋਂ ਸ਼ੁਰੂ ਕੀਤੀ ਗਈ ਹੈ । ਇਸ ਸਕੀਮ ਅਧੀਨ 31 ਜਨਵਰੀ, 1999 ਤੱਕ 7,862 ਮਕਾਨ ਉਸਾਰੇ ਗਏ, ਜਿਹਨਾਂ ਵਿਚੋਂ 4,124 ਮਕਾਨ ਯੋਗ ਲਾਭ-ਪਾਤਰੀ ਪਰਿਵਾਰਾਂ ਨੂੰ ਮੁਹੱਈਆ ਕਰਵਾਏ ਗਏ ਹਨ । ਸਾਲ 1997-98 ਦੇ ਜ਼ਿਲ੍ਹਾ-ਵਾਰ ਵੇਰਵੇ ਅਨਲੱਗ 'ੳ' ਅਨੁਸਾਰ ਹਨ । ਹੁਣ ਸਕੀਮ ਵਿਚ ਸੋਧ ਕਰ ਦਿੱਤੀ ਗਈ ਹੈ ।

(ਅ) ਪਰਵਾਨਤ ਅਨੁਮਾਨ ਅਨੁਸਾਰ ਪ੍ਰਤੀ ਹਾਊਸਿੰਗ ਯੂਨਿਟ ਦੀ ਲਾਗਤ 54,000/- ਰੁ ਰੱਖੀ ਗਈ ।

———

ਅਨੁਲੱਗ 'ੳ'

ਅਨੁਸੂਚਿਤ ਜਾਤੀਆਂ ਦੇ ਪੇਂਡੂ ਖੇਤਰਾਂ ਵਿਚ ਰਹਿ ਰਹੇ ਗਰੀਬੀ ਰੇਖਾ ਤੋਂ ਹੇਠਾਂ ਦੇ ਪਰਿਵਾਰਾਂ ਲਈ ਉਸਾਰੇ ਗਏ ਮਕਾਨਾ ਦਾ ਜ਼ਿਲ੍ਹੇਵਾਰ ਅਤੇ ਸਾਲਵਾਰ ਵੇਰਵਾ (ਮਿਤੀ 31 ਜਨਵਰੀ, 1999 ਤੱਕ)

ਲੜੀ ਨੰ:	ਜ਼ਿਲ੍ਹਾ	ਸਾਲ 1997-98		ਸਾਲ 1998-99	
		ਨਿਸ਼ਚਿਤ ਟੀਚੇ	ਉਸਾਰੇ ਗਏ ਮਕਾਨ	ਮੁਹੱਈਆ ਕੀਤੇ ਗਏ ਮਕਾਨ	ਸਥਿਤੀ
1	2	3	4	5	6
1.	ਅੰਮ੍ਰਿਤਸਰ ..	900	870	78	ਸਾਲ 1998-99
2.	ਬਠਿੰਡਾ ..	400	458	458	ਦੌਰਾਨ ਸਕੀਮ ਵਿਚ
3.	ਫਰੀਦਕੋਟ ..	270	270	90	ਸੋਧ ਕਰ ਦਿੱਤੀ ਗਈ
4.	ਫਤਹਿਗੜ੍ਹ ਸਾਹਿਬ ...	250	190	136	ਹੈ।

5.	ਫਿਰੋਜ਼ਪੁਰ	. .	675	650	104
6.	ਗੁਰਦਾਸਪੁਰ	. .	800	604	533
7.	ਹੁਸ਼ਿਆਰਪੁਰ	. .	660	624	336
8.	ਜਲੰਧਰ	. .	650	416	57
9.	ਕਪੂਰਥਲਾ	. .	300	232	122
10.	ਲੁਧਿਆਣਾ	. .	800	800	680
11.	ਮਾਨਸਾ	. .	300	270	237
12.	ਮੋਗਾ	. .	270	250	100
13.	ਮੁਕਤਸਰ	. .	450	395	—
14.	ਨਵਾਂ ਸ਼ਹਿਰ	. .	300	311	276
15.	ਪਟਿਆਲਾ	. .	650	490	300
16.	ਰੋਪੜ	. .	375	368	313
17.	ਸੰਗਰੂਰ	. .	750	664	304
	ਜੋੜ	. .	6,800	7,862	4,124

ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨਾ

325. (1) ਕਾਮਰੇਡ ਹਰਦੇਵ ਸਿੰਘ ਅਰਸ਼ੀ
(2) ਕਾਮਰੇਡ ਅਜੈਬ ਸਿੰਘ ਰੌਂਤਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਪੰਜਾਬ ਰਾਜ ਬਿਜਲੀ ਬੋਰਡ ਪਾਸ ਵੱਖ-ਵੱਖ ਸਕੀਮਾਂ ਹੇਠ ਖੇਤੀਬਾੜੀ ਸੈਕਟਰ ਲਈ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਪੈਂਡਿੰਗ ਪਈਆਂ ਦਰਖਾਸਤਾਂ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ;

(ਅ) ਕ੍ਰਮਵਾਰ, ਵਿੱਤੀ ਸਾਲਾਂ 1997-98 ਅਤੇ 1998-99 ਦੇ ਦੌਰਾਨ ਜਾਰੀ ਕੀਤੇ ਗਏ ਨਵੇਂ ਟਿਊਬਵੈੱਲ ਕੁਨੈਕਸ਼ਨਾਂ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਵਿੱਤੀ ਸਾਲ 1999-2000 ਦੇ ਦੌਰਾਨ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਕੀ ਟੀਚਾ ਨਿਸ਼ਚਿਤ ਕੀਤਾ ਗਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਜ਼ਿਲ੍ਹਾਵਾਰ ਲੰਬਿਤ ਪਈਆਂ ਅਰਜ਼ੀਆਂ ਦਾ ਵੇਰਵਾ ਅਨੁਲੱਗ 'ੳ' ਤੇ ਹੈ ।

(ਅ) ਸਾਲ 1997-98 ਅਤੇ 1998-99 ਵਿਚ ਦਰਜ਼ ਜਾਰੀ ਕੀਤੇ ਗਏ ਕੁਨੈਕਸ਼ਨਾਂ ਦਾ ਵੇਰਵਾ ਅਨੁਲੱਗ 'ਅ' ਤੇ ਹੈ ।

ਸਾਲ 1999-2000 ਵਿਚ 10,000 ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦਾ ਟੀਚਾ ਮਿਥਿਆ ਗਿਆ ਹੈ ।

ਅਨੁਲੱਗ 'ੳ'

ਜ਼ਿਲ੍ਹਾਵਾਰ ਜਾਰੀ ਕੀਤੇ ਟਿਊਬਵੈਲ ਕੁਨੈਕਸ਼ਨਾਂ ਦੀ ਸੂਚੀ

ਲੜੀ ਨੰ:	ਜ਼ਿਲ੍ਹੇ ਦਾ ਨਾਂ		31-3-1999 ਤੱਕ ਪੈਂਡਿੰਗ ਟਿਊਬਵੈਲ ਕੁਨੈਕਸ਼ਨਾਂ ਦੀਆਂ ਅਰਜ਼ੀਆਂ
1	2		3
1.	ਅੰਮ੍ਰਿਤਸਰ	..	24,460
2.	ਗੁਰਦਾਸਪੁਰ	..	14,289
3.	ਜਲੰਧਰ	..	14,219
4.	ਕਪੂਰਥਲਾ	..	7,891
5.	ਬਠਿੰਡਾ	..	15,388
6.	ਫਿਰੋਜ਼ਪੁਰ	..	28,364
7.	ਹੁਸ਼ਿਆਰਪੁਰ	..	11,421
8.	ਫਰੀਦਕੋਟ	..	15,393
9	ਲੁਧਿਆਣਾ	..	25,645
10.	ਪਟਿਆਲਾ	..	25,750
11.	ਸੰਗਰੂਰ	..	45,390
12.	ਰੋਪੜ	..	7,433
13.	ਫਤਹਿਗੜ੍ਹ ਸਾਹਿਬ	..	7,493
14.	ਮਾਨਸਾ	..	8,694
15.	ਮੋਗਾ	..	13.902
16.	ਮੁਕਤਸਰ	..	26,789
17	ਨਵਾਂ ਸ਼ਹਿਰ	..	7,341
	ਜੋੜ	..	2,99,862

[ਮੁੱਖ ਮੰਤਰੀ]

ਅਨੁਲੱਗ 'ਅ'

ਜ਼ਿਲ੍ਹਾਵਾਰ ਜਾਰੀ ਕੀਤੇ ਟਿਊਬਵੈੱਲ ਕੁਨੈਕਸ਼ਨਾਂ ਦੀ ਸੂਚੀ

ਲੜੀ ਨੰ:	ਜ਼ਿਲ੍ਹੇ ਦਾ ਨਾਂ	1997-98 ਦੌਰਾਨ ਜਾਰੀ ਕੀਤੇ ਟਿਊਬਵੈੱਲ ਕੁਨੈਕਸ਼ਨ	1998-99 ਦੌਰਾਨ ਜਾਰੀ ਕੀਤੇ ਟਿਊਬਵੈੱਲ ਕੁਨੈਕਸ਼ਨ (1-4-98 ਤੋਂ 31-1-99) ਤੱਕ
1	2	3	4
1.	ਅੰਮ੍ਰਿਤਸਰ ..	1,654	1,319
2.	ਗੁਰਦਾਸਪੁਰ ..	1,163	649
3.	ਜਲੰਧਰ ..	497	442
4.	ਕਪੂਰਥਲਾ ..	445	229
5.	ਬਠਿੰਡਾ ..	317	250
6.	ਫਿਰੋਜ਼ਪੁਰ ..	516	282
7.	ਹੁਸ਼ਿਆਰਪੁਰ ..	352	306
8.	ਫਰੀਦਕੋਟ ..	222	116
9.	ਲੁਧਿਆਣਾ ..	765	500
10.	ਪਟਿਆਲਾ ..	670	443
11.	ਸੰਗਰੂਰ ..	724	679
12.	ਰੋਪੜ ..	420	121
13.	ਫਤਹਿਗੜ੍ਹ ਸਾਹਿਬ ..	224	126
14.	ਮਾਨਸਾ ..	258	145
15.	ਮੋਗਾ ..	302	162
16.	ਮੁਕਤਸਰ ..	255	1,071
17.	ਨਵਾਂ ਸ਼ਹਿਰ ..	157	66
	ਜੋੜ ..	8,941	6,906

ਸ਼ਰਾਬ ਦੀ ਵਿਕਰੀ ਤੋਂ ਆਮਦਨ

330. (1) ਕਾਮਰੇਡ ਹਰਦੇਵ ਸਿੰਘ ਅਰਸ਼ੀ
(2) ਕਾਮਰੇਡ ਅਜੈਬ ਸਿੰਘ ਰੌਂਤਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ

ਦੱਸਣਗੇ ਕਿ—

(ੳ) ਵੱਖ-ਵੱਖ, ਵਿੱਤੀ ਸਾਲਾਂ 1994-95, 1995-96, 1996-97, 1997-98 ਅਤੇ 1998-99 (ਮਿਤੀ ਅੰਤ ਤੱਕ) ਦੌਰਾਨ ਰਾਜ ਵਿਚ ਦੇਸੀ ਅਤੇ ਭਾਰਤ ਵਿਚ ਬਣੀ ਅੰਗਰੇਜ਼ੀ ਸ਼ਰਾਬ ਦੀ ਕੁੱਲ ਕਿੰਨੇ ਪਰੂਫ ਲੀਟਰ ਖਪਤ ਹੋਈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸ਼ਰਾਬ ਦੀ ਖਪਤ ਦੇ ਕਾਰਣ ਸਰਕਾਰ ਨੂੰ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਵੱਖ-ਵੱਖ ਵਿੱਤੀ ਸਾਲ 1994-95, 1995-96 1996-97, 1997-98 ਅਤੇ 1998-99 (ਜਨਵਰੀ, 1999 ਤੱਕ) ਦੌਰਾਨ ਰਾਜ ਵਿਚ ਦੇਸੀ ਤੇ ਭਾਰਤ ਵਿਚ ਬਣੀ ਬਦੇਸ਼ੀ ਸ਼ਰਾਬ ਦੀ ਖਪਤ ਹੇਠ ਲਿਖੇ ਅਨੁਸਾਰ ਹੈ :

ਸਾਲ	ਦੇਸੀ ਸ਼ਰਾਬ	ਭਾਰਤ ਵਿਚ ਬਣੀ ਬਦੇਸ਼ੀ ਸ਼ਰਾਬ
1	2	3
1994-95 ..	356.25 ਲੱਖ ਪਰੂਫ ਲਿਟਰ	350-00 ਲੱਖ ਪਰੂਫ ਲਿਟਰ
1995-96 ..	367.83 ,, ,, ,,	335.00 ,, ,, ,,
1996-97 ..	378.07 ,, ,, ,,	335.00 ,, ,, ,,
1997-98 ..	410.00 ,, ,, ,,	250.00 ,, ,, ,,
1998-99 (ਜਨਵਰੀ, 99 ਤੱਕ) .	358.75 ,, ,, ,,	196.00 ,, ,, ,,

[ਮੁੱਖ ਮੰਤਰੀ]

(ਅ) ਉਪਰੋਕਤ ਭਾਗ (ੲ) ਵਿਚ ਵਰਣਿਤ ਸ਼ਰਾਬ ਦੀ ਖਪਤ ਦੇ ਕਾਰਣ ਸਰਕਾਰ ਨੂੰ ਹੇਠ ਲਿਖੇ ਅਨੁਸਾਰ ਆਮਦਨ ਹੋਈ :—

ਸਾਲ	ਆਮਦਨ
1	2
1994-95 ..	673.27 ਕਰੋੜ ਰੁਪਏ
1995-96 ..	745.71 ਕਰੋੜ ਰੁਪਏ
1996-97 ..	863.94 ਕਰੋੜ ਰੁਪਏ
1997-98 ..	942.14 ਕਰੋੜ ਰੁਪਏ
1998-99 (ਜਨਵਰੀ, 1999 ਤੱਕ) ..	984.65 ਕਰੋੜ ਰੁਪਏ

ਪ੍ਰਾਇਮਰੀ ਸਕੂਲਾਂ ਤੋਂ ਬਿਨਾਂ ਪਿੰਡ

336. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਅਜਿਹੇ ਪਿੰਡਾਂ ਦੇ ਨਾਂ ਕੀ-ਕੀ ਹਨ ਜਿਹੜੇ ਇਸ ਸਮੇਂ ਪ੍ਰਾਇਮਰੀ ਸਕੂਲਾਂ ਤੋਂ ਬਿਨਾਂ ਹਨ ?

ਸਰਦਾਰ ਤੋਤਾ ਸਿੰਘ : ਰਾਜ ਵਿਚ ਇਸ ਵੇਲੇ 437 ਪਿੰਡ ਇਹੋ ਜਿਹੇ ਹਨ, ਜੋ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਬਿਨਾਂ ਹਨ । ਇਨ੍ਹਾਂ ਪਿੰਡਾਂ ਦੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

ਸੂਚੀ

ਜ਼ਿਲ੍ਹਾਵਾਰ ਪਿੰਡਾਂ ਦੀ ਗਿਣਤੀ, ਜਿੱਥੇ ਕੋਈ ਪ੍ਰਾਇਮਰੀ ਸਕੂਲ ਨਹੀਂ ਹਨ ।

ਲੜੀ ਨੰ:	ਜ਼ਿਲ੍ਹੇ ਦਾ ਨਾਂ		ਪਿੰਡਾਂ ਦੀ ਗਿਣਤੀ
1	2		3
1.	ਅੰਮ੍ਰਿਤਸਰ	..	16
2.	ਬਠਿੰਡਾ	..	05
3.	ਫਿਰੋਜ਼ਪੁਰ	..	56
4.	ਫਰੀਦਕੋਟ	..	01
5.	ਫਤਹਿਗੜ੍ਹ ਸਾਹਿਬ	..	17
6.	ਗੁਰਦਾਸਪੁਰ	..	04
7.	ਹੁਸ਼ਿਆਰਪੁਰ	..	161
8.	ਜਲੰਧਰ	..	ਨਿਲ
9.	ਕਪੂਰਥਲਾ	..	102
10.	ਲੁਧਿਆਣਾ	..	33
11.	ਮਾਨਸਾ	..	02
12.	ਮੋਗਾ	..	ਨਿਲ
13.	ਮੁਕਤਸਰ	..	ਨਿਲ
14.	ਨਵਾਂ ਸ਼ਹਿਰ	..	34
15.	ਪਟਿਆਲਾ	..	ਨਿਲ
16.	ਸੰਗਰੂਰ	..	ਨਿਲ
17.	ਰੋਪੜ	..	06
			437

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਲੜੀ ਨੰ:	ਸਕੂਲ ਦਾ ਨਾਂ	ਲੜੀ ਨੰ:	ਸਕੂਲ ਦਾ ਨਾਂ
1	2	1	2

ਜ਼ਿਲ੍ਹਾ ਅੰਮ੍ਰਿਤਸਰ

ਬਲਾਕ ਚੋਹਲਾ ਸਾਹਿਬ

1. ਕਲੇਰ
2. ਫਾਏਵਾਲਾ

ਬ: ਵਲਟੋਹਾ

3. ਮੀਆਂ ਵਾਲਾ
4. ਬਹਾਦਰਕੇ

ਬ: ਪੱਟੀ

5. ਕੰਟਨੋ ਆਬਾਦ
6. ਸਾਭਾ ਸਿੰਘ ਵਾਲਾ
7. ਭੇਜਕੇ
8. ਭੋਮਾ ਹਿਤਾਰ
9. ਮੇਹਰਬਾਨਪੁਰਾ
10. ਮੁੱਠੀਵਾਲਾ
11. ਸਲੇਹਵਾਲ

ਬ: ਰਈਆ

12. ਸ਼ੇਰੋ ਨਿਗਾਹ

ਬ: ਖਡੂਰ ਸਾਹਿਬ

13. ਕੀੜੀ ਸਾਹ
14. ਹੰਸਾ ਵਾਲਾ
15. ਅਖਰਪੁਰਾ
16. ਆਕਮਪੁਰਾ

ਜ਼ਿਲ੍ਹਾ ਬਠਿੰਡਾ

17. ਕੋਠੇ ਬਾਂ ਦੇ ਬ੍ਰਾਂਚ ਲਹਿਰਾ ਮੁਹਬਤ
18. ਬੁੰਗੀ ਨਿਹਾਲ ਸਿੰਘ ਬ੍ਰਾਂਚ ਬੁੰਗੀਕਲਾਂ
19. ਕੋਠੇ ਮਹਾਂ ਸਿੰਘ ਬ੍ਰਾਂਚ ਮਹਿਰਾਜ
20. ਕੋਠੇ ਹਿਮੰਤਪੁਰਾ ਬ੍ਰਾਂਚ ਮਹਿਰਾਜ
21. ਕਲਿਆਣ ਸੁੱਦਾ

ਜ਼ਿਲ੍ਹਾ ਫਿਰੋਜ਼ਪੁਰ

ਬ: ਫਾਜ਼ਿਲਕਾ-2

22. ਗੁਲਾਬ ਸਿੰਘ ਵਾਲਾ
23. ਨਵਾਂ ਰਸਤਾ
24. ਕਾਦਰ ਬਖਸ਼
25. ਛੋਟਾ ਮੁੰਬੇਕਾ

ਬ: ਜਲਾਲਾਬਾਦ-1

26. ਚੱਕ ਸੁਕੜ
27. ਮੋਹਰ ਸਿੰਘ ਵਾਲਾ ਹਿਨਾੜ

ਬ: ਜਲਾਲਾਬਾਦ-2

28 ਢਾਣੀ ਗੁਮਾਨੀ ਵਾਲਾ ਖੂਹ

ਬ: ਗੁਰੂ ਹਰ ਸਹਾਏ-3

29. ਢਾਣੀ ਗੁਰਮੱਖ ਸਿੰਘ

ਬ: ਗੁਰੂ ਹਰ ਸਹਾਏ-1

30. ਬਸਤੀ ਅਰਾਈਆਂ ਵਾਲੀ

1	2	1	2
31.	ਬਸਤੀ ਬਾਲਮੀਕ	50.	ਠੇਠਰ ਖੁਰਦ
32.	ਝੁਗੇ ਜੰਡ ਵਾਲਾ		
33.	ਝੁਗੇ ਲਾਲ ਸ਼ਰੀਹ ਵਾਲਾ	ਬ: ਜ਼ੀਰਾ–3	
34.	ਬਾਲਮੀਕ ਬਸਤੀ	51.	ਮਾਨੇ ਵਾਲਾ
35.	ਚੱਕ ਨਿਖਾਨਾ	52.	ਗਟੀ ਹਰੀ ਕੇ
36.	ਬਸਤੀ ਡੇਰਿਆਂ ਵਾਲੀ	53.	ਬਸਤੀ ਕੋਰੀਆਂ ਵਾਲੀ
37.	ਬਸਤੀ ਚਾਂਦੀ ਦਲੀਪ ਵਾਲੀ ਗਹਿਰੀ		
ਬ: ਗੁਰੂ ਹਰ ਸਹਾਏ–2		ਬ: ਧਰਮਕੋਟ–1	
38.	ਤੱਗੂ ਵੱਲ ਸਿੰਘ ਵਾਲੇ	54.	ਬਸਤੀ ਚਿਰਾਗ ਸ਼ਾਹ
39.	ਰੇਲਵੇ ਕੁਆਟਰ	55.	ਸੈਦ ਜਲਾਲ
		56.	ਕਿਸਾਨਾ
ਬ: ਫਿਰੋਜ਼ਪੁਰ–1		57.	ਝਾਮ
40.	ਭੜੋਲੀ ਭੱਠ	58.	ਬਹਾਦਰ ਵਾਲਾ
41.	ਘਿੰਦੀ ਵਾਲਾ	59.	ਸਿਲੇ ਵਿੰਡ
42.	ਕਰੀ ਖੁਰਦ	60.	ਖਿਆਲੀ
43.	ਜੀਆ ਬੱਗਾ	61.	ਮੇਹਰੂ ਵਾਲਾ
		62.	ਚੱਕ ਜੀਦੜਾ
ਬ: ਫਿਰੋਜ਼ਪੁਰ–2			
44.	ਬਘੇਲੇ ਵਾਲਾ	ਬ: ਧਰਮਕੋਟ–2	
		63.	ਸ਼ਾਹ ਦੀਨ ਵਾਲਾ
ਬ: ਫਿਰੋਜ਼ਪੁਰ–3		64.	ਸਿੰਘ ਕੇਕਲਾ
45.	ਟੁੱਡੀ ਵਾਲਾ	65.	ਕਿਲੇ ਵਾਲਾ
46.	ਖੂਹ ਮੋਹਰ ਸਿੰਘ ਵਾਲਾ	66.	ਗਟੀ ਦਲੇਲ
47.	ਕੁੰਡੇ	67.	ਹਰਦੋ ਜੰਡ
		68.	ਚਾਂਗੀਆਂ
ਬ: ਘਲ ਖੁਰਦ–1		69.	ਭੇਡਾਂ ਵਾਲਾ
48.	ਰਾਜੀ ਕਰੋਟੀਆ	70.	ਮਹਿਮਦ ਵਾਲਾ
49.	ਜੀਤ ਸਿੰਘ ਵਾਲਾ	71.	ਖੇੜਾ ਤਰੋਲੀ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

1	2	1	2
ਬ: ਘਲ ਖੁਰਦ-1		ਜ਼ਿਲ੍ਹਾ ਗੁਰਦਾਸਪੁਰ	
72.	ਬਾਜ਼ੇਵਾਲਾ	ਬ: ਦੀਨਾਨਗਰ	
73.	ਗਡੋਡ	96.	ਜਹਾਂਗੀਰਪੁਰ
74.	ਸੁਬੀਆਂ	ਬ: ਕਾਹਨੂੰਵਾਨ-1	
75.	ਜਮਾਲੀ ਵਾਲਾ	97.	ਮੁਨਣ
76.	ਟਿੱਬੀ ਰੰਗਾ		
77.	ਟਿੱਬੀ ਬਾਂਦਰਾਂ	ਬ: ਗੁਰਦਾਸਪੁਰ-1	
		98.	ਕੁਚਲੇ
ਜ਼ਿਲ੍ਹਾ ਫਰੀਦਕੋਟ			
ਬ: ਫਰੀਦਕੋਟ-3		ਬ: ਧਾਰ-1	
78.	ਦੁੱਘੇਵਾਲਾ	99.	ਝਰੋਟੀ
ਜ਼ਿਲ੍ਹਾ ਫਤਹਿਗੜ੍ਹ ਸਾਹਿਬ		ਜ਼ਿਲ੍ਹਾ ਹੁਸ਼ਿਆਰਪੁਰ	
79.	ਮਾਲਾਂ ਹੇੜੀ	ਬ: ਹੁਸ਼ਿਆਰਪੁਰ-1	
80.	ਸੰਦਰਪੁਰ	100.	ਅਸਕਾਰੇ
81.	ਸ਼ਾਮਪੁਰ	101.	ਬਾਗੇਮਪੁਰ
82.	ਭਗਵਾਨਪੁਰ	102.	ਬੇਰੋਂ ਕੰਗਰੀ
83.	ਬੀੜ ਮਹੋਮਦੀ	103.	ਬੂਭ
84.	ਮਾਰੀ ਮਿਸਰੀ ਵਾਲੀ	104.	ਬੇਰੋਂ ਹਰੀਆ
85.	ਚਨਾਰਥਲ ਨੇ ਆਬਾਦ	105.	ਬੂਰੇ ਰਾਜਪੂਤਾਨਾ
86.	ਰਾਣੀ ਮਾਰਾ	106.	ਬੇਗੋਵਾਲ ਗੁਜਰਾਂ
87.	ਰਾਮਪੁਰ ਜਦੀਦ	107.	ਚੰਦੇਹਾਰ
88.	ਬੱਬੇ ਮਾਜਰਾ	108.	ਦੁਗਾਨਾ ਖੁਰਦ
89.	ਨਰੈਣਗੜ੍ਹ	109.	ਡਾਲੇਬਾਲ
90.	ਬੀੜ ਰਾਮਗੜ੍ਹ	110.	ਦਲੋਵਾਲ
91.	ਮੁੜੋ	111.	ਗੋਲਿੰਦ
92.	ਹਾਜੀਪੁਰ	112.	ਝੋਜਰ
93.	ਕੁੰਡੀਪੁਰ	113.	ਕੋਠੇ ਜਟਾਂ
94.	ਡਿਆਣੀ	114.	ਕੰਤ
95.	ਲਛਮਣ ਗੜ੍ਹ	115.	ਖੁਸਰੋਪੁਰ

1	2	1	2
116.	ਮੂੰਨ ਖੁੰਨ ਖੁਰਦ	142.	ਹਾਜੀਪੁਰ
117.	ਮਿਠੇਵਾਲ	143.	ਜਸਮੇਰ ਚਠਿਆਲ
118.	ਪਡੋਰੀ ਖੁੰਗਰੀਆ	144.	ਜੱਡੀ
119.	ਪੰਡੋਰੀ ਮਹਿਤਮਾ	145.	ਕੋਠਰ
120.	ਖਾਮਪੁਰ	146.	ਲਲੇਵਾਲ
121.	ਸ਼ੇਰਪੁਰ ਸਹਿਰਾਨ	147.	ਮੁਕੇਰੀਆਂ
122.	ਤੇਜੋਵਾਲ	148.	ਨਾਜੀਆਣਾ
		149.	ਨੰਗਲ ਪੋਰੇਵਾਲ
ਬ: ਹੁਸ਼ਿਆਰਪੁਰ-2		150.	ਨੰਗਲ
123.	ਖਨੂਰ	151.	ਨੰਗਲ ਪਿੰਡ
124.	ਕਾਲੀਆਂ	152.	ਪਖੇਵਾਲ
125.	ਨਰੈਣ	153.	ਰਾਵਲ
126.	ਨਾਰ ਨੰਗਲ ਕਾ	154.	ਸ਼ੇਰਪੁਰ ਬੁਖੜਾ
127.	ਨਾਰ ਨੰਗਲ ਕਿਲਾ		
128.	ਨਾਰ ਨੰਗਲ ਬਾਰਾ	ਬ: ਮੁਕੇਰੀਆ	
129.	ਪੰਗਾ	155.	ਬਧਨ
130.	ਰਜਨੀ ਦੇਵੀ	156.	ਚੇਲਾ
131.	ਰਾਮ ਪਿਆਰਾ	157.	ਚੱਕ ਮੂਸਾ
132.	ਜੇ. ਸੀ. ਟੀ. ਚਹਿਲ	158.	ਜ਼ਹਿਰ
		159.	ਸੈਅਨ
ਬ: ਭੂੰਗਾ		160.	ਝੁਗੀਆਂ
133.	ਬਦਲਾ	161.	ਜੰਗਲੀਆਨਾ
134.	ਡੁਮੇਰੀ	162.	ਮਾਨਪੁਰ
135.	ਦਾਰ ਗੁਜਰਾਂ	163.	ਖੇਰੇਵਾਲ
136.	ਧਰਮਕੋਟ	164.	ਕਾਮੇਵਾਲ
137.	ਦੇਹਰਾ	165.	ਮਹਿਮਦਵਾਲ ਖੁਰਦ
138.	ਦੋਲਤਪੁਰ	166.	ਮਾਰੋ ਪੱਟੀ
139.	ਦੋਲੋਵਾਲ	167.	ਪੰਜ
140.	ਗੁਜਰ ਬਸੋਲਿਆ	168.	ਸਦਲਪੁਰ
141.	ਗਲੋਵਾਲ	169.	ਉਨਤਵਾਲ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

1	2	1	2
ਬ: ਗੜ੍ਹਸ਼ੰਕਰ		194.	ਮੁਲੀਕਪੁਰ
170.	ਭਵਾਨੀਪੁਰ	195.	ਪਟੀ ਤਲਵੰਡੀ
171.	ਬਹਿਰਾ	196.	ਸ਼ਾਹਪੁਰ
172.	ਬਰਮੇਪੁਰ	197.	ਜਹੁਰਾ ਪੱਟੀ
173.	ਹਰਿਆਣਾ		
174.	ਚੰਦਸੂ	ਬ: ਦਸੂਹਾ	
175.	ਦੇਹਰਾ	198.	ਅਸ਼ਰਫਪੁਰ
176.	ਗੜ੍ਹੀ ਜਟਾਂ	199.	ਭੂਰਾ
177.	ਕੋਟ	200.	ਭੂਰੀਆ
178.	ਮਨਸੋਵਾਲ	201.	ਬਸਤੀ ਵਧੀਆਨ
179.	ਮੁਟੋਨ	202.	ਜੰਡੋਰ
180.	ਨਾਜ਼ਰਪੁਰ	203.	ਚੱਕ ਸੁਲੇਮਾਨ
181.	ਰਤਨਪੁਰ	204.	ਨੰਵਾਂ ਟਕਿਆਨਾ
182.	ਸੇਖੋਵਾਲ	205.	ਖੂੰਨ ਖੂੰਨ ਸ਼ਕਰੀ
183.	ਵਹੀਦਪੁਰ	206.	ਕਲਿਆਣਪੁਰ
		207.	ਖੋਖਰ
ਬ: ਟਾਂਡਾ		208.	ਕੋਮੇ
184.	ਅਬਦਲਪੁਰ	209.	ਕੋਟਲੀ ਖੇਰਾ
185.	ਪੱਗੋਰੀ	210.	ਮਹਿੰਦੀਪੁਰ
186.	ਬਸਤੀ ਬਹਿਰਾਂ	211.	ਨਾਗਰੀ
187.	ਬਹਿਲਾ	212.	ਨਿਹਾਲਪੁਰ
188.	ਚਹਿਲ	213.	ਸਜਣ
189.	ਬਸਤੀ ਬਾਜੀਪੁਰ	214.	ਬਹਿਲੋ
190.	ਗੰਢਵਾਲ	ਬ: ਮੁਕੇਰੀਆਂ	
191.	ਗੋਹਟ	215.	ਐਲੀਆਂ
192.	ਕੋਰਾਲਾ ਖੁਰਦ	216.	ਅਜੀਤ ਨਗਰ ਕਲੋਨੀ
193.	ਮਾਨਪੁਰ	217.	ਬੇਗੋਵਾਲ ਬਸਤੀ

1	2	1	2
218.	ਬੁਦੀਆਲ	242.	ਦਲਵਾਲੀ ਖੁਰਦ
219.	ਚਕ ਸ਼ੇਰੇ	243.	ਧੋਲਾਲ
220.	ਛਤ	244.	ਗੋਵੇਲ ਚੱਕ ਸ਼ਿਗਾਰ
221.	ਢਿੰਡੇ ਕਟਰਾਲਾ	245.	ਲਾਲੋਤਾ
222.	ਢਾਡ	246.	ਪੁੱਟੀ ਬੰਗਰੋਲੀ
223.	ਗੁਜਰੂ ਕਟਰਾਲਾ	247.	ਭਨੋਹਾਰ
224.	ਹਰਚੰਦ		
225.	ਜੰਡਵਾਲ ਬਸਤੀ ਠਾਕੁਰ ਦਵਾਰਨਾ	ਬ: ਹਾਜੀਪੁਰ	
226.	ਕੋਟਲੀ ਖਾਸ ਮਸਤੀ ਕੁਲੀਆਂ	248.	ਅਰਥਵਾਲ
227.	ਕਾਲਾ	249.	ਦੇਵਾਲ
228.	ਲੰਗਾਹ	250.	ਜਮਾਲਪੁਰ
229.	ਮਹਿੰਦੀਪੁਰ ਗੁੱਜੀ	251.	ਝੰਗ
230.	ਮੁਜੋਵਾਲ	252.	ਝੰਗਲੀਆਂ
231.	ਮੰਤਲਾ	253.	ਜੰਵਨਵਾਲ
232.	ਨਾਥੂਵਾਲ	254.	ਜਮਾਲਪੁਰ ਕਲਾਂ
233.	ਰਾਮਨੰਗਲ ਕਾਲੋਨੀ	255.	ਮਰੂਲਾ
234.	ਸਹਿਤਰ	256.	ਮਾਵਾ
235.	ਕਿਮ	257.	ਪੰਜ ਭੇਰ ਰਾਜਾਨ
236.	ਮਾਲਪੁਰ	258.	ਸਰਿਆ
237.	ਬਾਹਦਰਪੁਰ	259.	ਬਾਲਾ ਸ਼ਹਿਨਾਨ
238.	ਗੁਰੂ ਤੇਗ ਬਹਾਦਰ ਕਲੋਨੀ	260.	ਪਾਲ ਕਾਜਪੁਰ
ਬ: ਤਲਵਾੜਾ		ਬ: ਕਪੂਰਥਲਾ	
239.	ਅਬਾਦੀ ਸ਼ੰਬੂ ਪੱਟੀ	261.	ਅਕਾਲਪੁਰ
240.	ਬੇਹ ਅੱਤਾ	262.	ਅੰਮ੍ਰਿਤਪੁਰ
241.	ਦਤਰਪੁਰ	263.	ਆਲਮਖਾਂ ਵਾਲਾ

[ਹਾਇਰ ਸੈਕੰਡਰੀ ਅਤ ਪ੍ਰਾਇਮਰੀ ਸਿੱਖਿਆ ਮੰਤਰੀ]

1	2	1	2
264.	ਅੰਦਰੀਸਾ	290.	ਪਤੀ ਬਾਕਰਪੁਰ
265.	ਸਾਂਗਰਾ	291.	ਪਤੀ ਸਫ਼ਤਰਪੁਰ
266.	ਸ਼ਿਵ ਦਿਆਲਵਾਲਾ	282.	ਪਤੀ ਵਾਰਸ
267.	ਸਫਤਰਪੁਰ	293.	ਪਿਪਲ
268.	ਸਿਲਾ	294.	ਫਤਹਿ ਅਲੀਖਾਂ ਵਾਲਾ
269.	ਸੀਤਾ ਪੁਰ	295.	ਫਤਹਿ ਵਾਲਾ
270.	ਸੰਘੇਕੀ ਖੁਰਦ	296.	ਬਾਹਪੁਰ ਜਦੀਦ
271.	ਸ਼ਾਹਵਾਲੀ ਨੇਕੀ	297.	ਬਿਸ਼ਨਪੁਰ
272.	ਹੈਦਰਾਬਾਦ ਦੋਨਾ	298.	ਬਾਕਰਕੇ
273.	ਕਿਸ਼ਨਪੁਰ ਘੁੜਕਾਂ	299.	ਭੈਣੀ ਬਹਾਦਰ
274.	ਗੁੱਟਾ ਪੋਹ ਵਿੰਡੀਆ	300.	ਮੰਡ ਮੁਬਾਰਕਪੁਰ
275.	ਗੁਢਾ	301.	ਮੰਡ ਗੁਜਰਪੁਰ
276.	ਗਾਮੇਵਾਲ	302.	ਮਿੰਡੇਵਾਲ
277.	ਚੱਕ ਟੇਡਰਵਾਲ	303.	ਮੁਹੰਮਦਾਵਾਲ
278.	ਜਗਨੇਕ ਵਾਲ	304.	ਮੰਡ ਪ੍ਰਤਾਪੁਰ
279.	ਜਗਜੀਤਪੁਰ	305.	ਮੰਡ ਧਦਾ
280.	ਝੰਡੂਵਾਲ ਰਾਜਪੂਤਾਂ	306.	ਮੰਡ ਅਲੀਦਾਵਾਲਾ
281.	ਝੁਗੀਆਂ ਆਰੀਆਂ	307.	ਮੰਡ ਬੰਦੂ ਜਦੀਦ
282.	ਕੁਤਬਪੁਰ	308.	ਮੰਡ ਭੀਮਕਦੀਮ
283.	ਝੁਗੀਆਂ ਡੋਗਰਾਂ	309.	ਮੰਡ ਭੀ ਮਕਦੀਮ
284.	ਝੁਗੀਆਂ ਗਾਮੇ	310.	ਮੀਰਾਪੁਰ
285.	ਦੋਦਾ ਕਾਮੇ	311.	ਮੰਡ ਅਲਵਾਲ
286.	ਦੋਦਾ ਵਜੀਰ	312.	ਮੰਡ ਕਬੀਰਪੁਰ ਜਦੀਦ
287.	ਨਿਹਾਲਪੁਰ	313.	ਮੰਡ ਕਾਸਮਵਾਲ
288.	ਨੱਕੀ	314.	ਮੰਡ ਹੁਸੈਨਰਪੁਰ ਬੂਲੇ
289.	ਪ੍ਰੰਸਣ ਜਦੀਦ	315.	ਮੰਡ ਆਲੀ ਕਲਾਂ

1	2	1	2
316.	ਮੰਡ ਧੀਮ	342.	ਰਸੂਲਪੁਰ ਚਿੜੀ
317.	ਢੁਰਿਆਂ	343.	ਸਾਹਪੁਰ ਪੀਰਾ
318.	ਵਡਲ ਕਦੀਮ	344.	ਕੋਟਲੀ
319.	ਵਡੇਲ ਮੇਜਾ	345.	ਭੈਣੀ
320.	ਵੜੇਲ ਖੁਦਾਬਖਸ਼	346.	ਮੰਡ ਅਹਿਮਦਵਾਲ਼
321.	ਕੁਤਬਪੁਰ	347.	ਮੰਡ ਗੁਰਦਾਸਪੁਰ
322.	ਕੋਟਲੀ	348.	ਮੰਡ ਅਸਾਲਮਪੁਰ
323.	ਕੰਮੋ ਵਾਲਾ	349.	ਖੁਸਾ ਲੇਖ
324.	ਗੁਰਮੁਖ ਸਿੰਘ ਵਾਲਾ	350.	ਮੰਡ ਚਕੋਕੀ
325.	ਗੋਰਾ	351.	ਮੰਡ ਢਿਲਵਾਂ
326.	ਚੱਕ ਮੋਜੀਵਾਲਾ	352.	ਬਸਤੀ ਲਮਨ ਕੇ ਪੁੱਡੇ
327.	ਚੱਕ ਗੋਬੀਪੁਰ	353.	ਸਦੱਰਪੁਰ
328.	ਜਲ ਭੱਟੀ	354.	ਕੋਟ ਪੂਰਨ ਸਿੰਘ ਵਾਲਾ
329.	ਤਲਵੰਡੀ ਬਾਖਾ	355.	ਖੂਨੀ ਕਿਆਰ
330.	ਦੁਲੇ ਰਾਹੀਆਂ	356.	ਗੁਲਾਬਗੜ੍ਹ ਜੱਟਾਂ
331.	ਦੌਲਤਪੁਰ	357.	ਗੁੜਾਲਪੁਰ
332.	ਨਰੈਣਗੜ੍ਹ	358.	ਚਕ ਮਲਕਪੁਰ
333.	ਨਿਹਾਲਵਾਲਾ	359.	ਬੰਲਰਾਮਪੁਰ
334.	ਭਾਗ ਵਾਲਾ	360.	ਮੇਰਾ
335.	ਮੰਡੀ ਹਾਲੀ ਵਾਲ	361.	ਵਰਆ
336.	ਮੰਡ ਸੁਰਖਪੁਰ	**ਜ਼ਿਲ੍ਹਾ ਲੁਧਿਆਣਾ**	
337.	ਮੰਡ ਸੰਧੀ	ਬ. ਲੁਧਿਆਣਾ	
338.	ਮੰਡ ਦੈਸਲ	362.	ਬ੍ਰਾਹਮਣ ਮਾਰਾ ਉਰਫ ਨਵਾਂ ਪਿੰਡ
339.	ਮੇਜਰਵਾਲਾ		
340.	ਅਕਬਰਪੁਰ	**ਬ: ਮਾਂਗਟ-1**	
341.	ਰਵਾਲ	363.	ਬਲੋਕੇ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

1	2
364.	ਨਵਾਂ ਮਹਿਰਾ ਬੇਟ
365.	ਗੜਾ
366.	ਬੁਰਜ ਮਾਨ ਕਰ
367.	ਭੱਟੀਆਂ ਦਾਰਾ
368.	ਰੰਜਾਪੁਰ ਡੋਗਰਾਂ
369.	ਹੁਸੈਨਪੁਰ ਛੋਟਾ
370.	ਫੁੱਗੇਵਾਲ
371.	ਚਾਰਨਹਾੜਾ
ਬ: ਮਾਂਗਟ-3	
372.	ਹੈਦਰ ਨਗਰ
373.	ਸਾਹਿਬ ਘਮਾਣਾ
ਬ: ਮਾਂਗਟ-2	
374.	ਬੂਟ
ਬ: ਮਾਛੀਵਾੜਾ	
375.	ਬੁਰਜ ਪੱਕਾ
376.	ਲਖੋਵਾਲ ਕਲਾਂ
377.	ਚੱਕ ਬਗੂ
378.	ਜਾਤੀ ਵਾਲ
379.	ਖਗਲੇਵਾਲ
380.	ਖਾਨਪੁਰ
381.	ਮਾਜਰੀ ਸਿੱਖਾਂ
ਬ: ਖੰਨਾ-2	
382.	ਬੀੜ ਕਿਸ਼ਨ ਸਿੰਘ
383.	ਰਾਜ ਸਿੰਘ ਵਾਲਾ
ਬ: ਖੰਨਾ-1	
384.	ਈਸੜ ਖੁਰਦ
ਬ: ਪੱਖੋਵਾਲ	
385.	ਪਿੰਡ ਲੱਖਾ ਸਿੰਘ ਵਾਲਾ
ਬ: ਮਾਛੀਵਾੜਾ	
386.	ਨੂਰਪੁਰ ਮੰਡ
387.	ਖਹਿਰਾ ਬੇਟ (ਸਿਧਵਾਂ ਬੇਟ-2)
388.	ਭਪਾਲ (ਮਾਂਗਟ-3)
389.	ਬਾਹਮਣ ਮਾਜਰਾ (ਡੇਹਲੋ-2)
390.	ਜੁਲਮਗੜ੍ਹ (ਮਾਛੀਵਾੜਾ)
391.	ਮਾੜੇਵਾਲ (ਮਾਂਗਟ-3)
392.	ਫਤਿਹਗੜ੍ਹ ਜੱਟਾਂ (ਮਾਂਗਟ-3)
393.	ਪੁਰਜੀਆਂ ਬਿਹਾਰੀਪੁਰ (ਸਿਧਵਾਂ ਬੇਟ-1)
394.	ਪਿੰਡ ਛੰਨਾ (ਸਿਧਵਾਂ ਬੇਟ-2)
ਜ਼ਿਲ੍ਹਾ ਮਾਨਸਾ	
395.	ਜਸੜਵਾਲ
396.	ਉਭਾ
ਜ਼ਿਲ੍ਹਾ ਨਵਾਂ ਸ਼ਹਿਰ	

1	2	1	2
397.	ਲੜੋਆ	422.	ਦੁਭਾਲੀ
398.	ਬੇਗੋਵਾਲ	423.	ਪਰਾਗਪੁਰ
399.	ਕੱਟ	424.	ਮਹਿੰਦੀਪੁਰ
400.	ਲੰਖਪੁਰ	425.	ਟਢੋਹ
401.	ਤਲਵੰਡੀ ਸਿਬੂ	426.	ਜੀਉਵਾਲ
402.	ਮਿਰਜਾਪੁਰ	427.	ਹਰੀਜਨ ਬਸਤੀ ਭੱਲਾ
403.	ਬੁਰਜ ਟਹਿਲ ਦਾਸ	428.	ਨੰਗਲ
404.	ਖੰਡਪੁਰ	429.	ਰਾਮਨਗਰ ਬਲਾਚੋਰ
405.	ਅਟਾਲ ਮਜਾਰਾ	430.	ਟੀਚਰ ਕਲੋਨੀ ਬਲਾਚੋਰ
406.	ਰੌੜੀ	431.	ਪੱਤੀ ਉਪਰਲੀ ਰਾਜਪੁਰਾ
407.	ਖੁਰਦਾ		
408.	ਹਿਆਤਪੁਰ ਜੱਟਾਂ		**ਜ਼ਿਲ੍ਹਾ ਰੋਪੜ**
409.	ਗੁਲਪੁਰ		
410.	ਧਰਮਪੁਰ		**ਬ: ਨੂਰਪੁਰ ਬੇਦੀ**
411.	ਨਾਨੋਵਾਲ	432.	ਸਿੰਬਲ ਮਾਜਰਾ
412.	ਚਦਆਣੀ ਕਲਾਂ	433.	ਚਾਹੜ ਮਾਜਰਾ
413.	ਝਾਗੜੀਆਂ		
414.	ਜੰਡਪੁਰ		**ਬ: ਮਾਜਰੀ**
415.	ਬੂਥਗੜ੍ਹ	434.	ਜਾਕਰ ਮਾਜਰਾ
416.	ਮਜਾਰਾ ਖੁਰਦ	435.	ਫਤਿਹਪੁਰ
417.	ਖੇਸਵਾਲ	436.	ਮਹਿਰੌਲੀ
418.	ਬੁਗੜੀ		
419.	ਹੋੜੇ		**ਬ: ਖਰੜ-3**
420.	ਲੰਹਟ	437.	ਪੱਟੀ ਸੁਹਾਣਾ
421.	ਹਸਨਪੁਰ ਕਲਾਂ		

ਜਾਇਦਾਦਾਂ ਦੀ ਵਿਕਰੀ/ਖਰੀਦ ਤੋਂ ਆਮਦਨ

337. (1) **ਕਾਮਰੇਡ ਅਜੈਬ ਸਿੰਘ ਰੌਂਤਾ**
(2) **ਕਾਮਰੇਡ ਹਰਦੇਵ ਸਿੰਘ ਅਰਸ਼ੀ** } : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਵਿੱਤੀ ਸਾਲਾਂ 1996-97, 1997-98 ਅਤੇ 1998-99 ਤੋਂ ਮਿਤੀ ਅੰਤ ਤੱਕ ਦੇ ਦੌਰਾਨ, ਕ੍ਰਮਵਾਰ, ਸਬ-ਡਵੀਜ਼ਨ ਨਿਹਾਲ ਸਿੰਘ ਵਾਲਾ (ਮੋਗਾ) ਅਤੇ ਸਬ-ਡਵੀਜ਼ਨ ਬੁਢਲਾਡਾ (ਮਾਨਸਾ) ਵਿਚ ਦਰਜ ਜਾਇਦਾਦਾਂ ਦੀ ਵਿਕਰੀ/ਖਰੀਦ ਸਬੰਧੀ ਦਸਤਾਵੇਜ਼ਾਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਜਾਇਦਾਦਾਂ ਦੇ ਲੈਣ-ਦੇਣ ਵਿਚ ਕੁੱਲ ਕਿੰਨੀ ਰਕਮ ਸ਼ਾਮਲ ਹੈ ਅਤੇ ਸਰਕਾਰ ਵਲੋਂ ਰਜਿਸਟ੍ਰੇਸ਼ਨ-ਫੀਸਾਂ ਦੇ ਰੂਪ ਵਜੋਂ ਕੁੱਲ ਕਿੰਨਾ ਪੈਸਾ ਕਮਾਇਆ ਗਿਆ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ. (ੳ) ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ:—

ਜਾਇਦਾਦਾਂ ਦੀ ਵਿਕਰੀ/ਖਰੀਦ ਨਾਲ ਸਬੰਧਤ ਦਰਜ ਕੀਤੇ ਗਏ ਦਸਤਾਵੇਜ਼ਾਂ (ਡੀਡਜ਼) ਦੀ ਕੁੱਲ ਗਿਣਤੀ :

ਸਾਲ	ਉਪ ਮੰਡਲ ਨਿਹਾਲ ਸਿੰਘ ਵਾਲਾ (ਮੋਗਾ)	ਉਪ ਮੰਡਲ ਬੁਢਲਾਡਾ (ਮਾਨਸਾ)
1996-97	4,097	3,585
1997-98	2,883	3,892
1998-99	2,902	3,669
ਮਿਤੀ ਅੰਤ ਤੱਕ	9,882	11,146

	(ਅ) ਉਪ ਮੰਡਲ ਨਿਹਾਲ ਸਿੰਘ ਵਾਲਾ		ਉਪ ਮੰਡਲ ਬੁਢਲਾਡਾ	
ਸਾਲ	ਸੌਦਿਆਂ ਦੀ ਰਕਮ	ਰਜਿਟਰੇਸ਼ਨ ਫੀਸ ਵਜੋਂ ਹੋਈ ਰਕਮ	ਪ੍ਰਾਪਤ ਸੌਦਿਆਂ ਦੀ ਰਕਮ	ਰਜਿਸਟਰੇਸ਼ਨ ਫੀਸ ਵਜੋਂ ਪ੍ਰਾਪਤ ਹੋਈ ਰਕਮ
1	2	3	4	5
1996-97	15,86,47,561/-	11,30,936/-	25,30,97,885/-	13,04,742/-
1997-98	19,03,24,970/-	11,96,917/-	27,51,60,508/-	14,22,329/-
1998-99	31,56,96,920/-	10,44,505/-	28,50,76,094/-	13,25,811/-
ਮਿਤੀ ਅੰਤ ਤੱਕ	66,46,69,451/-	33,72,358/-	81,33,34,487/-	40,52,882/-

ਮਿਉਂਸਪਲ ਕਾਰਪੋਰੇਸ਼ਨਾਂ ਦੇ ਅਫਸਰਾਂ/ਕਰਮਚਾਰੀਆਂ ਦੀ ਤਰੱਕੀ

338. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿਚ ਮਿਉਂਸਪਲ ਕਾਰਪੋਰੇਸ਼ਨ-ਵਾਰ ਅਜਿਹੇ ਪ੍ਰਾਂਤਿਕ ਕਾਡਰ ਦੇ ਅਫਸਰਾਂ/ਕਰਮਚਾਰੀਆਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਨੂੰ 1 ਮਾਰਚ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਤਰੱਕੀ ਦਿੱਤੀ ਗਈ ਸੀ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਫਸਰ/ਕਰਮਚਾਰੀ ਤਰੱਕੀ ਲੈਣ ਤੋਂ ਪਹਿਲਾਂ ਜਿਹੜੀਆਂ ਆਸਾਮੀਆਂ ਤੇ ਲਗੇ ਹੋਏ ਸਨ, ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਆਸਾਮੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੇ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ ਹੈ ਅਤੇ ਉਸ ਹਰ ਇਕ ਆਸਾਮੀ ਜਿਸ ਤੇ ਤਰੱਕੀ ਦਿੱਤੀ ਗਈ ਹੈ, ਦੀਆਂ ਆਸਾਮੀਵਾਰ ਨਿਰਧਾਰਤ ਸ਼ਰਤਾਂ ਅਤੇ ਯੋਗਤਾਵਾਂ ਕੀ-ਕੀ ਹਨ ?

ਸ਼੍ਰੀ ਬਲਰਾਮਜੀ ਦਾਸ ਟੰਡਨ : (ੳ) ਅਤੇ (ਅ) ਲੋੜੀਂਦੀ ਸੂਚਨਾ/ਸਟੇਟਮੈਂਟ (ਨਾਲ ਨੱਥੀ) ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚਨਾ

ਨਗਰ ਨਿਗਮਾਂ ਵਿਚ ਮਿਤੀ 1 ਮਾਰਚ, 1997 ਤੋਂ ਹੁਣ ਤੱਕ ਪ੍ਰਾਂਤੀਕ੍ਰਿਤ ਆਸਾਮੀਆਂ ਤੇ ਪੱਦ-ਉਨਤ ਕੀਤੇ ਕਰਮਚਾਰੀਆਂ/ਅਧਿਕਾਰੀਆਂ ਦਾ ਵੇਰਵਾ :—

ਲੜੀ ਨੰ.	ਕਰਮਚਾਰੀ/ਅਧਿਕਾਰੀ ਦਾ ਨਾਂ		ਪੱਦ-ਉਨਤੀ ਤੋਂ ਪਹਿਲਾਂ ਅਹੁਦਾ	ਪੱਦ-ਉਨਤੀ ਉਪਰੰਤ ਅਹੁਦਾ	ਤਰੱਕੀ ਲਈ ਸ਼ਰਤਾਂ/ਯੋਗਤਾਵਾਂ (ਪੰਜਾਬ ਮਿਉਂਸਪਲ ਕਾਰਪੋਰੇਸ਼ਨ ਸਰਵਿਸਜ਼ (ਆਰ. ਐਂਡ ਸੀ.) ਰੂਲਜ਼, 1978 ਅਨੁਸਾਰ)
1	2		3	4	5
			ਨਗਰ ਨਿਗਮ, ਲੁਧਿਆਣਾ		
1.	ਨਰੇਸ਼ ਦਾਸ	..	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਕਾਰਪੋਰੇਸ਼ਨ ਇੰਜੀਨੀਅਰ	ਬਤੌਰ ਸਹਾਇਕ ਕਾਰਪੋਰੇਸ਼ਨ ਇੰਜੀਨੀਅਰ 8 ਸਾਲਾਂ ਦਾ ਤਜਰਬਾ ।
2.	ਗੁਰਦੇਵ ਸਿੰਘ	..	—ਉਹੀ—	—ਉਹੀ—	—ਉਹੀ—
3.	ਕੁਲਵੰਤ ਸਿੰਘ	..	—ਉਹੀ—	—ਉਹੀ—	—ਉਹੀ—
4.	ਕੇਵਲ ਕੁਮਾਰ	..	ਮੁੱਖ ਨਕਸ਼ਾ ਨਵੀਸ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ ।	ਬਤੌਰ ਮੁੱਖ ਨਕਸ਼ਾ ਨਵੀਸ 5 ਸਾਲਾਂ ਦਾ ਤਜਰਬਾ ।
5.	ਸਵਰਨ ਸਿੰਘ	..	ਬਾਗ ਅਫਸਰ	—ਉਹੀ—	ਬਤੌਰ ਬਾਗ ਅਫਸਰ 10 ਸਾਲਾਂ ਦਾ ਤਜਰਬਾ, ਡਿਗਰੀ ਹੋਲਡਰ, ਬਾਗ ਅਫਸਰ ਲਈ 2 ਸਾਲਾਂ ਦਾ ਤਜਰਬਾ ।

6.	ਵੀ. ਬੀ. ਖੰਨਾ	—ਉਹੀ—	—ਉਹੀ—	—ਉਹੀ—
7.	ਜੋਗਿੰਦਰ ਸਿੰਘ ਸੰਧੂ	—ਉਹੀ—	—ਉਹੀ—	—ਉਹੀ—
8.	ਰਾਮਾ ਸ਼ੰਕਰ ਸਹਾਏ	—ਉਹੀ—	—ਉਹੀ—	—ਉਹੀ—
9.	ਕਮਲੇਸ਼ ਬਾਂਸਲ	—ਉਹੀ—	—ਉਹੀ—	—ਉਹੀ—
10.	ਫੂਲ ਚੰਦ ਗੁਪਤਾ	ਮੁੱਖ ਨਕਸ਼ਾ ਨਵੀਸ	ਪਲੈਨਿੰਗ ਅਫ਼ਸਰ	ਬਤੌਰ ਮੁੱਖ ਨਕਸ਼ਾ ਨਵੀਸ, ਟੀ. ਪੀ. ਵਿੰਗ ਵਿਚ 4 ਸਾਲਾਂ ਦਾ ਤਜ਼ਰਬਾ ।
11.	ਬਲਦੇਵ ਰਾਜ	ਵਰਕ ਮਿਸਤਰੀ	ਭਾਗ ਅਫ਼ਸਰ	ਬਤੌਰ ਵਰਕ ਮਿਸਤਰੀ/ਸਰਵੇਅਰ ਵਰਕ ਸੁਪਰਵਾਈਜ਼ਰ 8 ਸਾਲਾਂ ਦਾ ਤਜ਼ਰਬਾ ਸਮੇਤ ਡਿਪਲੋਮਾ ਹੋਲਡਰ (3 ਸਾਲਾਂ) ਜਾਂ ਦਸਵੀਂ ਪਾਸ ਹੋਵੇ ਅਤੇ 12 ਸਾਲਾਂ ਦਾ ਤਜ਼ਰਬਾ ।
12.	ਹਰਵਿੰਦਰ ਸਿੰਘ	ਸੁਪਰਵਾਈਜ਼ਰ	—ਉਹੀ—	—ਉਹੀ—
13.	ਰਣਧੀਰ ਸਿੰਘ	ਨਕਸ਼ਾ ਨਵੀਸ	ਮੁੱਖ ਨਕਸ਼ਾ ਨਵੀਸ	ਬਤੌਰ ਨਕਸ਼ਾ ਨਵੀਸ 7 ਸਾਲਾਂ ਦਾ ਤਜ਼ਰਬਾ ਹੋਵੇ ।
14.	ਅਵਤਾਰ ਸਿੰਘ	—ਉਹੀ—	—ਉਹੀ—	—ਉਹੀ—
15.	ਜਸਪਾਲ ਸਿੰਘ	—ਉਹੀ—	—ਉਹੀ—	—ਉਹੀ—
16.	ਉਪਦੇਸ਼ ਜੀਤ	—ਉਹੀ—	—ਉਹੀ—	—ਉਹੀ—
17.	ਅਮਰਜੀਤ ਸਿੰਘ	—ਉਹੀ—	—ਉਹੀ—	—ਉਹੀ—

	2	3	4	5
18.	ਰਣਜੀਤ ਸਿੰਘ ..	ਜੂਨੀਅਰ ਡਰਾਫਟਸਮੈਨ	ਨਕਸ਼ਾ ਨਵੀਸ	ਬਤੌਰ ਟਰੇਸਰ/ਜੇ. ਡੀ ਐਮ. 8 ਸਾਲਾਂ ਦਾ ਤਜ਼ਰਬਾ ਹੋਵੇ ।
19.	ਸੁਖਮਿੰਦਰ ਸਿੰਘ ..	—ਉਹੀ—	—ਉਹੀ—	—ਉਹੀ—
20.	ਭੰਤ ਸਿੰਘ ..	—ਉਹੀ—	—ਉਹੀ—	—ਉਹੀ—
21.	ਸੁਧੀਰ ਕੁਮਾਰ ..	—ਉਹੀ—	—ਉਹੀ—	—ਉਹੀ—
22.	ਰਾਜਿੰਦਰ ਸਿੰਘ ..	—ਉਹੀ—	—ਉਹੀ—	—ਉਹੀ—
23.	ਨਿਰਮਲ ਸਿੰਘ ..	—ਉਹੀ—	—ਉਹੀ—	—ਉਹੀ—
24.	ਸਿੰਗਾਰਾ ਸਿੰਘ ..	—ਉਹੀ—	—ਉਹੀ—	—ਉਹੀ—
25.	ਬੀ. ਕੇ. ਗੁਪਤਾ ..	ਕਾਰਜ ਸਾਧਕ ਅਫਸਰ	ਸਹਾਇਕ ਕਮਿਸ਼ਨਰ	ਬਤੌਰ ਕਾਰਜ ਸਾਧਕ ਅਫਸਰ, ਦਰਜਾ-I ਨਗਰ ਕੌਂਸਲਾਂ 5 ਸਾਲ ਦਾ ਤਜ਼ਰਬਾ ਹੋਵੇ ।
26.	ਵਿਆਸ ਦੇਵ ..	ਸਹਾਇਕ/ਇੰਸਪੈਕਟਰ	ਸੁਪਰਡੰਟ ਗ੍ਰੇਡ-II	ਬਤੌਰ ਸਹਾਇਕ, ਇੰਸਪੈਕਟਰ 5 ਸਾਲ ਦਾ ਤਜ਼ਰਬਾ ਅਤੇ ਦਸਵੀਂ ਪਾਸ ਹੋਵੇ ।
27.	ਟਹਿਲ ਸਿੰਘ ..	—ਉਹੀ—	—ਉਹੀ—	—ਉਹੀ—
28.	ਬਸੰਤ ਕੁਮਾਰ ..	—ਉਹੀ—	—ਉਹੀ—	—ਉਹੀ—
29.	ਤੇਜਾ ਸਿੰਘ ..	—ਉਹੀ—	—ਉਹੀ—	—ਉਹੀ—
30.	ਭਾਰਤ ਭੂਸ਼ਣ ..	—ਉਹੀ—	—ਉਹੀ—	—ਉਹੀ—

31.	ਰਾਮ ਸਰੂਪ ..	—ਉਹੀ—	—ਉਹੀ—	—ਉਹੀ—
32.	ਬਲਵੰਤ ਸਿੰਘ ..	—ਉਹੀ—	—ਉਹੀ—	—ਉਹੀ—
33.	ਅਜੀਤ ਰਾਮ ..	—ਉਹੀ—	—ਉਹੀ—	—ਉਹੀ—
34.	ਕੇਵਲ ਕ੍ਰਿਸ਼ਨ ..	—ਉਹੀ—	—ਉਹੀ—	—ਉਹੀ—
35.	ਅਸ਼ੋਕ ਲਾਲ ..	ਸਟੈਨੋਗ੍ਰਾਫਰ	ਨਿੱਜੀ ਸਹਾਇਕ-ਕਮ -ਸੁਪਰਡੰਟ ਗ੍ਰੇਡ-II	—ਉਹੀ—
		ਨਗਰ ਨਿਗਮ, ਅੰਮ੍ਰਿਤਸਰ		
36.	ਏ. ਕੇ. ਮਲਿਕ ..	ਕਾਰਪੋਰੇਸ਼ਨ ਇੰਜੀਨੀਅਰ	ਨਿਗਰਾਨ ਇੰਜੀਨੀਅਰ	ਇੰਜੀਨੀਅਰਿੰਗ ਦੀ ਡਿਗਰੀ/ ਏ. ਐਮ. ਆਈ. ਈ. ਕੀਤੀ ਹੋਵੇ ਅਤੇ 7 ਸਾਲਾਂ ਦਾ ਬਤੌਰ ਕਾਰਪੋਰੇਸ਼ਨ ਇੰਜੀ ਤਜਰਬਾ ।
37.	ਤਰਲੋਚਨ ਸਿੰਘ ..	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਕਾਰਪੋਰੇਸ਼ਨ ਇੰਜੀਨੀਅਰ	ਬਤੌਰ ਸਹਾਇਕ ਕਾਰਪੋਰੇਸ਼ਨ ਇੰਜੀਨੀਅਰ 8 ਸਾਲਾਂ ਦਾ ਤਜਰਬਾ ।
38.	ਵੀ. ਕੇ. ਤਲਵਾੜ ..	—ਉਹੀ—	—ਉਹੀ—	—ਉਹੀ—
39.	ਗੁਰਬਚਨ ਸਿੰਘ ..	ਬਾਗ ਅਫਸਰ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਬਤੌਰ ਬਾਗ ਅਫਸਰ 10 ਸਾਲਾਂ ਦਾ ਤਜਰਬਾ, ਡਿਪਲੋਮਾ ਹੋਲਡਰ ਅਤੇ 2 ਸਾਲਾਂ ਦਾ ਤਜਰਬਾ ਜੋ ਡਿਗਰੀ ਹੋਲਡਰ ਹੋਵੇ ।

1	2	3	4	5
40.	ਗਿਆਨ ਸਿੰਘ	ਭਾਗ ਅਫਸਰ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਬਤੌਰ 10 ਸਾਲਾਂ ਦਾ ਤਜਰਬਾ ਡਿਪਲੋਮਾ ਹੋਲਡਰ ਅਤੇ 2 ਸਾਲਾਂ ਦਾ ਤਜਰਬਾ ਜੋ ਡਿਗਰੀ ਹੋਲਡਰ ਹੋਵੇ ।
41.	ਮੇਜਰ ਸਿੰਘ	—ਉਹੀ—	—ਉਹੀ—	—ਉਹੀ—
42.	ਨਵਜੋਤ ਸਿੰਘ	—ਉਹੀ—	—ਉਹੀ—	—ਉਹੀ—
43.	ਜਗਦੀਸ਼ ਰਾਜ	—ਉਹੀ—	—ਉਹੀ—	—ਉਹੀ—
44.	ਸੁਨੀਲ ਉਪਲ	—ਉਹੀ—	—ਉਹੀ—	—ਉਹੀ—
45.	ਨਵਤੇਜ ਸਿੰਘ	—ਉਹੀ—	—ਉਹੀ—	—ਉਹੀ—
46.	ਬਲਵਿੰਦਰ ਸਿੰਘ	—ਉਹੀ—	—ਉਹੀ—	—ਉਹੀ—
47	ਪਰਦੁਮਣ ਸਿੰਘ	—ਉਹੀ—	—ਉਹੀ—	—ਉਹੀ—
48.	ਗੁਰਿੰਦਰ ਪਾਲ ਸਿੰਘ ਕੱਕੜ	—ਉਹੀ—	—ਉਹੀ—	—ਉਹੀ—
49.	ਕਸਤੂਰੀ ਲਾਲ	ਭਾਗ ਅਫਸਰ (ਬਿਜਲੀ)	—ਉਹੀ—	—ਉਹੀ—
50.	ਦਲਜੀਤ ਸਿੰਘ ਭੁੱਲਰ	ਭਾਗ ਅਫਸਰ	—ਉਹੀ—	—ਉਹੀ—
51.	ਬਲਦੇਵ ਸਿੰਘ ਨਾਗੀ	ਫਿਟਰ	ਭਾਗ ਅਫਸਰ	ਬਤੌਰ ਫਿਟਰ 12 ਸਾਲ ਦਾ ਤਜਰਬਾ ਅਤੇ ਦਸਵੀਂ ਪਾਸ ਹੋਵੇ, ਨੈਸ਼ਨਲ ਟਰੇਡ ਸਰਟੀਫਿਕੇਟ ਹੋਵੇ ।
52.	ਸੁਰਜੀਤ ਸਿੰਘ	—ਉਹੀ—	—ਉਹੀ—	—ਉਹੀ—
53.	ਰਾਮ ਲਭਾਇਆ	—ਉਹੀ—	—ਉਹੀ—	—ਉਹੀ—

54.	ਨਰੇਸ਼ ਚੰਦ ..	ਫਿਟਰ	ਭਾਗ ਅਫ਼ਸਰ	—ਉਹੀ—
55.	ਮਨੋਹਰ ਸਿੰਘ ..	—ਉਹੀ—	—ਉਹੀ—	—ਉਹੀ—
56.	ਹੇਮੰਤ ਬਤਰਾ ..	ਬਿਲਡਿੰਗ ਇੰਸਪੈਕਟਰ	ਸਹਾਇਕ ਟਾਊਨ ਪਲੈਨਰ ।	ਬਤੌਰ ਬਿਲਡਿੰਗ ਇੰਸਪੈਕਟਰ, (ਤਕਨੀਕੀ) 10 ਸਾਲਾਂ ਦਾ ਟਾਊਨ ਪਲੈਨਿੰਗ ਵਿੰਗ ਦਾ ਤਜਰਬਾ ਹੋਵੇ ।
57.	ਸ਼ਕਤੀ ਸਾਗਰ ਭਾਟੀਆ	ਭਾਗ ਅਫ਼ਸਰ	—ਉਹੀ—	—ਉਹੀ—
58.	ਤਰਲੋਕ ਸਿੰਘ ..	ਬਿਲਡਿੰਗ ਇੰਸਪੈਕਟਰ	—ਉਹੀ—	—ਉਹੀ—
59.	ਜਗਦੀਸ਼ ਚੰਦਰ ..	ਵਰਕ ਮਿਸਤਰੀ	ਭਾਗ ਅਫ਼ਸਰ	ਡਿਪਲੋਮਾ ਹੋਲਡਰ ਸਿਵਲ ਇੰ: ਦਾ 3 ਸਾਲਾਂ ਦਾ ਕੋਰਸ ਅਤੇ 8 ਸਾਲਾਂ ਦਾ ਤਜਰਬਾ, ਬਤੌਰ ਵਰਕ ਮਿਸਤਰੀ/ਸਰਵੇਅਰ/ਵਰਕ ਸੁਪਰਵਾਈਜ਼ਰ ਜਾਂ 12 ਸਾਲਾ ਦਾ ਤਜਰਬਾ ਹੋਵੇ ।
60.	ਪ੍ਰਦੀਪ ਕੁਮਾਰ ..	ਸਰਵੇਅਰ	—ਉਹੀ—	—ਉਹੀ—
61.	ਸੰਦੀਪ ਸਿੰਘ ..	—ਉਹੀ—	—ਉਹੀ—	—ਉਹੀ—
62.	ਸਰਵਣ ਦਾਸ ..	—ਉਹੀ—	—ਉਹੀ—	—ਉਹੀ—
63.	ਰਮਨ ਕੁਮਾਰ ..	ਵਰਕ ਮਿਸਤਰੀ	—ਉਹੀ—	—ਉਹੀ—
64.	ਮੁਲਖ ਰਾਜ ..	—ਉਹੀ—	—ਉਹੀ—	—ਉਹੀ—

1	2	3	4	5
65.	ਰਾਵਿੰਦਰ ਪਾਲ ..	ਵਰਕ ਮਿਸਤਰੀ	ਭਾਗ ਅਫ਼ਸਰ	ਡਿਪਲੋਮਾ ਹੋਲਡਰ ਸਿਵਲ ਇ: ਦਾ 3 ਸਾਲਾਂ ਦਾ ਕੋਰਸ ਅਤੇ 8 ਸਾਲਾਂ ਦਾ ਤਜਰਬਾ, ਬਤੌਰ ਵਰਕ ਮਿਸਤਰੀ/ਸਰਵੇਅਰ/ਵਰਕ ਸੁਪਰਵਾਈਜ਼ਰ ਜਾਂ 12 ਸਾਲਾਂ ਦਾ ਤਜਰਬਾ ਹੋਵੇ ।
66.	ਇਕਬਾਲ ਸਿੰਘ ..	—ਉਹੀ—	—ਉਹੀ—	—ਉਹੀ—
67.	ਚੰਦਨ ਕੁਮਾਰ ..	ਵਰਕ ਸੁਪਰਵਾਈਜ਼ਰ	—ਉਹੀ—	—ਉਹੀ—
68.	ਲੱਖਾ ਰਾਮ ..	ਵਰਕ ਮਿਸਤਰੀ	—ਉਹੀ—	—ਉਹੀ—
69.	ਰਾਵਿੰਦਰ ਸਿੰਘ	—ਉਹੀ—	—ਉਹੀ—	—ਉਹੀ—
70.	ਸੁਖਮਿੰਦਰ ਸਿੰਘ ..	—ਉਹੀ—	—ਉਹੀ—	—ਉਹੀ—
71.	ਸੁਰਿੰਦਰ ਕੁਮਾਰ ..	ਬਾਗਬਾਨੀ ਸੁਪਰਵਾਈਜ਼ਰ	ਭਾਗ ਅਫ਼ਸਰ (ਬਾਗਬਾਨੀ)	ਬਤੌਰ ਬਾਗਬਾਨੀ ਸੁਪਰਵਾਈਜ਼ਰ ਦਾ 12 ਸਾਲ ਦਾ ਤਜਰਬਾ ਹੋਵੇ ।
72.	ਰਾਮ ਸਰੂਪ ..	ਲਾਈਨਮੈਨ	ਭਾਗ ਅਫ਼ਸਰ (ਬਿਜਲੀ)	ਬਤੌਰ ਲਾਈਨਮੈਨ 8 ਸਾਲਾਂ ਦਾ ਤਜਰਬਾ ਅਤੇ ਇਲੈਕਟ੍ਰੀਸ਼ਨ ਦਾ 3 ਸਾਲਾਂ ਦਾ ਤਜਰਬਾ ਹੋਵੇ ।
73.	ਸੁਰਿੰਦਰ ਕੁਮਾਰ ..	ਡਰਾਫਟਸਮੈਨ	ਮੁੱਖ ਨਕਸ਼ਾ ਨਵੀਸ	ਬਤੌਰ ਡਰਾਫਟਸਮੈਨ 7 ਸਾਲਾਂ ਦਾ ਤਜਰਬਾ ਹੋਵੇ ।
74.	ਡੀ. ਪੀ. ਗੁਪਤਾ ..	ਕਾਰਜ ਸਾਧਕ ਅਫ਼ਸਰ	ਸਹਾਇਕ ਕਮਿਸ਼ਨਰ	ਬਤੌਰ ਕਾਰਜ ਸਾਧਕ ਅਫ਼ਸਰ ਦਰਜਾ-1, ਨਗਰ ਕੌਂਸਲ ਦਾ 5 ਸਾਲਾਂ ਦਾ ਤਜਰਬਾ ਹੋਵੇ ।

75.	ਰਾਜ ਕੁਮਾਰ	ਸਹਾਇਕ/ਇੰਸਪੈਕਟਰ	ਸੁਪਰਡੰਟ ਗ੍ਰੇਡ-II	ਬਤੌਰ ਸਹਾਇਕ/ਇੰਸਪੈਕਟਰ 5 ਸਾਲਾਂ ਦਾ ਤਜਰਬਾ ਹੋਵੇ ਅਤੇ ਦਸਵੀਂ ਪਾਸ ਹੋਵੇ ।
76.	ਤਰਲੋਕ ਚੰਦ ਦੂਆ	—ਉਹੀ—	—ਉਹੀ—	—ਉਹੀ—
77.	ਮੁਨਸ਼ੀ ਰਾਮ	—ਉਹੀ—	—ਉਹੀ—	—ਉਹੀ—
78.	ਮਨਜੀਤ ਕੌਰ	—ਉਹੀ—	—ਉਹੀ—	—ਉਹੀ—
79.	ਬੂਟਾ ਸਿੰਘ	—ਉਹੀ—	—ਉਹੀ—	—ਉਹੀ—
80.	ਕੇਵਲ ਕ੍ਰਿਸ਼ਨ	—ਉਹੀ—	—ਉਹੀ—	—ਉਹੀ—
81.	ਸੁਖਦੇਵ ਸਿੰਘ	—ਉਹੀ—	—ਉਹੀ—	—ਉਹੀ—
		ਨਗਰ ਨਿਗਮ, ਜਲੰਧਰ		
82.	ਕੁਲਵਿੰਦਰ ਸਿੰਘ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਕਾਰਪੋਰੇਸ਼ਨ ਇੰਜੀਨੀਅਰ	ਬਤੌਰ ਸਹਾਇਕ ਕਾਰਪੋਰੇਸ਼ਨ ਇੰਜੀਨੀਅਰ 8 ਸਾਲਾਂ ਦਾ ਤਜਰਬਾ ।
83.	ਵੀ. ਪੀ. ਸਿੰਘ	—ਉਹੀ—	—ਉਹੀ—	—ਉਹੀ—
84.	ਪਵਨ ਕੁਮਾਰ	ਬਾਗ ਅਫਸਰ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ ।	ਡਿਪਲੋਮਾ ਹੋਲਡਰ, ਬਾਗ ਅਫਸਰ 10 ਸਾਲ ਦਾ ਤਜਰਬਾ ਅਤੇ ਡਿਗਰੀ ਹੋਲਡਰ/ਏ. ਐਮ. ਆਈ. ਈ. 2 ਸਾਲਾਂ ਦਾ ਤਜਰਬਾ ਹੋਵੇ ।

1	2	3	4	5
85.	ਕੁਲਦੀਪ ਰਾਜ ..	ਬਾਗ ਅਫਸਰ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਡਿਪਲੋਮਾ ਹੋਲਡਰ, ਬਾਗ ਅਫਸਰ 10 ਸਾਲ ਦਾ ਤਜਰਬਾ ਅਤੇ ਡਿਗਰੀ ਹੋਲਡਰ/ਏ. ਐਮ. ਆਈ. ਈ. 2 ਸਾਲਾਂ ਦਾ ਤਜਰਬਾ ਹੋਵੇ।
86.	ਮਨਜੀਤ ਪਾਲ ਸਿੰਘ ਬੇਦੀ ..	—ਉਹੀ—	—ਉਹੀ—	ਉਹੀ
87.	ਲਖਵਿੰਦਰ ਸਿੰਘ ..	—ਉਹੀ—	—ਉਹੀ—	—ਉਹੀ—
88.	ਰਾਜ ਕੁਮਾਰ ..	ਬਿਲਡਿੰਗ ਇੰਸਪੈਕਟਰ	ਸਹਾਇਕ ਟਾਊਨ ਪਲੈਨਰ।	ਬਤੌਰ ਬਿਲਡਿੰਗ ਇੰਸਪੈਕਟਰ (ਤਕਨੀਕੀ ਟਾਊਨ ਪਲੈਨਿੰਗ ਵਿੰਗ) ਦਾ 10 ਸਾਲ ਦਾ ਤਜਰਬਾ।
89.	ਕੁਲਦੀਪ ਸਿੰਘ ਭੱਲਾ ..	ਮੁੱਖ ਨਕਸ਼ਾ ਨਵੀਸ	ਉਹੀ—	ਬਤੌਰ ਮੁੱਖ ਨਕਸ਼ਾ ਨਵੀਸ ਟਾਊਨ ਪਲੈਨਿੰਗ ਵਿੰਗ ਦਾ 7 ਸਾਲਾਂ ਦਾ ਤਜਰਬਾ ਹੋਵੇ।
90.	ਉਦੈ ਕੁਮਾਰ ..	ਸਰਵੇਅਰ	ਬਾਗ ਅਫਸਰ	ਬਤੌਰ ਸਰਵੇਅਰ/ਵਰਕ ਮਿਸ-ਤਰੀ/ਵਰਕ ਸੁਪਰਵਾਈਜ਼ਰ 8 ਸਾਲਾਂ ਦਾ ਤਜਰਬਾ ਅਤੇ ਸਿਵਲ ਇੰਜੀਨੀਅਰਿੰਗ ਦਾ 3 ਸਾਲ ਦਾ ਡਿਪਲੋਮਾ ਹੋਵੇ ਜਾਂ ਵਰਕ ਸੁਪਰਵਾਈਜ਼ਰ/ਵਰਕ ਮਿਸਤਰੀ ਸਰਵੇਅਰ 12 ਸਾਲ ਦਾ ਤਜਰਬਾ।

91.	ਪ੍ਰੀਤਮ ਸਿੰਘ	ਸੁਪਰਵਾਈਜ਼ਰ	ਉਹੀ	ਬਤੌਰ ਸੁਪਰਵਾਈਜ਼ਰ 12 ਸਾਲਾਂ ਦਾ ਤਜ਼ਰਬਾ ਹੋਵੇ ।
92.	ਯਸਪਾਲ	ਸਰਵੇਅਰ	ਉਹੀ	—ਉਹੀ—
93.	ਦਿਆ ਕ੍ਰਿਸ਼ਨ	ਵਰਕ ਸੁਪਰਵਾਈਜ਼ਰ	ਉਹੀ	—ਉਹੀ—
94.	ਰਾਜੇ ਭੱਲਾ	—ਉਹੀ—	ਉਹੀ	—ਉਹੀ—
95.	ਲਖਬੀਰ ਰਾਜ	—ਉਹੀ—	ਉਹੀ	—ਉਹੀ—
96.	ਸੁਨੀਲ ਕੁਮਾਰ	—ਉਹੀ—	ਉਹੀ	—ਉਹੀ—
97.	ਰਾਮ ਨਾਥ	—ਉਹੀ—	ਉਹੀ	—ਉਹੀ—
98.	ਗੁਰਾਂ ਦਾਸ	—ਉਹੀ—	ਉਹੀ	—ਉਹੀ—
99.	ਬਲਵੰਤ ਰਾਏ ਬਜਾਜ	ਨਕਸ਼ਾ ਨਵੀਸ	ਮੁੱਖ ਨਕਸ਼ਾ ਨਵੀਸ	ਬਤੌਰ ਨਕਸ਼ਾ ਨਵੀਸ 7 ਸਾਲ ਦਾ ਤਜਰਬਾ ਹੋਵੇ ।
100.	ਓ. ਹੇ. ਕੇ. ਸੋਂਧੀ	ਕਾਰਜ ਸਾਧਕ ਅਫਸਰ	ਸਹਾਇਕ ਕਮਿਸ਼ਨਰ	ਬਤੌਰ ਕਾਰਜ ਸਾਧਕ ਅਫਸਰ ਦਰਜਾ-1, ਨਗਰ ਕੌਂਸਲਾਂ 5 ਸਾਲ ਦਾ ਤਜਰਬਾ ਹੋਵੇ ।
101.	ਵੇਦ ਬਿਆਸ	ਕਾਰਜ ਸਾਧਕ ਅਫਸਰ/ਸਕੱਤਰ	—ਉਹੀ—	ਉਹੀ

1	2	3	4	5
102.	ਪਰਮਜੀਤ ਸਿੰਘ ..	ਸਹਾਇਕ/ ਇੰਸਪੈਕਟਰ	ਸੁਪਰਡੈਂਟ ਗ੍ਰੇਡ-11	ਬਤੌਰ ਸਹਾਇਕ/ਇੰਸਪੈਕਟਰ 5 ਸਾਲ ਦਾ ਤਜ਼ਰਬਾ ਅਤੇ ਦਸਵੀਂ ਪਾਸ ਹੋਵੇ ।
103.	ਅਸ਼ੋਕ ਕੁਮਾਰ ਧੀਰ ..	—ਉਹੀ—	—ਉਹੀ—	—ਉਹੀ—
104.	ਰਾਮ ਸਰ ..	—ਉਹੀ—	—ਉਹੀ—	—ਉਹੀ—
		ਨਗਰ ਨਿਗਮ, ਪਟਿਆਲਾ		
105.	ਐਸ. ਐਸ. ਕਾਹਲੋਂ ..	ਭਾਗ ਅਫਸਰ	ਸਹਾਇਕ ਕਾਰਪੋਰੇਸ਼ਨ ਇੰਜੀਨੀਅਰ	ਬਤੌਰ ਭਾਗ ਅਫਸਰ ਡਿਪਲੋਮਾ ਹੋਲਡਰ 10 ਸਾਲਾਂ ਦਾ ਤਜਰਬਾ ਬੀ. ਈ./ਏ. ਐਸ. ਆਈ. ਈ. ਭਾਗ ਅਫਸਰ 2 ਸਾਲ ਦਾ ਤਜਰਬਾ ।
106.	ਸੰਜੋ ਨਹਿਰਾ ..	ਸਹਾਇਕ ਇੰਸਪੈਕਟਰ	ਸੁਪਰਡੈਂਟ ਗ੍ਰੇਡ-II	ਬਤੌਰ ਸਹਾਇਕ/ਇੰਸਪੈਕਟਰ 5 ਸਾਲ ਦਾ ਤਜ਼ਰਬਾ, ਦਸਵੀਂ ਪਾਸ ਹੋਵੇ ।
107.	ਅਮਰੀਕ ਸਿੰਘ ..	—ਉਹੀ—	—ਉਹੀ—	—ਉਹੀ—

ਝੋਨੇ ਅਤੇ ਕਣਕ ਦਾ ਝਾੜ

347. (1) **ਸਰਦਾਰ ਸੁਖਵਿੰਦਰ ਸਿੰਘ ਔਲਖ**
(2) **ਸਰਦਾਰ ਗੁਰਦੀਪ ਸਿੰਘ ਭੁੱਲਰ** : ਕੀ ਖੇਤੀਬਾੜੀ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਝੋਨੇ ਅਤੇ ਕਣਕ ਦਾ ਪ੍ਰਤੀ ਏਕੜ ਔਸਤ ਝਾੜ ਕਿੰਨੇ ਕੁਇੰਟਲ ਹੈ ਅਤੇ ਕਣਕ ਅਤੇ ਝੋਨੇ ਦੀ ਪ੍ਰਤੀ ਕੁਇੰਟਲ ਲਾਗਤ ਜਿਵੇਂ ਬੀਜ, ਮਜ਼ਦੂਰੀ, ਮਸ਼ੀਨਰੀ, ਰਸਾਇਣਿਕ ਖਾਦਾਂ, ਕੀਟ ਨਾਸ਼ਕ ਦਵਾਈਆਂ ਆਦਿ ਤੇ ਔਸਤਨ ਕਿੰਨਾ ਖਰਚਾ ਕੀਤਾ ਗਿਆ ?

ਸਰਦਾਰ ਗੁਰਦੇਵ ਸਿੰਘ ਬਾਦਲ : ਕਣਕ ਦਾ ਸਾਲ 1997-98 ਦਾ ਔਸਤ ਝਾੜ= 15.60 ਕੁਇੰਟਲ ਪ੍ਰਤੀ ਏਕੜ

ਝੋਨੇ ਦਾ ਸਾਲ 1997-98 ਦਾ ਔਸਤ ਝਾੜ = 20.94 ਕੁਇੰਟਲ ਪ੍ਰਤੀ ਏਕੜ

ਔਸਤਨ ਖਰਚਾ

*ਇਨਪੁਟ		ਕੀਮਤ ਰੁਪਏ ਵਿੱਚ (ਅੰਦਾਜ਼ਨ)	
		ਝੋਨਾ	ਕਣਕ
1. ਬੀਜ	..	141.21	237.38
2. ਮਸ਼ੀਨਰੀ	..	605.71	658.25
3. ਖਾਦਾਂ	..	536.52	906.10
4. ਕੀਟਨਾਸ਼ਕ ਦਵਾਈਆਂ	..	221.05	142.14
5. ਮਜ਼ਦੂਰੀ	..	1,457.31	1,137.29
ਕੁੱਲ	..	2,961.80	3,081.16
ਪ੍ਰਤੀ ਕੁਇੰਟਲ ਔਸਤ ਖਰਚਾ	..	141.45	197.50

*ਸਾਧਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

———

ANNOUNCEMENTS BY THE SPEAKER

(a) Re. Panel of Chairmen

ਸ੍ਰੀ ਸਪੀਕਰ : ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ, ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਤੇ ਸੇਵਾ ਕਰਨ ਲਈ ਨਿਯੁਕਤ ਕਰਦਾ ਹਾਂ :--

1. ਸ੍ਰੀ ਅਰੁਨੇਸ਼ ਕੁਮਾਰ
2. ਸਰਦਾਰ ਅਵਤਾਰ ਸਿੰਘ ਬਰਾੜ,
3. ਸਰਦਾਰ ਸੁਜਾਨ ਸਿੰਘ,
4. ਸਰਦਾਰ ਨੱਥਾ ਸਿੰਘ ਦਾਲਮ

(b) Re. Governor's Address

ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿੱਚ ਮੈਂ ਆਪ ਜੀ ਨੂੰ ਇਹ ਸੂਚਿਤ ਕਰਨਾ ਹੈ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 176(1) ਅਧੀਨ 9 ਮਾਰਚ, 1999 ਨੂੰ 2.30 ਵਜੇ ਬਾਅਦ ਦੁਪਹਿਰ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਸੀ, ਉਸ ਭਾਸ਼ਣ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਮਾਨਯੋਗ ਸਪੀਕਰ ਸਾਹਿਬ ਅਤੇ ਮੈਂਬਰਾਨ ਮੈਂ ਆਪ ਸਾਰਿਆਂ ਨੂੰ ਗਿਆਰਵੀਂ ਪੰਜਾਬ ਵਿਧਾਨ ਸਭਾ ਦੇ ਤੀਜੇ ਬਜਟ ਸਮਾਗਮ ਵਿਚ ਜੀ ਆਇਆਂ ਕਹਿੰਦਾ ਹਾਂ । ਅਸੀਂ ਬਸਤੀਵਾਦੀ ਹਕੂਮਤ ਤੋਂ ਨਿਜਾਤ ਪਾ ਕੇ ਆਪਣੀ ਆਜ਼ਾਦੀ ਦੀ ਸੁਨਹਿਰੀ ਪੰਜਾਹਵੀਂ ਵਰ੍ਹੇ-ਗੰਢ ਦੇ ਜਸ਼ਨ ਅਜੇ ਪਿਛੇ ਜਿਹੇ ਹੀ ਮਨਾਏ ਹਨ ਅਤੇ ਹੁਣ ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਲਈ ਤਿਆਰੀ ਕਰ ਰਹੇ ਹਾਂ । ਨਿਰਸੰਦੇਹ, ਇਹ ਇਕ ਇਤਿਹਾਸਕ ਘਟਨਾ ਹੈ, ਜੋ ਸੰਸਾਰ ਦੀਆਂ ਦੋ ਅਤਿ ਮਹੱਤਵਪੂਰਨ ਘਟਨਾਵਾਂ ਨੂੰ ਜੋੜਦੀ ਹੈ ।

2. ਖਾਲਸੇ ਦੀ ਸਿਰਜਣਾ ਇਕ ਨਵੇਂ ਯੁੱਗ ਦੀ ਸਥਾਪਨਾ ਲਈ ਕੀਤੀ ਗਈ ਸੀ ਜਿਸ ਵਿਚ ਧਾਰਮਿਕ ਅਜ਼ਾਦੀ, ਸਹਿਨਸ਼ੀਲਤਾ, ਸਮਾਜਿਕ ਬਰਾਬਰੀ, ਆਰਥਿਕ ਨਿਆਂ ਅਤੇ ਸਮਾਜ ਦੇ ਸਮੂਹ ਤਬਕਿਆਂ, ਵਿਸ਼ੇਸ਼ ਕਰਕੇ ਦਲਿਤ ਵਰਗਾਂ ਦੀ ਸਮਾਨ ਭਾਈਵਾਲਤਾ ਵਰਗੀਆਂ ਕਦਰਾਂ-ਕੀਮਤਾਂ ਰਾਜ ਵਿਵਸਥਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ । ਇਹ ਕੀਮਤਾਂ ਇਕ ਤਰ੍ਹਾਂ ਨਾਲ ਸਾਰੇ ਧਰਮਾਂ ਦਾ ਹੀ ਨਿਚੋੜ ਹਨ, ਜਿਨ੍ਹਾਂ ਨੂੰ ਅਸੀਂ ਸਾਰੇ

ਪੱਧਰਾਂ—ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਵਿਚ ਵਾਸਤਵਿਕ ਤੌਰ ਤੇ ਧਾਰਨ ਕਰਨਾ ਹੈ ਅਤੇ ਇਹ ਕੀਮਤਾਂ ਰਾਜ ਦੀਆਂ ਨੀਤੀਆਂ ਨੂੰ ਵਿਕਸਤ ਕਰਨ ਵਿੱਚ ਸਾਡੇ ਲਈ ਸੇਧ ਦੇਣ ਵਾਲੇ ਮਾਪਦੰਡ ਹੋਣੀਆਂ ਚਾਹੀਦੀਆਂ ਹਨ ।

3. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਇਲਾਹੀ ਸੰਦੇਸ਼ ਕਿ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਸਾਰੀ ਮਾਨਵਤਾ ਵਿਚ ਇਕੋ ਹੀ ਆਤਮਾ ਦੀ ਗੂੰਜ ਸੁਣਦਾ ਹੈ ਅਤੇ ਇਹ ਅੱਜ ਵੀ ਅਟੱਲ ਸਚਾਈ ਦਾ ਧਾਰਨੀ ਹੈ ਅਤੇ ਬਹੁਤ ਮਹੱਤਵ ਰੱਖਦਾ ਹੈ । ਮਾਨਯੋਗ ਮੈਂਬਰ ਸਾਹਿਬਾਨ ਨੂੰ ਯਾਦ ਹੋਵੇਗਾ ਕਿ ਇਸ ਸੰਦੇਸ਼ ਦੇ ਅਨੁਸਰਣ ਵਿਚ ਹੀ ਇਸ ਅਜ਼ੀਮ ਸਦਨ ਨੇ ਕੁਝ ਸਮਾਂ ਪਹਿਲਾ ਸਾਲ 1999 ਨੂੰ ਮਨੁੱਖ ਦੇ ਚੜ੍ਹਦੀਕਲਾ ਦੇ ਸਾਲ ਵਜੋਂ ਮਨਾਉਣ ਲਈ ਸਰਬ-ਸੰਮਤੀ ਨਾਲ ਇਕ ਮਤਾ ਪਾਸ ਕੀਤਾ ਸੀ ।

4. ਸਾਡੇ ਲਈ ਇਹ ਸਮਾਂ ਉਨ੍ਹਾਂ ਸਿਧਾਂਤਾਂ, ਜਿਨ੍ਹਾਂ ਉੱਤੇ ਖਾਲਸੇ ਦੀ ਬੁਨਿਆਦ ਰੱਖੀ ਗਈ ਹੈ, ਲਈ ਆਪਣੇ ਆਪ ਨੂੰ ਮੁੜ ਸਮਰਪਣ ਕਰਨ ਅਤੇ ਜਾਤ ਜਾਂ ਧਰਮ ਤੋਂ ਉਪਰ ਉਠ ਕੇ ਸਰਬੱਤ ਦੇ ਭਲੇ ਲਈ ਯਤਨ ਕਰਨ ਦਾ ਹੈ । ਅਸੀਂ ਉਨ੍ਹਾਂ ਆਦਰਸ਼ਾਂ ਲਈ ਵੀ ਜਿਉਣਾ ਹੈ ਜਿਨ੍ਹਾਂ ਨੇ ਸਾਡੇ ਸੁਤੰਤਰਤਾ ਸੰਗਰਾਮੀਆਂ ਨੂੰ ਦੇਸ਼ ਦੀ ਆਜ਼ਾਦੀ ਲਈ ਪ੍ਰੇਰਨਾ ਦਿੱਤੀ ਸੀ ਤਾਂ ਕਿ ਅਮੀਰ ਵਿਰਸੇ ਨਾਲ ਵਰੋਸਾਏ ਹੋਏ ਸਾਡੇ ਲੋਕ ਆਜ਼ਾਦ ਫਿਜ਼ਾ ਵਿਚ ਸਾਹ ਲੈਂਦੇ ਰਹਿਣ ਅਤੇ ਆਪਣੀ ਪ੍ਰਤਿਭਾ ਨੂੰ ਪੂਰਨ ਰੂਪ ਵਿਚ ਵਿਕਸਤ ਕਰਦੇ ਰਹਿਣ । ਸਾਡੇ ਲਈ ਕੇਵਲ ਰਾਸ਼ਟਰ ਦੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੇ ਦਿਤੇ ਯੋਗਦਾਨ ਲਈ ਫ਼ਖ਼ਰ ਨਾਲ ਆਪਣਾ ਸਿਰ ਉੱਚਾ ਕਰਨਾ ਹੀ ਕਾਫ਼ੀ ਨਹੀਂ ਹੈ ਸਗੋਂ ਇਹ ਇਕ ਅਜਿਹੀ ਘੜੀ ਹੈ ਕਿ ਅਸੀਂ ਰਾਸ਼ਟਰ ਅਤੇ ਇਸ ਦੇ ਲੋਕਾਂ ਨੂੰ ਪਿਆਰ ਕਰਨ ਵਿਚ ਮੁੜ ਆਤਮ ਸਮਰਪਣ ਕਰੀਏ ਤਾਂ ਕਿ ਅਸੀਂ ਸਾਰੇ ਇਸ ਦੇਸ਼ ਦੀ ਅਨੇਕਤਾ ਅਤੇ ਬਹੁਭਾਂਤੀ ਅਮੀਰ ਸਭਿਆਚਾਰਕ ਤੋਂ ਲਾਭ ਉਠਾ ਸਕੀਏ ।

5. ਮੇਰੀ ਸਰਕਾਰ ਨੇ ਸਮਾਜਿਕ ਇਨਸਾਫ਼, ਸਰਕਾਰ ਦੀ ਕਾਰਗੁਜ਼ਾਰੀ ਵਿਚ ਪਾਰ-ਦਰਸ਼ਤਾ, ਭ੍ਰਿਸ਼ਟਾਚਾਰ ਮੁਕਤ ਵਾਤਾਵਰਣ ਅਤੇ ਸ਼ਾਂਤੀ ਤੇ ਸਦਭਾਵਨਾ ਦੇ ਟੀਚਿਆਂ ਪ੍ਰਤੀ ਵਚਨਬੱਧਤਾ ਕੀਤੀ ਹੋਈ ਹੈ । ਸਮਾਜਿਕ ਨਿਆਂ ਅਤੇ ਹੇਠਲੇ ਪੱਧਰ ਤਕ ਲੋਕਤੰਤਰ ਨੂੰ ਸਥਾਪਿਤ ਕਰਨ ਦੇ ਟੀਚੇ ਨੂੰ ਪੂਰਾ ਕਰਨ ਲਈ ਮੇਰੀ ਸਰਕਾਰ ਨੇ ਪੰਚਾਇਤਾਂ ਦੀਆਂ ਚੋਣਾਂ ਬੜੀ ਕਾਮਯਾਬੀ ਨਾਲ ਕਰਵਾਈਆਂ ਹਨ ਅਤੇ ਇਨ੍ਹਾਂ ਦਾ ਕੰਮ ਬਿਲਕੁਲ ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਿਆ ਹੈ । ਇਸੇ ਦਿਸ਼ਾ ਵੱਲ ਇਕ ਹੋਰ ਕਦਮ ਪੁੱਟਦੇ ਹੋਏ ਨਗਰ ਪਾਲਿਕਾਵਾਂ ਦੀਆਂ ਚੋਣਾਂ ਵੀ ਕਰਵਾਈਆਂ ਗਈਆਂ ਸਨ ਤਾਂ ਕਿ ਹੇਠਲੇ ਪੱਧਰ ਤਕ ਲੋਕਾਂ ਨੂੰ ਲੋਕਰਾਜੀ ਇਖ਼ਤਿਆਰ ਦਿੱਤੇ ਜਾ ਸਕਣ ਜਿਨ੍ਹਾਂ ਨਾਲ ਉਹ ਆਪਣੀ ਹੋਣੀ ਆਪਣੀ ਇੱਛਾ ਅਨੁਸਾਰ ਸਿਰਜਣ ਦੇ ਮਾਲਕ ਹੋ ਸਕਣ ।

6. ਆਰਥਿਕ ਵਿਕਾਸ ਵੱਲ ਮੇਰੀ ਸਰਕਾਰ ਦੇ ਕਦਮ ਲਗਾਤਾਰ ਅਤੇ ਅਸਰਦਾਰ ਰਹੇ ਹਨ ਕਿਉਂਕਿ ਕਈ ਅਹਿਮ ਖੇਤਰਾਂ ਵਿਚ ਕਈ ਵਿਕਾਸ ਪ੍ਰੋਗਰਾਮ ਸ਼ੁਰੂ ਅਤੇ ਲਾਗੂ ਕੀਤੇ ਗਏ ਹਨ, ਜਿਨ੍ਹਾਂ ਦਾ ਰਾਜ ਦੇ ਲੋਕਾਂ ਦੀ ਭਲਾਈ ਨਾਲ ਸਿੱਧਾ ਸਬੰਧ ਹੈ । ਦਿਹਾਤੀ ਅਤੇ ਸ਼ਹਿਰੀ ਸੈਕਟਰ, ਵਿਸ਼ੇਸ਼ ਕਰਕੇ ਉਹ ਤਬਕੇ ਜੋ ਅਧਿਕਾਰ ਵਿਹੂਣੇ ਹਨ,

[ਸ੍ਰੀ ਸਪੀਕਰ]

ਉਨ੍ਹਾਂ ਵੱਲ ਸਰਕਾਰ ਨੇ ਧਿਆਨ ਦਿੱਤਾ ਹੈ। ਪੰਜਾਬੀ ਕਿਸਾਨ ਨੇ ਗੈਰ ਅਨੁਕੂਲ ਹਾਲਤਾਂ ਵਿਚ ਵੀ ਕਮਾਲ ਦੀ ਸ਼ਹਿਨਸ਼ੀਲਤਾ ਦਿਖਾਈ ਹੈ ਅਤੇ ਉਹ ਦੇਸ਼ ਦੀਆਂ ਅੰਨ-ਭੰਡਾਰ ਦੀਆਂ ਲੋੜਾਂ ਵਿਚ ਪਹਿਲਾਂ ਵਾਂਗ ਹੀ ਮੁੱਖ ਯੋਗਦਾਨ ਪਾ ਰਿਹਾ ਹੈ। ਮੇਰੀ ਸਰਕਾਰ ਨੇ ਰਾਜ ਵਿਚ ਖਰਾਬ ਹੋ ਜਾਣ ਵਾਲੀਆਂ ਚੀਜ਼ਾਂ ਦੀ ਸੰਭਾਲ ਲਈ ਕੋਲਡ ਸਟੋਰਾ ਵਿਚ ਵਾਧਾ ਕਰਨ ਵਿਚ ਪਹਿਲਕਦਮੀ ਕੀਤੀ ਹੈ। ਇਸਰਾਇਲੀ ਤਕਨਾਲੋਜੀ ਨੂੰ ਅਪਣਾਉਂਦੇ ਹੋਏ ਨਿੰਬੂ ਪ੍ਰਜਾਤੀ ਦੇ ਫਲਾਂ ਵਿਚ ਸੁਧਾਰ ਲਿਆਂਦਾ ਗਿਆ ਹੈ। ਇਸਰਾਇਲੀ ਤਕਨਾਲੋਜੀ ਦੀ ਸਹਾਇਤਾ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਪਿੰਡ ਪੱਧਰੀ ਕਲਾਂ ਨੂੰ ਇਕ ਨਮੂਨੇ ਦੇ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਦਿਹਾਤੀ ਸੜਕਾਂ ਅਤੇ ਮੰਡੀਕਰਣ ਦੇ ਬੁਨਿਆਦੀ ਢਾਂਚੇ ਵਿਚ ਬਿਹਤਰੀ ਲਿਆਉਣ ਲਈ ਵਿਸ਼ੇਸ਼ ਪਹਿਲਕਦਮੀ ਕੀਤੀ ਗਈ ਹੈ। 8,000 ਕਿਲੋਮੀਟਰ ਲਿੰਕ ਸੜਕਾਂ ਦੀ ਮੁਰੰਮਤ ਅਤੇ 2100 ਕਿਲੋਮੀਟਰ ਨਵੀਆਂ ਲਿੰਕ ਸੜਕਾਂ ਦੀ ਦੇਖ ਰੇਖ ਸਬੰਧੀ 570 ਕਰੋੜ ਰੁਪਏ ਖਰਚ ਕੀਤੇ ਜਾਣ ਦੀ ਤਜਵੀਜ਼ ਹੈ। ਇਨ੍ਹਾਂ ਦਾ ਕੰਮ ਜੂਨ, 2000 ਤੱਕ ਮੁਕੰਮਲ ਹੋ ਜਾਵੇਗਾ ਅਤੇ ਦੇਖ ਰੇਖ ਦੇ ਕੰਮ ਉਤੇ 88 ਕਰੋੜ ਰੁਪਏ ਖਰਚ ਕੀਤੇ ਜਾਣਗੇ ਅਤੇ ਇਹ ਕੰਮ ਮਾਰਚ, 2000 ਤਕ ਮੁਕੰਮਲ ਹੋ ਜਾਵੇਗਾ। ਹੋਰ 3000 ਕਿਲੋਮੀਟਰ ਪਲਾਨ ਸੜਕਾਂ ਦੀ 350 ਕਰੋੜ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ ਅਤੇ ਇਹ ਕੰਮ ਜੂਨ, 2000 ਤੱਕ ਮੁਕੰਮਲ ਹੋ ਜਾਵੇਗਾ।

7. ਮੇਰੀ ਸਰਕਾਰ ਲਈ ਅਤੇ ਰਾਜ ਦੇ ਲੋਕਾਂ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪ੍ਰਤਿਸ਼ਠਾਵਾਨ ਰਣਜੀਤ ਸਾਗਰ ਡੈਮ ਦਾ ਕੰਮ ਸੰਪੂਰਨ ਹੋ ਚੁੱਕਾ ਹੈ। ਇਸ ਪ੍ਰਾਜੈਕਟ ਦਾ ਕੰਮ ਤਕਰੀਬਨ ਦੋ ਦਹਾਕਿਆਂ ਤੋਂ ਲਟਕਦਾ ਚਲਿਆ ਆ ਰਿਹਾ ਸੀ ਅਤੇ ਪਿਛਲੇ ਦੋ ਸਾਲਾਂ ਵਿਚ ਮੇਰੀ ਸਰਕਾਰ ਨੇ ਵਿਸ਼ੇਸ਼ ਯਤਨ ਕਰਕੇ ਸਾਰੀਆਂ ਵਿੱਤੀ ਤਕਨੀਕੀ ਅਤੇ ਵਾਸਤਵਿਕ ਰੁਕਾਵਟਾਂ ਨੂੰ ਦੂਰ ਕਰਦੇ ਹੋਇਆਂ ਸਾਰੇ ਕਾਰਜ ਨੂੰ ਨੇਪਰੇ ਚਾੜ੍ਹਿਆ ਹੈ। ਬਿਜਲੀ ਪੈਦਾ ਕਰਨ ਦਾ ਕੰਮ ਆਉਣ ਵਾਲੇ ਹਾੜ੍ਹੀ ਦੇ ਮੌਸਮ ਤੋਂ ਪਹਿਲਾਂ ਸ਼ੁਰੂ ਹੋ ਜਾਵੇਗਾ ਅਤੇ ਇਹ ਆਸ ਹੈ ਕਿ ਇਸ ਨਾਲ ਰਾਜ ਦੀ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿਚ 600 ਮੈਗਾਵਾਟ ਦਾ ਵਾਧਾ ਹੋਵੇਗਾ। ਇਸ ਵਾਧੇ ਨਾਲ ਦਿਹਾਤੀ ਅਤੇ ਉਦਯੋਗਿਕ ਸੈਕਟਰ ਦੀ ਬਿਜਲੀ ਸਬੰਧੀ ਲੋੜ ਕਾਫੀ ਹੱਦ ਤੱਕ ਪੂਰੀ ਹੋ ਜਾਵੇਗੀ। ਰਾਜ ਦੇ ਦੱਖਣੀ-ਪੱਛਮੀ ਜ਼ਿਲ੍ਹਿਆਂ ਵਿਚ ਸੇਮ ਦੀ ਸਮੱਸਿਆ ਨੂੰ 198 ਕਰੋੜ ਰੁਪਏ ਦੀ ਲਾਗਤ ਨਾਲ 490 ਕਿਲੋਮੀਟਰ ਲੰਮੀ ਜਲ-ਨਿਕਾਸ ਪ੍ਰਣਾਲੀ ਦਾ ਨਿਰਮਾਣ ਕਰਕੇ ਸੁਲਝਾਇਆ ਗਿਆ ਹੈ।

8. ਉਦਯੋਗਿਕ ਬੁਨਿਆਦੀ ਢਾਂਚੇ ਨੇ ਵੀ ਸਰਕਾਰ ਦਾ ਧਿਆਨ ਖਿਚਿਆ ਹੈ ਅਤੇ ਬਠਿੰਡਾ ਵਿਖੇ ਇਕ ਵੱਡੇ ਰਿਫਾਈਨਰੀ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਸਨਅਤੀ ਇਨਕਲਾਬ ਲਿਆਂਦਾ ਗਿਆ ਹੈ। 1000 ਕਰੋੜ ਰੁਪਏ ਤੋਂ ਵੱਧ ਨਿਵੇਸ਼ ਨਾਲ ਨਵੇਂ ਸਨਅਤੀ ਪ੍ਰਾਜੈਕਟਾਂ ਦੇ ਰਾਜ ਵਿਚ ਉਤਪਾਦਨ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਨਾ ਕੇਵਲ ਰਾਜ ਦੇ ਵਿਕਾਸ ਵਿਚ ਹੀ ਤੇਜ਼ੀ ਆਵੇਗੀ ਸਗੋਂ ਇਸ ਨਾਲ ਸਾਡੇ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

9. ਰਾਜ ਨੇ ਸਿੱਖਿਆ ਦੇ ਖੇਤਰ ਵਿਚ ਵੱਡੀਆਂ ਪੁਲਾਂਘਾਂ ਪੁੱਟੀਆਂ ਹਨ। ਫਰੀਦਕੋਟ ਵਿਖੇ ਸਿਹਤ ਵਿਗਿਆਨਾਂ ਦੀ ਬਾਬਾ ਫ਼ਰੀਦ ਯੂਨੀਵਰਸਿਟੀ ਨੇ ਕੰਮ ਸ਼ੁਰੂ ਕੀਤਾ ਹੋਇਆ ਹੈ। ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਜਲੰਧਰ ਨਾਂ ਦੇ ਇਕ ਹੋਰ ਮੈਡੀਕਲ ਕਾਲਜ, ਜਿਸ ਵਿਚ ਅਤਿ ਆਧੁਨਿਕ ਕਿਸਮ ਦੇ ਉਪਕਰਣ ਹੋਣਗੇ, ਦੀ ਸਥਾਪਨਾ ਵੀ ਕੀਤੀ ਜਾ ਰਹੀ ਹੈ। ਇੰਜੀਨੀਅਰੀ ਦੇ ਖੇਤਰ ਵਿਚ ਸਰਕਾਰੀ ਸੈਕਟਰ ਵਿਚ ਇਕ ਕਾਲਜ ਅਤੇ ਪ੍ਰਾਈਵੇਟ ਸੈਕਟਰ ਵਿਚ ਚਾਰ ਕਾਲਜ ਖੋਲ੍ਹੇ ਜਾ ਰਹੇ ਹਨ। ਸਕੂਲ ਸਿੱਖਿਆ ਦੇ ਖੇਤਰ ਵਿਚ ਪੂਰਨ-ਸਾਖਰਤਾ ਲਈ 16 ਜ਼ਿਲ੍ਹਿਆਂ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ ਅਤੇ ਪੇਸ਼ਾਵਰਾਨਾ ਸਿੱਖਿਆ ਲਈ 345 ਸਕੂਲਾਂ ਦੀ ਚੋਣ ਕੀਤੀ ਗਈ ਹੈ। ਇਸ ਨਾਲ ਸਾਡੇ ਨੌਜਵਾਨਾਂ ਲਈ ਸਵੈ-ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਹੋਵੇਗਾ।

ਯੋਜਨਾਬੰਦੀ ਅਤੇ ਵਿੱਤ

ਯੋਜਨਾਬੰਦੀ

10. ਭਾਰਤ ਦੇ ਯੋਜਨਾ ਕਮਿਸ਼ਨ ਨੇ 1997-98 ਲਈ 2100 ਕਰੋੜ ਰੁਪਏ ਦੇ ਮੁਕਾਬਲੇ ਸਾਲ 1998-99 ਦੀ ਸਾਲਾਨਾ ਯੋਜਨਾ ਲਈ 2500 ਕਰੋੜ ਰੁਪਏ ਦੇ ਖ਼ਰਚ ਦੀ ਪ੍ਰਵਾਨਗੀ ਦਿੱਤੀ, ਜਿਹੜੀ 19% ਦਾ ਵਾਧਾ ਦਰਸਾਉਂਦੀ ਹੈ। ਯੋਜਨਾਬੱਧ ਆਰ-ਥਿਕ ਵਿਕਾਸ ਲਈ ਰਾਜ ਸਰਕਾਰ ਦੀ ਪ੍ਰਤੀਬੱਧਤਾ, ਖਾਸ ਕਰਕੇ ਦਿਹਾਤੀ ਖੇਤਰਾਂ ਲਈ ਸਾਲ 1998-99 ਵਿਚ ਦੁਹਰਾਈ ਗਈ ਹੈ ਅਤੇ 2500 ਕਰੋੜ ਰੁਪਏ ਦੀ ਕੁਲ ਰਕਮ ਵਿਚੋਂ 1711.33 ਕਰੋੜ ਰੁਪਏ ਦਾ ਦਿਹਾਤੀ ਹਿੱਸੇ (68.45%) ਵਜੋਂ ਉਪਬੰਧ ਕੀਤਾ ਗਿਆ ਹੈ। 1998-99 ਦੀ ਸਾਲਾਨਾ ਯੋਜਨਾ ਦਾ ਮੁੱਖ ਜ਼ੋਰ ਸਿੰਚਾਈ ਸਹੂਲਤਾਂ ਵਿਚ ਵਾਧਾ ਕਰਨ ਅਤੇ ਇਨ੍ਹਾਂ ਨੂੰ ਮਜ਼ਬੂਤ ਕਰਨ, ਪੀਣ ਵਾਲਾ ਪਾਣੀ ਮੁਹੱਈਆ ਕਰਨ, ਜ਼ਰਾਇਤੀ ਵਿਕਾਸ ਵਿਚ ਵਾਧਾ ਕਰਨ, ਪੰਜਾਬੀ ਕਿਸਾਨਾਂ ਦੀ ਆਮਦਨ ਵਿਚ ਇਜ਼ਾਫਾ ਕਰਨ ਅਤੇ ਮੁੱਢਲੀ ਸਿੱਖਿਆ ਦੇ ਖੇਤਰ ਵਿਚ ਗੁਣਾਤਮਕ ਅਤੇ ਬੁਨਿਆਦੀ ਢਾਂਚੇ ਅੰਦਰ ਸੁਧਾਰ ਕਰਨ ਉਤੇ ਹੈ। ਇਸ ਦਾ ਸਭ ਤੋਂ ਵੱਧ ਮਹੱਤਵਪੂਰਨ ਗੁਣ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਨਾ ਹੈ। ਸਾਲ 1998-99 ਦੌਰਾਨ ਵੱਖ-ਵੱਖ ਯੋਜਨਾ ਸਕੀਮਾਂ ਅਧੀਨ 2.88 ਲੱਖ ਵਿਅਕਤੀਆਂ ਨੂੰ ਰੁਜ਼ਗਾਰ ਸਹੂਲਤਾਂ ਮੁਹੱਈਆ ਕਰਵਾਉਣ ਲਈ 585 ਕਰੋੜ ਰੁਪਏ ਦੀ ਅਤੇ ਜ਼ਿਲ੍ਹਾ ਪੱਧਰ ਤੇ ਕਈ ਪ੍ਰਾਜੈਕਟਾਂ/ਸਕੀਮਾਂ ਨੂੰ ਲਾਗੂ ਕਰਨ ਲਈ 500.00 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਵਿੱਤ

11. ਸਾਲ 1998-99 ਲਈ 2500 ਕਰੋੜ ਰੁਪਏ ਦੀ ਇਸ ਯੋਜਨਾ ਲਈ ਧਨ ਦਾ ਪ੍ਰਬੰਧ ਰਾਜ ਸਰਕਾਰ ਦੇ 1364.37 ਕਰੋੜ ਰੁਪਏ ਦੇ ਆਪਣੇ ਵਸੀਲਿਆਂ ਤੋਂ, ਕੇਂਦਰੀ ਸਹਾਇਤਾ 736.29 ਕਰੋੜ ਰੁਪਏ ਅਤੇ ਹੋਰ ਵਧੀਕ ਵਸੀਲਿਆਂ ਤੋਂ, 399.34 ਕਰੋੜ ਰੁਪਏ ਵਿੱਤ ਜੁਟਾ ਕੇ ਕੀਤਾ ਜਾਣਾ ਹੈ। ਸਰਕਾਰ ਨੂੰ ਰਾਜ ਦੇ ਕਰਾਂ ਤੋਂ ਮਾਲੀਏ ਦੇ ਵਾਧੇ ਵਿਚ ਢਿੱਲ ਅਤੇ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਕਰਕੇ ਗੈਰ ਯੋਜਨਾ ਖ਼ਰਚ ਵਿਚਲੇ ਤਿੱਖੇ ਵਾਧੇ ਕਰਕੇ ਵਸੀਲਿਆਂ ਦੀ ਤੰਗੀ ਦਾ ਸਾਹਮਣਾ ਕਰਨਾ ਪਿਆ ਸੀ।

[ਸ੍ਰੀ ਸਪੀਕਰ]

ਛੋਟੀਆਂ ਬੱਚਤਾਂ

12. ਛੋਟੀਆਂ ਬੱਚਤਾਂ ਅਧੀਨ ਨਿਰੋਲ ਉਗਰਾਹੀ ਦੀ 75 ਫੀਸਦੀ ਰਕਮ 25 ਸਾਲਾਂ ਵਿਚ ਮੋੜਨ ਯੋਗ ਅਸਾਨ ਕਰਜ਼ੇ ਵਜੋਂ 5 ਸਾਲਾਂ ਦੀ ਅਦਾਇਗੀ ਮੁਹਲਤ ਸਹਿਤ ਸਬੰਧਿਤ ਰਾਜ ਨੂੰ ਦਿੱਤੀ ਜਾਂਦੀ ਹੈ। ਰਾਜ ਸਰਕਾਰ ਨੇ ਪਹਿਲਾਂ ਹੀ ਭਾਰਤ ਸਰਕਾਰ ਤੋਂ 1998-99 ਦੇ ਬਜਟ ਅਨੁਮਾਨਾਂ ਅਨੁਸਾਰ 1200 ਕਰੋੜ ਰੁਪਏ ਦੇ ਵਿਰੁੱਧ 13 ਜਨਵਰੀ 1999 ਤੱਕ 1232.19 ਕਰੋੜ ਰੁਪਏ ਦੀ ਰਕਮ ਵਸੂਲ ਕਰ ਲਈ ਹੈ।

ਲਾਟਰੀਆਂ

13. ਰਾਜ ਵਿਚ ਲਾਟਰੀ ਸਕੀਮਾਂ ਇਕ ਮਾਤਰ ਵਿਕਰੀ ਏਜੰਟਾਂ ਰਾਹੀਂ ਚਲ ਰਹੀਆਂ ਹਨ। ਲਾਟਰੀਆਂ ਤੋਂ ਪਿਛਲੇ ਸਾਲ ਦੌਰਾਨ 7.82 ਕਰੋੜ ਰੁਪਏ ਦੇ ਮੁਕਾਬਲੇ ਸਾਲ 1998-99 ਦੌਰਾਨ 94.76 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਵਿਭਾਗ ਨੇ 'ਆਨ-ਲਾਈਨ' (ਕੰਪਿਊਟਰਾਈਜ਼ਡ) ਲਾਟਰੀ ਸਿਸਟਮ ਲਈ ਟੈਂਡਰ ਜਾਰੀ ਕਰ ਦਿੱਤੇ ਹਨ। ਇਸ ਸਿਸਟਮ ਰਾਹੀਂ ਸਰਕਾਰ ਦੇ ਮਾਲੀਏ ਵਿਚ ਮਿਕਦਾਰੀ ਉਛਾਲ ਦੀ ਉਮੀਦ ਹੈ।

ਪ੍ਰਾਈਵੇਟ ਫੰਡਾਂ ਰਾਹੀਂ ਬੁਨਿਆਦੀ ਢਾਂਚੇ ਲਈ ਵਿੱਤ ਜੁਟਾਉਣਾ

14. ਸਰਕਾਰ ਨੇ ਰਾਜ ਦੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਵਿਚ ਪ੍ਰਾਈਵੇਟ ਸੈਕਟਰ ਰਾਹੀਂ ਫੰਡ ਜੁਟਾਉਣ ਦੀ ਪਹਿਲ ਕਦਮੀ ਕੀਤੀ ਹੈ। ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਪ੍ਰਾਈਵੇਟ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਮਨੋਰਥ ਨਾਲ ਕਾਇਮ ਕੀਤਾ ਗਿਆ ਹੈ। 11 ਨਵੰਬਰ, 1998 ਤੋਂ ਬੁਨਿਆਦੀ ਢਾਂਚਾ ਸੈੱਸ ਖੇਤੀ ਉਪਜ (ਫਲਾਂ, ਸਬਜ਼ੀਆਂ ਅਤੇ ਦਾਲਾਂ ਨੂੰ ਛੱਡ ਕੇ) ਅਤੇ ਪੈਟਰੋਲ ਦੀ ਕੀਮਤ ਉਤੇ 1% ਦੀ ਦਰ ਨਾਲ ਲਾਇਆ ਗਿਆ ਜਿਸ ਤੋਂ ਸਾਲਾਨਾ 100 ਕਰੋੜ ਰੁਪਏ ਦਾ ਬੁਨਿਆਦੀ ਢਾਂਚਾ ਵਿਕਾਸ ਫੰਡ ਪ੍ਰਾਪਤ ਹੋਣ ਦੀ ਆਸ ਹੈ ਅਤੇ ਜਿਸ ਦਾ ਪ੍ਰਬੰਧ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਕਰੇਗਾ।

15. ਬੋਰਡ ਨੇ ਇਕ ਪ੍ਰਾਈਵੇਟ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ ਜੋ ਕਿ ਸੜਕਾਂ ਸੈਰ-ਸਪਾਟਾ ਉਦਯੋਗ, ਸਿਹਤ, ਅਤੇ ਮਕਾਨ ਉਸਾਰੀ ਆਦਿ ਵਰਗੇ ਮਹੱਤਵਪੂਰਨ ਬੁਨਿਆਦੀ ਢਾਂਚਾ ਸੈਕਟਰਾਂ ਵਿਚ ਪ੍ਰਾਈਵੇਟ ਨਿਵੇਸ਼ ਆਕਰਸ਼ਿਤ ਕਰੇਗਾ। ਪ੍ਰਾਜੈਕਟ ਵਿਕਾਸ ਦੇ ਕੰਮ ਨੂੰ ਨੇਪਰੇ ਚਾੜ੍ਹਨ ਸਬੰਧੀ ਖਰਚੇ ਪੂਰੇ ਕਰਨ ਲਈ ਪੰਜਾਬ ਬੁਨਿਆਦੀ ਆਰੰਭਿਕ ਫੰਡ ਦੇ ਰੂਪ ਵਿਚ 20 ਕਰੋੜ ਰੁਪਏ ਦੀ ਰਕਮ ਕੀਤੇ ਜਾਣ ਦੀ ਤਜਵੀਜ਼ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਇਨ੍ਹਾਂ ਸੈਕਟਰਾਂ ਵਿਚ ਹਰੇਕ ਸੈਕਟਰ ਵਿੱਚੋਂ ਘੱਟੋ-ਘੱਟ ਇਕ ਪ੍ਰਾਜੈਕਟ ਅਗਲੇ ਵਿੱਤੀ ਸਾਲ ਦੌਰਾਨ ਪ੍ਰਾਈਵੇਟ ਖੇਤਰ ਦੁਆਰਾ ਵਿਕਸਤ ਕੀਤਾ ਜਾਵੇਗਾ।

ਸੰਸਥਾਈ ਵਿੱਤ ਅਤੇ ਬੈਂਕਿੰਗ

16. ਸੰਸਥਾਈ ਵਿੱਤ ਅਤੇ ਬੈਂਕਿੰਗ ਵਿਭਾਗ ਨੂੰ ਰਾਜ ਵਿਚ ਬੈਂਕਿੰਗ ਸੰਸਥਾਵਾਂ/ਸਰਕਾਰੀ ਵਿਭਾਗਾਂ/ਕਾਰਪੋਰੇਸ਼ਨ ਦੇ ਮਿਲਵਰਤਨ ਨਾਲ ਕਰਜ਼ੇ ਦੀਆਂ ਰਕਮਾਂ ਇਕੱਠੀਆਂ ਕਰਨ ਅਤੇ ਲੋਕਾਂ ਨੂੰ ਦੇਣ ਦਾ ਕਾਰਜ ਸੌਂਪਿਆ ਗਿਆ ਹੈ । ਇਸ ਸਬੰਧ ਵਿਚ ਪਿਛਲੇ ਤਿੰਨ ਸਾਲਾਂ ਵਿਚ ਹੋਈ ਪ੍ਰਗਤੀ ਨਿਮਨ ਅਨੁਸਾਰ ਹੈ—

ਸਾਲ	ਪ੍ਰਾਪਤੀ
1	2
	(ਰੁ: ਕਰੋੜਾਂ ਵਿਚ)
1995-96	1766.06
1996-97	1975.24
1997-98	2862.64

ਇਹ ਉਮੀਦ ਕੀਤੀ ਜਾਂਦੀ ਹੈ ਕਿ ਸਾਲ 1998-99 ਲਈ 3252 ਕਰੋੜ ਰੁਪਏ ਦਾ ਟੀਚਾ ਪਿਛਲੇ ਸਾਲਾਂ ਵਾਂਗ ਹੀ ਵੱਧ ਜਾਵੇਗਾ ।

17. ਪੰਜ ਖੇਤਰੀ ਦਿਹਾਤੀ ਬੈਂਕ ਜੋ ਕਿ ਦਿਹਾਤੀ ਖੇਤਰ ਵਿਚ ਛੋਟੇ ਕਰਜ਼ਦਾਰਾਂ ਨੂੰ ਕਰਜ਼ਾ ਦੇਣ ਲਈ ਸਥਾਪਿਤ ਕੀਤੇ ਗਏ ਹਨ, ਨੂੰ ਜਦੋਂ ਭਾਰਤ ਸਰਕਾਰ ਵਲੋਂ ਕੋਈ ਤਜਵੀਜ਼ ਆਉਂਦੀ ਹੈ ਤਾਂ ਉਸੇ ਅਨੁਸਾਰ ਹਿੱਸਾ ਪੂੰਜੀ ਮੁਹੱਈਆ ਕਰਦੇ ਹੋਇਆਂ ਸਹਾਇਤਾ ਦਿੱਤੀ ਜਾਂਦੀ ਹੈ । ਜੁਲਾਈ, 1997 ਤੋਂ ਜੂਨ, 1998 ਤੱਕ ਵਪਾਰਕ ਬੈਂਕਾਂ ਦੀਆਂ 68 ਨਵੀਆਂ ਬਰਾਂਚਾਂ ਖੋਲ੍ਹੀਆਂ ਗਈਆਂ ਸਨ ਜੋ ਕਿ ਇਹ ਦਰਸਾਉਂਦੀਆਂ ਹਨ ਕਿ ਰਾਜ ਵਿਚ ਪੂੰਜੀ ਨਿਵੇਸ਼ ਦਾ ਰੁਝਾਨ ਵੱਧ ਰਿਹਾ ਹੈ ।

18. ਖੇਤੀਬਾੜੀ ਤੇ ਸਬੰਧਿਤ ਗਤੀਵਿਧੀਆਂ ਅਤੇ ਨਵੀਆਂ ਸਵੈ-ਰੁਜ਼ਗਾਰ ਸਕੀਮਾਂ ਬਣਾਉਣ ਲਈ ਜ਼ਰੂਰਤ ਉਤੇ ਆਧਾਰਿਤ ਕਰਜ਼ਿਆਂ ਦਾ ਪ੍ਰਬੰਧ ਕਰਨ ਲਈ ਇਕ ਸਥਾਈ ਕਮੇਟੀ ਸਥਾਪਿਤ ਕੀਤੀ ਗਈ ਹੈ ।

ਖੇਤੀਬਾੜੀ

19. ਲਗਾਤਾਰ ਛੇ ਸਾਲਾਂ ਤੋਂ ਖੇਤੀਬਾੜੀ ਵਿਭਾਗ ਦੀ ਕਾਰਗੁਜ਼ਾਰੀ ਦੀ ਮਾਨਤਾ ਹੁੰਦੀ ਆ ਰਹੀ ਹੈ ਅਤੇ ਪੰਜਾਬ ਨੂੰ ਜ਼ਰਾਇਤੀ ਉਤਪਾਦਨ ਵਿਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਬਦਲੇ ਕੌਮੀ ਉਤਪਾਦਕਤਾ ਕੌਂਸਲ ਵਲੋਂ ਵਧੀਆ ਕਾਰਕਰਦਗੀ ਦੇ ਇਨਾਮ ਨਾਲ ਸਨਮਾਨਿਆ ਗਿਆ ਹੈ ।

[ਸ੍ਰੀ ਸਪੀਕਰ]

20. ਸਾਲ 1997-98 ਦੌਰਾਨ ਪ੍ਰਤੀਕੂਲ ਮੌਸਮੀ ਹਾਲਾਤ ਦੇ ਬਾਵਜੂਦ ਪੰਜਾਬ ਨੇ 127.19 ਲੱਖ ਟਨ ਕਣਕ ਦਾ ਉਤਪਾਦਨ ਕੀਤਾ । ਪੰਜਾਬ ਸਰਕਾਰ ਦੇ ਯਤਨਾਂ ਦੇ ਨਤੀਜੇ ਵਜੋਂ ਕਣਕ ਦਾ ਸਮਰਥਨ ਮੁੱਲ 475 ਰੁਪਏ ਤੋਂ ਵਧਾ ਕੇ 510 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਸੀ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ 224 ਕਰੋੜ ਰੁਪਏ ਦਾ ਵਧੀਕ ਲਾਭ ਹੋਇਆ । 1998-99 ਦੌਰਾਨ ਕਣਕ ਦੇ ਸਮਰਥਨ ਮੁੱਲ ਵਿਚ 40 ਰੁਪਏ ਪ੍ਰਤੀ ਕੁਇੰਟਲ ਵਾਧਾ ਕੀਤਾ ਗਿਆ । ਇਹ ਭਾਵੇਂ ਪੂਰੀ ਤਰ੍ਹਾਂ ਤਸੱਲੀਬਖਸ਼ ਨਹੀਂ, ਫਿਰ ਵੀ ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ 250 ਕਰੋੜ ਰੁਪਏ ਦਾ ਲਾਭ ਹੋਵੇਗਾ । ਭਾਰਤ ਸਰਕਾਰ ਨੂੰ ਸਮਰਥਨ ਮੁੱਲ ਵਿਚ ਵੱਧ ਤੋਂ ਵੱਧ ਵਾਧਾ ਕਰਨ ਸਬੰਧੀ ਬੇਨਤੀ ਕੀਤੀ ਗਈ ਹੈ । ਝੋਨੇ ਦੇ ਸਮਰਥਨ ਮੁੱਲ ਵਿਚ ਵਾਧੇ ਵਜੋਂ ਸਾਡੇ ਕਿਸਾਨਾਂ ਨੂੰ 245 ਕਰੋੜ ਰੁਪਏ ਪ੍ਰਾਪਤ ਹੋਏ ।

21. ਕੰਢੀ ਖੇਤਰ ਵਿਚ 69 ਜਲ ਸਪਲਾਈ ਬੰਨ੍ਹ ਮੁਕੰਮਲ ਕੀਤੇ ਗਏ ਹਨ ਅਤੇ ਭੂਮੀ ਦਾ 19,500 ਏਕੜ ਰਕਬਾ ਸਿੰਚਾਈ ਅਧੀਨ ਲਿਆਂਦਾ ਗਿਆ । ਪੰਜਾਬ ਵਿਚ ਪਹਿਲੀ ਵਾਰ ਸਸਤਾ ਅਤੇ ਜ਼ੀਰੋ ਸੰਭਾਲ ਹਾਈਡ੍ਰੌਲਿਕ ਰੈਮ ਸਿਸਟਮ ਦੁਆਰਾ ਇਕ ਸਿੰਚਾਈ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ । ਵਿਸ਼ਵ ਬੈਂਕ ਦੀ ਸਹਾਇਤਾ ਨਾਲ 93 ਕਰੋੜ ਰੁ: ਦੀ ਲਾਗਤ ਨਾਲ 1.10 ਲੱਖ ਹੈਕਟੇਅਰ ਭੂਮੀ ਨੂੰ ਕਵਰ ਕਰਨ ਵਾਲਾ ਪ੍ਰਾਜੈਕਟ ਨੇਪਰੇ ਚਾੜ੍ਹਿਆ ਜਾ ਰਿਹਾ ਹੈ । ਪ੍ਰਾਜੈਕਟ ਦੇ ਦੂਸਰੇ ਪੜਾਅ ਸਬੰਧੀ ਕੰਮ ਅਗਲੇ ਸਾਲ ਤੋਂ ਹੱਥ ਵਿਚ ਲਿਆ ਜਾ ਰਿਹਾ ਹੈ । ਇਸ ਉੱਪਰ ਸੰਭਾਵੀ ਲਾਗਤ 300 ਕਰੋੜ ਰੁਪਏ ਦੀ ਹੈ ਅਤੇ ਇਹ 94,000 ਹੈਕਟੇਅਰ ਭੂਮੀ ਨੂੰ ਕਵਰ ਕਰੇਗਾ ।

22. ਅੰਗੂਰਾਂ ਦੀ ਪੈਦਾਵਾਰ ਦੇ ਸਬੰਧ ਵਿਚ ਇਸਰਾਇਲੀ ਤਕਨਾਲੋਜੀ ਦੀ ਸਫਲਤਾ ਤੋਂ ਬਾਅਦ ਬਾਗਬਾਨੀ ਵਿਭਾਗ ਹੁਣ ਨਿੰਬੂ ਪ੍ਰਜਾਤੀ (ਜਿਸ ਵਿਚ ਖੱਟੇ, ਸੰਤਰੇ, ਗਲਗਲ ਆਦਿ ਸ਼ਾਮਲ ਹਨ) ਦੀ ਪੈਦਾਵਾਰ ਵਿਚ ਵਾਧੇ ਲਈ ਯਤਨਸ਼ੀਲ ਹੈ । ਸਬਜ਼ੀਆਂ ਲਈ ਪਲਾਸਟਿਕ ਦੀ ਵਰਤੋਂ ਲੋਅ ਟਨਲਿੰਗ ਲਈ ਵਿਸ਼ੇਸ਼ ਤੌਰ ਤੇ ਕੀਤੀ ਗਈ ਹੈ । ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪੱਧਰੀ ਕਲਾਂ ਪਿੰਡ ਨੂੰ, ਜੇਕਰ ਜ਼ਰੂਰਤ ਹੋਈ, ਇਸਰਾਇਲੀ ਤਕਨਾਲੋਜੀ ਦੀ ਸਹਾਇਤਾ ਨਾਲ ਮਾਡਲ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ ।

23. ਸਰਕਾਰ ਆਸਾਨ ਕਿਸ਼ਤਾਂ ਉਤੇ ਕਰਜ਼ੇ ਮੁਹੱਈਆ ਕਰਕੇ ਨਸ਼ਟ ਹੋਣ ਯੋਗ ਜਿਨਸਾਂ/ਵਸਤੂਆਂ ਦੇ ਬਚਾਅ ਲਈ ਕੋਲਡ-ਚੇਨ ਬੁਨਿਆਦੀ ਢਾਂਚੇ ਨੂੰ ਪ੍ਰੋਤਸਾਹਨ ਦੇ ਰਹੀ ਹੈ । ਮੰਡੀ ਬੋਰਡ ਵੀ ਸਬਜ਼ੀ ਬਜ਼ਾਰ ਵਿਚ ਕੋਲਡ ਸਟੋਰੇਜ ਸਥਾਪਿਤ ਕਰਨ ਵਾਲੇ ਵਪਾਰੀਆਂ ਨੂੰ ਸਬਸਿਡੀ ਮੁਹੱਈਆ ਕਰ ਰਿਹਾ ਹੈ । ਸਾਲਸਾਂ ਦੇ ਰੋਲ ਨੂੰ ਘੱਟ ਕਰਨ ਵਾਸਤੇ ਕਿਸਾਨਾਂ ਦਾ ਅਨਾਜ ਤਿਆਰ ਕਰਨ ਵਾਲੀਆਂ ਇਕਾਈਆਂ ਨਾਲ ਸਿੱਧਾ ਹੀ ਵਰਤਾਰਾ ਰੱਖਣ ਲਈ ਅਤੇ ਨਿਰਯਾਤ ਵਸਤਾਂ ਦੀ ਪ੍ਰਗਤੀ ਵਿਚ ਕਿਸਾਨਾਂ ਨੂੰ ਵਧੀਕ ਵਟਕ ਮੁਹੱਈਆ ਕਰਾਉਣ ਲਈ ਮੰਡੀਕਰਣ ਨਿਯਮਾ ਵਿਚ ਸੋਧ ਕੀਤੀ ਜਾ ਰਹੀ ਹੈ । ਨਿਰਯਾਤ ਨੂੰ ਵਧਾਉਣ ਲਈ ਜ਼ਰਾਇਤੀ ਵਸਤੂਆਂ ਨੂੰ ਮੰਡੀ ਫੀਸ ਅਤੇ ਆਰ.ਡੀ.ਐਫ ਤੋਂ ਛੋਟ ਦੇਣ ਅਤੇ ਬਾਗਬਾਨੀ ਉਤਪਾਦਾਂ ਨੂੰ ਕਿਰਾਇਆ ਭਾੜਾ ਅਤੇ ਪੈਕਿੰਗ ਰਿਆਇਤ ਦੇਣ ਦਾ ਫੈਸਲਾ ਕੀਤਾ ਗਿਆ ਹੈ ।

24. ਸੜਕਾਂ ਅਤੇ ਮੰਡੀਆਂ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਕਰਨ ਲਈ ਵੱਡੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ । ਨੀਲਾਮੀ ਚਬੂਤਰਿਆਂ ਦੇ ਸੁਧਾਰ ਦਾ ਕੰਮ ਬੈਂਕ ਦੇ 120 ਕਰੋੜ ਰੁਪਏ ਦੀ ਸਹਾਇਤਾ ਵਾਲੇ ਪ੍ਰਾਜੈਕਟ ਅਧੀਨ ਸ਼ੁਰੂ ਕੀਤਾ ਗਿਆ ਹੈ । 900 ਕੇਂਦਰ/ਮੰਡੀਯਾਰਡ ਪਹਿਲਾਂ ਹੀ ਪੱਕੇ ਕੀਤੇ ਹੋਏ ਹਨ ਅਤੇ ਇਹ ਤਜ਼ਵੀਜ਼ ਕੀਤਾ ਗਿਆ ਹੈ ਕਿ ਸਾਲ 1999-2000 ਤਕ ਸਾਰੇ ਚਬੂਤਰੇ ਅਤੇ ਖਰੀਦ ਕੇਂਦਰ ਪੱਕੇ ਬਣਾ ਦਿੱਤੇ ਜਾਣ । ਨਵੀਆਂ ਲਿੰਕ ਸੜਕਾਂ ਦੀ ਉਚਿੱਤ ਸੰਭਾਲ ਅਤੇ ਉਸਾਰੀ ਨੂੰ ਯਕੀਨੀ ਬਣਾਉਣ ਲਈ ਬੈਂਕ ਦੀ 570 ਕਰੋੜ ਰੁਪਏ ਦੀ ਸਹਾਇਤਾ ਵਾਲੇ ਪ੍ਰਾਜੈਕਟ ਨੂੰ ਪ੍ਰਵਾਨਗੀ ਦਿੱਤੀ ਗਈ ਹੈ । ਇਹ ਵੀ ਨਿਸ਼ਚਿਤ ਕੀਤਾ ਗਿਆ ਹੈ ਕਿ ਭਵਿੱਖ ਵਿਚ ਮੰਡੀਆਂ ਲਈ ਜ਼ਮੀਨ ਦੀ ਪ੍ਰਾਪਤੀ ਅਤੇ ਵਿਕਾਸ ਦਾ ਕੰਮ ਆਬਾਦਕਾਰੀ ਵਿਭਾਗ ਦੀ ਬਜਾਏ ਮਾਰਕਿਟ ਕਮੇਟੀਆਂ ਦੁਆਰਾ ਕੀਤਾ ਜਾਵੇਗਾ । ਇਸ ਤਰ੍ਹਾਂ ਪ੍ਰਾਪਤ ਹੋਣ ਵਾਲੀ ਆਮਦਨ ਨੂੰ ਹੋਰ ਵਿਕਾਸ ਕੰਮਾਂ ਵਿਚ ਲਗਾਉਣਾ ਸੰਭਵ ਹੋ ਸਕੇਗਾ ।

25. 25 ਕਰੋੜ ਰੁਪਏ ਦੀ ਪੂੰਜੀ ਨਾਲ ਇੱਕ ਨਵੀਂ ਕੰਪਨੀ ਪੰਜਾਬ ਸਟੇਟ ਕਨਟੇਨਰ ਐਂਡ ਵੇਅਰ ਹਾਊਸਿੰਗ ਨਿਗਮ (ਕਨਵੇਅਰ) ਕਾਇਮ ਕੀਤੀ ਗਈ ਹੈ । ਕਾਂਡਲਾ ਵਿਖੇ ਅਪੇਡਾ (ਭਾਰਤ ਸਰਕਾਰ) ਨਾਲ ਮਿਲਕੇ ਜ਼ਰਾਇਤੀ ਵਸਤਾਂ ਦੇ ਨਿਰਯਾਤ ਲਈ ਇੱਕ ਤਕਨੀਕੀ ਬਰਥ ਕਾਇਮ ਕਰਨ ਦਾ ਵਿਚਾਰ ਹੈ । ਕਨਵੇਅਰ ਨੇ ਪਹਿਲਾਂ ਹੀ ਨਵੀਂ ਮੁੰਬਈ ਵਿਖੇ ਸਭ ਤੋਂ ਵੱਡਾ ਕਨਟੇਨਰ ਮਾਲ ਢੁਆਈ ਸਟੇਸ਼ਨ ਸਥਾਪਿਤ ਕੀਤਾ ਹੋਇਆ ਹੈ ।

ਪਸ਼ੂ ਧਨ, ਮੱਛੀ ਪਾਲਣ ਅਤੇ ਡੇਅਰੀ ਵਿਕਾਸ

26. ਭਾਰਤ ਦੇ ਪਸ਼ੂ ਧਨ ਅਤੇ ਡੇਅਰੀ ਸੈਕਟਰ ਦੇ ਵਿਸ਼ਵ ਵਿਆਪੀਕਰਣ ਵਿਚ ਪੰਜਾਬ ਮੋਹਰੀ ਹੈ । ਪਸ਼ੂ ਧਨ ਅਤੇ ਡੇਅਰੀ ਵਿਕਾਸ ਰਾਜ ਦੀ ਕੁੱਲ ਘਰੇਲੂ ਆਮਦਨ ਵਿਚ (ਜੀ.ਡੀ.ਪੀ) ਅੰਦਾਜ਼ਨ 17% ਯੋਗਦਾਨ ਪਾਂਦਾ ਹੈ, ਜੋ ਜ਼ਰਾਇਤ ਅਤੇ ਉਦਯੋਗਿਕ ਖੇਤਰ ਤੋਂ ਅਗਲੇ ਨੰਬਰ ਤੇ ਹੈ ਹਾਲ ਹੀ ਵਿਚ ਭਾਰਤ ਨੇ ਸਭ ਤੋਂ ਵੱਧ ਦੁੱਧ ਉਤਪਾਦਕ ਦੇਸ਼ ਹੋਣ ਦੇ ਨਾਤੇ ਸੰਸਾਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ । ਇਹ ਪੰਜਾਬ ਦੇ ਡੇਅਰੀ ਕਿਸਾਨਾਂ ਵਲੋਂ ਮਹੱਤਵਪੂਰਨ ਯੋਗਦਾਨ ਪਾਉਣ ਤੋਂ ਬਿਨਾਂ ਸੰਭਵ ਨਹੀਂ ਸੀ ਹੋ ਸਕਦੀ । 1998-99 ਦੌਰਾਨ 75 ਲੱਖ ਟਨ ਰਾਸ਼ਟਰੀ ਦੁੱਧ ਉਤਪਾਦਨ ਵਿਚ ਪੰਜਾਬ ਦਾ 10% ਤੋਂ ਵੀ ਵੱਧ ਦਾ ਯੋਗਦਾਨ ਹੈ । ਪੰਜਾਬ ਦੀ ਜੀਅ ਪ੍ਰਤੀ 845 ਗ੍ਰਾਮ ਦੁੱਧ ਦੀ ਪ੍ਰਾਪਤੀ ਦੇਸ਼ ਵਿਚ ਸਭ ਤੋਂ ਵੱਧ ਹੈ ।

27. ਮੇਰੀ ਸਰਕਾਰ ਇਸ ਖੇਤਰ ਦੇ ਵਿਕਾਸ ਲਈ ਤਿੰਨ ਨੁਕਾਤੀ ਨੀਤੀ ਉਤੇ ਕੰਮ ਕਰ ਰਹੀ ਹੈ । (ੳ) ਪਸ਼ੂ ਸਿਹਤ ਸੰਭਾਲ ਸਬੰਧੀ ਨੀਤੀ ਇਸ ਵਿਚਾਰ ਨਾਲ ਬਣਾਉਣੀ ਕਿ ਰਾਜ ਦੇ ਪਸ਼ੂ ਖੁਰ ਅਤੇ ਮੂੰਹ ਦੀਆਂ ਨਾ-ਮੁਰਾਦ ਬਿਮਾਰੀਆਂ ਤੋਂ ਮੁਕਤ ਰਹਿਣ, (ਅ) ਪਸ਼ੂ ਧਨ ਦੀ ਪ੍ਰਜਣਨ ਕੁਆਲਟੀ ਵਿਚ ਭਾਰੀ ਸੁਧਾਰ ਲਿਆਂਦਾ ਗਿਆ ਹੈ, ਜਿਸ ਵਿਚ ਸੁਦੇਸ਼ੀ ਪ੍ਰਜਣਨ ਵਸੀਲਿਆਂ ਦੇ ਵਿਕਾਸ ਪ੍ਰਤੀ ਸੰਭਾਲ ਉਤੇ ਜ਼ੋਰ ਹੈ ਤੇ (ੲ) ਦੁੱਧ ਪ੍ਰਾਸੈਸਿੰਗ ਉਦਯੋਗਾਂ ਦੀ ਹੌਂਸਲਾ ਅਫ਼ਜ਼ਾਈ ਕਰਨੀ ਤਾਂ ਕਿ ਇਹ ਵਿਸ਼ਵਵਿਆਪੀ ਕਿਸਮ ਦਾ ਦੁੱਧ ਪੈਦਾ ਕਰ ਸਕਣ ।

[ਸ਼੍ਰੀ ਸਪੀਕਰ]

28. ਰਾਜ ਨੇ ਬੇਕਾਰ ਜ਼ਮੀਨ ਅਤੇ ਪੇਂਡੂ ਟੋਬਿਆਂ ਤੇ ਛੱਪੜਾਂ ਦੀ ਵਰਤੋਂ ਕਰਦੇ ਹੋਏ, ਮੱਛੀ ਪਾਲਣ ਦੇ ਖੇਤਰ ਦੇ ਵਿਕਾਸ ਵਿਚ ਸ਼ਾਨਦਾਰ ਤਰੱਕੀ ਕੀਤੀ ਹੈ । ਸਿੱਟੇ ਵਜੋਂ ਰਾਜ ਪ੍ਰਤੀ ਹੈਕਟੇਅਰ ਮੱਛੀ ਪਾਲਣ ਵਿਚ ਦੇਸ਼ ਵਿੱਚ ਮੋਹਰੀ ਰਿਹਾ ਹੈ । ਰਾਜ ਦੇ ਦੱਖਣੀ ਪੱਛਮੀ ਜ਼ਿਲਿਆਂ ਵਿਚ ਜਿਥੇ ਜ਼ਮੀਨ ਦੇ ਵੱਡੇ ਟੁੱਕੜੇ ਵਿਚ ਸੇਮ ਹੈ, ਉਥੇ ਮੱਛੀ ਪਾਲਣ ਦੇ ਧੰਦੇ ਦੀ ਤਕਨੀਕੀ ਸੰਭਵਤਾ ਅਤੇ ਵਪਾਰਕ ਲਾਹੇਵੰਦਤਾ ਦਾ ਪਤਾ ਲਗਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ । ਮੱਛੀ ਦੇ ਮੰਡੀਕਰਣ ਨੂੰ ਹੁਲਾਰਾ ਦੇਣ ਲਈ, ਲੁਧਿਆਣਾ ਤੇ ਪਟਿਆਲਾ ਵਿਖੇ ਦੋ ਮੱਛੀ ਮੰਡੀਆਂ ਦੇ ਸਾਲ ਦੇ 1999-2000 ਦੌਰਾਨ ਕੰਮ ਕਰਨ ਦੀ ਸੰਭਾਵਨਾ ਹੈ ।

ਪੇਂਡੂ ਵਿਕਾਸ ਅਤੇ ਪੰਚਾਇਤਾਂ

29. ਪੇਂਡੂ ਇਲਾਕਿਆਂ ਦੀ ਬੁਨਿਆਦੀ ਢਾਂਚੇ ਦੇ ਵਿਕਾਸ ਤਕ ਸੀਮਿਤ ਪਹੁੰਚ ਰਹੀ ਹੈ ਅਤੇ ਵਿਅਕਤੀਗਤ ਸਖਸ਼ੀਅਤ ਦੀ ਸਮੱਰਥਾ ਦੀ ਪੂਰੀ-ਪੂਰੀ ਵਰਤੋਂ ਕਰਨ ਦੇ ਸੀਮਿਤ ਅਵਸਰ ਮਿਲਦੇ ਰਹੇ ਹਨ । ਸਰਕਾਰ ਪੇਂਡੂ ਇਲਾਕਿਆਂ ਵਿਚ ਸੇਵਾ ਕਰਨ ਲਈ ਵਚਨਬੱਧ ਹੈ । ਰਾਜ ਸਰਕਾਰ ਨੇ ਅਪ੍ਰੈਲ, 1997 ਤੋਂ ਵਧੇਰੇ ਸਹੂਲਤਾਂ ਨਾਲ ਫੋਕਲ ਪੁਆਇੰਟ ਪ੍ਰੋਗਰਾਮ ਦੁਬਾਰਾ ਚਾਲੂ ਕੀਤਾ ਹੈ । ਸਾਲ 1977-78 ਵਿਚ ਚਾਲੂ ਕੀਤੇ ਗਏ ਇਸ ਪ੍ਰੋਗਰਾਮ ਨੂੰ ਸਾਲ 1980-81 ਵਿਚ ਬੰਦ ਕਰ ਦਿੱਤਾ ਗਿਆ ਸੀ । ਆਰੰਭ ਵਿਚ ਚਾਰ ਦੁਕਾਨਾਂ, ਇਕ ਪਸ਼ੂ-ਚਿਕਿਤਸਾ, ਹਸਪਤਾਲ, ਸਿਵਲ ਡਿਸਪੈਂਸਰੀ, ਵਿਕਰੀ ਕੇਂਦਰ, ਖਰੀਦ ਕੇਂਦਰ, ਬੈਂਕ, ਗੋਦਾਮ ਅਤੇ ਇਨ੍ਹਾਂ ਦੇ ਵਿਚਕਾਰ ਸੜਕਾਂ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਸਨ । ਸਾਲ 1977 ਤੋਂ 1980 ਦੌਰਾਨ ਹੱਥ ਵਿਚ ਲਏ ਗਏ 364 ਫੋਕਲ ਪੁਆਇੰਟਾਂ ਵਿਚੋਂ ਸਿਰਫ 116 ਬਾਬਤ ਕੰਮ ਹੀ ਮੁਕੰਮਲ ਹੋਇਆ ਸੀ । ਨਵੇਂ ਪ੍ਰੋਗਰਾਮ ਮੁਤਾਬਕ ਸਹੂਲਤਾਂ ਜਿਵੇਂ ਕਿ ਬੀਜਾਂ, ਔਜ਼ਾਰਾਂ ਅਤੇ ਕੀਟਨਾਸ਼ਕ ਦਵਾਈਆਂ ਦੇ ਲਈ ਜ਼ਰਾਇਤੀ ਕੇਂਦਰ, ਬਿਜਲੀ ਦੇ ਬਿਲ ਅਤੇ ਸ਼ਿਕਾਇਤ ਵਿਤਰਣ ਕੇਂਦਰ, ਟਰੈਕਟਰਾਂ/ਮੋਟਰਾਂ ਦੀ ਮੁਰੰਮਤ ਲਈ ਵਰਕਸ਼ਾਪ, ਪਸ਼ੂ-ਚਿਕਿਤਸਾ ਹਸਪਤਾਲ, ਵਿਕਰੀ ਕੇਂਦਰ, ਦੁਕਾਨਾਂ, ਕੌਮੀ/ਸਹਿਕਾਰੀ ਬੈਂਕ ਦੀਆਂ ਬ੍ਰਾਂਚਾਂ ਸਿਵਲ ਹਸਪਤਾਲ, ਪੈਟਰੋਲ/ਡੀਜ਼ਲ ਦੇ ਵਿਕਰੀ ਕੇਂਦਰ ਕੁਕਿੰਗ ਗੈਸ ਏਜੰਸੀ, ਡਾਕ-ਤਾਰ ਸਹੂਲਤਾਂ, ਕਮਿਊਨਿਟੀ ਸੈਂਟਰ, ਪਟਵਾਰ-ਖਾਨਾ ਤੇ ਉਦਯੋਗਿਕ ਮਿਲਖਾਂ ਆਦਿ ਫੋਕਲ ਪੁਆਇੰਟਾਂ ਵਿਖੇ ਮੁਹੱਈਆ ਕੀਤੀਆਂ ਜਾ ਰਹੀਆਂ ਹਨ ।

30. ਆਰੰਭ ਵਿੱਚ ਵਿਭਾਗ ਵਲੋਂ 128 ਫੋਕਲ ਪੁਆਇੰਟਾਂ ਸਬੰਧੀ ਕੰਮ ਹੱਥ ਵਿਚ ਲਿਆ ਗਿਆ ਸੀ ਅਤੇ ਉਨ੍ਹਾਂ ਵਿਚੋਂ 127 ਦਾ ਕੰਮ ਮੁਕੰਮਲ ਹੋ ਚੁੱਕਾ ਹੈ । ਚਾਰ ਦੁਕਾਨਾਂ, ਇਕ ਕਮਿਊਨਿਟੀ ਸੈਂਟਰ ਤੇ ਪਸ਼ੂ-ਚਿਕਿਤਸਾ ਹਸਪਤਾਲ ਅਤੇ ਵਿਕਰੀ ਕੇਂਦਰਾਂ ਦੀ ਉਸਾਰੀ ਸਬੰਧੀ ਕੰਮ ਮੰਡੀ ਬੋਰਡ ਦੁਆਰਾ ਕੀਤਾ ਗਿਆ ਹੈ । ਬਿਲ ਤੇ ਸ਼ਿਕਾਇਤ ਕੇਂਦਰ, ਸਿਵਲ ਹਸਪਤਾਲ ਤੇ ਪਟਵਾਰ ਖਾਨੇ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ । ਰਾਜ ਸਰਕਾਰ ਨੇ 108 ਫੋਕਲ ਪੁਆਇੰਟਾਂ ਵਿਚ ਇਹ ਸਹੂਲਤਾਂ ਮੁਹੱਈਆ ਕਰਨ ਲਈ 1248.00 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਹੈ ।

31. ਸਰਕਾਰ ਦੇ ਪੁਰਾਣੇ, ਫੋਕਲ ਪੁਆਇੰਟਾਂ ਦੇ ਕੰਮ ਨੂੰ ਮੁਕੰਮਲ ਕਰਨ ਦੀ ਵੀ ਤਜਵੀਜ਼ ਹੈ ਤਾਂ ਜੋ ਪਹਿਲਾਂ ਦਿੱਤੀਆਂ ਗਈਆਂ ਸਹੂਲਤਾਂ ਵੀ ਲੋਕਾਂ ਨੂੰ ਪ੍ਰਾਪਤ ਹੋ ਸਕਣ । ਇਸ ਅਨੁਸਾਰ ਇਨ੍ਹਾਂ ਫੋਕਲ ਪੁਆਇੰਟਾਂ ਦਾ ਸਰਵੇਖਣ ਕੀਤਾ ਗਿਆ ਹੈ ਤੇ ਸਾਲ 1999-2000 ਦੌਰਾਨ ਉਨ੍ਹਾਂ ਨੂੰ ਪੂਰਾ ਕਰਨ/ਅਪਗਰੇਡ ਕਰਨ ਲਈ 20 ਕਰੋੜ ਰੁਪਏ ਦੇ ਅਨੁਮਾਨ ਤਿਆਰ ਕੀਤੇ ਗਏ ਹਨ ।

32. ਰਾਜ ਵਿੱਤ ਕਮਿਸ਼ਨ ਦੀ ਸਿਫ਼ਾਰਸ਼ ਤੇ ਵਿਕਾਸ ਕਾਰਜਾਂ ਦੇ ਸਬੰਧ ਵਿਚ ਪੰਚਾਇਤੀ ਰਾਜ ਸੰਸਥਾਵਾਂ ਨੂੰ 2.972.50 ਲੱਖ ਰੁਪਏ ਦੀ ਰਕਮ ਦੀਆਂ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਸਾਲ 1999-2000 ਲਈ 60 ਕਰੋੜ ਰੁਪਏ ਦੀ ਰਕਮ ਤਜਵੀਜ਼ ਕੀਤੀ ਗਈ ਹੈ ।

33. ਫਿਊਲ ਘੱਟ ਖਰਚ ਕਰਨ, ਧੂੰਆਂ ਘਟਾਉਣ, ਵਾਤਾਵਰਣ ਸਾਫ ਸੁਥਰਾ ਰੱਖਣ ਅਤੇ ਰੁਜ਼ਗਾਰ ਪੈਦਾ ਕਰਨ ਲਈ ਰਾਜ ਵਿਚ ਸੁਧਰੀ ਕਿਸਮ ਦੇ ਚੁੱਲ੍ਹਿਆਂ ਦਾ ਪ੍ਰੋਗਰਾਮ ਵੀ ਅਮਲ ਵਿਚ ਲਿਆਂਦਾ ਜਾ ਰਿਹਾ ਹੈ । ਸਾਲ 1996-97 ਤੋਂ 1997-98 ਦੌਰਾਨ 426 ਪਿੰਡਾਂ ਵਿਚ ਲਗਭਗ 80,000 ਚੁੱਲ੍ਹੇ ਲਗਾਏ ਜਾ ਚੁੱਕੇ ਸਨ ਅਤੇ ਸਾਲ 1998-99 ਦੌਰਾਨ ਭਾਰਤ ਸਰਕਾਰ ਦੁਆਰਾ ਐਲੋਕੇਟ ਕੀਤੀ ਗਈ 21 ਲੱਖ ਰੁਪਏ ਦੀ ਲਾਗਤ ਨਾਲ 35,000 ਚੁੱਲ੍ਹੇ ਹੋਰ ਲਗਾਉਣ ਦੀ ਤਜਵੀਜ਼ ਹੈ ।

ਸਹਿਕਾਰਤਾ

34. ਰਾਜ ਦੇ ਅਰਥਚਾਰੇ ਵਿਚ ਨਿੱਜੀ ਅਤੇ ਜਨਤਕ ਸੈਕਟਰ ਤੋਂ ਬਾਅਦ ਸਹਿ-ਕਾਰਤਾ ਦਾ ਤੀਜਾ ਸੈਕਟਰ ਹੈ । ਸਵੈ-ਸਹਾਇਤਾ ਅਤੇ ਪ੍ਰਸਪਰ-ਸਹਾਇਤਾ ਦੇ ਸਹਿਕਾਰੀ ਅਸੂਲ ਤੋਂ ਪ੍ਰੇਰਿਤ ਹੋ ਕੇ ਸਹਿਕਾਰੀ ਅਦਾਰੇ ਸਮੁੱਚੇ ਰਾਜ ਵਿਚ ਫੈਲੇ ਹੋਏ ਹਨ ਤੇ ਪੇਂਡੂ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹਨ । ਸਹਿਕਾਰੀ ਅਦਾਰੇ ਖੇਤੀਬਾੜੀ ਲਈ ਲੋੜੀਂਦੀਆਂ ਜ਼ਰੂਰੀ ਵਸਤਾਂ ਸਪਲਾਈ ਕਰਦੇ ਹਨ ਮੈਂਬਰ-ਕਿਸਾਨਾਂ ਦੀ ਜ਼ਰਾਇਤੀ ਉਪਜ ਲਈ ਕਰਜ਼ੇ ਦਿੰਦੇ ਹਨ ਅਤੇ ਉਨ੍ਹਾਂ ਦੀ ਪੈਦਾਵਾਰ ਦੀ ਵਿਕਰੀ ਦਾ ਪ੍ਰਬੰਧ ਕਰਦੇ ਹਨ ਅਤੇ ਖੇਤੀ-ਬਾੜੀ ਆਧਾਰਿਤ ਸਨਅਤ ਅਤੇ ਮਕਾਨ ਉਸਾਰੀ ਸੈਕਟਰ ਵਿਚ ਸਰਗਰਮੀ ਨਾਲ ਜੁੱਟੇ ਹੋਏ ਹਨ ।

35. ਸਰਕਾਰ ਪੰਜਾਬ ਸਹਿਕਾਰੀ ਸਭਾਵਾਂ ਕਾਨੂੰਨ 1961 ਦੀ ਸੋਧ ਕਰਨ ਵਿਚ ਲੱਗੀ ਹੋਈ ਹੈ ਤਾਂ ਜੋ ਗੈਰ-ਮੁਨਾਸਬ ਕੰਟਰੋਲ ਹਟਾ ਦਿੱਤੇ ਜਾਣ ਅਤੇ ਸਹਿਕਾਰੀ ਅਦਾਰੇ ਸਹਿਕਾਰਤਾ ਦੇ ਅਸੂਲਾਂ ਮੁਤਾਬਕ ਕਾਰਜ ਕਰਨ ਅਤੇ ਆਪਣੇ ਮਾਮਲਿਆਂ ਨੂੰ ਸੰਭਾਲਣ ਦੇ ਸਮਰੱਥ ਹੋ ਸਕਣ । ਅਰਥਚਾਰੇ ਦੇ ਉਦਾਰੀਕਰਣ ਨੇ ਉਹਨਾਂ ਸਹਿਕਾਰੀ ਅਦਾਰਿਆਂ, ਜਿਹਨਾਂ ਨੂੰ ਖੁਲ੍ਹੇ-ਬਾਜ਼ਾਰ ਦੇ ਅਰਥਚਾਰੇ ਦੇ ਮੁਕਾਬਲੇ ਵਾਲੇ ਮਾਹੌਲ ਵਿਚ ਕਾਰਜ ਕਰਨਾ ਪਵੇਗਾ, ਸਾਹਮਣੇ ਕਈ ਚੁਣੌਤੀਆਂ ਰੱਖੀਆਂ ਹਨ ਅਤੇ ਕਈ ਨਵੇਂ ਮੌਕੇ ਪੈਦਾ ਕੀਤੇ ਹਨ । ਇਸ ਨਾਲ ਸਹਿਕਾਰੀ ਅਦਾਰਿਆਂ ਵਾਸਤੇ ਹੋਰ ਪੇਸ਼ਾਵਰਾਨਾ ਅਤੇ ਗਾਹਕਮੁੱਖੀ ਪਹੁੰਚ ਅਪਨਾਉਣ ਦੀ ਲੋੜ ਪਵੇਗੀ । ਇਸ ਦੇ ਅਨੁਸਾਰ ਹੀ ਸਰਕਾਰ ਨੇ ਸੂਚਨਾ-ਤਕਨਾਲੋਜੀ ਸਹਿਤ ਮੈਨੇਜਮੈਂਟ ਦੀਆਂ ਆਧੁਨਿਕ ਪ੍ਰਣਾਲੀਆਂ ਸ਼ੁਰੂ ਕਰਨ ਲਈ ਸਹਿਕਾਰੀ ਸੰਸਥਾਵਾਂ ਦੀ

[ਸ਼੍ਰੀ ਸਪੀਕਰ]
ਮਦਦ ਕਰਨ ਦਾ ਫੈਸਲਾ ਕੀਤਾ ਹੈ । ਮੇਰੀ ਸਰਕਾਰ ਨੁਕਸਾਨ ਉਠਾਉਣ ਵਾਲੇ ਸਹਿਕਾਰੀ ਅਦਾਰਿਆਂ, ਵਿਸ਼ੇਸ਼ ਕਰਕੇ ਕਤਾਈ ਅਤੇ ਖੰਡ ਸੈਕਟਰ ਦੇ ਅਦਾਰਿਆਂ ਦਾ, ਅਪਨਿਵੇਸ਼ ਕਰਨ ਲਈ ਵਚਨਬੱਧ ਹੈ । ਇਹਨਾਂ ਸੈਕਟਰਾਂ ਦੇ ਸਹਿਕਾਰੀ ਅਦਾਰਿਆਂ ਨੇ ਨਿਜੀ ਨਿਵੇਸ਼ ਲਈ ਉਤਪ੍ਰੇਰਕ ਬਣਨ ਦਾ ਲਾਹੇਵੰਦਾ ਮੰਤਵ ਪੂਰਾ ਕਰਨ ਵਿਚ ਯੋਗਦਾਨ ਪਾਇਆ ਹੈ ।

ਜੰਗਲਾਤ

36. ਪੰਜਾਬ ਦੇ ਕੁੱਲ ਰਕਬੇ ਦੇ ਕੇਵਲ 6% ਰਕਬੇ ਵਿਚ ਜੰਗਲਾਤ ਹੈ । ਬੰਜਰ ਅਤੇ ਮਾਰੂ ਜ਼ਮੀਨਾਂ ਵਿਚ ਰੁੱਖ ਬੂਟੇ ਲਗਾਉਣ ਤੋਂ ਇਲਾਵਾ ਹਰਿਆਵਲ ਵਧਾਉਣ ਦੀ ਹੋਰ ਕੋਈ ਗੁੰਜਾਇਸ਼ ਨਹੀਂ । ਸਾਲ 1998-99 ਦੌਰਾਨ ਫਲ ਬੂਟਿਆਂ ਵਾਲੇ ਪੌਦੇ ਲਗਾਉਣ ਦੀਆਂ ਨਿਮਨ ਮਹੱਤਵਪੂਰਨ ਸਕੀਮਾਂ ਸ਼ੁਰੂ ਕੀਤੀਆਂ ਗਈਆਂ :—

(i) ਓ. ਈ. ਸੀ. ਐਫ. ਜਪਾਨ ਦੀ ਸਹਾਇਤਾ ਨਾਲ ਪੰਜਾਬ ਵਿਚ ਜੰਗਲ ਲਾਉਣ ਦਾ ਪ੍ਰਾਜੈਕਟ, (ii) ਬਾਲਣ/ਚਾਰੇ ਦੇ ਕੰਮ ਆਉਣ ਵਾਲੇ ਦਰਖਤ ਲਾਉਣ ਦਾ ਖੇਤਰਮੁਖੀ ਪ੍ਰਾਜੈਕਟ (iii) ਰੋਪੜ ਜ਼ਿਲ੍ਹੇ ਵਿਚ ਜੰਗਲਾਤ ਅਤੇ ਵਾਤਾਵਰਣ ਵਿਕਾਸ ਪ੍ਰਾਜੈਕਟ, (iv) ਦਵਾ-ਦਾਰੂ ਵਾਲੇ ਪੌਦਿਆਂ ਸਮੇਤ ਗੈਰ-ਇਮਾਰਤੀ ਜੰਗਲੀ ਉਤਪਾਦਨ ਅਤੇ (v) ਖੇਤਾਂ ਵਿੱਚ ਦਰਖਤ ਲਾਉਣਾ । ਸਾਲ 1998-99 ਦੌਰਾਨ ਇਨ੍ਹਾਂ ਸਕੀਮਾਂ ਅਧੀਨ 10,300 ਹੈਕਟੇਅਰ ਰਕਬੇ ਵਿੱਚ ਪੌਦੇ ਲਗਾਏ ਜਾਣੇ ਹਨ ਅਤੇ ਫਾਰਮ ਫਾਰੈਸਟਰੀ ਸਕੀਮ ਅਧੀਨ ਜਨਤਾ ਨੂੰ 36 ਲੱਖ ਪੌਦੇ ਸਪਲਾਈ ਕੀਤੇ ਗਏ । ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਚਾਲੂ ਵਿੱਤੀ ਵਰ੍ਹੇ ਦੌਰਾਨ 5,750.39 ਲੱਖ ਰੁਪਏ ਦੀ ਰਕਮ ਖ਼ਰਚ ਕੀਤੇ ਜਾਣ ਦੀ ਤਜਵੀਜ਼ ਹੈ । 31 ਦਸੰਬਰ, 1998 ਤੱਕ 10,102 ਹੈਕਟੇਅਰ ਭੂਮੀ ਵਿੱਚ ਪੌਦੇ ਲਗਾਏ ਜਾ ਚੁੱਕੇ ਹਨ ਅਤੇ 38.69 ਲੱਖ ਪੌਦੇ ਜਨਤਾ ਨੂੰ ਸਪਲਾਈ ਕੀਤੇ ਗਏ । ਇਨ੍ਹਾਂ ਸਕੀਮਾਂ ਅਧੀਨ ਰੇਲਵੇ ਪਟੜੀਆਂ, ਸੜਕਾਂ, ਨਹਿਰਾਂ, ਖ਼ਾਲਿਆਂ ਦੇ ਨਾਲ-ਨਾਲ ਸਰਕਾਰੀ ਜ਼ਮੀਨ ਉਤੇ ਅਤੇ ਬਲਾਕ ਜੰਗਲਾਂ ਵਿੱਚ ਪੌਦੇ ਲਗਾਏ ਜਾ ਰਹੇ ਹਨ । ਰੋਪੜ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਭੋਂ ਖੋਰ ਨੂੰ ਰੋਕਣ ਅਤੇ ਕੰਢੀ ਖੇਤਰ ਵਿੱਚ ਜ਼ਮੀਨੀ ਜਲ ਉਪਰ ਕਰਨ ਲਈ ਭੋਂ-ਸੰਭਾਲ ਕਾਰਜ ਵੀ ਕੀਤੇ ਜਾ ਰਹੇ ਹਨ ।

ਉਦਯੋਗ

37. ਮੇਰੀ ਸਰਕਾਰ ਰਾਜ ਵਿੱਚ ਉਦਯੋਗਾਂ ਦੇ ਵਿਕਾਸ ਨੂੰ ਪਰਮ ਅਗੇਤ ਦਿੰਦੀ ਹੈ । ਸਾਡਾ ਜ਼ੋਰ ਰਾਜ ਵਿੱਚ ਸਰੋਤ ਅਧਾਰਤ ਵਾਤਾਵਰਣ ਅਨੁਕੂਲ ਉਦਯੋਗਾਂ, ਵਿਸ਼ੇਸ਼ ਕਰਕੇ ਖੇਤੀ ਉਦਯੋਗ ਅਤੇ ਸਾਫਟਵੇਅਰ ਉਦਯੋਗ ਨੂੰ ਵਿਹਾਰਕ ਮਾਹੌਲ ਮੁਹੱਈਆ ਕਰਾਉਣਾ ਹੈ ।

38. ਮੋਹਾਲੀ ਵਿੱਚ ਡਾਟਾ ਟਰਾਂਸਫਰ ਅਤੇ ਸਾਫਟਵੇਅਰ ਨਿਰਯਾਤ ਸਬੰਧੀ ਅੰਤਰਰਾਸ਼ਟਰੀ ਸੰਪਰਕ ਮੁਹੱਈਆ ਕਰਵਾਉਣ ਲਈ ਇੱਕ ਜ਼ਮੀਨੀ ਸਟੇਸ਼ਨ ਸਥਾਪਤ ਕੀਤਾ ਗਿਆ ਹੈ ਅਤੇ ਉਥੇ ਇੱਕ ਸੂਚਨਾ ਤਕਨਾਲੋਜੀ ਪਾਰਕ ਵੀ ਸਥਾਪਤ ਕੀਤਾ ਜਾ ਰਿਹਾ ਹੈ । ਰਾਜ ਵਿੱਚ ਇਸ ਉਦਯੋਗ ਦੀ ਪ੍ਰਗਤੀ ਹਿਤ ਵਿਸ਼ੇਸ਼ ਸੁਝਾਵਾਂ ਲਈ ਮਾਹਰਾਂ ਦੇ ਇੱਕ ਸੂਚਨਾ ਤਕਨਾਲੋਜੀ ਵਿਜ਼ਨ ਗਰੁੱਪ ਦਾ ਗਠਨ ਕੀਤਾ ਗਿਆ ਹੈ ।

39. ਰਾਜ ਵਿੱਚ ਖੇਤੀ ਉਦਯੋਗ ਨੂੰ ਹੁਲਾਰਾ ਦੇਣ ਲਈ ਇੱਕ ਵੱਖਰੀ ਖੇਤੀ ਉਦਯੋਗ ਨੀਤੀ ਅਧਿਸੂਚਿਤ ਹੈ । ਪ੍ਰੋਤਸਾਹਨਾਂ ਦਾ ਵਿਸ਼ੇਸ਼ ਪੈਕੇਜ ਮੁਹੱਈਆ ਕਰਨ ਤੋਂ ਇਲਾਵਾ ਖੇਤ ਪੱਧਰ ਉਤੇ ਖੇਤੀ ਉਦਯੋਗ ਸਬੰਧਾਂ ਨੂੰ ਉਤਸ਼ਾਹਤ ਕਰਨ ਲਈ ਖੇਤੀ ਉਦਯੋਗਾਂ ਦੀ ਪਰਿਭਾਸ਼ਾ ਨੂੰ ਹੋਰ ਵਧੇਰੇ ਵਿਸਤ੍ਰਿਤ ਕੀਤਾ ਗਿਆ ਹੈ । ਦਿਹਾਤੀ ਖੇਤਰਾਂ ਵਿੱਚ ਉਦਯੋਗ ਨੂੰ ਪ੍ਰੋਤਸਾਹਨ ਦੇਣ ਲਈ ਹਰੇਕ ਦਿਹਾਤੀ ਫੋਕਲ ਪੁਆਇੰਟ ਵਿਚ ਉਦਯੋਗਿਕ ਜੁਜ਼ ਮਖ਼ਸੂਸ ਕੀਤਾ ਗਿਆ ਹੈ, ਜਿਸ ਅਧੀਨ ਦਿਹਾਤੀ ਫੋਕਲ ਪੁਆਇੰਟ ਅਤੇ ਇਸ ਦੀ ਬਾਹਰੀ ਸੀਮਾ ਤੋਂ 1/2 ਕਿਲੋਮੀਟਰ ਦੇ ਰਕਬੇ ਅਧੀਨ ਆਉਣ ਵਾਲਾ ਖੇਤਰ ਵੀ ਪ੍ਰੋਤਸਾਹਨਾ ਦੇ ਵਿਸ਼ੇਸ਼ ਪੈਕੇਜ ਦਾ ਹੱਕਦਾਰ ਹੈ ।

40. ਜ਼ਿਲ੍ਹਾ ਬਠਿੰਡਾ ਵਿੱਚ ਬਹੁਤ ਵੱਡੇ ਰਿਫਾਈਨਰੀ ਪ੍ਰਾਜੈਕਟ ਦਾ ਨੀਂਹ ਪੱਥਰ ਰੱਖੇ ਜਾਣ ਦੇ ਨਾਲ ਰਾਜ ਵਿੱਚ ਉਦਯੋਗਿਕ ਇਨਕਲਾਬ ਦੇ ਇੱਕ ਨਵੇਂ ਯੁੱਗ ਦਾ ਆਰੰਭ ਹੋਇਆ ਹੈ । ਇਹ ਪਿਛਲੇ 50 ਸਾਲਾਂ ਦੌਰਾਨ ਪੰਜਾਬ ਵਿੱਚ ਸਭ ਤੋਂ ਵੱਡਾ ਕੇਂਦਰੀ ਨਿਵੇਸ਼ ਹੋਵੇਗਾ ।

41. ਚਾਲੂ ਮਾਲੀ ਸਾਲ ਦੌਰਾਨ ਰੰਗ ਰੋਗਨ, ਟੈਰੀ ਟਾਵਲਜ਼, ਡੈਨਿਮ ਕੱਪੜੇ ਅਤੇ ਰਸਾਇਣ ਪਦਾਰਥ ਤਿਆਰ ਕਰਨ ਵਾਲੇ ਪ੍ਰਾਜੈਕਟਾਂ ਸਮੇਤ ਬਹੁਤ ਸਾਰੀਆਂ ਵੱਡੇ ਪੱਧਰ ਦੀਆਂ ਉਦਯੋਗਿਕ ਇਕਾਈਆਂ 1000 ਕਰੋੜ ਰੁਪਏ ਦੇ ਨਿਵੇਸ਼ ਨਾਲ ਉਤਪਾਦਨ ਕਰਨ ਲੱਗ ਪਈਆਂ ਹਨ । ਅਜਿਹਾ ਮਈ, 1998 ਵਿੱਚ ਉਦਯੋਗ ਸਹਾਇਕ ਰਾਹੀਂ ਉਦਯੋਗਿਕ ਪਰਵਾਨਗੀ ਦੀ ਸਰਲ ਪ੍ਰਣਾਲੀ ਦੇ ਆਰੰਭ ਹੋਣ ਕਰਕੇ ਹੀ ਸੰਭਵ ਹੋ ਸਕਿਆ ਹੈ ।

42. ਉੱਦਮੀਆਂ ਨੂੰ ਨਿਰੰਤਰ ਆਧਾਰ ਉਤੇ ਤੁਰੰਤ ਜ਼ਮੀਨ ਦੇਣ ਲਈ ਅਤੇ ਸੱਟੇਬਾਜ਼ੀ ਵਾਲੀਆਂ ਪ੍ਰਵਿਰਤੀਆਂ ਨੂੰ ਰੋਕਣ ਲਈ ਇੱਕ ਨਵੀਂ ਅਲਾਟਮੈਂਟ ਨੀਤੀ ਅਧਿਸੂਚਿਤ ਕੀਤੀ ਗਈ ਹੈ ।

ਮੈਡੀਕਲ ਸਿੱਖਿਆ ਅਤੇ ਖੋਜ

43. 'ਸਾਰਿਆਂ ਲਈ ਸਿਹਤ' ਸਹੂਲਤਾਂ ਦਾ ਟੀਚਾ ਪ੍ਰਾਪਤ ਕਰਨ ਅਤੇ 21ਵੀਂ ਸਦੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੰਜਾਬ ਨੂੰ ਤਿਆਰ ਕਰਨ ਵਿੱਚ ਸਹਾਇਤਾ ਦੇਣ ਲਈ ਸਰਕਾਰ ਮੈਡੀਕਲ ਖੋਜ ਅਤੇ ਸਿੱਖਿਆ ਅਤੇ ਸਿਖਲਾਈ ਪ੍ਰਾਪਤ ਸਿਹਤ ਕਰਮਚਾਰੀਆਂ ਦਾ ਪ੍ਰਬੰਧ ਕਰਨ ਉਤੇ ਵਧੇਰੇ ਜ਼ੋਰ ਦੇਵੇਗੀ । ਇਸ ਮੰਤਵ ਲਈ ਫਰੀਦਕੋਟ ਵਿਖੇ ਸਥਾਪਿਤ ਸਿਹਤ ਵਿਗਿਆਨ ਦੀ ਬਾਬਾ ਫਰੀਦ ਯੂਨੀਵਰਸਿਟੀ ਨੇ 30 ਜੁਲਾਈ, 1998 ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ । ਸਿਹਤ ਵਿਗਿਆਨ ਨਾਲ

ਸਬੰਧਤ ਕੁੱਲ 25 ਸੰਸਥਾਵਾਂ ਨੂੰ ਇਸ ਯੂਨੀਵਰਸਿਟੀ ਨਾਲ ਜੋੜਨ ਦੀ ਤਜਵੀਜ਼ ਹੈ। ਇਸੇ ਲਈ 35 ਏਕੜ ਜ਼ਮੀਨ ਪਹਿਲਾਂ ਹੀ ਪ੍ਰਾਪਤ ਕੀਤੀ ਜਾ ਚੁੱਕੀ ਹੈ ਅਤੇ ਕੰਪਲੈਕਸ ਲਈ 122 ਏਕੜ ਜ਼ਮੀਨ ਹੋਰ ਪ੍ਰਾਪਤ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੇ ਕੰਮ ਕਾਜ ਨੂੰ ਚਲਾਉਣ ਲਈ 50 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।

44. ਭਾਰਤ ਸਰਕਾਰ ਨੇ ਮੈਡੀਕਲ ਅਤੇ ਡੈਂਟਲ ਕਾਲਜਾਂ ਵਿੱਚ ਕੰਪਿਊਟ੍ਰੀਕਰਣ ਲਈ 66 ਲੱਖ ਰੁਪਏ ਦੀ ਸਹਾਇਤਾ ਮੁਹੱਈਆ ਕੀਤੀ ਹੈ। ਇਸ ਨਾਲ ਰਾਜ ਵਿੱਚ ਉੱਚ ਕਿਸਮ ਦੀ ਮੈਡੀਕਲ/ਡੈਂਟਲ ਵਿਦਿਆ ਪ੍ਰਦਾਨ ਕਰਨ ਲਈ ਸੂਚਨਾ ਤਕਨਾਲੋਜੀ ਮੁਹੱਈਆ ਕਰਨ ਵਿੱਚ ਮਦਦ ਮਿਲੇਗੀ।

45. ਸਾਲ 1999-2000 ਤੋਂ 14 ਕਰੋੜ ਰੁਪਏ ਦੇ ਵਧੀਕ ਸਾਧਨ ਮੁਹੱਈਆ ਕਰਦੇ ਹੋਇਆਂ ਐਮ. ਬੀ. ਬੀ. ਐਸ. ਦੇ ਕੋਰਸਾਂ ਵਿਚ 40 ਐਨ. ਆਰ. ਆਈ. ਸੀਟਾਂ ਆਰੰਭ ਕਰਨ ਦੀ ਤਜਵੀਜ਼ ਹੈ। ਇਹ ਵਧੀਕ ਸਾਧਨ ਸਭ ਤੋਂ ਪਹਿਲਾਂ ਰਾਜ ਦੇ ਮੈਡੀਕਲ/ਡੈਂਟਲ ਕਾਲਜਾਂ ਦੀਆਂ ਐਮਰਜੈਂਸੀ ਸੇਵਾਵਾਂ ਨੂੰ ਆਧੁਨਿਕ ਕਰਨ ਲਈ ਵਰਤੇ ਜਾਣਗੇ।

46. ਜਲੰਧਰ ਵਿਖੇ ਇੱਕ ਹੋਰ ਮੈਡੀਕਲ ਕਾਲਜ, ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਖੋਲ੍ਹਿਆ ਜਾ ਰਿਹਾ ਹੈ। ਇਹ ਇੱਕ ਉੱਚ ਮੁਹਾਰਤ ਵਾਲਾ ਹਸਪਤਾਲ ਹੋਵੇਗਾ ਤਾਂ ਜੋ ਲੋਕਾਂ ਨੂੰ ਮੈਡੀਕਲ ਸਿੱਖਿਆ ਅਤੇ ਆਧੁਨਿਕ ਸਿਹਤ ਸੰਭਾਲ ਦੀਆਂ ਸਹੂਲਤਾਂ ਦਿੱਤੀਆਂ ਜਾ ਸਕਣ। ਇਸ ਲਈ 65 ਏਕੜ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ।

ਸਿਹਤ ਅਤੇ ਪਰਿਵਾਰ ਭਲਾਈ

47. ਪੰਜਾਬ ਰਾਜ ਆਪਣੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਵਾਹ ਲਾ ਰਿਹਾ ਹੈ। ਰਾਜ ਦੇ 150 ਹਸਪਤਾਲਾਂ ਦੇ ਕੰਮ ਨੂੰ ਬਿਹਤਰ ਬਨਾਉਣ ਲਈ ਵਿਸ਼ਵ ਬੈਂਕ ਤੋਂ 422 ਕਰੋੜ ਰੁਪਏ ਦੀ ਕਰਜ਼ਾ ਸਹਾਇਤਾ ਨਾਲ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਕਾਇਮ ਕੀਤੀ ਗਈ ਹੈ। ਹਰ 922 ਵਿਅਕਤੀਆਂ ਪਿੱਛੇ ਇੱਕ ਬਿਸਤਰ ਉਪਲਬਧ ਹੈ ਅਤੇ ਇੱਕ ਸਿਹਤ ਸੰਸਥਾ 10,426 ਵਿਅਕਤੀਆਂ ਦੀ ਵਸੋਂ ਦੀਆਂ ਲੋੜਾਂ ਪੂਰੀਆਂ ਕਰ ਰਹੀ ਹੈ। ਸਾਲ 1997 ਲਈ ਦੇਸ਼ ਦੀ ਜਨਮ ਦਰ 27.2, ਮੌਤ ਦਰ 8.9 ਅਤੇ ਬਾਲ ਮੌਤ ਦਰ 71 ਦੇ ਮੁਕਾਬਲੇ ਪੰਜਾਬ ਦੀ ਜਨਮ ਦਰ 23.4, ਮੌਤ ਦਰ 7.4 ਅਤੇ ਬਾਲ ਮੌਤ ਦਰ 51 ਹੈ।

48. ਰਾਜ ਪੱਧਰ ਤੇ ਏਡਜ਼ ਦੇ ਫੈਲਾਓ ਨੂੰ ਕਾਬੂ ਵਿੱਚ ਰੱਖਣ ਲਈ ਏਡਜ਼ ਕੰਟਰੋਲ ਸੁਸਾਇਟੀ ਬਣਾਈ ਗਈ ਹੈ।

49. ਜੱਚਾ ਅਤੇ ਬੱਚਾ ਦੀ ਸਿਹਤ ਸੰਭਾਲ ਨੂੰ ਵੀ ਬਿਹਤਰ ਬਣਾਉਣ ਲਈ ਇੱਕ ਨਵਾਂ ਪ੍ਰਾਜੈਕਟ "Reproductive Child Health" ਸ਼ੁਰੂ ਕੀਤਾ ਗਿਆ ਹੈ।

50. ਈ. ਐਸ. ਆਈ. ਸਕੀਮ ਅਧੀਨ 6500/- ਰੁਪਏ ਪ੍ਰਤੀ ਮਹੀਨਾ ਉਜਰਤ ਲੈਣ ਵਾਲੇ ਫੈਕਟਰੀ ਕਾਮਿਆਂ ਨੂੰ ਮੈਡੀਕਲ ਸਹੂਲਤਾਂ ਦਿੱਤੀਆਂ ਗਈਆਂ ਹਨ। ਰਾਜ ਵਿੱਚ 7 ਈ. ਐਸ. ਆਈ. ਹਸਪਤਾਲ ਅਤੇ 70 ਈ. ਐਸ. ਆਈ. ਦਵਾਖ਼ਾਨੇ ਹਨ। ਲੁਧਿਆਣਾ ਅਤੇ ਜਲੰਧਰ ਦੇ ਈ. ਐਸ. ਆਈ. ਹਸਪਤਾਲਾਂ ਦੇ ਕ੍ਰਮਵਾਰ 100 ਬਿਸਤਰਿਆਂ ਤੋਂ 200 ਬਿਸਤਰਿਆਂ ਅਤੇ 100 ਬਿਸਤਰਿਆਂ ਤੋਂ 150 ਬਿਸਤਰਿਆਂ ਦਾ ਵਾਧਾ ਕੀਤਾ ਜਾ ਰਿਹਾ ਹੈ। ਮੰਡੀ ਗੋਬਿੰਦਗੜ੍ਹ ਵਿਖੇ ਈ. ਐਸ. ਆਈ. ਹਸਪਤਾਲ ਦਾ ਕੰਮ ਉਸਾਰੀ ਅਧੀਨ ਹੈ।

51. ਰਾਜ ਵਿੱਚ ਆਯੁਰਵੈਦਿਕ ਵਿਭਾਗ ਵੀ 10 ਬਿਸਤਰਿਆਂ ਵਾਲੇ ਪੰਜ ਹਸਪਤਾਲ, 17 ਸਿਹਤ ਕੇਂਦਰ ਅਤੇ 507 ਆਯੁਰਵੈਦਿਕ ਅਤੇ ਯੂਨਾਨੀ ਦਵਾਖ਼ਾਨੇ ਚਲਾ ਰਿਹਾ ਹੈ। ਅਗਲੇ ਵਿੱਤੀ ਸਾਲ ਵਿੱਚ 17 ਨਵੇਂ ਸਿਹਤ ਕੇਂਦਰ ਅਤੇ 10 ਬਿਸਤਰਿਆਂ ਵਾਲੇ 13 ਹਸਪਤਾਲ ਕਾਇਮ ਕੀਤੇ ਜਾਣ ਦੀ ਤਜਵੀਜ਼ ਹੈ।

52. ਹੋਮਿਓਪੈਥੀ ਵਿਭਾਗ ਰਾਜ ਵਿੱਚ ਕੈਂਸਰ ਅਤੇ ਚਮੜੀ ਰੋਗਾਂ ਦੇ 10 ਬਿਸਤਰਿਆਂ ਵਾਲੇ ਆਪਣੇ ਇੱਕ ਹੋਮਿਓਪੈਥੀ ਹਸਪਤਾਲ ਅਤੇ 105 ਹੋਮਿਓਪੈਥਿਕ ਡਿਸਪੈਂਸਰੀਆਂ ਸਹਿਤ ਸਿਹਤ ਸੰਭਾਲ ਸਹੂਲਤਾਂ ਵੀ ਮੁਹੱਈਆ ਕਰਵਾ ਰਿਹਾ ਹੈ। ਹੋਮਿਓਪੈਥੀ ਦੀ ਵਧਦੀ ਲੋਕ-ਪ੍ਰਿਯਤਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੌਜੂਦਾ ਪਹਿਲੀਆਂ ਡਿਸਪੈਂਸਰੀਆਂ ਦਾ ਵਿਸਥਾਰ ਕਰਨ ਤੋਂ ਇਲਾਵਾ 18 ਨਵੀਆਂ ਹੋਮਿਓਪੈਥੀ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਸਤਾਵ ਹੈ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ

53. ਪੰਜਾਬ ਨੇ 1998-99 ਦੌਰਾਨ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਹੋਰ ਤਰੱਕੀ ਕੀਤੀ ਹੈ, ਪੰਜ ਹੋਰ ਇੰਜੀਨੀਅਰਿੰਗ ਕਾਲਜ ਖੋਲ੍ਹੇ ਗਏ ਹਨ— ਇੱਕ ਸਰਕਾਰੀ ਅਤੇ 4 ਗ਼ੈਰ ਸਰਕਾਰੀ। ਇਸ ਨਾਲ ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ 19 ਹੋ ਗਈ ਹੈ। ਪੰਜਾਬ ਤਕਨੀਕੀ ਯੂਨੀਵਰਸਿਟੀ ਜਲੰਧਰ ਨੇ 7 ਸੰਸਥਾਵਾਂ ਨੂੰ ਮਾਨਤਾ ਦਿੱਤੀ ਹੈ ਜਿਨ੍ਹਾਂ ਵਿੱਚ 420 ਵਿਦਿਆਰਥੀ ਦਾਖ਼ਲ ਕਰਨ ਦੀ ਸਮਰੱਥਾ ਹੈ। ਇਹ ਐਮ. ਬੀ. ਏ. ਕੋਰਸ ਚਲਾ ਰਹੀਆਂ ਹਨ। 4700 ਸੀਟਾਂ ਵਾਲੇ 32 ਪੌਲੀਟੈਕਨਿਕ ਹਨ, ਡਿਪਲੋਮਾ ਪੱਧਰ ਦੀਆਂ 1,060 ਸੀਟਾਂ ਵਾਲੀਆਂ 9 ਫਾਰਮੇਸੀ ਸੰਸਥਾਵਾਂ ਅਤੇ 22,654 ਕਾਰੀਗਰਾਂ ਨੂੰ ਸਿਖਲਾਈ ਦੇਣ ਵਾਲੀਆਂ 124 ਉਦਯੋਗਿਕ ਸਿਖਲਾਈ ਸੰਸਥਾਵਾਂ ਹਨ।

54. ਸਾਲ 1999-2000 ਦੌਰਾਨ ਸਰਕਾਰ ਦਾ ਮੁੱਖ ਜ਼ੋਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਖੇਤਰ ਵਿੱਚ ਵਿਸ਼ਵ ਬੈਂਕ ਪ੍ਰਾਜੈਕਟ ਦੇ ਲਾਭਾਂ ਨੂੰ ਸੁਦ੍ਰਿੜ ਕਰਨ ਤੇ ਹੋਵੇਗਾ। ਸਰਕਾਰ ਤਕਨੀਕੀ ਸਿੱਖਿਆ ਦੇ ਮੌਜੂਦਾ ਢਾਂਚੇ ਨੂੰ ਸਮੇਂ ਦੇ ਅਨੁਕੂਲ ਬਣਾਉਣ ਅਤੇ ਉਸਦੇ ਅਧੁਨਿਕੀਕਰਨ ਦੁਆਰਾ ਗੁਣਾਤਮਕ ਸੁਧਾਰ ਲਿਆਉਣ ਲਈ ਯਤਨਸ਼ੀਲ ਹੈ।

ਹਾਊਸਿੰਗ ਅਤੇ ਸ਼ਹਿਰੀ ਵਿਕਾਸ

55. ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ (ਪੁਡਾ) ਅਤੇ ਨਗਰ ਯੋਜਨਾਬੰਦੀ ਵਿਭਾਗ ਦੀ ਸਹਾਇਤਾ ਨਾਲ

[ਸ੍ਰੀ ਸਪੀਕਰ]

ਉੱਚ ਪੱਧਰ ਦੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਪਹਿਲ ਦੇ ਕੇ ਰਾਜ ਦੇ ਵਿਕਾਸ ਵਿੱਚ ਮੁੱਖ ਭੂਮਿਕਾ ਅਦਾ ਕਰ ਰਿਹਾ ਹੈ । ਪੁਡਾ ਦੀ ਸਥਾਪਨਾ ਰਾਜ ਦੇ ਕਿਸੇ ਵੀ ਇਲਾਕੇ ਦੀ ਵਧੀਆ ਯੋਜਨਾਬੰਦੀ ਅਤੇ ਵਿਕਾਸ ਨੂੰ ਉੱਨਤ ਕਰਨ ਲਈ ਕੀਤੀ ਗਈ ਸੀ ਅਤੇ ਨਗਰ ਯੋਜਨਾਬੰਦੀ ਵਿਭਾਗ, ਹੋਰ ਵੱਖ ਵੱਖ ਵਿਭਾਗਾਂ ਤੇ ਏਜੰਸੀਆਂ ਨਾਲ ਮਿਲ ਕੇ ਸ਼ਹਿਰੀ ਤੇ ਪੇਂਡੂ ਇਲਾਕਿਆਂ ਦੇ ਯੋਜਨਾਬੱਧ ਵਿਕਾਸ ਲਈ ਸਕੀਮਾਂ ਬਣਾਉਣ ਵਿੱਚ ਲੱਗਿਆ ਹੋਇਆ ਹੈ । ਸ਼ਹਿਰੀ ਮਿਲਖਾਂ ਵਿੱਚ ਮਕਾਨ ਉਸਾਰੀ ਤੇ ਹੋਰ ਵਿਕਾਸ ਕਾਰਜਾਂ ਲਈ ਸਾਲ 1997-98 ਦੇ ਦੌਰਾਨ 7,293.39 ਲੱਖ ਰੁਪਏ ਦੇ ਮੁਕਾਬਲੇ 15,417.00 ਲੱਖ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ । ਸਰਕਾਰ ਨੇ ਇੱਕ ਵੱਡਾ ਨੀਤੀਗਤ ਕਦਮ ਚੁੱਕਿਆ ਹੈ ਇਸ ਰਾਹੀਂ ਛੋਟੇ ਤੇ ਵੱਡੇ ਕਸਬਿਆਂ ਦੇ ਆਸ-ਪਾਸ ਵਾਧੂ ਤੇ ਖ਼ਾਲੀ ਸਰਕਾਰੀ ਜ਼ਮੀਨ ਪੁਡਾ ਨੂੰ ਟ੍ਰਾਂਸਫਰ ਕੀਤੀ ਜਾਵੇਗੀ ਤਾਂ ਜੋ ਉਹ ਸ਼ਹਿਰੀ ਬੁਨਿਆਦੀ ਢਾਂਚੇ ਸਬੰਧੀ ਵਸੀਲੇ ਜੁਟਾਉਣ ਲਈ ਉਸ ਜ਼ਮੀਨ ਦਾ ਵਿਕਾਸ ਅਤੇ ਵਿਕਰੀ ਕਰ ਸਕੇ ।

56. ਵਿਭਾਗ ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨ ਮਨਾਉਣ ਲਈ ਬੜੀ ਸਰਗਰਮੀ ਨਾਲ ਜੁਟਿਆ ਹੋਇਆ ਹੈ । ਆਨੰਦਪੁਰ ਸਾਹਿਬ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਅਥਾਰਟੀ, ਖ਼ਾਸ ਤੌਰ ਤੇ ਇਸ ਮੰਤਵ ਲਈ ਬਣਾਈ ਗਈ ਹੈ । ਪੁਡਾ ਵੀ ਪਾਰਕਿੰਗ ਲਈ ਥਾਂ ਬਨਾਉਣ, ਸ਼ਹਿਰ ਵਿੱਚ ਹੋਰ ਵਿਕਾਸ ਕੰਮ ਕਰਨ ਅਤੇ ਭਾਰਤ ਸਰਕਾਰ ਤੋਂ ਮਿਲੀ ਸਹਾਇਤਾ ਨਾਲ ਜੁਝਾਰੂ ਖੇਡਾਂ ਲਈ ਦਸ਼ਮੇਸ਼ ਅਕਾਦਮੀ ਦੀ ਉਸਾਰੀ ਕਰਕੇ ਇਨ੍ਹਾਂ ਜਸ਼ਨਾਂ ਵਿੱਚ ਆਪਣਾ ਯੋਗਦਾਨ ਪਾ ਰਹੀ ਹੈ ।

57. ਰਾਜ ਵਿੱਚ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਸ਼੍ਰੇਣੀਆਂ ਦੇ 2,943 ਮਕਾਨ ਉਸਾਰੀ ਅਧੀਨ ਹਨ । ਲਗਭਗ 2,200.00 ਲੱਖ ਰੁਪਏ ਦੀ ਅਨੁਮਾਨਤ ਲਾਗਤ ਨਾਲ, ਰਾਜ ਦੇ ਵੱਖ-ਵੱਖ ਸਥਾਨਾਂ ਤੇ 1,572 ਮਕਾਨਾਂ ਅਤੇ 352 ਸਾਈਟਾਂ ਦੀ ਉਸਾਰੀ ਦੇ ਕੰਮ ਦੀ ਯੋਜਨਾ ਤਿਆਰ ਕੀਤੀ ਗਈ ਹੈ । ਨਵੀਆਂ ਸ਼ਹਿਰੀ ਮਿਲਖਾਂ ਸਥਾਪਤ ਕਰਨ ਲਈ ਵੱਖ-ਵੱਖ ਕਸਬਿਆਂ ਵਿੱਚ ਹੋਰ ਜ਼ਮੀਨ ਪ੍ਰਾਪਤ ਕਰਨ ਦੀ ਤਜਵੀਜ਼ ਹੈ ।

58. ਸਾਲ 1998-99 ਦੌਰਾਨ ਨਗਰ ਯੋਜਨਾਬੰਦੀ ਵਿਭਾਗ ਨੇ ਪੁਡਾ ਤੇ ਸਥਾਨਕ ਏਜੰਸੀਆਂ ਲਈ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹਨ । ਫੋਕਲ ਪਿੰਡਾਂ ਦੇ ਵਿਕਾਸ ਦੀ ਖ਼ਾਕਾ ਯੋਜਨਾ ਤੇ ਡੇਰਾ ਬਾਬਾ ਨਾਨਕ, ਸ੍ਰੀ ਹਰਿਗੋਬਿੰਦਪੁਰ ਤੇ ਮੋਗਾ-1 ਬਲਾਕਾਂ ਦੇ ਸਬੰਧ ਵਿੱਚ ਉਹਨਾਂ ਦੇ ਸੰਗਠਤ ਵਿਕਾਸ ਲਈ ਅਤੇ ਇਸ ਦੇ ਨਾਲ ਹੀ ਲੁਧਿਆਣਾ ਤੇ ਤਰਨ ਤਾਰਨ ਦੇ ਵਿਕਾਸ ਲਈ ਵੀ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਹਨ । ਇਹ ਵਿਭਾਗ ਨਗਰ-ਨਿਗਮ, ਨਗਰ-ਪਾਲਿਕਾਵਾਂ, ਇੰਮਪਰੂਵਮੈਂਟ ਟਰੱਸਟਾਂ, ਉਦਯੋਗਿਕ ਵਿਭਾਗ, ਪੀ. ਐਸ. ਆਈ. ਈ. ਸੀ., ਮੰਡੀ ਬੋਰਡ ਅਤੇ ਜ਼ਿਲ੍ਹਾ ਯੋਜਨਾ ਬੋਰਡਾਂ ਨੂੰ ਵੀ ਯੋਜਨਾਬੰਦੀ ਮਾਹਰ ਮੁਹੱਈਆ ਕਰਵਾ ਰਿਹਾ ਹੈ ।

ਗ੍ਰਹਿ

ਪੁਲਿਸ

59. ਫ਼ਰਵਰੀ, 1997 ਵਿੱਚ ਜਦ ਤੋਂ ਮੇਰੀ ਸਰਕਾਰ ਨੇ ਕਾਰਜ-ਭਾਰ ਸੰਭਾਲਿਆ ਹੈ, ਰਾਜ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਕਾਇਮ ਰੱਖਣਾ ਇਸ ਦਾ ਪਰਮ ਅਗੇਤ ਕੰਮ ਹੈ । ਫੁੱਟ ਪਾਊ ਅਤੇ ਵਿਨਾਸ਼ਕਾਰੀ ਸ਼ਕਤੀਆਂ ਨੂੰ ਰਾਜ ਦਾ ਅਮਨ-ਚੈਨ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ । ਕਾਨੂੰਨ ਅਤੇ ਵਿਵਸਥਾ ਮਸ਼ੀਨਰੀ ਦੀ ਨਿਰੰਤਰ ਚੌਕਸੀ ਨੇ ਅਜਿਹੇ ਸ਼ਰਾਰਤੀ ਤੱਤਾਂ ਦੇ ਸਮੁੱਚੇ ਯਤਨਾਂ ਨੂੰ ਨਿਸਫਲ ਕਰ ਦਿੱਤਾ ਜਿਹੜੇ ਰੰਗੇ ਹੱਥੀਂ ਫੜੇ ਗਏ ਸਨ ਅਤੇ ਉਨ੍ਹਾਂ ਦੇ ਹਥਿਆਰ/ਅਸਲ੍ਹਾ ਉਨ੍ਹਾਂ ਦੇ ਮੰਦੇ ਉਦੇਸ਼ਾਂ ਦੀ ਸਫਲਤਾ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਗਿਆ ਸੀ । ਜਨਤਾ ਵਾਸਤੇ ਪੁਲਿਸ ਸਹਾਇਤਾ ਦੀ ਅਸਾਨ ਰਸਾਈ ਯਕੀਨੀ ਬਣਾਉਣ ਲਈ ਪੁਲਿਸ ਪ੍ਰਣਾਲੀ ਨੂੰ ਨਵੀਂ ਸੇਧ ਦੇਣ ਉਪਰ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ।

60. ਪੁਲਿਸ-ਜਨਤਾ ਸਬੰਧ ਸੁਧਾਰਨ ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾ ਸਬੰਧੀ ਕਿਸੇ ਤਰ੍ਹਾਂ ਦੀ ਵੀ ਅੜਿਚਣ ਨੂੰ ਦੂਰ ਕਰਨ ਲਈ ਯਤਨ ਕੀਤੇ ਗਏ ਹਨ । ਚਾਲੂ ਵਰ੍ਹੇ ਦੌਰਾਨ ਜਾਨ ਮਾਲ ਸਬੰਧੀ ਜੁਰਮ ਕਾਬੂ ਹੇਠ ਰਹੇ । ਵਧੇਰੇ ਕਰਕੇ ਜੁਰਮ ਸਥਾਨਕ ਮੁਜਰਮਾਂ/ਸੰਨ੍ਹਮਾਰਾਂ/ਪ੍ਰਵਾਸੀ ਮਜ਼ਦੂਰਾਂ ਦੁਆਰਾ ਕੀਤੇ ਗਏ ਸਨ । ਪੁਲਿਸ ਨੇ ਆਪਰੇਸ਼ਨ "ਪਹਿਚਾਣ" ਤੋਂ ਬਾਅਦ ਆਪਰੇਸ਼ਨ "ਖੋਜ" (ਮੁਖ਼ਬਰੀ ਆਧਾਰਤ ਆਪਰੇਸ਼ਨ) ਦੁਆਰਾ ਪ੍ਰਭਾਵਕਾਰੀ ਢੰਗ ਨਾਲ ਪਾਕਿਸਤਾਨ ਅਧਾਰਤ ਦਹਿਸ਼ਤਪਸੰਦਾਂ ਦੀਆਂ ਕਾਰਵਾਈਆਂ ਨੂੰ ਸਫਲਤਾਪੂਰਵਕ ਕੰਟਰੋਲ ਵੀ ਕੀਤਾ ਹੈ । ਇਸ ਦੇ ਨਤੀਜੇ ਵਜੋਂ ਸਾਲ 1998 ਦੌਰਾਨ ਖਾੜਕੂਆਂ ਦੀ ਕੋਈ ਘਟਨਾ ਨਹੀਂ ਹੋਈ ।

ਮਨੁੱਖੀ ਅਧਿਕਾਰ ਕਮਿਸ਼ਨ

61. ਰਾਜ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ 1997 ਵਿੱਚ ਸਥਾਪਿਤ ਕੀਤਾ ਗਿਆ ਸੀ ਤਾਂ ਜੋ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕੀਤੀ ਜਾ ਸਕੇ । ਇਸ ਅਧੀਨ 31 ਦਸੰਬਰ, 1997 ਤੱਕ 90 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਜਿਨ੍ਹਾਂ ਵਿਚੋਂ 14 ਨੂੰ ਛੱਡ ਕੇ ਬਾਕੀ ਸਭ ਦਾ ਫ਼ੈਸਲਾ/ਨਿਪਟਾਰਾ ਹੋ ਚੁੱਕਾ ਹੈ । ਜਨਵਰੀ ਤੋਂ ਦਸੰਬਰ, 1998 ਤੱਕ ਕਮਿਸ਼ਨ ਨੂੰ 987 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿਚੋਂ 535 ਦਾ ਨਿਪਟਾਰਾ ਕਰ ਦਿੱਤਾ ਗਿਆ ਅਤੇ ਬਾਕੀ ਦੀਆਂ ਵਿਚਾਰ ਅਧੀਨ ਹਨ । ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਵਾਲੇ ਕੁਝ ਕੇਸਾਂ ਵਿੱਚ ਕਮਿਸ਼ਨ ਨੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਅੰਤਰਿਮ ਮੁਆਵਜ਼ਾ ਦੇਣ ਦੇ ਹੁਕਮ ਜਾਰੀ ਕੀਤੇ ਹਨ ।

ਕਾਨੂੰਨੀ ਅਤੇ ਵਿਧਾਨਕ ਮਾਮਲੇ

62. ਕਾਨੂੰਨੀ ਸੇਵਾਵਾਂ ਅਥਾਰਟੀ ਐਕਟ, 1987 ਦੇ ਉਪਬੰਧਾਂ ਅਧੀਨ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਕਾਇਮ ਕੀਤੀ ਗਈ ਸੀ ਅਤੇ ਇਹ ਗ਼ਰੀਬ ਅਤੇ ਲੋੜਵੰਦਾਂ ਨੂੰ ਮੁਫ਼ਤ ਕਾਨੂੰਨੀ ਸੇਵਾ ਮੁਹੱਈਆ ਕਰਾਉਣ, ਲੋਕਾਂ ਨੂੰ ਜਲਦੀ ਅਤੇ ਘੱਟ ਖ਼ਰਚ ਵਾਲਾ

[ਸ਼੍ਰੀ ਸਪੀਕਰ]

ਨਿਆਂ ਦੁਆਉਣ ਦੇ ਲਈ ਲੋਕ ਅਦਾਲਤਾਂ ਕਾਇਮ ਕਰਨ, ਲੋਕਾਂ ਨੂੰ ਆਪਣੇ ਕਾਨੂੰਨੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਸੈਮੀਨਾਰ/ਪੈਰਾ ਕਾਨੂੰਨੀ ਸਾਖ਼ਰਤਾ ਕੈਂਪਾਂ ਦੇ ਆਯੋਜਨ ਕਰਨ ਦੇ ਕੰਮ ਵਿੱਚ ਲੱਗੀ ਹੋਈ ਹੈ। 30 ਸਤੰਬਰ, 1998 ਤੋਂ ਹੁਣ ਤੱਕ 946 ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕੀਤੀ ਗਈ ਅਤੇ 112 ਲੋਕ ਅਦਾਲਤਾਂ ਆਯੋਜਿਤ ਕੀਤੀਆਂ ਗਈਆਂ, ਜਿਨ੍ਹਾਂ ਅੰਦਰ 4,854 ਕੇਸਾਂ ਨੂੰ ਹੱਥ ਵਿੱਚ ਲਿਆ ਗਿਆ ਅਤੇ ਇਨ੍ਹਾਂ ਵਿਚੋਂ 2,927 ਕੇਸਾਂ ਦਾ ਅੰਤਿਮ ਤੌਰ ਤੇ ਨਿਪਟਾਰਾ ਕਰ ਦਿੱਤਾ ਗਿਆ। 1998 ਵਿੱਚ ਸੰਧੇ ਆਮ ਦਾਖ਼ਲਾ ਟੈਸਟ (ਸੀ. ਈ. ਟੀ.) ਕਾਰਣ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਵਿੱਚ ਪੈਦਾ ਹੋਏ ਝਗੜਿਆਂ ਦਾ ਨਿਪਟਾਰਾ ਕਰਨ ਲਈ ਪੰਜਾਬ ਤਕਨੀਕੀ ਯੂਨੀਵਰਸਿਟੀ ਜਲੰਧਰ ਦੇ ਅਹਾਤੇ ਵਿੱਚ ਵੀ ਇੱਕ ਲੋਕ ਅਦਾਲਤ ਲਗਾਈ ਗਈ। ਲੱਗਭਗ 950 ਕੇਸ ਇਸ ਅਦਾਲਤ ਵਿੱਚ ਲਏ ਗਏ। ਪੂਰਵ ਮੁਕੱਦਮੇਬਾਜ਼ੀ ਪੜਾਅ ਸਮੇਂ ਵਿਵਾਦ ਵਾਲੇ ਮਾਮਲੇ ਦਾ ਨਿਪਟਾਰਾ ਕਰਨ ਦੀ ਇਹ ਇੱਕ ਵਿਲੱਖਣ ਉਦਾਹਰਣ ਸੀ।

ਸਿੰਜਾਈ ਅਤੇ ਬਿਜਲੀ

63. ਇਹ ਐਲਾਨ ਕਰਦੇ ਹੋਏ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਬਹੁਮੰਤਵੀ ਦਰਿਆਈ ਘਾਟੀ ਪ੍ਰਾਜੈਕਟਾ ਵਿੱਚੋਂ ਬੜੇ ਵਕਾਰੀ ਪ੍ਰਾਜੈਕਟ ਰਣਜੀਤ ਸਾਗਰ ਡੈਮ ਦਾ ਕੰਮ ਮੁਕੰਮਲ ਹੋ ਗਿਆ ਹੈ। ਮੇਰੀ ਸਰਕਾਰ ਦੀ ਇਹ ਇੱਕ ਹੋਰ ਸ਼ਾਨਦਾਰ ਪ੍ਰਾਪਤੀ ਹੈ। ਇਹ ਪ੍ਰਾਜੈਕਟ ਭਾਰਤ ਦੇ ਪ੍ਰਧਾਨ ਮੰਤਰੀ ਜੀ ਦੁਆਰਾ ਕੌਮ ਨੂੰ ਸਮਰਪਿਤ ਕੀਤੇ ਜਾਣ ਦੀ ਸੰਭਾਵਨਾ ਹੈ। 15 ਫਰਵਰੀ, 1999 ਤੋਂ ਰੈਜ਼ਰਵਾਇਰ ਵਿਚ ਪਾਣੀ ਭਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ 150 ਮੈਗਾਵਾਟ ਦਾ ਪਹਿਲਾ ਯੂਨਿਟ ਜੂਨ, 1999 ਵਿਚ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ ਅਤੇ ਬਾਕੀ ਰਹਿੰਦੇ ਤਿੰਨ ਯੂਨਿਟ ਦੋ ਮਹੀਨੇ ਦੇ ਵਕਫੇ ਬਾਅਦ ਕੰਮ ਕਰਨਾ ਸ਼ੁਰੂ ਕਰ ਦੇਣਗੇ। ਇਹ ਪ੍ਰਾਜੈਕਟ ਸਾਲਾਨਾ 1509 ਮਿਲੀਅਨ ਯੂਨਿਟ ਬਿਜਲੀ ਪੈਦਾ ਕਰੇਗਾ ਅਤੇ 3.48 ਲੱਖ ਹੈਕਟੇਅਰ ਜ਼ਮੀਨ ਦੀ ਸਿੰਜਾਈ ਕਰੇਗਾ। ਇਸ ਪ੍ਰਾਜੈਕਟ ਦੇ ਸ਼ੁਰੂ ਹੋਣ ਪਿਛੋਂ 148 ਕਰੋੜ ਰੁਪਏ ਦੀ ਲਾਗਤ ਨਾਲ ਛੇਤੀ ਹੀ ਅਪਰਬਾਰੀ ਦੁਆਬ ਨਹਿਰ ਦਾ ਨਵੀਨੀਕਰਣ ਅਤੇ ਮੁੜ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤੇ ਜਾਣ ਦੀ ਆਸ ਹੈ।

64. ਵਿਭਾਗ ਰਾਜ ਦੇ ਦੱਖਣੀ ਪੱਛਮੀ ਜ਼ਿਲ੍ਹਿਆਂ ਵਿਚੋਂ ਸੇਮ ਦੀ ਸਮੱਸਿਆ ਖ਼ਤਮ ਕਰਨ ਯੋਗ ਹੋ ਸਕਿਆ ਹੈ ਜਿਸ ਕਰਕੇ 2 ਲੱਖ ਹੈਕਟੇਅਰ ਜ਼ਰਾਇਤੀ ਭੋਂ ਅਣਉਪਜਾਊ ਹੋ ਚੁੱਕੀ ਸੀ। 198 ਕਰੋੜ ਰੁਪਏ ਦੀ ਲਾਗਤ ਨਾਲ 490 ਕਿਲੋਮੀਟਰ ਲੰਮੇ ਨਿਕਾਸੀ ਨਾਲੇ ਬਣਾਉਣ ਦਾ ਕੰਮ ਵੀ ਇਨ੍ਹਾਂ ਜ਼ਿਲ੍ਹਿਆਂ ਵਿਚ ਸ਼ੁਰੂ ਕੀਤਾ ਗਿਆ ਹੈ।

65. ਮੇਰੀ ਸਰਕਾਰ ਰਾਜ ਦੇ ਕੰਢੀ ਖੇਤਰ ਵਿਚ ਬਿਹਤਰ ਸਿੰਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਵੀ ਵਚਨਬੱਧ ਹੈ। ਇਸ ਮੰਤਵ ਲਈ 'ਘੱਟ ਉਚਾਈ' ਵਾਲੇ ਛੇ

ਬੰਨ੍ਹ ਅਤੇ ਉਨ੍ਹਾਂ ਤੋਂ ਸਿੰਜਾਈ ਵਿੱਤਰਣ-ਪ੍ਰਣਾਲੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ । ਹੁਸ਼ਿਆਰਪੁਰ ਤਕ ਕੰਢੀ ਨਹਿਰ ਅਤੇ ਉਸਦੀ ਜਲ ਪ੍ਰਣਾਲੀ ਦਾ ਨਿਰਮਾਣ ਕਾਰਜ ਵੀ ਮੁਕੰਮਲ ਹੋ ਚੁੱਕਾ ਹੈ, ਜਿਸ ਨਾਲ 19867 ਹੈਕਟੇਅਰ ਜ਼ਮੀਨ ਨੂੰ ਸਿੰਜਾਈ ਸਹੂਲਤਾਂ ਮਿਲ ਰਹੀਆਂ ਹਨ । ਸਾਲ 1999-2000 ਦੌਰਾਨ 148 ਕਰੋੜ ਰੁਪਏ ਦੀ ਲਾਗਤ ਨਾਲ ਇਸ ਨਹਿਰ ਦਾ ਵਿਸਥਾਰ ਬਲਾਚੌਰ ਤਕ ਕਰਨ ਦੀ ਤਜਵੀਜ਼ ਹੈ ।

ਸਥਾਨਕ ਸਰਕਾਰ

66. ਸਥਾਨਕ ਸਰਕਾਰ ਵਿਭਾਗ ਦੁਆਰਾ ਸ਼ਹਿਰਾਂ ਦਾ ਵਿਕਾਸ ਕਰਨ ਅਤੇ ਸ਼ਹਿਰੀ ਖੇਤਰਾਂ ਵਿਚਲੇ ਲੋਕਾਂ ਦੇ ਜੀਵਨ ਮਿਆਰ ਨੂੰ ਬਿਹਤਰ ਬਣਾਉਣ ਦੇ ਕੰਮ ਨੂੰ ਪਰਮ-ਅਗੇਤ ਦਿੱਤੀ ਗਈ ਹੈ । ਹਰੇਕ ਸਾਲ ਨਗਰ ਨਿਗਮ/ਮਿਉਂਸਪਲ ਨਗਰਾਂ ਨੂੰ ਸ਼ਹਿਰੀ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰ ਵਲੋਂ ਸਹਾਇਤਾ-ਗਰਾਂਟਾਂ ਦਿੱਤੀਆਂ ਜਾਂਦੀਆਂ ਹਨ । ਸਾਲ 1998-99 ਦੌਰਾਨ ਯੋਜਨਾ ਵਿਭਾਗ ਰਾਹੀਂ ਵੱਖ-ਵੱਖ ਵਿਕਾਸ ਸਕੀਮਾਂ ਅਧੀਨ 3341 ਲੱਖ ਰੁਪਏ ਦੀ ਰਕਮ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਜਾਰੀ ਕੀਤੀ ਗਈ ਹੈ ।

ਪੁਰਾਣੇ ਨਗਰਪਾਲਿਕਾ ਕਾਨੂੰਨਾਂ ਦੀ ਥਾਂ ਨਵਾਂ ਸਰਬਪੱਖੀ ਕਾਨੂੰਨ ਬਣਾਇਆ ਜਾ ਰਿਹਾ ਹੈ । ਸਰਦ ਰੁੱਤ ਦੇ 1998 ਦੇ ਸੈਸ਼ਨ ਸਮੇਂ ਇਸ ਸਬੰਧ ਵਿਚ ਇਕ ਬਿਲ ਪੇਸ਼ ਕੀਤਾ ਗਿਆ ਸੀ । ਇਹ ਸਿਲੈਕਟ ਕਮੇਟੀ ਨੂੰ ਹੋਰ ਪੜਤਾਲ ਲਈ ਭੇਜਿਆ ਗਿਆ ਹੈ ।

67. ਲੁਧਿਆਣਾ, ਜਲੰਧਰ, ਫਿਲੌਰ ਅਤੇ ਫਗਵਾੜਾ ਦੇ ਚਾਰ ਸ਼ਹਿਰਾਂ ਅੰਦਰ ਵਾਤਾਵਰਣ ਵਿਚ ਸੁਧਾਰ ਲਿਆਉਣ ਲਈ 229.38 ਕਰੋੜ ਰੁਪਏ ਦੀ ਲਾਗਤ ਵਾਲਾ 'ਸਤਲੁਜ ਦਰਿਆ ਦਾ ਪ੍ਰਦੂਸ਼ਣ ਰੋਕਥਾਮ ਪ੍ਰਾਜੈਕਟ' ਪ੍ਰਗਤੀ ਅਧੀਨ ਹੈ । 'ਘੱਟ ਲਾਗਤ ਸਫ਼ਾਈ ਪ੍ਰਾਜੈਕਟ' ਅਧੀਨ1,67,000 ਜਲ ਕੁਨੈਕਸ਼ਨ 77 ਸ਼ਹਿਰਾਂ ਵਿਚ 39.00 ਕਰੋੜ ਰੁਪਏ ਦੀ ਲਾਗਤ ਨਾਲ ਸਥਾਪਤ ਕੀਤੇ ਗਏ ਹਨ । ਹੁਡਕੋ ਸਹਾਇਤਾ ਪ੍ਰਾਪਤ ਜਲ ਸਪਲਾਈ ਸਕੀਮਾਂ 44 ਨਗਰਾਂ ਵਿਚ ਅਤੇ ਸੀਵਰੇਜ ਸਕੀਮਾਂ 17 ਨਗਰਾਂ ਵਿਚ ਕੁੱਲ 97.80 ਕਰੋੜ ਰੁਪਏ ਦੀ ਲਾਗਤ ਨਾਲ ਪ੍ਰਗਤੀ ਅਧੀਨ ਹਨ । 19 ਨਗਰਾਂ ਵਿਚ 61.20 ਕਰੋੜ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਵਿਸਥਾਰ ਪ੍ਰੋਗਰਾਮ ਦਾ ਕੰਮ ਹੱਥ ਵਿਚ ਲਿਆ ਜਾ ਰਿਹਾ ਹੈ । ਆਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ ਅਤੇ ਪੱਟੀ ਦੇ ਸੰਗਠਿਤ ਵਿਕਾਸ ਵਾਸਤੇ 68 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ।

68. ਵੱਖ ਵੱਖ ਨਗਰਾਂ ਵਿਚ ਅੱਗ ਬੁਝਾਉ ਸੇਵਾਵਾਂ ਦਾ ਦਰਜਾ ਵਧਾਉਣ ਵਾਸਤੇ 90 ਲੱਖ ਰੁਪਏ ਜਾਰੀ ਕੀਤੇ ਗਏ ਹਨ । 2500 ਸ਼ਹਿਰੀ ਨੌਜਵਾਨਾਂ ਨੂੰ ਵੱਖ-ਵੱਖ ਕਿੱਤਿਆਂ ਦੀ ਸਿਖਲਾਈ ਦਿੱਤੀ ਜਾ ਰਹੀ ਹੈ ਅਤੇ ਕੇਂਦਰੀ ਸਹਾਇਤਾ ਪ੍ਰਾਪਤ ਸਕੀਮ 'ਸਵਰਨ ਜੈਅੰਤੀ ਸ਼ਹਿਰੀ ਰੋਜ਼ਗਾਰ ਯੋਜਨਾ' ਅਧੀਨ ਸਵੈ-ਰੋਜ਼ਗਾਰ ਵਾਲੇ ਉੱਦਮ ਸਥਾਪਤ ਕਰਨ ਲਈ ਬੈਂਕਾਂ ਦੁਆਰਾ ਹੋਰ 2000 ਨੌਜਵਾਨਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ ।

ਭਲਾਈ

69. ਰਾਜ ਸਰਕਾਰ ਅਨੁਸੂਚਿਤ ਜਾਤੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ, ਜਿਹੜੀਆਂ ਰਾਜ ਦੀ ਕੁੱਲ ਆਬਾਦੀ ਦਾ 28.31% ਹਨ ।

[ਸ੍ਰੀ ਸਪੀਕਰ]

70. ਸਾਲ 1998-99 ਦੌਰਾਨ ਵੱਖ-ਵੱਖ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਸਿੱਖਿਆ ਲਈ ਵਜ਼ੀਫੇ, ਕਿਤਾਬਾਂ, ਹੋਸਟਲ ਸਹੂਲਤਾਂ ਆਦਿ ਦੇ ਰੂਪ ਵਿਚ 5727.32 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ।

71. ਵਿੱਤੀ ਸਹਾਇਤਾ ਵਾਲੀ ਇਕ ਸੰਸ਼ੋਧਤ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਅਧੀਨ ਦਿਹਾਤੀ ਖੇਤਰਾਂ ਵਿਚ ਬੇਘਰੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ 25 ਹਜ਼ਾਰ ਰੁਪਏ, ਜਿਸ ਵਿਚ ਪਾਖਾਨਿਆਂ ਦੀ ਉਸਾਰੀ ਲਈ 5,000/- ਰੁਪਏ ਦੀ ਰਕਮ ਵੀ ਸ਼ਾਮਲ ਹੈ, ਦਿੱਤੇ ਜਾਂਦੇ ਹਨ। ਅਨੁਸੂਚਿਤ ਜਾਤੀਆਂ ਦੀਆਂ ਬਸਤੀਆਂ ਵਿਚ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਲਈ 30.00 ਕਰੋੜ ਰੁਪਏ ਦੀ ਰਕਮ ਬਿਜਲੀ ਬੋਰਡ ਨੂੰ ਦਿੱਤੀ ਜਾ ਰਹੀ ਹੈ। ਸਾਲ 1998-99 ਦੌਰਾਨ 20.00 ਕਰੋੜ ਰੁਪਏ ਦੀ ਰਕਮ "ਸ਼ਗਨ ਸਕੀਮ" ਅਧੀਨ ਅਤੇ 6.20 ਕਰੋੜ ਰੁਪਏ ਦੀ ਰਕਮ "ਧਰਮਸ਼ਾਲਾ ਸਕੀਮ" ਅਧੀਨ ਖਰਚ ਕਰਨ ਦਾ ਪ੍ਰਬੰਧ ਹੈ।

72. ਸਾਲ 1998-99 ਦੌਰਾਨ ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਸਰਬਪੱਖੀ ਸਮਾਜ-ਆਰਥਿਕ ਵਿਕਾਸ ਲਈ ਵਿਸ਼ੇਸ਼ ਜੁਜ਼-ਯੋਜਨਾ ਅਧੀਨ 220.00 ਕਰੋੜ ਰੁਪਏ ਦੀ ਰਕਮ ਮਖ਼ਸੂਸ ਕੀਤੀ ਗਈ ਹੈ। ਸਾਲ 1999-2000 ਦੌਰਾਨ 72,000 ਪਰਿਵਾਰਾਂ ਨੂੰ ਕਵਰ ਕਰਨ ਦੇ ਟੀਚੇ ਕਾਰਣ ਯੋਜਨਾ ਵਿਚੋਂ ਐਲੋਕੇਸ਼ਨ 230.00 ਕਰੋੜ ਰੁਪਏ ਤੱਕ ਵਧਾ ਦਿੱਤੀ ਗਈ ਹੈ।

73. ਸਾਲ 1998-99 ਦੌਰਾਨ ਦੋ ਨਿਗਮਾਂ ਅਰਥਾਤ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ ਅਤੇ ਪੱਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ ਵੱਲੋਂ ਵਿਆਜ ਰਹਿਤ ਜਾਂ ਘੱਟ ਵਿਆਜ ਦੀਆਂ ਦਰਾਂ ਉਤੇ ਕਰਜ਼ੇ ਮੁਹੱਈਆ ਕਰਾਉਣ ਲਈ ਅਨੁਸੂਚਿਤ ਜਾਤੀਆਂ ਲਈ 6845.00 ਲੱਖ ਰੁਪਏ ਅਤੇ ਪੱਛੜੀਆਂ ਸ਼੍ਰੇਣੀਆਂ ਲਈ 1206.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ।

ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ

74. ਮੇਰੀ ਸਰਕਾਰ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ, ਆਸ਼ਰਿਤ ਬੱਚਿਆਂ ਅਤੇ ਅਪੰਗ ਵਿਅਕਤੀਆਂ ਨੂੰ ਸਮਾਜਕ ਸੁਰੱਖਿਆ ਪ੍ਰਦਾਨ ਕਰਨ ਵਾਸਤੇ ਵਚਨਬੱਧ ਹੈ। ਇਸ ਮੰਤਵ ਲਈ ਗ੍ਰਾਮ ਪੰਚਾਇਤਾਂ ਅਤੇ ਵਾਰਡ ਕਮੇਟੀਆਂ ਨੂੰ ਅਰਜ਼ੀਆਂ ਦਾ ਨਿਪਟਾਰਾ ਕਰਨ ਦੇ ਇਖ਼ਤਿਆਰ ਦੇ ਕੇ ਅਤੇ ਬੈਂਕਾਂ ਲਈ ਸਿੱਧੇ ਤੌਰ ਤੇ ਬਜਟ ਦਾ ਉਪਬੰਧ ਕਰਕੇ ਵਿੱਤੀ ਸਹਾਇਤਾ ਦੇਣ ਦੀ ਕਾਰਜਵਿਧੀ ਨੂੰ ਸਰਲ ਬਣਾਇਆ ਗਿਆ ਹੈ। ਸਾਲ 1997-98 ਦੌਰਾਨ 76.32 ਕਰੋੜ ਰੁਪਏ ਖ਼ਰਚ ਕੀਤੇ ਗਏ ਜਦੋਂ ਕਿ 1998-99 ਵਿਚ 127.40 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ ਅਤੇ 3 ਲੱਖ ਹੋਰ ਵਿਅਕਤੀ ਵਿੱਤੀ ਸਹਾਇਤਾ ਪ੍ਰਾਪਤ ਕਰਨਗੇ।

75. ਅਪਾਹਜਾਂ ਲਈ 3% ਸਰਕਾਰੀ ਨੌਕਰੀਆਂ ਰਾਖਵੀਆਂ ਰੱਖਣ ਤੋਂ ਇਲਾਵਾ ਉਨ੍ਹਾਂ ਨੂੰ 18 ਸਾਲ ਦੀ ਉਮਰ ਤੱਕ ਮੁਫਤ ਸਿੱਖਿਆ ਦਿੱਤੀ ਜਾਂਦੀ ਹੈ। ਇਸ ਨੀਤੀ ਅਧੀਨ 193 ਬੇਰੋਜ਼ਗਾਰ ਅਪਾਹਜਾਂ ਨੂੰ ਰੋਜ਼ਗਾਰ ਮੁਹੱਈਆ ਕੀਤਾ ਗਿਆ ਹੈ। ਲੁਧਿਆਣਾ ਵਿਖੇ ਦ੍ਰਿਸ਼ਟੀਹੀਣਾਂ ਵਾਸਤੇ ਇਕ ਬ੍ਰੇਲ ਪ੍ਰੈਸ ਅਤੇ ਇਕ ਆਡਿਓ ਕੈਸੇਟ ਲਾਇਬ੍ਰੇਰੀ ਸਥਾਪਿਤ ਕੀਤੀ ਗਈ ਹੈ। ਦਾਖਲਾ ਲੈਣ ਵਾਲਿਆਂ ਨੂੰ ਭਾਰਤੀ ਬ੍ਰੇਲ ਭਾਸ਼ਾ ਵਿਚ ਦਸਵੀਂ ਤੱਕ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

76. ਸੰਗਠਿਤ ਬਾਲ ਵਿਕਾਸ ਸੇਵਾ ਸਕੀਮ ਅਧੀਨ 142 ਪ੍ਰਾਜੈਕਟ ਚਲਾਏ ਜਾ ਰਹੇ ਹਨ ਅਤੇ ਇਨ੍ਹਾਂ ਪ੍ਰਾਜੈਕਟਾਂ ਵਿਚ 12,729 ਆਂਗਨਵਾੜੀ ਕੇਂਦਰ ਕੰਮ ਕਰ ਰਹੇ ਹਨ।

77. ਮੇਰੀ ਸਰਕਾਰ ਨੇ 1 ਜਨਵਰੀ, 1997 ਤੋਂ 60 ਸਾਲ ਤੋਂ ਵਧ ਉਮਰ ਵਾਲੀਆਂ ਸਮੂਹ ਔਰਤਾਂ ਨੂੰ ਸਰਕਾਰੀ ਬੱਸਾਂ ਵਿਚ ਮੁਫਤ ਸਫਰ ਕਰਨ ਸਬੰਧੀ ਪ੍ਰਵਾਨਗੀ ਦਿੱਤੀ ਹੈ। ਇਸ ਮੰਤਵ ਲਈ 5,37,141 ਬੱਸ ਪਾਸ ਜਾਰੀ ਕੀਤੇ ਜਾ ਚੁੱਕੇ ਹਨ।

78. 26 ਜਨਵਰੀ, 1996 ਨੂੰ ਜਾਂ ਇਸ ਤੋਂ ਪਿਛੋਂ ਪੈਦਾ ਹੋਈ ਹਰੇਕ ਅਜਿਹੀ ਬਾਲੜੀ ਵਾਸਤੇ ਜੀਵਨ ਬੀਮਾ ਨਿਗਮ ਵਿਚ 5,000 ਰੁਪਏ ਦਾ ਨਿਵੇਸ਼ ਕਰਨ ਦਾ ਉਪਬੰਧ ਹੈ, ਬਸ਼ਰਤੇ ਕਿ ਉਸਦੇ ਪਰਿਵਾਰ ਦੀ ਆਮਦਨ 11,000 ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ।

79. ਔਰਤਾਂ ਨੂੰ ਆਮਦਨ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਵਿਚ ਲਗਾਉਣ ਵਾਸਤੇ ਇੰਦਰਾ ਮਹਿਲਾ ਯੋਜਨਾ ਪੰਜ ਬਲਾਕਾਂ ਅਰਥਾਤ ਫ਼ਰੀਦਕੋਟ, ਕੋਟਕਪੂਰਾ, ਮੁਕਤਸਰ, ਲੰਬੀ ਅਤੇ ਮਲੋਟ ਵਿਚ ਸ਼ੁਰੂ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਇਕ ਹੋਰ ਸਕੀਮ 'ਮਹਿਲਾ ਜਾਗ੍ਰਿਤੀ ਯੋਜਨਾ' ਅਗਲੇ ਵਿੱਤੀ ਸਾਲ ਤੋਂ ਸ਼ੁਰੂ ਕੀਤੀ ਜਾ ਰਹੀ ਹੈ।

ਸਿੱਖਿਆ

ਉੱਚ-ਸਿੱਖਿਆ

80. ਸਾਲ 1998-99 ਲਈ ਉੱਚ-ਸਿੱਖਿਆ ਦੇ ਖੇਤਰ ਵਿਚ ਹੋਰ ਸਹੂਲਤਾਂ ਦਾ ਪ੍ਰਬੰਧ ਕਰਨ ਲਈ 425.50 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਅੰਮ੍ਰਿਤਸਰ ਵਿਖੇ ਲੜਕੀਆਂ ਲਈ ਇਕ ਨਵਾਂ ਡਿਗਰੀ ਕਾਲਜ ਖੋਲ੍ਹਿਆ ਗਿਆ ਹੈ ਅਤੇ ਸਰਕਾਰੀ ਕਾਲਜ ਸਰਦਾਰਗੜ੍ਹ, ਜ਼ਿਲ੍ਹਾ ਬਠਿੰਡਾ ਅਤੇ ਮਾਨਸਾ ਦੀਆਂ ਇਮਾਰਤਾਂ ਦੀ ਉਸਾਰੀ ਕੀਤੀ ਗਈ ਹੈ। ਭਾਸ਼ਾ ਵਿਭਾਗ ਹਰੇਕ ਸਾਲ ਪੰਜਾਬੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਦੇ ਪ੍ਰਸਿੱਧ ਸਾਹਿਤਕਾਰਾਂ ਅਤੇ ਵਿਦੇਸ਼ਾਂ ਵਿਚ ਵੱਸਦੇ ਪੱਤਰਕਾਰਾਂ ਸਹਿਤ ਕਵੀਆਂ ਰਾਗੀਆਂ/ਢਾਡੀਆਂ, ਕਵੀਸ਼ਰਾ, ਬਾਲ-ਸਾਹਿਤ ਲੇਖਕਾਂ ਅਤੇ ਟੈਲੀਵਿਜ਼ਨ/ਫਿਲਮਾਂ ਨਾਲ ਸਬੰਧਤ ਪ੍ਰਸਿੱਧ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਹੈ। ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕਾਂ ਨੂੰ ਦਿੱਤੀ ਜਾਂਦੀ ਇਨਾਮ ਦੀ ਰਾਸ਼ੀ 51,000 ਤੋਂ ਵਧਾ ਕੇ 1,25,000 ਰੁਪਏ ਅਤੇ 21,000 ਰੁਪਏ ਤੋਂ ਵਧਾ ਕੇ 1,00,000 ਲੱਖ ਰੁਪਏ ਕਰ ਦਿੱਤੀ ਗਈ ਹੈ।

[ਸ਼੍ਰੀ ਸਪੀਕਰ]

81. ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਦੇ ਸਬੰਧ ਵਿਚ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਹਨ, ਜਿਸ ਲਈ ਗੋਸ਼ਟੀਆਂ ਆਦਿ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ ।

ਸਕੂਲ ਸਿੱਖਿਆ

82. ਮਾਨਵਤਾ ਦੇ ਵਿਕਾਸ ਵਿਚ ਸਿੱਖਿਆ ਦੀ ਮੱਹਤਤਾ ਇਕ ਮੰਨੀ ਪ੍ਰਮੰਨੀ ਗੱਲ ਹੈ । ਇਸ ਸਮੇਂ ਰਾਜ ਅੰਦਰ 12,925 ਪ੍ਰਾਇਮਰੀ, 2,545 ਮਿਡਲ, 1,860 ਹਾਈ, 830 ਸੀਨੀਅਰ ਸੈਕੰਡਰੀ ਸਕੂਲ ਅਤੇ 47 ਕਾਲਜ ਹਨ ਅਤੇ ਇਹਨਾਂ ਤੋਂ ਇਲਾਵਾ ਬਹੁਤ ਸਾਰੇ ਸਹਾਇਤਾ ਪ੍ਰਾਪਤ, ਗੈਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲ ਅਤੇ ਕਾਲਜ ਵੀ ਹਨ । ਸਰਕਾਰ ਨੇ 100 ਸਕੂਲਾਂ ਵਾਸਤੇ ਫਰਨੀਚਰ ਦੀ ਖਰੀਦ ਲਈ ਸਾਲ 1997-98 ਦੌਰਾਨ 132.00 ਲੱਖ ਰੁਪਏ ਖਰਚ ਕੀਤੇ । 6 ਤੋਂ 11 ਸਾਲ ਦੀ ਉਮਰ ਵਰਗ ਦੇ ਹਰੇਕ ਬੱਚੇ ਨੂੰ ਸਕੂਲ ਦਾਖਲ ਕਰਨ ਦੀ ਸਕੀਮ ਅਧੀਨ ਸਾਲ 1996-97 ਦੌਰਾਨ 23,65,838 ਬੱਚਿਆਂ ਦੇ ਦਾਖਲੇ ਦੇ ਮੁਕਾਬਲੇ ਸਾਲ 1998-99 ਦੌਰਾਨ ਇਹ ਗਿਣਤੀ ਵੱਧ ਕੇ 24,97,000 ਹੋ ਗਈ ਹੈ । ਹੁਣ ਅੰਗਰੇਜ਼ੀ ਦੇ ਵਿਸ਼ੇ ਨੂੰ ਪਹਿਲੀ ਸ਼੍ਰੇਣੀ ਤੋਂ ਪੜ੍ਹਾਇਆ ਜਾ ਰਿਹਾ ਹੈ । ਸਾਲ 1998-99 ਦੌਰਾਨ 1200 ਸਕੂਲਾਂ ਨੂੰ 140 ਲੱਖ ਰੁਪਏ ਦੀ ਲਾਗਤ ਨਾਲ ਦਰੀ-ਪੱਟੀ ਪ੍ਰਦਾਨ ਕੀਤੀ ਗਈ ਹੈ ਅਤੇ 1348 ਅਧਿਆਪਕ ਪ੍ਰਾਇਮਰੀ ਸਕੂਲਾਂ ਵਿਚ ਤਾਇਨਾਤ ਕੀਤੇ ਗਏ ਹਨ ।

83. ਨਕਲ ਕਰਨ ਦੀ ਲਾਹਨਤ ਨੂੰ ਰੋਕਣ ਅਤੇ ਖਤਮ ਕਰਨ ਵਾਸਤੇ ਪ੍ਰਸ਼ਨ ਪੱਤਰਾਂ ਦਾ ਨਮੂਨਾ ਬਦਲ ਦਿੱਤਾ ਗਿਆ ਹੈ । ਇਸ ਵਿਚਾਰ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜ ਕਿਸਮ ਦੇ ਪ੍ਰਸ਼ਨ ਪੱਤਰ 8ਵੀਂ, 10ਵੀਂ ਅਤੇ 12ਵੀਂ ਦੀਆਂ ਕਲਾਸਾਂ ਲਈ ਹੁਣ ਛਾਪੇ ਜਾਣਗੇ । ਈ.ਟੀ.ਟੀ. ਦੇ ਇਮਤਿਹਾਨ ਲਈ ਵੀ ਤਿੰਨ ਕਿਸਮ ਦੇ ਪ੍ਰਸ਼ਨ ਪੱਤਰ ਸ਼ੁਰੂ ਕੀਤੇ ਗਏ ਹਨ ।

84. ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਦੇ ਮੌਕੇ ਤੇ ਰਾਜ ਵਿਚ ਸਮੂਹ ਸਕੂਲ ਇਮਾਰਤਾਂ ਦੀ ਸਫੈਦੀ ਕੀਤੀ ਜਾ ਰਹੀ ਹੈ । ਹਰੇਕ ਬਲਾਕ ਦੇ ਲੜਕੇ ਅਤੇ ਲੜਕੀਆਂ ਦੇ ਸਾਰੇ ਸਕੂਲਾਂ ਨੂੰ ਮਾਡਲ ਸਕੂਲਾਂ ਵਿਚ ਤਬਦੀਲ ਕੀਤਾ ਜਾ ਰਿਹਾ ਹੈ ਅਤੇ ਇਹਨਾਂ ਸਕੂਲਾਂ ਵਿਚ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਦੇ ਵਿਸ਼ਿਆਂ ਨੂੰ ਪੜ੍ਹਾਇਆ ਜਾਵੇਗਾ ।

85. ਪੂਰਨ ਸਾਖਰਤਾ ਪ੍ਰੋਗਰਾਮ ਅਧੀਨ 16 ਜ਼ਿਲ੍ਹਿਆਂ ਨੂੰ ਲਿਆਂਦਾ ਗਿਆ ਹੈ ਅਤੇ ਕਿੱਤਾ-ਸਿੱਖਿਆ ਵਾਸਤੇ 345 ਸਕੂਲਾਂ ਦੀ ਸ਼ਨਾਖਤ ਕੀਤੀ ਗਈ ਹੈ ।

ਸੂਚਨਾ ਅਤੇ ਲੋਕ-ਸੰਪਰਕ

86. ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਦੁਆਰਾ ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਸੰਚਾਰ ਕਰਨ ਦਾ ਕੰਮ

ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ । ਇਸ ਦਾ ਨਿਸ਼ਾਨਾ ਸਮਾਜ ਦੇ ਸਮਾਜੀ ਤਾਣੇ-ਬਾਣੇ ਨੂੰ ਮਜ਼ਬੂਤ ਕਰਨਾ, ਕੌਮੀ ਏਕਤਾ ਅਤੇ ਅਖੰਡਤਾ ਨੂੰ ਵਧਾਉਣਾ, ਕਮਜ਼ੋਰ ਵਰਗਾਂ ਦੀ ਪ੍ਰਗਤੀ ਅਤੇ ਸਰਬਪੱਖੀ ਵਿਕਾਸ ਕਰਨਾ ਹੈ । ਖ਼ਬਰਾਂ ਦੇ ਤੇਜ਼ੀ ਨਾਲ ਸੰਚਾਰ ਲਈ ਵਧੇਰੇ ਜ਼ਿਲ੍ਹਿਆਂ ਨੂੰ ਫੈਕਸ ਮੁਹੱਈਆ ਕੀਤੇ ਗਏ ਹਨ ।

87. ਦੂਰਦਰਸ਼ਨ ਕੇਂਦਰ, ਜਲੰਧਰ ਵਲੋਂ ਆਪਣੇ ਆਮ ਪ੍ਰੋਗਰਾਮਾਂ ਤੋਂ ਇਲਾਵਾ ਸਰਕਾਰ ਦੀਆਂ ਗਤੀਵਿਧੀਆਂ ਨੂੰ ਉਜਾਗਰ ਕਰਨ ਲਈ ਇਕ 15 ਮਿੰਟਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ । ਵਿਭਾਗ ਨੇ ਭਾਰਤ ਵਿਚ ਨਵੀਂ ਦਿੱਲੀ ਵਿਖੇ ਅੰਤਰ-ਰਾਸ਼ਟਰੀ ਵਪਾਰ ਮੇਲੇ ਵਿਚ ਦੂਸਰੇ ਵਿਭਾਗਾਂ ਦੀ ਸ਼ਿਰਕਤ ਕਰਵਾਉਣ ਲਈ 25 ਲੱਖ ਰੁਪਏ ਦੀ ਰਕਮ ਐਲੋਕੇਟ ਕੀਤੀ ਹੈ ।

88. ਵਿਭਾਗ ਨੇ ਮਹਾਰਾਜਾ ਰਣਜੀਤ ਸਿੰਘ, ਸ਼ਹੀਦ ਊਧਮ ਸਿੰਘ, ਸੰਤ ਕਬੀਰ ਅਤੇ ਗੁਰੂ ਰਵਿਦਾਸ ਜੀ ਦੀਆਂ ਜਨਮ ਅਤੇ ਮਰਨ ਸਬੰਧੀ ਵਰ੍ਹੇਗੰਢਾਂ ਵੇਲੇ ਰਾਜ-ਪੱਧਰੀ ਸਮਾਰੋਹ ਆਯੋਜਿਤ ਕੀਤੇ । ਇਨ੍ਹਾਂ ਤੋਂ ਇਲਾਵਾ, ਸਰਕਾਰ ਵਲੋਂ ਵਿਸ਼ਕਰਮਾ ਦਿਵਸ ਕ੍ਰਿਸਮਿਸ, ਹੋਲਾ ਮਹੱਲਾ ਅਤੇ ਜੋੜ ਮੇਲਾ ਮਨਾਇਆ ਗਿਆ ਅਤੇ ਪੰਜਾਬੀਆਂ ਦੁਆਰਾ ਸੁਤੰਤਰਤਾ ਸੰਗਰਾਮ ਵਿਚ ਕੀਤੀਆਂ ਗਈਆਂ ਕੁਰਬਾਨੀਆਂ ਅਤੇ ਉਨ੍ਹਾਂ ਵਲੋਂ ਦੇਸ਼ ਦੇ ਸਮਾਜਕ, ਆਰਥਕ ਅਤੇ ਸਭਿਆਚਾਰਕ ਜੀਵਨ ਵਿਚ ਪਾਏ ਗਏ ਯੋਗਦਾਨ ਨੂੰ ਪ੍ਰਸਾਰਤ ਕੀਤਾ ਅਤੇ ਉਚਿੱਤ ਢੰਗ ਨਾਲ ਭਾਰਤ ਦੀ ਸੁਤੰਤਰਤਾ ਦੀ 50ਵੀਂ ਵਰ੍ਹੇਗੰਢ ਮਨਾਈ ਗਈ ।

ਲੋਕ ਨਿਰਮਾਣ ਕਾਰਜ (ਬੀ. ਐਂਡ. ਆਰ.)

89. ਸੜਕਾਂ ਅਤੇ ਪੁਲਾਂ ਦਾ ਵਿਕਾਸ ਇਕ ਅਜਿਹਾ ਸ਼ੀਸ਼ਾ ਹੈ, ਜਿਸ ਵਿਚੋਂ ਰਾਜ ਦੀ ਉੱਨਤੀ ਦੇਖੀ ਜਾ ਸਕਦੀ ਹੈ । ਸੜਕਾਂ ਦਾ ਉਚਿਤ ਨਿਰਮਾਣ ਤੇ ਦੇਖ-ਰੇਖ ਨਾ ਕੇਵਲ ਸੁਰੱਖਿਅਤ ਆਵਾਜਾਈ ਵਿਚ ਹੀ ਮਦਦ ਕਰਦਾ ਹੈ, ਸਗੋਂ ਵਸਤੂਆਂ ਤੇ ਸੇਵਾਵਾਂ ਦੀ ਲੋੜੀਂਦੀ ਢੋਆ-ਢੁਆਈ ਵਿਚ ਵੀ ਮਦਦ ਕਰਦਾ ਹੈ । ਵਿਭਾਗ ਰਾਜ ਵਿਚ ਸੜਕਾਂ, ਪੁਲਾਂ ਤੇ ਇਮਾਰਤਾਂ ਦੀ ਉਸਾਰੀ ਅਤੇ ਰੱਖ-ਰਖਾਉ ਸਬੰਧੀ ਮੁੱਖ ਏਜੰਸੀ ਹੈ ।

90. ਅੱਜਕਲ੍ਹ ਸੜਕਾਂ ਬੜੇ ਹੀ ਮਸ਼ੀਨੀ ਤਰੀਕੇ ਨਾਲ ਹੌਟ-ਮਿਕਸ ਪਲਾਂਟ, ਪੇਵਰ ਫਿਨਿਸ਼ਰਜ਼, ਟੈਂਡਮ ਵਾਇਬਰੇਟਰੀ ਰੋਲਰਜ਼ ਆਦਿ ਦੀ ਮਦਦ ਨਾਲ ਬਣਾਈਆਂ ਜਾ ਰਹੀਆਂ ਹਨ ਤੇ ਉਨ੍ਹਾਂ ਦੀ ਸੰਭਾਲ ਕੀਤੀ ਜਾ ਰਹੀ ਹੈ । ਕੰਪਿਊਟਰੀਕ੍ਰਿਤ ਹੌਟ-ਮਿਕਸ ਪਲਾਂਟ ਤੇ ਇਲੈਕਟ੍ਰਾਨੀਕਲ ਢੰਗ ਨਾਲ ਕੰਟਰੋਲ ਕੀਤੇ ਗਏ ਪੇਵਰਜ਼ ਅਤੇ ਆਧੁਨਿਕ ਰੋਲਰ ਵੀ ਕੰਮ ਵਿਚ ਲਿਆਂਦੇ ਜਾ ਰਹੇ ਹਨ । ਪੁਲਾਂ ਤੇ ਫਲਾਈ-ਓਵਰਾਂ ਦੀ ਉਸਾਰੀ ਵਿਚ ਅਤਿ ਆਧੁਨਿਕ ਤਕਨੀਕਾਂ, ਜਿਨ੍ਹਾਂ ਵਿਚ ਪ੍ਰੀ-ਸਟਰੈਸਿੰਗ ਵੀ ਸ਼ਾਮਲ ਹੈ, ਦਾ ਇਸਤੇਮਾਲ ਕਰਕੇ ਉੱਚ ਤਕਨੀਕ ਦੀ ਵਰਤੋਂ ਕੀਤੀ ਗਈ ਹੈ ।

[ਸ੍ਰੀ ਸਪੀਕਰ]

91. 34.464 ਕਿ. ਮੀ. ਲਿੰਕ ਸੜਕਾਂ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਉਤੇ ਸ਼ੁਰੂ ਕੀਤਾ ਗਿਆ ਹੈ। ਇਸ ਮਨੋਰਥ ਲਈ ਪੰਜਾਬ ਮੰਡੀ ਬੋਰਡ ਰਾਹੀਂ ਵਿੱਤੀ ਸੰਸਥਾਵਾਂ ਪਾਸੋਂ ਫੰਡ ਲਏ ਜਾ ਰਹੇ ਹਨ। ਖ਼ਾਲਸਾ ਸਾਜਨਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਵਿਚ ਕੇਵਲ ਇਕ ਮਹੀਨਾ ਹੀ ਰਹਿ ਗਿਆ ਹੈ ਅਤੇ ਆਨੰਦਪੁਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਦੀ ਹਾਲਤ ਸੁਧਾਰਨ ਲਈ ਸਾਰੇ ਸੰਭਵ ਯਤਨ ਕੀਤੇ ਜਾ ਰਹੇ ਹਨ। ਕੀਰਤਪੁਰ ਸਾਹਿਬ ਆਨੰਦਪੁਰ ਸਾਹਿਬ ਸੜਕ ਨੂੰ 14 ਕਰੋੜ ਰੁਪਏ ਦੀ ਲਾਗਤ ਨਾਲ ਚਾਰ-ਮਾਰਗੀ ਬਣਾਇਆ ਜਾ ਰਿਹਾ ਹੈ।

92. ਰਾਜ ਸਰਕਾਰ ਨੇ ਨੀਤੀ ਸੰਬੰਧੀ ਅਹਿਮ ਪਹਿਲ ਕਦਮੀ ਰਾਹੀਂ ਸੜਕਾਂ ਤੇ ਪੁਲਾਂ ਦੀ ਉਸਾਰੀ ਵਿਚ (ਬੋਟ) ਯਾਨੀ ਉਸਾਰੋ-ਚਲਾਓ ਤੇ ਦੇ ਦਿਓ ਦੇ ਆਧਾਰ ਤੇ ਪ੍ਰਾਈਵੇਟ ਭਾਈਵਾਲੀ ਦਾ ਰਸਤਾ ਖੋਲ੍ਹਿਆ ਹੈ ਅਤੇ ਕਾਨੂੰਨ ਬਣਾ ਕੇ ਅਤੇ ਸਰਕਾਰੀ ਤੇ ਪ੍ਰਾਈਵੇਟ ਏਜੰਸੀਆਂ ਰਾਹੀਂ ਟੋਲ ਟੈਕਸ ਵਸੂਲ ਕਰਨ ਦੀ ਮਨਜ਼ੂਰੀ ਦਿੱਤੀ ਹੈ।

93. ਸਾਲ 1998-99 ਦੌਰਾਨ ਰਾਜ ਮਾਰਗਾਂ ਅਤੇ ਸਮੂਹ ਜ਼ਿਲ੍ਹਾ ਸੜਕਾਂ ਸਮੇਤ ਯੋਜਨਾ ਸੜਕਾਂ ਉਤੇ ਪ੍ਰੀਮਿਕਸ ਦੀ ਪਰਤ ਵਿਛਾਉਣ ਲਈ 51.32 ਕਰੋੜ ਰੁਪਏ ਰੱਖੇ ਗਏ ਹਨ। ਲਗਭਗ 2600 ਕਿ. ਮੀ. ਸੜਕਾਂ ਉਤੇ ਪ੍ਰੀਮਿਕਸ ਪਾਇਆ ਜਾ ਚੁੱਕਿਆ ਹੈ। ਇਹ ਯੋਜਨਾ ਸੜਕਾਂ ਸਬੰਧੀ ਇੱਕ ਵੱਡੀ ਪ੍ਰਾਪਤੀ ਹੈ। ਇਸ ਤੋਂ ਇਲਾਵਾ 10 ਪੁਲਾਂ ਸਬੰਧੀ ਨਿਰਮਾਣ ਕਾਰਜ ਪਹਿਲਾਂ ਹੀ ਮੁਕੰਮਲ ਹੋ ਚੁੱਕਿਆ ਹੈ ਅਤੇ ਹੋਰ 15 ਪੁਲਾਂ ਸਬੰਧੀ ਕੰਮ ਇਸ ਸਾਲ ਦੌਰਾਨ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

ਜਨ ਸਿਹਤ

94. ਸਾਲ 1980, 1985 ਅਤੇ 1992 ਵਿਚ ਵਿਭਿੰਨ ਜਲ ਸਪਲਾਈ ਸਕੀਮਾਂ ਅਧੀਨ ਕੀਤੇ ਗਏ ਸਰਵੇਖਣ ਮੁਤਾਬਕ ਪੰਜਾਬ ਦੇ ਕੁਲ 12428 ਪਿੰਡਾਂ ਵਿਚੋਂ 8579 ਪਿੰਡਾਂ ਦੀ ਸਮੱਸਿਆ ਵਾਲੇ ਪਿੰਡਾਂ ਵਜੋਂ ਸ਼ਨਾਖਤ ਕੀਤੀ ਗਈ ਸੀ। ਇਨ੍ਹਾਂ ਵਿਚੋਂ 459.76 ਕਰੋੜ ਰੁਪਏ ਦੀ ਲਾਗਤ ਨਾਲ 31 ਮਾਰਚ, 1998 ਤੱਕ 82.39 ਲੱਖ ਦੀ ਦਿਹਾਤੀ ਆਬਾਦੀ ਵਾਲੇ 7178 ਪਿੰਡਾਂ ਨੂੰ ਪੀਣ ਦੇ ਸਾਫ਼ ਪਾਣੀ ਦੀ ਸਹੂਲਤ ਦਿੱਤੀ ਗਈ ਸੀ। ਸਾਲ 1998-99 ਦੌਰਾਨ ਪੰਜਾਬ ਵਿਚ ਦਿਹਾਤੀ ਜਲ ਸਪਲਾਈ ਪ੍ਰੋਗਰਾਮ ਲਈ ਪੰਜਾਬ ਸਰਕਾਰ ਨੇ 2160.00 ਲੱਖ ਰੁਪਏ ਦੀ ਰਕਮ ਅਤੇ ਭਾਰਤ ਸਰਕਾਰ ਨੇ 7700.00 ਲੱਖ ਰੁਪਏ ਦੀ ਰਕਮ ਦਾ ਪ੍ਰਬੰਧ ਕੀਤਾ ਹੈ। ਪ੍ਰਭਾਵਤ ਪਿੰਡਾਂ ਵਿਚ ਵਧੇਰੇ ਫਲੋਰਾਈਡ, ਖਾਰਾ ਪਾਣੀ ਅਤੇ ਲੋਹ-ਮਿਸ਼ਰਣ ਦੇ ਨਿਯੰਤਰਣ ਲਈ ਰਾਜੀਵ ਗਾਂਧੀ ਨੈਸ਼ਨਲ ਡਰਿੰਕਿੰਗ ਵਾਟਰ ਮਿਸ਼ਨ ਅਧੀਨ 1800 ਲੱਖ ਰੁਪਏ ਦੀ (ਰਾਜ ਸਰਕਾਰ ਦੇ ਹਿੱਸੇ) ਸਮੇਤ 7200.00 ਲੱਖ ਰੁਪਏ ਦੀ ਰਕਮ ਵੀ ਉਪਲੱਬਧ ਹੈ। ਇਸ ਤੋਂ ਇਲਾਵਾ, ਜਲ ਨਿਰੀਖਣ ਪ੍ਰਯੋਗਸ਼ਾਲਾਵਾਂ ਐਚ. ਆਰ. ਡੀ./ਆਈ. ਈ. ਸੀ. ਸੈਲ/ਕੰਪਿਊਟਰਾਈਜ਼ਡ ਪ੍ਰੋਜੈਕਟ ਸਥਾਪਤ ਕਰਨ ਲਈ 182.66 ਲੱਖ ਰੁਪਏ ਅਤੇ ਸੰਗਠਤ ਦਿਹਾਤੀ ਜਲ ਸਪਲਾਈ ਅਤੇ ਚੌਗਿਰਦਾ ਸਫ਼ਾਈ ਪ੍ਰਾਜੈਕਟ ਅਧੀਨ 200.10 ਲੱਖ ਰੁਪਏ ਦੀ ਰਕਮ ਦਾ ਉਪਬੰਧ ਉਪਲੱਬਧ ਹੈ।

95. ਸਾਲ 1999-2000 ਦੌਰਾਨ 203.00 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਵੱਖ-ਵੱਖ ਸਕੀਮਾਂ ਅਧੀਨ 1670 ਪਿੰਡਾਂ ਨੂੰ ਪੀਣ ਵਾਲਾ ਸਾਫ ਪਾਣੀ ਸਪਲਾਈ ਕਰਨ ਅਤੇ 40.00 ਕਰੋੜ ਰੁਪਏ ਦੀ ਲਾਗਤ ਨਾਲ ਸੇਮ ਵਾਲੇ 40 ਪਿੰਡਾਂ ਵਿਚ ਜਲ ਸਪਲਾਈ ਸਕੀਮਾਂ ਮਜ਼ਬੂਤ ਕਰਨ ਦੀ ਤਜਵੀਜ਼ ਹੈ । ਕੰਢੀ ਖੇਤਰ ਵਿਚ 12 ਕਰੋੜ ਰੁਪਏ ਅਤੇ ਹੋਰ ਦੂਸਰੇ ਖੇਤਰਾਂ ਵਿਚ 20 ਕਰੋੜ ਰੁਪਏ ਦੀ ਲਾਗਤ ਨਾਲ ਦਿਹਾਤੀ ਜਲ ਸਪਲਾਈ ਵਿਚ ਵਾਧਾ ਕਰਨ ਦੀ ਤਜਵੀਜ਼ ਹੈ ।

96. ਵਿਭਾਗ ਨੇ ਸਾਲ 1998-99 ਦੌਰਾਨ 13 ਕਰੋੜ ਦੀ ਲਾਗਤ ਨਾਲ ਮੁਕਤਸਰ, ਆਨੰਦਪੁਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਦੇ ਇਤਿਹਾਸਕ ਨਗਰਾਂ ਅਤੇ ਫਰੀਦਕੋਟ ਨਗਰ ਵਿਚ ਜਲ ਸਪਲਾਈ ਅਤੇ ਸੀਵਰੇਜ ਸਹੂਲਤ ਮੁਹੱਈਆ ਕਰਾਉਣ ਸਬੰਧੀ ਸਕੀਮਾਂ ਬਣਾਈਆਂ ਅਤੇ ਇਹਨਾਂ ਸਕੀਮਾਂ ਵਿਚ ਵਾਧਾ ਵੀ ਕੀਤਾ । ਸੇਮ ਕਾਰਣ ਜ਼ਿਲ੍ਹਾ ਮੁਕਤਸਰ ਵਿਚ ਜ਼ਿਆਦਾਤਰ ਬਠਿੰਡਾ ਅਤੇ ਫਰੀਦਕੋਟ ਵਿਚ ਕੁਝ ਕੁ ਦਿਹਾਤੀ ਜਲ ਸਪਲਾਈ ਸਕੀਮਾਂ ਨੂੰ ਭਾਰੀ ਨੁਕਸਾਨ ਹੋਇਆ । ਇਨ੍ਹਾਂ ਵਿਚ ਸੁਧਾਰ ਕਰਨ ਅਤੇ ਇਹਨਾਂ ਨੂੰ ਮੁੜ ਚਾਲੂ ਕਰਨ ਲਈ ਯਤਨ ਕੀਤੇ ਜਾ ਰਹੇ ਹਨ । ਭਾਰਤ ਸਰਕਾਰ ਨੇ 1998-99 ਵਿਚ 28.42 ਕਰੋੜ ਰੁਪਏ ਦੀ ਲਾਗਤ ਨਾਲ 93 ਪਿੰਡਾਂ ਦੀਆਂ 67 ਸਕੀਮਾਂ ਨੂੰ ਅੱਪਗ੍ਰੇਡ ਕਰਨ/ਸੁਧਾਰ ਕਰਨ/ਮੁੜ ਚਾਲੂ ਕਰਨ ਸਬੰਧੀ ਤਜਵੀਜ਼ ਲਈ ਪ੍ਰਵਾਨਗੀ ਦਿੱਤੀ ਹੈ ।

ਟਰਾਂਸਪੋਰਟ

97. ਟਰਾਂਸਪੋਰਟ ਵਿਭਾਗ ਦਾ ਮੁੱਖ ਕਾਰਜ ਮੋਟਰ ਗੱਡੀ ਐਕਟ ਅਤੇ ਨਿਯਮਾਵਲੀ ਦੇ ਉਪਬੰਧਾਂ ਨੂੰ ਲਾਗੂ ਕਰਨਾ, ਕਰ ਵਸੂਲ ਕਰਨਾ ਅਤੇ ਲੋਕਾਂ ਨੂੰ ਕੁਸ਼ਲ ਬੱਸ-ਸੇਵਾ ਮੁਹੱਈਆ ਕਰਨਾ ਹੈ ।

98. ਨਵੀਂ ਟਰਾਂਸਪੋਰਟ ਨੀਤੀ ਅਧੀਨ ਪੰਜਾਬ ਦੇ ਤਿੰਨ ਮੁੱਖ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਸਥਾਨਕ ਬੱਸ ਸੇਵਾ ਸ਼ੁਰੂ ਕੀਤੀ ਗਈ ਹੈ ਅਤੇ ਮਿੰਨੀ ਬੱਸਾਂ ਚਲਾਉਣ ਲਈ 267 ਪਰਮਿਟ ਜਾਰੀ ਕੀਤੇ ਗਏ ਹਨ । ਪੈਦਲ ਯਾਤਰੀਆਂ ਦੀ ਸੁਰੱਖਿਆ ਲਈ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਅਧੀਨ ਟ੍ਰਾਲੀਆਂ ਦੇ ਪਿਛਲੇ ਪਾਸੇ ਵਿਸ਼ੇਸ਼ ਰਿਫਲੈਕਟਰ ਚਿਪਕਾਏ ਜਾਣਗੇ ਜਾਂ ਪ੍ਰਕਾਸ਼ਜਣਕ ਰੋਗਨ ਕੀਤਾ ਜਾਵੇਗਾ । ਹੁਣ ਤੱਕ 10,000 ਤੋਂ ਵੱਧ ਟ੍ਰਾਲੀਆਂ ਦੇ ਸਬੰਧ ਵਿਚ ਅਜਿਹਾ ਕੀਤਾ ਜਾ ਚੁੱਕਾ ਹੈ । ਇਸ ਤੋਂ ਇਲਾਵਾ ਕਪੂਰਥਲਾ ਵਿਖੇ ਸੜਕ ਸੁਰੱਖਿਆ ਕੌਮੀ ਸੰਸਥਾ ਅਤੇ ਫਤਿਹਗੜ੍ਹ ਸਾਹਿਬ ਵਿਖੇ ਡਰਾਈਵਿੰਗ ਲਈ ਆਧੁਨਿਕ ਸਿਖਲਾਈ ਸਕੂਲ ਖੋਲ੍ਹਣ ਲਈ ਸਕੀਮ ਬਣਾਈ ਗਈ ਹੈ । ਬਾਅਦ ਵਿਚ ਕਿਸੇ ਵੇਲੇ ਅਜਿਹੇ ਹੋਰ ਦੋ ਸਕੂਲ ਖੋਲ੍ਹਣ ਦੀ ਵੀ ਤਜਵੀਜ਼ ਹੈ ।

99. ਬੈਂਕਾਂ/ਵਿੱਤੀ ਸੰਸਥਾਵਾਂ ਵਲੋਂ ਕਰਜ਼ਾ ਸਹੂਲਤ ਲੈਂਦੇ ਹੋਏ ਨੇੜ ਭਵਿੱਖ ਵਿਚ 600 ਨਵੀਆਂ ਬੱਸਾਂ ਚਲਾਉਣ ਦੀ ਯੋਜਨਾ ਹੈ । ਭਾਰਤ ਸਰਕਾਰ ਦੀ ਇੱਕ ਏਜੰਸੀ ਵਲੋਂ ਰਾਜ ਦੇ ਮਹੱਤਵਪੂਰਨ ਸ਼ਹਿਰਾਂ ਵਿਚ ਆਧੁਨਿਕ ਬੱਸ ਸਟੈਂਡਾਂ ਦੀ ਉਸਾਰੀ ਲਈ ਇੱਕ ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ।

100. ਚੰਡੀਗੜ੍ਹ ਤੋਂ ਲੁਧਿਆਣਾ ਅਤੇ ਗੋਇੰਦਵਾਲ ਤੋਂ ਤਰਨ ਤਾਰਨ ਤੱਕ ਇਕ ਨਵੀਂ ਰੇਲਵੇ ਲਾਈਨ ਦੀ ਉਸਾਰੀ ਲਈ ਭਾਰਤ ਸਰਕਾਰ ਤੋਂ ਪ੍ਰਵਾਨਗੀ ਲੈ ਲਈ ਗਈ ਹੈ ।

[ਸ਼੍ਰੀ ਸਪੀਕਰ]

ਆਬਕਾਰੀ ਅਤੇ ਕਰਬੰਦੀ

101. ਆਬਕਾਰੀ ਅਤੇ ਕਰਬੰਦੀ ਵਿਭਾਗ ਵਲੋਂ ਪੰਜਾਬ ਆਮ ਵਿਕਰੀ ਕਰ ਕਾਨੂੰਨ, ਕੇਂਦਰੀ ਵਿਕਰੀ ਕਰ ਕਾਨੂੰਨ, ਪੰਜਾਬ ਮਨੋਰੰਜਨ ਟੈਕਸ ਕਾਨੂੰਨ, ਪੰਜਾਬ ਮਨੋਰੰਜਨ (ਸਿਨੇਮਾ ਸ਼ੋਅ) ਕਾਨੂੰਨ ਅਤੇ ਪੰਜਾਬ ਆਬਕਾਰੀ ਕਾਨੂੰਨ ਅਧੀਨ ਵਸੂਲੀ ਕੀਤੀ ਜਾਂਦੀ ਹੈ । ਵਰਤਮਾਨ ਮਾਲੀ ਸਾਲ ਅਧੀਨ 31 ਦਸੰਬਰ, 1998 ਤੱਕ ਇਨ੍ਹਾਂ ਕਾਨੂੰਨਾਂ ਅਧੀਨ ਕੁਲ ਵਸੂਲੀ 2045.99 ਕਰੋੜ ਰੁਪਏ ਹੋਈ ਸੀ ਜਦਕਿ ਪਿਛਲੇ ਸਾਲ ਇਹ ਆਮਦਨ 1968.96 ਕਰੋੜ ਰੁਪਏ ਸੀ । ਇਸ ਤਰ੍ਹਾਂ 77.03 ਕਰੋੜ ਰੁਪਏ ਯਾਨੀ 3.9% ਦਾ ਵਾਧਾ ਦਰਸਾਂਦੀ ਹੈ ।

ਖੁਰਾਕ ਤੇ ਸਪਲਾਈ

102. ਪੰਜਾਬ ਨੇ ਭਾਰਤ ਦਾ ਅੰਨ-ਭੰਡਾਰ ਹੋਣ ਨਾਤੇ ਕੇਂਦਰੀ ਪੂਲ ਵਿਚ ਅਨਾਜ ਦੇ ਯੋਗਦਾਨ ਵਿਚ ਆਪਣੀ ਸਰਦਾਰੀ ਦੀ ਪਿਰਤ ਬਰਕਰਾਰ ਰੱਖੀ ਹੈ । ਰਾਜ ਸਰਕਾਰ ਨੇ ਅਨਾਜ ਦੀ ਪ੍ਰਾਪਤੀ ਲਈ ਲੋੜੀਂਦਾ ਬੁਨਿਆਦੀ ਢਾਂਚਾ ਕਾਇਮ ਕੀਤਾ ਹੈ ਅਤੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਕੀਮਤ ਯਕੀਨੀ ਬਣਾਈ ਹੈ । ਸਾਲ 1997-98 ਦੀ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ 475 ਰੁਪਏ (415 ਰੁਪਏ ਜਮ੍ਹਾਂ ਬੋਨਸ ਵਜੋਂ 60 ਰੁਪਏ) ਪ੍ਰਤੀ ਕੁਇੰਟਲ ਤੋਂ ਵਧਾ ਕੇ ਸਾਲ 1998-99 ਦੌਰਾਨ 510 ਰੁਪਏ (455 ਰੁਪਏ ਜਮ੍ਹਾਂ ਬੋਨਸ ਵਜੋਂ 55 ਰੁਪਏ) ਪ੍ਰਤੀ ਕੁਇੰਟਲ ਕਰ ਦਿੱਤੀ ਹੈ ਜੋ ਕਿ 7.37% ਦਾ ਵਾਧਾ ਦਰਸਾਉਂਦੀ ਹੈ । ਇਸੀ ਤਰ੍ਹਾਂ ਸਾਲ 1997-98 ਦੇ 'ਆਮ' ਅਤੇ 'ਏ' ਗਰੇਡ ਝੋਨੇ ਦੀ ਸਮਰਥਨ ਕੀਮਤ ਵੀ 425 ਤੋਂ 445 ਰੁਪਏ ਪ੍ਰਤਿ ਕੁਇੰਟਲ ਤੋਂ ਵਧਾ ਕੇ ਸਾਲ 1998-99 ਦੌਰਾਨ ਕ੍ਰਮਵਾਰ 440 ਰੁਪਏ ਅਤੇ 470 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਹੈ ।

103. ਰਾਜ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਨੇ 1998-99 ਦੀ ਹਾੜੀ ਦੌਰਾਨ 61.47 ਲੱਖ ਮੀਟਰਕ ਟਨ ਕਣਕ ਦੀ ਖਰੀਦ ਕੀਤੀ । ਇਸੇ ਤਰ੍ਹਾਂ ਰਾਜ ਦੀਆਂ ਅਨਾਜ ਖਰੀਦਣ ਵਾਲੀਆਂ ਏਜੰਸੀਆਂ, ਐਫ.ਸੀ.ਆਈ. ਅਤੇ ਮਿੱਲਾਂ ਵਾਲਿਆਂ ਨੇ 93.21 ਲੱਖ ਮੀਟਰਕ ਟਨ ਝੋਨਾ ਖਰੀਦਿਆ । ਸਾਲ 1998-99 ਦੌਰਾਨ ਕਣਕ ਦੇ 1493 ਖਰੀਦ ਕੇਂਦਰ ਅਤੇ ਝੋਨੇ ਦੇ 1492 ਖਰੀਦ ਕੇਂਦਰ ਖੋਲ੍ਹੇ ਗਏ ਸਨ । ਇਹ ਖਰੀਦ ਕੇਂਦਰ ਇਸ ਤਰ੍ਹਾਂ ਖੋਲ੍ਹੇ ਗਏ ਕਿ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਲਈ 5 ਤੋਂ 8 ਕਿਲੋ-ਮੀਟਰ ਤੋਂ ਵੱਧ ਫ਼ਾਸਲਾ ਤੈਅ ਨਾ ਕਰਨਾ ਪਵੇ ।

104. ਰਾਜ ਵਿਚ ਤਕਰੀਬਨ 13,000 ਵਾਜਬ ਕੀਮਤਾਂ ਤੇ ਵਸਤੂਆਂ ਵੇਚਣ ਵਾਲੀਆਂ ਦੁਕਾਨਾਂ, ਜਿਨ੍ਹਾਂ ਦੇ ਜ਼ਰੀਏ ਅਵੱਸ਼ਕ ਵਸਤੂਆਂ ਜਿਵੇਂ ਕਣਕ, ਚਾਵਲ, ਚੀਨੀ, ਮਿੱਟੀ ਦਾ ਤੇਲ ਖਪਤਕਾਰਾਂ ਨੂੰ ਵੰਡਿਆ ਜਾਂਦਾ ਹੈ, ਦੇ ਨੈਟ-ਵਰਕ ਰਾਹੀਂ ਇਕ ਬਿਹਤਰ, ਸੰਗਠਿਤ ਜਨਤਕ ਵੰਡ-ਪ੍ਰਣਾਲੀ ਬਰਕਰਾਰ ਰੱਖੀ ਹੈ ।

105. ਜ਼ਿਲ੍ਹਾ/ਤਹਿਸੀਲ/ਬਲਾਕ ਪੱਧਰ ਤੇ ਨਿਗਰਾਨ ਕਮੇਟੀਆਂ ਵੀ ਕਾਇਮ ਕੀਤੀਆਂ ਗਈਆਂ ਹਨ । ਦੋਸ਼ੀ ਕਰਮਚਾਰੀਆਂ ਅਤੇ ਡੀਲਰਾਂ ਵਿਰੁੱਧ ਕਾਰਵਾਈ ਤੋਂ ਇਲਾਵਾ ਅਕਸਰ ਜਾਂਚ ਵੀ ਕੀਤੀ ਜਾਂਦੀ ਹੈ । 1 ਅਪ੍ਰੈਲ, 1998 ਤੋਂ 30 ਨਵੰਬਰ, 1998 ਤਕ ਦੇ ਸਮੇਂ ਦੌਰਾਨ 25943 ਛਾਪੇ ਮਾਰੇ ਗਏ, 125 ਲਸੰਸ ਮੁਅੱਤਲ ਕੀਤੇ ਗਏ, 25 ਲਸੰਸ ਰੱਦ ਕੀਤੇ ਗਏ ਅਤੇ ਦੰਡ ਦੇ 775 ਕੇਸਾਂ ਵਿਚਲੀ 1,98,750 ਰੁਪਏ ਦੀ ਸਕਿਊਰਟੀ ਜ਼ਬਤ ਕੀਤੀ ਗਈ ।

106. ਖਪਤਕਾਰ ਬਚਾਓ ਐਕਟ, 1986 ਅਧੀਨ ਪੰਜਾਬ ਰਾਜ ਖ਼ਪਤਕਾਰ ਵਿਵਾਦ ਨਿਵਾਰਣ ਕਮਿਸ਼ਨ ਅਤੇ 17 ਜ਼ਿਲ੍ਹਾ ਫੋਰਮ ਕਾਇਮ ਕੀਤੇ ਗਏ ਹਨ ।

107. ਰਾਜ ਸਰਕਾਰ ਨੇ ਭਾਰਤ ਸਰਕਾਰ ਨੂੰ ਖੁਲ੍ਹੇ ਬਜ਼ਾਰ ਸਕੀਮ ਅਧੀਨ 90,000 ਮੀਟਰਕ ਟਨ ਕਣਕ ਜਾਰੀ ਕਰਨ ਲਈ ਬੇਨਤੀ ਕੀਤੀ ਹੈ ਜੋ ਖਪਤਕਾਰਾਂ ਨੂੰ ਵਾਜਬ ਕੀਮਤ ਦੁਕਾਨਾਂ ਰਾਹੀਂ ਉਚਿੱਤ ਕੀਮਤ ਤੇ ਦਿੱਤੀ ਜਾਵੇਗੀ ।

ਮਾਲ

108. ਸਰਕਾਰ ਨੇ ਪ੍ਰਸ਼ਾਸਨ ਅਤੇ ਲੋਕਾ ਦਰਮਿਆਨ ਖੱਪਾ ਘਟਾਉਣ ਲਈ ਕਈ ਕਦਮ ਚੁੱਕੇ ਹਨ । ਇਸ ਮੰਤਵ ਲਈ ਸਾਲ ਦੌਰਾਨ 10 ਮਹੱਤਵਪੂਰਨ ਕਸਬਿਆਂ ਵਿਚ ਨਾਇਬ ਤਹਿਸੀਲਦਾਰਾਂ ਦੇ ਹੈਡਕੁਆਟਰ ਕਾਇਮ ਕੀਤੇ ਗਏ ਅਤੇ ਛੋਟੇ ਯੂਨਿਟਾਂ ਰਾਹੀਂ ਮਾਲ ਪ੍ਰਸ਼ਾਸਨ ਵਿਚ ਸੁਧਾਰ ਲਿਆਉਣ ਸਬੰਧੀ ਯਤਨ ਜਾਰੀ ਰੱਖੇ ਜਾਣਗੇ ।

109. ਪਿਛਲੇ ਦੋ ਸਾਲਾਂ ਵਿਚ ਛੋਟੇ ਮੁੱਲ-ਅੰਕ ਦੇ ਜੁਡੀਸ਼ੀਅਲ ਅਤੇ ਨਾਨ-ਜੁਡੀਸ਼ੀਅਲ ਅਸ਼ਟਾਮਾਂ ਦੀ ਉਪਲਬੱਧਤਾ ਵੱਧ ਗਈ ਹੈ । ਸਰਕਾਰ ਦੀ ਸਾਲ 1999-2000 ਦੌਰਾਨ ਲੋਕਾਂ ਦੀ ਮੰਗ ਅਨੁਸਾਰ ਅਸ਼ਟਾਮ ਅਤੇ ਰਜਿਸਟਰੇਸ਼ਨ ਕਾਨੂੰਨਾਂ ਵਿਚ ਸੁਧਾਰ ਕਰਨ ਦੇ ਨਾਲ ਨਾਲ ਅਸ਼ਟਾਮ ਸਪਲਾਈ ਕਰਨ ਦੀ ਤਜਵੀਜ਼ ਹੈ ।

110. ਸਾਲ 1997-98 ਦੌਰਾਨ ਭਾਰੀ ਬਾਰਸ਼ਾਂ, ਹੜ੍ਹਾਂ, ਸੇਮ ਆਦਿ ਨਾਲ ਫ਼ਸਲਾਂ ਨੂੰ ਹੋਏ ਜ਼ਬਰਦਸਤ ਨੁਕਸਾਨ ਕਾਰਣ ਪ੍ਰਭਾਵਿਤ ਵਿਅਕਤੀਆਂ ਨੂੰ ਸਹਾਇਤਾ ਦੇਣ ਅਤੇ ਜਨਤਕ ਸੁਵਿਧਾਵਾਂ ਦੀ ਮੁੜ ਬਹਾਲੀ ਵਾਸਤੇ 56.71 ਕਰੋੜ ਰੁਪਏ ਦੀ ਰਕਮ ਡਿਪਟੀ ਕਮਿਸ਼ਨਰਾਂ ਨੂੰ ਵੰਡਣ ਲਈ ਜਾਰੀ ਕੀਤੀ ਗਈ ਸੀ । ਸਾਲ 1998-99 ਦੌਰਾਨ ਇਹ ਰਕਮ ਵਧਾ ਕੇ 60.05 ਕਰੋੜ ਰੁਪਏ ਕਰ ਦਿੱਤੀ ਗਈ ਅਤੇ ਆਉਣ ਵਾਲੇ ਸਾਲਾਂ ਲਈ ਏਨੀ ਹੀ ਰਕਮ ਰੱਖਣ ਦੀ ਤਜਵੀਜ਼ ਹੈ ।

111. ਭੌਂ ਸੁਧਾਰ ਐਕਟ ਦੇ ਆਰੰਭ ਹੋਣ ਤੋਂ 2,22,594 ਏਕੜ ਜ਼ਮੀਨ 30 ਜੂਨ, 1998 ਤੱਕ ਵਾਫ਼ਰ ਘੋਸ਼ਿਤ ਕੀਤੀ ਗਈ ਹੈ ਜਿਸ ਵਿਚੋਂ 1,03,557 ਏਕੜ ਜ਼ਮੀਨ 28,303 ਲਾਭਪਾਤਰਾਂ ਨੂੰ ਅਲਾਟ ਕੀਤੀ ਗਈ ਅਤੇ ਇਨ੍ਹਾਂ ਵਿਚ ਅਨੁਸੂਚਿਤ ਜ਼ਾਤੀਆਂ ਨਾਲ ਸਬੰਧਤ 11,306 ਲਾਭਪਾਤਰ ਵੀ ਸ਼ਾਮਲ ਹਨ । ਬਾਕੀ ਦੇ ਰਕਬੇ ਨੂੰ ਵੀ ਅਲਾਟ ਕਰਨ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਜਾ ਰਹੀਆਂ ਹਨ ।

[ਸ੍ਰੀ ਸਪੀਕਰ]

112. ਜਨਤਾ ਨੂੰ ਮਾਲ ਰਿਕਾਰਡ ਦੀਆਂ ਨਕਲਾਂ ਆਸਾਨੀ ਨਾਲ ਉਪਲੱਬਧ ਕਰਵਾਉਣਾ/ਯਕੀਨੀ ਬਣਾਉਣ ਲਈ ਜ਼ਮੀਨ ਦੇ ਰਿਕਾਰਡ ਦੇ ਕੰਪਿਊਟਰੀਕਰਨ ਦਾ ਕੰਮ ਹੱਥ ਵਿਚ ਲਿਆ ਗਿਆ ਹੈ। ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਸਰਕਾਰੀ ਮੰਤਵਾਂ ਲਈ ਪ੍ਰਾਪਤ ਕਰ ਲਈ ਗਈ ਹੈ, ਉਨ੍ਹਾਂ ਨੂੰ ਛੇਤੀ ਮੁਆਵਜ਼ਾ ਦੇਣ ਵਾਸਤੇ ਸਰਕਾਰ ਨੇ ਜ਼ਿਲ੍ਹਾ ਪੱਧਰੀ ਕਮੇਟੀਆਂ ਗਠਿਤ ਕੀਤੀਆਂ ਹਨ।

ਸਭਿਆਚਾਰਕ ਮਾਮਲੇ, ਪੁਰਾਤਤਵ ਵਿਭਾਗ ਅਤੇ ਅਜਾਇਬ ਘਰ

113. ਮੇਰੀ ਸਰਕਾਰ ਰਾਜ ਦੇ ਅਮੀਰ, ਸਭਿਆਚਾਰਕ ਵਿਰਸੇ ਦੀ ਸੰਭਾਲ, ਸੁਰੱਖਿਆ ਅਤੇ ਪ੍ਰਸਾਰ ਲਈ ਵਚਨਬੱਧ ਹੈ। ਪੰਜਾਬ ਸਰਕਾਰ ਨੇ ਸਾਲ 1999-2000 ਦੇ ਦੌਰਾਨ, 300 ਸਾਲਾ ਖ਼ਾਲਸਾ ਸਾਜਨਾ ਦੇ ਜਸ਼ਨਾਂ ਨੂੰ ਬਹੁਤ ਹੀ ਉਚਿੱਤ ਅਤੇ ਸ਼ਾਨਦਾਰ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਜਸ਼ਨਾਂ ਦੇ ਹਿੱਸੇ ਵਜੋਂ, ਖਾਲਸਾ ਦੇ ਜਨਮ ਸਥਾਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਖਾਲਸਾ ਵਿਰਾਸਤ ਯਾਦਗਾਰੀ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਜਿਸ ਲਈ ਸਰਕਾਰ ਲੋੜ ਅਨੁਸਾਰ 160 ਕਰੋੜ ਰੁਪਏ ਦੇ ਫੰਡਾਂ ਦਾ ਪ੍ਰਬੰਧ ਕਰੇਗੀ। ਇਹ ਪ੍ਰਾਜੈਕਟ ਜਦੋਂ ਸ਼ੁਰੂ ਹੋ ਗਿਆ ਤਾਂ ਇਹ ਸਿੱਖ ਧਰਮ ਦੇ ਬੁਨਿਆਦੀ ਸਦਾਚਾਰਕ ਮੁੱਲਾਂ ਅਰਥਾਤ ਵਿਸ਼ਵ ਭਾਈਚਾਰੇ ਦੇ ਵਿਚਾਰ, ਸਮਾਨਤਾ ਅਤੇ ਸਾਂਝੀਵਾਲਤਾ ਵਾਲੇ ਵਰਗ-ਰਹਿਤ ਭਾਈਚਾਰੇ ਨੂੰ ਪੇਸ਼ ਕਰੇਗਾ ਜਿਸ ਦਾ ਸਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਕਥਨ ਰਾਹੀਂ ਪ੍ਰਗਟਾਇਆ ਗਿਆ ਹੈ।

114. ਮਹਾਨ ਗੁਰੂਆਂ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਲਈ ਸਭਿਆਚਾਰਕ ਪ੍ਰੋਗਰਾਮਾਂ, ਰੋਸ਼ਨੀ ਤੇ ਆਵਾਜ਼ ਦੀ ਪੇਸ਼ਕਾਰੀ ਅਤੇ ਨਾਟਕਾਂ ਆਦਿ ਦੇ ਆਯੋਜਨ ਦੀ ਵੀ ਤਜਵੀਜ਼ ਹੈ। ਰੋਪੜ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਪੁਰਾਤੱਤਵ ਸਬੰਧੀ ਖੋਜਾਂ ਕੀਤੀਆਂ ਜਾਣਗੀਆਂ ਅਤੇ 50 ਤੋਂ ਵਧੇਰੇ ਸੁਰੱਖਿਅਤ ਯਾਦਗਾਰਾਂ ਕਰਕੇ, ਪਟਿਆਲਾ ਵਿਖੇ ਕਿਲਾ ਮੁਬਾਰਕ ਕੰਪਲੈਕਸ ਦੀ ਸਾਂਭ-ਸੰਭਾਲ ਕੀਤੀ ਜਾਵੇਗੀ। ਸਾਲ 1998-99 ਦੌਰਾਨ ਖਸਤਾ ਰਿਕਾਰਡ ਦੀਆਂ 290376 ਸ਼ੀਟਾਂ ਦੀ ਮੁਰੰਮਤ ਕੀਤੀ ਗਈ ਅਤੇ 1266 ਦੁਰਲੱਭ ਪੁਸਤਕਾਂ/ਖਰੜਿਆਂ ਦੀ ਜਿਲਦਬੰਦੀ ਅਤੇ ਸੰਭਾਲ ਦਾ ਕੰਮ ਕੀਤਾ ਗਿਆ, ਇਸ ਤੋਂ ਇਲਾਵਾ, ਇਤਿਹਾਸ ਨਾਲ ਸਬੰਧਤ 21 ਪੁਸਤਕਾਂ ਦੀ ਖਰੀਦ ਕੀਤੀ ਗਈ ਅਤੇ 20 ਦੁਰਲੱਭ ਪੁਸਤਕਾਂ ਸਰਕਾਰੀ ਦਫਤਰਾਂ ਵਿਚੋਂ ਪ੍ਰਾਪਤ ਕੀਤੀਆਂ ਗਈਆਂ। ਪ੍ਰਾਈਵੇਟ ਰਿਕਾਰਡ ਸਕੀਮ ਦੇ ਕੌਮੀ ਰਜਿਸਟਰ ਅਧੀਨ, ਰਾਜ ਵਿਚਲੇ ਪ੍ਰਸਿੱਧ ਵਿਅਕਤੀਆਂ/ਨਿੱਜੀ ਸੰਸਥਾਵਾਂ ਦਾ ਸਰਵੇਖਣ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿਚਲੀ ਇਤਿਹਾਸਕ ਸਮੱਗਰੀ ਦੀ ਸੂਚੀ ਤਿਆਰ ਕੀਤੀ ਗਈ।

ਸੈਰ ਸਪਾਟਾ

115. ਪਿਛਲੇ ਸਾਲਾਂ ਵਿਚ ਸੈਰ-ਸਪਾਟਾ ਮੁੱਖ ਆਰਥਿਕ ਗਤੀਵਿਧੀ, ਰੁਜ਼ਗਾਰ ਸਾਧਨ ਅਤੇ ਵਿਦੇਸ਼ੀ ਮੁਦਰਾ ਕਮਾਉਣ ਦੇ ਮੁੱਖ ਸਰੋਤ ਵਜੋਂ ਉਭਰ ਕੇ ਸਾਹਮਣੇ

ਆਇਆ ਹੈ । ਇਹ ਇਕ ਵੱਡਾ ਰੁਜ਼ਗਾਰਮੁੱਖੀ ਖੇਤਰ ਹੈ ਅਤੇ ਦੂਸਰੇ ਖੇਤਰਾਂ ਦੀ ਨਿਸਬਤ ਨਿਵੇਸ਼ ਦੇ ਸਬੰਧ ਵਿਚ ਵਧੇਰੇ ਰੋਜ਼ਗਾਰ ਮੁਹੱਈਆ ਕਰਦਾ ਹੈ ।

116. ਸਾਲ 1998-99 ਦੌਰਾਨ ਸੰਘੋਲ, ਫਰੀਦਕੋਟ, ਆਮ ਖ਼ਾਸ ਬਾਗ਼ ਸਰਹਿੰਦ ਵਿਖੇ ਯਾਤਰੀ ਕੰਪਲੈਕਸ ਅਤੇ ਰੋਪੜ ਫਾਸਟ ਫੂਡ ਕਾਊਂਟਰ ਸਬੰਧੀ ਕੰਮ ਮੁਕੰਮਲ ਕਰ ਲਿਆ ਗਿਆ ਹੈ ਅਤੇ ਇਹ ਪ੍ਰਾਈਵੇਟ ਪਾਰਟੀਆਂ ਨੂੰ ਠੇਕੇ ਉੱਤੇ ਦਿੱਤੇ ਗਏ ਹਨ । ਪਠਾਨਕੋਟ ਵਿਖੇ ਯਾਤਰੀ ਕੰਪਲੈਕਸ ਅਤੇ ਸਰਹਿੰਦ ਵਿਖੇ ਫਾਸਟ ਫੂਡ ਕਾਊਂਟਰ ਉਸਾਰੀ ਅਧੀਨ ਹਨ ਅਤੇ ਬਹੁਤ ਹੀ ਜਲਦੀ ਇਨ੍ਹਾਂ ਸਬੰਧੀ ਨਿਰਮਾਣ ਕਾਰਜ ਮੁਕੰਮਲ ਹੋਣ ਦੀ ਸੰਭਾਵਨਾ ਹੈ ।

117. ਸੈਰ-ਸਪਾਟਾ ਖੇਤਰ ਵਿਚ ਨਿੱਜੀ ਨਿਵੇਸ਼ ਨੂੰ ਪ੍ਰੋਤਸਾਹਨ ਦੇਣ ਲਈ ਇਕ ਸੈਰ-ਸਪਾਟਾ ਡਰਾਫਟ ਨੀਤੀ ਵੀ ਬਣਾਈ ਗਈ ਹੈ । ਤਜਵੀਜ਼ਾਂ, ਕਾਰਵਾਈ ਯੋਜਨਾਵਾਂ ਅਤੇ ਵਿੱਤੀ ਖਰਚਿਆਂ ਦੇ ਅਧਿਐਨ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ ।

118. ਖ਼ਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਦੇ ਮੌਕੇ ਉਤੇ ਭਾਰਤ ਦੇ ਸੈਰ-ਸਪਾਟਾ ਮੰਤਰਾਲੇ ਵੱਲੋਂ ਆਨੰਦਪੁਰ ਸਾਹਿਬ ਵਿਖੇ ਯਾਤਰੀਆਂ ਦੀ ਸੁਵਿਧਾ ਲਈ ਕੇਂਦਰੀ ਸਹਾਇਤਾ ਨਾਲ 134.64 ਲੱਖ (97.64 ਲੱਖ ਕੇਂਦਰੀ ਸਹਾਇਤਾ ਵਜੋਂ ਅਤੇ 37.00 ਲੱਖ ਰਾਜ ਦੇ ਹਿੱਸੇ ਵਜੋਂ) ਰੁਪਏ ਦੇ ਯਾਤਰੀ ਰਿਸੈਪਸ਼ਨ ਕੇਂਦਰ ਨੂੰ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ । 'ਇਕ ਸਟਾਪ-ਸ਼ਾਪ' ਅਧੀਨ ਵਿਭਿੰਨ ਸੈਰ-ਸਪਾਟਾ ਸੇਵਾਵਾਂ ਮੁਹੱਈਆ ਕੀਤੀਆਂ ਜਾਣਗੀਆਂ । ਮੰਤਰਾਲੇ ਵੱਲੋਂ ਖਾਲਸਾ ਸਾਜਣਾ ਦੇ ਜਸ਼ਨਾਂ ਦੇ ਮੌਕੇ ਤੇ 134.21 ਲੱਖ ਰੁਪਏ ਦੀ ਰਕਮ ਨਾਲ ਰੋਸ਼ਨੀ ਅਤੇ ਅਵਾਜ਼ ਪੇਸ਼ਕਾਰੀ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਆਨੰਦਪੁਰ ਸਾਹਿਬ ਵਿਖੇ 124.00 ਲੱਖ ਰੁਪਏ ਦੀ ਕੁਲ ਕੀਮਤ ਨਾਲ ਚਾਰ ਗੁਰਦੁਆਰਿਆਂ ਲਈ ਦੀਪਮਾਲਾ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ ।

ਕਿਰਤ ਅਤੇ ਰੋਜ਼ਗਾਰ

119. ਕਿਰਤ ਵਿਭਾਗ ਦੇ ਮੁੱਖ ਕਾਰਜ ਉਦਯੋਗਿਕ ਸ਼ਾਂਤੀ ਬਰਕਰਾਰ ਰੱਖਣਾ, ਕਿਰਤ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਅਤੇ ਉਦਯੋਗਿਕ ਕਾਮਿਆਂ ਦੀ ਭਲਾਈ ਅਤੇ ਸੁਰੱਖਿਆ ਕਰਨਾ ਹੈ । ਰਾਜ ਵਿਚ ਉਦਯੋਗਿਕ ਸਬੰਧਾਂ ਦੀ ਸਥਿਤੀ ਸ਼ਾਂਤੀਪੂਰਵਕ ਰਹੀ ਅਤੇ ਸਾਰੇ ਵਾਦ-ਵਿਵਾਦ ਸੁਹਿਰਦਤਾਪੂਰਵਕ ਨਿਪਟਾਏ ਗਏ । ਵਿਭਾਗੀ ਮਸ਼ੀਨਰੀ ਦੁਆਰਾ 50% ਤੋਂ ਵਧੇਰੇ ਕੇਸ ਆਪਸੀ ਸੁਲ੍ਹਾ-ਸਫ਼ਾਈ ਨਾਲ ਨਿਪਟਾਏ ਗਏ । ਰਾਜ ਸਰਕਾਰ ਨੇ ਕਾਮਿਆਂ ਨੂੰ ਮਾਲਕਾਂ ਦੇ ਸ਼ੋਸ਼ਣ ਤੋਂ ਬਚਾਉਣ ਲਈ ਸੰਗਠਤ ਅਤੇ ਗੈਰ-ਸੰਗਠਿਤ ਖੇਤਰ ਵਿਚ 60 ਕਿਤਿਆਂ ਦੀ ਘੱਟੋ-ਘੱਟ ਉਜਰਤ ਵਿਚ ਸੋਧ ਕੀਤੀ ਹੈ । ਮਿਤੀ 1 ਸਤੰਬਰ, 1998 ਤੋਂ ਇਕ ਗੈਰ ਹੁਨਰਮੰਦ ਕਾਮਾ ਘੱਟੋ ਘੱਟ 1641.40 ਰੁਪਏ ਪ੍ਰਤੀ ਮਹੀਨਾ ਉਜਰਤ ਪ੍ਰਾਪਤ ਕਰ ਰਿਹਾ ਹੈ । ਸਰਕਾਰ ਨੇ ਮਹਾਰਾਜਾ ਇੰਜੀਨੀਅਰਿੰਗ ਅਤੇ ਇਨਵੈਸਟਮੈਂਟਸ ਪ੍ਰਾਈਵੇਟ ਲਿਮਿਟਡ ਮੋਹਾਲੀ, ਡਾ. ਬੀ.ਆਰ. ਅੰਬੇਦਕਰ ਖੇਤਰੀ ਇੰਜੀਨੀਅਰਿੰਗ ਕਾਲਜ, ਜਲੰਧਰ ਅਤੇ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਟ, ਰੋਪੜ ਵਿਖੇ

[ਸ੍ਰੀ ਸਪੀਕਰ]
ਠੇਕੇ ਦੇ ਆਧਾਰ ਉੱਤੇ ਮਜ਼ਦੂਰ ਪ੍ਰਣਾਲੀ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਕਿਰਤ ਕਾਨੂੰਨਾਂ ਨੂੰ ਉਚਿਤ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਕਿਰਤ ਵਿਭਾਗ ਵਿਚ ਇਕ ਫਲਾਇੰਗ ਸਕੁਐਡ ਸਥਾਪਤ ਕੀਤਾ ਜਾ ਰਿਹਾ ਹੈ।

120. ਫੋਕਲ ਪੁਆਇੰਟ ਪਿੰਡਾਂ ਵਿਖੇ 210 ਮੇਲਿਆਂ ਦੁਆਰਾ ਦਿਹਾਤੀ ਨੌਜਵਾਨਾਂ ਨੂੰ ਰੁਜ਼ਗਾਰ ਸਬੰਧੀ ਸੂਚਨਾ/ਅਗਵਾਈ ਅਤੇ ਰੁਜ਼ਗਾਰ ਮਸ਼ਵਰਾ ਦਿੱਤਾ ਗਿਆ। ਵਿਭਾਗ ਨੇ ਟਰੈਵਲ ਏਜੰਟਾਂ ਦੇ ਹੱਥੋਂ ਨੌਜਵਾਨਾਂ ਦੇ ਸ਼ੋਸ਼ਣ ਨੂੰ ਬਚਾਉਣ ਲਈ ਓਵਰਸੀਜ਼ ਰੁਜ਼ਗਾਰ ਸੈੱਲ ਨੂੰ ਮਜ਼ਬੂਤ ਕੀਤਾ ਹੈ।

121. ਇਸ ਸਮੇਂ ਰੋਜ਼ਗਾਰ ਦਫ਼ਤਰਾਂ ਦੇ ਰਜਿਸਟਰਾਂ ਵਿਚ 5,72,548 ਵਿਅਕਤੀਆਂ ਦਾ ਨਾਂ ਦਰਜ ਹੈ। 10,812 ਬੇਰੁਜ਼ਗਾਰ ਵਿਅਕਤੀਆਂ ਨੇ ਰੁਜ਼ਗਾਰ ਦਫ਼ਤਰਾਂ ਤੋਂ ਪੇਸ਼ਾ-ਵਰਾਨਾ ਸੂਚਨਾ ਪ੍ਰਾਪਤ ਕੀਤੀ ਅਤੇ 2,844 ਵਿਅਕਤੀਆਂ ਨੂੰ ਸਹੀ ਕੈਰੀਅਰ ਯੋਜਨਾ ਰਾਹੀਂ ਰੁਜ਼ਗਾਰ ਚੁਣਨ ਸਬੰਧੀ ਵਿਅਕਤੀਗਤ ਅਗਵਾਈ ਦਿੱਤੀ ਗਈ। 12,828 ਬੇਰੁਜ਼ਗਾਰ ਵਿਅਕਤੀਆਂ ਨੂੰ ਜੀਵਨ ਨਿਰਬਾਹ ਲਈ ਸਵੈ-ਰੁਜ਼ਗਾਰ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਰੋਜ਼ਗਾਰ ਦਫ਼ਤਰਾਂ ਨੇ ਅਪ੍ਰੈਲ, 1998 ਤੋਂ ਸਤੰਬਰ, 1998 ਤੱਕ 6,644 ਬੇਰੁਜ਼ਗਾਰ ਵਿਅਕਤੀਆਂ ਨੂੰ 6,209 ਲੱਖ ਰੁਪਏ ਦੀ ਰਕਮ ਬੇਰੁਜ਼ਗਾਰੀ ਭੱਤੇ ਵਜੋਂ ਤਕਸੀਮ ਕੀਤੀ।

ਖੇਡਾਂ ਅਤੇ ਯੁਵਕ ਸੇਵਾਵਾਂ

122. ਬੈਂਕਾਕ ਏਸ਼ੀਆਈ ਖੇਡਾਂ ਵਿੱਚ ਭਾਰਤੀ ਖਿਡਾਰੀਆਂ ਵਲੋਂ ਜਿੱਤੇ 35 ਤਮਗਿਆਂ ਦੀ ਕੁੱਲ ਗਿਣਤੀ ਵਿਚੋਂ 14 ਤਮਗੇ ਜਿੱਤਣ ਮਗਰੋਂ ਅਤੇ 1997-98 ਦੀਆਂ ਕੌਮੀ ਖੇਡਾਂ ਵਿੱਚ ਦੂਜਾ ਸਥਾਨ ਹਾਸਲ ਕਰਨ ਉਪਰੰਤ ਪੰਜਾਬ ਨੇ ਕੌਮੀ ਖੇਡ ਜਗਤ ਵਿੱਚ ਆਪਣੀ ਸਰਦਾਰੀ ਮੁੜ ਕਾਇਮ ਕਰ ਲਈ ਹੈ। ਪੰਜਾਬ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਭਾਰਤ ਸਰਕਾਰ ਨੇ ਸਾਡੇ ਰਾਜ ਨੂੰ ਕੌਮੀ ਖੇਡਾਂ 2000 ਅਲਾਟ ਕੀਤੀਆਂ ਹਨ। ਸਰਕਾਰ ਇਨ੍ਹਾਂ ਖੇਡਾਂ ਨੂੰ ਵਧੀਆ ਤਰੀਕੇ ਨਾਲ ਕਰਵਾ ਕੇ ਆਪਣੇ ਕਦਮ ਹੋਰ ਅੱਗੇ ਪੁੱਟੇਗੀ।

ਜੁਝਾਰੂ ਖੇਡਾਂ ਸਬੰਧੀ ਆਨੰਦਪੁਰ ਸਾਹਿਬ ਵਿਖੇ ਦਸ਼ਮੇਸ਼ ਖੇਡ ਅਕਾਦਮੀ, ਲੁਧਿਆਣਾ ਵਿਖੇ ਐਸਟ੍ਰੋਟਰਫ ਹਾਕੀ ਮੈਦਾਨ, ਮਾਨਸਾ, ਫਤਹਿਗੜ੍ਹ ਸਾਹਿਬ, ਮੁਕਤਸਰ ਅਤੇ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰ ਦੇ ਖੇਡ ਸਟੇਡੀਅਮ ਵਰਗੇ ਖੇਡ-ਬੁਨਿਆਦੀ ਢਾਂਚਾ ਨੈਟਵਰਕ ਕਾਰਜ ਮੁਕੰਮਲ ਹੋਣ ਵਾਲੇ ਹਨ। ਘੋੜ-ਸਵਾਰੀ, ਗੱਤਕੇਬਾਜ਼ੀ, ਕਿੱਲੀ-ਬਾਜ਼ੀ (ਪੈਗਿੰਗ) ਅਤੇ ਤੀਰ-ਅੰਦਾਜ਼ੀ ਵਰਗੀਆਂ ਜੁਝਾਰੂ ਖੇਡਾਂ ਖੇਡਣ ਲਈ ਖਿਡਾਰੀ ਤਿਆਰ ਕਰਨ ਵਾਸਤੇ ਪੇਂਡੂ ਗੱਭਰੂਆਂ ਦੀ ਖੇਡ ਪ੍ਰਤਿਭਾ ਨੂੰ ਉਭਾਰਨ ਹਿਤ ਜੁਝਾਰੂ ਖੇਡਾਂ ਦੇ ਮੰਤਵ ਲਈ ਦਸ਼ਮੇਸ਼ ਅਕਾਦਮੀ ਨੂੰ ਸਰਵ ਸ੍ਰੇਸ਼ਟ ਕੇਂਦਰ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਪੰਜਾਬ ਇੱਕੋ-ਇੱਕ ਅਜਿਹਾ ਰਾਜ ਹੈ, ਜਿਸ ਕੋਲ ਦੋ-ਸਿੰਥੈਟਿਕ ਐਥਲੈਟਿਕ ਟਰੈਕ ਅਤੇ

ਦੋ ਐਸਟ੍ਰੋਟਰਫ ਹਾਕੀ ਮੈਦਾਨ ਹੋਣ ਦੀ ਵਿਲੱਖਣਤਾ ਹੋਵੇਗੀ, ਜੋ ਇਸ ਨੂੰ ਕੌਮੀ ਅਤੇ ਕੌਮਾਂਤਰੀ ਖੇਡਾਂ ਕਰਾਉਣ ਦੇ ਸਮਰੱਥ ਬਣਾਉਣਗੇ । ਇਸ ਚਾਲੂ ਸਾਲ ਵਿੱਚ ਸੱਤਾਂ ਬਲਾਕ ਪੱਧਰ ਦੇ ਸਟੇਡੀਅਮਾਂ ਸਬੰਧੀ ਕੰਮ ਮੁਕੰਮਲ ਕੀਤਾ ਜਾ ਰਿਹਾ ਹੈ ।

123. ਯੁਵਕ ਮਾਮਲੇ ਵਿਭਾਗ ਨੇ 11,000 ਨੌਜਵਾਨਾਂ ਲਈ ਲੀਡਰਸ਼ਿਪ ਅਧਿਆਪਕ ਸਿਖਲਾਈ ਸਬੰਧੀ ਕੈਂਪਾਂ, ਯੁਵਕ ਮੇਲਿਆਂ, ਅੰਤਰ-ਰਾਜੀ ਟੂਰਾਂ, ਸਭਿਆਚਾਰਕ ਟਰੁੱਪਾਂ, ਯੁਵਕ ਐਕਸਚੇਂਜ ਪ੍ਰੋਗਰਾਮਾਂ, ਹਾਈਕਿੰਗ, ਟ੍ਰੈਕਿੰਗ ਅਤੇ ਮਾਊਂਟੇਨੀਅਰਿੰਗ ਯਾਤਰਾਵਾਂ, ਕਾਨਫਰੰਸਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕੀਤਾ । 85,000 ਸਵੈ-ਇੱਛਤ ਕਾਰਜ-ਕਰਤਿਆਂ ਵਾਸਤੇ ਕਾਲਜਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੌਮੀ ਸੇਵਾ ਸਕੀਮ ਚਲਾਉਣ ਲਈ ਸਾਰੀਆਂ ਯੂਨੀਵਰਸਿਟੀਆਂ, ਜ਼ਿਲ੍ਹਾ ਯੁਵਕਾਂ ਕੇਂਦਰਾਂ ਨੂੰ ਗਰਾਂਟਾਂ ਦਿੱਤੀਆਂ ਗਈਆਂ ਹਨ । ਰਾਜ ਦੇ ਨੌਜਵਾਨਾਂ ਨੂੰ ਉਸਾਰੂ ਕੰਮਾਂ ਵਿੱਚ ਰੁਚਿਤ ਕਰਨ ਲਈ ਚੰਡੀਗੜ੍ਹ ਵਿਖੇ ਯੁਵਾ ਭਵਨ ਦੇ ਕੰਮ ਨੂੰ ਮੁਕੰਮਲ ਕਰਨ ਵਾਸਤੇ 55.00 ਲੱਖ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ । ਸਿਖਲਾਈ ਤੇ ਰੋਜ਼ਗਾਰ ਕੇਂਦਰ ਫੌਜ ਅਤੇ ਅਰਧ-ਫੌਜੀ ਬਲਾਂ ਵਿੱਚ ਭਰਤੀ ਵਾਸਤੇ ਨੌਜਵਾਨਾਂ ਨੂੰ ਚੋਣ ਤੋਂ ਪਹਿਲਾਂ ਵਾਲੀ ਕੋਚਿੰਗ ਦੇਣ ਲਈ ਇੱਕ ਵਿਲੱਖਣ ਸਕੀਮ ਚਲਾ ਰਿਹਾ ਹੈ । ਅਜਿਹੇ ਨੌਜਵਾਨ ਜੋ ਇਸ ਕੰਮ ਵਿੱਚ ਸਫਲ ਨਹੀਂ ਹੁੰਦੇ, ਨੂੰ ਆਪਣੇ ਹੋਰ ਕੰਮ-ਕਾਜ ਸ਼ੁਰੂ ਕਰਨ ਦੇ ਸਮਰੱਥ ਬਣਾਉਣ ਵਾਸਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਤਕਨੀਕੀ ਸਿਖਲਾਈ ਦਿੱਤੀ ਜਾਂਦੀ ਹੈ ।

ਰੱਖਿਆ ਸੇਵਾਵਾਂ ਭਲਾਈ

124. ਇਹ ਵਿਭਾਗ ਪੰਜਾਬ ਦੇ ਸੇਵਾ ਕਰ ਰਹੇ ਤਕਰੀਬਨ 2 ਲੱਖ ਰੱਖਿਆ ਕਰਮਚਾਰੀਆਂ ਅਤੇ 6-7 ਲੱਖ ਸਾਬਕਾ ਫੌਜੀਆਂ ਦੀ ਭਲਾਈ ਦੀ ਦੇਖ-ਰੇਖ ਕਰਦਾ ਹੈ । ਰਾਜ ਸਰਕਾਰ ਨੇ ਫੌਜੀ ਭਗੌੜਿਆਂ ਦੇ ਗੁਜ਼ਾਰਾ ਭੱਤੇ ਦੀ ਰਕਮ 500/- ਰੁਪਏ ਮਾਸਿਕ ਤੋਂ ਵਧਾ ਕੇ 1500.00 ਰੁਪਏ ਮਾਸਿਕ ਅਤੇ ਅਜਿਹੇ ਵਿਅਕਤੀਆਂ ਦੀਆਂ ਵਿਧਵਾਵਾਂ ਲਈ ਭੱਤੇ ਦੀ ਰਕਮ 2,500.00 ਰੁਪਏ ਮਾਸਿਕ ਕਰ ਦਿੱਤੀ ਹੈ ।

125. ਸਾਲ 1998-99 ਦੌਰਾਨ 1,443 ਸਾਬਕਾ ਫੌਜੀਆਂ ਨੂੰ ਵੱਖ-ਵੱਖ ਸਰਕਾਰੀ/ ਅਰਧ-ਸਰਕਾਰੀ/ ਸਰਕਾਰੀ ਅਦਾਰਿਆਂ ਵਿੱਚ ਨੌਕਰੀ ਦਿੱਤੀ ਗਈ । ਮੁੜ ਨੌਕਰੀ ਤੇ ਲੱਗੇ ਸਾਬਕਾ ਫੌਜੀਆਂ ਦੀਆਂ ਪਤਨੀਆਂ, ਪੁੱਤਰਾਂ, ਧੀਆਂ (ਵਿਆਹਿਆਂ/ਅਣ-ਵਿਆਹੀਆਂ/ ਤਲਾਕਸ਼ੁਦਾ/ਵਿਧਵਾਵਾਂ) ਸਬੰਧੀ ਸਰਕਾਰੀ ਨੌਕਰੀ ਵਿੱਚ ਰਾਖਵੇਂਕਰਣ ਦੀ ਸਹੂਲਤ ਦਿੱਤੀ ਗਈ ਹੈ । ਇਸ ਤੋਂ ਪਹਿਲਾਂ ਇਹ ਲਾਭ ਬੇਰੋਜ਼ਗਾਰ ਸਾਬਕਾ ਫੌਜੀਆਂ ਦੇ ਸਿਰਫ ਇੱਕ ਬੱਚੇ ਨੂੰ ਹੀ ਦਿੱਤਾ ਜਾਂਦਾ ਸੀ ।

126. ਸਰਕਾਰ ਨੇ ਜ਼ਿਲ੍ਹਾ ਪੱਧਰ ਉਤੇ 100 ਜਾਂ ਇਸ ਤੋਂ ਵੱਧ ਬਿਸਤਰਿਆਂ ਦੀ ਗਿਣਤੀ ਵਾਲੇ ਸਿਵਲ ਹਸਪਤਾਲਾਂ ਵਿੱਚ ਸਾਬਕਾ ਫੌਜੀਆਂ/ਉਨ੍ਹਾਂ ਦੀਆਂ ਵਿਧਵਾਵਾਂ ਅਤੇ ਉਨ੍ਹਾਂ ਦੇ ਆਸ਼੍ਰਿਤਾਂ ਲਈ 5 ਬਿਸਤਰੇ ਰਾਖਵੇਂ ਰੱਖੇ ਹੋਏ ਹਨ ।

[ਸ੍ਰੀ ਸਪੀਕਰ]

127. ਸਾਬਕਾ ਫੌਜੀਆਂ ਦੇ ਬੱਚਿਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਸਰਕਾਰੀ ਨੌਕਰੀ ਲੈਣ ਦੇ ਯੋਗ ਬਣਾਉਣ ਲਈ ਹੇਠਾਂ ਲਿਖੇ ਕੋਰਸਾਂ ਵਿੱਚ ਮੁਫਤ ਸਿਖਲਾਈ ਦਿੱਤੀ ਜਾ ਰਹੀ ਹੈ :—

(ੳ) ਸਾਬਕਾ ਫੌਜੀਆਂ ਦੇ ਨਾਬਾਲਗ ਬੱਚਿਆਂ ਲਈ ਹਥਿਆਰ-ਬੰਦ ਫੌਜਾਂ/ਨੀਮ-ਫੌਜੀ ਬਲਾਂ ਵਿੱਚ ਭਰਤੀ ਤੋਂ ਪਹਿਲਾਂ ਦਾਖਲੇ ਵਿੱਚ ਸਿਖਲਾਈ ।

(ਅ) ਪੰਜਾਬੀ ਸਟੈਨੋਗ੍ਰਾਫੀ/ਟਾਈਪਿੰਗ ਸਿਖਲਾਈ ।

(ੲ) ਕੰਪਿਊਟਰ ਕੋਰਸ ।

ਪੰਜਾਬ ਸੈਨਿਕ ਭਵਨ ਡਾਇਰੈਕਟੋਰੇਟ ਜੋ 88.00 ਲੱਖ ਰੁਪਏ ਦੀ ਲਾਗਤ ਨਾਲ ਚੰਡੀਗੜ੍ਹ ਵਿਖੇ ਸੈਕਟਰ 21-ਡੀ ਵਿੱਚ ਬਣਾਇਆ ਗਿਆ ਹੈ, ਸੈਨਿਕ ਭਲਾਈ ਪੰਜਾਬ ਦੇ ਦਫਤਰ ਲਈ ਥਾਂ ਤੋਂ ਇਲਾਵਾ ਸਾਬਕਾ ਫੌਜੀਆਂ ਅਤੇ ਸੇਵਾ ਕਰ ਰਹੇ ਰੱਖਿਆ ਕਰਮਚਾਰੀਆਂ ਦੇ ਰਹਿਣ ਲਈ ਸਹੂਲਤ ਮੁਹੱਈਆ ਕਰਦਾ ਹੈ । ਲੁਧਿਆਣਾ ਵਿਖੇ ਪੰਜਾਬ ਜੰਗੀ ਅਜਾਇਬ ਘਰ ਜੋ 1.97 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਇਆ ਹੈ, ਵੀ ਆਮ ਪਬਲਿਕ ਲਈ ਜਲਦੀ ਹੀ ਖੋਲ੍ਹ ਦਿੱਤਾ ਜਾਵੇਗਾ ।

128. ਪੰਜਾਬ ਸਾਬਕਾ ਫੌਜੀ ਕਾਰਪੋਰੇਸ਼ਨ ਨੇ ਸਾਲ 1997-98 ਦੌਰਾਨ ਲਗਭਗ 2000 ਸਾਬਕਾ ਫੌਜੀਆਂ ਨੂੰ ਸਰਕਾਰੀ ਗੈਰ-ਸਰਕਾਰੀ ਸੈਕਟਰ ਦੇ ਅਦਾਰਿਆਂ ਵਿੱਚ ਨੌਕਰੀ ਮੁਹੱਈਆ ਕਰਨ ਤੋਂ ਇਲਾਵਾ 823 ਸਾਬਕਾ ਫੌਜੀਆਂ ਨੂੰ 3 ਕਰੋੜ ਰੁਪਏ ਵੱਖੋ-ਵੱਖ ਕਰਜ਼ਾ ਸਕੀਮਾਂ ਅਧੀਨ ਮੁਹੱਈਆ ਕੀਤੇ ਹਨ । ਮੁਹਾਲੀ ਵਿਖੇ ਸਿਲਾਈ ਕੇਂਦਰ ਨੇ 12.40 ਕਰੋੜ ਅਤੇ 7.50 ਕਰੋੜ ਰੁਪਏ ਦੇ ਸਪਲਾਈ ਆਰਡਰ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਤੋਂ ਪ੍ਰਾਪਤ ਕੀਤੇ ਹਨ । ਇਸ ਸਾਲ ਦੌਰਾਨ ਕਾਰਪੋਰੇਸ਼ਨ ਦਾ ਦਫਤਰ ਚੰਡੀਗੜ੍ਹ ਵਿੱਚ ਆਪਣੀ ਨਵੀਂ ਬਣਾਈ ਬਿਲਡਿੰਗ ਵਿੱਚ ਪੱਕੇ ਤੌਰ ਤੇ ਸ਼ਿਫਟ ਹੋ ਜਾਵੇਗਾ ।

ਰਾਹਤ ਅਤੇ ਪੁਨਰ ਸਥਾਪਨ

129. ਪੰਜਾਬ ਸਰਕਾਰ ਉਨ੍ਹਾਂ ਨਿਆਸਰੇ ਅਤੇ ਲੋੜਵੰਦ ਵਿਅਕਤੀਆਂ ਨੂੰ, ਜੋ 1984 ਵਿੱਚ ਦੰਗਿਆਂ ਦੇ ਸ਼ਿਕਾਰ ਹੋਏ ਅਤੇ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਨੇ ਰਾਜ ਵਿੱਚ ਦਹਿਸ਼ਤਵਾਦੀ ਹਿੰਸਾ ਦੌਰਾਨ ਨੁਕਸਾਨ ਉਠਾਇਆ, ਰਾਹਤ ਮੁਹੱਈਆ ਕਰਦੀ ਹੈ । ਵਿਭਾਗ ਦਾ ਉਦੇਸ਼ ਉਨ੍ਹਾਂ ਨੂੰ ਐਕਸ-ਗ੍ਰੇਸ਼ੀਆ ਗ੍ਰਾਂਟ, ਨਿਰਬਾਹ ਭੱਤਾ, ਵਿਆਹ ਗ੍ਰਾਂਟ, ਮੁਫਤ ਸਿੱਖਿਆ, ਰੋਜ਼ਗਾਰ, ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿੱਚ ਮੁਫਤ ਸਫਰ ਸਹੂਲਤ ਅਤੇ ਆਮਦਨ ਪੈਦਾ ਕਰਨ ਵਾਲੇ ਧੰਦੇ ਸ਼ੁਰੂ ਕਰਵਾਉਣ ਲਈ ਕਰਜ਼ੇ ਆਦਿ ਦਿਵਾਉਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਕੇ ਉਨ੍ਹਾਂ ਦਾ ਪੁਨਰ-ਵਸੇਬਾ ਕਰਾਉਣਾ ਹੈ । ਇਸ ਤੋਂ ਇਲਾਵਾ, ਜੰਮੂ-ਕਸ਼ਮੀਰ ਪ੍ਰਵਾਸੀਆਂ ਅਤੇ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਾਹਤ/ਸਹਾਇਤਾ ਆਦਿ ਵੀ ਦਿੱਤੀ ਜਾਂਦੀ ਹੈ । ਰਾਜ ਸਰਕਾਰ ਨੇ ਹਾਲ ਵਿੱਚ ਹੀ ਨਵੰਬਰ, 1984 ਦੇ

ਦੰਗਿਆਂ ਦਾ ਸ਼ਿਕਾਰ ਹੋਏ ਵਿਅਕਤੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਲਈ ਗੁਜ਼ਾਰਾ ਭੱਤੇ ਦੀ ਰਕਮ 1500/- ਰੁਪਏ ਤੋਂ ਵਧਾ ਕੇ 2500/- ਰੁਪਏ ਅਤੇ ਉਨ੍ਹਾਂ ਵਿਅਕਤੀਆਂ ਲਈ ਜਿਹੜੇ 100% ਸਦਾਈ ਨਾਕਾਰਾ ਹੋ ਗਏ ਹਨ, ਇਹ ਰਕਮ 1000/- ਰੁਪਏ ਤੋਂ ਵਧਾ ਕੇ 2500/- ਰੁਪਏ ਕਰ ਦਿੱਤੀ ਹੈ। ਦਹਿਸ਼ਤਵਾਦ ਕਾਰਣ ਸ਼ਿਕਾਰ ਵਿਅਕਤੀਆਂ ਦੇ ਮਾਪਿਆਂ ਲਈ ਅਤੇ ਨਵੰਬਰ, 1984 ਦੇ ਦੰਗਿਆਂ ਦੇ ਪੀੜਤ ਵਿਅਕਤੀਆਂ ਦੇ ਮਾਪਿਆਂ ਲਈ ਗੁਜ਼ਾਰਾ ਭੱਤੇ ਦੀ ਰਕਮ ਵੀ 300/- ਰੁਪਏ ਤੋਂ ਵਧਾ ਕੇ 750/- ਰੁਪਏ ਕਰ ਦਿੱਤੀ ਗਈ ਹੈ। ਇਹ ਰਕਮ ਵਿਧਵਾਵਾਂ, ਯਤੀਮਾਂ ਅਤੇ ਮੁਹਤਾਜਾਂ ਨੂੰ ਦਿੱਤੇ ਜਾਂਦੇ ਗੁਜ਼ਾਰਾ ਭੱਤੇ ਤੋਂ ਇਲਾਵਾ ਹੈ। ਰਾਜ ਵਿੱਚ ਦਹਿਸ਼ਤਵਾਦੀ ਹਿੰਸਾ ਦੌਰਾਨ ਮਾਰੇ ਗਏ ਵਿਅਕਤੀਆਂ ਦੀਆਂ ਧੀਆਂ ਜਾਂ ਆਸ਼ਰਿਤ ਭੈਣਾਂ ਦੇ ਵਿਆਹ ਸਮੇਂ 2500.00 ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦਿੱਤੀ ਜਾਂਦੀ ਹੈ। ਦਹਿਸ਼ਤਗਰਦਾਂ ਦੁਆਰਾ ਮਾਰੇ ਗਏ ਬੇਕਸੂਰ ਸ਼ਹਿਰੀਆਂ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਕ੍ਰਮਵਾਰ 300/- ਰੁਪਏ ਅਤੇ 500/- ਰੁਪਏ ਪ੍ਰਤੀ ਮਹੀਨਾ ਐਕਸ-ਗ੍ਰੇਸ਼ੀਆ ਰਕਮ ਦਿੱਤੀ ਜਾਂਦੀ ਹੈ ਜਦੋਂ ਕਿ ਛੋਟੇ ਯਤੀਮ ਬੱਚਿਆਂ ਨੂੰ 1000/- ਰੁਪਏ ਪ੍ਰਤੀ ਮਹੀਨਾ ਰਕਮ ਦਿੱਤੀ ਜਾਂਦੀ ਹੈ। ਦਹਿਸ਼ਤਵਾਦੀ ਹਿੰਸਾ ਦੌਰਾਨ ਮਾਰੇ ਗਏ ਬੇਕਸੂਰ ਸ਼ਹਿਰੀਆਂ ਦੇ ਲਗਭਗ 11,000 ਪਰਿਵਾਰਾਂ ਨੂੰ ਐਕਸ-ਗ੍ਰੇਸ਼ੀਆ ਗ੍ਰਾਂਟ ਦਿੱਤੀ ਗਈ ਹੈ। 9000 ਵਿਧਵਾਵਾਂ/ਆਸ਼ਰਿਤ ਮਾਪਿਆਂ, ਸਥਾਈ ਤੌਰ ਤੇ ਅਪੰਗ ਵਿਅਕਤੀਆਂ ਨੂੰ 2,500.00 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਨਿਰਬਾਹ ਭੱਤਾ ਦਿੱਤਾ ਜਾਂਦਾ ਹੈ ਜਦੋਂ ਕਿ ਜੰਮੂ ਅਤੇ ਕਸ਼ਮੀਰ ਦੇ 354 ਪ੍ਰਵਾਸੀਆਂ ਨੂੰ 460/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਰਸਦ-ਰਕਮ ਦਿੱਤੀ ਜਾਂਦੀ ਹੈ।

130. ਸਰਕਾਰ ਦਹਿਸ਼ਤਵਾਦੀ ਹਿੰਸਾ ਤੋਂ ਪ੍ਰਭਾਵਿਤ ਵਿਅਕਤੀਆਂ ਜਾਂ 1984 ਦੇ ਦੰਗਿਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਜਾਂ ਵੱਸ ਤੋਂ ਬਾਹਰੇ ਸਮਾਜਿਕ-ਆਰਥਿਕ ਕਾਰਣਾਂ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਸਮਾਜ-ਆਰਥਿਕ ਵਿਕਾਸ ਲਈ ਹਰ ਸੰਭਵ ਸਹਾਇਤਾ ਕਰਨ ਲਈ ਵਚਨਬੱਧ ਹੈ।

ਸੁਤੰਤਰਤਾ ਸੰਗਰਾਮੀਆਂ ਦੀ ਭਲਾਈ

131. ਰਾਜ ਸਰਕਾਰ ਸੁਤੰਤਰਤਾ ਸੰਗ੍ਰਾਮੀਆਂ ਦਾ ਬਹੁਤ ਸਤਿਕਾਰ ਕਰਦੀ ਹੈ ਅਤੇ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਬੱਚਿਆਂ ਦੀ ਭਲਾਈ ਨੂੰ ਵਿਸ਼ੇਸ਼ ਮਹੱਤਵ ਦਿੰਦੀ ਹੈ। ਅਗਸਤ, 1997 ਤੋਂ ਉਨ੍ਹਾਂ ਦੀ ਸੈਨਿਕ ਸਨਮਾਨ ਪੈਨਸ਼ਨ 1,100 ਰੁਪਏ ਤੋਂ ਵਧਾ ਕੇ 1,500 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਨੂੰ ਵਜ਼ੀਫਿਆਂ, ਹੋਸਟਲ ਫੀਸਾਂ ਅਤੇ ਕਿਤਾਬਾਂ ਖਰੀਦਣ ਲਈ ਸਹਾਇਤਾ ਆਦਿ ਦੇ ਰੂਪ ਵਿੱਚ ਵੱਖ-ਵੱਖ ਸਹੂਲਤਾਂ ਵੀ ਦਿੰਦੀ ਹੈ। ਗਜ਼ਟਿਡ ਆਸਾਮੀਆਂ ਵਿੱਚ ਦੋ ਫੀਸਦੀ ਅਤੇ ਨਾਨ-ਗਜ਼ਟਿਡ ਆਸਾਮੀਆਂ ਵਿੱਚ ਇੱਕ ਫੀਸਦੀ ਦੇ ਰਾਖਵੇਂਕਰਨ ਤੋਂ ਇਲਾਵਾ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਲਈ ਸਰਕਾਰੀ ਸਿੱਖਿਆ ਅਤੇ ਤਕਨੀਕੀ ਸੰਸਥਾਵਾਂ ਵਿੱਚ ਵੱਖ-ਵੱਖ ਕੋਰਸਾਂ ਲਈ 2 ਫੀਸਦੀ ਸੀਟਾਂ ਰਾਖਵੀਆਂ ਹਨ। ਇਸੇ ਤਰ੍ਹਾਂ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਵਲੋਂ ਵੀ ਪਲਾਟਾਂ ਅਤੇ ਘਰਾਂ ਦੀ ਅਲਾਟਮੈਂਟ ਲਈ 2% ਰਾਖਵੇਂਕਰਨ ਦਾ ਪ੍ਰਬੰਧ ਹੈ। ਬਿਰਧ ਸੁਤੰਤਰਤਾ ਸੰਗ੍ਰਾਮੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਰਾਜ ਸਰਕਾਰ ਦੀਆਂ ਬੱਸਾਂ ਵਿੱਚ ਮੁਫ਼ਤ ਸਫ਼ਰ ਸਹੂਲਤ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਉਨ੍ਹਾਂ ਦੇ ਪੁੱਤਰ/ਪੁੱਤਰੀਆਂ ਦੇ ਵਿਆਹ ਸਮੇਂ 10,000 ਰੁਪਏ ਦੀ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ।

[ਸ਼੍ਰੀ ਸਪੀਕਰ]

ਪੈਨਸ਼ਨਾਂ ਅਤੇ ਪੈਨਸ਼ਨਰਾਂ ਦੀ ਭਲਾਈ

132. ਵਿਭਾਗ ਪੈਨਸ਼ਨਰਾਂ ਲਈ ਰਿਟਾਇਰਮੈਂਟ ਲਾਭਾਂ ਦੀ ਅਦਾਇਗੀ ਦੇ ਸਬੰਧ ਵਿੱਚ ਨੀਤੀ ਨੂੰ ਤੁਰੰਤ ਅਤੇ ਪ੍ਰਭਾਵਕਾਰੀ ਢੰਗ ਨਾਲ ਲਾਗੂ ਕਰਨ ਦਾ ਯਤਨ ਕਰਦਾ ਹੈ ਅਤੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਤੇ ਗੌਰ ਕਰਦਾ ਹੈ । ਇੱਕ ਸਾਲ ਦੇ ਸਮੇਂ ਵਿਚਕਾਰ ਰਿਟਾਇਰ ਹੋ ਰਹੇ ਕਰਮਚਾਰੀਆਂ ਦੇ ਪੈਨਸ਼ਨ ਕੇਸਾਂ ਦੀ ਪ੍ਰਗਤੀ ਦੀ ਪੜਤਾਲ ਕੀਤੀ ਜਾਂਦੀ ਹੈ । ਪੈਨਸ਼ਨ ਲਈ ਪੈਂਡਿੰਗ ਕੇਸਾਂ ਦੇ ਛੇਤੀ ਨਿਪਟਾਰੇ ਲਈ ਅਤੇ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਸਮੇਂ-ਸਮੇਂ ਤੇ ਵੱਖ-ਵੱਖ ਪੱਧਰਾਂ ਉਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ । ਇਸ ਵਿਭਾਗ ਦੇ ਯਤਨਾਂ ਨਾਲ ਪੈਨਸ਼ਨ ਦੇ ਅਨੇਕਾਂ ਪੈਂਡਿੰਗ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਹੈ ।

133. ਚੌਥੇ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਉਤੇ 1 ਜਨਵਰੀ, 1996 ਤੋਂ ਪੈਨਸ਼ਨਾਂ/ਪਰਿਵਾਰਕ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਵਿੱਚ ਸੋਧ ਕੀਤੀ ਗਈ ਹੈ ।

ਸਾਇੰਸ, ਤਕਨਾਲੋਜੀ, ਵਾਤਾਵਰਣ ਅਤੇ ਗੈਰ ਰਵਾਇਤੀ ਊਰਜਾ

134. ਮੇਰੀ ਸਰਕਾਰ ਰਾਜ ਵਿੱਚ ਜਲ ਅਤੇ ਹਵਾ ਸਬੰਧੀ ਪ੍ਰਦੂਸ਼ਣ ਨੂੰ ਰੋਕਣ, ਕੰਟਰੋਲ ਕਰਨ ਅਤੇ ਘੱਟ ਕਰਨ ਲਈ ਵਚਨਬੱਧ ਹੈ । ਪਿਛਲੇ ਸਾਲ ਦੌਰਾਨ, ਪੰਜਾਬ ਪ੍ਰਦੂਸ਼ਣ ਨਿਯੰਤ੍ਰਣ ਬੋਰਡ ਦੁਆਰਾ ਐਫਲੂਮੈਂਟ ਟਰੀਟਮੈਂਟ ਵਾਲੇ 300 ਪਲਾਂਟ ਅਤੇ 248 ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਲਗਾਏ ਗਏ ਸਨ । ਜਿਹਨਾਂ ਉਦਯੋਗਾਂ ਦੁਆਰਾ ਪ੍ਰਦੂਸ਼ਣ ਰੋਕਥਾਮ ਯੰਤਰ ਅਜੇ ਤੱਕ ਸਥਾਪਤ ਨਹੀਂ ਕੀਤੇ ਗਏ, ਉਹਨਾਂ ਦੁਆਰਾ ਇਹਨਾਂ ਨੂੰ ਸਾਲ 2001 ਤੱਕ ਸਥਾਪਤ ਕਰਨ ਲਈ, ਸਥਾਨਕ ਅਦਾਰਿਆਂ ਦੁਆਰਾ ਗੰਦੇ ਪਾਣੀ ਦੇ ਨਿਕਾਸ ਦੇ ਸਾਧਨਾਂ ਲਈ ਸਾਲ 2010 ਤੱਕ ਰਿਹਾਇਸ਼ੀ ਸਥਾਨਾਂ ਵਿੱਚੋਂ ਉਦਯੋਗਾਂ ਨੂੰ 3 ਤੋਂ 5 ਸਾਲਾਂ ਦੇ ਸਮੇਂ ਅੰਦਰ ਹਟਾ ਕੇ ਬਦਲਵੇਂ ਸਥਾਨ ਪ੍ਰਦਾਨ ਕਰਨ ਲਈ ਅਤੇ ਰਾਜ ਵਿੱਚ ਨਦੀਆਂ ਅਤੇ ਨਾਲਿਆਂ ਦੇ ਪ੍ਰਦੂਸ਼ਣ ਸਬੰਧੀ ਰੋਕਥਾਮ ਲਈ ਇੱਕ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ ।

135. ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੇ ਦਿਹਾਤੀ ਊਰਜਾ ਸੰਗਠਿਤ ਪ੍ਰੋਗਰਾਮ ਅਧੀਨ 40 ਬਲਾਕਾਂ ਨੂੰ ਲਿਆ ਹੈ । ਇਸ ਪ੍ਰੋਗਰਾਮ ਅਧੀਨ ਗਲੀਆਂ ਵਿੱਚ ਸੋਲਰ ਫੋਟੋਵੋਲਟਿਕ ਤਕਨੀਕ ਆਧਾਰ ਉਤੇ ਰੋਸ਼ਨੀ ਪ੍ਰਬੰਧ ਕਰਨਾ, ਜਲ ਨਿਕਾਸ ਪ੍ਰਣਾਲੀ, ਘਰੇਲੂ ਰੋਸ਼ਨੀ ਪ੍ਰਣਾਲੀ ਅਤੇ ਸੋਲਰ ਲੈਟਰਿਨਾਂ ਆਦਿ ਬਣਾਉਣ ਦਾ ਵਿਚਾਰ ਹੈ । ਪੇਡਾ 8 ਛੋਟੇ ਹਾਈਡਲ ਪਾਵਰ ਪ੍ਰਾਜੈਕਟ ਸਥਾਪਿਤ ਕਰ ਰਹੀ ਹੈ ਅਤੇ ਮਿੰਨੀ ਹਾਈਡਲ ਪ੍ਰਾਜੈਕਟਾਂ ਨੂੰ ਕਾਇਮ ਕਰਨ ਲਈ ਪ੍ਰਾਈਵੇਟ ਵਿਕਾਸ ਕਰਤਾਵਾਂ ਲਈ ਅਲਾਟਮੈਂਟ ਵਾਸਤੇ 150 ਥਾਵਾਂ ਦੀ ਸ਼ਨਾਖਤ ਕੀਤੀ ਹੈ । ਇਨ੍ਹਾਂ ਪ੍ਰਾਜੈਕਟਾਂ ਦੁਆਰਾ ਅੰਦਾਜ਼ਨ 120 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸੰਭਾਵਨਾ ਹੈ । ਪੇਡਾ ਖੇਤੀਬਾੜੀ, ਸਿਹਤ-ਸੰਭਾਲ ਅਤੇ ਵਾਤਾਵਰਣ ਦੇ ਖੇਤਰਾਂ ਉਤੇ ਵਿਸ਼ੇਸ਼ ਜ਼ੋਰ ਦੇਣ ਹਿਤ ਬਾਇਓ ਤਕਨਾਲੋਜੀ ਲਈ ਇੱਕ ਵਿਸ਼ੇਸ਼ ਕੇਂਦਰ ਸਥਾਪਿਤ ਕਰਨ ਵਿੱਚ ਵੀ ਲੱਗੀ ਹੋਈ ਹੈ । ਇਹ ਪ੍ਰਾਜੈਕਟ ਜਲੰਧਰ-ਕਪੂਰਥਲਾ ਸੜਕ ਉਤੇ ਸਥਿਤ ਜਗ੍ਹਾ ਤੇ ਭਾਰਤ ਸਰਕਾਰ ਦੁਆਰਾ 48 ਕਰੋੜ ਰੁਪਏ ਦੀ ਲਾਗਤ ਨਾਲ ਲਗਾਇਆ ਜਾ ਰਿਹਾ ਹੈ ।

136. ਪੰਜਾਬ ਰਾਜ ਕੌਂਸਲ, ਸਾਇੰਸ ਅਤੇ ਤਕਨਾਲੋਜੀ ਲਈ ਭਾਰਤ ਸਰਕਾਰ ਦੁਆਰਾ 70.00 ਕਰੋੜ ਰੁਪਏ ਦੀ ਲਾਗਤ ਮੁਹੱਈਆ ਕਰਕੇ ਜਲੰਧਰ-ਕਪੂਰਥਲਾ ਸੜਕ ਉੱਤੇ ਸਾਇੰਸ ਸ਼ਹਿਰ ਸਥਾਪਤ ਕਰਨ ਵਿੱਚ ਲੱਗੀ ਹੋਈ ਹੈ । ਇਹ ਇੱਟਾਂ ਦੇ ਭੱਠਿਆਂ, ਚਾਵਲ ਸ਼ੈਲਰਾਂ, ਇੰਡਕਸ਼ਨ ਭੱਠੀਆਂ, ਕਤਾਈ ਮਿੱਲਾਂ ਲਈ ਲਾਗੂ ਘੱਟ ਕੀਮਤ ਤੇ ਪ੍ਰਦੂਸ਼ਣ ਰੋਕਥਾਮ ਪ੍ਰਣਾਲੀ ਸਬੰਧੀ ਸਲਾਹਕਾਰੀ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ ਅਤੇ ਭਾਰਤ ਲਘੂ ਉਦਯੋਗ ਵਿਕਾਸ ਬੈਂਕ ਦੁਆਰਾ ਪ੍ਰਯੋਜਿਤ ਅਧੀਨ ਕੀਤੇ ਗਏ ਉਦਯੋਗ ਦੀਆਂ ਦਸ ਵੱਖ-ਵੱਖ ਸ਼੍ਰੇਣੀਆਂ ਵਿੱਚ 14 ਪ੍ਰਦਰਸ਼ਨ ਪਲਾਂਟ ਸਥਾਪਿਤ ਕੀਤੇ ਗਏ ਹਨ । ਕੌਂਸਲ ਨੇ ਉਸਾਰੀ ਵਿਭਾਗਾਂ ਲਈ ਆਪਣੇ ਵਿਸ਼ਲੇਸ਼ਣ ਅਤੇ ਵਿਸ਼ੇਸ਼-ਵਿਵਰਣ ਦੇ ਦਰਾਂ ਦੀ ਸਾਂਝੀ ਅਨੁਸੂਚੀ ਨੂੰ ਕੰਪਿਊਟਰੀਕਰਣ ਲਈ ਸਾਫਟਵੇਅਰ ਪੈਕੇਜ ਦਾ ਵਿਕਾਸ ਕੀਤਾ ਹੈ ।

ਸ਼ਹਿਰੀ ਹਵਾਬਾਜ਼ੀ

137. ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਰਾਜ ਦੀ ਆਪਣੀ ਇੱਕ ਫੇਰੀ ਦੌਰਾਨ ਰਾਜਾ-ਸਾਂਸੀ ਹਵਾਈ ਅੱਡੇ ਦਾ ਦਰਜਾ ਵਧਾ ਕੇ ਉਸ ਨੂੰ ਅੰਤਰ-ਰਾਸ਼ਟਰੀ ਹਵਾਈ-ਅੱਡਾ ਬਣਾਉਣ ਦਾ ਐਲਾਨ ਕੀਤਾ ਸੀ । ਪੰਜਾਬ ਸਰਕਾਰ ਨੇ ਭਾਰਤੀ ਹਵਾਈ-ਅੱਡਾ ਅਥਾਰਟੀ ਨੂੰ ਇਸ ਸਬੰਧ ਵਿੱਚ ਮੁਫਤ ਜ਼ਮੀਨ ਦਿੱਤੀ ਹੈ । ਜਿਨ੍ਹਾਂ ਜ਼ਮੀਨ-ਮਾਲਕਾਂ ਦੀ ਜ਼ਮੀਨ ਇਸ ਸਬੰਧ ਵਿੱਚ ਪ੍ਰਾਪਤ ਕੀਤੀ ਗਈ ਹੈ, ਉਨ੍ਹਾਂ ਨੂੰ ਜ਼ਮੀਨ ਦੀ ਕੀਮਤ ਪੰਜਾਬ ਸਰਕਾਰ ਵੱਲੋਂ ਅਦਾ ਕੀਤੀ ਗਈ ਹੈ । ਹਵਾਈ ਅੱਡੇ ਦੀ ਪੱਟੜੀ ਅਤੇ ਹੋਰ ਦੂਜੀਆਂ ਸਹੂਲਤਾਂ ਸਬੰਧੀ ਨਿਰਮਾਣ ਕਾਰਜ ਜਾਰੀ ਹਨ ।

138. ਰਾਜ ਵਿਚਲੇ ਸਾਰੇ ਸ਼ਹਿਰੀ ਹਵਾਬਾਜ਼ੀ ਕਲੱਬਾਂ ਅਤੇ ਸਰਕਾਰੀ ਹਵਾਈ-ਇੰਜਣ ਮੁਰੰਮਤ ਵਰਕਸ਼ਾਪ ਪਟਿਆਲਾ ਸਮੇਤ ਏਅਰਕ੍ਰਾਫਟ ਸੰਭਾਲ ਇੰਜੀਨੀਅਰਿੰਗ ਕਾਲਜ ਨੂੰ ਇੱਕ ਇਮਾਰਤ ਹੇਠ ਇਕੱਠੇ ਕਰਕੇ "ਪੰਜਾਬ ਸ਼ਹਿਰੀ ਹਵਾਬਾਜ਼ੀ ਅਥਾਰਟੀ" ਦੀ ਸਥਾਪਨਾ ਕੀਤੀ ਗਈ ਹੈ । ਇਹ ਅਥਾਰਟੀ ਪਾਇਲਟਾਂ/ਗਰਾਊਂਡ ਸਟਾਫ/ਕੈਬਿਨ ਕਰਿਊ ਅਤੇ ਹਵਾਈ ਜ਼ਹਾਜ਼ ਸੰਭਾਲ ਇੰਜੀਨੀਅਰਾਂ ਨੂੰ ਸਿਖਲਾਈ ਦੇਣ ਲਈ ਨੀਤੀ ਨਿਰਧਾਰਤ ਕਰੇਗੀ । ਇਸ ਅਥਾਰਟੀ ਨੂੰ ਹਵਾਬਾਜ਼ੀ ਗਤੀਵਿਧੀਆਂ ਦੇ ਵਿਕਾਸ ਲਈ ਫੰਡ ਜੁਟਾਉਣ ਦਾ ਇਖ਼ਤਿਆਰ ਵੀ ਦਿੱਤਾ ਗਿਆ ਹੈ ।

ਸ਼ਿਕਾਇਤਾਂ

139. ਸ਼ਿਕਾਇਤ ਨਿਵਾਰਣ ਮਸ਼ੀਨਰੀ ਨੂੰ ਵਧੇਰੇ ਪ੍ਰਭਾਵਕਾਰੀ ਅਤੇ ਜ਼ਿੰਮੇਵਾਰ ਬਣਾਉਣ ਲਈ ਜ਼ਿਲ੍ਹਾ ਸ਼ਿਕਾਇਤ ਕਮੇਟੀਆਂ ਦਾ ਪੁਨਰ-ਗਠਨ ਕੀਤਾ ਗਿਆ ਹੈ ; ਇਨ੍ਹਾਂ ਕਮੇਟੀਆਂ ਵਿੱਚ ਸਾਰੇ ਮਨਜ਼ੂਰ ਸ਼ੁਦਾ ਰਾਜਨੀਤਕ ਦਲਾਂ ਅਤੇ ਸਮਾਜ ਦੇ ਵੱਖ-ਵੱਖ ਤਬਕਿਆਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ । ਉਪ-ਮੰਡਲੀ ਸ਼ਿਕਾਇਤ ਕਮੇਟੀਆਂ ਦਾ ਪੁਨਰਗਠਨ ਵੀ ਇਸੇ ਅਧਾਰ ਉੱਤੇ ਕੀਤਾ ਜਾ ਰਿਹਾ ਹੈ । ਜ਼ਿਲ੍ਹਾ ਪੱਧਰ ਤੇ ਜਨਤਾ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਅਤੇ ਰਾਜ ਸਦਰ ਮੁਕਾਮਾਂ ਤੇ ਵੱਖ-ਵੱਖ ਵਿਭਾਗਾਂ ਵਿੱਚ ਸ਼ਿਕਾਇਤਾਂ ਨੂੰ ਦੂਰ ਕਰਨ ਲਈ ਮਾਸਕ ਅਤੇ ਤਿਮਾਹੀ ਅਧਾਰ ਉੱਤੇ ਜਾਂਚ ਪੜਤਾਲ ਕੀਤੀ ਜਾਂਦੀ ਹੈ ।

[ਸ਼੍ਰੀ ਸਪੀਕਰ]

ਚੌਕਸੀ

140. ਮੌਜੂਦਾ ਸਰਕਾਰ, ਸਰਕਾਰੀ ਕਰਮਚਾਰੀਆਂ ਅਤੇ ਲੋਕ-ਪ੍ਰਤਿਨਿਧਾਂ ਵਲੋਂ ਕੀਤੀ ਜਾਣ ਵਾਲੀ ਰਿਸ਼ਵਤਖੋਰੀ ਨੂੰ ਜੜ੍ਹੋਂ ਹੀ ਖਤਮ ਕਰਨ ਲਈ ਵਚਨਬੱਧ ਹੈ। ਫਰਵਰੀ, 1997 ਤੋਂ ਨਕਦ ਇਨਾਮ ਦੀ ਸਕੀਮ ਦਾ ਐਲਾਨ ਕੀਤਾ ਗਿਆ ਸੀ। ਅਜਿਹੇ ਵਿਅਕਤੀ ਨੂੰ ਜੋ ਕਲਾਸ-1 ਅਤੇ ਦੂਜੇ ਅਫਸਰਾਂ ਸਬੰਧੀ ਰਿਸ਼ਵਤਖੋਰੀ ਦੀ ਸੂਚਨਾ ਦਿੰਦਾ ਹੈ, ਕ੍ਰਮਵਾਰ 50,000 ਰੁਪਏ ਤੇ 25,000 ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਹੈ। ਸਾਲ 1998 ਦੌਰਾਨ (1 ਜਨਵਰੀ 1998 ਤੋਂ 31 ਦਸੰਬਰ, 1998 ਤੱਕ) 180 ਛਾਪੇ ਮਾਰੇ ਗਏ। 87 ਫੌਜਦਾਰੀ ਕੇਸ ਦਰਜ ਕੀਤੇ ਗਏ, 45 ਅਜਿਹੇ ਕੇਸ ਜਿਨ੍ਹਾਂ ਵਿੱਚ ਆਮਦਨ ਦੇ ਜਾਣਕਾਰ ਵਸੀਲਿਆਂ ਤੋਂ ਜ਼ਿਆਦਾ ਜਾਇਦਾਦ ਸੀ, ਰਜਿਸਟਰ ਕੀਤੇ ਗਏ ਹਨ। ਇਸ ਤੋਂ ਇਲਾਵਾ, 120 ਰੈਗੂਲਰ ਇਨਕੁਆਰੀਆਂ ਤੇ 100 ਮੁੱਢਲੀਆਂ ਇਨਕੁਆਰੀਆਂ ਵੀ ਰਜਿਸਟਰ ਕੀਤੀਆਂ ਜਾ ਚੁੱਕੀਆਂ ਹਨ।

141. ਲੋਕਪਾਲ ਦੀ ਸੰਸਥਾ ਦਾ ਗਠਨ ਰਿਸ਼ਵਤ ਹਟਾਉਣ ਲਈ ਕੀਤਾ ਗਿਆ ਅਤੇ ਇਸ ਨੂੰ 20 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਿਨ੍ਹਾਂ ਵਿਚੋਂ 4 ਕੇਸਾਂ ਦੀਆਂ ਰਿਪੋਰਟਾਂ ਸਮਰੱਥ ਅਥਾਰਟੀ ਨੂੰ ਭੇਜੀਆਂ ਗਈਆਂ ਹਨ। ਦੋ ਕੇਸ ਰੱਦ ਕੀਤੇ ਗਏ ਹਨ ਅਤੇ ਬਾਕੀ ਦੇ 14 ਕੇਸ ਵਿਚਾਰ ਅਧੀਨ ਹਨ।

ਭਵਨ ਨਿਰਮਾਣ

142. ਭਵਨ ਨਿਰਮਾਣ ਵਿਭਾਗ ਰਾਜ ਦੇ ਸਮੁੱਚੇ ਵਿਕਾਸ ਨੂੰ ਅਮਲੀ ਰੂਪ ਦੇ ਰਿਹਾ ਹੈ। ਫਾਸਟ ਫੂਡ ਕਾਊਂਟਰ, ਰੋਪੜ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਪਾਰਕ, ਰੋਪੜ ਉਸਾਰੀ ਅਧੀਨ ਹੈ। ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ, ਮਾਨਸਾ, ਮੁਕਤਸਰ ਅਤੇ ਲੁਧਿਆਣਾ ਵਿਖੇ ਜੁਡੀਸ਼ੀਅਲ ਕੰਪਲੈਕਸ ਅਤੇ ਆਨੰਦਪੁਰ ਸਾਹਿਬ ਵਿਖੇ ਪਾਲੀਟੈਕਨਿਕ ਸੰਸਥਾਵਾਂ ਮੁਹਾਲੀ, ਆਨੰਦਪੁਰ ਸਾਹਿਬ ਤੇ ਮੁਕੇਰੀਆਂ ਵਿਖੇ ਆਈ. ਟੀ. ਆਈਜ਼. ਅਤੇ ਮਲੋਟ ਇੰਸਟੀਚਿਊਸ਼ਨ ਆਫ਼ ਮੈਨੇਜਮੈਂਟ ਅਤੇ ਇਨਫਰਮੇਸ਼ਨ ਤਕਨਾਲੋਜੀ ਉਸਾਰੀ ਅਧੀਨ ਹਨ। ਮਾਨਸਾ ਅਤੇ ਗਿਦੜਬਾਹਾ ਵਿਖੇ ਸਰਕਾਰੀ ਕਾਲਜ ਵੀ ਉਸਾਰੀ ਅਧੀਨ ਹਨ। ਅੰਮ੍ਰਿਤਸਰ ਵਿਖੇ 200 ਬਿਸਤਰਿਆਂ ਵਾਲਾ ਅਤਿ ਵਿਸ਼ੇਸ਼ ਵਾਰਡ, ਮੁਕਤਸਰ ਵਿਖੇ 100 ਬਿਸਤਰਿਆਂ ਵਾਲਾ ਹਸਪਤਾਲ ਅਤੇ ਸਿਖਲਾਈ ਅਧੀਨ ਡਾਕਟਰਾਂ ਲਈ ਹੋਸਟਲ ਅਤੇ ਗੁਰੂ ਤੇਗ ਬਹਾਦਰ ਮੈਡੀਕਲ ਕਾਲਜ ਫਰੀਦਕੋਟ ਵਿਖੇ ਓ.ਪੀ.ਡੀ ਬਲਾਕ ਵੀ ਤਿਆਰੀ ਅਧੀਨ ਹਨ। ਆਨੰਦਪੁਰ ਸਾਹਿਬ ਵਿਖੇ ਖਾਲਸੇ ਦੇ ਜਨਮ ਦਿਵਸ ਸਬੰਧੀ ਤ੍ਰੈ-ਸ਼ਤਾਬਦੀ ਜਸ਼ਨਾਂ ਦੇ ਸਬੰਧ ਵਿਚ ਕਈ ਸਕੀਮਾਂ ਜਿਵੇਂ ਕਿ ਪ੍ਰਵੇਸ਼ ਦੁਆਰ, ਜੁਝਾਰੂ ਕਰਤਬ ਚਰਨ ਗੰਗਾ ਸਟੇਡੀਅਮ, ਬੱਸ ਅੱਡਾ, ਬੱਸ ਕਤਾਰ ਸ਼ੈਲਟਰ, ਸ਼ਾਪਿੰਗ ਸੈਂਟਰ, ਜਨਤਕ ਸਹੂਲਤਾਂ ਆਦਿ ਦੀਆਂ ਕਈ ਸਕੀਮਾਂ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ।

ਸੂਚਨਾ ਪ੍ਰਣਾਲੀਆਂ ਅਤੇ ਪ੍ਰਬੰਧਕੀ ਸੁਧਾਰ

143. ਪੰਜਾਬ ਸਰਕਾਰ ਲਈ ਸੂਚਨਾ ਤਕਨਾਲੋਜੀ ਇਕ ਪ੍ਰਮੁੱਖ ਤਰਜੀਹੀ ਖੇਤਰ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਇਸਦੀ ਪਹਿਲੀ ਗੱਲ ਇਹ ਹੈ ਕਿ ਇਹ ਸਰਕਾਰ

ਦੀ ਕਾਰਗੁਜ਼ਾਰੀ ਵਿਚ ਅਤਿ ਲੋੜੀਂਦੇ ਬੁਨਿਆਦੀ ਪਰਿਵਰਤਨ ਕਰਦੇ ਹੋਏ ਇਸ ਨੂੰ ਨਾਗਰਿਕਾਂ ਪ੍ਰਤੀ ਆਪਣੀ ਪ੍ਰਕਿਰਿਆਵਾਂ ਅਤੇ ਸੇਵਾਵਾਂ ਦੇ ਤਰੀਕਿਆਂ 'ਤੇ ਪੁਨਰ ਸਿਰਜਨਾ ਕਰਨ ਅਤੇ ਸੁਧਾਰ ਲਿਆਉਣ ਦੇ ਸਮਰੱਥ ਬਣਾ ਸਕਦਾ ਹੈ । ਜਿਸ ਨਾਲ ਸਰਕਾਰ ਦੇ ਕੰਮਕਾਜ ਵਿਚ ਵਧੇਰੇ ਕੁਸ਼ਲਤਾ, ਪਾਰਦਰਸ਼ਤਾ, ਉੱਤਰਦਾਇਤਾ ਅਤੇ ਯਥਾਰਕਤਾ ਆਵੇਗੀ ਜਿਸ ਕਾਰਣ "ਹਰ ਪੱਖੋਂ ਚੰਗੇਰੀ ਅਸਰਦਾਰ ਸਰਕਾਰ" ਦੇ ਉਦੇਸ਼ ਨੂੰ ਯਕੀਨੀ ਬਣਾਇਆ ਜਾਵੇਗਾ । ਦੂਸਰੀ ਗੱਲ ਇਹ ਹੈ ਕਿ ਇਸ ਨਾਲ ਵਧੇਰੇ ਰੋਜ਼ਗਾਰ ਅਤੇ ਨਿਰਯਾਤ ਆਮਦਨ ਪੈਦਾ ਕਰਦੇ ਹੋਏ ਪੰਜਾਬ ਦੀ ਅਰਥ ਵਿਵਸਥਾ ਵਿਚ ਅਣਕਿਆਸਿਆ ਸੁਧਾਰ ਲਿਆਉਣ ਵਿਚ ਸਹਾਇਤਾ ਮਿਲ ਸਕਦੀ ਹੈ ।

144. ਭਾਰਤ ਦੇ ਪ੍ਰਧਾਨ ਮੰਤਰੀ ਜੀ ਦੁਆਰਾ ਸਥਾਪਤ ਕੀਤੀ ਗਈ ਰਾਸ਼ਟਰੀ ਸੂਚਨਾ ਅਤੇ ਤਕਨਾਲੋਜੀ ਟਾਸਕ ਫੋਰਸ ਨੇ ਸਰਕਾਰੀ ਕਾਰਜ ਪ੍ਰਣਾਲੀ ਵਿਚ ਸੂਚਨਾ ਤਕਨਾਲੋਜੀ ਨੂੰ ਲਾਗੂ ਕਰਨ ਦੇ ਸਬੰਧ ਵਿਚ ਵਿਸਤਰਿਤ ਸਿਫਾਰਸ਼ਾਂ ਕੀਤੀਆਂ ਸਨ । ਇਨ੍ਹਾਂ ਸਿਫਾਰਸ਼ਾਂ ਨੂੰ ਰਾਜ ਸਰਕਾਰ ਨੇ ਸਵੀਕਾਰ ਕਰ ਲਿਆ ਹੈ ਅਤੇ ਪ੍ਰਬੰਧਕੀ ਵਿਭਾਗਾਂ ਨੂੰ ਕਿਹਾ ਗਿਆ ਹੈ ਕਿ ਉਹ ਇਸ ਨੂੰ ਲਾਗੂ ਕਰਨ ਲਈ ਪੰਜ ਸਾਲਾ ਕਾਰਜ ਯੋਜਨਾ ਬਣਾਉਣ ਅਤੇ ਸੂਚਨਾ ਤਕਨਾਲੋਜੀ ਪ੍ਰਾਜੈਕਟਾਂ ਲਈ ਯੋਜਨਾ ਬਜਟ ਵਿਚ 1 ਤੋਂ 3% ਤਕ ਫੰਡ ਮਖਸੂਸ ਕਰਨ । ਸਰਕਾਰ ਨੇ ਹੁਣੇ ਜਿਹੇ ਹੀ ਆਪਣੀ ਕਾਰਗੁਜ਼ਾਰੀ ਵਿਚ ਸੂਚਨਾ ਤਕਨਾਲੋਜੀ ਨੂੰ ਜਲਦੀ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸੂਚਨਾ ਪ੍ਰਣਾਲੀਆਂ ਅਤੇ ਪ੍ਰਬੰਧਕੀ ਸੁਧਾਰ ਨਾਂ ਦਾ ਇਕ ਨਵਾਂ ਵਿਭਾਗ ਸਥਾਪਤ ਕੀਤਾ ਹੈ ।

ਚੋਣਾਂ

145. ਵਿਭਾਗ ਨੇ ਪੰਜਾਬ ਰਾਜ ਚੋਣ ਕਮਿਸ਼ਨ ਕਾਨੂੰਨ 1994 ਅਨੁਸਾਰ ਪਹਿਲੀ ਵਾਰ 21 ਜੂਨ, 1998 ਨੂੰ ਰਾਜ ਵਿਚ ਗ੍ਰਾਮ ਪੰਚਾਇਤਾਂ ਦੀਆਂ ਸੁਤੰਤਰ ਅਤੇ ਨਿਰਪੱਖ ਆਮ ਚੋਣਾਂ ਕਰਵਾਉਣ ਦੇ ਨਾਲ ਨਾਲ ਸਿੱਖ ਗੁਰਦੁਆਰਾ ਕਾਨੂੰਨ, 1925 ਅਧੀਨ 235 ਅਧਿਸੂਚਿਤ ਗੁਰਦੁਆਰਿਆਂ ਦੇ ਸਬੰਧ ਵਿਚ 182 ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ ।

ਸਿੱਟਾ

146. ਮੈਂ ਉਨ੍ਹਾਂ ਆਦਰਸ਼ਾਂ ਅਤੇ ਅਭਿਲਾਸ਼ਾਵਾਂ ਨੂੰ ਮੁੜ ਦੁਹਰਾਉਣਾ ਚਾਹਾਂਗਾ, ਜਿਹੜੇ ਮੇਰੀ ਸਰਕਾਰ ਨੇ ਫ਼ਰਵਰੀ, 1997 ਵਿਚ ਇਕ ਤਾਰੀਖੀ ਜਨ-ਆਦੇਸ਼ ਦੇ ਜ਼ਰੀਏ ਹਾਸਲ ਕੀਤੇ ਸਨ । ਅਮਨ, ਸਦਭਾਵਨਾ ਅਤੇ ਖੁਸ਼ਹਾਲੀ, ਜੋ ਮੇਰੀ ਸਰਕਾਰ ਨੇ ਪੰਜਾਬ ਸਬੰਧੀ ਏਜੰਡੇ ਦੇ ਕੇਂਦਰ ਬਿੰਦੂ ਬਣਾਏ ਹੋਏ ਸਨ, ਉਹ ਕਾਰਜ-ਸੰਚਾਲਨ ਪ੍ਰਤੀ ਇਸਦੀ ਪਹੁੰਚ ਦਾ ਬੁਨਿਆਦੀ ਆਧਾਰ ਰਹੇ ਹਨ । ਮੈਂ ਆਪਣੀ ਸਰਕਾਰ ਦੇ ਸ਼ਾਂਤੀ, ਸਦਭਾਵਨਾ ਤੇ ਖੁਸ਼ਹਾਲੀ ਅਤੇ ਰਾਜ ਦੇ ਲਗਾਤਾਰ ਸਮੁੱਚੇ ਵਿਕਾਸ ਦੇ ਦੌਰ ਵਿਚ ਪੈਰ ਰੱਖਣ ਦੇ ਇਸ ਦੇ ਸੰਕਲਪ ਪ੍ਰਤੀ ਪੂਰਨ ਵਚਨਬੱਧਤਾ ਨੂੰ ਮੁੜ ਦੁਹਰਾਉਣਾ ਚਾਹਾਂਗਾ । ਅਸੀਂ ਆਪਣੇ ਸਾਹਮਣੇ ਪੇਸ਼ ਆ ਰਹੀਆਂ ਚੁਣੌਤੀਆਂ ਤੋਂ ਵਾਕਿਫ਼ ਹਾਂ । ਪਹਿਲੀ ਇਹ ਕਿ ਰਾਜ ਦਾ

[ਸ਼੍ਰੀ ਸਪੀਕਰ]

ਅਰਥਚਾਰਾ ਜਿਸ ਉੱਤੇ ਅੱਧੀ ਸਦੀ ਤਕ ਬਦਇੰਤਜ਼ਾਮੀ ਅਤੇ ਬੇਥਵੀਆਂ ਤਰਜੀਹਾਂ ਦਾ ਪ੍ਰਭਾਵ ਰਿਹਾ, ਹੁਣ ਇਸ ਪ੍ਰਭਾਵ ਤੋਂ ਮੁਕਤ ਹੋ ਰਿਹਾ ਹੈ। ਸਿੱਟੇ ਵਜੋਂ, ਸਾਡੇ ਅੱਗੇ ਆਉਣ ਵਾਲਾ ਸਮਾਂ ਚੁਣੌਤੀਆਂ ਭਰਪੂਰ ਹੋਵੇਗਾ ਅਤੇ ਇਹ ਕਿਸੇ ਵੀ ਤਰ੍ਹਾਂ ਨਾਲ ਸੁਖਾਵਾਂ ਨਹੀਂ ਹੋਵੇਗਾ। ਬੁਨਿਆਦੀ-ਢਾਂਚਾ, ਸਮਾਜ-ਸੇਵਾਵਾਂ, ਮੁੱਢਲੀ ਸਿਖਿਆ ਦਾ ਜਾਲ, ਸੜਕ ਸੰਚਾਰ ਨੈਟਵਰਕ, ਮੁਢਲੀ ਸਿਹਤ-ਸੰਭਾਲ, ਪੀਣ ਵਾਲਾ ਸਵੱਛ ਜਲ, ਰੋਜ਼ਗਾਰ ਅਤੇ ਸਮਾਜ ਭਲਾਈ ਸੈਕਟਰ -ਦਰਅਸਲ ਵਿਕਾਸ ਦਾ ਤਕਰੀਬਨ ਹਰੇਕ ਸੈਕਟਰ ਹੀ ਗ਼ੈਰ-ਮਾਮੂਲੀ ਯਤਨਾਂ ਦੀ ਮੰਗ ਕਰ ਰਿਹਾ ਹੈ। ਮੇਰੀ ਸਰਕਾਰ ਉਹ ਸਾਰੇ ਗ਼ੈਰ-ਮਾਮੂਲੀ ਯਤਨ ਕਰਨ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਇਹ ਆਸ ਕਰਦੀ ਹੈ ਕਿ ਹਰੇਕ ਪੰਜਾਬੀ ਵੀ ਅਜਿਹਾ ਯਤਨ ਕਰੇ ਤਾਂ ਜੋ ਅਸੀਂ ਇਕੱਠੇ ਆਪਣੇ ਮਹਿਬੂਬ ਰਾਜ ਨੂੰ ਸੰਸਾਰ ਲਈ ਰਸ਼ਕਯੋਗ ਬਣਾਉਣ ਦੇ ਖ਼ਾਬ ਦੀ ਤਾਬੀਰ ਕਰ ਸਕੀਏ। ਇਸ ਦੇ ਲਈ ਹਰ ਤਰ੍ਹਾਂ ਨਾਲ ਮੇਰੀ ਸਰਕਾਰ ਹਰੇਕ ਵਿਅਕਤੀ ਦਾ ਸਹਿਯੋਗ ਲੈਣਾ ਅਤੇ ਉਸਨੂੰ ਸਹਿਯੋਗ ਦੇਣਾ ਜਾਰੀ ਰੱਖੇਗੀ, ਉਸ ਦੀਆਂ ਰਾਵਾਂ, ਪ੍ਰੇਰਨਾਵਾਂ ਅਤੇ ਵਿਚਾਰਧਾਰਾਵਾਂ ਦਾ ਪੂਰਾ ਪੂਰਾ ਇਹਤਰਾਮ ਕਰਦੀ ਰਹੇਗੀ ਅਤੇ ਇਹ ਅਜਿਹਾ ਉਦੋਂ ਤਕ ਕਰਦੀ ਰਹੇਗੀ ਜਦੋਂ ਤਕ ਇਨ੍ਹਾਂ ਦਾ ਮਨੋਰਥ ਰਾਜ ਦੀ ਭਲਾਈ ਰਹੇਗਾ। ਮੈਂ ਕਈ ਵਾਰ ਦੁਹਰਾਇਆ ਹੈ ਕਿ ਪੰਜਾਬ ਸਾਡਾ ਸਾਰਿਆਂ ਦਾ ਹੈ ਅਤੇ ਇਸੇ ਤਰ੍ਹਾਂ ਮੇਰੀ ਸਰਕਾਰ ਵੀ ਸਾਰਿਆਂ ਦੀ ਹੈ।

147. ਮੈਂ ਇਸ ਮਹਾਨ ਸਦਨ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਦਾ ਉਨ੍ਹਾਂ ਦੇ ਪਿਛਲੇ ਦੋ ਸਾਲਾਂ ਦੌਰਾਨ ਬਗ਼ੈਰ ਕਿਸੇ ਆਪਸੀ ਟਕਰਾਉ ਦੇ ਬੜੇ ਮਿਲਵਰਤਨ ਅਤੇ ਸਰਬਸੰਮਤੀ ਨਾਲ ਕੀਤੇ ਕੰਮ ਲਈ ਉਨ੍ਹਾਂ ਨੂੰ ਧੰਨਵਾਦ ਦੇਣਾ ਚਾਹਾਂਗਾ। ਮੈਨੂੰ ਯਕੀਨ ਹੈ ਕਿ ਰਾਜ ਦੇ ਲੋਕਾਂ ਦੀ ਸੇਵਾ ਪ੍ਰਤੀ ਅਤੇ ਉਨ੍ਹਾਂ ਸਾਰਿਆਂ ਦੇ ਚੰਗੇਰੇ ਭਵਿੱਖ ਲਈ ਇਕੱਠੇ ਕੰਮ ਕਰਨ ਦੀ ਇਹੋ ਪਹੁੰਚ ਚਾਲੂ ਇਜਲਾਸ ਵਿਚ ਵਿਚਾਰ-ਵਟਾਂਦਰੇ ਦੌਰਾਨ ਵੀ ਬੜੇ ਜੋਸ਼ ਖਰੋਸ਼ ਨਾਲ ਅਪਣਾਈ ਜਾਵੇਗੀ। ਆਉ, ਸਾਰੇ ਪੰਜਾਬ ਦੇ ਅਮਨ, ਖੁਸ਼ਹਾਲੀ ਤੇ ਆਪਸੀ ਭਾਈਚਾਰੇ ਦੇ ਦੌਰ ਲਈ ਇਕ ਜੁੱਟ ਹੋ ਕੇ ਕੰਮ ਕਰੀਏ। ਸਾਡੇ ਮਹਾਨ ਗੁਰੂਆਂ ਦਾ ਸੰਦੇਸ਼ ਹੈ, "ਸਰਬੱਤ ਦਾ ਭਲਾ" ਇਸ ਨੂੰ ਸਾਰਿਆਂ ਤਕ ਪਹੁੰਚਾਉਣ ਲਈ ਮੇਰੀ ਸਰਕਾਰ ਅਮਨ-ਚੈਨ ਤੇ ਪੰਜਾਬੀ ਏਕਤਾ ਦੇ ਕੰਮ ਨੂੰ ਪਹਿਲ ਦੇਵੇਗੀ। ਪਜਾਬੀਆਂ ਨੇ ਸਾਰੇ ਦੇਸ਼ ਲਈ ਸ਼ਾਨਦਾਰ ਅਤੇ ਗੌਰਵਸ਼ਾਲੀ ਏਕਰਾਜੀ ਵਤੀਰੇ ਦੀ ਹਮੇਸ਼ਾ ਇਕ ਅਨੂਠੀ ਮਿਸਾਲ ਪੇਸ਼ ਕੀਤੀ ਹੈ। ਮੈਨੂੰ ਕੋਈ ਸ਼ੱਕ ਨਹੀਂ ਕਿ ਇਹ ਸਦਨ ਉਸ ਸ਼ਾਨਦਾਰ ਰਵਾਇਤ ਨੂੰ ਜ਼ਿੰਦਾ ਰਖੇਗਾ। ਮੈਂ ਇਕ ਵਾਰ ਫੇਰ ਖ਼ਾਲਸਾ ਸਾਜਣਾ ਦੀ ਤ੍ਰੈ-ਸ਼ਤਾਬਦੀ ਦੀ ਗੱਲ ਕਰਨਾ ਚਾਹਾਂਗਾ, ਜਿਸ ਦੇ ਜਸ਼ਨਾਂ ਨੂੰ ਮਨਾਉਣਾ ਉਨ੍ਹਾਂ ਮਾਨਵੀ ਕਦਰਾਂ-ਕੀਮਤਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਸੁਰਜੀਤ ਕਰਨ ਦਾ ਇਕ ਮੌਕਾ ਹੋਣਾ ਚਾਹੀਦਾ ਹੈ, ਜਿਹੜੀਆਂ ਭਾਰਤੀ ਸਭਿਅਤਾ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੀਆਂ ਹਨ ਅਤੇ ਜਿਹੜੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਗਏ ਖ਼ਾਲਸੇ ਦੇ ਰੂਪ ਵਿਚ ਉਜਾਗਰ ਹੁੰਦੀਆਂ ਹਨ। ਇਸ ਸੁਰਜੀਤ ਕੀਤੀ ਵਚਨਬੱਧਤਾ ਦੇ ਸਦਕਾ ਹੀ ਅਸੀਂ ਚੜ੍ਹਦੀਕਲਾ ਨਾਲ ਅਗਲੀ ਸਦੀ ਵਿਚ ਆਪਣੇ ਪ੍ਰਵੇਸ਼ ਨੂੰ ਯਕੀਨੀ ਬਣਾ ਸਕਾਂਗੇ।

148. ਅੰਤ ਵਿਚ ਮੈਂ ਖ਼ਾਲਸਾ ਸਾਜਣਾ ਦੀ 300 ਸਾਲਾ ਵਰ੍ਹੇ ਗੰਢ ਦੇ ਜਸ਼ਨਾਂ ਦੇ ਇਤਿਹਾਸਕ ਮੌਕੇ ਤੇ ਆਪ ਸਭ ਨੂੰ ਅਤੇ ਆਪ ਜੀ ਰਾਹੀਂ ਪੰਜਾਬ ਅਤੇ ਸਮੁੱਚੇ ਦੇਸ਼ ਨੂੰ ਮੁਬਾਰਕਬਾਦ ਦੇਣੀ ਚਾਹਾਂਗਾ । ਆਉ, ਅਸੀਂ ਸਾਰੇ ਨਿਸ਼ਕਾਮ ਭਾਵਨਾ ਨਾਲ ਕੰਮ ਕਰੀਏ ਤਾਂ ਜੋ ਇਸ ਮੌਕੇ ਤੇ ਪੂਰੇ ਉਤਰੀਏ ।

ਜੈ ਹਿੰਦ

ANNOUNCEMENT BY THE SECRETARY

ਸ੍ਰੀ ਸਕੱਤਰ : ਮੈਂ ਗਿਆਰਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਛੇਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ :—

1. ਪੰਜਾਬ ਮੋਟਰ ਸਪਿਰਟ (ਵਿਕਰੀ ਤੇ ਕਰ) ਮਨਸੂਖੀ ਬਿਲ, 1998 ।
2. ਪੰਜਾਬ ਆਮ ਵਿਕਰੀ ਕਰ (ਦੂਜੀ ਸੋਧਨਾ) ਬਿਲ, 1998 ।
3. ਪੰਜਾਬ ਦਿਹਾਤੀ ਵਿਕਾਸ (ਸੋਧਨਾ) ਬਿਲ, 1998 ।
4. ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬਿਲ, 1998 ।

POINTS OF ORDER

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦੇ ਧਿਆਨ ਵਿਚ ਇਕ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਅਸੀਂ ਮੁੱਖ ਮੰਤਰੀ ਸਾਹਿਬ ਨੂੰ ਡੈਪੂਟੇਸ਼ਨ ਲੈ ਕੇ ਮਿਲੇ ਸੀ ਅਤੇ ਬੇਨਤੀ ਕੀਤੀ ਸੀ ਕਿ 11 ਫਰਵਰੀ ਤੋਂ ਅੰਮ੍ਰਿਤਸਰ ਓ. ਸੀ. ਐਮ. ਮਿੱਲ ਵਾਲੇ ਵਰਕਰ ਸਟਰਾਈਕ ਉਪਰ ਹਨ । ਉਨ੍ਹਾਂ ਦੀ ਮੰਗ ਵੀ ਜਾਇਜ਼ ਹੈ ਅਤੇ ਮੈਨੇਜਮੈਂਟ ਉਪਰ ਕੋਈ ਫਾਈਨੈਂਸ਼ਲ ਬਰਡਨ ਵੀ ਨਹੀਂ ਪੈਂਦਾ । ਰੂਲ ਆਫ ਜੰਗਲ ਲਾਇਆ ਹੋਇਆ ਹੈ । ਕਿਸੇ ਫੈਕਟਰੀ ਐਕਟ ਦੀ ਕੋਈ ਚੀਜ਼, ਕੋਈ ਐਕਟ ਉਨ੍ਹਾਂ ਤੇ ਲਾਗੂ ਨਹੀਂ ਹੁੰਦਾ । ਸਪੀਕਰ ਸਾਹਿਬ, 1985-86 ਤੋਂ 10 ਤੱਕਲੇ ਦੀ ਥਾਂ ਮੁੜ ਕੇ 20 ਤੱਕਲੇ ਕਰ ਦਿੱਤੇ ਗਏ । 20 ਤੱਕਲੇ ਤੋਂ 30 ਕਰ ਦਿੱਤੇ ਗਏ ਅਤੇ ਫਿਰ 30 ਤੱਕਲੇ ਤੋਂ 40 ਕਰ ਦਿੱਤੇ ਗਏ । ਇਕ ਵਰਕਰ ਵਿਚ ਇਤਨੀ ਸਮਰਥਾ ਨਹੀਂ ਹੈ । ਇਸ ਵਜ੍ਹਾ ਕਰਕੇ ਰੀਜ਼ੈਂਟਮੈਂਟ ਵੀ ਹੋਈ । ਮੈਨੇਜਮੈਂਟ ਦਾ ਫਰਜ਼ ਸੀ ਕਿ ਉਹ ਵਰਕਰਾਂ ਨਾਲ ਸੁਲਾਹ ਸਫਾਈ ਕਰਦੀ ਪਰ 25 ਵਰਕਰਾਂ ਨੂੰ ਨੌਕਰੀ ਤੋਂ ਬਾਹਰ ਕੱਢ ਦਿੱਤਾ ਗਿਆ ਜਿਸ ਕਰਕੇ ਵਰਕਰਾਂ ਨੂੰ ਸਟਰਾਈਕ ਕਰਨੀ ਪਈ । ਸਪੀਕਰ ਸਾਹਿਬ, ਅੱਜ ਤੱਕ ਜਿਤਨੀਆਂ ਵੀ ਐਡਰਟਸ ਕੀਤੀਆਂ ਗਈਆਂ, ਕੋਈ ਰਿਜ਼ਲਟ ਨਹੀਂ ਨਿਕਲਿਆ । ਮੈਨੇਜਮੈਂਟ ਅਤੇ ਪੁਲਿਸ ਬਹੁਤ ਦਖਲ ਦਿੰਦੀ ਹੈ । ਵਰਕਰਾਂ ਉਪਰ ਗੁੰਡਾਗਰਦੀ ਕਰਦੀ ਹੈ ਅਤੇ ਵਰਕਰਾਂ ਨੂੰ ਪੁਲਿਸ ਡਰਾਉਂਦੀ ਹੈ । ਪੁਲਿਸ ਨੇ ਵਰਕਰਾਂ ਦੇ ਟੈਂਟ ਤੋੜ ਦਿੱਤੇ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਅਤੇ ਵਰਕਰਾਂ ਵਿਚ ਟੈਨਸ਼ਨ ਬਹੁਤ ਵਧ ਰਹੀ ਹੈ । ਵਰਕਰਾਂ ਨੂੰ ਰੈਲੀ ਕਰਨ ਲਈ ਅਲਾਓ ਨਹੀਂ ਕੀਤਾ ਜਾਂਦਾ । ਇਹ ਮਾਮਲਾ ਬੜਾ ਹੀ ਇੰਪਾਰਟੈਂਟ ਹੈ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਅਤੇ ਟੰਡਨ ਸਾਹਿਬ ਨੂੰ ਦੋਬਾਰਾ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹੇਠਲੇ ਅਫਸਰਾਂ ਤੇ ਤੁਸੀਂ ਇਹ ਮਾਮਲਾ ਨਾ ਛੱਡੋ ਬਲਕਿ ਆਪਣੇ ਲੈਵਲ ਤੇ ਗੰਭੀਰਤਾ ਦੇ ਨਾਲ ਯਤਨ ਕਰੋ ਤਾਂ ਕਿ ਵਰਕਰਾਂ ਦੀ ਸਟਰਾਈਕ ਸਮਾਪਤ ਹੋਵੇ ਅਤੇ ਵਰਕਰ ਡਿਊਟੀ ਤੇ ਜਾਣ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਕੁਝ ਅਹਿਮ ਮਸਲਿਆਂ ਵੱਲ ਦਿਵਾਉਣਾ ਚਾਹੁੰਦਾ ਹਾਂ । ਪੰਜਾਬ ਦੇ ਵਿਚ ਜਿਹੜੇ ਮਾਨਤਾ ਪ੍ਰਾਪਤ ਕਾਲਜ ਹਨ, ਇਨ੍ਹਾਂ ਕਾਲਜਾਂ ਨੂੰ ਪੰਜਾਬ ਸਰਕਾਰ 95% ਗਰਾਂਟ ਦਿੰਦੀ ਹੈ । ਦੂਸਰਾ, ਸਪੀਕਰ ਸਾਹਿਬ, 1700 ਟੀਚਰ ਨੌਕਰੀ ਤੋਂ ਫਾਰਗ ਕੀਤੇ ਗਏ ਹਨ । ਇਨ੍ਹਾਂ ਦੋ ਤਿੰਨ ਮਸਲਿਆਂ ਬਾਰੇ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ । ਸਭ ਤੋਂ ਪਹਿਲਾਂ ਮਾਨਤਾ ਪ੍ਰਾਪਤ ਕਾਲਜਾਂ ਦੀ ਗੱਲ ਹੈ ਜਿਨ੍ਹਾਂ ਨੂੰ ਪੰਜਾਬ ਸਰਕਾਰ 95% ਗਰਾਂਟ ਦਿੰਦੀ ਹੈ ਲੇਕਿਨ ਇਸਦੇ ਨਾਲ ਸਕੂਲ ਵੀ ਹਨ ਜਿਹੜੇ ਮਾਨਤਾ ਪ੍ਰਾਪਤ ਹਨ । ਉਨ੍ਹਾਂ ਦੇ ਜਿਹੜੇ ਟੀਚਰ ਹਨ, ਉਹ ਵੀ ਸਟਰਾਈਕ ਤੇ ਹਨ । ਅੱਜ ਅਖਬਾਰਾਂ ਵਿਚ ਆਇਆ ਹੈ ਕਿ ਉਹ ਸਾਰੇ ਕੱਲ੍ਹ ਇਥੇ ਛੁੱਟੀ ਲੈ ਕੇ ਆ ਰਹੇ ਹਨ ਅਤੇ ਮੁਜ਼ਾਹਰਾ ਕਰਨ ਲਈ ਆ ਰਹੇ ਹਨ । ਏਸੇ ਤਰ੍ਹਾਂ ਜਿਹੜੇ ਪ੍ਰਾਈਵੇਟ ਸਕੂਲਾਂ ਦੇ ਟੀਚਰ ਹਨ, ਉਨ੍ਹਾਂ ਦੀਆਂ ਜਿਹੜੀਆਂ ਮੰਗਾਂ ਹਨ, ਉਨ੍ਹਾਂ ਦੇ ਬਾਰੇ ਕਾਫੀ ਦਿਨਾਂ ਤੋਂ ਉਹ ਸਟਰਾਈਕ ਤੇ ਹਨ । ਬਹੁਤ ਸਾਰੀਆਂ ਲੇਡੀ ਟੀਚਰਜ਼ ਨੇ ਗ੍ਰਿਫਤਾਰੀਆਂ ਵੀ ਦਿੱਤੀਆਂ ਹਨ ਔਰ ਹੁਣ ਆਉਣ ਵਾਲਾ ਸਮਾਂ ਜਿਹੜਾ ਹੈ, ਉਸ ਦੇ ਵਿਚ ਕੋਈ 5 ਲੱਖ ਸਟੂਡੈਂਟਸ ਹਨ ਜਿਨ੍ਹਾਂ ਦੇ ਇਮਤਿਹਾਨ ਆਉਣ ਵਾਲੇ ਹਨ । ਉਹ ਸਟੂਡੈਂਟਸ ਇਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਇਨ੍ਹਾਂ ਸਕੂਲਾਂ ਦੇ ਟੀਚਰਾਂ ਨੇ ਬਾਈਕਾਟ ਕੀਤਾ ਹੋਇਆ ਹੈ । ਏਸੇ ਤਰ੍ਹਾਂ ਪੰਜਾਬ ਦੇ ਜਿਹੜੇ ਕਾਲਜ ਹਨ, ਉਨ੍ਹਾਂ ਦੇ ਟੀਚਰਾਂ ਨੇ ਵੀ ਕਿਹਾ ਹੈ ਕਿ ਅਸੀਂ ਇਮਤਿਹਾਨਾਂ ਵਿਚ ਹਿੱਸਾ ਨਹੀਂ ਲਵਾਂਗੇ । ਸਪੀਕਰ ਸਾਹਿਬ, ਇਹ ਬਹੁਤ ਅਹਿਮ ਮਸਲਾ ਹੈ . . .

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਸ ਬਾਰੇ ਕਾਲ ਅਟੈਨਸ਼ਨ ਐਡਮਿਟ ਹੋ ਗਈ ਹੈ । ਕਾਲ ਅਟੈਨਸ਼ਨ ਨੰਬਰ 8 ਤੇ ਇਹ ਐਡਮਿਟ ਹੋਈ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਨੂੰ ਕਹਿਣ ਦਿਉ । ਕਾਲ ਅਟੈਨਸ਼ਨ ਮੇਰੀ ਨਹੀਂ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਕੂਲ ਟੀਚਰਾਂ ਵਿਚ ਬੜਾ ਹੀ ਰੋਸ ਹੈ । ਉਹ ਸਟਰਾਈਕ ਤੇ ਹਨ । ਇਸੇ ਤਰ੍ਹਾਂ ਜਿਹੜੇ 1700 ਟੀਚਰ ਕੱਢੇ ਹੋਏ ਹਨ, ਉਨ੍ਹਾਂ ਦਾ ਮਸਲਾ ਵੀ ਬੜਾ ਅਹਿਮ ਹੈ । ਇਕ ਬੀਬੀ ਭੁੱਖ ਹੜਤਾਲ ਤੇ ਬੈਠੀ ਹੈ, ਕਈ ਟੀਚਰ ਮਰ ਚੁੱਕੇ ਹਨ, ਕਈ ਪਾਗਲ ਹੋ ਚੁੱਕੇ ਹਨ । ਇਹ ਬਹੁਤ ਵੱਡਾ ਮਸਲਾ ਹੈ । ਅਸੀਂ ਤੁਹਾਨੂੰ ਕਹਿਣਾ ਚਾਹੁੰਦੇ ਹਾਂ (ਸ਼ੋਰ) ਕਿ ਟੀਚਰਾਂ ਦੇ ਮਸਲੇ ਤੇ ਪੂਰਾ ਧਿਆਨ ਦੇ ਕੇ ਇਸ ਨੂੰ ਹੱਲ ਕਰੋ । ਅਸੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦੇ ਹਾਂ (ਵਿਘਨ)

ਟਿਕ ਨੋਟੀਫਿਕੇਸ਼ਨ ਅਖਬਾਰ ਵਿਚ ਛਪੀ ਹੈ ਕਿ ਗੌਰਮਿੰਟ ਕਾਲਜ ਟੀਚਰਾਂ ਨੂੰ, ਯੂਨੀਵਰਸਿਟੀ ਵਾਲਿਆਂ ਨੂੰ ਗ੍ਰੇਡ ਦੇ ਦਿੱਤੇ ਹਨ ਪਰ ਪ੍ਰਾਈਵੇਟ ਵਾਲਿਆਂ ਨੂੰ ਛੱਡ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਇਹ ਬਿਲਕੁਲ ਧੱਕਾ ਹੋ ਰਿਹਾ ਹੈ। ਇਸ ਤਰ੍ਹਾਂ ਨਾਲ ਪੰਜਾਬ ਦੇ ਸਟੂਡੈਂਟਸ ਦਾ, ਬੱਚਿਆਂ ਦਾ ਭਵਿੱਖ ਖਰਾਬ ਹੋ ਰਿਹਾ ਹੈ। (ਸ਼ੋਰ) ਜੇ ਇਸ ਤੇ ਇਮੀਜੀਏਟ ਐਕਸ਼ਨ ਨਾ ਲਿਆ ਗਿਆ ਤਾਂ ਸਰਕਾਰ ਵਾਸਤੇ ਘਾਟੇ ਦੀ ਗੱਲ ਹੋਵੇਗੀ (ਵਿਘਨ) ਸਰਕਾਰ ਬਿਲਕੁਲ ਸੁੱਤੀ ਪਈ ਹੈ। (ਸ਼ੋਰ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਮੈਂ ਪਹਿਲਾਂ ਵੀ ਕਿਹਾ ਹੈ ਕਿ ਇਸ ਬਾਰੇ ਕਾਲ ਅਟੈਨਸ਼ਨ ਐਡਮਿਟ ਹੋਈ ਹੋਈ ਹੈ। (ਸ਼ੋਰ)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਨੂੰ ਬੁਲਾਇਆ ਗਿਆ ਸੀ ਪਰ ਟੇਬਲ ਤੇ ਵੀ ਕੋਈ ਫੈਸਲਾ ਨਹੀਂ ਹੋਇਆ। ਇਸ ਸਬੰਧੀ ਜਿੰਨੀ ਜਲਦੀ ਹੋ ਸਕੇ, ਸੀ. ਐਮ. ਸਾਹਿਬ ਸਟੇਟਮੈਂਟ ਦੇਣ (ਸ਼ੋਰ)

ਸ੍ਰੀ ਸਪੀਕਰ : ਚੌਧਰੀ ਸਾਹਿਬ, ਕਾਲ ਅਟੈਨਸ਼ਨ ਐਡਮਿਟ ਹੋਈ ਹੋਈ ਹੈ .. ਉਸਦਾ ਰਿਪਲਾਈ ਆਵੇਗਾ।

(ਇਸ ਸਮੇਂ ਆਪੋਜ਼ੀਸ਼ਨ ਬੈਂਚਾਂ ਦੇ ਸਮੂਹ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਇਸ ਬਾਰੇ ਆਲਰੇਡੀ ਐਡਮਿਟਿਡ ਹੈ। 8 ਨੰਬਰ ਤੇ ਹੈ (ਸ਼ੋਰ)

ਰੰਤਾ ਸਾਹਿਬ ਤੁਸੀਂ ਬੈਠੋ, ਇਨ੍ਹਾਂ ਨੂੰ ਜਾ ਲੈਣ ਦਿਓ।

ਚੌਧਰੀ ਜਗਜੀਤ ਸਿੰਘ : ਇਸ ਬਾਰੇ ਫੇਰ ਅਸੀਂ ਵਾਕ ਆਊਟ ਕਰਦੇ ਹਾਂ।

WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਸਮੂਹ ਹਾਜ਼ਰ ਮੈਂਬਰ ਸਾਹਿਬਾਨ, ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਬਹੁਜਨ ਸਮਾਜ ਪਾਰਟੀ ਦੇ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਅਤੇ ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ (ਆਜ਼ਾਦ) ਰੋਸ ਵਜੋਂ ਸਦਨ ਵਿਚੋਂ ਵਾਕ ਆਊਟ ਕਰ ਗਏ।)

POINTS OF ORDER

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਨੂੰ ਸਮਾਂ ਦਿਉ .. (ਸ਼ੋਰ)

ਸ੍ਰੀ ਸਪੀਕਰ : ਤੁਸੀਂ ਦੱਸੋ, ਤੁਸੀਂ ਵੀ ਜਾਣਾ ਹੈ ? (ਹਾਸਾ)

श्रीमती लक्ष्मी कांता चावला : स्पीकर साहिब, मैं आपके माध्यम से पंजाब सरकार को और विशेष रूप से मुख्य मंत्री जी और शिक्षा मंत्री जी को याद दिलाना चाहती हूं और यह बताना चाहती हूं कि यह हमारी नीती है और हमने प्राईवेट स्कूल अध्यापकों और प्राईवेट कालेज अध्यापकों को समानता का वचन दिया हुआ है और लिखती दिया हुआ है। 1997 से बादल साहिब की गवर्नमैंट ने यह वचन दिया हुआ है। इस प्रकार अब सरकार की नाक नहीं बच रही। राज्य में अध्यापकों की मांगें नहीं मानी जा रही जो जायज भी है . . . . .

ਸ੍ਰੀ ਸਪੀਕਰ : ਬੀਬੀ ਜੀ, ਤੁਸੀਂ ਬੈਠ ਜਾਓ । ਹਾਂ ਜੀ, ਮਿੱਤਲ ਸਾਹਿਬ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੇਰਾ ਨਿਵੇਦਨ ਹੈ ਕਿ ਕਲ੍ਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਗੱਲ ਹੋਈ ਸੀ ਕਿ ਅਸੀਂ ਕਿਸ ਤਰ੍ਹਾਂ ਹਾਉਸ ਦਾ ਡੈਕੋਰਮ ਮੇਨਟੇਨ ਕਰਾਂਗੇ । ਇਹ ਵੀ ਫੈਸਲਾ ਹੋਇਆ ਸੀ ਕਿ ਇਕ ਪਾਰਟੀ ਦਾ ਇਕ ਮੈਂਬਰ ਜ਼ੀਰੋ ਆਵਰ ਵਿਚ ਬੋਲੇਗਾ । ਇਹ ਟੀਚਰਜ਼ ਦਾ ਮਸਲਾ ਜੋ ਹੈ ਅਤੇ ਉਸ ਦੇ ਲਈ ਜੋ ਕਾਂਗਰਸ ਪਾਰਟੀ ਅਤੇ ਹੋਰ ਵਿਰੋਧੀ ਦਲਾਂ ਵਾਲੇ ਕਰੋਕੋਡਾਈਲ ਟੀਅਰਜ਼ ਬਹਾ ਕੇ ਗਏ ਹਨ, ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟੀਚਰਜ਼ ਦੇ ਕੇਸ ਨੂੰ ਜਿਤਨਾ ਸਿੰਪੈਥੈਟੀਕਲੀ ਇਸ ਸਰਕਾਰ ਨੇ ਕਨਸਿਡਰ ਕੀਤਾ ਹੈ, ਪਹਿਲਾਂ ਕਿਸੇ ਵੀ ਹੋਰ ਸਰਕਾਰ ਨੇ ਨਹੀਂ ਕੀਤਾ । ਪਿਛਲੀ ਸਰਕਾਰ ਨੇ ਉਨ੍ਹਾਂ ਦੀਆਂ ਜਿਹੜੀਆਂ ਨਿਯੁਕਤੀਆਂ ਕੀਤੀਆਂ ਸਨ, ਹਾਈ ਕੋਰਟ ਨੇ ਉਹ ਸੈਟ ਅਸਾਈਡ ਕਰ ਦਿੱਤੀਆਂ । ਉਨ੍ਹਾਂ ਟੀਚਰਜ਼ ਦੀ ਛਾਂਟੀ ਇਸ ਕਰਕੇ ਕਰਨੀ ਪਈ ਕਿਉਂਕਿ ਹਾਈ ਕੋਰਟ ਦੀ ਡਾਇਰੈਕਸ਼ਨ ਸੀ । ਸਾਡੀ ਸਰਕਾਰ ਆਉਣ ਤੋਂ ਬਾਦ ਅਸੀਂ ਉਨ੍ਹਾਂ ਨੂੰ ਰੈਗੂਲਰਾਈਜ਼ ਕੀਤਾ ਅਤੇ ਇਸ ਦੇ ਵਾਸਤੇ ਇਕ ਸਿਸਟਮ ਅਡਾਪਟ ਕੀਤਾ । ਜਿਹੜੇ ਇਸ ਸਿਸਟਮ ਵਿਚ ਫਾਲ ਨਹੀਂ ਕਰਦੇ ਸਨ, ਉਨ੍ਹਾਂ ਵਾਸਤੇ ਇਕ ਕਾਨੂੰਨ ਬਣਾਇਆ ਤਾਂ ਕਿ ਕਿਸੇ ਤਰੀਕੇ ਨਾਲ ਇਨ੍ਹਾਂ ਨੂੰ ਐਡਜਸਟ ਕੀਤਾ ਜਾ ਸਕੇ ਲੇਕਿਨ ਹਾਈ ਕੋਰਟ ਨੇ ਉਸ ਨੂੰ ਵੀ ਸੈੱਟ ਅਸਾਈਡ ਕਰ ਦਿੱਤਾ । ਅਸੀਂ ਉਨ੍ਹਾਂ ਸਾਰੇ ਕਰਮਚਾਰੀਆਂ ਨੂੰ ਅਬਜ਼ਾਰਬ ਕਰਨ ਦੀ ਕੋਸ਼ਿਸ਼ ਕੀਤੀ । ਹਾਲੇ ਵੀ ਸਰਕਾਰ ਉਨ੍ਹਾਂ ਸਾਰਿਆਂ ਨੂੰ ਕਿਸੇ ਤਰੀਕੇ ਦੇ ਨਾਲ ਅਬਜ਼ਾਰਬ ਕਰਨਾ ਚਾਹੁੰਦੀ ਹੈ ਲੇਕਿਨ ਇਹ ਆਪੋਜ਼ੀਸ਼ਨ ਕਰੋਕੋਡਾਇਲ ਟੀਅਰਜ਼ ਬਹਾ ਕਰਕੇ ਸਾਰੇ ਮਾਹੌਲ ਨੂੰ ਖਰਾਬ ਕਰਨਾ ਚਾਹੁੰਦੀ ਹੈ । ਇਨ੍ਹਾਂ ਨੇ ਜਿਹੜੇ ਟੀਚਰ ਰੱਖੇ ਸੀ, ਉਹ ਪੈਸੇ ਲੈ ਕੇ ਰੱਖੇ ਸੀ । ਹੁਣ ਉਹ ਪੈਸੇ ਵਾਪਸ ਮੰਗਦੇ ਹਨ ਤਾਂ ਇਹ ਰੌਲਾ ਪਾਉਂਦੇ ਹਨ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਦਾ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਬਣਦਾ । ਇਹ ਕੋਈ ਤਰੀਕਾ ਨਹੀਂ ਹੈ । ਇਹ ਇਸ ਹਾਉਸ ਦਾ ਮਜ਼ਾਕ ਬਣਾ ਰਹੇ ਹਨ । (ਵਿਘਨ)

ਸ੍ਰੀ ਸਪੀਕਰ : ਬੀਬੀ ਜੀ (ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵੱਲ ਇਸ਼ਾਰਾ), ਬੈਠ ਜਾਓ । ਹਾਂ ਜੀ ਖਿਆਲਾ ਜੀ ।

** ** **

ਸਰਦਾਰ ਬਲਦੇਵ ਸਿੰਘ ਖਿਆਲਾ :

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਹ ਐਕਸਪੰਜ ਕਰ ਦਿੱਤਾ ਜਾਵੇ ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਦੀ ਮੋਹਤਰਿਮ ਸੀ. ਐਮ. ਸਾਹਿਬ ਦੇ ਨਾਲ ਮੀਟਿੰਗ ਹੋਈ ਸੀ ਅਤੇ ਉਸ ਮੀਟਿੰਗ ਵਿਚ ਤੁਸੀਂ ਹੈਰਾਨ ਹੋਵੋਗੇ ਕਿ ਪ੍ਰਾਈਵੇਟ ਏਡਿਡ ਸਕੂਲਾਂ/ਪ੍ਰਾਈਵੇਟ ਸਕੂਲਾਂ ਦਾ ਸਾਰਾ ਮਸਲਾ ਹੱਲ ਕਰ ਲਿਆ ਗਿਆ ਸੀ ਲੇਕਿਨ ਕਾਂਗਰਸ ਦੀ ਇਕ ਲੇਡੀ ਨੇ ਉਹ ਸਾਰਾ ਸਮਝੌਤਾ ਖਰਾਬ ਕਰ ਦਿੱਤਾ । ਤੁਸੀਂ ਇਨ੍ਹਾਂ ਦੀ ਪਲੈਨਿੰਗ ਵੇਖੋ ਕਿ ਇਕ ਲੇਡੀ ਦੁਆਰਾ ਉਹ ਸਾਰਾ ਮਸਲਾ ਖਰਾਬ ਕਰਵਾ ਦਿੱਤਾ ਗਿਆ । ਅਸੀਂ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੇ ਹਾਂ ਲੇਕਿਨ ਉਸ ਲੇਡੀ ਦੀ ਵਜ੍ਹਾ ਕਰਕੇ ਉਹ ਹੱਲ ਨਹੀਂ ਹੋ ਸਕਿਆ । ਅਸੀਂ ਤਾਂ ਉਨ੍ਹਾਂ ਸਾਰੇ ਟੀਚਰਾਂ ਨੂੰ ਰੋਜ਼ਗਾਰ ਦੇਣਾ ਚਾਹੁੰਦੇ ਹਾਂ ਅਤੇ ਸਰਕਾਰ ਇਸ ਦੇ ਵਾਸਤੇ ਕਮਿੱਟਿਡ ਹੈ । ਕਾਂਗਰਸੀ ਇਥੇ ਕਰਾਕਡਾਇਲ ਟੀਅਰਜ਼ ਬਹਾ ਕੇ ਗਏ ਹਨ । ਜਿਸ ਲੇਡੀ ਨੇ ਸਾਰਾ ਕੰਮ ਖਰਾਬ ਕੀਤਾ ਹੈ, ਉਹ ਸਰਦਾਰ ਬੇਅੰਤ ਸਿੰਘ ਦੇ ਵੇਲੇ ਸਰਵਿਸ ਸਿਲੈਕਸ਼ਨ ਬੋਰਡ ਦੀ ਮੈਂਬਰ ਸੀ । ਇਹ ਕਾਂਗਰਸ ਦੀ ਪੇਡ ਮੈਂਬਰ ਹੈ ਜਿਸ ਨੇ ਉਸ ਮੀਟਿੰਗ ਵਿਚ ਡਿਸਰੱਪਸ਼ਨ ਕੀਤੀ । ਇਹ ਮੈਲੇਸ਼ੀਅਸ ਚਾਲ ਹੈ । ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਟੀਚਰਾਂ ਦੇ ਅਤੇ ਬਾਕੀ ਇੰਪਲਾਈਜ਼ ਦੇ ਵੀ ਸਾਰੇ ਦੇ ਸਾਰੇ ਮਸਲੇ ਸਿੰਪੇਥੈਟੀਕਲੀ ਹੱਲ ਕਰਨਾ ਚਾਹੁੰਦੀ ਹੈ ਪਰ ਇਹ ਕਾਂਗਰਸੀ ਵੀਰ ਇੱਥੇ ਕੁਝ ਕਹਿੰਦੇ ਹਨ, ਬਾਹਰ ਕੁਝ ਕਹਿੰਦੇ ਹਨ ਅਤੇ ਅਖਬਾਰਾਂ ਵਿਚ ਹੋਰ ਕੁੱਝ ਕਹਿੰਦੇ ਹਨ ।

———

CONSTITUTION OF A COMMITTEE OF THE HOUSE RE. RECRUITMENT OF TEACHERS ON 89 DAYS BASIS

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮਹਾਨ ਸਦਨ ਦਾ ਜਿਹੜਾ ਗੌਰਵ ਹੈ, ਜਿਸ ਸੀਰੀਅਸਨੈਸ ਦੇ ਨਾਲ, ਜਿਸ ਸੇਕਰਡਨੈਸ ਦੇ ਨਾਲ ਇਥੇ ਸਾਨੂੰ ਆਪਣਾ ਰੋਲ ਨਿਭਾਉਣ ਦੀ ਲੋੜ ਹੈ, ਉਸ ਵਿਚ ਬੜੀ ਕੁਤਾਹੀ ਕੀਤੀ ਜਾ ਰਹੀ ਹੈ । ਇਹ ਇਕ ਫੈਸ਼ਨ ਬਣ ਗਿਆ ਹੈ ਕਿ ਸੈਸ਼ਨ ਵਿਚ ਰੌਲਾ ਪਾਓ ਅਤੇ ਵਾਕ-ਆਊਟ ਕਰ ਜਾਓ ਕਿਉਂਕਿ ਪ੍ਰੈਸ ਗੈਲਰੀ ਵਿਚ ਕੁਝ ਸੱਜਣ ਬੈਠੇ ਹਨ । ਉਨ੍ਹਾਂ ਨੇ ਕਲ੍ਹ ਨੂੰ ਹੈਡ-ਲਾਈਨਜ਼ ਵਿਚ ਖ਼ਬਰ ਛਾਪ ਦੇਣੀ ਹੈ ਕਿ ਅਪੋਜ਼ੀਸ਼ਨ ਵੱਲੋਂ ਵਾਕ-ਆਊਟ । ਕੀ ਅਸੀਂ ਸਾਰੇ ਆਪਣੀ ਪਾਰਲੀਮਾਨੀ, ਡੈਮੋਕਰੈਸੀ ਦੇ ਸਿਸਟਮ ਨੂੰ, ਇਸ ਦੀਆਂ ਕਦਰਾਂ-ਕੀਮਤਾਂ ਨੂੰ ਇਸ ਹੱਦ ਤੱਕ ਗਿਰਾ ਸਕਦੇ ਹਾਂ ? ਸਾਡੀ ਕਾਰਗੁਜ਼ਾਰੀ ਪਹਿਲੇ ਦਿਨ ਤੋਂ ਹੀ ਵਾਕ-ਆਊਟ ਕਰਨ ਦੀ ਰਹੀ

**Expunged as ordered by the Chair.

[ਵਿੱਤ ਅਤੇ ਯੋਜਨਾ ਮੰਤਰੀ]

ਹੈ । ਪਹਿਲਾਂ ਗਵਰਨਰ ਸਾਹਿਬ ਦੇ ਐਡਰੈਸ ਤੇ ਵਾਕ-ਅਊਟ ਹੋਇਆ ਹਾਲਾਂਕਿ 4 ਦਿਨ, ਸਪੀਕਰ ਸਾਹਿਬ, ਉਸ ਉਤੇ ਬਹਿਸ ਕਰਨ ਲਈ ਦਿੱਤੇ ਗਏ ਸਨ । ਜੇਕਰ ਅਪੋਜ਼ੀਸ਼ਨ ਨੂੰ ਕੋਈ ਇਤਰਾਜ਼ ਸੀ ਤਾਂ ਉਹ ਬਹਿਸ ਦੇ ਦੌਰਾਨ ਇਸ ਦਾ ਫਾਇਦਾ ਉਠਾਉਂਦੀ ਅਤੇ ਸਰਕਾਰ ਦੀ ਜਿੰਨੀ ਮਰਜ਼ੀ ਨੁਕਤਾਚੀਨੀ ਕਰਦੀ ਜਿਹੜਾ ਕਿ ਇਸ ਮਹਾਨ ਸਦਨ ਦੇ ਵਿਚ ਉਨ੍ਹਾਂ ਦਾ ਅਧਿਕਾਰ ਹੈ । ਲੇਕਿਨ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ ਬਲਕਿ ਵਾਕ-ਆਊਟ ਕੀਤਾ । ਮੈਂ ਇਹ ਚਿੰਤਾ ਪ੍ਰਗਟ ਕਰਦਾ ਹਾਂ ਇਸ ਹਾਊਸ ਦੇ ਅੰਦਰ ਕਿ ਜਿਹੜੀਆਂ ਸਾਡੀਆਂ ਜਮਹੂਰੀ ਕਦਰਾਂ-ਕੀਮਤਾਂ ਹਨ, ਉਨ੍ਹਾਂ ਦੀ ਦੁਰਵਰਤੋਂ ਕਰਕੇ ਇਸ ਹਾਊਸ ਵਿਚ ਸੀਰੀਅਸ ਬਿਜ਼ਨੈਸ ਕਰਨ, ਜਨਤਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਲੋਕਾਂ ਦੀਆਂ ਆਸਾਂ ਤੇ ਉਮੰਗਾਂ ਨੂੰ ਪੂਰੀਆਂ ਕਰਨ ਦੀ ਬਜਾਏ ਅਖਬਾਰਾਂ ਵਿਚ ਸੁਰਖੀਆਂ ਲਗਾਉਣ ਲਈ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ । ਕੀ ਅਸੀਂ ਇਸ ਗੱਲ ਨੂੰ ਪਰਮਿਟ ਕਰ ਸਕਦੇ ਹਾਂ ? ਇਹ ਵਿਚਾਰ ਮੈਂ ਆਪ ਜੀ ਤੇ ਛੱਡਦਾ ਹਾਂ ਕਿਉਂਕਿ ਤੁਸੀਂ ਇਸ ਹਾਊਸ ਦੀ ਸਮੁੱਚੀ ਕਾਰਗੁਜ਼ਾਰੀ ਦੇ ਕਸਟੋਡੀਅਨ ਹੋ । ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਸੀਰੀਅਸ ਥਾਟ ਦੇ ਕੇ ਇਸ ਦਾ ਕੋਈ ਹੱਲ ਲੱਭਿਆ ਜਾਵੇ ।

ਦੂਸਰਾ 89 ਡੇਜ਼ ਵਾਲੇ ਟੀਚਰਾਂ ਦੀ ਗੱਲ ਆਈ ਹੈ । ਮੈਂ ਆਪ ਜੀ ਨੂੰ ਟਰੇਜ਼ਰੀ ਬੈਂਚਜ਼ ਵੱਲੋਂ ਪੇਸ਼ਕਸ਼ ਕਰਦਾ ਹਾਂ ਕਿ ਤੁਸੀਂ ਹਾਊਸ ਦੀ ਇਕ ਕਮੇਟੀ ਬਣਾ ਦਿਓ, ਇਕ ਕਮੇਟੀ ਕੰਸਟੀਚਿਊਟ ਕਰੋ ਜਿਹੜੀ ਕਿ ਦੋ ਗੱਲਾਂ ਦੀ ਘੋਖ ਕਰੇ । ਇਕ ਤਾਂ ਜਦੋਂ ਵਿਰੋਧੀ ਧਿਰ (ਕਾਂਗਰਸ) ਦੀ ਸਰਕਾਰ ਸੀ ਤਾਂ ਉਸ ਵੇਲੇ 89 ਡੇਜ਼ ਤੇ ਟੀਚਰ ਕਿਵੇਂ ਭਰਤੀ ਕੀਤੇ ਗਏ । (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਉਹ ਕਮੇਟੀ ਇਹ ਪੜਤਾਲ ਕਰੇ ਕਿ ਭਰਤੀ ਕੀਤੇ ਗਏ ਇਨ੍ਹਾਂ ਟੀਚਰਾਂ ਦਾ ਡੀ. ਈ. ਓ. ਦੇ ਦਫਤਰਾਂ ਵਿਚ ਅਤੇ ਡੀ. ਪੀ. ਆਈ. ਦੇ ਦਫਤਰ ਵਿਚ ਰਿਕਾਰਡ ਹੀ ਕਿਉਂ ਨਹੀਂ ਮਿਲਦਾ । ਉਹ ਇਹ ਵੀ ਇਨਕੁਆਇਰੀ ਕਰੇ ਕਿ ਜਿਹੜੇ ਟੀਚਰ ਮੀਨੀਮਮ ਕੁਆਲੀਫਿਕੇਸ਼ਨ ਵੀ ਮੀਟ ਨਹੀਂ ਸਨ ਕਰਦੇ, ਉਨ੍ਹਾਂ ਨੂੰ ਕਿਵੇਂ ਭਰਤੀ ਕੀਤਾ ਗਿਆ । ਇਸ ਤੋਂ ਇਲਾਵਾ ਇਸ ਮਹਾਨ ਸਦਨ ਦੀ ਕਮੇਟੀ ਇਹ ਵੀ ਇਨਕੁਆਇਰੀ ਕਰੇ ਕਿ ਜਿਸ ਦਿਨ ਤੋਂ ਬਾਦਲ ਸਰਕਾਰ ਨੇ ਜ਼ਿੰਮੇਵਾਰੀ ਚੁੱਕੀ ਹੈ, ਉਸ ਦਿਨ ਤੋਂ ਹੀ ਟੀਚਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੀ ਸਰਕਾਰ ਵੱਲੋਂ ਕਿਹੜੇ-ਕਿਹੜੇ ਉਪਰਾਲੇ ਹੋਏ ਹਨ ਅਤੇ ਕਿਹੜੀ-ਕਿਹੜੀ ਇਮਾਨਦਾਰੀ ਨਾਲ ਅਤੇ ਸਿਦਕਦਿਲੀ ਨਾਲ ਅਸੀਂ ਕੋਸ਼ਿਸ਼ਾਂ ਕੀਤੀਆਂ ਹਨ । ਪਹਿਲੀ ਗੱਲ ਤਾਂ ਮੈਂ ਇਹ ਕਹਾਂਗਾ, ਸਪੀਕਰ ਸਾਹਿਬ, ਕਿ ਮੁੱਖ ਮੰਤਰੀ ਸਾਹਿਬ ਨੇ ਫੈਸਲਾ ਕਰ ਦਿੱਤਾ ਕਿ ਉਨ੍ਹਾਂ ਨੂੰ ਐਡਜਸਟ ਕਰਨਾ ਹੈ । ਬੜੀ ਮੁਸ਼ਕਲ ਆਈ । ਸਾਨੂੰ ਕਿਸੇ ਦਫਤਰ ਵਿਚੋਂ ਰਿਕਾਰਡ ਹੀ ਨਾ ਮਿਲੇ ਕਿ ਕੌਣ ਭਰਤੀ ਹੋਇਆ ਹੈ ਅਤੇ ਕੌਣ ਨਹੀਂ ਹੋਇਆ । ਅਪੁਆਇੰਟਮੈਂਟਾਂ ਦੀਆਂ ਦਸਤੀ ਚਿੱਠੀਆਂ ਦਿੱਤੀਆਂ ਗਈਆਂ, ਬਗੈਰ ਕਿਸੇ ਟੈਸਟ ਤੋਂ ਅਤੇ ਇੰਟਰਵਿਊ ਤੋਂ । (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਅਸੀਂ ਰਿਕਾਰਡ ਇਕੱਠਾ ਕੀਤਾ । ਰਿਕਾਰਡ ਇਕੱਠਾ ਕਰਨ ਤੋਂ ਬਾਅਦ ਉਨ੍ਹਾਂ ਨਾਲ ਮੀਟਿੰਗਾਂ ਕੀਤੀਆਂ, ਖੁਦ ਮੁੱਖ ਮੰਤਰੀ ਸਾਹਿਬ ਨੇ ਮੀਟਿੰਗ ਕੀਤੀ ਅਤੇ ਉਨ੍ਹਾਂ ਦੇ ਸੁਝਾਓ ਦੇ ਮੁਤਾਬਿਕ ਹੀ ਕਦਮ ਪੁੱਟੇ ਗਏ । ਮੈਂ ਹਾਊਸ ਦਾ

ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਮੈਂ ਬੇਨਤੀ ਕਰਦਾ ਹਾਂ, ਪ੍ਰੇਸ ਕਰਦਾ ਹਾਂ, ਰਿਕੁਐਸਟ ਕਰਦਾ ਹਾਂ ਕਿ ਇਸ ਮਹਾਨ ਸਦਨ ਦੀ ਇਕ ਕਮੇਟੀ ਕਾਇਮ ਕੀਤੀ ਜਾਵੇ ਜਿਹੜੀ ਇਨ੍ਹਾਂ ਗੱਲਾਂ ਦੀ ਘੋਖ ਕਰੇ, ਪੜਤਾਲ ਕਰੇ ਕਿ ਜਦੋਂ ਉਨ੍ਹਾਂ ਦੀ (ਅਪੋਜ਼ੀਸ਼ਨ ਦੀ) ਸਰਕਾਰ ਸੀ ਤਾਂ ਉਨ੍ਹਾਂ ਦੀ ਕੀ ਕਾਰਗੁਜ਼ਾਰੀ ਸੀ ਅਤੇ ਜਦੋਂ ਤੋਂ ਸਾਡੀ ਸਰਕਾਰ ਆਈ ਹੈ, ਇਸ ਨੇ ਕੀ-ਕੀ ਕੰਮ ਕੀਤੇ ਹਨ ਇਨ੍ਹਾਂ ਟੀਚਰਾਂ ਨੂੰ ਐਡਜਸਟ ਕਰਨ ਵਾਸਤੇ। ਇਨ੍ਹਾਂ ਸਾਰੀਆਂ ਗੱਲਾ ਦੀ ਘੋਖ ਕਰਕੇ ਆਪ ਨੂੰ ਸਾਰੀ ਰਿਪੋਰਟ ਦਿੱਤੀ ਜਾਵੇ । ਇਹ ਮੈਂ ਟਰੇਜ਼ਰੀ ਬੈਂਚਾਂ ਵੱਲੋਂ ਆਪ ਜੀ ਨੂੰ ਪੇਸ਼ਕਸ਼ ਕਰਦਾ ਹਾਂ । ਦੂਸਰੀ ਗੱਲ ਜਿਹੜੀ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ, ਮੈਨੂੰ ਉਮੀਦ ਹੈ ਕਿ ਉਸ ਨੂੰ ਗੰਭੀਰਤਾ ਨਾਲ ਵਿਚਾਰ ਕੇ ਇਸ ਮਹਾਨ ਸਦਨ ਦੀ ਜੋ ਮੈਗਨੀਫੀਸ਼ੈਂਸੀ ਹੈ, ਰਿਸਪੈਕਟੇਬਿਲਟੀ ਹੈ, ਜੋ ਮਾਨਤਾ ਹੈ, ਉਸ ਨੂੰ ਬਹਾਲ ਕਰਨ ਲਈ ਤੁਸੀਂ ਕੋਈ ਨਾ ਕੋਈ ਠੋਸ ਕਦਮ ਜ਼ਰੂਰ ਪੁੱਟੋਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਕੋਈ ਭਾਸ਼ਣ ਨਹੀਂ ਕਰਨਾ ਅਤੇ ਨਾ ਹੀ ਅਜੇ ਸਮਾਂ ਹੈ । ਬੜੇ ਮੌਕੇ ਆਉਣੇ ਹਨ ਜਦੋਂ ਜ਼ਰੂਰੀ ਗੱਲਾਂ ਕਹੀਆਂ ਜਾ ਸਕਦੀਆਂ ਹਨ । ਦੂਸਰੀ ਗੱਲ ਜੋ ਐਫ. ਐਮ. ਸਾਹਿਬ ਨੇ ਕਹੀ ਹੈ, ਉਸਦੇ ਬਾਰੇ ਵੀ ਕੋਈ ਮੱਤ-ਭੇਦ ਨਹੀਂ, ਲੇਕਿਨ ਜਿਹੜੇ ਆਰੰਭ ਵਿੱਚ ਸ਼ਬਦ ਵਿੱਤ ਮੰਤਰੀ ਜੀ ਨੇ ਸਮੂਹ ਆਪੋਜ਼ੀਸ਼ਨ ਬਾਰੇ ਕਹੇ ਹਨ, ਉਨ੍ਹਾਂ ਦੇ ਬਾਰੇ ਸਾਨੂੰ ਇਤਰਾਜ਼ ਹੈ ਕਿਉਂਕਿ ਅਸੀਂ ਵੀ ਜ਼ਿੰਮੇਂਵਾਰ ਆਦਮੀ ਹਾਂ ਅਤੇ ਸਾਨੂੰ ਪਤਾ ਹੈ ਕਿ ਹਾਊਸ ਦੀ ਮਾਣ-ਮਰਿਆਦਾ ਨੂੰ ਕਿਸ ਤਰ੍ਹਾਂ ਕਾਇਮ ਰੱਖਣਾ ਹੈ ਪਰ ਆਪੋਜ਼ੀਸ਼ਨ ਦਾ ਇਹ ਵੀ ਅਧਿਕਾਰ ਹੈ ਕਿ ਉਹ ਕਿਸੇ ਇਸ਼ੂ ਤੇ ਵੀ ਆਪਣਾ ਰੋਸ ਪ੍ਰਗਟ ਕਰ ਸਕਦੀ ਹੈ ਹਾਲਾਂ ਕਿ ਇਸਦਾ ਵੀ ਇੱਕ ਤਰੀਕਾ ਹੈ ਕਿ ਵਾਕ-ਆਊਟ ਕਰਦੇ ਸਮੇਂ ਨਾਅਰੇ ਨਾ ਲਗਾਏ ਜਾਣ ਅਤੇ ਕੋਈ ਚੁਭਵੀਂ ਭਾਸ਼ਾ ਨਾ ਬੋਲੀ ਜਾਵੇ । ਇਥੇ ਬਹੁਤ ਸਾਰੇ ਮਾਨਯੋਗ ਮੈਂਬਰ ਹਨ ਜਿਨ੍ਹਾਂ ਨੇ ਸਦਨ ਦੀ ਮਾਣ-ਮਰਿਆਦਾ ਦਾ ਪੂਰਾ ਖਿਆਲ ਰੱਖਿਆ ਹੈ । ਇਸ ਲਈ ਇਸ ਸਬੰਧ ਵਿੱਚ ਸਮੁੱਚੀ ਆਪੋਜ਼ੀਸ਼ਨ ਨੂੰ ਕਹਿਣਾ ਕਿ ਇਹ ਇਸ ਤਰ੍ਹਾਂ ਨਹੀਂ ਕਰ ਸਕਦੀ, ਠੀਕ ਨਹੀਂ ਹੈ । ਇਸ ਲਈ ਮੇਰੀ ਰਿਕਵੈਸਟ ਹੈ ਕਿ ਜੋ ਪਹਿਲਾਂ ਆਪੋਜ਼ੀਸ਼ਨ ਬਾਰੇ ਸ਼ਬਦ ਕਹੇ ਗਏ ਹਨ, ਉਹ ਇਸ ਪ੍ਰੋਸੀਡਿੰਗ ਦਾ ਪਾਰਟ ਨਹੀਂ ਰਹਿਣੇ ਚਾਹੀਦੇ ।

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਆਪੋਜ਼ੀਸ਼ਨ ਦਾ ਇੱਕ ਜਿਹੜਾ ਵਿਸ਼ੇਸ਼ ਸੈਕਸ਼ਨ ਹੈ, ਉਸ ਵੱਲ ਮੇਰਾ ਇਸ਼ਾਰਾ ਸੀ, ਮਾਨਯੋਗ ਮੈਂਬਰ ਵੱਲ ਨਹੀਂ ਸੀ ।

ਸ਼੍ਰੀ ਸਪੀਕਰ : ਸਰਦਾਰ ਤੋਤਾ ਸਿੰਘ ਜੀ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ (ਸਰਦਾਰ ਤੋਤਾ ਸਿੰਘ) : ਸਪੀਕਰ ਸਾਹਿਬ, ਮੈਂ ਅਫਸੋਸ ਪ੍ਰਗਟ ਕਰਦਾ ਹਾਂ ਜੋ ਆਪੋਜ਼ੀਸ਼ਨ ਦੇ ਸਾਥੀ ਵਾਕ-ਆਊਟ ਕਰਕੇ ਗਏ ਹਨ । ਉਨ੍ਹਾਂ ਨੂੰ ਪਤਾ ਵੀ ਸੀ ਕਿ ਇਸ ਮਾਮਲੇ ਸਬੰਧੀ ਕਾਲ-ਅਟੈਂਨਸ਼ਨ ਲੱਗੀ ਹੋਈ ਹੈ, ਜੋ ਐਕਸੈਪਟ ਹੋ ਚੁੱਕੀ ਹੈ ਅਤੇ ਸ਼ਾਮ ਨੂੰ ਉਸ ਦਾ ਜਵਾਬ

[ਡਾਇਰੈਕਟਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਅਸੀਂ ਦੇਣਾ ਹੈ । ਇਹ ਅਰਜ਼ੀ ਸਾਹਿਬ ਵੱਲੋਂ ਆਈ ਹੋਈ ਹੈ. ਇਸ ਦਾ ਅਵੱਸ਼ ਜਵਾਬ
ਦਿੱਤਾ ਜਾਵੇਗਾ. ਇਸ ਗੱਲ ਤੇ ਉਨ੍ਹਾਂ ਨੂੰ ਵਾਕ-ਆਊਟ ਨਹੀਂ ਕਰਨਾ ਚਾਹੀਦਾ ਸੀ ।
ਵਿੱਤ ਮੰਤਰੀ ਸਾਹਿਬ ਨੇ ਠੀਕ ਕਿਹਾ ਹੈ ਕਿ ਸਦਨ ਦੀ ਇੱਕ ਕਮੇਟੀ ਬਣਾਉਣੀ
ਚਾਹੀਦੀ ਹੈ ਜੋ ਸਾਰੇ ਪੱਖਾਂ ਤੋਂ ਘੋਖ ਕਰੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ
ਜਦੋਂ ਤੋਂ ਸਰਕਾਰ ਬਣੀ ਹੈ, ਉਸ ਤੋਂ ਪਹਿਲਾਂ. ਮੈਂ ਇਸ ਸਬੰਧ ਵਿੱਚ ਦੱਸਣਾ
ਚਾਹੁੰਦਾ ਹਾਂ ਕਿ ਇਨ੍ਹਾਂ ਨੇ 2,461 ਪੋਸਟਾਂ ਐਡਵਰਟਾਈਜ਼ ਕੀਤੀਆਂ ਅਤੇ ਉਸਦੇ ਵਿਰੁੱਧ
7,387 ਟੀਚਰ ਰੱਖੇ । ਤਕਰੀਬਨ 5,226 ਟੀਚਰ ਵੱਧ ਰੱਖੇ ਅਤੇ ਜਦੋਂ ਇਹ ਕੇਸ
ਹਾਈ ਕੋਰਟ ਵਿੱਚ ਗਿਆ ਕਿ ਇਹ ਵਾਧੂ ਕਿਉਂ ਰੱਖੇ ਗਏ ਹਨ ਤਾਂ ਹਾਈ ਕੋਰਟ ਨੇ
ਉਨ੍ਹਾਂ ਨੂੰ ਸਰਵਿਸ ਵਿੱਚੋਂ ਕੱਢਣ ਲਈ ਫੈਸਲਾ ਕਰ ਦਿੱਤਾ । ਫਿਰ ਇਨ੍ਹਾਂ ਨੇ ਉਨ੍ਹਾਂ ਨੂੰ
ਐਡਹਾਕ ਤੇ ਐਪੁਆਇੰਟ ਕਰ ਦਿੱਤਾ । ਫਿਰ ਜਦੋਂ ਹਾਈ ਕੋਰਟ ਵੱਲੋਂ ਇਨ੍ਹਾਂ ਦੇ ਖਿਲਾਫ
ਫੈਸਲਾ ਹੋ ਗਿਆ ਅਤੇ ਹਾਈ ਕੋਰਟ ਨੇ ਹੁਕਮ ਜਾਰੀ ਕੀਤਾ ਕਿ ਇਨ੍ਹਾਂ ਨੂੰ ਹੁਣ ਤੱਕ
ਸਰਵਿਸ ਵਿੱਚੋਂ ਕਿਉਂ ਨਹੀਂ ਕੱਢਿਆ ਗਿਆ ਤਾਂ ਏ. ਜੀ. ਨੇ ਹਾਈ ਕੋਰਟ ਵਿੱਚ 1995 ਵਿਚ
ਇੱਕ ਐਫੀਡੇਵਿਟ ਪੇਸ਼ ਕੀਤਾ ਕਿ ਬੱਚਿਆਂ ਦੇ ਇਮਤਿਹਾਨ ਨੇੜੇ ਹਨ ਅਤੇ ਇੰਨੀ ਛੇਤੀ ਇਨ੍ਹਾਂ
ਦੀ ਥਾਂ ਤੇ ਨਵੀਆਂ ਨਿਯੁਕਤੀਆਂ ਨਹੀਂ ਹੋ ਸਕਦੀਆਂ, ਇਸ ਕਰਕੇ ਰੈਗੂਲਰ ਨਿਯੁਕਤੀਆਂ
ਕਰਨ ਤੇ ਇਨ੍ਹਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਇਨ੍ਹਾਂ ਨੂੰ ਰੈਗੂਲਰ ਨਹੀਂ ਕੀਤਾ ਜਾਵੇਗਾ,
ਨਾ ਹੀ ਕੋਈ ਹੋਰ ਬੈਨੀਫਿਟ ਦਿੱਤਾ ਜਾਵੇਗਾ । ਇਹ 1995 ਦਾ ਫੈਸਲਾ ਹੈ । ਇਸ
ਐਫੀਡੇਵਿਟ ਦਾ ਕੁਝ ਯੂਨੀਅਨਜ਼ ਨੇ ਸਵਾਗਤ ਵੀ ਕੀਤਾ ਸੀ ਅਤੇ ਉਨ੍ਹਾਂ ਨੇ ਕਿਹਾ
ਸੀ ਕਿ ਅਸੀਂ ਇਸ ਦਾ ਸਵਾਗਤ ਕਰਦੇ ਹਾਂ । ਅੱਜ ਉਹੀ ਯੂਨੀਅਨਾਂ ਟੀਚਰਜ਼ ਨੂੰ
ਪ੍ਰੋਵੋਕ ਕਰ ਰਹੀਆਂ ਹਨ ਅਤੇ ਬੀਬੀਆਂ ਨੂੰ ਧਰਨੇ ਤੇ ਬਿਠਾ ਰਹੀਆਂ ਹਨ । ਜਦੋਂ
ਬਾਦਲ ਸਾਹਿਬ ਦੀ ਸਰਕਾਰ ਬਣੀ ਸੀ, ਉਸ ਸਮੇਂ 5,226 ਟੀਚਰ ਕੱਢੇ ਗਏ ਸਨ,
ਜਿਨ੍ਹਾਂ ਵਿੱਚੋਂ ਅਸੀਂ ਤਕਰੀਬਨ 3,500 ਤਾਂ ਕਵਰ ਕਰ ਲਏ ਹਨ ਅਤੇ ਬਾਕੀ
15-16 ਸੌ ਰਹਿੰਦੇ ਹਨ, ਸਰਕਾਰ ਉਨ੍ਹਾਂ ਬਾਰੇ ਵੀ ਸੋਚ ਰਹੀ ਹੈ । ਪੰਜਾਬ ਸਰਕਾਰ
ਦੀ ਕੈਬਨਿਟ ਵਿੱਚ, ਸਪੀਕਰ ਸਾਹਿਬ, ਇਹ ਫੈਸਲਾ ਲਿਆ ਗਿਆ ਹੈ ਕਿ ਇਨ੍ਹਾਂ ਨੂੰ
ਐਡਜਸਟ ਕਰਨ ਲਈ 42 ਸਾਲ ਦੀ ਥਾਂ 45 ਸਾਲ ਉਮਰ ਦੀ ਹੱਦ ਕੀਤੀ ਜਾਂਦੀ ਹੈ
ਤਾਂ ਕਿ ਕੋਈ ਓਵਰ-ਏਜ ਹੋਣ ਕਰਕੇ ਨਾ ਰਹਿ ਜਾਵੇ । ਸਪੀਕਰ ਸਾਹਿਬ, ਸਾਡੇ
ਮੁੱਖ ਮੰਤਰੀ ਸਾਹਿਬ ਹਮੇਸ਼ਾ ਆਪਣੇ ਸਾਥੀਆਂ/ਅਧਿਕਾਰੀਆਂ ਨਾਲ ਇਹ ਰਾਏ ਕਰਦੇ
ਰਹਿੰਦੇ ਹਨ ਕਿ ਇਨ੍ਹਾਂ ਨੂੰ ਕਿਸ ਤਰ੍ਹਾਂ ਐਡਜਸਟ ਕੀਤਾ ਜਾ ਸਕਦਾ ਹੈ । ਸਰਕਾਰ
ਪੂਰੀ ਕੋਸ਼ਿਸ਼ ਕਰ ਰਹੀ ਹੈ । ਸਪੀਕਰ ਸਾਹਿਬ, ਬਾਦਲ ਸਾਹਿਬ ਨੇ ਆਪਣੇ ਕਰਮਚਾਰੀਆਂ
ਨੂੰ ਪੂਰੇ ਬੈਨੀਫਿਟ ਦਿੱਤੇ ਹਨ । ਇਤਨੇ ਪਹਿਲਾਂ ਕਦੇ ਕਿਸੇ ਸਰਕਾਰ ਨੇ ਨਾ ਦਿੱਤੇ ਹਨ
ਅਤੇ ਨਾ ਹੀ ਅੱਗੇ ਨੂੰ ਕੋਈ ਸਰਕਾਰ ਦੇ ਸਕੇਗੀ ।

ਸ੍ਰੀ ਸਪੀਕਰ : ਜਿੱਥੋਂ ਤੱਕ ਮੈਂ ਸਮਝਦਾ ਹਾਂ, ਕੈਪਟਨ ਸਾਹਿਬ ਵੱਲੋਂ, ਟਰੇਜ਼ਰੀ
ਬੈਂਚਿਜ਼ ਵੱਲੋਂ ਕਿਹਾ ਗਿਆ ਹੈ ਕਿ ਹਾਊਸ ਦੀ ਇੱਕ ਕਮੇਟੀ ਬਣਾ ਦਿੱਤੀ ਜਾਵੇ
ਜਿਹੜੀ ਇਸ ਬਾਰੇ ਸੁਜੈਸ਼ਨ ਦੇਵੇਗੀ ਕਿ ਕਿਸ ਤਰ੍ਹਾਂ ਟੀਚਰਜ਼ ਦੇ ਮਸਲੇ ਦਾ ਹੱਲ
ਲੱਭਿਆ ਜਾਵੇ । ਉਹ ਕਮੇਟੀ ਅਸੀਂ ਬਣਾ ਦੇਵਾਂਗੇ । ਉਹ ਕਮੇਟੀ ਸਾਰੇ ਪਿਛਲੇ ਹਾਲਾਤ

ਨੂੰ ਵੀ ਵੇਖ ਲਵੇਗੀ । ਜਿਥੋਂ ਤੱਕ ਮਾਣ-ਮਰਿਆਦਾ ਦਾ ਸਵਾਲ ਹੈ, ਮੈਂ ਆਪ ਹੀ ਇਸ ਬਾਰੇ ਚਿੰਤਤ ਹਾਂ ਕਿ ਹਾਊਸ ਦੀ ਮਾਣ-ਮਰਿਆਦਾ ਪੂਰਨ ਤੌਰ ਤੇ ਕਾਇਮ ਰਹਿਣੀ ਚਾਹੀਦੀ ਹੈ । ਮੈਨੂੰ ਬਾਹਰ ਦੂਸਰੇ ਮੁਲਕਾਂ ਵਿੱਚ ਵੀ ਜਾਣ ਦਾ ਮੌਕਾ ਮਿਲਿਆ ਹੈ । ਮੈਂ ਹਾਊਸ ਆਫ ਕਾਮਨਜ਼ ਦੇ ਸਪੀਕਰ ਸਾਹਿਬ ਨੂੰ ਵੀ ਪੁੱਛਿਆ ਸੀ ਕਿ ਕੋਈ ਐਸਾ ਮੌਕਾ ਆਇਆ ਹੋਵੇ ਜਦੋਂ ਹੈਡ ਆਫ ਦਿ ਸਟੇਟ ਬੋਲ ਰਿਹਾ ਹੋਵੇ ਅਤੇ ਆਪੋਜ਼ੀਸ਼ਨ ਦਾ ਲੀਡਰ ਰੌਲਾ ਪਾਉਂਦਾ ਹੋਵੇ ਤਾਂ ਉਨ੍ਹਾਂ ਨੇ ਯਕਲਖਤ ਕਿਹਾ-'Never in our history.' ਮੈਂ ਹੋਰ ਮੁਲਕਾਂ ਵਿੱਚ ਵੀ ਗਿਆ ਅਤੇ ਉਥੇ ਪੁੱਛਿਆ ਕਿ ਕਈ ਐਸਾ ਹੱਲ ਹੋਈ ਹੈ ਕਿ ਜਦੋਂ ਗਵਰਨਰ ਐਡਰੈਸ ਹੋ ਰਿਹਾ ਹੋਵੇ ਜਾਂ ਹੈਡ ਆਫ ਦਿ ਸਟੇਟ ਬੋਲ ਰਿਹਾ ਹੋਵੇ ਤੇ ਆਪੋਜ਼ੀਸ਼ਨ ਰੌਲਾ ਪਾਉਂਦੀ ਹੋਵੇ ਤਾਂ ਉਨ੍ਹਾਂ ਨੇ ਵੀ ਇਹੀ ਕਿਹਾ ਕਿ ਅਜਿਹਾ ਕਦੇ ਨਹੀਂ ਹੋਇਆ । ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਡੇ ਸਦਨ ਵਿਚ ਇਹ ਗਲਤ ਰਵਾਇਤ ਪਈ ਹੋਈ ਹੈ ਅਤੇ ਇਹ ਨਹੀਂ ਹੋਣੀ ਚਾਹੀਦੀ । ਇਸ ਸਬੰਧੀ ਆਪੋਜ਼ੀਸ਼ਨ ਅਤੇ ਟਰੇਜ਼ਰੀ ਬੈਂਚਾਂ ਨੂੰ ਕੋਈ ਹੱਲ ਲੱਭਣਾ ਪਵੇਗਾ । ਐਟ ਪਰੈਜ਼ੈਂਟ ਇਨ੍ਹਾਂ ਦਾ ਵਾਕ ਆਊਟ ਕਰ ਕੇ ਜਾਣਾ ਇਨ੍ਹਾਂ ਦਾ ਰਾਈਟ ਹੈ ਪਰ ਚੰਗੀਆਂ ਟਰੈਡੀਸ਼ਨਜ਼ ਪੈਣੀਆਂ ਚਾਹੀਦੀਆਂ ਹਨ । ਇਸ ਨਾਲ ਪੰਜਾਬ ਦਾ ਨਾਂ ਅਤੇ ਇਸ ਹਾਊਸ ਦਾ ਨਾਂ ਉੱਚਾ ਹੋਵੇਗਾ ਜੇਕਰ ਹਾਊਸ ਦੀ ਮਾਣ-ਮਰਿਆਦਾ ਕਾਇਮ ਰੱਖਾਂਗੇ ।

ਹੁਣ ਅਗਲੀ ਆਈਟਮ ਕਾਲ ਅਟੈਨਸ਼ਨ ਨੋਟਿਸ ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਧਨਵੰਤ ਸਿੰਘ ਅਤੇ ਸਰਦਾਰ ਮਨਤਾਰ ਸਿੰਘ ਬਰਾੜ ਆਪੋ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ੍ਰੀ ਸਪੀਕਰ : ਹੁਣ ਕਾਫੀ ਟਾਈਮ ਹੋ ਚੁੱਕਾ ਹੈ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਸਾਡਾ ਵੀ ਖਿਆਲ ਰੱਖਿਆ ਕਰੋ ।

ਸ੍ਰੀ ਸਪੀਕਰ : ਮੈਂ ਤਾਂ ਤੁਹਾਡਾ ਜ਼ਿਆਦਾ ਖਿਆਲ ਰੱਖਦਾ ਹਾਂ । ਚਲੋ ਬਰਾੜ ਸਾਹਿਬ, ਤੁਸੀਂ ਦੱਸੋ ਕਿ ਕੀ ਕਹਿਣਾ ਹੈ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

ਸ੍ਰੀ ਸਪੀਕਰ : ਬਰਾੜ ਸਾਹਿਬ, ਇੱਕ ਮਿੰਟ ਠਹਿਰ ਜਾਓ । ਪਹਿਲਾਂ ਮਿੱਤਲ ਸਾਹਿਬ ਦੀ ਗੱਲ ਸੁਣ ਲਈਏ । ਹਾਂ ਜੀ, ਮਿੱਤਲ ਸਾਹਿਬ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਜਿਹੜੀ ਕਮੇਟੀ ਹਾਊਸ ਦੀ ਬਣਾਈ ਗਈ ਹੈ, ਉਸ ਦਾ ਰੈਫਰੈਂਸ ਜਿਹੜੇ ਟੀਚਰ ਰਹਿ ਗਏ ਹਨ . . . . .

Mr. Speaker : All references.

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆ ਦੇ ਮੰਤਰੀ : ਜੋ ਫਾਇਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ, ਕੀ ਇਹ ਉਸ ਮੁਤਾਬਿਕ ਹੈ ?

Mr. Speaker : According to that.

Minister for Food & Supplies and Parliamentary Affairs : Thank you very much, Sir.

ਸਰਦਾਰ ਮਨਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਸੀ. ਐਮ. ਸਾਹਿਬ ਅਤੇ ਹਾਊਸ ਦਾ ਧਿਆਨ ਇੱਕ ਅਹਿਮ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ । ਮੇਰਾ ਹਲਕਾ ਕੋਟ ਕਪੂਰਾ ਹੈ । ਇਹ ਇੱਕ ਬਹੁਤ ਵੱਡਾ ਕਸਬਾ ਹੈ ਪਰ ਪਿਛਲੇ 8-9 ਮਹੀਨਿਆਂ ਤੋਂ ਉਥੇ ਗੁੰਡਾਗਰਦੀ ਦਾ ਕਾਫੀ ਦੌਰ ਚੱਲ ਰਿਹਾ ਹੈ ਔਰ ਕਈ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ ।

ਸ੍ਰੀ ਸਪੀਕਰ : ਇਹ ਤੁਸੀਂ ਗਵਰਨਰ ਐਡਰੈਸ ਤੇ ਕਹਿ ਲੈਣਾ ।

ਸਰਦਾਰ ਮਨਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਉਥੇ ਇੱਕ ਬਹੁਤ ਹੀ ਘਿਨਾਉਣੀ ਘਟਨਾ ਵਾਪਰੀ ਹੈ ।

ਸ੍ਰੀ ਸਪੀਕਰ : ਜੇ ਕੋਈ ਸਪੈਸ਼ਲ ਘਟਨਾ ਹੈ ਤਾਂ ਤੁਸੀਂ ਹੋਰ ਕਈ ਤਰੀਕਿਆਂ ਨਾਲ ਕਹਿ ਸਕਦੇ ਹੋ ।

ਸਰਦਾਰ ਮਨਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਸੀਨੀਅਰ ਸੁਪਰਡੈਂਟ ਪੁਲਿਸ ਔਰ ਡਿਪਟੀ ਸੁਪਰਡੈਂਟ ਪੁਲਿਸ ਦੇ ਧਿਆਨ ਵਿੱਚ ਸਮੇਂ-ਸਮੇਂ ਤੇ ਓਰਲੀ ਲਿਆਉਂਦਾ ਰਹਿੰਦਾ ਹਾਂ। ਫਰੀਦਕੋਟ ਵਿਖੇ 8 ਮਾਰਚ, 1998 ਨੂੰ ਸਵੇਰੇ ਅੱਠ-ਸਾਢੇ- ਅੱਠ ਵਜੇ ਇੱਕ ਪਰਿਵਾਰ ਜਿਸ ਨੂੰ ਡਮਰੂਵਾਲਾ ਪ੍ਰੀਵਾਰ ਕਿਹਾ ਜਾਂਦਾ ਹੈ, ਦੇ ਸੱਤ ਸਾਲ ਦੇ ਬੱਚੇ ਨੂੰ ਅਗਵਾ ਕਰਕੇ ਮਾਰ ਦਿੱਤਾ ਗਿਆ । ਇਹ ਬੱਚਾ ਪੰਜ ਸਾਲ ਬਾਅਦ ਪਰਮਾਤਮਾ ਦੀ ਬਖਸ਼ਿਸ਼ ਨਾਲ ਹੋਇਆ ਸੀ । ਉਸ ਬੱਚੇ ਨੂੰ ਪਹਿਲਾਂ ਅਗਵਾ ਕੀਤਾ ਗਿਆ ਔਰ ਫਿਰ ਮਾਰ ਦਿੱਤਾ ਗਿਆ । ਉਹ ਉਸ ਪਰਿਵਾਰ ਦਾ ਇਕੱਲਾ ਬੱਚਾ ਸੀ ਔਰ ਚਿਰਾਗ ਸੀ ।

ਸ੍ਰੀ ਸਪੀਕਰ : ਇਹ ਗੱਲ ਤੁਸੀਂ ਸੀ. ਐਮ. ਸਾਹਿਬ ਦੇ ਨੋਟਿਸ ਵਿੱਚ ਲਿਆ ਸਕਦੇ ਹੋ ।

ਸਰਦਾਰ ਮਨਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਹ ਗੱਲ ਐਸ. ਐਸ. ਪੀ. ਅਤੇ ਡੀ. ਐਸ. ਪੀ. ਦੇ ਨੋਟਿਸ ਵਿੱਚ ਲਿਆਂਦੀ ਸੀ ਪਰ ਕੋਈ ਕਾਰਵਾਈ ਨਹੀਂ ਹੋਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਚੀਜ਼ ਨੂੰ ਨੱਥ ਪਾਈ ਜਾਵੇ ਤਾਂ ਕਿ ਅਜਿਹੀਆਂ ਘਟਨਾਵਾਂ ਘੱਟ ਸਕਣ ।

ਸ੍ਰੀ ਸਪੀਕਰ : ਹੁਣ ਕਾਲ ਅਟੈਨਸ਼ਨ ਨੋਟਿਸ ਲੈਂਦੇ ਹਾਂ । ਸੈਣੀ ਸਾਹਿਬ!

———

CALL ATTENTION NOTICES UNDER RULE 66

(ਕ੍ਰਮ ਨੰ: 1)

ਸ੍ਰੀ ਸੱਤਿਆ ਪਾਲ ਸੈਣੀ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਹਿਮ ਤੇ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਬਲਾਕ ਵਿੱਚ ਪੈਂਦੇ ਸ਼ਾਹਪੁਰ ਕੰਡੀ ਪ੍ਰੋਜੈਕਟ ਦੇ ਪਾਣੀ ਸਟੋਰ ਹੋਣ ਵਾਲੀ ਜਗ੍ਹਾ ਵਿੱਚੋਂ ਅਤੇ ਉਸ ਦੇ ਨਾਲ ਲਗਦੀ ਗਰੀਨ ਬੈਲਟ ਵਿਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਕੀਮਤੀ ਦਰਖਤ ਗੈਰ ਕਾਨੂੰਨੀ ਤੌਰ ਤੇ ਕੱਟੇ ਜਾ ਚੁੱਕੇ ਹਨ ਅਤੇ ਅਜੇ ਵੀ ਕਟਾਈ ਜਾਰੀ ਹੈ, ਜਿਸ ਨਾਲ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਜੰਗਲਾਤ, ਕਾਨੂੰਨੀ ਅਤੇ ਵਿਧਾਨਿਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਮੰਤਰੀ (ਮਾਸਟਰ ਮੋਹਨ ਲਾਲ) : ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਬਲਾਕ ਵਿੱਚ ਪੈਂਦੇ ਸ਼ਾਹਪੁਰ ਕੰਡੀ ਪ੍ਰੋਜੈਕਟ ਦੇ ਪਾਣੀ ਸਟੋਰ ਹੋਣ ਵਾਲੀ 852 ਹੈਕਟੇਅਰ ਵਣ ਰਕਬੇ ਦੀ ਡਾਇਵਰਸ਼ਨ ਦੀ ਪ੍ਰਵਾਨਗੀ ਭਾਰਤ ਸਰਕਾਰ ਵੱਲੋਂ ਸਾਲ 1995 ਵਿੱਚ ਇਨ ਪ੍ਰਿੰਸੀਪਲ ਦਿੱਤੀ ਗਈ ਸੀ। ਇਸ ਦੀ ਰਸਮੀ ਪ੍ਰਵਾਨਗੀ 20 ਮਈ, 1998 ਨੂੰ ਦਿੱਤੀ ਗਈ ਸੀ। ਇਹ ਪ੍ਰਵਾਨਗੀ ਦਿੰਦੇ ਹੋਏ ਭਾਰਤ ਸਰਕਾਰ ਨੇ ਹੋਰਨਾਂ ਸ਼ਰਤਾਂ ਤੋਂ ਇਲਾਵਾ ਇਹ ਸ਼ਰਤ ਲਗਾਈ ਸੀ ਕਿ ਐਫ. ਆਰ. ਐਲ. ਅਤੇ 4 ਮੀਟਰ ਬੀਲੋਅ ਐਫ. ਆਰ. ਐਲ. ਦੇ ਵਿਚਕਾਰ ਕੋਈ ਦਰਖਤ ਨਹੀਂ ਕੱਟਿਆ ਜਾਵੇਗਾ। ਚੀਫ਼ ਇੰਜੀਨੀਅਰ ਰਣਜੀਤ ਸਾਗਰ ਡੈਮ ਨੇ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੇ ਧਿਆਨ ਵਿੱਚ ਇਹ ਲਿਆਂਦਾ ਸੀ ਕਿ ਉਪਰੋਕਤ ਦੱਸੀ ਗਈ ਰਕਬੇ ਦੀ ਸ਼ਰਤ ਤੋਂ 422 ਦਰਖਤ ਵੱਧ ਕੱਟੇ ਗਏ ਹਨ। ਇਹ ਦਰਖਤ ਇਸ ਲਈ ਕੱਟੇ ਗਏ ਕਿਉਂਕਿ ਜਦੋਂ ਭਾਰਤ ਸਰਕਾਰ ਦੀ ਇਨ ਪ੍ਰਿੰਸੀਪਲ ਪ੍ਰਵਾਨਗੀ ਮਿਲੀ ਸੀ ਤਾਂ ਇਸ ਵਿੱਚ ਇਹ ਸ਼ਰਤ ਨਹੀਂ ਸੀ ਅਤੇ ਇਨ੍ਹਾਂ ਦਰਖਤਾਂ ਦੀ ਕਟਾਈ ਭਾਰਤ ਸਰਕਾਰ ਦੀ ਰਸਮੀ ਪ੍ਰਵਾਨਗੀ ਤੋਂ ਪਹਿਲਾਂ ਕੀਤੀ ਗਈ ਸੀ। ਇਸ ਕਟਾਈ ਨੂੰ ਰੈਗੂਲਰ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਰਣਜੀਤ ਸਾਗਰ ਡੈਮ ਦੀ ਉਸਾਰੀ ਲਈ ਕੁੱਲ 3,765 ਹੈਕਟੇਅਰ ਰਕਬਾ ਐਕਵਾਇਰ ਕੀਤਾ ਗਿਆ ਸੀ। ਇਸ ਰਕਬੇ ਵਿੱਚੋਂ ਕੱਟੇ ਗਏ/ਕੱਟੇ ਜਾਣ ਵਾਲੇ ਰੁੱਖਾਂ ਦੀ ਸ਼ੁਮਾਰੀ ਲਈ ਜੰਗਲਾਤ ਮਹਿਕਮੇ ਵੱਲੋਂ ਸਪੈਸ਼ਲ ਟੀਮਾਂ ਡਿਪਿਊਟ ਕੀਤੀਆਂ ਗਈਆਂ ਸਨ। ਇਸ ਵੇਲੇ ਸ਼ੁਮਾਰੀ/ਚੈਕਿੰਗ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਰਿਪੋਰਟ ਸੰਕਲਿਤ ਕਰਨ ਦਾ ਕੰਮ ਜਾਰੀ ਹੈ। ਜੋ ਗਿਣਤੀ ਦੀ ਰਿਪੋਰਟ ਹੈ, ਉਸ ਨੂੰ ਕੰਪਿਊਟਰਾਈਜ਼ ਕਰਕੇ ਥੋੜ੍ਹੇ ਸਮੇਂ ਦੇ ਅੰਦਰ ਹੀ ਕਿ ਕੀ ਗਲਤੀ ਹੋਈ ਹੈ ਅਤੇ ਕੀ ਕੰਮ ਠੀਕ ਹੋਇਆ ਹੈ, ਇਹ ਸਾਰੀ ਜਾਣਕਾਰੀ ਮਿਲਣ ਤੋਂ ਬਾਅਦ ਹੀ ਕੋਈ ਗੱਲ ਦੱਸ ਸਕਦੇ ਹਾਂ।

ਸ੍ਰੀ ਸੱਤਿਆ ਪਾਲ ਸੈਣੀ : ਸਭਾਪਤੀ ਜੀ, ਇਹ ਬੜਾ ਅਹਿਮ ਵਿਸ਼ਾ ਹੈ। ਇਸ ਦੇ ਵਿਚ ਇਕ ਬਹੁਤ ਵੱਡਾ ਅਪਰਾਧਿਕ ਗਿਰੋਹ ਇਸ ਮੰਤਵ ਦੇ ਨਾਲ ਜੁੜਿਆ ਹੋਇਆ

[ਸ੍ਰੀ ਸੱਤਿਆ ਪਾਲ ਸੈਣੀ]

ਹੈ ਔਰ ਗਰੀਨ ਬੈਲਟ ਜਿਹੜੀ ਹੈ, ਉਹ ਵਰਜਿਤ ਖੇਤਰ ਹੈ ਜਿਸ ਦੇ ਵਿਚੋਂ ਇਕ ਵੀ ਦਰਖਤ ਕੱਟਣਾ ਡੈਮ ਦੀ ਆਉਣ ਵਾਲੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ । ਉਸ ਖੇਤਰ ਦੇ ਦਰਖਤ ਬੜੀ ਬੇਰਹਿਮੀ ਨਾਲ ਕੱਟੇ ਗਏ ਔਰ ਜਿਹੜਾ ਖੇਤਰ ਰਿਵਰ ਬੈਡ ਦਾ ਸੀ, ਜਿਹੜਾ ਖੇਤਰ ਰਿਜ਼ਰਵਾਇਰ ਦਾ ਸੀ, ਉਸ ਖੇਤਰ ਵਿਚੋਂ ਦਰਖਤ ਕੱਟਣੇ ਛੱਡ ਦਿੱਤੇ ਗਏ ਔਰ ਇਹ ਪੰਜਾਬ ਦੀ ਬੜੀ ਤਰਾਸਦੀ ਹੈ ਕਿ ਕਰੋੜਾਂ ਦੀ ਲੱਕੜੀ ਪਾਣੀ ਵਿਚ ਡੁੱਬ ਗਈ । ਇਤਨਾ ਬੜਾ ਅਪਰਾਧ ਹੋਇਆ ਔਰ ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਬੜਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮਾਮਲੇ ਦੀ ਸੀਰੀਅਸਨੈੱਸ ਨੂੰ ਦੇਖਦੇ ਹੋਏ ਇਸ ਵਿਸ਼ੇ ਦੀ ਜਾਂਚ ਕੀਤੀ ਹੈ । ਉਹ ਜਿਹੜਾ ਗਰੋਹ ਹੈ, ਉਸ ਗਰੋਹ ਬਾਰੇ ਮੈਂ ਪੂਰੀ ਜ਼ਿੰਮੇਵਾਰੀ ਦੇ ਨਾਲ ਸਦਨ ਦੇ ਵਿਚ ਵਿਸ਼ਵਾਸ ਦਿਵਾਉਂਦਾ ਹਾਂ ਕਿ ਉਸ ਵੱਲੋਂ ਆਈ. ਏ. ਐਫ. ਅਧਿਕਾਰੀ ਦਾ ਕਤਲ ਕਰ ਦਿੱਤਾ ਗਿਆ ਅਤੇ ਇਹ ਬੜੀ ਯੋਜਨਾ ਦੇ ਨਾਲ, ਬੜੇ ਪਲੈਨਡ ਵੇਅ ਨਾਲ ਕੀਤਾ ਗਿਆ ਹੈ । ਮੈਂ ਅਗਲੀ ਗੱਲ ਦੀ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਿਹੜੀ ਫਿਗਰ ਲਈ ਗਈ ਹੈ, ਜਿਹੜੀਆਂ ਕੰਪਿਊਟਰ ਦੀਆਂ ਫਿਗਰਾਂ ਆਈਆਂ ਹਨ, ਉਨ੍ਹਾਂ ਦੇ ਜਾਣ ਤੋਂ ਬਾਅਦ, ਸਵਰਗੀਯ ਹੋਣ ਦੇ ਬਾਅਦ ਇਹ ਫਿਗਰਾਂ ਨੂੰ ਮੈਲਾਫਾਈਡ ਤਾਂ ਨਹੀਂ ਕਰ ਰਹੇ । ਅਗਰ ਨਹੀਂ ਕਰ ਰਹੇ ਤਾਂ ਇਹੋ ਜਿਹੇ ਹੈਰਾਨਕੁੰਨ ਤੱਥ ਬਾਹਰ ਆਉਣਗੇ ਜਿਸ ਨਾਲ ਧਾਰ ਬਲਾਕ, ਧਾਰ ਬਲਾਕ ਦਾ ਖੇਤਰ ਦਰਖਤਾਂ ਤੋਂ, ਵਾਂਝਾ ਕਰ ਦਿੱਤਾ ਗਿਆ ਉਸ ਦੀ ਜਾਣਕਾਰੀ ਪ੍ਰਾਪਤ ਹੋਵੇਗੀ ।

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਆਪਣੇ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 852 ਹੈਕਟੇਅਰ ਜਿਹੜੀ ਜ਼ਮੀਨ ਰਿਜ਼ਰਵਾਇਰ ਵਿਚ ਆ ਰਹੀ ਹੈ, ਉਸ ਵਿਚੋਂ ਦਰਖਤ ਕੱਟਣੇ ਨਿਹਾਇਤ ਲਾਜ਼ਮੀ ਸਨ ਔਰ ਅਗਰ ਇਹ ਦਰਖਤ ਛੇਤੀ-ਛੇਤੀ ਨਾ ਕੱਟੇ ਜਾਂਦੇ ਤਾਂ ਥੀਨ ਡੈਮ ਦੀ ਕੰਪਲੀਸ਼ਨ ਨਹੀਂ ਹੋ ਸਕਦੀ ਸੀ । ਇਸ ਲਈ ਇਹ ਪ੍ਰਾਪਰਟੀ 852 ਹੈਕਟੇਅਰ ਦੀ, ਥੀਨ ਡੈਮ ਦੀ ਅਥਾਰਟੀ ਸੀ । ਉਨ੍ਹਾਂ ਨੇ ਦਰਖਤਾਂ ਦੀ ਕੰਪਨਸੇਸ਼ਨ ਦੇ ਪੈਸੇ ਦੇ ਦਿੱਤੇ, ਜ਼ਮੀਨਾਂ ਦੀ ਕੰਪਨਸੇਸ਼ਨ ਦੇ ਪੈਸੇ ਦੇ ਦਿੱਤੇ ਔਰ ਘਰਾਂ ਦੇ ਪੈਸੇ ਦੇ ਦਿੱਤੇ ਔਰ 852 ਹੈਕਟੇਅਰ ਜ਼ਮੀਨ ਸਾਨੂੰ, ਫਾਰੈਸਟ ਮਹਿਕਮੇ ਨੂੰ ਹੋਰ ਜਗ੍ਹਾ ਤੇ ਲੈ ਕੇ ਦੇ ਦਿੱਤੀ । ਇਸ ਕਰਕੇ ਇਸ 852 ਹੈਕਟੇਅਰ ਜ਼ਮੀਨ ਵਿਚੋਂ ਰੈਪਿਡਲੀ ਦਰਖਤ ਕੱਟਣੇ ਬਹੁਤ ਲਾਜ਼ਮੀ ਸਨ । ਇਸ ਕਰਕੇ ਉਹ ਸਾਰੇ ਦਰਖਤ ਬਾਕਾਇਦਾ ਨਿਲਾਮੀ ਦੇ ਤਹਿਤ ਕਟਵਾਏ ਗਏ । ਇਸ ਤੋਂ ਬਾਅਦ ਵੀ ਅਗਰ ਕਿਸੇ ਮੁਹਤਰਮ ਮੈਂਬਰ ਨੂੰ ਲੱਗਦਾ ਹੈ ਕਿ ਨਜਾਇਜ਼ ਕਟਾਈ ਹੋਈ ਹੈ ਤਾਂ ਉਹ ਸਾਨੂੰ ਲਿਖ ਕੇ ਦੇ ਦੇਣ । ਅਸੀਂ ਬੜੇ ਮਸ਼ਕੂਰ ਹਾਂ ਆਪਣੇ ਮੁਹਤਰਮ ਚੀਫ ਮਨਿਸਟਰ ਸਾਹਿਬ ਦੇ, ਉਨ੍ਹਾਂ ਨੇ 12 ਡੀ. ਐਫ. ਓ. ਲਗਾਤਾਰ ਲਗਾਏ, 12 ਬੰਦਿਆਂ ਦੀ ਟੀਮ ਲਗਾਤਾਰ ਲਗਾ ਕੇ, ਇਨ੍ਹਾਂ ਸਾਰਿਆਂ ਦੀ ਗਿਣਤੀ ਕਰਵਾਈ ਅਤੇ ਉਹ ਰਿਪੋਰਟ ਵੀ ਮੇਰੇ ਕੋਲ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਦਰਖਤ ਇਲਲੀਗਲੀ ਕੱਟਿਆ ਹੈ ਤਾਂ ਇਹ ਲਿਖ ਕੇ ਦੇਣ । ਮੈਂ ਇਸ ਬਾਰੇ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਿਜ਼ਰਵਾਇਰ ਦੇ ਵਿਚ ਕੋਈ ਵੀ ਦਰਖਤ ਨਹੀਂ ਰਹਿਣਾ ਚਾਹੀਦਾ । ਹਾਲਾਂ ਕਿ ਜੋ ਚੀਫ ਮਨਿਸਟਰ ਸਾਹਿਬ ਨੇ ਇਨਕੁਆਇਰੀ ਮਾਰਕ ਕੀਤੀ ਹੈ, ਉਸ ਇਨਕੁਆਇਰੀ ਟੀਮ ਨੇ ਕਿਹਾ ਹੈ ਕਿ ਕੁਝ

ਦਰਖਤ ਸਾਡੇ ਰਿਜ਼ਰਵਾਇਰ ਵਿਚ ਡੁੱਬ ਗਏ ਹਨ ਅਤੇ ਉਸ ਨਾਲ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ । ਜਿਹੜੇ ਦਰਖਤ ਤਬਾਹ ਹੋਏ ਹਨ, ਉਨ੍ਹਾਂ ਤੋਂ ਥੀਨ ਡੈਮ ਨੂੰ ਖਤਰਾ ਪੈਦਾ ਹੋ ਸਕਦਾ ਸੀ । ਬਲਕਿ ਜਿਹੜੇ ਦਰਖਤ ਕੱਟ ਲਏ ਜਾਂਦੇ ਹਨ, ਉਨ੍ਹਾਂ ਨਾਲ ਥੀਨ ਡੈਮ ਨੂੰ ਜੋ ਨੁਕਸਾਨ ਹੋਣ ਦਾ ਖਤਰਾ ਸੀ, ਉਸ ਤੋਂ ਬਚਾਅ ਹੋ ਸਕਦਾ ਹੈ। ਮੈਂ ਇਸ ਹਾਊਸ ਦੇ ਵਿਚ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਕੋਈ ਇਸ ਦੇ ਵਿਚ ਇਲਲੀਗਲ ਗੱਲ ਹੈ, ਗੈਰ-ਕਾਨੂੰਨੀ ਕਟਾਈ ਹੈ ਤਾਂ ਉਸ ਦੀ ਇਨਕੁਆਇਰੀ ਅਸੀਂ ਖੁੱਲ੍ਹੇ ਮਨ ਦੇ ਨਾਲ ਕਰਨ ਨੂੰ ਤਿਆਰ ਹਾਂ ।

ਸ੍ਰੀ ਸਪੀਕਰ: ਅਗਲਾ ਕਾਲ ਅਟੈਨਸ਼ਨ ਨੋਟਿਸ ।

ਸ੍ਰੀ ਸੱਤਿਆ ਪਾਲ ਸੈਣੀ: ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਵਿਸ਼ਾ ਹੈ । ਇਸ ਦੀ ਇੰਪਾਰਟੈਂਸ ਨੂੰ ਘੱਟ ਕਰਕੇ ਨਾ ਆਂਕੋ ।

ਸ੍ਰੀ ਸਪੀਕਰ: ਨਹੀਂ ਜੀ । ਤੁਸੀਂ ਬੈਠ ਜਾਓ । ਅਗਲਾ ਕਾਲ ਅਟੈਨਸ਼ਨ ਨੋਟਿਸ ।

(ਕ੍ਰਮ ਨੰ: 2)

ਸਰਦਾਰ ਸ਼ੇਰ ਸਿੰਘ ਜਲਾਲਾਬਾਦ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਤੇ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਜ਼ਿਲ੍ਹਾ ਫਿਰੋਜ਼ਪੁਰ ਨੂੰ ਇਸ ਵੇਲੇ ਰੋਜ਼ਾਨਾ ਵਰਤੋਂ ਵਿਚ ਆਉਣ ਵਾਲਾ ਮਿੱਟੀ ਦਾ ਤੇਲ ਘੱਟ ਮਾਤਰਾ ਵਿਚ ਸਪਲਾਈ ਹੁੰਦਾ ਹੈ ਜਿਸ ਕਾਰਨ ਇਸ ਵਿਸ਼ੇ ਤੇ ਜ਼ਿਲ੍ਹੇ ਦੇ ਲੋਕਾਂ ਵਿਚ ਬਹੁਤ ਜ਼ਿਆਦਾ ਬੇਚੈਨੀ ਪਾਈ ਜਾ ਰਹੀ ਹੈ ਅਤੇ ਉਨ੍ਹਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਜ਼ਿਲ੍ਹੇ ਨੂੰ ਵੀ ਦੂਜੇ ਜ਼ਿਲ੍ਹਿਆਂ ਦੇ ਬਰਾਬਰ ਮਿੱਟੀ ਦਾ ਤੇਲ ਸਪਲਾਈ ਕੀਤਾ ਜਾਵੇ । ਇਸ ਲਈ ਸਰਕਾਰ ਵੱਲੋਂ ਕਦੋਂ ਤੱਕ ਜ਼ਿਲ੍ਹਾ ਫਿਰੋਜ਼ਪੁਰ ਨੂੰ ਉਥੋਂ ਦੇ ਲੋਕਾਂ ਦੀ ਜਾਇਜ਼ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਬਾਕੀ ਜ਼ਿਲ੍ਹਿਆਂ ਦੇ ਬਰਾਬਰ ਮਿੱਟੀ ਦਾ ਤੇਲ ਸਪਲਾਈ ਕਰਵਾ ਦਿੱਤਾ ਜਾਵੇਗਾ ?

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ੍ਰੀ ਮਦਨ ਮੋਹਨ ਮਿੱਤਲ) ਪੰਜਾਬ ਰਾਜ ਦਾ ਮਿੱਟੀ ਦੇ ਤੇਲ ਦਾ ਹਿਸਟੋਰਿਕ ਕੋਟਾ 36,663 ਕਿਲੋ ਲੀਟਰ ਪ੍ਰਤੀ ਮਹੀਨਾ ਹੈ । ਇਸ ਮਿਕਦਾਰ ਨੂੰ 254 ਹੋਲਸੇਲ ਡੀਲਰਾਂ ਅਤੇ 15,138 ਡਿਪੂ ਹੋਲਡਰਾਂ ਦੁਆਰਾ ਖਪਤਕਾਰਾਂ ਨੂੰ ਵੰਡਿਆ ਜਾਂਦਾ ਹੈ । ਸ਼ਹਿਰੀ ਅਤੇ ਪੇਂਡੂ ਕਾਰਡ ਹੋਲਡਰਾਂ ਨੂੰ 60:40 ਦੇ ਅਨੁਪਾਤ ਵਿਚ ਵੰਡਿਆ ਜਾਂਦਾ ਹੈ ਭਾਵ ਜੇਕਰ ਸ਼ਹਿਰਾਂ ਵਿਚ ਪ੍ਰਤੀ ਰਾਸ਼ਨ ਕਾਰਡ 15 ਲੀਟਰ ਤੇਲ ਦਿੱਤਾ ਜਾਂਦਾ ਹੈ ਤਾਂ ਪਿੰਡਾਂ ਵਿਚ 10 ਲੀਟਰ ਪ੍ਰਤੀ ਕਾਰਡ ਦਿੱਤਾ ਜਾਂਦਾ ਹੈ । ਇਸ ਸਮੇਂ ਪੰਜਾਬ ਵਿਚ ਜਾਰੀ ਕੀਤੇ ਜਾ ਰਹੇ ਮਿੱਟੀ ਦੇ ਤੇਲ ਦੀ

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]
ਔਸਤਨ ਮਿਕਦਾਰ 8.5 ਲੀਟਰ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨਾ ਬਣਦੀ ਹੈ । ਅਜਿਹਾ ਭਾਰਤ ਸਰਕਾਰ ਵੱਲੋਂ ਦਿੱਤੇ ਜਾ ਰਹੇ ਮਿੱਟੀ ਦੇ ਤੇਲ ਦੀ ਘੱਟ ਸਪਲਾਈ ਕਾਰਨ ਹੈ । ਇਕ ਸਿਲੰਡਰ ਵਾਲੇ ਗੈਸ ਖਪਤਕਾਰਾਂ ਨੂੰ 5 ਲੀਟਰ ਪ੍ਰਤੀ ਕਾਰਡ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ ਜਦਕਿ 2 ਸਿਲੰਡਰ ਵਾਲੇ ਖਪਤਕਾਰਾਂ ਨੂੰ ਮਿੱਟੀ ਦਾ ਤੇਲ ਨਹੀਂ ਦਿੱਤਾ ਜਾਂਦਾ। ਮਿੱਟੀ ਦਾ ਤੇਲ, ਰਿਟੇਲ ਲਸੰਸੀਆਂ ਨੂੰ ਖੁਰਾਕ ਤੇ ਸਪਲਾਈ ਵਿਭਾਗ ਵੱਲੋਂ ਕੀਤੀ ਗਈ ਐਲੋਕੇਸ਼ਨ ਦੇ ਆਧਾਰ ਤੇ ਵੰਡਿਆ ਜਾਂਦਾ ਹੈ ਜਿਹੜੀ ਕਿ ਰਿਟੇਲ ਡਿਪੂਆਂ ਨਾਲ ਲੱਗੇ ਰਾਸ਼ਨ ਕਾਰਡਾਂ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ ।

2. ਜਿਥੋਂ ਤੱਕ ਫਿਰੋਜ਼ਪੁਰ ਜ਼ਿਲ੍ਹੇ ਦਾ ਸਬੰਧ ਹੈ, ਇਸ ਜ਼ਿਲ੍ਹੇ ਦਾ ਮਿੱਟੀ ਦੇ ਤੇਲ ਦਾ ਇਤਿਹਾਸਕ ਕੋਟਾ 1641 ਕਿਲੋ ਲੀਟਰ ਪ੍ਰਤੀ ਮਹੀਨਾ ਹੈ ਜੋ ਕਿ 3.5 ਲੱਖ ਰਾਸ਼ਨ ਕਾਰਡ ਹੋਲਡਰਾਂ ਨੂੰ ਵੰਡਿਆ ਜਾਂਦਾ ਹੈ । ਪ੍ਰਤੀ ਕਾਰਡ ਪ੍ਰਤੀ ਮਹੀਨਾ ਔਸਤਨ 5.5 ਲੀਟਰ ਤੇਲ ਵੰਡਿਆ ਜਾਂਦਾ ਹੈ । ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਨੂੰ ਤੇਲ ਦੀ ਸਪਲਾਈ ਵਿਚ ਅਸਮਾਨਤਾ ਦਾ ਕਾਰਨ ਇਹ ਹੈ ਕਿ ਤੇਲ ਕੰਪਨੀਆਂ ਵੱਲੋਂ ਹੋਲਸੇਲ ਡੀਲਰਸ਼ਿਪਜ਼ ਅਲਾਟ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਇਤਿਹਾਸਕ ਕੋਟਾ ਨਿਰਧਾਰਤ ਕੀਤਾ ਜਾਂਦਾ ਹੈ । ਮਿੱਟੀ ਦੇ ਤੇਲ ਦੀਆਂ ਹੋਲਸੇਲ ਡੀਲਰਸ਼ਿਪਸ ਅਲਾਟ ਕਰਨ ਵਿਚ ਪ੍ਰਾਂਤਕ ਸਰਕਾਰ ਦਾ ਕੋਈ ਰੋਲ ਨਹੀਂ ਹੈ । ਮਿੱਟੀ ਦੇ ਤੇਲ ਦੀ ਜ਼ਿਲ੍ਹਿਆਂ ਨੂੰ ਸਪਲਾਈ ਵਿਚ ਅਸਮਾਨਤਾ ਨੂੰ ਦੂਰ ਕਰਨ ਲਈ ਪ੍ਰਾਂਤਕ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਪੱਧਰ ਤੇ ਭਾਰਤ ਸਰਕਾਰ ਨੂੰ ਸੂਬੇ ਦਾ ਇਤਿਹਾਸਕ ਕੋਟਾ 70% ਵਧਾਉਣ ਲਈ ਬੇਨਤੀ ਕੀਤੀ ਗਈ ਹੈ । ਸਰਕਾਰ ਨੇ ਪਾਲਿਸੀ ਫੈਸਲਾ ਕੀਤਾ ਹੈ ਕਿ ਜਦੋਂ ਵੀ ਭਾਰਤ ਸਰਕਾਰ ਵੱਲੋਂ ਵਾਧੂ ਤੇਲ ਦਿੱਤਾ ਗਿਆ ਤਾਂ ਉਨ੍ਹਾਂ ਜ਼ਿਲ੍ਹਿਆਂ ਨੂੰ ਜਿਨ੍ਹਾਂ ਵਿਚ ਫਿਰੋਜ਼ਪੁਰ ਵੀ ਸ਼ਾਮਲ ਹੈ, ਜਿਥੇ ਇਸ ਸਮੇਂ ਘੱਟ ਸਪਲਾਈ ਹੋ ਰਹੀ ਹੈ, ਦਿੱਤਾ ਜਾਵੇਗਾ ।

ਸਰਦਾਰ ਸ਼ੇਰ ਸਿੰਘ ਜਲਾਲਾਬਾਦ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲਾ ਫਿਰੋਜ਼ਪੁਰ ਵਿਚ 4.3 ਦੇ ਅਨੁਪਾਤ ਨਾਲ ਜੋ ਮਿੱਟੀ ਦਾ ਤੇਲ ਦਿੱਤਾ ਜਾਂਦਾ ਹੈ, ਉਹ ਬਾਕੀ ਜ਼ਿਲ੍ਹਿਆਂ ਨੂੰ 8.5 ਦੇ ਹਿਸਾਬ ਨਾਲ ਦੇ ਰਹੇ ਹਨ । ਕੀ ਇਹ ਜਿਹੜਾ ਫਿਰੋਜ਼ਪੁਰ ਜ਼ਿਲ੍ਹੇ ਦਾ ਘਾਟਾ ਹੈ, ਇਸ ਬਾਰੇ ਇਹ ਦੱਸਣਗੇ ਕਿ ਕਦੋਂ ਪੂਰਾ ਕਰ ਦਿੱਤਾ ਜਾਵੇਗਾ, ਲੋਕਾਂ ਦੀ ਮੰਗ ਨੂੰ ਕਦੋਂ ਤੱਕ ਪੂਰਾ ਕਰ ਲਿਆ ਜਾਵੇਗਾ ?

ਮੰਤਰੀ ਮੈਂ ਅਰਜ਼ ਕੀਤੀ ਹੈ ਕਿ ਇਹ 3.5 ਨਹੀਂ, 5.5 ਹੈ । ਸਾਡੇ ਕੋਲ ਅਲਾਟਮੈਂਟ ਆਫ ਕੈਰੋਸੀਨ ਆਇਲ ਫ਼ਰਾਮ ਸੈਂਟਰ ਗੌਰਮਿੰਟ ਘੱਟ ਹੈ ! ਅਸੀਂ ਆਲਰੇਡੀ ਡਿਮਾਂਡ ਕੀਤੀ ਹੈ । ਫਿਰੋਜ਼ਪੁਰ ਸਾਡੀ ਲਿਸਟ ਤੇ ਹੈ । ਜਦੋਂ ਵੀ ਆਵੇਗਾ, ਇਸ ਨੂੰ ਦੇਵਾਂਗੇ । ਰਾਸ਼ਨੇਲਾਈਜ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ । ਹੋਲਸੇਲ ਡੀਲਰ ਕੰਪਨੀਆਂ ਅਪੁਆਇੰਟ ਕਰਦੀਆਂ ਹਨ । ਡਿਸਟ੍ਰਿਕਟ ਵਾਈਜ਼ ਅਲਾਟਮੈਂਟ ਹੈ । ਉਹ ਅਸੀਂ ਨਹੀਂ ਕਰ ਸਕਦੇ । ਇਹ ਸਟੇਟ ਦਾ ਵਿਸ਼ਾ ਨਹੀਂ ਹੈ ।

ਸ੍ਰੀ ਸਪੀਕਰ: ਉਹ ਕਹਿ ਰਹੇ ਹਨ ਕਿ ਡਿਸਪੇਰਿਟੀ ਨਾ ਕੀਤੀ ਜਾਵੇ। ਇਹ ਉਨ੍ਹਾਂ ਦਾ ਪ੍ਰਸ਼ਨ ਹੈ।

ਮੰਤਰੀ: ਇਹ ਠੀਕ ਕਰ ਦਿੱਤਾ ਜਾਵੇਗਾ।

ਸਰਦਾਰ ਸ਼ੇਰ ਸਿੰਘ ਜਲਾਲਾਬਾਦ: ਇਹ ਇਸ ਵਾਸਤੇ ਟਾਈਮ ਬਾਊਂਡ ਕਰਨਗੇ ?

ਸ੍ਰੀ ਸਪੀਕਰ: ਇਸ ਲਈ ਟਾਈਮ ਬਾਉਂਡ ਕਰਨ ਦੀ ਲੋੜ ਨਹੀਂ। ਬੈਠ ਜਾਓ। Next Call Attention ਅਰਸ਼ੀ ਜੀ, ਤੁਸੀਂ ਬੋਲੋ।

(ਕ੍ਰਮ ਨੰ 5)

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਬੱਚਿਆਂ ਅਤੇ ਗਰਭਵਤੀ ਮਾਤਾਂ ਦੀ ਸਾਂਭ-ਸੰਭਾਲ ਲਈ ਆਈ. ਸੀ. ਡੀ. ਐਸ. ਸਕੀਮ ਅਧੀਨ ਪੰਜਾਬ ਵਿਚ ਚਲ ਰਹੇ 32 ਪ੍ਰਾਜੈਕਟਾਂ ਨੂੰ ਕੇਂਦਰ ਸਰਕਾਰ ਵਲੋਂ ਪ੍ਰਵਾਨਗੀ ਨਾ ਦੇਣ ਕਾਰਨ ਇਨ੍ਹਾਂ ਉਕਤ ਪ੍ਰਾਜੈਕਟਾਂ ਵਿਚ ਕੰਮ ਕਰਦੇ 7 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦਾ ਭਵਿੱਖ ਖਤਰੇ ਵਿਚ ਪੈ ਗਿਆ ਹੈ।

ਇਨ੍ਹਾਂ ਪ੍ਰਾਜੈਕਟਾਂ ਦੇ ਬੰਦ ਹੋਣ ਨਾਲ ਜਿੱਥੇ ਪੰਜਾਬ 'ਚ ਇਸ ਸਕੀਮ ਤੋਂ ਲਾਭ ਉਠਾ ਰਹੇ ਲੱਖਾਂ ਬੱਚੇ ਅਤੇ ਗਰਭਵਤੀ ਮਾਵਾਂ ਪ੍ਰਭਾਵਿਤ ਹੋਣਗੀਆਂ, ਉਥੇ ਪ੍ਰਾਜੈਕਟਾਂ ਵਿਚ ਕੰਮ ਕਰਦੇ 32 ਸੀ. ਡੀ. ਓ., 64 ਕੱਲਰਕ, 130 ਆਂਗਣਵਾੜੀ ਸੁਪਰਵਾਈਜ਼ਰ ਤੇ 2 ਹਜ਼ਾਰ ਦੇ ਕਰੀਬ ਆਂਗਨਵਾੜੀ ਵਰਕਰ ਤੇ ਹੈਲਪਰ ਬੇਕਾਰ ਹੋ ਜਾਣਗੇ। ਰੋਸ ਤੇ ਬੇਚੈਨੀ ਦੇ ਸਿੱਟੇ ਵਜੋਂ ਮੁਲਾਜ਼ਮ ਸੰਘਰਸ਼ ਕਰਨ ਲਈ ਮਜਬੂਰ ਹੋ ਰਹੇ ਹਨ। ਉਕਤ ਦੀ ਰੋਸ਼ਨੀ ਵਿਚ ਪੰਜਾਬ ਸਰਕਾਰ ਬੰਦ ਹੋ ਜਾਣ ਜਾ ਰਹੇ 32 ਪ੍ਰਾਜੈਕਟਾਂ ਨੂੰ ਜਾਰੀ ਰੱਖਣ ਲਈ ਕੀ ਯਤਨ ਕਰ ਰਹੀ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਮੰਤਰੀ, ਸੈਰ-ਸਪਾਟਾ ਸਭਿਆਚਾਰਕ ਮਾਮਲੇ, ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬੱਚਿਆਂ ਦਾ ਵਿਕਾਸ (ਬੀਬੀ ਜਾਗੀਰ ਕੌਰ): ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗੀ ਕਿ ਆਈ. ਸੀ. ਡੀ. ਸੀ. ਸਕੀਮ ਸੌ ਪ੍ਰਤੀਸ਼ਤ ਕੇਂਦਰ ਪ੍ਰਯੋਜਿਤ ਸਕੀਮ ਹੈ ਜੋ ਰਾਜ ਦੇ ਸਾਰੇ ਬਲਾਕਾਂ ਵਿਚ ਲਾਗੂ ਹੈ ਪਰੰਤੂ ਭਾਰਤ ਸਰਕਾਰ ਵਲੋਂ 15 ਮਈ, 1997 ਵਿਚ ਬੰਦ 32 ਬਲਾਕਾਂ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਰਾਜ ਸਰਕਾਰ ਵੱਲੋਂ ਇਨ੍ਹਾਂ ਦੀ ਪ੍ਰਵਾਨਗੀ ਲੈਣ ਲਈ ਭਾਰਤ ਸਰਕਾਰ ਕੋਲ ਮਾਮਲਾ ਟੇਕਅੱਪ ਕੀਤਾ ਹੋਇਆ ਹੈ ਅਤੇ ਉਸ ਵਲੋਂ ਸੂਚਿਤ ਕੀਤਾ ਗਿਆ ਹੈ ਕਿ ਇਹ ਮਾਮਲਾ ਵਿਚਾਰ ਅਧੀਨ ਹੈ। ਰਾਜ ਸਰਕਾਰ ਵਲੋਂ ਵਿੱਤੀ ਸਾਧਨ ਸੀਮਤ ਹੋਣ ਦੇ ਬਾਵਜੂਦ ਇਨ੍ਹਾਂ ਪ੍ਰਾਜੈਕਟਾਂ ਵਿਚ ਕੰਮ ਕਰਦੇ ਅਮਲੇ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਨੂੰ ਤਨਖਾਹ ਦਿੱਤੀ ਜਾ ਰਹੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ ਸਪੀਕਰ ਸਾਹਿਬ, ਉੱਤਰ ਕਾਫੀ ਤਸੱਲੀਬਖਸ਼ ਹੈ। ਇਨ੍ਹਾਂ ਦੇ ਦੱਸਣ ਮੁਤਾਬਿਕ ਪੰਜਾਬ ਸਰਕਾਰ ਕਾਫੀ ਗੰਭੀਰ ਯਤਨ ਕਰ ਰਹੀ ਹੈ ਕਿ ਕੇਂਦਰ ਸਰਕਾਰ ਕੋਲੋਂ ਪ੍ਰਵਾਨਗੀ ਲੈ ਲਈ ਜਾਵੇ ਅਤੇ ਕੇਂਦਰ ਸਰਕਾਰ ਕਿਸੇ ਵੀ ਕੀਮਤ ਤੇ ਇਸ ਨੂੰ ਬੰਦ ਨਾ ਕਰੇ। ਦੂਸਰਾ, ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਬਾਵਜੂਦ ਇਸ ਦੇ ਕਿ ਸਾਡੇ ਵਿੱਤੀ ਸਾਧਨ ਸੀਮਤ ਹਨ, ਪੰਜਾਬ ਸਰਕਾਰ ਆਪਣੇ ਖਰਚੇ ਤੇ ਇਨ੍ਹਾਂ ਸਾਰਿਆਂ ਨੂੰ ਚਲਾ ਰਹੀ ਹੈ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੰਤਰੀ ਜੀ ਤੋਂ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਪੂਰੇ ਐਫਰਟਸ ਕੀਤੇ ਜਾਣ ਕਿ ਕੇਂਦਰ ਸਰਕਾਰ ਇਨ੍ਹਾਂ ਪ੍ਰਾਜੈਕਟਾਂ ਨੂੰ ਕੰਟੀਨਿਊ ਕਰੇ। ਸਾਡੀ ਸਰਕਾਰ ਇਹ ਲਾਜ਼ਮੀ ਬਣਾਏ ਕਿ ਅਗਰ ਕਿਸੇ ਸਟੇਜ ਤੇ ਕੇਂਦਰ ਸਰਕਾਰ ਇਹ ਫੰਡ ਨਹੀਂ ਦਿੰਦੀ ਅਤੇ ਇਸ ਦੇ ਵਾਸਤੇ ਪੂਰੀ ਤਰ੍ਹਾਂ ਇਨਕਾਰ ਕਰ ਦਿੰਦੀ ਹੈ ਤਾਂ ਮੰਤਰੀ ਜੀ ਆਸ਼ਵਾਸਨ ਦੇਣ, ਇਹ ਵਿਸ਼ਵਾਸ ਦਿਵਾਉਣ ਕਿ ਪੰਜਾਬ ਸਰਕਾਰ ਨੇ ਆਪਣੇ ਖਰਚੇ ਤੇ ਜਿਵੇਂ ਮਰਜ਼ੀ ਪ੍ਰਬੰਧ ਕਰਕੇ ਇਨ੍ਹਾਂ ਸਾਰੇ ਪ੍ਰਾਜੈਕਟਾਂ ਨੂੰ ਜਾਰੀ ਰੱਖਣਾ ਹੈ। ਕਿਸੇ ਨੂੰ ਬੰਦ ਨਹੀਂ ਕਰੇਗੀ ਔਰ ਕਿਸੇ ਵੀ ਕਰਮਚਾਰੀ ਦੀ ਛਾਂਟੀ ਨਹੀਂ ਕੀਤੀ ਜਾਵੇਗੀ।

ਮੰਤਰੀ ਸਪੀਕਰ ਸਾਹਿਬ, ਇਹ ਪ੍ਰਾਜੈਕਟ ਪਹਿਲਾਂ 52 ਸਨ ਜਿਨ੍ਹਾਂ ਦੀ ਮਨਜ਼ੂਰੀ ਨਹੀਂ ਮਿਲੀ ਸੀ 15 ਮਈ, 1997 ਤੋਂ ਬਾਅਦ। ਲੇਕਿਨ ਯਤਨਾਂ ਦੇ ਨਾਲ 20 ਪ੍ਰਾਜੈਕਟਾਂ ਦੀ ਮਨਜ਼ੂਰੀ ਮਿਲੀ ਸੀ। ਉਸ ਤੋਂ ਬਾਅਦ 32 ਪ੍ਰਾਜੈਕਟਾਂ ਵਾਸਤੇ ਅੱਜ ਵੀ ਭਾਰਤ ਸਰਕਾਰ ਨਾਲ ਮਾਮਲਾ ਟੇਕ ਅੱਪ ਕੀਤਾ ਜਾ ਰਿਹਾ ਹੈ। ਮਾਨਯੋਗ ਮੁੱਖ ਮੰਤਰੀ ਵੱਲੋਂ ਲੈਟਰ ਲਿਖੇ ਗਏ ਹਨ ਸ੍ਰੀ ਅਟੱਲ ਬਿਹਾਰੀ ਵਾਜਪੇਈ ਜੀ ਅਤੇ ਸਬੰਧਤ ਮੰਤਰੀ ਜੀ ਨੂੰ। ਮੇਰੇ ਵਲੋਂ ਅਤੇ ਮਹਿਕਮੇ ਵਲੋਂ ਵੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਜਿਹੜਾ ਲੈਟਰ ਆਇਆ ਹੈ, ਉਸ ਵਿਚ ਇਹ ਰਿਜੈਕਟ ਨਹੀਂ ਕੀਤਾ ਗਿਆ ਹੈ ਅਤੇ ਪ੍ਰਾਜੈਕਟਾਂ ਦੀ ਮਨਜ਼ੂਰੀ ਦੇਣ ਵਾਸਤੇ ਉਨ੍ਹਾਂ ਨੇ ਸਾਨੂੰ ਯਕੀਨ ਦਿਵਾਇਆ ਹੈ। ਮੈਂ ਬੇਨਤੀ ਕਰਾਂਗਾ ਕਿ ਮੈਨੂੰ ਪੂਰਨ ਵਿਸ਼ਵਾਸ ਹੈ (ਵਿਘਨ) ਜੇ ਇਨ੍ਹਾਂ ਪ੍ਰਾਜੈਕਟਾਂ ਨੂੰ ਬੰਦ ਕਰਨਾ ਹੁੰਦਾ ਤਾਂ 52 ਵਿਚੋਂ 20 ਦੀ ਮਨਜ਼ੂਰੀ ਨਾ ਮਿਲਦੀ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵਿਸ਼ਵਾਸ ਦਿਵਾਇਆ ਹੈ ਅਤੇ ਅਸੀਂ ਵੀ ਇਹ ਪ੍ਰਾਜੈਕਟ ਚਾਲੂ ਰੱਖਾਂਗੇ। ਇਸ ਦਾ ਕੋਈ ਖਰਚਾ ਨਹੀਂ। ਇਸ ਦੇ ਨਾਲ ਹੀ ਮੈਂ ਵਿਸ਼ਵਾਸ ਦਿਵਾਉਂਦੀ ਹਾਂ ਕਿ ਅਸੀਂ ਇਸ ਨੂੰ ਚਾਲੂ ਰੱਖਾਂਗੇ ਅਤੇ ਇਸ ਦੀ ਮਨਜ਼ੂਰੀ ਪ੍ਰਾਪਤ ਕਰ ਲਵਾਂਗੇ।

PRESENTATION OF FIRST REPORT OF THE BUSINESS ADVISORY COMMITTEE

ਸ੍ਰੀ ਸਪੀਕਰ : ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ :—

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ

11 ਮਾਰਚ, 1999 ਤੋਂ 30 ਮਾਰਚ, 1999 ਤੱਕ ਵਿਧਾਨ ਸਭਾ ਦੀਆਂ ਬੈਠਕਾਂ ਵਿਚ ਨਿਮਨ ਲਿਖਤ ਕੰਮ-ਕਾਰ ਕੀਤਾ ਜਾਵੇ :—

ਵੀਰਵਾਰ, 11 ਮਾਰਚ, 1999 (9-00 ਵਜੇ ਸਵੇਰੇ) (ਸਵੇਰ ਦੀ ਬੈਠਕ)	ਰਾਜਪਾਲ ਦੇ ਭਾਸ਼ਣ ਤੇ ਧੰਨਵਾਦ ਦੇ ਪ੍ਰਸਤਾਵ ਤੇ ਬਹਿਸ
ਵੀਰਵਾਰ, 11 ਮਾਰਚ, 1999 (2-30 ਵਜੇ ਬਾਅਦ ਦੁਪਹਿਰ) (ਬਾਅਦ ਦੁਪਹਿਰ ਦੀ ਬੈਠਕ)	ਗੈਰ ਸਰਕਾਰੀ ਕੰਮਕਾਰ
ਸ਼ੁੱਕਰਵਾਰ, 12 ਮਾਰਚ, 1999 (9-00 ਵਜੇ ਸਵੇਰੇ)	ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ।
ਸ਼ਨਿਚਰਵਾਰ, 13 ਮਾਰਚ, 1999 ਐਤਵਾਰ, 14 ਮਾਰਚ, 1999	ਛੁੱਟੀਆਂ
ਸੋਮਵਾਰ, 15 ਮਾਰਚ, 1999 ਮੰਗਲਵਾਰ, 16 ਮਾਰਚ, 1999	ਖਾਲੀ ਦਿਨ
ਬੁੱਧਵਾਰ, 17 ਮਾਰਚ, 1999 (2-00 ਵਜੇ ਬਾਅਦ ਦੁਪਹਿਰ)	ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ
ਵੀਰਵਾਰ, 18 ਮਾਰਚ, 1999 (9-00 ਵਜੇ ਸਵੇਰੇ) (ਸਵੇਰ ਦੀ ਬੈਠਕ)	ਗੈਰ-ਸਰਕਾਰੀ ਕੰਮ ਕਾਰ
ਵੀਰਵਾਰ, 18 ਮਾਰਚ, 1999 (2-30 ਵਜੇ ਬਾਅਦ ਦੁਪਹਿਰ) (ਬਾਅਦ ਦੁਪਹਿਰ ਦੀ ਬੈਠਕ)	1. ਸਾਲ 1998-99 ਲਈ ਅਨੁਪੂਰਕ ਅਨੁਮਾਨ ਪੇਸ਼ ਕਰਨਾ । 2. ਸਾਲ 1998-99 ਲਈ ਅਨੁਪੂਰਕ ਅਨੁਮਾਨਾਂ ਤੇ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ । 3. ਸਾਲ 1998-99 ਲਈ ਅਨੁਪੂਰਕ ਅਨੁਮਾਨਾਂ ਦੇ ਸਬੰਧ ਵਿਚ ਨਮਿੱਤਣ ਬਿਲ ।
ਸ਼ੁੱਕਰਵਾਰ, 19 ਮਾਰਚ, 1999 (9-00 ਵਜੇ ਸਵੇਰੇ)	ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ (ਸਮਾਪਤ ਕੀਤੀ ਜਾਵੇਗੀ)
ਸ਼ਨਿੱਚਰਵਾਰ, 20 ਮਾਰਚ, 1999 ਐਤਵਾਰ, 21 ਮਾਰਚ, 1999	ਛੁੱਟੀਆਂ

[ਸ਼੍ਰੀ ਸਪੀਕਰ]

ਸੋਮਵਾਰ, 22 ਮਾਰਚ, 1999	ਖਾਲੀ ਦਿਨ
ਮੰਗਲਵਾਰ, 23 ਮਾਰਚ, 1999	ਛੁੱਟੀ
ਬੁੱਧਵਾਰ, 24 ਮਾਰਚ, 1999 (10-00 ਵਜੇ ਸਵੇਰੇ)	ਸਾਲ 1999-2000 ਲਈ ਬਜਟ ਅਨੁਮਾਨ ਪੇਸ਼ ਕਰਨਾ ।
ਵੀਰਵਾਰ, 25 ਮਾਰਚ, 1999	ਛੁੱਟੀ
ਸ਼ੁੱਕਰਵਾਰ, 26 ਮਾਰਚ, 1999 (11-00 ਵਜੇ ਸਵੇਰੇ) (ਨਾਨ-ਸਟਾਪ ਬੈਠਕ)	ਸਾਲ 1999-2000 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ।
ਸ਼ਨਿੱਚਰਵਾਰ, 27 ਮਾਰਚ, 1999 (9-00 ਵਜੇ ਸਵੇਰੇ) (ਸਵੇਰ ਦੀ ਬੈਠਕ)	ਸਾਲ 1999-2000 ਲਈ ਬਜਟ ਅਨੁਮਾਨਾਂ ਤੇ ਆਮ ਬਹਿਸ ਮੁੜ ਆਰੰਭ ਕਰਨਾ । (ਸਮਾਪਤ ਕੀਤੀ ਜਾਵੇਗੀ)
ਸ਼ਨਿੱਚਰਵਾਰ, 27 ਮਾਰਚ, 1999 (2-30 ਵਜੇ ਬਾਅਦ ਦੁਪਹਿਰ) (ਬਾਅਦ ਦੁਪਹਿਰ ਦੀ ਬੈਠਕ)	ਸਾਲ 1999-2000 ਲਈ ਬਜਟ ਅਨੁਮਾਨਾਂ ਨਾਲ ਸਬੰਧਤ ਸਿੰਜਾਈ, ਗ੍ਰਹਿ, ਸਿੱਖਿਆ ਅਤੇ ਟ੍ਰਾਂਸਪੋਰਟ ਵਿਭਾਗਾਂ ਨਾਲ ਸਬੰਧਤ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ ।
ਐਤਵਾਰ 28 ਮਾਰਚ, 1999 ਸੋਮਵਾਰ, 29 ਮਾਰਚ, 1999	ਛੁੱਟੀਆਂ
ਮੰਗਲਵਾਰ, 30 ਮਾਰਚ, 1999 (2-00 ਵਜੇ ਬਾਅਦ ਦੁਪਹਿਰ)	1. ਸਾਲ 1999-2000 ਲਈ ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ । 2. ਸਾਲ 1999-2000 ਲਈ ਬਜਟ ਅਨੁਮਾਨਾਂ ਸਬੰਧੀ ਨਮਿੱਤਣ ਬਿਲ ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ-ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫ਼ਾਰਸ਼ਾਂ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣਾ ਚਾਹੁੰਦਾ ਹਾਂ ਕਿ ਆਲਰੇਡੀ ਜੋ ਟੈਂਟੇਟਿਵ ਪ੍ਰੋਗਰਾਮ ਸ਼ੁਰੂ ਕੀਤਾ ਸੀ, ਉਸ ਦੇ ਵਿਚ ਗੈਰ ਸਰਕਾਰੀ ਕੰਮ ਵਾਸਤੇ ਸਵੇਰ ਦਾ ਸਮਾਂ ਰੱਖਿਆ ਗਿਆ ਸੀ । ਕਲ੍ਹ ਜਿਹੜੀ ਮੀਟਿੰਗ

ਹੋਈ ਸੀ, ਉਸ ਵਿਚ ਅਸੀਂ ਸਾਰਿਆਂ ਨੇ ਇਹ ਪ੍ਰਵਾਨ ਕੀਤਾ ਸੀ ਲੇਕਿਨ ਅੱਜ ਜਿਹੜੀ ਲਿਸਟ ਆਫ ਬਿਜ਼ਨਿਸ ਜਾਰੀ ਹੋਣੀ ਹੈ, ਉਸ ਵਿਚ ਮੈਨੂੰ ਹੈਰਾਨੀ ਹੋਈ ਹੈ ਕਿ ਇਹ ਚੇਂਜ ਕਿਸ ਤਰਾਂ ਹੋਈ।

ਸ੍ਰੀ ਸਪੀਕਰ : ਕੋਈ ਚੇਂਜ ਨਹੀਂ ਹੋਈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਗੈਰ ਸਰਕਾਰੀ ਕੰਮ-ਕਾਰ ਸਵੇਰ ਦੀ ਬੈਠਕ ਵਾਸਤੇ ਸੀ।

ਸ੍ਰੀ ਸਪੀਕਰ : ਤੁਹਾਡੇ ਹੁੰਦਿਆਂ ਹੀ ਸਾਰਾ ਕੁਝ ਡਿਸਕਸ ਹੋਇਆ ਹੈ। ਬਾਅਦ ਵਿਚ ਕੋਈ ਚੇਂਜ ਨਹੀਂ ਹੋਈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ ਅਤੇ ਚੇਅਰ ਦਾ ਅਸੀਂ ਸਤਿਕਾਰ ਕਰਦੇ ਹਾਂ।

ਸ੍ਰੀ ਸਪੀਕਰ : ਜੋ ਮੇਰੇ ਕੋਲ ਬਿਜ਼ਨਿਸ ਹੈ, ਬਿਲਕੁਲ ਉਸੇ ਤਰ੍ਹਾਂ ਹੋਇਆ ਹੈ ਅਤੇ ਇਸ ਤਰ੍ਹਾਂ ਦੀ ਕੋਈ ਚੇਂਜ ਨਹੀਂ ਹੋਈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਵੀ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਵਿਚ ਹਾਜ਼ਰ ਸੀ। ਅਸੀਂ ਕੋਈ ਕਿੰਤੂ-ਪ੍ਰੰਤੂ ਨਹੀਂ ਕਰ ਰਹੇ ਅਤੇ ਇਸ ਵਿਚ ਅਸੀਂ ਵੀ ਸ਼ਾਮਿਲ ਹਾਂ। ਇਹ ਪਹਿਲਾਂ ਆਰਜ਼ੀ ਪ੍ਰੋਗਰਾਮ ਸੀ। ਹੁਣ ਫੈਸਲਾ ਹੋਇਆ ਹੈ ਕਿ ਗੈਰ ਸਰਕਾਰੀ ਕੰਮ-ਕਾਰ ਸਵੇਰ ਦੇ ਸਮੇਂ ਹੋਵੇਗਾ ਅਤੇ ਦੁਪਹਿਰ ਤੋਂ ਬਾਅਦ ਸਰਕਾਰੀ ਬਿਜ਼ਨਿਸ ਹੋਵੇਗਾ। ਸਪੀਕਰ ਸਾਹਿਬ, ਦੁਪਹਿਰ ਤੋਂ ਬਾਅਦ ਗਵਰਨਰ ਸਾਹਿਬ ਦੇ ਐਡਰੈਸ ਤੇ ਜਨਰਲ ਡਿਸਕਸ਼ਨ ਹੋਣੀ ਸੀ।

ਸ੍ਰੀ ਸਪੀਕਰ : ਜੋ ਫੈਸਲਾ ਤੁਸੀਂ ਕੀਤਾ ਹੈ, ਉਸ ਨੂੰ ਚੇਂਜ ਕਰਨਾ ਚੰਗਾ ਨਹੀਂ ਲੱਗਦਾ। ਜੋ ਫੈਸਲਾ ਹੋਇਆ ਹੈ, ਉਸੇ ਤਰ੍ਹਾਂ ਹੀ ਰੱਖਿਆ ਗਿਆ ਹੈ।

Minister for Food and Supplies and Parliamentary Affairs (Shri Madan Mohan Mittal) : Sir I, beg to move—

"That this House agrees with the recommendations contained in the First Report of the Business Advisory Committee."

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ—

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

ਸ਼੍ਰੀ ਸਪੀਕਰ : ਪ੍ਰਸ਼ਨ ਹੈ —

"ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ ।"

ਪ੍ਰਸਤਾਵ ਪ੍ਰਵਾਨ ਕੀਤਾ ਗਿਆ ।

PAPERS LAID ON THE TABLE

Minister for Food and Supplies and Parliamentary Affairs (Shri Madan Mohan Mittal) :Sir, I beg to lay on the Table—

(1) The Court Fees (Punjab Amendment) Ordinance, 1999 (Punjab Ordinance No. 1 of 1999), as required under Article 213(2)(a) of the Constitution, and

(2) The Salary and Allowances of Leader of Opposition in Legislative Assembly (First Amendment) Rules, 1999, as required under section 10(3)....

ਸ਼੍ਰੀ ਸਪੀਕਰ : ਮਿੱਤਲ ਸਾਹਿਬ ਕੀ ਤੁਹਾਡੇ ਕੋਲ ਇਹ ਪੰਜਾਬੀ ਵਿਚ ਨਹੀਂ ਹੈ ? ਤੁਸੀਂ ਪੰਜਾਬੀ ਵਿਚ ਪੜ੍ਹੋ । ਤੁਹਾਡੇ ਕੋਲ ਜੇਕਰ ਇਹ ਮੈਟੀਰੀਅਲ ਪੰਜਾਬੀ ਵਿਚ ਨਹੀਂ ਹੈ ਤਾਂ ਅਸੀਂ ਤੁਹਾਨੂੰ ਦੇ ਦਿੰਦੇ ਹਾਂ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਟਰਾਂਸਲੇਟ ਕਰ ਦਿੰਦਾ ਹਾਂ ।

ਸ਼੍ਰੀ ਸਪੀਕਰ : ਹਾਂ ਜੀ, ਪੰਜਾਬੀ ਵਿਚ ਬੋਲੋ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ): ਸ਼੍ਰੀਮਾਨ ਜੀ, ਮੈਂ ਨਿਮਨ ਲਿਖਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :—

1. ਕੋਰਟ ਫੀਸ (ਪੰਜਾਬ ਸੋਧਨਾ) ਆਰਡੀਨੈਂਸ, 1999 (1999 ਦਾ ਪੰਜਾਬ ਆਰਡੀਨੈਂਸ ਨੰ: 1) ਜਿਵੇਂ ਕਿ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ ।

2. ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਪਹਿਲੀ ਸੋਧਨਾ) ਨਿਯਮਾਵਲੀ, 1999 ਜਿਵੇਂ ਕਿ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ 1978 ਦੀ ਧਾਰਾ 10 (3) ਅਧੀਨ ਲੋੜੀਂਦਾ ਹੈ ।

3. ਸਾਲ 1997-98 ਲਈ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ਮੇਜ਼ ਤੇ ਰੱਖਣ ਵਿਚ ਦੇਰੀ ਲਈ ਕਾਰਣ ਦਰਸਾਉਂਦਾ ਵਿਵਰਣ ।

4. ਸਾਲ 1993-94 ਲਈ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਿਟਿਡ ਦੀ 18ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

5. ਸਾਲਾਂ 1985-86 ਤੋਂ 1995-96 ਤੱਕ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀਆਂ ਸਾਲਾਨਾ ਰਿਪੋਰਟਾਂ ਅਤੇ ਮੈਮੋਰੰਡਮ ਜਿਵੇਂ ਕਿ ਸੰਵਿਧਾਨ ਦੇ ਅਨੁਛੇਦ 323(2) ਅਧੀਨ ਲੋੜੀਂਦਾ ਹੈ ।

6. ਸਾਲ 1987-88 ਲਈ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਲਿਮਿਟਿਡ ਦੀ ਪੰਜਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

7. ਸਾਲ 1995-96 ਲਈ ਪੰਜਾਬ ਖਾਦੀ ਅਤੇ ਗਰਾਮ ਉਦਯੋਗ ਬੋਰਡ ਦੀ 13ਵੀਂ ਸਾਲਾਨਾ ਰਿਪੋਰਟ ।

8. ਸਾਲ 1995-96 ਲਈ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਦੀ ਪ੍ਰਬੰਧਕੀ ਰਿਪੋਰਟ ਅਤੇ ਰਿਵਿਯੂ ਜਿਵੇਂ ਕਿ ਰੋਡ ਟ੍ਰਾਂਸਪੋਰਟ ਐਕਟ 1950 ਦੀ ਧਾਰਾ 35(3) ਅਧੀਨ ਲੋੜੀਂਦਾ ਹੈ ।

9. ਸਾਲ 1997-98 ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਿਟਿਡ ਦੀ ਸਾਲਾਨਾ ਰਿਪੋਰਟ ਮੇਜ਼ ਤੇ ਰੱਖਣ ਵਿਚ ਦੇਰੀ ਲਈ ਕਾਰਨ ਦਰਸਾਉਂਦਾ ਵਿਵਰਣ ।

10. ਸਾਲ 1995-96 ਲਈ ਪੰਜਾਬ ਛੋਟੇ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਿਟਿਡ ਦੀ ਸਾਲਾਨਾ ਰਿਪੋਰਟ ਅਤੇ ਲੇਖੇ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

11. ਸਾਲ 1996-97 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਜਿਵੇਂ ਕਿ ਨਿਯਮ 19 ਨਾਲ ਪੜ੍ਹੇ ਜਾਂਦੇ ਪੰਜਾਬ ਖੇਤਰੀ ਅਤੇ ਨਗਰ ਯੋਜਨਾਬੰਦੀ ਅਤੇ ਵਿਕਾਸ ਐਕਟ 1995 ਦੀ ਧਾਰਾ 53(1) ਅਧੀਨ ਲੋੜੀਂਦਾ ਹੈ ।

12. (i) ਸਾਲ 1995-96 ਲਈ ਸਥਾਨਕ ਆਡਿਟ ਵਿੰਗ, ਵਿੱਤ ਵਿਭਾਗ, ਪੰਜਾਬ ਦੀ ਸਾਲਾਨਾ ਆਡਿਟ ਰਿਪੋਰਟ; ਅਤੇ

(ii) ਸਾਲ 1996-97 ਲਈ ਸਥਾਨਕ ਫੰਡ ਆਡਿਟ ਸੰਗਠਨ, ਵਿੱਤ ਵਿਭਾਗ, ਪੰਜਾਬ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ ।

PRESENTATION OF REPORT OF THE COMMITTEE

ਸ਼੍ਰੀ ਸਪੀਕਰ : ਅਗਲੀ ਆਈਟਮ, ਰਿਪੋਰਟ ਪੇਸ਼ ਕਰਨਾ ।

ਹੁਣ ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ ਆਪਣੀ ਰਿਪੋਰਟ ਪੇਸ਼ ਕਰਨਗੇ ।

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ਼੍ਰੀ ਸੱਤਪਾਲ ਗੁਸਾਈਂ) : ਸ਼੍ਰੀਮਾਨ ਜੀ, ਮੈਂ ਸਾਲਾਂ 1986-87 ਅਤੇ 1992-93 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਵਪਾਰਕ) ਵਿਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 57ਵੀਂ ਰਿਪੋਰਟ ਪੇਸ਼ ਕਰਦਾ ਹਾਂ ।

DISCUSSION ON GOVERNOR'S ADDRESS

ਸ਼੍ਰੀ ਸਪੀਕਰ : ਹੁਣ, ਰਾਜਪਾਲ ਦੇ ਭਾਸ਼ਣ ਤੇ ਬਹਿਸ । ਸਰਦਾਰ ਮਨਪ੍ਰੀਤ ਸਿੰਘ ਬਾਦਲ ।

ਸਰਦਾਰ ਮਨਪ੍ਰੀਤ ਸਿੰਘ ਬਾਦਲ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ ਰਾਜਪਾਲ ਜੀ ਨੂੰ ਹੇਠ ਲਿਖੇ ਇਨ੍ਹਾਂ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

> "ਕਿ ਇਸ ਸਮਾਗਮ ਵਿਚ ਇਕੱਤਰ ਇਸ ਸਦਨ ਦੇ ਮੈਂਬਰ ਰਾਜਪਾਲ ਦੇ ਉਸ ਭਾਸ਼ਣ ਲਈ ਬਹੁਤ ਧੰਨਵਾਦੀ ਹਨ ਜੋ ਉਨ੍ਹਾਂ ਨੇ 9 ਮਾਰਚ, 1999 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ ।"

ਸ਼੍ਰੀ ਸਪੀਕਰ : ਸ਼੍ਰੀ ਸੱਤਿਆ ਪਾਲ ਸੈਣੀ ।

ਸ਼੍ਰੀ ਸੱਤਿਆ ਪਾਲ ਸੈਣੀ : ਸ਼੍ਰੀਮਾਨ ਜੀ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ ।

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ :

> "ਕਿ ਇਸ ਸਮਾਗਮ ਵਿਚ ਇਕੱਤਰ ਇਸ ਸਦਨ ਦੇ ਮੈਂਬਰ ਰਾਜਪਾਲ ਦੇ ਉਸ ਭਾਸ਼ਣ ਲਈ ਬਹੁਤ ਧੰਨਵਾਦੀ ਹਨ ਜੋ ਉਨ੍ਹਾਂ ਨੇ 9 ਮਾਰਚ, 1999 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ ।"

ਬਹਿਸ । ਸਰਦਾਰ ਮਨਪ੍ਰੀਤ ਸਿੰਘ ਜੀ ।

ਸਰਦਾਰ ਮਨਪ੍ਰੀਤ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ, ਮਸ਼ਕੂਰ ਹਾਂ ਤੁਸੀਂ ਮੈਨੂੰ ਗਵਰਨਰ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਜਨਾਬ ਨੂੰ ਇਲਮ ਹੈ ਕਿ ਗਵਰਨਰ ਸਾਹਿਬ ਨੇ ਉਨ੍ਹਾਂ ਕੰਮਾਂ/ਗੱਲਾਂ ਦਾ ਤਫਸਰਾ ਕੀਤਾ ਹੈ ਜਿਹੜੀਆਂ ਸਰਕਾਰ ਨੇ ਗੁਜ਼ਿਸ਼ਤਾ ਸਾਲ ਵਿਚ ਕੀਤੀਆਂ ਹਨ ਅਤੇ ਜੋ ਆਇੰਦਾ

ਸਰਕਾਰ ਕਰਨ ਦਾ ਇਰਾਦਾ ਰੱਖਦੀ ਹੈ । ਇਸ ਸਦਨ ਦਾ ਟਾਈਮ ਬੜਾ ਕੀਮਤੀ ਹੈ, ਇਸ ਲਈ ਮੈਂ ਜ਼ਿਆਦਾ ਤਫ਼ਸੀਲ ਵਿਚ ਨਾ ਜਾਂਦਾ ਹੋਇਆ ਸਿਰਫ 2-3 ਜ਼ਰੂਰੀ ਗੱਲਾਂ ਵੱਲ ਤਵੱਜੋਂ ਦਿਵਾਉਣੀ ਚਾਹਾਂਗਾ । ਸਾਡੇ ਸੂਬੇ ਦੀ ਤਰੱਕੀ ਲਈ, ਡਿਵੈਲਪਮੈਂਟ ਲਈ

*11-01 ਵਜੇ
ਪੂਰਵ ਦੁਪਹਿਰ

(*ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਜਿਹੜੀ ਦੌਲਤ ਸਾਡੇ ਕੋਲ ਆਉਂਦੀ ਹੈ, ਉਹ ਜਾਂ ਤਾਂ ਸਾਡੇ ਖੇਤਾਂ ਵਿਚੋਂ ਆਉਂਦੀ ਹੈ ਅਤੇ ਜਾਂ ਫਿਰ ਸਾਡੇ ਸੂਬੇ ਦੇ ਕਾਰਖਾਨਿਆਂ ਵਿਚੋਂ ਆਉਂਦੀ ਹੈ । ਇਸ ਲਈ ਇਹ ਲਾਜ਼ਮੀ ਹੈ ਅਤੇ ਸਰਕਾਰ ਦਾ ਇਹ ਬੁਨਿਆਦੀ ਹੱਕ ਵੀ ਹੈ ਕਿ ਇਹ ਜਿਹੜੇ ਖੇਤਰ ਹਨ-ਜ਼ਰਾਇਤ ਅਤੇ ਸਨਅਤਕਾਰੀ, ਇਨ੍ਹਾਂ ਤੇ ਸਰਕਾਰ ਵੱਧ ਤੋਂ ਵੱਧ ਤਵੱਜੋ ਦੇਵੇ । ਪੰਜਾਬ ਇਕ ਜ਼ਰਾਇਤੀ ਸੂਬਾ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਨੂੰ ਅੱਜ ਵੀ ਇਹ ਅਜ਼ਮਤ ਹਾਸਲ ਹੈ ਕਿ 56% ਚਾਵਲ ਅਤੇ 60% ਕਣਕ ਸੈਂਟਰਲ ਪੂਲ ਵਿਚ ਪਾ ਕੇ ਅਸੀਂ ਹਿੰਦੁਸਤਾਨ ਦਾ ਢਿੱਡ ਭਰਦੇ ਹਾਂ । ਮੁਸਲਸਿਲ ਪਿਛਲੇ 6 ਸਾਲਾਂ ਤੋਂ ਪੰਜਾਬ ਨੂੰ ਹਿੰਦੁਸਤਾਨ ਵਿਚ 'ਬੈਸਟ ਪ੍ਰੋਡਕਸ਼ਨ ਐਵਾਰਡ' ਮਿਲਦਾ ਆਇਆ ਹੈ ਜਿਹੜਾ ਕਿ ਇਸ ਖੇਤਰ ਵਿਚ ਸਾਡਾ ਹੱਕ ਬਣਦਾ ਸੀ, ਇਹ ਐਵਾਰਡ 1998 ਵਿਚ ਵੀ ਪੰਜਾਬ ਨੂੰ ਹਾਸਲ ਹੋਇਆ ਹੈ । ਅਸੀਂ ਪਿਛਲੇ ਸਾਲ 127 ਲੱਖ ਮੀਟ੍ਰਿਕ ਟਨ ਕਣਕ ਅਤੇ ਚਾਵਲ ਪੈਦਾ ਕੀਤਾ ਅਤੇ ਇਸ ਸਾਲ ਦਾ ਸਾਡਾ ਟੀਚਾ 139 ਲੱਖ ਟਨ ਹੈ । ਇਸ ਤਰੀਕੇ ਨਾਲ ਅਸੀਂ ਉਤਪਾਦਨ ਦੀ ਬੜੀ ਵੱਡੀ ਪੌੜੀ ਤੇ ਕਦਮ ਰੱਖਿਆ ਹੈ ਪਰ ਡਿਪਟੀ ਸਪੀਕਰ ਸਾਹਿਬ, ਸੀਰੀਅਸ ਗੱਲ ਇਹ ਹੈ ਕਿ ਅਸੀਂ ਜ਼ਰਾਇਤ ਦੇ ਖੇਤਰ ਵਿਚ ਉਸ ਜਗ੍ਹਾ ਤੇ ਪਹੁੰਚ ਗਏ ਹਾਂ ਜਿੱਥੇ ਹੋਰ ਅੱਗੇ ਵੱਧ ਸਕਣਾ ਬਹੁਤ ਮੁਸ਼ਕਲ ਹੈ । ਇਕਨਾਮਿਕਸ ਦਾ ਲਾਅ ਹੈ ਲਾਅ ਆਫ਼ ਡਿਮਿਨਿਸ਼ਿੰਗ ਰਿਟਰਨਜ਼ । ਇਸ ਦਾ ਮਤਲਬ ਇਹ ਹੈ ਕਿ ਇਕ ਖਾਸ ਹੱਦ ਤੋਂ ਅੱਗੇ ਜੇ ਅਸੀਂ 4 ਗੁਣਾਂ ਹੋਰ ਖਰਚ ਲਈਏ ਤਾਂ ਸਾਨੂੰ 4 ਗੁਣਾ ਹੋਰ ਫਾਇਦਾ ਨਹੀਂ ਹੋਵੇਗਾ । ਇਹ ਲਾਅ ਆਫ਼ ਡਿਮਿਨਿਸ਼ਿੰਗ ਰਿਟਰਨ ਸਾਡੇ ਖੇਤੀਬਾੜੀ ਸੈਕਟਰ ਤੇ ਹੁਣ ਲਾਗੂ ਹੋਣਾ ਸ਼ੁਰੂ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਵਿਚ ਇਕ ਨਾਹਰਾ ਬੜਾ ਮਕਬੂਲ ਸੀ- ਦੱਬ ਕੇ ਵਾਹ ਤੇ ਰੱਜ ਕੇ ਖਾਹ ਪਰ ਅੱਜ ਇਸ ਨਾਅਰੇ ਵਿਚ ਕੁਝ ਇਸ ਤਰ੍ਹਾਂ ਦੀ ਤਰਮੀਮ ਕਰਨ ਦੀ ਲੋੜ ਹੈ- ਅਕਲ ਨਾਲ ਵਾਹ ਤੇ ਰੱਜ ਕੇ ਖਾਹ । ਸੋ, ਸਰਕਾਰ ਦੀ ਸਾਰੀ ਤਾਕਤ ਇਸ ਪਾਸੇ ਲੱਗੀ ਹੋਈ ਹੈ ਕਿ ਝੋਨੇ ਤੇ ਚਾਵਲ ਦੀ ਜਿਹੜੀ ਖੇਤੀ ਹੈ ਉਸ ਤੋਂ ਇਲਾਵਾ ਕਿਸਾਨ ਹੋਰ ਜ਼ਿਆਦਾ ਕਮਾਈ ਕਿਸ ਤਰ੍ਹਾਂ ਕਰ ਸਕਦਾ ਹੈ ? ਫੁੱਲਾਂ ਅਤੇ ਸਬਜ਼ੀਆਂ ਦੀ ਖੇਤੀ ਜਾਂ ਡੇਅਰੀ ਫਾਰਮਿੰਗ ਵੱਲ ਕਿਸਾਨਾਂ ਦੀ ਤਵੱਜੋ ਦਿਵਾਈ ਜਾਵੇ ਤਾਂ ਕਿ ਕਿਸਾਨ ਨੇ ਝੋਨੇ/ਕਣਕ ਦਾ ਜਿਹੜਾ ਸਰਪਲੱਸ ਉਤਪਾਦਨ ਹਰ ਸਾਲ ਕੀਤਾ ਹੈ, ਉਸ ਵਿਚ ਅਸੀਂ ਹੋਰ ਇਜ਼ਾਫਾ ਨਾ ਕਰੀਏ । ਸੂਬਾ ਪੱਧਰ ਤੇ ਸਰਕਾਰ ਦੀ ਡੇਅਰੀ ਦੇ ਖੇਤਰ ਵਿਚ ਐਨੀ ਜ਼ਿਆਦਾ ਤਵੱਜੋ ਹੈ ਕਿ ਡੇਅਰੀ ਸ਼ੁਰੂ ਕਰਨ ਅਤੇ ਉਸ ਦੇ ਮੰਡੀਕਰਣ ਵਾਸਤੇ ਕੋਲਡ ਸਟੋਰਾਂ ਦੀ ਇਕ ਚੇਨ ਬਣਾਉਣ ਦਾ ਇਸ ਨੇ ਹਰ ਸਾਲ ਯਤਨ ਕੀਤਾ ਹੈ । ਜੋ ਵੀ ਜਿਣਸ ਐਕਸਪੋਰਟ ਹੁੰਦੀ ਹੈ, ਉਸ ਨੂੰ ਮੰਡੀ ਫੀਸ, ਰੂਰਲ ਡਿਵੈਲਪਮੈਂਟ ਫੀਸ ਤੋਂ ਵੀ ਮੁਕਤ ਕੀਤਾ ਗਿਆ ਹੈ ਤਾਂ ਕਿ ਹਿੰਦੁਸਤਾਨ ਵਿਚ ਪੰਜਾਬ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਦੀ ਖੇਤੀਬਾੜੀ ਦੇ ਮਾਮਲੇ ਵਿਚ ਜੋ ਸਰਦਾਰੀ ਹੈ, ਉਸ ਨੂੰ ਕਾਇਮ ਰੱਖਿਆ ਜਾ ਸਕੇ। ਹਿੰਦੁਸਤਾਨ ਵਿਚ ਪੰਜਾਬ ਨੇ ਇਹ ਜੋ ਸਰਦਾਰੀ ਹਾਸਲ ਕੀਤੀ ਹੈ, ਉਸ ਨੂੰ ਜੇ ਅਸੀਂ ਕਾਇਮ ਰੱਖਣਾ ਹੈ ਤਾਂ ਇਹ ਲਾਜ਼ਮੀ ਹੈ ਕਿ ਜੋ ਪੰਜਾਬ ਵਿਚ ਨਹਿਰਾਂ ਦਾ ਨੈਟ-ਵਰਕ ਹੈ, ਉਸ ਨੂੰ ਹੋਰ ਤਕੜਾ ਕੀਤਾ ਜਾਵੇ। ਭਾਖੜਾ ਲਾਈਨ ਨੂੰ ਛੱਡ ਕੇ ਬਾਕੀ ਸਾਰੇ ਦਾ ਸਾਰਾ ਨੈਟ-ਵਰਕ ਤਕਰੀਬਨ 100 ਸਾਲ ਤੋਂ ਵੀ ਵੱਧ ਪੁਰਾਣਾ ਹੈ ਅਤੇ ਜਿਹੜੇ ਇੰਜੀਨੀਅਰਜ਼ ਇਹ ਕੈਨਾਲਜ਼ ਚਲਾਉਂਦੇ ਹਨ, ਉਹ ਪੰਜਾਬ ਦੇ "ਅਨ-ਸੰਗ ਹੀਰੋਜ਼" ਹਨ ਜਿਹੜੇ ਕਿ ਇਸ 125 ਸਾਲ ਪੁਰਾਣੇ ਸਿਸਟਮ ਨੂੰ ਸਫਲ ਢੰਗ ਨਾਲ ਚਲਾ ਰਹੇ ਹਨ। ਅੱਜ ਅਸੈਂਬਲੀ ਵਿਚ ਇਹ ਮੌਕਾ ਹੈ, ਇਹ ਗੱਲ ਕਹਿਣ ਦਾ ਕਿ ਪੰਜਾਬ ਦੀ ਖੁਸ਼ਹਾਲੀ ਪਿਛਲੇ ਸੌ ਸਾਲਾਂ ਤੋਂ ਇਨ੍ਹਾਂ ਇੰਜੀਨੀਅਰਾਂ ਤੇ ਖੜ੍ਹੀ ਹੈ।

ਡਿਪਟੀ ਸਪੀਕਰ ਸਾਹਿਬ, ਜੋ ਪਿਛਲੇ ਦੋ ਸਾਲਾਂ ਦੇ ਵਿਚ ਸਰਕਾਰ ਦੇ ਸਿਰ ਕੋਈ ਸਿਹਰਾ ਜਾਂਦਾ ਹੈ, ਜਿਹੜਾ ਅਸੀਂ ਸਰਕਾਰ ਨੂੰ ਦੇ ਸਕਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਉਹ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਹਨ ਜਿਨ੍ਹਾਂ ਦੇ ਸਦਕਾ ਰਣਜੀਤ ਸਾਗਰ ਡੈਮ ਅਸੀਂ ਮੁਕੰਮਲ ਕੀਤਾ ਹੈ, ਲਹਿਰਾ ਮੁਹੱਬਤ ਥਰਮਲ ਪਲਾਂਟ ਅਸੀਂ ਮੁਕੰਮਲ ਕੀਤਾ ਹੈ, (ਥੰਪਿੰਗ) ਕਿਉਂਕਿ, ਡਿਪਟੀ ਸਪੀਕਰ ਸਾਹਿਬ, ਪਿਛਲੇ 15 ਸਾਲਾਂ ਤੋਂ ਪੰਜਾਬ ਦੇ ਵਿੱਚ ਇਕ ਵੀ ਮੈਗਾਵਾਟ ਬਿਜਲੀ ਹੋਰ ਪੈਦਾ ਨਹੀਂ ਸੀ ਹੋਈ। ਇਹ ਅਕਾਲੀ-ਭਾਜਪਾ ਦੀ ਸਾਂਝੀ ਸਰਕਾਰ ਹੀ ਹੈ ਜਿਸ ਨੇ ਇਹ ਕੋਸ਼ਿਸ਼ਾਂ ਕੀਤੀਆਂ ਹਨ। ਇਸ ਨਾਲ ਪੰਜਾਬ ਦੇ ਬਿਜਲੀ ਗਰਿਡ ਵਿਚ ਇਸ ਸਾਲ ਅਸੀਂ 1100 ਮੈਗਾਵਾਟ ਬਿਜਲੀ ਦਾ ਇਜ਼ਾਫਾ ਕਰ ਸਕਦੇ ਹਾਂ। ਬਿਜਲੀ ਇਕ ਐਸੀ ਚੀਜ਼ ਹੈ ਜਿਹੜੀ ਕਿ ਤਰੱਕੀ ਲਈ ਇਕ ਬੁਨਿਆਦੀ ਲੋੜ ਹੈ ਅਤੇ ਇਸ ਤੋਂ ਬਗੈਰ ਪੰਜਾਬ ਤਰੱਕੀ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਥੀਨ ਡੈਮ ਜਾਂ ਰਣਜੀਤ ਸਾਗਰ ਡੈਮ ਹੈ, ਇਸ ਵਿਚ ਇਹ ਨਹੀਂ ਕਿ ਮੁਸ਼ਕਲਾਂ ਨਹੀਂ ਆਈਆਂ, ਆਪਾਂ ਦੋ ਬਜਟ ਇਸ ਹਾਊਸ ਵਿਚ ਰੱਖੇ ਹਨ। ਸਾਡੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਇਨ੍ਹਾਂ ਐਨੂਅਲ ਪਲਾਨਾਂ ਦਾ ਇਕ ਵੱਡਾ ਹਿੱਸਾ ਅਸੀਂ ਬਿਜਲੀ ਪੈਦਾ ਕਰਨ ਵਾਸਤੇ ਰੱਖਿਆ ਹੈ। ਬੜੀਆਂ ਮੁਸ਼ਕਲਾਂ ਆਈਆਂ, ਕਈ ਚੀਜ਼ਾਂ ਤੇ ਸਾਨੂੰ ਕੱਟ ਵੀ ਲਗਾਉਣੀ ਪਈ ਪਰ ਅਸੀਂ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਕਿਉਂਜੋ ਬਿਜਲੀ ਇਕ ਬੁਨਿਆਦੀ ਚੀਜ਼ ਸੀ। ਭਾਵੇਂ ਅਸੀਂ ਕਿਸੇ ਖੇਤਰ ਵਿਚ ਵੀ ਤਰੱਕੀ ਕਰਨੀ ਹੋਵੇ ਉਸ ਵਾਸਤੇ ਬਿਜਲੀ ਪੈਦਾ ਕਰਨੀ ਬਹੁਤ ਜ਼ਰੂਰੀ ਸੀ। ਦੇਸ਼ ਦੀ ਮਰਕਜ਼ੀ ਸਰਕਾਰ ਨੇ 150 ਕਰੋੜ ਰੁਪਏ ਦੇਣ ਦਾ ਸਾਨੂੰ ਵਾਇਦਾ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਥੀਨ ਡੈਮ ਮੁਕੰਮਲ ਕਰੋ, ਅਸੀਂ ਤੁਹਾਨੂੰ 150 ਕਰੋੜ ਰੁਪਿਆ ਦਿਆਂਗੇ ਪਰ ਮਰਕਜ਼ੀ ਸਰਕਾਰ ਵੱਲੋਂ ਉਹ ਪੈਸਾ ਸਾਨੂੰ ਨਹੀਂ ਆਇਆ। ਪਿਛਲੇ 20 ਸਾਲਾਂ ਤੋਂ ਇਹ ਡੈਮ ਲਮਕ ਰਿਹਾ ਸੀ ਪਰ ਅਸੀਂ ਹੱਥ ਤੇ ਹੱਥ ਧਰ ਕੇ ਨਹੀਂ ਬੈਠੇ। ਸਾਨੂੰ ਮੁਸ਼ਕਲਾਂ ਪੇਸ਼ ਆਈਆਂ ਅਤੇ ਅਸੀਂ ਉਹ ਮੁਸ਼ਕਲਾਂ ਪਾਰ ਕੀਤੀਆਂ। ਜਿਸ ਤਰ੍ਹਾਂ ਕਿਸੇ ਸ਼ਾਇਰ ਨੇ ਲਿਖਿਆ ਹੈ :

ਵੋ ਕੌਮ ਨਹੀਂ ਲਾਇਕ, ਹੰਗਾਮਾ-ਏ-ਫਰਦਾ,
ਜਿਸ ਕੌਮ ਕੀ ਤਕਦੀਰ ਮੇਂ ਅਮਰੋਜ਼ ਨਾ ਹੋ।

ਭਾਵ ਜਿਸ ਕੌਮ ਵਿਚ ਰੋਜ਼ ਰੋਹ ਨਾ ਹੋਵੇ, ਉਹ ਕੌਮ ਲਾਇਕ ਨਹੀਂ ਹੁੰਦੀ। ਅਸੀ 9 ਫਰਵਰੀ, 1999 ਨੂੰ ਪਾਣੀ ਭਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਪ੍ਰਧਾਨ ਮੰਤਰੀ ਜੀ ਜਿਸ ਦਿਨ ਵੀ ਫਾਰਗ ਹੋਣਗੇ, ਅਸੀਂ ਉਨ੍ਹਾਂ ਤੋਂ ਇਸ ਡੈਮ ਦਾ ਉਦਘਾਟਨ ਕਰਾਉਣਾ ਹੈ। ਇਹ ਡੈਮ ਸਿਰਫ ਬਿਜਲੀ ਪੈਦਾ ਕਰਨ ਲਈ ਨਹੀਂ ਹੈ ਸਗੋਂ ਇਹ ਡੈਮ ਟਿਕ ਮਲਟੀਪਰਪਜ਼ ਪ੍ਰੋਜੈਕਟ ਹੈ। ਲੱਖਾਂ ਹੈਕਟੇਅਰ ਜ਼ਮੀਨ ਇਸ ਦੇ ਪਾਣੀ ਨਾਲ ਸੈਲਾਬ ਹੋਵੇਗੀ। ਟਿਸ ਦੇ ਨਾਲ ਪੰਜਾਬ ਦੀ ਖੁਸ਼ਹਾਲੀ ਦੇ ਵਿਚ ਬੜਾ ਇਜ਼ਾਫਾ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਜਾਤੀ ਤੌਰ ਤੇ ਪੰਜਾਬ ਸਰਕਾਰ ਦਾ ਬੜਾ ਮਸ਼ਕੂਰ ਹਾਂ ਕਿ ਇਸ ਨੇ 200 ਕਰੋੜ ਰੁਪਏ ਖਰਚ ਕਰਕੇ ਦੋ ਲੱਖ ਹੈਕਟੇਅਰ ਜ਼ਮੀਨ ਜਿਹੜੀ ਕਿ ਜ਼ੇਰੇ ਸੇਮ ਸੀ, ਨੂੰ ਖੁਸ਼ਕ ਕੀਤਾ। ਉਨ੍ਹਾਂ ਦੇ ਖੇਤ 10-15 ਸਾਲਾਂ ਤੋਂ ਬਰਬਾਦ ਹੋ ਗਏ ਸੀ। ਪਿਛਲੇ 10-15 ਸਾਲਾਂ ਤੋਂ ਸਰਕਾਰਾਂ ਆਉਂਦੀਆਂ ਸਨ, ਚਲੀਆਂ ਜਾਂਦੀਆਂ ਸਨ, ਵਾਇਦੇ ਕਰਦੀਆਂ ਸਨ ਕਿ ਅਸੀਂ ਸੇਮ ਨੂੰ ਦੂਰ ਕਰਾਂਗੇ ਪਰ ਕਿਸੇ ਨੇ ਵੀ ਸਾਰ ਨਹੀਂ ਲਈ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਵਿਚ ਕਿੰਨੀਆਂ ਬਜ਼ੁਰਗ ਮਾਤਾਵਾਂ ਦੀਆਂ ਚੀਖਾਂ ਸੁਣੀਆਂ ਹਨ। ਮੈਂ ਆਪਣੀਆਂ ਅੱਖਾਂ ਨਾਲ ਸਾਰਾ ਕੁਝ ਵੇਖਿਆ ਹੈ। ਮਾਸੂਮ ਬੱਚਿਆਂ ਦੀ ਜੋ ਗੁਰਬਤ ਤੇ ਮਾਯੂਸੀ ਵੇਖੀ, ਉਹ ਮੈਂ ਸਦਨ ਵਿਚ ਬਿਆਨ ਨਹੀਂ ਕਰ ਸਕਦਾ। ਜਦੋਂ ਕਿਸੇ ਕਿਰਸਾਨ ਦੇ ਚਿਹਰੇ ਤੇ ਰੌਸ਼ਨੀ ਦੇਖਦੇ ਹਾਂ, ਜਿਹੜੇ ਉਨ੍ਹਾਂ ਦੇ 15 ਸਾਲਾਂ ਤੋਂ ਖੇਤ ਬਰਬਾਦ ਹੋਏ ਪਏ ਸੀ, ਉਨ੍ਹਾਂ ਨੂੰ ਹੁਣ ਜਦੋਂ ਆਬਾਦ ਦੇਖਦੇ ਹਾਂ ਤਾਂ ਉਸ ਖੁਸ਼ੀ ਨੂੰ ਵੀ ਮੈਂ ਬਿਆਨ ਨਹੀਂ ਕਰ ਸਕਦਾ। ਇਸ ਦੇ ਲਈ ਜਾਤੀ ਤੌਰ ਤੇ ਮੈਂ ਪੰਜਾਬ ਸਰਕਾਰ ਦਾ ਇਸ ਹਾਊਸ ਦੇ ਵਿਚ ਮਸ਼ਕੂਰ ਹਾਂ।

ਡਿਪਟੀ ਸਪੀਕਰ ਸਾਹਿਬ, ਦੁਨੀਆਂ ਦੀ ਤਵਾਰੀਖ ਦੇ ਵਿਚ ਕੋਈ ਵੀ ਅਜਿਹਾ ਮੁਲਕ ਨਹੀਂ, ਕੋਈ ਇਕ ਵੀ ਐਸੀ ਮਿਸਾਲ ਨਹੀਂ ਮਿਲਦੀ ਜਿਥੇ ਕਿ ਖੇਤੀ ਦੇ ਬਲ-ਬੂਤੇ ਕਿਸੇ ਸੂਬੇ ਨੇ, ਕਿਸੇ ਦੇਸ਼ ਨੇ ਤਰੱਕੀ ਕੀਤੀ ਹੋਵੇ। ਅਮਰੀਕਾ ਜਿਹੜਾ ਕਿ ਦੁਨੀਆਂ ਵਿਚ ਸਭ ਤੋਂ ਅੱਗੇ ਹੈ ਜਿੰਨਾ ਚਿਰ ਉਹ ਖੇਤੀ ਤੇ ਨਿਰਭਰ ਰਿਹਾ, ਇੰਗਲੈਂਡ, ਜਰਮਨੀ, ਜਪਾਨ ਆਦਿ ਮੁਲਕ ਹਨ ਇਨ੍ਹਾਂ ਸਾਰਿਆਂ ਦੀ ਤਰੱਕੀ ਸਨਅੱਤਕਾਰੀ ਅਤੇ ਉਦਯੋਗ ਤੇ ਹੀ ਕਾਇਮ ਹੈ। ਡਿਪਟੀ ਸਪੀਕਰ ਸਾਹਿਬ, ਚੀਨ ਸਾਡਾ ਨਜ਼ਦੀਕੀ ਮੁਲਕ ਹੈ, ਤਾਈਵਾਨ ਹੈ, ਮਲੇਸ਼ੀਆ, ਕੋਰੀਆ ਆਦਿ ਮੁਲਕਾਂ ਦੀ ਤਰੱਕੀ ਵੀ ਸਨਅੱਤ ਅਤੇ ਉਦਯੋਗ ਉਤੇ ਹੀ ਕਾਇਮ ਹੈ। ਡਿਪਟੀ ਸਪੀਕਰ ਸਾਹਿਬ, ਇਸ ਗੱਲ ਨੂੰ ਸਮਝਦੇ ਹੋਏ ਅਸੀਂ ਸਾਲ 1998 ਨੂੰ ਈਅਰ-ਆਫ-ਦਿ-ਇੰਡਸਟਰੀ ਡਿਕਲੇਅਰ ਕੀਤਾ ਕਿ ਅਸੀਂ ਪੰਜਾਬ ਨੂੰ ਇੰਡਸਟਰੀਲਾਈਜ਼ੇਸ਼ਨ ਦੇ ਤੌਰ ਤੇ ਕਾਇਮ ਕਰਨਾ ਹੈ। ਇਸ ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਕ ਆਜ਼ਾਦ ਅਦਾਰਾ ਹੈ ਜਿਸ ਨੂੰ ਕੌਂਸਲ ਫਾਰ ਮੋਨੀਟਰਿੰਗ ਇੰਡੀਅਨ ਇਕਾਨਮੀ ਕਿਹਾ ਜਾਂਦਾ ਹੈ, ਉਨ੍ਹਾਂ ਦੀ ਇਕ ਰਿਪੋਰਟ ਹੈ ਕਿ ਇੰਡਸਟਰੀਜ਼ ਲਈ ਜੋ ਵੀ ਬੁਨਿਆਦੀ ਸਹੂਲਤਾਂ ਚਾਹੀਦੀਆਂ ਹੁੰਦੀਆਂ ਹਨ, ਜਿਵੇਂ ਬਿਜਲੀ ਹੈ, ਸੜਕਾਂ ਹਨ, ਪਾਣੀ ਹੈ, ਸਕੂਲ ਹਨ, ਜੋ ਵੀ ਲੋੜ ਹੁੰਦੀ ਹੈ, ਉਹ ਸਾਰੀਆਂ ਹੀ ਪੰਜਾਬ ਦੇ ਵਿੱਚ ਮੌਜੂਦ ਹਨ ਅਤੇ ਪੰਜਾਬ, ਹਿੰਦੁਸਤਾਨ ਦਾ ਇਕ ਪਹਿਲੇ ਨੰਬਰ ਦਾ ਸੂਬਾ ਹੈ ਜਿਸ ਵਿੱਚ ਇੰਡਸਟਰੀ ਨੂੰ ਤਰੱਕੀ ਕਰਨ ਵਾਸਤੇ ਜੋ ਇਨਫਰਾਸਟਰੱਕਚਰ ਚਾਹੀਦਾ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਹੈ, ਉਹ ਇਥੇ ਮੌਜੂਦ ਹੈ । ਪਰ ਡਿਪਟੀ ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ 50 ਸਾਲਾਂ ਵਿੱਚ ਕੇਂਦਰ ਦੀ ਸਰਕਾਰ ਨੇ ਪੰਜਾਬ ਵਿਚ ਇੰਡਸਟਰੀ ਨੂੰ ਵਧਾਵਾ ਦੇਣ ਲਈ ਬਹੁਤਾ ਯੋਗਦਾਨ ਨਹੀਂ ਪਾਇਆ । ਜੇ ਮਰਕਜ਼ੀ ਸਰਕਾਰ ਨੇ 100 ਰੁਪਏ ਦੀ ਇੰਡਸਟਰੀ ਹਿੰਦੁਸਤਾਨ ਵਿੱਚ ਲਗਾਉਣੀ ਹੁੰਦੀ ਸੀ ਤਾਂ ਉਸਦਾ 1% ਭਾਵ 100 ਰੁਪਏ ਵਿਚੋਂ ਇਕ ਰੁਪਿਆ ਵੀ ਪੰਜਾਬ ਵਿੱਚ ਖਰਚ ਨਹੀਂ ਕੀਤਾ ਗਿਆ । ਪਿਛਲੇ ਦਸ ਸਾਲਾਂ ਵਿੱਚ 1988 ਤੋਂ 1998 ਤੱਕ ਕੇਵਲ 1988 ਵਿੱਚ ਹੀ ਇਥੇ ਇਕ ਰੇਲਵੇ ਕੋਚ ਫੈਕਟਰੀ ਲੱਗੀ ਹੈ, ਉਸਦਾ ਵੀ ਪੰਜਾਬ ਦੇ ਲੋਕਾਂ ਨੂੰ ਕੋਈ ਜ਼ਿਆਦਾ ਫਾਇਦਾ ਨਹੀਂ ਹੋਇਆ ਕਿਉਂਕਿ ਉਥੇ ਰੇਲ ਦੇ ਡੱਬੇ ਹੀ ਤਿਆਰ ਹੁੰਦੇ ਹਨ ਅਤੇ ਪੁਰਜ਼ੇ ਬਾਹਰਲੇ ਸੂਬਿਆਂ ਤੋਂ ਤਿਆਰ ਹੋ ਕੇ ਆਉਂਦੇ ਹਨ । ਮੈਂ ਸਮਝਦਾ ਹਾਂ ਕਿ ਪਿਛਲੀਆਂ ਸਰਕਾਰਾਂ ਨੇ ਸੰਜੀਦਗੀ ਦੇ ਨਾਲ ਇੰਡਸਟਰੀ ਵੱਲ ਧਿਆਨ ਨਹੀਂ ਦਿੱਤਾ । ਹੁਣ ਜਦੋਂ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਬਣੀ ਹੈ, ਇਸ ਨੇ ਪੰਜਾਬ ਦੀ ਇੰਡਸਟਰੀ ਵੱਲ ਧਿਆਨ ਦਿੱਤਾ ਹੈ । ਹੁਣੇ ਹੀ 13-11-1998 ਨੂੰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਜੀ ਨੇ ਆਇਲ ਰੀਫਾਈਨਰੀ ਦਾ ਨੀਂਹ ਪੱਥਰ, ਜੋ ਕਿ 16 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਲੱਗਣੀ ਹੈ, ਰੱਖਿਆ ਹੈ । ਪੰਜਾਬ ਵਿੱਚ ਬੇਰੋਜ਼ਗਾਰੀ ਦਾ ਇਕ ਮਸਲਾ ਹੈ । ਕੋਈ ਵੇਲਾ ਸੀ ਜਦੋਂ ਸਾਡੇ ਨੌਜਵਾਨ ਬੱਚੇ ਫੌਜ ਵਿੱਚ ਭਰਤੀ ਹੋ ਜਾਂਦੇ ਸਨ, ਪ੍ਰਦੇਸਾਂ ਵਿੱਚ ਚਲੇ ਜਾਂਦੇ ਸਨ ਪਰ ਅੱਜ ਨਾ ਤਾਂ ਉਹ ਪ੍ਰਦੇਸਾਂ ਵਿੱਚ ਜਾ ਸਕਦੇ ਹਨ ਅਤੇ ਨਾ ਹੀ ਫੌਜ ਵਿੱਚ ਜਾ ਸਕਦੇ ਹਨ । ਅੱਜ ਉਨ੍ਹਾਂ ਨੂੰ ਪੰਜਾਬ ਵਿੱਚ ਹੀ ਰੋਜ਼ਗਾਰ ਦੀ ਲੋੜ ਹੈ । ਹੁਣ ਇਥੇ ਆਇਲ ਰੀਫਾਈਨਰੀ 16 ਹਜ਼ਾਰ ਕਰੋੜ ਰੁਪਏ ਦੀ ਲੱਗ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ 50 ਸਾਲਾਂ ਵਿੱਚ ਇਥੇ ਕੇਵਲ 13 ਕਰੋੜ ਰੁਪਏ ਦਾ ਸਰਮਾਇਆ ਲੱਗਿਆ ਸੀ ਪਰ ਅਸੀਂ ਦੋ ਸਾਲ ਵਿੱਚ ਹੀ 16 ਹਜ਼ਾਰ ਕਰੋੜ ਰੁਪਏ ਦਾ ਪ੍ਰੋਜੈਕਟ ਇਥੇ ਲੈ ਕੇ ਆਂਦਾ ਹੈ । ਮੈਂ ਸਮਝਦਾ ਹਾਂ ਕਿ ਅਸੀਂ ਆਉਣ ਵਾਲੀਆਂ ਨਸਲਾਂ ਨੂੰ ਮੂੰਹ ਵਿਖਾਉਣ ਦੇ ਕਾਬਲ ਨਹੀਂ ਸੀ । ਡਿਪਟੀ ਸਪੀਕਰ ਸਾਹਿਬ, ਸਾਲ 1998 ਦਾ ਕਿੱਸਾ ਕੇਵਲ ਆਇਲ ਰੀਫਾਈਨਰੀ ਨਾਲ ਹੀ ਖਤਮ ਨਹੀਂ ਹੁੰਦਾ, ਇਕ ਸੌ ਕਰੋੜ ਰੁਪਏ ਦਾ ਇਕ ਸੀਮਿੰਟ ਦਾ ਕਾਰਖਾਨਾ, ਫਲਾਈਐਸ਼ ਜਿਹੜੀ ਕਿ ਪਾਲਿਊਸ਼ਨ ਦਾ ਇਕ ਬਹੁਤ ਵੱਡਾ ਸੋਰਸ ਹੈ, ਉਸ ਤੋਂ ਸੀਮਿੰਟ ਬਣਾਉਣ ਲਈ ਬਠਿੰਡਾ ਵਿੱਚ ਲਗਾਇਆ ਜਾ ਰਿਹਾ ਹੈ । ਇਸੇ ਤਰ੍ਹਾਂ ਆਈ.ਸੀ.ਆਈ. ਵੱਲੋਂ ਇਕ ਰੰਗ ਬਣਾਉਣ ਦਾ ਕਾਰਖਾਨਾ 70 ਕਰੋੜ ਰੁਪਏ ਦੀ ਲਾਗਤ ਨਾਲ ਬਠਿੰਡੇ ਵਿੱਚ ਚਾਲੂ ਕੀਤਾ ਗਿਆ ਹੈ । ਇਸ ਤੋਂ ਇਲਾਵਾ ਟੈਰੀਟਾਵਲ ਦਾ ਇਕ ਹੋਰ ਕਾਰਖਾਨਾ ਬਰਨਾਲਾ ਵਿੱਚ ਸ਼ੁਰੂ ਹੋ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਜਦੋਂ ਇਨੀਆਂ ਵੱਡੀਆਂ-ਵੱਡੀਆਂ ਰਕਮਾਂ ਕਰੋੜਾਂ ਵਿੱਚ ਪੜ੍ਹਦਾ ਹਾਂ ਤਾਂ ਮੈਨੂੰ ਅਫਸੋਸ ਨਹੀਂ ਆਉਂਦਾ । ਅੱਜ ਕਿਸ ਤਰ੍ਹਾਂ ਪੰਜਾਬ ਤਰੱਕੀ ਦੇ ਰਸਤੇ ਤੇ ਤੁਰਿਆ ਹੋਇਆ ਹੈ । ਇਕ ਸ਼੍ਰੀ ਰਾਮ ਇੰਡਸਟਰੀ ਵੱਲੋਂ 250 ਕਰੋੜ ਰੁਪਏ ਦੀ ਲਾਗਤ ਨਾਲ ਪਲਾਂਟ ਲਗਾਇਆ ਗਿਆ ਹੈ ਜਿਸ ਨੂੰ ਇਕ ਫਰਵਰੀ ਨੂੰ ਮੁੱਖ ਮੰਤਰੀ ਜੀ ਚਾਲੂ ਕਰਕੇ ਆਏ ਹਨ । ਇਸੇ ਤਰ੍ਹਾਂ ਇਕ ਹੋਰ ਪ੍ਰੋਜੈਕਟ 250 ਕਰੋੜ ਰੁਪਏ ਦੀ ਲਾਗਤ ਨਾਲ ਲਾਲੜੂ ਵਿੱਚ ਲੱਗ

ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਕੁਝ ਪ੍ਰਾਜੈਕਟ ਉਸਾਰੀ ਅਧੀਨ ਹਨ। ਤੁਹਾਨੂੰ ਹੈਰਾਨੀ ਹੋਵੇਗੀ ਕਿ 450 ਕਰੋੜ ਰੁਪਏ ਦਾ ਰਾਮਾ ਪੈਟਰੋਕੈਮੀਕਲਜ਼ ਦਾ ਪਟਿਆਲੇ ਵਿਖੇ ਪਲਾਂਟ ਲੱਗ ਰਿਹਾ ਹੈ। ਇਸ ਤੋਂ ਇਲਾਵਾ 1500 ਕਰੋੜ ਰੁਪਏ ਦਾ ਯੂਰੀਆ ਅਮੋਨੀਆ ਪਲਾਂਟ ਭਾਰਤ ਸਰਕਾਰ ਨੇ ਸੰਗਰੂਰ ਵਿੱਚ ਲਗਾਉਣਾ ਹੈ। ਬ੍ਰਹਮਾ ਕੰਪਨੀ ਨਵੇਂ ਟਰੈਕਟਰ ਬਣਾਉਂਦੀ ਹੈ। ਸਰਦਾਰ ਰਵੀਇੰਦਰ ਸਿੰਘ ਜੀ ਮੇਰੇ ਕੋਲ ਬੈਠੇ ਹਨ, ਇਨ੍ਹਾਂ ਦਾ 80 ਕਰੋੜ ਰੁਪਏ ਦਾ ਕਾਰਖਾਨਾ ਮੁਹਾਲੀ ਵਿਖੇ ਉਸਾਰੀ ਅਧੀਨ ਹੈ। ਮਹਿੰਦਰਾ ਐਂਡ ਮਹਿੰਦਰਾ ਜਿਹੜੀ ਕਿ ਇੰਡਸਟਰੀਅਲ ਕੰਪਨੀ ਹੈ ਅਤੇ ਹਿੰਦੁਸਤਾਨ ਵਿੱਚ ਅੱਵਲ ਨੰਬਰ ਤੇ ਹੈ, ਨੇ 500 ਕਰੋੜ ਰੁਪਏ ਦਾ ਐਮ.ਓ.ਯੂ. ਪੰਜਾਬ ਸਰਕਾਰ ਨਾਲ ਸਾਈਨ ਕੀਤਾ ਹੈ। ਇਨ੍ਹਾਂ ਦੇ ਟਰੈਕਟਰ ਹੁਣ ਪੰਜਾਬ ਵਿੱਚ ਬਣਿਆ ਕਰਨਗੇ ਅਤੇ ਇਨ੍ਹਾਂ ਦੀਆਂ ਜੀਪਾਂ ਤੇ ਆਟੋਜ਼ ਦੇ ਕੰਪੋਨੈਂਟ ਪੰਜਾਬ ਵਿੱਚ ਬਣਿਆ ਕਰਨਗੇ। ਡਿਪਟੀ ਸਪੀਕਰ ਸਾਹਿਬ, ਦੋ ਸਾਲ ਪਹਿਲਾਂ ਇਸ ਸਰਕਾਰ ਨੇ ਕੰਮ ਸੰਭਾਲਿਆ ਸੀ। ਪੀ. ਐਸ. ਆਈ.ਡੀ.ਸੀ. ਨੇ 25 ਪ੍ਰਾਜੈਕਟ 550 ਕਰੋੜ ਰੁਪਏ ਦੀ ਹਿਮਾਇਤ ਨਾਲ ਪੰਜਾਬ ਵਿੱਚ ਸ਼ੁਰੂ ਕਰਵਾਏ ਹਨ। ਇਸ ਤੋਂ ਇਲਾਵਾ 17 ਪ੍ਰਾਜੈਕਟ ਜਿਹੜੇ ਕਿ 700 ਕਰੋੜ ਦੇ ਹਨ, ਉਹ ਅੰਡਰ ਇੰਪਲੀਮੈਂਟੇਸ਼ਨ ਹਨ। ਇਹ ਜਿਹੜੇ ਅੰਕੜੇ ਹਾਊਸ ਵਿਚ ਮੈਂ ਰੱਖੇ ਹਨ, ਇਹ ਸਹੀ ਮਾਅਨਿਆਂ ਵਿੱਚ ਵੱਡੀ ਇੰਡਸਟਰੀ ਦੇ ਅੰਕੜੇ ਹਨ। ਇਸ ਤੋਂ ਇਲਾਵਾ ਸਮਾਲ ਸਕੇਲ ਇੰਡਸਟਰੀ ਸੈਕਟਰ ਜਿਹੜਾ ਕਿ ਸੂਬੇ ਦੀ ਇੰਡਸਟਰੀ ਦੀ ਬੈਕਬੋਨ ਹੈ, ਇਸ ਸਬੰਧੀ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, 800 ਕਰੋੜ ਰੁਪਏ ਦੇ ਸਮਾਲ ਸਕੇਲ ਇੰਡਸਟਰੀ ਦੇ ਪ੍ਰਾਜੈਕਟ ਪਿਛਲੇ ਸਾਲ ਇਸ ਸੂਬੇ ਵਿੱਚ ਲੱਗੇ ਹਨ। (ਥੰਪਿੰਗ) ਇਸ ਤੋਂ ਇਲਾਵਾ ਇਨਵੈਸਟਮੈਂਟ ਬਾਹਰਲੀਆਂ ਕੰਪਨੀਆਂ ਹਿੰਦੁਸਤਾਨ ਵਿੱਚ ਕਰਦੀਆਂ ਹਨ ਅਤੇ ਇਸ ਸਬੰਧੀ ਸਰਕਾਰ ਅਪਰੂਵਲ ਦਿੰਦੀ ਹੈ ਪਰ ਕਿਸੇ ਨਾ ਕਿਸੇ ਕਾਰਨ ਇਹ ਅਪਰੂਵਲ ਨਹੀਂ ਹੁੰਦੀ। ਭਾਰਤ ਸਰਕਾਰ ਨੇ ਅਜਿਹੀਆਂ ਕੰਪਨੀਆਂ ਦੇ ਸਿਰਫ 30 ਫੀਸਦੀ ਕਾਰਖਾਨੇ ਲਗਾਏ ਹਨ ਜਦ ਕਿ ਪੰਜਾਬ ਦੀ ਰੇਸ਼ੋ 73 ਫੀਸਦੀ ਹੈ। ਇਹ ਕਾਰਖਾਨੇ ਪੰਜਾਬ ਵਿੱਚ ਭਾਰਤ ਸਰਕਾਰ ਦੀਆਂ ਅਪਰੂਵਲਾਂ ਨਾਲ ਹੀ ਲਗਾਏ ਗਏ ਹਨ।

ਡਿਪਟੀ ਸਪੀਕਰ ਸਾਹਿਬ, ਤੁਸੀਂ ਪੜ੍ਹਿਆ ਵੀ ਹੋਵੇਗਾ ਅਤੇ ਟੈਲੀਵਿਜ਼ਨ ਤੇ ਦੇਖਿਆ ਵੀ ਹੋਵੇਗਾ ਕਿ ਨਵੀਨ ਟੈਕਨਾਲੋਜੀ ਦਾ ਨਵਾਂ ਦੌਰ ਚਲਿਆ ਹੈ। ਤੁਸੀਂ ਅਖ਼ਬਾਰਾਂ ਵਿੱਚ ਪੜ੍ਹਿਆ ਹੋਵੇਗਾ ਕਿ ਬੰਗਲੌਰ ਵਿਖੇ ਸਾਫਟਵੇਅਰ ਟੈਕਨਾਲੋਜੀ ਦਾ ਕੰਮ ਹੋਇਆ ਹੈ। ਹੈਦਰਾ-ਬਾਦ ਦਾ ਨਾਂ ਸਾਈਬਰਾਬਾਦ ਰੱਖਣ ਦੀ ਕੋਸ਼ਿਸ਼ ਹੋ ਰਹੀ ਹੈ ਕਿਉਂਕਿ ਉਹ ਸਾਫਟਵੇਅਰ ਟੈਕਨਾਲੋਜੀ ਸ਼ੁਰੂ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਸਾਡੀ ਵੀ ਕੋਸ਼ਿਸ਼ ਹੈ ਕਿ ਅਸੀਂ ਹਰਿਆਣਾ, ਰਾਜਸਥਾਨ, ਯੂ. ਪੀ. ਵਰਗੇ ਸੂਬਿਆਂ ਤੋਂ 2-3 ਸਾਲ ਅੱਗੇ ਰਹੀਏ ਅਤੇ ਪਹਿਲਾਂ ਫੈਸਲੇ ਲਈਏ। ਅਸੀਂ ਅਰਥ ਸਟੇਸ਼ਨ ਮੁਹਾਲੀ ਵਿਖੇ ਸਥਾਪਿਤ ਕੀਤਾ ਹੈ ਅਤੇ ਸਾਫਟਵੇਅਰ ਟੈਕਨਾਲੋਜੀ ਪਾਰਕ ਪੰਜਾਬ ਵਿੱਚ ਉਸਾਰੀ ਅਧੀਨ ਹੈ। ਅਸੀਂ ਚਾਹੁੰਦੇ ਹਾਂ ਕਿ ਅਸੀਂ ਆਪਣੇ ਗਵਾਂਢੀ ਸੂਬਿਆਂ ਤੋਂ 4-5 ਸਾਲ ਅੱਗੇ ਰਹੀਏ।

ਡਿਪਟੀ ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਇਸ ਮੁਕੱਦਸ ਹਾਊਸ ਵਿੱਚ ਬਿਲ ਪੇਸ਼ ਕੀਤਾ ਗਿਆ ਸੀ ਜਿਸ ਨੂੰ ਪੰਜਾਬ ਇਨਫਰਾਸਟਰੱਕਚਰ ਡਿਵੈਲਪਮੈਂਟ ਬਿਲ, 1998

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਕਿਹਾ ਜਾਂਦਾ ਹੈ। ਇਸ ਨਾਲ ਸਰਕਾਰ ਨੂੰ ਤਕਰੀਬਨ 100 ਕਰੋੜ ਰੁਪਿਆ ਹਾਸਲ ਹੋਵੇਗਾ ਜੋ ਕਿ ਟੈਕਸਾਂ ਦੇ ਰੂਪ ਵਿੱਚ ਹੋਵੇਗਾ। ਇਹ ਪੈਸਾ ਖਸੂਸੀ ਫੰਡ ਵਿੱਚ ਰੱਖਿਆ ਜਾਵੇਗਾ ਜੋ ਕਿ ਪੰਜਾਬ ਦੇ ਇਨਫਰਾਸਟਰੱਕਚਰ ਨੂੰ ਮਜ਼ਬੂਤ ਕਰੇਗਾ। ਇਹ ਪੈਸਾ ਸੜਕਾਂ ਬਿਜਲੀ, ਪੁਲ, ਸਕੂਲ, ਨਹਿਰਾਂ ਆਦਿ ਤੇ ਖਰਚ ਹੋਵੇਗਾ। ਸਾਡੀ ਤਵੱਕੋ ਹੈ ਕਿ ਅਸੀਂ ਜਿੱਥੇ ਪੰਜਾਬ ਨੂੰ 100 ਕਰੋੜ ਰੁਪਿਆ ਦੇਣਾ ਹੈ, ਉਥੇ 2,000 ਕਰੋੜ ਰੁਪਏ ਦਾ ਹੋਰ ਇਨਫਰਾਸਟਰੱਕਚਰ ਪੰਜਾਬ ਵਿੱਚ ਕਾਇਮ ਕਰਨਾ ਹੈ। ਇਹ ਕੋਸ਼ਿਸ਼ ਸੀ ਕਿ ਪਿਛਲੇ ਦੋ ਸਾਲਾਂ ਵਿੱਚ ਅਸੀਂ ਪੰਜਾਬ ਦੀ ਇੰਡਸਟਰੀ ਨੂੰ ਮਜ਼ਬੂਤ ਕਰੀਏ। ਇਸ ਲਈ ਇਹ ਸਾਰੀਆਂ ਸਕੀਮਾਂ ਚਲਾਈਆਂ ਗਈਆਂ। ਇਕ ਉਦਯੋਗਪਤੀ ਜਦੋਂ ਪੰਜਾਬ ਵਿੱਚ ਆਉਂਦਾ ਹੈ, ਉਸ ਨੂੰ ਜਿਹੜੀਆਂ ਵੀ ਇਜਾਜ਼ਤਾਂ ਦੀ ਲੋੜ ਹੈ, ਉਹ ਹੁਣ ਇੱਕ ਕਮਰੇ ਵਿੱਚ ਬੈਠ ਕੇ, ਇੱਕ ਐਪਲੀਕੇਸ਼ਨ ਤੇ ਹੀ ਮਿਲ ਸਕਣਗੀਆਂ, ਚਾਹੇ ਉਹ ਇਜਾਜ਼ਤ ਬਿਜਲੀ ਬੋਰਡ ਦੀ ਹੋਵੇ, ਚਾਹੇ ਪਲਿਊਸ਼ਨ ਬੋਰਡ ਦੀ ਹੋਵੇ ਤੇ ਚਾਹੇ ਲੇਬਰ ਦੀ ਹੋਵੇ। ਇਨ੍ਹਾਂ ਸਾਰਿਆਂ ਸਬੰਧੀ ਟਾਈਮ ਬਾਊਂਡ ਕਲੀਅਰੈਂਸਾਂ ਦੇਣੀਆਂ ਹਨ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਰੂਰਲ ਫੋਕਲ ਪੁਆਇੰਟ ਕਾਇਮ ਕੀਤੇ ਗਏ ਹਨ ਜਿਹੜੇ ਕਿ ਛੋਟੇ ਸ਼ਹਿਰਾਂ ਵਿੱਚ ਇੰਡਸਟਰੀ ਨੂੰ ਅੱਗੇ ਵਧਾਉਣਗੇ। ਪੰਜਾਬ ਪਹਿਲਾਂ ਸਿਰਫ ਜਿਣਸਾਂ ਵੇਚਦਾ ਸੀ। ਨਵੀਂ ਐਗਰੋ ਇੰਡਸਟਰੀ ਪਾਲਿਸੀ ਤਹਿਤ ਹੁਣ ਜਿਣਸਾਂ ਦਾ ਰੂਪ ਬਦਲ ਕੇ ਉਨ੍ਹਾਂ ਨੂੰ ਵੈਲਿਯੂਏਬਲ ਬਣਾ ਦਿੱਤਾ ਗਿਆ ਹੈ ਔਰ ਹੁਣ ਉਨ੍ਹਾਂ ਦਾ ਪੂਰਾ ਭਾਅ ਲਿਆ ਜਾ ਸਕੇਗਾ। ਇਸ ਤਰ੍ਹਾਂ ਨਵੀਂ ਐਗਰੋ ਇੰਡਸਟਰੀ ਪਾਲਿਸੀ ਤਹਿਤ 20 ਲੱਖ ਰੁਪਿਆ ਹੋਰ ਪੰਜਾਬ ਨੂੰ ਮਿਲੇਗਾ ਤਾਂ ਕਿ 'ਏ' ਕੈਟਾਗਰੀ ਦਾ ਜਿਹੜਾ ਬੈਨੀਫਿਟ ਹੈ, ਉਹ ਵੀ ਆਪਾਂ ਪੰਜਾਬ ਦੀ ਇੰਡਸਟਰੀ ਨੂੰ ਦੇਈਏ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਸਰਕਾਰ ਮੁਬਾਰਿਕਬਾਦ ਦੀ ਮੁਸ਼ਤਹਕ ਹੈ। ਜਿਥੇ ਹਿੰਦੁਸਤਾਨ ਦਾ ਇੰਡਸਟਰੀ ਗਰੋਥ ਦਾ ਰੇਟ 5 ਪ੍ਰਤੀਸ਼ਤ ਸੀ, ਸਾਡਾ ਇਸ ਸਾਲ ਦਾ ਇੰਡਸਟਰੀ ਗਰੋਥ ਰੇਟ 12 ਪ੍ਰਤੀਸ਼ਤ ਹੈ। ਮੈਂ ਸਮਝਦਾ ਹਾਂ ਕਿ ਇਹ ਬੜਾ ਵੱਡਾ ਮੀਲ ਪੱਥਰ ਹੈ, ਜੋ ਪੰਜਾਬ ਨੇ ਸਥਾਪਤ ਕੀਤਾ ਹੈ। ਹਾਲਾਂਕਿ ਅੱਜ ਪੰਜਾਬ ਵਿੱਚ ਮੰਦਾ ਹੈ, ਰਿਸੈਸ਼ਨ ਹੈ, ਫਿਰ ਵੀ 12 ਪ੍ਰਤੀਸ਼ਤ ਇੰਡਸਟਰੀਅਲ ਇਕਨਾਮਿਕ ਗਰੋਥ ਹੋਵੇ, ਇਹ ਪੰਜਾਬ ਦੀ ਸਰਕਾਰ ਦੇ ਸਿਰ ਤੇ ਬੜੇ ਮਾਣ ਵਾਲੀ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਕੱਲ੍ਹ ਜਿਹੜੇ ਹਾਊਸ ਦੇ ਵਿੱਚ ਅੰਕੜੇ ਪੇਸ਼ ਕੀਤੇ ਸਨ, ਫਿਰ ਕੋਈ ਇਸ ਵਜ੍ਹਾ ਨਾਲ ਨਹੀਂ ਕੀਤੇ ਸਨ ਕਿ ਅਸੀਂ ਆਪਣੀ ਸਰਕਾਰ ਦੀ ਸਿਫਤ ਕਰੀਏ ਜਾਂ ਵਿਰੋਧੀ ਧਿਰ ਨੂੰ ਨੀਵਾਂ ਦਿਖਾਉਣ ਲਈ ਗੱਲਾਂ ਕਰੀਏ। ਜੇ ਸਰਕਾਰ ਸੀ ਤਾਂ ਸਾਡਾ ਫਰਜ਼ ਬਣਦਾ ਸੀ ਕਿ ਅਸੀਂ ਪੰਜਾਬ ਦੀ ਖਿਦਮਤ ਕਰੀਏ ਕਿਉਂਕਿ ਅਸੀਂ ਪੰਜਾਬ ਦੇ ਲੋਕਾਂ ਦੇ ਉਮੀਦਵਾਰ ਹਾਂ। ਅਸੀਂ ਪੰਜਾਬ ਦੀ ਮਿੱਟੀ ਦੇ ਬਣੇ ਹਾਂ, ਪੰਜਾਬ ਦੀ ਹਵਾ ਖਾਂਦੇ ਹਾਂ ਅਤੇ ਪੰਜਾਬ ਦਾ ਸਾਡੇ ਉਤੇ ਬੜਾ ਵੱਡਾ ਕਰਜ਼ ਹੈ। ਅਸੀਂ ਲੋਕਾਂ ਦੇ ਨੁਮਾਇੰਦੇ ਹਾਂ ਅਤੇ ਮੈਂ ਸਮਝਦਾ ਹਾਂ ਕਿ ਇਹ ਪ੍ਰਮਾਤਮਾ ਦੀ ਬੜੀ ਵੱਡੀ ਬਖਸ਼ਿਸ਼ ਹੁੰਦੀ ਹੈ। ਕਿਸੇ ਵੇਲੇ ਸਾਨੂੰ ਲੋਕਾਂ ਦੀ ਕਚਹਿਰੀ ਵਿੱਚ ਇਸ ਗੱਲ ਦਾ ਜਵਾਬ

ਦੇਣਾ ਪਵੇਗਾ ਕਿ ਅਸੀਂ ਇਮਾਨਦਾਰੀ ਨਾਲ, ਲਿਆਕਤ ਨਾਲ ਉਹ ਭਾਰ ਚੁੱਕ ਸਕੇ ਹਾਂ ਕਿ ਨਹੀਂ ਜੋ ਸਾਡੇ ਮੋਢਿਆਂ ਤੇ ਧਰਿਆ ਗਿਆ ਸੀ। ਮੈਂ ਸਮਝਦਾ ਹਾਂ ਕਿ ਲੋਕ ਤਾਂ ਕਈ ਵਾਰ ਮੁਆਫ਼ ਕਰ ਦਿੰਦੇ ਹਨ ਪਰ ਕਿਸੇ ਵੇਲੇ ਪ੍ਰਮਾਤਮਾ ਦੀ ਕਚਹਿਰੀ ਵਿੱਚ ਇਹ ਜਵਾਬ ਦੇਣਾ ਪਵੇਗਾ ਕਿ ਅਸੀਂ ਪੰਜਾਬ ਦਾ ਭਾਰ ਇਮਾਨਦਾਰੀ ਨਾਲ ਚੁੱਕਿਆ ਹੈ ਕਿ ਨਹੀਂ ਅਤੇ ਅਸੀਂ ਪੰਜਾਬ ਦੀ ਖਿਦਮਤ ਲਿਆਕਤ ਨਾਲ ਕੀਤੀ ਹੈ ਕਿ ਨਹੀਂ। ਡਿਪਟੀ ਸਪੀਕਰ ਸਾਹਿਬ, ਪ੍ਰਮਾਤਮਾ ਦੀ ਉਸ ਕਚਹਿਰੀ ਵਿੱਚ ਪੂਰੀ ਉਤਰਦੀ ਹੋਈ ਅੱਜ ਇਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪੰਜਾਬ ਦੀ ਖਿਦਮਤ ਕਰ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਜਿਹੜੀ ਕਿ ਬੜੀ ਚਰਚਾ ਦਾ ਬਾਇਸ ਬਣੀ ਹੈ, ਅਖ਼ਬਾਰਾਂ ਵਿੱਚ ਵੀ ਉਸ ਦੇ ਮੁਤੱਲਕ ਬੜਾ ਲਿਖਿਆ ਗਿਆ ਹੈ ਅਤੇ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਮੌਜੂਦਾ ਸਰਕਾਰ ਨੂੰ ਇਸ ਗੱਲ ਲਈ ਮੁਜਰਿਮ ਠਹਿਰਾਇਆ ਜਾਵੇ, ਇਸ ਗੱਲ ਦੀ ਅਕਾਊਂਟੇਬਿਲਟੀ ਇਸ ਤੇ ਲਗਾਈ ਜਾਵੇ, ਉਹ ਹੈ ਪੰਜਾਬ ਦੀ ਆਰਥਿਕ ਸਿਹਤ। ਡਿਪਟੀ ਸਪੀਕਰ ਸਾਹਿਬ, ਜਿਹੜਾ ਪੰਜਾਬ ਦੀ ਆਰਥਿਕ ਸਿਹਤ ਦਾ ਮਸਲਾ ਹੈ, ਮੈਂ ਸਮਝਦਾ ਹਾਂ ਇਹ ਕਹਿਣਾ ਕਿ ਦੋ ਸਾਲ ਦਾ ਹੈ, ਨਹੀਂ। ਇਹ ਤਕਰੀਬਨ 15 ਸਾਲ ਪਹਿਲਾਂ ਤੋਂ ਸ਼ੁਰੂ ਹੁੰਦਾ ਹੈ। ਬੇ-ਵਜੂਹਾਤ ਖਰਚਾ ਹੋਇਆ ਅਤੇ ਕਰਜ਼ਾ ਬਾਹਰੋਂ ਲਿਆ ਗਿਆ ਇਸ ਕਰਕੇ ਕਿ ਮੁਲਾਜ਼ਮਤ ਵਿੱਚ ਬੜਾ ਇਜ਼ਾਫ਼ਾ ਹੋਇਆ। ਸਬਸਿਡੀਆਂ ਬੜੀਆਂ ਦਿੱਤੀਆਂ ਗਈਆਂ। ਮੈਂ ਸਮਝਦਾ ਹਾਂ ਕਿ ਇਸ ਤੋਂ ਇਲਾਵਾ, ਜਿਹੜੇ ਸਾਡੇ ਇੰਸਟੀ-ਚਿਊਸ਼ਨਜ਼, ਪਬਲਿਕ ਇੰਸਟੀਚਿਊਸ਼ਨਜ਼ ਹਨ, ਇਹ ਹਰ ਸਾਲ ਬੜੇ ਵੱਡੇ ਵੱਡੇ ਘਾਟੇ ਦੇ ਰਹੇ ਹਨ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਡਿਪਟੀ ਸਪੀਕਰ ਸਾਹਿਬ, ਤੁਹਾਡੀ ਖਿਦਮਤ ਵਿੱਚ, ਹਾਊਸ ਦੀ ਖਿਦਮਤ ਵਿੱਚ ਇਕ-ਦੋ ਅੰਕੜੇ ਜ਼ਰੂਰ ਰੱਖਣਾ ਚਾਹਾਂਗਾ। ਇਕ ਜਿਹੜੀ ਪੰਜਾਬ ਦੀ ਰੋਜ਼ ਦੀ ਅਮਾਊਂਟ ਹੁੰਦੀ ਹੈ, ਪੰਜਾਬ ਦਾ ਰੋਜ਼ ਦਾ ਜੋ ਖਰਚਾ ਹੁੰਦਾ ਹੈ, ਉਸ ਨੂੰ ਕਰੰਟ ਅਮਾਊਂਟ ਕਹਿੰਦੇ ਹਾਂ। ਡਿਪਟੀ ਸਪੀਕਰ ਸਾਹਿਬ, 1983-84 ਵਿੱਚ ਸਾਡੀ ਜਿਹੜੀ ਅਮਾਊਂਟ ਸੀ, ਉਹ ਸਾਡੇ ਖਰਚੇ ਨਾਲੋਂ ਵਧ ਜਾਂਦੀ ਸੀ। ਹਮੇਸ਼ਾ ਹੀ ਇਹ ਹੁੰਦਾ ਰਿਹਾ ਹੈ ਕਿ ਸਾਡਾ ਖਰਚਾ ਸਾਡੀ ਅਮਾਊਂਟ ਨਾਲੋਂ ਕਿਤੇ ਵਧਿਆ ਨਹੀਂ ਸੀ ਪਰ 1984 ਤੋਂ ਲੈ ਕੇ 1997 ਤੱਕ ਜਿਹੜਾ ਰੋਜ਼ਮਰਹਾ ਦਾ ਖਰਚਾ ਸੀ, ਕਰੰਟ ਅਮਾਊਂਟ ਸੀ, ਉਹ ਡਿਪਟੀ ਸਪੀਕਰ ਸਾਹਿਬ, 11 ਸੌ ਕਰੋੜ ਰੁਪਏ ਦੀ ਹੋ ਗਈ। ਸਰਕਾਰ ਚਲਾਉਣ ਲਈ ਸਾਡੇ ਕੋਲ ਅਮਾਊਂਟ ਨਹੀਂ ਸੀ ਬਲਕਿ ਸਾਨੂੰ 11 ਸੌ ਕਰੋੜ ਰੁਪਿਆ ਕਰਜ਼ਾ ਲੈਣਾ ਪੈਂਦਾ ਸੀ ਜਿਸ ਨਾਲ ਅਸੀਂ ਤਨਖਾਹਾਂ ਦੇ ਸਕਦੇ ਸੀ ਜਾਂ ਪੈਟਰੋਲ ਜਾਂ ਬਿਜਲੀ ਜਾਂ ਦਫ਼ਤਰਾਂ ਦੇ ਹੋਰ ਖਰਚ ਦੇ ਸਕਦੇ ਸੀ। ਜਿਸ ਵੇਲੇ ਸ਼੍ਰੋਮਣੀ ਅਕਾਲੀ ਦਲ ਨੇ ਸਰਕਾਰ ਸੰਭਾਲੀ ਸੀ ਤਾਂ ਉਦੋਂ 11 ਸੌ ਕਰੋੜ ਰੁਪਿਆ ਹਰ ਸਾਲ ਨੁਕਸਾਨ ਵਿੱਚ ਜਾਂਦਾ ਸੀ। ਇਸੇ ਤਰ੍ਹਾਂ ਨਾਨ-ਪਲਾਨ ਦਾ ਐਕਸਪੈਂਡੀਚਰ ਸੀ, 1984 ਤੋਂ ਲੈ ਕੇ 1997 ਤੱਕ, ਡਿਪਟੀ ਸਪੀਕਰ ਸਾਹਿਬ, ਜਿਹੜਾ ਪਹਿਲਾਂ 786 ਕਰੋੜ ਰੁਪਿਆ ਨਾਨ-ਪਲਾਨ ਐਕਸਪੈਂਡੀਚਰ ਸੀ, ਉਹ 5 ਹਜ਼ਾਰ 30 ਕਰੋੜ ਰੁਪਏ ਹੋ ਗਿਆ। ਜਿਹੜਾ ਲਾਅ ਐਂਡ ਆਰਡਰ ਤੇ ਖਰਚਾ ਜਾਂ ਪੁਲਿਸ ਤੇ ਖਰਚਾ ਹੈ, ਉਹ 55 ਕਰੋੜ ਰੁਪਏ ਤੋਂ 568 ਕਰੋੜ ਰੁਪਏ ਹੋ ਗਿਆ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ,

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਜਿਹੜਾ ਟੈਕਸਿਜ਼ ਕੰਪਲਾਇੰਸ ਹੈ, ਉਹ ਟੈਕਸ ਨਹੀਂ ਲੱਗਿਆ ਜਿਹੜਾ ਕਿ ਟੈਕਸ ਸਰਕਾਰ ਨੇ ਵਸੂਲ ਕਰਨਾ ਹੁੰਦਾ ਹੈ। ਮੈਂ ਅੱਤਵਾਦ ਦੀ ਗੱਲ ਨਹੀਂ ਕਰ ਰਿਹਾ। ਮੈਂ 1995-96 ਦੀ ਗੱਲ ਕਰ ਰਿਹਾ ਹਾਂ, ਹਰ ਸਾਲ ਟੈਕਸ ਦਾ ਇਜ਼ਾਫ਼ਾ ਸੀ। ਉਸ ਸਾਲ 1.8% ਅਤੇ 1996-97 ਵਿੱਚ 3.9% ਟੈਕਸ ਵਸੂਲੀ ਹੋਈ। ਇਹ ਬਰਾੜ ਸਾਹਿਬ ਅਤੇ ਬੀਬੀ ਜੀ ਦੇ ਟਾਈਮ ਦੀਆਂ ਗੱਲਾਂ ਹਨ। ਜਿਸ ਵੇਲੇ ਅਸੀਂ 1997-98 ਦੇ ਵਿੱਚ ਸਰਕਾਰ ਸੰਭਾਲੀ ਤਾਂ ਉਸ ਵੇਲੇ ਅਸੀਂ 9.6% ਟੈਕਸ ਦੀ ਕੁਲੈਕਸ਼ਨ ਕੀਤੀ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਸਰਕਾਰ ਸੰਭਾਲੀ ਤਾਂ ਪੰਜਾਬ ਦੇ ਉਤੇ 20 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ। ਮੁੱਖ ਮੰਤਰੀ ਜੀ ਨੇ ਹਾਊਸ ਵਿਚ ਕਿਹਾ ਸੀ ਕਿ ਸਾਡਾ ਸੂਬਾ ਖੋਖਲਾ ਹੋ ਗਿਆ ਹੈ। ਬਹੁਤ ਵੱਡਾ ਕਰਜ਼ਾ, ਬੇ ਤਹਾਸ਼ਾ ਸੂਬੇ ਦੇ ਉਤੇ ਕਰਜ਼ਾ ਚੜ੍ਹ ਗਿਆ ਸੀ। ਹਰ ਸਾਲ 20 ਹਜ਼ਾਰ ਕਰੋੜ ਰੁਪਏ ਦਾ 4 ਹਜ਼ਾਰ ਕਰੋੜ ਰੁਪਏ ਵਿਆਜ ਤੇ ਮੂਲ ਅਸੀਂ ਮੋੜਦੇ ਹਾਂ। ਡਿਪਟੀ ਸਪੀਕਰ ਸਾਹਿਬ, ਸਾਡਾ ਪਲਾਨ ਸਿਰਫ਼ 2500 ਕਰੋੜ ਰੁਪਏ ਦਾ ਹੈ ਅਤੇ ਕਰਜ਼ੇ ਦਾ ਵਿਆਜ 4 ਹਜ਼ਾਰ ਕਰੋੜ ਰੁਪਿਆ ਅਸੀਂ ਦੇ ਰਹੇ ਹਾਂ ਆਪਣੇ ਸੂਬੇ ਨੂੰ ਕਿਸ ਤਰ੍ਹਾਂ ਪਿਛਲੇ 15 ਸਾਲਾਂ ਦੇ ਵਿੱਚ ਦੱਬਿਆ ਜਾਂ ਦਬਾਇਆ ਗਿਆ ਹੈ, ਮੈਂ ਸਮਝਦਾ ਹਾਂ ਕਿ ਇਸ ਦੀ ਘੋਖ ਕਰਨੀ ਹਾਊਸ ਦੇ ਉਤੇ ਹੈ, ਪਰ ਇਹ ਸੂਰਤੇ-ਹਾਲਾਤ ਹੈ। ਪਿਛਲੇ 10 ਸਾਲਾਂ ਦੇ ਵਿੱਚ 80 ਹਜ਼ਾਰ ਨਵੇਂ ਮੁਲਾਜ਼ਮ ਸੂਬੇ ਨੇ ਰੱਖੇ। 80 ਹਜ਼ਾਰ ਮੁਲਾਜ਼ਮ ਉਹ ਸਨ ਜਿਹੜੇ ਕਲਾਸ ਥਰੀ ਤੇ ਫੋਰ ਦੇ ਸਨ, ਰੱਖੇ ਉਨ੍ਹਾਂ ਨੇ ਅਤੇ ਅਸੀਂ ਜਿਸ ਤਰ੍ਹਾਂ ਇੱਕ ਸ਼ੇਅਰ ਹੈ :-

"ਕਿਸੇ ਨਹੀਂ ਤਮੰਨਾ, ਤਮੰਨਾ-ਏ-ਸਰਵਰੀ
"ਪਰ ਜਿਸੇ ਖੁਦੀ ਕੀ ਹੀ ਮੌਤ ਹੋ, ਸਰਵਰੀ ਕੀ ਤਮੰਨਾ ਕਿਆ ਹੈ।"

ਡਿਪਟੀ ਸਪੀਕਰ ਸਾਹਿਬ, ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ ਨੌਕਰੀ ਮਿਲੇ, ਹਰੇਕ ਵਰਗ ਚਾਹੁੰਦਾ ਹੈ ਕਿ ਉਸ ਨੂੰ ਨੌਕਰੀ ਮਿਲੇ ਪਰ ਜਿਸ ਦੇ ਨਾਲ ਸੂਬਾ ਹੀ ਨਾ ਰਹੇ ਤਾਂ ਮੈਂ ਸਮਝਦਾ ਹਾਂ ਕਿ ਇਹ ਕੀ ਨਾ ਤਿਆਗ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਦੋ ਸਾਲ ਦੌਰਾਨ ਪੇਅ ਕਮਿਸ਼ਨ ਦੀ ਰਿਪੋਰਟ ਆਈ ਜਿਹੜੀ ਕਿ ਪੰਜਾਬ ਸਰਕਾਰ ਨੇ ਲਾਗੂ ਕੀਤੀ ਔਰ ਇਕ ਹਜ਼ਾਰ ਕਰੋੜ ਰੁਪਏ ਪੰਜਾਬ ਸਰਕਾਰ ਦੇ ਖਜ਼ਾਨੇ ਵਿੱਚੋਂ ਪੇਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਕਰਕੇ ਸਾਨੂੰ ਦੇਣੇ ਪਏ। ਇਕ ਹਜ਼ਾਰ ਕਰੋੜ ਰੁਪਿਆ ਦੇਣ ਦੇ ਨਾਲ ਜੋ ਪੰਜਾਬ ਸਰਕਾਰ ਦੇ ਮੁਲਾਜ਼ਮ ਹਨ, ਉਹ ਅੱਜ ਹਿੰਦੁਸਤਾਨ ਦੇ ਹਰ ਸੂਬੇ ਦੇ, ਕੇਂਦਰ ਦੇ ਹਰ ਮੁਲਾਜ਼ਮ ਨਾਲੋਂ ਵੱਧ ਤਨਖਾਹਾਂ ਲੈ ਰਹੇ ਹਨ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਜੋ ਪਬਲਿਕ ਇੰਸਟੀਚਿਊਸ਼ਨਜ਼ ਹਨ, ਹਰ ਸਾਲ ਉਹ ਪੰਜਾਬ ਸਰਕਾਰ ਨੂੰ 11 ਸੌ ਕਰੋੜ ਦਾ ਘਾਟਾ ਦਿਖਾਉਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਕ-ਦੋ ਹੋਰ ਦਿਲਚਸਪ ਅੰਕੜੇ ਮੈਂ ਤੁਹਾਡੇ ਸਾਹਮਣੇ ਪਿਛਲੀ ਸਰਕਾਰ ਦੇ ਮੁਤੱਲਕ ਰੱਖਣਾ ਚਾਹੁੰਦਾ ਹਾਂ। 1992-97 ਵਿੱਚ ਜਿਹੜੀ ਇਨ੍ਹਾਂ ਦੀ 5 ਸਾਲ ਸਰਕਾਰ ਚਲੀ ਹੈ, ਉਦੋਂ ਪੰਜਾਬ ਦੀ ਜਿਹੜੀ ਇਕਾਨਮੀ ਦੀ ਗਰੋਥ ਸੀ ਉਹ ਸੀ 4.43%, ਜਦ ਕਿ ਹਿੰਦੁਸਤਾਨ ਦੀ ਗਰੋਥ ਸੀ 6.13%। ਉਹ ਦਿਨ ਦੇਖਣੇ ਪਏ ਜਦੋਂ ਪੰਜਾਬ ਦੀ ਗਰੋਥ ਹਿੰਦੁਸਤਾਨ ਦੀ

ਗਰੋਥ ਨਾਲੋਂ ਵੀ ਥੱਲੇ ਚਲੀ ਗਈ। ਬਾਕੀ ਸੂਬਿਆਂ ਦੀ ਵੀ 10-10%, 15-15% ਹੋਵੇਗੀ। ਇਸੇ ਤਰ੍ਹਾਂ ਹੀ ਪਰ-ਕੈਪੀਟਾ ਇਨਕਮ ਸੀ। ਜਿਸ ਵੇਲੇ ਇਨ੍ਹਾਂ ਨੇ ਸਰਕਾਰ ਸੰਭਾਲੀ ਤਾਂ ਉਸ ਵੇਲੇ ਪੰਜਾਬ ਦੀ ਪਰ-ਕੈਪੀਟਾ ਹਿੰਦੁਸਤਾਨ ਦੀ ਐਵਰੇਜ ਨਾਲੋਂ 76% ਇਨਕਮ ਵੱਧ ਸੀ ਪਰ ਜਦੋਂ ਅਸੀਂ 1997 ਦੇ ਵਿੱਚ ਸਰਕਾਰ ਸੰਭਾਲੀ ਤਾਂ ਇਹ 52 ਫੀਸਦੀ ਸੀ ਭਾਵ ਪਿਛਲੇ ਪੰਜਾਂ ਸਾਲਾਂ ਦੇ ਵਿੱਚ 24% ਦੀ ਕਮੀ ਆ ਗਈ। ਮੈਂ ਸਮਝਦਾ ਹਾਂ ਕਿ ਹਮੇਸ਼ਾਂ ਇਹ ਗੱਲਾਂ ਅਖਬਾਰਾਂ ਵਿਚ ਆਉਂਦੀਆਂ ਰਹਿੰਦੀਆਂ ਹਨ। ਮੈਂ ਸਾਬਤ ਵੀ ਕਰਦਾ ਹਾਂ ਤੇ ਮੈਂ ਇਸ ਹਾਊਸ ਦੇ ਵਿੱਚ ਇਹ ਦਾਅਵਾ ਵੀ ਕਰਦਾ ਹਾਂ ਕਿ ਸਾਰੇ ਅੰਕੜੇ ਸਾਹਮਣੇ ਰੱਖ ਕੇ, ਕਾਗਜ਼ ਤੇ ਕਲਮ ਫੜ੍ਹ ਕੇ, ਕੋਈ ਵੀ ਵਿਰੋਧੀ ਧਿਰ ਦਾ ਮੇਰਾ ਵੀਰ ਜਾਂ ਕੋਈ ਵੀ ਪ੍ਰੈਸ ਗੈਲਰੀ ਦਾ ਮੇਰਾ ਵੀਰ ਇਹ ਕਹਿ ਦੇਵੇ ਕਿ ਪੰਜਾਬ ਦੀ ਜੋ ਆਰਥਿਕ ਦੁਰਦਸ਼ਾ ਹੋਈ ਹੈ, ਇਹ ਇਸ ਸਰਕਾਰ ਦੀ ਪਿਛਲੇ ਦੋ ਸਾਲਾਂ ਦੀ ਵਜ੍ਹਾ ਕਰਕੇ ਹੋਈ ਹੈ ਤਾਂ ਮੈਂ ਐਮ. ਐਲ. ਏ. ਤੋਂ ਜਿਹੜੀ ਕਿ ਇਹ ਪੱਦਵੀ ਮੈਨੂੰ ਹਾਸਲ ਹੈ, ਉਸ ਤੋਂ ਰਿਜ਼ਾਇਨ ਕਰ ਦੇਵਾਂਗਾ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਜੇਕਰ ਕਿਸੇ ਰੇਲ ਨੂੰ ਰੋਕੋ ਤਾਂ ਉਹ ਚਲਦੀ ਚਲਦੀ ਫਿਰ ਵੀ 1-2 ਕਿਲੋਮੀਟਰ ਨਿਕਲ ਹੀ ਜਾਂਦੀ ਹੈ। ਇਸੇ ਤਰ੍ਹਾਂ ਅਸੀਂ ਜੋ ਕੀਤਾ ਹੈ, ਉਸ ਬਾਰੇ ਮੈਂ ਦੱਸਦਾ ਹਾਂ ਕਿ ਜਿਹੜਾ ਪਹਿਲਾਂ ਕਰੰਟ ਰੇਵੇਨਿਊ ਹਰ ਸਾਲ 35% ਤੋਂ 45% ਨੇਗੇਟਿਵ ਜਾਂਦਾ ਸੀ, ਅਸੀਂ ਪੇਅ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੇ ਬਾਵਜੂਦ ਉਸ ਨੂੰ 25% ਤੇ ਲਿਆਂਦਾ ਹੈ। ਅਸੀਂ ਨਵੀਂ ਭਰਤੀ ਕਰਨ ਤੋਂ ਗੁਰੇਜ਼ ਕੀਤਾ ਹੈ। ਭਾਵੇਂ ਇਹ ਸਾਡੇ ਫੈਸ਼ਨ ਬਣ ਗਿਆ ਹੈ ਕਿ ਜਿਸ ਦੀ ਸਰਕਾਰ ਹੋਵੇ, ਉਸ ਵੱਲੋਂ ਭਰਤੀ ਕੀਤੀ ਜਾਣੀ ਹੈ ਪਰ ਅਸੀਂ ਦਿਲ ਦੇ ਉਤੇ ਪੱਥਰ ਰੱਖ ਕੇ ਨਿੱਜੀ ਸਵਾਰਥਾਂ ਨੂੰ ਦੂਰ ਰੱਖ ਕੇ ਨਵੀਂ ਭਰਤੀ ਰੋਕੀ ਹੈ, ਕਰਜ਼ੇ ਲੈਣ ਤੋਂ ਗੁਰੇਜ਼ ਕੀਤਾ ਹੈ। ਇਸੇ ਤਰ੍ਹਾਂ ਟੈਕਸ ਕੰਪਲਾਇੰਸ ਦੀ ਗੱਲ ਹੈ ਉਹ ਵੀ ਅਸੀਂ ਅੱਗੇ ਲੈ ਕੇ ਗਏ ਹਾਂ।

ਅੱਜ ਜੋ ਦੌਰ ਚੱਲ ਰਿਹਾ ਹੈ, ਅੱਜ ਜੋ ਸਮੇਂ ਦੀ ਪੁਕਾਰ ਹੈ, ਉਸ ਬਾਰੇ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨੇ ਪਿਛਲੇ ਬਜਟ ਵਿੱਚ ਕਿਹਾ ਸੀ ਅਤੇ ਸਾਰੀਆਂ ਪਾਰਟੀਆਂ ਨੇ ਰਜ਼ਾਮੰਦ ਹੋ ਕੇ, ਸਾਰੀਆਂ ਪਾਰਟੀਆਂ ਨੇ ਇੱਕ ਰਾਏ ਹੋ ਕੇ ਹਿੰਦੁਸਤਾਨ ਦਾ ਕਾਮਨ ਮਿਨੀਮਮ ਇਕਨਾਮਿਕ ਪ੍ਰੋਗਰਾਮ ਬਣਾਇਆ ਸੀ, ਉਸੇ ਤਰ੍ਹਾਂ ਪੰਜਾਬ ਦਾ ਇੱਕ ਕਾਮਨ ਮਿਨੀਮਮ ਇਕਨਾਮਿਕ ਪ੍ਰੋਗਰਾਮ ਚਾਹੀਦਾ ਹੈ ਜਿਸ ਦੇ ਬਾਰੇ ਆਪਾਂ ਸਾਰੀਆਂ ਪਾਰਟੀਆਂ ਰਜ਼ਾਮੰਦ ਹੋਈਏ। ਸਾਡੇ ਕੋਲ ਸਿਆਸੀ ਲੜਾਈਆਂ ਲੜਨ ਵਾਸਤੇ ਬੜੇ ਅਖਾੜੇ ਹਨ ਪਰ ਇਸ ਦੇ ਵਿੱਚ ਪੰਜਾਬ ਦਾ ਨੁਕਸਾਨ ਨਾ ਹੋਵੇ। ਪੰਜਾਬ ਦਾ ਟੀਚਾ ਹੈ ਖੁਸ਼ਹਾਲੀ ਤੇ ਤਰੱਕੀ ਅਤੇ ਉਹ ਨਿਸ਼ਾਨਾ ਡਿੱਗਣਾ ਨਹੀਂ ਚਾਹੀਦਾ। ਸਰਕਾਰਾਂ ਆਉਣ ਨਾ ਆਉਣ, ਕਿਸੇ ਦੀ ਵੀ ਸਰਕਾਰ ਹੋਵੇ ਪਰ ਪੰਜਾਬ ਦੀ ਜੋ ਇਕਨਾਮਿਕ ਡਿਵੈਲਪਮੈਂਟ ਹੈ, ਇਕਨਾਮਿਕ ਏਜੰਡਾ ਹੈ, ਉਹ ਸੇਕਰਡ ਹੋਵੇ, ਐਨਵੀਏਬਲ ਹੋਵੇ, ਬਿਹਤਰ ਹੋਵੇ। ਕਿਸੇ ਵੀ ਸਰਕਾਰ ਨੂੰ ਇਹ ਹੱਕ ਨਾ ਹੋਵੇ ਕਿ ਉਹ ਇਸ ਨੂੰ ਤਬਦੀਲ ਕਰ ਦੇਵੇ। ਇਹ ਮੇਰੀ ਜਾਤੀ ਰਾਏ ਹੈ ਕਿ ਕਿਸੇ ਦਿਨ ਇਹ ਜ਼ਰੂਰੀ ਤੌਰ ਤੇ ਹੋ ਜਾਵੇ ਕਿਉਂਕਿ ਸਾਡੇ ਕੋਲ ਹੁਣ ਟਾਈਮ ਨਹੀਂ ਕਿ ਅਸੀਂ ਲੜਾਈ ਕਰੀਏ, ਅਸੀਂ ਇੱਕ ਦੂਜੇ ਨੂੰ ਨੀਵਾਂ ਕਰਨ ਵਾਸਤੇ ਸਬਸਿਡੀਆਂ ਵਾਧੂ ਦੇਈਏ, ਹੋਰ ਭਰਤੀਆਂ ਕਰੀਏ ਅਤੇ ਮੰਦੇ ਕਦਮ ਚੁੱਕੀਏ। ਅੱਜ ਇਸ ਗੱਲ ਦਾ ਮੌਕਾ ਆ ਗਿਆ ਹੈ। ਮੈਂ ਇਸ

[ਸਰਦਾਰ ਮਨਪ੍ਰੀਤ ਸਿੰਘ ਬਾਦਲ]

ਬਹਿਸ ਵਿਚ ਇਸ ਕਰਕੇ ਇਹ ਗੱਲ ਕੀਤੀ ਹੈ ਕਿਉਂਕਿ 2-4 ਦਿਨ ਬਹਿਸ ਚੱਲਣੀ ਹੈ । ਡਿਪਟੀ ਸਪੀਕਰ ਸਾਹਿਬ, ਯੂ. ਐਨ. ਓ. ਦੀ ਮੈਂ ਰਿਪੋਰਟ ਪੜ੍ਹੀ ਹੈ । ਉਸ ਨੇ ਪੈਮਾਨਾ ਰੱਖਿਆ ਹੈ, ਉਸ ਨੇ ਨਤੀਜੇ ਦਿੱਤੇ ਹਨ ਕਿ ਕਿਹੜੇ ਮੁਲਕ ਹਨ ਜਿਹੜੇ ਅਗਾਂਹਵਧੂ ਹਨ ਅਤੇ ਕਿਹੜੇ ਪਿੱਛੇ ਹਨ । ਤੁਸੀਂ ਹੈਰਾਨ ਹੋਵੋਗੇ ਕਿ ਅੱਜ ਯੂ. ਐਨ. ਓ. ਨੇ ਕੈਨੇਡਾ ਨੂੰ ਇਸ ਵੇਲੇ ਨੰਬਰ ਇੱਕ ਮੁਲਕ ਕਿਹਾ ਹੈ ਕਿ ਇਹ ਅਵੱਲ ਮੁਲਕ ਹੈ, ਰਹਿਣ ਸਹਿਣ ਦੇ ਤਰੀਕੇ ਅਨੁਸਾਰ, ਲਿਟਰੇਸੀ ਰੇਟ ਅਨੁਸਾਰ, ਇਨਕਮ ਅਨੁਸਾਰ ਅਤੇ ਲਾਈਫ ਐਕਸਪੈਕਟੈਂਸੀ ਅਨੁਸਾਰ ਹੋਰ ਵੀ ਅਜਿਹੇ ਕਈ ਪੈਮਾਨੇ ਹਨ । ਇਸ ਵਿੱਚ ਹਿੰਦੁਸਤਾਨ 135ਵੇਂ ਨੰਬਰ ਤੇ ਹੈ ਅਤੇ ਡਿਪਟੀ ਸਪੀਕਰ ਸਾਹਿਬ, ਜੇ ਇਹੀ ਪੈਮਾਨਾ ਲਾ ਕੇ ਇਕੱਲੇ ਪੰਜਾਬ ਦੀ ਤੁਲਨਾ ਕਰੀਏ ਤਾਂ ਪੰਜਾਬ ਦਾ ਨੰਬਰ 55 ਹੈ । ਉਨ੍ਹਾਂ ਨੇ ਇਹ ਸਿਫਾਰਸ਼ਾਂ ਕੀਤੀਆਂ ਹਨ ਕਿ ਜੇ ਪੰਜਾਬ ਆਪਣਾ ਲਿਟਰੇਸੀ ਰੇਟ 8 ਫੀਸਦੀ ਹੋਰ ਬਿਹਤਰ ਕਰ ਸਕੇ, ਇਨਕਮ ਹੋਰ ਵਧਾ ਲਵੇ ਜਾਂ ਛੋਟੇ-ਮੋਟੇ ਹੋਰ ਕੰਮ ਹੋ ਜਾਣ ਤਾਂ ਪੰਜਾਬ ਦੁਨੀਆਂ ਵਿੱਚ 35ਵੇਂ ਨੰਬਰ ਤੇ ਆ ਜਾਵੇਗਾ । ਆਪਾਂ ਅੱਜ ਨਵੀਂ ਸਦੀ ਵਿੱਚ ਦਾਖਲ ਹੋਣ ਲੱਗੇ ਹਾਂ । ਸਾਡੇ ਤੇ ਜ਼ਿੰਮੇਵਾਰੀ ਹੈ, ਇਹ ਸਾਡੇ ਹਿੱਸੇ ਤੇ ਹੈ ਕਿ ਅਸੀਂ ਪੰਜਾਬ ਦਾ ਇਕਨਾਮਿਕ ਏਜੰਡਾ ਬਣਾਈਏ ਤਾਂ ਕਿ ਪੰਜਾਬ ਤਕੜਾ ਹੋ ਕੇ ਅਗਲੀ ਸਦੀ ਦਾ ਸਾਹਮਣਾ ਕਰ ਸਕੇ ।

ਡਿਪਟੀ ਸਪੀਕਰ ਸਾਹਿਬ, ਇਸ ਸਦਨ ਦਾ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਮੈਂ ਸਿਰਫ਼ ਦੋ ਗੱਲਾਂ ਬਾਰੇ ਜ਼ਿਕਰ ਕਰਨਾ ਚਾਹਾਂਗਾ ਜਿਹੜੀਆਂ ਕਿ ਮੇਰੇ ਦਿਲ ਦੇ ਬੜੀਆਂ ਨਜ਼ਦੀਕ ਹਨ ਕਿ ਪੰਜਾਬ ਨੇ ਪਿਛਲੇ 40-50 ਸਾਲਾਂ ਵਿੱਚ ਜੋ ਤਰੱਕੀ ਕੀਤੀ ਹੈ, ਮੈਂ ਸਮਝਦਾ ਹਾਂ ਕਿ ਸਾਡੀ ਆਬਾਦੀ ਨੇ ਉਹ ਪੂਰੀ ਤਰੱਕੀ ਪਿੱਛੇ ਪਾ ਦਿੱਤੀ ਹੈ । ਜਦੋਂ ਵੀ ਬਹਿਸ ਹੁੰਦੀ ਹੈ, ਇਹ ਆਖਿਆ ਜਾਂਦਾ ਹੈ ਕਿ ਐਜੂਕੇਸ਼ਨ ਤਰੱਕੀ ਦੀ ਜੜ੍ਹ ਹੈ । ਜਦੋਂ ਤੱਕ ਅਵਾਮ ਨੂੰ ਤਾਲੀਮ ਨਹੀਂ ਦਿੱਤੀ ਜਾਂਦੀ, ਇਹ ਮਸਲਾ ਹੱਲ ਨਹੀਂ ਹੋ ਸਕਦਾ । ਅੱਜ ਮੌਕਾ ਹੈ ਅਤੇ ਅਸੀਂ ਇਸ ਤੇ ਬਹੁਤੀ ਦੇਰ ਨਹੀਂ ਲਾ ਸਕਦੇ ਕਿ ਪੰਜਾਬ ਹਿੰਦੁਸਤਾਨ ਦਾ ਪਹਿਲਾ ਸੂਬਾ ਹੋਵੇ ਜਿਹੜਾ ਨਵੀਂ ਪਾਪੂਲੇਸ਼ਨ ਪਾਲਿਸੀ ਅਖਤਿਆਰ ਕਰੇ ਅਤੇ ਅਸੀਂ ਸਾਰੇ ਰਲ ਕੇ ਐਸਾ ਇਨਸੈਂਟਿਵ ਬਣਾਈਏ ਕਿ ਜਿਹੜੇ ਪਰਿਵਾਰ ਵਿੱਚ ਕੇਵਲ ਇੱਕ ਬੱਚਾ ਹੈ, ਉਸ ਨੂੰ ਸਰਕਾਰੀ ਨੌਕਰੀ ਦੇਣੀ ਲਾਜ਼ਮੀ ਹੈ । ਇਸ ਪਾਪੂਲੇਸ਼ਨ ਪਾਲਿਸੀ ਤੋਂ ਬਗੈਰ ਪੰਜਾਬ ਭਾਵੇਂ ਕਿੰਨੀ ਤਰੱਕੀ ਕਰੇ, ਆਪਾਂ ਭਾਵੇਂ ਕਿੰਨਾ ਉਤਪਾਦਨ ਵਧਾਈ ਜਾਈਏ, ਮਿਹਨਤ ਹੋਰ ਕਰਦੇ ਰਹੀਏ ਪਰ ਉਹ ਆਬਾਦੀ ਦੇ ਕਾਰਨ ਪਿੱਛੇ ਪੈ ਜਾਣੀ ਹੈ ।

ਡਿਪਟੀ ਸਪੀਕਰ ਸਾਹਿਬ, ਇੱਕ ਦੂਸਰੀ ਗੱਲ ਹੈ ਕਿ ਪੰਜਾਬ ਦੀ ਜਿਹੜੀ ਸਪੋਰਟਸ ਪਾਲਿਸੀ ਹੈ, ਉਸ ਨੂੰ ਬਿਹਤਰ ਬਣਾਉਣ ਦੀ ਲੋੜ ਹੈ । ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿੱਚ ਜ਼ਿਕਰ ਕੀਤਾ ਹੈ ਕਿ ਪੰਜਾਬ ਦੇ ਖਿਡਾਰੀਆਂ ਨੇ ਏਸ਼ੀਅਨ ਗੇਮਜ਼ ਵਿੱਚ ਬੜਾ ਕਮਾਲ ਹਾਸਿਲ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਮਨੀਪੁਰ ਵਿੱਚ ਜੋ ਨੈਸ਼ਨਲ ਗੇਮਜ਼ ਹੋਈਆਂ ਹਨ, ਉਸ ਵਿੱਚ ਪੰਜਾਬ ਦਾ ਤੀਜਾ ਸਥਾਨ ਹੈ ਤੇ, ਡਿਪਟੀ ਸਪੀਕਰ

ਸਾਹਿਬ, ਇਹ ਜਿਹੜਾ ਤੀਜਾ ਸਥਾਨ ਹੈ, ਇਹ ਸਾਡੇ ਲਈ ਨਾਕਾਬਲੇ ਮਨਜ਼ੂਰ ਹੈ। ਪੰਜਾਬ ਵਰਗਾ ਸੂਬਾ ਹੋਵੇ ਤੇ ਉਸ ਨੂੰ ਤੀਜੀ ਪੌੜੀ ਤੇ ਖੜ੍ਹਾ ਹੋਣਾ ਪਵੇ। ਅੱਜ ਲੋੜ ਹੈ ਕਿ ਪੰਜਾਬ ਪੁਲਿਸ ਨੇ ਸਪੋਰਟਸ ਵੱਲ ਜੋ ਕੰਮ ਕੀਤਾ ਹੈ ਉਸ ਨੂੰ ਵੇਖਦੇ ਹੋਏ ਉਨ੍ਹਾਂ ਦੀ ਭਰਤੀ ਜੋ ਸਪੋਰਟਸ ਵਾਲੇ ਪਾਸੇ ਹੋਣੀ ਚਾਹੀਦੀ ਹੈ, ਉਹ ਭਰਤੀ ਜ਼ਰੂਰੀ ਕੀਤੀ ਜਾਵੇ। ਇਸ ਤਰ੍ਹਾਂ ਨਾਲ ਇਹ ਸੂਬੇ ਦੇ ਨਾਂ ਨੂੰ ਵਧਾਉਣ ਲਈ ਪਬਲਿਕ ਰੀਲੇਸ਼ਨ ਦਾ ਬੜਾ ਸੌਖਾ ਅਤੇ ਸਸਤਾ ਤਰੀਕਾ ਹੈ। ਪੰਜਾਬ ਹਿਊਮਨ ਰਿਸੋਰਸਿਜ ਨੂੰ ਬੜੀ ਗੰਭੀਰਤਾ ਨਾਲ ਲਿਆ ਜਾਵੇ। ਮੈਂ ਇਤਨੀ ਗੱਲ ਕਰਦੇ ਹੋਏ ਇੱਕ ਵਾਰ ਫੇਰ ਇਸ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਪਿਛਲੇ ਦੋ ਅਤੇ ਸਵਾ ਦੋ ਸਾਲਾਂ ਦੇ ਵਿਚ ਇਸ ਨੇ ਪੰਜਾਬ ਵਿੱਚ ਅਮਨ ਅਤੇ ਕਾਨੂੰਨ ਨੂੰ ਕਾਇਮ ਰੱਖਿਆ ਹੈ ਹਾਲਾਂਕਿ ਬਹੁਤ ਸਾਰੇ ਲੋਕ ਕਹਿੰਦੇ ਸਨ ਕਿ ਇਹ ਸਰਕਾਰ ਅਮਨ ਅਤੇ ਕਾਨੂੰਨ ਨੂੰ ਕਾਇਮ ਨਹੀਂ ਰੱਖ ਸਕੇਗੀ। ਇਨ੍ਹਾਂ ਗੱਲਾਂ ਨੂੰ ਵੇਖਦੇ ਹੋਏ ਮੈਂ ਇਸ ਹਾਊਸ ਨੂੰ ਸਿਫਾਰਿਸ਼ ਕਰਦਾ ਹਾਂ ਕਿ ਜੋ ਧੰਨਵਾਦ ਦਾ ਮਤਾ ਗਵਰਨਰ ਸਾਹਿਬ ਦੇ ਭਾਸ਼ਣ ਲਈ ਪੇਸ਼ ਕੀਤਾ ਗਿਆ ਹੈ, ਇੱਕ ਰਾਏ ਨਾਲ ਇਕੱਠੇ ਹੋ ਕੇ ਅਤੇ ਯੂਨਾਨੀਮਸਲੀ ਇਸ ਮਤੇ ਨੂੰ ਪਾਸ ਕਰੀਏ। ਬਹੁਤ ਬਹੁਤ ਧੰਨਵਾਦ।

ਸ਼੍ਰੀ ਸੱਤਿਆ ਪਾਲ ਸੈਣੀ (ਸੁਜਾਨਪੁਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਰਾਜਪਾਲ ਜੀ ਦੇ ਭਾਸ਼ਣ ਮਿਤੀ 9 ਮਾਰਚ, 1999 ਦੇ ਲਈ ਧੰਨਵਾਦ ਦਾ ਜਿਹੜਾ ਮਤਾ ਮੇਰੇ ਵੀਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਮੈਨੂੰ ਇਸ ਮੌਕੇ ਤੇ ਬੋਲਣ ਲਈ ਸਮਾਂ ਦੇ ਕੇ ਤੁਸੀਂ ਬੜੀ ਕਿਰਪਾ ਕੀਤੀ ਹੈ ਅਤੇ ਮੈਂ ਬੜਾ ਗੌਰਵ ਅਨੁਭਵ ਕਰਦਾ ਹਾਂ। ਇਸ ਐਡਰੈਸ ਵਿੱਚ ਰਾਜਪਾਲ ਜੀ ਨੇ ਸਰਕਾਰ ਦੀਆਂ ਉਪਲਬਧੀਆਂ ਅਤੇ ਕਾਰਜਸ਼ੈਲੀ ਨਾਲ ਸਾਨੂੰ ਪ੍ਰਭਾਵਿਤ ਕੀਤਾ ਹੈ। 1699 ਦਾ ਸਾਲ ਇੱਕ ਇਤਿਹਾਸਿਕ ਸਾਲ ਸੀ, ਜਿਸ ਦੇ ਵਿੱਚ ਹਿੰਦੂ ਅਤੇ ਹਿੰਦੁਸਤਾਨ ਦੀ ਰਾਖੀ ਵਾਸਤੇ ਖਾਲਸਾ ਪੰਥ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਖਾਲਸੇ ਦੀ ਸਿਰਜਣਾ ਇੱਕ ਨਵੇਂ ਯੁੱਗ ਦੀ ਸਥਾਪਨਾ ਲਈ ਕੀਤੀ ਗਈ ਸੀ। ਸਾਲ 1999 ਨੂੰ ਮਨੁੱਖ ਦੇ ਚੜ੍ਹਦੀ ਕਲਾ ਦੇ ਸਾਲ ਵਜੋਂ ਮਨਾਉਣ ਲਈ ਅਸੀਂ ਪਹਿਲੇ ਸਰਬ ਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਸੀ। ਰਾਜਪਾਲ ਦਾ ਭਾਸ਼ਣ 148 ਪੁਆਇੰਟਸ ਦਾ ਇੱਕ ਪ੍ਰਭਾਵਸ਼ਾਲੀ ਭਾਸ਼ਣ ਹੈ, ਜਿਸ ਨੂੰ ਚਾਰ ਚੰਨ ਲਗਾਏ ਗਏ ਹਨ ਅਤੇ ਹਰ ਪੁਆਇੰਟ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਉਪਲਬਧੀਆਂ ਇਸ ਸਰਕਾਰ ਦੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਵੱਡੀ ਰਣਜੀਤ ਸਾਗਰ ਡੈਮ ਦੀ ਹੈ, ਜਿਸ ਨੇ 15 ਜੂਨ, 1999 ਨੂੰ ਬਿਜਲੀ ਦਾ ਉਤਪਾਦਨ ਕਰਨਾ ਸ਼ੁਰੂ ਕਰ ਦੇਣਾ ਹੈ। ਇਸ ਪ੍ਰਤਿਸ਼ਠਾਵਾਨ ਡੈਮ ਦਾ ਕੰਮ ਸੰਪੂਰਨ ਹੋ ਚੁੱਕਾ ਹੈ। ਇਸ ਪ੍ਰਾਜੈਕਟ ਦਾ ਕੰਮ ਦੋ ਦਹਾਕਿਆਂ ਤੋਂ ਲਟਕਦਾ ਆ ਰਿਹਾ ਸੀ ਅਤੇ ਪਿਛਲੇ 2 ਸਾਲਾਂ ਦੇ ਵਿੱਚ ਮੇਰੀ ਸਰਕਾਰ ਨੇ ਵਿਸ਼ੇਸ਼ ਯਤਨ ਕਰਕੇ ਇਸ ਨੂੰ ਨੇਪਰੇ ਚਾੜ੍ਹਿਆ ਹੈ। ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸਕੱਤਰੀ ਸਰਦਾਰ ਬਿਕਰਮਜੀਤ ਸਿੰਘ ਨੇ ਆਪਣੇ ਹੱਥਾਂ ਨਾਲ ਇਸ ਉੱਤੇ ਫਾਟਕ ਲਗਾ ਕੇ ਪਾਣੀ ਨੂੰ ਰੋਕਣਾ ਸ਼ੁਰੂ ਕੀਤਾ ਹੈ। ਇਹ ਸਾਡੇ ਸਾਰਿਆਂ ਲਈ ਬੜਾ ਮਹਾਨ ਡੈਮ ਹੈ। ਇਸ ਡੈਮ ਦੇ ਨਾਲ ਪੰਜਾਬ ਦੇ ਲੋਕਾਂ ਦਾ ਬਹੁਤ ਫਾਇਦਾ ਹੋਵੇਗਾ। ਇਸ ਪ੍ਰਾਜੈਕਟ ਨੂੰ

[ਸ਼੍ਰੀ ਸਤਿਆ ਪਾਲ ਸੈਣੀ]

ਸ਼ੁਰੂ ਕਰਨ ਲਈ ਪਹਿਲੇ 1964 ਵਿੱਚ ਐਸਟੀਮੇਟਸ ਤਿਆਰ ਕੀਤੇ ਗਏ ਸਨ, 1982 ਵਿੱਚ ਇਸ ਦੀ ਕਲੀਅਰੈਂਸ ਹੋ ਗਈ ਸੀ ਅਤੇ ਇਹ ਪ੍ਰਾਜੈਕਟ 1977 ਵਿੱਚ ਮਾਨਯੋਗ ਬਾਦਲ ਸਾਹਿਬ ਦੇ ਹੱਥੋਂ ਸ਼ੁਰੂ ਹੋਇਆ ਸੀ । ਇਸ ਦੀ ਲਾਗਤ ਪਹਿਲੇ 242 ਕਰੋੜ ਰੁਪਏ ਸੀ ਜਿਹੜੀ ਬਾਦ ਵਿਚ ਵਧ ਕੇ 2,516 ਕਰੋੜ ਰੁਪਏ ਦੀ ਹੋ ਗਈ । ਇਸ ਪ੍ਰਾਜੈਕਟ ਦੇ ਰਾਹੀਂ 600 ਮੈਗਾਵਾਟ ਬਿਜਲੀ ਦਾ ਉਤਪਾਦਨ ਹੋਵੇਗਾ । ਇਸ ਪ੍ਰਾਜੈਕਟ ਦੇ ਵਿੱਚ ਕੰਮ 1985 ਤੋਂ ਲੈ ਕੇ 1996 ਤੱਕ ਸਥਿਰ ਰਿਹਾ । ਅਗਰ ਇਸ ਸਮੇਂ ਦੇ ਦੌਰਾਨ ਇਸ ਡੈਮ ਦੇ ਕੰਮ ਵਿੱਚ ਪ੍ਰਗਤੀ ਕੀਤੀ ਜਾਂਦੀ ਅਤੇ ਸੀਰੀਅਸਲੀ ਇਸ ਪ੍ਰਾਜੈਕਟ ਨੂੰ ਹੱਥ ਵਿੱਚ ਲਿਆ ਹੁੰਦਾ ਤਾਂ ਇਹ ਪ੍ਰਾਜੈਕਟ ਹੁਣ ਤੱਕ ਚਾਲੂ ਹੋ ਕੇ ਪੰਜਾਬ ਦੇ ਲੋਕਾਂ ਲਈ ਫਾਇਦੇਮੰਦ ਹੋ ਜਾਂਦਾ ਪਰ ਇਸ ਦੇ ਕੰਮ ਵਿੱਚ ਸਥਿਰਤਾ ਹੋਣ ਕਰਕੇ ਨੁਕਸਾਨ ਹੋਇਆ ਹੈ । ਇਸ ਸਰਕਾਰ ਨੇ ਆ ਕੇ ਫਿਰ ਇਸ ਪ੍ਰਾਜੈਕਟ ਨੂੰ ਤੇਜ਼ੀ ਨਾਲ ਚਾਲੂ ਕਰਵਾਇਆ ਹੈ । ਇਸੇ ਸਾਲ ਇਸ ਪ੍ਰਾਜੈਕਟ ਤੋਂ ਪੰਜਾਬ ਨੂੰ ਬਿਜਲੀ ਮਿਲਣੀ ਸ਼ੁਰੂ ਹੋ ਜਾਵੇਗੀ, ਲੋਕਾਂ ਨੂੰ ਲਾਭ ਹੋਵੇਗਾ ਅਤੇ ਸਾਨੂੰ ਬਲ ਮਿਲੇਗਾ । ਇਹ ਜਿਹੜਾ ਪ੍ਰਾਜੈਕਟ ਬਣਿਆ ਹੈ, ਇਸ ਦੇ ਚਾਲੂ ਹੋਣ ਨਾਲ ਪੰਜਾਬ ਦੇ ਲੋਕਾਂ ਨੂੰ ਵਾਧੂ ਬਿਜਲੀ ਮਿਲੇਗੀ । ਡਿਪਟੀ ਸਪੀਕਰ ਸਾਹਿਬ, ਦੋ ਦੋ ਮਹੀਨਿਆਂ ਬਾਅਦ ਕਈਆਂ ਯੂਨਿਟਾਂ ਨੇ ਕੰਮ ਕਰਨਾ ਸ਼ੁਰੂ ਕਰ ਦੇਣਾ ਹੈ । ਇਸ ਦੇ ਨਾਲ 3.48 ਲੱਖ ਹੈਕਟੇਅਰ ਜ਼ਮੀਨ ਨੂੰ ਸਿੰਜਾਈ ਦਾ ਲਾਭ ਪ੍ਰਾਪਤ ਹੋਵੇਗਾ । ਇਸ ਦੇ ਨਾਲ ਪੰਜਾਬ ਦੇ ਕੈਸ਼ ਵਿੱਚ 550 ਕਰੋੜ ਰੁਪਏ ਦਾ ਲਾਭ ਹੋਣਾ ਹੈ । ਦੂਸਰਾ ਲਾਭ ਬਿਜਲੀ ਦਾ ਹੋਣਾ ਹੈ । ਇਸ ਦੇ ਨਾਲ 500 ਕਰੋੜ ਰੁਪਏ ਸਾਲਾਨਾ ਸਾਨੂੰ ਪ੍ਰਾਪਤ ਹੋਣਗੇ । ਕੁੱਲ ਮਿਲਾ ਕੇ 1,050 ਕਰੋੜ ਰੁਪਏ ਦਾ ਫਾਇਦਾ ਹੋਵੇਗਾ । ਇਸ ਪ੍ਰਾਜੈਕਟ ਨਾਲ ਹੋਰ ਜਿਹੜਾ ਲਾਭ ਪ੍ਰਾਪਤ ਹੋਣ ਵਾਲਾ ਹੈ, ਉਹ ਇਹ ਹੈ ਕਿ ਇਸ ਦਾ ਜਿਹੜਾ ਪਾਰਟ ਦੂਸਰਾ ਹੈ ਉਹ ਸ਼ਾਹਪੁਰ ਕੰਢੀ ਬੈਰਾਜ ਪ੍ਰਾਜੈਕਟ ਹੈ । ਇਹ ਆਰ. ਐਸ. ਡੀ. ਪੀ. ਤੋਂ 11 ਕਿਲੋਮੀਟਰ ਥੱਲੇ ਹੈ ਅਤੇ ਮਾਧੋਪੁਰ ਤੋਂ 8 ਕਿਲੋਮੀਟਰ ਉਪਰ ਹੈ । ਇਸ ਦੀਆਂ ਪਹਿਲੀਆਂ ਫਾਰਮੈਲਟੀਜ਼ ਡਿਪਾਰਟਮੈਂਟ ਨੇ ਪੂਰੀਆਂ ਕਰ ਲਈਆਂ ਹਨ । ਇਸ ਪ੍ਰਾਜੈਕਟ ਦੇ ਨਾਲ ਵੀ ਬਹੁਤ ਵੱਡਾ ਲਾਭ ਪੰਜਾਬ ਨੂੰ ਹੋਵੇਗਾ । ਬਿਜਲੀ ਉਤਪਾਦਨ ਦੇ ਤਿੰਨ ਛੋਟੇ ਛੋਟੇ ਯੂਨਿਟ ਬਣਨਗੇ ਅਤੇ ਉਸ ਨਾਲ ਪੰਜਾਬ ਦੀ ਪਾਣੀ ਦੀ ਸਮੱਸਿਆ ਦੂਰ ਹੋਵੇਗੀ । ਇੱਕ ਬਹੁਤ ਅਹਿਮ ਮਸਲਾ ਹੈ ਕਿ ਬਾੜ੍ਹ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋ ਜਾਂਦਾ ਸੀ ਅਤੇ ਖਾਸ ਕਰਕੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿੱਚ ਨੁਕਸਾਨ ਹੁੰਦਾ ਸੀ । ਬਹੁਮੁੱਲੇ ਪਾਣੀ ਦਾ ਜੋ ਨੁਕਸਾਨ ਹੁੰਦਾ ਸੀ, ਇੱਕ ਇੱਕ ਬੂੰਦ ਉਸ ਪਾਣੀ ਦੀ ਬਚ ਜਾਵੇਗੀ । ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਇਸ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਵਿਰੋਧੀਆਂ ਦੀ ਇਹ ਨੀਤੀ ਨਹੀਂ ਹੋਣੀ ਚਾਹੀਦੀ ਕਿ ਵਿਰੋਧਤਾ ਹੀ ਕਰਨੀ ਹੈ । ਕਾਂਗਰਸ ਪਾਰਟੀ ਇੱਕ ਬਹੁਤ ਵੱਡੀ ਪਾਰਟੀ ਹੈ । ਇਸ ਵਿੱਚ ਵਿਸ਼ਾਲਤਾ ਹੈ ਪਰ ਇਸ ਕਾਂਗਰਸ ਰੂਪੀ ਪਹਾੜ ਤੇ ਕੋਈ ਪੇੜ ਨਹੀਂ ਜੰਮਦਾ ਅਤੇ ਨਾ ਘਾਸ ਹੀ ਜੰਮਦਾ ਹੈ । ਇੱਕ ਸ਼ੇਅਰ ਹੈ :—

"ਪਹਾੜ ਪਰ ਪੇੜ ਨਹੀਂ ਲਗਤੇ, ਨਾ ਘਾਸ ਜਮਤੀ ਹੈ, ਸਿਰਫ ਬਰਫ ਜਮਤੀ ਹੈ,
ਜੋ ਕੱਫਨ ਦੀ ਤਰਹ ਸਫੇਦ ਅਤੇ ਮੌਤ ਕੀ ਤਰਹ ਠੰਢੀ ਹੋਤੀ ਹੈ ।" (ਵਿਘਨ)

ਮੈਂਬਰ ਸਾਹਿਬ ਕਹਿੰਦੇ ਹਨ ਕਿ ਇਸ ਸ਼ੇਅਰ ਨੂੰ ਦੋਬਾਰਾ ਰਪੀਟ ਕਰੋ । ਮੈਂ ਇਹ ਫੇਰ ਦੁਹਰਾਂਦਾ ਹਾਂ :—

"ਪਹਾੜ ਪਰ ਪੇੜ ਨਹੀਂ ਲਗਤੇ, ਨਾ ਘਾਸ ਜਮਤੀ ਹੈ, ਸਿਰਫ ਬਰਫ ਜਮਤੀ ਹੈ, ਜੋ ਕਫਨ ਦੀ ਤਰਹ ਸਫੇਦ ਅਤੇ ਮੌਤ ਕੀ ਤਰਹ ਠੰਢੀ ਹੋਤੀ ਹੈ।"

ਮੇਰੀ ਸਰਕਾਰ ਦੀ ਇਹ ਵੱਡੀ ਉਪਲਬਧੀ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਵਿਰੋਧੀ ਬੈਂਚਾਂ ਤੇ ਬੈਠਣ ਵਾਲੇ ਮੈਂਬਰਾਂ ਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ । ਜੇ ਨਿੰਦਾ ਹੀ ਕਰਨੀ ਹੈ ਤਾਂ ਮੈਂ ਦੱਸਦਾ ਹਾਂ ਕਿ 85% ਗਲਤੀਆਂ ਤੁਹਾਡੀਆਂ ਹਨ ਅਤੇ 15% ਗਲਤੀਆਂ ਸਾਡੀਆਂ ਬਣਦੀਆਂ ਹਨ । ਹੁਣ ਤੁਸੀਂ ਸਾਨੂੰ ਸੁਣ ਲਓ, 50 ਸਾਲ ਅਸੀਂ ਤੁਹਾਨੂੰ ਸੁਣਦੇ ਰਹੇ ਹਾਂ । ਹੁਣ ਤੁਸੀਂ ਸੁਣਨ ਦੀ ਆਦਤ ਪਾਓ ।

ਡਿਪਟੀ ਸਪੀਕਰ ਸਾਹਿਬ, ਪੰਚਾਇਤ ਵਿਕਾਸ ਨੂੰ ਪੰਜਾਬ ਸਰਕਾਰ ਨੇ ਬਹੁਤ ਮਹੱਤਤਾ ਦਿੱਤੀ ਹੈ । 128 ਫੋਕਲ ਪੁਆਇੰਟ ਬੜੀ ਤੇਜ਼ੀ ਨਾਲ ਨਿਰਮਾਣ ਅਧੀਨ ਹਨ ਅਤੇ 127 ਫੋਕਲ ਪੁਆਇੰਟ ਕੰਪਲੀਟ ਹੋ ਗਏ ਹਨ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਡਿਪਟੀ ਸਪੀਕਰ ਸਾਹਿਬ, ਇਹ ਮੈਂਬਰ ਸਾਹਿਬ ਕਾਗਜ਼ ਵਿੱਚੋਂ ਪੜ੍ਹ ਕੇ ਬੋਲ ਰਹੇ ਹਨ, ਇਨ੍ਹਾਂ ਨੂੰ ਪੜ੍ਹ ਕੇ ਬੋਲਣ ਲਈ ਅਲਾਓ ਨਾ ਕਰੋ ।

ਸ਼੍ਰੀ ਡਿਪਟੀ ਸਪੀਕਰ ਡੋਗਰਾ ਸਾਹਿਬ, ਉਹ ਸਿਰਫ ਪੁਆਇੰਟ ਦੇਖ ਰਹੇ ਹਨ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਨਹੀਂ ਜੀ, ਉਹ ਵਰਡ ਟੂ ਵਰਡ ਪੜ੍ਹ ਰਹੇ ਹਨ ।

ਸ਼੍ਰੀ ਸੱਤਿਆ ਪਾਲ ਸੈਣੀ ਮੈਂ ਜ਼ਿਕਰ ਕਰ ਰਿਹਾ ਸੀ ਕਿ ਫੋਕਲ ਪੁਆਇੰਟਾਂ ਦੀ ਜਿਹੜੀ ਰਚਨਾ ਹੋਈ ਹੈ, ਉਨ੍ਹਾਂ ਦੇ ਨਾਲ ਬਹੁਤ ਵੱਡਾ ਯੋਗਦਾਨ ਪੰਜਾਬ ਦੇ ਵਿਕਾਸ ਨੂੰ ਮਿਲਿਆ ਹੈ । ਅੱਗੇ ਮੈਂ ਚਰਚਾ ਕਰਨੀ ਚਾਹੁੰਦਾ ਹਾਂ ਕਿ ਪੰਚਾਇਤੀ ਸੰਸਥਾਵਾਂ ਦੇ ਪੁਸ਼ਟੀਕਰਨ ਵਾਸਤੇ ਪੰਜਾਬ ਸਰਕਾਰ ਨੇ ਇਕ ਬਹੁਤ ਅਹਿਮ ਕੰਮ ਕੀਤਾ ਹੈ ਪੰਚਾਇਤੀ ਚੋਣਾਂ ਕਰਾ ਕੇ ਜਿਸ ਦੇ ਵਿਚ 1998 ਵਿਚ ਅਸੀਂ 12,369 ਸਥਾਨਾਂ ਤੇ ਪੰਚਾਇਤੀ ਚੋਣਾਂ ਕਰਾ ਕੇ ਜਮਹੂਰੀਅਤ ਦੇ ਵਿਚ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ ਔਰ ਬੜੇ ਨਿਆਂਪੂਰਵਕ ਢੰਗ ਨਾਲ ਚੋਣਾਂ ਕਰਾਈਆਂ ਹਨ .....

ਡਾਕਟਰ ਹਰਬੰਸ ਲਾਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ ਪੰਚਾਇਤੀ ਰਾਜ ਵਿਚ । ਹਾਲੇ ਤੱਕ ਸੁਪਰੀਮ ਕੋਰਟ ਵਿਚ ਕੇਸ ਚਲ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਡੈਮੋਕਰੇਸੀ ਦਾ ਗਰਾਸ ਰੂਟ ਲੈਵਲ ਤੇ ਗਲਾ ਘੁੱਟਿਆ ਗਿਆ ਹੈ ।

ਸ਼੍ਰੀ ਸੱਤਿਆ ਪਾਲ ਸੈਣੀ : ਡਿਪਟੀ ਸਪੀਕਰ ਸਾਹਿਬ, ਸਥਾਨਕ ਸਰਕਾਰ ਦੇ ਖੇਤਰ ਵਿਚ ਜਿਹੜੇ ਕੰਮ ਹੋਏ ਹਨ, ਉਨ੍ਹਾਂ ਦੇ ਬਾਰੇ ਮੈਂ ਚਰਚਾ ਕਰਦਾ ਹਾਂ ਅਤੇ ਵਿਸਥਾਰ ਵਿਚ ਨਾ ਜਾਂਦਾ ਹੋਇਆ ਇਕ ਗੱਲ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੇ 3,341 ਲੱਖ ਰੁਪਿਆ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਜਾਰੀ ਕੀਤਾ ਹੈ ਅਤੇ ਜਿਹੜੇ ਪ੍ਰਾਜੈਕਟ ਹਨ, ਉਨ੍ਹਾਂ ਦਾ ਬੜੀ ਤੇਜ਼ੀਦਗੀ ਦੇ ਨਾਲ ਵਿਸਥਾਰ ਹੋ ਰਿਹਾ ਹੈ ।

[ਸ੍ਰੀ ਸੱਤਿਆ ਪਾਲ ਸੈਣੀ]

ਡਿਪਟੀ ਸਪੀਕਰ ਸਾਹਿਬ, ਮੈਂ ਚੌਥੀ ਗੱਲ ਸਕੂਲਾਂ ਬਾਰੇ ਕਰ ਰਿਹਾ ਹਾਂ। ਜਿਨ੍ਹਾਂ ਸਕੂਲਾਂ ਵਿਚ ਇਨ੍ਹਾਂ ਨੇ ਪਿਛਲੇ 15 ਸਾਲਾਂ ਵਿਚ ਪਿਛਲੀ ਜੈਨਰੇਸ਼ਨ ਨੂੰ ਅਨਪੜ੍ਹ ਬਣਾ ਦਿੱਤਾ। ਪਿਛਲੀ ਸਾਰੀ ਜੈਨਰੇਸ਼ਨ ਹੀ ਅਨਪੜ੍ਹ ਹੋ ਗਈ ਕਿਉਂਕਿ ਸਕੂਲਾਂ ਵਿਚ ਕੋਈ ਹਾਜ਼ਰ ਹੀ ਨਹੀਂ ਸੀ ਹੁੰਦਾ ਅਤੇ ਸਟਾਫ ਹੀ ਪੂਰਾ ਨਹੀਂ ਸੀ ਹੁੰਦਾ। ਮੇਰਾ ਜਿਹੜਾ ਇਲਾਕਾ ਹੈ, ਜਿਸ ਦੇ ਬਾਰੇ ਮੈਂ ਵਾਰ ਵਾਰ ਇਹ ਵਿਸ਼ਾ ਉਠਾਉਂਦਾ ਸੀ ਕਿ ਉਥੇ ਸਕੂਲਾਂ ਵਿਚ ਲੋਕ ਜਾਂਦੇ ਨਹੀਂ, ਇਸ ਸਰਕਾਰ ਦੇ ਆਉਣ ਤੋਂ ਬਾਅਦ ਉਥੇ ਸਾਰਾ ਕੁਝ ਬਦਲ ਗਿਆ ਹੈ। ਅੱਜ ਸਕੂਲਾਂ ਵਿਚ ਇਮਤਿਹਾਨਾਂ ਵਿਚ ਨਕਲ ਦੀ ਪ੍ਰਵਿਰਤੀ ਨੂੰ ਰੋਕਿਆ ਗਿਆ ਹੈ। ਅੱਜ 5 ਤਰ੍ਹਾਂ ਦੇ ਪਰਚੇ ਬਣਾਉਣ ਲਈ ਬਾਦਲ ਸਾਹਿਬ ਅਭਿਨੰਦਨ ਦੇ ਪਾਤਰ ਹਨ ਅਤੇ ਸ਼ਿਕਸ਼ਾ ਮੰਤਰੀ ਜੀ ਦੀ ਇਸ ਗੱਲ ਲਈ ਵਿਸ਼ੇਸ਼ ਤੌਰ ਤੇ ਸਰਾਹਨਾ ਕੀਤੀ ਜਾਣੀ ਚਾਹੀਦੀ ਹੈ। ਅਗਰ ਇਸ ਵਾਰ ਕਿਸੇ ਨੇ ਨਕਲ ਕੀਤੀ ਹੋਵੇਗੀ ਤਾਂ ਕਿਸੇ ਇਕ ਵਿਅਕਤੀ ਨੇ ਹੀ ਕੀਤੀ ਹੋਵੇਗੀ। ਬਾਕੀ ਤਾਂ ਨਕਲ 90 ਤੋਂ 95 % ਤੱਕ ਰੋਕੀ ਗਈ ਹੈ। ਸਕੂਲਾਂ ਨੂੰ ਅਸੀਂ 140 ਲੱਖ ਰੁਪਿਆ ਦਰੀਆਂ ਪੱਟੀਆਂ ਵਾਸਤੇ ਦਿੱਤਾ ਹੈ ਤਾ ਕਿ ਬੱਚੇ ਬੈਠ ਸਕਣ ਔਰ 1,348 ਪ੍ਰਾਇਮਰੀ ਟੀਚਰ ਸਕੂਲਾਂ ਨੂੰ ਦਿੱਤੇ ਹਨ ਤਾਂਕਿ ਕੋਈ ਸਕੂਲ ਵੀ ਅਧਿਆਪਕ ਤੋਂ ਵੰਚਿਤ ਨਾ ਰਹਿ ਜਾਵੇ।

ਜਨ ਸਿਹਤ ਦੇ ਵਿਸ਼ੇ ਵਿਚ ਜਿਹੜਾ ਪਿੰਡਾਂ ਦਾ ਸੰਰਵੇਖਣ ਇਸ ਪੁਰਾਣੀ ਸਵਰਗੀਯ ਸਰਕਾਰ ਵੇਲੇ ਹੋਇਆ ਸੀ ਉਸਦੇ ਵਿਚ 8,579 ਪਿੰਡ ਐਸੇ ਸਨ ਜਿਹੜੇ ਸਮੱਸਿਆਵਾਂ ਵਾਲੇ ਦੱਸੇ ਗਏ ਸਨ। 1998 ਵਿਚ ਟੋਟਲ 12,428 ਪਿੰਡਾਂ ਵਿਚੋਂ 7,178 ਪਿੰਡਾਂ ਵਿਚ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਦੇ ਪਿੰਡਾਂ ਲਈ ਵੀ ਵਾਰ-ਫੁਟਿੰਗ ਤੇ ਕੰਮ ਚਲ ਰਿਹਾ ਹੈ ਤਾਂਕਿ ਹਰ ਵਿਅਕਤੀ ਨੂੰ ਪੀਣ ਵਾਲਾ ਪਾਣੀ ਮਿਲ ਜਾਵੇ ਅਤੇ ਬੜੀ ਸੰਜੀਦਗੀ ਦੇ ਨਾਲ ਇਸ ਵਿਭਾਗ ਦੇ ਮੁੱਖੀ ਰਾਜਾ ਜੀ ਇਸ ਵਿਸ਼ੇ ਨੂੰ ਲੈ ਰਹੇ ਹਨ।

ਸ੍ਰੀ ਰਮੇਸ਼ ਚੰਦਰ ਡੋਗਰਾ: ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਸ੍ਰੀ ਡਿਪਟੀ ਸਪੀਕਰ: ਹਾਂ ਜੀ, ਡੋਗਰਾ ਸਾਹਿਬ।

ਸ੍ਰੀ ਰਮੇਸ਼ ਚੰਦਰ ਡੋਗਰਾ: ਡਿਪਟੀ ਸਪੀਕਰ ਸਾਹਿਬ, ਇਕ ਤਾਂ ਇਥੇ ਕਿਸੇ ਦਾ ਨਾਂ ਨਹੀਂ ਲੈਣਾ ਚਾਹੀਦਾ। ਇਹ ਮੰਤਰੀ ਜੀ ਦਾ ਨਾਂ ਲੈ ਰਹੇ ਹਨ। ਦੂਜਾ ਇਹ ਜਿਸ ਤਰੀਕੇ ਨਾਲ ਗੱਲ ਕਰ ਰਹੇ ਹਨ, ਉਸ ਤੋਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਸ ਤਰ੍ਹਾਂ ਹਰ ਥਾਂ ਪਾਣੀ ਦੀਆਂ ਨਦੀਆਂ ਬਹਾ ਦਿੱਤੀਆਂ ਹੋਣ। ਇਨ੍ਹਾਂ ਨੇ 2 ਸਾਲ ਵਿਚ ਟੋਟਲ 20 ਲੱਖ ਰੁਪਿਆ ਇਸ ਕੰਮ ਲਈ ਦਿੱਤਾ ਹੈ ਅਤੇ ਉਹ ਵੀ ਪੂਰਾ ਨਹੀਂ ਪਹੁੰਚਿਆ। ਤੁਸੀਂ ਆਪ ਹੀ ਅੰਦਾਜ਼ਾ ਲਾ ਲਓ, ਇਸ ਨਾਲ ਕਿੰਨੇ ਪਿੰਡਾਂ ਨੂੰ ਕਿੰਨਾ ਪਾਣੀ ਮਿਲ ਸਕਦਾ ਹੈ। ਸਾਡੇ ਕੰਡੀ ਏਰੀਏ ਵਿਚ ਤਾਂ ਬਹੁਤ ਮਾੜੀ ਹਾਲਤ ਹੈ। ਇਸ ਪੈਸੇ ਨਾਲ ਕਿੰਨਾ ਪਾਣੀ ਮਿਲ ਸਕਦਾ ਹੈ, ਇਹ ਆਪ ਹੀ ਦੱਸ ਦੇਣ।

ਸ਼੍ਰੀ ਸੱਤਿਆ ਪਾਲ ਸੈਣੀ : ਮੈਂ ਇਸ ਵਿਸ਼ੇ ਉਪਰ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਹ ਇਕ ਬਹਿਸ ਦਾ ਵਿਸ਼ਾ ਹੈ ਲੇਕਿਨ ਜੋ ਫਿਗਰਜ਼ ਮੈਂ ਦੇ ਰਿਹਾ ਹਾਂ, ਤੁਸੀਂ (ਆਪੋਜ਼ੀਸ਼ਨ) ਉਨ੍ਹਾਂ ਨੂੰ ਡਿਨਾਈ ਨਹੀਂ ਕਰ ਸਕਦੇ ।

ਇਸ ਤੋਂ ਬਾਦ ਸੋਲਰ ਸਿਸਟਮ ਦਾ ਇਕ ਕ੍ਰਾਂਤੀਕਾਰੀ ਕਦਮ ਇਹ ਸਰਕਾਰ ਇਸ ਇਲਾਕੇ ਵਿਚ ਚੁੱਕ ਰਹੀ ਹੈ ਜਿਸ ਨਾਲ 40 ਬਲਾਕਾਂ ਵਿਚ ਗਲੀਆਂ ਵਿਚ ਬਿਜਲੀ ਦੇਣ ਦੀ ਵਿਵਸਥਾ ਹੋਵੇਗੀ । ਪਾਣੀ ਦੇ ਨਿਕਾਸ ਵਾਸਤੇ ਵੀ ਪ੍ਰਬੰਧ ਕਰਨਾ ਹੈ । ਇਸ ਤਰ੍ਹਾਂ ਦੀ ਇਹ ਇਕ ਮਹੱਤਵਅਕਾਂਕਸ਼ੀ ਯੋਜਨਾ ਹੈ ਜਿਹੜੀ ਇਸ ਸਰਕਾਰ ਨੇ ਬਣਾਈ ਹੈ । ਇਸ ਦੇ ਵਿਚ 40 ਬਲਾਕ ਤਹਿ ਕੀਤੇ ਗਏ ਹਨ ਜਿਨ੍ਹਾਂ ਵਿਚ ਇਹ ਕੰਮ ਹੋਣਾ ਹੈ । ਇਸ ਚਰਚਾ ਨੂੰ ਹੋਰ ਅੱਗੇ ਵਧਾਉਂਦਾ ਹੋਇਆ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਕਾਸ ਵਾਸਤੇ ਜਿਹੜੇ ਕੰਮ ਹੋਣੇ ਹਨ, ਉਹ ਬੜੀ ਸੰਜੀਦਗੀ ਦੇ ਨਾਲ ਕੀਤੇ ਜਾ ਰਹੇ ਹਨ ਕਿਉਂਕਿ ਸਰਕਾਰ ਦੀ ਮਸ਼ੀਨਰੀ ਦਾ ਕਾਫੀ ਵੱਡਾ ਹਿੱਸਾ ਨਿਰਮਾਣ ਕਾਰਜਾਂ ਵਿਚ ਲੱਗਾ ਹੋਇਆ ਹੈ । ਇਨ੍ਹਾਂ ਨਿਰਮਾਣ ਕਾਰਜਾਂ ਦੇ ਪੂਰਾ ਹੋਣ ਨਾਲ ਉਨ੍ਹਾਂ ਤੋਂ ਸਾਨੂੰ ਸਦਾ ਹੀ ਲਾਭ ਮਿਲਦਾ ਰਹਿਣਾ ਹੈ ਜਿਸ ਤਰ੍ਹਾਂ ਕਿ ਥੀਨ ਡੈਮ ਤੋਂ ਜਾਂ ਲਹਿਰਾ ਮੁਹੱਬਤ ਦੇ ਥਰਮਲ ਪਲਾਂਟ ਤੋਂ ਮਿਲਣਾ ਹੈ । ਇਸੇ ਤਰ੍ਹਾਂ ਲਿੰਕ ਸੜਕਾਂ ਦੀ ਇਕ ਹੋਰ ਮਹੱਤਵਅਕਾਂਕਸ਼ੀ ਯੋਜਨਾ ਹੈ ਜਿਹੜੀ ਸਾਡੇ ਮਾਨਯੋਗ ਬਾਦਲ ਸਾਹਿਬ ਨੇ ਬਣਾਈ ਹੈ । 20-20 ਕਿਲੋਮੀਟਰ ਲੰਮੀਆਂ ਸੜਕਾਂ ਦਾ ਨਿਰਮਾਣ ਬੜੀ ਤੇਜ਼ੀ ਨਾਲ ਹੋਣਾ ਹੈ ਤਾਂ ਕਿ ਹਰ ਪਿੰਡ ਨੂੰ ਲਿੰਕ ਮਿਲ ਜਾਣ । ਪਿੱਛੇ ਜਿਹੇ ਇਕ ਸੂਚਨਾ ਮੈਂ ਦਿੱਤੀ ਸੀ ਜੋ ਸ਼ਾਇਦ ਮੇਰੇ ਵਿਰੋਧੀ ਧਿਰ ਦੇ ਵੀਰਾਂ ਨੂੰ ਯਾਦ ਨਹੀਂ । ਇਨ੍ਹਾਂ ਨੇ ਕਿਹਾ ਸੀ ਕਿ ਧਾਰ ਦੇ ਬਲਾਕ ਵਿਚ ਹਰੇਕ ਪਿੰਡ ਸੜਕ ਦੇ ਨਾਲ ਜੋੜਿਆ ਜਾ ਚੁੱਕਾ ਹੈ ਪਰ ਇਸ ਸਰਕਾਰ ਨੇ ਜਿਹੜਾ ਸਰਵੇਖਣ ਕਰਵਾਇਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ 25 ਪਿੰਡਾਂ ਨੂੰ ਛੱਡ ਕੇ ਬਾਕੀ ਸਾਰੇ ਪਿੰਡ ਸੜਕਾਂ ਤੋਂ ਵਾਂਝੇ ਹਨ । ਮੈਂ ਇਨ੍ਹਾਂ ਵੀਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਵਾਸਤਵ ਵਿਚ ਕੁਝ ਕਰਕੇ ਵਿਖਾਉਣਾ ਚਾਹੁੰਦੇ ਹਾਂ । ਕੁਝ ਖੇਤਰ ਐਸੇ ਹਨ ਜਿਨ੍ਹਾਂ ਵੱਲ ਵਿਸਥਾਰਪੂਰਵਕ ਧਿਆਨ ਦਿੱਤਾ ਜਾ ਰਿਹਾ ਹੈ । ਇਥੋਂ ਦੇ ਜੋ ਲੋਕ ਹਨ, ਉਨ੍ਹਾਂ ਨੂੰ ਰਾਹਤ ਪ੍ਰਾਪਤ ਹੋਵੇ, ਇਸ ਦੇ ਵਾਸਤੇ ਪ੍ਰਾਗਰੈਸ ਦੇ ਬਹੁਤ ਸਾਰੇ ਕੰਮ ਕੀਤੇ ਜਾ ਰਹੇ ਹਨ ।

ਆਖਰ ਵਿਚ ਆਪਣੀ ਗੱਲ ਨੂੰ ਸਮਾਪਤ ਕਰਨ ਤੋਂ ਪਹਿਲਾਂ ਮੈਂ ਆਪੋਜ਼ੀਸ਼ਨ ਦੇ ਇਨ੍ਹਾਂ ਵੀਰਾਂ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਸਦਨ ਦੀ ਗਰਿਮਾ, ਸਦਨ ਦੀ ਪ੍ਰਤਿਸ਼ਠਾ ਵੱਲ ਧਿਆਨ ਦੇਣ ਅਤੇ ਸਦਭਾਵਨਾ ਵਾਲਾ ਮਾਹੌਲ ਪੈਦਾ ਕਰਨ । ਇਨ੍ਹਾਂ ਨੇ ਪੰਜਾਬ ਅਤੇ ਭਾਰਤ ਨਾਲ ਬਹੁਤ ਗੰਭੀਰ ਅਪਰਾਧ ਕੀਤੇ ਹਨ । ਪਰਜਾਤੰਤਰ ਦੇ ਜਿਹੜੇ ਤਕਾਜ਼ੇ ਸਨ, ਇਨ੍ਹਾਂ ਨੇ ਉਨ੍ਹਾਂ ਨੂੰ ਬਹੁਤ ਠੇਸ ਪਹੁੰਚਾ ਦਿੱਤੀ ਹੈ । ਇਨ੍ਹਾਂ ਨੇ ਜਾਤੀਵਾਦ ਅਤੇ ਸੰਪਰਦਾਇਕਤਾ ਨੂੰ ਬੜ੍ਹਾਵਾ ਦਿੱਤਾ ਹੈ । ਇਹ ਜਿਹੜੇ ਯਾਦਵ ਹਨ, ਇਹ ਇਨ੍ਹਾਂ ਦੀ ਹੀ ਉਪਜ ਹਨ । ਇਨ੍ਹਾਂ ਨੇ ਬਿਹਾਰ ਦੇ ਸਬੰਧ ਵਿਚ ਜੋ ਕੁਝ ਹੁਣੇ-ਹੁਣੇ ਕੀਤਾ ਹੈ, ਇਹ ਅਖੌਤੀ ਦਲਿਤਾਂ ਦੇ ਮਸੀਹਾ ਕਹਾਉਣ ਵਾਲੇ ਉਨ੍ਹਾਂ ਲੋਕਾਂ ਵਾਸਤੇ ਕੀਤਾ ਹੈ । ਹੁਣ ਇਨ੍ਹਾਂ ਦੇ ਕਹਿਣ

[ਸ੍ਰੀ ਸੱਤਿਆ ਪਾਲ ਸੈਣੀ]

ਲਈ ਕੁਝ ਵੀ ਨਹੀਂ ਹੈ । ਮੈਂ ਜਿਆਦਾ ਕੁਝ ਨਾ ਕਹਿੰਦਾ ਹੋਇਆ ਫਿਰ ਇਤਨਾ ਹੀ ਕਹਿੰਦਾ ਹਾਂ --

ਪਹਾੜ ਪਰ ਪੇੜ ਨਹੀਂ ਲਗਤੇ, ਨਾ ਘਾਸ ਜ਼ਮਤੀ ਹੈ,
ਜਮਤੀ ਹੈ ਸਿਰਫ ਬਰਫ, ਜੋ ਕਫ਼ਨ ਕੀ ਤਰਹਾ ਸਫੇਦ ਔਰ ਮੌਤ ਕੀ ਤਰਹਾ ਠੰਡੀ ਹੋਤੀ ਹੈ ।

ਮੈਂ ਇਨ੍ਹਾਂ ਪੰਕਤੀਆਂ ਨੂੰ ਦੁਬਾਰਾ ਦੁਹਰਾਉਂਦਾ ਹੋਇਆ ਅੱਜ ਇਸ ਮਹਾਨ ਸਦਨ ਵਿਚ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਵਰਸ਼ ਚੜ੍ਹਦੀ ਕਲਾ ਦਾ ਵਰਸ਼ ਹੈ, ਪ੍ਰਗਤੀ ਅਤੇ ਉਨਤੀ ਦਾ ਵਰਸ਼ ਹੈ, ਇਸ ਵਰਸ਼ ਵਿਚ ਅਸੀਂ ਸਾਰੇ ਇਸ ਸ਼ਾਨਦਾਰ ਗੌਰਮਿੰਟ ਨੂੰ ਅਗਾਂਹ ਵਧਣ ਵਾਸਤੇ ਸਹਿਯੋਗ ਦੇਈਏ । ਬਹੁਤ ਬਹੁਤ ਧੰਨਵਾਦ ।

ਸਰਦਾਰ ਅਮਰਜੀਤ ਸਿੰਘ ਸਮਰਾ (ਨਕੋਦਰ): ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਗਵਰਨਰ ਦਾ ਭਾਸ਼ਣ ਸਰਕਾਰ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ ਪਰ ਇਹ ਗਵਰਨਰ ਐਡਰੈਸ ਅਸਲੀਅਤ ਤੋਂ ਦੂਰ ਹੈ । ਇਸ ਦੇ ਵਿਚ ਕੋਈ ਵੀ ਸਚਾਈ ਨਹੀਂ ਹੈ । ਅੱਜ ਪੰਜਾਬ ਦੇ ਲੋਕ ਨਿਰਾਸ਼ ਹਨ । ਜਦੋਂ ਬਾਦਲ ਸਾਹਿਬ ਦੀ ਸਰਕਾਰ ਬਣੀ ਸੀ ਤਾਂ 5 ਮਾਰਚ, 1997 ਨੂੰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਪੰਨਾ 24 ਤੇ ਪੈਰ੍ਹਾ ਨੰਬਰ 84 ਤੋਂ ਪੰਜਾਬ ਦੇ ਲੋਕਾਂ ਨੂੰ ਬਹੁਤ ਉਤਸ਼ਾਹ ਮਿਲਿਆ ਸੀ ਕਿਉਂਕਿ ਪੰਜਾਬ ਬਾਕੀ ਸੂਬਿਆਂ ਨਾਲੋਂ ਵਿਦਿਆ ਦੇ ਖੇਤਰ ਵਿਚ ਪਿੱਛੇ ਹੈ, ਬਾਦਲ ਸਾਹਿਬ ਨੇ ਆਦਰਸ਼ ਸਕੂਲ ਖੋਲ੍ਹਣ ਦਾ ਜੋ ਫੈਸਲਾ ਕੀਤਾ ਸੀ, ਉਹ ਪੰਨਾ 24 ਪੈਰ੍ਹਾ 84 ਤੇ ਇਸ ਪ੍ਰਕਾਰ ਹੈ:-

"ਸਿੱਖਿਆ ਦੇ ਮਿਆਰ ਵਿਚ ਸੁਧਾਰ ਲਿਆਉਣ ਅਤੇ ਸਕੂਲ ਪੱਧਰ ਉਤੇ ਸਭ ਤੋਂ ਆਧੁਨਿਕ ਅਤੇ ਵਿਸ਼ਵ ਪੱਧਰ ਦੀ ਸਿੱਖਿਆ ਮੁਹੱਈਆ ਕਰਨ ਨੂੰ ਦੇਖਦੇ ਹੋਏ ਮੇਰੀ ਸਰਕਾਰ ਨੇ ਰਾਜ ਦੇ ਹਰ ਬਲਾਕ ਵਿਖੇ ਆਦਰਸ਼ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਹੈ । ਅਗਲੇ ਦੋ ਸਾਲਾਂ ਦੌਰਾਨ ਅਜਿਹੇ ਤਕਰੀਬਨ 150 ਸਕੂਲ ਖੋਲ੍ਹੇ ਜਾਣਗੇ । ਹਰੇਕ ਸਕੂਲ 1500 ਤੋਂ 2000 ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੇਗਾ । ਡੇਅ ਬੋਰਡਿੰਗ ਸਕੂਲ ਹੋਣਗੇ ਜਿਥੇ ਰਵਾਇਤੀ ਸਿੱਖਿਆ ਤੋਂ ਇਲਾਵਾ ਜ਼ਿਆਦਾ ਜ਼ੋਰ ਪੇਸ਼ਾਵਾਰਾਨਾ ਸਿੱਖਿਆ, ਕੰਪਿਊਟਰ ਸਿੱਖਿਆ, ਖੇਡਾਂ, ਪੜ੍ਹਾਈ ਤੋਂ ਇਲਾਵਾ ਹਰ ਤਰ੍ਹਾਂ ਦੀ ਵਧੀਆ ਸਿੱਖਿਆ ਦੇਣ ਦਾ ਉਪਰਾਲਾ ਕੀਤਾ ਸੀ ।"

ਪਰ, ਡਿਪਟੀ ਸਪੀਕਰ ਸਾਹਿਬ, ਇਹ ਜੋ ਹੁਣ 9 ਮਾਰਚ 1999 ਨੂੰ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ ਉਸ ਦੇ ਵਿਚ ਆਦਰਸ਼ ਸਕੂਲਾਂ ਦਾ ਜ਼ਿਕਰ ਤੱਕ ਵੀ ਨਹੀਂ ਹੈ । ਮੈਂ ਫਿਰ 5 ਮਾਰਚ, 1997 ਦੇ ਗਵਰਨਰ ਦੇ ਭਾਸ਼ਣ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ । ਸਾਡੀ ਸਰਕਾਰ ਨੇ ਹਰ ਸਾਲ ਪਿਛਲੇ ਸਾਲ ਨਾਲੋਂ 700-800 ਸਕੂਲ

ਅਪਗਰੇਡ ਕੀਤੇ । 1996 ਵਿਚ 500 ਸਕੂਲ ਪ੍ਰਾਇਮਰੀ ਤੋਂ ਮਿਡਲ ਕੀਤੇ, 120 ਸਕੂਲ ਮਿਡਲ ਤੋਂ ਹਾਈ ਕੀਤੇ ਅਤੇ 120 ਹਾਈ ਤੋਂ ਸੀਨੀਅਰ ਸੈਕੰਡਰੀ ਕੀਤੇ ਪਰ ਗਵਰਨਰ ਦੇ ਭਾਸ਼ਣ ਦੇ ਪੰਨਾ 23, ਪੈਰ੍ਹਾ 82 ਵਿਚ ਕਿਹਾ ਗਿਆ ਹੈ ਕਿ "ਸਾਲ 1997-98 ਦੌਰਾਨ 300 ਸਕੂਲ ਪ੍ਰਾਇਮਰੀ ਤੋਂ ਮਿਡਲ, 100 ਸਕੂਲ ਮਿਡਲ ਤੋਂ ਹਾਈ ਅਤੇ 100 ਹਾਈ ਸਕੂਲਾਂ ਤੋਂ ਸੀਨੀਅਰ ਸੈਕੰਡਰੀ ਸਕੂਲ ਅਪਗਰੇਡ ਕੀਤੇ ਜਾਣ ਦੀ ਤਜਵੀਜ਼ ਹੈ ।" ਉਨ੍ਹਾਂ ਨੇ ਯਕੀਨ ਵੀ ਦਿਵਾਇਆ ਸੀ ਪਰ ਅਸਲੀਅਤ ਕੁਝ ਹੋਰ ਹੀ ਹੈ ।

ਮੈਂ ਸਿੱਖਿਆ ਮੰਤਰੀ ਜੀ ਨੂੰ ਇਕ ਸਵਾਲ ਕੀਤਾ ਸੀ । ਉਸ ਦੇ ਜਵਾਬ ਵਿਚ ਜੋ ਮੈਨੂੰ ਇਨਫਰਮੇਸ਼ਨ ਮਿਲੀ ਹੈ, ਉਸ ਵਿਚ ਸਰਦਾਰ ਤੋਤਾ ਸਿੰਘ, ਸਿੱਖਿਆ ਮੰਤਰੀ ਜੀ ਨੇ ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕੀਤੇ ਜਾਣ ਦੀ ਜ਼ਿਲ੍ਹਾਵਾਰ ਸੂਚਨਾ ਹੇਠ ਲਿਖੇ ਅਨੁਸਾਰ ਦਿੱਤੀ ਹੈ । ਸਾਲ 1997 ਵਿਚ ਸਿਰਫ ਇਕ ਸਕੂਲ ਹੀ ਹਾਈ ਕੀਤਾ ਤੇ ਉਹ ਸੀ ਚੰਦੇਰ ਭੈਣੀ, ਜ਼ਿਲ੍ਹਾ ਫਿਰੋਜ਼ਪੁਰ । ਮਿਡਲ ਸਕੂਲ ਕੋਈ ਵੀ ਅੱਪਗਰੇਡ ਨਹੀਂ ਕੀਤਾ ਅਤੇ ਨਾ ਹੀ ਕੋਈ ਪਲੱਸ-ਟੂ ਜਾਂ ਸੀਨੀਅਰ ਸੈਕੰਡਰੀ ਸਕੂਲ ਅੱਪਗਰੇਡ ਕੀਤਾ । ਅਗਲੇ ਸਾਲ 1998-99 ਵਿਚ ਸਿਰਫ ਦੋ ਸਕੂਲ ਹਾਈ ਕੀਤੇ, ਇਕ ਬਾਜ਼ਾਖਾਨਾ ਤੇ ਦੂਸਰਾ ਬਲਾਕ ਬੁਲ੍ਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਿਡਲ ਤੋਂ ਹਾਈ ਕੀਤੇ । ਪਲੱਸ-ਟੂ ਜਾਂ ਸੀਨੀਅਰ ਸੈਕੰਡਰੀ ਕੋਈ ਵੀ ਨਹੀਂ ਕੀਤਾ । ਆਉਣ ਵਾਲੇ ਅਗਲੇ ਸਾਲ 1999-2000 ਵਿਚ ਹੋਰ ਕਿਸੇ ਵੀ ਪ੍ਰਾਇਮਰੀ ਸਕੂਲ ਜਾਂ ਮਿਡਲ ਸਕੂਲ ਨੂੰ ਅੱਪਗਰੇਡ ਕਰਨ ਦੀ ਕੋਈ ਤਜਵੀਜ਼ ਹਾਲੇ ਵਿਚਾਰ ਅਧੀਨ ਨਹੀਂ ਹੈ ।

ਇਸ ਲਈ ਜੋ ਸਾਡੇ ਆਉਣ ਵਾਲੇ ਬੱਚੇ ਹਨ, ਉਨ੍ਹਾਂ ਨੂੰ ਵਿਦਿਆ ਦੇ ਇਸ ਪਾਸੇ ਤੋਂ ਵਾਂਝੇ ਰੱਖ ਰਹੇ ਹਨ । ਜਿਤਨੀ ਦੇਰ ਤੱਕ ਸਕੂਲ ਅੱਪਗਰੇਡ ਨਹੀਂ ਕੀਤੇ ਜਾਣਗੇ, ਉਤਨੀ ਦੇਰ ਤੱਕ ਅਸੀਂ ਤਰੱਕੀ ਨਹੀਂ ਕਰ ਸਕਦੇ । ਵਿਦਿਆ ਸਬੰਧੀ ਇਕ ਹੋਰ ਸਵਾਲ ਵਿਚ ਸਾਡੇ ਸਿੱਖਿਆ ਮੰਤਰੀ ਜੀ ਤੋਂ ਪੁੱਛਿਆ ਗਿਆ ਸੀ ਕਿ ਕਿੰਨੇ ਸਕੂਲਾਂ ਵਿਚ ਹੈਡਮਾਸਟਰ ਨਹੀਂ ਹਨ ਅਤੇ ਕਿੰਨਿਆਂ ਸਕੂਲਾਂ ਵਿਚ ਪ੍ਰਿੰਸੀਪਲ ਨਹੀਂ ਹਨ । ਉਨ੍ਹਾਂ ਨੇ ਜਵਾਬ ਦਿੱਤਾ ਸੀ ਕਿ ਇਸ ਸਮੇਂ ਰਾਜ ਵਿਚ 623 ਐਸੇ ਪ੍ਰਾਇਮਰੀ ਸਕੂਲ ਹਨ ਜਿਨ੍ਹਾਂ ਵਿਚ ਹੈਡਮਾਸਟਰ ਨਹੀਂ ਹਨ ਅਤੇ 444 ਸੀਨੀਅਰ ਸੈਕੰਡਰੀ ਸਕੂਲ ਐਸੇ ਹਨ ਜਿਨ੍ਹਾਂ ਵਿਚ ਮੁੱਖ ਅਧਿਆਪਕ ਜਾਂ ਪ੍ਰਿਸੀਪਲ ਦੀਆਂ ਆਸਾਮੀਆਂ ਖਾਲੀ ਪਈਆਂ ਹਨ । ਇਨ੍ਹਾਂ ਸਕੂਲਾਂ ਦਾ ਜ਼ਿਲ੍ਹੇਵਾਰ ਵੇਰਵਾ ਇਸ ਤਰਾਂ ਹੈ :

ਅੰਮ੍ਰਿਤਸਰ	139	ਮੁੱਖ ਅਧਿਆਪਕ ਨਹੀਂ ਹਨ
ਬਠਿੰਡਾ	83	—ਉਹੀ—
ਰੋਪੜ	34	—ਉਹੀ—
ਨਵਾਂ ਸ਼ਹਿਰ	31	—ਉਹੀ—
ਫਰੀਦਕੋਟ	33	—ਉਹੀ—

[ਸਰਦਾਰ ਅਮਰਜੀਤ ਸਿੰਘ ਸਮਰਾ]

ਫਿਰੋਜ਼ਪੁਰ	..	101	ਮੁੱਖ ਅਧਿਆਪਕ ਨਹੀਂ ਹਨ
ਮੋਗਾ		76	—ਉਹੀ—
ਮਾਨਸਾ	..	58	—ਉਹੀ—
ਮੁਕਤਸਰ	..	24	—ਉਹੀ—
ਪਟਿਆਲਾ	..	43	—ਉਹੀ—
ਕਪੂਰਥਲਾ	..	52	—ਉਹੀ—
ਗੁਰਦਾਸਪੁਰ	..	66	—ਉਹੀ—
ਸੰਗਰੂਰ	..	133	—ਉਹੀ—
ਜਲੰਧਰ	..	68	—ਉਹੀ—
ਲੁਧਿਆਣਾ	..	68	—ਉਹੀ—
ਹੁਸ਼ਿਆਰਪੁਰ	..	32	—ਉਹੀ—

ਇਸ ਤਰ੍ਹਾਂ ਨਾਲ ਅੱਜ ਦੇ ਜੋ ਹਾਲਾਤ ਹਨ ਪੰਜਾਬ ਵਿਚ ਵਿਦਿਆ ਪ੍ਰਤੀ, 1067 ਮੁੱਖ ਅਧਿਆਪਕ ਹੀ ਸਕੂਲਾਂ ਵਿਚ ਨਹੀਂ ਹਨ ਅਤੇ ਜੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦਾ ਹਾਲ ਦੇਖਿਆ ਜਾਵੇ ਤਾਂ ਉਥੇ ਹਜ਼ਾਰਾਂ ਦੀ ਗਿਣਤੀ ਵਿਚ ਇਹ ਪੋਸਟਾਂ ਖਾਲੀ ਹਨ। ਤੁਸੀਂ ਅਖਬਾਰਾਂ ਵਿਚ ਦੇਖਦੇ ਹੋ ਕਿ ਟੀਚਰ ਕਿਸ ਤਰ੍ਹਾਂ ਬੇਕਾਰ ਹਨ। ਇਸੇ ਤਰ੍ਹਾਂ 95% ਗ੍ਰਾਂਟ ਵਾਲੇ ਜੋ ਏਡਿਡ ਸਕੂਲ ਹਨ, ਉਨ੍ਹਾਂ ਦੇ ਟੀਚਰਾਂ ਵਿਚ ਵੀ ਬੜੀ ਨਿਰਾਸ਼ਾ ਪਾਈ ਜਾਂਦੀ ਹੈ। ਸੇਠੀ ਸਾਹਿਬ ਚਲੇ ਗਏ ਹਨ। ਉਹ ਜ਼ਿਕਰ ਕਰ ਰਹੇ ਸਨ ਕਿ ਸਕੂਲਾਂ ਵਿਚ ਜੋ ਵਿਦਿਆ ਦਾ ਪਸਾਰਾ ਹੈ, ਉਹ ਹੋਣਾ ਜ਼ਰੂਰੀ ਹੈ ਇਸਦੇ ਨਾਲ ਹੀ ਸੂਬਾ ਤਰੱਕੀ ਕਰ ਸਕਦਾ ਹੈ, ਜਿਸਦੇ ਨਾਲ ਹੀ ਡਿਵੈਲਪਮੈਂਟ ਹਰ ਲਿਹਾਜ਼ ਨਾਲ ਹੋ ਸਕਦੀ ਹੈ। ਅੱਜ ਕੰਪਿਊਟਰ ਦਾ ਯੁੱਗ ਚਲ ਰਿਹਾ ਹੈ ਪਰ ਜੇ ਸਾਡੇ ਸਕੂਲ ਹੋਣਗੇ ਤਾਂ ਹੀ ਅਸੀਂ ਵਿਦਿਆ ਵੱਲ ਧਿਆਨ ਦੇਵਾਂਗੇ, ਤਾਂ ਹੀ ਅਸੀਂ ਤਰੱਕੀ ਕਰ ਸਕਦੇ ਹਾਂ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਸਾਲ ਦਾ ਵੀ ਜੋ ਗਵਰਨਰ ਸਾਹਿਬ ਦਾ ਐਡਰੈਸ ਹੈ, ਪਿਛਲੇ ਸਾਲ ਦਾ ਵੀ ਜੋ ਐਡਰੈਸ ਹੈ, ਇਕ** ** ਹੈ

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ** ਸ਼ਬਦ ਅਨ-ਪਾਰਲੀਮੈਂਟਰੀ ਹੈ। ਇਹ ਇਸਦੀ ਥਾਂ 'ਗਲਤ' ਕਹਿ ਸਕਦੇ ਹਨ, 'ਮਿਸਸਟੇਟਮੈਂਟ' ਕਹਿ ਸਕਦੇ ਹਨ। ਇਸ ਲਈ ** ਸ਼ਬਦ ਐਕਸਪੰਜ ਕਰਵਾ ਦੇਣਾ ਚਾਹੀਦਾ ਹੈ।

**Expunged as ordered by the Chair.

ਸ੍ਰੀ ਡਿਪਟੀ ਸਪੀਕਰ : ** ** ਸ਼ਬਦ ਐਕਸਪੰਜ ਕਰ ਦਿਤਾ ਜਾਵੇ ।

ਸਰਦਾਰ ਅਮਰਜੀਤ ਸਿੰਘ ਸਮਰਾ : ਡਿਪਟੀ ਸਪੀਕਰ ਸਾਹਿਬ, ਮੈਂ ਇਸਦੀ ਥਾਂ ਕਹਿ ਦਿੰਦਾ ਹਾਂ ਕਿ ਇਸ ਦੇ ਵਿਚ ਕੋਈ ਸਚਾਈ ਨਹੀਂ ਹੈ । ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਦੀ ਗੱਲ ਹੋਈ ਹੈ । ਸਾਡੇ ਪੰਜਾਬ ਵਿਚ ਪੰਚਾਇਤਾਂ ਲੋਕਰਾਜ ਦਾ ਮੁਢਲਾ ਅੰਗ ਹਨ । ਪੰਚਾਇਤਾਂ ਲੋਕਰਾਜ ਦਾ ਬੁਨਿਆਦੀ ਅੰਗ ਹਨ । ਪਿੱਛੇ ਬਹੁਤ ਸਾਲਾਂ ਵਿਚ ਜਦੋਂ ਵੀ ਅਕਾਲੀ ਸਰਕਾਰਾਂ ਬਣਦੀਆਂ ਰਹੀਆਂ ਹਨ, ਉਨ੍ਹਾਂ ਨੇ ਕਦੇ ਵੀ ਪੰਚਾਇਤਾਂ ਦੀਆਂ ਚੋਣਾਂ ਨਹੀਂ ਕਰਵਾਈਆਂ । ਬਾਦਲ ਸਾਹਿਬ ਵੀ ਦੋ ਵਾਰ ਮੁੱਖ ਮੰਤਰੀ ਰਹੇ ਹਨ, ਬਰਨਾਲਾ ਸਾਹਿਬ ਵੀ ਬਣੇ ਹਨ ਪਰ ਕਦੇ ਵੀ ਪੰਚਾਇਤਾਂ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ । ਪਿੱਛੇ ਜਿਹੇ ਇਨ੍ਹਾਂ ਨੂੰ ਪੰਚਾਇਤਾਂ ਦੀਆਂ ਚੋਣਾਂ ਕਰਾਉਣੀਆਂ ਪਈਆਂ ਕਿਉਂਕਿ ਹਾਈ ਕੋਰਟ ਦੇ ਆਦੇਸ਼ ਸਨ ਕਿ ਜੂਨ ਤੋਂ ਪਹਿਲਾਂ ਪਹਿਲਾਂ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਜਾਣ । ਇਨ੍ਹਾਂ ਨੇ ਪੰਚਾਇਤਾਂ ਦੀਆਂ ਚੋਣਾਂ ਵਿਚ ਜੋ ਕੁਝ ਕੀਤਾ, ਜੋ ਕੁਝ ਉਸ ਸਮੇਂ ਹੋਇਆ, ਉਹ ਸਾਰੇ ਪੰਜਾਬ ਦੇ ਸਾਹਮਣੇ ਹੈ ਕਿ ਕਿਸ ਤਰ੍ਹਾਂ ਲੋਕਾਂ ਨਾਲ ਧਾਂਦਲੀਆਂ ਹੋਈਆਂ ਅਤੇ ਕਿਸ ਤਰ੍ਹਾਂ ਲੋਕਾਂ ਦੇ ਕਾਗਜ਼ ਰੱਦ ਕੀਤੇ ਗਏ । ਐਸ ਸੀਜ਼ ਦੇ ਸਰਟੀਫਿਕੇਟ ਐਪਲੀਕੇਸ਼ਨਾਂ ਨਾਲੋਂ ਲਾਹੇ ਗਏ ਪਰ ਫਿਰ ਵੀ ਇਨ੍ਹਾਂ ਨੂੰ ਪੰਚਾਇਤਾਂ ਵਿਚ ਬਹੁਸੰਮਤੀ ਨਹੀਂ ਮਿਲੀ । ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿਚ 89 ਪੰਚਾਇਤਾਂ ਹਨ ਜਿਨ੍ਹਾਂ ਵਿਚੋਂ ਸਿਰਫ 11 ਪਿੰਡਾਂ ਵਿਚ ਹੀ ਅਕਾਲੀ ਜਿੱਤ ਸਕੇ ਹਨ ਚਾਰ ਤੇ ਕਾਮਰੇਡ ਜਿੱਤੇ ਹਨ ਅਤੇ ਚਾਰ ਤੇ ਬੀ. ਐਸ. ਪੀ. ਵਾਲੇ ਜਿੱਤੇ ਹਨ । ਬਾਕੀ ਸਾਰਿਆਂ ਤੇ ਕਾਂਗਰਸ ਦਾ ਕਬਜ਼ਾ ਹੈ । (ਕਾਂਗਰਸ ਪਾਰਟੀ ਵੱਲੋਂ ਥੰਪਿੰਗ) ਪੰਜਾਬ ਅੱਜ ਬੜੇ ਔਖੇ ਦੌਰ ਵਿਚੋਂ ਲੰਘ ਰਿਹਾ ਹੈ । ਮੈਂ ਬਾਦਲ ਸਾਹਿਬ ਨੂੰ ਇਕ ਸਲਾਹ ਦੇਣੀ ਚਾਹੁੰਦਾ ਹਾਂ ਕਿ ਜੋ ਫੋਕਲ ਪੁਆਇੰਟਾਂ ਤੇ ਖਰਚਾ ਹੋ ਰਿਹਾ ਹੈ, ਉਸ ਦਾ ਕੋਈ ਲਾਭ ਨਹੀਂ ਹੈ । 1997-98 ਵਿਚ 365 ਪਿੰਡ ਫੋਕਲ ਪੁਆਇੰਟ ਸਕੀਮ ਅਧੀਨ ਲਿਆਂਦੇ ਗਏ ਸਨ ਜਿਨ੍ਹਾਂ ਵਿਚੋਂ ਸਿਰਫ 116 ਪਿੰਡਾਂ ਵਿਚ ਹੀ ਕੰਮ ਚੱਲਿਆ ਹੈ । ਰਾਜ-ਭਾਗ ਸੰਭਾਲਣ ਤੋਂ ਬਾਅਦ ਇਨ੍ਹਾਂ ਨੇ ਨਵੇਂ ਸਿਰਿਓਂ ਇਹ ਕੰਮ ਸ਼ੁਰੂ ਕੀਤਾ ਸੀ । ਹੁਣ ਵੀ ਸਿਰਫ 108 ਫੋਕਲ ਪੁਆਇੰਟਾਂ ਤੇ ਹੀ ਕੰਮ ਚੱਲ ਰਿਹਾ ਹੈ । ਸਾਡੀ ਸਰਕਾਰ ਨੇ ਸਰਦਾਰ ਬੇਅੰਤ ਸਿੰਘ ਜੀ ਦੀ ਅਗਵਾਈ ਹੇਠ ਬੜੇ ਔਖੇ ਸਮੇਂ ਪੰਜਾਬ ਦੀ ਵਾਗਡੋਰ ਸੰਭਾਲੀ ਸੀ । ਉਸ ਸਮੇਂ ਅੱਤਵਾਦ-ਵੱਖਵਾਦ ਦਾ ਜ਼ੋਰ ਸੀ । ਉਨ੍ਹਾਂ ਨੇ ਪੰਚਾਇਤਾਂ ਦੀਆਂ ਚੋਣਾਂ ਕਰਵਾ ਕੇ ਪੰਜਾਬ ਦਾ ਮਾਹੌਲ ਠੀਕ ਕੀਤਾ । ਇਸੇ ਤਰ੍ਹਾਂ ਬਲਾਕ ਸੰਮਤੀਆਂ ਅਤੇ ਮਿਉਂਸਿਪੈਲਟੀਆਂ ਦੀਆਂ ਚੋਣਾਂ ਵੀ ਕਰਵਾਈਆਂ । ਉਨ੍ਹਾਂ ਨੇ ਪੰਜਾਬ ਦੇ 12500 ਪਿੰਡਾਂ ਵਿਚ ਪੰਚਾਇਤਾਂ ਲਿਆਂਦੀਆਂ ਅਤੇ ਉਥੇ ਫੋਕਲ ਪੁਆਇੰਟ ਵਰਗੀਆਂ ਸਾਰੀਆਂ ਸਹੂਲਤਾਂ ਦੇਣ ਦੇ ਉਪਰਾਲੇ ਕੀਤੇ । ਪਿੰਡਾਂ ਵਿਚ ਲੱਖਾਂ ਰੁਪਏ ਲਗਾਏ । ਉੱਨਤ ਗਰਾਮ ਸਕੀਮ ਨੂੰ ਸ਼ੁਰੂ ਕੀਤਾ । ਇਸ ਕਰਕੇ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਆਰਥਿਕ ਪੱਖੋਂ ਕਾਫੀ ਪਛੜਿਆ ਹੋਇਆ ਹੈ । ਇਸ ਲਈ ਪੰਜਾਬ ਦੇ 12500 ਪਿੰਡਾਂ ਵਿਚ ਫੋਕਲ ਪੁਆਇੰਟ ਦੀ ਸਕੀਮ ਛੱਡ ਕੇ ਡਿਵੈਲਪਮੈਂਟ ਕਰੋ ।

**Expunged as ordered by the Chair.

[ਸਰਦਾਰ ਅਮਰਜੀਤ ਸਿੰਘ ਸਮਰਾ]

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ । ਇਹ ਬਿਆਨ ਮੰਤਰੀਆਂ ਵੱਲੋਂ ਆਉਂਦਾ ਹੈ ਕਿ ਬਲਾਕ ਸੰਮਤੀ ਦੀਆਂ ਚੋਣਾਂ ਕਰਵਾਉਣੀਆਂ ਹਨ । ਬਾਦਲ ਸਾਹਿਬ, ਪਹਿਲਾਂ ਵੀ ਹਾਈ ਕੋਰਟ ਵਿਚ ਗਏ ਸਨ ਕਿ ਮਾਰਕੀਟ ਕਮੇਟੀਆਂ ਦੀਆਂ ਨਾਮੀਨੇਸ਼ਨਾਂ ਨਹੀਂ ਹੋਣੀਆਂ ਚਾਹੀਦੀਆਂ ਪਰ ਇਨ੍ਹਾਂ ਨੇ ਆਪ ਨਾਮੀਨੇਸ਼ਨਾਂ ਕੀਤੀਆਂ । ਇਹ ਵੀ ਕੋਈ ਚੰਗੀ ਗੱਲ ਨਹੀਂ ਹੈ । ਹੁਣ ਜੋ ਬਲਾਕ ਸੰਮਤੀ ਦੀਆਂ ਚੋਣਾਂ ਕਰਵਾਉਣੀਆਂ ਹਨ ਤਾਂ ਇਹ ਆਪ ਨਾਮੀਨੇਸ਼ਨਾਂ ਕਰ ਲੈਣ ਕਿਉਂਕਿ ਪਿਛਲੀਆਂ ਚੋਣਾਂ ਵਿਚ ਵੀ ਕਾਫੀ ਧਾਂਦਲੀ ਹੋਈ ਹੈ । ਜੇ ਬਲਾਕ ਸੰਮਤੀਆਂ ਦੀਆਂ ਚੋਣਾਂ ਕਰਵਾਉਣੀਆਂ ਹੀ ਹਨ ਤਾਂ ਇਹ ਸਹੀ ਢੰਗ ਨਾਲ ਹੋਣੀਆਂ ਚਾਹੀਦੀਆਂ ਹਨ, ਨਹੀਂ ਤਾਂ ਇਹ ਬੇਸ਼ਕ ਨਾਮੀਨੇਸ਼ਨਾਂ ਹੀ ਕਰ ਲੈਣ । ਇਸ ਨਾਲ ਕੁਝ ਖਰਚਾ ਤਾਂ ਬਚੇਗਾ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਥੇ ਪੰਜਾਬ ਦੀ ਡਿਵੈਲਪਮੈਂਟ ਦਾ ਬੜਾ ਜ਼ਿਕਰ ਕੀਤਾ ਗਿਆ । ਡਿਪਟੀ ਸਪੀਕਰ ਸਾਹਿਬ, ਸੜਕਾਂ ਦਾ ਬੜਾ ਮਾੜਾ ਹਾਲ ਹੈ । ਪੰਜਾਬ ਵਿਚ ਹਰ ਹਲਕੇ ਵਿਚ ਸੜਕਾਂ ਦਾ ਹਰ ਪੱਖ ਤੋਂ ਬੜਾ ਮੰਦਾ ਹਾਲ ਹੈ । ਜਲੰਧਰ-ਨਕੋਦਰ ਸੜਕ ਦਾ ਵੀ ਬਹੁਤ ਬੁਰਾ ਹਾਲ ਹੈ । ਨਕੋਦਰ ਤੋਂ ਮਹਿਲਪੁਰ, ਗੁਰਾਇਆ ਤੋਂ ਬੜਾ ਪਿੰਡ ਆਦਿ ਸੜਕਾਂ ਦਾ ਵੀ ਬੁਰਾ ਹਾਲ ਹੈ । ਗੁਰਾਇਆ ਤੋਂ ਬੜਾ ਪਿੰਡ ਸਿਰਫ ਦੋ ਮੀਲ ਦੀ ਸੜਕ ਤੇ ਹੈ ਪਰ ਉਥੋਂ ਪੈਦਲ ਲੰਘਣਾ ਬਹੁਤ ਹੀ ਔਖਾ ਹੈ । ਬਲਾਚੌਰ ਤੋਂ ਨਵਾਂ ਸ਼ਹਿਰ ਤੱਕ ਦੀ ਸੜਕ ਵੀ ਖਰਾਬ ਹੈ । ਇਸ ਕਰਕੇ ਸੜਕਾਂ ਦੀ ਡਿਵੈਲਪਮੈਂਟ ਵੱਲ ਧਿਆਨ ਦੇਣਾ ਚਾਹੀਦਾ ਹੈ । ਹੁਣ ਸਰਕਾਰ ਨੇ 570 ਕਰੋੜ ਰੁਪਿਆ ਸੜਕਾਂ ਦੀ ਰਿਪੇਅਰ ਔਰ ਡਿਵੈਲਪਮੈਂਟ ਵਾਸਤੇ ਕਰਜ਼ਾ ਲਿਆ ਹੈ । ਪਹਿਲੀਆਂ ਸਰਕਾਰਾਂ ਨੇ ਸੜਕਾਂ ਦੀ ਰਿਪੇਅਰ ਲਈ ਕਾਫੀ ਪੈਸਾ ਖਰਚਿਆ ਸੀ । ਪਿਛਲੀਆਂ ਸਰਕਾਰਾਂ ਨੇ ਕਾਫੀ ਸੜਕਾਂ ਬਣਾਈਆਂ ਸਨ । ਜਿਹੜੀ ਸਰਕਾਰ ਹੁੰਦੀ ਹੈ, ਉਸ ਦਾ ਫਰਜ਼ ਹੈ ਕਿ ਉਹ ਸੜਕਾਂ ਦੀ ਸੰਭਾਲ ਕਰੇ, ਉਨ੍ਹਾਂ ਦੀ ਰਿਪੇਅਰ ਦਾ ਕੰਮ ਕਰੇ । ਇਸ ਕਰਕੇ ਸੜਕਾਂ ਨੂੰ ਠੀਕ ਕਰਨ ਦਾ ਛੇਤੀ ਤੋਂ ਛੇਤੀ ਉਪਰਾਲਾ ਕਰਨਾ ਚਾਹੀਦਾ ਹੈ । ਇਕ ਮੇਰੀ ਬੇਨਤੀ ਹੈ ਕਿ ਨਕੋਦਰ-ਜਲੰਧਰ ਸੜਕ ਨੂੰ ਨੈਸ਼ਨਲ ਹਾਈਵੇ ਬਣਾਉਣ ਵਾਸਤੇ ਸੈਂਟਰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਉਹ ਮਨਜ਼ੂਰੀ ਨਹੀਂ ਦਿੱਤੀ । ਬਾਦਲ ਸਰਕਾਰ ਨੂੰ ਹਾਈਵੇ ਰੋਡ ਬਣਾਉਣ ਦੇ ਲਈ ਮਨਜ਼ੂਰੀ ਦੇ ਦੇਣੀ ਚਾਹੀਦੀ ਹੈ ।

ਅੱਗੇ ਖੇਤੀ ਦਾ ਜ਼ਿਕਰ ਹੋਇਆ ਹੈ । ਸਾਡਾ ਇਹ ਪੰਜਾਬ ਦੇਸ਼ ਦਾ ਸਿਰਕੱਢ ਸੂਬਾ ਹੈ । ਸਾਡਾ ਜ਼ਿਆਦਾ ਯੋਗਦਾਨ ਇਸ ਪਾਸੇ ਹੀ ਪਾਇਆ ਜਾਂਦਾ ਹੈ ਔਰ ਅਸੀਂ ਕੋਈ 60-65 ਪ੍ਰਤੀਸ਼ਤ ਹਿੱਸਾ ਸੈਂਟਰਲ ਪੂਲ ਵਿਚ ਪਾਉਂਦੇ ਹਾਂ ਲੇਕਿਨ ਅੱਜ ਸਾਡੇ ਲੋਕ ਜ਼ਿਮੀਂਦਾਰ ਖੁਦਕਸ਼ੀਆਂ ਕਰ ਰਹੇ ਹਨ । ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਐਸੀ ਖਾਸ ਗੱਲ ਨਜ਼ਰ ਨਹੀਂ ਆਈ ਜਿਹੜੀ ਕਿ ਸਾਡਾ ਖੇਤੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਕਿਸਾਨਾਂ ਨੂੰ ਕੋਈ ਰਾਹਤ ਦੇਣ ਵਾਲੀ ਹੋਵੇ, ਕੋਈ ਸਹੂਲਤ ਦੇਣ ਵਾਲੀ ਹੋਵੇ । ਪਿੱਛੇ ਜੀਰੀ ਦਾ ਸਮਾਂ ਲੰਘ ਕੇ ਗਿਆ ਹੈ, ਕਿਵੇਂ ਮੰਡੀਆਂ ਵਿਚ ਝੋਨਾ ਰੁਲਦਾ ਰਿਹਾ

ਹੈ । ਝੋਨੇ ਦਾ ਭਾਅ 470/- ਰੁਪਏ ਮਿਥਿਆ ਗਿਆ ਸੀ ਪਰ ਇਹ ਕਿਸੇ ਨੂੰ 200/- ਰੁਪਏ ਅਤੇ ਕਿਸੇ ਨੂੰ 300/- ਰੁਪਏ ਅਤੇ ਵੱਧ ਤੋਂ ਵੱਧ ਕਿਸੇ ਨੂੰ 400/- ਰੁਪਏ ਪ੍ਰਤੀ ਕੁਇੰਟਲ ਹੀ ਮਿਲਿਆ ਹੈ । ਝੋਨਾ ਮੰਡੀਆਂ ਵਿਚੋਂ ਹਾਲੇ ਵੀ ਚੁੱਕਿਆ ਨਹੀਂ ਗਿਆ ਕਿਉਂਕਿ ਸ਼ੈਲਰ ਨਹੀਂ ਚਲਦੇ । ਸ਼ੈਲਰਾਂ ਦੇ ਪ੍ਰਤੀ ਸਰਕਾਰ ਦੀ ਪਾਲਿਸੀ ਠੀਕ ਨਹੀਂ ਹੈ । ਹਾਲਾਂਕਿ ਕਿਸਾਨਾਂ ਨੂੰ ਝੋਨੇ ਦਾ ਰੇਟ ਘੱਟ ਮਿਲਿਆ ਹੈ ਫਿਰ ਵੀ ਉਨ੍ਹਾਂ ਨੂੰ ਝੋਨੇ ਦੇ ਪੈਸੇ ਨਹੀਂ ਮਿਲੇ । ਕਿਉਂਕਿ ਸ਼ੈਲਰ ਜ਼ਰਾਇਤੀ ਉਪਜ ਨਾਲ ਜ਼ਰਾਇਤ ਨਾਲ ਸਬੰਧ ਰੱਖਣ ਵਾਲੀ ਇੰਡਸਟਰੀ ਹੈ, ਇਸ ਲਈ ਇਸ ਦੇ ਬਾਰੇ ਸਰਕਾਰ ਜ਼ਰੂਰ ਧਿਆਨ ਦੇਵੇ । ਮੈਨੂੰ ਇਸ ਗੱਲ ਦਾ ਬੜਾ ਫਿਕਰ ਹੈ ਕਿਉਂਕਿ ਪਿਛਲੇ ਸਾਲ ਦੀ ਜੋ ਕਣਕ ਹੈ ਅੌਰ ਹੁਣ ਦਾ ਜੋ ਝੋਨਾ ਹੈ, ਉਹ ਉਥੇ ਹੀ ਗੁਦਾਮਾਂ ਦੇ ਵਿਚ ਪਿਆ ਹੈ । ਸਰਕਾਰ ਨੇ ਵੱਖਰੀਆਂ ਵੱਖਰੀਆਂ ਏਜੰਸੀਆਂ ਤੋਂ ਜੋ ਲੋਨ ਲਿਆ ਹੈ, ਉਹ ਮੋੜਿਆ ਨਹੀਂ ਜਾ ਰਿਹਾ ਹੈ । ਫਿਰ ਆਉਣ ਵਾਲੇ ਸਮੇਂ ਵਿਚ ਜ਼ਿਮੀਂਦਾਰਾਂ ਦੀ ਕਣਕ ਦੀ ਫਸਲ ਕਿਸ ਤਰ੍ਹਾਂ ਮੰਡੀਆਂ ਵਿਚੋਂ ਉਠਾਈ ਜਾਵੇਗੀ । ਜਿੰਨਾ ਚਿਰ ਪ੍ਰਬੰਧ ਨਹੀਂ ਹੁੰਦਾ, ਖਰੀਦ ਕਰਨ ਵਾਲੀਆਂ ਏਜੰਸੀਆਂ ਨੂੰ ਬੈਂਕਾਂ ਨੇ ਪੈਸੇ ਨਹੀਂ ਦੇਣੇ । ਇਸ ਪ੍ਰਤੀ ਵੀ ਬਹੁਤ ਧਿਆਨ ਦੇਣ ਦੀ ਲੋੜ ਹੈ ।

ਬਾਦਲ ਸਾਹਿਬ ਨੇ ਟਿਊਬਵੈਲਾਂ ਦੀ ਬਿਜਲੀ ਤਾਂ ਮਾਫ ਕਰ ਦਿੱਤੀ ਸੀ ਪਰ ਇਨ੍ਹਾਂ ਦੋ ਸਾਲਾਂ ਦੇ ਅਰਸੇ ਵਿੱਚ ਮੇਰਾ ਖਿਆਲ ਹੈ ਕਿ ਪੰਜਾਬ ਦੇ ਕਿਸੇ ਜ਼ਿਮੀਂਦਾਰ ਨੂੰ ਇਕ ਵੀ ਟਿਊਬਵੈਲ ਦਾ ਕੁਨੈਕਸ਼ਨ ਨਹੀਂ ਦਿੱਤਾ ਗਿਆ । ਸਾਡੇ ਛੋਟੇ ਛੋਟੇ ਗਰੀਬ ਵਰਗ ਦੇ ਜਾਂ ਸਾਡੇ ਜਲੰਧਰ ਦੇ ਵਿੱਚ ਦੁਆਬੇ ਵਿੱਚ ਇਕ ਮੋਟਰ ਦੇ 3-4 ਭਾਈਵਾਲ ਹਨ, ਉਨ੍ਹਾਂ ਦੇ ਘਰਾਂ ਦੀ ਬਿਜਲੀ ਦੇ ਰੇਟ ਮਹਿੰਗੇ ਕਰ ਦਿੱਤੇ ਅਤੇ ਟਿਊਬਵੈਲਾਂ ਦਾ ਬਿਲ ਮੁਆਫ ਕਰ ਦਿੱਤਾ । ਉਸ ਦੇ ਨਾਲ ਕੋਈ ਲਾਭ ਨਹੀਂ ਹੋਇਆ । ਘਰਾਂ ਦੀ ਬਿਜਲੀ ਜ਼ਿਆਦਾ ਮਹਿੰਗੀ ਕਰ ਦਿੱਤੀ ਹੈ । ਇਸ ਤੇ ਵੀ ਵਿਚਾਰ ਕਰਨ ਦੀ ਲੋੜ ਹੈ ।

ਇਹ ਜੋ ਸਾਡਾ ਗੋਰਾਇਆ ਸ਼ਹਿਰ ਹੈ, ਸਾਡੇ ਹਿੰਦੁਸਤਾਨ ਦੇ ਵਿੱਚ ਇੰਡਸਟਰੀ ਦੇ ਤੌਰ ਤੇ ਇਸ ਨੂੰ ਮਾਨਚੈਸਟਰ ਗਿਣਿਆ ਜਾਂਦਾ ਹੈ , ਉਥੋਂ ਦੇ ਸਰਦਾਰ ਰਾਮ ਸਿੰਘ ਜੀ ਕੈਨੇਡਾ ਵਿੱਚ ਰਹਿੰਦੇ ਸਨ । ਉਨ੍ਹਾਂ ਨੇ ਆਪਣਾ ਮਨ ਬਣਾ ਲਿਆ ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਸੀ ਕਿ ਇਸ ਏਰੀਏ ਦੇ ਵਿੱਚ ਮੈਡੀਕਲ ਹਸਪਤਾਲ ਦੀ ਬਹੁਤ ਲੋੜ ਹੈ ਅੌਰ ਉਸ ਨੇ ਹਿੰਮਤ ਕਰਕੇ, ਆਪਣਾ ਜਿਗਰਾ ਵੱਡਾ ਕਰਕੇ ਦੋ ਏਕੜ ਜ਼ਮੀਨ ਹੈਲਥ ਡਿਪਾਰਟਮੈਂਟ ਦੇ ਨਾਮ ਲਗਾ ਦਿੱਤੀ ਪਰ ਹਾਲੇ ਤੱਕ ਉਸ ਜਗ੍ਹਾ ਤੇ ਹਸਪਤਾਲ ਬਣਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ । ਇਸ ਦੇ ਲਈ ਵੀ ਮੈਂ ਬਾਦਲ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਥੇ ਹਸਪਤਾਲ ਬਣਾਇਆ ਜਾਵੇ ਕਿਉਂਕਿ ਉਹ 50-60 ਪਿੰਡਾਂ ਦਾ ਸੈਂਟਰ ਹੈ । ਉਸ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਵੀ ਇਸ ਦਾ ਫਾਇਦਾ ਹੋਵੇਗਾ ।

ਇਸੇ ਤਰ੍ਹਾਂ ਲੋਕਲ ਗੌਰਮਿੰਟ ਦੀ ਗੱਲ ਹੈ । ਇਹ ਜੋ ਛੋਟੇ ਛੋਟੇ ਸਾਡੇ ਨਗਰ ਪੰਚਾਇਤ ਜਾਂ ਛੋਟੇ ਛੋਟੇ ਸਾਡੇ ਜਿਹੜੇ ਕਸਬੇ ਹਨ, ਉਹ ਪਿੰਡਾਂ ਨਾਲੋਂ ਵੀ ਪਿੱਛੇ ਰਹਿ ਗਏ ਹਨ । ਪਿਛਲੀ ਸਰਕਾਰ ਨੇ ਇਕ ਫੈਸਲਾ ਕੀਤਾ ਸੀ ਅੌਰ ਹੁੱਡਕੋ ਦੀ ਇਕ

[ਸਰਦਾਰ ਅਮਰਜੀਤ ਸਿੰਘ ਸਮਰਾ]

ਸਕੀਮ ਸੀ, ਜਿਸ ਨਾਲ ਸੀਵਰੇਜ ਜਾਂ ਪਾਣੀ ਦਾ ਪ੍ਰਬੰਧ ਕੀਤਾ ਜਾ ਸਕਦਾ ਸੀ ; ਇਸੇ ਤਰ੍ਹਾਂ 7 ਕਰੋੜ ਦੀ ਲਾਗਤ ਨਾਲ ਨਕੋਦਰ ਵਿੱਚ ਸੀਵਰੇਜ ਪਾਉਣ ਦਾ ਉਪਰਾਲਾ ਕੀਤਾ ਸੀ, ਮਨਜ਼ੂਰ ਕੀਤਾ ਸੀ । ਉਸ ਦੇ ਵਿੱਚ 20 ਪ੍ਰਤੀਸ਼ਤ ਪੈਸਾ ਨਕੋਦਰ ਨਗਰ ਪੰਚਾਇਤ ਨੇ ਪਾਉਣਾ ਸੀ, 30 ਪ੍ਰਤੀਸ਼ਤ ਸਰਕਾਰ ਨੇ ਦੇਣਾ ਸੀ ਅਤੇ 50 ਪ੍ਰਤੀਸ਼ਤ ਲੋਨ ਮਹਿਕਮੇ ਨੇ ਕਿਸ਼ਤਾਂ ਵਿੱਚ ਮੋੜਨਾ ਸੀ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਇਹ ਬੰਦ ਕਰ ਦਿੱਤਾ। ਇਹ ਵੀ ਲੋਕਾਂ ਨਾਲ ਇਕ ਕਿਸਮ ਦਾ ਮੈਂ ਸਮਝਦਾ ਹਾਂ ਕਿ ਧੋਖਾ ਹੀ ਹੋਇਆ ਹੈ ; ਇਹ ਜਿਹੜੀ ਸਕੀਮ ਡਰਾਪ ਹੋ ਗਈ ਹੈ, ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਨਕੋਦਰ ਦੇ ਸ਼ਹਿਰੀਆਂ ਨੂੰ ਸਹੂਲਤ ਦੇਣ ਲਈ ਇਸ ਨੂੰ ਮੁੜ ਕੇ ਪ੍ਰਚਲਿਤ ਕੀਤਾ ਜਾਵੇ ।

ਜੋ ਸਾਡਾ ਗਰੀਬ ਵਰਗ ਹੈ ਪੱਛੜੀਆਂ ਸ਼੍ਰੇਣੀਆਂ ਦਾ, ਉਨ੍ਹਾਂ ਨੂੰ ਪਿਛਲੀ ਸਰਕਾਰ ਨੇ ਪੈਨਸ਼ਨ ਲਗਾਈ ਸੀ । ਬਾਦਲ ਸਾਹਿਬ ਨੇ ਆਪਣਾ ਰਾਜਭਾਗ ਸੰਭਾਲਦੇ ਹੋਇਆਂ ਇਹ ਐਲਾਨ ਕੀਤਾ ਸੀ ਕਿ ਕੋਈ ਵੀ ਜੋ 60 ਸਾਲ ਦੀ ਉਮਰ ਤੋਂ ਉਪਰ ਹੋਵੇਗਾ, ਉਸ ਨੂੰ ਪੈਨਸ਼ਨ ਦਿੱਤੀ ਜਾਵੇਗੀ । ਪਿਛਲੀ ਸਰਕਾਰ ਦੇ ਵੇਲੇ ਪੈਨਸ਼ਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਵਿਚਾਰੇ ਗਰੀਬ ਆਦਮੀ ਪੈਨਸ਼ਨ ਦਾ ਆਨੰਦ ਮਾਣਦੇ ਸਨ ਲੇਕਿਨ ਇਸ ਸਰਕਾਰ ਦੇ ਵੇਲੇ ਨਵਿਆਂ ਨੂੰ ਪੈਨਸ਼ਨ ਤਾਂ ਕੀ ਲੱਗਣੀ ਸੀ, ਪੁਰਾਣਿਆਂ ਨੂੰ ਵੀ ਪੈਨਸ਼ਨ ਨਹੀਂ ਮਿਲੀ/ਲੱਗੀ । ਇਨ੍ਹਾਂ ਵੱਲੋਂ ਯਕੀਨ ਦਿਵਾਇਆ ਗਿਆ ਸੀ ਕਿ ਹਰੇਕ ਨੂੰ ਪੈਨਸ਼ਨ ਲੱਗੇਗੀ ਅਤੇ ਉਹ ਪੈਨਸ਼ਨ ਤੁਹਾਡੇ ਘਰ ਡਾਕੀਆ ਲੈ ਕੇ ਆਇਆ ਕਰੇਗਾ, ਤੁਹਾਡੇ ਘਰ ਦੀ ਘੰਟੀ ਵਜਾਇਆ ਕਰੇਗਾ ਤੇ ਤੁਹਾਨੂੰ ਪੈਨਸ਼ਨ ਮਿਲਿਆ ਕਰੇਗੀ । ਲੋਕਾਂ ਨੇ ਤਾਂ 100-100 ਰੁਪਏ ਖਰਚ ਕਰਕੇ ਘੰਟੀਆਂ ਵੀ ਲਵਾ ਲਈਆਂ ਪਰ ਪੈਨਸ਼ਨ ਲੈ ਕੇ ਕੋਈ ਡਾਕੀਆ ਨਹੀਂ ਪਹੁੰਚਿਆ । ਬਾਦਲ ਸਾਹਿਬ ਨੂੰ ਮੈਂ ਕਹਾਂਗਾ ਕਿ ਜਿਹੜੇ ਰੱਜਦੇ ਪੁੱਜਦੇ ਲੋਕ ਹਨ, ਉਨ੍ਹਾਂ ਦੀ ਤਾਂ ਕੋਈ ਗੱਲ ਨਹੀਂ ਪਰ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਨੂੰ ਪੈਨਸ਼ਨ ਜ਼ਰੂਰ ਦਿੱਤੀ ਜਾਣੀ ਚਾਹੀਦੀ ਹੈ । ਮੈਂ ਬਾਹਲਾ ਸਮਾਂ ਨਾ ਲੈਂਦਾ ਹੋਇਆ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਲੋਕਾਂ ਨੂੰ ਇਹ ਯਕੀਨ ਦਿਵਾਇਆ ਸੀ ਕਿ ਪੰਜਾਬ ਦੇ ਵਿੱਚ ਇਕ ਤਾਂ ਕੁਰੱਪਸ਼ਨ ਪਰ ਲਾ ਕੇ ਉਡ ਜਾਵੇਗੀ ਅਤੇ ਦੂਜਾ ਲੋਕਾਂ ਨੂੰ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਦਿੱਤਾ ਜਾਵੇਗਾ ਪਰ ਲੋਕਾਂ ਦੀਆਂ ਆਸਾਂ ਦੇ ਉਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ, ਨਾ ਹੀ ਕੁਰੱਪਸ਼ਨ ਸਬੰਧੀ ਰਾਜ ਭਾਗ ਵਿੱਚ ਕੋਈ ਤਬਦੀਲੀ ਆਈ ਹੈ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਭਾਗ ਦਿੱਤਾ ਜਾ ਰਿਹਾ ਹੈ । ਬਾਹਲਾ ਸਮਾਂ ਨਾ ਲੈਂਦਾ ਹੋਇਆ ਇਹ ਜੋ ਮਨਪ੍ਰੀਤ ਸਿੰਘ ਜੀ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ, ਉਸ ਦਾ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਵਿਰੋਧ ਕਰਦਾ ਹਾਂ । ਧੰਨਵਾਦ । ਜੈ ਹਿੰਦ ।

ਸ੍ਰੀ ਤਿਕਸ਼ਨ ਸੂਦ (ਹੁਸ਼ਿਆਰਪੁਰ) : ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਰਾਜਪਾਲ ਜੀ ਨੇ ਜਿਹੜਾ 9 ਮਾਰਚ, 1999 ਨੂੰ ਤੀਸਰੇ ਬਜਟ ਸਤਰ ਦੇ ਵਿੱਚ ਆਪਣਾ ਭਾਸ਼ਣ ਦਿੱਤਾ ਹੈ, ਇਸ ਵਿਧਾਨ ਸਭਾ ਦੇ ਵਿੱਚ

ਉਸ ਭਾਸ਼ਣ ਪ੍ਰਤੀ ਰੱਖੇ ਗਏ ਧੰਨਵਾਦ ਪ੍ਰਸਤਾਵ ਉਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ ।

ਇਕ ਸ਼ੇਅਰ ਹੈ :—ਮਿਟ ਗਏ ਰੋਮੋ-ਮਿਸਰ ਯੂਨਾਨ ਇਸ ਜਹਾਂ ਸੇ, ਕੁਛ ਬਾਤ ਹੈ
ਕਿ ਹਸਤੀ ਮਿਟਤੀ ਨਹੀਂ ਹਮਾਰੀ ।

ਡਿਪਟੀ ਸਪੀਕਰ ਸਾਹਿਬ, ਇਹ ਬਜਟ ਸਤਰ ਇਸ ਕਰਕੇ ਹੀ ਇੰਪਾਰਟੈਂਟ ਨਹੀਂ ਹੈ, ਮਹੱਤਵ-ਪੂਰਨ ਨਹੀਂ ਹੈ ਕਿ ਇਸ ਵਿੱਚ ਰਾਜਪਾਲ ਜੀ ਦਾ ਭਾਸ਼ਣ ਹੋਇਆ ਹੈ । ਹਰ ਬਜਟ ਸਤਰ ਰਾਜਪਾਲ ਜੀ ਦੇ ਭਾਸ਼ਣ ਤੋਂ ਹੀ ਸ਼ੁਰੂ ਹੁੰਦਾ ਹੈ । ਇਹ ਇਸ ਲਈ ਬੜੀ ਅਹਿਮੀਅਤ ਦਿਖਾਉਂਦਾ ਹੈ, ਇਹ ਅਹਿਮ ਇਸ ਕਰਕੇ ਹੈ ਕਿ ਸਾਡੀ ਬਹੁਤ ਹੀ ਪ੍ਰਾਚੀਨ ਸਭਿਅਤਾ ਹੈ । ਜੇ ਅਸੀਂ ਅੱਜ ਦੇ ਯੁੱਗ ਵਿਚ ਕਹੀਏ ਤਾਂ ਜੋ ਮੌਜੂਦਾ ਸੰਸਕ੍ਰਿਤੀਆਂ ਸਨ, ਜੋ ਮੌਜੂਦਾ ਸਭਿਆਤਾਵਾਂ ਹਨ, ਉਨ੍ਹਾਂ ਵਿਚੋਂ ਹਿੰਦੁਸਤਾਨ ਦੀ ਸਭਿਅਤਾ ਜੋ ਹੈ, ਉਹ ਬਹੁਤ ਪੁਰਾਣੀ ਹੈ । 18 ਮਾਰਚ ਨੂੰ ਇਸ ਸਭਿਅਤਾ ਦੇ 51 ਸੌ ਸਾਲ ਪੂਰੇ ਹੋਣੇ ਹਨ ਅਤੇ ਹੁਣ 5,101ਵਾਂ ਸਾਲ ਲੱਗਣਾ ਹੈ । ਇਸੇ ਤਰ੍ਹਾਂ 13 ਅਪ੍ਰੈਲ ਵਾਲੇ ਦਿਨ ਖਾਲਸੇ ਦਾ 300ਵਾਂ ਸਾਜਨਾ ਦਿਵਸ ਪੂਰਾ ਹੋਣਾ ਹੈ ਔਰ ਇਸ ਨੂੰ 301ਵਾਂ ਸਾਲ ਲੱਗਣਾ ਹੈ । ਇਸੇ ਤਰ੍ਹਾਂ ਇਸੇ ਸਤਰ ਵਿੱਚ ਇਕ ਜਨਵਰੀ ਨੂੰ 20ਵੀਂ ਸਦੀ ਖਤਮ ਹੋ ਕੇ 21ਵੀਂ ਸਦੀ ਨੇ ਸ਼ੁਰੂ ਹੋਣਾ ਹੈ । ਸੋ ਇਸ ਤਰ੍ਹਾਂ ਨਾਲ ਇਹ ਖਾਸ ਸਾਲ ਆਪਣੇ ਆਪ ਵਿਚ ਅਹਿਮੀਅਤ ਰੱਖਦਾ ਹੈ ।

ਇਸ ਸਾਲ ਦੇ ਦੌਰਾਨ ਜੋ ਵੀ ਇਵੈਂਟਸ ਹੋਣੇ ਹਨ, ਜੋ ਵੀ ਗੱਲਾਂ-ਬਾਤਾਂ ਹੋਣੀਆਂ ਹਨ, ਉਨ੍ਹਾਂ ਦੀ ਵਿਸ਼ੇਸ਼ ਮਹੱਤਤਾ ਰਹਿਣੀ ਹੈ । ਮੈਂ ਆਪਣੀ ਸੰਸਕ੍ਰਿਤੀ, ਸਭਿਅਤਾ ਬਾਰੇ ਇਸ ਕਰਕੇ ਗੱਲ ਕੀਤੀ ਹੈ ਕਿਉਂਕਿ ਪੰਜਾਬ ਦਾ ਜੋ ਨਿਵਾਸੀ ਹੈ, ਉਹ ਹਮੇਸ਼ਾ ਸ਼ਾਂਤੀ, ਭਾਈਚਾਰੇ ਔਰ ਇਨਸਾਨੀ ਕਦਰਾਂ ਕੀਮਤਾਂ ਵੱਲ ਬਹੁਤ ਧਿਆਨ ਰੱਖਦਾ ਰਿਹਾ ਹੈ ਔਰ ਸਾਰੀ ਦੁਨੀਆਂ ਵਿਚ ਇਸ ਦਾ ਸੰਦੇਸ਼ ਲੈ ਕੇ ਜਾਂਦਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਬੜੀ ਦੇਰ ਤੋਂ ਇਹ ਸੰਦੇਸ਼ ਹਿੰਦੁਸਤਾਨ ਵਿਸ਼ਵ ਗੁਰੂ ਬਣ ਕੇ ਦੁਨੀਆਂ ਨੂੰ ਦਿੰਦਾ ਰਿਹਾ ਹੈ । ਇਥੋਂ ਲੋਕ ਸਿੱਖਿਆ ਲੈ ਕੇ ਜਾਂਦੇ ਸੀ । ਵਪਾਰ ਦੀ ਗੱਲ ਸਿੱਖ ਕੇ ਜਾਂਦੇ ਸੀ ਅਤੇ ਜੋ ਦਰਸ਼ਨ ਹੈ ਹਿੰਦੁਸਤਾਨ ਦਾ, ਸਾਰੀ ਦੁਨੀਆਂ ਉਸ ਦਾ ਲੋਹਾ ਮੰਨਦੀ ਸੀ । ਜਿਉਂ-ਜਿਉਂ ਸਮਾਂ ਬੀਤਦਾ ਗਿਆ ਬਾਹਰਲੇ ਮੁਲਕਾਂ ਤੋਂ ਹਮਲੇ ਹੋਏ, ਉਥੋਂ ਦੀਆਂ ਕੌਮਾਂ ਵੀ ਆਈਆਂ ਪਰ ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਮੁੜ ਕੇ ਜੋ ਹਿੰਦੁਸਤਾਨ ਦਾ ਵਿਰਸਾ ਸੀ, ਉਸ ਨੂੰ ਬਿਹਤਰ ਬਣਾਉਣ ਲਈ, ਉਸ ਨੂੰ ਖਾਲਿਸ ਬਣਾਉਣ ਲਈ, ਉਸ ਨੂੰ ਮੁੜ ਉਨ੍ਹਾਂ ਕਦਰਾਂ-ਕੀਮਤਾਂ ਤੇ ਲਿਆਉਣ ਲਈ, ਜੋ ਸਾਰਾ ਸੰਦੇਸ਼ ਦੁਨੀਆਂ ਨੂੰ ਜਾਂਦਾ ਰਿਹਾ ਸੀ, ਉਹ ਸੰਦੇਸ਼ ਦੁਬਾਰਾ ਪਹੁੰਚਾਉਣ ਲਈ ਇਸ ਹਿੰਦੁਸਤਾਨ ਵਿਚ ਖਾਲਸੇ ਦੀ ਸਿਰਜਣਾ ਕੀਤੀ । ਇਹ ਕੋਈ ਸਾਧਾਰਣ ਘਟਨਾ ਨਹੀਂ ਸੀ । ਇਹ ਇਕ ਬੜੀ ਇਤਿਹਾਸਕ ਅਤੇ ਇਨਸਾਨੀਅਤ ਨਾਲ ਭਰੀ ਹੋਈ ਘਟਨਾ ਸੀ । ਅੱਜ ਅਸੀਂ ਦੇਖਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਦਰਸਾਇਆ ਹੋਇਆ ਸਭ ਲਈ ਇਕ ਐਸਾ ਰਸਤਾ ਹੈ ਜਿਸ ਤੇ ਚੱਲ ਕੇ ਅਸੀਂ ਇਨਸਾਨੀਅਤ ਦਾ ਭਲਾ ਕਰ ਸਕਦੇ ਹਾਂ । ਸੋ, ਪੰਜਾਬ ਵਿਚ ਜੋ ਇਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ

[ਸ਼੍ਰੀ ਤਿਕਸ਼ਨ ਸੂਦ]
ਰਹਿਨੁਮਾਈ ਹੇਠ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਉਸ ਨੇ ਫੈਸਲਾ ਕੀਤਾ ਹੈ ਕਿ ਜੋ ਖਾਲਸੇ ਦੀ ਤਿੰਨ ਸੌ ਸਾਲਾ ਸ਼ਤਾਬਦੀ ਮਨਾਈ ਜਾਣੀ ਹੈ, ਉਸ ਤੋਂ ਖਾਲਸੇ ਦਾ ਸੰਦੇਸ਼ ਸਾਰੀ ਦੁਨੀਆਂ ਵਿਚ ਇਕ ਵਾਰੀ ਫੇਰ ਪਹੁੰਚਾ ਸਕੀਏ ਤੇ ਇਸ ਦੇ ਲਈ ਬੜੇ ਵਧੀਆ ਪ੍ਰੋਗਰਾਮ ਉਲੀਕੇ ਗਏ ਹਨ। ਖਾਲਸਾ ਮੈਮੋਰੀਅਲ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ ਅਤੇ ਇਕ ਬਹੁਤ ਵੱਡਾ ਸਮਾਗਮ ਪੰਜਾਬ ਵਿੱਚ ਇਸ ਸਰਕਾਰ ਦੇ ਕਾਰਜਕਾਲ ਦੌਰਾਨ ਕੀਤਾ ਜਾਣਾ ਹੈ। ਇਸ ਲਈ ਇਹ ਸਦਨ, ਇਹ ਸਰਕਾਰ ਵਧਾਈ ਦੀ ਪਾਤਰ ਹੈ।

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਣ ਹੋਇਆ। ਉਸ ਨੂੰ ਜੇ ਮੋਟੇ ਤੌਰ ਤੇ ਦੇਖਿਆ ਜਾਏ ਤਾਂ ਉਹ ਪੰਜ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਤਾਂ ਜੋ ਪੰਜਾਬ ਵਿਚ ਬਹੁਤ ਲੰਬਾ ਅਰਸਾ ਇਕ ਮਾੜਾ ਸਮਾਂ ਰਿਹਾ, ਪੰਜਾਬ ਨੇ ਸੰਤਾਪ ਝੱਲਿਆ ਅਤੇ ਪੰਜਾਬੀਆਂ ਨੇ ਖੂਨ ਦੀ ਹੋਲੀ-ਖੇਡ ਹੁੰਦੀ ਦੇਖੀ, ਇਹ ਬਹੁਤ ਵੱਡਾ ਨੁਕਸਾਨ ਸੀ ਜੋ ਪੂਰਾ ਨਹੀਂ ਹੋ ਸਕਦਾ ਸੀ। ਇਕ ਸਮੇਂ ਇੰਦਾਂ ਲੱਗਦਾ ਸੀ ਜਿਵੇਂ ਅੱਗੇ ਹਨੇਰਾ ਹੀ ਹਨੇਰਾ ਹੈ। ਇਸ ਨੂੰ ਸ਼ਾਂਤੀ ਦੇ ਵਾਤਾਵਰਣ ਵਿਚ ਬਦਲਣ ਲਈ ਇਕ ਕਮਿੱਟਮੈਂਟ ਲੈ ਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਪੰਜਾਬ ਵਿਚ ਉਤਰੇ ਸੀ। ਅਸੀਂ ਮੁੜ ਕੇ ਇਸ ਬਹਿਸ ਵਿਚ ਨਹੀਂ ਪੈਣਾ ਕਿਉਂਕਿ ਜੋ ਮਾੜੀ ਚੀਜ਼ ਹੁੰਦੀ ਹੈ, ਉਸ ਨੂੰ ਜ਼ਿਆਦਾ ਫਰੋਲਿਆ ਜਾਵੇ ਤਾਂ ਚੰਗਾ ਨਹੀਂ ਹੁੰਦਾ। ਮੈਂ ਇਸ ਗੱਲ ਵਿਚ ਨਹੀਂ ਪੈਣਾ ਚਾਹੁੰਦਾ ਕਿ ਇਸ ਅੱਤਵਾਦ ਦਾ ਜ਼ਿੰਮੇਵਾਰ ਕੌਣ ਸੀ ਪਰ ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਕਮਿੱਟਮੈਂਟ ਲੈ ਕੇ, ਜੋ ਵਾਅਦਾ ਲੈ ਕੇ 1997 ਵਿਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਅੱਜ ਦੀ ਇਸ ਸਰਕਾਰ ਦੇ ਆਗੂ ਉਤਰੇ ਸੀ, ਉਨ੍ਹਾਂ ਨੇ ਦੋ ਸਾਲਾਂ ਦੇ ਅਰਸੇ ਦੇ ਪੂਰੇ ਹੋਣ ਤੱਕ ਪੰਜਾਬ ਨੂੰ ਨਵੇਂ ਸਿਰਿਓਂ ਬਣਾਉਣ ਵਿਚ ਉਹ ਵਾਅਦਾ ਪੂਰਾ ਕਰ ਕੇ ਦਿਖਾ ਦਿੱਤਾ ਹੈ। ਜਿਹੜਾ ਪੱਕਾ ਇਰਾਦਾ ਲੈ ਕੇ ਲੋਕਾਂ ਨੇ ਪੰਜਾਬ ਵਿਚ ਇਹ ਸਰਕਾਰ ਬਣਾਈ ਸੀ, ਉਸ ਇਰਾਦੇ ਅਤੇ ਵਾਅਦੇ ਤੇ ਇਹ ਸਰਕਾਰ ਪੂਰੀ ਉਤਰੀ ਹੈ।

ਡਿਵੈਲਪਮੈਂਟ ਦੇ ਕੰਮਾਂ ਦੀ ਵੀ ਗੱਲ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਬੜੇ ਕੰਮ ਜੋ ਪਿੱਛੇ ਹੋਏ, ਉਨ੍ਹਾਂ ਬਾਰੇ ਮੈਂ ਜ਼ਿਕਰ ਕਰਾਂਗਾ ਅਤੇ ਜੋ ਹੋਣ ਜਾ ਰਹੇ ਹਨ, ਉਨ੍ਹਾਂ ਬਾਰੇ ਵੀ ਮੈਂ ਜ਼ਿਕਰ ਕਰਾਂਗਾ ਪਰ ਘਰ ਬਣਾਉਣ ਨਾਲੋਂ ਮੈਂ ਸਮਝਦਾ ਹਾਂ ਕਿ ਘਰ ਵਸਾਉਣਾ ਜ਼ਿਆਦਾ ਔਖਾ ਹੁੰਦਾ ਹੈ। ਇਸ ਪੰਜਾਬ ਸਰਕਾਰ ਨੇ ਪਜਾਬ ਵਾਸੀਆਂ ਨੂੰ ਪਿਛਲੇ 2 ਸਾਲਾਂ ਦੇ ਵਿੱਚ ਪੁਰਅਮਨ ਮਾਹੌਲ ਦਿੱਤਾ ਹੈ, ਪੰਜਾਬ ਵਿੱਚ ਅੱਤਵਾਦ ਨੂੰ ਕਾਬੂ ਵਿੱਚ ਰੱਖਿਆ ਹੈ ਅਤੇ ਕੋਈ ਐਸੀ ਵੈਸੀ ਘਟਨਾ ਨਹੀਂ ਹੋਣ ਦਿੱਤੀ। ਜੋ ਇੱਕ ਦੋ ਘਟਨਾਵਾਂ ਹੋਈਆਂ ਸਨ, ਉਨ੍ਹਾਂ ਨੂੰ ਉਂਗਲੀਆਂ ਤੇ ਗਿਣਿਆ ਜਾ ਸਕਦਾ ਹੈ। ਪਜਾਬ ਵਿੱਚ ਅੱਤਵਾਦ ਨੂੰ ਕਾਬੂ ਵਿੱਚ ਰੱਖਣ ਅਤੇ ਅਮਨ ਕਾਇਮ ਰੱਖਣ ਵਿੱਚ ਬਾਦਲ ਸਾਹਿਬ ਵਧਾਈ ਦੇ ਪਾਤਰ ਹਨ। ਮੈਂ ਇਸ ਸਦਨ ਵਿੱਚ ਬੜੇ ਫਖ਼ਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਸਰਕਾਰ ਨੇ ਪੰਜਾਬ ਦੇ ਵਾਸੀਆਂ ਵਿੱਚ ਆਪਸੀ ਭਾਈਚਾਰਾ ਕਾਇਮ ਕੀਤਾ ਹੈ ਅਤੇ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖਿਆ ਹੈ।

ਖਾਲਸੇ ਦੀ ਸਿਰਜਣਾ ਕਰਕੇ ਇੱਕ ਨਵੇਂ ਯੁੱਗ ਦੀ ਸਥਾਪਨਾ ਕੀਤੀ ਗਈ ਸੀ ਜਿਸ ਵਿੱਚ ਧਾਰਮਿਕ ਆਜ਼ਾਦੀ, ਸਹਿਨਸ਼ੀਲਤਾ, ਸਮਾਜਿਕ ਬਰਾਬਰੀ, ਆਰਥਿਕ ਨਿਆਂ ਅਤੇ ਸਮਾਜ ਦੇ ਸਮੂਹ ਤਬਕਿਆਂ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਨੀਂਹ ਰੱਖੀ ਗਈ ਸੀ । ਇਸ ਦੇ ਨਾਲ ਇੱਕ ਨਵਾਂ ਯੁੱਗ ਸ਼ੁਰੂ ਹੋਇਆ ਸੀ ਦੂਸਰਾ ਪਹਿਲੂ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਹ ਹੈ ਕਿ ਜੋ ਇਸ ਸਾਲ 1999 ਵਿੱਚ ਖਾਲਸੇ ਦੀ ਸਿਰਜਣਾ ਸਬੰਧੀ ਆਨੰਦਪੁਰ ਸਾਹਿਬ ਵਿੱਚ ਸਮਾਰੋਹ ਕੀਤੇ ਜਾ ਰਹੇ ਹਨ, ਭਾਸ਼ਣ ਵਿੱਚ ਇਨ੍ਹਾਂ ਸਮਾਰੋਹਾਂ ਦਾ ਜ਼ਿਕਰ ਕੀਤਾ ਗਿਆ ਹੈ । ਇਸ ਖਾਲਸਾ ਸਿਰਜਣਾ ਦਿਵਸ ਦੇ ਮੌਕੇ ਤੇ ਦੁਨੀਆਂ ਭਰ ਤੋਂ ਲੋਕ ਆਨੰਦਪੁਰ ਸਾਹਿਬ ਵਿੱਚ ਇਹ ਦਿਵਸ ਮਨਾਉਣ ਲਈ ਆਉਣਗੇ । ਇਸ ਨੂੰ ਇੱਕ ਇਤਿਹਾਸਕ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ, ਆਪਸੀ ਭਾਈਚਾਰਾ ਕਾਇਮ ਕੀਤਾ ਜਾਵੇਗਾ ਅਤੇ ਦੁਨੀਆਂ ਦੇ ਵਿੱਚ ਇਸ ਸਰਕਾਰ ਵੱਲੋਂ ਲੋਕਾਂ ਨੂੰ ਇਹ ਇਲਾਹੀ ਸੰਦੇਸ਼ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਿੱਤਾ ਜਾਵੇਗਾ । ਇਸ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਹਰ ਸਰਕਾਰ ਦਾ ਫਰਜ਼ ਬਣਦਾ ਹੈ । ਖਾਲਸੇ ਦੀ ਸਿਰਜਣਾ ਸਬੰਧੀ ਸਮਾਰੋਹ ਕਰਨ ਲਈ ਸਾਡੀ ਸਰਕਾਰ ਨੇ ਕੇਂਦਰ ਦੀ ਸਰਕਾਰ ਤੋਂ ਵੀ ਯੋਗਦਾਨ ਲਿਆ ਹੈ ਅਤੇ ਕੇਂਦਰ ਦੀ ਸਰਕਾਰ ਨੇ ਇਸ ਦੇ ਲਈ ਵੱਧ ਤੋਂ ਵੱਧ ਯੋਗਦਾਨ ਦਿੱਤਾ ਹੈ । ਆਨੰਦਪੁਰ ਸਾਹਿਬ ਵਿੱਚ ਲਗਾਤਾਰ ਸਮਾਰੋਹ ਹੋ ਰਹੇ ਹਨ, ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਇਹ ਖਾਲਸਾ ਸਿਰਜਣਾ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਪਹੁੰਚਾਇਆ ਜਾ ਰਿਹਾ ਹੈ । ਇਹ ਸੰਦੇਸ਼ ਪੰਜਾਬ ਦੇ ਪਿੰਡ ਪਿੰਡ ਵਿੱਚ ਦਿੱਤਾ ਜਾ ਰਿਹਾ ਹੈ । ਸਕੂਲਾਂ ਦੇ ਵਿੱਚ ਸਫੈਦੀਆਂ ਕਰਵਾਈਆਂ ਜਾ ਰਹੀਆਂ ਹਨ, ਇਮਾਰਤਾਂ ਨੂੰ ਚੰਗਾ ਬਣਾਇਆ ਜਾ ਰਿਹਾ ਹੈ ਅਤੇ ਸਮਾਰੋਹ ਕੀਤੇ ਜਾ ਰਹੇ ਹਨ ।

ਤੀਸਰਾ ਪਹਿਲੂ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਹ ਹੈ ਕਿ ਪਿਛਲੇ 2 ਸਾਲਾਂ ਦੇ ਅਰਸੇ ਵਿੱਚ ਜੋ ਇਸ ਸਰਕਾਰ ਦੀਆਂ ਉਪਲਬਧੀਆਂ ਹਨ, ਵਿਕਾਸ ਦੇ ਕੰਮ ਕੀਤੇ ਹਨ ਅਤੇ ਜੋ ਪ੍ਰਾਪਤੀਆਂ ਹਨ, ਉਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਬਾਰੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਗਵਰਨਰ ਸਾਹਿਬ ਦੇ ਭਾਸ਼ਣ ਦੀ ਪ੍ਰੋੜ੍ਹਤਾ ਕਰਦੇ ਹੋਏ ਕਾਫੀ ਜ਼ਿਕਰ ਕੀਤਾ ਹੈ । ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ ਪਰ ਇਹ ਜਿਹੜੀ ਖੇਤੀਬਾੜੀ ਪੰਜਾਬ ਵਿੱਚ ਹੈ, ਇਹ ਇੱਕ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਗਈ ਹੈ ਜਿਸ ਦਾ ਅੱਗੇ ਜਾਣ ਵਿੱਚ ਕੋਈ ਹੋਰ ਸਕੋਪ ਨਹੀਂ ਹੈ ਪਰ ਫੇਰ ਵੀ ਇਸ ਖੇਤੀਬਾੜੀ ਨੂੰ ਇੱਕ ਕਿੱਤੇ ਦੇ ਰੂਪ ਵਿੱਚ ਪੰਜਾਬ ਦੇ ਵਾਸੀਆਂ ਨੂੰ ਅਪਣਾਉਣਾ ਚਾਹੀਦਾ ਹੈ । ਇਸ ਖੇਤੀਬਾੜੀ ਦੇ ਕਿੱਤੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਪੰਜਾਬ ਦੇ ਕਿਸਾਨਾਂ ਨੂੰ ਖੇਤੀਬਾੜੀ ਵਿੱਚ ਆਪਣਾ ਉਤਪਾਦਨ ਹੋਰ ਵਧਾਉਣਾ ਚਾਹੀਦਾ ਹੈ, ਤਦ ਹੀ ਇਸ ਦੇ ਨਾਲ ਪੰਜਾਬ ਵਾਸੀਆਂ ਦਾ ਫਾਇਦਾ ਹੋ ਸਕਦਾ ਹੈ । ਕਿਸਾਨਾਂ ਨੂੰ ਬਿਜਲੀ ਮੁਫਤ ਦਿੱਤੀ ਜਾਵੇਗੀ, ਇਹ ਵਾਅਦਾ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ ਅਤੇ ਤੁਹਾਡੇ ਸਾਹਮਣੇ ਹੈ ।

[ਸ਼੍ਰੀ ਤਿਕਸ਼ਨ ਸੂਦ]

ਡਿਪਟੀ ਸਪੀਕਰ ਸਾਹਿਬ, ਜੇ ਸੂਬੇ ਨੇ ਅੱਗੇ ਵਧਣਾ ਹੈ ਤਾਂ ਉਸ ਦੇ ਲਈ ਜੋ ਇੰਡਸਟਰੀ ਹੈ, ਉਦਯੋਗ ਹੈ, ਉਸ ਦੀ ਸਾਨੂੰ ਬਹੁਤ ਜ਼ਰੂਰਤ ਹੈ। ਪੰਜਾਬ ਦੀ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਸਨਅਤੀ ਖੇਤਰ ਵਿੱਚ ਪੰਜਾਬ ਅੱਗੇ ਵਧਿਆ ਹੈ ਅਤੇ ਪੰਜਾਬ ਅਗਾਂਹ ਪੁਲਾਂਘਾਂ ਪੁੱਟ ਰਿਹਾ ਹੈ। ਪੰਜਾਬ ਵਿੱਚ ਬਹੁਤ ਚੰਗੀ ਸ਼ੁਰੂਆਤ ਹੋਈ ਹੈ। ਬਹੁਤ ਹੀ ਚੰਗੇ ਢੰਗ ਨਾਲ ਕੰਮ ਹੋ ਰਿਹਾ ਹੈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਸਨਅਤਾਂ ਬਾਰੇ ਠੀਕ ਗੱਲਬਾਤ ਕੀਤੀ ਅਤੇ ਅੰਕੜੇ ਦੇ ਕੇ ਇੰਡਸਟਰੀ ਬਾਰੇ ਦੱਸਿਆ ਹੈ। ਮੈਂ ਸਿਰਫ ਦੋ ਅੰਕੜੇ ਦੇਵਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਕਿਸ ਢੰਗ ਨਾਲ ਇੰਡਸਟਰੀ ਦੀ ਗਰੋਥ ਵਧੀ ਹੈ। ਜੋ ਸਾਡੀ ਸਰਕਾਰ ਨੇ ਬਜਟ ਵਿੱਚ ਐਲੋਕੇਸ਼ਨ ਕੀਤੀ ਹੈ, ਹਿੰਦੁਸਤਾਨ ਦੀ ਇੰਡਸਟਰੀ ਦਾ ਗਰੋਥ ਰੇਟ 6% ਹੈ। ਪੰਜਾਬ ਵਿੱਚ 1996-97 ਦੌਰਾਨ ਇੰਡਸਟਰੀ ਦਾ ਗਰੋਥ ਰੇਟ 9.79% ਸੀ। ਸਾਡੀ ਸਰਕਾਰ ਦੇ ਕਾਰਜਕਾਲ ਦੌਰਾਨ 1997-98 ਵਿਚ ਇਹ ਵਧ ਕੇ 10% ਹੋਇਆ ਹੈ। ਇਸ ਤਰ੍ਹਾਂ ਪਲਾਨ ਐਲੋਕੇਸ਼ਨ 1996-97 ਦੌਰਾਨ ਜਦੋਂ ਕਿ ਕਾਂਗਰਸ ਪਾਰਟੀ ਦੀ ਸਰਕਾਰ ਸੀ, 19 ਕਰੋੜ 26 ਲੱਖ ਰੁਪਿਆ ਸੀ। ਸਾਡੀ ਸਰਕਾਰ ਵੇਲੇ ਇਹ ਵਧ ਕੇ 1997-98 ਵਿਚ 39 ਕਰੋੜ 40 ਲੱਖ ਰੁਪਿਆ ਹੋ ਗਈ ਅਤੇ ਡਿਪਟੀ ਸਪੀਕਰ ਸਾਹਿਬ, 1998-99 ਵਿਚ ਇਹ ਪਲਾਨ ਐਲੋਕੇਸ਼ਨ 52 ਕਰੋੜ 41 ਲੱਖ ਰੁਪਏ ਹੋ ਗਈ। ਤੁਸੀਂ ਆਪੇ ਦੇਖ ਲਓ ਕਿ ਦੋ ਸਾਲਾਂ ਵਿਚ ਪੰਜਾਬ ਸਰਕਾਰ ਨੇ ਤਕਰੀਬਨ ਤਿੰਨ ਗੁਣਾ ਇੰਡਸਟਰੀ ਵਾਸਤੇ ਬਜਟ ਵਿੱਚ ਪਲਾਨ ਐਲੋਕੇਸ਼ਨ ਕੀਤੀ ਹੈ। ਪੰਜਾਬ ਦੀ ਤਰੱਕੀ ਲਈ, ਪੰਜਾਬ ਦੇ ਵਿਕਾਸ ਲਈ, ਪੰਜਾਬ ਦੇ ਵਾਸੀਆਂ ਲਈ, ਪੰਜਾਬ ਦੇ ਗਰੀਬਾਂ ਲਈ, ਪੰਜਾਬ ਦੇ ਮਜ਼ਦੂਰਾਂ ਲਈ, ਇਹ ਇਕ ਮੀਲ-ਪੱਥਰ ਦਾ ਕੰਮ ਪੰਜਾਬ ਦੀ ਸਰਕਾਰ ਨੇ ਕੀਤਾ ਹੈ। ਪੰਜਾਬ ਵਿਚ ਬਹੁਤ ਵੱਡੀ ਇੰਡਸਟਰੀ ਦੇ ਨੀਂਹ-ਪੱਥਰ ਰੱਖੇ ਗਏ ਹਨ। ਨਵੀਂ ਇੰਡਸਟਰੀ ਪੰਜਾਬ ਦੇ ਵਿੱਚ ਲੱਗਣ ਨਾਲ ਪੰਜਾਬ ਦੇ ਲੋਕ ਆਨੰਦ ਮਾਨਣਗੇ ਅਤੇ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਡਿਪਟੀ ਸਪੀਕਰ ਸਾਹਿਬ, 1997-98 ਵਿਚ ਜਦੋਂ ਤੋਂ ਸਾਡੀ ਸਰਕਾਰ ਹੋਂਦ ਵਿਚ ਆਈ ਹੈ, 2,127 ਨਵੇਂ ਇੰਡਸਟਰੀਅਲ ਯੂਨਿਟ ਲੱਗੇ ਹਨ। ਇਨ੍ਹਾਂ ਵਿਚੋਂ 34% ਵੱਡੇ ਅਤੇ ਬਾਕੀ ਛੋਟੇ ਅਤੇ ਮੀਡੀਅਮ ਯੂਨਿਟ ਲੱਗੇ ਹਨ। 658 ਕਰੋੜ ਰੁਪਏ ਦੀ ਇਨਵੈਸਟਮੈਂਟ ਹੈ। ਨਵੀਆਂ ਨਵੀਆਂ ਇਕਾਈਆਂ ਪੰਜਾਬ ਦੇ ਵਿੱਚ ਲਗਾ ਕੇ ਸਰਕਾਰ ਨੇ ਵਿਕਾਸ ਵਿਚ ਨਵੀਂ ਜਾਨ ਪਾ ਦਿੱਤੀ ਹੈ। ਇਸ ਨਾਲ ਹਜ਼ਾਰਾਂ ਪੰਜਾਬੀਆਂ ਨੂੰ ਰੁਜ਼ਗਾਰ ਮਿਲਿਆ ਹੈ।

ਗਵਰਨਰ ਸਾਹਿਬ ਦੇ ਭਾਸ਼ਣ ਵਿਚ ਸਾਰੇ ਪੱਖਾਂ ਨੂੰ ਲਿਆ ਗਿਆ ਹੈ। ਹਰ ਵਿਸ਼ੇ ਨੂੰ ਲਿਆ ਗਿਆ ਹੈ ਅਤੇ ਹਰ ਮਹਿਕਮੇ ਨੂੰ ਲਿਆ ਗਿਆ ਹੈ। ਹਰ ਤਬਕੇ ਦੇ ਲੋਕਾਂ ਨੂੰ ਲਿਆ ਗਿਆ ਹੈ। ਹਰ ਚੀਜ਼ ਬਾਰੇ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਸੰਖੇਪ ਵਿਚ ਦੱਸਿਆ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਪੰਜਾਬ ਦੇ ਵਿੱਚ ਇਸ ਪਿਛਲੇ ਅਰਸੇ ਦੇ ਦੌਰਾਨ ਜਦੋਂ ਦੀ ਸਾਡੀ ਇਹ ਸਰਕਾਰ ਬਣੀ ਹੈ, ਕਿਸ ਤਰ੍ਹਾਂ ਸੜਕਾਂ ਵਿਚ, ਕਿਸ ਤਰ੍ਹਾਂ ਬਿਜਲੀ ਦੇ ਖੇਤਰ ਵਿਚ, ਕਿਸ ਤਰ੍ਹਾਂ ਸਿੱਖਿਆ ਦੇ ਖੇਤਰ ਵਿਚ, ਕਿਸ ਤਰ੍ਹਾਂ ਸਥਾਨਕ ਸਰਕਾਰਾਂ ਦੇ ਖੇਤਰ ਵਿਚ ਅੌਰ ਕਿਸ ਤਰ੍ਹਾਂ ਜੋ ਸਾਡੇ ਸਿੰਚਾਈ ਦੇ ਸਾਧਨ ਹਨ,

ਉਸ ਦੇ ਵਿਚ ਇਸ ਸਰਕਾਰ ਨੇ ਵੱਡੀਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ । ਡਿਪਟੀ ਸਪੀਕਰ ਸਾਹਿਬ, ਅਸੀਂ ਰਣਜੀਤ ਸਾਗਰ ਡੈਮ ਦੀ ਗੱਲ ਕੀਤੇ ਬਗੈਰ ਨਹੀਂ ਰਹਿ ਸਕਦੇ ਕਿਉਂਕਿ ਇਹ ਇਸ ਸਰਕਾਰ ਦੇ ਸਮੇਂ ਦੀ ਬਹੁਤ ਵੱਡੀ ਉਪਲਬਧੀ ਹੈ । ਜੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਬਹਿਸ ਦੌਰਾਨ ਇਸ ਦੀ ਗੱਲ ਨਾ ਕੀਤੀ ਜਾਵੇ, ਤਾਂ ਮੈਂ ਸਮਝਦਾ ਹਾਂ ਕਿ ਆਪਣੀ ਗੱਲ ਅਧੂਰੀ ਰਹਿ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਜੋ ਬਿਜਲੀ ਹੈ, ਇਹ ਕਿਸੇ ਵੀ ਰਾਜ ਦੀ ਖੇਤੀ ਲਈ, ਕਿਸੇ ਵੀ ਦੇਸ਼ ਜਾਂ ਰਾਜ ਦੀ ਇੰਡਸਟਰੀ ਲਈ ਇੱਕ ਮੁਢਲਾ ਰਾਅ-ਮੈਟੀਰੀਅਲ ਹੈ ਔਰ ਇਹ ਗੱਲ ਕਿਸੇ ਤੋਂ ਲੁਕੀ ਛੁਪੀ ਨਹੀਂ ਕਿ ਬਿਜਲੀ ਦੀ ਜੋ ਪ੍ਰਾਪਤੀ ਸੀ, ਉਸ ਦਾ ਹਾਲ ਦਿਨ-ਬ-ਦਿਨ ਮਾੜਾ ਹੋ ਰਿਹਾ ਸੀ । ਪਿਛਲੇ 20 ਸਾਲਾਂ ਤੋਂ ਜੋ ਰਣਜੀਤ ਸਾਗਰ ਡੈਮ ਦਾ ਪ੍ਰਾਜੈਕਟ ਹੈ, ਉਹ ਲਟਕਿਆ ਹੋਇਆ ਸੀ । ਮੈਨੂੰ ਵੀ, ਡਿਪਟੀ ਸਪੀਕਰ ਸਾਹਿਬ, ਵਿਧਾਨ ਸਭਾ ਦੀਆਂ ਦੋ ਕਮੇਟੀਆਂ ਦੇ ਟੂਰ ਪ੍ਰੋਗਰਾਮ ਦੇ ਨਾਲ ਜੋ ਇਸ ਮਹਿਕਮੇ ਨਾਲ ਸਬੰਧਿਤ ਸੀ, ਰਣਜੀਤ ਸਾਗਰ ਡੈਮ ਜਾਣ ਦਾ ਮੌਕਾ ਮਿਲਿਆ । ਉਥੇ ਸਾਨੂੰ ਇਸ ਬਾਰੇ ਪੂਰੀ ਰਿਪੋਰਟ ਵੀ ਮਿਲੀ । ਰਣਜੀਤ ਸਾਗਰ ਡੈਮ ਦਾ ਨੀਂਹ-ਪੱਥਰ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਮੁੱਖ ਮੰਤਰੀ ਸਨ, ਉਦੋਂ ਉਨ੍ਹਾਂ ਨੇ ਰੱਖਿਆ ਸੀ । ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਕੋਈ ਸਮਝ ਨਹੀਂ ਆਇਆ, ਕੋਈ ਅਫਸਰ ਵੀ ਐਕਸਪਲੇਨੇਸ਼ਨ ਨਹੀਂ ਦੇ ਸਕਿਆ ਕਿ ਕੀ ਕਾਰਣ ਰਹੇ ਕਿ ਇਨ੍ਹਾਂ ਤੋਂ ਬਾਅਦ ਆਉਣ ਵਾਲੀਆਂ ਸਰਕਾਰਾਂ ਨੇ, ਜਿਹੜੀਆਂ ਕਿ ਮੁੱਖ ਤੌਰ ਤੇ ਕਾਂਗਰਸ ਦੀਆਂ ਸਰਕਾਰਾਂ ਹੀ ਰਹੀਆਂ, ਇਸ ਪ੍ਰਾਜੈਕਟ ਨੂੰ ਵੱਟੇ ਖਾਤੇ ਕਿਉਂ ਪਾ ਰਖਿਆ ?

*12.37 ਵਜੇ ਬਾਅਦ ਦੁਪਹਿਰ	(ਇਸ *ਸਮੇਂ ਸਰਦਾਰ ਨੱਥਾ ਸਿੰਘ ਦਾਲਮ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਉਨ੍ਹਾਂ ਨੂੰ ਇਹ ਦਰਦ ਕੋਈ ਨਹੀਂ ਸੀ ਕਿ ਪੰਜਾਬ ਦੀ ਖੇਤੀ ਦਾ ਕੀ ਬਣੇਗਾ । ਉਹ ਨਹੀਂ ਸਨ ਚਾਹੁੰਦੀਆਂ ਕਿ ਪੰਜਾਬ ਦਾ ਵਿਕਾਸ ਹੋਵੇ, ਪੰਜਾਬ ਦੀ ਖੇਤੀ ਤਰੱਕੀ ਕਰੇ, ਇਥੋਂ ਦੀ ਇੰਡਸਟਰੀ, ਇਥੋਂ ਦਾ ਉਦਯੋਗ ਵਧੇ ਫੁੱਲੇ, ਪੰਜਾਬ ਦੇ ਵਾਸੀਆਂ ਨੂੰ ਰੁਜ਼ਗਾਰ ਮਿਲੇ ਅਤੇ ਉਨ੍ਹਾਂ ਦੀ ਆਮਦਨ ਵਧੇ । 20 ਸਾਲਾਂ ਤੱਕ, ਚੇਅਰਮੈਨ ਸਾਹਿਬ, ਉਨ੍ਹਾਂ ਨੂੰ ਤਨਖਾਹ ਤੋਂ ਵੀ ਘੱਟ ਪੈਸੇ ਮੁਹੱਈਆ ਕਰਾਏ ਗਏ, ਉਸ ਵਕਤ ਜਦੋਂ ਕਿ ਪੰਜਾਬ ਦਾ ਕਿਸਾਨ ਬਿਜਲੀ ਦੀ ਘਾਟ ਕਾਰਣ ਏਨੀ ਮੁਸ਼ਕਲ ਵਿਚ ਸੀ, ਪੰਜਾਬ ਦੀ ਇੰਡਸਟਰੀ ਏਨੀ ਮੁਸ਼ਕਲ ਵਿੱਚ ਸੀ । ਜਦੋਂ ਸਾਡੀ ਇਹ ਸਰਕਾਰ ਬਣੀ, ਇਸ ਨੇ ਆਉਂਦਿਆਂ ਹੀ ਪਹਿਲਾ ਕੰਮ ਇਹ ਫੜਿਆ ਹੈ ਕਿ ਪੰਜਾਬ ਦੇ ਵਿਚ ਖੇਤੀ ਨੂੰ, ਇੰਡਸਟਰੀ ਨੂੰ ਬੜ੍ਹਾਵਾ ਦੇਣ ਲਈ ਬਿਜਲੀ ਨੂੰ ਪੂਰਾ ਕੀਤਾ ਜਾਵੇ । ਸਾਡੀ ਸਰਕਾਰ ਨੇ ਰਣਜੀਤ ਸਾਗਰ ਡੈਮ ਅਤੇ ਲਹਿਰਾ ਮੁਹੱਬਤ ਬਰਮਲ ਪਲਾਂਟ ਨੂੰ ਪੂਰੇ ਪੈਸੇ ਦੇ ਕੇ ਇਹ ਪ੍ਰਾਜੈਕਟਸ ਨੇਪਰੇ ਚਾੜ੍ਹੇ ਹਨ । ਚੇਅਰਮੈਨ ਸਾਹਿਬ, ਸਾਨੂੰ ਸਭ ਨੂੰ ਪਤਾ ਹੈ, ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਭਾਵੇਂ ਕੁਝ ਕਹੀ ਜਾਣ, ਇਨ੍ਹਾਂ ਤੋਂ ਇਹ ਕੰਮ ਹੋਣਾ ਵੀ ਨਹੀਂ ਸੀ । ਪ੍ਰਾਈਮ ਮਨਿਸਟਰ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ 1-2 ਮਹੀਨਿਆਂ ਵਿਚ ਹੀ ਉਥੇ ਜਾ ਕੇ ਉਦਘਾਟਨ ਕਰਨਾ ਹੈ ਔਰ ਜੂਨ, 1999 ਤੋਂ ਉਥੇ ਬਿਜਲੀ ਪ੍ਰਾਪਤ ਹੋਣ ਲੱਗ ਜਾਣੀ ਹੈ ਔਰ ਜੋ ਸਿੰਜਾਈ ਹੈ, ਇਹ ਰਣਜੀਤ ਸਾਗਰ ਡੈਮ ਪੰਜਾਬ ਵਾਸੀਆਂ ਦੀਆਂ ਸੱਕੀਆਂ ਜ਼ਮੀਨਾਂ ਨੂੰ

[ਸ਼੍ਰੀ ਤਿਕਸ਼ਨ ਸੂਦ]

ਖੇਤੀਯੋਗ ਬਣਾਉਣ ਲਈ ਬਹੁਤ ਯੋਗਦਾਨ ਦੇਵੇਗਾ। ਚੇਅਰਮੈਨ ਸਾਹਿਬ, ਏਨਾ ਹੀ ਨਹੀਂ, ਰਣਜੀਤ ਸਾਗਰ ਡੈਮ ਤੋਂ ਨਿਕਲੀਆਂ ਨਹਿਰਾਂ ਰਾਹੀਂ ਰਾਵੀ ਨਦੀ ਦਾ ਪਾਣੀ ਜੋ ਪਾਕਿਸਤਾਨ ਵਿਚ ਜਾ ਕੇ ਬਰਬਾਦ ਹੁੰਦਾ ਸੀ, ਉਹ ਸਾਡੀਆਂ ਜ਼ਮੀਨਾਂ ਨੂੰ ਮਿਲੇਗਾ। ਇਸ ਦੇ ਨਾਲ ਨਾਲ ਸੇਮ ਦੇ ਨਾਲ ਜਿਹੜੀਆਂ ਜ਼ਮੀਨਾਂ ਬਰਬਾਦ ਹੋ ਰਹੀਆਂ ਸਨ, ਉਨ੍ਹਾਂ ਨੂੰ ਵੀ ਸੇਮ ਤੋਂ ਮੁਕਤ ਕੀਤਾ ਗਿਆ ਹੈ। ਇਸ ਦੇ ਲਈ 198 ਕਰੋੜ ਰੁਪਿਆ ਲਾ ਕੇ 490 ਕਿਲੋਮੀਟਰ ਲੰਮੀਆਂ ਜੋ ਖਾਲੀਆਂ ਬਣਾਈਆਂ ਗਈਆਂ ਹਨ, ਉਨ੍ਹਾਂ ਦਾ ਨਤੀਜਾ, ਚੇਅਰਮੈਨ ਸਾਹਿਬ, ਸਾਹਮਣੇ ਆਉਣ ਲੱਗ ਗਿਆ ਹੈ ਔਰ ਪੰਜਾਬ ਦੀ ਜ਼ਮੀਨ ਦਾ ਜੋ ਐਨਾ ਵੱਡਾ ਹਿੱਸਾ ਸੇਮ ਦੀ ਮਾਰ ਨਾਲ ਖਰਾਬ ਹੋਇਆ ਪਿਆ ਸੀ, ਉਸ ਤੇ ਖੇਤੀ ਹੋਣੀ ਸ਼ੁਰੂ ਹੋ ਗਈ ਹੈ। ਇਹ ਇਸ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਕੋਈ ਹੋਰ ਪ੍ਰਾਪਤੀ ਇਸ ਪ੍ਰਾਪਤੀ ਦੇ ਨਾਲ ਬਰਾਬਰੀ ਨਹੀਂ ਕਰ ਸਕਦੀ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਇਸ ਪੰਜਾਬ ਸਰਕਾਰ ਦੇ ਉਪਰਾਲਿਆਂ ਵਜੋਂ ਕੇਂਦਰ ਦੀ ਜੋ ਸਰਕਾਰ ਹੈ ਅਤੇ ਜਿਸ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੋਨੋਂ ਸਾਂਝੀਦਾਰ ਹਨ, ਉਸ ਦੇ ਪ੍ਰਧਾਨ ਮੰਤਰੀ ਮਾਨਯੋਗ ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਦੀ ਜੋ ਮਨਜ਼ੂਰੀ ਹੋਈ ਹੈ. ਉਸ ਦੇ ਕਾਰਣ ਪੰਜਾਬ ਦੇ ਵਿਚ ਬਠਿੰਡੇ ਵਿਚ ਰਿਫਾਈਨਰੀ ਲੱਗੀ ਹੈ ਜਿਸ ਦਾ ਨੀਂਹ-ਪੱਥਰ ਪ੍ਰਧਾਨ ਮੰਤਰੀ ਸ਼੍ਰੀ ਵਾਜਪਾਈ ਨੇ ਆਪ ਰੱਖਿਆ ਹੈ। ਸ਼ਾਇਦ ਇਹ ਹਿੰਦੁਸਤਾਨ ਦੇ ਵਿੱਚ ਸਭ ਤੋਂ ਵੱਡਾ ਸਰਕਾਰੀ ਅਦਾਰਾ ਹੋਵੇਗਾ ਔਰ ਅਸੀਂ ਅੰਦਾਜ਼ਾ ਲਗਾਈਏ ਕਿ ਇਹ ਸਾਰਾ ਕੁਝ ਇਸ ਕਰਕੇ ਹੋਇਆ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੇ ਸਾਡੇ ਆਗੂ ਜੋ ਹਨ, ਇਨ੍ਹਾਂ ਨੂੰ ਸਚਮੁੱਚ ਪੰਜਾਬ ਦਾ ਦਰਦ ਹੈ। ਇਹ ਪੰਜਾਬ ਨੂੰ ਉਪਰ ਉਠਦਾ ਵੇਖਣਾ ਚਾਹੁੰਦੇ ਹਨ।

*12.42 ਵਜੇ ਬਾਅਦ ਦੁਪਹਿਰ	(ਇਸ *ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਇਹ ਚਾਹੁੰਦੇ ਹਨ ਕਿ ਪੰਜਾਬ ਦੇ ਵਿਚੋਂ ਬੇਰੁਜ਼ਗਾਰੀ ਖਤਮ ਹੋਵੇ ਅਤੇ ਪੰਜਾਬ ਵਿਕਾਸ ਦੀਆਂ ਨਵੀਆਂ ਪੁਲਾਂਘਾਂ ਪੁੱਟੇ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਸਿੱਖਿਆ ਦੇ ਖੇਤਰ ਵਿਚ, ਖਾਸ ਕਰਕੇ ਮੈਡੀਕਲ ਅਤੇ ਟੈਕਨੀਕਲ ਸਿੱਖਿਆ ਦੇ ਖੇਤਰ ਵਿਚ ਇਸ ਸਰਕਾਰ ਨੇ ਵਧੀਆ ਤੋਂ ਵਧੀਆ ਪ੍ਰਾਪਤੀਆਂ ਕੀਤੀਆਂ ਹਨ। ਬਾਬਾ ਫਰੀਦ ਯੂਨੀਵਰਸਿਟੀ, ਪੰਜਾਬ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ, ਜਲੰਧਰ ਅਤੇ ਇਸੇ ਤਰ੍ਹਾਂ ਇਕ ਸਰਕਾਰੀ ਤੇ 4 ਪ੍ਰਾਈਵੇਟ ਇੰਜੀਨੀਅਰਿੰਗ ਕਾਲਜ ਥੋੜ੍ਹੇ ਜਿਹੇ ਸਮੇਂ ਵਿਚ ਪੰਜਾਬ ਦੇ ਵਿੱਚ ਖੋਲ੍ਹੇ ਗਏ ਹਨ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਰੋਸ਼ਨੀ ਦੀ ਇਕ ਨਵੀਂ ਕਿਰਣ ਮਿਲ ਸਕੇ ਅਤੇ ਉਨ੍ਹਾਂ ਨੂੰ ਚੰਗੀ ਸਿੱਖਿਆ ਪਾਉਣ ਲਈ, ਪ੍ਰੋਫੈਸ਼ਨਲ ਸਿੱਖਿਆ ਪਾਉਣ ਲਈ ਸਹਾਇਤਾ ਮਿਲ ਸਕੇ। ਇਹ ਵੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਡਿਪਟੀ ਸਪੀਕਰ ਸਾਹਿਬ, ਜੇ ਛੋਟੀਆਂ ਛੋਟੀਆਂ ਪ੍ਰਾਪਤੀਆਂ ਕਹਿਣ ਲੱਗੀਏ ਤਾਂ ਬਹੁਤ ਜ਼ਿਆਦਾ ਸਮਾਂ ਲੱਗੇਗਾ । ਮੈਂ ਤਾਂ ਸਰਕਾਰ ਦੀਆਂ ਮੁੱਖ ਪ੍ਰਾਪਤੀਆਂ ਦਾ ਵਰਨਣ ਕਰਦੇ ਹੋਏ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਦੋ ਮੋਰਚੇ ਇਸ ਸਰਕਾਰ ਨੇ ਬਹੁਤ ਚੰਗੇ ਢੰਗ ਨਾਲ ਕਾਬੂ ਕੀਤੇ ਹਨ ਇਕ ਮੋਰਚਾ ਹੈ ਭ੍ਰਿਸ਼ਟਾਚਾਰ ਦਾ । ਸਾਨੂੰ ਸਭ ਨੂੰ ਪਤਾ ਹੈ, ਸਾਡੇ ਤੋਂ ਉਹ ਦਿਨ ਭੁੱਲੇ ਨਹੀਂ ਜਦੋਂ ਹਿੰਦੁਸਤਾਨ ਨੂੰ ਦੁਨੀਆਂ ਦਾ ਇਕ ਸਭ ਤੋਂ ਵੱਡਾ ਭ੍ਰਿਸ਼ਟ ਮੁਲਕ ਆਖਿਆ ਜਾਂਦਾ ਸੀ ਔਰ ਹਿੰਦੁਸਤਾਨ ਨੂੰ ਸਭ ਤੋਂ ਜ਼ਿਆਦਾ ਭ੍ਰਿਸ਼ਟ ਮੁਲਕ ਇਸ ਕਰਕੇ ਆਖਿਆ ਜਾਂਦਾ ਸੀ ਕਿਉਂਕਿ ਜੋ ਸਾਡੇ ਇਥੋਂ ਦੇ ਲੀਡਰ ਸਨ......ਮੈਂ ਕਿਸੇ ਪਾਰਟੀ ਦਾ ਨਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਸਮਝਦਾਰ ਨੂੰ ਇਸ਼ਾਰਾ ਹੀ ਕਾਫੀ ਹੁੰਦਾ ਹੈ, ਸਾਡੇ ਤੋਂ ਉਹ ਦਿਨ ਭੁੱਲੇ ਨਹੀਂ ਜਦੋਂ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਸਾਡੇ ਆਪੋਜ਼ੀਸ਼ਨ ਦੇ ਕੁਝ ਸਾਥੀ ਕਹਿ ਰਹੇ ਹਨ ਕਿ ਉਨ੍ਹਾਂ ਦਾ ਨਾਂ ਜ਼ਰੂਰ ਲਓ । ਠੀਕ ਹੈ, ਮੈਂ ਨਾਂ ਦੱਸ ਦਿੰਦਾ ਹਾਂ । ਕਾਂਗਰਸ ਦੇ ਵੱਡੇ-ਵੱਡੇ ਲੀਡਰ ਅਤੇ ਜਿਹੜੇ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਬੈਠੇ ਸਨ, ਉਨ੍ਹਾਂ ਨੂੰ ਵੀ ਟੀ. ਵੀ. ਤੇ ਵਿਖਾਇਆ ਗਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਅਦਾਲਤਾਂ ਵਿਚ ਘੜੀਸਿਆ ਗਿਆ । ਇਨ੍ਹਾਂ ਭ੍ਰਿਸ਼ਟ ਲੋਕਾਂ ਨੇ ਪੰਜਾਬ ਦਾ ਅਤੇ ਹਿੰਦੁ-ਸਤਾਨ ਦਾ ਨਾਂ ਐਸਾ ਬਦਨਾਮ ਕੀਤਾ ਕਿ ਇਥੋਂ ਦੇ ਨਾਗਰਿਕਾਂ ਨੂੰ ਸ਼ਰਮ ਆਉਣ ਲੱਗ ਪਈ ਅਤੇ ਉਨ੍ਹਾਂ ਨੇ ਤਹੱਈਆ ਕਰ ਲਿਆ ਕਿ ਸਾਰੇ ਹਿੰਦੁਸਤਾਨ ਔਰ ਪੰਜਾਬ ਵਿਚ ਖਾਸ ਤੌਰ ਤੇ ਭ੍ਰਿਸ਼ਟਾਚਾਰੀਆਂ ਨੂੰ ਮੁੜ ਕੇ ਰਾਜਸੱਤਾ ਵਿੱਚ ਨਹੀਂ ਆਉਣ ਦੇਣਾ ਅਤੇ ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਉਹ ਫੈਸਲਾ ਪੂਰਾ ਕਰਕੇ ਵੀ ਵਿਖਾਇਆ । ਜੋ ਸਾਡੇ ਸਾਹਮਣੇ ਬੈਠੇ ਹਨ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਨ੍ਹਾਂ ਦੇ ਸਮੇਂ ਜੋ ਨਿਯੁਕਤੀਆਂ ਹੋਈਆਂ, ਜਿਹੜੀਆਂ ਪੋਸਟਾਂ ਦਿੱਤੀਆਂ ਗਈਆਂ, ਉਹ ਸਾਰੀਆਂ ਦੀਆਂ ਸਾਰੀਆਂ ਹੀ ਹਾਈ ਕੋਰਟ ਵਿਚ ਚੈਲੰਜ ਹੋਈਆਂ ਅਤੇ ਉਹ ਸਾਰੀਆਂ ਹੀ ਹਾਈ ਕੋਰਟ ਨੇ ਤੋੜ ਦਿੱਤੀਆਂ । ਅੱਜ ਇਹ ਜਿਹੜੇ ਟੀਚਰਾਂ ਦੀਆਂ ਗੱਲਾਂ ਕਰਦੇ ਹਨ ਅਤੇ ਮਗਰਮੱਛ ਦੇ ਅੱਥਰੂ ਵਹਾਉਂਦੇ ਹਨ, ਇਹ ਇਨ੍ਹਾਂ ਦੀਆਂ ਹੀ ਕਰਤੂਤਾਂ ਹਨ । ਅੱਜ ਦੀ ਪੰਜਾਬ ਦੀ ਸਰਕਾਰ ਉਨ੍ਹਾਂ ਦੀਆਂ ਕਰਤੂਤਾਂ ਨੂੰ ਹੀ ਠੀਕ ਕਰਨ ਵਿੱਚ ਲੱਗੀ ਹੋਈ ਹੈ । ਜਿਹੜੇ ਇਨ੍ਹਾਂ ਨੇ ਕਾਨੂੰਨ ਬਣਾਏ ਤੇ ਉਨ੍ਹਾਂ ਦੇ ਤਹਿਤ ਸਾਡੀਆਂ ਭੈਣਾਂ, ਮਾਸੂਮ ਬੱਚਿਆਂ ਤੇ ਦੂਸਰਿਆਂ ਕੋਲੋਂ ਪੈਸੇ ਲੈ ਕੇ ਨਿਯੁਕਤੀਆਂ ਦਿੱਤੀਆਂ, ਚੈਲੰਜ ਹੋਣ ਤੇ ਕੋਰਟਾਂ ਨੇ ਉਹ ਤੋੜ ਦਿੱਤੀਆਂ । ਇਹ ਕੇਵਲ 5-6 % ਵੋਟਾਂ ਲੈ ਕੇ ਹੀ ਸਰਕਾਰ ਬਣਾਉਣ ਵਿਚ ਸਫਲ ਹੋਏ ਸਨ ਅਤੇ ਇਨ੍ਹਾਂ ਨੇ ਇਸ ਦਾ ਭਰਪੂਰ ਫਾਇਦਾ ਉਠਾਇਆ । ਇਨ੍ਹਾਂ ਨੇ ਪੰਜਾਬ ਨੂੰ ਲੁੱਟਿਆ ਤੇ ਲੁੱਟ ਵਾਲਾ ਰਾਜ ਬਣਾ ਦਿੱਤਾ । (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਦੇ ਵੇਲੇ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਪੂਰਾ ਬੋਲਬਾਲਾ ਸੀ । ਡਿਪਟੀ ਸਪੀਕਰ ਸਾਹਿਬ, ਇਸ ਮੌਜੂਦਾ ਸਰਕਾਰ ਨੇ ਬਹੁਤ ਵੱਡਾ ਕੰਮ ਕੀਤਾ ਹੈ । ਉਹ ਇਹ ਕਿ ਅੱਜ ਕੋਈ ਵੀ ਹਾਈ ਕੋਰਟ ਵਿਚ ਐਸਾ ਕੇਸ ਨਹੀਂ ਜਿਥੇ ਇਹ ਕਿਹਾ ਗਿਆ ਹੋਵੇ ਕਿ ਕੋਈ ਨਿਯੁਕਤੀ ਪੈਸੇ ਲੈ ਕੇ ਕੀਤੀ ਗਈ ਹੈ । ਦੋ ਸਾਲ ਦਾ ਅਰਸਾ ਬੀਤ ਚੁੱਕਾ ਹੈ । ਕੋਈ ਵੀ ਨੌਕਰੀ ਐਸੀ ਨਹੀਂ ਜਿਹੜੀ ਪੈਸਾ ਲੈ ਕੇ ਦਿੱਤੀ ਗਈ ਹੋਵੇ ਜਾਂ ਕੋਈ ਭ੍ਰਿਸ਼ਟਾਚਾਰ ਦਾ ਕੇਸ ਹੋਇਆ ਹੋਵੇ । ਸਾਡੀ ਸਰਕਾਰ ਨੇ ਖੁੱਲ੍ਹੇ ਤੌਰ ਤੇ ਐਲਾਨ ਕੀਤਾ ਹੈ ਕਿ ਫਸਟ ਕਲਾਸ ਗਜ਼ਟਿਡ

[ਸ੍ਰੀ ਤ੍ਰਿਕਸ਼ਨ ਸੂਦ]

ਅਫ਼ਸਰ ਨੂੰ ਫੜਾਉਣ ਦੇ 50,000 ਰੁਪਏ ਅਤੇ ਦੂਸਰੇ ਮੁਲਾਜ਼ਮਾਂ ਨੂੰ ਰਿਸ਼ਵਤ ਲੈਂਦੇ ਫੜਾਉਣ ਵਾਸਤੇ 25,000/- ਰੁਪਏ ਇਨਾਮ ਵਜੋਂ ਦਿੱਤੇ ਜਾਣਗੇ । ਇਸ ਸਕੀਮ ਦੇ ਤਹਿਤ 87 ਫੌਜਦਾਰੀ ਕੇਸ ਰਜਿਸਟਰਡ ਹੋਏ ਹਨ, ਅਤੇ ਡਿਪਟੀ ਸਪੀਕਰ ਸਾਹਿਬ, 100 ਕੇਸ ਪ੍ਰਿਲਿਮਿਨਰੀ ਇਨਕੁਆਇਰੀਆਂ ਹੋ ਕੇ ਰਜਿਸਟਰਡ ਹੋਏ ਹਨ । ਜਿਨ੍ਹਾਂ ਕਰਮਚਾਰੀਆਂ/ਅਫ਼ਸਰਾਂ ਨੇ ਭ੍ਰਿਸ਼ਟਾਚਾਰ ਦੇ ਜ਼ਰੀਏ ਆਪਣੀ ਹੈਸੀਅਤ ਤੋਂ ਵੱਧ ਜਾਇਦਾਦ ਬਣਾਈ ਹੈ, ਉਨ੍ਹਾਂ ਦੇ ਖਿਲਾਫ ਵੀ ਇਨਕੁਆਇਰੀਆਂ ਰਜਿਸਟਰਡ ਹੋਈਆਂ ਹਨ ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਮੋਰਚਾ ਸਾਡੀ ਸਰਕਾਰ ਨੇ ਮਾਰਿਆ ਹੈ । ਉਹ ਹੈ ਭਲਾਈ ਮਹਿਕਮੇ ਦਾ ਮੋਰਚਾ । ਉਸ ਭਲਾਈ ਵਿਚ ਭਾਵੇਂ ਸਾਡੇ ਸੀਨੀਅਰ ਸਿਟੀਜ਼ਨ ਹਨ, ਇਸਤਰੀਆਂ ਹਨ, ਬੱਚੇ ਹਨ, ਅਪਾਹਜ ਹਨ ਜਾਂ ਸਾਡੇ ਦਲਿਤ ਵਰਗ ਹਨ, ਸਮਾਜ ਦੇ ਸਾਰੇ ਕਮਜ਼ੋਰ ਵਰਗਾਂ ਨੂੰ ਸਰਕਾਰ ਨੇ ਬੜੀ ਹਮਦਰਦੀ ਨਾਲ ਵੇਖਿਆ ਹੈ । ਅੱਜ ਇਹ ਗੱਲਾਂ ਕਰਦੇ ਹਨ ਸਾਡੇ ਸਾਥੀ, ਇਨ੍ਹਾਂ ਨੂੰ ਪੁੱਛੋ ਕਿ ਇਤਨੀਆਂ ਪੈਨਸ਼ਨਾਂ ਪਿਛਲੇ 15 ਸਾਲਾਂ ਵਿਚ ਨਹੀਂ ਲੱਗ ਸਕੀਆਂ ਜਿੰਨੀਆਂ ਕਿ ਸਾਡੀ ਸਰਕਾਰ ਨੇ ਇਕ ਸਾਲ ਵਿਚ ਪ੍ਰੋਸੈਸ ਕਰਵਾਈਆਂ ਹਨ । ਇਹੀ ਨਹੀਂ ਸਾਡੀ ਸਰਕਾਰ ਨੇ ਪੈਨਸ਼ਨਾਂ ਦੇ ਚੌਗੁਣੇ ਕੇਸਾਂ ਨੂੰ ਪ੍ਰੋਸੈਸ ਕਰਵਾਇਆ ਅਤੇ ਉਹ ਸਾਰੀਆਂ ਮਨਜ਼ੂਰ ਹੋਈਆਂ ਹਨ । (ਸ਼ੋਰ, ਵਿਘਨ)

ਸ੍ਰੀ ਡਿਪਟੀ ਸਪੀਕਰ ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਵਕਤਾ ਵੱਲ ਧਿਆਨ ਦੇਣ, ਟਰੇਜ਼ਰੀ ਬੈਂਚਾਂ ਵਾਲੇ ਵੀ ਅਤੇ ਆਪੋਜ਼ੀਸ਼ਨ ਬੈਂਚਾਂ ਵਾਲੇ ਵੀ ।

ਸ੍ਰੀ ਤ੍ਰਿਕਸ਼ਨ ਸੂਦ : ਡਿਪਟੀ ਸਪੀਕਰ ਸਾਹਿਬ, ਮੈਂ ਸਮੇਂ ਦਾ ਧਿਆਨ ਰੱਖਦਾ ਹੋਇਆ ਇਕ ਵਾਰ ਇਹ ਗੱਲ ਜ਼ਰੂਰ ਕਹਿਣਾ ਚਾਹਾਂਗਾ ਕਿ ਇਨ੍ਹਾਂ ਨੇ ਆਦਰਸ਼ ਸਕੂਲਾਂ ਦੀ ਗੱਲ ਕੀਤੀ ਹੈ । ਜਵਾਬ ਦਿੱਤੇ ਬਗੈਰ ਰਿਹਾ ਵੀ ਨਹੀਂ ਜਾਂਦਾ । ਇਨ੍ਹਾਂ ਨੇ ਬੜੀਆਂ ਅਨਾਊਂਸਮੈਂਟਾਂ ਕੀਤੀਆਂ, ਸਦਨ ਤੋਂ ਬਾਹਰ ਵੀ ਕੀਤੀਆਂ । ਜਿੰਨੇ ਇਨ੍ਹਾਂ ਨੇ ਸਕੂਲ ਅਪਗਰੇਡ ਕੀਤੇ, ਉਹ ਸਿਰਫ ਕਾਗਜ਼ਾਂ ਵਿੱਚ ਹੀ ਹੋਏ । ਪਤਾ ਨਹੀਂ ਇਹ ਪਿੰਡਾਂ ਵਿਚ ਜਾਂਦੇ ਹਨ ਜਾਂ ਨਹੀਂ, ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਲੋਕ ਦਸਦੇ ਹਨ ਕਿ ਸਾਡੇ ਸਕੂਲ ਅਪਗਰੇਡ ਹੋਏ ਨੂੰ 8 ਸਾਲ ਹੋ ਗਏ ਹਨ, ਸਾਡੇ ਸਕੂਲ ਨੂੰ 3 ਸਾਲ ਹੋ ਗਏ ਹਨ ਪਰ ਨਾ ਅਜੇ ਕੋਈ ਇਮਾਰਤ ਹੈ, ਨਾ ਟੀਚਰ ਹਨ ਅਤੇ ਨਾ ਹੀ ਬੱਚੇ ਹਨ । ਇਹ ਸਕੂਲ ਕੇਵਲ ਕਾਗਜ਼ਾਂ ਵਿਚ ਹੀ ਅਪਗਰੇਡ ਹੋਏ ਸਨ । ਸਾਡੀ ਸਰਕਾਰ ਨੇ ਬੜੀ ਵਧੀਆ ਪਾਲਿਸੀ ਬਣਾਈ ਹੈ ਕਿ ਪਹਿਲਾਂ ਜੋ ਘਾਟਾਂ ਹਨ, ਉਹ ਪੂਰੀਆਂ ਕੀਤੀਆਂ ਜਾਣ ਔਰ ਦੋ ਸਾਲ ਵਿਚ ਘਾਟਾਂ ਪੂਰੀਆਂ ਕੀਤੀਆਂ ਗਈਆਂ ਹਨ । ਹੁਣ ਸਕੂਲ ਅਪਗਰੇਡ ਕਰਨ ਦੀ ਗੱਲ ਹੋਈ ਹੈ ਔਰ ਜਿਹੜੇ ਸਕੂਲਾਂ ਨੂੰ ਅਪਗਰੇਡ ਕਰਨ ਦੀ ਜ਼ਰੂਰਤ ਹੈ, ਉਹ ਸਰਕਾਰ ਦੀ ਪਾਲਿਸੀ ਹੈ, ਅਪ-ਗਰੇਡ ਕੀਤੇ ਜਾਣਗੇ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਹੀਂ ਲੈਣਾ । ਜੋ ਸਾਡਾ ਬਹੁਤ ਹੀ ਪਛੜਿਆ ਹੋਇਆ ਏਰੀਆ ਹੈ, ਸਾਡਾ ਇਲਾਕਾ ਹੈ, ਉਹ ਹੈ ਪੰਜਾਬ ਵਿਚ ਕੰਡੀ ਦਾ ਏਰੀਆ । ਮੈਂ ਆਪ ਇਸ ਇਲਾਕੇ ਦਾ ਰਹਿਣ ਵਾਲਾ ਹਾਂ । ਇਸ ਇਲਾਕੇ ਵਿੱਚ, ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਤੱਕ ਕੰਡੀ ਕੈਨਾਲ ਬਣ

ਚੁੱਕੀ ਹੈ ਔਰ ਸਰਕਾਰ ਨੇ ਤਜਵੀਜ਼ ਦਿੱਤੀ ਹੈ, ਗਵਰਨਰ ਸਾਹਿਬ ਨੇ ਵੀ ਆਪਣੇ ਭਾਸ਼ਣ ਵਿਚ ਗੱਲ ਕੀਤੀ ਹੈ ਕਿ ਸਾਲ 1999-2000 ਤੱਕ 148 ਕਰੋੜ ਰੁਪਏ ਹੋਰ ਖਰਚ ਕਰਕੇ ਇਹ ਕੰਡੀ ਕੈਨਾਲ ਬਲਾਚੌਰ ਤੱਕ ਪਹੁੰਚਾਈ ਜਾਵੇਗੀ। ਇਸ ਕੈਨਾਲ ਦੇ ਬਣਨ ਨਾਲ ਇਕ ਬਹੁਤ ਹੀ ਸ਼ਾਨਦਾਰ ਗੱਲ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਕੰਡੀ ਕੈਨਾਲ ਇਸ ਇਲਾਕੇ ਦੀ ਜੀਵਨ ਰੇਖਾ ਹੈ, ਲਾਈਫ ਲਾਈਨ ਹੈ। ਹੁਸ਼ਿਆਰਪੁਰ ਤੋਂ 10 ਕਿਲੋਮੀਟਰ ਕੰਡੀ ਦੇ ਇਲਾਕੇ ਵਿਚ ਜਦੋਂ ਅਸੀਂ ਜਾਂਦੇ ਹਾਂ ਤਾਂ ਉਥੋਂ ਦਾ ਰਹਿਣ-ਸਹਿਣ ਜੋ ਹੈ, ਉਹ ਸਾਨੂੰ 50 ਸਾਲ ਪਿੱਛੇ ਲੈ ਜਾਂਦਾ ਹੈ। ਪਿਛਲੇ ਸਮੇਂ ਦੀਆਂ ਸਰਕਾਰਾਂ ਨੇ ਇਸ ਇਲਾਕੇ ਦਾ ਬਿਲਕੁਲ ਖਿਆਲ ਨਹੀਂ ਕੀਤਾ, ਇਸ ਨੂੰ ਡਿਵੈਲਪ ਕਰਨ ਲਈ ਕੋਈ ਖਿਆਲ ਨਹੀਂ ਕੀਤਾ। ਡੋਗਰਾ ਸਾਹਿਬ ਵੀ ਕੰਡੀ ਏਰੀਏ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਵੀ ਹਮੇਸ਼ਾਂ ਇਹੀ ਚਿੰਤਾ ਰਹਿੰਦੀ ਹੈ ਕਿ ਇਸ ਕੰਡੀ ਏਰੀਏ ਦਾ ਕੁਝ ਨਹੀਂ ਬਣਿਆ। ਮੈਂ ਉਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਪਿਛਲੇ ਸਮੇਂ ਵਿਚ ਇਸ ਏਰੀਏ ਦੀ ਕੋਈ ਤਰੱਕੀ ਸਰਕਾਰ ਨੇ ਨਹੀਂ ਕੀਤੀ। ਚਲੋ ਉਹ ਸਮਾਂ ਤਾਂ ਲੰਘ ਗਿਆ ਪਰ ਇਸ ਵੇਲੇ ਸਾਡੀ ਸਰਕਾਰ ਹੈ, ਇਹ ਇਸ ਵੱਲ ਜ਼ਰੂਰ ਧਿਆਨ ਦੇਵੇਗੀ। ਆਪੋਜ਼ੀਸ਼ਨ ਨੂੰ ਵੀ ਚਾਹੀਦਾ ਹੈ ਕਿ ਜੋ ਇਹ ਸਰਕਾਰ ਬਣੀ ਹੈ, ਇਸ ਨੂੰ ਇਹ ਇਕ ਹੋਰ ਮੌਕਾ ਦੇਵੇ ਤਾਂ ਕਿ ਕੰਡੀ ਏਰੀਏ ਦੀਆਂ ਜੋ ਰਹਿ ਗਈਆਂ ਮੁਸ਼ਕਲਾਂ ਹਨ, ਕਮੀਆਂ ਹਨ, ਉਹ ਪੂਰੀਆਂ ਹੋ ਸਕਣ। ਇਸ ਲਈ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ 9 ਤਰੀਕ ਨੂੰ ਇਸ ਸਦਨ ਵਿਚ ਜੋ ਭਾਸ਼ਣ ਦਿੱਤਾ ਹੈ, ਉਸ ਦੀ ਮੈਂ ਪ੍ਰੋੜਤਾ ਕਰਦਾ ਹਾਂ ਅਤੇ ਇਸ ਸਦਨ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਹ ਉਨ੍ਹਾਂ ਦੇ ਭਾਸ਼ਣ ਪ੍ਰਤੀ ਰੱਖੇ ਗਏ ਧੰਨਵਾਦ ਦੇ ਪ੍ਰਸਤਾਵ ਨੂੰ ਪਾਸ ਕਰੇ।

ਸ੍ਰੀ ਡਿਪਟੀ ਸਪੀਕਰ: ਧੰਨਵਾਦ। ਹੁਣ ਸਰਦਾਰ ਗੁਲਜ਼ਾਰ ਸਿੰਘ ਰਣੀਕੇ ਬੋਲਣਗੇ।

ਸਰਦਾਰ ਗੁਲਜ਼ਾਰ ਸਿੰਘ ਰਣੀਕੇ (ਅਟਾਰੀ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਬਹੁਤ ਹੀ ਕਾਬਲ ਸਾਥੀ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਮੇਰੇ ਤੋਂ ਪਹਿਲਾਂ ਇਥੇ ਧੰਨਵਾਦ ਦਾ ਪ੍ਰਸਤਾਵ ਲਿਆਂਦਾ ਹੈ ਅਤੇ ਜਿਸ ਤਰੀਕੇ ਦੇ ਨਾਲ ਉਨ੍ਹਾਂ ਨੇ ਪੰਜਾਬ ਦੀ ਖੇਤੀਬਾੜੀ ਦੇ ਇਨਕਲਾਬ ਬਾਰੇ ਗੱਲਾਂ ਕੀਤੀਆਂ ਹਨ ਅਤੇ ਇੰਡਸਟਰੀ ਦੇ ਵਿਕਾਸ ਬਾਰੇ ਗੱਲਾ ਕੀਤੀਆਂ ਹਨ, ਉਨ੍ਹਾਂ ਨੇ ਗਵਰਨਰ ਸਾਹਿਬ ਦੇ ਭਾਸ਼ਣ ਦੇ ਹਰ ਇਕ ਪੱਖ ਨੂੰ ਛੋਹਿਆ ਹੈ। ਮੈਂ ਵੀ ਇਹ ਕਹਿਣਾ ਚਾਹਾਂਗਾ ਕਿ ਪੰਜਾਬ ਜਿਹੜਾ ਹੈ, ਇਹ ਸਾਡੀ ਖੇਤੀਬਾੜੀ ਦਾ ਇਕ ਮੁੱਖ ਕੇਂਦਰ ਹੈ। ਖੇਤੀਬਾੜੀ ਦੀ ਗੱਲ ਵੀ ਬੜੇ ਸੁਚੱਜੇ ਢੰਗ ਨਾਲ ਆਈ ਹੈ ਪਰ ਡਿਪਟੀ ਸਪੀਕਰ ਸਾਹਿਬ, ਜਦੋਂ ਦਾ ਪੰਜਾਬ ਹੋਂਦ ਵਿਚ ਆਇਆ ਹੈ, ਆਬਾਦੀ ਦੇ ਵੱਧਣ ਕਰਕੇ ਪੰਜਾਬ ਦੀ ਜਿਹੜੀ ਜ਼ਮੀਨ ਹੈ, ਉਹ ਘਟਦੀ ਜਾ ਰਹੀ ਹੈ ਅਤੇ ਪੰਜਾਬ ਦੀ ਜ਼ਮੀਨ ਘਟਣ ਦੇ ਬਾਰੇ ਪਹਿਲਾਂ ਕਦੇ ਵੀ ਕਿਸੇ ਸਰਕਾਰ ਨੇ ਨਹੀਂ ਸੋਚਿਆ। ਪਹਿਲਾਂ ਇਹ ਵੀ ਕਦੇ ਕਿਸੇ ਸਰਕਾਰ ਨੇ ਨਹੀਂ ਸੋਚਿਆ ਕਿ ਕਿਸਾਨਾਂ ਨੂੰ ਚੰਗੀਆਂ ਗਾਈਡ-ਲਾਈਨਜ਼ ਦਿੱਤੀਆਂ ਜਾਣ ਕਿਉਂਕਿ ਉਨ੍ਹਾਂ ਦੀਆਂ ਲੋੜਾਂ ਵੱਧ ਰਹੀਆਂ ਹਨ। ਸਮੇਂ ਦੇ ਨਾਲ-ਨਾਲ ਸੋਚ ਬਦਲਦੀ ਹੈ,

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਵਿਚਾਰ ਬਦਲਦੇ ਹਨ ਅਤੇ ਇਹ ਕੁਦਰਤੀ ਹੈ ਕਿ ਜਦੋਂ ਵਿਚਾਰ ਬਦਲਦੇ ਹਨ, ਸੋਚ ਬਦਲਦੀ ਹੈ ਤਾਂ ਲੋਕਾਂ ਦੀਆਂ ਲੋੜਾਂ ਵੀ ਵਧਦੀਆਂ ਹਨ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਉਨ੍ਹਾਂ ਨੂੰ ਚੰਗੀਆਂ ਗਾਈਡਲਾਈਨਾਂ ਵੀ ਦੇਣੀਆਂ ਜ਼ਰੂਰੀ ਸਨ । ਅੱਜ ਜੋ ਇਹ ਕਹਿੰਦੇ ਹਨ ਕਿ ਕਿਸਾਨ ਆਤਮ ਹੱਤਿਆ ਕਰ ਰਹੇ ਹਨ, ਇਹ ਸਭ ਇਨ੍ਹਾਂ ਕਾਂਗਰਸੀਆਂ ਦੀ ਹੀ ਦੇਣ ਹੈ ਕਿਉਂਕਿ ਕਿਸਾਨ ਨੂੰ ਜਾਣਕਾਰੀ ਦੇਣੀ ਤਾਂ ਇਨ੍ਹਾਂ ਦਾ ਫਰਜ਼ ਸੀ ਜੋ ਇਨ੍ਹਾਂ ਨੇ ਨਹੀਂ ਦਿੱਤੀ । ਪੰਜਾਬ ਵਿਚ ਜ਼ਮੀਨ ਘੱਟ ਗਈ ਹੈ ਅਤੇ ਕਿਸਾਨਾਂ ਦੀਆਂ ਲੋੜਾਂ ਵਧ ਰਹੀਆਂ ਹਨ ਪਰ ਉਨ੍ਹਾਂ ਦੀਆਂ ਲੋੜਾਂ ਦੇ ਮੁਤਾਬਿਕ ਉਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ ਰਹੇ । ਹੁਣ ਸਾਡੀ ਸਰਕਾਰ ਨੇ ਉਨ੍ਹਾਂ ਵੱਲ ਧਿਆਨ ਦਿੱਤਾ ਹੈ । ਸਾਡੇ ਖੇਤੀਬਾੜੀ ਮੰਤਰੀ ਸਰਦਾਰ ਗੁਰਦੇਵ ਸਿੰਘ ਬਾਦਲ ਜੀ ,ਹਨ ਜਿਹੜੇ ਕਿ ਭਾਰਤ ਦੇ ਰਾਸ਼ਟਰਪਤੀ ਤੋਂ ਦੋ ਵਾਰ ਚੰਗੀ ਸੇਵਾ ਬਦਲੇ ਐਵਾਰਡ ਲੈ ਚੁੱਕੇ ਹਨ । ਇਨ੍ਹਾਂ ਦੀ ਚੰਗੀ ਕਾਰਗੁਜ਼ਾਰੀ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ । ਇਨ੍ਹਾਂ ਨੇ ਖੇਤੀਬਾੜੀ ਨਾਲ ਸਬੰਧਿਤ ਬਹੁਤ ਹੀ ਵਧੀਆ ਪ੍ਰੋਗਰਾਮ ਉਲੀਕੇ ਹਨ ਕਿਉਂਕਿ ਇਨ੍ਹਾਂ ਨੇ ਦੇਖਿਆ ਹੈ ਕਿ ਖੇਤੀਬਾੜੀ ਤੇ ਨਿਰਭਰ ਰਹਿ ਕੇ ਕਿਸਾਨ ਜ਼ਿਆਦਾ ਦੇਰ ਤੱਕ ਚੱਲ ਨਹੀਂ ਸਕਣਗੇ । ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਇਸ ਸਬੰਧ ਵਿਚ ਪੱਧਰੀ ਕਲਾਂ ਪਿੰਡ ਦਾ ਜ਼ਿਕਰ ਵੀ ਕੀਤਾ ਗਿਆ ਹੈ । ਇਸ ਪ੍ਰੋਗਰਾਮ ਅਧੀਨ 22 ਕਿੱਤੇ ਸ਼ਾਮਲ ਕੀਤੇ ਗਏ ਹਨ । ਇਸ ਵਿੱਚ ਕਿਸਾਨਾਂ ਨੂੰ ਟ੍ਰੇਨਿੰਗ ਵੀ ਦਿੱਤੀ ਜਾਵੇਗੀ । ਇਸ ਤਰ੍ਹਾਂ ਦਾ ਪ੍ਰੋਗਰਾਮ ਸਾਰੇ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾ ਰਿਹਾ ਹੈ । ਉਥੇ ਅਫਸਰ ਹਾਜ਼ਰ ਰਹਿਣਗੇ ਔਰ ਡੀ. ਸੀ. ਹਫਤੇ ਵਿੱਚ ਇਕ ਵਾਰੀ ਉਥੇ ਚੱਕਰ ਮਾਰਨਗੇ । ਉਥੇ ਕਿਸਾਨਾਂ ਨੂੰ ਹਰ ਪੱਖੋਂ ਜਾਣਕਾਰੀ ਦਿੱਤੀ ਜਾਵੇਗੀ । ਡਿਪਟੀ ਸਪੀਕਰ ਸਾਹਿਬ, ਪੰਜਾਬ ਵਿੱਚ ਜ਼ਮੀਨ ਘਟਦੀ ਜਾ ਰਹੀ ਹੈ ਔਰ ਇਸ ਕਰਕੇ ਨੌਜਵਾਨ ਵਿਚਾਰੇ ਵਿਹਲੇ ਹੋ ਰਹੇ ਹਨ । ਇਸ ਕਰਕੇ ਉਨ੍ਹਾਂ ਨੂੰ ਟ੍ਰੇਨਿੰਗ ਦੇਣ ਵਾਸਤੇ ਹਰ ਤਰ੍ਹਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ । ਕਰੀਬ ਦਸ ਹਜ਼ਾਰ ਨੌਜਵਾਨ ਜੋ ਖੇਤੀ ਅਤੇ ਮਜ਼ਦੂਰੀ ਨਾਲ ਸਬੰਧਿਤ ਹਨ, ਉਨ੍ਹਾਂ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ । ਜੇ ਕਿਤੇ ਇਹੋ ਜਿਹੇ ਪ੍ਰਾਜੈਕਟ ਪਹਿਲਾਂ ਲਿਆਂਦੇ ਗਏ ਹੁੰਦੇ ਤਾਂ ਕਿਸਾਨਾਂ ਦੀ ਇਹ ਹਾਲਤ ਨਾ ਹੁੰਦੀ । ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਪੈਸਾ ਤਾਂ ਬਾਹਰ ਜਹਾਜ਼ਾਂ ਵਿਚ ਭਰ ਕੇ ਲਿਜਾਂਦੇ ਰਹੇ ਔਰ ਕਿਸਾਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ । ਜੇ ਕਿਸਾਨਾਂ ਵੱਲ ਪਹਿਲਾਂ ਧਿਆਨ ਦਿੱਤਾ ਗਿਆ ਹੁੰਦਾ ਤਾਂ ਕਿਸਾਨ ਅੱਜ ਆਤਮ ਹੱਤਿਆ ਨਾ ਕਰਦੇ ਔਰ ਨਾ ਹੀ ਉਨ੍ਹਾਂ ਦੀ ਆਰਥਿਕ ਹਾਲਤ ਖਰਾਬ ਹੁੰਦੀ । ਸਰਦਾਰ ਬਾਦਲ ਨੇ ਖੇਤੀਬਾੜੀ ਨਾਲ ਸਬੰਧਿਤ ਜਿੰਨੀਆਂ ਵੀ ਸਕੀਮਾਂ ਸ਼ੁਰੂ ਕੀਤੀਆਂ ਹਨ, ਉਹ ਸ਼ਲਾਘਾਯੋਗ ਹਨ । ਇਨ੍ਹਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ, ਉਹ ਥੋੜ੍ਹੀ ਹੈ । ਪਹਿਲਾਂ ਕਣਕ ਦਾ ਭਾਅ ਪੰਜ ਪੈਸੇ, ਪੰਜ ਰੁਪਏ ਜਾਂ ਦਸ ਰੁਪਏ ਤੱਕ ਵਧਦਾ ਸੀ ਪਰ ਸਰਦਾਰ ਬਾਦਲ ਨੇ 60/- ਤੋਂ 90/- ਰੁ. ਤੱਕ ਭਾਅ ਵਧਾਏ ਔਰ ਕਿਸਾਨਾਂ ਨੂੰ ਬੋਨਸ ਦਿੱਤਾ । ਹੋਰ ਵੀ ਕਰੋੜਾਂ ਰੁਪਏ ਦੀਆਂ ਰਿਆਇਤਾਂ ਕਿਸਾਨਾਂ ਨੂੰ ਦਿੱਤੀਆਂ । ਜੋ ਸਹਾਰਾ ਸਰਦਾਰ ਬਾਦਲ ਦੀ ਸਰਕਾਰ ਨੇ ਕਿਸਾਨਾਂ ਨੂੰ ਦਿੱਤਾ ਹੈ, ਜੇ ਕਿਤੇ ਇਹ ਪਹਿਲਾਂ ਅਜਿਹਾ ਹੋ ਜਾਂਦਾ ਤਾਂ ਕਿਸਾਨਾਂ ਦੀ ਅਤੇ ਖੇਤੀਬਾੜੀ ਦੀ ਮਾੜੀ ਹਾਲਤ ਨਾ ਹੁੰਦੀ । ਇਹ ਸਾਰੀ ਮਾੜੀ ਹਾਲਤ ਸਾਹਮਣੇ ਬੈਠੇ ਵੀਰਾਂ ਦੀ ਦੇਣ ਹੈ ।

ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ 300 ਸਾਲਾ ਖਾਲਸਾ ਸਾਜਣਾ ਦਿਵਸ ਦੀ ਗੱਲ ਚੱਲੀ ਹੈ। ਇਹ ਖਾਲਸਾ ਸਾਜਣਾ ਦਿਵਸ ਸਾਨੂੰ ਮਨਾਉਣ ਦੀ ਬਹੁਤ ਲੋੜ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਉਸ ਵਕਤ ਹਿੰਦੁਸਤਾਨ ਅਤੇ ਪੰਜਾਬ ਦੀ ਜੋ ਹਾਲਤ ਸੀ, ਉਹ ਤੁਸੀਂ ਸਾਰੇ ਜਾਣਦੇ ਹੋ। ਉਸ ਵਕਤ ਮਨੁੱਖ ਦੀ ਬਹੁਤ ਦੁਰਦਸ਼ਾ ਸੀ। ਮਨੁੱਖਤਾ ਦਾ ਘਾਣ ਹੋ ਰਿਹਾ ਸੀ, ਭ੍ਰਿਸ਼ਟਾਚਾਰ ਵਧ ਰਿਹਾ ਸੀ ਅਤੇ ਧਰਮ ਦੇ ਨਾਂ ਤੇ ਜਾਤ-ਪਾਤ ਵੱਧ ਰਹੀ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਖਿਲਾਫ ਖਾਲਸਾ ਸਾਜਣਾ ਪਿਆ। ਹੁਣ ਸਰਕਾਰ ਨੇ 300 ਸਾਲਾ ਖਾਲਸਾ ਸਾਜਣਾ ਦਿਵਸ ਮਨਾਉਣ ਦਾ ਉਪਰਾਲਾ ਕੀਤਾ ਹੈ। ਮੈਂ ਪੰਜਾਬ ਦੀ ਸਰਕਾਰ ਨੂੰ ਇਸ ਵਾਸਤੇ ਵਧਾਈ ਦਿੰਦਾ ਹਾਂ ਔਰ ਇਹ ਦਿਵਸ ਮਨਾਉਣ ਵਾਸਤੇ ਸਾਨੂੰ ਸਾਰਿਆਂ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਰੀਆਂ ਪਾਰਟੀਆਂ ਨੂੰ ਛੋਟੀਆਂ-ਮੋਟੀਆਂ ਗੱਲਾਂ ਤੋਂ ਉਪਰ ਉਠ ਕੇ ਅਤੇ ਇਨਸਾਨੀਅਤ ਦੀ ਸੋਚ ਲੈ ਕੇ ਅੱਗੇ ਆਉਣਾ ਚਾਹੀਦਾ ਹੈ। ਅਸੀਂ ਵੇਖਿਆ ਹੈ ਕਿ ਪਿਛਲੇ ਪੰਜਾਹ ਸਾਲਾਂ ਦੌਰਾਨ ਭ੍ਰਿਸ਼ਟਾਚਾਰ ਬਹੁਤ ਵਧਿਆ ਹੈ, ਜਾਤ-ਪਾਤ ਦੇ ਨਾਅਰੇ ਲਗਾ ਕੇ ਦੇਸ਼ ਵਿਚ ਵੋਟਾਂ ਬਟੋਰੀਆਂ ਗਈਆਂ ਔਰ ਹੋਰ ਕਈ ਮਸਲੇ ਦੇਸ਼ ਦੇ ਸਾਹਮਣੇ ਆਏ। ਇਨ੍ਹਾਂ ਸਾਰਿਆਂ ਨੂੰ ਦੂਰ ਕਰਨ ਦੀ ਲੋੜ ਹੈ। ਨਸ਼ਿਆਂ ਦੀ ਲਾਹਨਤ ਨੂੰ ਵੀ ਦੂਰ ਕਰਨ ਦੀ ਲੋੜ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਖਾਲਸਾ ਸਾਜਣਾ ਦਿਵਸ ਮਨਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਦੇਸ਼ ਦੇ ਨੌਜਵਾਨ ਖਾਸ ਕਰਕੇ ਪੰਜਾਬ ਦੇ ਨੌਜਵਾਨ ਨਸ਼ਿਆਂ ਵਾਲੇ ਪਾਸੇ ਚਲੇ ਗਏ ਹਨ। ਸਾਹਮਣੇ ਬੈਠੇ ਵੀਰਾਂ ਨੇ ਆਪਣੇ ਸਮੇਂ ਵਿਚ ਕੁਝ ਨਹੀਂ ਕੀਤਾ। ਨੌਜਵਾਨਾਂ ਉਤੇ ਪੰਜਾਬ ਨੂੰ ਬਹੁਤ ਆਸਾਂ ਹਨ। ਇਸ ਕਰਕੇ ਸਾਨੂੰ ਕੋਈ ਉਪਰਾਲਾ ਕਰਨਾ ਚਾਹੀਦਾ ਹੈ। ਜਾਤ-ਪਾਤ ਦਾ ਬੋਲਬਾਲਾ ਵੀ ਬਹੁਤ ਵਧਿਆ ਹੈ। ਇਸ ਕਰਕੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੂਰ ਕਰਨ ਵਾਸਤੇ ਖਾਲਸਾ ਸਾਜਣਾ ਦਿਵਸ ਮਨਾਉਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਸਮਾਜ ਵਿਚ ਹੋਰ ਵੀ ਕਈ ਬੁਰਾਈਆਂ ਆ ਰਹੀਆਂ ਹਨ। ਕਈ ਮਾੜੀਆਂ ਸੋਚਾਂ ਆ ਰਹੀਆਂ ਹਨ। ਇਨ੍ਹਾਂ ਨੂੰ ਦੂਰ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਗਰੀਬਾਂ ਦਾ ਸ਼ੋਸ਼ਣ ਹੋ ਰਿਹਾ ਹੈ, ਇਹ ਦੂਰ ਕਰਨਾ ਚਾਹੀਦਾ ਹੈ। ਜਿਹੜਾ ਖਿਤਾਬ 'ਰੰਘਰੇਟੇ ਗੁਰੂ ਕੇ ਬੇਟੇ' ਦਾ ਦਿੱਤਾ ਗਿਆ ਸੀ, ਅੱਜ ਵੀ ਉਨ੍ਹਾਂ ਦੀ ਉਹੀ ਹਾਲਤ ਹੈ ਔਰ 50 ਸਾਲ ਬੀਤ ਜਾਣ ਦੇ ਬਾਵਜੂਦ ਵੀ ਜਦੋਂ ਦਾ ਹਿੰਦੁਸਤਾਨ ਆਜ਼ਾਦ ਹੋਇਆ ਹੈ. ਉਨ੍ਹਾਂ ਦੇ ਨਾਂ ਤੇ ਨਾਅਰੇ ਲਾਏ ਗਏ, ਵੋਟਾਂ ਲਈਆਂ ਗਈਆਂ ਔਰ ਉਨ੍ਹਾਂ ਦੀਆਂ ਭਲਾਈ ਸਕੀਮਾਂ ਵੀ ਵਧ ਗਈਆਂ ਪਰ ਉਹ ਸਾਰੀਆਂ ਕਾਗਜ਼ਾਂ ਵਿਚ ਹੀ ਵਧੀਆਂ। ਗੁਰੂ ਗੋਬਿੰਦ ਸਿੰਘ ਦੀ ਸੋਚ ਦੇ ਉਲਟ ਸਕੀਮਾਂ ਹੋਈਆਂ। ਇਨ੍ਹਾਂ ਸਾਰੀਆਂ ਗੱਲਾਂ ਨੂੰ ਦੂਰ ਕਰਨ ਵਾਸਤੇ ਅਤੇ ਇਨ੍ਹਾਂ ਪਛੜੇ ਵਰਗਾਂ ਨੂੰ ਅੱਗੇ ਲਿਜਾਣ ਵਾਸਤੇ ਅੱਜ ਅਸੀਂ 300 ਸਾਲਾ ਦਿਵਸ ਮਨਾ ਰਹੇ ਹਾਂ ਜਾਂ ਪ੍ਰਬੰਧ ਕਰ ਰਹੇ ਹਾਂ। ਮੈਂ ਇਹ ਵੀ ਕਹਾਂਗਾ ਕਿ ਉਨ੍ਹਾਂ ਨੂੰ ਬਰਾਬਰ ਲਿਆਉਣ ਵਾਸਤੇ, ਉਪਰ ਲਿਆਉਣ ਵਾਸਤੇ ਉਪਰਾਲੇ ਜਿਹੜੇ ਕੀਤੇ ਜਾ ਰਹੇ ਹਨ, ਉਸ ਦੇ ਵਿੱਚ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ ਔਰ ਉਸ ਦੇ ਵਿੱਚ ਸਾਰੀਆਂ ਛੋਟੀਆਂ ਮੋਟੀਆਂ ਗੱਲਾਂ ਤੋਂ ਉਤਾਂਹ ਉਠਣ ਦੇ ਉਪਰਾਲੇ ਸਾਨੂੰ ਸਾਰਿਆਂ ਨੂੰ ਇਕ ਦੂਜੇ ਨੂੰ ਨਾਲ ਲੈ ਕੇ ਕਰਨੇ ਚਾਹੀਦੇ ਹਨ। ਉਨ੍ਹਾਂ ਦੀ ਪਿਛਲੇ 50 ਸਾਲਾਂ ਵਿੱਚ ਜਿਹੜੀ ਮਾੜੀ ਹਾਲਤ ਹੈ, ਉਹ ਇਨ੍ਹਾਂ ਨੇ ਕੀਤੀ। ਮੈਂ ਕਹਿਣਾ ਚਾਹਾਂਗਾ, ਸਾਡੇ ਇਹ ਜ਼ਿੰਮੇਵਾਰ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਭਾਵੇਂ ਮੰਨਣ ਜਾਂ ਨਾ ਮੰਨਣ, ਪਰ ਪਿਛਲੇ 50 ਸਾਲਾਂ ਦੇ ਵਿੱਚ ਜਿਹੜੀ ਭਾਰਤ ਦੀ ਅੱਜ ਹਾਲਤ ਹੋਈ ਹੈ, ਇਹ ਇਨ੍ਹਾਂ ਨੇ ਕੀਤੀ ਹੈ। ਇਹ ਸੂਬਿਆਂ ਦੀ ਆਰਥਿਕ ਹਾਲਤ ਦੀ ਗੱਲ ਕਰਦੇ ਹਨ ਪਰ ਜੇ ਇਹ ਸੂਬਿਆਂ ਨੂੰ ਵੀ ਆਪਣੇ ਨਾਲ ਲੈ ਕੇ ਚਲਦੇ ਤਾਂ ਫਿਰ ਇਹ ਸਭ ਗੱਲਾਂ ਸਾਡੇ ਸਾਹਮਣੇ ਨਾ ਆਉਂਦੀਆਂ। ਅੱਜ ਮਜ਼ਦੂਰ ਦੁਖੀ ਹੋ ਰਿਹਾ ਹੈ, ਕਿਸਾਨ ਦੁਖੀ ਹੋ ਰਿਹਾ ਹੈ।

ਇਥੇ ਮਾਸਟਰਾਂ ਦੀ ਗੱਲ ਕੀਤੀ ਗਈ ਹੈ ਕਿ ਉਹ ਬੇਰੁਜ਼ਗਾਰ ਹੋ ਗਏ ਹਨ। ਉਹ ਵੀ ਇਨ੍ਹਾਂ ਨੂੰ ਪੁੱਛਿਆ ਜਾਵੇ ਕਿ ਇਨ੍ਹਾਂ ਮਾਸਟਰਾਂ ਦੀ ਜੋ ਹਾਲਤ ਆਤਮ ਹੱਤਿਆ ਕਰ ਜਾਣ ਵਰਗੀ ਕਰ ਦਿੱਤੀ ਹੈ, ਉਸ ਦੇ ਲਈ ਕੌਣ ਜ਼ਿੰਮੇਵਾਰ ਹੈ। ਉਹ ਇਨ੍ਹਾਂ ਵੀਰਾਂ ਦੀ ਹੀ ਦੇਣ ਹੈ। ਸਾਡੀ ਸਰਕਾਰ ਨੇ ਪਿੱਛੇ ਇਕ ਨੋਟੀਫਿਕੇਸ਼ਨ ਵੀ ਜਾਰੀ ਕੀਤੀ ਸੀ ਪਰ ਮਾਨਯੋਗ ਹਾਈ ਕੋਰਟ ਨੇ ਉਸ ਨੂੰ ਰੱਦ ਕਰ ਦਿੱਤਾ। ਅਸੀਂ ਤਾਂ ਉਨ੍ਹਾਂ ਨਾਲ ਹਮਦਰਦੀ ਰੱਖਦੇ ਹਾਂ, ਉਹ ਸਾਡੇ ਵਿਚੋਂ ਹੀ ਹਨ। ਅੱਜ ਉਹ ਸਾਰੇ ਦੇ ਸਾਰੇ ਸਰਕਾਰ ਦਾ ਘਿਰਾਓ ਕਰ ਰਹੇ ਹਨ, ਪਰ ਮੈਂ ਉਨ੍ਹਾਂ ਨੂੰ ਕਹਿਣਾ ਚਾਹਾਂਗਾ ਕਿ ਘਿਰਾਓ ਉਨ੍ਹਾਂ ਵੀਰਾਂ ਦਾ ਕਰੋ ਜਿਨ੍ਹਾਂ ਨੇ ਤੁਹਾਡੇ ਤੋਂ ਪੈਸੇ ਲਏ ਅਤੇ ਤੁਹਾਡੀ ਆਰਥਿਕ ਹਾਲਤ, ਤੁਹਾਡੀ ਮੰਦਹਾਲੀ ਇਸ ਤਰ੍ਹਾਂ ਕਰ ਦਿੱਤੀ ਔਰ ਅੱਜ ਉਹ ਤੁਹਾਡੇ ਨਾਲ ਹਮਦਰਦੀ ਦਿਖਾ ਰਹੇ ਹਨ। ਸਰਕਾਰ ਤਾਂ ਫਿਰ ਵੀ ਉਨ੍ਹਾਂ ਨਾਲ ਹਮਦਰਦੀ ਰੱਖਦੀ ਹੈ। ਮੈਂ ਇਨ੍ਹਾਂ ਵੀਰਾਂ ਤੋਂ ਪੁੱਛਣਾ ਚਾਹਾਂਗਾ ਕਿ ਤੁਸੀਂ ਉਦੋਂ ਤਾਂ ਵਾਕ ਆਊਟ ਕੀਤਾ ਨਹੀਂ ਜਦੋਂ ਪੈਸੇ ਲੈ ਕੇ ਉਨ੍ਹਾਂ ਦੀਆਂ ਨਿਯੁਕਤੀਆਂ ਕੀਤੀਆਂ ਸਨ ਔਰ ਜਿਹੜੀ ਕੈਪਟਨ ਸਾਹਿਬ ਨੇ ਕਮੇਟੀ ਬਣਾਈ ਹੈ, ਮੈਂ ਉਸ ਦੇ ਨਾਲ ਵੀ ਸਹਿਮਤ ਹਾਂ। ਪਹਿਲਾਂ ਆਪਾਂ ਕਹਿੰਦੇ ਹੁੰਦੇ ਸੀ ਕਿ ਜਿਹੜੇ ਦੋਸ਼ੀ ਪਾਏ ਜਾਣਗੇ, ਉਨ੍ਹਾਂ ਦੇ ਪੌਂਚੇ ਚੁਕਾ ਦੇਵਾਂਗੇ ਪਰ ਕਿਸੇ ਦੇ ਚੁਕਾਏ ਤਾਂ ਨਹੀਂ। ਹੁਣ ਮੈਂ ਬੇਨਤੀ ਕਰਾਂਗਾ ਕਿ ਜਿਹੜੀ ਕਮੇਟੀ ਬਣਾਈ ਹੈ, ਉਸ ਦੇ ਵਿਚ ਮੈਂਬਰ ਇਸ ਤਰ੍ਹਾਂ ਦੇ ਹੋਣ ਜਿਹੜੇ ਬਹੁਤ ਵਧੀਆ ਤਰੀਕੇ ਨਾਲ ਇਨਕੁਆਇਰੀ ਕਰਨ। ਜਿਹੜਾ ਦੋਸ਼ੀ ਪਾਇਆ ਜਾਵੇ ਚਾਹੇ ਉਹ ਕੋਈ ਵੀ ਹੋਵੇ, ਉਹ ਲੋਕਾਂ ਦੇ ਸਾਹਮਣੇ ਆਵੇ। ਪਿਕਚਰ ਲੋਕਾਂ ਦੇ ਸਾਹਮਣੇ ਆਵੇ। ਅੱਜ ਇਹ ਪੜ੍ਹੇ ਲਿਖੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਬੁੱਧੀਜੀਵੀਆਂ ਨੂੰ ਗੁੰਮਰਾਹ ਕਰ ਰਹੇ ਹਨ ਔਰ ਕਮੇਟੀ ਜਿਹੜੀ ਹੈ, ਉਹ ਆਪਣੀ ਰਿਪੋਰਟ ਦੇਵੇ ਤਾਂ ਕਿ ਉਸ ਨਾਲ ਸਹੀ ਤੱਥ ਸਾਹਮਣੇ ਆ ਜਾਣ।

ਇਸੇ ਤਰ੍ਹਾਂ ਥੀਨ ਡੈਮ ਦੀ ਗੱਲ ਚੱਲੀ ਹੈ। ਜਦੋਂ ਨੀਂਹ ਪੱਥਰ ਰੱਖਿਆ ਗਿਆ

*1.03 ਵਜੇ ਬਾਅਦ ਦੁਪਹਿਰ	(ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸੀ ਤਾਂ ਪਿਛਲੀ ਸਰਕਾਰ ਨੇ ਉਸ ਵੱਲ ਧਿਆਨ ਨਹੀਂ ਦਿੱਤਾ ਸੀ। ਅੱਜ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਦੋ ਸਾਲ ਤੋਂ ਕੁਨੈਕਸ਼ਨ ਨਹੀਂ ਮਿਲਿਆ, ਉਹ ਤਾਂ ਹੀ ਮਿਲਦਾ ਜੇ ਬਿਜਲੀ ਉਤਪਾਦਨ ਵੱਲ ਧਿਆਨ ਦਿੱਤਾ ਗਿਆ ਹੁੰਦਾ। ਇਸ ਡੈਮ ਨੂੰ 20

ਸਾਲ ਪਹਿਲਾਂ ਚੱਲਣਾ ਚਾਹੀਦਾ ਸੀ । ਹੁਣ ਉਸ ਦਾ ਸਾਰੇ ਦਾ ਸਾਰਾ ਸਿਹਰਾ ਸਰਦਾਰ ਬਾਦਲ ਦੇ ਸਿਰ ਜਾਣਾ ਹੈ ਜਿਨ੍ਹਾਂ ਨੇ ਪਹਿਲ ਦੇ ਆਧਾਰ ਤੇ ਥੀਨ ਡੈਮ ਚਾਲੂ ਕੀਤਾ ਹੈ । ਉਸ ਦੇ ਚਾਲੂ ਹੋਣ ਨਾਲ ਕਿਸਾਨਾਂ ਦੀ ਮੰਗ ਪੂਰੀ ਹੋ ਜਾਵੇਗੀ । ਜੇਕਰ ਇਹ ਥੀਨ ਡੈਮ ਪਹਿਲਾਂ ਚਾਲੂ ਹੋ ਜਾਂਦਾ ਤਾਂ ਅੱਜ ਜਿਹੜੀ ਪੰਜਾਬ ਦੀ ਆਰਥਿਕ ਹਾਲਤ ਹੈ, ਪੰਜਾਬ ਦੀ ਕਿਰਸਾਨੀ ਦੀ ਹਾਲਤ ਹੈ, ਉਹ ਇਸ ਤੋਂ ਬਿਹਤਰ ਹੋਣੀ ਸੀ । ਪੰਜਾਬ ਦੇ ਮਜ਼ਦੂਰਾਂ ਦੀ ਹਾਲਤ ਵਧੀਆ ਹੋਣੀ ਸੀ । ਇਸ ਕਰਕੇ ਇਹੋ ਜਿਹੇ ਜਿਹੜੇ ਪ੍ਰੋਜੈਕਟ ਸਨ, ਉਨ੍ਹਾਂ ਵੱਲ ਸਰਦਾਰ ਬਾਦਲ ਨੇ ਧਿਆਨ ਦਿੱਤਾ । ਜੇ ਇਹ ਪਹਿਲਾਂ ਦਿੱਤਾ ਜਾਂਦਾ ਤਾਂ ਅੱਜ ਜੋ ਸਾਡੀ ਪੰਜਾਬ ਦੀ ਮਾੜੀ ਹਾਲਤ ਹੈ, ਇਹ ਨਾ ਹੁੰਦੀ ।

ਇਸ ਦੇ ਨਾਲ ਹੀ ਵੈਲਫੇਅਰ ਸਕੀਮਾਂ ਹਨ ਜਿਹੜੀਆਂ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਆਈਆਂ ਹਨ । ਇਹ ਬਹੁਤ ਵਧੀਆ ਤਰੀਕੇ ਨਾਲ ਸਕੀਮਾਂ ਆਈਆਂ ਹਨ । ਐਤਕੀਂ ਬਜਟ ਵਿੱਚ ਵੀ 70 ਕਰੋੜ ਰੁਪਿਆ ਐਲੋਕੇਟ ਕੀਤਾ ਗਿਆ ਹੈ ਔਰ ਇਹ ਬਹੁਤ ਵਧੀਆ ਸਕੀਮਾਂ ਹਨ ਜਿਵੇਂ ਕਿ ਪੈਨਸ਼ਨ ਦੀ ਸਕੀਮ, ਸ਼ਗਨ ਦੀ ਸਕੀਮ ਜਾਂ ਮਕਾਨਾਂ ਦੀ ਸਕੀਮ । ਇਨ੍ਹਾਂ ਸਕੀਮਾਂ ਦਾ ਭਾਸ਼ਣ ਦੇ ਵਿੱਚ ਜ਼ਿਕਰ ਹੈ ਔਰ ਮੈਂ ਇਸ ਦੀ ਸ਼ਲਾਘਾ ਵੀ ਕਰਾਂਗਾ ਪਰ ਫਿਰ ਵੀ ਮੈਂ ਕਹਾਂਗਾ ਕਿ ਇਹ ਬਜਟ ਕਾਫੀ ਨਹੀਂ ਹੋਵੇਗਾ । 28.31 ਪ੍ਰਤੀਸ਼ਤ ਗਿਣਤੀ ਇਨ੍ਹਾਂ ਪਛੜੇ ਲੋਕਾਂ ਦੀ ਹੈ, ਇਸ ਲਈ ਇਸ ਬਜਟ ਨੂੰ ਹੋਰ ਵੀ ਵਧਾਉਣ ਵਾਸਤੇ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਹੋਰ ਵੀ ਵਧਾਇਆ ਜਾਵੇ । ਇਹ ਬੜਾ ਵਧੀਆ ਉਪਰਾਲਾ ਕੀਤਾ ਹੈ । ਪਿਛਲੀ ਸਰਕਾਰ ਨੇ ਏਨਾ ਵੀ ਬਜਟ ਨਹੀਂ ਰੱਖਿਆ ਸੀ । ਇਹ ਸਾਡੀ ਸਰਕਾਰ ਨੇ ਆਪਣੇ ਦੋ ਸਾਲਾਂ ਦੇ ਵਿੱਚ ਇੰਨਾ ਵਾਧਾ ਕੀਤਾ ਹੈ । ਮੈਂ ਇਹ ਕਹਿਣਾ ਚਾਹਾਂਗਾ ਕਿ ਇਸ ਵਾਧੇ ਦੇ ਬਾਵਜੂਦ ਆਪਾਂ ਇਸ ਦੇ ਵਿਚ ਹੋਰ ਵਾਧਾ ਕਰੀਏ । ਉਨ੍ਹਾਂ ਦੀ ਬਿਹਤਰੀ, ਉਨ੍ਹਾਂ ਦੀ ਭਲਾਈ ਅਤੇ ਉਨ੍ਹਾਂ ਦੀ ਐਜੂਕੇਸ਼ਨ ਵਗੈਰਾ ਵਾਸਤੇ ਹੋਰ ਵੀ ਬਹੁਤ ਕੁਝ ਕਰਨ ਵਾਲਾ ਹੈ । ਇਨ੍ਹਾਂ ਦੀ ਭਲਾਈ ਲਈ ਆਪਾਂ ਹੋਰ ਬਜਟ ਰੱਖੀਏ ਤਾਂ ਜੋ ਇਹ ਜੋ ਗਰੀਬ ਲੋਕ ਪਿਛਲੇ 50 ਸਾਲਾਂ ਤੋਂ ਲਾਵਾਰਿਸਾਂ ਦੀ ਤਰ੍ਹਾਂ ਰਹਿ ਰਹੇ ਸਨ, ਉਨ੍ਹਾਂ ਦਾ ਸੁਧਾਰ ਹੋ ਸਕੇ । ਪਿਛਲੀਆਂ ਸਰਕਾਰਾਂ ਆਪਣਾ ਰਾਜ ਭਾਗ ਚਲਾਉਂਦੀਆਂ ਰਹੀਆਂ ਪਰ ਉਨ੍ਹਾਂ ਨੇ ਗਰੀਬਾਂ ਦੀ ਭਲਾਈ ਲਈ ਕੁਝ ਨਹੀਂ ਕੀਤਾ । ਜੇਕਰ ਉਨ੍ਹਾਂ ਨੇ ਪਹਿਲਾਂ ਧਿਆਨ ਦਿੱਤਾ ਹੁੰਦਾ ਤਾਂ ਅੱਜ ਇਹ ਪ੍ਰਾਬਲਮ ਨਹੀਂ ਸੀ ਆਉਣੀ । ਸਰਦਾਰ ਬਾਦਲ ਨੇ ਗਰੀਬਾਂ ਦੀਆਂ ਬੇਟੀਆਂ ਜੋ ਜਵਾਨ ਹੋ ਜਾਂਦੀਆਂ ਹਨ, ਦੇ ਵਿਆਹ ਦੇ ਮੌਕੇ ਦੇ ਉਤੇ 'ਸ਼ਗਨ ਸਕੀਮ' ਸ਼ੁਰੂ ਕੀਤੀ ਹੈ । ਮੇਰਾ ਖਿਆਲ ਹੈ ਕਿ ਇਹ ਪਹਿਲਾ ਲੀਡਰ ਹੈ ਜਿਸ ਨੇ ਇਸ ਤਰ੍ਹਾਂ ਦੀ ਸਕੀਮ ਚਾਲੂ ਕੀਤੀ ਹੈ । ਇਸੇ ਤਰ੍ਹਾਂ ਬੱਚੇ ਦੇ ਜਨਮ ਵੇਲੇ ਦੀ ਸਕੀਮ ਜੋ ਇਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਹੈ, ਬਹੁਤ ਵਧੀਆ ਹੈ, ਪੰਜ ਸੌ ਰੁਪਏ ਨਕਦ ਦਿੱਤੇ ਜਾਂਦੇ ਹਨ ਔਰ 4,500 ਰੁਪਏ ਉਸ ਦੇ ਨਾਮ ਦੇ ਉਤੇ ਜਮ੍ਹਾਂ ਹੁੰਦੇ ਹਨ । ਇਹ ਸਕੀਮ ਵੀ ਸਾਡੀ ਸਰਕਾਰ ਵੱਲੋਂ ਹੀ ਸ਼ੁਰੂ ਕੀਤੀ ਗਈ ਹੈ । ਮਕਾਨ ਬਣਾਉਣ ਦੀ ਸਕੀਮ ਹੈ ਕਿ 50-50 ਹਜ਼ਾਰ ਰੁਪਏ ਖਰਚ ਕਰਕੇ ਗਰੀਬਾਂ ਨੂੰ ਇਕ ਪਿੰਡ ਦੇ ਵਿਚ 25-30 ਮਕਾਨ ਬਣਾ ਕੇ ਦੇਣੇ ਹਨ । ਇਹ ਵੀ ਬੜਾ ਚੰਗਾ ਉਪਰਾਲਾ ਕੀਤਾ ਗਿਆ ਹੈ । ਇਸੇ ਤਰ੍ਹਾਂ ਪੈਨਸ਼ਨਾਂ ਦਾ ਜ਼ਿਕਰ ਕੀਤਾ ਹੈ । ਪੈਨਸ਼ਨਾਂ ਦਾ ਜੇਕਰ ਲੇਖਾ ਜੋਖਾ ਕਰੀਏ ਤਾਂ ਅਸਲੀਅਤ ਪਤਾ ਲੱਗਦਾ ਹੈ । ਪਿਛਲੇ ਦੋ ਸਾਲਾਂ ਦੇ ਵਿੱਚ ਢਾਈ ਲੱਖ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਲੋਕਾਂ ਨੂੰ ਪੈਨਸ਼ਨ ਦਿੱਤੀ ਗਈ ਹੈ । ਪਿਛਲੇ ਸਮੇਂ ਵਿਚ ਤਾਂ ਸਾਰੇ ਦੇ ਸਾਰੇ ਪੈਸੇ ਇਹ ਕਾਂਗਰਸੀ ਆਪ ਹੀ ਛੱਕ ਜਾਂਦੇ ਸਨ, ਫਿਰ ਪੈਨਸ਼ਨ ਗਰੀਬਾਂ ਨੂੰ ਕਿਸ ਤਰ੍ਹਾਂ ਮਿਲਣੀ ਸੀ । ਇਨ੍ਹਾਂ ਦੇ ਵੇਲੇ ਅਫਸਰਾਂ ਨੂੰ ਸ਼ਹਿਰਾਂ ਦੇ ਵਿਚ ਲੱਭਣਾ ਪੈਂਦਾ ਸੀ ਪਰ ਹੁਣ ਸਰਦਾਰ ਬਾਦਲ ਨੇ ਹਦਾਇਤਾਂ ਕੀਤੀਆਂ ਹਨ ਕਿਉਂਕਿ ਲੋਕਾਂ ਨੂੰ ਬਹੁਤ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਲਈ ਸਰਕਾਰ ਨੇ ਸਾਰੇ ਅਫਸਰਾਂ ਨੂੰ ਪਿੰਡਾਂ ਦੇ ਵਿੱਚ ਭੇਜਿਆ ਹੈ ਅੌਰ ਪਿੰਡਾਂ ਦੇ ਵਿੱਚ ਜਾ ਕੇ ਪੈਨਸ਼ਨਾਂ ਲਗਾਈਆਂ ਹਨ । ਇਹ ਟੀਚਾ ਹਾਲੇ ਪੂਰਾ ਨਹੀਂ ਹੋਇਆ ਪਰ ਪੂਰਾ ਜ਼ਰੂਰ ਹੋ ਜਾਵੇਗਾ । ਇਹ ਵਧੀਆ ਸਕੀਮ ਹੈ । ਪਹਿਲਾਂ ਅਫਸਰਾਂ ਨੂੰ ਸ਼ਹਿਰਾਂ ਦੇ ਵਿੱਚ ਲੱਭਣਾ ਪੈਂਦਾ ਸੀ ਪਰ ਹੁਣ ਬਾਦਲ ਸਾਹਿਬ ਨੇ ਹਦਾਇਤ ਕਰ ਦਿੱਤੀ ਹੈ ਕਿ ਹਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਹਫਤੇ ਦੇ ਵਿਚ ਹਰ ਸਨਿਚਰਵਾਰ ਅਤੇ ਐਤਵਾਰ ਨੂੰ ਸਾਰਾ ਆਪਣਾ ਅਮਲਾ-ਫੈਲਾ ਲੈਕੇ ਪਿੰਡਾਂ ਵਿਚ ਜਾਵੇਗਾ ਅਤੇ ਜਿਨ੍ਹਾਂ ਲੋਕਾਂ ਨੂੰ ਦੁੱਖ ਤਕਲੀਫਾਂ ਹਨ ਚਾਹੇ ਉਹ ਕਿਸਾਨ ਹਨ ਜਾਂ ਖੇਤ ਮਜ਼ਦੂਰ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਦਾ ਮੌਕੇ ਦੇ ਉਤੇ ਹੀ ਨਿਪਟਾਰਾ ਕੀਤਾ ਜਾਵੇਗਾ । ਇਹ ਬਾਦਲ ਸਾਹਿਬ ਦੀ ਬੜੀ ਵਧੀਆ ਸੋਚ ਹੈ, ਅੱਗੇ ਲਿਜਾਉਣ ਵਾਲੀ ਸੋਚ ਹੈ । ਪਹਿਲਾਂ ਲੋਕ ਅਫਸਰਾਂ ਨੂੰ ਸ਼ਹਿਰਾਂ/ਦਫਤਰਾਂ ਵਿਚ ਲਭਦੇ ਸਨ ਤੇ ਉਹ ਗਰੀਬਾਂ ਦੀ ਗੱਲ ਨਹੀਂ ਸੀ ਪੁੱਛਦੇ ਪਰ ਅੱਜ ਉਹ ਖੁਦ ਉਥੇ ਜਾ ਕੇ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਹਨ । ਮੇਰੇ ਵੀਰ ਕਹਿੰਦੇ ਹਨ ਕਿ ਕਿਸੇ ਨੂੰ ਪੈਨਸ਼ਨ ਨਹੀਂ ਲੱਗੀ । ਜ਼ਰਾ ਤੁਸੀਂ ਆਪਣੀ ਜ਼ਮੀਰ ਵਿਚ ਝਾਤੀ ਮਾਰ ਕੇ ਤਾਂ ਦੇਖੋ ਜੇਕਰ ਪਿਛਲੇ 50 ਸਾਲਾਂ ਦਾ ਅਤੇ ਹੁਣ ਦੇ ਦੋ ਸਾਲਾਂ ਦਾ ਮੁਕਾਬਲਾ ਕਰ ਲਈਏ ਤਾਂ ਇਸ ਤੋਂ ਪਤਾ ਲੱਗ ਜਾਵੇਗਾ ਕਿ ਪਿੱਛੇ ਕੀ ਹੋਇਆ ਹੈ ਤੇ ਹੁਣ ਦੋ ਸਾਲਾਂ ਵਿਚ ਕੀ ਕੁਝ ਹੋਇਆ ਹੈ ? ਇਨ੍ਹਾਂ ਵੱਲੋਂ ਤਾਂ ਇਥੋਂ ਪੈਸਾ ਲੈ ਕੇ ਵਿਦੇਸ਼ਾਂ ਵਿਚ ਰੱਖਿਆ ਗਿਆ । ਜੇਕਰ ਉਹ ਪੈਸਾ ਅੱਜ ਪੰਜਾਬ ਦੇ ਵਿਕਾਸ ਦੇ ਕੰਮਾਂ ਦੇ ਉਤੇ, ਹਿੰਦਸਤਾਨ ਦੇ ਵਿਕਾਸ ਦੇ ਕੰਮਾਂ ਦੇ ਉਤੇ ਖਰਚਿਆ ਜਾਂਦਾ ਤਾਂ ਅੱਜ ਹਾਲਤ ਹੋਰ ਹੀ ਹੋਣੀ ਸੀ । ਇਨ੍ਹਾਂ ਵੱਲੋਂ ਇਧਰੋਂ ਪੈਸਿਆਂ ਦੇ ਥੈਲੇ ਭਰ ਭਰ ਕੇ ਵਿਦੇਸ਼ਾਂ ਦੇ ਵਿਚ ਗੁਪਤ ਖਾਤਿਆਂ ਵਿਚ ਰੱਖੇ ਗਏ । ਦੋ ਪ੍ਰਧਾਨ ਮੰਤਰੀ ਸ੍ਰੀ ਗੁਜਰਾਲ ਜੀ ਅਤੇ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਹੀ ਹਨ ਜਿਨ੍ਹਾਂ ਨੇ ਪੰਜਾਬ ਦਾ ਮੋਹ ਕੀਤਾ ਹੈ । ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਪੰਜਾਬ ਵੱਲ ਧਿਆਨ ਹੀ ਨਹੀਂ ਦਿੱਤਾ । ਇਨ੍ਹਾਂ ਦੇ ਵੇਲੇ ਪੰਜਾਬ ਕਿਸੇ ਏਜੰਡੇ ਦੇ ਉਤੇ ਹੈ ਹੀ ਨਹੀਂ ਸੀ । ਹੁਣ ਪੰਜਾਬ ਦੇ ਵਿਚ ਕਿੰਨੇ ਹੀ ਪ੍ਰਾਜੈਕਟ ਲਿਆਂਦੇ ਗਏ ਹਨ ਜਿਵੇਂ ਕਿ ਤੇਲ ਸੋਧਕ ਕਾਰਖਾਨਾ ਜਿਹੜਾ ਕਿ ਸ੍ਰੀ ਵਾਜਪਾਈ ਜੀ ਵੱਲੋਂ ਪੰਜਾਬ ਨੂੰ ਦਿੱਤਾ ਗਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ । ਇਸ ਦੇ ਉਤੇ 16 ਹਜ਼ਾਰ ਕਰੋੜ ਰੁਪਿਆ ਖਰਚਾ ਆਉਣਾ ਹੈ ਅੌਰ ਇਸ ਦੇ ਚੱਲਣ ਨਾਲ 40-50 ਹਜ਼ਾਰ ਪੰਜਾਬ ਦੇ ਜੋ ਬੇਰੁਜ਼ਗਾਰ ਨੌਜਵਾਨ ਹਨ, ਉਨ੍ਹਾਂ ਨੂੰ ਰੁਜ਼ਗਾਰ ਮਿਲਣਾ ਹੈ ਅੌਰ ਪੰਜਾਬ ਦੀ ਆਮਦਨ ਵਿਚ ਤਕਰੀਬਨ 7 ਸੌ ਕਰੋੜ ਰੁਪਏ ਸਲਾਨਾ ਦਾ ਵਾਧਾ ਹੋਣਾ ਹੈ । ਇਸ ਦੇ ਨਾਲ ਪੰਜਾਬ ਦੇ ਵਿਕਾਸ ਦੇ ਕੰਮ ਹੋਣੇ ਹਨ, ਪੰਜਾਬ ਦੀ ਹਾਲਤ ਸੁਧਰਨੀ ਹੈ ਅਤੇ ਇਹ ਸਾਰਾ ਸਿਹਰਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਦਾ ਹੈ । ਜੇਕਰ ਇਹੋ ਜਿਹੇ ਵੱਡੇ ਪ੍ਰਾਜੈਕਟ ਪਹਿਲਾਂ ਲਿਆਂਦੇ ਹੁੰਦੇ ਅਤੇ ਪੰਜਾਬ ਵੱਲ ਧਿਆਨ ਪਹਿਲਾਂ ਦਿੱਤਾ ਹੁੰਦਾ ਤਾਂ ਅੱਜ

ਪੰਜਾਬ ਇਕ ਨੰਬਰ ਤੇ ਹੋਣਾ ਸੀ ਅਤੇ ਅੱਜ ਬੇਰੁਜ਼ਗਾਰੀ ਦੀ ਸਮੱਸਿਆ ਪੈਦਾ ਨਹੀਂ ਸੀ ਹੋਣੀ, ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਨਹੀਂ ਸੀ ਹੋਣੀਆਂ ਅਤੇ ਮਜ਼ਦੂਰਾਂ ਦੀ ਹਾਲਤ ਇਤਨੀ ਪਤਲੀ ਨਹੀਂ ਸੀ ਹੋਣੀ। ਹੁਣ ਜਿਹੜੇ ਪ੍ਰਾਜੈਕਟ ਆਏ ਹਨ ਉਨ੍ਹਾਂ ਦੇ ਵਿਚ ਇਕ ਰਾਜਾ ਸਾਂਸੀ ਇੰਟਰਨੈਸ਼ਨਲ ਏਅਰ ਪੋਰਟ ਹੈ ਜੋ ਸਾਨੂੰ ਗੁਜਰਾਲ ਸਾਹਿਬ ਨੇ ਦਿੱਤਾ ਹੈ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਪੰਜਾਬ ਦੇ ਲੋਕ ਇਹ ਮੰਗ ਪਿਛਲੇ 50 ਸਾਲਾਂ ਤੋਂ ਕਰਦੇ ਆ ਰਹੇ ਸਨ। ਗੁਜਰਾਲ ਸਾਹਿਬ ਨੇ ਪੰਜਾਬ ਦੀ ਨਬਜ਼ ਪਛਾਣੀ, ਪੰਜਾਬ ਦੇ ਮਜ਼ਦੂਰ ਦੀ ਨਬਜ਼ ਪਛਾਣੀ, ਪੰਜਾਬ ਦੇ ਕਿਸਾਨ ਦੀ ਨਬਜ਼ ਪਛਾਣੀ ਅਤੇ ਕਿਹਾ ਕਿ ਪੰਜਾਬ ਦਾ ਮਜ਼ਦੂਰ, ਪੰਜਾਬ ਦਾ ਕਿਸਾਨ ਇੰਨਾ ਮਿਹਨਤੀ ਹੈ, ਫਿਰ ਕਿਉਂ ਉਸ ਦੀ ਹਾਲਤ ਇੰਨੀ ਮਾੜੀ ਹੈ। ਇਹ ਇੰਨਾ ਅਨਾਜ ਪੈਦਾ ਕਰਦੇ ਹਨ ਕਿ ਕੋਈ ਚੁੱਕਣ ਵਾਲਾ ਨਹੀਂ ਹੁੰਦਾ। ਇਸ ਵਾਸਤੇ ਪੰਜਾਬ ਵਿਚ ਇੰਟਰਨੈਸ਼ਨਲ ਏਅਰ ਪੋਰਟ ਹੋਣਾ ਚਾਹੀਦਾ ਹੈ। ਅੱਜ ਝੋਨੇ ਦੀ ਗੱਲ ਆਉਂਦੀ ਹੈ, ਕਣਕ ਦੀ ਗੱਲ ਆਉਂਦੀ ਹੈ। ਜੇ ਉਹ ਬਾਹਰਲੇ ਮੁਲਕਾਂ ਵਿਚ ਜਾਏਗੀ ਤਾਂ ਲਾਹੇਵੰਦ ਭਾਅ ਮਿਲੇਗਾ। ਸਬਜ਼ੀਆਂ ਜਾਣਗੀਆਂ, ਫਲ-ਫਰੂਟ ਜਾਵੇਗਾ। ਕਿਸਾਨ ਦੀ ਹਾਲਤ ਜੋ ਅੱਜ ਹੈ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਹ ਹੋਰ ਸੁਧਰੇਗੀ ਤੇ ਨਾਲ ਹੀ ਪੰਜਾਬ ਦਾ ਜੋ ਮਜ਼ਦੂਰ ਹੈ ਜਿਸ ਨੂੰ ਕਿ 60-70 ਰੁਪਏ ਦਿਹਾੜੀ ਮਿਲਦੀ ਹੈ ਤੇ ਕਈ ਵਾਰ ਉਹ ਵੀ ਨਹੀਂ ਮਿਲਦੀ। ਇੰਟਰਨੈਸ਼ਨਲ ਏਅਰ ਪੋਰਟ ਬਣਨ ਨਾਲ ਉਸ ਮਜ਼ਦੂਰ ਤੇ ਵੀ ਖੁਸ਼ਹਾਲੀ ਆਵੇਗੀ। ਕਿਸਾਨ ਦੀ ਹਾਲਤ ਬਿਹਤਰ ਹੋਵੇਗੀ, ਉਸ ਨੂੰ ਲਾਭ ਹੋਵੇਗਾ। ਉਥੇ ਮਜ਼ਦੂਰਾਂ ਨੂੰ ਕੰਮ ਮਿਲੇਗਾ, ਮੁਲਾਜ਼ਮਾਂ ਨੂੰ ਕੰਮ ਮਿਲੇਗਾ ਅਤੇ ਉਹ ਉਥੇ ਕੰਮ ਕਰਨਗੇ। ਅਸੀਂ ਕਿਸਾਨਾਂ ਦਾ ਭਵਿੱਖ ਵੇਖਣਾ ਹੈ। ਜੇ ਸਾਨੂੰ ਇਹ ਪਹਿਲਾਂ ਮਿਲ ਜਾਂਦਾ ਤਾਂ ਅੱਜ ਪੰਜਾਬ ਹੋਰ ਖੁਸ਼ਹਾਲ ਹੋਣਾ ਸੀ ਪਰ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਤਾਂ ਉਥੇ ਜਾਂਦੇ ਡਰਦੇ ਹਨ, ਪ੍ਰਧਾਨ ਮੰਤਰੀ ਕੋਲ ਜਾਂਦੇ ਹੀ ਨਹੀਂ ਸੀ। ਜੇ ਇਹ ਪਹਿਲਾਂ ਲੈ ਆਉਂਦੇ ਤਾਂ ਪੰਜਾਬ ਦੀ ਰੂਪ ਰੇਖਾ ਕੁਝ ਹੋਰ ਹੋਣੀ ਸੀ। ਇਥੇ ਖੁਸ਼ਹਾਲੀ ਹੋਣੀ ਸੀ। ਇਨ੍ਹਾਂ ਵੀਰਾਂ ਨੂੰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਛੋਟੀ ਛੋਟੀ ਗੱਲ ਤੇ ਵਾਕ-ਆਊਟ ਕਿਉਂ ਕੀਤੀ ਹੈ। ਸਰਦਾਰ ਬਾਦਲ ਦਾ ਰਾਜ ਪੰਜਾਬ ਵਿਚ ਰਹਿਣ ਦਿਓ, ਫੇਰ ਦੇਖਣਾ ਕਿਸੇ ਪਿੰਡ ਦੀ ਕੋਈ ਮੰਗ ਨਹੀਂ ਰਹਿ ਜਾਵੇਗੀ। 40-50 ਸਾਲ ਇਕ ਪਾਰਟੀ ਦਾ ਰਾਜ ਰਿਹਾ ਜਿਸ ਨਾਲ ਹੁਣ ਤੱਕ ਇਹ ਸਾਰੇ ਮਸਲੇ ਹੱਲ ਹੋ ਜਾਣੇ ਚਾਹੀਦੇ ਸੀ। ਹੁਣ ਤੁਸੀਂ ਤਕੜੇ ਹੋ ਕੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸਹਿਯੋਗ ਦਿਓ ਤੇ ਜੋ ਕੰਮ ਉਨ੍ਹਾਂ ਨੇ, ਪੰਜਾਬ ਸਰਕਾਰ ਨੇ ਕੀਤੇ ਹਨ, ਉਨ੍ਹਾਂ ਦੀ ਸ਼ਲਾਘਾ ਕਰੋ। ਨਿਗੂਣੀਆਂ ਗੱਲਾਂ ਤੇ ਵਾਕ-ਆਊਟ ਨਾ ਕਰੋ। ਤੁਸੀਂ ਇਹ ਇਸ ਕਰਕੇ ਕਰਦੇ ਹੋ ਤਾਂ ਕਿ ਅਖਬਾਰਾਂ ਵਿਚ ਚੰਗੀ ਸੁਰਖੀ ਵਿੱਚ ਗੱਲ ਲੱਗ ਜਾਵੇ। ਜਿਨ੍ਹਾਂ ਨੇ ਤੁਹਾਨੂੰ ਇਥੇ ਭੇਜਿਆ ਹੈ, ਤੁਸੀਂ ਉਨ੍ਹਾਂ ਲੋਕਾਂ ਨਾਲ ਵਿਸ਼ਵਾਸਘਾਤ ਕਰ ਰਹੇ ਹੋ। ਤੁਹਾਨੂੰ ਆਪਣੇ ਹਲਕੇ ਦੀਆ ਮੰਗਾਂ ਸਦਨ ਦੇ ਧਿਆਨ ਵਿੱਚ ਲਿਆਣੀਆਂ ਚਾਹੀਦੀਆਂ ਹਨ। ਤੁਸੀਂ ਆਪਣੇ ਫਰਜ਼ਾਂ ਦੀ ਕੁਤਾਹੀ ਕਰ ਰਹੇ ਹੋ।

ਇਥੇ ਸਕੂਲਾਂ ਦੀ ਗੱਲ ਆਈ ਹੈ। ਇਨ੍ਹਾਂ ਨੇ ਸਕੂਲ ਅਪਗਰੇਡ ਕਰ ਦਿੱਤੇ ਸੀ ਪਰ ਕੀ ਉਥੇ ਮਾਸਟਰ ਪੂਰੇ ਹਨ ? ਜਦੋਂ ਵੀ ਮੰਤਰੀ ਸਾਹਿਬ ਉਥੇ ਜਾਂਦੇ ਸਨ ਐਮ. ਐਲ. ਏ.

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]

ਸਾਹਿਬ ਉਥੇ ਜਾਂਦੇ ਸੀ, ਅਨਾਊਂਸਮੈਂਟ ਕਰਕੇ ਆ ਜਾਂਦੇ ਸੀ ਕਿ ਸਕੂਲ ਅਪਗਰੇਡ ਹੋ ਗਏ ਹਨ । ਮੇਰੇ ਆਪਣੇ ਅਟਾਰੀ ਹਲਕੇ ਵਿਚ ਇਕ ਪਿੰਡ ਹੈ, ਉਥੇ ਸਕੂਲ ਅਪਗਰੇਡ ਕਰ ਦਿੱਤਾ। ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਹੈ ਤਾਂ ਪੁੱਛਿਆ ਕਿ ਮਾਸਟਰ ਕਿਥੇ ਹੈ, ਮਾਸਟਰ ਤਾਂ ਹੈ ਹੀ ਨਹੀਂ ਸੀ । ਜਿਥੇ ਇਹ ਸਕੂਲ ਅਪਗਰੇਡ ਕਰਕੇ ਗਏ ਹਨ, ਉਥੇ ਸਕੂਲ ਬਿਲਡਿੰਗ ਹੀ ਨਹੀਂ ਹੈ । ਬੱਸ ਕਾਗਜ਼ਾਂ ਵਿਚ ਹੀ ਅਪਗਰੇਡ ਕੀਤਾ ਦਿਖਾਇਆ ਗਿਆ ਹੈ ਪਰ ਅਸੀਂ ਇਨ੍ਹਾਂ ਦੋ ਸਾਲਾਂ ਵਿਚ ਸਕੂਲਾਂ ਵਿਚ ਮਾਸਟਰ ਪੂਰੇ ਕੀਤੇ ਹਨ । ਜਿਥੇ ਬਿਲਡਿੰਗਾਂ ਨਹੀਂ ਸਨ, ਉਥੇ ਜਾ ਕੇ ਅੱਜ ਵੀ ਦੇਖ ਲਓ । ਬਿਲਡਿੰਗਾਂ ਬਣਾਈਆਂ ਹਨ । ਇਹ ਇਸ ਪੰਜਾਬ ਵਿਚ ਪੂਰੇ ਪੰਜਾਹ ਸਾਲਾਂ ਵਿਚ ਸੁਧਾਰ ਨਹੀਂ ਕਰ ਸਕੇ । ਗਰੀਬਾਂ ਲਈ ਧਰਮਸ਼ਾਲਾਵਾਂ ਨਹੀਂ ਬਣਾ ਸਕੇ । ਇਹ ਇੰਨਾ ਨਹੀਂ ਕਰ ਸਕੇ ਕਿ ਤੁਸੀਂ ਗਰੀਬਾਂ ਲਈ ਕੋਈ ਗੱਲ ਕਰ ਜਾਓ । ਉਨ੍ਹਾਂ ਵਾਸਤੇ ਪਿੰਡਾਂ ਵਿਚ ਧਰਮਸ਼ਾਲਾ ਇਕ ਵੀ ਨਹੀਂ ਬਣਾਈ ਗਈ । 40-45 ਸਾਲ ਵਿਚ ਗਲੀਆਂ-ਨਾਲੀਆਂ ਉਹੋ ਜਿਹੀਆਂ ਹੀ ਹਨ । ਲੋਕਾਂ ਦੇ ਮਕਾਨ ਕੱਚੇ ਹਨ, ਉਹੀ ਸਭ ਕੁਝ ਪੁਰਾਣਾ ਦੇਖਦੇ ਚਲੇ ਆ ਰਹੇ ਹਾਂ । 40-45 ਸਾਲ ਕੋਈ ਸਰਕਾਰ ਚੱਲੀ ਹੋਵੇ ਤੇ ਫੇਰ ਵੀ ਲੋਕਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ, ਗਲੀਆਂ ਨਾਲੀਆਂ ਠੀਕ ਨਾ ਕੀਤੀਆਂ ਜਾਣ, ਸਕੂਲ ਨਾ ਹੋਣ ਤਾਂ ਕਿੰਨੀ ਮਾੜੀ ਗੱਲ ਹੈ । ਤੁਸੀਂ ਹੁਣ ਵੀ ਸਕੂਲਾਂ ਵਿਚ ਜਾ ਕੇ ਦੇਖ ਲਓ, ਉਨ੍ਹਾਂ ਦੀਆਂ ਛੱਤਾਂ ਪੱਕੀਆਂ ਨਹੀਂ ਹੋਈਆ । ਕੋਈ ਸਕੂਲ ਅਪਗਰੇਡ ਨਹੀਂ ਹੋਇਆ । ਜਿਨ੍ਹਾਂ ਮਾਪਿਆਂ ਦੇ ਬੱਚਿਆਂ ਨੇ ਉਨ੍ਹਾਂ ਸਕੂਲਾਂ ਵਿੱਚ ਜਾ ਕੇ ਪੜ੍ਹਨਾ ਸੀ, ਉਨ੍ਹਾਂ ਨੂੰ ਡਰ ਹੁੰਦਾ ਸੀ ਕਿ ਕਿਤੇ ਉਹ ਛੱਤਾਂ ਉਨ੍ਹਾਂ ਉਪਰ ਨਾ ਡਿੱਗ ਪੈਣ । ਉਨ੍ਹਾਂ ਬਿਲਡਿੰਗਾਂ ਨੂੰ ਅਸੀਂ ਪੂਰਾ ਕਰਵਾ ਰਹੇ ਹਾਂ ਅਤੇ ਅਸੀਂ ਆਪਣੇ ਵਾਅਦੇ ਪੂਰੇ ਕਰ ਰਹੇ ਹਾਂ ।

ਇਥੇ ਸੜਕਾਂ ਦਾ ਜ਼ਿਕਰ ਕੀਤਾ ਗਿਆ ਹੈ । ਮੈਂ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਪਿਛਲੇ 40-45 ਸਾਲਾਂ ਦੇ ਅੰਕੜੇ ਕਢਵਾ ਕੇ ਵੇਖ ਲਵੇ ਕਿ ਕਿੰਨੀਆਂ ਸੜਕਾਂ ਦੀ ਰਿਪੇਅਰ ਇਨ੍ਹਾਂ ਦੇ 45 ਸਾਲਾਂ ਦੇ ਰਾਜ ਵਿਚ ਹੋਈ ਸੀ ਅਤੇ ਸਾਡੇ ਪਿਛਲੇ 2 ਸਾਲਾਂ ਦੇ ਰਾਜ ਦੇ ਅੰਕੜੇ ਵੀ ਕਢਵਾ ਕੇ ਵੇਖ ਲਵੇ । ਇਸ ਲੇਖੇ ਜੋਖੇ ਤੋਂ ਪਤਾ ਲੱਗ ਜਾਵੇਗਾ ਕਿ ਸਾਡੀ ਸਰਕਾਰ ਨੇ ਪਿਛਲੇ 2 ਸਾਲਾਂ ਦੇ ਸਮੇਂ ਵਿਚ ਸੜਕਾਂ ਦੀ ਰਿਪੇਅਰ ਬਹੁਤ ਜ਼ਿਆਦਾ ਕੀਤੀ ਹੈ । ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਨਾ ਚਾਹਾਂਗਾ ਕਿ ਇਨ੍ਹਾਂ ਨੇ ਮੇਰੇ ਬਾਰਡਰ ਦੇ ਇਲਾਕੇ ਵਿੱਚ ਖਾਸ ਧਿਆਨ ਦੇ ਕੇ ਉਥੋਂ ਦੇ ਲੋਕਾਂ ਦੀਆਂ ਜਿਹੜੀਆਂ ਸਮੱਸਿਆਵਾਂ ਸਨ ਉਹ ਦੂਰ ਕੀਤੀਆਂ ਹਨ । ਜਿਵੇਂ ਕੰਡਿਆਂ ਵਾਲੀ ਤਾਰ ਦੀ ਸਮੱਸਿਆ ਅਤੇ ਬਾਰਡਰ ਦੇ ਏਰੀਏ ਵਿਚ ਜ਼ਮੀਨਾਂ ਦਾ ਮੁਆਵਜ਼ਾ ਦੇਣ ਦੀ ਸਮੱਸਿਆ : ਉਥੇ ਲੋਕਾਂ ਦੀ ਮੰਗ ਸੀ ਕਿ ਸਾਨੂੰ 4,000 ਰੁਪਿਆ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ । ਕੇਂਦਰ ਦੀ ਸਰਕਾਰ ਨੇ 3,000 ਰੁਪਏ ਦੇ ਹਿਸਾਬ ਨਾਲ ਮੁਆਵਜ਼ਾ ਕਿਸਾਨਾਂ ਨੂੰ ਦੇ ਦਿੱਤਾ ਹੈ । ਸਰਕਾਰ ਵੱਲੋਂ ਉਨ੍ਹਾਂ ਕਿਸਾਨਾਂ ਨੂੰ 6 ਕਰੋੜ ਰੁਪਿਆ ਦਿੱਤਾ ਗਿਆ ਹੈ ਜਦ ਕਿ ਪਿਛਲੀਆਂ ਸਰਕਾਰਾਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ । ਬਾਰਡਰ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਸਨ, ਮਜ਼ਦੂਰਾਂ ਦੀਆਂ ਸਮੱਸਿਆਵਾਂ ਸਨ, ਕੰਡਿਆਂ ਵਾਲੀ ਤਾਰ ਦੀ ਸਮੱਸਿਆ ਸੀ, ਉਨ੍ਹਾਂ ਨੂੰ ਇਸ ਸਰਕਾਰ ਨੇ ਹੱਲ ਕੀਤਾ ਹੈ । ਇਸ ਦੇ ਲਈ ਮੈਂ ਬਾਦਲ ਸਾਹਿਬ ਦਾ ਧੰਨਵਾਦੀ

ਹਾਂ ਕਿ ਉਨ੍ਹਾਂ ਨੇ ਦਿੱਲੀ ਜਾ ਕੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੱਢਿਆ ਹੈ। ਇਸ ਬਾਰਡਰ ਤੇ ਇੰਟਰਨੈਸ਼ਨਲ ਲੈਵਲ ਤੇ ਲੋਕ ਆਉਣਗੇ। ਬਾਦਲ ਸਾਹਿਬ ਬਾਰਡਰ ਉਤੇ ਦਰਸ਼ਕ ਗੈਲਰੀ ਬਣਾਉਣ ਦਾ ਨੀਂਹ-ਪੱਥਰ ਰੱਖ ਕੇ ਆਏ ਹਨ ਤਾਂ ਕਿ ਲੋਕਾਂ ਨੂੰ ਬੈਠਣ ਲਈ ਜਗ੍ਹਾ ਮਿਲ ਸਕੇ ਜਦ ਕਿ ਪਹਿਲੇ ਲੋਕਾਂ ਨੂੰ ਕਦੇ ਉਧਰ, ਕਦੇ ਇਧਰ ਅਤੇ ਕਦੇ ਦਰਖਤਾਂ ਦੇ ਥੱਲੇ ਬੈਠਣਾ ਪੈਂਦਾ ਸੀ। ਇਸ ਦਰਸ਼ਕ ਗੈਲਰੀ ਵਿਚ ਲੋਕ ਬੈਠ ਸਕਣਗੇ। ਇਹ ਜਿਹੜਾ ਬਾਰਡਰ ਵਿਕਾਸ ਬੋਰਡ ਕਾਇਮ ਕੀਤਾ ਗਿਆ ਹੈ, ਇਸ ਦੇ ਨਾਲ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇਗਾ। ਬਾਰਡਰ ਦੇ ਲੋਕਾਂ ਦੀਆਂ ਤਾਰਾਂ, ਸੜਕਾਂ ਅਤੇ ਦੂਜੇ ਗੇਟ ਦੀ ਸਮੱਸਿਆ ਸੀ। ਕਿਸਾਨਾਂ ਦੀਆਂ ਜ਼ਮੀਨਾਂ ਦੀ ਸਮੱਸਿਆ ਸੀ। ਹੁਣ ਇਸ ਬੋਰਡ ਰਾਹੀਂ ਇਨ੍ਹਾਂ ਲੋਕਾਂ ਦੀਆਂ ਇਹ ਸਮੱਸਿਆਵਾਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਤੱਕ ਪਹੁੰਚਾਈਆਂ ਜਾ ਸਕਣਗੀਆਂ ਅਤੇ ਦੂਰ ਕੀਤੀਆਂ ਜਾਣਗੀਆਂ। ਇਹ ਬਾਰਡਰ ਸ਼ਹਿਰ ਤੋਂ 30-35 ਕਿਲੋਮੀਟਰ ਦੂਰ ਹੈ। ਉਥੇ ਲੇਬਰ ਦੀ ਬੜੀ ਪ੍ਰਾਬਲਮ ਸੀ ਅਤੇ ਕਈ ਵਾਰ ਲੇਬਰ ਮਿਲਦੀ ਨਹੀਂ ਸੀ। ਇਥੇ ਜਿਹੜੇ 1500-1600 ਲੇਬਰਰਜ਼ ਹਨ, ਇਨ੍ਹਾਂ ਨੂੰ ਰੈਗੂਲਰ ਕਰਨ ਦਾ ਸਵਾਲ ਹੈ ਤਾਂਕਿ ਜਿਹੜਾ ਮਾਲ ਹੈ, ਉਸ ਦੇ ਆਉਣ ਜਾਣ ਵਿੱਚ ਕੋਈ ਪ੍ਰਾਬਲਮ ਨਾ ਆਵੇ। ਇਸ ਤਰੀਕੇ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਉਪਰਾਲੇ ਕੀਤੇ ਜਾਣਗੇ ਅਤੇ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ। ਇਸ ਤਰਫ ਪਿਛਲੀਆਂ ਸਰਕਾਰਾਂ ਨੇ ਕੋਈ ਧਿਆਨ ਨਹੀਂ ਦਿੱਤਾ ਸੀ। ਜੇਕਰ ਪਿਛਲੇ ਸਰਕਾਰ ਇਨ੍ਹਾਂ ਚੰਗੀਆਂ ਸਕੀਮਾਂ ਵੱਲ ਕੋਈ ਧਿਆਨ ਦੇਂਦੀ ਤਾਂ ਉਨ੍ਹਾਂ ਦੀਆਂ ਕਈ ਸਮੱਸਿਆਵਾਂ ਦੂਰ ਹੋ ਜਾਂਦੀਆਂ। ਪਿਛਲੇ 2 ਸਾਲਾਂ ਦੇ ਵਿੱਚ ਸਾਡੀ ਸਰਕਾਰ ਨੇ ਬੜੇ ਚੰਗੇ ਪ੍ਰਾਜੈਕਟ ਨੂੰ ਇਸ ਬਾਰਡਰ ਏਰੀਆ ਵਿਚ ਚਾਲੂ ਕੀਤਾ ਹੈ। ਅਗਰ ਪਿਛਲੀਆਂ ਸਰਕਾਰਾਂ ਪਿਛਲੇ 40-45 ਸਾਲਾਂ ਦੇ ਵਿੱਚ ਇਕ ਸਾਲ ਵਿਚ ਇਕ ਪ੍ਰਾਜੈਕਟ ਵੀ ਚਾਲੂ ਕਰਦੀਆਂ ਤਾਂ ਅੱਜ ਇਨ੍ਹਾਂ ਨੂੰ ਆਪੋਜ਼ੀਸ਼ਨ ਵਿੱਚ ਨਾ ਬੈਠਣਾ ਪੈਂਦਾ। ਹੁਣ ਵੀ ਇਹ ਚੰਗੀਆਂ ਗੱਲਾਂ ਸੁਣਨ ਲਈ ਤਿਆਰ ਨਹੀਂ ਹਨ। ਇਨ੍ਹਾਂ ਨੇ ਬਾਰਡਰ ਦੇ ਸਕੂਲਾਂ ਵਿਚ ਮਾਸਟਰਾਂ ਨੂੰ ਨਹੀਂ ਭੇਜਿਆ ਅਤੇ ਨਾ ਹੀ ਉਥੇ ਦੇ ਲੇਬਰ ਦੇ ਮਸਲੇ ਦਾ ਹੱਲ ਕੀਤਾ ਸੀ। ਨਾ ਕਿਸਾਨਾਂ ਦੇ ਮਸਲੇ ਨੂੰ ਹੱਲ ਕੀਤਾ ਸੀ ਅਤੇ ਨਾ ਹੀ ਕੰਡਿਆਂ ਵਾਲੀ ਤਾਰ ਕਰਕੇ ਕਿਸਾਨਾਂ ਨੂੰ ਜਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਉਸ ਦਾ ਕੋਈ ਹੱਲ ਕੀਤਾ ਸੀ। ਇਹ ਸਾਰੇ ਮਸਲੇ ਇਸ ਸਰਕਾਰ ਨੇ ਆ ਕੇ ਹੱਲ ਕੀਤੇ ਹਨ।

ਚੌਥੇ ਪੇ ਕਮਿਸ਼ਨ ਨੂੰ ਲਾਗੂ ਕਰਕੇ ਪੰਜਾਬ ਦੇ ਮੁਲਾਜ਼ਮਾਂ ਨੂੰ 700 ਕਰੋੜ ਰੁਪਿਆ ਦਿੱਤਾ ਹੈ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਹੈ। ਪੰਜਾਬ ਵਿੱਚ 4 ਵਾਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ ਅਤੇ 4 ਵਾਰੀ ਹੀ ਇਸ ਨੇ ਪੰਜਾਬ ਦੇ ਮੁਲਾਜ਼ਮਾਂ ਲਈ ਪੇ ਕਮਿਸ਼ਨ ਸਥਾਪਿਤ ਕੀਤਾ ਜਦ ਕਿ ਇਹ ਕਾਂਗਰਸੀ ਐਵੇਂ ਹੀ ਪੰਜਾਬ ਦੇ ਮੁਲਾਜ਼ਮਾਂ ਦੇ ਹਮਦਰਦ ਬਣੀ ਫਿਰਦੇ ਹਨ। ਇਨ੍ਹਾਂ ਦੀ ਸਰਕਾਰ ਨੇ ਮੁਲਾਜ਼ਮਾਂ ਲਈ ਕਦੇ ਕੁਝ ਨਹੀਂ ਕੀਤਾ। ਮੈਂ ਬਾਦਲ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਹੈ। 9 ਮਾਰਚ ਨੂੰ ਗਵਰਨਰ ਸਾਹਿਬ ਦੇ ਐਡਰੈਸ ਦੇ ਵਕਤ ਕਾਂਗਰਸ ਪਾਰਟੀ ਦੇ ਮੈਂਬਰ ਹੱਥ ਖੜੇ ਕਰਕੇ ਨਾਅਰੇ ਲਗਾ ਰਹੇ ਸਨ

[ਸਰਦਾਰ ਗੁਲਜ਼ਾਰ ਸਿੰਘ ਰਣੀਕੇ]
ਕਿ ਮਾਸਟਰਾਂ ਦੀਆਂ ਤਨਖਾਹਾਂ ਵਿਚ ਵਾਧਾ ਕੀਤਾ ਜਾਵੇ । ਮੈਨੂੰ ਮੇਰੇ ਪਿੰਡ ਦੀ ਬੀਬੀ ਪੁੱਛਦੀ ਸੀ ਕਿ ਚਿੱਟੇ ਕਪੜਿਆਂ ਵਾਲੇ ਅਸੈਂਬਲੀ ਵਿੱਚ ਕਿਉਂ ਰੋ ਰਹੇ ਸਨ । ਮੈਂ ਕਿਹਾ ਕਿ ਉਹ ਮਾਸਟਰਾਂ ਦੀਆਂ ਹੋਰ ਤਨਖਾਹਾਂ ਵਧਾਉਣ ਲਈ ਨਾਅਰੇ ਲਗਾ ਰਹੇ ਸਨ । ਉਹ ਕਹਿੰਦੀ ਕਿ ਮਾਸਟਰਾਂ ਦੀਆਂ ਤਨਖਾਹਾਂ ਤਾਂ ਪਹਿਲੇ ਹੀ ਕਾਫ਼ੀ ਵੱਧ ਗਈਆਂ ਹਨ । ਉਹ ਬਾਹਾਂ ਖੜ੍ਹੀਆਂ ਕਰਕੇ ਅਸੈਂਬਲੀ ਵਿਚ ਨਾਅਰ੍ਹੇ ਲਗਾ ਰਹੇ ਸਨ, ਉਹ ਆਪਣਾ ਪ੍ਰਚਾਰ ਟੀ. ਵੀ. ਰਾਹੀਂ ਕਰ ਰਹੇ ਸਨ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਟੀ. ਵੀ. ਦਾ ਖਿਆਲ ਕਰਕੇ ਨਾਅਰ੍ਹੇ ਲਗਾਉਣ ਨਾਲ ਕੁਝ ਨਹੀਂ ਬਣਨ ਵਾਲਾ ।

ਸਪੀਕਰ ਸਾਹਿਬ, ਜਿਤਨਾ ਚਿਰ ਤੱਕ ਕੰਮ ਨਹੀਂ ਕਰਾਂਗੇ, ਅਸੀਂ ਆਪ ਆਪਣੇ ਹਲਕੇ ਪ੍ਰਤੀ, ਪੰਜਾਬ ਪ੍ਰਤੀ ਮਿਹਨਤ ਕਰਕੇ ਸੇਵਾ ਨਹੀਂ ਕਰਾਂਗੇ, ਉਤਨੀ ਦੇਰ ਤੱਕ ਪੰਜਾਬ ਦਾ ਭਲਾ ਨਹੀਂ ਹੋ ਸਕਦਾ । ਜੋ ਸਾਡੇ ਹਲਕੇ ਵਿਚ ਊਣਤਾਈਆਂ ਹਨ ਉਹ ਸਰਕਾਰ ਦੇ ਨੋਟਿਸ ਵਿਚ ਜ਼ਰੂਰ ਲਿਆਉਣੀਆਂ ਚਾਹੀਦੀਆਂ ਹਨ । ਜਿਹੜਾ ਸਰਕਾਰ ਚੰਗਾ ਕੰਮ ਕਰਦੀ ਹੈ, ਉਸ ਦੀ ਆਪੋਜ਼ੀਸ਼ਨ ਵਲੋਂ ਵੀ ਸ਼ਲਾਘਾ ਕਰਨੀ ਚਾਹੀਦੀ ਹੈ । ਨਿੱਕੀਆਂ ਨਿੱਕੀਆਂ ਗੱਲਾਂ ਤੇ ਆਪੋਜ਼ੀਸ਼ਨ ਦੇ ਭਰਾਵਾਂ ਨੂੰ ਵਾਕ ਆਊਟ ਨਹੀਂ ਕਰਨਾ ਚਾਹੀਦਾ । ਇਹ ਕੋਈ ਚੰਗੀ ਗੱਲ ਨਹੀਂ ਹੈ । ਸਪੀਕਰ ਸਾਹਿਬ, ਇਸ ਤਰ੍ਹਾਂ ਹਾਊਸ ਵਿੱਚ ਐਵੇਂ ਹੀ ਨਹੀਂ ਨਾਅਰੇ ਮਾਰਨੇ ਚਾਹੀਦੇ । ਆਪਾਂ ਸਾਰੇ ਮਿਲ ਕੇ ਆਪਣੇਂ ਆਪਣੇਂ ਹਲਕੇ ਦੀਆਂ ਚੰਗੀਆਂ ਗੱਲਾਂ ਕਰੀਏ । ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ ਤਾਂ ਕਿ ਅਸੀਂ ਪੰਜਾਬ ਦੇ ਲੋਕਾਂ ਦਾ ਭਲਾ ਕਰੀਏ । ਇਸ ਤਰ੍ਹਾਂ ਨਾਅਰ੍ਹੇ ਮਾਰ ਕੇ ਵਾਕ ਆਊਟ ਕਰਨ ਨਾਲ ਗੱਲ ਨਹੀਂ ਬਣਦੀ । ਤੁਸੀਂ ਚੰਗੀਆਂ ਗੱਲਾਂ ਕਰੋ ਤਾਂ ਕਿ ਸਰਕਾਰ ਚੰਗੀਆਂ ਪਾਲਿਸੀਆਂ ਲੋਕਾਂ ਦੀ ਭਲਾਈ ਲਈ ਬਣਾ ਸਕੇ । ਮਜ਼ਦੂਰਾਂ ਵਾਸਤੇ, ਗਰੀਬਾਂ ਵਾਸਤੇ, ਮੁਲਾਜ਼ਮਾਂ ਵਾਸਤੇ ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਜੋ ਸਰਕਾਰ ਨੇ ਚੰਗੇ ਕੰਮ ਕੀਤੇ ਹਨ, ਉਨ੍ਹਾਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ । ਜਿਹੜੇ ਮਸਲੇ ਰਹਿੰਦੇ ਹਨ, ਉਹ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣੇ ਚਾਹੀਦੇ ਹਨ । ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਸਬੰਧੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਜੋ ਮਾਨ-ਪੱਤਰ ਰੱਖਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਹਾਊਸ ਵਿਚ ਬੋਲਣ ਦਾ ਮੌਕਾ ਦਿੱਤਾ ਹੈ । ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ।

ਸ੍ਰੀ ਰਾਮ ਲਾਲ (ਨਰੋਟ ਮਹਿਰਾ, ਐਸ. ਸੀ.) : ਸਪੀਕਰ ਸਾਹਿਬ, ਹਾਊਸ ਖਤਮ ਹੋਣ ਵਿਚ 10 ਮਿੰਟ ਹੀ ਰਹਿ ਗਏ ਹਨ । 10 ਮਿੰਟ ਬਹੁਤ ਥੋੜ੍ਹੇ ਹਨ, ਇਸ ਕਰਕੇ ਮੈਨੂੰ ਤੁਸੀਂ ਕੱਲ੍ਹ ਵੀ ਕੰਟੀਨਿਊ ਕਰਾ ਦੇਣਾ ।

ਸ੍ਰੀ ਸਪੀਕਰ : ਸ੍ਰੀ ਰਾਮ ਲਾਲ ਜੀ, ਤੁਸੀਂ ਕੱਲ੍ਹ ਨੂੰ ਵੀ ਕੰਟੀਨਿਊ ਕਰ ਲੈਣਾ । ਹੁਣ ਤੁਸੀਂ ਸ਼ੁਰੂ ਕਰੋ ।

ਸ੍ਰੀ ਰਾਮ ਲਾਲ : ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਣ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਭਾਸ਼ਣ ਵਿੱਚ ਸਮੁੱਚੇ ਪੰਜਾਬ ਵਾਸਤੇ, ਅਨੁਸੂਚਿਤ ਜਾਤੀਆਂ

ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਜੋ ਕੁਝ ਲਿਖਿਆ ਗਿਆ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਸਾਹਮਣੇ ਬੈਠੇ ਵੀਰ ਅੱਜ ਗਰੀਬਾਂ ਲਈ ਆਸੂੰ ਵਹਾ ਰਹੇ ਹਨ ਕਿ ਅੱਜ ਗਰੀਬ ਲੁੱਟਿਆ ਗਿਆ ਹੈ। ਇਹ ਸਰਕਾਰ ਤੇ ਇਲਜ਼ਾਮ ਲਗਾ ਰਹੇ ਹਨ। ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਉਸ ਵੇਲੇ ਗਰੀਬ ਕਿਥੇ ਸਨ ਅਤੇ ਅਨੁਸੂਚਿਤ ਜਾਤੀਆਂ ਦੇ ਲੋਕ ਕਿਥੇ ਸਨ। ਹੁਣ ਘੋੜੇ ਤੋਂ ਥੱਲੇ ਉਤਰ ਗਏ ਹਨ ਤਾਂ ਸਭ ਕੁਝ ਯਾਦ ਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦੋ ਸਾਲਾਂ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲੈ ਆਂਦਾ ਹੈ। ਇਥੇ ਹਾਊਸ ਵਿਚ ਗੱਲ ਉਠੀ ਸੀ ਕਿ ਕੋਈ ਮਜ਼ਾ ਨਹੀਂ ਆਇਆ। ਸਪੀਕਰ ਸਾਹਿਬ, ਅਸਲੀ ਮਾਅਨਿਆਂ ਵਿੱਚ ਰਾਮ ਰਾਜ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਰਾਜ ਵਿਚ ਆਇਆ ਹੈ। (ਥੰਪਿੰਗ) ਮੈਂ ਇਸ ਬਾਰੇ ਸਾਬਤ ਕਰ ਦਿੰਦਾ ਹਾਂ ਕਿ ਹੁਣ ਗਰੀਬਾਂ ਦੀ ਸੁਣੀ ਜਾਂਦੀ ਹੈ। ਇਹ ਬਹੁਤ ਹੀ ਲੰਮੇਂ ਸਮੇਂ ਤੋਂ ਫ਼ਾਇਦਾ ਹੋਇਆ ਹੈ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਬੜੇ ਹੀ ਸੁਹਣੇ ਤਰੀਕੇ ਦੇ ਨਾਲ ਕੰਮ ਹੱਥ ਵਿਚ ਲਿਆ ਹੈ। ਬਹੁਤ ਸਾਰੀਆਂ ਚੰਗੀਆਂ ਚੰਗੀਆਂ ਯੋਜਨਾਵਾਂ ਬਣਾਈਆਂ ਹਨ। ਪੰਜਾਬ ਦੇ ਵਾਤਾਵਰਣ ਨੂੰ ਠੀਕ ਕੀਤਾ ਹੈ। ਇਲੈਕਸ਼ਨਾਂ ਵਿਚ ਪੰਜਾਬ ਦੇ ਲੋਕਾਂ ਦੇ ਨਾਲ ਜੋ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਹਨ। ਪੰਜਾਬ ਦੇ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੈ। ਪੰਜਾਬ ਦੀ ਗਰੀਬੀ ਦੂਰ ਹੋ ਰਹੀ ਹੈ। ਕਈ ਨਵੀਆਂ ਯੋਜਨਾਵਾਂ ਪੰਜਾਬ ਸਰਕਾਰ ਨੇ ਚਲਾਈਆਂ ਹਨ। ਇਨ੍ਹਾਂ ਨੇ ਜਵਾਹਰ ਯੋਜਨਾ, ਇੰਦਰਾ ਯੋਜਨਾ, ਰਾਜੀਵ ਯੋਜਨਾ, ਕਈ ਤਰ੍ਹਾਂ ਦੀਆਂ ਯੋਜਨਾ ਬਣਾ ਬਣਾ ਕੇ ਵੋਟਾਂ ਲੈਣੀਆਂ ਜਿਸ ਤਰ੍ਹਾਂ ਕੋਈ ਨਟੀਆ ਤਮਾਸ਼ਾ ਕਰਦਾ ਹੈ। ਉਹ ਡੱਬੀ ਜ਼ੀਲਾਂ ਦੀ ਹੁੰਦੀ ਹੈ, ਗੱਬੇ ਰੱਖ ਦੇਣੀ, ਡੱਬੀ ਡੱਬੀ ਕਰੀ ਜਾਣੀ ਅਤੇ ਕਹੀ ਜਾਣਾ ਕਿ ਇਸ ਵਿਚ ਉਡਣਾ ਸੱਪ ਹੈ, ਪਬਲਿਕ ਇਕੱਠੀ ਕਰ ਲੈਣੀ। ਪਹਿਲਾਂ ਇਕ ਰੁਪਿਆ, ਇਕ ਰੁਪਿਆ ਕਰੀ ਜਾਣਾ। ਜਦੋਂ ਸਾਰੀਆਂ ਇਸੇ ਝਾਂਸੇ ਵਿਚ ਵਿੱਕ ਜਾਣੀਆਂ, ਆਪਣੀ ਡੱਬੀ ਚੁੱਕਣੀ, ਥੈਲੇ ਵਿਚ ਪਾਉਣੀ ਅਤੇ ਅਗਾਂਹ ਹੋਣਾ। ਇਹ ਵੀ ਇਲੈਕਸ਼ਨਾਂ ਦੇ ਦੌਰਾਨ ਇਸ ਤਰ੍ਹਾਂ ਦੇ ਡੌਰੂ ਵਜਾਉਂਦੇ ਰਹੇ ਹਨ। ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਅੰਦਰ ਕੋਈ ਬਨਾਵਟੀ ਗੱਲਾਂ ਨਹੀਂ, ਕੋਈ ਟਾਹਰਾਂ ਨਹੀਂ। ਅਸੀਂ ਪਾਕਿਸਤਾਨ ਵਿਚੋਂ ਆਏ, ਆਪਣੇ ਆਪ ਨੂੰ ਹਿੰਦੂ ਸਮਝ ਕੇ ਆਏ ਕਿ ਅਸੀਂ ਹਿੰਦੂ ਹਾਂ। ਕੋਈ ਆਪਣੇ ਘਰ ਬਾਰ ਛੱਡ ਕੇ ਆਏ ਅਤੇ ਬਿਗਾਨੇ ਘਰਾਂ ਵਿਚ ਆ ਕੇ ਬੈਠ ਗਏ। ਕੋਈ ਆਲ੍ਹਣਿਆਂ ਵਿਚੋਂ ਨਹੀਂ ਸੀ ਉੱਡ ਕੇ ਆਏ, ਜਿਹੜੇ ਟਾਹਲੀਆਂ ਨਾਲ ਲੱਗੇ ਹੋਏ ਸੀ। ਆ ਕੇ ਬੈਠ ਗਏ। ਫੇਰ ਬੜੇ ਲੰਮੇ ਸਮੇਂ ਤੱਕ ਰਾਜ ਕੀਤਾ ਕਾਂਗਰਸ ਪਾਰਟੀ ਨੇ ਪਰ ਸਾਨੂੰ ਤਾਂ ਘਰਾਂ ਦਾ ਵੀ ਅਧਿਕਾਰ ਨਹੀਂ ਦਿੱਤਾ। ਕਿਸੇ ਪੁੱਛਣਾ ਆਪਣੇ ਭਾਅ ਨੂੰ, ਕਿ ਭਾਅ, ਸਾਨੂੰ 55 ਸਾਲ ਹੋ ਗਏ ਹਨ, ਕੀ ਸਾਡੇ ਨਾਂ ਕੋਈ ਕਾਗਜ਼ ਹੈ? ਅੱਗੋਂ ਉਸਨੇ ਕਹਿਣਾ ਨਾ ਪੁੱਤਰ, ਕੋਈ ਕਾਗਜ਼ ਨਹੀਂ। ਫੇਰ ਉਸ ਕਹਿਣਾ ਕਿ ਅਸੀਂ ਕੌਣ ਹੋਏ? ਅਸੀਂ ਤਾਂ ਵੋਟਾਂ ਪਾਉਣ ਵਾਲੇ ਹੀ ਹੋਏ। ਪਿਛਲੇ 50 ਸਾਲ ਤੋਂ ਕੋਈ ਦੋ ਫਾਟੀ ਮਰਲੇ ਦਾ ਵੀ ਅਧਿਕਾਰ ਨਹੀਂ ਦਿੱਤਾ। ਇਨ੍ਹਾਂ ਨੇ ਸਾਨੂੰ ਏਨੀ ਚੀਜ਼ ਜ਼ਰੂਰ ਦਿੱਤੀ, ਰੱਜ ਰੱਜ ਕੇ ਜਿਹੜੀ ਦਿੱਤੀ, ਉਹ ਹੈ ਝੂਠ। ਇਨ੍ਹਾਂ ਨੇ ਸਾਨੂੰ ਝੂਠ ਰੱਜ ਕੇ ਦਿੱਤਾ। ਇਹ ਲੈ ਲਓ, ਉਹ ਲੈ ਲਓ ਪਰ ਦੇਣਾ ਕੱਖ ਨਹੀਂ। ਡੌਰੂ ਵਜਾਉਣਾ ਵੋਟਾਂ ਲੈਣੀਆਂ, ਇਥੇ ਆ ਕੇ ਬੈਠ ਜਾਣਾ ਅਤੇ ਫੇਰ ਚਲੋ ਦਿੱਲੀ। ਫੇਰ

[ਸ੍ਰੀ ਰਾਮ ਲਾਲ]

ਤੁਸੀਂ ਕੌਣ, ਅਸੀਂ ਕੌਣ । ਸੱਚ ਪੁੱਛੋ, ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ, ਉਹ ਮੈਂ ਦੱਸਣਾ ਚਾਹੁੰਦਾ ਹਾਂ । ਇਹ ਤਾਂ ਪਹਿਲਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) 85 ਆਏ, ਹੁਣ ਜਿਹੜੇ ** ** ਬੈਠੇ ਹਨ....

ਸ੍ਰੀ ਸਪੀਕਰ : ** ** ਸ਼ਬਦ ਪ੍ਰੋਸੀਡਿੰਗਜ਼ ਵਿਚੋਂ ਕੱਢ ਦਿਓ । ਇਹ ਐਕਸਪੰਜ ਕੀਤੇ ਜਾਂਦੇ ਹਨ ।

ਸ੍ਰੀ ਰਾਮ ਲਾਲ : ਮੈਂ ਜੀ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਹੁਣ 85 ਵਿਚੋਂ ਥੋੜੇ ਜਿਹੇ ਇਥੇ ਆ ਕੇ ਬੈਠੇ ਹਨ, ਇਹ ਲੋਕਾਂ ਦੀ ਬਦ-ਦੁਆ ਹੈ, ਲੋਕ ਕਿਸੇ ਨੂੰ ਮੁਆਫ ਨਹੀਂ ਕਰਦੇ । ਇਹ ਇਸ ਜਗ੍ਹਾ ਤੇ ਬੈਠ ਕੇ ਜੋ ਲੋਕਾਂ ਨਾਲ ਕਰਦੇ ਰਹੇ, ਉਸ ਦਾ ਅੱਜ ਨਜ਼ਾਰਾ ਦੇਖ ਰਹੇ ਹਨ । ਅੱਜ ਅਸੀਂ ਬਲਿਹਾਰੀ ਜਾਈਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਜਿਨ੍ਹਾਂ ਨੇ ਕਾਨੂੰਨ ਬਣਾ ਕੇ 117 ਕਾਂਸਟੀਚੂਐਂਸੀਆਂ ਦੇ ਅੰਦਰ 100-100 ਮਕਾਨ ਪਛੜੇ ਵਰਗਾਂ ਦੇ ਲੋਕਾਂ ਨੂੰ ਬਣਾ ਕੇ ਦਿੱਤੇ । ਗਰੀਬ ਨੂੰ 10 ਮਰਲੇ ਜਗ੍ਹਾ ਅਤੇ ਉਸ ਤੇ 50,000 ਰੁਪਏ ਨਾਲ ਮਕਾਨ ਬਣਾ ਕੇ ਦਿੱਤਾ । ਅੱਜ ਨਾ ਭਗਤੂ ਨੂੰ ਸੀਮਿੰਟ ਲਿਆਉਣ ਦੀ ਲੋੜ ਪਈ, ਨਾ ਜਗਤੂ ਨੂੰ ਸਰੀਆ ਲਿਆਉਣਾ ਪਿਆ, ਨਾ ਤਰਸੂ ਨੂੰ ਇੱਟ ਚੁੱਕਣੀ ਪਈ ਅਤੇ ਨਾ ਬਰਤੂ ਨੂੰ ਟੋਕਰੀ, ਲੁਆਂਡਾ ਅਤੇ ਕਹੀ ਲਿਆਉਣ ਦੀ ਲੋੜ ਪਈ । ਉਨ੍ਹਾਂ ਨੂੰ ਸਰਕਾਰ ਨੇ ਕੰਪਲੀਟ ਮਕਾਨ ਬਣਾ ਕੇ ਦਿੱਤੇ ਹਨ । ਉਨ੍ਹਾਂ ਨੂੰ ਕਿਹਾ ਹੈ ਕਿ ਹੁਣ ਛੰਨਾ, ਖਜੂਰਾਂ ਦੀਆਂ ਛੱਡ ਦਿਓ । ਜਿਹੜੇ ਪਹਿਲਾਂ ਖਜੂਰ ਦੇ ਤੀਲੇ ਪਾਏ ਸਨ, ਉਨ੍ਹਾਂ ਨੂੰ ਛੱਡ ਕੇ ਲੈਂਟਰ ਵਿਚ ਆ ਜਾਓ । ਅਸੀਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਬਲਿਹਾਰੀ ਜਾਈਏ (ਥੰਪਿੰਗ) ਜਿਨ੍ਹਾਂ ਦੀ ਕ੍ਰਿਪਾ ਨਾਲ ਗਰੀਬਾਂ ਨੇ ਸੁੱਖ ਦਾ ਸਾਹ ਲਿਆ ਹੈ ।

ਅੱਗੇ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਦੀਆਂ ਬੱਚੀਆਂ ਦੀਆਂ ਸ਼ਾਦੀਆਂ ਤੇ ਸਰਕਾਰ ਨੇ ਸ਼ਗਨ ਸਕੀਮ ਅਰੰਭੀ । ਇਨ੍ਹਾਂ ਨੇ ਤਾਂ ਪਹਿਲਾਂ ਗਰੀਬ ਦੀ ਸ਼ਾਦੀ ਤੇ ਤਾਂ ਕੀ ਜਾਣਾ, ਕਦੇ ਬਾਤ ਵੀ ਨਹੀਂ ਪੁੱਛਣੀ ਪਰ ਜਦੋਂ ਇਲੈਕਸ਼ਨਾਂ ਆਉਣੀਆਂ, ਤਾਂ ਉਥੇ ਹੀ ਜਾ ਕੇ ਕਹਿਣਾ, ਆਓ ਤਾਇਆ ਜੀ, ਆਓ ਫੁੱਫੜ ਜੀ, ਆਓ ਤਾਈ ਜੀ । ਹੁਣ ਲੋਕਾਂ ਨੂੰ ਵੀ ਪਛਾਣ ਆ ਗਈ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ, ਨੇਤਾ ਗਣਾਂ ਨੇ ਐਸੀਆਂ ਅੱਜ ਸਕੀਮਾਂ ਬਣਾਈਆਂ ਹਨ ਜਿਹੜੀਆਂ ਸਰਾਹਣਾ-ਯੋਗ ਹਨ । ਅੱਜ ਸਾਡੀ ਸਰਕਾਰ ਨੇ ਉਸ ਗਰੀਬ ਦੀ ਬੱਚੀ ਦੀ ਸ਼ਾਦੀ ਤੇ ਪੂਰਾ 5,001 ਰੁਪਿਆ ਬਤੌਰ ਸ਼ਗਨ ਵਜੋਂ ਦਿੱਤਾ ਹੈ ਜਿਸ ਵਿਚੋਂ ਕੁਝ ਵੀ ਵਾਪਸ ਨਹੀਂ ਲੈਣਾ । (ਥੰਪਿੰਗ) ਇਸੇ ਤਰ੍ਹਾਂ, ਜਦੋਂ ਕਿਸੇ ਲੜਕੀ ਦਾ ਜਨਮ ਹੁੰਦਾ ਹੈ, ਕੋਈ ਬੱਚੀ ਜੰਮਦੀ ਹੈ ਤਾਂ ਉਸ ਦੇ ਦੁੱਧ ਵਾਸਤੇ ਸਰਕਾਰ 500/- ਰੁਪਿਆ ਦੇਂਦੀ ਹੈ ਅਤੇ 4,500/- ਰੁਪਿਆ ਉਸ ਬੱਚੀ ਦੇ ਨਾਂ ਤੇ ਬੈਂਕ ਵਿਚ ਜਮ੍ਹਾਂ ਕਰਾਉਣਾ ਹੈ । ਸਪੀਕਰ ਸਾਹਿਬ, 18-19 ਸਾਲ ਬਾਅਦ 35-36 ਹਜ਼ਾਰ ਰੁਪਿਆ

**Expunged as ordered by the Chair.

ਭਗਤੂ ਨੇ ਆਪਣੀ ਕੁੜੀ ਨੂੰ ਲੈ ਕੇ ਬੈਂਕ ਵਿਚੋਂ ਕਢਾ ਲੈਣਾ ਹੈ ਅਤੇ ਉਸਦੀ ਸ਼ਾਦੀ ਤੇ ਲਾ ਲੈਣਾ ਹੈ। ਉਸਨੇ ਫੇਰ ਕਿਸੇ ਲਾਲੇ ਦਾ, ਕਿਸੇ ਸੇਠ ਦਾ ਕਰਜ਼ਾਈ ਨਹੀਂ ਹੋਣਾ ਅਤੇ ਮੁੱਛਾਂ ਨੂੰ ਤਾਅ ਦੇਣਾ ਹੈ, ਕੁੜੀ ਦਾ ਵਿਆਹ ਕਰ ਦੇਣਾ ਹੈ। ਇਹ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਨਹੀਂ ਤਾਂ ਕਿਹੜਾ ਰਾਜ ਹੈ ? ਇਹ ਰਾਮ ਰਾਜ ਹੈ। ਇਹ ਸਰਦਾਰ ਬਾਦਲ ਦਾ ਰਾਜ ਹੈ। ਇਹ ਤਾਂ ਅਗਰ ਪਹਿਲਾਂ ਕਿਸੇ ਗਰੀਬ ਨੂੰ 5,000/- ਰੁਪਿਆ ਦੇਂਦੇ ਵੀ ਸੀ ਤਾਂ 15,000 ਰੁਪਏ ਵਾਪਸ ਲੈਂਦੇ ਸੀ। ਫੇਰ ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਲੈਂਦੇ ਹਨ। ਅੱਜ ਜੇ ਸਰਕਾਰ ਨੇ ਲੱਖ ਰੁਪਿਆ ਵੀ ਦੇਣਾ ਹੈ, ਵਾਪਸ ਨਹੀਂ ਲੈਣਾ। 5 ਮਰਲਾ, 10 ਮਰਲਾ ਮਕਾਨ 50 ਹਜ਼ਾਰ ਰੁਪਿਆ ਲਾ ਕੇ ਬਣਾ ਕੇ ਦੇਣਾ ਹੈ ਪਰ ਉਸ ਦਾ ਲੱਗਿਆ ਪੈਸਾ ਵਾਪਸ ਨਹੀਂ ਲੈਣਾ....

ਸ੍ਰੀ ਸਪੀਕਰ : ਹੁਣ ਸਦਨ ਵੀਰਵਾਰ ਮਿਤੀ 11 ਮਾਰਚ, 1999 ਦੇ 2-30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*1.30 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸਦਨ ਵੀਰਵਾਰ, ਮਿਤੀ 11 ਮਾਰਚ, 1999 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

———

1039—9-6-99—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

3

ਕਿ :—

(ੲ)

ਸਰਦ

(ੳ)

(ਅ)

(ੲ)

*Place

APPENDIX
TO
PUNJAB VIDHAN SABHA DEBATES

11th March 1999 (M.S.)

Vol. VII No. 2

Unstarred Question and Answer

ਸੜਕ ਦੁਰਘਟਨਾਵਾਂ ਵਿਚ ਮਰੇ/ਜ਼ਖਮੀ ਹੋਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਵਿੱਤੀ ਸਹਾਇਤਾ ਦੇਣਾ

321. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) 1 ਜਨਵਰੀ, 1998 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਵਿਚ ਹੋਈਆਂ ਸੜਕ ਦੁਰਘਟਨਾਵਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਕਤ ਦੁਰਘਟਨਾਵਾਂ ਦੇ ਕਾਰਨ ਮਰੇ ਅਤੇ ਜ਼ਖਮੀ ਹੋਏ ਵਿਅਕਤੀਆਂ ਦੀ ਜ਼ਿਲ੍ਹਾ-ਵਾਰ ਵੱਖ-ਵੱਖ ਗਿਣਤੀ ਕਿੰਨੀ-ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੜਕ ਦੁਰਘਟਨਾਵਾਂ ਵਿਚੋਂ ਅਜਿਹੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਵਿਚ ਟਰੈਕਟਰ/ਟਰਾਲੀਆਂ ਸ਼ਾਮਲ ਸਨ ਅਤੇ ਦੁਰਘਟਨਾ ਵਿਚ ਸ਼ਾਮਲ ਟਰੈਕਟਰਾਂ/ਟਰਾਲੀਆਂ ਦੇ ਰਜਿਸਟਰੇਸ਼ਨ ਨੰਬਰ ਕੀ-ਕੀ ਹਨ ਅਤੇ ਉਨ੍ਹਾਂ ਦੇ ਡਰਾਈਵਰਾਂ ਦੇ ਨਾਂ ਅਤੇ ਪਤੇ ਕੀ-ਕੀ ਹਨ ਅਤੇ ਉਨ੍ਹਾਂ ਟਰੈਕਟਰਾਂ/ਟਰਾਲੀਆਂ ਦੇ ਡਰਾਈਵਰਾਂ ਪਤੇ ਦੇ ਨਾਂ ਅਤੇ ਕੀ-ਕੀ ਹਨ ਜਿਹੜੇ ਬਿਨਾਂ ਲਾਈਸੈਂਸ ਸਨ;

(ੲ) ਸਰਕਾਰ ਦੁਆਰਾ ਹਰ ਇਕ ਕੇਸ ਵਿਚ ਮ੍ਰਿਤਕਾਂ ਦੇ ਕਾਨੂੰਨੀ ਵਾਰਸਾਂ ਅਤੇ ਜ਼ਖਮੀ ਹੋਏ ਵਿਅਕਤੀਆਂ ਨੂੰ ਦਿੱਤੀ ਗਈ ਵਿੱਤੀ ਸਹਾਇਤਾ ਦੇ ਜ਼ਿਲ੍ਹਾ-ਵਾਰ ਅਤੇ ਵਿਅਕਤੀਵਾਰ ਵੇਰਵੇ ਕੀ-ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੈਰ੍ਹਾਵਾਰ ਉੱਤਰ ਹੇਠ ਅਨੁਸਾਰ ਹੈ ਜੀ :—

(ੳ) 3,736 ਹਾਦਸਿਆਂ ਵਿੱਚ 2,532 ਵਿਅਕਤੀ ਮਾਰੇ ਗਏ ਅਤੇ 3,235 ਵਿਅਕਤੀ ਜ਼ਖਮੀ ਹੋਏ, ਜ਼ਿਲ੍ਹਾਵਾਰ ਸੂਚਨਾ *ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ ।

(ਅ) 175 ਟਰੈਕਟਰ ਟਰਾਲੀਆਂ ਇਨ੍ਹਾਂ ਸੜਕ ਦੁਰਘਟਨਾਵਾਂ ਵਿਚ ਸ਼ਾਮਲ ਹਨ । ਵਿਸਥਾਰ ਸੂਚਨਾ *ਅਨੁਲੱਗ 'ਅ' ਤੇ ਰੱਖੀ ਜਾਂਦੀ ਹੈ ।

(ੲ) ਸੂਚਨਾ *ਅਨੁਲੱਗ 'ੲ' ਤੇ ਰੱਖੀ ਜਾਂਦੀ ਹੈ ਜੀ ।

---

*Placed in the Library

Published under the authority of the Punjab Vidhan Sabha and printed by the Punjab Govt. Press, Patiala.

PUNJAB VIDHAN SABHA

DEBATES

11th March, 1999

(Afternoon Sitting)

Vol. VII—No. 3

OFFICIAL REPORT

CONTENTS

Thursday, the 11th March, 1999

(Afternoon Sitting)

Punjab Vidhan Sabha Secretariat, Chandigarh.

Price : Rs.....

57 # PUNJAB VIDHAN SABHA

63 *Thursday, the 11th March, 1999*

64 *(Afternoon Sitting)*

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-30 P.M.
120 *Mr. Speaker (Sardar Charnjit Singh Atwal) in the Chair.*

121

STARRED QUESTIONS AND ANSWERS

(i) ### ਭੋਗਪੁਰ ਸਹਿਕਾਰੀ ਸੂਗਰ ਮਿਲਜ਼ ਦਾ ਵਿਸਥਾਰ

*1483. **ਸਰਦਾਰ ਕੇਵਲਜੀਤ ਸਿੰਘ ਲਾਲੀ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭੋਗਪੁਰ ਸਹਿਕਾਰੀ ਸ਼ੂਗਰ ਮਿਲਜ਼ ਦਾ ਵਿਸਥਾਰ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਨਹੀਂ, ਸ਼੍ਰੀ ਮਾਨ ਜੀ ।

ਸਰਦਾਰ ਕੇਵਲਜੀਤ ਸਿੰਘ ਲਾਲੀ : ਸਤਿਕਾਰਯੋਗ ਸਪੀਕਰ ਸਾਹਿਬ, ਭੋਗਪੁਰ ਸ਼ੂਗਰ ਮਿੱਲ ਪੰਜਾਬ ਦੀ ਸਭ ਤੋਂ ਪੁਰਾਣੀ ਮਿੱਲ ਹੈ । ਪਿਛਲੀ ਵਾਰੀ ਜਦੋਂ ਸ਼ਾਮ ਚੁਰਾਸੀ ਦੀ ਇਲੈਕਸ਼ਨ ਸੀ ਤਾਂ ਉਸ ਵੇਲੇ ਵੀ ਇਸ ਬਾਰੇ ਮਾਨਯੋਗ ਮੁੱਖ ਮੰਤਰੀ ਜੀ ਨੇ ਅਨਾਊਂਸਮੈਂਟ ਕੀਤੀ ਸੀ । ਜਦੋਂ ਹੁਣ ਆਦਮਪੁਰ ਦੀ ਇਲੈਕਸ਼ਨ ਹੋਈ ਸੀ ਤਾਂ ਉਦੋਂ ਵੀ ਮੌਜੂਦਾ ਸਰਕਾਰ ਨੇ ਲੋਕਾਂ ਨੂੰ ਲਾਰੇ ਦਿੱਤੇ ਕਿ ਮਿੱਲ ਵੱਡੀ ਕਰ ਦਿੱਤੀ ਜਾਵੇਗੀ । ਕੱਲ ਮੈਨੂੰ ਸ਼ਾਮ ਚੁਰਾਸੀ ਦੇ ਐਮ. ਐਲ. ਏ. ਬੀਬੀ ਮਹਿੰਦਰ ਕੌਰ ਮਿਲੇ ਸਨ ਅਤੇ ਆਖਣ ਲੱਗੇ ਕਿ ਮਿੱਲ ਵੱਡੀ ਹੋ ਗਈ ਹੈ ਅਤੇ ਆਰਡਰ ਆ ਗਏ ਹਨ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਝੂਠੇ ਲਾਰਿਆਂ ਵਿਚ ਹੀ ਰੱਖਿਆ ਜਾਵੇਗਾ ਜਾਂ ਕਿ ਮਿੱਲ ਵੱਡੀ ਹੋਣ ਦੇ ਕੋਈ ਚਾਂਸਿਜ਼ ਵੀ ਹਨ ?

(ਮਾਨਯੋਗ ਮੈਂਬਰ ਸਾਹਿਬ ਆਪਣੀ ਸੀਟ ਤੋਂ ਸਪਲੀਮੈਂਟਰੀ ਨਹੀਂ ਕਰ ਰਹੇ ਸਨ ।)

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਫੁਰਮਾਇਆ ਹੈ, ਇਹ ਠੀਕ ਹੈ ਕਿ ਇਹ ਸੱਭ ਤੋਂ ਪੁਰਾਣੀ ਮਿੱਲ ਹੈ । ਇਸ ਦੀ ਸਮਰੱਥਾ ਇਕ ਹਜ਼ਾਰ ਟਨ ਦੀ ਹੈ । ਅਸੀਂ ਕੋਸ਼ਿਸ਼ ਕੀਤੀ ਸੀ ਕਿ ਇਹ 2500 ਟਨ ਦੀ ਸਮਰੱਥਾ ਦੀ ਮਿੱਲ ਬਣਾ ਦਿੱਤੀ ਜਾਵੇ ਪਰ ਪੈਸਿਆਂ ਦੀ ਘਾਟ

[ਸਹਿਕਾਰਤਾ ਮੰਤਰੀ]

ਕਰਕੇ ਅਸੀਂ ਇਸ ਮਿੱਲ ਨੂੰ ਵੱਡਾ ਨਹੀਂ ਕਰ ਸਕੇ । ਸੋ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਲਾਰਿਆਂ ਵਾਲੀ ਕੋਈ ਗੱਲ ਨਹੀਂ ਹੈ । ਅਸੀਂ ਜੋ ਗੱਲ ਕਰਾਂਗੇ ਉਹੀ ਕਰਾਂਗੇ ।

ਸ੍ਰੀ ਸਪੀਕਰ : ਲਾਲੀ ਜੀ, ਅੱਗੇ ਤੋਂ ਜਦੋਂ ਸਵਾਲ ਪੁੱਛਣਾ ਹੋਵੇ ਤਾਂ ਆਪਣੀ ਸੀਟ ਤੇ (3) 64 ਬੈਠਿਆ ਕਰੋ ।

(ਇਸ ਸਮੇਂ ਮਾਨਯੋਗ ਮੈਂਬਰ ਆਪਣੀ ਸੀਟ ਤੇ ਜਾ ਕੇ ਬੈਠ ਗਏ ।)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਭੋਗਪੁਰ ਸ਼ੂਗਰ ਮਿੱਲ ਹੈ, ਇਸ ਦੀ ਸਮਰੱਥਾ ਵਧਾਉਣ ਵਾਸਤੇ ਪਿਛਲੀ ਸਰਕਾਰ ਵੇਲੇ ਇਕ ਕੈਬਨਿਟ ਸਬ ਕਮੇਟੀ ਬਣੀ ਸੀ ਔਰ ਇਹ ਫੈਸਲਾ ਹੋਇਆ ਸੀ ਕਿ ਇਸ ਦੀ ਸਮਰੱਥਾ ਵਧਾਈ ਜਾਵੇ । ਪੈਸੇ ਦੀ ਉਦੋਂ ਵੀ ਘਾਟ ਸੀ ਲੇਕਿਨ ਮਿੱਲ ਦੀ ਜਿਹੜੀ ਕਾਫੀ ਸਾਰੀ ਜ਼ਮੀਨ ਹੈ, ਉਸ ਜ਼ਮੀਨ ਦੇ ਨਕਸ਼ੇ ਬਣਾ ਕੇ ਪਲਾਟ ਵੀ ਬਣਾਏ ਗਏ ਸੀ । ਇਸ ਤਰੀਕੇ ਨਾਲ ਮਿੱਲ ਦੀ ਕੁਝ ਜ਼ਮੀਨ ਵੇਚਣ ਦਾ ਉਪਰਾਲਾ ਕੀਤਾ ਗਿਆ ਸੀ । ਕੁਝ ਪੈਸੇ ਸਰਕਾਰ ਤੋਂ ਅਤੇ ਕੁਝ ਮਾਰਕੀਟਿੰਗ ਬੋਰਡ ਤੋਂ ਲੈ ਕੇ ਇਸ ਦੀ ਸਮਰੱਥਾ ਵਧਾਉਣ ਦਾ ਫੈਸਲਾ ਕੀਤਾ ਗਿਆ ਸੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਿੱਲ ਦੀ ਸਮਰੱਥਾ ਵਧਾਉਣ ਦਾ ਕੋਈ ਉਪਰਾਲਾ ਆਉਣ ਵਾਲੇ ਸਮੇਂ ਵਿਚ ਹੋ ਸਕਦਾ ਹੈ, ਕਿਉਂਕਿ ਕਿਸਾਨਾਂ ਦੀ ਇਹ ਬੜੀ ਵੱਡੀ ਮੰਗ ਹੈ ਅਤੇ ਉਥੇ ਗੰਨਾ ਵੀ ਕਾਫੀ ਹੈ । ਇਸ ਦੀ ਸਮਰੱਥਾ ਘੱਟ ਹੈ ਹਾਲਾਂ ਕਿ ਇਹ ਮਿੱਲ ਨਫੇ ਵਿਚ ਵੀ ਜਾਂਦੀ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਮਿੱਲ ਲਾਭ ਵਿਚ ਨਹੀਂ ਬਲਕਿ ਘਾਟੇ ਵਿਚ ਜਾ ਰਹੀ ਹੈ ਅਤੇ ਇਹ ਆਲਰੇਡੀ ਕਰੋੜਾਂ ਰੁਪਏ ਦੇ ਘਾਟੇ ਵਿਚ ਚੱਲ ਰਹੀ ਹੈ । ਜਿਥੋਂ ਤੱਕ ਉਸ ਇਲਾਕੇ ਦੇ ਲੋਕਾਂ ਦੀ ਮੰਗ ਦਾ ਸਵਾਲ ਹੈ ਕਿ ਉਥੇ ਵੱਡੀ ਮਿੱਲ ਲੱਗੇ, ਉਸ ਦੇ ਬਾਰੇ ਸਾਡੀ ਹਰ ਮੁਮਕਿਨ ਕੋਸ਼ਿਸ਼ ਜਾਰੀ ਹੈ ਅਤੇ ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਸਾਡੀ ਉਥੋਂ ਦੇ ਲੋਕਾਂ ਨਾਲ ਹਮਦਰਦੀ ਹੈ ਅਤੇ ਇਹ ਏਰੀਆ ਵੀ ਗੰਨੇ ਵਾਸਤੇ ਚੰਗਾ ਹੈ, ਇਸ ਲਈ ਅਸੀਂ ਹਰ ਕੋਸ਼ਿਸ਼ ਕਰਾਂਗੇ ਕਿ ਇਸ ਮਿੱਲ ਦੀ ਐਕਸਟੈਨਸ਼ਨ ਕਰ ਦਿੱਤੀ ਜਾਵੇ ।

ਸ੍ਰੀਮਤੀ ਮਹਿੰਦਰ ਕੌਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਦਮਪੁਰ ਦੇ ਐਮ. ਐਲ. ਏ. ਸਾਹਿਬ ਨੂੰ ਪੁੱਛਣਾ ਚਾਹਾਂਗੀ ਕਿ ਉਨ੍ਹਾਂ ਨੇ ਕਿਹਾ ਹੈ ਕਿ ਕੱਲ੍ਹ ਮਿੱਲ ਦੇ ਆਰਡਰ ਹੋ ਗਏ ਹਨ....

ਸ੍ਰੀ ਸਪੀਕਰ : ਨਹੀਂ, ਬੀਬੀ ਜੀ ਬੈਠ ਜਾਓ । ਨੋ ਪੁਆਇੰਟ । ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਸ੍ਰੀਮਤੀ ਮਹਿੰਦਰ ਕੌਰ : ਮੈਂ ਉਨ੍ਹਾਂ ਨਾਲ ਭੋਗਪੁਰ ਮਿੱਲ ਬਾਰੇ ਕੋਈ ਗੱਲ ਹੀ ਨਹੀਂ ਕੀਤੀ । ਉਨ੍ਹਾਂ ਨੇ ਮੇਰਾ ਨਾਂ ਲਿਆ ਹੈ । ਇਸ ਨੂੰ ਕਾਰਵਾਈ ਵਿਚੋਂ ਕਢਵਾਇਆ ਜਾਵੇ ।

ਸ੍ਰੀ ਸਪੀਕਰ : ਨਹੀਂ, ਨਹੀਂ, ਬੀਬੀ ਜੀ ਬੈਠ ਜਾਓ । ਅਗਲਾ ਸਵਾਲ ।

ਤਹਿਸੀਲ ਜ਼ੀਰਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*1428. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਲਿੰਕ ਸੜਕਾਂ ਦੀ ਲੰਬਾਈ ਕੁੱਲ ਕਿੰਨੇ ਕਿਲੋਮੀਟਰ ਹੈ ਅਤੇ ਉਨ੍ਹਾਂ ਲਿੰਕ ਸੜਕਾਂ ਦੀ ਲੰਬਾਈ ਕਿੰਨੇ ਕਿਲੋਮੀਟਰ ਹੈ ਜਿਨ੍ਹਾਂ ਦੀ ਸਾਲ 1998-99 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਮੁਰੰਮਤ ਕੀਤੀ ਗਈ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਬ-ਡਵੀਜ਼ਨ, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਚ ਸੜਕਾਂ ਦੀ ਕੁੱਲ ਲੰਬਾਈ 750 ਕਿਲੋਮੀਟਰ ਹੈ । ਸਾਲ 1998-99 ਦੌਰਾਨ ਮਿਤੀ ਦੇ ਅੰਤ ਤੱਕ 56 ਕਿਲੋਮੀਟਰ ਸੜਕਾਂ ਦੀ ਮੁਰੰਮਤ ਕੀਤੀ ਜਾ ਚੁੱਕੀ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ੀਰਾ ਤਹਿਸੀਲ ਜਿਸ ਦੇ ਵਿਚ ਦੋ ਦਰਿਆ ਪੈਂਦੇ ਹਨ, ਫਲੱਡ ਆਉਂਦੇ ਹਨ. ਮੈਨੂੰ ਜਵਾਬ ਪੜ੍ਹ ਕੇ ਬੜੀ ਹੈਰਾਨੀ ਹੋਈ ਹੈ ਕਿ ਜਿਸ ਏਰੀਏ ਵਿਚ ਹਰ ਸਾਲ ਫਲੱਡ ਆਉਂਦੇ ਹਨ । ਮੰਤਰੀ ਜੀ ਨੇ ਦੱਸਿਆ ਹੈ ਕਿ ਉਥੇ ਟੋਟਲ 750 ਕਿਲੋਮੀਟਰ ਸੜਕਾਂ ਹਨ, ਸਾਲ 1998-99 ਵਿਚ 56 ਕਿਲੋਮੀਟਰ ਸੜਕਾਂ ਦੀ ਰਿਪੇਅਰ ਕੀਤੀ ਗਈ । ਬਾਕੀ 694 ਕਿਲੋਮੀਟਰ ਵਿਚੋਂ ਕਿੰਨੀਆਂ ਇਸ ਸਾਲ ਡਿਊ ਹਨ ?

ਸ੍ਰੀ ਸਪੀਕਰ : ਉਹ ਇਹ ਪੁੱਛ ਰਹੇ ਹਨ ਕਿ ਕਿੰਨੀਆਂ ਸੜਕਾਂ ਡਿਊ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਸੀ ਉਹ ਇਹ ਸੀ ਕਿ ਉਥੇ ਸੜਕਾਂ ਦੀ ਲੰਬਾਈ ਕਿੰਨੀ ਹੈ ਤੇ ਕਿੰਨੀਆਂ ਦੀ ਰਿਪੇਅਰ ਹੋਈ ਹੈ । ਉਹ ਮੈਂ ਦੱਸ ਦਿੱਤਾ ਹੈ । ਉਹ ਆਪਣਾ ਸਵਾਲ ਚੰਗੀ ਤਰ੍ਹਾਂ ਪੜ੍ਹ ਲੈਣ । ਜੇਕਰ ਉਨ੍ਹਾਂ ਨੇ ਕੁਝ ਹੋਰ ਪੁੱਛਣਾ ਹੈ ਤਾਂ ਵੱਖਰਾ ਸਵਾਲ ਕਰ ਦੇਣ ।

ਸ੍ਰੀ ਸਪੀਕਰ : ਉਹ ਇਹ ਪੁੱਛ ਸਕਦੇ ਹਨ । ਬਾਕੀ 694 ਕਿਲੋਮੀਟਰ ਵਿਚੋਂ ਕਿੰਨੀਆਂ ਡਿਊ ਹਨ ?

ਮੰਤਰੀ : ਸਪੀਕਰ ਸਾਹਿਬ, ਕੁਲ ਲੰਬਾਈ 750 ਕਿਲੋਮੀਟਰ ਹੈ । 56 ਕਿਲੋਮੀਟਰ ਦੀ ਰਿਪੇਅਰ ਹੋ ਗਈ ਹੈ । ਬਾਕੀ ਦੀ ਸਾਰੀ ਡਿਊ ਹੀ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੰਤਰੀ ਜੀ ਗਲਤ ਕਹਿ ਰਹੇ ਹਨ । ਜੇਕਰ ਉਨ੍ਹਾਂ ਕੋਲ ਹੁਣ ਜਵਾਬ ਤਿਆਰ ਨਹੀਂ ਤਾਂ ਉਹ ਬਾਅਦ ਵਿਚ ਦੇ ਦੇਣ । ਸਾਰੀਆਂ ਸੜਕਾਂ ਡਿਊ ਨਹੀਂ ਹੋ ਸਕਦੀਆਂ ਕਿਉਂਕਿ ਕੁਝ ਪਿਛਲੇ ਸਾਲ ਰਿਪੇਅਰ ਹੋਈਆਂ ਹਨ ਅਤੇ ਇਨ੍ਹਾਂ ਦੀ ਰਿਪੇਅਰ ਦੀ ਮਿਆਦ ਪੰਜ ਸਾਲ ਬਾਅਦ ਹੁੰਦੀ ਹੈ । ਇਸ ਲਈ ਸਾਰੀਆਂ 694 ਕਿਲੋਮੀਟਰ ਡਿਊ ਨਹੀਂ ਹੋ ਸਕਦੀਆਂ ਸਪੀਕਰ ਸਾਹਿਬ, ਮਿਹਰਬਾਨੀ ਕਰਕੇ ਵਜ਼ੀਰ ਸਾਹਿਬ ਨੂੰ ਕਹੋ ਕਿ ਭਾਵੇਂ ਦੋ ਦਿਨ ਦੇ ਬਾਅਦ ਜਵਾਬ ਦੇ ਦੇਣ, ਪਰ ਜਵਾਬ ਜ਼ਰੂਰ ਦੇਣ । ਜੇਕਰ ਤੁਸੀਂ ਇਹ ਕਹਿੰਦੇ ਹੋ ਤਾਂ ਠੀਕ ਹੈ । ਨਹੀਂ ਤਾਂ ਮੇਰੀ ਹੋਰ ਸਪਲੀਮੈਂਟਰੀ ਹੈ ।

ਸ੍ਰੀ ਸਪੀਕਰ : ਠੀਕ ਹੈ, ਤੁਹਾਡੀ ਸਪਲੀਮੈਂਟਰੀ ਦਾ ਕੱਲ੍ਹ ਜਵਾਬ ਦੇ ਦੇਣਗੇ, ਜੇ ਅੱਜ ਤਿਆਰ ਨਹੀਂ ।

ਨਿਸ਼ਾਨ ਵਾਲਾ ਪ੍ਰਸ਼ਨ ਨੰ: *1471

Mr. Speaker :For Starred Question No. 1471, extension has been asked for for two weeks which I have granted.'

ਮਦਨ ਮੋਹਨ ਮਿੱਤਲ,
ਖੁਰਾਕ ਤੇ ਸਪਲਾਈ ਮੰਤਰੀ, ਪੰਜਾਬ

ਅ: ਸ: ਪ: ਨੰ: 14/9/99-1 ਇਸ3/1265
ਮਿਤੀ, ਚੰਡੀਗੜ੍ਹ 10 ਮਾਰਚ 1999

ਵਿਸ਼ਾ : ਸਟਾਰਡ ਪ੍ਰਸ਼ਨ ਨੰ: 1471 ਸਬੰਧੀ ।

ਪਿਆਰੇ ਅਟਵਾਲ ਜੀ,

ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕਰਨੀ ।

2. ਸ: ਮਨਮੋਹਨ ਸਿੰਘ ਸਠਿਆਲਾ, ਐਮ. ਐਲ. ਏ. ਵੱਲੋਂ ਵਿਸ਼ੇ ਵਿੱਚ ਅੰਕਿਤ ਸਟਾਰਡ ਸਵਾਲ ਨੰ: 1471 ਖੇਤੀਬਾੜੀ ਮੰਤਰੀ, ਪੰਜਾਬ ਤੋਂ ਪੁੱਛਿਆ ਗਿਆ ਸੀ ਅਤੇ ਇਹ ਸਵਾਲ ਖੇਤੀਬਾੜੀ ਵਿਭਾਗ ਵੱਲੋਂ ਮਿਤੀ 9 ਮਾਰਚ, 1999 ਨੂੰ ਇਸ ਵਿਭਾਗ ਵਿਚ ਤਬਦੀਲ ਕਰ ਦਿੱਤਾ ਗਿਆ ਹੈ । ਇਸ ਦਾ ਉੱਤਰ ਦੇਣ ਲਈ ਮੁੱਖ ਇੰਜੀਨੀਅਰ (ਪਲੈਨ ਰੋਡਜ਼) ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਪਟਿਆਲਾ ਤੋਂ ਪ੍ਰਾਪਤ ਕਰਨ ਲਈ ਲਿਖਿਆ ਸੀ ਪਰੰਤੂ ਇਸ ਸੰਬੰਧੀ ਡਿਟੇਲ ਪ੍ਰਾਪਤ ਕਰਨ ਲਈ ਹੋਰ ਸਮਾਂ ਲੱਗਣ ਦੀ ਸੰਭਾਵਨਾ ਹੈ । ਫਲਸਰੂਪ, ਇਸ ਸਵਾਲ ਦਾ ਉੱਤਰ ਨਿਸ਼ਚਿਤ ਮਿਤੀ (11 ਮਾਰਚ, 1999) ਨੂੰ ਵਿਧਾਨ ਸਭਾ ਵਿੱਚ ਦੇਣਾ ਸੰਭਵ ਨਹੀਂ ਹੈ ।

ਮੈਂ ਧੰਨਵਾਦੀ ਹੋਵਾਂਗਾ ਜੇਕਰ ਆਪ ਕਿਰਪਾ ਕਰਕੇ ਇਸ ਸਵਾਲ ਦਾ ਉੱਤਰ ਦੇਣ ਲਈ 10 ਦਿਨਾਂ ਦਾ ਸਮਾਂ ਦੇਣ ਦੀ ਖੇਚਲ ਕਰੋਗੇ ।

ਆਦਰ ਸਹਿਤ,

ਤਿਹਾਡਾ
ਸਹੀ /-
(ਮਦਨ ਮੋਹਨ ਮਿੱਤਲ)

ਸ੍ਰੀ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

*For Starred Question No. 1471 and reply thereto, please see P.V.S. Debate dated 24th March, 1999.

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਖੋਲ੍ਹੇ ਗਏ ਹਸਪਤਾਲਾਂ ਦੀ ਗਿਣਤੀ

*1409. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਇਸ ਦੇ ਸਥਾਪਤ ਕੀਤੇ ਜਾਣ ਦੀ ਮਿਤੀ ਤੋਂ ਹੁਣ ਤੱਕ ਜਿਹੜੇ ਸਿਵਲ ਹਸਪਤਾਲ ਖੋਲ੍ਹੇ ਗਏ ਹਨ, ਉਨ੍ਹਾਂ ਦੇ ਜ਼ਿਲ੍ਹਾ-ਵਾਰ ਨਾਂ ਕੀ ਕੀ ਹਨ ਅਤੇ ਹਰ ਇਕ ਹਸਪਤਾਲ ਤੇ ਹੁਣ ਤੱਕ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ ?

(ਅ) ਅਜਿਹੀਆਂ ਬਿਮਾਰੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਦਾ ਇਲਾਜ ਉਪਰੋਕਤ ਭਾਗ (ੳ) ਵਿਚ ਵਰਣਿਤ ਹਸਪਤਾਲਾਂ ਵਿਚ ਕੀਤਾ ਜਾਂਦਾ ਹੈ ਅਤੇ ਹਰ ਇਕ ਹਸਪਤਾਲ ਕਿੰਨੇ-ਕਿੰਨੇ ਬਿਸਤਰਿਆਂ ਵਾਲਾ ਹੈ ?

ਸ੍ਰੀ ਮਨੋਰੰਜਨ ਕਾਲੀਆ : (ੳ) ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਨੂੰ ਸਥਾਪਿਤ ਕੀਤੇ ਜਾਣ ਦੀ ਮਿਤੀ ਤੋਂ ਕੋਈ ਨਵਾਂ ਹਸਪਤਾਲ ਖੋਲ੍ਹਿਆ ਨਹੀਂ ਗਿਆ। ਫਿਰ ਵੀ 151 ਜ਼ਿਲ੍ਹਾ ਹਸਪਤਾਲ/ਕਮਿਊਨਟੀ ਹੈਲਥ ਸੈਂਟਰਜ਼/ਸਬ-ਡਵੀਜ਼ਨਲ ਹਸਪਤਾਲ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਵੱਲੋਂ ਅਨੁਲੱਗ 'ਏ'** ਅਨੁਸਾਰ ਲਏ ਗਏ ਹਨ। ਇਨ੍ਹਾਂ ਹਸਪਤਾਲਾਂ ਤੇ ਹੁਣ ਤੱਕ ਖਰਚੇ ਸਬੰਧੀ ਵੇਰਵੇ ਅਨੁਲੱਗ 'ਬੀ'** ਤੇ ਨੱਥੀ ਕੀਤੇ ਗਏ ਹਨ।

(ਅ) ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਅਧੀਨ 151 ਹਸਪਤਾਲ ਹਨ, ਇਨ੍ਹਾਂ ਹਸਪਤਾਲਾਂ ਵਿਚੋਂ ਬੱਚਿਆਂ ਦੇ ਹਸਪਤਾਲ ਬਠਿੰਡਾ ਵਿਖੇ ਬੱਚਿਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ ਵਿਚ ਆਮ ਇਲਾਜ ਤੋਂ ਇਲਾਵਾ ਔਰਤਾਂ ਦੀਆਂ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾਂਦਾ ਹੈ। ਬਾਕੀ ਦੀਆਂ 149 ਸਿਹਤ ਸੰਸਥਾਵਾਂ/ਹਸਪਤਾਲਾਂ ਵਿੱਚ ਆਮ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾਂਦਾ ਹੈ। ਇਨ੍ਹਾਂ ਸਿਹਤ ਸੰਸਥਾਵਾਂ ਦੇ ਸਾਹਮਣੇ ਅਨੁਲੱਗ 'ਏ'** ਵਿੱਚ ਬਿਸਤਰਿਆਂ ਦੀ ਗਿਣਤੀ ਵੀ ਦਿੱਤੀ ਗਈ ਹੈ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ ਮੰਤਰੀ ਜੀ ਨੇ ਬੜੇ ਵਿਸਥਾਰ ਨਾਲ ਉੱਤਰ ਦਿਤਾ ਹੈ ਪਰ ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਵਿੱਚ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਖੇ ਸਿਵਲ ਹਸਪਤਾਲ ਹੈ ਜਿਸ ਤੇ 15,61,000 ਰੁਪਏ ਖਰਚ ਕੀਤੇ ਗਏ ਹਨ। ਕੀ ਮੰਤਰੀ ਜੀ ਵਿਸ਼ਵਾਸ ਦਿਵਾਉਣਗੇ ਕਿ ਇਹ ਜਿਹੜਾ ਹਸਪਤਾਲ ਹੈ, ਇਹ ਜੀ. ਟੀ. ਰੋਡ ਤੇ 30 ਬੈਡ ਦਾ ਹਸਪਤਾਲ ਹੈ ਅਤੇ ਬੜਾ ਇੰਪਾਰਟੈਂਟ ਹੈ, ਕੀ ਇਸ ਨੂੰ ਆਉਣ ਵਾਲੇ ਵਿੱਤੀ ਸਾਲ ਵਿੱਚ ਐਕਸਟੈਂਡ ਕਰਕੇ ਜ਼ਿਆਦਾ ਬੈਡਜ਼ ਦਾ ਬਣਾਇਆ ਜਾਵੇਗਾ ?

**Placed in the Library.

ਮੰਤਰੀ : ਸਪੀਕਰ ਸਾਹਿਬ, ਇਹ ਹਸਪਤਾਲ 30 ਬੈਡ ਦਾ ਹੈ, ਪਰੰਤੂ ਹਾਲ ਦੀ ਘੜੀ ਇਸ ਦੀ ਐਕਸਟੈਨਸ਼ਨ ਬਾਰੇ ਕੋਈ ਤਜਵੀਜ਼ ਨਹੀਂ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਦੇ ਉਤਰ ਨਾਲ ਮੈਂ ਸੰਤੁਸ਼ਟ ਨਹੀਂ, ਕਿਉਂਕਿ ਪਿਛਲੇ ਦਿਨੀਂ, ਮੈਨੂੰ ਡੇਟ ਤਾਂ ਯਾਦ ਨਹੀਂ, ਅਕਾਲੀ ਪੱਤ੍ਰਿਕਾ ਵਿੱਚ ਇਨ੍ਹਾਂ ਦੀ ਕਾਰਪੋਰੇਸ਼ਨ ਵਲੋਂ 87 ਲੱਖ ਰੁਪਏ ਦਾ ਇਕ ਟੈਂਡਰ ਕਾਲ ਕੀਤਾ ਗਿਆ ਅਤੇ ਇਹ ਪ੍ਰਾਜੈਕਟ ਕਿਸੇ ਮੁਹਾਲੀ ਦੀ ਫਰਮ ਨੇ ਲਿਆ ਹੈ ਅਤੇ ਆਉਣ ਵਾਲੇ ਸਾਲ ਵਿੱਚ ਉਹ ਕੰਮ ਸ਼ੁਰੂ ਕਰਨ ਜਾ ਰਹੇ ਹਨ । ਮੇਰੀ ਬੇਨਤੀ ਹੈ ਕਿ ਮੰਤਰੀ ਜੀ ਆਪਣੇ ਮਹਿਕਮੇ ਵਿੱਚ ਧਿਆਨ ਦੇਣ ਤਾਂ ਜੋ ਪੂਰੀ ਜਾਣਕਾਰੀ ਹਾਊਸ ਨੂੰ ਦਿੱਤੀ ਜਾ ਸਕੇ ।

ਸ੍ਰੀ ਸਪੀਕਰ : ਕੋਈ ਗੱਲ ਨਹੀਂ ਬਣੀ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਜੇ ਐਕਸਟੈਨਸ਼ਨ ਨਹੀਂ ਕੀਤੀ ਜਾ ਰਹੀ ਤਾਂ ਫਿਰ ਜੋ ਟੈਂਡਰ ਦਿੱਤਾ ਗਿਆ ਹੈ, ਉਹ ਕਿਸ ਲਈ ਦਿੱਤਾ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਉਥੇ ਰਿਪੇਅਰ, ਰੈਨੋਵੇਸ਼ਨ ਅਤੇ ਰੈਜ਼ੀਡੈਂਸ਼ੀਅਲ ਅਕਾਮੋਡੇਸ਼ਨ ਦੀ ਐਕਸਟੈਨਸ਼ਨ ਕਰਨੀ ਹੈ । ਡਾਕਟਰਜ਼ ਅਤੇ ਕਲਾਸ ਫੋਰ ਦੇ ਲਈ ਮਕਾਨ ਬਣਾਏ ਜਾ ਰਹੇ ਹਨ ।

ਨਵਾਂ ਸ਼ਹਿਰ ਵਿੱਚ ਸੀਵਰੇਜ ਸਿਸਟਮ ਦੀ ਉਸਾਰੀ

*1411. **ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਉਸਾਰੀ ਅਧੀਨ ਸਰਕਾਰੀ ਕੁਆਰਟਰਾਂ ਵਿਚੋਂ ਗੰਦੇ ਪਾਣੀ ਦੇ ਨਿਕਾਸ ਲਈ ਸੀਵਰੇਜ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਰਾਜਾ ਨਰਿੰਦਰ ਸਿੰਘ : ਇਸ ਵੇਲੇ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਆਮ ਪੂਲ ਸ਼੍ਰੇਣੀ ਦੇ ਸਰਕਾਰੀ ਕੁਆਰਟਰਾਂ ਦੀ ਉਸਾਰੀ ਦਾ ਕੋਈ ਵੀ ਕੰਮ ਨਹੀਂ ਚੱਲ ਰਿਹਾ ਪਰ ਡਿਸਟ੍ਰਿਕਟ ਐਡਮਨੀਸਟਰੇਟਿਵ ਕੰਪਲੈਕਸ, ਨਵਾਂ ਸ਼ਹਿਰ ਵਿੱਚ ਜੱਜਾਂ ਲਈ 3 ਕੁਆਰਟਰਾਂ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਇਨ੍ਹਾਂ ਕੁਆਰਟਰਾਂ ਦੇ ਗੰਦੇ ਪਾਣੀ ਨੂੰ ਨਗਰ ਪਾਲਿਕਾ ਦੇ ਸੀਵਰ ਵਿੱਚ ਪਾਉਣ ਦੀ ਤਜਵੀਜ਼ ਹੈ । ਦੂਜੇ ਹੋਰ ਕਿਸੇ ਟਾਊਨ ਵਿੱਚ ਸਰਕਾਰੀ ਕੁਆਰਟਰ ਉਸਾਰੀ ਅਧੀਨ ਨਹੀਂ ਹਨ ।

ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਤਿੰਨ ਜੱਜਿਜ਼

ਲਈ ਕੁਆਰਟਰ ਬਣਾਏ ਜਾ ਰਹੇ ਹਨ ਕੀ ਉਹ ਤਕਰੀਬਨ ਮੁਕੰਮਲ ਹੋ ਚੁੱਕੇ ਹਨ ? ਮੈਨੂੰ ਮਾਨਯੋਗ ਮੰਤਰੀ ਜੀ ਇਨਾ ਦੱਸ ਦੇਣ ਕਿ ਉਨ੍ਹਾਂ ਦਾ ਸੀਵਰੇਜ ਕਦੋਂ ਤੱਕ ਤਿਆਰ ਕਰ ਦਿਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਤਿੰਨੋ ਕੁਆਰਟਰ ਜਦੋਂ ਕੰਪਲੀਟ ਹੋਣਗ ਇਨ੍ਹਾਂ ਦਾ ਸੀਵਰੇਜ ਮਿਉਂਸਿਪਲ ਕਮੇਟੀ ਦੇ ਸੀਵਰ ਨਾਲ ਕੁਨੈਕਟ ਕਰ ਦਿੱਤਾ ਜਾਵੇਗਾ।

ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ : ਧੰਨਵਾਦ ਜੀ।

ਮਾਨਸਾ ਸ਼ਹਿਰ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ,

*1465. ਸਰਦਾਰ ਸੁਖਵਿੰਦਰ ਸਿੰਘ ਔਲਖ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕੋਈ ਪ੍ਰਬੰਧ ਕੀਤਾ ਗਿਆ ਹੈ; ਜੇਕਰ ਨਹੀਂ ਤਾਂ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਮਾਨਸਾ ਸ਼ਹਿਰ ਵਿਚ ਅਜਿਹੇ ਵਾਰਡਾਂ/ਇਲਾਕਿਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਚ, ਇਸ ਸਮੇਂ, ਪੀਣ ਵਾਲੇ ਪਾਣੀ ਦੀ ਸਪਲਾਈ ਲਈ ਕੋਈ ਪ੍ਰਬੰਧ ਨਹੀਂ ਹੈ ਅਤੇ ਉਕਤ ਵਾਰਡਾਂ/ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਬਲਰਾਮਜੀ ਦਾਸ ਟੰਡਨ : (ੳ) ਨਹੀਂ ਜੀ, ਜਿਵੇਂ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਸਟੇਟ ਗੌਰਮਿੰਟ ਸੰਸਥਾ ਹੈ। ਇਸ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਪੀ.ਡਬਲਯੂ.ਡੀ. ਪਬਲਿਕ ਹੈਲਥ ਮਹਿਕਮਾ (ਗੌਰਮਿੰਟ ਵਰਕਸ) ਵਲੋਂ ਕੀਤਾ ਜਾਂਦਾ ਹੈ।

(ਅ) ਮਾਨਸਾ ਨਗਰ ਵਿਖੇ ਹੇਠ ਲਿਖੇ ਇਲਾਕਿਆਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ ਅਜੇ ਤੱਕ ਮੁਹੱਈਆ ਨਹੀਂ ਹੈ, ਜਿਵੇਂ ਕਿ ਕੋਰਟ ਰੋਡ ਦੇ ਦੋਵੇਂ ਪਾਸਿਆਂ ਦੀਆਂ ਗਲੀਆਂ, ਬੈਂਕ ਕਾਲਜ ਰੋਡ, ਲਿੰਕ ਰੋਡ ਦੇ ਦੋਵੇਂ ਪਾਸਿਆਂ ਦੀਆਂ ਗਲੀਆਂ, ਪੈਟਰੋਲ ਪੰਪ ਤੋਂ ਲੈ ਕੇ ਤਿਨਕੋਨੀ ਤੱਕ, ਮੇਨ ਕਾਲਜ ਰੋਡ ਅਤੇ ਨਾਲ ਲੱਗਦੀਆਂ ਗਲੀਆਂ, ਕੰਬੋਜ ਸਿਨੇਮਾ ਦੇ ਲਾਗੇ ਦਾ ਏਰੀਆ, ਬਕਾਇਆ ਏਰੀਆ ਲੱਲੂਆਣਾ ਰੋਡ ਨੇੜੇ ਚੂੰਗੀ, ਸਿਰਸਾ ਰੋਡ ਦੀਆਂ ਸਾਰੀਆਂ ਗਲੀਆਂ, ਫਾਇਰ ਬਰਿਗੇਡ ਸਟੇਸ਼ਨ ਤੋਂ ਲੈ ਕੇ ਮਾਨਸਾ ਚੂੰਗੀ ਤੱਕ। ਇਹਨਾਂ ਇਲਾਕਿਆਂ ਨੂੰ ਜਲ ਸਪਲਾਈ ਫੰਡਜ਼ ਪ੍ਰਾਪਤ ਹੋਣ ਤੋਂ ਅਗਲੇ ਚਾਰ ਸਾਲਾਂ ਤੱਕ ਮੁਹੱਈਆ ਕਰਨ ਦੀ ਯੋਜਨਾ ਹੈ ਜੀ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਕਾਲਜ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਨਹੀਂ ਹੈ ਅਤੇ ਨਾਲ ਹੀ ਇਹ ਕਹਿ ਦਿੱਤਾ ਹੈ ਕਿ ਪ੍ਰਬੰਧ ਅਸੀਂ ਨਹੀਂ ਕਰਾਂਗੇ ਸਗੋਂ ਇਹ ਪ੍ਰਬੰਧ ਕਿਸੀ ਹੋਰ ਮਹਿਕਮੇ ਨੇ ਕਰਨਾ ਹੈ। ਮੰਤਰੀ ਜੀ ਨੇ ਕਿਹਾ ਹੈ ਕਿ ਇਹ ਜ਼ਿੰਮਾ ਪਬਲਿਕ ਹੈਲਥ ਡਿਪਾਰਟਮੈਂਟ ਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਚਾਹੇ ਇਹ ਕੰਮ ਪਬਲਿਕ ਹੈਲਥ ਦਾ ਮਹਿਕਮਾ ਕਰੇ ਅਤੇ ਚਾਹੇ ਕੋਈ ਹੋਰ ਕਰੇ ਪਰ ਉੱਥੇ ਪਾਣੀ ਦਾ ਇੰਤਜ਼ਾਮ ਹਾਲੇ ਤੱਕ ਕਿਉਂ ਨਹੀਂ ਹੋਇਆ ਅਤੇ ਇਹ ਕਦੋਂ ਤੱਕ ਕੀਤਾ ਜਾਵੇਗਾ ? ਸਪੀਕਰ ਸਾਹਿਬ, ਇਹ ਗੌਰਮਿੰਟ ਦਾ ਕਾਲਜ ਹੈ। ਇਸ ਕਾਲਜ ਨੂੰ ਬਣਿਆਂ 35-37 ਸਾਲ ਹੋ ਗਏ ਹਨ ਅਤੇ ਦੋ ਹਜ਼ਾਰ ਬੱਚਾ ਉੱਥੇ ਪੜ੍ਹਦਾ ਹੈ ਪਰ ਹਾਲੇ ਤੱਕ ਉੱਥੇ ਕੋਈ ਪਾਣੀ ਦਾ ਇੰਤਜ਼ਾਮ ਨਹੀਂ ਹੈ। ਇਹ ਕਾਲਜ ਮਿਉਂਸਪੈਲਟੀ ਦੀ ਹਦੂਦ ਵਿੱਚ ਹੀ ਆਉਂਦਾ ਹੈ।

ਸ਼੍ਰੀ ਸਪੀਕਰ : ਔਲਖ ਸਾਹਿਬ, ਤੁਸੀਂ ਕੁਐਸਚਨ ਗਲਤ ਥਾਂ ਤੇ ਪੁੱਟ ਕਰ ਲਿਆ ਹੈ।

ਸਰਦਾਰ ਸੁਖਵਿੰਦਰ ਸਿੰਘ ਔਲਖ . ਸਪੀਕਰ ਸਾਹਿਬ, ਅਸੀਂ ਤਾਂ ਕੁਐਸਚਨ ਪੁੱਛਣਾ ਹੈ। ਇਨ੍ਹਾਂ ਤੋਂ ਲਗਾਉਣ ਵੇਲੇ ਹੀ ਗਲਤ ਲੱਗ ਗਿਆ ਹੋਵੇਗਾ।

ਸ਼੍ਰੀ ਸਪੀਕਰ : ਮੰਤਰੀ ਜੀ, ਇਹ ਕਾਲਜ ਦਾ ਕੰਮ ਹੈ। ਕੀ ਕੋਈ ਹੱਲ ਨਿਕਲ ਸਕਦਾ ਹੈ ? ਰਾਜਾ ਜੀ ਵੀ ਬੈਠੇ ਹਨ। -

ਮੰਤਰੀ : ਸਪੀਕਰ ਸਾਹਿਬ, ਜਿੱਥੋਂ ਤੱਕ ਇਸ ਕਾਲਜ ਦਾ ਤਾਅਲੁੱਕ ਹੈ, ਇਹ ਜ਼ਰੂਰ ਮਿਉਂਸਪੈਲਟੀ ਦੀ ਹਦੂਦ ਵਿੱਚ ਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਇਸ ਕਾਲਜ ਦਾ ਪ੍ਰਬੰਧ ਕਿਉਂਕਿ ਗੌਰਮਿੰਟ ਦੇ ਹੱਥ ਵਿੱਚ ਹੈ, ਇਸੀ ਕਰਕੇ ਪੀ.ਡਬਲਿਊ. ਡੀ. ਬਰਾਂਚ ਨੇ ਹੀ ਇਸ ਦੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ। ਉੱਥੇ ਸ਼ੈਲੋ ਟਿਊਬਵੈੱਲ ਰਾਹੀਂ ਪਾਣੀ ਮਿਲਦਾ ਹੈ ਅਤੇ ਜਦੋਂ ਕਦੀ ਇਹੋ ਜਿਹੀ ਗੱਲ ਹੋ ਜਾਂਦੀ ਹੈ ਤਾਂ ਫਿਰ ਮਿਉਂਸਿਪਲ ਕਮੇਟੀ ਦੇ ਮੋਬਾਈਲ ਟੈਂਕਰ ਉੱਥੇ ਪਾਣੀ ਦੀ ਸਪਲਾਈ ਕਰਦੇ ਹਨ। ਇਸ ਨੂੰ ਕੈਨਾਲ ਵਾਟਰ ਨਾਲ ਜੋੜਨ ਵਾਸਤੇ ਪੀ. ਡਬਲਿਊ. ਡੀ. ਨੇ 30 ਲੱਖ ਰੁਪਏ ਦੀ ਲਾਗਤ ਨਾਲ ਇੱਕ ਸਕੀਮ ਬਣਾਈ ਹੈ। ਇਹ ਸਕੀਮ ਇੰਪਲੀਮੈਂਟ ਹੋਣੀ ਚਾਹੀਦੀ ਹੈ ਔਰ ਇਸ ਤੇ ਜ਼ਰੂਰ ਅਮਲ ਹੋ ਜਾਵੇਗਾ। ਇਸ ਸਵਾਲ ਦਾ ਮੇਰੇ ਨਾਲ ਡਾਇਰੈਕਟ ਸਬੰਧ ਨਹੀਂ ਹੈ ਪਰ ਫਿਰ ਵੀ ਜਿੰਨੀ ਕੁ ਮੇਰੇ ਕੋਲ ਇਨਫਰਮੇਸ਼ਨ ਹੈ, ਉਹ ਮੈਂ ਦੇ ਦਿੱਤੀ ਹੈ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਹ ਤਾਂ ਐਸ਼ਿਓਰ ਕਰਵਾਓ ਕਿ ਇਹ ਪਾਣੀ ਕਦੋਂ ਮਿਲਣ ਲੱਗ ਜਾਵੇਗਾ ?

ਸ਼੍ਰੀ ਸਪੀਕਰ : ਮੰਤਰੀ ਜੀ ਨੇ ਕਹਿ ਦਿੱਤਾ ਹੈ ਕਿ ਛੇਤੀ ਹੀ ਪ੍ਰਬੰਧ ਹੋ ਜਾਵੇਗਾ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮਾਨਸਾ ਦੀ ਧਰਤੀ ਥੱਲੇ ਪਾਣੀ ਬਹੁਤ ਮਾੜਾ ਹੈ । ਹੁਣ ਉਥੇ ਸੇਮ ਵੀ ਆ ਗਈ ਹੈ ਅੌਰ ਗੰਦੇ ਪਾਣੀ ਦਾ ਡੰਪ ਹੋਣ ਕਾਰਨ ਧਰਤੀ ਹੇਠਲਾ ਪਾਣੀ ਖਰਾਬ ਹੋ ਗਿਆ ਹੈ । ਵਜ਼ੀਰ ਸਾਹਿਬ ਨੇ ਸਾਰੇ ਸ਼ਹਿਰ ਦੀਆਂ ਬਸਤੀਆਂ ਗਿਣਾ ਦਿੱਤੀਆਂ ਹਨ । ਉਥੇ ਬਿਮਾਰੀ ਫੈਲਣ ਦਾ ਡਰ ਹੈ । ਸਾਉਣ ਦੇ ਮੌਸਮ ਵਿੱਚ ਪੀਲੀਆ ਫੈਲਣ ਦਾ ਡਰ ਰਹਿੰਦਾ ਹੈ । ਜਿਸ ਤਰ੍ਹਾਂ ਕੋਟਕਪੂਰੇ ਵਿੱਚ ਫੈਲਿਆ ਸੀ । ਉਸ ਸਮੇਂ ਸਰਕਾਰ ਭੱਜ-ਨੱਠ ਕਰੇਗੀ । ਇਸ ਲਈ ਕੀ ਸਰਕਾਰ ਕਾਲਜ ਦੇ ਨਾਲ ਨਾਲ ਬਸਤੀਆਂ ਨੂੰ ਵੀ ਪੀਣ ਵਾਲਾ ਪਾਣੀ ਮੁਹੱਈਆ ਕਰਵਾਏਗੀ ਤਾਂ ਕਿ ਲੋਕਾਂ ਦੀ ਜਾਨ ਬਚਾਈ ਜਾ ਸਕੇ ?

ਮੰਤਰੀ : ਸਪੀਕਰ ਸਾਹਿਬ, ਇੱਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਉਥੇ ਨਹਿਰੀ ਪਾਣੀ ਦੇ ਜ਼ਰੀਏ ਵਾਟਰ ਸਪਲਾਈ ਪੰਜਾਹ ਪਰਸੈਂਟ ਤੋਂ ਜ਼ਿਆਦਾ ਇਲਾਕੇ ਵਿੱਚ ਹੈ । ਬਾਕੀ ਏਰੀਏ ਵਾਸਤੇ ਜਿਸ ਦਾ ਮੈਂ ਨਾਂ ਲਿਆ ਹੈ, ਇੱਕ ਸਕੀਮ ਬਣਾਈ ਗਈ ਹੈ ਅੌਰ ਜਦੋਂ ਵੀ ਫੰਡਜ਼ ਮਿਲਣਗੇ ਤਾਂ ਜਲਦੀ ਤੋਂ ਜਲਦੀ ਅਮਲ ਦਰਾਮਦ ਕਰਾਂਗੇ । ਅਗਲੀ ਗੱਲ ਜਿਸ ਵਾਸਤੇ ਖਦਸ਼ਾ ਦੱਸਿਆ ਗਿਆ ਹੈ, ਇਸ ਖਦਸ਼ੇ ਨੂੰ ਕਿਸੀ ਵੀ ਤਰ੍ਹਾਂ ਅਮਲੀ ਰੂਪ ਨਾ ਮਿਲੇ, ਇਸ ਵਾਸਤੇ ਜੋ ਵੀ ਪ੍ਰਬੰਧ ਕੀਤੇ ਜਾ ਸਕਦੇ ਹਨ, ਉਹ ਜ਼ਰੂਰ ਕਰਾਂਗੇ ।

ਸਰਦਾਰ ਸੁਖਵਿੰਦਰ ਸਿੰਘ/ਔਲਖ : ਮਾਨਯੋਗ ਸਪੀਕਰ ਸਾਹਿਬ, ਉੱਤਰ ਦੇ ਭਾਗ-ਅ ਵਿੱਚ ਦੱਸਿਆ ਗਿਆ ਹੈ ਕਿ ਫੰਡਜ਼ ਆਉਣ ਤੇ ਇੰਤਜ਼ਾਮ ਕਰਾਂਗੇ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੰਡਜ਼ ਕਦੋਂ ਆਉਣਗੇ ? ਫਿਰ ਇਨ੍ਹਾਂ ਨੇ ਕਿਹਾ ਹੈ ਕਿ ਫੰਡਜ਼ ਆਉਣ ਤੋਂ ਚਾਰ ਸਾਲ ਦੇ ਸਮੇਂ ਵਿਚ ਇਹ ਕੰਮ ਕੀਤਾ ਜਾਵੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੰਡਜ਼ ਕਦੋਂ ਆਉਣਗੇ ?

ਸ਼੍ਰੀ ਸਪੀਕਰ : ਇਹ ਕੋਈ ਗੱਲ ਨਹੀਂ ਬਣੀ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਸ ਵਾਸਤੇ ਪਬਲਿਕ ਹੈਲਥ ਜ਼ੁੰਮੇਵਾਰ ਹੈ । ਇਹ ਗੌਰਮਿੰਟ ਦੀ ਬਿਲਡਿੰਗ ਹੈ ਅੌਰ ਕਾਲਜ ਵਿੱਚ ਪਾਣੀ ਦੀ ਮਹੱਤਤਾ ਬਾਰੇ ਆਨਰੇਬਲ ਮੈਂਬਰ ਸਾਹਿਬ ਨੇ ਐਕਸਪਲੇਨ ਕਰ ਦਿੱਤਾ ਹੈ । ਪਬਲਿਕ ਹੈਲਥ ਕਦੋਂ ਤੱਕ ਇਹ ਸਕੀਮ ਇੰਪਲੀਮੈਂਟ ਕਰ ਦੇਵੇਗਾ ? ਇਸ ਵਾਸਤੇ ਕੋਈ ਪ੍ਰਾਜੈਕਟ ਰਿਪੋਰਟ ਬਣੀ ਹੈ ਜਾਂ ਨਹੀਂ । ਸ਼ਹਿਰ ਵਿਚ ਕਾਫ਼ੀ ਬਸਤੀਆਂ ਵਿਚ ਪਾਣੀ ਸਪਲਾਈ ਠੀਕ ਨਹੀਂ ਹੈ । ਕਾਲਜ ਰੋਡ ਵੀ ਉਨ੍ਹਾਂ ਵਿੱਚੋਂ ਇੱਕ ਹੈ । ਇਸ ਲਈ ਕੀ ਮੰਤਰੀ ਜੀ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਕੀ ਪਾਣੀ ਦੀ ਸਪਲਾਈ ਨਾਲੋਂ ਡੀਲਿੰਕ ਕਰਕੇ ਉਥੇ ਪਹਿਲ ਦੇ ਆਧਾਰ ਤੇ ਮਿਉਂਸਿਪਲ ਕਮੇਟੀ ਦੇ ਪਰੈਜ਼ੈਂਟ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਵਾਸਤੇ ਪਾਈਪ ਲਾਈਨ ਪੁਆ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਨ੍ਹਾਂ ਨੇ ਉਸ ਵੇਲੇ ਧਿਆਨ ਨਹੀਂ ਦਿੱਤਾ ਜਿਸ ਵੇਲੇ ਮੈਂ ਜਵਾਬ ਦਿੱਤਾ ਸੀ ਕਿ ਇਹ ਮੇਰੇ ਨਾਲ ਕੁਨੈਕਟਿਡ ਨਹੀਂ ।

[ਮਕਾਨ ਉਸਾਰੀ ਮੰਤਰੀ]

30 ਲੱਖ ਰੁਪਏ ਦੀ ਲਾਗਤ ਨਾਲ ਉਥੇ ਵਾਟਰ ਸਪਲਾਈ ਨਾਲ ਜੋੜਨ ਦੀ ਪਬਲਿਕ ਹੈਲਥ ਡਿਪਾਰਟਮੈਂਟ ਨੇ ਪਹਿਲਾਂ ਹੀ ਸਕੀਮ ਬਣਾਈ ਹੈ, ਜਿਸ ਤੇ ਜਲਦੀ ਹੀ ਅਮਲ ਦਰਾਮਦ ਹੋ ਜਾਵੇਗਾ ।

ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*1472. **ਸਰਦਾਰ ਸ਼ੇਰ ਸਿੰਘ :** ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਇਸ ਸਮੇਂ, ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਹਨ ਅਤੇ ਇਸ ਸਮੇਂ ਤਹਿਸੀਲ ਜਲਾਲਾਬਾਦ ਵਿੱਚ ਲੱਗੇ ਪਸ਼ੂ-ਚਿਕਿਤਸਾ ਡਾਕਟਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਰਾਜ ਵਿੱਚ ਉਨ੍ਹਾਂ ਪਸ਼ੂ ਚਿਕਿਤਸਾ ਹਸਪਤਾਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿੱਚ ਇਸ ਸਮੇਂ ਡਾਕਟਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਆਸ ਹੈ;

(ੲ) ਕੀ ਸਰਕਾਰ ਦੀ ਰਾਜ ਦੇ ਸਰਹੱਦੀ ਇਲਾਕੇ ਵਿੱਚ ਕੋਈ ਨਵੇਂ ਪਸ਼ੂ-ਚਿਕਿਤਸਾ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿੱਚ ਤਜਵੀਜ਼ ਦੇ ਵੇਰਵੇ ਕੀ ਹਨ ?

ਡਾਕਟਰ ਰਤਨ ਸਿੰਘ : (ੳ) ਇਸ ਵੇਲੇ ਰਾਜ ਵਿੱਚ 918 ਵੈਟਰਨਰੀ ਡਾਕਟਰ ਹਨ ਜਿਨ੍ਹਾਂ ਵਿਚੋਂ 6 ਡਾਕਟਰ ਤਹਿਸੀਲ ਜਲਾਲਾਬਾਦ ਵਿੱਚ ਕੰਮ ਕਰ ਰਹੇ ਹਨ ।

(ਅ) ਰਾਜ ਦੇ ਵੱਖ-ਵੱਖ ਵੈਟਰਨਰੀ ਹਸਪਤਾਲਾਂ ਵਿੱਚ 176 ਵੈਟੀ. ਡਾਕਟਰਾਂ ਦੀਆਂ ਆਸਾਮੀਆਂ ਖਾਲੀ ਹਨ । ਇਨ੍ਹਾਂ ਆਸਾਮੀਆਂ ਨੂੰ ਭਰਨ ਸਬੰਧੀ ਲੋੜੀਂਦਾ ਮੰਗ ਪੱਤਰ ਪਹਿਲਾਂ ਹੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਭੇਜਿਆ ਜਾ ਚੁੱਕਾ ਹੈ । ਜਿਉਂ ਹੀ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਸਿਫਾਰਸ਼ਾਂ ਪ੍ਰਾਪਤ ਹੁੰਦੀਆਂ ਹਨ, ਖਾਲੀ ਪੋਸਟਾਂ ਨੂੰ ਪੁਰ ਕਰ ਲਿਆ ਜਾਵੇਗਾ ।

(ੲ) ਇਸ ਵੇਲੇ ਰਾਜ ਦੇ ਸਰਹੱਦੀ ਇਲਾਕੇ ਵਿੱਚ ਨਵੇਂ ਪਸ਼ੂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 176 ਪੋਸਟਾਂ ਖਾਲੀ ਪਈਆਂ ਹਨ, ਉਨ੍ਹਾਂ ਵਿੱਚੋਂ ਕਿੰਨੀਆਂ ਜਲਾਲਾਬਾਦ ਤਹਿਸੀਲ ਦੀਆਂ ਹਨ ਅਤੇ ਜਿਹੜਾ ਇਨ੍ਹਾਂ ਨੇ 'ੲ' ਭਾਗ ਵਿੱਚ ਜਵਾਬ ਦਿੱਤਾ ਹੈ, ਕੀ ਸਰਹੱਦੀ ਇਲਾਕੇ ਵਿੱਚ ਕੋਈ ਪਸ਼ੂ ਹਸਪਤਾਲ....

ਸ੍ਰੀ ਸਪੀਕਰ : ਇੱਕੋ ਸਵਾਲ ਇੱਕ ਟਾਈਮ ਪੁੱਛਿਆ ਜਾਵੇ ।

ਮੰਤਰੀ : ਸਪੀਕਰ ਸਾਹਿਬ, ਜਲਾਲਾਬਾਦ ਤਹਿਸੀਲ ਵਿੱਚ 8 ਹਸਪਤਾਲ ਹਨ ਜਿਨ੍ਹਾਂ ਵਿੱਚ 6 ਡਾਕਟਰ ਕੰਮ ਕਰ ਰਹੇ ਹਨ, 2 ਪੋਸਟਾਂ ਖਾਲੀ ਹਨ । ਮੈਂ ਮੈਂਬਰ ਸਾਹਿਬ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਨੈਕਸਟ ਮੰਥ ਸਾਡੇ ਕੋਲ ਡਾਕਟਰ ਆ ਜਾਣੇ ਹਨ ਅਤੇ ਅਸੀਂ ਸਭ ਤੋਂ ਪਹਿਲਾਂ ਜਲਾਲਾਬਾਦ ਹੀ ਭਰਾਂਗੇ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, 'ਏ' ਭਾਗ ਬਾਰੇ ਮਾਨਯੋਗ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਰਡਰ ਵਾਲੀ ਬੈਲਟ ਦੇ ਵਾਸਤੇ ਸਰਕਾਰ ਨੇ ਜੋ ਐਲਾਨ ਕੀਤਾ ਹੈ ਕਿ ਖਿਥੇ ਪਸ਼ੂ ਹਸਪਤਾਲ ਖੋਲ੍ਹੇ ਜਾਣਗੇ, ਉਨ੍ਹਾਂ ਦੇ ਬਾਰੇ ਇਨ੍ਹਾਂ ਦਾ ਕੀ ਵਿਚਾਰ ਹੈ ? ਕੀ ਸਰਕਾਰ ਖੋਲ੍ਹ ਰਹੀ ਹੈ ਜਾਂ ਨਹੀਂ ?

ਮੰਤਰੀ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਬਹੁਤ ਸਾਰੇ ਨਜਾਇਜ਼ ਹਸਪਤਾਲ ਖੋਲ੍ਹੇ ਹਨ । ਪੱਥਰ ਹੀ ਰੋਲੇ ਹਨ ਪਿੰਡਾਂ ਵਿੱਚ. . . .(ਵਿਘਨ). . . .ਕਿਤੇ ਦੀ ਬਿਲਡਿੰਗ ਨਹੀਂ, ਕਿਤੇ ਕੋਈ ਡਾਕਟਰ ਨਹੀਂ । ਇਹ ਕਾਗਜ਼ਾਂ ਵਿੱਚ ਹੀ ਹਸਪਤਾਲ ਖੋਲ੍ਹੇ ਹਨ । ਕਿਤੇ ਬਿਲਡਿੰਗ ਨਹੀਂ । ਤੁਸੀਂ ਹੈਰਾਨ ਹੋਵੋਗੇ, ਮੈਂ ਪਲਾਨਿੰਗ ਬੋਰਡ, ਮਾਨਸਾ ਦਾ ਚੇਅਰਮੈਨ ਹਾਂ । ਮੈਂ ਉਥੇ ਡੀ.ਸੀ. ਨੂੰ ਨਾਲ ਲੈ ਕੇ ਪਿੰਡ ਗਿਆ । ਉਥੇ ਛੱਪੜ ਵਿੱਚ ਪੱਥਰ ਗੱਡਿਆ ਹੋਇਆ ਸੀ । ਮੇਰੇ ਪੁੱਛਣ ਤੇ ਉਨ੍ਹਾਂ ਦੱਸਿਆ ਕਿ ਇਥੇ ਹਸਪਤਾਲ ਖੁੱਲ੍ਹਣਾ ਹੈ । ਪਹਿਲਾਂ ਜਿਹੜੇ ਨਜਾਇਜ਼ ਹਸਪਤਾਲ ਖੋਲ੍ਹੇ ਗਏ ਹਨ, ਉਨ੍ਹਾਂ ਨੂੰ ਚਲਾ ਰਹੇ ਹਾਂ । ਅਸੀਂ ਪਹਿਲਾਂ ਉਨ੍ਹਾਂ ਨੂੰ ਸਟਰੈਂਥਨ ਕਰਾਂਗੇ, ਫਿਰ ਹੋਰ ਖੋਲ੍ਹਾਂਗੇ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ, ਪਸ਼ੂ ਪਾਲਣ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਤੋਂ ਜਿਹੜੇ ਬਾਦਲ ਸਾਹਿਬ ਪੰਜ ਬੋਤੂ ਲਿਆਏ ਹਨ, ਉਹ ਇਨ੍ਹਾਂ ਨੇ ਕਿਹੜੇ ਹਸਪਤਾਲ ਵਿੱਚ ਰੱਖੇ ਹਨ ? . . .(ਹਾਸਾ)

ਸ੍ਰੀ ਸਪੀਕਰ : ਨਹੀਂ ਜੀ । ਅਗਲਾ ਸਵਾਲ ।

ਈਸਾਈ ਭਾਈਚਾਰੇ ਨੂੰ 'ਸ਼ਗਨ' ਸਕੀਮ ਅਧੀਨ ਲਾਭ ਦੇਣਾ

*1418. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੇ ਵਿਆਹ ਦੇ ਮੌਕੇ ਤੇ 'ਸ਼ਗਨ' ਸਕੀਮ ਅਧੀਨ ਦਿੱਤਾ ਜਾ ਰਿਹਾ ਲਾਭ ਈਸਾਈ ਭਾਈਚਾਰੇ ਨੂੰ ਵੀ ਦਿੱਤਾ ਗਿਆ ਹੈ;

[ਚੌਧਰੀ ਮੋਹਨ ਲਾਲ ਬਹਿਰਾਮ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਨੇ ਉਪਰੋਕਤ ਸਕੀਮ ਲਈ ਰੱਖੇ ਗਏ ਫੰਡਾਂ ਵਿਚ ਕੋਈ ਵਾਧਾ ਵੀ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

ਸਰਦਾਰ ਸਰਵਣ ਸਿੰਘ ਫਿਲੌਰ : (ੳ) ਹਾਂ ਜੀ ।

(ਅ) ਨਹੀਂ ਜੀ । ਸਾਲ 1998-99 ਦੌਰਾਨ ਸ਼ਗਨ ਸਕੀਮ ਅਧੀਨ 20.00 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ ਜਿਹੜੀ ਕਿ ਅਨੁਸੂਚਿਤ ਜਾਤੀ ਦੀਆਂ ਸਾਰੀਆਂ ਯੋਗ ਲੜਕੀਆਂ, ਸਮੇਤ ਈਸਾਈ ਭਾਈਚਾਰੇ ਦੀਆਂ ਲੜਕੀਆਂ ਨੂੰ ਕਵਰ ਕਰਨ ਲਈ ਕਾਫੀ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਜਦੋਂ ਤੋਂ ਸਰਕਾਰ ਬਣੀ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਪਛੜ ਵਰਗ ਅਤੇ ਦਲਿਤ ਲੋਕਾਂ ਵਾਸਤੇ ਬਹੁਤ ਸਾਰੀਆਂ ਅੱਛੀਆਂ ਅੱਛੀਆਂ ਸਕੀਮਾਂ ਸਰਕਾਰ ਨੇ ਚਾਲੂ ਕੀਤੀਆਂ ਸਨ । 5100 ਰੁਪਏ ਸ਼ਗਨ ਦੇ ਤੌਰ ਤੇ ਗਰੀਬ ਲੋਕਾਂ ਦੀਆਂ ਲੜਕੀਆਂ ਨੂੰ ਦੇਣ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ, ਹੁਣ ਉਸ ਵਿੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਈਸਾਈ ਭਾਈਚਾਰੇ ਨੂੰ ਵੀ ਸ਼ਾਮਲ ਕੀਤਾ ਹੈ । ਮੈਂ ਇਸ ਬਾਰੇ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ । ਲੇਕਿਨ ਜਦੋਂ ਤੋਂ ਇਹ ਸਕੀਮ ਚਲਾਈ ਗਈ ਸੀ ਉਦੋਂ 20 ਕਰੋੜ ਰੁਪਿਆ ਸੀ ਪਰ ਉਸ ਸਮੇਂ ਈਸਾਈ ਭਾਈਚਾਰਾ ਉਸ ਦੇ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ । ਹੁਣ ਬਾਅਦ ਦੇ ਵਿੱਚ ਇਸ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ । ਇਸ ਲਈ ਮੈਂ ਮੰਤਰੀ ਜੀ ਤੋਂ ਇਹ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਹ ਜੋ ਰਾਸ਼ੀ ਹੈ, ਮੈਂ ਸਮਝਦਾ ਹਾਂ ਕਿ ਹੁਣ ਬਹੁਤ ਘੱਟ ਹੈ ਕਿਉਂਕਿ ਈਸਾਈ ਭਾਈਚਾਰਾ ਵੀ ਬਹੁਤ ਵੱਡੀ ਜਨਸੰਖਿਆ ਵਿੱਚ ਹੈ ਇਸ ਲਈ ਉਸ ਦੇ ਵਾਸਤੇ ਹੋਰ ਪੈਸੇ ਦੀ ਜ਼ਰੂਰਤ ਪਏਗੀ । ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਇਸ ਰਾਸ਼ੀ ਵਿੱਚ ਹੋਰ ਵਾਧਾ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 20 ਕਰੋੜ ਰੁਪਿਆ ਕਾਫੀ ਹੈ । ਜੇਕਰ ਲੋੜ ਪਈ ਤਾਂ ਅਸੀਂ ਕਿਸੇ ਨੂੰ ਵੀ, ਕਿਸੇ ਵੀ ਬੈਨੀਫਿਸ਼ਰੀ ਨੂੰ ਇਸ ਸਕੀਮ ਤੋਂ ਵਾਂਝਾ ਨਹੀਂ ਰਹਿਣ ਦਿਆਂਗੇ ਚਾਹੇ ਉਹ ਈਸਾਈ ਭਾਈਚਾਰਾ ਹੈ ਜਾਂ ਹੋਰ ਕੋਈ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਈਸਾਈ ਭਾਈਚਾਰੇ ਨੂੰ, ਭਾਵੇਂ ਉਨ੍ਹਾਂ ਨੇ ਆਪਣਾ ਧਰਮ ਪਰਿਵਰਤਨ ਕਰ ਲਿਆ ਉਨ੍ਹਾਂ ਗਰੀਬ ਲੋਕਾਂ ਦੀ ਹਾਲਤ ਬੜੀ ਮਾੜੀ ਹੈ ਉਨ੍ਹਾਂ ਨੂੰ ਇਸ ਸਕੀਮ ਦੇ ਅਧੀਨ ਲਿਆਂਦਾ ਜਾ ਰਿਹਾ ਹੈ । ਇਸੇ ਤਰ੍ਹਾਂ ਜਿਵੇਂ ਝਿਊਰ ਜਾਤ ਹੈ

ਔਰ ਇਸੇ ਤਰ੍ਹਾਂ ਬੈਕਵਰਡ ਸ਼੍ਰੇਣੀ ਨਾਲ ਸਬੰਧਿਤ ਹੋਰ ਨਾਈ, ਛੀਂਬੇ ਜੋ ਕਿ ਬਹੁਤ ਗਰੀਬੀ ਦੀ ਹਾਲਤ ਵਿਚ ਰਹਿ ਰਹੇ ਹਨ, ਕੀ ਉਨ੍ਹਾਂ ਨੂੰ ਵੀ ਇਸ ਸਕੀਮ ਦੇ ਅਧੀਨ ਲਿਆਂਦਾ ਜਾਵੇਗਾ ?

ਸ੍ਰੀ ਸਪੀਕਰ : ਨਹੀਂ ਜੀ, ਇਹ ਸਪਲੀਮੈਂਟਰੀ ਇਸ ਸਵਾਲ ਦੇ ਨਾਲ ਸਬੰਧਿਤ ਨਹੀਂ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਮੈਂ ਪਤਾ ਮੰਗਵਾਇਆ ਹੈ ਕਿ ਸਾਰੇ ਐਸ.ਡੀ.ਐਮ. ਸਾਹਿਬਾਨਾਂ ਦੇ ਦਫ਼ਤਰਾਂ ਵਿੱਚ ਕਿਸੇ ਵਿੱਚ 500, ਕਿਸੇ ਵਿੱਚ ਇਕ ਹਜ਼ਾਰ, ਕਿਸੇ ਵਿੱਚ ਦੋ ਹਜ਼ਾਰ ਐਪਲੀਕੇਸ਼ਨਾਂ ਸ਼ਗਨ ਸਕੀਮ ਦੀਆਂ ਪੈਂਡਿੰਗ ਪਈਆਂ ਹਨ ਔਰ ਜ਼ਿਲ੍ਹਿਆਂ ਦੇ ਵਿੱਚ ਪੈਸੇ ਨਹੀਂ ਜਾ ਰਹੇ । ਮੈਂ ਖਾਸ ਕਰਕੇ ਜਲੰਧਰ ਜ਼ਿਲ੍ਹੇ ਦੀ ਗੱਲ ਕਰ ਰਿਹਾ ਹਾਂ ਕਿ ਜਲੰਧਰ ਜ਼ਿਲ੍ਹੇ ਵਿੱਚ ਕੋਈ ਪੈਸਾ ਸ਼ਗਨ ਸਕੀਮ ਵਾਸਤੇ ਨਹੀਂ ਹੈ, ਐਪਲੀਕੇਸ਼ਨਾਂ ਐਸ. ਡੀ. ਐਮ. ਸਾਹਿਬਾਨ ਦੇ ਦਫ਼ਤਰਾਂ ਵਿੱਚ ਪਈਆਂ ਹਨ । ਕੀ 31 ਮਾਰਚ ਤੱਕ ਜਿਹੜੀਆਂ ਪੈਂਡਿੰਗ ਐਪਲੀਕੇਸ਼ਨਾਂ ਪਈਆਂ ਹਨ, ਉਨ੍ਹਾਂ ਨੂੰ ਖਤਮ ਕਰਨ ਲਈ ਪੈਸੇ ਦੇ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਵੀ ਪੈਂਡਿੰਗ ਐਪਲੀਕੇਸ਼ਨਾਂ ਹਨ, ਕੋਈ ਵੀ ਪੈਂਡੈਂਸੀ ਨਹੀਂ ਰਹਿਣ ਦਿੱਤੀ ਜਾਵੇਗੀ । ਸਾਰੀ ਦੂਰ ਕਰ ਦਿੱਤੀ ਜਾਵੇਗੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਇਕ ਸ਼ਰਤ ਰੱਖੀ ਹੈ ਕਿ ਬੈਨੀਫਿਸ਼ਰੀ ਨੂੰ ਇੱਕ ਮਹੀਨਾ ਪਹਿਲਾਂ ਦਰਖਾਸਤ ਤੇ ਕਾਰਡ ਅਲਹਿਦਾ ਦੇਣਾ ਪਵੇਗਾ । ਕਈ ਅਜਿਹੇ ਪਰਿਵਾਰ ਹਨ ਜਿਹੜੇ ਲੜਕੀ ਦੇਖਣ ਦੇ ਸਮੇਂ ਹੀ ਵਿਆਹ ਕਰ ਲੈਂਦੇ ਹਨ ਅਤੇ ਕਾਰਡ ਵਗੈਰਾ ਨਹੀਂ ਛਪਵਾਉਂਦੇ । ਕੀ ਸਰਕਾਰ ਇਸ ਬਾਰੇ ਵਿਵਸਥਾ ਕਰੇਗੀ ਕਿ ਜਿਹੜੀ ਕਾਰਡ ਦੀ ਸ਼ਰਤ ਹੈ ਉਸ ਤੋਂ ਬਿਨਾਂ ਜਾਂ ਜੋ ਫਾਰਮੈਲਿਟੀਜ਼ ਹਨ ਜਿਵੇਂ ਕਿ ਇੱਕ ਮਹੀਨਾ ਪਹਿਲਾਂ ਦਰਖਾਸਤ ਦੇਣ ਦੀ ਹੈ, ਇਸ ਤਰ੍ਹਾਂ ਦੇ ਕੇਸਾਂ ਵਿੱਚ ਉਨ੍ਹਾਂ ਲੋਕਾਂ ਨੂੰ ਵੀ ਇਹ ਸਕੀਮ ਦਾ ਫਾਇਦਾ ਮਿਲ ਸਕੇਗਾ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਰਡ ਦੀ ਸ਼ਰਤ ਹੈ ਹੀ ਨਹੀਂ । ਇਹ ਨਹੀਂ ਕਿ ਜੇ ਕਾਰਡ ਹੋਵੇਗਾ ਤਾਂ ਹੀ ਸ਼ਗਨ ਮਿਲੇਗਾ । ਜਿਹੜੀਆਂ ਇਸ ਦੀਆਂ ਸ਼ਰਤਾਂ ਹਨ ਉਹ ਹੈ ਕਿ ਲੜਕੀ ਸ਼ਡਿਊਲਡ ਕਾਸਟ ਜਾਤੀ ਨਾਲ ਸਬੰਧਿਤ ਹੋਵੇ, ਲੜਕੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ । ਲੜਕੀ ਦੇ ਪਰਿਵਾਰ ਦੀ ਸਾਲਾਨਾ ਆਮਦਨ 16 ਹਜ਼ਾਰ ਰੁਪਏ ਹੋਣੀ ਚਾਹੀਦੀ ਹੈ ਔਰ ਲੜਕੀ ਦੇ ਮਾਤਾ ਪਿਤਾ ਸਟੇਟ ਦੇ ਪਰਮਾਨੈਂਟ ਬਾਸ਼ਿੰਦੇ ਹੋਣੇ ਚਾਹੀਦੇ ਹਨ ।

श्रीमती लक्ष्मी कांता चावला : स्पीकर साहिब, आप का धन्यवाद । मैं मंत्री जी को आप के माध्यम से पूछना चाहती हूं कि जो इसाई भाईचारे

[श्रीमती लक्ष्मी कांता चावला]

की लड़कियों की शादियों पर शगन की योजना शुरु की गई है । क्या यह सारे ही ईसाई भाईचारे को मिलेगी जिन्होंने पछड़ी जाति से धर्म परिवर्तन किया है उन लड़कियों को भी यह शगन मिलेगा ?

ਸ਼੍ਰੀ ਸਪੀਕਰ : ਮੰਤਰੀ ਜੀ. ਉਹ ਪੁੱਛ ਰਹੇ ਹਨ ਕਿ ਜਿਨ੍ਹਾਂ ਨੇ ਧਰਮ ਕਨਵਰਸ਼ਨ ਕੀਤਾ ਹੈ ਚਾਹੇ ਉਹ ਕਿਸੇ ਹੋਰ ਜਾਤੀ ਨਾਲ ਸਬੰਧਿਤ ਹੋਵੇ ਉਨ੍ਹਾਂ ਨੂੰ ਇਹ ਲਾਭ ਮਿਲੇਗਾ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਕ੍ਰਿਸਚੀਅਨ ਭਾਈਚਾਰਾ ਹੈ ਉਨ੍ਹਾਂ ਸਾਰੀਆਂ ਲੜਕੀਆਂ ਨੂੰ ਸ਼ਗਨ ਦਿੱਤਾ ਜਾਵੇਗਾ ਪਰ ਸ਼ਰਤ ਜੋ 16 ਹਜ਼ਾਰ ਦੀ ਆਮਦਨ ਦੀ ਹੈ ਉਹ ਲਾਗੂ ਹੋਵੇਗੀ ।

ਸ਼੍ਰੀ ਸਪੀਕਰ : ਚਾਹੇ ਉਹ ਕਿਸੇ ਵੀ ਕਾਸਟ ਨਾਲ ਸਬੰਧਿਤ ਹੋਣ ।

श्रीमती लक्ष्मी कांता चावला : मेरा निवेदन यह है कि केवल शडिऊलड कास्ट और बैकवर्ड क्लासिज के इलावा जो और श्रेणी के लोग हैं जिन्होंने अब धर्म परिवर्तन कर लिया है, क्या इन सब की लड़कियों को यह शगन मिलेगा ?

ਸ਼੍ਰੀ ਸਪੀਕਰ : ਬੀਬੀ ਜੀ, ਤੁਸੀਂ ਇਸ ਬਾਰੇ ਵੱਖਰਾ ਸਵਾਲ ਕਰ ਲੈਣਾ ।

ਸ਼੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਈਸਾਈ ਸਮੁਦਾਇ (ਭਾਈਚਾਰਾ) ਸ਼ਗਨ ਸਕੀਮ ਵਿੱਚ ਆ ਗਿਆ ਹੈ, ਜਿਵੇਂ ਦਲਿਤ ਅਤੇ ਐਸ. ਸੀ. ਤਾਂ ਕੋਈ ਜਨਮ ਤੋਂ ਹੁੰਦਾ ਹੈ । ਪਰ ਕੀ ਇਹ ਈਸਾਈ ਭਾਈਚਾਰੇ ਵਿੱਚ ਧਰਮ ਪਰਿਵਰਤਨ ਨਾਲ ਵੀ ਕੋਈ ਬੈਨੀਫਿਟ ਲੈ ਸਕਦਾ ਹੈ ਜਾਂ ਫੇਰ ਉਹ ਜਨਮ ਤੋਂ ਹੀ ਇਸ ਸਕੀਮ ਵਿਚ ਮੰਨਿਆ ਜਾਵੇਗਾ ? ਕੀ ਧਰਮ ਪਰਿਵਰਤਨ ਇਸ ਲਾਲਚ ਨਾਲ ਕਿ ਫੈਸਿਲਟੀਜ਼ ਮਿਲਦੀਆਂ ਹਨ ਤਾਂ ਨਹੀਂ ਕੀਤਾ ਜਾ ਰਿਹਾ ?

ਸ਼੍ਰੀ ਸਪੀਕਰ : ਤੁਸੀਂ ਇਸ ਬਾਰੇ ਸੈਪਰੇਟ ਸਵਾਲ ਕਰ ਲੈਣਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਤੇ ਗੱਲ ਕਲੀਅਰ ਕਰਾਉਣੀ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸ਼ਗਨ ਸਕੀਮ ਦੇ ਤਹਿਤ ਇਹ ਸਰਟੀਫਿਕੇਟ ਵਗੈਰਾ ਲੈਂਦੇ ਹਨ, ਜਿਸ ਵਿੱਚ ਇੱਕ ਫਾਰਮ ਮਿਲਦਾ ਹੈ, ਜਿਸ ਨੂੰ ਕਿ ਸ਼ਾਦੀ ਤੋਂ ਪਹਿਲਾਂ ਭਰ ਕੇ ਐਸ. ਡੀ. ਐਮ. ਨੂੰ ਦੇਣਾ ਹੁੰਦਾ ਹੈ । ਜੇ ਉਹ ਫਾਰਮ ਪਹਿਲਾ ਨਾ ਭਰਿਆ ਹੋਵੇ ਤਾਂ ਇਸ ਤੇ ਆਬਜੈਕਸ਼ਨ ਲਗਦਾ ਹੈ ਔਰ ਕੋਈ ਪੇਮੈਂਟ ਨਹੀਂ ਦਿੱਤੀ ਜਾਂਦੀ । ਮੈਂ ਇਹ ਗੱਲ ਕਲੀਅਰ ਕਰਾਉਣੀ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਹੁੰਦੀ, ਕਈ ਵਾਰ ਉਹ 5-7 ਦਿਨ ਲੇਟ ਹੋ ਜਾਂਦੇ ਹਨ ਲੇਕਿਨ ਉਨ੍ਹਾਂ ਨੂੰ ਇਹ ਪੈਸਾ ਮਿਲਣਾ ਚਾਹੀਦਾ ਹੈ । ਜੇਕਰ ਉਹ 10 ਦਿਨ ਵੀ ਲੇਟ ਹੋ ਜਾਵੇ ਤਾਂ ਵੀ ਇਹ ਪੈਸਾ ਮਿਲਣਾ ਚਾਹੀਦਾ ਹੈ ।

ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਸਪੀਕਰ ਸਾਹਿਬ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਵਿਆਹ ਤੋਂ ਇੱਕ ਹਫਤਾ ਪਹਿਲਾਂ ਫਾਰਮ ਭਰ ਕੇ ਦੇਣ ਦੀ ਸਾਡੀ ਸ਼ਰਤ ਹੈ । ਉਸ ਤੋਂ ਬਾਅਦ ਐਪਲੀਕੇਸ਼ਨ ਨਹੀਂ ਮੰਨੀ ਜਾਂਦੀ । ਹੁਣ ਸੀ. ਐਮ. ਸਾਹਿਬ ਨੇ ਇੱਕ ਮਹੀਨਾ ਲੇਟ ਐਪਲੀਕੇਸ਼ਨ ਮੰਨਣ ਬਾਰੇ ਕਿਹਾ ਹੈ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਨਾਲ ਇਹ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਜਿਹੜੀ ਤੁਸੀਂ ਈਸਾਈ ਭਾਈਚਾਰੇ ਨੂੰ ਸ਼ਗਨ ਸਕੀਮ ਵਿੱਚ ਰਿਆਇਤ ਦਿੱਤੀ ਹੈ, ਕੀ ਇਸ ਦੇ ਨਾਲ ਮੰਤਰੀ ਜੀ ਬੈਕਵਰਡ ਕਲਾਸਿਜ਼ ਦੀਆਂ ਬੇਸਹਾਰਾ ਵਿਧਵਾਵਾਂ ਨੂੰ ਵੀ ਦੇਣ ਬਾਰੇ ਵਿਚਾਰ ਕਰ ਸਕਦੇ ਹਨ ?

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਵੱਖਰਾ ਸਵਾਲ ਦਿਉ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇੱਕ ਹਫਤੇ ਦੀ ਕੰਡੀਸ਼ਨ ਹੈ । ਉਸ ਤੋਂ ਪਹਿਲਾਂ ਜੋ ਬੈਨੀਫਿਸ਼ਰੀ ਅਪਲਾਈ ਕਰਨਾ ਚਾਹੁੰਦੇ ਹਨ ਤਾਂ ਕਰ ਦੇਣ । ਇੱਕ ਹਫਤੇ ਬਾਅਦ ਤੱਕ ਹੀ ਹੁਣ ਇਨ੍ਹਾਂ ਨੇ ਕਰ ਦਿੱਤਾ ਹੈ ਪਰ ਸ਼ਾਇਦ ਹਾਲੇ ਉਹ ਥੱਲੇ ਰਿਟਨ ਵਿੱਚ ਨਹੀਂ ਪਹੁੰਚੀ । ਜੇ ਸੀ. ਐਮ. ਸਾਹਿਬ ਇਸ ਨੂੰ ਇੱਕ ਮਹੀਨੇ ਦੀ ਰਿਲੈਕਸੇਸ਼ਨ ਦਿੰਦੇ ਹਨ ਤਾਂ ਇਸ ਤਰ੍ਹਾਂ ਦੇ ਬਹੁਤ ਸਾਰੇ ਕੇਸ ਮੇਰੀ ਕੰਸਟੀਚੂਐਂਸੀ ਵਿੱਚ ਵੀ ਹਨ, ਜਿਨ੍ਹਾਂ ਦੀਆਂ ਅਰਜ਼ੀਆਂ 15-20 ਦਿਨ ਲੇਟ ਹਨ । ਹੁਣ ਇਨ੍ਹਾਂ ਨੇ ਦੱਸਿਆ ਹੈ ਕਿ ਸੀ. ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਇੱਕ ਮਹੀਨਾ ਮਗਰੋਂ ਵੀ ਐਪਲੀਕੇਸ਼ਨਾ ਮੰਨ ਲਈਆਂ ਜਾਣਗੀਆਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਰਿਟਨ ਆਰਡਰ ਥੱਲੇ ਭੇਜ ਦਿੱਤਾ ਜਾਵੇ ਨਹੀਂ ਤਾਂ ਉਨ੍ਹਾਂ ਲੋਕਾਂ ਦੀਆਂ ਐਪਲੀਕੇਸ਼ਨਾਂ ਉਹ ਵਾਪਸ ਕਰ ਦੇਣਗੇ ।

ਮੰਤਰੀ : ਜਲਦੀ ਹੀ ਭੇਜ ਦਿਆਂਗੇ ।

श्रीमती लक्ष्मी कांता चावला . जल्दी को स्पैसिफाई किया करें ।

ਮੁੱਖ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*1473. **ਸਰਦਾਰ ਸ਼ੇਰ ਸਿੰਘ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਉਨ੍ਹਾਂ ਸਰਕਾਰੀ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿੱਚ ਮੁੱਖ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਆਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਆਸ ਹੈ ?

ਸਰਦਾਰ ਤੋਤਾ ਸਿੰਘ : ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ 63 ਅਜਿਹੇ ਸਰਕਾਰੀ ਹਾਈ ਸਕੂਲ ਹਨ, ਜਿਨ੍ਹਾਂ ਵਿੱਚ ਮੁੱਖ ਅਧਿਆਪਕਾਂ/ਮੁੱਖ-ਅਧਿਆਪਕਾਵਾਂ ਦੀਆਂ ਆਸਾਮੀਆਂ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਖਾਲੀ ਹਨ । ਰਾਜ ਵਿੱਚ ਮੁੱਖ-ਅਧਿਆਪਕਾਵਾਂ ਦੀਆਂ 114 ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਨੂੰ ਯੋਗ ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਕਰਨ ਲਈ ਮੰਗ ਪੱਤਰ ਭੇਜਿਆ ਹੋਇਆ ਹੈ । ਹਾਲੀ ਨਾਵਾਂ ਦੀ ਸਿਫਾਰਸ਼ ਪ੍ਰਾਪਤ ਨਹੀਂ ਹੋਈ । ਤਰੱਕੀਆਂ ਤੇ ਲਗਾਈ ਰੋਕ ਸਮਾਪਤ ਹੋਣ ਉਪਰੰਤ ਖਾਲੀ ਆਸਾਮੀਆਂ ਭਰਨ ਲਈ ਉਪਰਾਲੇ ਕੀਤੇ ਜਾਣਗੇ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ । ਇਸ ਵਿਚ ਇਹ ਠੀਕ ਹੈ ਉਨ੍ਹਾਂ ਨੇ ਫਿਰੋਜ਼ਪੁਰ ਜ਼ਿਲ੍ਹੇ ਵਿਚ 63 ਆਸਾਮੀਆਂ ਖਾਲੀ ਦੱਸੀਆਂ ਹਨ ਤੇ 114 ਪੋਸਟਾਂ ਭਰਨ ਵਾਸਤੇ ਲਿਖਿਆ ਹੈ । ਕੀ ਇਹ 63 ਆਸਾਮੀਆਂ ਇਕੱਲੇ ਫਿਰੋਜ਼ਪੁਰ ਵਿਚ ਹੀ ਖਾਲੀ ਹਨ ਜਾਂ ਫਿਰ ਬਾਕੀ ਜ਼ਿਲ੍ਹਿਆਂ ਵਿਚ ਵੀ ਹਨ ? ਅਤੇ ਇਹ ਆਸਾਮੀਆਂ ਕਿੰਨੀ ਦੇਰ ਤੱਕ ਭਰ ਦਿੱਤੀਆਂ ਜਾਣਗੀਆ ?

ਸ੍ਰੀ ਸਪੀਕਰ : ਉਨ੍ਹਾਂ ਨੇ ਇਸ ਬਾਰੇ ਕਮਿਸ਼ਨ ਨੂੰ ਲਿਖਿਆ ਹੋਇਆ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜ਼ਿਲ੍ਹੇ ਵਿਚ ਜਿੰਨੀਆਂ ਪੋਸਟਾਂ ਖਾਲੀ ਦੱਸੀਆਂ ਗਈਆਂ ਹਨ, ਉਨੀਆਂ ਹੀ ਖਾਲੀ ਹਨ । 114 ਪੋਸਟਾਂ ਕਮਿਸ਼ਨ ਨੂੰ ਭਰਨ ਵਾਸਤੇ ਭੇਜੀਆਂ ਹੋਈਆਂ ਹਨ । ਟੋਟਲ 623 ਪੋਸਟਾਂ ਖਾਲੀ ਹਨ । 25% ਪੋਸਟਾਂ ਸਿੱਧੀ ਭਰਤੀ ਰਾਹੀਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਭਰੀਆਂ ਜਾਂਦੀਆਂ ਹਨ ਤੇ ਬਾਕੀ 75% ਪ੍ਰੋਮੋਸ਼ਨ ਰਾਹੀਂ ਭਰਨੀਆਂ ਹੁੰਦੀਆਂ ਹਨ ਜਿਨ੍ਹਾਂ ਤੇ ਕਿ ਸੁਪਰੀਮ ਕੋਰਟ ਵਲੋਂ ਰੋਕ ਲਗਾਈ ਹੋਈ ਹੈ । ਜਦੋਂ ਹੀ ਇਹ ਰੋਕ ਹੱਟ ਗਈ ਉਦੋਂ ਹੀ ਪ੍ਰੋਮੋਸ਼ਨਾਂ ਕਰ ਦੇਵਾਂਗੇ ।

ਸਰਦਾਰ ਸ਼ੇਰ ਸਿੰਘ : ਕੀ ਸਰਕਾਰ ਆਉਣ ਵਾਲੇ ਅਕਾਦਮਿਕ ਸਾਲ ਵਿਚ ਇਨ੍ਹਾਂ ਪੋਸਟਾਂ ਨੂੰ ਭਰ ਦੇਵੇਗੀ ?

ਸ੍ਰੀ ਸਪੀਕਰ : ਨਹੀਂ ਜੀ, ਬੈਠ ਜਾਓ ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਨੇ ਪਿਛਲੇ ਦੋ ਮਹੀਨੇ ਤੋਂ ਪ੍ਰਿੰਸੀਪਲਾਂ ਦੀਆਂ ਸਿਲੈਕਸ਼ਨਾਂ ਵੀ ਕੀਤੀਆਂ ਹੋਈਆਂ ਹਨ ਫੇਰ ਇਨ੍ਹਾਂ ਨੂੰ ਕੀ ਦਿੱਕਤਾਂ ਹਨ ਉਨ੍ਹਾਂ ਦੀਆਂ ਨਿਯੁਕਤੀਆਂ ਕਰਨ ਵਿਚ । ਸਕੂਲ ਪ੍ਰਿੰਸੀਪਲਾਂ ਤੋਂ ਬਗੈਰ ਖਾਲੀ ਪਏ ਹਨ । ਇਨ੍ਹਾਂ ਨੇ ਪਹਿਲੇ ਜਵਾਬ ਵਿਚ ਕਿਹਾ ਹੈ ਕਿ ਪ੍ਰੋਮੋਸ਼ਨਾਂ ਤੇ ਰੋਕ ਲੱਗੀ ਹੋਈ ਹੈ ਪਰ ਇਨ੍ਹਾਂ ਨੇ ਪਿਛਲੇ ਦਿਨਾ ਦੇ ਵਿਚ ਡਿਪਟੀ ਡੀ.ਪੀ.ਆਈ. ਨੂੰ ਉਸੇ ਪੇ ਸਕੇਲ ਵਿਚ ਡੀ.ਪੀ.ਆਈ. ਲਗਾ ਦਿੱਤਾ ਹੈ । ਫੇਰ ਇਨ੍ਹਾਂ ਨੂੰ ਉਸੇ ਪੇ ਸਕੇਲ ਵਿਚ ਸੀਨੀਆਰਟੀ ਦੇ ਆਧਾਰ ਤੇ ਪ੍ਰਿੰਸੀਪਲਾਂ ਦੀ ਨਿਯੁਕਤੀ ਕਰਨ ਵਿਚ ਕੀ ਦਿੱਕਤ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਬੜੇ ਸੂਝ ਬੂਝ ਵਾਲੇ ਮੈਂਬਰ ਹਨ ਅਤੇ ਮੈਨੂੰ ਹੈਰਾਨੀ ਇਨ੍ਹਾਂ ਦੀ ਗੱਲ ਉਤੇ ਹੋ ਰਹੀ ਹੈ। ਜਿਹੜੀ ਅਸੀਂ ਨਿਯੁਕਤੀ ਕੀਤੀ ਹੈ ਉਸ ਤੇ ਸੀਨੀਆਰਟੀ ਦਾ ਮਸਲਾ ਨਹੀਂ ਸੀ, ਅਤੇ ਉਹ ਨੰਬਰ ਵੰਨ ਤੇ ਸੀ ਸੀਨੀਆਰਟੀ ਦੇ ਆਧਾਰ ਤੇ। ਜਨਰਲ ਅਤੇ ਰਿਜ਼ਰਵੇਸ਼ਨ ਦਾ ਸੀਨੀਆਰਟੀ ਦਾ ਝਗੜਾ ਹੈ ਜਿਹੜਾ ਅਸੀਂ ਹੁਣ ਸੀਨੀਆਰਟੀ ਦਾ ਫੈਸਲਾ ਕਰਦੇ ਹਾਂ ਤਾਂ ਡਿਸਪਿਊਟ ਪੈਦਾ ਹੁੰਦਾ ਹੈ। ਅਸੀਂ ਉਹ ਡਿਸਪਿਊਟ ਖੜ੍ਹਾ ਨਹੀਂ ਕਰਨਾ ਚਾਹੁੰਦੇ। ਸਾਨੂੰ ਆਸ ਹੈ ਕਿ ਸਪਰੀਮ ਕੋਰਟ ਦੇ ਵਿਚ ਬਹੁਤ ਜਲਦੀ ਫੈਸਲਾ ਹੋ ਜਾਣਾ ਹੈ ਅਤੇ ਉਸੇ ਫੈਸਲੇ ਦੇ ਆਧਾਰ ਤੇ ਅਸੀਂ ਫੈਸਲੇ ਨੂੰ ਲਾਗੂ ਕਰ ਦੇਵਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪਿਛਲੇ ਸਮੇਂ ਦੀ ਸਰਕਾਰ ਦੇ ਮੰਤਰੀਆਂ ਨੇ ਬੜੇ ਨੀਂਹ ਪੱਥਰ ਰੱਖੇ ਸਨ ਅਤੇ ਬੜੇ ਸਕੂਲਾਂ ਨੂੰ ਅਪਗਰੇਡ ਕੀਤਾ ਸੀ। ਜਿਹ ਸਕੂਲ ਨਜਾਇਜ਼ ਅਪਗ੍ਰੇਡ ਕੀਤੇ ਹਨ ਤਾਂ ਕੀ ਪ੍ਰਿੰਸੀਪਲ/ਹੈਡਮਾਸਟਰ ਰੱਖਣੇ ਨਹੀਂ ਹਨ ? ਇਹ ਜਿਹੜਾ ਘਾਟਾ ਹੈ ਇਹ ਉਨ੍ਹਾਂ ਸਕੂਲਾਂ ਕਰਕੇ ਤਾਂ ਨਹੀਂ ਹੈ ?

ਸ੍ਰੀ ਸਪੀਕਰ : ਨਹੀਂ ਜੀ। ਇਹ ਇਸ ਨਾਲ ਸਬੰਧਿਤ ਨਹੀਂ ਹੈ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਜਿਹੜੀਆਂ 57 ਪ੍ਰਿੰਸੀਪਲਾਂ ਦੀਆਂ ਪਬਲਿਕ ਸਰਵਿਸ ਕਮਿਸ਼ਨ ਨੇ ਨਿਯੁਕਤੀਆਂ ਕਰ ਦਿੱਤੀਆਂ ਹਨ ਹੁਣ ਉਨ੍ਹਾਂ ਦੇ ਆਰਡਰ ਜਾਰੀ ਕਰਨ ਵਿਚ ਇਨ੍ਹਾਂ ਨੂੰ ਕੀ ਦਿੱਕਤ ਹੋ ਰਹੀ ਹੈ ? ਇਹ ਕਹਿੰਦੇ ਹਨ ਕਿ ਡੀ.ਪੀ.ਆਈ. ਦੀ ਪਰਮੋਸ਼ਨ ਤੇ ਰੋਕ ਲੱਗੀ ਹੋਈ ਹੈ। ਇਹ ਰੋਕ ਨਹੀਂ ਲੱਗੀ ਕਿ ਉਨ੍ਹਾਂ ਨੂੰ ਉਸੇ ਪੇ ਸਕੇਲ ਵਿਚ ਨਿਯੁਕਤ ਨਾ ਕੀਤਾ ਜਾਵੇ. ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਅਸੀਂ 73 ਪ੍ਰਿੰਸੀਪਲਾਂ ਦੀਆਂ ਨਿਯੁਕਤੀਆਂ ਬਾਰੇ ਲਿਖ ਕੇ ਭੇਜਿਆ ਸੀ ਜਿਸ ਵਿਚੋਂ 57 ਦੀ ਸਿਲੈਕਸ਼ਨ ਲਿਸਟ ਦੇ ਆਰਡਰ ਆ ਗਏ ਹਨ। ਉਨ੍ਹਾਂ ਦੇ ਆਰਡਰ ਅਸੀਂ ਕਰ ਦਿਤੇ ਹਨ। ਇਸ ਦੀ ਕਾਪੀ ਤੁਹਾਨੂੰ ਵੀ ਭੇਜ ਦੇਵਾਂਗੇ।

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਹਾਊਸ ਦੇ ਵਿੱਚ ਗਲਤ ਜਵਾਬ ਦੇ ਰਹੇ ਹਨ। ਤੁਸੀਂ ਆਰਡਰ ਕਦੋਂ ਕੀਤੇ ਹਨ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

ਸਕੂਲ ਅਪਗ੍ਰੇਡ ਕਰਨਾ

*1481. (1) **ਸ੍ਰੀ ਭਗਵਾਨ ਦਾਸ ਅਰੋੜਾ**
(2) **ਸਰਦਾਰ ਅਮਰਜੀਤ ਸਿੰਘ ਸਮਰਾ** } : ਕੀ ਹਾਇਰ **ਸੈਕੰਡਰੀ**

ਅਤੇ **ਪ੍ਰਾਇਮਰੀ ਸਿੱਖਿਆ ਮੰਤਰੀ** ਕਿਰਪਾ ਕਰਕੇ ਦੱਸਣਗੇ ਕਿ—

(ੳ) **ਰਾਜ ਵਿਚ** ਸਰਕਾਰੀ **ਪ੍ਰਾਇਮਰੀ** ਅਤੇ ਮਿਡਲ ਸਕੂਲਾਂ ਦੀ ਜ਼ਿਲ੍ਹਾਵਾਰ **ਗਿਣਤੀ** ਕਿੰਨੀ ਹੈ ਜਿਨ੍ਹਾਂ ਨੂੰ ਕ੍ਰਮਵਾਰ, **ਵੱਖ-ਵੱਖ ਸਾਲਾਂ** **1997-98** ਅਤੇ

[ਸ਼੍ਰੀ ਭਗਵਾਨ ਦਾਸ ਅਰੋੜਾ]

1998-99 ਦੇ ਦੌਰਾਨ ਸਾਲਵਾਰ ਮਿਡਲ ਅਤੇ ਹਾਈ ਪੱਧਰ ਤੱਕ ਅਪਗ੍ਰੇਡ ਕੀਤਾ ਗਿਆ ਹੈ;

(ਅ) ਕੀ ਸਾਲ 1999-2000 ਦੇ ਦੌਰਾਨ ਹੋਰ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਤੋਤਾ ਸਿੰਘ : (ੳ) ਰਾਜ ਵਿਚ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ ਜਿਨ੍ਹਾਂ ਨੂੰ ਕ੍ਰਮਵਾਰ ਵੱਖ-ਵੱਖ ਸਾਲਾਂ 1997-98 ਅਤੇ 1998-99 ਦੌਰਾਨ ਸਾਲਵਾਰ ਮਿਡਲ ਅਤੇ ਹਾਈ ਪੱਧਰ ਤੱਕ ਅਪਗਰੇਡ ਕੀਤਾ ਗਿਆ :—

ਸਾਲ	ਪ੍ਰਾਇਮਰੀ ਤੋਂ ਮਿਡਲ	ਮਿਡਲ ਤੋਂ ਹਾਈ
1	2	3
1997-98	(1) ਝੰਗੇੜ ਭੈਣੀ, ਜ਼ਿਲ੍ਹਾ ਫਿਰੋਜ਼ਪੁਰ ..	ਨਿਲ
1998-99	(1) ਬਾਜਾ ਖਾਨਾ (ਫਰੀਦਕੋਟ) ..	1. ਕਾਲ ਝਰਾਣੀ (ਬਠਿੰਡਾ)
	(2) ਕਾਲੂ ਵਹਿਰ ਬਲਾਕ ਬੁਲੇਵਾਲ (ਹੁਸ਼ਿਆਰਪੁਰ)	

(ਅ) ਸਾਲ 1999-2000 ਦੇ ਦੌਰਾਨ ਹੋਰ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ ਅਪਗਰੇਡ ਕਰਨ ਦੀ ਕੋਈ ਤਜਵੀਜ਼ ਹਾਲੇ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ ।

ਸ਼੍ਰੀ ਭਗਵਾਨ ਦਾਸ ਅਰੋੜਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 1997-98 ਦੇ ਵਿਚ ਇਨ੍ਹਾਂ ਨੇ ਸਿਰਫ ਇਕ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਮਿਡਲ ਸਕੂਲ ਵਿਚ ਕੀਤਾ ਸੀ ਅਤੇ ਮਿਡਲ ਸਕੂਲ ਤੋਂ ਹਾਈ ਸਕੂਲ ਅਪਗਰੇਡ ਕੋਈ ਨਹੀਂ ਕੀਤਾ ਸੀ ਅਤੇ ਇਸੇ ਤਰ੍ਹਾਂ 1998-99 ਵਿਚ ਇਕ ਮਿਡਲ ਸਕੂਲ ਤੋਂ ਹਾਈ ਸਕੂਲ ਅਪਗਰੇਡ ਕੀਤਾ ਸੀ ਅਤੇ 1999-2000 ਦੇ ਵਿਚ ਕੋਈ ਵੀ ਸਕੂਲ ਨੂੰ ਅਪਗਰੇਡ ਕਰਨ ਦੀ ਪਲਾਨ ਇਨ੍ਹਾਂ ਦੀ ਨਹੀਂ ਹੈ । ਕੀ ਬਾਦਲ ਸਾਹਿਬ ਦੀ ਸਰਕਾਰ ਇਸ ਸਾਲ ਵਿਚ ਕੋਈ ਸਕੂਲ ਅਪਗਰੇਡ ਕਰਨ ਦਾ ਪਲਾਨ ਰੱਖਦੀ ਹੈ, ਜਦ ਕਿ ਇਨ੍ਹਾਂ ਨੇ ਆਪਣੇ

ਚੋਣ ਮੈਨੀਫੈਸਟੋ ਦੇ ਵਿੱਚ ਕਿਹਾ ਸੀ ਕਿ ਅਸੀਂ ਮਾਡਲ ਸਕੂਲ ਖੋਲਾਂਗੇ ? ਕੀ ਸਰਕਾਰ ਨੇ ਰਾਜ ਵਿਚ ਮਾਡਲ ਸਕੂਲ ਖੋਲ੍ਹ ਦਿੱਤੇ ਹਨ ਜਿਸ ਕਰਕੇ ਹੋਰ ਨਵੇਂ ਸਕੂਲਾਂ ਨੂੰ ਅਪਗਰੇਡ ਕਰਨ ਦੀ ਲੋੜ ਨਹੀਂ ਰਹੀ ?

ਸ਼੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ ਜੇ ਕੋਈ ਪੁੱਛਣਾ ਹੈ ।

ਸ਼੍ਰੀ ਭਗਵਾਨ ਦਾਸ ਅਰੋੜਾ : ਕੀ ਸਰਕਾਰ ਪੰਜਾਬ ਵਿਚ ਹੋਰ ਨਵੇਂ ਸਕੂਲ ਅਪਗ੍ਰੇਡ ਕਰ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਪਿਛੋ ਇਨ੍ਹਾਂ ਨੇ ਐਜੂਕੇਸ਼ਨ ਦਾ ਢਾਂਚਾ ਖਰਾਬ ਕੀਤਾ ਸੀ ਅਤੇ ਪਿਛਲੇ ਦੋ ਸਾਲਾਂ ਤੋਂ ਅਸੀਂ ਉਸ ਨੂੰ ਸੁਧਾਰਨ ਲੱਗੇ ਹੋਏ ਹਾਂ . . . (ਵਿਘਨ) . . .

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੰਤਰੀ ਜੀ ਨੂੰ ਰਿਸਪੈਕਟਫੁਲੀ ਬੋਲਣਾ ਚਾਹੀਦਾ ਹੈ. . . (ਵਿਘਨ). . . . .

ਸ਼੍ਰੀ ਸਪੀਕਰ : ਕੁਐਸਚਨ ਨਿਬੜਨ ਦਿਓ । ਮੰਤਰੀ ਜੀ ਤੁਸੀਂ ਜਵਾਬ ਦਿਓ।

ਮੰਤਰੀ : ਅਰਸ਼ੀ ਜੀ, ਤੁਸੀਂ ਠੀਕ ਕਿਹਾ ਹੈ । ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਐਜੂਕੇਸ਼ਨ ਦਾ ਸੁਧਾਰ ਕਰਨ ਲਈ ਕੌੜੀ ਘੁੱਟ ਭਰੀ ਹੈ ਤਾਂ ਕਿ ਐਜੂਕੇਸ਼ਨ ਦਾ ਨੁਕਸਾਨ ਨਾ ਹੋਵੇ । ਪਹਿਲਾਂ ਨਾ ਟੀਚਰਾਂ ਦੀ ਸਿਲੈਕਸ਼ਨ ਹੋਈ ਅਤੇ ਨਾ ਹੀ ਸਕੂਲਾਂ ਦੀਆਂ ਬਿਲਡਿੰਗਾਂ ਸਨ । ਪਹਿਲਾਂ ਬਹੁਤ ਸਾਰੇ ਸਕੂਲ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਬਣਾ ਦਿੱਤੇ ਪਰ ਕੋਈ ਸਹੂਲਤ ਨਹੀਂ ਦਿੱਤੀ ਗਈ । ਸਪੀਕਰ ਸਾਹਿਬ, ਹਾਊਸ ਦੀ ਇਕ ਕਮੇਟੀ ਬਣਾ ਦਿਓ ਤਾਂ ਕਿ ਪਤਾ ਲੱਗ ਜਾਵੇ ਕਿ ਇਨ੍ਹਾਂ ਨੇ ਕੀ ਅਣਗਹਿਲੀ ਕੀਤੀ ਹੋਈ ਹੈ । ਪ੍ਰਾਇਮਰੀ ਤੋਂ ਮਿਡਲ 150 ਅਤੇ ਮਿਡਲ ਤੋਂ ਹਾਈ 250 ਇਨ੍ਹਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨੇ ਅਪਗ੍ਰੇਡ ਕਰ ਦਿੱਤੇ । ਇਨ੍ਹਾਂ ਵਿੱਚ 8 ਸਕੂਲ ਪ੍ਰਾਇਮਰੀ ਤੋਂ ਮਿਡਲ ਅਜਿਹੇ ਸਨ ਜਿਥੇ ਕਿ 48 ਬੱਚੇ ਸਨ ਅਤੇ 37 ਟੀਚਰ । ਇਸ ਬਾਰੇ ਹਾਊਸ ਦੀ ਇਕ ਕਮੇਟੀ ਬਣਾ ਦਿਓ ਜੋ ਕਿ ਪਰੂਵ ਕਰੇ ।

ਸਰਦਾਰ ਅਵਤਾਰ ਸਿੰਘ ਬਰਾੜ : ** ** **

ਸ਼੍ਰੀ ਸਪੀਕਰ : ਇਹ ਐਕਸਪੰਜ ਕਰ ਦਿਓ ।

ਮੰਤਰੀ : ਸਪੀਕਰ ਸਾਹਿਬ, ਇਹ ਪੰਜਾਬ ਦੇ ਲੋਕ ਦੱਸਣਗੇ ਕਿ ਐਜੂਕੇਸ਼ਨ ਦਾ ਸੁਧਾਰ ਕਿਸ ਨੇ ਕੀਤਾ ਹੈ । ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਸੀਂ ਬੱਚਿਆਂ ਦੇ ਨਾਲ ਖਿਲਵਾੜ ਨਹੀਂ ਕਰਨਾ ਚਾਹੁੰਦੇ ।

**Expunged as ordered by the Chair.

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ : ਸਪੀਕਰ ਸਾਹਿਬ, ਸਾਰੇ ਮਾਨਯੋਗ ਮੈਂਬਰਾਂ ਦਾ ਜੋ ਸਾਹਮਣੇ ਬੈਠੇ ਹਨ ਮੈਡੀਕਲ ਚੈੱਕ-ਅੱਪ ਹੋਣਾ ਚਾਹੀਦਾ ਹੈ । ਹਰ ਸਾਲ ਮੈਡੀਕਲ ਚੈੱਕ-ਅੱਪ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਦਾ ਬਲੱਡ ਪਰੈਸ਼ਰ ਕਿਤਨਾ ਹੈ.... (ਹਾਸਾ).. (ਵਿਘਨ)

ਸ੍ਰੀ ਸਪੀਕਰ : ਮੰਤਰੀ ਜੀ, ਤੁਸੀਂ ਜਵਾਬ ਦਿਓ ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਗੱਲ ਸੁਣ ਲਓ । ਮੈਂ ਹਰ ਇਕ ਮੈਂਬਰ ਦਾ ਸਤਿਕਾਰ ਕਰਦਾ ਹਾਂ ਪਰ ਅਸੀਂ ਬੱਚਿਆਂ ਦੇ ਨਾਲ ਵਿਦਿਆ ਵਿਚ ਕੋਈ ਖਿਲਵਾੜ ਨਹੀਂ ਕਰਨਾ ਚਾਹੁੰਦੇ । ਜੇਕਰ ਅਸੀਂ ਸਕੂਲ ਅਪਗ੍ਰੇਡ ਕਰੀਏ ਤਾਂ ਬੱਚਿਆਂ ਲਈ ਟੀਚਰ ਪੂਰੇ ਨਾ ਹੋਣ, ਕੋਈ ਕਮਰੇ ਬੱਚਿਆਂ ਦੇ ਬੈਠਣ ਲਈ ਨਾ ਹੋਣ ਤਾਂ ਇਸ ਤਰ੍ਹਾਂ ਸਕੂਲ ਅਪਗ੍ਰੇਡ ਕਰਨ ਦਾ ਕੋਈ ਫਾਇਦਾ ਨਹੀਂ । ਬੱਚੇ ਸਕੂਲਾਂ ਵਿਚ 1-2 ਕਿਲੋਮੀਟਰ ਦੂਰ ਪੜ੍ਹਨ ਲਈ ਜਾ ਸਕਦੇ ਹਨ ਪਰ ਸਕੂਲ ਵਿਚ ਕਮਰੇ ਹੋਣ, ਟੀਚਰ ਪੜ੍ਹਾਉਣ ਲਈ ਹੋਣ ਅਤੇ ਪੂਰਾ ਸਟਾਫ ਹੋਵੇ ਤਾਂ ਹੀ ਫਾਇਦਾ ਹੈ । ਸਪੀਕਰ ਸਾਹਿਬ, ਅਸੀਂ ਇਸ ਵਿਚ 95% ਕਾਮਯਾਬ ਹੋਏ ਹਾਂ ਅਤੇ 5% ਦੀ ਜੋ ਕਮੀ ਹੈ ਉਹ ਵੀ ਪੂਰੀ ਕਰ ਦਿਆਂਗੇ । ਇਸ ਤੋਂ ਬਾਅਦ ਸਕੂਲਾਂ ਨੂੰ ਅਪਗ੍ਰੇਡ ਕਰਨ ਵਾਸਤੇ ਵਿਚਾਰ ਕਰਾਂਗੇ । ਮੈਨੂੰ ਬੜੇ ਦੁੱਖ ਨਾਲ ਦੱਸਣਾ ਪੈਂਦਾ ਹੈ ਕਿ 2,385 ਪ੍ਰਾਇਮਰੀ ਤੋਂ ਮਿਡਲ ਸਕੂਲ ਅਪਗ੍ਰੇਡ ਹੋਏ । ਛੇਵੀਂ ਅਤੇ ਅੱਠਵੀਂ ਜਮਾਤ ਵਿਚ 12-13 ਬੱਚੇ ਇਕ ਕਲਾਸ ਮਗਰ ਹਨ, ਸਕੂਲ 2,385 ਅਪਗ੍ਰੇਡ ਕਰ ਦਿੱਤੇ । ਕਿਸੇ ਸਕੂਲ ਵਿਚ 40-50 ਬੱਚੇ ਹਨ । ਸਪੀਕਰ ਸਾਹਿਬ, 14,000 ਰੁਪਏ ਇਕ ਟੀਚਰ ਦਾ ਖਰਚਾ ਪੈਂਦਾ ਹੈ । ਫੇਰ ਇਕ ਇਕ ਸੇਵਾਦਾਰ ਲਾ ਦਿੱਤਾ, 6-6 ਟੀਚਰ ਲਾ ਦਿੱਤੇ ਜਦੋਂ ਕਿ ਬੱਚਿਆਂ ਦੀ ਗਿਣਤੀ ਦੇਖੀ ਹੀ ਨਹੀਂ । ਏਡਾ ਵੱਡਾ ਖਰਚਾ ਸਟੇਟ ਤੇ ਪਾ ਦਿੱਤਾ । ਜੇ ਇਨ੍ਹਾਂ ਉਸ ਵਕਤ 150 ਬੱਚਿਆਂ ਦੀ ਸ਼ਰਤ ਪੂਰੀ ਕੀਤੀ ਹੁੰਦੀ ਇਕ ਸਕੂਲ ਮਗਰ ਤਾਂ ਸਟੇਟ ਦਾ ਏਨਾ ਨੁਕਸਾਨ ਨਾ ਹੋਇਆ ਹੁੰਦਾ ।

ਮੁਹਾਲੀ ਵਿੱਚ ਸੜਕ ਦੀ ਮੁਰੰਮਤ

*1464. ਸਰਦਾਰ ਮਨਮੋਹਨ ਸਿੰਘ ਸਠਿਆਲਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੈਕਟਰ 47 ਚੰਡੀਗੜ੍ਹ ਤੋਂ ਫੇਜ਼ XI, ਐਸ.ਏ.ਐਸ. ਨਗਰ (ਮੁਹਾਲੀ) ਨੂੰ ਜਾਂਦੀ ਸੜਕ ਬੜੀ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਸੜਕ ਦਾ ਹਿੱਸਾ ਜੋ ਪੰਜਾਬ ਖੇਤਰ ਵਿੱਚ ਪੈਂਦਾ ਹੈ, ਦੀ ਮੁਰੰਮਤ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ ?

ਬੀਬੀ ਜਗੀਰ ਕੌਰ (ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ, ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ) : (ੳ) ਜੀ ਹਾਂ

(ਅ) ਇਸ ਸੜਕ ਦੀ ਮਜ਼ਬੂਤੀ ਅਤੇ ਰਿਪੇਅਰ ਦਾ ਕੰਮ ਜਾਰੀ ਹੈ ਅਤੇ 31 ਮਾਰਚ, 1999 ਤੱਕ ਮੁਕੰਮਲ ਕਰ ਲਿਆ ਜਾਵੇਗਾ।

ਸਰਦਾਰ ਮਨਮੋਹਨ ਸਿੰਘ ਸਠਿਆਲਾ : ਮਾਨਯੋਗ ਸਪੀਕਰ ਸਾਹਿਬ, ਮੈਂ ਬੜਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਜਿਹੜਾ ਇਸ ਸੜਕ ਦਾ ਕੰਮ ਹੈ, ਉਹ 31-3-99 ਨੂੰ ਮੁਕੰਮਲ ਕਰਨ ਲਈ ਕਿਹਾ ਹੈ ਪਰ ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬਾ ਇਹ ਦੱਸਣਗੇ ਕਿ ਇਹ ਜਿਹੜੀ ਸੜਕ ਹੈ, ਕੀ ਇਸ ਨੂੰ ਨੈਸ਼ਨਲ ਹਾਈ-ਵੇ ਕਰਾਰ ਦਿੱਤਾ ਗਿਆ ਹੈ ?

ਮੰਤਰੀ : ਇਹ ਸੜਕ ਤਾਂ ਹੈ ਹੀ ਨੈਸ਼ਨਲ ਹਾਈ-ਵੇ । ਜਦੋਂ ਇਸ ਸੜਕ ਦਾ ਕੰਮ ਟੇਕ-ਅਪ ਕੀਤਾ ਗਿਆ ਸੀ....

ਸ੍ਰੀ ਸਪੀਕਰ : ਬੀਬੀ ਜੀ, ਤੁਸੀਂ ਬੈਠ ਜਾਓ । ਇਸ ਗੱਲ ਦਾ ਇਸ ਕੁਐਸਚਨ ਨਾਲ ਸੰਬੰਧ ਨਹੀਂ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਤੇ ਪ੍ਰੀ-ਮਿਕਸ ਜਲਦੀ ਪਾਇਆ ਜਾਵੇਗਾ ਜਾਂ ਨਹੀ ?

ਸ੍ਰੀ ਸਪੀਕਰ : ਮੋਫਰ ਸਾਹਿਬ, ਇਨ੍ਹਾਂ ਨੇ ਪਹਿਲਾਂ ਹੀ ਐਸ਼ਿਓਰੈਂਸ 31-3-99 ਤੱਕ ਦੇ ਦਿੱਤੀ ਹੈ । ਤੁਸੀਂ ਬੈਠ ਜਾਓ । Next Question.

ਸਤਲੁਜ ਦਰਿਆ ਦੇ ਨਾਲ ਬਣਾਏ ਗਏ ਬੰਧ ਨੂੰ ਮਜ਼ਬੂਤ ਕਰਨਾ

*1429. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਹਰੀਕੇ ਹੈੱਡ ਵਰਕਸ ਤੋਂ ਫਿਰੋਜ਼ਪੁਰ ਤੱਕ ਸਤਲੁਜ ਦਰਿਆ ਦੇ ਨਾਲ ਬੰਧ ਦੀ ਕੁੱਲ ਲੰਬਾਈ ਕਿੰਨੀ ਹੈ;

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿਚ ਉਪਰੋਕਤ ਭਾਗ (ੳ) ਵਿਚ ਵਰਣਿਤ ਬੰਧ ਨੂੰ ਮਜ਼ਬੂਤ ਕਰਨ ਦਾ ਵਿਚਾਰ ਹੈ ਤਾਂ ਕਿ ਇਲਾਕੇ ਨੂੰ ਹੜ੍ਹਾਂ ਤੋਂ ਬਚਾਇਆ ਜਾ ਸਕੇ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : (ੳ) ਦਰਿਆ ਸਤਲੁਜ ਦੇ ਖੱਬੇ ਕਿਨਾਰੇ ਦੇ ਨਾਲ ਹਰੀਕੇ ਹੈੱਡ ਵਰਕਸ ਤੋਂ ਫਿਰੋਜ਼ਪੁਰ ਤੱਕ ਬੰਨ੍ਹ ਦੀ ਕੁਲ ਲੰਬਾਈ 70 ਕਿ.ਮੀ. ਹੈ ।

(ਅ) ਤਜਵੀਜ਼ ਵਿਚਾਰ ਅਧੀਨ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਵੇਂ ਦੱਸਿਆ ਹੈ ਕਿ ਲੰਬਾਈ 70 ਕਿਲੋਮੀਟਰ ਹੈ ਅਤੇ ਇਹ ਬੰਨ੍ਹ ਹਰੀਕੇ ਹੈਡ ਵਰਕਸ ਦੇ ਬਿਲਕੁਲ ਸਾਹਮਣੇ ਇਹ ਪੈਂਦਾ ਹੈ ਅਤੇ ਇਹ ਕਈ ਵਾਰ ਟੁੱਟ ਚੁੱਕਾ ਹੈ । ਇਨ੍ਹਾਂ ਨੇ ਦੱਸਿਆ ਹੈ ਕਿ ਇਸ ਨੂੰ ਮਜ਼ਬੂਤ ਕਰਨ ਦੀ ਤਜਵੀਜ਼ ਵਿਚਾਰ ਅਧੀਨ ਹੈ । ਸਪੀਕਰ ਸਾਹਿਬ, ਉਹ ਤਜਵੀਜ਼ ਕੀ ਹੈ ? ਇਹ ਇਸਦੇ ਬਾਰੇ ਦੱਸ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਦਰਿਆ ਸਤਲੁੱਜ ਹੈ, ਇਹ ਪੰਜਾਬ ਦਾ ਸਭ ਤੋਂ ਲੰਬਾ ਦਰਿਆ ਹੈ ਅਤੇ ਸਾਰਾ ਸਾਲ ਵਗਦਾ ਰਹਿੰਦਾ ਹੈ । ਇਸ ਤੇ ਤਿੰਨ ਵੱਡੇ ਹੈਡ ਵਰਕਸ ਪੈਂਦੇ ਹਨ ਹਰੀਕੇ, ਰੋਪੜ ਅਤੇ ਹੁਸੈਨੀਵਾਲਾ । ਇਨ੍ਹਾਂ ਸਭ ਨੂੰ ਮਜ਼ਬੂਤ ਕਰਨ ਲਈ, ਇਸ ਸਾਰੇ ਪ੍ਰੋਗਰਾਮ ਲਈ 534 ਲੱਖ ਰੁਪਿਆ ਚਾਹੀਦਾ ਹੈ । ਇਸ ਸਬੰਧ ਵਿਚ ਸੈਂਟਰ ਨੂੰ ਸਕੀਮ ਬਣਾ ਕੇ ਭੇਜੀ ਗਈ ਹੈ । ਹੁਣ ਕਿਉਂਕਿ ਫੰਡਾਂ ਦੀ ਘਾਟ ਹੈ ਫਿਰ ਵੀ ਨਾਲ ਦੀ ਨਾਲ ਅਸੀਂ ਇਨ੍ਹਾਂ ਨੂੰ ਟੇਕ-ਅੱਪ ਕਰਦੇ ਰਹਿੰਦੇ ਹਾਂ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਨ੍ਹਾਂ ਦੀ ਇਸ ਟੱਟੇ ਤੇ ਜਿਹੜਾ ਕਿ ਇਨ੍ਹਾਂ ਨੇ 70 ਕਿਲੋਮੀਟਰ ਦੱਸਿਆ ਹੈ, ਇਸ ਤੇ ਕੁੱਲ ਕਿੰਨੇ ਫੰ ਲਾਉਣ ਦੀ ਸਕੀਮ ਹੈ ? ਮੈਨੂੰ ਤਾਂ ਇਹ ਦੱਸ ਦੇਣ । ਮੈਂ ਦੂਸਰਿਆਂ ਬਾਰੇ ਤਾਂ ਨਹੀਂ ਪੁੱਛਿਆ ।

ਸ੍ਰੀ ਸਪੀਕਰ : ਜ਼ੀਰਾ ਸਾਹਿਬ, ਇਹ ਬਹੁਤ ਲੰਬਾ ਦਰਿਆ ਹੈ ਅਤੇ ਇਸ ਦਾ ਸਾਰਿਆਂ ਨਾਲ ਸਬੰਧ ਹੈ । ਮੇਰਾ ਵੀ ਇਸ ਨਾਲ ਸਬੰਧ ਹੈ । ਵਾਕਿਆ ਹੀ ਇਨ੍ਹਾਂ ਦਾ ਜਵਾਬ ਇਸ ਹਿਸਾਬ ਨਾਲ ਆਉਣਾ ਚਾਹੀਦਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਤਜਵੀਜ਼ ਵਿਚਾਰ ਅਧੀਨ ਹੈ, ਮੈਂ ਤਾਂ ਇਹੀ ਪੁੱਛਦਾ ਹਾਂ ਕਿ ਇਹ ਇਸ 70 ਕਿਲੋਮੀਟਰ ਦੇ ਟੋਟੇ ਵਿਚ ਉਸ ਤਜਵੀਜ਼ ਦੇ ਤਹਿਤ ਕੀ ਕਰਨਗੇ ? ਬਾਕੀ ਜੋ ਇਨ੍ਹਾਂ ਨੇ ਸਾਰਾ ਰੁਪਿਆ ਲਾਉਣਾ ਹੈ ਤਾਂ ਲਾਉਣ । ਇਸ ਟੋਟੇ ਵਿਚ ਤਾਂ ਇਹ ਬੰਨ੍ਹ ਹਰ ਸਾਲ ਟੁੱਟਦਾ ਹੈ । ਇਹ ਇਸ ਤੇ ਕੀ ਕਰ ਰਹੇ ਹਨ ? ਕੀ ਇਹ ਉਥੇ ਮਿੱਟੀ ਪਾ ਰਹੇ ਹਨ ? ਕੀ ਕਰ ਰਹੇ ਹਨ ? ਮੈਂ ਤਾਂ ਇਸ ਟੋਟੇ ਬਾਰੇ ਪੁੱਛਿਆ ਹੈ, ਇਹ ਇਸ ਦਾ ਜਵਾਬ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਨੂੰ ਤੁਹਾਡੇ ਰਾਹੀਂ ਤਸੱਲੀ ਕਰਾਉਣਾ ਚਾਹੁੰਦਾ ਹਾਂ, ਹਾਲਾਂਕਿ ਇਨ੍ਹਾਂ ਦੀ ਤਸੱਲੀ ਹੋਣੀ ਨਹੀਂ ਕਿਉਂਕਿ ਇਨ੍ਹਾਂ ਨੇ ਹੁਣੇ ਵਜ਼ੀਰੀ ਤੋਂ ਅਸਤੀਫਾ ਦੇ ਦਿੱਤਾ ਹੈ । ਹੋ ਸਕਦਾ ਹੈ ਮੇਰੀ ਬਨਤੀ ਵਿਚ ਕੋਈ ਘਾਟ ਰਹਿ ਜਾਵੇ, ਫਿਰ ਵੀ ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਮੈਂ ਖੁਦ ਆਪ ਉਥੇ ਕਾਰ ਵਿਚ ਜਾ ਕੇ ਦੌਰਾ ਕੀਤਾ ਹੈ ਅਤੇ ਜਿਥੇ ਜਿਥੇ

ਵੀ ਬੰਨ੍ਹ ਵਿਚ ਕੋਈ ਘਾਟ ਹੈ ਜਾਂ ਉਹ ਕਮਜ਼ੋਰ ਸੀ, ਉਸ ਬਾਰੇ ਅਫਸਰਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਪੈਸੇ ਲੈ ਕੇ ਇਸ ਦੀ ਪੂਰੀ ਦੇਖਰੇਖ ਕਰਨ । ਇਹ ਬੇਫਿਕਰ ਰਹਿਣ, ਇਸ ਨੂੰ ਟੁੱਟਣ ਨਹੀਂ ਦਿਆਂਗੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਨੂੰ ਨਹੀਂ ਦੁੱਖ ਹੋਇਆ..

Mr. Speaker : No, no, Zira Sahib.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਠੀਕ ਹੈ, ਸਪੀਕਰ ਸਾਹਿਬ, ਮੈਂ ਇਹ ਗੱਲ ਛੱਡੀ ਪਰ ਮੈਨੂੰ ਇਸ ਗੱਲ ਤੇ ਜ਼ਰੂਰ ਦੁੱਖ ਹੋਇਆ ਹੈ ਕਿ ਜੇ ਉਥੇ ਵਜ਼ੀਰ ਸਾਹਿਬ ਗਏ ਸੀ ਤਾਂ ਇਨ੍ਹਾ ਦੇ ਜਾਣ ਤੋਂ ਬਾਅਦ ਤਾਂ ਉਥੇ ਇਕ ਟੋਕਰੀ ਵੀ ਮਿੱਟੀ ਨਹੀਂ ਪਈ....

Mr. Speaker : No, no, Zira Sahib.

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸ਼ਾਇਦ ਇਸੇ ਤਰ੍ਹਾਂ ਦਿਨਾਂ ਦੀ ਗੱਲ ਵਿਚ ਹੀ ਨਾ ਰਹਿ ਜਾਵੇ ।

ਸ਼੍ਰੀ ਸਪੀਕਰ : ਸ਼੍ਰੀ ਭਗਵਾਨ ਦਾਸ ਅਰੋੜਾ । ਅਗਲਾ ਸਵਾਲ ।

ਹੈਡਮਾਸਟਰਾਂ ਅਤੇ ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ ਭਰਨਾ

*1482. (1) **ਸ਼੍ਰੀ ਭਗਵਾਨ ਦਾਸ ਅਰੋੜਾ**
(2) **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਇਸ ਸਮੇਂ ਹੈਡ-ਮਾਸਟਰਾਂ ਅਤੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ ?

ਸਰਦਾਰ ਤੋਤਾ ਸਿੰਘ : (ੳ) ਇਸ ਸਮੇਂ ਰਾਜ ਵਿਚ 623 ਅਜਿਹੇ ਸਰਕਾਰੀ ਹਾਈ ਸਕੂਲ ਅਤੇ 444 ਅਜਿਹੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ ਜਿਨ੍ਹਾਂ ਵਿਚ ਮੁੱਖ ਅਧਿਆਪਕ/ਮੁੱਖ ਅਧਿਆਪਕਾਵਾਂ ਅਤੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਹਨ । ਇਨ੍ਹਾਂ ਸਕੂਲਾਂ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ 'ੳ' ਤੇ ਹੈ;

(ਅ) ਮੁੱਖ ਅਧਿਆਪਕਾਂ/ਮੁੱਖ ਅਧਿਆਪਕਾਵਾਂ ਦੀਆਂ 114 ਅਤੇ ਪ੍ਰਿੰਸੀਪਲਾਂ ਦੀਆਂ 73 ਆਸਾਮੀਆਂ ਪੁਰ ਕਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਯੋਗ ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਕਰਨ ਲਈ ਮੰਗ ਪੱਤਰ ਭੇਜੇ ਹੋਏ ਹਨ । ਬਾਕੀ ਰਹਿੰਦੀਆਂ ਹੈਡ ਮਾਸਟਰਾਂ/ਹੈਡ ਮਿਸਟਰੇਸਾਂ ਅਤੇ ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ ਸਰਕਾਰ ਵਲੋਂ ਤਰੱਕੀਆਂ ਤੇ ਲਗਾਈ ਰੋਕ ਸਮਾਪਤ ਹੋਣ ਉਪਰੰਤ ਭਰ ਲਈਆਂ ਜਾਣਗੀਆਂ ।

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਅਨੁਲੱਗ 'ੳ'

ਸਕੂਲਾਂ ਦੀ ਸੂਚੀ ਜਿਨ੍ਹਾਂ ਵਿਚ ਹੈਡਮਾਸਟਰ/ਹੈਡਮਿਸਟਰੈਸ, ਅਤੇ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਖਾਲੀ ਹਨ ।

ਲੜੀ ਨੰ:	ਜ਼ਿਲ੍ਹੇ ਦਾ ਨਾ	ਸਰਕਾਰੀ ਹਾਈ ਸਕੂਲ	ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
1	2	3	4
1.	ਅੰਮ੍ਰਿਤਸਰ ..	89	50
2.	ਬਠਿੰਡਾ ..	46	37
3.	ਰੋਪੜ ..	22	12
4.	ਨਵਾਂ ਸ਼ਹਿਰ ..	20	11
5.	ਫਰੀਦਕੋਟ ..	15	18
6.	ਫਿਰੋਜ਼ਪੁਰ ..	65	36
7.	ਮੋਗਾ ..	24	20
8.	ਮੁਕਤਸਰ ..	51	25
9.	ਮਾਨਸਾ ..	37	21
10.	ਫਤਹਿਗੜ੍ਹ ਸਾਹਿਬ ..	11	13
11.	ਪਟਿਆਲਾ ..	30	13
12.	ਕਪੂਰਥਲਾ ..	28	24
13.	ਗੁਰਦਾਸਪੁਰ ..	30	36
14.	ਸੰਗਰੂਰ ..	79	54
15.	ਜਲੰਧਰ ..	28	22
16.	ਲੁਧਿਆਣਾ ..	37	31
17.	ਹੁਸ਼ਿਆਰਪੁਰ ..	11	21
	ਜੋੜ ..	623	444

ਸ੍ਰੀ ਭਗਵਾਨ ਦਾਸ ਅਰੋੜਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮਿਡਲ ਸਕੂਲਾਂ, ਹਾਈ ਸਕੂਲਾਂ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਐਨੀ ਦੇਰ ਤੋਂ ਜਿਹੜੀਆਂ ਇਹ ਆਸਾਮੀਆਂ ਖਾਲੀ ਪਈਆਂ ਹਨ, ਇਨ੍ਹਾਂ ਕਰਕੇ ਬੱਚਿਆਂ ਦਾ ਜੋ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਕਰਨ ਵਾਸਤੇ ਸਰਕਾਰ ਕੋਈ ਉਪਰਾਲਾ ਕਰੇਗੀ ?

ਸ੍ਰੀ ਸਪੀਕਰ : ਕੁਐਸਚਨ ਤਾਂ ਕੋਈ ਬਣਿਆ ਨਹੀਂ । ਤੁਸੀਂ ਕੋਈ ਠੀਕ ਕੁਐਸਚਨ ਤਾਂ ਪੁੱਛੋ ।

ਸ੍ਰੀ ਭਗਵਾਨ ਦਾਸ ਅਰੋੜਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਈ ਸਕੂਲਾਂ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਜਿੰਨੇ ਵੀ ਮੁੱਖ ਅਧਿਆਪਕਾਂ ਦੀ ਘਾਟ ਹੈ, ਉਸ ਕਾਰਣ ਬੱਚਿਆਂ ਦੀ ਪੜ੍ਹਾਈ ਦਾ ਜੋ ਨੁਕਸਾਨ ਹੋਇਆ ਹੈ, ਉਸ ਨੂੰ ਪੂਰਾ ਕਰਨ ਵਾਸਤੇ ਸਰਕਾਰ ਕੀ ਉਪਰਾਲਾ ਕਰੇਗੀ ?

ਸ੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਉਨ੍ਹਾਂ ਨੇ ਪਹਿਲਾਂ ਹੀ ਦੇ ਦਿੱਤਾ ਹੈ। ਅਗਲਾ ਸਵਾਲ ।

ਸਰਕਾਰੀ ਕਾਲਜ, ਮਾਨਸਾ ਵਿਚ ਬੀ. ਐਸ. ਸੀ. ਦੀਆਂ ਕਲਾਸਾਂ ਸ਼ੁਰੂ ਕਰਨੀਆਂ

*1466. **ਸਰਦਾਰ ਸੁਖਵਿੰਦਰ ਸਿੰਘ ਔਲਖ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਕਾਲਜ, ਮਾਨਸਾ ਵਿਚ ਬੀ. ਐਸ. ਸੀ. ਦੀਆਂ ਕਲਾਸਾਂ ਸ਼ੁਰੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਤੋਤਾ ਸਿੰਘ (ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ) : ਜੀ ਹਾਂ । ਸਰਕਾਰੀ ਕਾਲਜ, ਮਾਨਸਾ ਵਿਖੇ ਬੀ. ਐਸ. ਸੀ. ਦੀਆਂ ਕਲਾਸਾਂ ਚਾਲੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਪਰੰਤੂ ਇਹ ਕਲਾਸਾਂ ਚਾਲੂ ਕਰਨ ਲਈ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਜੋ ਕਿ ਉਨ੍ਹਾਂ ਨੇ ਕਿਹਾ ਹੈ ਕਿ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਲੇਕਿਨ ਇਸ ਦੇ ਵਾਸਤੇ ਇਹ ਕੋਈ ਸਮਾਂ ਨਿਸ਼ਚਿਤ ਨਹੀਂ ਕਰ ਰਹੇ । ਇਹ ਜ਼ਿਲ੍ਹੇ ਦਾ ਇਕੋ ਇਕ ਸਰਕਾਰੀ ਕਾਲਜ ਹੈ ਅਤੇ ਬਣਿਆ ਵੀ ਬੜਾ ਪੁਰਾਣਾ ਹੋਇਆ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਮਾਂ ਨਿਸ਼ਚਿਤ ਨਾ ਕਰਨ ਦੇ ਕੀ ਕਾਰਨ ਹਨ ਅਤੇ ਅਜਿਹਾ ਕਰਨ ਵਿੱਚ ਇਨ੍ਹਾਂ ਨੂੰ ਕੀ ਦਿੱਕਤ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੀ. ਐਸ. ਸੀ. ਦੀਆਂ ਕਲਾਸਾਂ ਚਾਲੂ ਕਰਨ ਲਈ ਪਲੈਨਿੰਗ/ਵਿੱਤ ਵਿਭਾਗ ਨੂੰ 5 ਲੱਖ ਰੁਪਏ ਦੀ ਤਜਵੀਜ਼ ਭੇਜੀ ਹੋਈ ਹੈ । ਜੇਕਰ ਉਹ ਪਾਸ ਹੋ ਕੇ ਆ ਗਈ ਲਾਜ਼ਮੀ ਤੌਰ ਤੇ ਇਸੇ ਸਾਲ ਵਿਚ ਚਾਲੂ ਕਰ ਦਿਆਂਗੇ, ਨਹੀਂ ਤਾਂ ਅਗਲੇ ਸਾਲ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਕਲਾਸਾਂ ਚਾਲੂ ਕਰਨ ਤੇ ਸਾਰਾ 5 ਲੱਖ ਰੁਪਿਆ ਲੱਗਣਾ ਹੈ, ਫਿਰ ਵੀ ਇਹ ਦੇਰੀ ਕਰ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਛੇਤੀ ਤੋਂ ਛੇਤੀ ਇਹ ਕਦੋਂ ਤੱਕ ਕਲਾਸਾਂ ਚਾਲੂ ਕਰ ਦੇਣਗੇ ? ਉਥੇ 3 ਕਰੋੜ ਰੁਪਏ ਦੀ ਬਿਲਡਿੰਗ ਬਣਦੀ ਹੈ। ਕਲਾਸਾਂ ਚਾਲੂ ਕਰਵਾਉਣ ਤੇ ਤਾਂ ਸਿਰਫ 5 ਲੱਖ ਰੁਪਿਆ ਲੱਗਣਾ ਹੈ। ਮੈਂ ਚਾਹੁੰਦਾ ਹਾਂ ਕਿ ਮੰਤਰੀ ਜੀ ਇਸ ਦੇ ਵਾਸਤੇ ਕੋਈ ਸਮਾਂ ਨਿਸ਼ਚਿਤ ਕਰਨ।

ਸ੍ਰੀ ਸਪੀਕਰ : ਇਹ ਕੋਈ ਸਪਲੀਮੈਂਟਰੀ ਨਹੀਂ ਹੈ। ਅਗਲਾ ਸਵਾਲ।

ਨਵਾਂ ਸ਼ਹਿਰ-ਰਾਹੋਂ ਅਤੇ ਨਵਾਂ ਸ਼ਹਿਰ-ਫਿਲੌਰ ਸੜਕਾਂ ਦੀ ਮੁਰੰਮਤ

*1410. **ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਨਵਾਂ ਸ਼ਹਿਰ ਤੋਂ ਰਾਹੋਂ ਅਤੇ ਨਵਾਂ ਸ਼ਹਿਰ ਤੋਂ ਫਿਲੌਰ ਤੱਕ ਦੀਆਂ ਸੜਕਾਂ ਬਹੁਤ ਹੀ ਖਸਤਾ ਹਾਲਤ ਵਿਚ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਇਨ੍ਹਾਂ ਸੜਕਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਨ ਹਨ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ) : (ੳ) ਹਾਂ ਜੀ।

(ਅ) ਇਨ੍ਹਾਂ ਸੜਕਾਂ ਦੇ ਸੁਧਾਰ ਲਈ 86.00 ਲੱਖ ਰੁਪਏ ਦੀ ਰਾਸ਼ੀ ਦਾ ਪ੍ਰਬੰਧ ਕੀਤਾ ਹੈ। ਕੰਮ ਪ੍ਰਗਤੀ ਵਿੱਚ ਹਨ ਅਤੇ ਜੂਨ, 1999 ਤੱਕ ਪੂਰਾ ਹੋ ਜਾਣ ਦੀ ਸੰਭਾਵਨਾ ਹੈ।

ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ : ਬਹੁਤ ਬਹੁਤ ਧੰਨਵਾਦ ਜੀ।

ਨਿਸ਼ਾਨ ਵਾਲਾ ਪ੍ਰਸ਼ਨ ਨੰ: *1360

ਸ਼੍ਰੀ ਸਪੀਕਰ : ਇਸ ਪ੍ਰਸ਼ਨ ਸਬੰਧੀ ਚਾਰ ਹਫਤੇ ਲਈ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

D.O. No. ਲਗ 2-99/1440

ਅ.ਸ.ਪ. ਨੰ:

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ।

Chief Minister, Punjab.

7 ਮਾਰਚ, 1999

ਵਿਸ਼ਾ :—ਮਿਤੀ 11 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1360 ਮੁਲਤਵੀ ਕਰਨ ਬਾਰੇ।

ਮਾਨਯੋਗ ਸਪੀਕਰ ਸਾਹਿਬ,

ਮਿਤੀ 11 ਮਾਰਚ, 1999 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ : 1360 ਜੋ ਕਿ ਸ਼੍ਰੀ ਹਰਦੇਵ ਅਰਸ਼ੀ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਿਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,

ਸਹੀ/-

(ਪ੍ਰਕਾਸ਼ ਸਿੰਘ ਬਾਦਲ)

ਸ: ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

---

*For Starred Question No. 1360 and reply thereto, please see P. V. S. Debates dated 30th March, 1999.

ਰਾਜ ਵਿਚ ਮੈਡੀਕਲ ਕਾਲਜਾਂ ਵਿਚ ਦਾਖਲਾ

*1390. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਰਾਜ ਵਿਚ ਮੈਡੀਕਲ ਕਾਲਜਾਂ ਵਿਚ ਦਾਖਲੇ ਲਈ, ਲਈ ਜਾ ਰਹੀ ਪ੍ਰੀ-ਮੈਡੀਕਲ ਪ੍ਰੀਖਿਆ ਦੇਣ ਵਾਸਤੇ ਵਿਦਿਆਰਥੀਆਂ ਲਈ ਨਿਸ਼ਚਿਤ ਕੀਤੀਆਂ ਗਈਆਂ ਸ਼ਰਤਾਂ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖਣਗੇ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਅਤੇ ਯੋਜਨਾ ਮੰਤਰੀ) : ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ : 11/60/93-5ਸ3/8789 ਮਿਤੀ 27 ਮਾਰਚ, 1998 ਜਿਸ ਰਾਹੀਂ ਪ੍ਰੀ-ਮੈਡੀਕਲ ਟੈਸਟ, 1998 ਵਿਚ ਹਾਜ਼ਰ ਹੋਏ ਵਿਦਿਆਰਥੀਆਂ ਲਈ ਸ਼ਰਤਾਂ ਨਿਸ਼ਚਿਤ ਕੀਤੀਆਂ ਗਈਆਂ ਸਨ, ਦੀ ਕਾਪੀ ਅਨੁਲੱਗ* ਤੇ ਰੱਖੀ ਜਾਂਦੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੋ ਨੋਟੀਫਿਕੇਸ਼ਨ ਦੀ ਕਾਪੀ ਦਿੱਤੀ ਹੈ, ਉਸ ਦੇ ਵਿਚ ਸ਼ਾਇਦ ਕਲਾਜ਼-I ਹੈ ਜਿਹੜੀ ਕਿ ਪਰਸੋਨਲ ਡਿਪਾਰਟਮੈਂਟ ਵੱਲੋਂ ਹੈ । ਇਸ ਵਿਚ ਵੱਖ ਵੱਖ ਯੂਨੀਵਰਸਿਟੀਆਂ ਐਗਜ਼ਾਮ ਕੰਡਕਟ ਕਰਦੀਆਂ ਹਨ, ਉਸ ਵਿਚ ਕੰਡੀਸ਼ਨ ਰੱਖੀ ਹੋਈ ਹੈ । ਮੇਰਾ ਪ੍ਰਸ਼ਨ ਕਰਨ ਦਾ ਇਹ ਮਕਸਦ ਨਹੀਂ ਜਾਂ ਇਹ ਭਾਵਨਾ ਨਹੀਂ ਕਿ ਦੂਸਰੀਆਂ ਸਟੇਟਾਂ ਦੇ ਬੱਚੇ ਨਾ ਆਉਣ ਕਿਉਂਕਿ ਨੇਸ਼ਨ ਤਾਂ ਸਾਡੀ ਇਕ ਹੀ ਹੈ ਪਰ ਪਰਸੋਨਲ ਡਿਪਾਰਟਮੈਂਟ ਵੱਲੋਂ ਜਿਹੜੀ ਕੰਡੀਸ਼ਨ ਰੱਖੀ ਹੋਈ ਹੈ, ਉਹ ਕੰਪੈਰੇਟਿਵਲੀ ਗੁਆਂਢੀ ਰਾਜ ਹਰਿਆਣਾ ਤੇ ਯੂ. ਟੀ. ਵਿਚ ਬੜੀ ਹੀ ਸਖਤ ਹੈ ਜਿਸ ਕਰਕੇ ਪੰਜਾਬ ਦਾ ਕੋਈ ਵੀ ਬੱਚਾ ਉਨ੍ਹਾਂ ਦੇ ਪੀ. ਐਮ. ਟੀ. ਟੈਸਟ ਵਿਚ ਨਹੀਂ ਬੈਠ ਸਕਦਾ ਪਰ ਸਾਡੀ ਸ਼ਰਤ ਬੜੀ ਨਰਮ ਹੈ ਜਿਸ ਕਾਰਨ ਦੂਸਰੀਆਂ ਸਟੇਟਾਂ ਦੇ ਬੱਚੇ ਆਉਂਦੇ ਹਨ । 1998 ਦੇ ਟੈਸਟ ਸਮੇਂ 34 ਸੀਟਾਂ ਜਿਨ੍ਹਾਂ ਤੇ ਪੰਜਾਬ ਦੇ ਬੱਚਿਆਂ ਦਾ ਹੱਕ ਹੋ ਸਕਦਾ ਸੀ, ਉਨ੍ਹਾਂ ਤੇ ਦੂਸਰੀਆਂ ਸਟੇਟਾਂ ਦੇ ਬੱਚਿਆਂ ਨੇ ਕਬਜ਼ਾ ਕਰ ਲਿਆ । ਕਈ ਬੱਚਿਆਂ ਨੇ ਤਾਂ ਡਬਲ-ਡਬਲ ਟੈਸਟ ਦਿੱਤੇ ਸਨ । ਆਪਣੀ ਸਟੇਟ ਵਿਚ ਵੀ ਅਤੇ ਪੰਜਾਬ ਵਿਚ ਵੀ ਅਤੇ ਉਨ੍ਹਾਂ ਵਿਚੋਂ ਕਈ ਦੋਨੋਂ ਥਾਵਾਂ ਤੇ ਹੀ ਸਿਲੈਕਟ ਹੋ ਗਏ । ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੋਮੀਸਾਈਲ ਦੀ ਸ਼ਰਤ ਹਰਿਆਣਾ ਤੇ ਯੂ. ਟੀ. ਵਾਂਗ ਕਰਨ ਬਾਰੇ ਸਰਕਾਰ ਦੇ ਕੋਈ ਵਿਚਾਰ ਅਧੀਨ ਹੈ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਇਸ ਮਸਲੇ ਸਬੰਧੀ ਸਰਕਾਰ ਨੂੰ ਇਕ ਚਿੱਠੀ ਵੀ ਲਿਖੀ ਸੀ । ਮੈਂ ਵੀ ਇਸ ਸਾਰੇ ਮਸਲੇ ਦੀ ਘੋਖ ਕੀਤੀ ਹੈ । ਮੈਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਹੀ ਮੈਂ ਆਰਡਰ ਕੀਤੇ ਹਨ ਕਿ ਇਸ ਸਾਰੀ ਪਾਲਿਸੀ ਨੂੰ ਰਿਵਿਊ ਕੀਤਾ ਜਾਵੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਇਸ ਗੱਲ ਲਈ ਧੰਨਵਾਦ । ਦੂਸਰੀ ਮੇਰੀ ਸਪਲੀਮੈਂਟਰੀ ਇਹ ਹੈ ਕਿ ਮੈਂ ਇਹ ਦੋਸ਼ ਤਾਂ ਨਹੀਂ ਲਾਉਂਦਾ ਕਿ ਮੈਨੂੰ ਜਾਣਕਾਰੀ

*Placed in the Library.

ਨਹੀਂ ਦੇ ਰਹੇ । ਜਿਹੜੀ ਨੋਟੀਫਿਕੇਸ਼ਨ ਦੀ ਕਾਪੀ ਦਿੱਤੀ ਹੈ । ਇਸ ਦੇ ਨਾਲ ਜਿਹੜੀ ਥੋੜ੍ਹੇ ਸਮੇਂ ਬਾਅਦ ਸੋਧ ਹੁੰਦੀ ਹੈ ਉਹ ਵੀ ਨਾਲ ਦੇਣੀ ਚਾਹੀਦੀ ਹੈ । ਇਹ ਤਾਂ ਬਾਈ-ਚਾਂਸ ਹੀ ਮੈਨੂੰ ਲੱਭ ਗਈ । ਸਪੀਕਰ ਸਾਹਿਬ, ਇਸ ਦੇ ਵਿੱਚ ਇਕ ਕਲਾਜ਼ ਵਿਚ ਬਾਅਦ ਵਿਚ ਸੋਧ ਕਰ ਦਿੱਤੀ । ਮੈਂ ਉਸ ਦੇ ਬਾਰੇ ਜਾਣਨਾ ਚਾਹਾਂਗਾ ਕਿ ਜੋ ਨੋਟੀਫਿਕੇਸ਼ਨ ਐਨ. ਆਰ. ਆਈ. ਵਾਸਤੇ ਵੇਕੈਂਟ ਪੋਸਟਾਂ ਸਨ, ਉਨ੍ਹਾਂ ਬਾਰੇ ਸੋਧ ਕਰਕੇ ਦੁਬਾਰਾ ਨੋਟੀਫਿਕੇਸ਼ਨ ਕਰ ਦਿੱਤੀ ਕਿ ਐਨ. ਆਰ. ਆਈਜ਼ ਕੋਟੇ ਵਿਚੋਂ ਜਿਹੜੀਆਂ ਸੀਟਾਂ ਵੇਕੈਂਟ ਰਹਿ ਜਾਣਗੀਆਂ ਉਹ ਇੰਡੀਅਨ ਕੈਂਡੀਡੇਟਸ ਨੂੰ ਦਿੱਤੀਆਂ ਜਾਣਗੀਆਂ ਪ੍ਰੰਤੂ ਜਿਹੜੀ ਫ਼ੀਸ ਹੈ, ਉਹ ਐਨ. ਆਰ. ਆਈ. ਦੇ ਬਰਾਂਬਰ ਹੀ ਹੋਵੇਗੀ । The notification reads, "Vacant NRI seats will be offered to Indian candidates who will have to pay the fee fixed for NRI candidates. ਸਪੀਕਰ ਸਾਹਿਬ, ਇਹ ਜਸਟਿਸ ਨਹੀਂ ਹੈ । ਐਨ. ਆਰ. ਆਈਜ਼ ਦੇ ਸੋਰਸ ਬਹੁਤ ਅੱਛੇ ਹੁੰਦੇ ਹਨ ਅਤੇ ਇੰਡੀਅਨ ਦੇ ਮੁਕਾਬਲੇ ਐਨ. ਆਰ. ਆਈਜ਼ ਦੇ ਸੋਰਸਿਜ਼ ਆਫ ਇਨਕਮ ਵਿਚ ਜ਼ਮੀਨ-ਅਸਮਾਨ ਦਾ ਫਰਕ ਹੁੰਦਾ ਹੈ । ਜਿਹੜੀਆਂ ਸੀਟਾਂ ਐਨ. ਆਰ. ਆਈਜ਼ ਕੋਟੇ ਦੀਆਂ ਖਾਲੀ ਰਹਿ ਜਾਣ ਉਹ ਇਥੋਂ ਦੇ ਕੈਂਡੀਡੇਟਸ ਵਿਚੋਂ ਭਰੀਆਂ ਜਾਣ ਪ੍ਰੰਤੂ ਫੀਸਾਂ ਐਨ. ਆਰ. ਆਈਜ਼ ਦੇ ਬਰਾਬਰ ਨਾ ਰੱਖੀਆਂ ਜਾਣ ਸਗੋਂ ਇਧਰ ਦੇ ਬੱਚਿਆਂ ਦੀਆਂ ਫੀਸਾਂ ਦੇ ਬਰਾਬਰ ਹੀ ਲਈਆਂ ਜਾਣ । ਕੀ ਇਸ ਬਾਰੇ ਸਰਕਾਰ ਦਾ ਕੋਈ ਅਮੈਂਡਮੈਂਟ ਕਰਨ ਦਾ ਵਿਚਾਰ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇੱਕ ਸਪੈਸ਼ਲ ਪ੍ਰੋਵੀਜ਼ਨ ਕੀਤੀ ਗਈ ਹੈ ਕਿ ਕੁਝ ਐਨ. ਆਰ. ਆਈਜ਼ ਦੀਆਂ ਸੀਟਾਂ ਵਾਸਤੇ ਸਪੈਸ਼ਲ ਫ਼ੀਸਾਂ ਰੱਖੀਆਂ ਜਾਣ ਅਤੇ ਉਨ੍ਹਾਂ ਵਾਸਤੇ ਇਹ ਵਿਵਸਥਾ ਕੀਤੀ ਗਈ ਕਿ ਉਹ ਜਿਹੜੀਆਂ ਫੀਸਾਂ ਜਮ੍ਹਾਂ ਕਰਾਉਣਗੇ ਉਹ ਫੀਸਾਂ ਉਸੇ ਸੰਸਥਾ ਵਾਸਤੇ ਹੀ ਖਰਚ ਕੀਤੀਆਂ ਜਾਣ, ਉਸ ਸੰਸਥਾ ਵਿਚ ਵਧੇਰੇ ਸਹੂਲਤਾਂ ਤੇ ਫੈਸਲਿਟੀਜ਼ ਦੇਣ ਵਾਸਤੇ ਉਹ ਪੈਸਾ ਉਸੇ ਸੰਸਥਾ ਦੇ ਪਾਸ ਹੀ ਰੱਖਿਆ ਜਾਇਆ ਕਰੇਗਾ । ਇਸ ਢੰਗ ਨਾਲ ਐਨ. ਆਰ. ਆਈਜ਼ ਦੀਆਂ ਸੀਟਾਂ ਲਈ ਫ਼ੀਸਾਂ ਦੇ ਨਾਰਮਜ਼ ਰਿਵਿਊ ਕਰਨ ਲਈ ਸਰਕਾਰ ਦੇ ਕੋਈ ਵਿਚਾਰ ਅਧੀਨ ਨਹੀਂ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸ਼ਾਇਦ ਮੈਂ ਸਮਝਾ ਨਹੀਂ ਸਕਿਆ । ਮੇਰਾ ਐਨ. ਆਰ. ਆਈਜ਼ ਦੀਆਂ ਸੀਟਾਂ ਪ੍ਰਤੀ ਕੋਈ ਇਤਰਾਜ਼ ਨਹੀਂ ਹੈ । ਉਨ੍ਹਾਂ ਕੋਲੋਂ ਫੀਸਾਂ ਲਓ. ਇਸ ਵਾਸਤੇ ਵੀ ਕੋਈ ਇਤਰਾਜ਼ ਨਹੀਂ ਹੈ । ਜਿਹੜੀ ਨੋਟੀਫਿ-ਕੇਸ਼ਨ ਕੀਤੀ ਹੈ ਕਿ ਐਨ. ਆਰ. ਆਈਜ਼ ਦੀਆਂ ਵੇਕੈਂਟ ਸੀਟਾਂ ਇਧਰਲੇ ਕੈਂਡੀਡੇਟਾਂ ਵਿਚੋਂ ਭਰੀਆਂ ਜਾਣਗੀਆਂ, ਇਸ ਤੇ ਵੀ ਕੋਈ ਕਿੰਤੂ-ਪ੍ਰੰਤੂ ਨਹੀਂ ਹੈ । ਜਿਹੜਾ ਇਤਰਾਜ਼ ਹੈ, ਉਹ ਇਹ ਹੈ ਕਿ ਉਨ੍ਹਾਂ ਤੋਂ ਫੀਸਾਂ ਐਨ. ਆਰ. ਆਈਜ਼ ਦੇ ਬਰਾਬਰ ਨਹੀਂ ਲਈਆਂ ਜਾਣੀਆਂ ਚਾਹੀਦੀਆਂ । ਇਸ ਤਰਾਂ ਫ਼ੀਸਾਂ ਵਿਚ ਬਹੁਤ ਵੱਡਾ ਫਰਕ ਹੋ ਜਾਵੇਗਾ । ਉਨ੍ਹਾਂ ਸੀਟਾਂ ਬਾਰੇ ਫ਼ੀਸਾਂ ਘਟਾਉਣ ਬਾਰੇ ਮੈਂ ਸਰਕਾਰ ਕੋਲੋਂ ਆਸ਼ਵਾਸਨ ਲੈਣਾ ਚਾਹੁੰਦਾ ਹਾਂ ।

(ਇਸ ਸਪਲੀਮੈਂਟਰੀ ਦਾ ਕੋਈ ਉੱਤਰ ਨਹੀਂ ਆਇਆ ।)

ਸ੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਸਿੰਜਾਈ ਵਿਭਾਗ ਨਾਲ ਸਬੰਧਿਤ ਜਾਇਦਾਦ ਦੀ ਵਿਕਰੀ/ਨੀਲਾਮੀ

*1403. **ਸਰਦਾਰ ਹਰਮਹਿੰਦਰ ਸਿੰਘ ਪ੍ਰਧਾਨ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਨੇ ਸਾਲ 1997-98 ਅਤੇ 1998-99 (ਮਿਤੀ ਅੰਤ ਤੱਕ) ਦੇ ਦੌਰਾਨ ਸਿੰਜਾਈ ਵਿਭਾਗ ਨਾਲ ਸਬੰਧਿਤ ਕਿਸੇ ਚੱਲ ਜਾਂ ਅਚੱਲ ਜਾਇਦਾਦ ਦੀ ਨਿਲਾਮੀ/ਵਿਕਰੀ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ ਅਤੇ ਉਸ ਦੇ ਕਾਰਨ ਕੀ ਹਨ ਅਤੇ ਇਸ ਤੋਂ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਜੀ ਹਾਂ। ਪੰਜਾਬ ਸਰਕਾਰ ਨੇ ਸਿੰਜਾਈ ਵਿਭਾਗ ਦੇ ਨਹਿਰੀ ਪ੍ਰਸ਼ਾਸਨ ਨਾਲ ਸਬੰਧਿਤ ਅਚੱਲ ਸੰਪਤੀ ਜਿਵੇਂ ਕਿ ਤਿਆਗੇ ਹੋਏ ਨਹਿਰੀ ਵਿਸ਼ਰਾਮ ਘਰਾਂ, ਵਾਧੂ ਜ਼ਮੀਨਾਂ, ਦਰਖਤਾਂ ਆਦਿ ਸਾਲ 1997-98 ਅਤੇ 1998-99 (ਹੁਣ ਤੱਕ) ਕੁਲ 1,588.92 ਲੱਖ ਰੁਪਏ ਦੀ ਜਾਇਦਾਦ ਦੀ ਨਿਲਾਮੀ ਕੀਤੀ ਜਿਸ ਦਾ ਵੇਰਵਾ ਅਨੁਲੱਗ-I ਵਿਚ ਦਿੱਤਾ ਗਿਆ ਹੈ। ਇਹ ਜ਼ਮੀਨਾਂ ਆਦਿ ਵੇਚਣ/ਨਿਲਾਮ ਕਰਨ ਦਾ ਫੈਸਲਾ ਪੰਜਾਬ ਕੌਂਸਲ ਆਫ ਮਨਿਸਟਰਜ਼ ਨੇ ਮਿਤੀ 11 ਮਾਰਚ, 1998 ਰਾਹੀਂ ਕੀਤਾ ਤਾਂ ਜੋ ਵਾਧੂ ਪਈਆਂ ਜ਼ਮੀਨਾਂ ਤੇ ਨਜਾਇਜ਼ ਕਬਜ਼ਿਆਂ ਉੱਤੇ ਰੋਕ ਲਾਈ ਜਾ ਸਕੇ।

ਨਹਿਰੀ ਪ੍ਰਸ਼ਾਸਨ ਵੱਲੋਂ ਇਸ ਸਮੇਂ ਦੌਰਾਨ ਕੋਈ ਚੱਲ ਸੰਪਤੀ ਨਹੀਂ ਵੇਚੀ ਗਈ।

ਅਨੁਲੱਗ-I

ਲੜੀ ਨੰ:	ਮੰਡਲ ਦਾ ਨਾਂ	ਅਚੱਲ ਜਾਇਦਾਦ ਬੋਲੀ ਕੀਤੀ/ਵੇਚੀ (ਨਹਿਰੀ) ਅਰਾਮ ਘਰ ਵਾਧੂ ਜ਼ਮੀਨ ਦੇ ਤੌਰ ਤੇ ਦਰਖਤ, ਮਲਬਾ ਆਦਿ ਤੋਂ ਪ੍ਰਾਪਤ ਰਕਮ				ਵਿਸ਼ੇਸ਼ ਕਥਨ
		ਵੇਚ ਦਾ ਸਾਲ	ਰਕਮ	ਵੇਚ ਦਾ ਸਾਲ	ਰਕਮ	
1	2	3	4	5	6	7
1.	ਅਪਰਬਾਰੀ ਦੁਆਬ ਕੈਨਾਲ ਸਰਕਲ, ਅੰਮ੍ਰਿਤਸਰ ..	1997-98	ਨਿਲ	1998-99 (ਹੁਣ ਤੱਕ)	372,20,049	ਸਾਲ 1997-98 ਅਤੇ 1998-99 (ਹੁਣ ਤੱਕ) ਕੋਈ ਚੱਲ ਜਾਇਦਾਦ ਨਹੀਂ ਵੇਚੀ ਗਈ ।
2.	ਸਰਹੰਦ ਕੈਨਾਲ ਸਰਕਲ, ਲੁਧਿਆਣਾ ..	1997-98	ਨਿਲ	1998-99 (ਹੁਣ ਤੱਕ)	278,18,000	
3.	ਬਿਸਤ ਦੁਆਬ ਡਵੀਜ਼ਨ, ਜਲੰਧਰ ..	1997-98	ਨਿਲ	1998-99 (ਹੁਣ ਤੱਕ)	423,12,000	
4.	ਫਿਰੋਜ਼ਪੁਰ ਕੈਨਾਲ ਸਰਕਲ, ਫਿਰੋਜ਼ਪੁਰ ..	1997-98	ਨਿਲ	1998-99 (ਹੁਣ ਤੱਕ)	105,91,800	
5.	ਭਾਖੜਾ ਮੇਨ ਲਾਈਨ ਸਰਕਲ, ਪਟਿਆਲਾ ..	1997-98	ਨਿਲ	1998-99 (ਹੁਣ ਤੱਕ)	30,99,000	
6.	ਆਈ. ਬੀ. ਸਰਕਲ, ਪਟਿਆਲਾ ..	1997-98	ਨਿਲ	1998-99 (ਹੁਣ ਤੱਕ)	378,00,096	
					1,588,91,845	
				ਜੋ : ਰੁਪਏ :	1,588.92 ਲੱਖ	

ਪੰਜਾਬ ਰਾਜ ਬਿਜਲੀ ਬੋਰਡ ਦੀ ਮਾਲੀ ਹਾਲਤ

*1407. (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਰਾਜ ਬਿਜਲੀ ਬੋਰਡ ਮਾਲੀ ਘਾਟੇ ਵਿਚ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉਸਨੂੰ ਹੁਣ ਤੱਕ ਕਿੰਨਾ ਘਾਟਾ ਪਿਆ ਅਤੇ ਉਸ ਦੇ ਮੁੱਖ ਕਾਰਨ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਘਾਟੇ ਨੂੰ ਪੂਰਾ ਕਰਨ ਲਈ ਸਰਕਾਰ ਦੁਆਰਾ ਪੰਜਾਬ ਰਾਜ ਬਿਜਲੀ ਬੋਰਡ ਨੂੰ ਫਰਵਰੀ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਕਿੰਨੇ ਫੰਡ ਦਿੱਤੇ ਗਏ;

(ੲ) ਸਰਕਾਰ ਦੁਆਰਾ ਪੰਜਾਬ ਰਾਜ ਬਿਜਲੀ ਬੋਰਡ ਨੂੰ ਹੁਣ ਤੱਕ ਕਰਜ਼ੇ ਵਜੋਂ ਕਿੰਨੀ ਰਕਮ ਦਿੱਤੀ ਗਈ ਅਤੇ ਇਸ ਰਕਮ ਤੇ ਕੁੱਲ ਕਿੰਨਾ ਵਿਆਜ ਬਣਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਨਹੀਂ ਜੀ । ਸਾਲ 1997-98 ਦੇ ਮਹਾਂਲੇਖਾਕਾਰ/ਆਡਿਟ, ਪੰਜਾਬ ਨੂੰ ਪੇਸ਼ ਕੀਤੇ ਸਲਾਨਾ ਲੇਖਿਆਂ ਅਨੁਸਾਰ ਬੋਰਡ ਨੂੰ 49.40 ਕਰੋੜ ਰੁਪਏ ਦਾ ਲਾਭ ਹੈ ।

(ਅ) ਨਿੱਲ, ਉਪਰੋਕਤ 'ੳ' ਨੂੰ ਵੇਖਦੇ ਹੋਏ ।

(ੲ) 31 ਮਾਰਚ, 1998 ਤੱਕ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਕੁੱਲ 3,534 ਕਰੋੜ ਰੁਪਏ ਦੇ ਕਰਜ਼ੇ ਪ੍ਰਦਾਨ ਕੀਤੇ ਗਏ ਅਤੇ ਇਸਦੇ ਬਣਦੇ ਵਿਆਜ ਦੀ 31 ਮਾਰਚ, 1998 ਨੂੰ ਕੁੱਲ ਰਾਸ਼ੀ 1,110 ਕਰੋੜ ਰੁਪਏ ਸੀ । ਇਸ 1,110 ਕਰੋੜ ਰੁਪਏ ਦੀ ਰਾਸ਼ੀ ਵਿਰੁੱਧ 1,008 ਕਰੋੜ ਰੁਪਏ ਨੂੰ ਸਾਲ 1996-97 ਅਤੇ 1997-98 ਲਈ ਬਣਦੇ ਦਿਹਾਤੀ ਬਿਜਲੀਕਰਨ ਉਪਦਾਨ ਦੇ ਤੌਰ ਤੇ ਸਮਾਧਾਨ ਕਰਨਾ ਹੈ ।

ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ 66 ਕੇ. ਵੀ. ਗ੍ਰਿਡ ਸਟੇਸ਼ਨ ਸਥਾਪਿਤ ਕਰਨਾ

*1484. **ਡਾਕਟਰ ਹਰਬੰਸ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ 66 ਕੇ.ਵੀ.

ਗ੍ਰਿਡ ਸਟੇਸ਼ਨ ਸਥਾਪਿਤ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ। ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਗ੍ਰਿਡ ਸਬ ਸਟੇਸ਼ਨ ਨੌਵੀਂ ਪੰਜ ਸਾਲਾ ਯੋਜਨਾ ਦੌਰਾਨ 2000-01 ਵਿਚ ਸਥਾਪਿਤ ਕਰਨ ਦੀ ਤਜਵੀਜ਼ ਹੈ।

UNSTARRED QUESTIONS AND ANSWERS

Unstarred Question No. 313*

(Extension has been asked for in respect of Unstarred Question No. 313.)

ਅ.ਸ.ਪੱ.ਨੰ: 3/15/99-4ਸਸ4/8643

ਮਨੋਰੰਜਨ ਕਾਲੀਆ

ਸਿਹਤ ਤੇ ਪਰਿਵਾਰ ਭਲਾਈ ਮੰਤਰੀ,
ਪੰਜਾਬ, ਚੰਡੀਗੜ੍ਹ

ਟੈਲੀਫੋਨ ਨੰ: 740772

ਮਿਤੀ : 10 ਮਾਰਚ, 1999

ਵਿਸ਼ਾ :— ਪੰਜਾਬ ਵਿਧਾਨ ਸਭਾ ਅਨ-ਸਟਾਰਡ ਪ੍ਰਸ਼ਨ ਨੰ: 313-ਵੱਲੋਂ 1. ਕਾਮਰੇਡ ਹਰਦੇਵ ਸਿੰਘ ਅਰਸ਼ੀ, ਐਮ. ਐਲ. ਏ. 2. ਕਾਮਰੇਡ ਅਜੈਬ ਸਿੰਘ ਰੌਂਤਾ, ਐਮ. ਐਲ. ਏ.—ਜ਼ਹਿਰੀਲੇ ਪਦਾਰਥ ਖਾਣ ਕਾਰਨ ਮੌਤਾਂ।

ਸਤਿਕਾਰ ਯੋਗ ਸ੍ਰੀ ਅਟਵਾਲ ਜੀ,

ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2. ਅਨ-ਸਟਾਰਡ ਪ੍ਰਸ਼ਨ ਨੰ: 313 ਜੋ ਕਿ ਮਿਤੀ 11 ਮਾਰਚ, 1999 ਨੂੰ ਪੰਜਾਬ ਵਿਧਾਨ ਸਭਾ ਵਿਚ ਜਵਾਬ ਦੇਣ ਲਈ ਲੱਗਾ ਹੋਇਆ ਹੈ, ਦਾ ਉੱਤਰ ਤਿਆਰ ਕਰਨ

---

*For Unstarrted Question No. 313 and reply thereto, please see Appendix to this Debates.

[ਸਿਹਤ ਤੇ ਪਰਿਵਾਰ ਭਲਾਈ ਮੰਤਰੀ]

ਸਬੰਧੀ ਲੋੜੀਂਦੀ ਸੂਚਨਾ ਵੱਖੋ-ਵੱਖ ਖੇਤਰੀ ਦਫਤਰਾਂ ਤੋਂ ਇਕੱਠੀ ਕਰਨੀ ਬਣਦੀ ਹੈ। ਇਸ ਵਿਚ ਕਾਫੀ ਸਮਾਂ ਲੱਗਣ ਦੀ ਸੰਭਾਵਨਾ ਹੈ ਜੀ।

3. ਮੈਂ ਧੰਨਵਾਦੀ ਹੋਵਾਂਗਾ ਜੇਕਰ ਇਸ ਪ੍ਰਸ਼ਨ ਦਾ ਉਤਰ ਦੇਣ ਲਈ 10 ਦਿਨਾਂ ਦਾ ਹੋਰ ਸਮਾਂ ਦੇਣ ਦੀ ਕ੍ਰਿਪਾਲਤਾ ਕਰੋਗੇ।

ਆਦਰ ਸਹਿਤ,

ਹਿਤੂ

ਸਹੀ/-

(ਮਨੋਰੰਜਨ ਕਾਲੀਆ)

ਸ: ਚਰਨਜੀਤ ਸਿੰਘ ਅਟਵਾਲ,

ਮਾਨਯੋਗ ਸਪੀਕਰ,

ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਅਧਿਆਪਕਾਂ ਦੀ ਭਰਤੀ

316. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਾਲਾਂ 1997-98 ਅਤੇ 1998-99 (ਮਿਤੀ ਅੰਤ ਤੱਕ) ਦੇ ਸਮੇਂ ਦੇ ਦੌਰਾਨ ਸਰਕਾਰੀ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਜ਼ਿਲ੍ਹਾ-ਵਾਰ ਅਤੇ ਵਿਸ਼ੇ-ਵਾਰ ਕਿੰਨੇ-ਕਿੰਨੇ ਅਧਿਆਪਕ ਭਰਤੀ ਕੀਤੇ ਗਏ ?

ਸਰਦਾਰ ਤੋਤਾ ਸਿੰਘ : ਸਾਲ 1997-98 ਅਤੇ 1998-99 ਦੌਰਾਨ ਜ਼ਿਲ੍ਹਾ-ਵਾਰ ਭਰਤੀ ਕੀਤੇ ਗਏ ਪ੍ਰਾਇਮਰੀ ਅਧਿਆਪਕਾਂ ਦੀ ਗਿਣਤੀ ਨਾਲ ਨੱਥੀ ਸੂਚੀ ਅਨੁਲੱਗ 'ੳ' ਤੇ ਹੈ। ਪ੍ਰਾਇਮਰੀ ਸਕੂਲਾਂ ਵਿਚ ਵਿਸ਼ਾ-ਵਾਰ ਭਰਤੀ ਨਹੀਂ ਹੁੰਦੀ।

ਉਪਰੋਕਤ ਸਾਲਾਂ ਦੌਰਾਨ ਸਰਕਾਰੀ ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਜ਼ਿਲ੍ਹਾ-ਵਾਰ ਅਤੇ ਵਿਸ਼ਾ-ਵਾਰ ਭਰਤੀ ਕੀਤੇ ਲੈਕਚਰਾਰਾਂ/ਅਧਿਆਪਕਾਂ ਦੀ ਸੂਚੀ ਅਨੁਲੱਗ 'ਅ' ਤੇ ਹੈ।

ਅਨੁਲੱਗ 'ੳ'

ਪ੍ਰਾਇਮਰੀ ਸਕੂਲਾਂ ਵਿਚ ਸਾਲ 1997-98 ਅਤੇ 1998-99 ਦੌਰਾਨ ਜ਼ਿਲ੍ਹਾ-ਵਾਈਜ਼ ਭਰਤੀ ਕੀਤੇ ਟੀਚਰਾਂ ਦੀ ਗਿਣਤੀ

ਲੜੀ ਨੰ:	ਜ਼ਿਲ੍ਹੇ ਦਾ ਨਾਂ	1997-98	1998-99
1	2	3	4
1.	ਅੰਮ੍ਰਿਤਸਰ ..	335	147
2.	ਬਠਿੰਡਾ ..	82	51
3.	ਫਿਰੋਜ਼ਪੁਰ ..	618	145
4.	ਫਰੀਦਕੋਟ ..	38	35
5.	ਫਤਿਹਗੜ੍ਹ ਸਾਹਿਬ ..	203	89
6.	ਗੁਰਦਾਸਪੁਰ ..	230	54
7.	ਹੁਸ਼ਿਆਰਪੁਰ ..	198	96
8.	ਜਲੰਧਰ ..	638	84
9.	ਕਪੂਰਥਲਾ ..	322	85
10.	ਲੁਧਿਆਣਾ ..	378	99
11.	ਮਾਨਸਾ ..	169	93
12.	ਮੋਗਾ .	140	35
13.	ਮੁਕਤਸਰ ..	261	29
14.	ਨਵਾਂ ਸ਼ਹਿਰ .	202	—
15.	ਪਟਿਆਲਾ ..	490	83
16.	ਰੋਪੜ ..	370	97
17.	ਸੰਗਰੂਰ ..	340	51

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਅਨੁਲੱਗ 'ਅ'

ਵਿਸ਼ਾ	ਰੋਪੜ		ਪਟਿਆਲਾ		ਸੰਗਰੂਰ		ਫਤਿਹਗੜ੍ਹ ਸਾਹਿਬ		ਲੁਧਿਆਣਾ	
	97-98	98-99	97-98	98-99	97-98	98-99	97-98	98-99	97-98	98-99
1	2	3	4	5	6	7	8	9	10	11
ਲੈਕਚਰਾਰ										
ਕਮਿਸਟਰੀ ..	2	—	5	—	15	—	2	—	10	—
ਫਿਜ਼ਿਕਸ ..	2	—	11	—	15	—	8	—	11	—
ਕਾਮਰਸ ..	4	—	—	—	—	—	1	—	1	—
ਹਿੰਦੀ ..	1	—	—	—	—	—	—	—	—	—
ਪੰਜਾਬੀ ..	—	—	1	—	—	—	1	—	—	—
ਹਿਸਟਰੀ ..	—	—	—	—	—	—	—	—	—	—
ਇਕਨੌਮਿਕਸ ..	—	—	—	—	—	—	—	—	—	—
ਮੈਥ ..	—	—	—	—	—	—	—	—	—	1
ਬਾਇਆਲੋਜੀ ..	—	—	—	—	—	—	—	—	—	2
ਪੋਲੀਟੀਕਲ ਸਾਇੰਸ ..	—	—	—	—	—	—	—	—	—	—
ਫਿਜ਼ੀਕਲ ਐਜੂ: ..	—	—	—	—	—	—	—	—	—	—

ਮਾਸਟਰ ਕਾਡਰ										
ਐਸ. ਐਸ. ..	137	48	195	96	332	60	120	20	221	126
ਮੈਥ ..	23	27	37	36	45	60	18	20	44	126
ਸਾਇੰਸ ..	60	8	78	7	185	11	46	3	159	57
ਡੀ. ਪੀ. ਈ. ..	12	—	16	1	37	—	8	—	—	8
ਮਿਊਜ਼ਿਕ ..	—	—	—	—	—	—	—	—	—	—
ਹੋਮ ਸਾਇੰਸ ..	1	—	—	—	4	—	—	—	—	—
ਪੰਜਾਬੀ ..	43	11	26	68	44	151	8	125	98	43
ਹਿੰਦੀ ..	27	—	59	—	88	1	40	—	83	112
ਆਰਟ ਕਰਾਫਟ ..	18	2	52	2	131	9	50	1	114	49
ਪੀ. ਟੀ. ਆਈ. ..	64	—	71	—	63	13	36	1	51	48
ਤਬਲਾ ਪਲੇਅਰ ..	—	—	1	—	—	—	—	—	—	—
ਸਿਲਾਈ ਟੀਚਰ ..	1	1	—	1	—	2	2	—	2	—
ਸੰਸਕ੍ਰਿਤ ..	—	—	—	—	—	—	—	—	—	—
ਵੋਕੇਸ਼ਨਲ ..	9	—	—	—	—	—	—	—	—	—
ਖੇਤੀਬਾੜੀ ..	—	—	—	—	—	—	—	—	—	—
ਫਾਈਨ ਆਰਟ ..	1	—	—	—	—	—	—	—	—	—
ਜੋੜ ..	405	97	531	212	959	307	340	170	794	572

ਵਿਸ਼ਾ	ਫਰੀਦਕੋਟ		ਫਿਰੋਜ਼ਪੁਰ		ਮੋਗਾ		ਮਾਨਸਾ		ਬਠਿੰਡਾ	
	1997-98	1998-99	1997-98	1998-99	1997-98	1998-99	1997-98	1998-99	1997-98	1998-99
1	2	3	4	5	6	7	8	9	10	11
ਲੈਕਚਰਾਰਜ਼										
ਕਮਿਸਟਰੀ ..	4	—	6	—	3	—	6	—	5	—
ਫਿਜ਼ਿਕਸ ..	4	—	10	—	2	—	4	—	6	—
ਕਾਮਰਸ ..	—	—	—	—	—	1	—	—	1	—
ਹਿੰਦੀ ..	—	—	—	—	1	—	—	—	1	—
ਪੰਜਾਬੀ ..	—	—	—	—	—	—	—	—	1	—
ਹਿਸਟਰੀ ..	—	—	—	—	1	—	—	—	—	—
ਇਕਨੋਮਿਕਸ ..	—	—	—	—	—	—	—	—	04	—
ਮੈਥ ..	—	—	—	—	—	—	—	—	01	—
ਅੰਗਰੇਜ਼ੀ ..	—	—	—	—	—	—	—	—	02	—
ਬਾਇਆਲੋਜੀ ..	—	—	1	—	02	—	—	—	02	—
ਪੋਲ: ਸਾਇੰਸ ..	—	—	—	—	—	—	—	—	02	—
ਫਿਜ਼ੀਕਲ ਐਜੂ: ..	—	—	—	—	—	—	—	—	02	—

ਮਾਸਟਰ ਕਾਡਰ											
ਐਸ. ਐਸ,	..	28	25	154	98	115	34	119	33	105	29
ਮੈਥ	..	05	17	027	59	017	37	034	48	023	48
ਸਾਇੰਸ	..	51	—	062	07	052	06	055	02	080	09
ਡੀ.ਪੀ. ਈ.	..	01	—	018	—	08	01	021	—	06	01
ਮਿਊਜ਼ਿਕ	..	—	—	1	—	—	—	—	—	—	—
ਹੋਮ ਸਾਇੰਸ	..	—	—	02	—	—	—	—	—	—	—
ਪੰਜਾਬੀ	..	11	07	99	31	38	—	109	12	15	—
ਹਿੰਦੀ	..	23	01	75	02	27	—	40	—	24	—
ਆਰਟ ਕਰਾਫਟ	..	36	01	66	18	34	02	39	02	48	—
ਪੀ. ਟੀ. ਆਈ.	..	30	01	54	02	40	—	49	—	37	02
ਤਬਲਾ ਪਲੇਅਰ	..	—	—	02	—	—	—	—	—	—	—
ਸਿਲਾਈ ਟੀਚਰ	..	6	—	01	—	—	—	—	—	05	—
ਸੰਸਕ੍ਰਿਤ	..	01	—	—	—	—	—	01	—	—	—
ਵੋਕੇਸ਼ਨਲ	..	—	—	—	—	—	—	01	—	01	02
ਖੇਤੀਬਾੜੀ	..	—	—	—	—	—	—	01	—	01	—
ਫਾਈਨ ਆਰਟਸ	..	—	—	—	—	—	—	—	—	—	—
ਜੋੜ	..	194	52	578	217	340	81	479	97	372	91

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਵਿਸ਼ਾ	ਮੁਕਤਸਰ		ਜਲੰਧਰ		ਕਪੂਰਥਲਾ		ਹੁਸ਼ਿਆਰਪੁਰ	
	1997-98	1998-99	1997-98	1998-99	1997-98	1998-99	1997-98	1998-99
1	2	3	4	5	6	7	8	9
ਲੈਕਚਰਾਰ								
ਕਮਿਸਟਰੀ ..	3	—	—	—	5	—	7	—
ਫਿਜ਼ੀਕਸ ..	8	—	—	—	6	—	1	—
ਕਾਮਰਸ ..	—	—	—	1	—	—	—	—
ਹਿੰਦੀ ..	—	—	—	—	—	—	—	—
ਪੰਜਾਬੀ ..	—	—	—	—	—	—	—	—
ਹਿਸਟਰੀ ..	—	—	—	—	—	—	—	—
ਇਕਨੌਮਿਕਸ ..	—	—	—	—	—	—	—	—
ਮੈਥ ..	—	—	—	—	1	—	—	—
ਅੰਗਰੇਜ਼ੀ ..	—	—	—	—	1	—	—	—
ਬਾਇਆਲੋਜੀ ..	1	—	—	—	1	—	1	—
ਪੋਲ: ਸਾਇੰਸ ..	—	—	—	—	—	—	—	—
ਫਿਜ਼ੀ: ਐਜੂ: ..	—	—	—	—	—	—	—	—

ਮਾਸਟਰਜ਼ ਕਾਡਰ								
ਐਸ. ਐਸ. ..	112	31	240	112	99	67	192	84
ਮੈਥ ..	69	33	53	69	30	35	46	69
ਸਾਇੰਸ ..	03	06	96	03	48	—	97	15
ਡੀ. ਪੀ. ਈ. ..	14	—	24	—	12	—	17	—
ਮਿਊਜ਼ਿਕ ..	—	—	—	—	01	—	—	—
ਹੋਮ ਸਾਇੰਸ ..	1	1	02	—	—	—	—	—
ਪੰਜਾਬੀ ..	28	03	107	17	27	5	75	14
ਹਿੰਦੀ ..	49	01	137	03	34	—	57	102
ਆਰਟ ਕਰਾਫਟ ..	31	—	52	12	51	8	51	7
ਪੀ. ਟੀ. ਆਈ. ..	40	01	49	01	32	1	76	2
ਤਬਲਾ ਪਲੇਅਰ ..	—	—	—	—	02	—	—	—
ਸਿਲਾਈ ਟੀਚਰ ..	—	—	—	—	1	1	—	—
ਸੰਸਕ੍ਰਿਤ ..	—	—	—	—	—	—	—	—
ਵੋਕੇਸ਼ਨਲ ..	—	—	—	—	—	—	1	—
ਖੇਤੀਬਾੜੀ ..	—	—	—	—	—	—	—	—
ਫਾਈਨ ਆਰਟਸ ..	—	—	—	—	—	—	—	—
ਜੋੜ ..	375	76	760	218	351	217	621	193

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਵਿਸ਼ਾ	ਅੰਮ੍ਰਿਤਸਰ		ਗੁਰਦਾਸਪੁਰ		ਨਵਾਂ ਸ਼ਹਿਰ	
	1997-98	1998-99	1997-98	1998-99	1997-98	1998-99
1	2	3	4	5	6	7
ਲੈਕਚਰਾਰਜ਼						
ਕਮਿਸਟਰੀ ..	8	—	8	—	8	—
ਫਿਜ਼ੀਕਸ ..	13	—	6	—	8	—
ਕਾਮਰਸ ..	—	—	—	—	01	—
ਹਿੰਦੀ ..	—	—	—	—	—	—
ਪੰਜਾਬੀ ..	03	—	—	—	—	—
ਹਿਸਟਰੀ ..	—	—	—	—	—	—
ਇਕਨੌਮਿਕਸ ..	—	—	—	—	—	—
ਮੈਥ ..	—	—	—	—	—	—
ਅੰਗਰੇਜ਼ੀ ..	—	—	—	—	—	—
ਬਾਇਆਲੋਜੀ ..	2	—	—	—	—	—
ਪੋਲ. ਸਾਇੰਸ ..	—	—	—	—	—	—
ਫਿਜ਼ੀਕਲ ਐਜੂ. ..	—	—	—	—	—	—

ਮਾਸਟਰ ਕਾਡਰ							
ਐਮ. ਐਸ.	..	259	134	233	66	135	51
ਮੈਥ	..	56	72	57	74	20	15
ਸਾਇੰਸ	..	—	135	172	03	49	06
ਡੀ. ਪੀ. ਈ.	..	13	—	12	—	09	01
ਮਿਊਜ਼ਿਕ	..	—	—	—	—	—	—
ਹੋਮ ਸਾਇੰਸ	..	56	17	—	—	—	—
ਪੰਜਾਬੀ	..	45	—	81	—	29	11
ਹਿੰਦੀ	..	45	14	·74	—	20	—
ਆਰਟ ਕਰਾਫਟ	..	67	—	97	12	68	10
ਪੀ. ਟੀ. ਆਈ.	..	—	—	15	—	56	01
ਤਬਲਾ ਪਲੇਅਰ	..	—	—	—	—	01	—
ਸਿਲਾਈ ਟੀਚਰ	..	—	—	4	1	01	—
ਸੰਸਕ੍ਰਿਤ	..	—	—	—	—	—	—
ਵੋਕੇਸ਼ਨਲ	..	—	—	—	—	—	—
ਖੇਤੀਬਾੜੀ	..	—	—	—	—	—	—
ਜੋੜ	..	567	372	759	156	405	95

ਸਰਕਾਰੀ ਸਕੂਲਾਂ ਨੂੰ ਅਪਗ੍ਰੇਡ ਕਰਨਾ

317. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਨ੍ਹਾਂ ਸਰਕਾਰੀ ਸਕੂਲਾਂ ਦੇ ਜ਼ਿਲ੍ਹਾ-ਵਾਰ ਨਾਂ ਅਤੇ ਵੇਰਵੇ ਕੀ-ਕੀ ਹਨ ਜਿਨ੍ਹਾਂ ਨੂੰ 1 ਅਪ੍ਰੈਲ, 1997 ਤੋਂ 31 ਦਸੰਬਰ, 1998 ਤੱਕ ਦੇ ਸਮੇਂ ਦੌਰਾਨ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੱਕ ਅਪਗ੍ਰੇਡ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਕੋਈ ਅਜਿਹੇ ਸਕੂਲ ਵੀ ਹਨ ਜਿਨ੍ਹਾਂ ਨੂੰ ਅਪਗ੍ਰੇਡ ਕੀਤੇ ਜਾਣ ਸਬੰਧੀ ਅਜੇ ਹੁਕਮ ਲਾਗੂ ਨਹੀਂ ਕੀਤੇ ਗਏ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਤੋਤਾ ਸਿੰਘ : (ੳ) ਮਿਤੀ 1 ਅਪ੍ਰੈਲ, 1997 ਤੋਂ 31 ਦਸੰਬਰ, 1998 ਤੱਕ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਸੀਨੀਅਰ ਸੈਕੰਡਰੀ ਪੱਧਰ ਤੇ ਅਪਗ੍ਰੇਡ ਹੋਏ ਸਕੂਲਾਂ ਦੀ ਜ਼ਿਲ੍ਹਾਵਾਰ ਡਿਟੇਲ ਅਤੇ ਨਾਮ ਇਸ ਪ੍ਰਕਾਰ ਹਨ :-

	ਪ੍ਰਾਇਮਰੀ ਤੋਂ ਮਿਡਲ	ਮਿਡਲ ਤੋਂ ਹਾਈ	ਹਾਈ ਤੋਂ ਸੀਨੀਅਰ ਸੈਕੰਡਰੀ
	1	2	3
1.	ਝੰਗੇੜ ਭੈਣੀ (ਫਿਰੋਜ਼ਪੁਰ)	ਕਾਲ ਝਰਾਣੀ (ਬਠਿੰਡਾ)	ਸਲਾਣਾ (ਫਤਿਹਗੜ੍ਹ ਸਾਹਿਬ)
2.	ਬਾਜਾ ਖਾਨਾ (ਫਰੀਦਕੋਟ)		

(ਅ) ਸਕੂਲ ਅਪਗਰੇਡ ਕਰਨ ਦੇ ਸਾਰੇ ਹੁਕਮਾਂ ਤੇ ਅਮਲ ਹੋ ਚੁੱਕਾ ਹੈ ਪਰ ਸਰਕਾਰੀ ਹਾਈ ਸਕੂਲ ਕਾਲ ਝਰਾਣੀ (ਬਠਿੰਡਾ) ਵਿੱਚ ਨੌਵੀਂ ਅਤੇ ਦੱਸਵੀਂ ਕਲਾਸਾਂ ਅਪ੍ਰੈਲ, 1999 ਤੋਂ ਸ਼ੁਰੂ ਹੋਣਗੀਆਂ ।

ਏਡਜ਼ ਕਾਰਨ ਮੌਤਾਂ

331. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1991 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਏਡਜ਼ ਦੇ ਸਿੱਟੇ ਵਜੋਂ ਰਾਜ ਵਿੱਚ ਮਰੇ ਵਿਅਕਤੀਆਂ ਦੀ ਸਾਲ-ਵਾਰ ਗਿਣਤੀ ਕਿੰਨੀ ਹੈ;

(ਅ) ਰਾਜ ਵਿੱਚ ਇਸ ਸਮੇਂ ਐਚ. ਆਈ. ਵੀ. ਪਾਜੇਟਿਵ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ?

ਸ੍ਰੀ ਮਨੋਰੰਜਨ ਕਾਲੀਆ : (ੳ) ਅਤੇ (ਅ) ਪੰਜਾਬ ਰਾਜ ਵਿੱਚ ਏਡਜ਼ ਨਾਲ ਹੋਈਆਂ ਮੌਤਾਂ ਅਤੇ ਐਚ. ਆਈ. ਵੀ. ਪਾਜੇਟਿਵ ਕੇਸਾਂ ਦੀ ਸੂਚਨਾ ਸਾਲ ਵਾਰ ਅਤੇ ਜ਼ਿਲ੍ਹਾ ਵਾਰ (ਸਾਲ 1991 ਤੋਂ ਲੈ ਕੇ 31-12-1998 ਤੱਕ) 'ਅਨੁਲੱਗ' ਵਜੋਂ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ ।

ਅਨੁਲੱਗ

Deaths due to AIDS and HIV Positive cases distt. wise in the Punjab State (from the year 1991 to 1998)

Name of Distt.		Deaths									HIV Positive cases								
		1991	1992	1993	1994	1995	1996	1997	31-12-98	Total	1991	1992	1993	1994	1995	1996	1997	1998	Total
1	2	3	4	5	6	7	8	9	10	11	12	13	14	15	16	17	18	19	20
1.	Amritsar	—	—	—	6	—	—	—	—	6	—	27	108	115	90	150	142	169	801
2.	Bathinda	—	—	—	—	—	—	—	—	—	—	—	—	4	24	2	3	4	37
3.	Faridkot	—	—	—	—	—	—	—	—	—	—	—	—	—	—	—	6	—	6
4.	Ferozepur	—	—	—	—	—	—	—	—	—	—	—	3	5	3	4	—	4	19
5.	Fatehgarh Sahib	—	—	—	—	—	—	—	—	—	—	—	—	—	—	—	—	—	—
6.	Hoshiarpur	—	1	2	1	—	—	—	—	4	—	3	4	9	15	3	2	2	38
7.	Gurdaspur	—	5	—	3	1	5	2	4	20	—	—	—	—	1	16	6	2	25
8.	Kapurthala	—	2	—	—	—	—	—	—	2	—	—	1	3	1	6	—	9	20
9.	Jalandhar	—	2	—	1	1	—	—	1	5	—	—	—	7	12	11	15	66	111
10.	Ludhiana	—	—	—	9	2	—	—	—	11	—	42	111	110	132	160	49	87	691
11.	Mansa	—	—	—	—	—	—	—	—	—	—	—	—	2	1	1	2	2	8
12.	Moga	—	—	—	—	—	—	—	—	—	—	—	—	—	—	4	8	5	17
13.	Muktsar	—	—	—	—	—	—	—	—	—	—	—	—	—	—	—	—	4	4
14.	Nawanshahar	—	—	—	—	—	2	—	—	2	—	1	9	18	15	20	6	24	93
15.	Ropar	—	—	—	—	—	—	—	—	—	—	—	—	—	—	1	—	—	1
16.	Patiala	—	—	—	—	2	—	—	—	2	—	—	8	25	93	92	84	24	326
17.	Sangrur	—	—	—	1	—	—	—	—	1	—	—	—	1	3	2	—	1	7
	Total	—	10	2	21	6	7	2	5	53	—	73	244	299	390	472	323	403	2,204

ਸਰਕਾਰੀ ਕਾਲਜਾਂ ਵਿੱਚ ਲੈਕਚਰਾਰਾਂ ਦੀਆਂ ਖਾਲੀ ਆਸਾਮੀਆਂ

344. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿੱਚ ਇਸ ਸਮੇਂ ਕ੍ਰਮਵਾਰ ਲੜਕੇ ਅਤੇ ਲੜਕੀਆਂ ਦੇ ਸਰਕਾਰੀ ਕਾਲਜਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਾਲਜਾਂ ਵਿੱਚ ਲੈਕਚਰਾਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੇ ਜ਼ਿਲ੍ਹਾ-ਵਾਰ, ਕਾਲਜ-ਵਾਰ ਅਤੇ ਵਿਸ਼ੇ-ਵਾਰ ਵੇਰਵੇ ਕੀ ਹਨ ਅਤੇ ਅਜਿਹੀ ਹਰ ਇਕ ਆਸਾਮੀ ਕਿਸ-ਕਿਸ ਮਿਤੀ ਤੋਂ ਖਾਲੀ ਪਈ ਹੈ ?

ਸਰਦਾਰ ਤੋਤਾ ਸਿੰਘ (ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ) : (ੳ) ਰਾਜ ਵਿਚ ਇਸ ਸਮੇਂ ਕਰਮਵਾਰ ਲੜਕੇ ਅਤੇ ਲੜਕੀਆਂ ਦੇ ਸਰਕਾਰੀ ਕਾਲਜਾਂ ਦੀ ਜ਼ਿਲ੍ਹਾ-ਵਾਰ ਗਿਣਤੀ ਦੀ ਸੂਚੀ ਅਨੁਲੱਗ 'ੳ' ਤੇ ਰੱਖੀ ਜਾਂਦੀ ਹੈ।

(ਅ) ਵਰਣਿਤ ਕਾਲਜਾਂ ਵਿਚ ਲੈਕਚਰਾਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੇ ਜ਼ਿਲ੍ਹਾ-ਵਾਰ, ਕਾਲਜ-ਵਾਰ ਅਤੇ ਵਿਸ਼ੇ-ਵਾਰ ਵੇਰਵੇ ਅਤੇ ਅਜਿਹੀਆਂ ਹਰ-ਇੱਕ ਆਸਾਮੀਆਂ ਕਿਸ ਕਿਸ ਮਿਤੀ ਤੋਂ ਖਾਲੀ ਹਨ, ਦੀ ਸੂਚੀ ਅਨੁਲੱਗ 'ਅ' ਤੇ ਰੱਖੀ ਜਾਂਦੀ ਹੈ।

('ਅਨੁਲੱਗ 'ੳ')

ਜ਼ਿਲ੍ਹੇ-ਵਾਰ ਸਰਕਾਰੀ ਕਾਲਜਾਂ ਦੀ ਸੂਚੀ

ਲੜੀ ਨੰ:	ਜ਼ਿਲ੍ਹਾ	ਲੜਕਿਆਂ ਦੇ ਕਾਲਜਾਂ ਦੀ ਗਿਣਤੀ	ਲੜਕੀਆਂ ਦੇ ਕਾਲਜਾਂ ਦੀ ਗਿਣਤੀ
1	2	3	4
1.	ਅੰਮ੍ਰਿਤਸਰ	5	1
2.	ਗੁਰਦਾਸਪੁਰ	2	—
3.	ਜਲੰਧਰ	3	—
4.	ਕਪੂਰਥਲਾ	2	—
5.	ਫਰੀਦਕੋਟ	5	—
6.	ਫਿਰੋਜ਼ਪੁਰ	2	—
7.	ਹੁਸ਼ਿਆਰਪੁਰ	3	—
8.	ਲੁਧਿਆਣਾ	4	1
9.	ਬਠਿੰਡਾ	1	—
10.	ਪਟਿਆਲਾ	7	1
11.	ਸੰਗਰੂਰ	3	—
12.	ਰੋਪੜ	3	—
13.	ਮਾਨਸਾ	1	—
14.	ਫਤਹਿਗੜ੍ਹ ਸਾਹਿਬ	—	1
15.	ਮੁਕਤਸਰ	1	—
16.	ਮੋਗਾ	1	—
17.	ਨਵਾਂ ਸ਼ਹਿਰ	1	—
	ਕੁੱਲ	44	4

(ਅਨੁਲੱਗ 'ਅ')

ਖਾਲੀ ਆਸਾਮੀਆਂ ਦੀ ਸੂਚੀ

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕਾਲਜ ਦਾ ਨਾਂ	ਖਾਲੀ ਆਸਾਮੀਆਂ ਦਾ ਵਿਸ਼ਾ ਤੇ ਗਿਣਤੀ		ਜਿਸ ਮਿਤੀ ਤੋਂ ਆਸਾਮੀ ਖਾਲੀ ਹੈ
1	2	3	4		5
1.	ਅੰਮ੍ਰਿਤਸਰ	.. 1. ਸਰਕਾਰੀ ਕਾਲਜ (ਇ) ਅੰਮ੍ਰਿਤਸਰ	1. ਫਿਲਾਸਫੀ	1	ਜਨਵਰੀ, 1998
			2. ਭੂਗੋਲ	1	ਜੁਲਾਈ, 1998
			3. ਅੰਗ੍ਰੇਜ਼ੀ	2	ਜਨਵਰੀ, 1999
			4. ਸਾਈਕਾਲੋਜੀ	1	ਜਨਵਰੀ, 1999
		2. ਸਰਕਾਰੀ ਕਾਲਜ, ਅਜਨਾਲਾ	1. ਪੰਜਾਬੀ	1	ਅਕਤੂਬਰ, 1997
			2. ਰਾਜਨੀਤੀ ਸ਼ਾਸਤਰ	1	ਜਨਵਰੀ, 1998
			3. ਕਾਮਰਸ	1	ਸਾਲ 1995
2.	ਜਲੰਧਰ	.. 1. ਸਰਕਾਰੀ ਕਾਲਜ ਆਫ ਐਜੂਕੇਸ਼ਨ, ਜਲੰਧਰ	1. ਫਿਜ਼ੀਕਲ ਐਜੂਕੇਸ਼ਨ	1	ਨਵੰਬਰ, 1998
		2. ਸਰਕਾਰੀ ਕਾਲਜ, ਜੰਡਿਆਲਾ	1. ਅੰਗ੍ਰੇਜ਼ੀ	1	ਜਨਵਰੀ, 1995

3. ਕਪੂਰਥਲਾ	1. ਸਰਕਾਰੀ ਕਾਲਜ, ਕਪੂਰਥਲਾ	1. ਭੂਗੋਲ	1	ਸਤੰਬਰ, 1996
	2. ਸਰਕਾਰੀ ਕਾਲਜ, ਭੁਲੱਥ	1. ਸਰੀਰਕ ਸਿੱਖਿਆ	1	14-10-1996
4. ਮੁਕਤਸਰ	1. ਸਰਕਾਰੀ ਕਾਲਜ, ਮੁਕਤਸਰ	1. ਅੰਗ੍ਰੇਜ਼ੀ	3	1. ਸਤੰਬਰ, 1996 2. ਨਵੰਬਰ, 1998 3. ਜੂਨ, 1998
		2. ਪੰਜਾਬੀ	1	ਮਈ, 1998
		3. ਪੋਲੀਟੀਕਲ ਸਾਇੰਸ	1	ਅਗਸਤ, 1998
		4. ਸੰਸਕ੍ਰਿਤ	1	ਅਕਤੂਬਰ, 1997
		5. ਅਰਥ-ਸ਼ਾਸਤਰ	1	ਸਤੰਬਰ, 1998
		6. ਹਿੰਦੀ	1	ਸਤੰਬਰ, 1998
		7. ਫਿਜ਼ੀਕਸ-ਕਮ-ਕਮਿਸਟਰੀ	1	ਅਕਤੂਬਰ, 1997
	2. ਸਰਕਾਰੀ ਕਾਲਜ, ਢੁਡੀਕੇ	1. ਹਿਸਾਬ	1	ਅਗਸਤ, 1998
	3. ਸਰਕਾਰੀ ਕਾਲਜ, ਗੁਰੂ ਤੇਗ ਬਹਾਦਰਗੜ੍ਹ	1. ਫਿਜ਼ੀਕਸ	1	ਜੁਲਾਈ, 1998
		2. ਪੋਲੀਟੀਕਲ ਸਾਇੰਸ	1	ਜੁਲਾਈ, 1998
		3. ਅਰਥ-ਸ਼ਾਸਤਰ	1	ਜੁਲਾਈ, 1998
		4. ਅੰਗ੍ਰੇਜ਼ੀ	1	ਜੁਲਾਈ, 1998

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

1	2	3	4		5
5.	ਫਿਰੋਜ਼ਪੁਰ ..	1. ਸਰਕਾਰੀ ਕਾਲਜ, ਜ਼ੀਰਾ	1. ਅੰਗ੍ਰੇਜ਼ੀ	1	ਅਗਸਤ, 1998
			2. ਹਿਸਾਬ	2	ਅਗਸਤ, 1998
		2. ਸਰਕਾਰੀ ਕਾਲਜ, ਫ਼ਾਜ਼ਿਲਕਾ	1. ਅੰਗ੍ਰੇਜ਼ੀ	3	ਅਗਸਤ, 1998
			2. ਪੰਜਾਬੀ	1	ਸਤੰਬਰ, 1998
			3. ਰਾਜਨੀਤੀ ਸ਼ਾਸਤਰ	1	ਅਕਤੂਬਰ, 1998
			4. ਹਿਸਾਬ	1	ਅਪ੍ਰੈਲ, 1997
6.	ਹੁਸ਼ਿਆਰਪੁਰ ..	1. ਸਰਕਾਰੀ ਕਾਲਜ, ਹੁਸ਼ਿਆਰਪੁਰ	1. ਅੰਗਰੇਜ਼ੀ	3	ਜਨਵਰੀ, 1997 ਦਸੰਬਰ, 1997 ਅਪ੍ਰੈਲ, 1998
			2. ਹਿਸਟਰੀ	1	ਜਨਵਰੀ, 1999
		2. ਸਰਕਾਰੀ ਕਾਲਜ, ਪੋਜੇਵਾਲ	1. ਅੰਗਰੇਜ਼ੀ	1	ਅਪ੍ਰੈਲ, 1997
			2. ਹਿਸਾਬ	1	ਅਕਤੂਬਰ, 1997
			3. ਬਾਇਲੋਜੀ	1	ਜੁਲਾਈ, 1998
			4. ਹਿਸਟਰੀ	1	ਜੁਲਾਈ, 1998
		3. ਸਰਕਾਰੀ ਕਾਲਜ, ਤਲਵਾੜਾ	1. ਬਾਇਓਲੋਜੀ	1	ਜੁਲਾਈ, 1998
			2. ਜ਼ੁਆਲੋਜੀ	1	ਜੁਲਾਈ, 1998

		4. ਸਰਕਾਰੀ ਕਾਲਜ, ਟਾਂਡਾ ਉੜਮੁੜ	1. ਅੰਗਰੇਜ਼ੀ	4	ਦਸੰਬਰ, 1998
			2. ਪੰਜਾਬੀ	1	ਅਗਸਤ, 1998
			3. ਰਾਜਨੀਤੀ ਸ਼ਾਸਤਰ	1	ਮਈ, 1998
			4. ਅਰਥ-ਸ਼ਾਸਤਰ	1	ਮਈ, 1998
			5. ਭੂਗੋਲ	1	ਅਕਤੂਬਰ, 1997
			6. ਕੈਮਿਸਟਰੀ	2	ਅਕਤੂਬਰ, 1997
7.	ਫਰੀਦਕੋਟ ..	1. ਸਰਕਾਰੀ ਬ੍ਰਜਿੰਦਰਾ ਕਾਲਜ, ਫਰੀਦਕੋਟ	1. ਐਗਰੀਕਲਚਰ	1	ਸਤੰਬਰ, 1990
			2. ਅੰਗਰੇਜ਼ੀ	3	ਅਗਸਤ, 1998
			3. ਹਿੰਦੀ	1	ਸਤੰਬਰ, 1998
			4. ਫਿਜਿਕਸ	1	ਜੂਨ, 1995
			5. ਸਰੀਰਕ ਸਿਖਿਆ	1	ਅਪ੍ਰੈਲ, 1998
		2. ਸਰਕਾਰੀ ਕਾਲਜ ਆਫ ਐਜੂ: ਫਰੀਦਕੋਟ	1. ਹਿੰਦੀ	1	ਅਪ੍ਰੈਲ, 1995
			2. ਅੰਗਰੇਜ਼ੀ	1	ਮਈ, 1995
			3. ਸਰੀਰਕ ਸਿਖਿਆ	1	ਦਸੰਬਰ, 1998
			4. ਫਾਈਨ ਆਰਟਸ	1	ਜਨਵਰੀ, 1993
8.	ਲੁਧਿਆਣਾ ..	1. ਸਰਕਾਰੀ ਕਾਲਜ ਲੜਕੇ, ਲੁਧਿਆਣਾ	1. ਅੰਗਰੇਜ਼ੀ	1	ਮਾਰਚ, 1998
			2. ਹਿਸਾਬ	1	ਅਪ੍ਰੈਲ, 1997
			3. ਲੋਕ ਪ੍ਰਸ਼ਾਸ਼ਨ	1	ਫਰਵਰੀ, 1999
		2. ਸਰਕਾਰੀ ਕਾਲਜ, ਕਰਮਸਰ	1. ਫਿਜਿਕਸ	1	ਸਤੰਬਰ, 1998
		3. ਸਰਕਾਰੀ ਸਾਇੰਸ ਤੇ ਖੋਜ ਕਾਲਜ, ਜਗਰਾਓਂ	1. ਸਰੀਰਕ ਸਿਖਿਆ	1	ਜਨਵਰੀ, 1998
			2. ਅੰਗਰੇਜ਼ੀ	1	ਜਨਵਰੀ, 1999
		4. ਸਰਕਾਰੀ ਕਾਲਜ, ਸਿਧਸਰ	1. ਸਰੀਰਕ ਸਿਖਿਆ	1	ਅਕਤੂਬਰ, 1997

1	2	3	4		5
9.	ਬਠਿੰਡਾ ..	1. ਸਰਕਾਰੀ ਕਾਲਜ, ਬਠਿੰਡਾ	1. ਕੈਮਿਸਟਰੀ	1	ਅਕਤੂਬਰ, 1998
			2. ਕਮਰਸ	1	ਅਕਤੂਬਰ, 1998
10.	ਪਟਿਆਲਾ ..	1. ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ	1. ਕੰਪਿਊਟਰ	1	ਅਪ੍ਰੈਲ, 1998
		2. ਸਰਕਾਰੀ ਕਾਲਜ ਆਫ ਐਜੂ:, ਪਟਿਆਲਾ	1. ਸਾਇਕੋਲੋਜੀ	1	ਦਸੰਬਰ, 1998
11.	ਸੰਗਰੂਰ ..	1. ਸਰਕਾਰੀ ਕਾਲਜ ਸੰਗਰੂਰ	1. ਹਿਸਾਬ	1	ਨਵੰਬਰ, 1998
		2. ਸਰਕਾਰੀ ਕਾਲਜ, ਸੁਨਾਮ	1. ਹਿਸਟਰੀ-ਕਮ-ਰਾਜਨੀਤੀ ਸ਼ਾਸਤਰ	1	ਅਗਸਤ, 1998
		3. ਸਰਕਾਰੀ ਕਾਲਜ, ਮਲੇਰਕੋਟਲਾ	1. ਅੰਗਰੇਜ਼ੀ	2	ਅਗਸਤ, 1999
			2. ਜੁਆਲੋਜੀ	1	ਅਗਸਤ, 1998
			3. ਕੈਮਿਸਟਰੀ	1	ਅਗਸਤ, 1998

12. ਰੋਪੜ ..	1. ਸਰਕਾਰੀ ਕਾਲਜ, ਮੋਹਾਲੀ	1. ਸਾਇਕੋਲੋਜੀ	1	ਮਈ, 1998
		2. ਕੈਮਿਸਟਰੀ	1	ਜੁਲਾਈ, 1998
	2. ਸਰਕਾਰੀ ਕਾਲਜ, ਨਯਾ ਨੰਗਲ	1. ਪੰਜਾਬੀ	1	ਮਈ, 1997
		2. ਲੋਕ ਪ੍ਰਕਾਸ਼ਨ	1	ਮਈ, 1997
		3. ਸਪੇਸ ਸਾਇੰਸ	1	ਮਈ, 1997
13. ਮਾਨਸਾ ..	1. ਸਰਕਾਰੀ ਕਾਲਜ, ਮਾਨਸਾ	1. ਬਾਟਨੀ	1	ਸਤੰਬਰ, 1997
		2. ਫਿਜ਼ੀਕਸ	1	ਫਰਵਰੀ, 1998

ਨੋਟ :—ਸਰਕਾਰੀ ਕਾਲਜ (ਲੜਕੇ) ਅੰਮ੍ਰਿਤਸਰ ਜੋ ਕਿ ਨਵਾਂ ਕਾਲਜ ਖੋਲ੍ਹਿਆ ਗਿਆ ਹੈ, ਦੀਆਂ ਆਸਾਮੀਆਂ ਅਜੇ ਮਨਜ਼ੂਰ ਨਹੀਂ ਹੋਈਆਂ, ਪਰ ਦੂਜੇ ਕਾਲਜਾਂ ਵਿਚੋਂ ਲੈਕਚਰਾਰ ਨੂੰ ਆਸਾਮੀ ਸਮੇਤ ਜਾਂ ਖਾਲੀ ਪਈਆਂ ਆਸਾਮੀਆਂ ਵਿਰੁੱਧ ਸਰਕਾਰੀ ਕਾਲਜ (ਲੜਕੇ) ਅੰਮ੍ਰਿਤਸਰ ਵਿਖੇ ਐਡਜੱਸਟ ਕੀਤਾ ਗਿਆ ਹੈ ।

Unstarred Question No. 345*

(Extension has been asked for in respect of Unstarred Question No. 345).

ਅ.ਸ.ਪ. ਨੰ: ਠ-2/99/144 2

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ
ਮਿਤੀ : 8 ਮਾਰਚ, 1999

ਵਿਸ਼ਾ :— ਮਿਤੀ 11 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਬਾਅਦ ਦੁਪਹਿਰ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ: 345 ਮੁਲਤਵੀ ਕਰਨ ਬਾਰੇ ।

****

ਮਾਨਯੋਗ ਸਪੀਕਰ ਸਾਹਿਬ,

ਮਿਤੀ 11 ਮਾਰਚ, 1999 ਲਈ ਪ੍ਰਸ਼ਨਾਂ ਦੀ "ਬਾਅਦ ਦੁਪਹਿਰ ਦੀ ਸੂਚੀ" ਵਿੱਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ: 345, ਜੋ ਕਿ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤੂ,
ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸ੍ਰ. ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

---

*For Unstarred Question No. 345 and reply thereto, please see Appendix to this Debate.

POINTS OF ORDER

ਚੌਧਰੀ ਜਗਜੀਤ ਸਿੰਘ : ** ** **

ਸ਼੍ਰੀ ਸਪੀਕਰ : ਨਹੀਂ, ਨਹੀਂ, ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

(ਇਸ ਸਮੇਂ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਗਏ ਅਤੇ ਆਪਣੀਆਂ ਸੀਟਾਂ ਤੇ ** ** ਉਚੀ ਉਚੀ ਬੋਲਣ ਲੱਗ ਗਏ ।)

ਸ਼੍ਰੀ ਸਪੀਕਰ : ਇਹ ਜੋ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

ਸਥਾਨਕ ਸਰਕਾਰ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਅਸੀਂ ਮਾਨਯੋਗ ਮੈਂਬਰਾਂ ਦੀ ਗੱਲ ਧਿਆਨ ਦੇ ਨਾਲ ਸੁਣਨੀ ਚਾਹੁੰਦੇ ਹਾਂ, ਲੇਕਿਨ ਇਹ ਸਾਰੇ ਦੇ ਸਾਰੇ ਬੋਲ ਰਹੇ ਹਨ ਇਸ ਲਈ ਕੋਈ ਵੀ ਗੱਲ ਸਪਸ਼ਟ ਨਹੀਂ ਹੋ ਰਹੀ ਕਿ ਕਿਹੜੀ ਗੱਲ ਤੇ ਇਹ ਇਤਰਾਜ਼ ਕਰ ਰਹੇ ਹਨ ਅਤੇ ਕਿਹੜੀ ਗੱਲ ਤੇ ਇਹ ਕਹਿਣਾ ਚਾਹੁੰਦੇ ਹਨ । ਇਸ ਲਈ ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਹਾਊਸ ਨੂੰ ਠੀਕ ਢੰਗ ਨਾਲ ਚਲਾਉਣ ਲਈ ਇਨ੍ਹਾਂ ਨੂੰ ਕਹੋ ਕਿ ਸਾਰੇ ਇਕੱਠੇ ਇਕੋ ਸਮੇਂ ਨਾ ਬੋਲਣ ਅਤੇ ਇਕੱਲਾ ਇਕੱਲਾ ਕਰਕੇ ਬੋਲਣ ਤਾਂ ਕਿ ਅਸੀਂ ਇਨ੍ਹਾਂ ਦੀ ਗੱਲ ਨੂੰ ਸਮਝ ਸਕੀਏ ।

ਸ਼੍ਰੀ ਸਪੀਕਰ : ਪਰ ਇਹ ਸਾਰੇ ਬੋਲਣਾ ਚਾਹੁੰਦੇ ਹਨ ਤਾਂ ਕੀ ਕਰੀਏ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਜ਼ੀਰੋ ਆਵਰ ਦੀ ਕੋਈ ਰੂਲਾਂ ਵਿੱਚ ਪ੍ਰੋਵੀਜ਼ਨ ਨਹੀਂ ਹੈ । ਜੇਕਰ ਜ਼ੀਰੋ ਆਵਰ ਦਾ ਇਸ ਤਰ੍ਹਾਂ ਮਿਸ-ਯੂਜ਼ ਹੀ ਕਰਨਾ ਹੈ ਤਾਂ I would request the Hon'ble Speaker to stop it. ਇਹ ਸਾਰੇ ਖੜ੍ਹੇ ਹੋ ਗਏ ਹਨ । ਜੇ ਇਨ੍ਹਾਂ ਦੇ ਕਿਸੇ ਮੈਂਬਰ ਨੂੰ ਠੇਕਾ ਨਹੀਂ ਮਿਲਿਆ ਤਾਂ ਇਹ ਰੌਲਾ ਪਾਉਣ ਲੱਗ ਪਏ ਹਨ । . . . (ਵਿਘਨ) . . . (ਸ਼ੋਰ) . . . .

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਬੜੇ ਸਾਫ਼ ਸ਼ਬਦਾਂ ਵਿੱਚ ਬੇਨਤੀ ਕਰਦਾ ਹਾਂ ਕਿ ਲੁਧਿਆਣਾ ਡਿਸਟ੍ਰਿਕਟ ਵਿੱਚ ਸ਼ਰਾਬ ਦੇ ਠੇਕਿਆਂ ਦੀ ਬੋਲੀ ਹੋਈ ਹੈ । ਉਥੇ ਸਹੀ ਮਾਅਨਿਆਂ ਵਿੱਚ ਬੋਲੀ ਨਹੀਂ ਹੋਈ ਬਲਕਿ ਚੰਡੀਗੜ੍ਹ ਵਿੱਚ ਹੀ ਇਨ੍ਹਾਂ ਬੋਲੀਆਂ ਦਾ ਫੈਸਲਾ ਹੋਇਆ ਔਰ ਉਥੇ ਸਿਰਫ ਫਾਰਮੈਲਿਟੀ ਹੋਈ ਹੈ । ਜਿਹੜੇ ਸਰਕਾਰ ਦੇ ਅਧਿਕਾਰੀ ਉਥੇ ਗਏ ਸਨ, ਉਨ੍ਹਾਂ ਨੇ ਬੋਲੀ ਦੇ ਸਮੇਂ . . (ਵਿਘਨ) . . ਬਾਦਲ ਸਾਹਿਬ ਨੇ ਕਿਹਾ ਕਿ ਕੈਮਰੇ ਫਿੱਟ ਹੋਣਗੇ, ਉਥੇ ਲੋਕ ਬੈਠੇ ਹੋਣਗੇ ਪਰ ਉਥੇ ਕੋਈ ਕੈਮਰਾ ਫਿੱਟ ਨਹੀਂ ਕੀਤਾ ਗਿਆ । ਉਥੇ ਵੱਡੀ ਬੋਲੀ ਦੇਣ ਵਾਲੇ ਦੀ ਬੋਲੀ

** Expunged not recorded as ordered by the Chair.

[ਚੌਧਰੀ ਜਗਜੀਤ ਸਿੰਘ]
ਨਹੀਂ ਮੰਨੀ ਗਈ ਅੌਰ ਥੋੜ੍ਹੀ ਬੋਲੀ ਵਾਲੇ ਦੀ ਬੋਲੀ ਮੰਨ ਕੇ ਤੋੜ ਦਿੱਤੀ ਗਈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਸਰਕਾਰ ਵਿੱਤੀ ਸੰਕਟ ਵਿੱਚ ਹੈ। ਪੰਜਾਬ ਨੂੰ ਪੈਸੇ ਦੀ ਬਹੁਤ ਲੋੜ ਹੈ। ਜੇ ਇਸੇ ਤਰ੍ਹਾਂ ਹੀ ਬੋਲੀਆਂ ਕਰਨੀਆਂ ਹਨ ਅੌਰ ਆਪਣੇ ਮਰਜ਼ੀ ਦੇ ਰਿਸ਼ਤੇਦਾਰਾਂ ਅੌਰ ਪਾਰਟੀ ਦੇ ਬੰਦਿਆਂ ਨੂੰ ਠੇਕੇ ਅਲਾਟ ਕਰਨੇ ਹਨ ਤਾਂ ਫਿਰ ਪੰਜਾਬ ਦਾ ਕੀ ਬਣੇਗਾ ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣੇ ਦੀ ਬੋਲੀ ਗਲਤ ਤਰੀਕੇ ਨਾਲ ਕੀਤੀ ਗਈ ਹੈ ਅੌਰ ਇਹ ਬੋਲੀ ਕੈਂਸਲ ਹੋਣੀ ਚਾਹੀਦੀ ਹੈ। ਕੀ ਇਸ ਸੰਬੰਧੀ ਵਜ਼ੀਰ ਸਾਹਿਬ ਸਟੇਟਮੈਂਟ ਦੇਣ ਨੂੰ ਤਿਆਰ ਹਨ ?....(ਵਿਘਨ)

(ਇਸ ਸਮੇਂ ਸਰਦਾਰ ਗੁਰਦੀਪ ਸਿੰਘ ਭੁੱਲਰ, ਸ੍ਰੀ ਸੱਤਪਾਲ ਗੋਸਾਈਂ ਅਤੇ ਸਦਨ ਵਿੱਚ ਹਾਜ਼ਰ ਕਾਂਗਰਸ ਦੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਸ੍ਰੀ ਸਪੀਕਰ : ਜੋ ਬਿਨਾਂ ਪਰਮਿਸ਼ਨ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

WALK-OUT

ਚੌਧਰੀ ਜਗਜੀਤ ਸਿੰਘ : ਅਸੀਂ ਪ੍ਰੋਟੈਸਟ ਵਜੋਂ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸਦਨ ਵਿੱਚ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਨਾਹਰੇ ** ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।)

ਸ੍ਰੀ ਸਪੀਕਰ : ਨਾਹਰੇ ਰਿਕਾਰਡ ਨਾ ਕੀਤੇ ਜਾਣ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਸ ਕਰਕੇ ਖੜ੍ਹਾ ਹੋਇਆ ਹਾਂ ਕਿ ਸਦਨ ਵਿੱਚ ਨਿਮਾਣੇ, ਨਿਤਾਣੇ ਤੇ ਗਰੀਬ ਲੋਕਾਂ ਦਾ ਕੇਸ ਪਲੀਡ ਕਰਨ ਵਾਸਤੇ ਅਸੀਂ ਹਮੇਸ਼ਾ ਖੜ੍ਹੇ ਹੁੰਦੇ ਹਾਂ। ਇਹ ਪਹਿਲੀ ਵਾਰ ਐਸੀ ਗੱਲ ਹੋਈ ਹੈ ਕਿ ਇੱਕ ਮੈਂਬਰ ਨਹੀਂ ਸਗੋਂ ਸਮੁੱਚੀ ਪਾਰਟੀ ਨੇ ਸ਼ਰਾਬ ਦੇ ਠੇਕੇਦਾਰਾਂ ਵਾਸਤੇ ਕੇਸ ਪਲੀਡ ਕੀਤਾ ਅੌਰ ਵਾਕ-ਆਊਟ ਕਰ ਗਈ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਇਸ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਇਹ ਪਾਰਟੀ ਠੇਕੇਦਾਰਾਂ ਦੀ ਪਾਰਟੀ ਹੈ ਅੌਰ ਪਿਛਲੇ ਪੰਜ ਸਾਲ ਇਹ ਕੀ ਕਰਦੀ ਰਹੀ ਹੈ। ਇਸ ਵਾਰ ਇਨ੍ਹਾਂ ਦੀ ਪਾਰਟੀ ਦੇ ਬੰਦਿਆਂ ਨੂੰ ਠੇਕਾ ਨਹੀਂ ਮਿਲ ਸਕਿਆ। ਇਸ ਪਾਰਟੀ ਤੇ ਸ਼ਰਾਬ ਦਾ ਧੱਬਾ ਲੱਗ ਗਿਆ ਹੈ। ਇਸ ਨੂੰ ਮੈਂ ਕੰਡੈਮ ਕਰਦਾ ਹਾਂ।

** Not recorded as Ordered by the Chair.

श्रीमती लक्ष्मी कांता चावला : स्पीकर साहिब, मेरा आप के माध्यम से सरकार को निवेदन है कि पंजाब में और विशेष करके अमृतसर ज़िले में लोग बुढ़ापा और विधवा पैनशन के लिये 4-5 महीने से प्रतीक्षा कर रहे हैं ।

ਸ਼੍ਰੀ ਸਪੀਕਰ : ਇਹ ਗਵਰਨਰ ਐਡਰੈਸ ਵਿੱਚ ਆ ਜਾਵੇਗਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਕਹਿ ਰਹੀ ਹਾਂ. . . .

ਸ਼੍ਰੀ ਸਪੀਕਰ : ਨਹੀਂ, ਬੀਬੀ ਜੀ । ਤੁਸੀਂ ਹਾਲੇ ਗਵਰਨਰ ਐਡਰੈਸ ਤੇ ਬਹਿਸ ਕਰਨੀ ਹੈ, ਉਸ ਵੇਲੇ ਕਹਿ ਲੈਣਾ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

Mr. Speaker : Not allowed.

CALL ATTENTION NOTICES UNDER RULE 66

(ਕ੍ਰਮ ਨੰ: 8)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪੰਜਾਬ ਰਾਜ ਮਾਨਤਾ ਤੇ ਸਹਾਇਤਾ ਪ੍ਰਾਪਤ ਸਕੂਲ ਅਧਿਆਪਕ ਤੇ ਹੋਰ ਕਰਮਚਾਰੀ ਪੰਜਾਬ ਸਰਕਾਰ ਵਲੋਂ ਪਹਿਲਾਂ ਤੋਂ ਹੀ ਪ੍ਰਵਾਨ ਕੀਤੀਆਂ ਮੰਗਾਂ ਨੂੰ ਲਾਗੂ ਨਾ ਕਰਨ ਵਿੱਚ ਹੜਤਾਲ ਉਪਰ ਹਨ । ਉਕਤ ਹੜਤਾਲੀ ਕਰਮਚਾਰੀ ਵੱਖ-ਵੱਖ ਪੱਧਰ ਦੀਆਂ ਪ੍ਰੀਖਿਆਵਾਂ ਦਾ ਬਾਈਕਾਟ ਵੀ ਕਰ ਰਹੇ ਹਨ ਜਿਸ ਕਾਰਨ ਲੱਖਾਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ । ਉਕਤ ਗੰਭੀਰ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਅਧਿਆਪਕਾਂ/ਕਰਮਚਾਰੀਆਂ ਨੂੰ ਸੰਤੁਸ਼ਟ ਕਰਨ ਤੇ ਹੜਤਾਲ ਸਮਾਪਤ ਕਰਨ ਲਈ ਕੀ ਯਤਨ ਕਰ ਰਹੀ ਹੈ ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ (ਸਰਦਾਰ ਤੋਤਾ ਸਿੰਘ) **:** ਕਾਮਰੇਡ ਹਰਦੇਵ ਸਿੰਘ ਅਰਸ਼ੀ, ਐਮ. ਐਲ. ਏ. ਵੱਲੋਂ ਉਠਾਏ ਗਏ ਲੋਕ ਮਹੱਤਤਾ ਦੇ ਅਹਿਮ ਜ਼ਰੂਰੀ ਮਤੇ ਬਾਰੇ ਸਰਕਾਰ ਸਪੱਸ਼ਟ ਕਰਦੀ ਹੈ ਕਿ ਮਾਨਤਾ ਅਤੇ ਸਹਾਇਤਾ ਪ੍ਰਾਪਤ ਸਕੂਲ ਅਧਿਆਪਕ ਤੇ ਹੋਰ ਕਰਮਚਾਰੀਆਂ ਦੀਆਂ ਸਾਰੀਆਂ ਮੰਗਾਂ

** Expunged as ordered by the Chair.

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਪੰਜਾਬ ਸਰਕਾਰ ਵੱਲੋਂ ਪਹਿਲਾਂ ਕਦੇ ਵੀ ਪ੍ਰਵਾਨ ਨਹੀਂ ਕੀਤੀਆਂ ਗਈਆਂ । ਜੋ ਮੰਗਾਂ ਪ੍ਰਵਾਨ ਕਰਨਯੋਗ ਸਨ, ਉਹ ਪਹਿਲਾਂ ਹੀ ਮੰਨ ਲਈਆਂ ਗਈਆਂ ਹਨ । ਇਹ ਠੀਕ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਕਰਮਚਾਰੀ ਹੜਤਾਲ ਉਪਰ ਹਨ । ਇਹ ਕਰਮਚਾਰੀ ਮੈਨੇਜਿੰਗ ਕਮੇਟੀਆਂ ਦੇ ਕਰਮਚਾਰੀ ਹਨ, ਸਰਕਾਰ ਦੇ ਨਹੀਂ । ਸਰਕਾਰ ਕੇਵਲ ਇਨ੍ਹਾਂ ਸਕੂਲਾਂ ਨੂੰ ਚਲਾਉਣ ਲਈ ਸਹਾਇਤਾ ਦਿੰਦੀ ਹੈ । ਇਸ ਤਰ੍ਹਾਂ ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਦੀ ਮੂਲ ਜ਼ਿੰਮੇਵਾਰੀ ਮੈਨੇਜਿੰਗ ਕਮੇਟੀਆਂ ਦੀ ਹੈ । ਇਨ੍ਹਾਂ ਕਰਮਚਾਰੀਆਂ ਦੀ ਭਰਤੀ ਦਾ ਸਾਰਾ ਕੰਮ ਮੈਨੇਜਿੰਗ ਕਮੇਟੀਆਂ ਕਰਦੀਆਂ ਹਨ । ਸਰਕਾਰ ਇਨ੍ਹਾਂ ਸਕੂਲਾਂ ਦੇ ਕਿਸੇ ਕਰਮਚਾਰੀ ਨੂੰ ਕੋਈ ਸਜ਼ਾ ਆਦਿ ਵੀ ਨਹੀਂ ਦੇ ਸਕਦੀ ਕਿਉਂਕਿ ਸਜ਼ਾ ਦੇਣ ਦੇ ਅਧਿਕਾਰੀ ਵੀ ਵੱਖ ਵੱਖ ਮੈਨੇਜਿੰਗ ਕਮੇਟੀਆਂ ਕੋਲ ਹੀ ਹਨ ।

ਸਤਿਕਾਰਯੋਗ ਐਮ. ਐਲ. ਏ. ਸਾਹਿਬ ਨੇ ਸਦਨ ਦੇ ਧਿਆਨ ਵਿੱਚ ਇਹ ਲਿਆਂਦਾ ਹੈ ਕਿ ਇਹ ਕਰਮਚਾਰੀ ਵੱਖ ਵੱਖ ਪੱਧਰ ਦੀਆਂ ਪ੍ਰੀਖਿਆਵਾਂ ਦਾ ਬਾਈਕਾਟ ਵੀ ਕਰ ਰਹੇ ਹਨ ਜਿਸ ਕਾਰਨ ਲੱਖਾਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ । ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਮਿਡਲ ਪ੍ਰੀਖਿਆ ਸਮਾਪਤ ਹੋ ਚੁੱਕੀ ਹੈ । ਇਹ ਪ੍ਰੀਖਿਆ ਬਹੁਤ ਹੀ ਸੁਚਾਰੂ ਢੰਗ ਨਾਲ ਹੋਈ ਹੈ । ਹੁਣ ਦਸਵੀਂ ਅਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਹੋ ਰਹੀਆਂ ਹਨ ਅਤੇ ਇਹ ਪ੍ਰੀਖਿਆਵਾਂ ਵੀ ਬੜੇ ਹੀ ਸੁਚਾਰੂ ਢੰਗ ਨਾਲ ਹੋ ਰਹੀਆਂ ਹਨ । ਇਹ ਮਾਣ ਵਾਲੀ ਗੱਲ ਹੈ ਕਿ ਅਸੀਂ ਨਕਲ ਜਿਹੀ ਬੁਰਾਈ ਜੜ੍ਹੋਂ ਪੁੱਟਣ ਦਾ ਉਪਰਾਲਾ ਕਰ ਰਹੇ ਹਾਂ । ਇਸ ਦੀ ਸਾਰਾ ਹਾਊਸ ਸ਼ਲਾਘਾ ਕਰੇਗਾ । ਜਿਥੋਂ ਤੱਕ ਇਨ੍ਹਾਂ ਕਰਮਚਾਰੀਆਂ ਦੀਆਂ ਮੰਗਾਂ ਦਾ ਸਬੰਧ ਹੈ, ਇਸ ਸਬੰਧੀ ਗੱਲਬਾਤ ਚੱਲ ਰਹੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਕਲਾਸ ਸੰਘਰਸ਼ ਕਰਦੀ ਹੈ, ਚਾਹੇ ਟੀਚਰ ਕਲਾਸ ਹੋਵੇ ਜਾਂ ਸਮਾਜ ਦੀ ਕੋਈ ਹੋਰ ਕਲਾਸ ਹੋਵੇ, ਉਹ ਸਰਕਾਰ ਨੂੰ ਆਪਣੀਆਂ ਬਹੁਤ ਸਾਰੀਆਂ ਮੰਗਾਂ ਦਾ ਚਾਰਟ ਪੇਸ਼ ਕਰਦੀ ਹੈ ਉਸ ਵਿੱਚੋਂ ਸਰਕਾਰ ਜਿਸ ਸਥਿਤੀ ਵਿੱਚ ਹੁੰਦੀ ਹੈ, ਕੁਝ ਪ੍ਰਵਾਨ ਕਰ ਲੈਂਦੀ ਹੈ ਅਤੇ ਕੁਝ ਸਰਕਾਰ ਪ੍ਰਵਾਨ ਕਰ ਨਹੀਂ ਸਕਦੀ । ਇਥੇ ਜਿਸ ਗੱਲ ਦਾ ਜ਼ਿਆਦਾ ਰੱਫੜ ਹੈ, ਜਿਸ ਗੱਲ ਤੇ ਉਹ ਬਜ਼ਿਦ ਹਨ, ਜਿਨ੍ਹਾਂ ਵਿੱਚ ਬਹੁਤ ਸਾਰੀ ਗਿਣਤੀ ਵਿੱਚ ਟੀਚਰ ਭੈਣਾਂ ਸ਼ਾਮਿਲ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਬੁੜੈਲ ਜੇਲ੍ਹ ਵਿੱਚ ਬੰਦ ਹਨ । ਸਾਡੇ ਸਾਰਿਆਂ ਲਈ ਇਹ ਚਿੰਤਾ ਵਾਲੀ ਗੱਲ ਹੈ ਕਿ ਚਾਨਣ ਵੰਡਣ ਵਾਲੇ ਲੋਕ ਸੀਖਾਂ ਪਿਛੇ ਬੰਦ ਹੋਣ । ਉਹ ਸੈਕ੍ਰੇਟੇਰੀਏਟ ਅਤੇ ਵਿਧਾਨ ਸਭਾ ਦੇ ਅੱਗੇ ਵੀ ਆਪਣੀਆਂ ਗ੍ਰਿਫਤਾਰੀਆਂ ਦੇ ਰਹੇ ਹਨ । ਇਸ ਵਿਚੋਂ ਕਈ ਮੰਗਾਂ ਪੰਜਾਬ ਸਰਕਾਰ ਪੈਂਡਿੰਗ ਕਰ ਸਕਦੀ ਹੈ, ਵਿਚਾਰ ਕਰਨ ਲਈ ਜਾਂ ਗੱਲਬਾਤ ਲਈ ਰੱਖ ਸਕਦੀ ਹੈ । ਇਨ੍ਹਾਂ ਵਿਚੋਂ ਬਹੁਤ ਸਾਰੀਆਂ ਮੰਗਾਂ ਪ੍ਰਵਾਨ ਕਰਨੀਆਂ ਇਸ ਸਰਕਾਰ ਵਾਸਤੇ ਕਾਨੂੰਨੀ ਪੱਖੋਂ ਜ਼ਰੂਰੀ ਵੀ ਹਨ । ਸ਼ਾਇਦ ਉਸ ਸਮੇਂ ਵੀ ਸਰਕਾਰ ਮੌਜੂਦ ਸੀ, ਜਿਸ ਵੇਲੇ ਸੇਵਾ ਸੁਰੱਖਿਆ ਐਕਟ, 1979 ਇਸ ਸਰਕਾਰ ਨੇ ਟੀਚਰਾਂ ਲਈ ਲਿਆਂਦਾ ਸੀ । ਉਸ ਨੂੰ ਵੈਲਕਮ ਵਾਲੀ......

ਸ਼੍ਰੀ ਸਪੀਕਰ : ਅਰਸ਼ੀ ਜੀ ਤੁਸੀਂ ਕੁਐਸਚਨ ਪੁੱਛੋ, ਲੈਕਚਰ ਨਾ ਕਰੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਇਸ ਵਿੱਚ ਪ੍ਰੋਵੀਜ਼ਨ ਕੀਤੀ ਕਿ ਸਰਕਾਰੀ ਕਰਮਚਾਰੀ ਜਿਹੜੇ ਹਨ, ਉਨ੍ਹਾਂ ਦੀਆਂ ਜਿਹੜੀਆਂ ਸੇਵਾ ਸ਼ਰਤਾਂ ਹਨ, ਉਸ ਵਿੱਚ ਇਹ ਵੀ ਸ਼ਾਮਿਲ ਸੀ ਕਿ ਪੇ-ਕਮਿਸ਼ਨ ਦੀ ਰਿਪੋਰਟ ਜਿਹੜੀ 1 ਜਨਵਰੀ, 1996 ਤੋਂ ਸਰਕਾਰੀ ਸਕੂਲਾਂ ਦੇ ਟੀਚਰਾਂ ਨੂੰ......

ਸ਼੍ਰੀ ਸਪੀਕਰ : ਅਰਸ਼ੀ ਜੀ, ਤੁਸੀਂ ਕੁਐਸਚਨ ਪੁਟ ਕਰੋ, ਪਲੀਜ਼ ਲੈਕਚਰ ਨਾ ਕਰੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਕੁਐਸਚਨ ਤੇ ਹੀ ਆ ਰਿਹਾ ਹਾਂ ਜੀ । ਉਨ੍ਹਾਂ ਨੂੰ 1 ਜਨਵਰੀ, 1999 ਤੋਂ ਸਕੇਲ ਦਿੱਤੇ ਜਾ ਰਹੇ ਹਨ ਅਤੇ ਜਿਹੜੀ ਰਾਤੀਂ ਗਲਬਾਤ ਟੁੱਟੀ ਹੈ, ਉਹ ਬਿਨਾਂ ਕਿਸੇ ਕਾਰਨ ਦੇ ਟੁੱਟੀ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ 1 ਜਨਵਰੀ, 1996 ਤੋਂ ਉਨ੍ਹਾਂ ਨੂੰ ਸਕੇਲ ਦੇਣ ਦੇ ਵਿੱਚ ਕੀ ਇਤਰਾਜ਼ ਹੈ ਔਰ ਉਨ੍ਹਾਂ ਨੂੰ ਕਦੋਂ ਤੱਕ ਏਰੀਅਰ ਅਤੇ ਗਰੇਡ ਰਿਵਾਈਜ਼ ਕਰ ਦਿੱਤੇ ਜਾਣਗੇ ਤਾਂ ਇਹ ਜਿਹੜੀ ਹੜਤਾਲ ਚਲ ਰਹੀ ਹੈ ਇਹ ਛੇਤੀ ਤੋਂ ਛੇਤੀ ਸਮਾਪਤ ਹੋਵੇ ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਕਿ 1 ਜਨਵਰੀ, 1996 ਤੋਂ ਉਨ੍ਹਾਂ ਨੂੰ ਸਕੇਲ ਦੇਣ ਦੇ ਵਿਚ ਕੀ ਇਤਰਾਜ਼ ਹੈ, ਕੀ ਬੋਝ ਹੈ ? ਸਪੀਕਰ ਸਾਹਿਬ, ਬੜਾ ਭਾਰੀ ਬੋਝ ਹੈ । ਕਹਿਣਾ ਸੌਖਾ ਹੁੰਦਾ ਹੈ, ਕਰਨਾ ਔਖਾ ਹੈ । ਫਿਰ ਲੋਕਾਂ ਦੇ ਉਤੇ ਟੈਕਸ ਲਗਾ ਦਿੱਤੇ ਤਾਂ ਤੁਸੀਂ ਇਸ ਦਾ ਵਿਰੋਧ ਕਰਨਾ ਹੈ । ਸਰਕਾਰ ਦੇ ਕੋਲ ਕੋਈ ਨੋਟਾਂ ਦਾ ਕਾਰਖਾਨਾ ਤਾਂ ਹੈ ਨਹੀਂ ਕਿ ਉਨ੍ਹਾਂ ਨੂੰ ਦੇ ਦਈਏ । ਮੈਂ ਮੈਂਬਰ ਸਾਹਿਬ ਨੂੰ ਦਸ ਸਕਦਾ ਹਾਂ ਕਿ ਸਰਕਾਰ ਦੀ ਕੁਝ ਮਜਬੂਰੀ ਹੁੰਦੀ ਹੈ । ਜਿਹੜੀ ਕੱਲ੍ਹ ਗੱਲਬਾਤ ਹੋਈ ਔਰ ਪਹਿਲਾਂ ਵੀ ਚਲੀ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਦੀਆਂ ਮੈਨੇਜਿੰਗ ਕਮੇਟੀਆਂ ਵਿਚ ਸ਼ਾਮਲ ਹੋਣ । ਅਸੀਂ ਤਾਂ ਹਮੇਸ਼ਾ ਹੀ, ਪਹਿਲਾਂ 1967 ਦੇ ਵਿਚ ਉਨ੍ਹਾਂ ਦਾ ਭਲਾ ਕੀਤਾ ਹੈ, ਫਿਰ 1979 ਦੇ ਵਿੱਚ ਜਦੋਂ ਬਾਦਲ ਸਾਹਿਬ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਦਾ ਭਲਾ ਕੀਤਾ ਹੈ, ਹੁਣ ਵੀ ਮਾਨਯੋਗ ਮੁੱਖ ਮੰਤਰੀ ਜੀ ਤੇ ਵਿੱਤ ਮੰਤਰੀ ਜੀ ਉਨ੍ਹਾਂ ਦਾ ਭਲਾ ਕਰਨਾ ਚਾਹੁੰਦੇ ਹਨ । ਪਿਛਲੇ ਦਿਨੀਂ ਵੀ ਵਿੱਤ ਮੰਤਰੀ ਜੀ ਨੇ ਸਟੇਟਮੈਂਟ ਦਿੱਤੀ ਕਿ ਅਸੀਂ ਮਿਤੀ 1 ਅਪ੍ਰੈਲ, 1999 ਤੋਂ ਉਨ੍ਹਾਂ ਨੂੰ ਗਰੇਡ ਦੇ ਸਕਦੇ ਹਾਂ । ਇਸ ਬਾਰੇ ਵਿਚਾਰ ਕਰ ਸਕਦੇ ਹਾਂ । ਲੇਕਿਨ ਇਹ ਗਰੇਡ ਮਿਤੀ 1 ਜਨਵਰੀ, 1996 ਤੋਂ ਦੇਣੇ ਬੜੇ ਔਖੇ ਹਨ । ਅਸੀਂ ਵਿਚਾਰ ਕਰ ਸਕਦੇ ਹਾਂ, ਅਸੀਂ 100 % ਨਾਂਹ ਵੀ ਨਹੀਂ ਕੀਤੀ । ਇਸ ਦੇ ਨਾਲ 56 ਕਰੋੜ 65 ਲੱਖ ਰੁਪਏ ਦਾ ਬੋਝ ਪਵੇਗਾ, ਜੇ ਅਸੀਂ ਉਨ੍ਹਾਂ ਨੂੰ 1 ਜਨਵਰੀ, 1996 ਤੋਂ 31 ਮਾਰਚ, 1999 ਤੱਕ ਦੇਈਏ । ਇਸ ਲਈ ਮੇਰੀ ਬੇਨਤੀ ਹੈ ਕਿ ਗਲਬਾਤ ਚਲ ਰਹੀ ਹੈ, ਵਿਚਾਰ ਕਰਾਂਗੇ । ਅਸੀਂ ਵਿਦਿਆਰਥੀਆਂ ਅਤੇ ਟੀਚਰਾਂ ਦੇ ਹੱਕ ਵਿੱਚ ਹਾਂ ।

(Serial No. 10)

Sardar Ajit Inder Singh Mofar: Sir, I beg to draw the attention of the Government towards a matter of urgent public importance namely, damage being caused to the crops due to water-logging in Sardulgarh Sub Division. The people, especially the farming community of villages Kot Dharmu, Bhame Kalan, Bhame Khurd and Dasondhia etc. are greatly affected due to extreme water-logging in the area falling in the said Sub Division. Great damage has been caused to the standing crops of the farmers.

Recently few farmers have committed suicide also.

Keeping in view of the obvious and urgent importance of the matter, the Minister concerned may please be asked to make a statement on the floor of the House.

ਸਿੰਚਾਈ ਰਾਜ ਮੰਤਰੀ, (ਸਰਦਾਰ ਸਿਕੰਦਰ ਸਿੰਘ ਮਲੂਕਾ) : ਉਪ-ਮੰਡਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਚ ਸੇਮ ਦੀ ਸਮੱਸਿਆ ਨੂੰ ਨਜਿੱਠਣ ਲਈ ਨਬਾਰਡ ਦੀ ਵਿਤੀ ਸਹਾਇਤਾ ਨਾਲ ਇਕ ਪ੍ਰਾਜੈਕਟ ਅਮਲ ਅਧੀਨ ਹੈ ਅਤੇ ਸੇਮ ਦੇ ਨਵੇਕਲੇ ਥਾਵਾਂ ਨੂੰ ਰਾਹਤ ਦੇਣ ਲਈ ਲਿਫਟ ਡਰੇਨੇਜ਼, ਸਕੀਮਾਂ ਦੀ ਉਸਾਰੀ ਸ਼ਾਮਲ ਹੈ । ਇਸ ਵੇਲੇ ਪੁਰਾਣੀਆਂ ਸਕੀਮਾਂ ਸਮੇਤ ਮਾਖੇਵਾਲਾ, ਦਾਨੇਵਾਲਾ, ਘੁੱਦੂਵਾਲਾ, ਬਾਦਰਾਂ, ਚੂੜੀਆਂ ਜਪਨਾਂ ਕਲਾਂ, ਦਲੇਲਵਾਲਾ, ਆਲਮਪੁਰ, ਮਾਂਦਰਾਂ, ਝੇਰਾ, ਰੱਲਾ ਜੰਗਾ, ਖੋਖਰ, ਕਲਾਂ ਆਦਿ ਲਿਫਟ ਡਰੇਨੇਜ ਸਕੀਮਾਂ ਚਾਲੂ ਹਨ । ਫੱਤਾ ਮਲੂਕਾ, ਝੁਨੀਰ, ਕੌਲਾ, ਕੋਟੜਾ ਟਿੱਬੀ ਲਿਫਟ ਡਰੇਨੇਜ ਸਕੀਮਾਂ ਉਸਾਰੀ ਅਧੀਨ ਹਨ ।

ਕੋਟ ਧਰਮੂ, ਭਾਮੇ ਕਲਾਂ, ਭਾਮੇ ਖੁਰਦ ਅਤੇ ਦਸੌਂਧੀਆਂ ਵਿਚ ਸੇਮ ਦੀ ਸਮੱਸਿਆ ਦੇ ਹੱਲ ਲਈ ਇਕ ਐਂਟੀ ਵਾਟਰ ਲੌਗਿੰਗ ਸਕੀਮ ਵਿਚਾਰ ਅਧੀਨ ਹੈ । ਇਨ੍ਹਾਂ ਪਿੰਡਾਂ ਵਿਚ ਸੇਮ ਦੀ ਸਮਸਿਆ ਹੋਣ ਕਰਕੇ ਪਿੰਡ ਵਾਰ ਨਾ-ਵਾਹੁਣਯੋਗ ਰਕਬਾ ਕ੍ਰਮਵਾਰ ਤਕਰੀਬਨ 60 ਹੈਕਟੇਅਰ, 40 ਹੈਕਟੇਅਰ, 40 ਹੈਕਟੇਅਰ ਅਤੇ 200 ਹੈਕਟੇਅਰ ਦੇ ਲਗਭਗ ਹੈ । ਇਨ੍ਹਾਂ ਚਾਰਾਂ ਪਿੰਡਾਂ ਨੂੰ ਰਾਹਤ ਦੇਣ ਲਈ ਘੱਦੂਵਾਲਾ ਲਿੰਕ ਡਰੇਨ ਦਾ ਵਿਸਥਾਰ ਕਰਨ ਦੀ ਤਜਵੀਜ਼ ਹੈ ਜਿਸ ਸਬੰਧੀ ਸਰਵੇ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ । ਇਸ ਸਕੀਮ ਦੀ ਜ਼ਮੀਨ ਸਮੇਤ ਲਾਗਤ ਲਗਭਗ 400 ਲੱਖ ਰੁਪਏ ਹੋਵੇਗੀ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਉਥੇ ਲਿਫਟ ਸਕੀਮਾਂ ਚਲ ਰਹੀਆਂ ਹਨ ਲੇਕਿਨ ਜੋ ਇਸ ਵੇਲੇ ਪੋਜ਼ੀਸ਼ਨ ਹੈ ਕਿਉਂਕਿ ਉਥੇ ਇਹ ਵੀ ਗਏ ਹਨ ਉਥੇ ਬਿਲਕੁਲ ਸੜਕ ਟੋਟਲੀ ਖਤਮ ਹੋਈ ਹੈ ਔਰ ਜਿਥੇ 5-6 ਫੁੱਟ ਪਾਣੀ ਗਾਈਡ ਕਰ ਰਿਹਾ ਹੈ । ਮਲੋਟ ਵਿਖੇ ਜਿਸ ਤਰ੍ਹਾਂ ਕੀਤਾ ਗਿਆ ਹੈ ਉਸੇ ਤਰ੍ਹਾਂ ਪਿੰਡ ਘੁੱਦੂਵਾਲਾ ਤੋਂ ਭਾਖੜਾ ਨਹਿਰ ਦੇ ਥੱਲਿਉਂ ਐਕਵਿਡਕਟ ਬਣਾਇਆ

ਜਾਣਾ ਚਾਹੀਦਾ ਹੈ । ਉਥੇ ਬਿਮਾਰੀਆਂ ਫੈਲਣ ਦਾ ਬਹੁਤ ਡਰ ਹੈ । ਮਲੋਟ ਇਲਾਕੇ ਵਿਚ ਜਿਸ ਤਰ੍ਹਾਂ ਜਿਨ੍ਹਾਂ ਕਿਸਾਨਾਂ ਦੀ ਦੋ ਏਕੜ ਜਾਂ 10 ਏਕੜ ਜ਼ਮੀਨ ਸੇਮ ਨਾਲ ਪ੍ਰਭਾਵਤ ਹੋਈ ਹੈ ਉਨ੍ਹਾਂ ਨੂੰ 8 ਹਜ਼ਾਰ ਰੁਪਿਆ ਪ੍ਰਤੀ ਏਕੜ ਦੇ ਹਿਸਾਬ ਦੇ ਨਾਲ ਮੁਆਵਜ਼ਾ ਦਿੱਤਾ ਗਿਆ । ਕੀ ਇਹ ਸਾਡੇ ਵੀ ਜਿਨ੍ਹਾਂ ਇਲਾਕਿਆਂ ਦੇ ਵਿਚ ਪਿਛਲੇ ਸਮੇਂ ਵਿਚ ਸੇਮ ਆਈ ਹੈ ਉਨ੍ਹਾਂ ਕਿਸਾਨਾਂ ਨੂੰ 8 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ । ਮਾਨਸਾ ਦਾ ਕਾਫੀ ਵੱਡਾ ਇਲਾਕਾ ਸੇਮ ਥੱਲੇ ਹੈ । ਮੈਂ ਖੁਦ ਸੇਮ ਦੇਖ ਕੇ ਆਇਆ ਹਾਂ । ਇਸ ਨੂੰ ਗੰਭੀਰਤਾ ਨਾਲ ਵੇਖਦੇ ਹੋਏ ਮਾਨਸਾ ਵਿਚ ਇਕ ਨਵੀਂ ਡਰੇਨ ਡਵੀਜ਼ਨ ਕਾਇਮ ਕੀਤੀ ਗਈ ਹੈ । ਬੁਢਲਾਡਾ ਵਿਚ ਵੀ ਸਬ-ਡਵੀਜ਼ਨ ਕਾਇਮ ਕੀਤੀ ਹੈ । ਸਾਰੀਆਂ ਡਰੇਨਾਂ ਛੇਤੀ-ਛੇਤੀ ਬਣਾਉਣੀਆਂ ਹਨ । ਸਭ ਮੁਕੰਮਲ ਕਰ ਲਿਆ ਹੈ, ਛੇਤੀ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ । ਇਸ ਸਾਲ ਵਿਚ ਸਾਨੂੰ ਭਰੋਸਾ ਹੈ ਫੰਡ ਮਿਲੇ ਹਨ, ਕੁਝ ਭੇਜੇ ਜਾਣਗੇ । ਕਾਫੀ ਕੰਮ ਇਸ ਸਾਲ ਵਿਚ ਕਰ ਲਏ ਜਾਣਗੇ ਤਾਂ ਕਿ ਲੋਕਾਂ ਨੂੰ ਸੇਮ ਦੀ ਨਾਮੁਰਾਦ ਬਿਮਾਰੀ ਤੋਂ ਰਾਹਤ ਦਿਵਾਈ ਜਾਵੇ । ਜਿਥੋਂ ਤੱਕ ਮੁਆਵਜ਼ੇ ਦੀ ਗੱਲ ਹੈ ਜੋ ਸਰਕਾਰ ਦੇ ਨਿਯਮ ਹਨ ਉਸ ਅਨੁਸਾਰ ਸਬੰਧਤ ਡੀ. ਸੀ. ਸਾਹਿਬਾਨ ਤੋਂ ਰਿਪੋਰਟਾਂ ਮੰਗ ਕੇ ਸਰਕਾਰ ਕਾਰਵਾਈ ਕਰ ਸਕਦੀ ਹੈ ਅਤੇ ਕੀਤੀ ਜਾਵੇਗੀ ।

(Serial No. 11)

Sardar Ajit Inder Singh Mofar : Sir, I beg to draw the attention of the Government towards a matter of urgent public importance namely, pollution affecting the health of people living on the banks of River Ghaggar. The factories located on the banks of River Ghaggar are allowing their industrial waste and untreated effluents to flow into the River Ghaggar which is causing great harm to the environment as well as is a great health hazard for the poor people who are living on the banks of the river. Additionally, the cattle are also affected as the water of the river is becoming poisonous.

Keeping in view of the obvious and urgent importance of the matter, the minister concerned may please be asked to make a statement on the floor of the House.

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਘੱਗਰ ਨਦੀ ਅਤੇ ਹੋਰ ਜੋ ਨਾਲੇ ਘੱਗਰ ਵਿਚ ਮਿਲਦੇ ਹਨ ਦੇ ਕਿਨਾਰੇ 19 ਅਜਿਹੀਆਂ ਸਨਅੱਤਾਂ ਹਨ ਜਿਨ੍ਹਾਂ ਦਾ ਗੰਦਾ ਪਾਣੀ ਘੱਗਰ ਨਦੀ ਵਿਚ ਜਾ ਸਕਦਾ ਹੈ । ਇਨ੍ਹਾਂ ਵਿਚੋਂ 5 ਸਨਅੱਤਾਂ ਆਪਣਾ

[ਵਿੱਤ ਅਤੇ ਯੋਜਨਾ ਮੰਤਰੀ]
ਗੰਦਾ ਪਾਣੀ ਸੋਧਨ ਤੇ ਬਾਅਦ ਮੁੜ ਇਸਤੇਮਾਲ ਕਰਦੀਆਂ ਹਨ ਅਤੇ 8 ਸਨਅੱਤਾਂ ਅਜਿਹੀਆਂ ਹਨ ਜੋ ਆਪਣਾ ਗੰਦਾ ਪਾਣੀ ਸੋਧਨ ਤੋਂ ਬਾਅਦ ਸਿੰਚਾਈ ਲਈ ਇਸਤੇਮਾਲ ਕਰ ਰਹੀਆਂ ਹਨ। ਤਿੰਨ ਸਨਅੱਤਾਂ ਨੇ ਆਪਣੇ ਗੰਦੇ ਪਾਣੀ ਨੂੰ ਸੂਰਜ ਦੀ ਗਰਮੀ ਰਾਹੀਂ ਉਡਾਉਣ ਲਈ ਇੰਤਜ਼ਾਮ ਕੀਤਾ ਹੋਇਆ ਹੈ। ਇਕ ਸਨਅੱਤ ਬੰਦ ਪਈ ਹੈ, ਬਾਕੀ ਦੀਆਂ ਦੋ ਸਨਅੱਤਾਂ ਨੂੰ ਘੱਗਰ ਨਦੀ ਵਿਚ ਪਾਣੀ ਸੁੱਟਣ ਤੋਂ ਬੰਦ ਨਾ ਕਰਨ ਕਾਰਨ ਪਾਣੀ ਐਕਟ, 1974 ਦੀ ਧਾਰਾ 33ਏ ਅਧੀਨ ਬੰਦੀਕਰਨ ਦੇ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਇਨ੍ਹਾਂ ਦੋ ਸਨਅੱਤਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ ਅਤੇ ਪੰਜਾਬ ਦੇ ਕੁਝ ਸ਼ਹਿਰਾਂ ਜਿਵੇਂ ਕਿ ਮੁਹਾਲੀ, ਰਾਜਪੁਰਾ, ਪਟਿਆਲਾ ਅਤੇ ਸਮਾਣਾ ਆਦਿ ਦਾ ਗੰਦਾ ਪਾਣੀ ਵੀ ਘੱਗਰ ਨਦੀ ਵਿਚ ਜਾ ਰਿਹਾ ਹੈ। ਕੁਝ ਪਿੰਡ ਜੋ ਕਿ ਘੱਗਰ ਨਦੀ ਉਤੇ ਹਨ ਉਨ੍ਹਾਂ ਦਾ ਗੰਦਾ ਪਾਣੀ ਵੀ ਘੱਗਰ ਨਦੀ ਵਿਚ ਜਾ ਰਿਹਾ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਪਾਣੀ ਐਕਟ, 1974 ਦੀ ਧਾਰਾ 25/26 ਅਧੀਨ ਉਪਰ ਦਰਸਾਈਆਂ ਲੋਕਲ ਬਾਡੀਜ਼ ਨੂੰ ਗੰਦਾ ਪਾਣੀ ਨਦੀ ਨਾਲਿਆਂ ਵਿਚ ਸੁੱਟਣ ਤੋਂ ਰੋਕਣ ਬਾਰੇ ਨੋਟਿਸ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਲੋਕਲ ਬਾਡੀਜ਼ ਨੇ ਨਾ ਤਾਂ ਕੋਈ ਪਾਣੀ ਸਾਫ ਕਰਨ ਬਾਰੇ ਯੰਤਰ ਹੀ ਲਾਇਆ ਹੈ ਅਤੇ ਨਾ ਹੀ ਆਪਣਾ ਗੰਦਾ ਪਾਣੀ ਘੱਗਰ ਨਦੀ ਵਿਚ ਸੁੱਟਣਾ ਬੰਦ ਕੀਤਾ ਹੈ। ਇਸ ਸਬੰਧ ਵਿਚ ਸਾਇੰਸ, ਤਕਨੀਕੀ ਅਤੇ ਵਾਤਾਵਰਣ ਵਿਭਾਗ ਨੇ ਮਹਿਕਮਾ ਲੋਕਲ ਬਾਡੀਜ਼ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਮਹਿਕਮੇ ਨੂੰ ਯੋਗ ਪ੍ਰਬੰਧ ਕਰਨ ਬਾਰੇ ਲਿਖਿਆ ਹੈ ਅਤੇ ਇਹ ਮਾਮਲਾ ਇਨ੍ਹਾਂ ਮਹਿਕਮਿਆਂ ਵਿਚ ਵਿਚਾਰ ਅਧੀਨ ਹੈ। ਸੈਂਟਰਲ ਪ੍ਰਦੂਸ਼ਣ ਰੋਕਥਾਮ ਬੋਰਡ, ਨਵੀਂ ਦਿੱਲੀ ਦੇ ਧਿਆਨ ਵਿਚ ਇਹ ਮਾਮਲਾ ਪਹਿਲਾਂ ਹੀ ਹੈ ਅਤੇ ਉਸ ਨੇ ਸਮੇਤ ਰਾਜਸਥਾਨ, ਹਰਿਆਣਾ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਇਕ ਟੀਮ ਨੇ ਘੱਗਰ ਦਰਿਆ ਦੇ ਪਾਣੀ ਦੇ ਨਮੂਨੇ ਚੈਕ ਕੀਤੇ ਅਤੇ ਇਸ ਵਿਚ ਗੰਦਾ ਪਾਣੀ ਸੁੱਟਣ ਵਾਲਿਆਂ ਦੀ ਪਛਾਣ ਕੀਤੀ ਸੀ। ਟੀਮ ਵਲੋਂ ਦਿੱਤੀ ਗਈ ਰਿਪੋਰਟ ਤੋਂ ਇਹ ਪਤਾ ਚਲਦਾ ਹੈ ਕਿ ਘੱਗਰ ਦਰਿਆ ਵਿਚ ਗੰਦਾ ਪਾਣੀ ਸੁੱਟਣ ਲਈ ਹਿਮਾਚਲ, ਹਰਿਆਣਾ ਅਤੇ ਪੰਜਾਬ ਰਾਜ ਜ਼ਿੰਮੇਵਾਰ ਹਨ। ਘੱਗਰ ਦਰਿਆ ਦੇ ਪਾਣੀ ਨੂੰ ਖਰਾਬ ਕਰਨ ਲਈ ਹਿਮਾਚਲ ਅਤੇ ਹਰਿਆਣਾ ਰਾਜ ਪਹਿਲਾਂ ਹੀ ਜ਼ਿੰਮੇਵਾਰ ਹੈ, ਜਿਨ੍ਹਾਂ ਰਾਜਾਂ ਵਿਚੋਂ ਇਹ ਦਰਿਆ ਪਹਿਲਾਂ ਨਿਕਲਦਾ ਹੈ। ਇਹ ਮਾਮਲਾ ਸੈਂਟਰਲ ਪ੍ਰਦੂਸ਼ਣ ਰੋਕਥਾਮ ਬੋਰਡ, ਨਵੀਂ ਦਿੱਲੀ ਦੁਆਰਾ ਤਿੰਨਾਂ ਰਾਜਾਂ ਨਾਲ ਮਿਲ ਕੇ ਵਿਚਾਰਿਆ ਜਾ ਰਿਹਾ ਹੈ ਕਿ ਘੱਗਰ ਦਰਿਆ ਵਿਚ ਪ੍ਰਦੂਸ਼ਣ ਨਾ ਹੋਵੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜਾ ਵਿਸਥਾਰ ਦੇ ਨਾਲ ਦਸਿਆ ਹੈ ਲੇਕਿਨ ਜਿਸ ਤਰ੍ਹਾਂ ਪਿਛੇ ਜਿਹੇ ਤੁਸੀਂ ਸੈਲਾ ਖੁਰਦ ਦੇ ਲਈ ਹਾਊਸ ਦੀ ਇਕ ਕਮੇਟੀ ਕਾਂਸਟੀਚਿਊਟ ਕੀਤੀ ਸੀ ਅਤੇ ਰਿਪੋਰਟ ਲਈ ਸੀ ਉਸੇ ਤਰ੍ਹਾਂ ਇਸ ਦੇ ਲਈ ਇਕ ਐਮ. ਐਲ. ਏਜ਼. ਦੀ ਕਮੇਟੀ ਕਾਂਸਟੀਚਿਊਟ ਕਰ ਦਿੱਤੀ ਜਾਵੇ ਜਿਹੜੀ ਤੁਹਾਨੂੰ ਇਕ ਮਹੀਨੇ ਦੇ ਵਿਚ ਰਿਪੋਰਟ ਦੇਵੇ। ਇਥੇ ਦਸਿਆ ਗਿਆ ਹੈ ਕਿ ਮਹਿਕਮੇ ਵੱਲੋਂ ਇਨਕੁਆਇਰੀਆਂ ਚਲ ਰਹੀਆਂ ਹਨ। ਇਸ ਗੰਦੇ ਪਾਣੀ ਦੇ ਨਾਲ

40 ਪਿੰਡ ਪ੍ਰਭਾਵਿਤ ਹੋਏ ਹਨ ਅਤੇ ਪਾਣੀ ਦੀ ਸੀਪੇਜ ਹੋ ਰਹੀ ਹੈ ਅਤੇ ਮਹਿਕਮੇ ਵੱਲੋਂ ਇਨਕੁਆਇਰੀਆਂ ਚਲਦੀਆਂ ਰਹਿੰਦੀਆਂ ਹਨ । ਇਹ 2–3 ਫੈਕਟਰੀਆਂ ਵਾਲੇ ਬੜੇ ਪ੍ਰਭਾਵਸ਼ਾਲੀ ਵਿਅਕਤੀ ਹਨ ਜਿਸ ਕਰਕੇ ਉਹ ਰਿਪੋਰਟ ਨੂੰ ਰੁਕਵਾ ਲੈਂਦੇ ਹਨ । ਮੈਂ ਬੇਨਤੀ ਕਰਾਂਗਾ ਕਿ ਇਸ ਹਾਊਸ ਦੇ 3–4 ਮੈਂਬਰਾਂ ਦੀ ਇਕ ਕਮੇਟੀ ਕਾਂਸਟੀਚਿਊਟ ਕਰ ਦਿੱਤੀ ਜਾਵੇ ਜਿਹੜੀ ਹਾਊਸ ਨੂੰ ਇਕ ਮਹੀਨੇ ਦੇ ਵਿਚ ਰਿਪੋਰਟ ਦੇਵੇ ਤਾਂ ਕਿ ਉਸ ਰਿਪੋਰਟ ਮੁਤਾਬਿਕ ਸਰਕਾਰ ਕੋਈ ਐਕਸ਼ਨ ਲੈ ਸਕੇ ਕਿਉਂਕਿ ਉਥੇ ਲੋਕਾਂ ਦਾ ਜੀਣਾ ਬੜਾ ਦੁੱਭਰ ਹੋ ਗਿਆ ਹੈ ।

ਮੰਤਰੀ : ਸਪੀਕਰ ਸਾਹਿਬ, ਦੋ ਫੈਕਟਰੀਆਂ ਐਸੀਆਂ ਹਨ ਜਿਨ੍ਹਾਂ ਨੇ ਆਪਣੀਆਂ ਫੈਕਟਰੀਆਂ ਦਾ ਗੰਦਾ ਪਾਣੀ ਸੁਟਣਾ ਹਾਲੇ ਬੰਦ ਨਹੀਂ ਕੀਤਾ । ਸਰਕਾਰ ਵਲੋਂ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਕਿ ਜੇਕਰ ਉਨ੍ਹਾਂ ਨੇ ਪਾਣੀ ਸੁਟਣਾ ਬੰਦ ਨਾ ਕੀਤਾ ਤਾਂ ਸਰਕਾਰ ਵਲੋਂ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ । ਇਸ ਤੋਂ ਇਲਾਵਾ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਹਿਰਾਂ ਦਾ ਗੰਦਾ ਪਾਣੀ ਘੱਗਰ ਵਿਚ ਪੈਂਦਾ ਹੈ, ਇਸ ਸਬੰਧ ਵਿਚ ਪੁੱਡਾ ਨੇ ਇਕ ਸਕੀਮ ਬਣਾਈ ਹੈ । ਇਸ ਸਕੀਮ ਦੇ ਲਾਗੂ ਹੋਣ ਨਾਲ ਉਮੀਦ ਹੈ ਕਿ ਇਸ ਦਾ ਹੱਲ ਹੋ ਜਾਵੇਗਾ । ਇਸੇ ਤਰ੍ਹਾਂ ਰਾਜਪੁਰਾ ਅਤੇ ਡੇਰਾ-ਬੱਸੀ ਦੀਆਂ ਮਿਊਂਸਪਲ ਕਮੇਟੀਜ਼ ਨੇ ਇਕ ਨਵੀਂ ਟੈਕਨਾਲੌਜੀ 'ਡੈਕਟ ਬੀ ਟੈਕਨੌਲਜੀ' ਦਾ ਇਸਤੇਮਾਲ ਕਰਕੇ ਆਪਣੇ ਪਾਣੀ ਵਿਚ ਸੁਧਾਰ ਲਿਆਂਦਾ ਹੈ ਅਤੇ ਘੱਗਰ ਦੀ ਪੋਲਿਊਸ਼ਨ ਨੂੰ ਰੋਕਣ ਲਈ ਕਦਮ ਪੁੱਟੇ ਹਨ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਤੁਸੀਂ 3–4 ਐਮ. ਐਲ. ਏਜ਼. ਦੀ ਕਮੇਟੀ ਇਸ ਸਬੰਧ ਵਿਚ ਕਾਂਸਟੀਚਿਊਟ ਕਰ ਦੇਵੋ ਜਿਹੜੀ ਹਾਊਸ ਨੂੰ ਰਿਪੋਰਟ ਦੇਵੇ ।

ਸ਼੍ਰੀ ਸਪੀਕਰ : ਪਹਿਲੇ ਮਹਿਕਮੇ ਨੂੰ ਆਪਣਾ ਕੰਮ ਕਰ ਲੈਣ ਦਿਓ । ਅਗਰ ਤੁਹਾਡੀ ਤਸੱਲੀ ਨਹੀਂ ਹੋਵੇਗੀ ਫੇਰ ਦੇਖ ਲਵਾਂਗੇ । ਹੁਣ ਪੀ. ਏ. ਸੀ. ਦੇ ਚੇਅਰਮੈਨ ਰਿਪੋਰਟ ਪੇਸ਼ ਕਰਨਗੇ ।

PRESENTATION OF REPORTS OF THE COMMITTEE

ਸਭਾਪਤੀ, ਲੋਕ-ਲੇਖਾ ਕਮੇਟੀ (ਪ੍ਰੋਫੈਸਰ ਜਗੀਰ ਸਿੰਘ) : ਸ੍ਰੀਮਾਨ ਜੀ, ਮੈਂ

(i) "ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਲਾਂ 1987-88, 1988-89, 1989-90 ਅਤੇ 1990-91 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1987-88, 1988-89, 1989-90 ਅਤੇ 1990-91 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 117ਵੀਂ ਰਿਪੋਰਟ ।

[ਪ੍ਰੋਫੈਸਰ ਜਗੀਰ ਸਿੰਘ]

(ii) ਜੰਗਲਾਤ ਵਿਭਾਗ ਨਾਲ ਸਬੰਧਤ ਸਾਲਾਂ 1986-87, 1989-90 ਅਤੇ 1990-91 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1986-87, 1989-90 ਅਤੇ 1990-91 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ-ਲੇਖਾ ਕਮੇਟੀ ਦੀ 118ਵੀਂ ਰਿਪੋਰਟ; ਅਤੇ

(iii) ਖੇਤੀਬਾੜੀ ਵਿਭਾਗ ਨਾਲ ਸਬੰਧਤ ਸਾਲਾਂ 1992-93 ਅਤੇ 1994-95 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲਾਂ 1992-93 ਅਤੇ 1994-95 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਸਿਵਲ) ਤੇ ਲੋਕ-ਲੇਖਾ ਕਮੇਟੀ ਦੀ 119ਵੀਂ ਰਿਪੋਰਟ ਪੇਸ਼ ਕਰਦਾ ਹਾਂ ।

RESOLUTION RE: EVOLVING A SCHEME FOR THE CONSTRUCTION OF SHAHEED-E-AZAM SARDAR BHAGAT SINGH BHAVANS AT BLOCK LEVEL IN THE STATE

ਸ੍ਰੀ ਸਪੀਕਰ : ਕਾਮਰੇਡ ਅਜੈਬ ਸਿੰਘ ਰੌਂਤਾ ਜੀ, ਹੁਣ ਤੁਸੀਂ ਅਗਲੀ ਸਾਹਿਬ ਵਲੋਂ ਦਿੱਤਾ ਗਿਆ ਆਪਣਾ ਮਤਾ ਪੇਸ਼ ਕਰੋ ।

ਕਾਮਰੇਡ ਅਜੈਬ ਸਿੰਘ ਰੌਂਤਾ : ਸ੍ਰੀਮਾਨ ਜੀ, ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ—

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਰਾਜ ਵਿਚ ਬਲਾਕ ਪੱਧਰ ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਭਵਨਾਂ ਦੀ ਉਸਾਰੀ ਲਈ ਇਕ ਸਕੀਮ ਬਣਾਵੇ ਅਤੇ ਇਸ ਮੰਤਵ ਲਈ ਵਿਸ਼ੇਸ਼ ਫੰਡ ਮੁਹੱਈਆ ਕਰੇ ।"

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਰਾਜ ਵਿਚ ਬਲਾਕ ਪੱਧਰ ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਭਵਨਾਂ ਦੀ ਉਸਾਰੀ ਲਈ ਇਕ ਸਕੀਮ ਬਣਾਵੇ ਅਤੇ ਇਸ ਮੰਤਵ ਲਈ ਵਿਸ਼ੇਸ਼ ਫੰਡ ਮੁਹੱਈਆ ਕਰੇ ।"

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ. ਸੀ.) : ਸਪੀਕਰ ਸਾਹਿਬ, ਹਿੰਦੁਸਤਾਨ ਜਿਥੇ ਗੁਰੂਆਂ, ਪੀਰਾਂ ਦੀ ਧਰਤੀ ਹੈ, ਇਸ ਦੇ ਵਿਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸ਼ਹੀਦੀ ਦਿਤੀ ਅਤੇ ਹੋਰ ਬਹੁਤ ਸਾਰੇ ਸੁਤੰਤਰਤਾ ਸੰਗਰਾਮੀਏ ਪੈਦਾ ਹੋਏ ਜਿਨ੍ਹਾਂ ਵਿਚ ਸਰਦਾਰ ਭਗਤ ਸਿੰਘ ਜੀ

ਦਾ ਨਾਂ ਪੰਜਾਬ ਦੇ ਵਿੱਚ ਉਨ੍ਹਾਂ ਦੇਸ਼ ਭਗਤਾਂ ਦੇ ਵਿਚੋਂ ਨੰਬਰ 1 ਤੇ ਆਉਂਦਾ ਹੈ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਅੰਗਰੇਜ਼ ਸਾਮਰਾਜ ਦੇ ਖਿਲਾਫ਼ ਲੜਾਈ ਹੀ ਨਹੀਂ ਲੜੀ ਸਗੋਂ ਉਹ ਉਸ ਲੜਾਈ ਨੂੰ ਇਥੇ ਤਕ ਲੈ ਕੇ ਆਏ ਕਿ ਉਸ ਲੜਾਈ ਵਿਚ ਅੰਗਰੇਜ਼ਾਂ ਨੂੰ ਹਿੰਦੁਸਤਾਨ ਦੇ ਵਿਚੋਂ ਜਾਣਾ ਪਿਆ। ਉਨ੍ਹਾਂ ਨੇ ਹਿੰਦੁਸਤਾਨ ਨੂੰ ਅਜ਼ਾਦੀ ਦਿਵਾਈ। ਇਸ ਮਤੇ ਰਾਹੀਂ ਮੈਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਹਿੰਦੁਸਤਾਨ ਦੇ ਪ੍ਰਤੀ ਯੋਗਦਾਨ ਨੂੰ ਹਾਊਸ ਦੇ ਸਾਹਮਣੇ ਰੱਖਣ ਦਾ ਸੁਭਾਗ ਪ੍ਰਾਪਤ ਕਰ ਰਿਹਾ ਹਾਂ। ਸਪੀਕਰ ਸਾਹਿਬ, ਸਰਦਾਰ ਭਗਤ ਸਿੰਘ 1907 ਵਿਚ ਸਰਦਾਰ ਕਿਸ਼ਨ ਸਿੰਘ ਜੀ ਦੇ ਘਰ ਪੈਦਾ ਹੋਏ। ਉਨ੍ਹਾਂ ਦੇ ਚਾਚਾ ਜੀ ਸਰਦਾਰ ਅਜੀਤ ਸਿੰਘ ਜਲਾਵਤਨ ਹੋਏ ਸਨ। ਦੂਜੇ ਚਾਚਾ ਸਰਦਾਰ ਸਵਰਨ ਸਿੰਘ ਜੀ ਦੀ ਅੰਗਰੇਜ਼ਾਂ ਵੱਲੋਂ ਭੈੜੇ ਵਰਤਾਓ ਕਰਕੇ ਉਨ੍ਹਾਂ ਦੀ ਜੇਲ੍ਹ ਵਿਚ ਹੀ ਮੌਤ ਹੋ ਗਈ ਸੀ। ਸਰਦਾਰ ਭਗਤ ਸਿੰਘ ਜਦੋਂ 9ਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਉਹ ਉਸ ਵੇਲੇ ਹੀ ਇਨਕਲਾਬੀ ਲਹਿਰ ਵਿਚ ਕੁੱਦ ਪਏ ਸਨ। ਹਿੰਦੁਸਤਾਨ ਵਿਚ ਉਸ ਵੇਲੇ ਗੋਰੇ ਰਾਜ ਕਰਦੇ ਸਨ ਅਤੇ ਹਿੰਦੁਸਤਾਨ ਦੇ ਲੋਕਾਂ ਉਪਰ ਬਹੁਤ ਅਤਿਆਚਾਰ ਕੀਤਾ ਜਾਂਦਾ ਸੀ। ਇਸ ਅਤਿਆਚਾਰ ਕਾਰਨ ਸਰਦਾਰ ਭਗਤ ਸਿੰਘ ਜੀ ਦੇ ਮਨ ਨੂੰ ਬਹੁਤ ਸੱਟ ਲਗੀ ਤਾਂ ਉਹ ਬੀ. ਕੇ. ਦੱਤ, ਕਰਤਾਰ ਸਿੰਘ ਸਰਾਭਾ ਅਤੇ ਲਾਲਾ ਲਾਜਪਤ ਰਾਏ ਜੀ ਨਾਲ ਸ਼ਾਮਿਲ ਹੋ ਗਏ। ਉਨ੍ਹਾਂ ਨੇ ਅੰਗਰੇਜ਼ਾਂ ਦੇ ਜ਼ੁਲਮ ਦੇ ਖਿਲਾਫ ਲੜਾਈ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ। ਸਰਦਾਰ ਭਗਤ ਸਿੰਘ ਆਪਣੀ ਪੜ੍ਹਾਈ ਵਿਚੇ ਹੀ ਛੱਡ ਕੇ 1924 ਵਿਚ ਕਾਨਪੁਰ ਚਲੇ ਗਏ ਅਤੇ ਕਾਨਪੁਰ ਜਾ ਕੇ ਗਦਰੀ ਬਾਬਾ ਸੋਹਣ ਸਿੰਘ ਭਕਨਾ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਹਿੱਸਾ ਪਾਇਆ। ਸਪੀਕਰ ਸਾਹਿਬ, ਇਕ ਸ਼ਾਇਰ ਦੀ ਕਲਮ ਨਾਲ ਇਸ ਗੱਲ ਦਾ ਜ਼ਿਕਰ ਆਉਂਦਾ ਹੈ—

"ਰਾਜ ਗੁਰੂ, ਕਰਤਾਰ ਤੇ ਭਗਤ ਸਿੰਘ ਜੀ, ਇਕੋ ਵਿਚ ਸਕੂਲ ਦੇ ਪੜ੍ਹੇ ਤਿੰਨੇ।
ਇਕੋ ਉਮਰ ਤੇ ਨਕਸ਼ ਨੁਹਾਰ ਇਕੋ, ਜਾਣੇ ਗਈ ਜਵਾਨ ਸੀ ਬੜੇ ਤਿੰਨੇ।
ਇਕੋ ਕੰਮ ਬਦਲੇ ਇਕੋ ਟਾਈਮ ਉਤੇ, ਇਕੋ ਸਮੇਂ ਸੀ ਫਾਸੀ ਤੇ ਚੜ੍ਹੇ ਤਿੰਨੇ।
ਅੰਤ ਵੇਲੇ ਵੀ ਜਮਾਂ ਇਕ ਜਾਨ ਹੋਕੇ, ਇਕੋ ਚਿਖਾ ਵਿਚ ਆਖ਼ਿਰ ਨੂੰ ਸੜੇ ਤਿੰਨੇ।"

ਜਿਸ ਦਾ ਜ਼ਿਕਰ ਦੇਸ਼ ਭਗਤਾਂ ਦੇ ਨਾਲ ਆਉਂਦਾ ਹੈ। ਇਸ ਨਾਲ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਮਾਜ ਦੇ ਸਾਹਮਣੇ, ਲੋਕਾਂ ਦੇ ਸਾਹਮਣੇ ਹੈਰਾਨ ਕਰਨ ਵਾਲੀ ਗੱਲ ਹੈ। ਇਸ ਤੋਂ ਬਾਅਦ 1926 ਵਿਚ ਸਰਦਾਰ ਭਗਤ ਸਿੰਘ ਜੀ ਨੇ ਜਥੇਬੰਦੀ ਬਣਾਈ ਅਤੇ ਉਸ ਦੇ ਉਹ ਆਪ ਜਨਰਲ ਸੈਕਟਰੀ ਬਣੇ ਸਨ। ਬਹੁਤ ਸਾਰੇ ਬੰਗਾਲੀਆਂ ਨੇ ਸਰਦਾਰ ਭਗਤ ਸਿੰਘ ਜੀ ਦਾ ਸਾਥ ਦਿੱਤਾ। ਹਿੰਦੁਸਤਾਨ ਸੋਸ਼ਲਿਸਟਿਕਸ ਰਿਪਬਲੀਕਨ ਦਾ ਨਾਂ ਰਖਿਆ ਗਿਆ। ਸਰਦਾਰ ਭਗਤ ਸਿੰਘ ਜੀ ਨੂੰ ਆਪਣੇ ਚਾਚਾ ਜੀ ਤੋਂ ਅਤੇ ਆਪਣੇ ਪਿਤਾ ਜੀ ਤੋਂ ਜੋ ਦੇਸ਼ ਦੇ ਹਿੱਤਾਂ ਵਾਸਤੇ ਸਿੱਖਿਆ ਮਿਲੀ ਸੀ ਉਸ ਨੂੰ ਉਨ੍ਹਾਂ ਨੇ ਆਖਰੀ ਦਮ ਤਕ ਨਿਭਾਇਆ। ਆਖਿਰ ਤੱਕ ਸਵਤੰਤਰਤਾ ਸੰਗਰਾਮੀ ਸਾਥੀਆਂ ਨਾਲ, ਗਦਰੀ ਬਾਬਾ ਅਤੇ ਨਾਮਧਾਰੀ ਕੂਕਾ ਲਹਿਰ ਦੇ ਸਾਥੀਆਂ ਨਾਲ ਸਾਥ ਦਿੱਤਾ। ਸਪੀਕਰ ਸਾਹਿਬ, ਇਕ

[ਕਾਮਰੇਡ ਅਜੈਬ ਸਿੰਘ ਰੌਂੜਾ]

ਸ਼ਾਇਰ ਨੇ ਉਸ ਸਮੇਂ ਉਸ ਆਜ਼ਾਦੀ ਨੂੰ ਮਿਹਣਾ ਮਾਰਦਿਆਂ ਲਿਖਿਆ ਹੈ ਕਿ....

"ਤੇਰੀ ਖਾਤਰ ਅਜ਼ਾਦੀਏ ਛੱਡਿਆ ਸੀ ਵਤਨ ਪਿਆਰੇ ਨੂੰ,
ਜੋਬਨ ਰੁੱਤੇ ਮਰ ਗਏ ਲੱਖਾਂ ਚਾਕ ਵਿਚਾਰੇ !
ਪਹਿਲਾਂ ਫੌਜਾਂ ਦੇ ਵਿਚ ਗਦਰ ਕਰਾਇਆ ਤੇਰੇ ਲਈ,
ਲਹਿਰਾਂ ਫਿਰ ਚਲਾਈਆਂ ਵਿਚ ਮੁਲਕ ਦੇ ਸਾਰੇ।
ਕਰਕੇ ਫੀਤਾ ਫੀਤਾ ਤੋਪਾਂ ਦੇ ਨਾਲ ਕੂਕੇ ਸੀ,
ਬਰਮਾਂ ਜੇਲ੍ਹ ਦੇ ਅੰਦਰ ਰਾਮ ਸਿੰਘ ਨੂੰ ਪਾਇਆ ।
ਡੁੱਲ੍ਹਿਆ ਖੂਨ ਦੇਖ ਕੇ ਅਣਖ ਜਾਗ ਪਈ ਸ਼ੇਰ ਦੀ,
ਬਦਲਾ ਊਧਮ ਸਿੰਘ ਨੇ ਲੰਡਨ ਜਾ ਚੁਕਵਾਇਆ ।"

ਜਦੋਂ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ 'ਸਾਈਮਨ ਕਮਿਸ਼ਨ' ਗੋ ਬੈਕ' ਦੀ ਗੱਲ ਚਲੀ। ਅੰਮ੍ਰਿਤਸਰ ਦੇ ਉਹ ਜਲ੍ਹਿਆਂਵਾਲਾ ਬਾਗ ਦੇ ਸਾਕੇ ਨੂੰ ਦਿਲੋਂ ਨਹੀਂ ਭੁਲਾਇਆ ਜਾ ਸਕਦਾ ਜਿਥੇ ਵਿਸਾਖੀ ਵਾਲੇ ਦਿਨ ਨਿਹੱਥੇ ਲੋਕਾਂ ਉਪਰ ਅੰਗਰੇਜ਼ ਜਨਰਲ ਡਾਇਰ ਨੇ ਲੋਕਾਂ ਨੂੰ ਸੰਗੀਨਾਂ ਦੇ ਨਾਲ, ਮਸ਼ੀਨ ਗੰਨਾਂ ਦੇ ਨਾਲ ਅਤੇ ਗੋਲੀਆਂ ਦੇ ਨਾਲ ਵਿੰਨ੍ਹਿਆ । ਫਿਰ ਉਥੇ ਇਹ ਨਹੀਂ ਸੀ ਪਤਾ ਲਗਦਾ ਕਿ ਖੂਨ ਕਿਸ ਦਾ ਹੈ, ਇਹ ਸਿੱਖ ਦਾ ਹੈ, ਹਿੰਦੂ ਦਾ ਹੈ ਜਾਂ ਇਸਾਈ ਦਾ ਹੈ। ਇਹ ਖੂਨ ਡੁੱਲ੍ਹਾ ਸੀ ਸਭ ਦੇ ਸਾਂਝੇ ਹਿਤਾਂ ਲਈ, ਹਿੰਦੁਸਤਾਨ ਦੀ ਰਖਵਾਲੀ ਦੇ ਲਈ, ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਲਈ । ਇਸ ਤੇ ਦੇਸ਼ ਭਗਤਾਂ ਨੇ ਕੀ ਸੋਚਿਆ ? ਉਨ੍ਹਾਂ ਸੋਚਿਆ ਕਿ ਸਾਡੇ ਲਾਲਾ ਲਾਜਪਤ ਰਾਏ ਨੂੰ ਜਿਸਨੂੰ ਡਾਂਗਾਂ ਦਾ ਨਿਸ਼ਾਨਾ ਬਣਾ ਕੇ ਗੋਰੇ ਅੰਗਰੇਜ਼ ਨੇ ਮਾਰਿਆ ਹੈ, ਅਸੀਂ ਉਸਦਾ ਜਵਾਬ ਉਸਨੂੰ ਗੋਲੀਆਂ ਨਾਲ ਦੇਣਾ ਚਾਹੁੰਦੇ ਹਾਂ । ਇਸ ਤੇ ਭਗਤ ਸਿੰਘ ਨੇ ਉਥੋਂ ਜਾ ਕੇ ਗੋਰੇ ਸਾਂਡਰਸ ਨੂੰ ਮਾਰਨ ਦੀ ਗੱਲ ਕੀਤੀ । ਫੇਰ ਅਸੀਂ ਦੇਖਦੇ ਹਾਂ ਕਿ ਚੰਦਰ ਸ਼ੇਖਰ ਆਜ਼ਾਦ ਨਾਲ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਤੋਂ ਬਾਅਦ ਜਦੋਂ ਭਗਤ ਸਿੰਘ ਨੇ ਓਵਰ ਕੋਟ ਤੇ ਟੋਪੀ ਪਹਿਨੀ ਸੀ ਤੇ ਕਲਕੱਤੇ ਜਾ ਕੇ ਆਪਣੇ ਸੰਘਰਸ਼ ਨੂੰ ਵਧਾਇਆ ਸੀ। ਉਸ ਸਮੇਂ ਦਿੱਲੀ ਵਿੱਚ ਦੋ ਬਿੱਲ ਪਾਸ ਹੋਣ ਜਾ ਰਹੇ ਸਨ, ਇਕ ਪੇਅ ਡਿਸਪਿਊਟਸ ਅਤੇ ਇਕ ਪਬਲਿਕ ਸੇਫਟੀ ਬਿਲ । ਉਸ ਸਮੇਂ ਫੈਸਲਾ ਕੀਤਾ ਗਿਆ ਕਿ ਸਾਥੀਆਂ ਨਾਲ ਰਲ ਕੇ ਦਿੱਲੀ ਦੀ ਅਸੈਂਬਲੀ ਵਿਚ ਬੰਬ ਸੁਟਿਆ ਜਾਵੇ । ਬੰਬ ਗੋਰੀ ਸਰਕਾਰ ਨੂੰ ਡਰਾਉਣ ਲਈ ਸੁਟਿਆ ਗਿਆ, ਉਸ ਦੇ ਬੰਦ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਸੁੱਟਿਆ ਗਿਆ

4.07* ਵਜੇ ਸ਼ਾਮ (ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਇਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੇਸ਼ ਭਗਤਾਂ ਨੇ ਆਪਣਾ ਹਿੱਸਾ ਪਾਇਆ । ਡਿਪਟੀ ਸਪੀਕਰ ਸਾਹਿਬ, ਇਸ ਮਤੇ ਦੀ ਜੋ ਮੇਨ ਗੱਲ ਬਣਦੀ ਹੈ, ਉਹ ਇਹ ਹੈ ਕਿ ਉਨ੍ਹਾਂ ਦੇ ਨਾਂ ਨੂੰ ਕਿਸ ਤਰ੍ਹਾਂ ਅੱਗੇ ਨੌਜਵਾਨਾਂ ਤੱਕ, ਆਪਣੀ ਅਗਲੀ ਜੇਨਰੇਸ਼ਨ ਵਿਚ ਲਿਆਂਦਾ

ਜਾਵੇ । ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਦਾ ਜੋ ਯੁਥ ਹੈ, ਜਿਸਨੂੰ ਨਸ਼ਿਆਂ ਵਾਲੇ ਪਾਸੇ ਤੋਰਨ ਦੀ ਗੱਲ ਕੀਤੀ ਜਾ ਰਹੀ ਹੈ, ਉਸਨੂੰ ਕਿਵੇਂ ਸਹੀ ਦਿਸ਼ਾ ਦਿਖਾਈਏ । ਅਸੀਂ ਪਿਛਲਾ ਸਮਾਂ ਹੰਢਾਇਆ ਹੈ ਅਤੇ ਜਿਸ ਤਰ੍ਹਾਂ ਲਗਾਤਾਰ 13-14 ਸਾਲ ਮਾੜੇ ਹਾਲਾਤ ਵਿਚੋਂ ਪੰਜਾਬ ਦੇ ਲੋਕ ਗੁਜ਼ਰੇ, ਅਸੀਂ ਵੀ ਅਤੇ ਤੁਸੀਂ ਵੀ, ਸਾਰੇ ਉਸ ਸਮੇਂ ਵਿਚੋਂ ਲੰਘੇ ਪਰ ਉਸ ਵਿਚੋਂ ਹੱਣ ਕੀ ਨਿਕਲਿਆ ? ਜਦੋਂ ਸੱਪ ਲੰਘ ਜਾਂਦਾ ਹੈ ਤਾਂ ਲਕੀਰ ਟੁੱਟਣ ਦੀ ਗੱਲ ਬੇਕਾਰ ਹੋ ਜਾਂਦੀ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਸਮੇਂ ਦੀ ਸਾਰੀ ਗੱਲ ਨੂੰ ਭਾਂਪਦੇ ਹੋਏ ਹਮੇਸ਼ਾ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਅਸੀਂ ਆਪਣੇ ਨੌਜਵਾਨਾਂ ਦੇ ਅੱਗੇ ਇਨ੍ਹਾਂ ਸ਼ਹੀਦਾਂ ਦਾ ਆਦਰਸ਼ ਰੱਖਣਾ ਹੈ । ਇਸ ਵਿਚ ਸਾਨੂੰ ਵੀ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ । ਮੈਂ ਅੱਗੇ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ 8 ਅਪ੍ਰੈਲ, 1929 ਨੂੰ ਬੰਬ ਸੁਟਿਆ ਗਿਆ ਅਤੇ 10 ਅਪ੍ਰੈਲ ਤੱਕ ਉਨ੍ਹਾਂ ਦੇ ਬਹੁਤ ਸਾਰੇ ਸਾਥੀ ਫੜ ਲਏ ਗਏ । ਉਸ ਤੋਂ ਬਾਅਦ ਭਗਤ ਸਿੰਘ ਹੋਰਾਂ ਨੇ ਬਹੁਤ ਲੰਬੀ ਭੁੱਖ ਹੜਤਾਲ ਰੱਖੀ । ਉਹ ਅੰਗਰੇਜ਼ ਸ਼ਾਸਨ ਦੇ ਖਿਲਾਫ ਸੀ ਅਤੇ ਉਸ ਨੂੰ ਉਸਨੇ ਝੁਕਾਇਆ । ਜਦੋਂ ਅਸੀਂ ਇਸ ਤੋਂ ਬਾਅਦ ਅੱਜ ਦੇ ਸਮੇਂ ਦਾ ਉਸ ਸਮੇਂ ਦੇ ਨਾਲ ਮੁਲਾਂਕਣ ਕਰਦੇ ਹਾਂ ਤਾਂ ਉਹ ਦਿਨ ਵੀ ਯਾਦ ਆਉਂਦਾ ਹੈ ਜਦੋਂ 7 ਅਕਤੂਬਰ, 1930 ਦਾ ਦਿਹਾੜਾ ਸੀ ਜਦੋਂ ਪੰਜਾਬ ਦੇ ਉਨ੍ਹਾਂ ਸੂਰਬੀਰਾਂ ਨੂੰ, ਬਹਾਦੁਰਾਂ ਨੂੰ, ਦੇਸ਼ ਭਗਤਾਂ ਨੂੰ, ਫਾਂਸੀ ਦੀ ਸਜ਼ਾ ਸੁਣਾਈ ਗਈ । ਸਜ਼ਾ ਨੂੰ ਸੁਣ ਕੇ ਹਿੰਦੁਸਤਾਨ ਦੇ ਬਹਾਦਰ ਲੋਕਾਂ ਨੂੰ, ਪੰਜਾਬ ਦੇ ਸਮੁੱਚੇ ਲੋਕਾਂ ਨੂੰ ਸਮਝ ਆਈ ਕਿ ਇਸ ਕਰਕੇ, ਇਸ ਗੱਲੋਂ ਕਿ ਉਨ੍ਹਾਂ ਦੇਸ਼ ਭਗਤਾਂ ਨੂੰ ਜਿਨ੍ਹਾਂ ਨੇ ਕੁਰਬਾਨੀ ਕੀਤੀ, ਸਾਮਰਾਜ ਦੀਆਂ ਜੜ੍ਹਾਂ ਪੁੱਟ ਕੇ ਸਮੁੰਦਰ ਦੇ ਪਾਣੀ ਵਿਚ ਸੁੱਟਣ ਦੀ ਗੱਲ ਕੀਤੀ, ਅੱਜ ਉਨ੍ਹਾਂ ਦੇ ਯੋਗ ਕਾਰਵਾਈ ਨਾ ਕਰਨ ਸਦਕਾ ਉਨ੍ਹਾਂ ਨਾਲ ਅਜਿਹੀ ਗੱਲ ਵਾਪਰੀ । ਮੈਂ ਅੱਜ ਦੇ ਦਿਨ ਇਹ ਕਹਿਣਾ ਚਾਹੁੰਦਾ ਹਾਂ ਕਿ 23 ਮਾਰਚ, 1931 ਵਾਲਾ ਦਿਨ ਸਾਡੇ ਹਿੰਦੁਸਤਾਨ ਦੇ ਲੋਕਾਂ ਨੂੰ ਕਦੇ ਵੀ ਨਹੀਂ ਭੁੱਲ ਸਕਦਾ । ਅੰਗਰੇਜ਼ ਸ਼ਾਸਕ ਇਹ ਸਮਝਦੇ ਸਨ ਕਿ ਜਦ ਅਸੀਂ ਇਨ੍ਹਾਂ ਨੂੰ ਫਾਂਸੀ ਤੇ ਚੜ੍ਹਾਵਾਂਗੇ ਤਾਂ ਸਾਡੇ ਨਾਲ ਦੁਸ਼ਮਣੀ ਕਰਨ ਵਾਲੇ ਲੋਕ ਬਗਾਵਤ ਕਰ ਸਕਦੇ ਹਨ ਅਤੇ ਗੜਬੜੀ ਹੋ ਸਕਦੀ ਹੈ, ਇਸ ਕਰਕੇ ਰਾਤੋਂ ਰਾਤ ਉਨ੍ਹਾਂ ਨੂੰ ਲਾਹੌਰ ਜੇਲ੍ਹ ਵਿਚ ਸ਼ਹੀਦ ਕੀਤਾ ਗਿਆ । ਉਨ੍ਹਾਂ ਨੂੰ ਫਾਂਸੀ ਦੇ ਤਖ਼ਤੇ ਤੇ ਚੜ੍ਹਾਇਆ ਗਿਆ । ਉਨ੍ਹਾਂ ਦੀਆਂ ਲਾਸ਼ਾਂ ਨੂੰ ਡੱਬਿਆਂ ਵਿਚ ਬੰਦ ਕੀਤਾ ਗਿਆ ਅਤੇ ਫਿਰ ਹੁਸੈਨੀ ਵਾਲਾ ਲਿਜਾਇਆ ਗਿਆ । ਫਿਰ ਦਰਿਆ ਦੇ ਕੰਢੇ ਉਪਰ ਉਨ੍ਹਾਂ ਨੂੰ ਉਸ ਥਾਂ ਉਪਰ ਸਾੜਿਆ ਗਿਆ ਜਿਥੇ ਅਸੀਂ ਸਾਲ ਦੇ ਸਾਲ ਉਨ੍ਹਾਂ ਦਾ ਜਨਮ ਦਿਹਾੜਾ ਮਨਾਉਂਦੇ ਹਾਂ । ਮੈਨੂੰ ਇਹ ਗੱਲ ਕਹਿੰਦੇ ਹੋਏ ਬਹੁਤ ਦੁੱਖ ਹੁੰਦਾ ਹੈ—

"ਕੁਰਸੀ ਅਤੇ ਤਾਕਤ ਦੇ ਭੁੱਖੇ, ਚੌਧਰ ਦੇ ਭੁੱਖੇ,
ਕੁਰਸੀਆਂ ਉਪਰ ਬਠਾਏ ਗਏ ।
ਪਰ ਰਾਜਗੁਰੂ, ਸੁਖਦੇਵ, ਭਗਤ ਸਿੰਘ,
ਫੁੱਲਾਂ ਜੋਗੇ ਰਹਿ ਗਏ ।"

[ਕਾਮਰੇਡ ਅਜੈਬ ਸਿੰਘ ਰੋੜਾ]

ਸਾਲ ਦੇ ਸਾਲ ਉਨ੍ਹਾਂ ਦੇ ਗਲਾਂ ਵਿਚ ਫੁੱਲ ਪਾਏ ਜਾਂਦੇ ਹਨ, ਕਸਮਾਂ ਖਾਧੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਲੇਕਿਨ ਉਹ ਸਾਰੀਆਂ ਗੱਲਾਂ ਫੋਕੀ ਤੇ ਸੁੱਕੀ ਲਿਫਾਫੇਬਾਜ਼ੀ ਬਣ ਕੇ ਰਹਿ ਜਾਂਦੀਆਂ ਹਨ। ਛੋਟੀਆਂ ਛੋਟੀਆਂ ਗੱਲਾਂ ਉੱਪਰ ਅਸੀਂ ਇਕ ਦੂਜੇ ਉੱਪਰ ਚਿੱਕੜ ਸੁੱਟਣ ਲੱਗ ਜਾਂਦੇ ਹਾਂ। ਅਸੀਂ ਇਕ ਦੂਜੇ ਨੂੰ ਕਹਿੰਦੇ ਹਾਂ— ਇਹ ਮੈਂ ਨਹੀਂ ਕੀਤਾ, ਉਸ ਨੇ ਕੀਤਾ ਹੈ, ਇਹ ਕੰਮ ਮੈਂ ਕਰ ਸਕਦਾ ਹਾਂ, ਉਹ ਨਹੀਂ ਕਰ ਸਕਦਾ। ਮੈਂ ਕਹਿਣਾ ਚਾਹੁੰਦਾ ਹਾਂ—

"ਕਰਨਾ ਹੋਵੇ ਜੇ ਮੋਰਚਾ ਫਤਹਿ ਕੋਈ,
ਪਹਿਲਾਂ ਆਪਣਾ ਸੀਸ ਕਟਾਉਣਾ ਸਿੱਖੋ।
ਬੁਝਦੀ ਹੁੰਦੀ ਹੈ ਕਿਸੇ ਦੀ ਫੇਰ ਮਗਰੋਂ,
ਪਹਿਲਾਂ ਆਪਣੀ ਲੱਗੀ ਬੁਝਾਉਣਾ ਸਿੱਖੋ।"

ਅੱਜ ਜਦ ਅਸੀਂ ਉਸ ਮਹਾਨ ਸ਼ਹੀਦ ਸਰਦਾਰ ਭਗਤ ਸਿੰਘ ਦੀ ਗੱਲ ਕਰ ਰਹੇ ਹਾਂ ਤਾਂ ਨਾਲ ਹੀ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਗੱਲ ਵੀ ਕਰ ਰਹੇ ਹਾਂ, ਲਾਲਾ ਲਾਜਪਤ ਰਾਏ ਦੀ ਗੱਲ ਕਰ ਰਹੇ ਹਾਂ ਅਤੇ ਨਾਮਧਾਰੀ ਕੂਕਿਆਂ ਦੀ ਗੱਲ ਵੀ ਕਰ ਰਹੇ ਹਾਂ। ਅਸੀਂ ਗਦਰੀ ਬਾਬਿਆਂ ਦੀ ਗੱਲ ਵੀ ਕਰ ਰਹੇ ਹਾਂ ਜਿਨ੍ਹਾਂ ਨੂੰ ਬਜ ਬਜ ਦੇ ਘਾਟ ਤੇ ਗੋਲੀਆਂ ਨਾਲ ਭੁੰਨਿਆ ਗਿਆ ਸੀ। ਉਨ੍ਹਾਂ ਦੀਆਂ ਕੁਰਬਾਨੀਆਂ ਦੇ ਉਲਟ ਅਸੀਂ ਅੱਜ ਆਪ ਇਕ ਦੂਜੇ ਦੀਆਂ ਗੱਲਾਂ ਵਿਚ ਫਸ ਜਾਂਦੇ ਹਾਂ। ਚਿੱਕੜਬਾਜ਼ੀ ਅਤੇ ਦੂਸ਼ਣਬਾਜ਼ੀ ਕਰਨ ਕਰਕੇ ਇਕ ਦੂਜੇ ਨੂੰ ਨੀਵਾਂ ਦਿਖਾਉਣ ਲੱਗ ਜਾਂਦੇ ਹਾਂ। ਅਸੀਂ ਇਹ ਨਹੀਂ ਵੇਖਦੇ ਕਿ ਚਿੱਕੜ ਨਾਲ ਚਿੱਕੜ ਨੂੰ ਧੋਤਾ ਨਹੀਂ ਜਾ ਸਕਦਾ। ਚਿੱਕੜ ਧੋਣ ਲਈ ਤਾਂ ਪਾਣੀ ਦੀ ਲੋੜ ਪੈਂਦੀ ਹੈ ਅਤੇ ਪਾਣੀ ਸਾਡਾ ਆਪਣਾ ਹੈ। ਸਾਡੇ ਕੋਲ ਆਪਣੇ ਸਤਲੁਜ ਦਾ ਪਾਣੀ ਹੈ। ਸਾਡੇ ਕੋਲ ਪੰਜ ਦਰਿਆਵਾਂ ਦਾ ਪਾਣੀ ਹੈ ਜਿਸ ਤੇ ਸਾਨੂੰ ਨਾਜ਼ ਹੈ, ਮਾਣ ਹੈ। ਇਸ ਪਾਣੀ ਤੇ ਸਾਡੇ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਮਾਣ ਹੈ। ਮੈਂ ਗੱਲ ਕਰ ਰਿਹਾ ਹਾਂ ਫਿਰੋਜ਼ਪੁਰ ਦੀ ਧਰਤੀ ਦੀ। ਸਾਡਾ ਪਹਿਲਾ ਜ਼ਿਲ੍ਹਾ ਫਿਰੋਜ਼ਪੁਰ ਹੀ ਸੀ। ਉਸ ਧਰਤੀ ਤੇ ਉਨ੍ਹਾਂ ਸ਼ਹੀਦਾਂ ਨੂੰ ਸਾੜਿਆ ਗਿਆ ਸੀ। ਫਾਂਸੀ ਲਗਾਉਣ ਤੋਂ ਪਹਿਲਾਂ ਜਦੋਂ ਸਰਦਾਰ ਭਗਤ ਸਿੰਘ ਨੂੰ ਪੁੱਛਿਆ ਗਿਆ ਕਿ ਤੇਰੀ ਆਖਰੀ ਖਾਹਿਸ਼ ਕੀ ਹੈ ਤਾਂ ਉਸ ਨੇ ਅੱਗੋਂ ਕਿਹਾ ਕਿ ਮੇਰੀ ਆਖਰੀ ਖਾਹਿਸ਼ ਅੰਗਰੇਜ਼ੋ ਸ਼ਾਇਦ ਤੁਸੀਂ ਪੂਰੀ ਨਾ ਕਰ ਸਕੋ। ਮੇਰੇ ਤੇ ਬੰਬ ਕਾਂਡ ਦਾ ਦੋਸ਼ ਲਾਇਆ ਗਿਆ ਹੈ ਅਜਿਹੇ ਕੇਸਾਂ ਵਿਚ ਦੋਸ਼ੀ ਨੂੰ ਹਮੇਸ਼ਾ ਤੁਹਾਡੇ ਕਾਨੂੰਨ ਮੁਤਾਬਿਕ ਗੋਲੀ ਨਾਲ ਉਡਾਇਆ ਜਾਂਦਾ ਹੈ ਜਦ ਕਿ ਤੁਸੀਂ ਮੈਨੂੰ ਫਾਂਸੀ ਦੇਣ ਦੀ ਗੱਲ ਕਰਦੇ ਹੋ। ਜੇਕਰ ਤੁਸੀਂ ਮੈਨੂੰ ਇਨਸਾਫ ਦੇਣਾ ਹੈ ਤਾਂ ਮੈਨੂੰ ਗੋਲੀ ਨਾਲ ਸ਼ੂਟ ਕਰੋ। ਉਨ੍ਹਾਂ ਦੇ ਜਜ਼ਬਾਤ ਇਸ ਤਰ੍ਹਾਂ ਦੇ ਸਨ—

"ਰੋੜ੍ਹ ਦੇ ਰੋੜ੍ਹ ਦੇ ਮੈਨੂੰ ਦੇ ਰੋੜ੍ਹ,
ਵੈਰੀਆ, ਵੈਰੀਆ, ਵੈਰੀਆ ਮੇਰਾ ਅੰਗ ਅੰਗ ਦੇ ਤੋੜ,

ਮੇਰਾ ਖੂਨ ਦੇ ਨਚੋੜ,
ਇਹ ਪਾਣੀ ਜਾਂਦਾ ਜੇ ਬਣਾ ਦੇ ਦਰਿਆ ਨੂੰ
ਇਹ ਦਰਿਆ ਪਿਆਸਾ ਖਾਲੀ ਮੁੱਦਤਾਂ ਦਾ ਖਾਸਾ,
ਅੱਜ ਰੱਜ ਕੇ ਰਜਾ ਦੇ ਦਰਿਆ ਨੂੰ ।"

ਇਹ ਪਾਣੀ ਮੇਰੇ ਪੰਜਾਬ ਦੇ ਖੇਤਾਂ ਨੂੰ ਲੱਗੇਗਾ । ਮੇਰੀ ਸਵਾਹ ਖੇਤਾਂ ਵਿਚ ਜਾਵੇਗੀ ਤਾਂ ਉਸ ਸਵਾਹ ਅਤੇ ਪਾਣੀ ਦੇ ਅਸਰ ਨਾਲ ਪੈਦਾ ਹੋਇਆ ਅੰਨ ਜਦ ਪੰਜਾਬ ਦੇ ਬੱਚੇ ਅਤੇ ਨੌਜਵਾਨ ਖਾਣਗੇ ਤਾਂ ਉਨ੍ਹਾਂ ਵਿਚ ਭਗਤ ਸਿੰਘ ਦੇ ਜਜ਼ਬਾਤ ਵਰਗੇ ਜਜ਼ਬਾਤ ਪੈਦਾ ਹੋਣਗੇ । ਉਸ ਭਗਤ ਸਿੰਘ ਨੂੰ ਜਦ ਯਾਦ ਕਰਨ ਦੀ ਗੱਲ ਕਰਦੇ ਹਾਂ ਤਾਂ ਡਿਪਟੀ ਸਪੀਕਰ ਸਾਹਿਬ, ਇਕ ਗੱਲ ਕਹਿਣੀ ਬਣਦੀ ਹੈ :

ਜਿਥੇ ਚੜ੍ਹਦੀ ਜਵਾਨੀ ਨੂੰ ਅੱਗ ਲੱਗੀ, ਸਤਲੁਜ ਦੇ ਉਸ ਕਿਨਾਰੇ ਦੀ ਸਹੁੰ ।
ਜਿਥੇ ਖੂਨ ਦੇ ਵਿਚ ਬਹਾਰ ਡੁੱਬੀ, ਜਲ੍ਹਿਆਂ ਵਾਲੇ ਉਸ ਬਾਗ ਨਜ਼ਾਰੇ ਦੀ ਸਹੁੰ ।
ਜਿਸ ਨੂੰ ਪਹਿਲਾਂ ਅਜ਼ਾਦੀ ਦਾ ਨੂਰ ਦਿਸਿਆ, ਪਹਿਲੇ ਅੱਖ ਦੇ ਉਸ ਇਸ਼ਾਰੇ ਦੀ ਸਹੁੰ ।

ਜਿੰਨਾ ਚਿਰ ਨਹੀਂ ਲੋਕ ਖੁਸ਼ਹਾਲ ਹੁੰਦੇ, ਰਹੂ ਗੂੰਜਦੀ ਇਹ ਲਲਕਾਰ ਮੇਰੀ ।
ਸੱਦਾ ਦਿਊਂ ਮੈਂ ਦੇਸ਼ ਦੇ ਕਾਮਿਆਂ ਨੂੰ, ਕਲਮ ਨਹੀਂ ਇਹ ਸਮਝੋ ਤਲਵਾਰ ਮੇਰੀ ।

ਜਦੋਂ ਅਸੀਂ ਉਨ੍ਹਾਂ ਲੋਕਾਂ ਦਾ ਨਾਂ ਲੈਂਦੇ ਹਾਂ, ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ ਅਤੇ ਪੰਜਾਬ ਦਾ ਨਾਂ ਸਾਰੇ ਪਾਸੇ ਅਤੇ ਸਮੁੱਚੇ ਹਿੰਦੁਸਤਾਨ ਦਾ ਨਾਂ ਉਚਾ ਕੀਤਾ । ਜਦੋਂ ਅਸੀਂ ਉਨ੍ਹਾਂ ਦੀ ਯਾਦ ਵਿਚ ਜੁੜਦੇ ਹਾਂ ਅਤੇ ਇਸ ਹਾਊਸ ਵਿਚ ਗੱਲ ਕਰਨ ਵਾਸਤੇ ਮਤਾ ਰਖਿਆ ਹੈ ਤਾਂ ਡਿਪਟੀ ਸਪੀਕਰ ਸਾਹਿਬ, ਸਾਡਾ ਫਰਜ਼ ਬਣ ਜਾਂਦਾ ਹੈ ਕਿ ਜਿਥੇ ਅਸੀਂ ਗੁਰੂ-ਪੀਰਾਂ-ਪੈਗੰਬਰਾਂ ਨੂੰ ਘੱਟ ਨਹੀਂ ਸਮਝਦੇ ਉਥੇ ਅਸੀਂ ਉਨ੍ਹਾਂ ਸ਼ਹੀਦਾਂ ਨੂੰ ਵੀ ਕਿਸੇ ਪਾਸਿਉਂ ਘੱਟ ਨਹੀਂ ਸਮਝਦੇ :

"ਜਿਹੜੇ ਰਾਹ ਵਿਚ ਹਿੰਮਤਾਂ ਹਾਰ ਬੈਠੇ, ਉਨ੍ਹਾਂ ਚੁੰਮਣਾ ਕੀ ਨਿਸ਼ਾਨਿਆਂ ਨੂੰ ।
ਜਿਹੜੇ ਆਪਣਾ ਆਪ ਨਹੀਂ ਚੱਕ ਸਕਦੇ, ਉਨ੍ਹਾਂ ਚੱਕਣਾ ਕੀ ਬਿਗਾਨਿਆਂ ਨੂੰ ।
ਜਿਹੜੇ ਆਪਣਾ ਆਪ ਨਹੀਂ ਬਦਲ ਸਕਦੇ, ਉਨ੍ਹਾਂ ਬਦਲਣਾ ਕੀ ਜ਼ਮਾਨਿਆਂ ਨੂੰ ।
ਜਿਹੜੇ ਸੜਨ ਨਾ ਵਤਨ ਦੀ ਸ਼ਮ੍ਹਾਂ ਉਤੇ, ਉਨ੍ਹਾਂ ਦੱਸਣਾ ਕੀ ਪਰਵਾਨਿਆਂ ਨੂੰ ।"

ਉਹ ਲੋਕ ਜਿਹੜੇ ਲੋਕਾਂ ਦੀਆਂ ਗੱਲਾਂ ਕਰਦੇ ਹਨ, ਲੋਕਾਂ ਲਈ ਆਉਂਦੇ ਹਨ, ਲੋਕਾਂ ਲਈ ਕੁਰਬਾਨੀਆਂ ਕਰਦੇ ਹਨ ਅਤੇ ਕਰਦੇ ਚਲੇ ਜਾਂਦੇ ਹਨ । ਫਿਰ ਉਨ੍ਹਾਂ ਸ਼ਹੀਦਾਂ ਨੂੰ ਲੋਕ ਯਾਦ ਕਰਦੇ ਹਨ ।

[ਕਾਮਰੇਡ ਅਜੈਬ ਸਿੰਘ ਰੌਂਤਾ]

ਡਿਪਟੀ ਸਪੀਕਰ ਸਾਹਿਬ, ਸਿਰਫ ਅਲਫਾਜ਼ਾਂ ਰਾਹੀਂ ਨਹੀਂ, ਗੱਲਾਂਬਾਤਾਂ ਨਾਲ ਨਹੀਂ ਸਗੋਂ ਸਾਡਾ ਫਰਜ਼ ਬਣਦਾ ਹੈ ਕਿ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਇਆ, ਉਨ੍ਹਾਂ ਸ਼ਹੀਦਾਂ ਦੀ ਯਾਦਗਾਰ ਉਸਾਰਨ ਵਾਸਤੇ ਬਲਾਕ ਲੈਵਲ ਤੇ, ਸਬ-ਡਵੀਜ਼ਨ ਲੈਵਲ ਤੇ ਭਵਨ ਉਸਾਰੇ ਜਾਣ। ਸਰਕਾਰ ਉਨ੍ਹਾਂ ਵਾਸਤੇ ਫੰਡ ਮੁਹੱਈਆ ਕਰਵਾਏ ਤਾਂ ਜੋ ਅਸੀਂ ਆਪਣੇ ਯੂਥ ਨੂੰ, ਨੌਜਵਾਨਾਂ ਨੂੰ ਨਸ਼ਿਆਂ ਵਾਲੇ ਪਾਸੇ ਤੋਂ ਰੋਕ ਕੇ ਦੇਸ਼ ਭਗਤੀ ਵਾਲੇ ਪਾਸੇ ਲਿਜਾ ਸਕੀਏ :

"ਜਨਨੀ ਜਣੇ ਤਾਂ ਭਗਤ ਜਨ ਕੇ ਦਾਤਾ ਕੇ ਸੂਰ
ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ"

ਉਹ ਬਹਾਦਰ ਮਾਂ ਜਿਸ ਨੇ ਜੋਧਿਆਂ, ਸੂਰਬੀਰਾਂ, ਦੇਸ਼ ਭਗਤਾਂ, ਗਦਰੀ ਬਾਬਿਆਂ ਨੂੰ ਜਨਮ ਦਿੱਤਾ, ਤੇਰੀ ਉਸ ਕੁੱਖ ਨੂੰ ਸਲਾਮ ਕਰਨ ਲਈ ਅੱਜ ਦੇ ਦਿਨ ਇਸ ਮਹਾਨ ਹਾਊਸ ਵਿਚ ਉਨ੍ਹਾਂ ਦੀ ਯਾਦਗਾਰ ਨੂੰ ਬਲਾਕ ਲੈਵਲ ਤੇ ਸਬ-ਡਵੀਜ਼ਨ ਲੈਵਲ ਤੇ ਬਣਾਉਣ ਦੀ ਗੱਲ ਇਸ ਮਤੇ ਰਾਹੀਂ ਸਰਕਾਰ ਕੋਲ ਰੱਖੀ ਹੈ। ਮੈਂ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਾਂਗਾ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇ ਅਤੇ ਬਣਦੇ ਫੰਡ ਮੁਹੱਈਆ ਕਰਵਾਏ ਜਾਣ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਬਹੁਤ ਬਹੁਤ ਧੰਨਵਾਦ।

ਸਰਦਾਰ ਅਵਤਾਰ ਸਿੰਘ ਬਰਾੜ (ਫਰੀਦਕੋਟ) : ਆਦਰਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਦੇਸ਼ ਭਗਤ, ਦੇਸ਼ ਦੇ ਸਿਰਤਾਜ ਸ਼ਹੀਦ ਸਰਦਾਰ ਭਗਤ ਸਿੰਘ ਜੀ ਦੀ ਯਾਦ ਵਿਚ ਬਲਾਕ ਪੱਧਰ ਤੇ ਉਸਾਰੇ ਜਾਣ ਵਾਲੇ ਭਵਨਾਂ ਬਾਰੇ ਜੋ ਮਤਾ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਨੇ ਹਾਊਸ ਦੀ ਮੇਜ਼ ਤੇ ਰੱਖਿਆ ਹੈ, ਉਸ ਉਤੇ ਬੋਲਣ ਦਾ ਸਮਾਂ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਮਹਾਨ ਦੇਸ਼ ਭਗਤ ਕਾਮਰੇਡ ਸੋਹਣ ਸਿੰਘ ਜੋਸ਼ ਦੀ ਪੁਸਤਕ ਪੜ੍ਹ ਰਿਹਾ ਸੀ ਜਿਸ ਦਾ ਨਾਂ ਹੈ, "ਮੇਰੀਆਂ ਭਗਤ ਸਿੰਘ ਨਾਲ ਮੁਲਾਕਾਤਾਂ"। ਉਹ ਲਿਖਦੇ ਹਨ ਕਿ ਮੈਂ 6-7 ਅਪਰੈਲ ਦੀ ਇਕ ਸ਼ਾਮ ਨੂੰ ਆਪਣੇ ਦਫਤਰ ਵਿਚ ਕਿਰਤੀਆਂ ਦੇ ਇਕ ਰਸਾਲੇ ਦੇ ਸਬੰਧ ਵਿਚ ਕੰਮ ਕਰ ਰਿਹਾ ਸੀ ਕਿ ਇਕ ਨੌਜਵਾਨ ਆਇਆ ਜਿਸ ਦਾ ਕੱਦ ਮੇਰੇ ਤੋਂ ਕੋਈ ਦੋ ਕੁ ਇੰਚ ਦੇ ਕਰੀਬ ਛੋਟਾ ਸੀ, ਜਿਸ ਦੇ ਨੈਣ-ਨਕਸ਼ ਤਿੱਖੇ ਸਨ ਅਤੇ ਚਿਹਰੇ ਤੇ ਗੰਭੀਰਤਾ ਸੀ। ਉਸ ਨੇ ਮੈਨੂੰ ਆ ਕੇ ਪੁੱਛਿਆ ਕਿ ਉਸ ਨੇ ਇਕ ਇਸ਼ਤਿਹਾਰ ਪੜ੍ਹਿਆ ਹੈ ਜਿਹੜਾ ਤੁਹਾਡੇ ਵੱਲੋਂ ਅਤੇ ਭਾਗ ਸਿੰਘ ਕਨੇਡੀਅਨ ਵੱਲੋਂ ਨੌਜਵਾਨਾਂ ਦੇ ਨਾਂ ਹੈ ਕਿ 11-12 ਅਤੇ 13 ਅਪ੍ਰੈਲ ਨੂੰ ਤੁਸੀਂ ਇਕ ਕਾਨਫਰੰਸ ਕਰਨ ਜਾ ਰਹੇ ਹੋ, ਜਿਥੇ ਪੰਜਾਬ ਦੇ ਨੌਜਵਾਨਾਂ ਨੂੰ ਲਾਮਬੰਦ ਕਰਨਾ ਹੈ ਤਾਂ ਉਸਨੇ ਲਿਖਿਆ ਕਿ ਉਸਦੇ ਗੱਲ ਕਰਨ ਦੇ ਸਲੀਕੇ ਨੂੰ, ਆਵਾਜ਼ ਦੇ ਠਰੰਮੇ ਨੂੰ ਸੁਣ ਕੇ ਪੁੱਛਿਆ ਕਿ ਤੁਸੀਂ ਕੀ ਜਾਣਨਾ ਚਾਹੁੰਦੇ ਹੋ ? ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਹਾਡੀ ਇਸ ਪਿਛੇ ਕੀ ਮਨਸ਼ਾ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਸਾਡੀ ਮਨਸ਼ਾ ਨੌਜਵਾਨਾਂ ਨੂੰ ਇਕੱਠਾ ਕਰਨ, ਲਾਮਬੰਦ ਕਰਨ ਦੀ ਹੈ। ਦੇਸ਼ ਦੀ ਆਜ਼ਾਦੀ ਦੀ ਲਹਿਰ ਜਿਹੜੀ ਸ਼ੁਰੂ ਹੋਈ ਹੈ, ਉਸਨੂੰ ਪ੍ਰਚੰਡ ਕਰਨ ਤੋਂ ਅੱਗੇ

ਭਗਤ ਸਿੰਘ ਨੇ ਜੋ ਗੱਲਾਂ ਕਹੀਆਂ, ਉਨ੍ਹਾਂ ਨੇ ਕਿਹਾ ਕਿ ਮੈਂ ਮਹਿਸੂਸ ਕੀਤਾ ਕਿ ਇਸ ਨੌਜਵਾਨ ਦੇ ਦਿਲ ਵਿਚ ਦੇਸ਼ ਦੀ ਆਜ਼ਾਦੀ ਵਾਸਤੇ ਲੋਹੜੇ ਦਾ ਜਜ਼ਬਾ ਹੈ ਅਤੇ ਇਕ ਜਵਾਲਾ ਮਚਲਦੀ ਹੈ ਦੇਸ਼ ਨੂੰ ਆਜ਼ਾਦ ਕਰਾਉਣ ਲਈ । ਮੈਂ ਪੁੱਛਿਆ ਤੁਹਾਡਾ ਨਾਮ, ਉਸਨੇ ਕਿਹਾ ਕਿ ਮੈਂ ਤੁਹਾਡੇ ਨਾਲ ਹੋਰ ਵੀ ਗੱਲਾਂ ਕਰਨੀਆਂ ਚਾਹੁੰਦਾ ਹਾਂ, ਫਿਰ ਦੱਸਾਂਗਾ । ਜਦੋਂ ਭਗਤ ਸਿੰਘ ਨੂੰ ਇਹ ਪੱਕਾ ਯਕੀਨ ਹੋ ਗਿਆ ਕਿ ਜਿਸ ਵਿਅਕਤੀ ਦੇ ਨਾਮ ਤੇ ਇਸ਼ਤਿਹਾਰ ਨਿਕਲਿਆ ਹੈ, ਇਹ ਉਹੀ ਵਿਅਕਤੀ ਹੈ । ਉਨ੍ਹਾਂ ਨੇ ਦੱਸਿਆ ਕਿ ਜਿਹੜੀ ਭਾਰਤ ਵਿਚ ਸਭਾ ਖੜ੍ਹੀ ਕੀਤੀ ਗਈ, ਨੌਜਵਾਨ ਭਾਰਤ ਸਭਾ ਇਨ੍ਹਾਂ ਗੱਲਾਂ ਤੋਂ ਮੈਂ ਪ੍ਰਭਾਵਤ ਹੋ ਗਿਆ ਹਾਂ । ਉਨ੍ਹਾਂ ਨੇ ਕਿਹਾ ਕਿ 11, 12 ਅਤੇ 13 ਤਰੀਕ ਨੂੰ ਜੋ ਤੁਹਾਡੀ ਕਾਨਫਰੰਸ ਹੋਵੇਗੀ ਉਸ ਵਿਚ ਮੈਂ ਲਾਹੌਰ ਤੋਂ ਨੌਜਵਾਨ ਸਾਥੀਆਂ ਨਾਲ ਸ਼ਾਮਿਲ ਹੋਵਾਂਗਾ । ਇਹ ਨੌਜਵਾਨ ਕੌਣ ਸੀ ? ਇਹ ਉਹ ਭਗਤ ਸਿੰਘ ਸੀ, ਜਿਸਦੇ ਜਨਮ ਸਮੇਂ ਉਸਦੇ ਪਿਤਾ ਦੀ ਨੇਪਾਲ ਤੋਂ ਖਬਰ ਪੁੱਜੀ ਸੀ ਅਤੇ ਚਾਚੇ ਦੀ ਜੇਲ੍ਹ ਵਿਚੋਂ ਰਿਹਾਈ ਦੀ ਖਬਰ ਪੁੱਜੀ ਸੀ । ਸ਼ਾਇਦ ਇਸੇ ਕਰਕੇ ਉਸਨੂੰ ਕਿਹਾ ਗਿਆ ਸੀ ਕਿ ਭਾਗਾਂ ਵਾਲਾ ਲੇਕਿਨ ਸਮੇਂ ਨੂੰ ਕੁਝ ਹੋਰ ਮਨਜ਼ੂਰ ਸੀ । ਘਰਦਿਆਂ ਨੇ ਦੋ ਖੁਸ਼ੀਆਂ ਕਰਕੇ ਉਸਦਾ ਨਾਮ ਭਾਗਾਂ ਵਾਲਾ ਰੱਖਿਆ ਸੀ ਪਰ ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਹ ਤਾਂ ਸਾਰੇ ਦੇਸ਼ ਲਈ ਭਾਗਾਂ ਵਾਲਾ ਹੈ । ਮੈਂ ਉਹ ਸਾਰਾ ਵਿਸਥਾਰ ਪੜ੍ਹਿਆ ਹੈ । ਉਥੇ ਦੋ ਵਿਚਾਰ-ਧਾਰਾਵਾਂ ਆਈਆਂ ਹੋਈਆਂ ਹਨ । ਇਕ ਇਹ ਸੀ ਕਿ ਨੌਜਵਾਨਾਂ ਦੀ ਜਿਹੜੀ ਜਥੇਬੰਦੀ ਬਣਨ ਜਾ ਰਹੀ ਹੈ, ਉਸਦੇ ਵਿਚ ਮਜ਼ਬੀ ਅਤੇ ਫਿਰਕੂ ਸੋਚ ਵਾਲੇ ਲੋਕ ਸ਼ਾਮਿਲ ਕੀਤੇ ਜਾਣ ਤਾਂ ਉਸ ਸਮੇਂ ਸਰਦਾਰ ਭਗਤ ਸਿੰਘ ਨੇ ਅਤੇ ਉਸ ਕਿਰਤੀ ਲਹਿਰ ਵਲੋਂ ਨੌਜਵਾਨ ਜਿਹੜੇ ਸਨ, ਨੇ ਉਸਦਾ ਵਿਰੋਧ ਕੀਤਾ ਔਰ ਕਿਹਾ ਕਿ ਧਰਮ ਅਤੇ ਵਿਅਕਤੀਗਤ ਸੋਚ ਅਪਣਾਉਣੀ ਗਲਤ ਹੈ । ਇਸ ਨੂੰ ਪਾਰਟੀ ਵਿੱਚ ਸ਼ਾਮਿਲ ਜਾਂ ਹਾਵੀ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਜੋ ਇਹ ਫਿਰਕੂ ਸੋਚ ਹੈ ਇਸ ਨੂੰ ਇਸ ਲਹਿਰ ਵਿਚ ਸ਼ਾਮਿਲ ਨਹੀਂ ਹੋਣ ਦਿੱਤਾ ਜਾਵੇਗਾ । ਇਹ ਮਤਾ ਪਾਸ ਹੋਇਆ । ਸ਼ਾਇਦ ਭਗਤ ਸਿੰਘ ਦੇ ਜ਼ਹਿਨ ਵਿੱਚ ਇਹੋ ਜਿਹਾ ਜਜ਼ਬਾ ਸੀ । ਮੈਂ ਉਹ ਗੱਲਾਂ ਦੁਹਰਾਉਣਾ ਨਹੀਂ ਚਾਹੁੰਦਾ ਜੋ ਮੇਰੇ ਸਾਥੀ ਕਾਮਰੇਡ ਅਜਾਇਬ ਸਿੰਘ ਨੇ ਇਤਿਹਾਸ ਦੱਸਦਿਆਂ ਕਹੀਆਂ ਹਨ । ਇਸ ਤੋਂ ਪਿੱਛੋਂ ਭਗਤ ਸਿੰਘ ਹੁਰਾਂ ਨੇ ਨੌਜਵਾਨਾਂ ਨੂੰ ਲਾਮਬੰਦ ਕੀਤਾ । ਇਸ ਉਪਰੰਤ ਲਾਲਾ ਲਾਜਪਤ ਰਾਏ ਜੋ ਸਾਡੇ ਮਹਾਨ ਦੇਸ਼ ਭਗਤ ਸੀ ਅਤੇ ਆਜ਼ਾਦੀ ਦੀ ਲਹਿਰ ਦੇ ਘੁਲਾਟੀਏ ਸਨ, ਉਨ੍ਹਾਂ ਤੇ ਲਾਠੀ ਚਾਰਜ ਹੋਇਆ ਅਤੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਸਮੇਂ ਜਦੋਂ ਉਨ੍ਹਾਂ ਨੇ ਕਿਹਾ ਕਿ ਮੇਰੇ ਸਰੀਰ ਤੇ ਵੱਜੀ ਹਰ ਲਾਠੀ ਅੰਗਰੇਜ਼ੀ ਸਾਮਰਾਜ ਦੇ ਕਫਨ ਵਿੱਚ ਕਿੱਲ ਹੋਵੇਗੀ । ਜਦੋਂ ਇਸ ਲਾਠੀ ਚਾਰਜ ਨਾਲ ਉਹ ਸ਼ਹੀਦ ਹੋ ਗਏ ਤਾਂ ਉਨ੍ਹਾਂ ਨੇ ਫੈਸਲਾ ਲਿਆ ਕਿ ਜਦੋਂ ਤੱਕ ਅਸੀਂ ਇਸ ਮਹਾਨ ਸ਼ਹਾਦਤ ਦਾ ਬਦਲਾ ਨਹੀਂ ਲੈ ਲੈਂਦੇ, ਚਨ ਦੀ ਨੀਂਦ ਨਹੀਂ ਸੌਵਾਂਗੇ । ਇਸ ਦੇ ਰਿਜ਼ਲਟ ਦੇ ਤੌਰ ਤੇ ਉਨ੍ਹਾਂ ਨੇ ਜੋ ਤਾਜ ਸਿਰਜਿਆ, ਜੋ ਅਵਾਜ਼ ਹਿੰਦੁਸਤਾਨ ਦੇ ਲੋਕਾਂ ਨੇ ਬੁਲੰਦ ਕੀਤੀ ਅਤੇ ਉਸ ਲਹਿਰ ਦੇ ਸਦਕਾ ਦੇਸ਼ ਆਜ਼ਾਦ ਹੋਇਆ । ਹਮੇਸ਼ਾ ਕਿਹਾ ਜਾਂਦਾ ਹੈ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ

[ਸਰਦਾਰ ਅਵਤਾਰ ਸਿੰਘ ਬਰਾੜ]

ਜਾਂਦੀਆਂ ਹਨ ਉਹ ਜ਼ਿਆਦਾ ਦੇਰ ਇਤਿਹਾਸ ਦਾ ਹਿੱਸਾ ਬਣਕੇ ਨਹੀਂ ਰਹਿੰਦੀਆਂ ਅਤੇ ਜ਼ਿਆਦਾ ਚਿਰ ਜਿਊਂਦਾ ਨਹੀਂ ਰਹਿੰਦੀਆਂ । ਸਰਦਾਰ ਭਗਤ ਸਿੰਘ ਦੀ ਯਾਦ-ਗਾਰ ਉਸਾਰਨ ਦੇ ਉਸੇ ਤਰ੍ਹਾਂ ਯਤਨ ਕੀਤੇ ਗਏ ਜਿਸ ਤਰ੍ਹਾਂ ਆਜ਼ਾਦੀ ਦੇ ਦੌਰਾਨ ਵਾਪਰੀਆਂ ਘਟਨਾਵਾਂ ਸਮੇਂ ਵੱਖ-ਵੱਖ ਸ਼ਹੀਦਾਂ ਅਤੇ ਕੌਮੀ ਪਰਵਾਨਿਆਂ ਦੀਆਂ ਯਾਦਗਾਰਾਂ ਬਣਾਉਣ ਦੇ ਯਤਨ ਕੀਤੇ ਗਏ ਹਨ । ਕਾਮਰੇਡ ਅਜੈਬ ਸਿੰਘ ਰੌਂਤਾ ਕਹਿ ਰਹੇ ਸਨ ਕਿ ਸਰਦਾਰ ਪ੍ਰਤਾਪ ਸਿੰਘ ਕੈਰੋਂ ਹੁਰਾਂ ਨੇ ਉਨ੍ਹਾਂ ਦੀ ਯਾਦਗਾਰ ਹੁਸੈਨੀਵਾਲਾ ਵਿਖੇ ਬਣਾਉਣ ਵਾਸਤੇ ਯਤਨ ਅਰੰਭਿਆ ਸੀ ਕਿਉਂਕਿ ਉਹ ਆਪ ਆਜ਼ਾਦੀ ਦੇ ਘੁਲਾਟੀਏ ਸਨ । ਉਨ੍ਹਾਂ ਨੇ ਸਰਦਾਰ ਭਗਤ ਸਿੰਘ ਦੀ ਯਾਦਗਾਰ ਕਾਇਮ ਕੀਤੀ ਤਾਂ ਕਿ ਲੋਕ 23 ਮਾਰਚ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਤੇ ਇਕੱਠੇ ਹੋ ਸਕਣ ਅਤੇ ਉਨ੍ਹਾਂ ਦੇ ਦੱਸੇ ਰਸਤੇ ਤੇ ਚੱਲਣ ਦਾ ਪ੍ਰਣ ਕਰ ਸਕਣ । ਇਸ ਤਰ੍ਹਾਂ ਦੇ ਕੰਮ ਹੋਣੇ ਚਾਹੀਦੇ ਹਨ ਤਾਂ ਕਿ ਨੌਜਵਾਨ ਅਜਿਹੀ ਥਾਂ ਤੇ ਜਾ ਕੇ ਪ੍ਰੇਰਨਾ ਲੈ ਸਕਣ । ਇਸੇ ਤਰ੍ਹਾਂ ਹੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਹੁਰਾਂ ਨੇ ਉਨ੍ਹਾਂ ਦੇ ਪਿੰਡ ਖਟਕੜ ਕਲਾਂ ਵਿੱਚ ਉਨ੍ਹਾਂ ਦੀ ਯਾਦ ਵਿੱਚ ਇੱਕ ਯਾਦਗਾਰ ਦੀ ਉਸਾਰੀ ਕੀਤੀ । ਇਨ੍ਹਾਂ ਦੋਹਾਂ ਉਸਾਰੀਆਂ ਦਾ ਹੁਣ ਵਿਸਥਾਰ ਕਰਨ ਦੀ ਲੋੜ ਹੈ । ਤੁਹਾਨੂੰ ਯਾਦ ਹੋਵੇਗਾ ਕਿ ਇਸ ਹਾਊਸ ਦੇ ਲੀਡਰ, ਪੰਜਾਬ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਜੀ, ਜੋ ਸੰਸਾਰ ਵਿੱਚ ਨਹੀਂ, ਜਦੋਂ ਉਹ ਮੁੱਖ ਮੰਤਰੀ ਸਨ ਅਤੇ ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਪੰਜ ਸਾਲ ਜੇਲ੍ਹ ਕੱਟੀ ਅਤੇ ਤਸੀਹੇ ਝੱਲੇ, ਉਨ੍ਹਾਂ ਨੇ ਸਰਦਾਰ ਭਗਤ ਸਿੰਘ ਜੀ ਦੀ ਮਾਤਾ ਜੀ ਨੂੰ 'ਪੰਜਾਬ ਮਾਤਾ' ਕਹਿ ਕੇ ਪੰਜਾਬ ਸਰਕਾਰ ਵੱਲੋਂ ਸਨਮਾਨ ਦਿੱਤਾ । ਉਨ੍ਹਾਂ ਨੂੰ ਕਾਰ ਅਤੇ ਕੋਠੀ ਦੇ ਕੇ ਉਨ੍ਹਾਂ ਦਾ ਹੋਰ ਮਾਣ ਸਨਮਾਨ ਵਧਾਇਆ । ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਸਾਰੇ ਪੰਜਾਬ ਨੂੰ ਹੀ ਨਹੀਂ ਬਲਕਿ ਹਿੰਦੁਸਤਾਨ ਦੇ ਸਾਰੇ ਦੇਸ਼ ਭਗਤਾਂ ਨੂੰ ਸ਼ਾਮਲ ਕਰਕੇ ਇੱਕ ਨਵੀਂ ਰੂਹ ਫੂਕਣ ਦਾ ਯਤਨ ਕੀਤਾ ਅਤੇ ਪੰਜਾਬ ਵਾਸੀਆਂ ਤੇ ਦੇਸ਼ ਵਾਸੀਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਦੇਸ਼-ਭਗਤੀ ਦੇ ਜਜ਼ਬੇ ਕਾਇਮ ਰਹਿ ਸਕਣ । ਮੇਰੀ ਬੇਨਤੀ ਹੈ ਕਿ ਜਿੱਥੇ ਅਸੀਂ ਹੋਰ ਖਰਚੇ ਕਰਦੇ ਹਾਂ, ਪੰਜਾਬ ਦੀ ਡਿਵੈਲਪਮੈਂਟ ਵਾਸਤੇ ਖਰਚੇ ਕਰਦੇ ਹਾਂ, ਪੰਜਾਬ ਦੀ ਉਸਾਰੀ ਵਾਸਤੇ ਖਰਚੇ ਕਰਦੇ ਹਾਂ, ਉਥੇ ਜ਼ਰੂਰੀ ਹੋ ਜਾਂਦਾ ਹੈ ਕਿ ਅਜਿਹੇ ਦੇਸ਼ ਭਗਤਾਂ ਜਿਨ੍ਹਾਂ ਨੇ ਸਾਡੇ ਦੇਸ਼ ਵਾਸਤੇ ਮਹਾਨ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਨੇ ਇਤਿਹਾਸ ਰਚਿਆ, ਜਿਨ੍ਹਾਂ ਨੇ ਸਾਡੇ ਨੌਜਵਾਨਾਂ ਦਾ ਮਾਰਗ ਦਰਸ਼ਨ ਕੀਤਾ, ਉਨ੍ਹਾਂ ਦੇ ਨਾਂ ਤੇ ਭਵਨ ਉਸਾਰੇ ਜਾਣ । ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਕਈ ਵਾਰੀ ਸਾਡੀ ਰਵਾਇਤ ਬਣ ਜਾਂਦੀ ਹੈ ਕਿ ਜਦੋਂ ਵੀ ਅਸੀਂ ਕੋਈ ਗੱਲ ਕਹੀਏ ਤਾਂ ਰਾਜ ਕਰਨ ਵਾਲੀ ਪਾਰਟੀ ਦਾ ਵਿਰੋਧ ਕਰਦੇ ਹਾਂ ਅਤੇ ਕਈ ਵਾਰ ਅਸੀਂ ਵੀ ਜਦੋਂ ਉਹ ਕੋਈ ਗੱਲ ਕਹਿੰਦੇ ਹਨ ਤਾਂ ਅਸੀਂ ਇਸ ਪਾਸੇ ਤੁਰ ਪੈਂਦੇ ਹਾਂ । ਇਸ ਕਰਕੇ ਅਜਿਹੀ ਰਵਾਇਤ ਤੋੜਨੀ ਚਾਹੀਦੀ ਹੈ । ਇਸ ਰਵਾਇਤ ਨੂੰ ਤੋੜ ਕੇ ਸਰਬਸੰਮਤੀ ਨਾਲ ਇਸ ਮਤੇ ਨੂੰ ਪਾਸ ਕਰਨਾ ਚਾਹੀਦਾ ਹੈ ਤਾਂ ਕਿ ਦੇਸ਼

ਦੇ ਮਹਾਨ ਵਿਰਸੇ ਨੂੰ ਕਾਇਮ ਰੱਖ ਸਕੀਏ । ਸਾਡੀ ਆਜ਼ਾਦੀ ਦਾ ਇਤਿਹਾਸ ਕਾਇਮ ਰਹਿ ਸਕੇ ਔਰ ਆਉਣ ਵਾਲੀ ਪੀੜ੍ਹੀ ਪ੍ਰੇਰਨਾ ਲੈ ਸਕੇ । ਬਹੁਤ ਬਹੁਤ ਧੰਨਵਾਦ । ਜੈ ਹਿੰਦ ।

ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਦੇ ਅਜ਼ੀਮ ਸ਼ਹੀਦ ਸਰਦਾਰ ਭਗਤ ਸਿੰਘ ਬਾਰੇ ਬੋਲਣ ਦਾ ਮੌਕਾ ਦਿੱਤਾ ਹੈ । ਸਰਦਾਰ ਭਗਤ ਸਿੰਘ ਜਿਨ੍ਹਾਂ ਦੀ ਮਹਾਨਤਾ ਮੈਂ ਇੱਕ-ਦੋ ਰੁਬਾਈਆਂ ਵਿੱਚ ਇਸ ਹਾਊਸ ਸਾਹਮਣੇ ਰੱਖਾਂਗਾ :

ਬੁਲ ਬੁਲ ਦੇ ਖੰਭਾਂ ਵਿੱਚ ਬੱਝੇ ਕਦੇ ਬਾਜ ਨਹੀਂ ਰਹਿੰਦੇ ।
ਬੁਜ਼ਦਿਲਾਂ ਕਾਇਰਾਂ ਦੇ ਹੱਥਾਂ ਵਿੱਚ ਕਦੇ ਰਾਜ ਨਹੀਂ ਰਹਿੰਦੇ ।
ਸਿਰ ਝੁਕਾ ਕੇ ਚੱਲਣ ਦੀ ਜਿਸ ਕੌਮ ਨੂੰ ਆਦਤ ਹੈ,
ਅਜਿਹੀ ਕੌਮ ਦੇ ਸਿਰ ਤੇ ਕਦੀ ਤਾਜ ਨਹੀਂ ਰਹਿੰਦੇ ।
ਜੋ ਬੁਲ ਬੁਲ ਨੂੰ ਚਮਨ ਵਿਚੋਂ ਹੀ ਲੈ ਜਾਣਾ ਸਯਾਦਾਂ ਨੇ,
ਚਮਨ ਨੇ ਅੱਗ ਲਾਉਣੀ ਹੈ ਇਹੋ ਜਿਹੇ ਬਾਗਬਾਨਾਂ ਨੂੰ ।
ਜਿਨ੍ਹਾਂ ਦੀ ਮਾਂ ਦੇ ਪਿੰਡੇ ਤੇ ਕਦੀ ਗੈਰਾਂ ਦਾ ਹੱਥ ਹੋਵੇ,
ਇਤਿਹਾਸ ਨਾ ਬਖਸ਼ੇ ਇਹੋ ਜਿਹੇ ਨੌਜਵਾਨਾਂ ਨੂੰ ।
ਸ਼ੇਰ ਚਲਿਆ ਕਰਦੇ ਹਨ, ਖੁਦਦਾਰ ਚੱਲਿਆ ਕਰਦੇ ਹਨ,
ਸਿਰ ਉਠਾ ਕੇ ਕੌਮ ਦੇ ਸਰਦਾਰ ਚਲਿਆ ਕਰਦੇ ਹਨ ।
ਸਿਰ ਝੁਕਾ ਕੇ ਨਾ ਚਲੋ ਮੇਰੇ ਯਾਰੋ,
ਸਿਰ ਝੁਕਾ ਕੇ ਕੌਮ ਦੇ ਗੱਦਾਰ ਚਲਿਆ ਕਰਦੇ ਹਨ ।

ਸਰਦਾਰ ਭਗਤ ਸਿੰਘ ਦੀ ਲਾਸਾਨੀ ਸ਼ਹਾਦਤ ਨੇ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਵਿੱਚ ਇੱਕ ਨਵਾਂ ਰੰਗ ਭਰ ਦਿੱਤਾ । ਪੰਜਾਬੀਆਂ ਦੀਆਂ ਉਹ ਹਜ਼ਾਰਾਂ ਸ਼ਹਾਦਤਾਂ ਦੀ ਪਾਲ ਦੇ ਵਿੱਚ ਇੱਕ ਚੋਟੀ ਦਾ ਨਗੀਨਾ ਹੈ । ਇਤਿਹਾਸਕ ਤੌਰ ਤੇ ਪੰਜਾਬ ਹਜ਼ਾਰਾਂ ਸਾਲਾਂ ਤੋਂ ਉਸ ਜਗ੍ਹਾ ਤੇ ਸਥਿਤ ਰਿਹਾ ਹੈ ਜਿਥੇ ਉਸ ਨੂੰ ਹਮੇਸ਼ਾ ਹੀ ਦੇਸ਼ ਦੀ ਰਾਖੀ ਵਾਸਤੇ ਖੜਕਭੁਜਾ ਵਾਲਾ ਕੰਮ ਕਰਨਾ ਪੈਂਦਾ ਰਿਹਾ ਹੈ । ਆਪਾਂ ਸਾਰੇ ਜਾਣਦੇ ਹਾਂ ਕਿ ਇਸ ਵਿਸ਼ਾਲ ਦੇਸ਼ ਦੇ ਤਿੰਨ ਪਾਸੇ ਸਮੁੰਦਰ ਹਨ ਜੋ ਕਿਸੇ ਵੀ ਹਮਲਾਵਰ ਨੂੰ ਇਸ ਹਿੰਦੁਸਤਾਨ ਦੀ ਧਰਤੀ ਤੇ ਹਮਲਾ ਕਰਨ ਤੋਂ ਰੋਕਦੇ ਹਨ । ਚੌਥੇ ਪਾਸੇ ਉਹ ਬਹੁਤ ਹੀ ਮਹਾਨ ਕੋਹ ਹਿਮਾਲਿਆ ਪਰਬਤ ਖੜ੍ਹਾ ਹੈ, ਜਿਸ ਦੀਆਂ ਬਰਫਾਂ ਲੱਦੀਆਂ ਚੋਟੀਆਂ ਸਾਡੇ ਦੁਸ਼ਮਣਾਂ ਨੂੰ, ਸਾਡੇ ਇਸ ਪਾਸੇ ਹਮਲਾ ਕਰਨ ਦਾ ਜੇਰਾ ਨਹੀਂ ਕਰਨ ਦਿੰਦੀਆਂ । ਹਾਂ, ਉਸ ਮਹਾਨ ਪਰਬਤ ਦੇ ਵਿੱਚ ਕੁਝ ਦੱਰੇ ਹਨ, ਜਿਨ੍ਹਾਂ ਦੇ ਵਿੱਚੋਂ ਇੱਕ ਦਰਾ

[ਸਰਦਾਰ ਮੱਖਣ ਸਿੰਘ]

ਖੈਬਰ ਵੀ ਹੈ । ਜਿੰਨੇ ਵੀ ਹਮਲਾਵਰ ਇਸ ਦੇਸ਼ ਦੀ ਧਰਤੀ ਦੇ ਉਤੇ ਹਮਲਾ ਕਰਨ ਆਏ, ਉਹ ਇਨ੍ਹਾਂ ਦੋ-ਤਿੰਨ ਦਰਿਆ ਵਿੱਚੋਂ ਹੀ ਲੰਘਦੇ ਰਹੇ ਹਨ । ਪਰ ਜਦੋਂ ਵੀ ਇਹ ਹਮਲਾਵਰ ਉਧਰ ਦੀ ਹਮਲਾ ਕਰਕੇ ਦਿੱਲੀ ਦੇ ਤਖਤ ਵੱਲ ਵਧਣ ਦਾ ਯਤਨ ਕਰਦੇ ਸੀ ਤਾਂ ਹਮੇਸ਼ਾਂ ਹੀ ਉਨ੍ਹਾਂ ਨੂੰ ਪੰਜਾਬ ਦੀ ਧਰਤੀ ਤੇ ਆਉਣਾ ਪੈਂਦਾ ਸੀ ਔਰ ਪੰਜਾਬ ਦੇ ਬਲਬਾਹੂ ਵਾਲੇ ਸੂਰਮਿਆਂ ਨਾਲ ਟੱਕਰ ਲੈਣੀ ਪੈਂਦੀ ਸੀ ਔਰ ਪੰਜਾਬੀ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਟੱਕਰ ਦਿੰਦੇ, ਉਨ੍ਹਾਂ ਦੇ ਇਸ ਤਰ੍ਹਾਂ ਦੰਦ ਖੱਟੇ ਕਰਦੇ ਕਿ ਦਿੱਲੀ ਦੇ ਤਖਤ ਤੇ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪਣੀਆਂ ਧਰਤੀਆਂ ਦੇ ਉਤੇ ਵਾਪਸ ਮੁੜਨਾ ਪੈਂਦਾ ਸੀ । ਸੋ, ਸ਼ਹੀਦੀਆਂ ਦੀ ਜੋ ਪਾਲ ਹੈ, ਇਤਿਹਾਸ ਹੈ ਪੰਜਾਬ ਦਾ ਲੰਬੇ ਸਮੇਂ ਤੋਂ । ਮੁਲਕ ਦੀ ਆਜ਼ਾਦੀ ਵਾਸਤੇ, ਇਹ ਵੀ ਇਤਿਹਾਸ ਹੈ ਕਿ ਜਦੋਂ ਅੰਗਰੇਜ਼ ਇਸ ਮੁਲਕ ਨੂੰ ਗੁਲਾਮ ਕਰਨ ਦੇ ਵਾਸਤੇ ਆਇਆ ਤਾਂ ਪੰਜਾਬ ਦਾ ਖਿੱਤਾ ਅਜਿਹਾ ਖਿੱਤਾ ਸੀ ਜਿਹੜਾ ਸਭ ਤੋਂ ਮਗਰੋਂ ਲੜਦਾ ਰਿਹਾ ਤਾਂ ਕਿ ਅੰਗਰੇਜ਼ ਇਥੇ ਪੰਜਾਬ ਦੀ ਧਰਤੀ ਉਤੇ ਕਾਬਜ਼ ਨਾ ਹੋ ਜਾਣ । ਇਹ ਸਭ ਤੋਂ ਅਖੀਰਲਾ ਖਿੱਤਾ ਸੀ ਜਿਹੜਾ ਅੰਗਰੇਜ਼ਾਂ ਦੇ ਕਬਜ਼ੇ ਵਿੱਚ ਆਇਆ ਔਰ ਇਹ ਵੀ ਮਾਣ ਪੰਜਾਬੀਆਂ ਨੂੰ ਹਾਸਲ ਹੈ ਔਰ ਜੋ ਹਾਊਸ ਦੇ ਵਿਚ ਕਈ ਵਾਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਦੇ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਹਨ, ਸਭ ਤੋਂ ਵੱਧ ਕਾਲੇ ਪਾਣੀ ਦੀਆਂ ਕੈਦਾਂ ਪੰਜਾਬੀਆਂ ਨੇ ਕੱਟੀਆਂ, ਸਭ ਤੋਂ ਵੱਧ ਫਾਂਸੀਆਂ ਦੇ ਰੱਸਿਆਂ ਉਤੇ ਪੰਜਾਬੀ ਚੜ੍ਹੇ ਹਨ, ਸਭ ਤੋਂ ਵੱਧ ਲੰਬੀਆਂ ਕੈਦਾਂ ਪੰਜਾਬੀਆਂ ਨੇ ਭੁਗਤੀਆਂ ਹਨ ਔਰ ਇਸੇ ਤਰ੍ਹਾਂ ਸਭ ਤੋਂ ਵੱਧ ਸ਼ਹਾਦਤ ਦੇਣ ਵਾਲੇ ਵੀ ਸਰਦਾਰ ਭਗਤ ਸਿੰਘ ਵਰਗੇ, ਸਰਦਾਰ ਊਧਮ ਸਿੰਘ ਵਰਗੇ ਅਤੇ ਇਸ ਤਰ੍ਹਾਂ ਦੇ ਹੋਰ ਸ਼ਹੀਦ ਹਨ, ਉਹ ਸਾਰੇ ਪੰਜਾਬ ਦੀ ਧਰਤੀ ਨੇ ਪੈਦਾ ਕੀਤੇ ਹਨ ਔਰ ਸਰਦਾਰ ਭਗਤ ਸਿੰਘ ਦੀ ਕੁਰਬਾਨੀ ਇਸ ਲਈ ਲਾਸਾਨੀ ਨਹੀਂ ਕਿ ਉਨ੍ਹਾਂ ਨੇ ਇਸ ਲਹਿਰ ਨੂੰ ਏਨਾ ਪ੍ਰਚੰਡ ਕਰ ਦਿੱਤਾ ਕਿ ਹਰ ਹਿੰਦੁਸਤਾਨੀ ਉਸ ਸਮੇਂ ਦੀ ਇੰਤਜ਼ਾਰ ਕਰਨ ਲੱਗਿਆ ਕਿ ਕਿੰਨੀ ਜਲਦੀ ਅਸੀਂ ਸੱਤ ਸਮੁੰਦਰ ਪਾਰ ਕਰਕੇ ਆਈ ਇਸ ਹਕੂਮਤ ਨੂੰ ਉਸ ਦੀ ਧਰਤੀ ਤੇ ਰਵਾਨਾ ਕਰ ਦੇਈਏ ਬਲਕਿ ਹੈਰਤਅੰਗੇਜ਼ ਗੱਲ ਹੈ ਕਿ ਜਦੋਂ ਸਰਦਾਰ ਭਗਤ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਿਆ ਜਾਂਦਾ ਹੈ ਤਾਂ ਪਤਾ ਲਗਦਾ ਹੈ ਕਿ ਇੰਨੀ ਛੋਟੀ ਉਮਰ ਦੇ ਵਿੱਚ ਕਿੰਨੀ ਪ੍ਰੌੜ ਤੌਰ ਤੇ ਆਪਣੇ ਵਿਚਾਰਾਂ ਨੂੰ ਉਹ ਪੇਸ਼ ਕਰਦੇ ਹਨ ਤਾਂ ਹੈਰਾਨੀ ਹੁੰਦੀ ਹੈ । ਅਧਿਐਨ ਦਾ ਵੀ ਇੱਕ ਇਤਿਹਾਸ ਸਿਰਜਿਆ ਹੈ ਸਰਦਾਰ ਭਗਤ ਸਿੰਘ ਹੁਰਾਂ ਨੇ । ਅਸੀਂ ਰਿਣੀ ਹਨ ਉਸ ਧਰਤੀ ਦੇ, ਉਸ ਖਟਕੜ ਕਲਾਂ ਦੀ ਪਾਵਨ ਜ਼ਮੀਨ ਦੇ, ਜਿਸ ਨੇ ਭਗਤ ਸਿੰਘ ਵਰਗੇ ਸੂਰਮੇ ਨੂੰ ਜਨਮ ਦਿੱਤਾ ਅਤੇ ਉਸ ਨੇ ਜੰਗੇ ਆਜ਼ਾਦੀ ਵਿਚ ਏਡਾ ਵੱਡਾ ਰੋਲ ਅਦਾ ਕੀਤਾ । ਬਰਾੜ ਸਾਹਿਬ ਨੇ ਕਾਮਰੇਡ ਸੋਹਣ ਸਿੰਘ ਹੋਰਾਂ ਦਾ ਜੋ ਜ਼ਿਕਰ ਕੀਤਾ, ਮੈਨੂੰ ਫਖਰ ਹੈ ਇਸ ਗੱਲ ਦਾ ਕਿ ਉਸ ਮਹਾਨ ਸ਼ਖਸੀਅਤ ਦੇ ਮੂੰਹੋਂ ਮੈਨੂੰ ਸਾਰੀਆਂ ਗੱਲਾਂ ਆਪ ਸੁਣਨ ਦਾ ਮੌਕਾ ਮਿਲਿਆ ਹੈ । ਉਨ੍ਹਾਂ ਨੇ ਆਪਣੀ ਕਿਤਾਬ ਵਿਚ ਬਿਆਨ ਕੀਤਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦੀ ਭਗਤ ਸਿੰਘ ਨਾਲ ਪਹਿਲੀ ਮੁਲਾਕਾਤ ਹੋਈ ਅਤੇ

ਕਾਮਰੇਡ ਸੋਹਣ ਸਿੰਘ ਜੋਸ਼ ਨੇ ਮੈਨੂੰ ਦੱਸਿਆ ਕਿ ਉਹ ਦਿਨ, ਜਿਸ ਦਿਨ ਸਾਂਡਰਸ ਨੂੰ ਗੋਲੀ ਮਾਰ ਕੇ ਉਹ ਆ ਕੇ ਉਸ ਦੇ (ਕਾਮਰੇਡ ਸੋਹਣ ਸਿੰਘ ਜੋਸ਼ ਦੇ) ਕਮਰੇ ਵਿੱਚ ਸੁੱਤੇ ਸਨ ਤਾਂ ਉਨ੍ਹਾਂ ਨੇ ਕਿਹਾ ਕਿ ਤੁਸੀਂ ਭੁੱਖੇ ਹੋਵੋਗੇ, ਮੈਂ ਤੁਹਾਡੇ ਲਈ ਰੋਟੀ ਦਾ ਬੰਦੋਬਸਤ ਕਰ ਦਿੰਦਾ ਹਾਂ ਤਾਂ ਭਗਤ ਸਿੰਘ ਨੇ ਕਿਹਾ ਕਿ ਇਸ ਵੇਲੇ ਘਰ ਦੇ ਵਿੱਚ ਕੀ ਕੁਝ ਹੈ ਤਾਂ ਉਨ੍ਹਾਂ ਨੇ ਅੱਗੋਂ ਕਿਹਾ ਕਿ ਇਸ ਵੇਲੇ ਇਕ ਰੋਟੀ ਪਈ ਹੈ ਤਾਂ ਭਗਤ ਸਿੰਘ ਕਹਿੰਦੇ ਕਿ ਅਸੀਂ ਦੋਵੇਂ ਅੱਧੀ-ਅੱਧੀ ਰੋਟੀ ਖਾ ਲਵਾਂਗੇ, ਤੁਸੀਂ ਇਸ ਵਾਸਤੇ ਹੋਰ ਖੇਚਲ ਨਾ ਕਰੋ । ਉਸ ਮਹਾਨ ਸ਼ਖਸੀਅਤ ਸ਼ਹੀਦ ਭਗਤ ਸਿੰਘ, ਜਿਸ ਦੇ ਨਾਲ ਸਾਰੇ ਮੁਲਕ ਦੀਆਂ ਭੈਣਾਂ ਅੱਜ ਇਹ ਮਹਿਸੂਸ ਕਰਦੀਆਂ ਹਨ ਕਿ ਇਹ ਸਾਡਾ ਹੀ ਵੀਰ ਸੀ ਔਰ ਅਨੇਕਾਂ ਭਾਸ਼ਾਵਾਂ ਦੇ ਵਿਚ ਔਰ ਪੂਰੇ ਮੁਲਕ ਦੇ ਵਿਚ ਉਸ ਅਜ਼ੀਮ ਸ਼ਹਾਦਤ ਦੇ ਕਿੱਸੇ ਗਾਏ ਜਾਂਦੇ ਹਨ । ਅਜ਼ੀਮ ਸ਼ਹਾਦਤ ਦੇ ਕਿੱਸਿਆਂ ਦੀ ਚਰਚਾ ਕੀਤੀ ਜਾ ਰਹੀ ਹੈ । ਮੈਂ ਇਕੱਲੇ ਪੰਜਾਬ ਦੇ ਬਲਾਕਾਂ ਦੀ ਗੱਲ ਕੀ ਕਰਾਂ, ਹਿੰਦੁਸਤਾਨ ਭਰ ਦੇ ਵਿੱਚ, ਜੋ ਵਿਸ਼ਾਲ ਹਿੰਦੁਸਤਾਨ ਹੈ, ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤੱਕ ਕੋਈ ਉਹ ਗਲੀ ਨਹੀਂ, ਕੋਈ ਸੜਕ ਨਹੀਂ, ਕੋਈ ਸ਼ਹਿਰ ਵਿੱਚ ਇਸ ਤਰ੍ਹਾਂ ਦਾ ਚੌਂਕ ਨਹੀਂ ਜਿਥੇ ਉਸ ਮਹਾਨ ਸ਼ਹੀਦ ਦੇ ਨਾਮ ਦੇ ਉਤੇ ਯਾਦਗਾਰਾਂ ਨਾ ਬਣੀਆਂ ਹੋਣ । ਇਸ ਲਈ ਇੱਕ ਛੋਟਾ ਜਿਹਾ ਮਤਾ ਪੇਸ਼ ਕਰਕੇ, ਉਸ ਦੀ ਮਹਾਨਤਾ ਨੂੰ ਛੁਟਿਆਉਣਾ ਹੋਵੇਗਾ । ਸ਼ਹੀਦ ਭਗਤ ਸਿੰਘ ਦੇ ਵਾਸਤੇ ਇਸ ਅਸੈਂਬਲੀ ਦੇ ਵਿੱਚ ਮਤੇ ਜਾਂ ਪਾਰਲੀਮੈਂਟ ਦੇ ਵਿਚ ਮਤੇ ਪਾਸ ਕਰਕੇ, ਅਸੀਂ ਉਨ੍ਹਾਂ ਦੀ ਸ਼ਹਾਦਤ ਨੂੰ ਵੱਡਾ ਨਹੀਂ ਕਰ ਸਕਦੇ । ਉਨ੍ਹਾਂ ਦੀ ਸ਼ਹਾਦਤ ਆਪਣੇ ਆਪ ਵਿਚ ਬਹੁਤ ਵੱਡੀ ਸ਼ਹਾਦਤ ਹੈ । ਉਹ ਤੁਹਾਡੇ ਮਤਿਆਂ ਦੀ ਮੁਹਤਾਜ ਨਹੀਂ । ਉਹ ਆਪਣੇ ਆਪ ਵਿਚ ਇੱਕ ਵੱਡੀ ਅਜ਼ੀਮ ਸ਼ਹਾਦਤ ਹੈ, ਅੱਜ ਹਿੰਦੁਸਤਾਨ ਦਾ ਬੱਚਾ-ਬੱਚਾ, ਹਰ ਭੈਣ ਸਮਝਦੀ ਹੈ ਕਿ ਇਹ ਮੇਰੇ ਵੀਰ ਦੀ ਸ਼ਹਾਦਤ ਹੈ, ਇਹ ਮੇਰੇ ਭਾਈ ਦੀ ਸ਼ਹਾਦਤ ਹੈ ਔਰ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਯਾਦਗਾਰਾਂ ਬਣੀਆਂ ਹੋਈਆਂ ਹਨ । ਹਿੰਦੁਸਤਾਨ ਦੇ ਚੌਂਕ ਦੇ ਵਿੱਚ ਜਿਥੇ ਵੀ ਮੈਂ ਗਿਆ ਹਾਂ ਚਾਹੇ ਮੈਂ ਤ੍ਰਿਵੇਂਦਰਮ ਗਿਆ ਹਾਂ ਜਾਂ ਕੋਚੀਨ ਗਿਆ ਹਾਂ, ਉਥੇ ਹਰ ਪਾਸੇ, ਹਰ ਸੜਕ ਤੇ ਥਾਂ ਥਾਂ ਦੇ ਉਤੇ ਉਨ੍ਹਾਂ ਦੇ ਬੁੱਤ ਮੈਂ ਦੇਖੇ ਹਨ । ਮੈਂ ਚਾਰ ਲਾਈਨਾਂ ਕਹਿ ਕੇ ਗੱਲ ਖ਼ਤਮ ਕਰ ਦੇਣੀ ਹੈ । ਯਾਦ ਕਰੋ ਸਰਦਾਰੋ ਫਾਂਸੀ ਹਮੇਸ਼ਾਂ ਸਵੇਰੇ ਲਗਦੀ ਹੈ । ਉਸ ਅੰਗਰੇਜ਼ੀ ਹਕੂਮਤ ਨੇ ਰਵਾਇਤਾਂ ਨੂੰ ਤੋੜ ਕੇ ਇਨ੍ਹਾਂ ਤਿੰਨਾਂ ਹੀ ਮਹਾਨ ਸ਼ਹੀਦਾਂ ਨੂੰ ਰਾਤ ਦੇ ਸਮੇਂ ਫਾਂਸੀ ਦਿੱਤੀ ਹੈ । ਲੋਕਾਂ ਦੇ ਰੋਹ ਤੋਂ ਡਰਦਿਆਂ ਤਾਂ ਕਿ ਲੱਖਾਂ ਹਜ਼ਾਰਾਂ ਲੋਕ ਇਸ ਲਾਹੌਰ ਦੀ ਜੇਲ੍ਹ ਨੂੰ ਨਾ ਘੇਰ ਲੈਣ ਔਰ ਰਾਤ ਨੂੰ ਹੀ ਉਨ੍ਹਾਂ ਦੀਆਂ ਦੇਹਾਂ ਨੂੰ ਫਿਰੋਜ਼ਪੁਰ ਦੇ ਸਤਲੁਜ ਦੇ ਕੰਢੇ ਤੇ ਲਿਆਂਦਾ ਗਿਆ ਜਿਥੇ ਉਨ੍ਹਾਂ ਦੀ ਯਾਦਗਾਰ ਬਣੀ ਹੈ । ਮੇਰਾ ਖਿਆਲ ਹੈ ਕਿ ਸਭ ਮੈਂਬਰਾਂ ਨੇ ਉਹ ਯਾਦਗਾਰ ਦੇਖੀ ਹੋਵੇਗੀ । ਮੈਂ ਤਾਂ ਸੈਂਕੜੇ ਵਾਰ ਉਥੇ ਆਪਣੇ ਖਰਾਜ਼ੇ ਅਕੀਦਤ ਪੇਸ਼ ਕਰਕੇ ਆਇਆ ਹਾਂ । ਆਪਣੇ ਬਚਪਨ ਤੋਂ ਆਪਣੇ ਕਾਲਜ ਦੇ ਜੀਵਨ ਤੋਂ ਉਥੇ ਬਾਰ-ਬਾਰ ਜਾਂਦਾ ਰਿਹਾ ਹਾਂ ਅਤੇ ਬੱਚਿਆਂ ਨੂੰ ਵੀ ਲੈ ਕੇ ਜਾਂਦਾ ਰਿਹਾ ਹਾਂ । ਉਹ ਜਗ੍ਹਾ ਤੁਸੀਂ ਦੇਖੀ ਹੋਵੇਗੀ । ਸਤਲੁਜ ਦਾ ਕਿਨਾਰਾ ਹੈ, ਅੱਜ ਉਥੇ ਕੁਝ ਰੌਣਕ ਹੋਈ ਹੈ । ਕਿਸੇ ਸਮੇਂ ਉਥੇ ਉਜਾੜ ਬੀਆਬਾਨ ਸੀ । ਮੈਂ ਆਪਣੀਆਂ ਲਾਈਨਾਂ

[ਸਰਦਾਰ ਮੱਖਣ ਸਿੰਘ]

ਦੇ ਨਾਲ ਉਸ ਦਾ ਨਜ਼ਾਰਾ ਤੁਹਾਡੇ ਸਾਹਮਣੇ ਪੇਸ਼ ਕਰਾਂਗਾ :

ਕਿਨਾਰੇ ਸ਼ਾਂਤ ਸਤਲੁਜ ਦੇ ਭਿਆਨਕ ਚੁਪ ਹਰ ਪਾਸੇ,
ਜਿਵੇਂ ਡੈਣਾਂ ਦੇ ਸਿਰ ਖੁਲ੍ਹੇ
ਹਨੇਰੀ ਰਾਤ ਇਉਂ ਪਾਸੇ ਕਿਤੇ ਗਿੱਦੜ ਹੋਂਕਣ ਲਗ ਪਏ
ਕਿਤੇ ਕਲਜ਼ੋਹਣਾਂ ਬੋਲਣ
ਚੁੜੇਲਾਂ ਖੂਨ ਡੁਰਹਾਈਆਂ ਪਿਆਲੇ ਖੂਨ ਦੇ ਟੋਲਣ ।
ਅਜਿਹੀ ਦੁਰਦਸ਼ਾ ਅੰਦਰ ਭਗਤ ਸਿੰਘ ਦੀ ਮੜ੍ਹੀ ਵੇਖੀ
ਉਸ ਦੇ ਉਤੇ ਇਕ ਕੁੜੀ ਦੇਖੀ,
ਕੁੜੀ ਜੋਗਨਾਂ ਵਰਗੀ ਖੜ੍ਹੀ ਵੇਖੀ,
ਕੁੜੀ ਕੀ ਸੀ
ਬਰਫ ਦੀ ਚਿੱਟੀ ਇਕ ਅਰਸ਼ ਦੀ ਰੂਹ ਲਗਦੀ ਸੀ
ਕਿ ਖੋਹ ਕੇ ਚੰਦ ਕੋਲੋਂ ਲਿਆਈ ਨੂਰ ਲਗਦੀ ਸੀ
ਮਗਰ ਗਲ ਉਸਦੇ ਪਾਇਆ ਲੀਰਾਂ ਦਾ ਝੰਜ ਡਿੱਠਾ ।
ਮੈਂ ਕਦੇ ਪਹਿਲਾਂ ਨਹੀਂ ਡਿੱਠਾ ।
ਜੋ ਉਸ ਅੱਜ ਡਿਠਾ ।
ਉਸਦੇ ਪੈਰਾਂ ਵਿਚ ਛਾਲੇ ਸੀ,
ਉਸਦੇ ਨੈਣਾਂ ਵਿੱਚ ਪਾਣੀ ਸੀ,
ਉਸ ਦੇ ਸੰਧੂਰ ਦੇ ਉਤੇ ਕਿਸੇ ਨੇ ਅੱਗ ਛਾਣੀ ਸੀ,
ਇਤਰ ਭਿੱਜੇ ਉਸਦੇ ਵਾਲੀਂ
ਕਿਸੇ ਰੇਤੇ ਦਾ ਬੁੱਕ ਪਾਇਆ ।
ਉਸਦੀ ਛਾਤੀ ਵਿੱਚ ਖੁਭਾ ਮੈਨੂੰ ਚਾਕੂ ਨਜ਼ਰ ਆਇਆ
ਉਸਦੀ ਹਰ ਚੀਖ਼ ਅਸਮਾਨਾਂ ਦੇ ਪਰਦੇ ਪਾੜ੍ਹਦੀ ਜਾਵੇ ।
ਉਸਦੀ ਹਉਂਕਿਆਂ ਦੀ ਗਰਮੀ ਪਰਬਤਾਂ ਨੂੰ ਸਾੜਦੀ ਜਾਵੇ ।
ਉਸਦਾ ਅਥਰੂ ਜਿਥੇ ਡਿਗਦਾ
ਧਰਤ ਨੂੰ ਅੱਗ ਲੱਗ ਜਾਂਦੀ ।
ਉਹਨੂੰ ਜੇ ਰਬ ਵੇਂਹਦਾ
ਤਾਂ ਉਸਦੀ ਅੱਖ ਵਗ ਜਾਂਦੀ,
ਮੜ੍ਹੀ ਨੂੰ ਪਾ ਕੇ ਗਲਵਕੜੀ
ਉਹ ਅਥਰੂ ਰੋਲੀ ਜਾਂਦੀ ਸੀ ।

ਉਹ ਲਾੜੀ ਸੀ ਆਜ਼ਾਦੀ ਦੀ
ਤੇ ਇਸ ਤਰ੍ਹਾਂ ਬੋਲੀ ਜਾਂਦੀ ਸੀ ।
ਮੇਰੇ ਸਰਦਾਰ ਤੈਂਦਰ ਤੇ ਮੈਂ ਮੰਗਣ ਖੈਰ ਆਈ ਹਾਂ,
ਨਿਰਾਸ਼ ਮੋੜ ਨਾ ਦੇਵੀਂ ਕਿ ਨੰਗੇ ਪੈਰੀ ਆਈ ਹਾਂ ।

ਤੇਰੇ ਚਰਨਾਂ ਤੇ ਸਿਰ ਰੱਖ ਕੇ
ਰਤਾ ਕੁ ਰੋਣਾ ਚਾਹੁੰਦੀ ਹਾਂ,
ਜ਼ਖ਼ਮ ਦਿਲ ਦੇ ਤੇਰੇ ਸਾਵੇਂ ਹੀ ਬਹਿ ਕੇ ਧੋਣਾ ਚਾਹੁੰਦੀ ਹਾਂ ।
ਤੂੰ ਲੰਮੀ ਤਾਣ ਕੇ ਸੌਂ ਨਾ
ਮੇਰਾ ਸੰਧੂਰ ਲੁਟ ਚਲਿਆ,
ਚਮਕਦੇ ਮਾਲੀਆ ਅੰਬਾਂ ਤੇ ਆਇਆ ਬੂਰ ਲੁਟ ਚਲਿਆ ।

ਖਿਲਾਰੀ ਕੇਸ ਕਲਜੋਗਣ ਹੈ
ਚੱਕੀਆਂ ਪੀਸਦੀ ਆਉਂਦੀ ਗੁਲਾਮੀ ਹਾਂ, ਗੁਲਾਮੀ ਹਾਂ,
ਤੇ ਇਸ ਤਰ੍ਹਾਂ ਚੀਕਦੀ ਆਉਂਦੀ ਤੇ ਕਹਿੰਦੀ ਹੈ
ਮੇਰੇ ਸਾਵੇਂ ਆਜ਼ਾਦੀ ਦੀ ਕੁੜੀ ਹੱਸ ਨਹੀਂ ਸਕਦੀ ।
ਗੁਲਾਮੀ ਹੀ ਮੇਰੇ ਸਾਏਂ ਆਜ਼ਾਦੀ ਹੱਸ ਨਹੀਂ ਸਕਦੀ ।
ਇਹ ਕਹਿ ਕੇ
ਉਸ ਗਸ਼ੀ ਖਾਧੀ ਤੇ ਮੱਥਾ ਮੜ੍ਹੀ ਤੇ ਵੱਜਿਆ,
ਮੜ੍ਹੀ ਫੱਟ ਗਈ,
ਮੜ੍ਹੀ ਅੰਦਰ ਪਿਆ ਸਰਦਾਰ ਇਉਂ ਗੱਜਿਆ,
ਖ਼ਬਰਦਾਰ !

ਵਤਨ ਵਾਲੇ,
ਸੁਨੇਹਾ ਮੈਂ ਸੁਣਾਉਂਦਾ ਹਾਂ ।
ਕਵੀ ਹਾਂ
ਮੈਂ ਵਤਨ ਦਾ,
ਮੈਂ ਵਤਨ ਦਾ ਭਾਰ ਲਹਾਉਂਦਾ ਹਾਂ ।
ਸੁਣੋ ਗੋਬਿੰਦ ਦੇ ਪੁੱਤਰੋ,
ਸੁਣੋ ਨਲਵੇ ਦੇ ਯਾਰੋ,
ਕਿਸੇ ਝਾਂਸੀ ਦੀ ਅਣਖੋ,

[ਸਰਦਾਰ ਮੱਖਣ ਸਿੰਘ]

ਕਿਸੇ ਸਾਂਗੇ ਦੇ ਸਰਦਾਰੋ
ਸ਼ਰਮ ਕਿਥੇ ਹੈ ਸਰਦਾਰੋ ।
ਜ਼ਰਾ ਬੋਲੋ, ਮੈਂ ਪੁੱਛਦਾ ਹਾਂ,
ਉਠਾ ਕੇ ਸਿਰ ਉਤਾਂਹ ਉਠ,
ਜ਼ਰਾ ਬੋਲ । ਮੈਂ ਬੋਲਦਾ ਹਾਂ
ਗੁਰੂ ਦਤ ਬਣ ਕੇ ਸਹਬ ਵਾਲਾ
ਜਦੋਂ ਘੋੜੀ ਤੇ ਚੜ੍ਹਿਆ ਸੀ
ਮੈਂ ਫਾਂਸੀ ਤੇ ਖੜ੍ਹਾ ਹੋ ਕੇ ਸ਼ਗਨ ਹੱਥਾਂ ਵਿੱਚ ਫੜ੍ਹਿਆ ਸੀ ।
ਤੁਸੀਂ ਤੱਕਿਆ ਸੀ
ਤਿਨਾਂ ਦੀ ਜਦੋਂ ਬਰਾਤ ਜਾਂਦੀ ਸੀ ।
ਵਤਨ ਵਾਲਿਓ !
ਆਜ਼ਾਦੀ ਦੀ ਕੁੜੀ ਸਿਰ ਦੇ ਕੇ ਲਿਆਂਦੀ ਸੀ
ਤੇ ਫਿਰ
ਸਤਲੁਜ ਦੇ ਕਿਨਾਰੇ ਤੇ ਖੁਸ਼ੀ ਵਿਚ ਦੀਪ ਬਾਲੇ ਸਨ ।
ਉਹ ਭੁਲਦੇ ਨੇ,
ਜੋ ਕਹਿੰਦੇ ਨੇ ਸਾਡੇ ਜੋ ਜਿਸਮ ਜ਼ਾਲੇ ਸਨ,
ਜ਼ਮਾਨਾ ਜਾਣਦਾ ਹੈ
ਤਲਵਾਰ ਤੁਹਾਡੀ ਦੀ ਕਹਾਣੀ ਨੂੰ,
ਸਿਰਾਂ ਦੀ ਰੱਤ ਪੀਣ ਨੂੰ,
ਜਿਸਮ ਦੇ ਹੱਡ ਖਾਣੀ ਨੂੰ ।
ਜਮਾਂ ਮਰਦੇ ਬੱਬਰ ਸ਼ੇਰੋ,
ਮੈਂ ਤੈਥੋਂ ਸ਼ਰਨ ਮੰਗਦਾ ਹਾਂ
ਤੇ ਆਪਣੀ ਜਾਨ ਦੇ ਬਦਲੇ ਵਿਚ
ਇਕ ਪ੍ਰਣ ਮੰਗਦਾ ਹਾਂ ।
ਉਠਾ ਕੇ ਸਿਰ ਇਉਂ ਆਖੋ,
ਕੌਮ ਦੀ ਲਾਜ ਰੱਖਾਂਗੇ ।
ਕਟਾ ਦਿਆਂਗੇ ਸਿਰ ਆਪਣਾ
ਜੋ ਕੌਮ ਦੇ ਸਿਰ ਤਾਜ ਰੱਖਾਂਗੇ ।"

ਸ੍ਰੀ ਜਗਦੀਸ਼ ਸਾਹਨੀ (ਬਟਾਲਾ) : ਡਿਪਟੀ ਸਪੀਕਰ ਸਾਹਿਬ, ਜੋ ਮਤਾ ਰੌਂਤਾ ਸਾਹਿਬ ਨੇ ਲਿਆਂਦਾ ਹੈ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਬਹੁਤ ਅੱਛਾ ਮਤਾ ਹੈ । ਮੈਨੂੰ ਹੈਰਾਨੀ ਹੋਈ ਹੈ ਕਿ ਇਹ ਉਹ ਇਨਸਾਨ ਹਨ ਜਿਹੜੇ ਉਂਗਲੀ ਉਤੇ ਲਹੂ ਲਾ ਕੇ ਆਪਣੇ-ਆਪ ਨੂੰ ਸ਼ਹੀਦ ਕਹਿੰਦੇ ਹਨ । (ਥੰਪਿੰਗ) ਇਨ੍ਹਾਂ ਨੂੰ ਹਿੰਦੁਸਤਾਨ ਦੀ 50 ਸਾਲ ਦੀ ਆਜ਼ਾਦੀ ਤੋਂ ਬਾਅਦ ਯਾਦ ਆਇਆ ਕਿ ਸਾਨੂੰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਯਾਦਗਾਰ ਬਣਾਉਣੀ ਚਾਹੀਦੀ ਹੈ । ਉਸ ਦੀ ਸੋਚ ਕਰਨੀ ਚਾਹੀਦੀ ਹੈ । ਕਈ ਸਰਕਾਰਾਂ ਆਈਆਂ ਹਨ ਤੇ ਹਰ ਸਰਕਾਰ ਦੇ ਪਿਛਲੱਗੂ ਤੁਸੀਂ (ਕਮਿਊਨਿਸਟ ਪਾਰਟੀ ਵੱਲ ਇਸ਼ਾਰਾ) ਹੋ । (ਥੰਪਿੰਗ) ਹਰ ਸਰਕਾਰ ਨੂੰ ਸਪੋਰਟ ਦੇਣ ਵਾਲੇ ਤੁਸੀਂ ਹੋ । ਇਕ ਤੁਹਾਡਾ ਨਿਜ਼ਾਮ ਤੁਹਾਡੇ ਉਤੇ ਬੈਠ ਕੇ ਸਰਕਾਰ ਨੂੰ ਚਲਾਉਂਦਾ ਹੈ । ਡਿਪਟੀ ਸਪੀਕਰ ਸਾਹਿਬ, ਪਹਿਲਾਂ ਤਾਂ ਸਰਦਾਰ ਮੱਖਣ ਸਿੰਘ ਹਨ ਜਿਨ੍ਹਾਂ ਨੇ ਆਪਣੇ ਉਨ੍ਹਾਂ ਸ਼ਹੀਦਾਂ ਨੂੰ ਆਪਣੇ ਦਿਲ ਵਿਚ ਵਸਾਇਆ । ਅਸੀਂ ਸਭ ਇਨਸਾਨ ਆਪਣੇ ਸ਼ਹੀਦਾਂ ਦੀ ਯਾਦ ਸੀਨੇ ਲਾ ਕੇ ਤੁਰਦੇ ਆ ਰਹੇ ਹਾਂ । ਇਹ ਅੱਜ ਦੀ ਗੱਲ ਨਹੀਂ । ਅੱਜ ਅਸੀਂ ਵਿਧਾਨ ਸਭਾ ਵਿਚ ਹਾਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਯਾਦ ਕਰਿਆ, ਸ਼ਹੀਦਾਂ ਨੂੰ ਯਾਦ ਕਰਿਆ । ਇਨ੍ਹਾਂ ਯਾਦਾਂ ਨੂੰ ਸਾਡੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਦਾ ਯਾਦ ਰੱਖਿਆ । ਸੰਨ 1970 ਵਿਚ ਖਟਕੜ ਕਲਾਂ ਵਿਚ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਬਣਾਉਣ ਲਈ ਮਹਾਨ ਜੇਹਾਦ ਚਲਾਇਆ । ਉਸ ਜਹਾਦ ਦਾ ਕਿਸ ਦੇ ਸਿਰ ਸਿਹਰਾ ਬੰਨ੍ਹਿਆ । ਸ੍ਰੀ ਮਨਮੋਹਨ ਕਾਲੀਆ ਉਹ ਲੋਕਲ ਬਾਡੀਜ਼ ਦੇ ਮੰਤਰੀ ਸੀ ਉਨ੍ਹਾਂ ਨੇ 1970 ਵਿਚ ਯਾਦਗਾਰ ਬਣਾਈ । ਅੱਜ ਉਨ੍ਹਾਂ ਦੇ ਸਪੁੱਤਰ ਸਾਡੇ ਕੋਲ ਮੰਤਰੀ ਹਨ ਸ੍ਰੀ ਮਨੋਰੰਜਨ ਕਾਲੀਆ । ਅੱਜ ਇਹ ਗੱਲ ਕਰਦੇ ਹਨ । ਰੋਜ਼ ਇਹ ਉਥੋਂ ਨਿਕਲਦੇ ਹਨ । ਕੀ ਕਦੇ ਅੰਦਰ ਜਾਣ ਦੀ ਕੋਸ਼ਿਸ਼ ਕੀਤੀ ਹੈ । ਕਿਸੇ ਨੇ ਦੇਖਿਆ ਹੈ ਸਾਡੇ ਉਹ ਸ਼ਹੀਦ ਜਿਸ ਨੇ ਆਪਣੀ ਭਰ ਜਵਾਨੀ ਵਿਚ ਆਪਣੇ ਮੁਲਕ ਲਈ ਖੂਨ ਵਹਾ ਦਿੱਤਾ । ਕਹਿਣਾ ਅਸਾਨ ਹੈ ਪਰ ਸ਼ਹੀਦਾਂ ਦੀ ਯਾਦ ਨਾਲ ਜੀਉਣਾ ਮੁਸ਼ਕਲ ਹੈ । ਅੱਜ ਕਾਂਗਰਸ ਪਾਰਟੀ ਦੱਸ ਦੇਵੇ, ਬਰਾੜ ਸਾਹਿਬ ਬੜੀ ਸ਼ਾਨੋ ਸ਼ੌਕਤ ਨਾਲ ਦੱਸ ਰਹੇ ਹਨ ਪਰ ਕੀ ਤੁਸੀਂ ਦੱਸ ਸਕਦੇ ਹੋ ਕਿ ਉਨ੍ਹਾਂ ਨੂੰ ਫਾਂਸੀ ਕਿਉਂ ਹੋਈ ? ਉਨ੍ਹਾਂ ਨੂੰ ਫਾਂਸੀ ਦੇਣ ਦੀ ਵਜ੍ਹਾ ਕੀ ਸੀ ? ਉਸ ਵੇਲੇ ਲਾਰਡ ਇਰਵਿਨ ਤੇ ਮਹਾਤਮਾ ਗਾਂਧੀ ਵਿਚ ਸਮਝੌਤਾ ਹੋਇਆ ਸੀ । ਉਸ ਸਮਝੌਤੇ ਤਹਿਤ ਤਿੰਨਾ ਸ਼ਹੀਦਾਂ ਨੂੰ ਫਾਂਸੀ ਦਿੱਤੀ ਗਈ ਸੀ ।

ਸਰਦਾਰ ਅਵਤਾਰ ਸਿੰਘ ਬਰਾੜ : ਮੇਰਾ ਪੁਆਇੰਟ ਆਫ ਆਰਡਰ ਹੈ ਕਿ ਇਹ ਗਲਤ ਕਹਿ ਰਹੇ ਹਨ । ਕੀ ਮੈਂ ਪੁੱਛ ਸਕਦਾ ਹਾਂ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜਿਨ੍ਹਾਂ ਦੀ ਸਮਾਧੀ ਤੇ ਅਟੱਲ ਬਿਹਾਰੀ ਵਾਜਪਈ ਜੀ ਮੱਥਾ ਟੇਕਣ ਆਏ ਸੀ, ਦਾ ਕਾਤਲ ਕੌਣ ਸੀ ? ** ** ਇਨ੍ਹਾਂ ਦੀ ਪਾਰਟੀ ਨਾਲ ਸਬੰਧਤ ਨਹੀਂ ਸੀ ? ਉਨ੍ਹਾਂ ਦਾ ਕਤਲ ਕਿਸ ਨੇ ਕੀਤਾ ? ਅਫਸੋਸ ਇਸ ਗੱਲ ਦਾ ਹੈ ਕਿ ਅੱਜ ਦੇਸ਼ ਭਗਤ ਪਿੱਛੇ ਹਨ ਪਰ . . . (ਵਿਘਨ)

**Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ** ** ਨਾਮ ਐਕਸਪੰਜ ਕਰ ਦਿੱਤਾ ਜਾਵੇ ।

ਸ਼੍ਰੀ ਜਗਦੀਸ਼ ਸਾਹਨੀ : ਜਨਾਬ ਸਾਹਿਬ, ਅੱਟਲ ਬਿਹਾਰੀ ਵਾਜਪਈ ਜੀ ਨੇ ਮਹਾਤਮਾ ਗਾਂਧੀ ਦੀ ਸਮਾਧੀ ਤੇ ਜਾ ਕੇ ਨਤਮਸਤਕ ਕੀਤਾ ਤੇ ਉਨ੍ਹਾਂ ਨੇ ਸਾਬਤ ਕੀਤਾ ਹੈ ਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿਚ ਹਿੱਸਾ ਪਾਇਆ ਹੈ ਇਸ ਲਈ ਮੈਂ ਉਨ੍ਹਾਂ ਅੱਗੇ ਨਤਮਸਤਕ ਹਾਂ । ਇਸ ਤੋਂ ਵੱਡੇ ਦੇਸ਼ ਭਗਤ ਦਾ ਸਬੂਤ ਹੋਰ ਨਹੀਂ ਹੋ ਸਕਦਾ । ਇਹ ਭੁੱਲ ਗਏ ਹਨ, ਇਹ ਆਪ ਪੜ੍ਹੇ ਲਿਖੇ ਹਨ ਇਨ੍ਹਾਂ ਨੂੰ ਜਨਰਲ ਇਰਵਿਨ ਤੇ ਮਹਾਤਮਾ ਗਾਂਧੀ ਦੇ ਸਮਝੌਤੇ ਦਾ ਨਹੀਂ ਪਤਾ । 50 ਸਾਲ ਇਨ੍ਹਾਂ ਕਾਂਗਰਸ ਵਾਲਿਆਂ ਨੇ ਹਕੂਮਤ ਕੀਤੀ ਪਰ ਭਗਤ ਸਿੰਘ ਦੀ ਯਾਦਗਾਰ ਨਹੀਂ ਬਣਾ ਸਕੇ । ਜਿਸ ਵੇਲੇ 1971 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ, ਉਸ ਵੇਲੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਈਆਂ ਹਨ । ਅੱਜ ਵੀ ਯਾਦਗਾਰਾਂ ਪੰਜਾਬ ਸਰਕਾਰ ਬਣਾ ਰਹੀ ਹੈ । ਜਿਸ ਗੱਲ ਨੂੰ ਅਸੀਂ ਖ਼ਾਮੋਸ਼ੀ ਨਾਲ ਆਪਣੇ ਦਿਲ ਦੀਆਂ ਇਛਾਵਾਂ ਨਾਲ, ਆਪਣੇ ਦਿਲ ਦੀਆਂ ਡੂੰਘਾਈਆਂ ਤੋਂ ਨਤਮਸਤਕ ਹੋ ਕੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ । ਇਕ ਪਾਸੇ ਖਾਲਸੇ ਦਾ ਤਿੰਨ ਸੋ ਸਾਲਾ ਮਨਾਇਆ ਜਾ ਰਿਹਾ ਹੈ ਦੂਸਰੇ ਪਾਸੇ ਇਹ ਕੋਈ ਇਸ ਤਰਾਂ ਦਾ ਮੁੱਦਾ ਛੇੜਨਾ ਚਾਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਖਾਲਸਾ ਪੰਥ ਦੀ ਸਿਰਜਣਾ ਇਕ ਜਿੰਦਾ ਸਬੂਤ ਹੈ ਕੁਰਬਾਨੀ ਦਾ । ਜਨਾਬ ਸਾਹਿਬ ਅਸੀਂ ਚਾਹੁੰਦੇ ਹਾਂ ਕਿ ਸ਼ਹੀਦਾਂ ਦੀ ਯਾਦ ਵਿਚ ਯਾਦਗਾਰਾਂ ਬਨਾਉਣੀਆਂ ਚਾਹੀਦੀਆਂ ਹਨ ਅਤੇ ਯਾਦਗਾਰਾਂ ਲਈ ਕੋਈ ਕੰਟਰੀਬਿਊਸ਼ਨ ਹੁੰਦੀ ਹੈ । ਅੱਜ ਤੱਕ ਤੁਸੀਂ ਦਸ ਦਿਓ ਕਿਸੇ ਕਾਂਗਰਸੀ ਨੇਤਾ ਜਾਂ ਮੁੱਖ ਮੰਤਰੀ ਨੇ ਸ਼ਹੀਦਾਂ ਦੇ ਲਈ ਜੇ ਕੋਈ ਕੰਟਰੀਬਿਊਸ਼ਨ ਕੀਤੀ ਹੋਵੇ । ਅਸੀਂ ਇਕ ਸਵਰਨ ਜੈਯੰਤੀ ਸ਼ਹੀਦਾਂ ਦੀ ਯਾਦ ਲਈ ਮਨਾਈ ਸੀ ।

ਸਰਦਾਰ ਅਵਤਾਰ ਸਿੰਘ ਬਰਾੜ : ਸਾਡੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਸ਼ਹੀਦਾਂ ਦੀ ਯਾਦ ਲਈ ਬੜੀ ਕੰਟਰੀਬਿਊਸ਼ਨ ਕੀਤੀ ਸੀ ।

ਸ਼੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਸਾਡੇ ਲਾਲ ਕ੍ਰਿਸ਼ਨ ਅਡਵਾਨੀ ਜੀ ਨੇ ਸ਼ਹੀਦਾਂ ਦੀ ਯਾਦ ਦੇ ਲਈ ਸਾਰੇ ਮੁਲਕ ਦਾ ਚੱਕਰ ਲਗਾਇਆ ਸੀ ਅਤੇ ਉਹ ਪੰਜਾਬ ਵਿਚ ਵੀ ਆਏ ਸਨ ਅਤੇ ਸ਼ਹੀਦਾਂ ਦੀ ਯਾਦ ਵਿਚ ਜਿਹੜੀ ਸਵਰਨ ਜੈਯੰਤੀ ਮਨਾਈ ਸੀ, ਉਸ ਵਿਚ ਸਾਡੀ ਪਾਰਟੀ ਦੀ ਬੜੀ ਕੰਟਰੀਬਿਊਸ਼ਨ ਰਹੀ ਹੈ । ਕਾਂਗਰਸ ਪਾਰਟੀ ਵਾਲੇ ਤਾਂ ਵੋਟਾਂ ਦੀ ਖਾਤਿਰ ਅਤੇ ਵੋਟ ਲੈਣ ਲਈ ਸ਼ਹੀਦਾਂ ਦਾ ਇਸਤੇਮਾਲ ਕਰਦੇ ਹਨ । ਸਾਡੇ ਇਥੇ ਰਾਮ ਲਾਲ ਜੀ ਨੇ ਕਿਹਾ ਸੀ ਕਿ ਕਾਂਗਰਸੀ ਤਰਾ ਤਾਂ ਆਪਣੀਆਂ ਵੋਟਾਂ ਲੈਣ ਦੀ ਖਾਤਿਰ ਡੁਗਡੁਗੀ ਵਜਾਉਂਦੇ ਰਹਿੰਦੇ ਹਨ ਅਤੇ ਜਦੋਂ ਵੋਟਾਂ ਦਾ ਕੰਮ ਖਤਮ ਹੋ ਜਾਂਦਾ ਹੈ ਤਾਂ ਆਪਣੀ ਡੁਗਡੁਗੀ ਵੀ ਖਤਮ ਕਰ ਦਿੰਦੇ ਹਨ । ਇਹ ਦੱਸ ਦੇਣ ਇਨ੍ਹਾਂ ਨੇ ਕਿਸੇ ਦੇਸ਼ ਦੇ ਪਰਵਾਨੇ ਲਈ ਕੋਈ ਯਾਦਗਾਰ ਬਣਾਈ ਹੋਵੇ ।

**Expunged as ordered by the Chair.

ਸ਼ਹੀਦ ਊਧਮ ਸਿੰਘ ਨੇ ਭਾਰਤੀ ਹੋਣ ਦੇ ਨਾਤੇ ਇਸ ਤਰ੍ਹਾਂ ਇੰਗਲੈਂਡ ਜਾ ਕੇ ਬਦਲਾ ਲਿਆ ਸੀ ਅਤੇ ਹਿੰਦੁਸਤਾਨ ਦੀ ਆਜ਼ਾਦੀ ਲਈ ਸ਼ਹੀਦ ਊਧਮ ਸਿੰਘ ਦੀ ਬੜੀ ਕੰਟਰੀਬਿਊਸ਼ਨ ਹੈ । ਜਿਸ ਵਕਤ ਅਸੀਂ ਅੰਡੇਮਾਨ, ਨਿਕੋਬਾਰ ਜਾਂਦੇ ਹਾਂ, ਉਥੇ ਅਸੀਂ ਦੇਖਦੇ ਹਾਂ ਕਿ ਪੰਜਾਬੀਆਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ ਸਨ । ਇਸ ਦੇ ਲਈ ਸਾਨੂੰ ਫਖ਼ਰ ਹੈ ਕਿ ਅਸੀਂ ਪੰਜਾਬੀ ਹਾਂ । ਇਹ ਠੀਕ ਨਹੀਂ ਹੈ ਕਿ ਇਥੇ ਜਿਹੜਾ ਮਤਾ ਲਿਆਂਦਾ ਗਿਆ ਹੈ ਉਸ ਦੀ ਅਸੀਂ ਪ੍ਰੋੜਤਾ ਕਰੀਏ ਅਤੇ ਇਸ ਨੂੰ ਪਾਸ ਕਰੀਏ । ਸਾਡੇ ਦਿਲ ਦੇ ਵਿਚ ਆਜ਼ਾਦੀ ਦੇ ਸ਼ਹੀਦਾਂ ਲਈ ਬੜਾ ਮਾਣ ਹੈ ਅਤੇ ਸਤਿਕਾਰ ਹੈ । ਅਸੀਂ ਇਥੇ ਇਸ ਮਤੇ ਦੀ ਮੁਖਾਲਫਤ ਕਰਦੇ ਹਾਂ, ਇਸ ਤਰ੍ਹਾਂ ਦਾ ਮਤਾ ਲਿਆਉਣ ਦੀ ਕੋਈ ਲੋੜ ਨਹੀਂ ਸੀ । ਸਾਡੇ ਦਿਲ ਵਿਚ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਲਈ ਬੜਾ ਮਾਣ ਹੈ ਅਤੇ ਸਕੂਲਾਂ ਦੇ ਬੱਚਿਆਂ ਨੂੰ ਉਨ੍ਹਾਂ ਬਾਰੇ ਕਿਤਾਬਾਂ ਵਿਚ ਪੜ੍ਹਾਇਆ ਜਾਂਦਾ ਹੈ । ਜਦੋਂ ਅਸੀਂ ਉਨ੍ਹਾਂ ਦੇ ਪਿੰਡ ਵੱਲ ਜਾਂਦੇ ਹਾਂ ਸਾਡਾ ਸਿਰ ਆਟੋਮੈਟੇਕਲੀ ਝੁੱਕ ਜਾਂਦਾ ਹੈ ਅਤੇ ਨਮਸਕਾਰ ਕਰਦੇ ਹਾਂ । ਇਸ ਲਈ ਮੈਂ ਇਸ ਮਤੇ ਦਾ ਵਿਰੋਧ ਕਰਦਾ ਹਾਂ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਗੜ੍ਹਸ਼ੰਕਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ....

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਰੌਂਤਾ ਸਾਹਿਬ ਨੂੰ ਇਹ ਮਤਾ ਹਾਊਸ ਦੇ ਵਿਚ ਨਹੀਂ ਲਿਆਉਣਾ ਚਾਹੀਦਾ ਸੀ । ਰੌਂਤਾ ਸਾਹਿਬ ਸ਼ਾਇਦ ਭੁੱਲ ਗਏ ਹਨ ਕਿ ਇਨ੍ਹਾਂ ਦੀ ਪਾਰਟੀ ਨੇ ਜੰਗੇ ਆਜ਼ਾਦੀ ਦੀ ਲੜਾਈ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ । ਇਸ ਲਈ ਇਨ੍ਹਾਂ ਨੂੰ ਇਸ ਤਰ੍ਹਾਂ ਮਤਾ ਹਾਊਸ ਦੇ ਵਿਚ ਲਿਆਉਣ ਦਾ ਕੋਈ ਹੱਕ ਨਹੀਂ ਹੈ ।

ਸ੍ਰੀ ਸੱਤਿਆ ਪਾਲ ਸੈਣੀ : ਆਨ ਏ ਪੁਆਇੰਟ ਆਫ ਆਰਡਰ ਸਰ, ਡਿਪਟੀ ਸਪੀਕਰ ਸਾਹਿਬ, ਮੈਂ ਇਸੇ ਹਾਊਸ ਦੇ ਵਿਚ ਇਕ ਗੱਲ ਕਹਿਣੀ ਚਾਹੁੰਦਾ ਹਾਂ ਜਿਸ ਦਾ ਮੈਨੂੰ ਬਹੁਤ ਇਤਰਾਜ਼ ਹੈ । ਸਾਡੇ ਬਰਾੜ ਸਾਹਿਬ ਇਕ ਸੀਨੀਅਰ ਮਨਿਸਟਰ ਰਹੇ ਹਨ ਪਰ ਇਨ੍ਹਾਂ ਨੇ ਬੜੀਆਂ ਅਪੱਤੀਪੂਰਨ ਗੱਲਾਂ ਕਹੀਆਂ ਹਨ । ਇਨ੍ਹਾਂ ਨੇ ** ** ਨਾਂ ਲਿਆ ਹੈ । ਜੋ ਬੜਾ ਦੁਰਭਾਗਿਆ ਪੂਰਨ ਹੈ । ਮੈਂ ਮਹਾਤਮਾ ਗਾਂਧੀ ਨੂੰ ਰਾਸ਼ਟਰ ਪਿਤਾ ਨਹੀਂ ਕਹਿੰਦਾ ਬਲਕਿ ਉਸ ਨੂੰ ਰਾਸ਼ਟਰ ਦਾ ਮਹਾਨ ਪੁੱਤਰ ਕਹਿੰਦਾ ਹਾਂ । ਉਨ੍ਹਾਂ ਦੇ ਸਰੀਰ ਦੀ ਹੱਤਿਆ ਕਿਸੇ ਨੇ ਕੀਤੀ ਹੋਵੇ ਪਰ ਉਨ੍ਹਾਂ ਦੀ ਆਤਮਾ ਦੀ ਹੱਤਿਆ ਇਨ੍ਹਾਂ ਕਾਂਗਰਸੀਆਂ ਨੇ ਕੀਤੀ ਹੈ । (ਵਿਘਨ) ਜੋ ਬਰਾੜ ਸਾਹਿਬ ਨੇ ਸ਼ਬਦ ਕਿਹਾ ਹੈ ਉਹ ਡਿਲੀਟ ਕਰਾ ਦਿੱਤਾ ਜਾਵੇ

**Expunged as ordered by the Chair.

ਸ੍ਰੀ ਡਿਪਟੀ ਸਪੀਕਰ : ਉਹ ਐਕਸਪੰਜ ਕਰਾ ਦਿਤਾ ਹੈ । (ਵਿਘਨ) Expunge everything. Now, please listen Mr. Shingara Ram Sahungara.

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਜੋ ਮਤਾ ਹਾਊਸ ਦੇ ਸਾਹਮਣੇ ਰੱਖਿਆ ਗਿਆ ਹੈ ਇਹ ਇਕ ਚੰਗਾ ਮਤਾ ਹੈ ਅਤੇ ਮੈਂ ਕਿਸੇ ਤੇ ਕਟਾਕਸ਼ ਨਹੀਂ ਕੀਤਾ, ਕਿਸੇ ਦੇ ਖਿਲਾਫ ਨਹੀਂ ਬੋਲਿਆ ਕਿਸੇ ਦੇ ਖਿਲਾਫ ਕੁਝ ਨਹੀਂ ਕਿਹਾ । ਲੇਕਿਨ ਹਾਊਸ ਅੰਦਰ ਬੋਲਣ ਦਾ ਹਰ ਇਕ ਨੂੰ ਅਧਿਕਾਰ ਹੈ । ਅਸੀਂ ਲੋਕਾਂ ਦੇ ਚੁਣੇ ਹੋਏ ਵਿਧਾਇਕ ਹਾਂ ਅਤੇ ਲੋਕਾਂ ਦੇ ਨੁਮਾਇੰਦੇ ਹਾਂ, ਅਸੀਂ ਲੋਕਾਂ ਦੀ ਗੱਲ ਹਾਊਸ ਵਿਚ ਕਰਨੀ ਹੈ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਝਾਓ । ਇਹ ਇਤਿਹਾਸ ਨੂੰ ਰੋਲ ਰਹੇ ਹਨ । (ਵਿਘਨ)

Mr. Deputy Speaker: I request all the Hon'ble Members to be relevant about the subject.

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਸਾਨੂੰ ਪੁਆਇੰਟ ਆਫ ਆਰਡਰ ਰੇਜ਼ ਕਰਨ ਦਾ ਹੱਕ ਹੈ । ਡਿਪਟੀ ਸਪੀਕਰ ਸਾਹਿਬ, ਸਰਦਾਰ ਅਵਤਾਰ ਸਿੰਘ ਬਰਾੜ ਸਾਹਿਬ ਨੇ ਕਿਹਾ ਹੈ ਕਿ ਇਤਿਹਾਸ ਨੂੰ ਰੋਲ ਰਹੇ ਹਨ । ਇਸ ਬਾਰੇ ਤੁਸੀਂ ਆਪ ਜਾਣਦੇ ਹੋ ਅਤੇ ਸਾਰਾ ਹਾਊਸ ਜਾਣਦਾ ਹੈ । ਹਾਊਸ ਨੇ ਅੱਜ ਤੱਕ ਕਿਸੇ ਨੂੰ ਨਹੀਂ ਰੋਲਿਆ । ਕਾਂਗਰਸੀਆਂ ਦਾ 50 ਸਾਲ ਰਾਜ ਰਿਹਾ । ਉਸ ਵੇਲੇ ਇਨ੍ਹਾਂ ਨੂੰ ਸਰਦਾਰ ਭਗਤ ਸਿੰਘ ਜੀ ਦੀ ਯਾਦ ਨਹੀਂ ਆਈ ਅਤੇ ਹੋਰ ਜਿਨ੍ਹਾਂ ਦੇਸ਼ ਭਗਤਾਂ ਨੇ ਸੱਟਾਂ ਖਾਧੀਆਂ ਉਨ੍ਹਾਂ ਦੀ ਯਾਦ ਨਹੀਂ ਆਈ । ਮਹਾਤਮਾ ਗਾਂਧੀ ਜੀ ਬਾਰੇ ਇਨ੍ਹਾਂ ਨੇ ਕਿਹਾ ਅਤੇ ਸਰਦਾਰ ਭਗਤ ਸਿੰਘ ਜੀ ਦੀ ਕੁਰਬਾਨੀ ਦਾ ਫਾਇਦਾ ਇਨ੍ਹਾਂ ਨੇ ਉਠਾਇਆ । ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਆਜ਼ਾਦੀ ਦੇ ਘੁਲਾਟੀਆਂ ਨੂੰ ਯਾਦ ਕੀਤਾ ।

ਸ੍ਰੀ ਰਮੇਸ਼ ਚੰਦਰ ਡੋਗਰਾ : ਡਿਪਟੀ ਸਪੀਕਰ ਸਾਹਿਬ, ਕੀ ਇਹ ਪੁਆਇੰਟ ਆਫ ਆਰਡਰ ਤੇ ਬੋਲ ਰਹੇ ਹਨ ਜਾਂ ਤਕਰੀਰ ਕਰ ਰਹੇ ਹਨ ?

ਸ੍ਰੀ ਡਿਪਟੀ ਸਪੀਕਰ : ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਜੀ, ਤੁਸੀਂ ਬੋਲੋ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਉਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ ਕਿ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਨੇ ਹਾਊਸ ਵਿਚ ਰੱਖਿਆ ਹੈ ਕਿ ਰਾਜ ਵਿੱਚ ਸਰਕਾਰ ਬਲਾਕ ਪੱਧਰ ਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਯਾਦ ਵਿੱਚ ਭਵਨਾਂ ਦੀ ਉਸਾਰੀ ਲਈ ਇਕ ਸਕੀਮ ਬਣਾਏ, ਮੈਂ ਇਸ ਮਤੇ ਦੀ ਪ੍ਰੋੜਤਾ ਲਈ ਖੜ੍ਹਾ ਹੋਇਆ ਹਾਂ । ਇਕ ਸ਼ਾਇਰ ਲਿਖਦਾ ਹੈ ਕਿ :—

"ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਕੋਈ ਦੀਦਾਵਰ ਪੈਦਾ ।"

ਮੁੱਦਤਾਂ ਤੋਂ ਬਾਅਦ ਅਜਿਹਾ ਮਨੁੱਖ ਪੈਦਾ ਹੁੰਦਾ ਹੈ ਜੋ ਦੇਸ਼ ਦੀ ਖਾਤਰ, ਕੌਮ ਦੀ ਖਾਤਰ ਆਪਾ ਵਾਰਨ ਲਈ ਅੱਗੇ ਆਉਂਦਾ ਹੈ । ਡਿਪਟੀ ਸਪੀਕਰ ਸਾਹਿਬ, ਸਾਨੂੰ ਸਿਆਣਿਆਂ ਨੇ ਕਿਹਾ ਕਿ ਉਨ੍ਹਾਂ ਲੋਕਾਂ ਨੂੰ ਯਾਦ ਕੀਤਾ ਜਾਂਦਾ ਹੈ ਜੋ ਮਨੁੱਖਤਾ ਦੇ ਕੰਮ ਆਉਂਦੇ ਹਨ ਅਤੇ ਉਹ ਸਾਰੀ ਦੁਨੀਆਂ ਵਿਚ ਅਮਰ ਰਹਿੰਦੇ ਹਨ । ਜਿਹੜੇ ਲੋਕ ਦੁਨੀਆਂ ਵਿਚ ਦਾਣਾ ਪਾਣੀ ਛੱਕ ਕੇ ਚਲੇ ਜਾਂਦੇ ਹਨ, ਜਿਹੜੇ ਲੋਕ ਜੂਨ ਕੱਟ ਕੇ ਚਲੇ ਜਾਂਦੇ ਹਨ, ਉਨ੍ਹਾਂ ਨੂੰ ਕਦੇ ਵੀ ਇਤਿਹਾਸ ਵਿਚ ਯਾਦ ਨਹੀਂ ਰੱਖਿਆ ਜਾਂਦਾ । ਅੱਜ ਜੋ ਅਸੀਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕਰਨ ਲਈ ਜਾਂ ਉਨ੍ਹਾਂ ਦੇ ਸਬੰਧ ਵਿਚ ਜਿਹੜਾ ਮਤਾ ਰੰਤਾ ਸਾਹਿਬ ਨੇ ਲਿਆਂਦਾ ਹੈ ਇਸ ਪਵਿੱਤਰ ਹਾਊਸ ਦੇ ਅੰਦਰ, ਇਸ ਕਰਕੇ ਕਿ ਉਨ੍ਹਾਂ ਨੇ ਜਿਹੜੀ ਰਾਸ਼ਟਰੀ ਭਾਵਨਾ ਹੈ ਇਸ ਦੇਸ਼ ਦੇ ਸਮੁੱਚੇ ਲੋਕਾਂ ਦੇ ਅੰਦਰ ਪੈਦਾ ਕੀਤੀ ਔਰ ਜੇ ਕੋਈ ਗੱਲ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਕੋਲੋਂ ਸਿੱਖੀ ਜਾ ਸਕਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਉਹ ਰਾਸ਼ਟਰੀ ਭਾਵਨਾ ਹੀ ਹੈ ਕਿਉਂਕਿ ਧਰਮ, ਜਾਤ, ਫ਼ਿਰਕੇ ਤੋਂ ਉਪਰ ਉਠ ਕੇ ਜਿਸ ਤਰ੍ਹਾਂ ਰਾਸ਼ਟਰ ਦੀ ਖਾਤਰ ਉਨ੍ਹਾਂ ਨੇ ਸ਼ਹਾਦਤ ਦਿੱਤੀ, ਆਪਣੀ ਆਹੂਤੀ ਦਿੱਤੀ. ਉਹ ਮਿਸਾਲ ਕਿਧਰੇ ਨਹੀਂ ਮਿਲਦੀ । ਮੈਂ ਉਨ੍ਹਾਂ ਦਾ ਸਭ ਤੋਂ ਵੱਡਾ ਬਡੱਪਨ ਇਹ ਸਮਝਦਾ ਹਾਂ, ਇਹ ਉਨ੍ਹਾਂ ਦੀ ਸਭ ਤੋਂ ਵੱਡੀ ਕੁਰਬਾਨੀ ਹੈ ਕਿ ਉਨ੍ਹਾਂ ਨੇ ਸਮੁੱਚੇ ਰਾਸ਼ਟਰ ਦੀ ਖਾਤਰ ਕੁਰਬਾਨੀ ਦੇ ਕੇ ਲੋਕਾਂ ਵਿਚ ਰਾਸ਼ਟਰੀ ਭਾਵਨਾ ਪੈਦਾ ਕੀਤੀ । ਅੱਜ ਇਸ ਦੇਸ਼ ਦੇ ਅੰਦਰ ਜਾਤ ਦੀਆਂ, ਧਰਮ ਦੀਆਂ, ਫਿਰਕੇ ਦੀਆਂ ਰਵਾਇਤਾਂ ਪੈਦਾ ਕਰਕੇ ਜੋ ਨਫ਼ਰਤ ਪੈਦਾ ਕੀਤੀ ਜਾ ਰਹੀ ਹੈ, ਇਸ ਵਕਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਤੋਂ ਸਿੱਖਿਆ ਲੈਣ ਦੀ ਲੋੜ ਹੈ, ਉਨ੍ਹਾਂ ਦੀ ਕੁਰਬਾਨੀ ਤੋਂ ਸਿੱਖਿਆ ਲੈਣ ਦੀ ਲੋੜ ਹੈ ਤਾਂਕਿ ਹਰ ਬੱਚੇ-ਬੱਚੇ ਅੰਦਰ ਭਾਵਨਾ ਪੈਦਾ ਕਰਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗਾ ਜਜ਼ਬਾ ਪੈਦਾ ਕਰਕੇ ਦੇਸ਼ ਨੂੰ ਅੱਗੇ ਲਿਜਾਇਆ ਜਾ ਸਕੇ । ਇਹ ਦੇਸ਼ ਦੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ।

ਮੈਨੂੰ ਡਿਪਟੀ ਸਪੀਕਰ ਸਾਹਿਬ, ਹੁਕਮਰਾਨ ਬੈਂਚਾਂ ਵਲੋਂ ਇਹ ਸੁਨਣ ਨੂੰ ਮਿਲਿਆ ਕਿ ਜਿਹੜੀ ਭਗਤ ਸਿੰਘ ਦੀ ਯਾਦ ਹੈ, ਉਹ ਹਰ ਮਨ ਦੇ ਅੰਦਰ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਕਾਫੀ ਨਹੀਂ ਹੈ । ਜੇ ਇਧਰੋਂ ਇਹ ਪ੍ਰਸਤਾਵ ਲਿਆਂਦਾ ਗਿਆ ਕਿ ਇਨ੍ਹਾਂ ਦੀ ਯਾਦ ਵਿਚ ਬਲਾਕ ਪੱਧਰ ਤੇ ਭਵਨ ਬਨਾਉਣੇ ਚਾਹੀਦੇ ਹਨ ਤਾਂ ਇਹ ਗੱਲ ਕਾਫ਼ੀ ਨਹੀਂ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਲੋੜ ਹੈ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਅਤੇ ਉਨ੍ਹਾਂ ਮੁਤਾਬਿਕ ਦੇਸ਼ ਬਨਾਉਣ ਦੀ ਅਤੇ ਜੇ ਅਸੀਂ ਆਪਣੇ-ਆਪ ਨੂੰ ਉਨ੍ਹਾਂ ਦਾ ਅਨੁਯਾਈ ਸਮਝਦੇ ਹਾਂ ਤਾਂ ਜੋ ਕੁਰਬਾਨੀ ਉਨ੍ਹਾਂ ਸਮੁੱਚੇ ਰਾਸ਼ਟਰ ਦੀ ਖਾਤਰ ਕੀਤੀ, ਉਸ ਕੁਰਬਾਨੀ ਦੇ ਸਦਕਾ ਦੇਸ਼ ਨੂੰ ਸਿਰਜਨ ਦੀ ਲੋੜ ਹੈ ਜਿਹੜੀ ਕਿ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਜਿਸ ਮਕਸਦ ਲਈ ਖੜ੍ਹਾ ਹੋਇਆ ਹਾਂ ਉਹ ਇਹ ਹੈ ਕਿ ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਜੂਨ, 1927 ਦੇ ਜਿਹੜੇ ਬਿਆਨ ਦੇਸ਼ ਦੇ ਦਬੇ-ਕੁਚਲੇ ਲੋਕਾਂ ਲਈ ਕਹੇ ਸੀ ਉਹ ਇਹ ਸੀ ਕਿ ਤੁਸੀਂ ਉਠੋ। ਤੁਸੀਂ ਇਸ ਦੇਸ਼ ਦੇ ਵਾਰਸ ਹੋ, ਤੁਸੀਂ ਗੁਰੂ ਗੋਬਿੰਦ ਸਿੰਘ ਦੀ ਫੌਜ ਦੇ ਲਾਸਾਨੀ ਸੂਰੇ ਅਤੇ ਵਾਰਸ ਹੋ, ਤੁਸੀਂ ਕੁਰਬਾਨੀਆਂ ਦੇਣ ਵਾਲੇ ਲੋਕ ਹੋ। ਜੇ ਤੁਸੀਂ ਉਠ ਕੇ ਖੜ੍ਹੇ ਹੋਵੋਗੇ ਤਾਂ ਹੀ ਦੇਸ਼ ਉਠੇਗਾ। ਤੁਸੀਂ ਇਸ ਦੇਸ਼ ਦੇ ਅਸਲੀ ਵਾਰਸ ਹੋ। ਇਹ ਸ਼ਬਦ ਉਨ੍ਹਾਂ ਨੇ ਦਬੇ-ਕੁਚਲੇ ਲੋਕਾਂ ਵਾਸਤੇ ਜੂਨ, 1927 ਵਿਚ ਕਹੇ ਸਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਤਿਹਾਸ ਨੂੰ ਹਮੇਸ਼ਾ ਤੋੜਿਆ ਮਰੋੜਿਆ ਜਾਂਦਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਸਾਈਮਨ ਕਮਿਸ਼ਨ ਲਾਹੌਰ ਵਿਚ ਆਇਆ, ਮੈਂ ਜਾਣਕਾਰੀ ਦੇਣੀ ਚਾਹੁੰਦਾ ਹਾਂ ਕਿ ਉਸ ਸਮੇਂ ਇਕੱਲੇ ਲਾਲਾ ਲਾਜਪਤ ਰਾਏ ਹੀ ਨਹੀਂ ਸੀ ਉਥੇ ਬਾਬਾ ਭੀਮ ਰਾਓ ਅੰਬੇਦਕਰ ਵੀ ਸਨ, ਉਥੇ ਮੰਗੂ ਰਾਮ ਜੀ ਮੰਗੂਵਾਲੇ ਜਿਨ੍ਹਾਂ ਨੇ 1925 ਵਿਚ ਪਰਜਾ ਮੰਡਲ ਬਣਾਇਆ ਸੀ, ਉਹ ਵੀ ਉਥੇ ਆਪਣੇ 10,000 ਸਾਥੀ ਨਾਲ ਲੈ ਕੇ ਅਤੇ 5 ਫੁੱਟ ਦੀ ਡਾਂਗ ਲੈ ਕੇ ਲਾਹੌਰ ਵਿਚ ਸਾਈਮਨ ਨੂੰ ਮਿਲਣ ਗਏ ਸਨ। ਉਨ੍ਹਾਂ ਨੇ ਕਮਿਸ਼ਨ ਨੂੰ ਉਨ੍ਹਾਂ ਲੋਕਾਂ ਬਾਰੇ ਦੱਸਿਆ ਜਿਨ੍ਹਾਂ ਨੂੰ ਇਸ ਦੇਸ਼ ਅੰਦਰ ਕੁੱਤੇ ਬਿੱਲਿਆਂ ਦੇ ਸਮਾਨ ਸਮਝਿਆ ਜਾਂਦਾ ਸੀ ਅਤੇ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਇਨ੍ਹਾਂ ਦੇ ਹੀ ਸਦਕਾ ਤਿੰਨ ਗੋਲ ਮੇਜ਼ ਕਾਨਫਰੰਸਾਂ ਲੰਡਨ ਵਿਚ 1930, 1931 ਅਤੇ 1932 ਵਿਚ ਹੋਈਆਂ ਅਤੇ ਉਨ੍ਹਾਂ ਲੋਕਾਂ ਦੀ ਖਾਤਰ ਆਜ਼ਾਦੀ ਤੋਂ 15 ਸਾਲ ਪਹਿਲਾਂ ਹੀ ਬਾਬਾ ਅੰਬੇਦਕਰ ਨੇ ਅੰਗਰੇਜ਼ਾਂ ਤੋਂ ਅਧਿਕਾਰ ਲਏ।

ਇਥੇ, ਡਿਪਟੀ ਸਪੀਕਰ ਸਾਹਿਬ, ਇਹ ਕਿਹਾ ਗਿਆ ਕਿ ਲਾਲਾ ਲਾਜਪਤ ਰਾਏ ਨੇ ਸਾਈਮਨ ਕਮਿਸ਼ਨ ਵੇਲੇ ਆਪਣੇ ਸਰੀਰ ਤੇ ਡਾਂਗਾਂ ਖਾਧੀਆਂ ਅਤੇ ਸ਼ਹੀਦ ਹੋ ਗਏ। ਇਥੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਕਪੂਰ ਸਿੰਘ, ਆਈ.ਸੀ.ਐਸ. ਅਫਸਰ ਰਹੇ ਹਨ ਅਤੇ ਜਿਨ੍ਹਾਂ ਨੇ ਆਪਣੀ ਜ਼ਹਿਨੀਅਤ ਨਾਲ ਕਿਤਾਬ ਲਿਖੀ ਹੈ। ਉਸਨੇ ਉਸ ਕਿਤਾਬ ਵਿਚ ਕਿਹਾ ਹੈ ** ** ਇਸੇ ਤਰਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਬਾਰੇ ਵੀ ਉਦੋਂ ਦੇ ਪੂੰਜੀਵਾਦੀ ਲੋਕਾਂ ਨੇ ਸੋਚਿਆ ਕਿ ਜੇ ਇਹ ਅੱਗੇ ਆ ਗਏ ਤਾਂ ਸਾਡਾ ਕੀ ਬਣੇਗਾ। ਅਸੀਂ ਇਸ ਦੇਸ਼ ਨੂੰ ਸੰਭਾਲ ਨਹੀਂ ਸਕਾਂਗੇ। ਇਨ੍ਹਾਂ ਨੇ ਉਸ ਸ਼ਹੀਦ ਬਾਰੇ ਲੋਕਾਂ ਨੂੰ ਗੁਮਰਾਹ ਕੀਤਾ ਜਿਸ ਨੇ ਸਾਂਡਰਸ ਨੂੰ ਗੋਲੀ ਮਾਰੀ ਸੀ। ਇਨ੍ਹਾਂ ਲੋਕਾਂ ਨੇ ਹੀ ਇਹ ਪ੍ਰਚਾਰ ਕੀਤਾ ਕਿ ਲਾਲਾ ਜੀ ਨੂੰ ਲਾਠੀਆਂ ਨਾਲ ਸ਼ਹੀਦ ਕੀਤਾ ਗਿਆ ਸੀ। ਭਗਤ ਸਿੰਘ ਵਰਗੇ ਮਹਾਨ ਸ਼ਹੀਦਾਂ ਨੂੰ ਫਾਂਸੀਆਂ ਲੱਗੀਆਂ। ਅੱਜ ਫੇਰ ਭਗਤ ਸਿੰਘ ਦੇ ਕਿਸੇ ਵਾਰਸ ਦੀ ਲੋੜ ਹੈ। ਜਿਨ੍ਹਾਂ ਬੰਬਾਂ ਨੇ ਅੰਗਰੇਜ਼ੀ ਸਾਮਰਾਜ ਦੀ ਨੀਂਦ ਹਰਾਮ ਕਰ ਦਿੱਤੀ ਸੀ, ਅੱਜ ਫੇਰ ਉਨ੍ਹਾਂ ਬੰਬਾਂ ਦੀ ਲੋੜ ਹੈ ਤਾਂ ਕਿ ਇਹ ਜਿਹੜੀਆਂ ਸਰਮਾਏਦਾਰ ਸਰਕਾਰਾਂ ਹਨ, ਉਨ੍ਹਾਂ ਦੇ ਕੰਨਾਂ ਵਿਚ ਇਹ ਬੰਬ ਵੱਜਣ ਅਤੇ ਉਹ ਗੂੜ੍ਹੀ ਨੀਂਦ ਵਿਚੋਂ ਜਾਗ ਕੇ ਉਨ੍ਹਾਂ ਲੋਕਾਂ ਬਾਰੇ ਕੁਝ ਸੋਚ ਸਕਣ ਜਿਹੜੇ ਲੁੱਟੇ-ਪੁੱਟੇ ਹਨ, ਦਬੇ-ਕੁਚਲੇ ਹਨ ਅਤੇ ਜਿਹੜੇ ਮਾਰੇ ਜਾ ਰਹੇ ਹਨ। ਮੈਂ ਕੁਝ ਸ਼ਬਦ ਸਰਦਾਰ ਭਗਤ ਸਿੰਘ ਨੂੰ ਸਮਰਪਿਤ ਕਰਨੇ ਚਾਹੁੰਦਾ ਹਾਂ।

**Expunged as ordered by the Chair.

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਬੰਬਾਂ ਦੀ ਰਾਜਨੀਤੀ ਨੂੰ ਇਹ ਹਾਊਸ ਮਾਨਤਾ ਦਿੰਦਾ ਹੈ ?

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸਬੰਧੀ ਮੰਤਰੀ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਕਿਸੇ ਇਕ ਕਿਤਾਬ ਦਾ ਰੈਫਰੈਂਸ ਦੇ ਕੇ ਦੇਸ਼ ਦੇ ਇਕ ਮਹਾਨ ਸਪੂਤ ਦੇ ਨਾਂ ਤੇ ਕਾਲਖ ਪੋਚਣਾ ਚਾਹੁੰਦੇ ਹਨ ਕਿ ** ** ** ਕਿ ਅਸੀਂ 50 ਸਾਲ ਇਤਿਹਾਸ ਪੜ੍ਹਿਆ ਹੈ ਅਤੇ ਪੜ੍ਹਾਇਆ ਹੈ । ਇਹ ਇਤਿਹਾਸ ਨਾ ਮੈਂ ਲਿਖਿਆ ਹੈ ਅਤੇ ਨਾ ਇਨ੍ਹਾਂ ਨੇ ਲਿਖਿਆ ਹੈ । ਲਾਲਾ ਲਾਜਪਤ ਰਾਏ ਦੀ ਮੌਤ ਲਾਹੌਰ ਦੇ ਮੋਰੀ ਦਰਵਾਜ਼ੇ ਦੇ ਬਾਹਰ ਸਾਈਮਨ ਕਮਿਸ਼ਨ ਦੇ ਵਿਰੁੱਧ ਪ੍ਰਦਰਸ਼ਨ ਕਰਦੇ ਹੋਏ ਹੋਈ ਸੀ । ਐਵੇਂ ਤਾਂ ਨਹੀਂ ਉਨ੍ਹਾਂ ਨੇ ਕਿਹਾ ਸੀ ਕਿ ਮੇਰੇ ਜਿਸਮ ਪਰ ਪੜੀ ਏਕ-ਏਕ ਲਾਠੀ, ਬ੍ਰਿਟਿਸ਼ ਸਾਮਰਾਜਯ ਕੇ ਕਫਨ ਮੇਂ ਕੀਲ ਸਾਬਤ ਹੋਗੀ । ** ** ** ਮੈਂ ਡਿਪਟੀ ਸਪੀਕਰ ਸਾਹਿਬ, ਇਸ ਪਵਿੱਤਰ ਹਾਊਸ ਦੇ ਅੰਦਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਗੱਲ ਨਾ ਕੀਤੀ ਜਾਏ । ਅੱਜ ਫਿਰ ਟਾਂਗੇ ਨੂੰ ਘੋੜੇ ਦੇ ਅੱਗੇ ਲਿਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਟਾਂਗੇ ਨੂੰ ਘੋੜੇ ਦੇ ਪਿਛੇ ਹੀ ਰਹਿਣ ਦਿਤਾ ਜਾਵੇ । ਮੈਨੂੰ ਸਮਝ ਨਹੀਂ ਆ ਰਹੀ ਕਿ ਆਖਰ ਇਹ ਕਹਿਣਾ ਕੀ ਚਾਹੁੰਦੇ ਹਨ । ** ** **

ਸ੍ਰੀ ਸ਼ਿੰਗਾਰਾ ਰਾਮ ਸਹੁੰਗੜਾ : ਡਿਪਟੀ ਸਪੀਕਰ ਸਾਹਿਬ, ਮੇਰੇ ਮਾਨਯੋਗ ਮਨਿਸਟਰ ਸਾਹਿਬ ਅਗਰ ਮੇਰੀ ਗੱਲ ਨੂੰ ਝੂਠ ਸਾਬਤ ਕਰ ਦੇਣ ਤਾਂ ਮੈਂ ਰਿਜ਼ਾਇਨ ਕਰ ਦੇਵਾਂਗਾ ਨਹੀਂ ਤਾਂ ਇਹ ਕਰ ਦੇਣ ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸੰਬਧੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਸਦਨ ਦੇ ਸਾਹਮਣੇ ਜ਼ਿੰਮੇਵਾਰੀ ਨਾਲ ਅਤੇ ਐਮਫੈਟੀਕਲੀ ਕਹਿ ਰਿਹਾ ਹਾਂ ਕਿ ਉਹ ਇਤਿਹਾਸ ਨਾ ਪੜ੍ਹਾਇਆ ਜਾਵੇ ਜੋ ਅੰਧਕਾਰਮਈ ਪਿਕਚਰ ਇਹ ਪੇਸ਼ ਕਰ ਰਹੇ ਹਨ ।

ਸਰਦਾਰ ਅਵਤਾਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਜਿਸ ਕਿਤਾਬ ਦਾ ਮਾਨਯੋਗ ਮੈਂਬਰ ਨੇ ਜ਼ਿਕਰ ਕੀਤਾ ਹੈ, ਉਹ ਕਿਤਾਬ ਬੈਨ ਕੀਤੀ ਹੋਈ ਹੈ । ਜੇ ਉਹ ਕਿਤਾਬ ਗਲਤ ਸੀ ਜਾਂ ਜੇ ਉਸ ਵਿਚ ਇਹੋ ਜਿਹੀਆਂ ਗੱਲਾਂ ਸਨ ਤਾਂ ਹੀ ਉਹ ਕਿਤਾਬ ਬੈਨ ਕੀਤੀ ਗਈ ਹੈ । ਇਸ ਕਰਕੇ ਲਾਲਾ ਜੀ ਬਾਰੇ ਜੋ ਇਨ੍ਹਾਂ ਕਿਹਾ ਹੈ, ਉਹ ਐਕਸਪੰਜ ਕੀਤਾ ਜਾਵੇ ।

ਸ੍ਰੀ ਡਿਪਟੀ ਸਪੀਕਰ : ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

**Expunged as ordered by the chair.

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਪ੍ਰਸਤਾਵ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਵੱਲੋਂ ਲਿਆਂਦਾ ਗਿਆ ਹੈ, ਇਸ ਬਾਰੇ ਮੈਂ ਸਮਝਦਾ ਹਾਂ ਕਿ ਸਿਰਫ ਇੰਨਾ ਹੀ ਕਾਫੀ ਨਹੀਂ ਕਿ ਬਲਾਕ ਪੱਧਰ ਤੇ ਉਨ੍ਹਾਂ ਦੇ ਭਵਨ ਬਣਾਏ ਜਾਣ ਜਾਂ ਇਹ ਕਿਹਾ ਜਾਵੇ ਕਿ ਸਾਡੇ ਦਿਲੋ-ਦਿਮਾਗ ਵਿਚ ਉਨ੍ਹਾਂ ਦੀ ਯਾਦ ਹੈ । ਲੋੜ ਹੈ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਆਦਰਸ਼ ਅਨੁਸਾਰ ਮਾਰਗ ਦਰਸ਼ਨ ਕਰਨ ਦੀ । ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਉਣ ਵਾਲੀ ਜੈਨਰੇਸ਼ਨ ਵਿਚ ਰਾਸ਼ਟਰੀਅਤਾ ਦੀ ਭਾਵਨਾ ਪੈਦਾ ਕੀਤੀ ਜਾਵੇ ਤਾਂ ਕਿ ਇਕ ਜਿਹੜਾ ਦੇਸ਼ ਹੈ, ਇਸ ਦੇ ਜਿਹੜੇ ਲੁੱਟੇ-ਪੁੱਟੇ ਲੋਕ ਹਨ, ਮਜ਼ਲੂਮ ਹਨ, ਉਹ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ । ਲੇਕਿਨ ਸਭ ਸਰਕਾਰਾਂ ਇਸ ਜ਼ਿਮੇਵਾਰੀ ਤੋਂ ਭੱਜੀਆਂ ਹਨ । ਰੌਂਤਾ ਸਾਹਿਬ ਨੇ ਠੀਕ ਕਿਹਾ ਹੈ ਕਿ ਜਿਹੜੇ ਸ਼ਹੀਦ ਹੋਏ ਹਨ, ਉਨ੍ਹਾਂ ਦੇ ਹਿੱਸੇ ਸਿਰਫ ਫੁੱਲ ਹੀ ਆਏ ਹਨ । ਤੁਸੀਂ ਇਸ ਪ੍ਰਸਤਾਵ ਉਪਰ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਇਸ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਜੈ ਭੀਮ, ਜੈ ਭਾਰਤ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਬੋਲਣਾ ਚਾਹੁੰਦਾ ਹਾਂ ਜੇ ਤੁਹਾਡੀ ਆਗਿਆ ਹੋਵੇ ।

ਸ੍ਰੀ ਡਿਪਟੀ ਸਪੀਕਰ : ਚਲੋ ਤੁਹਾਡੇ ਤੋਂ ਬਾਅਦ ਭੈਣ ਛਿਬਰਾ ਜੀ ਅਤੇ ਉਸ ਤੋਂ ਬਾਅਦ ਸਰਦਾਰ ਸੁਖਵਿੰਦਰ ਸਿੰਘ ਔਲਖ ਜੀ ਬੋਲਣਗੇ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ (ਸਰਦਾਰ ਤੋਤਾ ਸਿੰਘ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਮਤਾ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਨੇ ਇਸ ਸਦਨ ਵਿਚ ਰੱਖਿਆ ਹੈ । ਮੈਂ ਇਸ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨਿਰੇ ਮਤਿਆਂ ਨਾਲ ਪ੍ਰਾਪਤੀ ਨਹੀਂ ਹੁੰਦੀ ਇਹ ਪ੍ਰਾਪਤੀ ਅਮਲੀ ਰੂਪ ਵਿਚ ਹੋਣੀ ਚਾਹੀਦੀ ਹੈ । ਬਾਦਲ ਸਾਹਿਬ ਦੀ ਅਗਵਾਈ ਵਾਲੀ ਸਰਕਾਰ ਹਮੇਸ਼ਾ ਸ਼ਹੀਦਾਂ ਦਾ ਸਤਿਕਾਰ ਕਰਦੀ ਹੈ । ਸਾਡੇ ਹਿੰਦੁਸਤਾਨ ਵਾਸਤੇ ਅਨੇਕਾਂ ਸ਼ਹੀਦਾਂ ਨੇ ਕੁਰਬਾਨੀਆਂ ਕੀਤੀਆਂ ਅਤੇ ਸਾਡੀ ਸਰਕਾਰ ਹਰ ਸ਼ਹੀਦ ਦਾ ਸਤਿਕਾਰ ਕਰਦੀ ਹੈ ਭਾਵੇਂ ਉਹ ਸ਼ਹੀਦ ਭਗਤ ਸਿੰਘ ਹੋਵੇ ਜਾਂ ਕੋਈ ਹੋਰ । ਪੰਜਾਬ ਇਕ ਅਜਿਹਾ ਰਾਜ ਹੈ ਜਿਹੜਾ ਅੰਗਰੇਜ਼ਾਂ ਦਾ ਸਭ ਤੋਂ ਘੱਟ ਸਮਾਂ ਗੁਲਾਮ ਰਿਹਾ ਹੈ । ਹਿੰਦੁਸਤਾਨ ਦੇ ਬਹੁਤ ਸਾਰੇ ਹਿੱਸੇ ਕੋਈ 300 ਸਾਲ ਗੁਲਾਮ ਰਿਹਾ, ਕੋਈ 200 ਸਾਲ ਅਤੇ ਕੋਈ 150 ਸਾਲ ਗੁਲਾਮ ਰਿਹਾ । ਪੰਜਾਬ ਕੇਵਲ 98 ਸਾਲ ਗੁਲਾਮ ਰਿਹਾ ਹੈ ਅਤੇ ਇਹ ਸਮਾਂ ਸਭ ਤੋਂ ਘੱਟ ਹੈ । ਇਹ 1849 ਵਿਚ ਗੁਲਾਮ ਹੋਇਆ ਸੀ, ਜਦੋਂ ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋਇਆ ਤਾਂ ਲਾਹੌਰ ਕੋਲ ਮਹਾਰਾਜ ਸਿੰਘ ਨੇ ਬੜੀ ਵੱਡੀ ਕੁਰਬਾਨੀ ਕੀਤੀ । ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਉਨ੍ਹਾਂ ਦੀ ਮੌਤ ਸਿੰਘਾਪੁਰ ਵਿਚ ਜਾ ਕੇ ਹੋਈ । ਉਥੇ ਉਨ੍ਹਾਂ ਦੀ ਯਾਦ ਦੇ ਵਿਚ ਵੱਡਾ ਸ਼ਾਨਦਾਰ ਗੁਰਦੁਆਰਾ ਉਸਾਰਿਆ ਹੋਇਆ ਹੈ । ਉਸ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੇ ਬੜੀ ਵੱਡੀ ਕੁਰਬਾਨੀ ਦਿੱਤੀ । ਉਨ੍ਹਾਂ ਨੇ

ਅੰਗਰੇਜ਼ਾਂ ਦੀ ਗੁਲਾਮੀ ਮੰਨਣ ਤੋਂ ਇਨਕਾਰ ਕੀਤਾ । ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਦੀ ਹਰ ਗੱਲ ਦਾ ਬਾਈਕਾਟ ਕੀਤਾ । ਭਾਵੇਂ ਉਹ ਮਸ਼ੀਨੀ ਕੱਪੜਾ ਸੀ, ਇਸ ਬਾਰੇ ਵੀ ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣਾ ਕੱਪੜਾ ਆਪ ਬੁਣ ਕੇ ਪਾਵਾਂਗੇ । ਉਨ੍ਹਾਂ ਨੇ ਅੰਗਰੇਜ਼ਾਂ ਦੀ ਹਰੇਕ ਗੱਲ ਦਾ ਬਾਈਕਾਟ ਕੀਤਾ ਅਤੇ ਉਨ੍ਹਾਂ ਦੇ ਖਿਲਾਫ਼ ਬੜੀ ਜਦੋ-ਜਹਿਦ ਕੀਤੀ । ਅੱਜ ਵੀ ਹਿੰਦੁਸਤਾਨ ਵਿਚ ਬੜੀਆਂ ਥਾਵਾਂ ਤੇ ਬੁੱਚੜਖਾਨੇ ਖੁਲ੍ਹੇ ਹੋਏ ਹਨ ਪਰ ਪੰਜਾਬ ਦੀ ਧਰਤੀ ਤੇ ਇਕ ਵੀ ਗਊਆਂ ਦਾ ਬੁੱਚੜਖਾਨਾ ਨਜ਼ਰ ਨਹੀਂ ਆਉਂਦਾ । ਉਦੋਂ ਅੰਮ੍ਰਿਤਸਰ ਵਿਚ ਦੋ ਬੁੱਚੜਾਂ ਨੂੰ ਮਾਰਨ ਬਦਲੇ ਦੋ ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ । ਉਸ ਵੇਲੇ ਦੇ ਸੱਜਣ ਬਾਬਾ ਰਾਮ ਸਿੰਘ ਜੀ ਕੋਲ ਗਏ ਅਤੇ ਕਿਹਾ ਕਿ ਬੁੱਚੜਾਂ ਨੂੰ ਤਾਂ ਅਸੀਂ ਮਾਰਿਆ ਹੈ ਅੰਮ੍ਰਿਤਸਰ ਵਿਚ ਅਤੇ ਫਾਂਸੀ ਹੋਰਾਂ ਨੂੰ ਦਿੱਤੀ ਜਾ ਰਹੀ ਹੈ । ਬਾਬਾ ਰਾਮ ਸਿੰਘ ਜੀ ਨੇ ਕਿਹਾ ਕਿ ਫਿਰ ਦੂਸਰਿਆਂ ਨੂੰ ਨਜਾਇਜ਼ ਫਾਂਸੀ ਕਿਉਂ ਦਿੱਤੀ ਜਾ ਰਹੀ ਹੈ । ਉਹ ਗਏ ਅਤੇ ਜੱਜ ਅੱਗੇ ਜਾ ਕੇ ਕਿਹਾ ਕਿ ਜਿਨ੍ਹਾਂ ਨੂੰ ਫਾਂਸੀ ਦਿੱਤੀ ਜਾ ਰਹੀ ਹੈ ਉਨ੍ਹਾਂ ਨੇ ਬੁੱਚੜਾਂ ਨੂੰ ਨਹੀਂ ਮਾਰਿਆ, ਸਗੋਂ ਉਨ੍ਹਾਂ ਨੂੰ ਤਾਂ ਅਸੀਂ ਮਾਰਿਆ ਹੈ । ਬੁੱਚੜਖਾਨਿਆਂ ਵਿਚ ਪੰਛੀ ਮਾਰ ਕੇ ਉਨ੍ਹਾਂ ਦੀਆਂ ਬੋਟੀਆਂ ਚੁੱਕ ਕੇ ਲਿਜਾਂਦੇ ਅਤੇ ਹਰਿਮੰਦਰ ਸਾਹਿਬ ਅਤੇ ਮੰਦਰ ਵਿਚ ਉਹ ਡਿਗਾਈਆਂ ਸਨ । ਇਹ ਸਾਥੋਂ ਜਰ ਨਹੀਂ ਹੋਇਆ । ਅੰਗਰੇਜ਼ ਜੱਜ ਨਾ ਮੰਨੇ । ਫਿਰ ਉਨ੍ਹਾਂ ਨੇ ਇਕਬਾਲੀਆ ਬਿਆਨ ਦਿੱਤਾ ਅਤੇ ਫਿਰ ਵੀ ਕਿਹਾ ਕਿ ਕੋਈ ਬੰਦਾ ਸਾਡੇ ਨਾਲ ਭੇਜੋ, ਅਸੀਂ ਉਹ ਗੰਡਾਸੇ ਤੇ ਦੂਸਰੇ ਹਥਿਆਰ ਦਿਖਾਉਂਦੇ ਹਾਂ ਜਿਨ੍ਹਾਂ ਨੂੰ ਖੂਨ ਲੱਗਿਆ ਹੋਇਆ ਸੀ । ਇਹ ਵੇਖ ਕੇ ਅੰਗਰੇਜ਼ ਬੜਾ ਹੈਰਾਨ ਹੋਇਆ ਕਿ ਬਾਬਾ ਰਾਮ ਸਿੰਘ ਦੇ ਸਿੱਖ ਇਨੇ ਪੱਕੇ ਹਨ ਕਿ ਉਹ ਇਹ ਸੱਚ ਬੋਲਦੇ ਹਨ । ਜਦੋਂ ਉਨ੍ਹਾਂ ਨੂੰ ਫਾਂਸੀ ਸੁਣਾਈ ਗਈ ਤਾਂ ਉਨ੍ਹਾਂ ਦੀ ਅੰਤਮ ਇੱਛਾ ਪੁੱਛੀ ਗਈ । ਉਨ੍ਹਾਂ ਸਿੰਘਾਂ ਨੇ ਕਿਹਾ ਅਸੀਂ ਹਰਿਮੰਦਰ ਸਾਹਿਬ ਵਿਚ ਇਸ਼ਨਾਨ ਕਰਨਾ ਚਾਹੁੰਦੇ ਹਾਂ ਅਤੇ ਫਿਰ ਅਸੀਂ ਆਪਣੇ ਗਲਾਂ ਵਿਚ ਆਪ ਹੀ ਫਾਂਸੀ ਦਾ ਰੱਸਾ ਪਾਵਾਂਗੇ । ਉਨ੍ਹਾਂ ਨੇ ਇਸ਼ਨਾਨ ਕਰਕੇ ਫਿਰ ਫਤਹਿ ਬੋਲ ਜਾ ਕੇ ਆਪਣੇ ਗਲਾਂ ਵਿਚ ਫਾਂਸੀ ਦੇ ਰੱਸੇ ਆਪ ਪਾਏ । ਜੈਸੇ ਕਿ ਗੁਰੂ ਤੇਗ ਬਹਾਦਰ ਜੀ ਪਹਿਲੇ ਅਜਿਹੇ ਸ਼ਹੀਦ ਹੋਏ ਹਨ ਜਿਹੜੇ ਕਿ ਕਾਤਲ ਕੋਲ ਆਪ ਚੱਲ ਕੇ ਗਏ । ਉਨ੍ਹਾਂ ਦੀ ਸ਼ਹੀਦੀ ਦੀ ਮਿਸਾਲ ਨੂੰ ਸਾਹਮਣੇ ਰੱਖਦੇ ਹੋਏ, ਸਿੰਘਾਂ ਵਿਚ ਅਜਿਹੀ ਭਾਵਨਾ ਆਈ ਸੀ ਅਤੇ ਉਹ ਵੀ ਆਪ ਚੱਲ ਕੇ ਕਾਤਲ ਕੋਲ ਗਏ । ਮਲੇਰਕੋਟਲਾ ਵਿਚ ਕੂਕਾ ਲਹਿਰ ਵਿਚ ਕੂਕਿਆਂ ਨੇ ਬੜੀਆਂ ਸ਼ਹੀਦੀਆਂ ਪਾਈਆਂ । ਉਦੋਂ ਅੰਗਰੇਜ਼ ਹਿੰਦੂ-ਸਿੱਖ-ਮੁਸਲਮਾਨਾਂ ਵਿਚ ਪਾੜਾ ਪਾਉਣਾ ਚਾਹੁੰਦੇ ਸਨ । ਪਰ ਹਿੰਦੁਸਤਾਨ ਦੇ ਹਿੰਦੂ-ਸਿੱਖ-ਮੁਸਲਮਾਨ ਰਲ ਮਿਲ ਕੇ ਰਹਿਣਾ ਚਾਹੁੰਦੇ ਸਨ । ਉਹ ਬੁੱਚੜਖਾਨੇ ਬੰਦ ਕਰਨਾ ਚਾਹੁੰਦੇ ਸਨ । ਬੁੱਚੜਖਾਨੇ ਖੁੱਲ੍ਹਣ ਦੇ ਨਾਲ ਸਾਡੇ ਧਰਮਾਂ ਵਿਚ ਆਪਸੀ ਨਫ਼ਰਤ ਪੈਦਾ ਹੁੰਦੀ ਸੀ ਪਰ ਬਾਬਾ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਦੀ ਇਸ ਚਾਲ ਨੂੰ ਬਿਲਕੁਲ ਹੀ ਕਾਮਯਾਬ ਨਹੀਂ ਹੋਣ ਦਿੱਤਾ ।

ਇਥੇ ਹਿੰਦੂ ਸਿੱਖ ਅਤੇ ਮੁਸਲਮਾਨਾਂ ਨੇ ਏਕਾ ਬਣਾ ਕੇ ਰੱਖਿਆ ਅਤੇ ਐਸ ਮਲੇਰਕੋਟਲਾ ਦੀ ਧਰਤੀ ਬੋਲਦੀ ਹੈ ਜਿਥੇ ਇਕ ਛੋਟੇ ਜਿਹੇ 14 ਸਾਲ ਦੇ ਬੱਚੇ ਜਿਸ ਨੂੰ ਅਰੈਸਟ ਕੀਤਾ ਹੋਇਆ ਸੀ, ਉਥੇ ਡਿਪਟੀ ਕਮਿਸ਼ਨਰ ਅੰਗਰੇਜ਼ ਦੀ . . ਨੇ ਕਿਹਾ ਕਿ ਆਪਾਂ ਇਸ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਛੋਟੇ ਜਿਹੇ ਬੱਚੇ ਨੂੰ ਛੱਡ ਦੇਣਗੇ, ਜਦੋਂ ਉਸ ਬੱਚੇ ਨੂੰ ਛੱਡਿਆ ਤਾਂ ਉਸ ਅੰਗਰੇਜ਼ ਨੇ ਕਿਹਾ ਕਿ ਤੂੰ ਕਹਿ ਦੇਹ ਕਿ ਮੈਂ ਬਾਬਾ ਰਾਮ ਸਿੰਘ ਦਾ ਸੇਵਕ ਨਹੀਂ ਹਾਂ ਤਾਂ ਉਸ ਬੱਚੇ ਨੇ ਕਿਹਾ ਕਿ ਗਲਤ ਹੈ ਅਤੇ ਉਸ ਬੱਚੇ ਨੇ ਉਸ ਅੰਗਰੇਜ਼ ਦੀ ਦਾਹੜੀ ਫੜੀ ਅਤੇ ਕਿਹਾ ਕਿ ਉਏ ਬਿੱਲਿਆ ਅਸੀਂ ਤੁਹਾਡੀਆਂ ਕਰਤੂਤਾਂ ਕਰਕੇ ਤੁਹਾਡੇ ਗੁਲਾਮ ਨਹੀਂ ਰਹਿਣਾ ਚਾਹੁੰਦੇ ਸੌਰ ਉਸ ਬੱਚੇ ਨੂੰ ਉਸ ਡੀ.ਸੀ. ਦੇ ਬਾਡੀ ਗਾਰਡਾਂ ਨੇ ਕਿਸ ਤਰਾਂ ਕਿਰਪਾਨਾਂ ਨਾਲ ਵੱਢਿਆ, ਇਹ ਹਿਸਟਰੀ ਬੋਲਦੀ ਹੈ। ਇਥੇ ਹੀ ਨਹੀਂ ਮਹਾਰਾਜ ਦਾ ਇਕ ਸੇਵਕ ਜਿਸ ਦਾ ਕੱਦ ਛੋਟਾ ਸੀ, ਭਾਵੇਂ ਉਸ ਵੇਲੇ ਉਨ੍ਹਾਂ ਦੀ ਪਟਿਆਲਾ ਖਾਨਦਾਨ ਦੀ ਸਿਫਾਰਸ਼ ਵੀ ਸੀ, ਤਾਂ ਉਸ ਵੇਲੇ ਉਸ ਨੂੰ ਕਿਹਾ ਕਿ ਤੈਨੂੰ ਅਸੀਂ ਬਰੀ ਕਰ ਦਿੰਦੇ ਹਾਂ ਕਿਉਂਕਿ ਤੇਰਾ ਕੱਦ ਛੋਟਾ ਹੈ ਅਤੇ ਤੂੰ ਤੋਪ ਦੇ ਫਿੱਟ ਨਹੀਂ ਆਉਂਦਾ ਤਾਂ ਉਸ ਨੇ ਖੇਤਾਂ ਵਿਚੋਂ ਡਲੇ ਚੁਕ ਕੇ ਰੱਖੇ ਤੇ ਉਪਰ ਖਲੋ ਕੇ ਕਿਹਾ ਕਿ ਬਿੱਲਿਆ ਹੁਣ ਮੈਂ ਤੇਰੀ ਤੋਪ ਦੇ ਬਰਾਬਰ ਹਾਂ ਅਤੇ ਮੈਂ ਤੇਰੀ ਤੋਪ ਦੇ ਫਿੱਟ ਆ ਗਿਆ ਹਾਂ। ਏਡੀ ਵੱਡੀ ਕੁਰਬਾਨੀ ਹੋਈ, ਕੀ ਆਪਾਂ ਉਸ ਨੂੰ ਭੁੱਲ ਜਾਵਾਂਗੇ ? ਪੰਜਾਬ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਣ। ਬਾਬਾ ਰਾਮ ਸਿੰਘ ਜੀ ਦੀ ਸਾਡੇ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਇਕ ਮੈਨੂੰ ਦੁੱਖ ਵੀ ਹੈ ਕਿ ਬਾਬਾ ਰਾਮ ਸਿੰਘ ਜਿਸ ਨੇ ਏਡਾ ਵੱਡਾ ਇਨਕਲਾਬ ਲਿਆਂਦਾ ਹੋਵੇ, ਜਿਸ ਨੇ ਅੰਗਰੇਜ਼ਾਂ ਦਾ ਬਾਈਕਾਟ ਕੀਤਾ ਹੋਵੇ, ਉਸਦੀ ਫੋਟੋ ਪਾਰਲੀਮੈਂਟ ਵਿਚ ਲਗਣੀ ਚਾਹੀਦੀ ਹੈ। ਪਾਰਲੀਮੈਂਟ ਵਿਚ ਅਜੇ ਤੱਕ ਕਿਸੇ ਨੇ ਉਸਦੀ ਫੋਟੋ ਨਹੀਂ ਲਗਾਈ, ਹੋਰ ਸਾਰੇ ਜਿਨ੍ਹਾਂ ਨੇ ਛੋਟੀਆਂ-ਛੋਟੀਆਂ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਦੀਆਂ ਤਾਂ ਫੋਟੋਆਂ ਲੱਗੀਆਂ ਹੋਈਆਂ ਹਨ ਪਰ ਬਾਬਾ ਰਾਮ ਸਿੰਘ ਜੀ ਜਿਸ ਨੇ ਏਡੀ ਵੱਡੀ ਸਮਾਜ ਨੂੰ ਦੇਣ ਦਿਤੀ ਹੋਵੇ ਉਸਦੀ ਉਥੇ ਫੋਟੋ ਨਹੀਂ। ਬਾਬਾ ਰਾਮ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ ਸੀ, ਸਪੀਕਰ ਸਾਹਿਬ ਵੀ ਉਥੇ ਗਏ ਸਨ, ਉਥੇ ਸਪੀਕਰ ਸਾਹਿਬ ਵਾਇਦਾ ਕਰਕੇ ਆਏ ਸਨ ਕਿ ਅਸੀਂ ਪੰਜਾਬ ਅਸੈਂਬਲੀ ਵਿਚ ਹਾਊਸ ਦੀ ਪ੍ਰਵਾਨਗੀ ਨਾਲ ਬਾਬਾ ਰਾਮ ਸਿੰਘ ਜੀ ਦੀ ਫੋਟੋ ਜ਼ਰੂਰ ਲਵਾਵਾਂਗੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਵੀ ਭਰੋਸਾ ਦਿਤਾ ਸੀ ਕਿ ਉਨ੍ਹਾਂ ਦੇ ਨਾਮ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਚੇਅਰ ਬਣਾਈ ਜਾਵੇਗੀ। ਇਸ ਤਰ੍ਹਾਂ ਪੰਜਾਬ ਸਰਕਾਰ ਹਰ ਕੋਸ਼ਿਸ਼ ਕਰ ਰਹੀ ਹੈ ਕਿ ਇਨ੍ਹਾਂ ਸ਼ਹੀਦਾਂ ਦੀਆਂ ਯਾਦਾਂ ਬਣਾਈਆਂ ਜਾਣ ਜਿਨ੍ਹਾਂ ਨੇ ਦੇਸ਼ ਵਾਸਤੇ ਕੁਰਬਾਨੀਆਂ ਦਿੱਤੀਆਂ ਹਨ। ਇਥੇ ਹੀ ਬੱਸ ਨਹੀਂ ਉਸ ਤੋਂ ਮਗਰੋਂ 1885 ਵਿਚ ਸਾਡੇ ਵੀਰਾਂ ਦੀ, ਕਾਂਗਰਸ ਦੀ ਜਮਾਤ ਬਣੀ। ਕਾਂਗਰਸ ਜਮਾਤ ਅੰਗਰੇਜ਼ ਨੇ ਬਣਾਈ ਹੈ ਭਾਵੇਂ ਮੁੜ ਕੇ ਇਨ੍ਹਾਂ ਨੇ ਕਬੂਲ ਕਰ ਲਈ, ਮੁੜ ਕੇ ਕਾਂਗਰਸੀਆਂ ਨੇ ਵੀ ਬੜੀਆਂ ਕੁਰਬਾਨੀਆਂ ਦਿੱਤੀਆਂ, ਮੈਂ ਕਹਿਣਾ ਨਹੀਂ ਚਾਹੁੰਦਾ ਪਰ ਤੁਸੀਂ ਦੇਖੋ ਕਿ ਕਾਂਗਰਸ ਪਾਰਟੀ ਦੀ ਬਣਤਰ ਕਿਸ ਨੇ ਬਣਾਈ ? ਇਹ ਇਕ ਅੰਗਰੇਜ਼ ਨੇ ਬਣਾਈ। ਇਸ ਦਾ ਕਾਰਣ ਪਤਾ ਨਹੀਂ ਕੀ ਸੀ, ਉਹ ਖੋਜਣਾ ਚਾਹੀਦਾ ਹੈ ਕਿ ਕਾਰਨ ਕੀ ਸੀ। ਇਸੇ ਲਈ ਕੁਰਬਾਨੀਆਂ ਹੋਈਆਂ ਅਤੇ ਉਸ ਤੋਂ ਮਗਰੋਂ ਭਗਤ ਸਿੰਘ ਹੋਰਾਂ ਵੀ ਕੁਰਬਾਨੀਆਂ ਦਿੱਤੀਆਂ। 1914 ਵਿਚ ਆਪਾਂ ਦੇਖੋ ਬੱਜਬੱਜ ਘਾਟ ਤੋਂ ਆਪਣੇ ਸਾਹਮਣੇ ਜਾ ਕੇ ਲੋਕਾਂ ਨੇ ਕਨੇਡਾ ਜਾ ਕੇ ਬਗਾਵਤ ਕੀਤੀ। ਲੋਕਾਂ ਨੇ ਕਨੇਡਾ ਤੋਂ ਆ ਕੇ ਹਿੰਦੁਸਤਾਨ ਦੀ ਧਰਤੀ ਤੇ ਕਿੰਨੀਆਂ

ਵੱਡੀਆਂ ਕੁਰਬਾਨੀਆਂ ਦਿੱਤੀਆਂ ਅਤੇ ਉਸ ਤੋਂ ਬਾਅਦ ਸਪੀਕਰ ਸਾਹਿਬ, 1919 ਵਿਚ ਜਲ੍ਹਿਆਂ ਵਾਲੇ ਬਾਗ਼ ਵਿਚ ਕਿੰਨੀ ਵੱਡੀ ਕੁਰਬਾਨੀ ਹੋਈ । ਉਥੇ ਹਿੰਦੂ, ਸਿੱਖ, ਮੁਸਲਮਾਨਾਂ ਦੀਆਂ 1300 ਤੋਂ ਜ਼ਿਆਦਾ ਕੁਰਬਾਨੀਆਂ ਹੋਈਆਂ । ਇਸ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਹਜ਼ਾਰਾਂ ਨੌਜਵਾਨਾਂ ਨੇ ਸ਼ਹੀਦੀਆਂ ਦਿੱਤੀਆਂ । ਆਪਾਂ ਕਾਲੇਪਾਣੀ ਅੰਡੇਮਾਨ, ਨਿਕੋਬਾਰ ਜਾ ਕੇ ਦੇਖਿਆ, ਉਥੇ ਪੱਥਰਾਂ ਤੇ ਪੰਜਾਬੀਆਂ ਦੇ ਨਾਮ ਲਿਖੇ ਹੋਏ ਹਨ । ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਹਿੰਦੁਸਤਾਨ ਵਿਚ ਜਿਹੜੀਆਂ 80 % ਕੁਰਬਾਨੀਆਂ ਹੋਈਆਂ ਉਹ ਪੰਜਾਬੀਆਂ ਦੀਆਂ ਹੋਈਆਂ । ਇਸ ਲਈ ਜਿਥੇ-ਜਿਥੇ ਕੋਈ ਸ਼ਹੀਦ ਹੋਇਆ ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਸਾਰੇ ਸ਼ਹੀਦਾਂ ਦਾ ਸਤਿਕਾਰ ਕਰੀਏ । ਉਹ ਪੰਜਾਬ ਸਰਕਾਰ ਆਪਣੇ ਵਲੋਂ ਪੂਰੀ ਕੋਸ਼ਿਸ਼ ਕਰ ਰਹੀ ਹੈ, ਸ਼ਹੀਦਾਂ ਦਾ ਸਤਿਕਾਰ ਕਰਨ ਲਈ ਸਾਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਦਿਤੀ ਹੈ ਅਤੇ ਸਮਾਜ ਦੀ ਸੇਵਾ ਕੀਤੀ ਹੈ, ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ । ਸਾਨੂੰ ਕਿਸੇ ਨੂੰ ਨਿੰਦਣਾ ਨਹੀਂ ਚਾਹੀਦਾ ਚਾਹੇ ਕਿਸੇ ਦੀ ਕੋਈ ਛੋਟੀ ਕੁਰਬਾਨੀ ਹੈ, ਚਾਹੇ ਵੱਡੀ ਹੈ । 1919 ਦੇ ਸਾਕੇ ਦੀ ਕਿੰਨੀ ਵੱਡੀ ਹਿਸਟਰੀ ਹੈ, ਇੰਗਲੈਂਡ ਜਾ ਕੇ ਊਧਮ ਸਿੰਘ ਨੇ ਕਿੰਨੀ ਵੱਡੀ ਕੁਰਬਾਨੀ ਕੀਤੀ । ਮੈਂ ਡਿਪਟੀ ਸਪੀਕਰ ਸਾਹਿਬ, ਇੰਗਲੈਂਡ ਗਿਆ, ਮੈਂ ਉਹ ਥਾਂ ਵੀ ਦੇਖਿਆ ਜਿਥੇ ਊਧਮ ਸਿੰਘ ਪਹਿਲਾਂ ਇਕ ਸਰਦਾਰ ਕੋਲ ਰਿਹਾ ਸੀ ਅਤੇ ਕਿਸ ਤਰ੍ਹਾਂ ਉਸ ਨੇ ਨਿਸ਼ਚਾ ਕੀਤਾ ਕਿ ਮੈਂ ਓਡਵਾਇਰ ਤੋਂ ਬਦਲਾ ਲੈਣਾ ਹੈ । ਨਹੀਂ ਤਾਂ ਉਹ ਵੀ ਅੰਗਰੇਜ਼ ਦੀਆਂ ਬੜੀਆਂ ਰੰਗ-ਰਲੀਆਂ ਮਾਣ ਸਕਦਾ ਸੀ । ਜਿਸ ਤਰ੍ਹਾਂ ਸਰਾਭੇ ਨੇ ਅਤੇ ਉਨ੍ਹਾਂ ਦੇ ਸਾਥੀਆਂ ਨੇ 1914 ਵਿਚ ਕਨੇਡਾ ਦੇ ਵਿਚ, ਅਮਰੀਕਾ ਵਿਚ ਕਾਰਵਾਈਆਂ ਕਰਕੇ ਹਿੰਦੁਸਤਾਨ ਵਿਚ ਆ ਕੇ ਕੁਰਬਾਨੀ ਦਿਤੀ, ਫ਼ਾਂਸੀਆਂ ਦੇ ਰੱਸੇ ਚੁੰਮੇ । ਇਸ ਤਰ੍ਹਾਂ ਨੌਂ-ਨੌਂ ਬੱਬਰ ਅਕਾਲੀਆਂ ਨੇ ਇੰਨੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ । ਜਿਸ ਤਰ੍ਹਾਂ ਊਧਮ ਸਿੰਘ ਦੀ ਬਹੁਤ ਵੱਡੀ ਦੇਣ ਹੈ, ਉਸਦੇ ਬਾਰੇ ਵੀ ਪੰਜਾਬ ਸਰਕਾਰ ਨੇ ਆਪਣੇ ਵਲੋਂ ਪੂਰੀ ਕੋਸ਼ਿਸ਼ ਕੀਤੀ ਹੈ । ਉਸ ਤੋਂ ਮਗਰੋਂ ਭਗਤ ਸਿੰਘ ਜਿਸ ਤੇ ਰੂਸ ਦੇ ਇਨਕਲਾਬ ਦਾ ਬਹੁਤ ਅਸਰ ਹੋਇਆ, ਜਿਸ ਦੇ ਪ੍ਰਵਾਰ ਦੀ ਬਹੁਤ ਵੱਡੀ ਕੁਰਬਾਨੀ ਸੀ, ਜਿਸ ਦੇ ਚਾਚੇ ਅਜੀਤ ਸਿੰਘ ਦੀ ਬਹੁਤ ਵੱਡੀ ਦੇਣ ਸੀ । ਜਿਸਦੇ ਵਿਚ ਕੋਈ ਦੋ ਰਾਵਾਂ ਨਹੀਂ ਹਨ । ਜਿਹੜੀ ਮੇਰੇ ਵੀਰ ਅਵਤਾਰ ਸਿੰਘ ਬਰਾੜ ਨੇ ਪਹਿਲਾਂ ਗੱਲ ਕੀਤੀ ਕਿ ਭਗਤ ਸਿੰਘ ਕਿਸੇ ਧਰਮ ਵਿਚ ਯਕੀਨ ਨਹੀਂ ਰੱਖਦਾ ਸੀ, ਕਿਉਂਕਿ ਉਸ ਵੇਲੇ ਉਸ ਤੇ ਰੂਸ ਦੇ ਇਨਕਲਾਬ ਦਾ ਬਹੁਤ ਵੱਡਾ ਅਸਰ ਸੀ । ਆਪਾਂ ਨੂੰ ਸੇਧ ਲੈਣੀ ਚਾਹੀਦੀ ਹੈ ਕਿ ਧਰਮ ਕਿਸੇ ਨੂੰ ਕੋਈ ਮਾੜੀ ਗੱਲ ਨਹੀਂ ਸਿਖਾਉਂਦਾ, ਗੁਰੂ ਗ੍ਰੰਥ ਸਾਹਿਬ ਪੜ੍ਹੋ ਕਿਸੇ ਨੂੰ ਕੋਈ ਮਾੜੀ ਗੱਲ ਨਹੀਂ ਸਿਖਾਉਂਦਾ, ਬਾਈਬਲ ਪੜ੍ਹੋ ਕੋਈ ਮਾੜੀ ਗੱਲ ਨਹੀਂ ਸਿਖਾਉਂਦਾ । ਜੋ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਮਾੜੀ ਗੱਲ ਨਹੀਂ ਕਹੀ ਗਈ । ਬਾਈਬਲ ਵਿਚ ਕੋਈ ਮਾੜੀ ਗੱਲ ਨਹੀਂ ਕਹੀ ਗਈ । ਗੀਤਾ ਵਿਚ ਕੋਈ ਮਾੜੀ ਗੱਲ ਨਹੀਂ ਕਹੀ ਗਈ । ਇਸ ਲਈ ਅੱਜ ਇਹ ਚਾਹੀਦਾ ਹੈ ਕਿ ਰਾਜਨੀਤੀ ਧਰਮ ਤੇ ਭਾਰੂ ਨਾ ਹੋਵੇ ਸਗੋਂ ਧਰਮ ਰਾਜਨੀਤੀ ਤੇ ਭਾਰੂ ਹੋਣਾ ਚਾਹੀਦਾ ਹੈ । ਧਰਮ ਦਾ ਰਾਜਨੀਤੀ ਤੇ ਭਾਰੂ ਹੋਣ ਨਾਲ ਇਨਸਾਫ ਸਸਤਾ ਮਿਲਦਾ ਹੈ ਔਰ ਛੇਤੀ ਮਿਲਦਾ ਹੈ । ਛੇਵੇਂ ਪਾਤਸ਼ਾਹ

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਧਰਮ ਤੇ ਰਾਜਨੀਤੀ ਦਾ ਸੁਮੇਲ ਕੀਤਾ। ਸਾਡੇ ਕਾਂਗਰਸੀ ਵੀਰਾਂ ਨੂੰ ਧਰਮ ਤੇ ਰਾਜਨੀਤੀ ਬਹੁਤ ਚੁਭਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਧਰਮ ਨੂੰ ਰਾਜਨੀਤੀ ਚੋਂ ਬਾਹਰ ਰੱਖੋ। ਕੋਈ ਵੀ ਧਰਮ ਮਾੜੇ ਬੋਲ ਨਹੀਂ ਸਿਖਾਉਂਦਾ ਅਤੇ ਨਾ ਹੀ ਫਿਰਕਾਪ੍ਰਸਤੀ ਸਿਖਾਉਂਦਾ ਹੈ। ਧਰਮ ਚੰਗੀ ਸਿੱਖਿਆ ਦਿੰਦਾ ਹੈ। (ਸਰਦਾਰ ਅਵਤਾਰ ਸਿੰਘ ਬਰਾੜ ਵਲੋਂ ਵਿਘਨ)

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ ਵਿਘਨ ਨਾ ਪਾਓ। ਸਰਦਾਰ ਤੋਤਾ ਸਿੰਘ ਜੀ ਨੂੰ ਬੋਲ ਲੈਣ ਦਿਓ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੇਰੇ ਮਿੱਤਰ ਬਰਾੜ ਸਾਹਿਬ ਨੂੰ ਬੋਲ ਲੈਣ ਦਿਓ।

ਸ੍ਰੀ ਡਿਪਟੀ ਸਪੀਕਰ : ਤੁਸੀਂ ਕੰਟੀਨਿਊ ਰੱਖੋ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਇਸ ਲਈ ਮੇਰੀ ਬੇਨਤੀ ਹੈ ਕਿ ਸਰਦਾਰ ਭਗਤ ਸਿੰਘ ਨੇ ਬੜੀ ਵੱਡੀ ਕੁਰਬਾਨੀ ਦਿਤੀ ਹੈ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਕੁਰਬਾਨੀ ਦਿਤੀ ਹੈ। ਉਨ੍ਹਾਂ ਦੀ ਕੁਰਬਾਨੀ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਇਕ ਪਾਰਟੀ ਜਿਸ ਨੇ ਉਸ ਵਕਤ ਹਿੰਦੁਸਤਾਨ ਦੀ ਅਜ਼ਾਦੀ ਵਿਚ ਹਿੱਸਾ ਪਾਇਆ, ਉਹ ਪਾਰਟੀ ਸਰਦਾਰ ਅਵਤਾਰ ਸਿੰਘ ਬਰਾੜ ਦੀ ਪਾਰਟੀ ਹੈ, ਜੇ ਉਹ ਪਾਰਟੀ ਚਾਹੁੰਦੀ ਤਾਂ ਉਸ ਵਕਤ ਸਰਦਾਰ ਭਗਤ ਸਿੰਘ ਨੂੰ ਫਾਂਸੀ ਲੱਗਣ ਤੋਂ ਬਚਾ ਸਕਦੀ ਸੀ। ਉਸ ਨੂੰ ਉਮਰ ਕੈਦ ਹੋ ਸਕਦੀ ਸੀ, ਕੁਝ ਹੋਰ ਹੋ ਸਕਦਾ ਸੀ ਪਰ ਮੈਨੂੰ ਦੁੱਖ ਹੈ ਕਿ ਇਨ੍ਹਾਂ ਦੀ ਪਾਰਟੀ ਦੇ ਮਨ ਵਿਚ ਪਤਾ ਨਹੀਂ ਕੀ ਪਾਪ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਗੱਲ ਨੂੰ ਇਸ ਚੀਜ਼ ਨਾਲ ਨਾ ਜੋੜਿਆ ਜਾਵੇ। ਇਨ੍ਹਾਂ ਨੂੰ ਮੇਰੀ ਗੱਲ ਮੰਨ ਲੈਣੀ ਚਾਹੀਦੀ ਹੈ। ਜੇ ਤੁਹਾਡੀ ਪਾਰਟੀ ਉਸ ਵੇਲੇ ਕੁਝ ਕਰਦੀ ਅਤੇ ਸਰਦਾਰ ਭਗਤ ਸਿੰਘ ਨੂੰ ਬਚਾਉਣ ਖਾਤਰ ਤੁਹਾਡੀ ਪਾਰਟੀ ਇਹੋ ਜਿਹੀਆਂ ਗੱਲਾਂ ਨਾ ਕਰਦੀ ਤਾਂ ਉਹ ਬਚ ਸਕਦਾ ਸੀ। ਪਰ ਤੁਹਾਡੀ ਪਾਰਟੀ ਨੇ ਇਹੋ ਜਿਹੀਆਂ ਗੱਲਾਂ ਕੀਤੀਆਂ, ਰੈਜ਼ੋਲਿਊਸ਼ਨ ਪਾਏ। ਇਨ੍ਹਾਂ ਸਾਰੀਆਂ ਗੱਲਾਂ ਕਰਕੇ ਅੰਗਰੇਜ਼ਾਂ ਦਾ ਹੌਸਲਾ ਵੱਧ ਗਿਆ ਅਤੇ ਉਨ੍ਹਾਂ ਨੇ ਭਗਤ ਸਿੰਘ ਨੂੰ ਫਾਂਸੀ ਤੇ ਚੜ੍ਹਾ ਦਿੱਤਾ। ਜੇ ਇਹ ਇਹੋ ਜਿਹੀ ਬਿਆਨਬਾਜ਼ੀ ਨਾ ਕਰਦੇ ਤਾਂ ਕਿਸੇ ਦੀ ਜੁਰੱਅਤ ਨਹੀਂ ਸੀ ਕਿ ਭਗਤ ਸਿੰਘ ਨੂੰ ਕੋਈ ਫਾਂਸੀ ਦੇ ਸਕਦਾ। ਇਹ ਗੱਲ ਇਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਿਰਫ ਮਤਾ ਪਾਸ ਹੋਣਾ ਕੋਈ ਪ੍ਰਾਪਤੀ ਨਹੀਂ ਹੈ। ਅਸੀਂ ਸ਼ਹੀਦ ਭਗਤ ਸਿੰਘ ਜੀ ਦਾ ਸਤਿਕਾਰ ਕਰਦੇ ਹਾਂ ਅਤੇ ਖਟਕੜ ਕਲਾਂ ਵਿੱਚ ਉਸ ਦੀ ਯਾਦ ਵਿੱਚ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵੱਲੋਂ ਕਰੋੜਾਂ ਰੁਪਏ ਦਾ ਫੰਡ ਦਿੱਤਾ ਗਿਆ ਹੈ ਅਤੇ ਉਥੇ ਸਕੂਲ ਬਣਨ ਜਾ ਰਿਹਾ ਹੈ। (ਥੰਪਿੰਗ) ਅਸੀਂ ਕੈਨੇਡਾ ਵਿਖੇ ਇੱਕ "ਪ੍ਰਾਈਵੇਟ ਪੀਲ" ਨਾਲ ਗੱਲ ਕਰ ਰਹੇ ਹਾਂ ਅਤੇ ਭਗਤ ਸਿੰਘ ਦੀ ਯਾਦ ਵਿੱਚ 25 ਸਟੂਡੈਂਟ ਪੰਜਾਬ ਵਿੱਚੋਂ ਉਥੇ

ਭੇਜਿਆ ਕਰਾਂਗੇ ਅਤੇ ਉਥੋਂ ਸਟੂਡੈਂਟ ਇੱਥੇ ਆਇਆ ਕਰਨਗੇ । ਇਸ ਨਾਲ ਇੱਕ ਦੂਜੇ ਵਿੱਚ ਸਾਂਝ ਵਧੇਗੀ ਅਤੇ ਇੱਕ ਦੂਜੇ ਬਾਰੇ ਜਾਣਕਾਰੀ ਵੀ ਪ੍ਰਾਪਤ ਹੋਵੇਗੀ । ਅਸੀਂ ਖਟਕੜ ਕਲਾਂ ਵਿਖੇ ਇੱਕ ਆਲੀਸ਼ਾਨ ਸਕੂਲ ਬਣਾ ਰਹੇ ਹਾਂ । ਅਸੀਂ ਮਤਿਆਂ ਵਿਚ ਯਕੀਨ ਨਹੀਂ ਰੱਖਦੇ, ਅਸੀਂ ਸਗੋਂ ਸਰਦਾਰ ਭਗਤ ਸਿੰਘ ਦਾ ਅਸਲੀ ਸਤਿਕਾਰ ਕਰਦੇ ਹਾਂ । (ਥੰਪਿੰਗ) ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੱਥੇ-ਜਿੱਥੇ ਵੀ ਸਮੇਂ-ਸਮੇਂ ਤੇ ਲੋੜ ਹੋਵੇਗੀ ਅਸੀਂ ਭਗਤ ਸਿੰਘ ਦੀ ਯਾਦਗਾਰ ਬਣਾਵਾਂਗੇ । ਬਾਬਾ ਅੰਬੇਦਕਰ ਜੀ ਦੀ ਵੀ ਦੇਸ਼ ਨੂੰ ਬੜੀ ਦੇਣ ਹੈ । ਉਨ੍ਹਾਂ ਦੇ ਨਾਂ ਤੇ ਹਰ ਜ਼ਿਲ੍ਹੇ ਵਿੱਚ ਭਵਨ ਬਣ ਰਹੇ ਹਨ । ਇਹ ਭਵਨ ਬੜੀ ਤੇਜ਼ੀ ਨਾਲ ਬਣ ਰਹੇ ਹਨ । ਮੋਗੇ ਵੀ ਇੱਕ ਭਵਨ ਬਣਿਆ ਹੈ, ਬੜਾ ਆਲੀਸ਼ਾਨ ਭਵਨ ਹੈ । ਮੈਂ ਸਰਦਾਰ ਬਾਦਲ ਨੂੰ ਇਸ ਵਾਸਤੇ ਵਧਾਈ ਦਿੰਦਾ ਹਾਂ ਕਿਉਂਕਿ ਇਹ ਭਵਨ ਬੜੀ ਤੇਜ਼ੀ ਨਾਲ ਬਣਿਆ । ਮੈਂ ਵਜ਼ੀਰ ਸਾਹਿਬ ਨੂੰ ਕਿਹਾ ਸੀ ਕਿ ਉਦਘਾਟਨ ਕਰਕੇ ਆਓ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਚਾਹੇ ਉਹ ਅਜ਼ਾਦ ਹਿੰਦ ਫੌਜ ਸੀ, ਚਾਹੇ ਕੋਈ ਹੋਰ ਸੀ, ਅਸੀਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ । ਸਾਨੂੰ ਸਾਰਿਆਂ ਨੂੰ ਹੀ ਇਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ । ਸਾਡੇ ਬਜ਼ੁਰਗਾਂ ਦੀ ਉਹ ਸੋਚ ਨਹੀਂ ਸੀ ਜੋ ਸੋਚ ਹੁਣ ਸਾਂਝੀ ਬਣ ਚੁੱਕੀ ਹੈ । ਉਨ੍ਹਾਂ ਦੀ ਕੋਈ ਨਿੱਜੀ ਸੋਚ ਨਹੀਂ ਸੀ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਰ ਬਲਾਕ ਪੱਧਰ ਤੇ ਤਾਂ ਅਜਿਹਾ ਕਰਨਾ ਬਹੁਤ ਔਖਾ ਹੈ ਪਰ ਫੰਡ ਹੋਣ ਤੇ ਜਿੱਥੇ ਵੀ ਸਮੇਂ ਸਮੇਂ ਤੇ ਲੋੜ ਹੋਵੇਗੀ ਸਰਦਾਰ ਬਾਦਲ ਦੀ ਸਰਕਾਰ ਸਰਦਾਰ ਭਗਤ ਸਿੰਘ ਦਾ ਮਾਣ ਕਰੇਗੀ । ਜਿੱਥੇ ਵੀ ਭਵਨ ਬਣਾਉਣ ਦੀ ਲੋੜ ਪਵੇਗੀ, ਉਹ ਅਸੀਂ ਜ਼ਰੂਰ ਬਣਾਵਾਂਗੇ । ਅਜਿਹੇ ਮਤੇ ਪਾਸ ਕਰਕੇ ਹਾਊਸ ਦਾ ਸਤਿਕਾਰ ਘਟਦਾ ਹੈ ਜਿਹੜੇ ਬਾਅਦ ਵਿੱਚ ਅਮਲੀ ਰੂਪ ਵਿੱਚ ਨਾ ਆਉਣ । ਉਹ ਹੀ ਮਤੇ ਪਾਸ ਕਰਨੇ ਚਾਹੀਦੇ ਹਨ ਜਿਹੜੇ ਅਮਲੀ ਰੂਪ ਵਿੱਚ ਆ ਸਕਣ । ਮੈਂ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਸਰਦਾਰ ਭਗਤ ਸਿੰਘ ਦੀ ਯਾਦ ਵਿੱਚ ਇਹ ਚੀਜ਼ਾਂ ਪੰਜਾਬ ਸਰਕਾਰ ਜ਼ਰੂਰ ਬਣਾਏਗੀ । (ਥੰਪਿੰਗ) ਇਸ ਲਈ ਮੇਰੀ ਬੇਨਤੀ ਹੈ ਕਿ ਆਪਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਵੇਲੇ, ਇੱਕ ਦੂਜੇ ਪ੍ਰਤੀ, ਲਾਲਾ ਲਾਜਪੱਤ ਰਾਇ ਪ੍ਰਤੀ ਕੋਈ ਕੌੜਾ ਸ਼ਬਦ ਬੋਲਣਾ, ਇੱਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਨੀ ਤੋਂ ਹਾਊਸ ਦਾ ਸਤਿਕਾਰ ਕਰਦੇ ਹੋਏ ਅਜਿਹੀ ਗੱਲ ਕਦੇ ਵੀ ਨਹੀਂ ਕਰਨੀ ਚਾਹੀਦੀ । ਜੋ ਗੱਲ ਕਰਨੀ ਹੈ, ਉਹ ਸਿਆਣੀ ਅਤੇ ਢੰਗ ਨਾਲ ਹੋਣੀ ਚਾਹੀਦੀ ਹੈ । ਧੰਨਵਾਦ ।

ਸ੍ਰੀ ਡਿਪਟੀ ਸਪੀਕਰ : ਚਾਵਲਾ ਜੀ ਦੇ ਬੋਲਣ ਤੋਂ ਪਹਿਲਾਂ ਮੈਂ ਦੋ ਗੱਲਾਂ ਹਾਊਸ ਦੇ ਸਾਹਮਣੇ ਰੱਖਣੀਆਂ ਚਾਹਾਂਗਾ । ਇੱਕ ਤਾਂ ਸਿੰਗਾਰਾ ਰਾਮ ਸਹੂੰਗੜਾ ਜੀ ਨੇ ਜੋ ਲਾਲਾ ਲਾਜਪਤ ਰਾਏ ਜੀ ਬਾਰੇ ਲਫਜ਼ ਕਹੇ, ਉਹ ਐਕਸਪੰਜ ਕਰਨ ਵਾਸਤੇ ਪਹਿਲਾਂ ਵੀ ਕਹਿ ਦਿੱਤਾ ਸੀ ਪਰ ਦੁਬਾਰਾ ਫਿਰ ਕਹਿ ਰਿਹਾ ਹਾਂ, ਕਿ ਉਹ ਲਫ਼ਜ਼ ਐਕਸਪੰਜ ਕਰ ਦਿੱਤੇ ਜਾਣ । ਦੂਸਰਾ ਹਾਊਸ ਜਿਹੜਾ ਹੈ, ਉਹ 7-00 ਵਜੇ ਤੱਕ ਚੱਲਣ

[ਸ਼੍ਰੀ ਡਿਪਟੀ ਸਪੀਕਰ]

ਵਾਲਾ ਹੈ ਇਸ ਕਰਕੇ ਜਿੰਨੇ ਵੀ ਬੋਲਣ ਵਾਲੇ ਹਨ, ਉਨ੍ਹਾਂ ਸਾਰਿਆਂ ਨੂੰ ਸਮਾਂ ਮਿਲ ਜਾਵੇਗਾ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਮੈਂ ਜਿਹੜੇ ਲਫਜ਼ ਬੋਲੇ ਸੀ, ਉਹ ਐਕਸਪੰਜ ਕਰ ਦਿੱਤੇ ਹਨ ਪਰ ਜਿਹੜੇ ਹੁਕਮਰਾਨ ਬੈਂਚਾਂ ਵੱਲੋਂ ** ** ** ਉਹ ਵੀ ਐਕਸਪੰਜ ਕਰੋ ।

ਸ਼੍ਰੀ ਡਿਪਟੀ ਸਪੀਕਰ : ਕਿਸ ਨੇ ** ਕਿਹਾ ਹੈ ?

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਉਸ ਨੂੰ ਵੀ ਐਕਸਪੰਜ ਕਰੋ । ਜੇਕਰ ਤੁਸੀਂ ਇਤਿਹਾਸ ਨੂੰ ਛੁਪਾ ਕੇ ਰੱਖਣਾ ਚਾਹੁੰਦੇ ਹੋ ਤਾਂ ਉਸ ਨੂੰ ਵੀ ਛੁਪਾਉ । ਉਨ੍ਹਾਂ ਦੇ ਲਫਜ਼ ਵੀ ਐਕਸਪੰਜ ਹੋਣੇ ਚਾਹੀਦੇ ਹਨ । ਸਾਹਨੀ ਸਾਹਿਬ ਨੇ ਵੀ ਕਿਹਾ ਹੈ ।

ਸ਼੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਹੀ ਐਕਸਪੰਜ ਕਰਵਾ ਦਿੱਤੇ ਹਨ । I have already spoken.

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ : ਜੇਕਰ ਜਿਸੇ ਵੀ ਮੈਂਬਰ ਨੇ ** ** ** that should also be expunged.

ਸ਼੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਹੀ ਐਕਸਪੰਜ ਕਰਨ ਦੇ ਵਾਸਤੇ ਕਹਿ ਦਿੱਤਾ ਸੀ ।

श्रीमती लक्ष्मी कांता चावला (अमृतसर केन्द्रीय) : सदन के सामने प्रश्न है कि जो शहीद भगत सिंह देश के शहीदे-आज़म हुये, उन की स्मृति में ब्लाक लैवल पर राज्य सरकार की तरफ से स्पैशल फंड दे कर हाल बनाए जाएं, भवन बनाए जाएं ।

बात केवल भवन बनाने की नहीं है बल्कि हमारी जो नई पीढ़ी, हमारे, नौजवान, हमारी यूनीवर्सिटियों के जो सकालर हैं, अगर वह भगत सिंह को जान लेते हैं तो देश का बड़ा कल्याण है । हम सब ने पढ़ा है कि देश बन्धु चितरन्जन दास जी की श्रीमती ने लाला लाजपत राए जी की मृत्यु के बाद एक चैलेंज किया था बंगाल से कि क्या देश में कोई मर्द है, मर्दों में कोई जवान है । अगर है तो लाला लाजपत राए जी की मौत का बदला लिया जाए और हमें फख्र है कि जो चनौती बहन बसंती देवी ने देश के सामने रखी थी, वह चुनौती पंजाब ने स्वीकार की । पंजाब के बेटे ने अपनी जवानी को सार्थक

**Expunged as ordered by the Chair.

किया सांडरस के कत्ल के बाद, जो देश भगतों का दुश्मन था। लाहौर की दीवारों पर हाथ से लिखे खून से लिखे वह पोसटर लगा दिये थे कि देश में युवक भी हैं, युवकों में जवानी भी है और जवानी में देश भगती भी है और हमने लाला लाजपत राए के खून के बदले में खून ले लिया है। जिस दिन यह बात हुई, उस दिन भारत माता रोती हुई भी मुस्कराई थी। उस दिन लाला लाजपत राए की छाती से जो लाठियों का दर्द उठा था, उस दर्द ने इतने दीपक जलाए कि गुलामी का अंधेरा धीरे-धीरे घटना शुरू हो गया। हमें यह याद रखना चाहिये कि शहीद देश की दौलत होते हैं, शहीद देश का गौरव हैं। लेकिन मुझे ऐसा लगता है कि जैसे-जैसे आजादी प्राप्त किये आधी सदी बीत चुकी है और आधी सदी के बाद भी दूसरा साल जा रहा है। आधी सदी के बाद भी शहीदों को याद करने की रसम हो गई है। जैसे घर में पूर्वजों का, बड़ों का श्राध करने की रसम हो गई है। इस के ईलावा कोई लेना-देना नहीं अपने शहीदों से। अपने हिन्दोसतान में एक बुरी बात है कि जिस लीडर या शहीद का कोई बेटा, पोता या दोहता सत्ता में आ गया उस का तो समारक भी बनता है लेकिन जिन का कोई नहीं उनका समारक बनाने की, उन को याद करने की किसी को फुरसत ही नहीं है। नेता जी सुभाष चंद्र बोस का ऋण कोई नहीं उतार सकता लेकिन मैंने पिछले दिनों में देखा कि मनीपुर से 45 कि. मी. दूर माई रंग में जहां नेता जी ने अपनी आजाद हिन्द फौज के साथ आकर पहली बार देश का तिरंगा लहराया वहां पर जो समार्क बना है वह नेता जी की शान और आजादी की पहली हवा को बिलकुल सूट नहीं करता। अमृतसर में हर वर्ष आजाद हिन्द फौज के लोग एक दिन मनाते हैं। नेता जी का जन्म दिन 23 जनवरी है लेकिन पुकार-पुकार के आधे सैनिक वृद्ध होकर संसार से चले गये, बाकी वृद्ध अवस्था काफी ज्यादा पार कर चुके हैं लेकिन नेता जी का कोई समार्क, कोई स्थान, कोई भवन न पहली सरकारें बना सकी और न अभी हम ने बनाया है। उस की तरफ ध्यान देना जरूरी है। याद करें सन् 1857 को बहादुर शाह जफर ने देश की लड़ाई लड़ी और अंग्रेजों ने उसको उसकी हार के बाद एक संदेश भेजा। उस में कहा था :

दमदमें में दम नहीं अब खैर मांगों जान की।
ऐ जफर ठल चुकी तलवार हिन्दोस्तान की।

तब बहादुरशाह जफर ने एक भविष्य बाणी की। उन्होंने कहा था :

"गाजियों में रहेगी बू जब तलक ईमान की,
तख्ते लंदन तक चलेगी तेग हिन्दोस्तान की"

[श्रीमती लक्ष्मी कांता चावला]

वो नड़ने हिन्दोस्तान की नेत चलाने का जिन्होंने काम किया उसका श्रेय भी पंजाब को और अमृतसर को प्राप्त हुआ । शहीद मदन लाल ढींगरा जो अमृतसर की गलियों से निकल कर इंगलैंड पहुंचा, इन्जीनियर बनने के लिए और वीर सावरकर के सम्पर्क में आया । सबसे पहले उसने सन 1908 में कर्जन वायली का काम तमाम करके वह वायली जो भारती विद्यार्थियों का अपमान करता था, देश का सिर ऊंचा किया लेकिन आज तक अमृतसर में बार-2 मांगने के बावजूद मदन लाल ढींगरा के जन्म अस्थान पर किसी ने राष्ट्रीय समार्क नहीं बनाया, किसी ने उस सड़क का नाम मदन लाल ढींगरा के नाम पर नहीं रखा । अमृतसर से 6 कि. मी. बाहर माल मण्डी के पास अब एक बुत ता खड़ा लेकिन अब किस को याद नहीं कि मदन लाल ढींगरा का दिन मनाना है । हमारे बहुत से नेता पंजाब के एम. एल. ए. से और एम. पी. मनिस्टर, विधान सभाओं के अध्यक्ष इंगलैंड में जाते रहे लेकिन मैं बिल्कुल निश्चय से कहती हूं कि उन्हें याद नहीं आया कि हमारे पंजाब का एक बेटा मदन लाल ढींगरा कभी पैटन विलेज जेल में अकेला फांसी चढ़ गया था वह पैटन विलेज जेल हर भारतीय के लिए जो इंगलैंड में रहता है और जो भारत से इंगलैंड जाता है उस के लिए मंदिर हो जाना चाहिए, तीर्थ हो जाना चाहिए । अजीब बात है हम लोग जाते है, थेमज नदी में सैर करने जाते हैं, शैक्सपीअर का घर देखते है, वर्डज-वर्थ का टिकाना देखते हैं अंग्रेज की पार्लिमैंट देख कर खुशी-खुशी वापिस आ जाते है । हमारी किताब में न मदन लाल ढींगरा का फांसी का स्थान है, न किताब में वीर सावरकर की तपसया का स्थान है । हमारी किताब में शहीद ऊधम सिंह का कर्म क्षेत्र जिससे उसने भारत माता के नाम पर जो गिरी हुई पगड़ी थी, दुपट्टा था वो जिसने उठा कर सिर ऊपर रखा, जलियां वाले बाग के अपमान का बदला लिया, उस कैक्सटन हौटल की दीवारों को छूहने के लिए अगर हम मंदिर गुरुद्वारा समझ कर चलें तो अंग्रेजों को भी अहसास होगा कि हम अपने शहीदों को याद करते हैं । मुझे लगता है कई बार हम शहीदों की समाधी पर माथा टेकने इस लिए चले जाते हैं कि जाना चाहिये । किसी को श्रद्धांजली देनी है इस लिए अच्छा कह देते हैं कि देनी चाहिए, कहना चाहिए यह दुनियादारी है । मुझे तो कई बार हैरानगी होती है कि जिस नेता के असूलों को हम बिल्कुल नहीं मानते उस नेता को भी नमस्ते, प्रणाम करने जाते हैं । उसको फूल चढ़ाने जाते है हमारे हृदय का हमारे कर्म का कोई सम्बन्ध नहीं है, कोई मेल नहीं है । ग्रंथों में कहा है कि

मनसी एकम, वचनसी एकम, करमणी एकम महात्मना ।

क्या आश्चर्य होता है जब हमारे नेता चाहे वो 26 जनवरी हो, चाहे 2 अक्तूबर हो शराब के ठेके चलाने वाले, सब पिलाने वाले, सब पीने वाले, सब खाने वाले जब गांधी जी की समाधी पर नाक रगड़ने जाते थे तो बड़े अहिंसक अपने आप को कहते थे जिन्होंने कह दिया था कि भगत सिंह का केस हम पलीड नहीं करेंगे क्योंकि भगत सिंह तो बदूक हाथ में लेकर चलता है । हम शांतिवादी हैं वह जाकर भगत सिंह की समाधी पर इस लिये एक जलसा लगाते हैं क्योंकि भगत सिंह का नाम ले करके हाथ में माईक पकड़ के अखबारों में फोटो आने से कुछ ज्यादा वोट मिल सकते हैं । यहां एक दिन के भाषण और राशन का प्रबन्ध बहुत अच्छा हो सकता है । मेरा यह निवेदन है मैं पंजाब सरकार का ध्यान उस मसे की तरफ लाना चाहती हूं जिसे रौंता जी ने रखा है उस द्वारा मैं कहती हूं, मैं इस के बारे में पहले भी कह चुकी हूं, शिक्षा मंत्री जी का ध्यान इस तरफ दिलवाती हूं कि पहले पांच वर्ष बच्चों को स्कूल में देश के शहीदों के बारे में, उन के जीवन परिचय के बारे में पढ़ाया जाए । उस में कम-से-कम पांच शहीदों के बारे में हर साल पढ़ाया जाए । जिस में छठी से लेकर दसवीं तक के बच्चों को देश के सभी प्रांतों के शहीदों के बारे में परिचित कराया जाए कि यह वह लोग हैं जो देश के लिए मरे जिस में आज हम रहते हैं । चाहे वो बंगाल प्रांत का शहीद है पर वे सब हिन्दुस्तान के शहीद हुए हैं । उनका जन्म पंजाब, महाराष्ट्र कहीं भी हो सकता है । अभी मैं आसाम में कनक लता से मिल कर आई हूं । सन् 1942 के आंदोलन में वह तिरंगा लेकर चलती थी । अंग्रेजों के सचिवालय से यूनियन जैक उतार के फैंकती है । फिर गोली लगती है । फिर आप्रेशन टेबल पर जाती है । डाक्टर से पूछती है कि गोली कहां लगी है । डाक्टर बताता है कि गोली छाती में लगी है । कहती है, "ओ डाक्टर अब मैं शांति से मर सकती हूं । भारत मां की बेटी छाती में गोली खाती है, पीठ पर गोली नहीं खाती ।" बच्चे कनक लता का नाम नहीं जानते होंगे । 1897 में चापेकर तीन भाई थे जिन्हें दो दिन में फांसी दी गई । लेकिन उन के बारे में भी बच्चे नहीं जानते होंगे । यहां स्कूल में बच्चों से पूछो कि हकीकत को जानते हो ? कहेंगे फिल्म आई थी । नायकम को जानते हो ? तो पहले यह पूछते हैं कि यह किसी महाद्वीप का नाम है एशिया में या यूरोप में है । अगर बच्चे अपने देश की विरासत से नहीं जोड़ेंगे, अगर बच्चों को देश के शहीदों का पता नहीं लगेगा तो बच्चे किस के लिए बलिदान देंगे, आज के नेताओं के लिए ?

ਸ੍ਰੀ ਡਿਪਟੀ ਸਪੀਕਰ : ਪਹਿਲਾਂ ਮਾਸਟਰ ਮੋਹਨ ਲਾਲ ਜੀ ਨੂੰ ਬੋਲ ਲੈਣ ਦਿਓ ।

(ਇਸ ਸਮੇਂ ਮਾਨਯੋਗ ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ ਬੋਲਣ ਲਈ ਖੜ੍ਹੇ ਸਨ ।)

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸੰਬਧੀ ਮੰਤਰੀ : ਡਿਪਟੀ ਸਪੀਕਰ ਸਾਹਿਬ ਨੇ ਮੇਰਾ ਨਾਮ ਲਿਆ ਹੈ ।

ਸ੍ਰੀ ਡਿਪਟੀ ਸਪੀਕਰ : ਸਰਦਾਰ ਤੋਤਾ ਸਿੰਘ ਜੀ, ਤੁਸੀਂ ਬੋਲ ਲਓ ।

ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ : ਭੈਣ ਜੀ ਨੂੰ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ । ਇਨ੍ਹਾਂ ਨੂੰ ਇਸ ਬਾਰੇ ਗਿਆਨ ਦੇਣਾ ਚਾਹੁੰਦਾ ਹਾਂ, ਬੱਚਿਆਂ ਨੂੰ ਪਤਾ ਨਹੀਂ, ਇਸ ਗੱਲ ਨਾਲ ਮੈਂ ਸਹਿਮਤ ਹਾਂ ।ਹੁਣ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਤੇ ਨਵੇਂ ਸਾਲ ਤੋਂ ਐਜੂਕੇਸ਼ਨ ਬੋਰਡ ਨੂੰ ਹਦਾਇਤ ਦਿੱਤੀ ਹੈ ਕਿ ਸਕੂਲਾਂ ਵਿਚ ਬੱਚਿਆਂ ਨੂੰ ਇਤਿਹਾਸ ਬਾਰੇ ਸਿੱਖਿਆ ਦਿੱਤੀ ਜਾਵੇ, ਜਿਵੇਂ ਗੁਰੂ ਨਾਨਕ ਦੇਵ ਜੀ ਨੇ 1469 ਵਿੱਚ ਅਵਤਾਰ ਧਾਰਿਆ, ਉਨ੍ਹਾਂ ਨੇ ਸਾਨੂੰ ਪੜ੍ਹਾਇਆ ਸੀ ਕਿ ਇੱਕ ਸੰਗਤ ਵਿੱਚ ਜੁੜ ਕੇ ਬੈਠਣਾ ਹੈ । ਪਹਿਲਾਂ ਸ਼ੂਦਰ ਜੇ ਨਾਲ ਜੁੜ ਕੇ ਬਹਿ ਜਾਂਦੇ ਸੀ ਤਾਂ ਸਿੱਕਾ ਢਾਲ ਕੇ ਪਾ ਦਿੰਦੇ ਸੀ । ਜੋ ਗਿਆਨ ਗੁਰੂ ਨਾਨਕ ਦੇਵ ਜੀ ਨੇ ਦਿੱਤਾ ਅਤੇ ਸੰਨ 1469 ਤੋਂ ਲੈ ਕੇ ਹੁਣ ਤੱਕ ਦੀ ਹਿਸਟਰੀ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾਵੇਗੀ । (ਥੰਪਿੰਗ) ਐਜੂਕੇਸ਼ਨ ਬੋਰਡ ਨੂੰ ਇਸ ਬਾਰੇ ਪਹਿਲਾਂ ਹੀ ਹਦਾਇਤ ਦੇ ਦਿੱਤੀ ਹੈ ਤੇ ਸਿਲੇਬਸ ਲੱਗ ਰਿਹਾ ਹੈ ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸਬੰਧੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਭੈਣ ਜੀ ਨੇ ਇਹ ਗੱਲ ਕਹੀ ਹੈ, ਇਹ ਅੱਛੀ ਗੱਲ ਹੈ । ਸੁਤੰਤਰਤਾ ਸੈਨਾਨੀਆਂ ਦੀ ਭਲਾਈ ਬਾਰੇ ਡਿਪਾਰਟਮੈਂਟ ਮੇਰੇ ਕੋਲ ਹੈ । ਮੈਂ ਤੁਹਾਡੀ ਜਾਣਕਾਰੀ ਲਈ ਦੱਸ ਰਿਹਾ ਹਾਂ ਕਿ ਪੰਜਾਬ ਵਿੱਚ ਜਿਹੜੇ ਸ਼ਹੀਦ ਹੋਏ ਹਨ, ਜਿਨ੍ਹਾਂ ਦਾ ਜੀਵਨ ਪ੍ਰੇਰਣਾ ਦੇਣ ਵਾਲਾ ਹੈ, ਉਨ੍ਹਾਂ ਦੇ ਜੀਵਨ ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਏ ਜਾਣਗੇ । ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਨੂੰ ਇਸ ਬਾਰੇ ਕਿਹਾ ਗਿਆ ਹੈ ਕਿ ਲਿਖ ਕੇ ਦਿੱਤਾ ਜਾਵੇ ।

श्रीमती लक्ष्मी कांता चावला : यूनिवर्सिटीज़ प्राईमरी स्कूलों का कैसे भेजेगी । इन से पूछा जाये क्योंकि यूनिवरसिटीज़ स्कूलों को डील नहीं करती ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸਬੰਧੀ ਮੰਤਰੀ : ਇਹ ਯੂਨੀਵਰਸਿਟੀ ਕਰੇਗੀ । ਤਿੰਨ ਮੈਂਬਰੀ ਕਮੇਟੀ ਬਣਾਏਗੀ ਔਰ ਡਿਸਟ੍ਰਿਕਟ ਦੇ ਡੀ. ਸੀ. ਨਾਲ ਕਾਂਟੈਕਟ ਕਰੇਗੀ ਕਿ ਕਿਹੜੇ-ਕਿਹੜੇ ਇਲਾਕੇ ਵਿੱਚ ਸ਼ਹੀਦ ਹੋਏ ਹਨ । ਇਹ ਸਭ ਯੂਨੀਵਰਸਿਟੀ ਦੀ ਕਮੇਟੀ ਦੁਆਰਾ ਕੀਤਾ ਜਾਵੇਗਾ ।

Mr. Deputy Speaker : Please address the Chair.

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸਬੰਧੀ ਮੰਤਰੀ : ਯੂਨੀਵਰਸਿਟੀ ਦਾ ਇੱਕਤਿਨ ਮੈਂਬਰੀ ਪੈਨਲ ਜਿਸ ਨੂੰ 5-5 ਲੱਖ ਰੁਪਿਆ ਦਿੱਤਾ ਗਿਆ ਹੈ। ਇਸ ਤੋਂ ਬਾਅਦ ਇਹ ਪ੍ਰਾਇਮਰੀ ਸਤਰ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ।

श्रीमती लक्ष्मी कांता चावला : पांच लाख से इतना कुछ नहीं छपेगा। मैं बात कर रही थी कि अपने देश के लिए अपनी जान अर्पण करने वाले शहीदों का जीवन परिचय उन विद्यार्थीयों को पढ़ाया नहीं गया। अब वह क्या पढ़ेंगे कि किस के राज्य में कैपीटेशन फीस ज्यादा हो गई, किस के राज्य में चंदा देकर दाखिला मिलता था, किस के राज्य में अंग्रेजी पढ़ने के लिए ज्यादा पैसे देने पड़ते थे जहां वह तोते की तरह ये रट लें? किस के राज्य में गैस सिलंडर के लिए फीस भरनी पड़ती थी। नौकरी के लिए पैसे भरने पड़ते थे? वर्तमान पढ़ाई में देने को कुछ नहीं। मानचैस्टर में पिता ने पुत्रों को प्रश्न किया कि हमें यह बताओ कि किस की फोटो दीवार पर लगाएं? उनका उत्तर था कि आज़ादी से पहले जो नेता थे उन के चित्र दीवारों पर लगाएं। आज नेता किसी पार्टी का भी हो सकता है पर राष्ट्र नेता कौन है। यह पता नहीं चल रहा। इस लिए मेरा यह निवेदन है कि बी. जे. पी. की सरकार कर के ही अटल जी नेता के रुप में मिले हैं। हमें अपनी फजूल खर्चीयों को कम करना चाहिए। चन्द्र शेखर आजाद जब कानपुर के केन्द्र में लोगों को मिलने के लिए गए तो उन्हें दो पैसे खर्चा करने के लिए दिए गए तो उन्होंने कहा मेरे पास तो खाने के लिए चने है इन दो पैसों से आप कारतूस ले लें। आज कल तो ऐयर कंडीशन कारें और भवन बन गई है अगर यह सब किसी प्राईवेट पार्टी को दे दिए जाएं तो सारे पंजाब की इन पैसों से सड़कें बन सकती हैं। स्कूलों और कालिजों में बच्चों को इन शहीदों की जीवनी पढ़ाई जाए, मूर्तियां लगाई जाएं और शहीदों के बारे में अर्थ सहित बताया जाए। सरकार को इन शहीदों के कामों से प्रेरना लेनी चाहिए। धन्यावाद।

ਸਰਦਾਰ ਸੁਖਵਿੰਦਰ ਸਿੰਘ ਔਲਖ (ਮਾਨਸਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਰੰਤਾ ਸਾਹਿਬ ਦੇ ਮਤੇ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੀ ਯਾਦ ਲਈ ਬਲਾਕ ਪੱਧਰਾਂ ਤੇ ਭਵਨਾਂ ਦੇ ਨਿਰਮਾਣ ਕਰਨ ਲਈ ਸਰਕਾਰ ਵੱਲੋਂ ਵਿਸ਼ੇਸ਼ ਫੰਡਜ਼ ਦਾ ਪ੍ਰਬੰਧ ਕੀਤਾ ਜਾਵੇ। ਸ਼ਹੀਦ ਕਿਸੇ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਇਹ ਇੱਕ ਇਤਿਹਾਸਕ ਸਚਾਈ ਹੈ। ਜਿਹੜੀ ਕੌਮ, ਜਿਹੜਾ ਮੁਲਕ ਅਤੇ ਜਿਹੜਾ ਦੇਸ਼ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦਾ ਹੈ, ਉਸ ਦਾ ਇਤਿਹਾਸ ਵਿੱਚ ਨਾਂ ਨਹੀਂ ਰਹਿੰਦਾ ਅਤੇ ਉਹ ਮੁੱਕ ਜਾਂਦਾ ਹੈ।

[ਸਰਦਾਰ ਸੁਖਵਿੰਦਰ ਸਿੰਘ ਔਲਖ]

ਦੇਸ਼ ਦੇ ਸ਼ਹੀਦਾਂ ਦੇ ਨਾਂ ਨਾਲ ਹੀ ਦੇਸ਼ ਦੀ ਪਹਿਚਾਣ ਹੁੰਦੀ ਹੈ ਅਤੇ ਰਹਿੰਦੀ ਹੈ। ਸ਼ਹੀਦਾਂ ਤੋਂ ਬਗੈਰ ਕਿਸੇ ਦੇਸ਼ ਦੀ ਪਹਿਚਾਣ ਨਹੀਂ ਹੋ ਸਕਦੀ। ਸ਼ਹੀਦਾਂ ਦਾ ਸਤਿਕਾਰ ਸਾਡੇ ਮਨ ਵਿੱਚ ਹੋਣਾ ਚਾਹੀਦਾ ਹੈ। ਸਰਦਾਰ ਭਗਤ ਸਿੰਘ ਸ਼ਹੀਦੇ-ਏ-ਆਜ਼ਮ ਸਾਡੇ ਦੇਸ਼ ਲਈ ਅਤੇ ਸਾਡੀ ਕੌਮ ਲਈ ਇੱਕ ਸਰਮਾਇਆ ਹਨ, ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਅਤੇ ਪੰਜਾਬ ਦੀ ਆਜ਼ਾਦੀ ਲਈ ਬੜਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਲਈ ਸਤਿਕਾਰ ਅਤੇ ਮਾਣ ਪੰਜਾਬੀਆਂ ਦੇ ਦਿਲਾਂ ਵਿੱਚ ਹਮੇਸ਼ਾ ਕਾਇਮ ਰਹੇਗਾ। ਸ਼ਹੀਦ ਭਗਤ ਸਿੰਘ ਉੱਤੇ ਸਾਨੂੰ ਸਾਰਿਆਂ ਨੂੰ ਬੜਾ ਮਾਣ ਹੈ ਅਤੇ ਸਾਡੇ ਲਈ ਉਨ੍ਹਾਂ ਦਾ ਆਜ਼ਾਦੀ ਲਈ ਯੋਗਦਾਨ ਇੱਕ ਉਦਾਹਰਣ ਹੈ। ਮੇਰੇ ਤੋਂ ਪਹਿਲੇ ਬੋਲਣ ਵਾਲਿਆਂ ਨੇ ਦੱਸਿਆ ਹੈ ਕਿ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਪੰਜਾਬੀਆਂ ਦੇ ਦਿਲਾਂ ਵਿੱਚ ਹਮੇਸ਼ਾ ਤਾਜ਼ਾ ਰਹੇਗੀ। ਪੰਜਾਬੀਆਂ ਨੇ ਮੁਲਕ ਦੀ ਆਜ਼ਾਦੀ ਵਿੱਚ 80% ਕੁਰਬਾਨੀਆਂ ਦਿੱਤੀਆਂ ਅਤੇ ਫਾਂਸੀਆਂ ਤੇ ਚੜ੍ਹੇ। ਸਾਨੂੰ ਉਨ੍ਹਾਂ ਤੇ ਬੜਾ ਫਖ਼ਰ ਹੈ ਅਤੇ ਸਾਨੂੰ ਮਾਣ ਹੈ ਕਿ ਅਸੀਂ ਪੰਜਾਬੀ ਹਾਂ। ਜੇਕਰ ਮੈਂ ਹੋਰ ਸ਼ਹੀਦਾਂ ਦਾ ਜ਼ਿਕਰ ਨਾ ਕਰਾਂ ਤਾਂ ਇਹ ਉਨ੍ਹਾਂ ਦੇ ਨਾਲ ਜ਼ਿਆਦਤੀ ਹੋਵੇਗੀ। ਜਿਸ ਤਰ੍ਹਾਂ ਰਾਜਗੁਰੂ, ਸੁਖਦੇਵ ਨੇ ਸ਼ਹੀਦ ਭਗਤ ਸਿੰਘ ਦੇ ਨਾਲ ਸ਼ਹੀਦੀ ਦਿੱਤੀ ਅਤੇ ਜੰਗੇ ਆਜ਼ਾਦੀ ਦੇ ਵਿੱਚ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ, ਸਰਦਾਰ ਊਧਮ ਸਿੰਘ, ਮਦਨ ਲਾਲ ਢੀਂਗਰਾ, ਜੈਤੋ ਜੱਥਾ, ਗਦਰੀ ਬਾਬਾ, ਬੱਬਰ ਅਕਾਲੀ, ਸ਼ਹੀਦਾਂ ਦਾ ਬੜਾ ਵੱਡਾ ਸਰਮਾਇਆ ਪੰਜਾਬ ਦੇ ਕੋਲ ਹੈ ਜੋ ਅਸੀਂ ਸੰਭਾਲ ਕੇ ਰੱਖਿਆ ਹੋਇਆ ਹੈ। ਇਨ੍ਹਾਂ ਸਾਰੇ ਸ਼ਹੀਦਾਂ ਨੇ ਪੰਜਾਬੀਆਂ ਦਾ ਨਾਂ ਅਤੇ ਸਿਰ ਉੱਚਾ ਕੀਤਾ ਹੈ।

ਮੈਂ ਜ਼ਿਕਰ ਕਰ ਚੁੱਕਾ ਹਾਂ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਕੌਮ ਦੀ ਪੂੰਜੀ ਹੁੰਦੇ ਹਨ। ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਵੱਡਾ ਹਿੱਸਾ ਲਿਆ ਜਿਸ ਸਦਕਾ ਦੇਸ਼ ਨੂੰ ਆਜ਼ਾਦੀ ਮਿਲੀ ਜਿਸ ਦਾ ਅੱਜ ਅਸੀਂ ਸਾਰੇ ਆਨੰਦ ਮਾਣ ਰਹੇ ਹਾਂ। ਮੈਂ ਸਾਹਮਣੇ ਬੈਠੇ ਭਰਾਵਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਆਜ਼ਾਦ ਹੋਏ ਨੂੰ 50 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਅਤੇ ਮੈਂ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰਦਾਰ ਭਗਤ ਸਿੰਘ ਜੀ ਨੇ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨੇ ਆਜ਼ਾਦੀ ਦਿਵਾਉਣ ਵਿਚ ਕੁਰਬਾਨੀਆਂ ਦਿੱਤੀਆਂ ਪਰ ਉਨ੍ਹਾਂ ਦੀ ਕੁਰਬਾਨੀ ਪਿਛੇ ਅਸਲ ਭਾਵਨਾ ਕੀ ਸੀ? ਕੀ ਅੱਜ ਅਸੀਂ ਉਨ੍ਹਾਂ ਵਲੋਂ ਦੱਸੇ ਰਸਤੇ ਤੇ ਚੱਲ ਰਹੇ ਹਾਂ ਜਾਂ ਨਹੀਂ? ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਦੇਸ਼ ਆਜ਼ਾਦ ਹੋਏ ਨੂੰ 50 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਅੱਜ ਮੁਲਕ ਦੀ ਕੀ ਹਾਲਤ ਹੈ। ਕੀ ਸਰਦਾਰ ਭਗਤ ਸਿੰਘ ਜੀ ਨੇ ਇਸ ਤਰ੍ਹਾਂ ਸੋਚਿਆ ਸੀ? ਉਨ੍ਹਾਂ ਦੇਸ਼ ਭਗਤਾਂ ਦੀ ਸੋਚ ਸੀ ਕਿ ਆਜ਼ਾਦੀ ਮਿਲਣ ਤੋਂ ਬਾਅਦ ਮੇਰੇ ਦੇਸ਼ ਦੇ ਲੋਕ ਭੁੱਖੇ ਨਾ ਰਹਿਣ ਅਤੇ ਆਜ਼ਾਦੀ ਦਾ ਆਨੰਦ ਮਾਨਣ। ਆਰਥਿਕ ਪੱਖੋਂ ਦੇਸ਼ ਦੇ ਲੋਕ ਖੁਸ਼ਹਾਲ ਹੋਣ ਪਰ ਬੜੇ ਹੀ ਅਫਸੋਸ ਦੀ ਗੱਲ ਹੈ ਕਿ 50 ਸਾਲ ਆਜ਼ਾਦੀ ਤੋਂ ਬਾਅਦ ਵੀ ਅੱਜ ਇਸ ਮੁਲਕ ਵਿਚ ਭੁੱਖਮਰੀ ਵੱਧ ਰਹੀ ਹੈ। ਬੇਰੁਜ਼ਗਾਰੀ ਵੱਧ ਰਹੀ ਹੈ। ਕੁਰੱਪਸ਼ਨ ਵੱਧ ਰਹੀ

ਹੈ । ਮੈਂ ਕੋਈ ਇਲਜ਼ਾਮਬਾਜ਼ੀ ਵਾਲੀ ਗੱਲ ਨਹੀਂ ਕਰਦਾ ਪਰ ਆਉਣ ਵਾਲਾ ਇਤਿਹਾਸ ਇਹ ਵੇਖੇਗਾ ਕਿ ਕਾਂਗਰਸ ਪਾਰਟੀ ਨੇ ਦੇਸ਼ ਦੇ ਉਤੇ ਬਹੁਤ ਸਮਾਂ ਰਾਜ ਕੀਤਾ ਪਰ ਅੱਜ ਉਹ ਕਹਿੰਦੇ ਹਨ ਕਿ ਸ਼ਹੀਦ ਭਗਤ ਸਿੰਘ ਜੀ ਦੀ ਯਾਦਗਾਰੀ ਲਈ ਭਵਨਾਂ ਦੀ ਉਸਾਰੀ ਹੋਣੀ ਚਾਹੀਦੀ ਹੈ ਅਤੇ ਇਹ ਮਤੇ ਦੀ ਤਾਈਦ ਕਰਦੇ ਹਨ । ਲੇਕਿਨ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਸ ਦੇਸ਼ ਅੰਦਰ ਇਸ ਕਾਂਗਰਸ ਜਮਾਤ ਨੇ ਏਨਾ ਲੰਮਾ ਸਮਾਂ ਹਿੰਦੁਸਤਾਨ ਵਿਚ ਰਾਜ ਕੀਤਾ ਇਨ੍ਹਾਂ ਨੇ ਸਾਡੇ ਦੇਸ਼ ਨੂੰ ਭੁੱਖਮਰੀ ਦਿੱਤੀ, ਬੇਰੁਜ਼ਗਾਰੀ ਦਿੱਤੀ ਅਤੇ ਸਭ ਤੋਂ ਵੱਡੀ ਗੱਲ ਕੁਰੱਪਸ਼ਨ ਦਿੱਤੀ । ਅੱਜ ਕੁਰੱਪਸ਼ਨ ਕਰਕੇ ਸਾਡਾ ਸਿਰ ਸਾਰੀ ਦੁਨੀਆਂ ਵਿਚ ਨੀਵਾਂ ਹੁੰਦਾ ਹੈ । ਸਾਡੇ ਦੇਸ਼ ਭਗਤਾਂ ਦਾ ਜੋ ਸੁਪਨਾ ਸੀ ਉਹ ਪੂਰਾ ਨਹੀਂ ਹੋਇਆ । ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਕੰਮ ਕਰਦੇ । ਪਰ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ । ਮੈਂ ਕਹਿ ਸਕਦਾ ਹਾਂ ਕਿ ਸਾਡੇ ਦੇਸ਼ ਅੰਦਰ ਲਗਭੱਗ 46-47 ਸਾਲ ਰਾਜ ਕਾਂਗਰਸ ਜਮਾਤ ਦਾ ਰਿਹਾ ਹੈ ਪਰ ਕਾਂਗਰਸੀਆਂ ਨੇ ਲੋਕਾਂ ਦੀ ਭਾਵਨਾ ਨਾਲ ਖਿਲਵਾੜ ਕੀਤਾ ਹੈ । ਸ਼ਾਇਦ ਦੁਨੀਆਂ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਕਰਨ ਲਗਾ ਹਾਂ ਕਿ ਸਰਦਾਰ ਭਗਤ ਸਿੰਘ ਕੌਮ ਲਈ ਸ਼ਹੀਦ ਹੋਏ ਹਨ, ਜਿਨ੍ਹਾਂ ਤੇ ਸਾਨੂੰ ਸਾਰਿਆਂ ਨੂੰ ਮਾਣ ਹੈ । ਜੋ ਉਨ੍ਹਾਂ ਸ਼ਹੀਦਾਂ ਦੀਆਂ ਆਸਾਂ ਸਨ ਅਤੇ ਦੇਸ਼ ਲਈ ਮੰਗ ਸੀ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਏਥੇ ਲੋਕਾਂ ਨੂੰ ਇਨਸਾਫ ਮਿਲੇਗਾ ਅੱਜ ਉਹ ਸਾਰੀਆਂ ਹੱਦਾਂ ਟੱਪ ਚੁੱਕੀਆਂ ਹਨ । ਮੈਂ ਸਾਹਮਣੇ ਬੈਠੇ ਭਰਾਵਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਦਿੱਲੀ ਵਿਚ, 1984 ਵਿਚ ਕਤਲੇ ਆਮ ਹੋਇਆ ਅਤੇ ਪੰਜਾਬ ਵਿਚ ਜੋ ਕੁਝ ਹੋਇਆ ਹੈ, ਉਹ ਤੁਹਾਡੇ ਸਾਹਮਣੇ ਹੈ । ਕੀ ਸਰਦਾਰ ਭਗਤ ਸਿੰਘ ਜੀ ਦੀ ਇਹ ਸੋਚ ਸੀ ? ਕੀ ਸਰਦਾਰ ਊਧਮ ਸਿੰਘ ਦੀ ਇਹ ਸੋਚ ਸੀ ਕਿ ਆਜ਼ਾਦੀ ਮਿਲਣ ਤੋਂ ਬਾਅਦ ਇਹ ਕੁਝ ਹੋਣਾ ਹੈ ? ਡਿਪਟੀ ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਡਾ ਯੋਗਦਾਨ ਪੰਜਾਬੀਆਂ ਦਾ ਹੈ ਲੇਕਿਨ ਬੜੇ ਦੁੱਖ ਦੀ ਗੱਲ ਹੈ, ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਨਾਲ ਸਭ ਤੋਂ ਵੱਧ ਬੇਇਨਸਾਫੀ ਹੋਈ ਹੈ । ਮੈਂ ਪੁੱਛਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਿ ਕੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਊਧਮ ਸਿੰਘ ਦੀ ਸੋਚ ਇਹ ਸੀ ? ਉਨ੍ਹਾਂ ਦੀ ਸੋਚ ਇਹ ਨਹੀਂ ਸੀ ਉਨ੍ਹਾਂ ਦੀ ਸੋਚ ਸੀ ਕਿ ਮੇਰੇ ਦੇਸ਼ ਦੇ ਲੋਕ ਆਜ਼ਾਦੀ ਤੋਂ ਬਾਅਦ ਖੁਸ਼ੀਆਂ ਮਾਨਣਗੇ । ਸੋ, ਡਿਪਟੀ ਸਪੀਕਰ ਸਾਹਿਬ, ਸਾਨੂੰ ਅੱਜ ਲੋੜ ਹੈ ਕਿ ਜੋ ਉਨ੍ਹਾਂ ਦੀ ਸੋਚ ਸੀ, ਉਸ ਸੋਚ ਤੇ ਅਸੀਂ ਪਹਿਰਾ ਦੇਈਏ । ਇਨ੍ਹਾਂ ਭਵਨਾਂ ਨਾਲ ਗੱਲ ਨਹੀਂ ਬਣਨੀ, ਇਮਾਰਤਾਂ ਉਸਾਰਨ ਨਾਲ ਗੱਲ ਨਹੀਂ ਬਣਨੀ । ਅੱਜ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣ ਦੀ ਲੋੜ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਉਨ੍ਹਾਂ ਦੀ ਸੋਚ ਇਕ ਇਨਸਾਫ ਵਾਲਾ ਰਾਜ, ਇਕ ਵਧੀਆ ਰਾਜ ਸਥਾਪਿਤ ਕਰਨ ਦੀ ਸੀ, ਜਿਸ ਵਿਚ ਸਾਰੇ ਦੇਸ਼ ਦੇ ਲੋਕ, ਗਰੀਬ ਲੋਕ ਵਧੀਆ ਜ਼ਿੰਦਗੀ ਮਾਣ ਸਕਣ । ਮੈਂ ਸਾਰੇ

[ਸਰਦਾਰ ਸੁਖਵਿੰਦਰ ਸਿੰਘ ਔਲਖ]

ਹਾਊਸ ਨੂੰ ਅਪੀਲ ਕਰਦਾ ਹਾਂ ਕਿ ਇਨ੍ਹਾਂ ਮਤਿਆਂ ਦੀ ਲੋੜ ਨਹੀਂ। ਇਨ੍ਹਾਂ ਭਵਨਾਂ ਦੀ ਲੋੜ ਨਹੀਂ। ਸਾਨੂੰ ਲੋੜ ਹੈ ਕਿ ਅਸੀਂ ਅੱਜ ਸਰਬੱਤ ਦਾ ਭਲਾ ਸੋਚਣ ਵਾਲੀ ਗੱਲ ਕਰੀਏ। ਸਾਡੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਵੀ ਇਹੋ ਹੋਣੀ ਹੈ ਕਿ ਆਓ, ਸਾਰੇ ਰਲ ਕੇ ਆਉਣ ਵਾਲੇ ਦਿਨਾਂ ਵਿਚ ਸੱਚ ਦੇ ਧਾਰਨੀ ਹੋਈਏ। ਏਨਾ ਕਹਿੰਦਾ ਹੋਇਆ ਮੈਂ ਖਿਮਾਂ ਚਾਹੁੰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਦੇ ਨਾਲ ਹੀ ਮੈਂ ਇਸ ਮਤੇ ਦਾ ਆਪਣੇ ਵਲੋਂ ਵਿਰੋਧ ਕਰਦਾ ਹਾਂ।

ਸਰਦਾਰ ਗੁਰਦੀਪ ਸਿੰਘ ਭੁੱਲਰ (ਨੂਰ ਮਹਿਲ) : ਡਿਪਟੀ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦੀ ਹਾਂ ਤੇ ਜਿਹੜਾ ਮਤਾ ਰੌਂਤਾ ਜੀ ਨੇ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੀ ਯਾਦ ਵਿਚ ਬਲਾਕ ਪੱਧਰ ਤੇ ਭਵਨ ਉਸਾਰਨ ਬਾਰੇ ਲਿਆਂਦਾ ਹੈ, ਮੈਂ ਇਸ ਮਤੇ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਇਸਦਾ ਇਸ ਕਰਕੇ ਵਿਰੋਧ ਨਹੀਂ ਕਰ ਰਿਹਾ ਕਿ ਇਹ ਮਤਾ ਸਾਹਮਣੇ ਬੈਂਚਾਂ ਵਲੋਂ ਪੇਸ਼ ਕੀਤਾ ਗਿਆ ਹੈ। ਮਤੇ ਦੇ ਅੱਖਰਾਂ ਨਾਲ ਮੇਰੀ ਕੋਈ ਵਿਰੋਧਤਾ ਨਹੀਂ ਪਰ ਇਸ ਦੀ ਜੋ ਭਾਵਨਾ ਹੈ, ਉਹ ਠੀਕ ਨਹੀਂ ਹੈ। ਇਸ ਮਤੇ ਦੇ ਪਿਛੇ ਇਨ੍ਹਾਂ ਦੀ ਕੋਈ ਭਗਤ ਸਿੰਘ ਪ੍ਰਤੀ ਸ਼ਰਧਾ ਨਹੀਂ ਲੁਕੀ ਹੋਈ ਬਲਕਿ ਪੰਜਾਬ ਦੀ ਜਨਤਾ ਨੂੰ ਇਹ ਇਨ੍ਹਾਂ ਮਤਿਆਂ ਦੇ ਰਾਹੀਂ ਅੱਜ ਦੇ ਸਮੇਂ ਵਿਚ ਗੁੰਮਰਾਹ ਕਰਨਾ ਚਾਹੁੰਦੇ ਹਨ। ਬੜੀ ਹੈਰਾਨੀ ਦੀ ਗੱਲ ਹੈ, ਮੈਂ ਹੋਰ ਕਹਿਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਜਿਸ ਵਲੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ, ਜਿਸ ਰਾਜ ਨੇ ਉਸ ਨੂੰ ਫਾਂਸੀ ਦਿੱਤੀ, ਜਿਸ ਅੰਗਰੇਜ਼ ਨੇ ਉਸਦੇ ਗਲੇ ਵਿਚ ਫਾਂਸੀ ਦਾ ਫੰਦਾ ਪਾਇਆ, ਉਸ ਸਮੇਂ ਜਦੋਂ ਲੋੜ ਸੀ, ਜਦੋਂ ਕੋਈ ਜ਼ੁਲਮ ਹੋ ਰਿਹਾ ਸੀ ਤਾਂ ਹਾਅ ਦਾ ਨਾਅਰਾ ਉਦੋਂ ਮਾਰਨ ਦੀ ਲੋੜ ਹੁੰਦੀ ਹੈ, ਉਦੋਂ ਇਨ੍ਹਾਂ ਦੀ ਪਾਰਟੀ, ਜਿਸ ਪਾਰਟੀ ਦੀ ਪ੍ਰਤੀਨਿਧਤਾ ਇਹ ਇਥੇ ਕਰਦੇ ਹਨ, ਉਸ ਵੇਲੇ ਇਨ੍ਹਾਂ ਦੀ ਪਾਰਟੀ ਉਸ ਅੰਗਰੇਜ਼ ਦਾ ਸਾਥ ਦੇ ਰਹੀ ਸੀ। ਹੁਣ ਇਨ੍ਹਾਂ ਦੀ ਭਾਵਨਾ ਬਾਰੇ ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ। ਸਿਆਣੇ ਕਹਿੰਦੇ ਹਨ...

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂ ਮਾਨਯੋਗ ਮੈਂਬਰ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਰਿਕਾਰਡ ਦੱਸ ਸਕਦੇ ਹਨ ਕਿ ਸਾਡੀ ਪਾਰਟੀ ਨੇ ਅੰਗਰੇਜ਼ ਦਾ ਸਾਥ ਦਿੱਤਾ...

ਸਰਦਾਰ ਸੁਖਵਿੰਦਰ ਸਿੰਘ ਔਲਖ : ਉਹ ਵੀ ਦੱਸ ਦਿਆਂਗੇ।

ਸ੍ਰੀ ਡਿਪਟੀ ਸਪੀਕਰ : ਰੌਂਤਾ ਜੀ, ਤੁਸੀਂ ਬੈਠੋ।

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਇਹ ਕੋਈ ਰਿਕਾਰਡ ਪੇਸ਼ ਕਰਨ। ਨਾ ਇਨ੍ਹਾਂ ਕੁਝ ਪੜ੍ਹਿਆ, ਨਾ ਲਿਖਿਆ, ਐਵੇਂ ਆ ਕੇ ਬੋਲਣ ਲਗ ਜਾਂਦੇ ਹਨ....(ਵਿਘਨ)

(ਇਕ ਆਵਾਜ਼ : ਕੀ ਤੁਸੀਂ **ਇਕੱਲਿਆਂ** ਨੇ ਹੀ ਪੜ੍ਹਿਆ ਹੋਇਆ ਹੈ, ਅਸੀਂ ਅਨਪੜ੍ਹ ਬੈਠੇ ਹਾਂ ?)

Mr. Deputy Speaker: You have put the question. Let him give the answer. Please let him give the reply. Please sit down.

ਕਾਮਰੇਡ ਅਜੈਬ ਸਿੰਘ ਰੌਂਤਾ : ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਗੱਲ ਨਹੀਂ ਬਣਨੀ । ਜੇ ਇਨ੍ਹਾਂ ਨੇ ਇਸ ਤਰ੍ਹਾਂ ਇਲਜ਼ਾਮ ਲਗਾਉਣੇ ਹਨ ਤਾਂ ਅਸੀਂ ਵੀ ਅਕਾਲੀ ਪਾਰਟੀ ਤੇ ਇਲਜ਼ਾਮ ਲਾਵਾਂਗੇ ਤਾਂ ਫਿਰ ਸ਼ੋਭਾ ਨਹੀਂ ਦੇਵੇਗਾ ।

ਸਰਦਾਰ ਮੱਖਣ ਸਿੰਘ : ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ । ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਵੀਰ ਇਸ ਮਤੇ ਰਾਹੀਂ ਕਹਿੰਦੇ ਹਨ ਕਿ ਬਲਾਕ ਪੱਧਰ ਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਯਾਦ ਵਿਚ ਭਵਨ ਬਣਨ । ਇਸਦੇ ਨਾਲ ਹੀ ਇਨ੍ਹਾਂ ਕਿਹਾ ਕਿ ਜੇ ਬਲਾਕ ਪੱਧਰ ਤੇ ਨਹੀਂ ਬਣਾ ਸਕਦੇ ਤਾਂ ਜ਼ਿਲ੍ਹਾ ਪੱਧਰ ਤੇ ਹੀ ਬਣਾ ਦਿਓ । ਮੈਂ ਵੀ ਬਠਿੰਡਾ ਸ਼ਹਿਰ ਵਿਚ ਰਹਿਣ ਵਾਲਾ ਹਾਂ । ਉਥੇ ਇਕ ਚੌਂਕ ਹੈ ਜਿਸ ਦਾ ਨਾਂ ਭਗਤ ਸਿੰਘ ਚੌਂਕ ਹੈ । ਉਥੇ ਸ਼ਹੀਦ ਭਗਤ ਸਿੰਘ ਹੋਰਾਂ ਦਾ ਬੁੱਤ ਵੀ ਲਗਾ ਹੋਇਆ ਹੈ । ਉਸ ਦੇ ਆਲੇ ਦੁਆਲੇ ਪਾਰਕ ਵੀ ਹੈ ਅਤੇ ਉਸ ਪਾਰਕ ਵਿਚ ਫੁੱਲ ਵੀ ਲੱਗੇ ਹੋਏ ਹਨ । ਇਹ ਬੁੱਤ ਸੀ. ਪੀ. ਆਈ. ਦੇ ਦਫਤਰ ਤੋਂ ਸਿਰਫ਼ 50 ਗਜ਼ਾਂ ਦੀ ਵਿੱਥ ਤੇ ਹੈ । ਅੱਜ ਤੱਕ ਹਰਦੇਵ ਅਰਸ਼ੀ ਜੀ ਜਿਹੜੇ ਕਿ ਉਥੋਂ ਸਿਰਫ਼ 50 ਗਜ਼ਾਂ ਦੀ ਵਿੱਥ ਤੇ ਬੈਠਦੇ ਹਨ, ਨੇ ਕਦੀ ਉਥੇ ਜਾ ਕੇ ਉਸ ਬੁੱਤ ਦੀ ਜਾਂ ਫੁੱਲਾਂ ਦੀ ਸਾਰ ਨਹੀਂ ਲਈ । ਉਥੇ ਸੂਰ ਵੀ ਉਸ ਪਾਰਕ ਵਿਚ ਲੇਟਦੇ ਹਨ, ਕਦੀ ਇਨ੍ਹਾਂ ਨੇ ਇਸ ਗੱਲ ਦਾ ਖਿਆਲ ਨਹੀਂ ਕੀਤਾ । ਉਥੇ ਇਕ ਕਲੱਬ ਹੈ-ਸਹਾਰਾ ਵੈਲਫੇਅਰ ਕਲੱਬ । ਉਸ ਕਲੱਬ ਨੇ ਉਸ ਪਾਰਕ/ਬੁੱਤ ਦੀ ਜ਼ਿੰਮੇਵਾਰੀ ਲਈ ਹੋਈ ਹੈ ਅਤੇ ਉਹ ਕਲੱਬ ਹੀ ਇਸ ਦੀ ਸਾਂਭ-ਸੰਭਾਲ ਕਰਦਾ ਹੈ । 23 ਮਾਰਚ ਨੂੰ ਵੱਖ ਵੱਖ ਥਾਵਾਂ ਤੋਂ ਲੋਕ ਆ ਕੇ ਉਥੇ ਖੈਰਾਜ਼-ਅਕੀਦਤ ਪੇਸ਼ ਕਰਦੇ ਹਨ । ਮੇਰੀ ਉਥੇ ਰਿਹਾਇਸ਼ ਹੈ ਅਤੇ ਮੈਂ ਵੀ ਉਥੇ ਜਾਂਦਾ ਰਿਹਾ ਹਾਂ । ਲੇਕਿਨ ਅਰਸ਼ੀ ਜੀ ਸਿਰਫ 50 ਗਜਾਂ ਦੀ ਵਿੱਥ ਤੋਂ ਵੀ ਕਦੀ ਉਥੇ ਨਹੀਂ ਗਏ । ਅੱਜ ਇਹ ਇਸ ਰੈਜ਼ੋਲਿਊਸ਼ਨ ਦੀ ਗੱਲ ਕਰਦੇ ਹਨ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਰਦਾਰ ਮੱਖਣ ਸਿੰਘ ਜੀ ਦੀ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸ਼ਹੀਦਾਂ ਪ੍ਰਤੀ ਕਿੰਨੀ ਕੁ ਸ਼ਰਧਾ ਰੱਖਦੇ ਹਨ ਅਤੇ ਉਨ੍ਹਾਂ ਪ੍ਰਤੀ ਇਨ੍ਹਾਂ ਦੀ ਕਿੰਨੀ ਕੁ ਚੰਗੀ ਭਾਵਨਾ ਹੈ । ਪਰਤੱਖ ਨੂੰ ਪ੍ਰਮਾਣ ਦੀ ਕੀ ਲੋੜ ਹੈ । ਇਹ ਦੱਸ ਦੇਣ ਕਿ ਅੱਜ ਤੱਕ ਇਨ੍ਹਾਂ ਦੀ ਪਾਰਟੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਕੀ ਹਿੱਸਾ ਪਾਇਆ ਹੈ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਰੇਲੇਵੈਂਟ ਬੋਲੋ, ਹੋਰ ਕੋਈ ਗੱਲ ਨਾ ਕਰੋ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਇਹ ਧਰਤੀ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ, ਯੋਧਿਆਂ ਅਤੇ ਸੂਰਬੀਰਾਂ ਦੀ ਧਰਤੀ ਹੈ । ਇਸ ਧਰਤੀ ਦੇ ਕਣ ਕਣ ਨੂੰ ਉਨਾਂ ਸਾਰੇ ਪੀਰਾਂ ਪੈਗੰਬਰਾਂ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ । ਅਸੀਂ ਉਹ ਸਮਾਂ ਭੁੱਲ ਨਹੀਂ ਸਕਦੇ ਜਦੋਂ ਬਾਰ ਬਾਰ ਬੜੇ ਬੜੇ ਜ਼ਾਲਮਾਂ ਨੇ ਇਥੇ ਘਿਨਾਉਣੇ ਜ਼ੁਲਮ ਕੀਤੇ ਜਿਨ੍ਹਾਂ ਨੂੰ

[ਸਰਦਾਰ ਗੁਰਦੀਪ ਸਿੰਘ ਭੁੱਲਰ]

ਰੋਕਣ ਲਈ ਸਮੇਂ ਸਮੇਂ ਤੇ ਇਨਕਲਾਬੀ ਲਹਿਰਾਂ ਉਠੀਆਂ । ਸੂਰਬੀਰਾਂ ਨੇ, ਸ਼ਹੀਦਾਂ ਨੇ ਉਨ੍ਹਾਂ ਦਾ ਟਾਕਰਾ ਕੀਤਾ ਅਤੇ ਆਪਣੀਆਂ ਜਾਨਾਂ ਵਾਰੀਆਂ । ਆਪਣੇ ਪਰਿਵਾਰਾਂ ਤੋਂ ਵੀ ਉਪਰ ਉਠ ਕੇ ਅਤੇ ਆਪਣੀ ਜਵਾਨੀ ਦੀ ਵੀ ਪ੍ਰਵਾਹ ਨਾ ਕਰਦਿਆਂ ਹੋਇਆਂ ਉਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ ਅਤੇ ਇਸ ਦੇਸ਼ ਨੂੰ ਆਂਚ ਨਹੀਂ ਆਉਣ ਦਿਤੀ । ਇਥੇ ਬਹੁਤ ਸਾਰੇ ਸ਼ਹੀਦਾਂ ਦੇ ਨਾਂ ਲਏ ਗਏ ਹਨ, ਮੈਂ ਉਹ ਨਾਂ ਦੁਹਰਾਉਣੇ ਨਹੀਂ ਚਾਹੁੰਦਾ । ਇਸ ਧਰਤੀ ਦਾ ਜ਼ਰਾ ਜ਼ਰਾ ਸ਼ਹੀਦਾਂ ਦੇ ਖੂਨ ਨਾਲ ਸਿੰਜਿਆ ਹੋਇਆ ਹੈ । ਕੋਈ ਐਸੀ ਜਗ੍ਹਾ ਨਹੀਂ ਮਿਲ ਸਕਦੀ ਜਿਥੇ ਉਨ੍ਹਾਂ ਨੇ ਆਪਣੇ ਪੈਰ ਨਾ ਪਾਏ ਹੋਣ ਅਤੇ ਜਿੱਥੇ ਉਨ੍ਹਾਂ ਦਾ ਖੂਨ ਨਾ ਡੁੱਲ੍ਹਿਆ ਹੋਵੇ । ਇਥੇ ਗਦਰੀ ਬਾਬਿਆਂ ਦੀ ਗੱਲ ਆਈ, ਕੂਕਾ ਲਹਿਰ ਦੀ ਗੱਲ ਆਈ ਅਤੇ ਮਦਨ ਲਾਲ ਢੀਂਗਰਾ ਦੀ ਗੱਲ ਆਈ. ਥੋੜ੍ਹਾ ਜਿਹਾ ਹੋਰ ਪਿੱਛੇ ਜਾਈਏ ਤਾਂ ਸਰਹੰਦ ਦੀਆਂ ਕੰਧਾਂ ਬੋਲਦੀਆਂ ਸੁਣਦੀਆਂ ਹਨ । ਦੁਨੀਆਂ ਦੇ ਇਤਿਹਾਸ ਵਿਚ ਕੋਈ ਐਸੀ ਮਿਸਾਲ ਨਹੀਂ ਮਿਲਦੀ ਜਦੋਂ 7 ਅਤੇ 9 ਸਾਲ ਦੇ ਬੱਚਿਆਂ ਨੂੰ ਦੇਸ਼ ਦੀ ਅਣਖ ਅਤੇ ਗੌਰਵ ਦੀ ਖਾਤਰ ਆਪਣੇ ਆਪ ਨੂੰ ਕੰਧਾਂ ਵਿਚ ਚਿਣਾਉਣਾ ਪਿਆ ਹੋਵੇ । ਇਹ ਵੀ ਕਿਤੇ ਮਿਸਾਲ ਨਹੀਂ ਮਿਲਦੀ ਕਿ 9 ਸਾਲ ਦਾ ਬੱਚਾ ਆਪਣੇ ਬਾਪ ਨੂੰ ਕਹੇ ਕਿ ਇਹ ਹਿੰਦੁਸਤਾਨ ਤੁਹਾਡਾ ਸਿਰ ਦੇਣ ਦੇ ਨਾਲ ਬਚ ਸਕਦਾ ਹੈ । ਤੁਸੀਂ ਦਿੱਲੀ ਵਿਚ ਜਾ ਕੇ ਆਪਣਾ ਸੀਸ ਦੇ ਦਿਓ । ਅੱਜ ਜਦੋਂ ਕਿ ਸਾਡੀ ਪੰਜਾਬ ਸਰਕਾਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਉਨ੍ਹਾਂ ਮਹਾਨ ਯੋਧਿਆਂ ਨੂੰ ਪ੍ਰਣਾਮ ਕਰਨ ਲਈ, ਉਨ੍ਹਾਂ ਅੱਗੇ ਆਪਣਾ ਸੀਸ ਝੁਕਾਉਣ ਲਈ ਅਤੇ ਉਨ੍ਹਾਂ ਨੂੰ ਆਪਣੀ ਸ਼ਰਧਾ ਅਰਪਣ ਕਰਨ ਲਈ 300 ਸਾਲਾ ਦਿਨ ਮਨਾ ਰਹੀ ਹੈ ਤਾਂ ਇਹੋ ਜਿਹੇ ਮੌਕੇ ਤੇ ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਕਰਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਇਆ ਜਾ ਰਿਹਾ ਹੈ । ਇਹ ਲੋਕਾਂ ਵਿਚ ਕਹਿਣਗੇ ਕਿ ਸਰਕਾਰ ਬੁੱਤ ਨਹੀਂ ਲਾਉਣਾ ਚਾਹੁੰਦੀ ਪਰ ਸਿਰਫ ਉਨ੍ਹਾਂ ਦੀਆਂ ਯਾਦਾਂ ਬਣਾਉਣ ਨਾਲ ਹੀ ਗੱਲ ਨਹੀਂ ਬਣ ਸਕਦੀ । ਕਿਸੇ ਦੀ ਯਾਦ ਵਿਚ ਕੁਝ ਇੱਟਾਂ ਖੜ੍ਹੀਆਂ ਕਰਨ ਨਾਲ ਗੱਲ ਨਹੀਂ ਬਣ ਸਕਦੀ । ਅਸਲ ਗੱਲ ਇਹ ਹੈ ਕਿ ਉਨ੍ਹਾਂ ਦੀ ਸੋਚ ਤੇ ਪਹਿਰਾ ਦੇਣ ਦੀ ਲੋੜ ਹੈ । ਬੀਬੀ ਜੀ ਅਤੇ ਸਰਦਾਰ ਤੋਤਾ ਸਿੰਘ ਜੀ ਨੇ ਠੀਕ ਕਿਹਾ ਹੈ ਕਿ ਉਨ੍ਹਾਂ ਸ਼ਹੀਦਾਂ ਦੀ ਸੋਚ ਤੇ ਪਹਿਰਾ ਦੇਣ ਦੀ ਲੋੜ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਇਆ ਤਾਂ ਕਿ ਆਉਣ ਵਾਲੀ ਜੇਨਰੇਸ਼ਨ ਨੂੰ, ਪੀੜ੍ਹੀ ਨੂੰ ਅਸੀਂ ਦੱਸ ਸਕੀਏ ਕਿ ਦੇਸ਼ ਕਿਵੇਂ ਆਜ਼ਾਦ ਹੋਇਆ । ਇਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ । ਮੈਂ ਸਮਝਦਾ ਹਾਂ ਕਿ ਇਹ ਕਦਮ ਬੜਾ ਸ਼ਲਾਘਾਯੋਗ ਸੀ ਕਿ ਅਸੀਂ ਆਪਣੇ ਬੱਚਿਆਂ ਨੂੰ ਉਨ੍ਹਾਂ ਆਦਰਸ਼ਾਂ ਤੋਂ ਜਾਣੂੰ ਕਰਵਾ ਸਕੀਏ । ਸ. ਡਿਪਟੀ ਸਪੀਕਰ ਸਾਹਿਬ, ਇਕੱਲੇ ਭਵਨ ਬਣਾਉਣ ਨਾਲ ਮਕਸਦ ਹੱਲ ਨਹੀਂ ਹੋਣਾ, ਸਾਡਾ ਮਨੋਰਥ ਪੂਰਾ ਨਹੀਂ ਹੋਣਾ, ਜਿਥੋਂ ਤੱਕ ਇਸ ਸਰਕਾਰ ਦੀ ਆਪਣੇ ਸ਼ਹੀਦਾਂ ਪ੍ਰਤੀ ਸ਼ਰਧਾ ਦਾ ਸਵਾਲ ਹੈ ਉਹ ਕੋਈ ਗੱਲ ਲੁਕੀ-ਛਿਪੀ ਨਹੀਂ ਹੋਈ । ਜਦੋਂ ਵੀ ਸਮਾਂ ਮਿਲਿਆ ਇਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ । ਮੇਰੇ ਤੋਂ ਪਹਿਲਾਂ ਮੇਰੇ ਵੀਰ ਅਲਖ ਸਾਹਿਬ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦਾ ਸੁਪਨਾ ਸੀ ਕਿ ਸਾਡੇ ਦੇਸ਼

ਵਿਚ ਕੋਈ ਗਰੀਬ ਨਾ ਰਹੇ, ਕਿਸੇ ਅਬਲਾ ਦੀ ਪੱਤ ਨਾ ਲੁੱਟੀ ਜਾਵੇ, ਹਰ ਇਕ ਨੂੰ ਬਰਾਬਰ ਦਾ ਸਨਮਾਨ ਮਿਲੇ, ਭੁੱਖਮਰੀ ਖ਼ਤਮ ਹੋਣੀ ਚਾਹੀਦੀ ਹੈ। ਜਿਨ੍ਹਾਂ ਨੇ ਦੇਸ਼ ਵਿਚ ਲੰਮਾ ਸਮਾਂ ਰਾਜ ਕੀਤਾ ਅਤੇ ਜਿਹੜੇ ਕਾਂਗਰਸ ਵਾਲੇ ਇਨ੍ਹਾਂ ਦੇ ਸਾਥੀ ਰਹੇ ਹਨ ਕੀ ਕਦੀ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਪ੍ਰੋਗਰਾਮ ਬਣਾਇਆ, ਕੋਈ ਕਦਮ ਪੁੱਟਿਆ ਜਿਸ ਨਾਲ ਭਗਤ ਸਿੰਘ ਜੀ ਦੀ ਰੂਹ ਨੂੰ ਸ਼ਾਂਤੀ ਮਿਲੀ ਹੋਵੇ ? ਇਨ੍ਹਾਂ ਨੇ ਕੁਝ ਨਹੀਂ ਕੀਤਾ। ਉਲਟਾ ਦੇਸ਼ ਨੂੰ ਲੁੱਟ ਦਾ ਅਖਾੜਾ ਬਣਾ ਕੇ ਰੱਖ ਦਿੱਤਾ। ਐਸੇ ਹਾਲਾਤ ਪੈਦਾ ਕਰ ਦਿੱਤੇ ਜਿਨ੍ਹਾਂ ਬਾਰੇ ਤੁਸੀਂ ਸਾਰੇ ਹੀ ਜਾਣਦੇ ਹੋ। ਸਾਡੀਆਂ ਮਹਾਨ ਪਰੰਪਰਾਵਾਂ ਨੂੰ ਮਿੱਟੀ ਵਿਚ ਰੋਲ ਕੇ ਰੱਖ ਦਿੱਤਾ। ਇਹ ਸਾਰਾ ਉਨ੍ਹਾਂ ਲੋਕਾਂ ਦਾ ਕਸੂਰ ਹੈ ਜਿਨ੍ਹਾਂ ਨੇ ਇਸ ਦੇਸ਼ ਤੇ ਲੰਮਾ ਸਮਾਂ ਰਾਜ ਕੀਤਾ। ਹਾਊਸ ਇਸ ਗੱਲ ਦਾ ਗਵਾਹ ਹੈ, ਸਾਰੀ ਦੁਨੀਆਂ ਗਵਾਹ ਹੈ ਕਿ ਦੋ ਸਾਲ ਪਹਿਲਾਂ ਇਸ ਸਰਕਾਰ ਨੇ ਵਾਗਡੋਰ ਸੰਭਾਲੀ ਹੈ। ਉਦੋਂ ਤੋਂ ਹੀ ਇਹ ਸਰਕਾਰ ਰਾਜ ਦੇ ਹਰ ਵਰਗ ਦੇ ਲੋਕਾਂ ਨੂੰ ਭਾਵੇਂ ਉਹ ਕਿਸਾਨ ਹਨ, ਭਾਵੇਂ ਦਲਿਤ ਵਰਗ ਦੇ ਲੋਕ ਹਨ, ਸਰਕਾਰ ਨੇ ਐਲਾਨ ਕੀਤਾ ਕਿ ਹਰ ਇਕ ਨੂੰ ਰਜਵੀਂ ਰੋਟੀ ਮਿਲ ਸਕੇ, ਹਰ ਬੇਸਹਾਰੇ ਨੂੰ ਸਹਾਰਾ ਮਿਲ ਸਕੇ, ਬੇਘਰਿਆਂ ਨੂੰ ਘਰ ਬਣਾ ਕੇ ਦਿੱਤੇ ਜਾ ਸਕਣ ਤਾਂ ਜੋ ਉਨ੍ਹਾਂ ਸ਼ਹੀਦਾਂ ਨੂੰ ਵੀ ਪਤਾ ਚਲ ਸਕੇ ਕਿ ਕਿਸੇ ਅਬਲਾ ਦੀ ਡੋਲੀ ਇਸ ਕਰਕੇ ਨਾ ਉਠੇ ਕਿ ਉਸ ਦੇ ਬਾਪ ਕੋਲ ਡੋਲੀ ਤੋਰਨ ਲਈ ਪੈਸੇ ਨਹੀਂ ਹਨ, ਇਸ ਲਈ ਉਨ੍ਹਾਂ ਵਾਸਤੇ ਸ਼ਗਨ ਸਕੀਮ ਸ਼ੁਰੂ ਕੀਤੀ। ਇਸ ਤਰ੍ਹਾਂ ਦੀਆਂ ਸਕੀਮਾਂ ਸਾਡੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਚਲਾਈਆਂ ਤਾਂ ਜੋ ਰਾਜ ਦੇ ਵਿਚ ਹਰ ਵਰਗ ਦੇ ਲੋਕਾਂ ਦਾ ਬਰਾਬਰ ਸਨਮਾਨ ਹੋ ਸਕੇ, ਸਾਰਿਆਂ ਨੂੰ ਮਾਣ ਮਿਲ ਸਕੇ, ਸਾਰਿਆਂ ਨੂੰ ਰੁਜ਼ਗਾਰ ਮਿਲ ਸਕੇ, ਸਾਰਿਆਂ ਨੂੰ ਰੋਟੀ ਮਿਲ ਸਕੇ। ਇਹ ਸਾਰੀਆਂ ਸਕੀਮਾਂ ਸਾਡੀ ਬਾਦਲ ਸਰਕਾਰ ਨੇ ਐਲਾਨ ਕੀਤੀਆਂ ਹਨ ਅਤੇ ਅੱਜ ਇਹ ਚਲ ਰਹੀਆਂ ਹਨ। ਫਿਰ ਐਸੇ ਮਤੇ ਲਿਆ ਕੇ ਪੰਜਾਬ ਦੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਵਾਲੀ ਗੱਲ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹਾਂ।

ਸ੍ਰੀ ਸੱਤਿਆ ਪਾਲ ਸੈਣੀ (ਸੁਲਤਾਨਪੁਰ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਾਮਰੇਡ ਅਜੈਬ ਸਿੰਘ ਰੌਂਤਾ ਜੀ ਨੇ ਇਕ ਬੜਾ ਸੁੰਦਰ ਮਤਾ ਅੱਡੇ ਵਿਸ਼ੇ ਤੇ ਲਿਆ ਕੇ ਸਾਡੇ ਸਾਹਮਣੇ, ਸਦਨ ਦੇ ਸਾਹਮਣੇ ਰੱਖਿਆ ਹੈ। ਇਸ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਅੱਛੀ ਹੈ। ਪਰ ਇਹ ਮਾੜੀ ਨੀਅਤ ਨਾਲ ਰੱਖਿਆ ਹੋਇਆ ਇਕ ਚੰਗਾ ਮਤਾ ਹੈ। ਮੈਂ ਇਸ ਦੀ ਚੰਗਿਆਈ ਬਾਰੇ ਕੋਈ ਵੀ ਦਾਵਾ ਨਹੀਂ ਰੱਖਦਾ। ਸ਼ਹੀਦਾਂ ਨੂੰ ਅੱਜ ਦੇ ਦਿਨ ਯਾਦ ਤਾਂ ਕੀਤਾ ਗਿਆ ਹੈ ਭਾਵੇਂ ਕਿਸੇ ਬਹਾਨੇ ਹੀ ਕੀਤਾ ਗਿਆ ਹੈ। ਪਰ ਮੇਰੇ ਵੀਰੋ, ਇਕ ਗੱਲ ਮੈਨੂੰ ਸਮਝ ਨਹੀਂ ਲਗਦੀ ਕਿ ਰੌਂਤਾ ਸਾਹਿਬ ਦੂਸਰੀ ਵਾਰ ਜਿੱਤ ਕੇ ਇਸ ਵਿਧਾਨ ਸਭਾ ਵਿਚ ਆਏ ਹਨ। ਇਸ ਤੋਂ ਪਹਿਲਾਂ ਜਿਨ੍ਹਾਂ ਨਾਲ ਉਹ ਜੱਫੀਆਂ ਪਾਈ ਫਿਰਦੇ ਸਨ ਉਨ੍ਹਾਂ ਦੇ ਰਹਿੰਦਿਆਂ ਹੋਇਆਂ ਵੀ ਕੀ ਇਨ੍ਹਾਂ ਨੇ ਕੋਈ ਅਜਿਹਾ ਮਤਾ ਹਾਊਸ ਵਿਚ ਰੱਖਿਆ ਸੀ ? ਜੇਕਰ ਰੱਖਿਆ ਸੀ ਤਾਂ ਉਸ ਮਤੇ ਦਾ ਕੀ ਬਣਿਆ ਸੀ।

[ਸ੍ਰੀ ਸੱਤਿਆ ਪਾਲ ਜੈਣੀ]

ਇਨ੍ਹਾਂ ਦਿਨਾਂ ਦੇ ਵਿਚ ਜਦੋਂ ਪੰਜਾਬ ਦੇ ਲੋਕ 300 ਸਾਲਾ ਦਿਵਸ ਮਨਾਉਣ ਵਾਸਤੇ ਪੂਰੀ ਤਿਆਰੀ ਕਰ ਰਹੇ ਹਨ, ਸਾਰੇ ਪੰਜਾਬ ਦੇ ਇਕ ਇਕ ਬਸ਼ਰ ਦਾ ਧਿਆਨ ਆਨੰਦਪੁਰ ਸਾਹਿਬ ਵੱਲ ਲੱਗਾ ਹੋਇਆ ਹੈ, ਉਸ ਵੇਲੇ ਐਸਾ ਮਤਾ ਲਿਆਂਦਾ ਗਿਆ ਹੈ, ਇਸ ਦੀ ਮੈਨੂੰ ਸਮਝ ਨਹੀਂ ਲੱਗੀ । ਜਿਸ ਤਰ੍ਹਾਂ ਕੁਝ ਲੋਕ ਕਹਿੰਦੇ ਹਨ ਕਿ ਕੁਝ ਲੋਕ ਈਵਲ ਜੀਨੀਅਸ ਹੁੰਦੇ ਹਨ, ਉਹ ਬੰਦੇ ਬੜੇ ਸ਼ਾਨਦਾਰ ਹੁੰਦੇ ਹਨ । ਪਰ ਉਨ੍ਹਾਂ ਨੂੰ ਗੱਲ ਕੁਝ ਇਸ ਤਰ੍ਹਾਂ ਦੀ ਲੱਗਦੀ ਹੈ ਜਿਵੇਂ ਕੁਝ ਸੰਤ ਹੁੰਦੇ ਹਨ ਉਨ੍ਹਾਂ ਵਿੱਚ ਕੁਝ ਵਿਖਿਆਤ ਸੰਤ ਹੁੰਦੇ ਹਨ ਅਤੇ ਕਈ ਕੁਖਿਆਤ ਸੰਤ ਹੁੰਦੇ ਹਨ । ਉਨ੍ਹਾਂ ਨੂੰ ਬੜੀ ਸ਼ਾਨਦਾਰ ਗੱਲ ਲੱਭਦੀ ਹੈ ਅਤੇ ਉਨ੍ਹਾਂ ਨੂੰ ਗੱਲ ਵੀ ਪਤਾ ਲਗ ਜਾਂਦੀ ਹੈ ਕਿ ਕਿਸ ਨੇ ਕੋਮਲ ਗੱਲ ਕਹੀ ਹੈ, ਸੈਂਸੇਟਿਵ ਗੱਲ ਕਹੀ ਹੈ, ਜਿਸ ਦੇ ਬਾਰੇ ਉਹ ਬੋਲ ਨਾ ਸਕਣ । ਮੇਰੇ ਵੀਰ ਇਹ ਜਿਹੜੇ ਕਹਿੰਦੇ ਹਨ ਸ਼ਹੀਦ ਕਿਸੇ ਇਕ ਪਾਰਟੀ ਦੀ ਸੰਪਤੀ ਨਹੀਂ, ਇਹ ਸਮੁੱਚੇ ਹਿੰਦੁਸਤਾਨ ਦੀ ਸੰਪਤੀ ਹਨ । ਕੌਣ ਵਿਅਕਤੀ ਹੈ ਜਿਹੜਾ ਫਖਰ ਨਾਲ ਨਹੀਂ ਕਹਿ ਸਕਦਾ ਕਿ ਮੈਂ ਵੀ ਸ਼ਹੀਦ ਭਗਤ ਸਿੰਘ ਦਾ ਵਾਰਿਸ ਹਾਂ । ਸਾਡੀ ਛਾਤੀ ਚੌੜੀ ਹੁੰਦੀ ਹੈ, ਸਾਡੀਆਂ ਬਾਹਾਂ ਉੱਚੀਆਂ ਹੁੰਦੀਆਂ ਹਨ । ਮੈਂ ਇਸ ਵਿਵਾਦ ਵਿਚ ਨਹੀਂ ਪੈਣਾ ਚਾਹੁੰਦਾ ਕਿ ਕਿਉਂ ਨਹੀਂ ਉਨ੍ਹਾਂ ਦੇ ਕੇਸ ਦੀ ਪੈਰਵੀ ਕੀਤੀ ਗਈ, ਮੈਂ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦਾ । ਪਰ ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਤੁਹਾਡੀਆਂ ਜੇਲਾਂ ਵਿੱਚ ਮੇਰੇ ਵੀਰੋ, ਵੀਰ ਸਾਵਰਕਰ 12 ਸਾਲ ਦੇਸ਼ ਆਜ਼ਾਦ ਹੋਣ ਤੋਂ ਵੀ ਬਾਅਦ ਕਿਉਂ ਸੜਦਾ ਰਿਹਾ । ਵੀਰ ਸਾਵਰਕਾਰ ਅਤੇ ਉਸਦੇ ਭਰਾ ਨੂੰ 20 ਸਾਲ ਦੀ ਕੈਦ ਹੋਈ ਸੀ । ਵੀਰ ਸਾਵਰਕਰ ਬੈਰਿਸਟਰ ਸਨ, ਉਨ੍ਹਾਂ ਨੂੰ ਤੁਸੀਂ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਜੇਲ੍ਹ ਵਿੱਚ ਠੋਸੀ ਰੱਖਿਆ । ਇਹ ਕਹਿੰਦੇ ਕਿ ਸਾਡਾ ਇੰਟਰਨੈਸ਼ਨਲ ਵਾਇਦਾ ਹੈ ਅਤੇ ਅਸੀਂ ਉਸ ਤੋਂ ਬਾਹਰ ਨਹੀਂ ਜਾ ਸਕਦੇ । ਕਿਹੜਾ ਵਾਇਦਾ ? ਦੇਸ਼ ਭਗਤ ਤੇ ਕਿਹੜਾ ਨਿਯਮ ਲਗਦਾ ਹੈ ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜ਼ਿੰਦਗੀ ਖਤਮ ਕਰ ਦਿਤੀ ਉਨ੍ਹਾਂ ਨੂੰ ਕਿਹੜਾ ਕਾਨੂੰਨ ਲਗਦਾ ਹੈ । ਕਮਿਊਨਿਸਟ ਵੀਰੋ, ਮੈਂ ਤੁਹਾਡੀ ਸਮਝ ਦੀ, ਤੁਹਾਡੀ ਨਿਸ਼ਠਾ ਦੀ ਕਦਰ ਕਰਦਾ ਹਾਂ, ਤੁਸੀਂ ਆਪਣੇ ਕੰਮ ਨੂੰ ਜ਼ਰੂਰ ਜਾਣਦੇ ਹੋ ਪਰ ਤੁਸੀਂ ਸਮੁੱਚੇ ਵਿਸ਼ੇ ਨੂੰ ਨਹੀਂ ਜਾਣਦੇ । ਇਹ ਜਿਹੜਾ ਵਿਸ਼ਾ ਹੈ ਉਸਦੇ ਵਿੱਚ ਹੁਭੱਲ ਵਤਨੀ ਦੀ ਭਾਵਨਾ ਹੈ :

ਤਨ ਸਮਰਪਤ, ਧਨ ਸਮਰਪਤ, ਮਨ ਸਮਰਪਤ,
ਚਾਹਤਾ ਹੂੰ ਮਾਤਰ ਭੂ ਮੇਂ ਕਰ ਦੂ
ਦੇਸ਼ ਕੇ ਲਿਏ ਸਭ ਕੁਝ ਸਮਰਪਤ ।

ਮੈਂ ਚਾਹੁੰਦਾ ਹਾਂ ਕਿ ਦੇਸ਼ ਨੂੰ ਆਪਣਾ ਸਭ ਕੁਝ ਸਮਰਪਤ ਕਰ ਦੇਵਾਂ । ਜਿਹੜੀਆ ਨੌਜਵਾਨ ਜਿੰਦਾਂ ਨੂੰ ਨੀਹਾਂ ਵਿੱਚ ਚਿਣਿਆ ਗਿਆ, ਉਨ੍ਹਾਂ ਨੂੰ ਕੋਈ ਨਹੀਂ ਦੇਖਦਾ ਪਰ ਜਿਹੜੇ ਗੁਬਦਾਂ ਤੇ ਬੈਠੇ ਸਨ ਅਤੇ ਜਿਨ੍ਹਾਂ ਨੇ ਅੱਡੀਆਂ ਚੁੱਕ ਚੁੱਕ ਕੇ ਆਪਣੇ ਆਪ ਨੂੰ ਉਪਰ ਕੀਤਾ ਸੀ, ਉਨ੍ਹਾਂ ਦਾ ਕੱਦ ਹੋਰ ਵੀ ਉੱਚਾ ਹੋ ਗਿਆ । ਉਹ ਬਾਅਦ ਵਿੱਚ ਸਤਾ ਦਾ ਆਨੰਦ ਭੋਗਦੇ ਰਹੇ । ਪਰ ਇਕ ਪੀੜ੍ਹੀ ਸੀ ਜਿਸ ਨੇ ਕਦੇ ਨਹੀਂ ਕਿਹਾ ਕਿ ਸਾਨੂੰ

ਵੀ ਸਮਾਰਕ ਬਣਾ ਦਿਓ । ਮੈਨੂੰ ਮਾਣ ਹੈ ਕਿ ਮੈਂ ਇਕ ਕਾਂਗਰਸ ਪ੍ਰਵਾਰ ਵਿੱਚ ਜਨਮ ਲਿਆ ਹੈ ਪਰ ਮੇਰੇ ਪਿਤਾ ਜੀ ਨੇ ਮਰਨ ਤੋਂ 10 ਸਾਲ ਪਹਿਲਾਂ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਸੱਤ ਪਾਲ ਮੈਨੂੰ ਸ਼ਰਮ ਆਂਉਂਦੀ ਹੈ ਕਿ ਮੈਂ ਆਪਣੇ ਆਪ ਨੂੰ ਕਾਂਗਰਸੀ ਕਹਾਂ । ਉਹ ਜਿਹੜੀਆਂ ਕਦਰਾਂ ਕੀਮਤਾਂ ਸਨ, ਜਿਨ੍ਹਾਂ ਲਈ ਜੁਝਾਰੂ ਯੋਧਿਆਂ ਨੇ ਕੰਮ ਕੀਤਾ, ਉਨ੍ਹਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ । ਜਿਨ੍ਹਾਂ ਵੀਰਾਂ ਨੇ ਅੱਛੇ ਕੰਮ ਕੀਤੇ ਹਨ, ਉਨ੍ਹਾਂ ਦੀ ਸਾਨੂੰ ਕਦਰ ਕਰਨੀ ਚਾਹੀਦੀ ਹੈ। ਪਰ ਇਹ ਜਿਹੜੇ ਅੱਜ ਦੇ ਕਾਂਗਰਸੀ ਵੀਰ ਹਨ ਇਨ੍ਹਾਂ ਨੂੰ ਕੀ ਪਤਾ ਹੈ ਕਿ ਸ਼ਹਾਦਤ ਕਿਸ ਨੂੰ ਕਿਹਾ ਜਾਂਦਾ ਹੈ, ਕੀ ਇਨ੍ਹਾਂ ਨੂੰ ਪਤਾ ਹੈ ਕਿ ਸ਼ਹਾਦਤ ਕਿਸ ਨੂੰ ਕਹਿੰਦੇ ਹਨ ? ਕੀ ਇਨ੍ਹਾਂ ਨੂੰ ਪਤਾ ਹੈ ਕਿ ਜੇਲ੍ਹ ਕੀ ਹੈ ? ਕੀ ਇਨ੍ਹਾਂ ਨੇ ਕਦੇ ਜੇਲ੍ਹ ਦੇਖੀ ਹੈ ? ਤੁਸੀਂ ਤਾਂ ਮਿੱਠੀਆਂ ਮਿੱਠੀਆਂ ਖਾ ਕੇ ਬੜੇ ਆਨੰਦ ਦਾ ਜੀਵਨ ਬਤੀਤ ਕਰ ਰਹੇ ਹੋ । ਅੱਜ ਤੁਸੀਂ ਖਾ ਪੀ ਕੇ ਢਿੱਡ ਭਰਕੇ ਵਰਤ ਰੱਖਣ ਜਾ ਰਹੇ ਹੋ, ਇਸਦਾ ਕੋਈ ਮਜ਼ਾ ਨਹੀਂ ਆ ਰਿਹਾ । ਪੂਰਾ ਢਿੱਡ ਭਰਕੇ ਵਰਤ ਰੱਖਣ ਜਾ ਰਹੇ ਹੋ ।

ਸ੍ਰੀ ਡਿਪਟੀ ਸਪੀਕਰ : ਸੈਣੀ ਸਾਹਿਬ, ਕਨਕਲੂਡ ਕਰੋ ।

ਸਰਦਾਰ ਅਵਤਾਰ ਸਿੰਘ ਬਰਾੜ : ** **

Mr. Deputy Speaker: Expunge it.

ਸ੍ਰੀ ਸੱਤਿਆ ਪਾਲ ਸੈਣੀ : ਤੁਹਾਡਾ ਧੰਨਵਾਦ । ਤੁਸੀਂ ਮੈਨੂੰ ਨਿਮੰਤਰਣ ਦਿੱਤਾ ਹੈ ਪਰ ਇਸ ਜਿਸਮ ਨੂੰ ਜਿਹੜੀ ਮਿੱਟੀ ਲੱਗੀ ਹੈ, ਇਹ ਖੁਦਾਰ ਮਿੱਟੀ ਹੈ । ਮੇਰੇ ਲਈ ਰਾਜਨੀਤੀ ਪੂਜਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਵਿਸ਼ੇ ਤੇ ਆ ਰਿਹਾ ਹਾਂ । ਮੈਂ ਕੋਈ ਚੁੱਭਵੀਂ ਗੱਲ ਨਹੀਂ ਕਰਦਾ । ਕਾਂਗਰਸ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ ਪਰ ਅੱਜ-ਕੱਲ੍ਹ ਡਾਲਡਾ ਕਾਂਗਰਸੀ ਆ ਰਹੇ ਹਨ । ਇਨ੍ਹਾਂ ਨੂੰ ਕੀ ਪਤਾ ਕਿ ਇਨ੍ਹਾਂ ਦੇ ਬਜ਼ੁਰਗਾਂ ਨੇ ਕੀ ਕੁਰਬਾਨੀਆਂ ਕੀਤੀਆਂ ਸਨ । ਇਨਾਂ ਨੂੰ ਕੀ ਪਤਾ ਕਿ ਉਨ੍ਹਾਂ ਦੀ ਕਿਵੇਂ ਕਦਰ ਕਰੀਏ ? ਮੈਂ ਹੌਂਤਾ ਜੀ ਦੀ ਕਦਰ ਕਰਦਾ ਹਾਂ ਔਰ ਇਨ੍ਹਾਂ ਦੀ ਦਾਦ ਦਿੰਦਾ ਹਾਂ ਕਿ ਇਨ੍ਹਾਂ ਨੇ ਕਿੰਨੇ ਸ਼ਾਨਦਾਰ ਵਕਤ ਤੇ ਕਿੰਨਾ ਸ਼ਾਨਦਾਰ ਵਿਸ਼ਾ ਚੁਣਿਆ । ਕਮਾਲ ਕਰ ਦਿੱਤੀ । ਇਨ੍ਹਾਂ ਦੀ ਸਿਆਣਪ ਦੀ ਮੈਂ ਦਾਦ ਦਿੰਦਾ ਹਾਂ ਪਰ ਮੈਂ ਕਹਿੰਦਾ ਹਾਂ ਕਿ ਵੀਰੋ ਆਓ, ਅੱਜ ਅਸੀਂ ਇਸੀ ਬਹਾਨੇ ਇਸ ਮੰਦਰ ਵਿੱਚ ਜਿਹੜੇ ਮਾਣ ਸਨਮਾਨ ਅਤੇ ਕਦਰਾਂ ਦੀ ਗੱਲ ਚੱਲ ਰਹੀ ਹੈ, ਸ਼ਹਾਦਤ ਦੀ ਗੱਲ ਚੱਲ ਰਹੀ ਹੈ ਤਾਂ ਅਸੀਂ ਆਪਣੇ ਹਿਰਦੇ ਵਿੱਚ ਇਹ ਗੱਲ ਸਜੋਅ ਲਈਏ ਕਿ ਅਸੀਂ ਉਨ੍ਹਾਂ ਦੇ ਮਹਾਨ ਵਿਰਸੇ ਨੂੰ ਸਥਾਪਿਤ ਕਰਨਾ ਹੈ ਔਰ ਦੰਗੀਆਂ ਲੀਹਾਂ ਤੇ ਤੁਰਨਾ ਹੈ ਔਰ ਆਪਣੇ ਆਪ ਨੂੰ ਉਨ੍ਹਾਂ ਦੇ ਚੰਗੇ ਵਾਰਸ ਕਹਾਉਣਾ ਹੈ । ਇਹ ਸਮਾਰਕਾਂ ਬਣਾਉਣੀਆਂ ਅਤੇ ਫਿਰ ਉਨ੍ਹਾਂ ਦੀ ਕਦਰ ਨਾ ਕਰਨੀ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਇਨ੍ਹਾਂ ਦਾ ਨਿਰਾਦਰ ਹੁੰਦਾ ਹੈ । ਕਿੰਨੇ ਹੀ ਜਵਾਨ ਅਜਿਹੇ ਹਨ ਜਿਨ੍ਹਾਂ ਦਾ ਨਿਰਾਦਰ ਹੋ ਰਿਹਾ ਹੈ । ਮੇਰੇ

**Expunged as ordered by the Chair.

[ਸ੍ਰੀ ਸੱਤਿਆ ਪਾਲ ਜੈਨੀ]

ਵੀਰੋ, ਬਹੁਤ ਅੱਛੀ ਗੱਲ ਹੈ ਕਿ ਯਾਦਗਾਰ ਬਣੇ ਪਰ ਮੈਂ ਜ਼ਿਆਦਾ ਕੁਝ ਹੋਰ ਨਾ ਕਹਿੰਦਾ ਹੋਇਆ ਸਾਹਮਣੇ ਬੈਠੇ ਵੀਰਾਂ ਨੂੰ ਕਹਿੰਦਾ ਹਾਂ ਕਿ ਇਨ੍ਹਾਂ ਦੀ ਹਰ ਗੱਲ ਵਿੱਚ ਪੀੜਾ ਪ੍ਰਗਟ ਹੁੰਦੀ ਹੈ, ਦਰਦ ਪ੍ਰਗਟ ਹੁੰਦਾ ਹੈ। ਇਨ੍ਹਾਂ ਦੀ ਪੀੜਾ ਨੂੰ ਮੈਂ ਸਮਝਦਾ ਹਾਂ। ਮੈਨੂੰ ਇਨ੍ਹਾਂ ਨਾਲ ਸਹਾਨੁਭੂਤੀ ਹੈ। ਇਨ੍ਹਾਂ ਦੀ ਪੀੜਾ ਦੇਸ਼-ਭਗਤੀ ਦੀ ਪੀੜਾ ਨਹੀਂ ਹੈ। ਇਨ੍ਹਾਂ ਦੀ ਪੀੜਾ ਸੱਤਾ ਖੁੱਸਣ ਦੀ ਪੀੜਾ ਹੈ। ਇਸ ਵਿਚ ਮੈਂ ਕੁਝ ਨਹੀਂ ਕਰ ਸਕਦਾ। ਤੁਸੀਂ ਆਪਣੇ ਕੀਤੇ ਹੋਏ ਕੰਮਾਂ ਦਾ ਪਸ਼ਚਾਤਾਪ ਕਰੋ। ਤੁਸੀਂ ਜਨਤਾ ਕੋਲ ਜਾਓ, ਉਨ੍ਹਾਂ ਅੱਗੇ ਹਾੜ੍ਹੇ ਕੱਢੋ, ਨੱਕ ਰਗੜੋ ਕਿ ਅਸੀਂ ਦੇਸ਼ ਦੇ 70 ਲੱਖ ਲੋਕਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਸੀ। ਅਸੀਂ ਲੋਕਾਂ ਦੀਆਂ ਜ਼ਬਾਨਾਂ ਬੰਦ ਕਰ ਦਿੱਤੀਆਂ ਸੀ। ਅਸੀਂ 19-19 ਮਹੀਨੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਰੱਖਿਆ। ਅਸੀਂ ਜਮਹੂਰੀਅਤ ਦਾ ਕਤਲ ਕੀਤਾ। ਅਸੀਂ ਪ੍ਰੈਸ ਦਾ ਕਤਲ ਕਰ ਦਿੱਤਾ। ਜਾਓ ਅਤੇ ਤੁਸੀਂ ਲੋਕਾਂ ਅੱਗੇ ਹਾੜ੍ਹੇ ਕੱਢੋ, ਲੋਕਾਂ ਦੀਆਂ ਮਿੰਨਤਾਂ ਕਰੋ, ਪਸ਼ਚਾਤਾਪ ਕਰੋ ਜੋ ਗਲਤੀਆਂ ਕੀਤੀਆਂ ਹਨ ਤਾਂ ਉਨ੍ਹਾਂ ਨੂੰ ਮੰਨੋ ਵੀ। ਇਹ ਚੰਗੀ ਗੱਲ ਹੋਵੇਗੀ। ਹੁਣ ਹੀ ਤੁਸੀਂ ਕੋਈ ਚੰਗਾ ਕੰਮ ਕਰ ਲਓ ਅਤੇ ਬਾਦਲ ਸਰਕਾਰ ਦਾ ਸਮਰਥਨ ਕਰੋ। ਜੇ ਇਹ ਜਨਮ ਤੁਹਾਡਾ ਖਰਾਬ ਹੋ ਗਿਆ ਹੈ ਤਾਂ ਅਗਲਾ ਜਨਮ ਸੁਧਾਰ ਲਵੋ। ਅਖੀਰ ਵਿੱਚ ਇਹ ਜਿਹੜਾ ਮਤਾ ਰੱਖਿਆ ਹੈ, ਮੈਂ ਇਸ ਨੂੰ ਬਿਲਕੁਲ ਰੱਦ ਕਰਦਾ ਹਾਂ ਔਰ ਇਹ ਰੱਦ ਕਰ ਦੇਣਾ ਚਾਹੀਦਾ ਹੈ। ਇਸ ਨੂੰ ਅਸਵੀਕਾਰ ਕਰਦਿਆਂ ਹੋਇਆਂ ਆਪਣਾ ਸਥਾਨ ਲੈਂਦਾ ਹਾਂ ਔਰ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਅੱਛੇ ਸਮੇਂ ਤੇ ਅੱਛਾ ਮਤਾ ਰੱਖਣਾ ਚਾਹੀਦਾ ਹੈ ਔਰ ਅੱਛੀ ਨੀਅਤ ਨਾਲ ਮਤਾ ਰੱਖਣਾ ਚਾਹੀਦਾ ਹੈ। ਫਿਰ ਅਸੀਂ ਉਸ ਮਤੇ ਦਾ ਸਵਾਗਤ ਕਰਾਂਗੇ। ਬਹੁਤ ਬਹੁਤ ਧੰਨਵਾਦ।

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ (ਰਾਜਾ ਨਰਿੰਦਰ ਸਿੰਘ) : ਡਿਪਟੀ ਸਪੀਕਰ ਸਾਹਿਬ, ਇਸ ਸਦਨ ਦੇ ਸਾਰੇ ਮੈਂਬਰਜ਼ ਨੇ ਮੈਂ ਸਮਝਦਾ ਹਾਂ ਕਿ ਆਪਣੇ ਆਪਣੇ ਜੋ ਵਿਚਾਰ ਦਿੱਤੇ ਹਨ, ਉਸ ਦੇ ਪਿਛੋਕੜ ਦੇ ਵਿੱਚ ਮੈਂ ਜਾਂਦਾ ਹਾਂ। ਜਿਧਰੋਂ ਇਹ ਮਤਾ ਆਇਆ ਹੈ, ਉਹ ਬੜੀ ਕੁਰਬਾਨੀ ਵਾਲੀ ਪਾਰਟੀ ਹੈ। ਇਨ੍ਹਾਂ ਦੇ ਸਹਿਯੋਗੀ ਵੀਰ ਵੀ ਬੜੀ ਕੁਰਬਾਨੀ ਵਾਲੇ ਹਨ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਆਪਾਂ ਸਾਰਿਆਂ ਨੇ, ਸਾਰੇ ਹਿੰਦੁਸਤਾਨੀਆਂ ਨੇ ਮਜ਼ਹਬੋਂ ਮਿਲਤ ਤੋਂ ਉਪਰ ਉਠ ਕੇ ਇਸ ਦੇਸ਼ ਨੂੰ ਆਜ਼ਾਦ ਕਰਵਾਇਆ ਸੀ ਔਰ ਇਸ ਦੇਸ਼ ਦੇ ਜੋ ਸ਼ਹੀਦ ਹਨ, ਉਹ ਦੇਸ਼ ਦਾ ਸਰਮਾਇਆ ਹਨ। ਨਾ ਉਹ ਕਾਂਗਰਸ ਨਾਲ ਹਨ, ਨਾ ਕਮਿਊਨਿਸਟ ਪਾਰਟੀ ਨਾਲ ਹਨ ਅਤੇ ਨਾ ਉਹ ਅਕਾਲੀ ਪਾਰਟੀ ਨਾਲ ਹਨ। ਸ਼ਹੀਦ ਜਿਹੜੇ ਹੋਏ ਹਨ, ਉਹ ਦੇਸ਼ ਵਾਸਤੇ ਹੋਏ, ਕੌਮ ਵਾਸਤੇ ਹੋਏ ਹਨ। ਉਨ੍ਹਾਂ ਦਾ ਜ਼ਿਕਰ ਸ਼ਰਧਾ ਨਾਲ ਹੀ ਸਾਰਿਆਂ ਨੂੰ ਕਰਨਾ ਚਾਹੀਦਾ ਹੈ ਔਰ ਬਹੁਤ ਸਾਰੇ ਸਾਥੀਆਂ ਨੇ ਕੀਤਾ ਵੀ ਹੈ। ਮੈਂ ਥੋੜ੍ਹੀ ਜਿਹੀ ਜਾਣਕਾਰੀ ਆਪਣੇ ਮਿੱਤਰਾਂ ਨੂੰ ਦੇਣੀ ਚਾਹੁੰਦਾ ਹਾਂ। ਰੰਤਾ ਸਾਹਿਬ ਦੀ ਪਾਰਟੀ ਨੇ ਮੌਕੇ ਮੌਕੇ ਸਿਰ ਜਬਰ ਦੇ ਖਿਲਾਫ਼ ਲੜਾਈ ਲੜੀ ਹੈ। ਇਸ ਦੇ ਵਿੱਚ ਕੋਈ ਸ਼ੱਕ ਨਹੀਂ ਲੇਕਿਨ ਜਿਸ ਵਕਤ ਦੇਸ਼ ਆਜ਼ਾਦ ਹੋਇਆ, 1947 ਦੇ ਵਿੱਚ ਫਿਰ

ਵੰਡੀਆਂ ਪੈ ਗਈਆਂ । ਕਾਂਗਰਸ ਹੁਕਮਰਾਨ ਪਾਰਟੀ ਬਣ ਗਈ ਔਰ ਸਾਰਿਆਂ ਨੇ ਕਾਂਗਰਸ ਵੱਲ ਦੇਖਣਾ ਸ਼ੁਰੂ ਕਰ ਦਿੱਤਾ ਕਿ ਅੱਜ ਜੋ ਹੁਕਮਰਾਨ ਬਣ ਗਿਆ ਉਹ ਦੇਸ਼ ਨੂੰ ਤੇ ਮਿਨਾਰਟੀਜ਼ ਨੂੰ ਕਿੰਨਾ ਕੁ ਇਨਸਾਫ ਦਿੰਦਾ ਹੈ । ਉਸ ਕੁਰਸੀ ਤੇ ਬੈਠ ਕੇ ਤੇ ਫਿਰ ਤਾਕਤ ਦੇ ਨਸ਼ੇ ਵਿੱਚ ਆ ਕੇ ਇਹ ਸ਼ਹੀਦਾਂ ਨੂੰ ਵੀ ਭੁੱਲ ਗਏ ਅਤੇ ਮਿਨਾਰਟੀਜ਼ ਨੂੰ ਵੀ ਭੁੱਲ ਗਏ । 1947 ਤੋਂ ਬਾਅਦ ਪਹਿਲੀ ਵਾਰ ਆਪੋਜ਼ੀਸ਼ਨ ਦੀ ਸਰਕਾਰ, ਅਕਾਲੀ ਪਾਰਟੀ ਦੀ ਸਰਕਾਰ 1967-68 ਵਿੱਚ ਬਣੀ । ਮੈਨੂੰ ਵੀ ਉਸ ਸਰਕਾਰ ਵਿੱਚ ਐਮ. ਐਲ. ਏ. ਬਣਨ ਤੋਂ ਬਾਅਦ ਮਨਿਸਟਰ ਬਣਨ ਦਾ ਮੌਕਾ ਮਿਲ ਗਿਆ ਤਾਂ ਮੈਂ ਪਹਿਲੀ ਵਾਰ ਫਿਰੋਜ਼ਪੁਰ ਗਿਆ । ਮੈਂ ਜਾ ਕੇ ਕਿਹਾ ਕਿ ਮੈਂ ਜਿੱਥੇ ਸਰਦਾਰ ਭਗਤ ਸਿੰਘ, ਰਾਜਗੁਰੂ ਔਰ ਸੁਖਦੇਵ ਦਾ ਫਾਂਸੀ ਦੇਣ ਤੋਂ ਬਾਅਦ ਸਸਕਾਰ ਕੀਤਾ ਸੀ, ਉਹ ਜਗ੍ਹਾ ਦੇਖਣ ਜਾਣਾ ਹੈ । ਉਹ ਕਹਿਣ ਲੱਗੇ ਕਿ ਇੱਥੇ ਤਾਂ ਕੋਈ ਜਗ੍ਹਾ ਨਹੀਂ ਹੈ । ਮੈਂ ਕਿਹਾ ਕਿਸੇ ਬਜ਼ੁਰਗ ਨੂੰ ਬੁਲਾਉ । ਫਿਰ ਬਜ਼ੁਰਗ ਨੂੰ ਬੁਲਾਇਆ, ਉਹ ਵੀ ਕੰਟੋਨਮੈਂਟ ਤੋਂ ਨਹੀਂ ਬਾਹਰੋਂ ਸ਼ਹਿਰ ਵਿਚੋਂ ਲਿਆਂਦਾ । ਜਦੋਂ ਬਜ਼ੁਰਗ ਆ ਗਏ ਤਾਂ ਮੈਂ ਉਨ੍ਹਾਂ ਨੂੰ ਕਾਰ ਵਿੱਚ ਬਿਠਾਇਆ ਅਤੇ ਪਾਕਿਸਤਾਨ ਦੇ ਬਾਰਡਰ ਤੇ ਲੈ ਗਿਆ । ਮੈਂ ਕਿਹਾ ਕਿ ਇਨ੍ਹਾਂ ਦੇਸ਼ ਭਗਤਾਂ ਦਾ ਸਸਕਾਰ ਕਿੱਥੇ ਕੀਤਾ ਸੀ ਤਾਂ ਉਨ੍ਹਾਂ ਕਿਹਾ ਕਿ ਮੈਂ ਐਗਜ਼ੈਕਟ ਜਗ੍ਹਾ ਤਾਂ ਦੱਸ ਨਹੀਂ ਸਕਦਾ । ਉਥੇ ਖੜ੍ਹੇ ਹੋ ਕੇ ਉਨ੍ਹਾਂ ਕਿਹਾ ਕਿ ਇਹ ਮਾੜੀ ਜਿਹੀ ਉੱਚੀ ਜਗ੍ਹਾ ਹੈ ਲੇਕਿਨ ਉਸ ਦੇ ਆਲੇ ਦੁਆਲੇ 20-30 ਫੁੱਟ ਖੱਡਾਂ ਪਈਆਂ ਹੋਈਆਂ ਸਨ । ਉਦੋਂ ਇਹ ਡਿਪਾਰਟਮੈਂਟ ਬੀ. ਐਂਡ. ਆਰ. ਮੇਰੇ ਕੋਲ ਸੀ ਔਰ ਅਸੀਂ ਮਹੀਨੇ, ਡੇਢ ਮਹੀਨੇ ਦੇ ਅੰਦਰ ਉਹ ਸਾਰਾ ਪੱਧਰ ਕਰਕੇ ਰੱਖ ਦਿੱਤਾ । ਬਜ਼ੁਰਗਾਂ ਦੇ ਕਹਿਣ ਦੇ ਮੁਤਾਬਿਕ ਉਨ੍ਹਾਂ ਤਿੰਨਾਂ ਸ਼ਹੀਦਾਂ ਦੀ ਯਾਦ ਉਥੇ ਬਣਾਈ ਸੀ । ਲੇਕਿਨ 21 ਸਾਲ ਜਿਹੜੀ ਪਾਰਟੀ ਹੁਕਮਰਾਨ ਰਹੀ, ਉਨ੍ਹਾਂ ਨੇ ਨਾਮ ਤਾਂ ਬਹੁਤ ਵਾਰੀ ਸਟੇਜ ਤੇ ਲਿਆ ਲੇਕਿਨ ਉਨ੍ਹਾਂ ਸ਼ਹੀਦਾਂ ਦੀ ਯਾਦਗਾਰ ਨਹੀਂ ਬਣਾਈ, ਜਿਨ੍ਹਾਂ ਸ਼ਹੀਦਾਂ ਨੂੰ ਜਾ ਕੇ ਅਸੀਂ ਨਮਸਕਾਰ ਕਰਦੇ ਹਾਂ ਔਰ ਪੁਲੀਟੀਕਲੀ ਬੀਬੀ ਜੀ ਨੇ ਸੱਚ ਕਿਹਾ ਹੈ ਕਿ ਅਸੀਂ ਸਿਆਸਤ ਨਾਲ ਇਨ੍ਹਾਂ ਸ਼ਹੀਦਾਂ ਨੂੰ ਜੋੜ ਦਿੱਤਾ ਹੈ । ਸਾਨੂੰ ਇਹ ਸ਼ਹੀਦ ਸਿਆਸਤ ਨਾਲ ਨਹੀਂ ਜੋੜਨੇ ਚਾਹੀਦੇ ਸੀ । ਨਾ ਇਹ ਕਿਸੇ ਮਜ਼੍ਹਬ ਨਾਲ ਜੋੜਨੇ ਚਾਹੀਦੇ ਹਨ । ਵੈਸੇ ਗੱਦੀ ਛੱਡਣੀ ਬੜੀ ਔਖੀ ਹੁੰਦੀ ਹੈ । ਅੱਜ ਕੋਈ ਸਰਪੰਚੀ ਛੱਡਣ ਨੂੰ ਤਿਆਰ ਨਹੀਂ, ਕੋਈ ਮੈਂਬਰੀ ਛੱਡਣ ਨੂੰ ਤਿਆਰ ਨਹੀਂ । ਲੇਕਿਨ 1947 ਤੋਂ ਪਹਿਲਾਂ ਆਜ਼ਾਦੀ ਦੀ ਲਹਿਰ ਵਿੱਚ ਜਿਨ੍ਹਾਂ ਲੋਕਾਂ ਨੇ ਹਿੱਸਾ ਪਾਇਆ, ਉਨ੍ਹਾਂ ਵਿੱਚ ਮਹਾਰਾਜਾ ਰਿਪੁਦਮਨ ਸਿੰਘ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਕਾਲੀ ਪੱਗ ਬੰਨ੍ਹ ਕੇ ਇਸ ਸਰਕਾਰ ਦਾ ਰੋਸ ਕੀਤਾ ਔਰ ਉਨ੍ਹਾਂ ਨੂੰ ਫੜਕੇ ਫਿਰ ਕੋਡੇਕਨਾਲ ਜੇਲ੍ਹ ਵਿੱਚ ਸੁੱਟਿਆ, ਕਾਲੇ ਪਾਣੀਆਂ ਵਿੱਚ ਭੇਜਿਆ । ਜਦ ਐਜੀਟੇਸ਼ਨਾਂ ਚੱਲੀਆਂ ਤਾਂ ਇਨ੍ਹਾਂ ਐਜੀਟੇਸ਼ਨਾਂ ਦੇ ਵਿੱਚ ਇਨ੍ਹਾਂ ਦੇਸ਼ ਭਗਤਾਂ ਦਾ ਸਾਰਿਆਂ ਦਾ ਜ਼ਿਕਰ ਹੋਇਆ ਹੈ । ਬੀਬੀ ਜੀ ਨੇ ਕਿਹਾ ਕਿ ਇਨ੍ਹਾਂ ਸਾਰਿਆਂ ਦਾ ਜ਼ਿਕਰ ਆਉਣਾ ਚਾਹੀਦਾ ਹੈ ਔਰ ਇਨ੍ਹਾਂ ਦਾ ਸਾਡੇ ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ । ਐਜੂਕੇਸ਼ਨ ਮਨਿਸਟਰ ਕਹਿ ਰਹੇ ਹਨ ਅਤੇ ਪੰਡਤ ਜੀ ਕਹਿ ਰਹੇ ਹਨ ਕਿ

[ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ]

ਯੂਨੀਵਰਸਿਟੀ ਵੱਲੋਂ ਕਮੇਟੀ ਬਣਾ ਕੇ ਸਾਰਿਆਂ ਨੂੰ ਜਾਣਕਾਰੀ ਦੇਵਾਂਗੇ। ਲੇਕਿਨ ਜਿਹੜੇ ਲੜਾਈ ਦੇ ਵਿੱਚ ਜਾ ਕੇ ਬਾਰਡਰ ਦੇ ਉਤੇ ਸਾਡੇ ਆਫੀਸਰ ਜਾਂ ਜਵਾਨ ਸ਼ਹੀਦ ਹੋ ਜਾਂਦੇ ਹਨ, ਉਨ੍ਹਾਂ ਦੇ ਵਿਚੋਂ ਕੁਝ ਦਾ ਤਾਂ ਪਤਾ ਲੱਗ ਜਾਂਦਾ ਹੈ, ਕੁਝ ਦਾ ਤਾਂ ਰਿਕਾਰਡ ਮਿਲ ਜਾਂਦਾ ਹੈ ਉਸ ਦੇ ਮੁਤਾਬਕ ਅਸੀਂ ਅਹੁੱਦੇ ਦੇ ਦਿੰਦੇ ਹਾਂ, ਉਨ੍ਹਾਂ ਦੇ ਪਰਿਵਾਰਾਂ ਨੂੰ ਜਾਂ ਆਨਰੇਰੀ ਸਨਮਾਨ ਦੇ ਦਿੱਤਾ ਜਾਂਦਾ ਹੈ। ਇੱਕ ਅਸੀਂ ਮੈਮੋਰੀਅਲ ਵੀ ਖੜ੍ਹਾ ਕਰਦੇ ਹਾਂ ਅਤੇ ਉਹ ਮੈਮੋਰੀਅਲ ਅਨ-ਨੋਨ ਸੋਲਜ਼ਰਾਂ ਦਾ ਹੁੰਦਾ ਹੈ ਜਿਨ੍ਹਾਂ ਦਾ ਜ਼ਿਕਰ ਅੱਜ ਤੱਕ ਕਿਤੇ ਨਹੀਂ ਆਇਆ। ਉਨ੍ਹਾਂ ਦੇ ਵਾਸਤੇ ਵੀ ਮੈਮੋਰੀਅਲ ਬਣਾਇਆ ਜਾਣਾ ਚਾਹੀਦਾ ਹੈ। ਅੰਗਰੇਜ਼ਾਂ ਦੇ ਖਿਲਾਫ ਬੋਲਣਾ ਇੰਨਾ ਔਖਾ ਸੀ ਕਿ ਜੈਤੋਂ ਦੇ ਮੋਰਚੇ ਦੇ ਬਾਰੇ ਮੇਰੇ ਪਿਤਾ ਮੈਨੂੰ ਜ਼ਿਕਰ ਕਰਿਆ ਕਰਦੇ ਸਨ ਕਿ ਜੇਲ੍ਹ ਨਹੀਂ ਸੀ, ਜੇਕਰ ਹੁੰਦੀ ਸੀ ਇੰਨੇ ਜ਼ਿਆਦਾ ਕੈਦੀ ਹੋ ਗਏ ਕਿ ਉਨ੍ਹਾਂ ਨੂੰ ਫਾਰੈਸਟ ਦੇ ਵਿੱਚ ਲਿਜਾ ਕੇ ਬੰਦ ਕਰ ਦਿੱਤਾ। ਉਨ੍ਹਾਂ ਵਿਚੋਂ ਕੁਝ ਨੂੰ ਤਾਂ ਸੱਪ ਹੀ ਖਾ ਗਏ, ਕੁਝ ਉਂਜ ਮਰ ਗਏ ਔਰ ਉਥੋਂ ਦੇ ਜਿਹੜੇ ਕਰਮਚਾਰੀ ਡਿਊਟੀ ਤੇ ਹੁੰਦੇ ਸਨ ਉਹ ਠੇਡੇ ਮਾਰਦੇ ਸਨ, ਬਹੁਤ ਜ਼ਿਆਦਾ ਬਦਸਲੂਕੀ ਕਰਦੇ ਸਨ। ਫਿਰ ਉਨ੍ਹਾਂ ਨੇ ਦੇਖਿਆ ਕਿ ਇਹ ਮੰਨਦੇ ਨਹੀਂ, ਆਪਣੀ ਗਲਤੀ ਨੂੰ ਅੰਗਰੇਜ਼ਾਂ ਦੀ ਹਕੂਮਤ ਦੇ ਸਾਹਮਣੇ ਕਬੂਲਦੇ ਨਹੀਂ ਤਾਂ ਉਨ੍ਹਾਂ ਵੱਲੋਂ ਬਹੁਤ ਵੱਡਾ ਟੋਆ ਖੋਦਿਆ ਜਾਂਦਾ ਸੀ ਅਤੇ ਉਸ ਦੇ ਵਿੱਚ ਸਲੇਜ ਵਾਟਰ ਪਾ ਦਿੰਦੇ ਸਨ, ਡਰਟੀ ਪਾਣੀ ਪਾ ਦਿੰਦੇ ਸਨ ਤੇ ਉਸ ਦੇ ਵਿੱਚ ਡੁਬੋ ਦਿੰਦੇ ਸਨ। ਫਿਰ ਉਥੇ ਸੁੰਦਰ ਸਿੰਘ ਮਜੀਠੀਆ ਗਏ ਉਥੇ ਜਾ ਕੇ ਉਨ੍ਹਾਂ ਨੇ ਕਿਹਾ ਕਿ ਮੈਨੂੰ ਦੱਸੋ ਮੈਂ ਤੁਹਾਡੇ ਲਈ ਕੀ ਕਰ ਸਕਦਾ ਹਾਂ ? ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕੋਈ ਰਿਆਇਤ ਨਹੀਂ ਮਨਵਾ ਸਕਦੇ। ਨਾ ਤਾਂ ਤੁਸੀਂ ਅੰਗਰੇਜ਼ ਸਰਕਾਰ ਦੇ ਪਿੱਠੂ ਹੋ, ਨਾ ਹੀ ਕੋਈ ਵਜ਼ੀਰ ਹੋ। ਲੇਕਿਨ ਇੱਕ ਗੱਲ ਕਹਿਣਾ ਚਾਹੁੰਦੇ ਹਾਂ ਕਿ ਜਿਹੜਾ ਸਾਨੂੰ ਕੇਸਾਂ ਤੋਂ ਪਕੜ ਕੇ ਇਸ ਗੰਦੇ ਪਾਣੀ ਦੇ ਵਿੱਚ ਡੁਬਾਉਂਦੇ ਹੋ, ਇਹ ਕੇਸ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖਸ਼ਿਸ਼ ਹੈ ਇਸ ਤਰ੍ਹਾਂ ਉਨ੍ਹਾਂ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ਉਦੋਂ ਵੀ ਉਨ੍ਹਾਂ ਨੇ ਕਿਸੇ ਗੱਲ ਦੀ ਰਿਆਇਤ ਨਹੀਂ ਸੀ ਮੰਗੀ। ਅੱਜ ਜੇਕਰ ਅਸੀਂ ਸਰਦਾਰ ਭਗਤ ਸਿੰਘ, ਰਾਜਗੁਰੂ ਜਾਂ ਸੁਖਦੇਵ ਦੀ ਯਾਦਗਾਰ ਵੀ ਬਣਾਈਏ ਤਾਂ ਇਸ ਦਾ ਕੋਈ ਕਰੈਡਿਟ ਪਾਰਟੀ ਨਹੀਂ ਲੈਣਾ ਚਾਹੁੰਦੀ ਅਤੇ ਅਸੀਂ ਨਾ ਹੀ ਲਿਆ ਹੈ। ਅਸੀਂ ਕਹਿੰਦੇ ਹਾਂ ਕਿ ਉਹ ਕੌਮ ਦਾ ਸਰਮਾਇਆ ਸੀ, ਕੌਮ ਦੇ ਲਈ ਉਨ੍ਹਾਂ ਨੇ ਇਹ ਕੁਝ ਕੀਤਾ ਹੈ। ਅਸੀਂ ਜੇਕਰ ਅੱਜ ਹਿਸਟਰੀ ਫਰੋਲੀਏ ਤਾਂ ਸਾਡੀ ਹਿਸਟਰੀ ਦੇ ਪੰਨਿਆਂ ਦੇ ਉਤੇ ਬਹੁਤ ਸ਼ਹੀਦਾਂ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਨੂੰ ਭੁਲਾਇਆ ਨਾ ਜਾਵੇ। ਕਿਨ੍ਹਾਂ ਕਿਨ੍ਹਾਂ ਬੀਬੀਆਂ ਨੇ, ਕਿਨ੍ਹਾਂ ਕਿਨ੍ਹਾਂ ਬੱਚਿਆਂ ਨੇ ਅਤੇ ਕਿਨ੍ਹਾਂ ਕਿਨ੍ਹਾਂ ਬਜ਼ੁਰਗਾਂ ਨੇ ਦੇਸ਼ ਦੇ ਲਈ ਔਰ ਦੇਸ਼ ਦੀ ਮਾਣ-ਮਰਿਯਾਦਾ ਲਈ ਤੇ ਇੱਜ਼ਤ ਲਈ ਕਿੰਨਾ ਕੁਝ ਕੀਤਾ ਹੈ। ਹਰ ਰੋਜ਼ ਮੇਰੇ ਵੀਰ ਸਿੱਖ ਇਹ ਵੀ ਪੜ੍ਹਦੇ ਹਨ, ਇਸ ਦੇ ਵਿੱਚ ਕੋਈ ਅਕਾਲੀ ਪਾਰਟੀ ਜਾਂ ਕਾਂਗਰਸ ਪਾਰਟੀ ਦਾ ਫਰਕ ਨਹੀਂ ਹੈ। ਇਸ ਨੂੰ ਤਾਂ ਸਭ ਪੜ੍ਹਦੇ ਹਨ। ਇਹ ਅਰਦਾਸ ਵਿੱਚ ਆਉਂਦਾ ਹੈ ਕਿ ਬੱਚਿਆਂ ਨੇ, ਬੀਬੀਆਂ ਨੇ ਆਪਣੇ ਗਲਾਂ ਦੇ ਵਿੱਚ ਆਪਣੇ ਬੱਚਿਆ

ਦੇ ਟੋਟੇ ਪ੍ਰਆ ਕੇ ਕੁਰਬਾਨੀਆਂ ਦਿੱਤੀਆਂ ਹਨ, ਉਨ੍ਹਾਂ ਦਾ ਜ਼ਿਕਰ ਆਉਂਦਾ ਹੈ । ਜੇਕਰ ਉਨ੍ਹਾਂ ਬੱਚਿਆਂ ਦੀਆਂ, ਬੀਬੀਆਂ ਦੀਆਂ ਯਾਦਗਾਰਾਂ ਬਣਾਈਏ ਪਰ ਉਹ ਤਾਂ ਸਾਡੇ ਮਨਾਂ ਦੇ ਵਿੱਚ ਹਨ, ਭਾਵਨਾਂ ਤੋਂ ਦੂਰ ਨਹੀਂ ਹਨ । ਜੋ ਭਵਨਾਂ ਦਾ ਜ਼ਿਕਰ ਕੀਤਾ ਗਿਆ ਹੈ, ਠੀਕ ਨਹੀਂ ਹੈ । ਇਸ ਤਰ੍ਹਾਂ ਹੋਰ ਕਿੰਨੇ ਮਹਾਂ-ਪੁਰਸ਼ ਹਨ ਜਿਨ੍ਹਾਂ ਨੇ ਦੇਸ਼ ਦੇ ਲਈ ਇੰਨਾ ਕੁਝ ਕੀਤਾ ਹੈ । ਉਨ੍ਹਾਂ ਵੱਲੋਂ ਕਿੰਨੀ ਲੜਾਈ ਲੜੀ ਗਈ, ਉਸ ਦੇ ਸਹਾਰੇ ਅਸੀਂ ਜੀਅ ਰਹੇ ਹਾਂ, ਉਨ੍ਹਾਂ ਨੇ ਸਾਨੂੰ ਰਸਤਾ ਦਿਖਾਇਆ ਹੈ । ਜੋ ਲੜਾਈ ਲੜੀ ਗਈ ਹੈ ਉਸ ਤੋਂ ਜੋ ਪ੍ਰਾਪਤੀ ਹੋਈ ਹੈ, ਉਸ ਨੂੰ ਸਰਕਾਰ ਨੂੰ ਪਰਜ਼ਰਵ ਕਰਨਾ ਚਾਹੀਦਾ ਹੈ । 50 ਸਾਲ ਦੇ ਦੌਰਾਨ ਕਾਂਗਰਸ ਪਾਰਟੀ ਹਕੂਮਤ ਵਿੱਚ ਰਹੀ ਔਰ ਇਸ ਹਕੂਮਤ ਦਾ ਨਸ਼ਾ ਇਨ੍ਹਾਂ ਨੂੰ ਚੜ੍ਹਿਆ । ਮੈਂ ਤਾਂ ਸ਼ਰਾਬ ਨਹੀਂ ਪੀਂਦਾ ਪਰ ਪਿਲਾਈ ਜ਼ਰੂਰ ਹੈ । ਲੇਕਿਨ ਜੇਕਰ ਦੇਖਿਆ ਜਾਵੇ ਤਾਂ ਸ਼ਰਾਬ ਦੇ ਨਸ਼ੇ ਨਾਲੋਂ ਤਾਕਤ ਦਾ ਜ਼ਿਆਦਾ ਨਸ਼ਾ ਹੁੰਦਾ ਹੈ । ਔਰੰਗਜ਼ੇਬ ਨੂੰ ਤਾਕਤ ਦਾ ਨਸ਼ਾ ਚੜ੍ਹਿਆ ਸੀ ਔਰ ਕਾਂਗਰਸ ਸਰਕਾਰ ਨੂੰ ਵੀ ਚੜ੍ਹਿਆ ਸੀ । ਜਦੋਂ ਕੋਈ ਵੀ ਸਰਕਾਰ ਆ ਜਾਂਦੀ ਹੈ ਇਹ ਮੈਂ ਆਪਣੇ ਉਤੇ ਵੀ ਅਪਲਾਈ ਕਰ ਸਕਦਾ ਹਾਂ । ਕਿੰਤੂ ਪ੍ਰੰਤੂ ਵਾਲੀ ਕੋਈ ਗੱਲ ਨਹੀਂ । ਜੇਕਰ ਅਸੀਂ ਗਲਤ ਕੰਮ ਕਰਦੇ ਹਾਂ ਤਾਂ ਅਸੀਂ ਮੰਨਣ ਨੂੰ ਤਿਆਰ ਹਾਂ We are open to any Criticism ਐਵੇਂ ਕਿਸੇ ਦੇ ਖਿਲਾਫ਼ ਕਿੰਤੂ ਪ੍ਰੰਤੂ ਕਰਨਾ ਠੀਕ ਨਹੀਂ ਹੈ । ਬਾਦਲ ਸਾਹਿਬ ਦੇ ਖਿਲਾਫ ਕਿੰਤੂ ਪ੍ਰੰਤੂ ਕਰੀ ਜਾਂਦੇ ਹਨ ਜੋ ਕਿ ਠੀਕ ਨਹੀਂ ਹੈ । ਜੋ ਸਕੀਮ ਇਸ ਅਕਾਲੀ ਪਾਰਟੀ ਨੇ ਜਾਂ ਕੋਈ ਵੀ ਅਕਾਲੀ ਪਾਰਟੀ ਨੇ ਜਦੋਂ ਪੰਜਾਬ ਵਿਚ ਤਾਕਤ ਵਿਚ ਆਈ ਹੈ, ਜੋ ਸਕੀਮ ਉਨ੍ਹਾਂ ਨੇ ਲਿਆਂਦੀ ਉਹ ਦੇਸ਼ ਦੇ, ਕੌਮ ਦੇ, ਸੂਬੇ ਦੇ ਭਲੇ ਵਾਸਤੇ ਲਿਆਂਦੀ ਹੈ । ਇਕੱਲੀ ਅਕਾਲੀ ਪਾਰਟੀ ਵਾਸਤੇ ਨਹੀਂ ਲਿਆਂਦੀ । ਉਨ੍ਹਾਂ ਨੀਤੀਆਂ ਨੂੰ ਅਸੀਂ ਕ੍ਰਿਟੀਸਾਈਜ਼ ਕਰੀਏ, ਇਹ ਵਾਜ਼ਬ ਨਹੀਂ ਲੱਗਦਾ । ਸੋ, ਇਸ ਵਾਸਤੇ ਮੇਰੇ ਵੀਰਾਂ ਨੇ ਜਿਨ੍ਹਾਂ ਨੇ ਮਤਾ ਲਿਆਂਦਾ, ਇਨ੍ਹਾਂ ਦੀ ਨਿੰਦਾ, ਹੋਰ ਖਰਾਬ ਲਫਜ਼ ਵਰਤਣਾ ਬਹੁਤ ਗਲਤ ਗੱਲ ਹੈ, ਇਹ ਬੜੇ ਚੰਗੇ ਆਦਮੀ ਹਨ । ਇਹ ਵੀ ਜੰਗੇ ਆਜ਼ਾਦੀ ਵਿਚ ਹਿੱਸਾ ਲੈਂਦੇ ਰਹੇ ਹਨ, ਇਸ ਮਤੇ ਨੂੰ ਪੁਲੀਟੀਕਲਾਈਜ਼ ਕਰੀਏ, ਇਹ ਮਤਾ ਸਟੇਜ ਤੇ ਅੱਜ ਤੋਂ ਪਹਿਲਾਂ ਆਇਆ ਹੁੰਦਾ, ਇਸ ਦਾ ਜ਼ਿਕਰ ਕਦੇ ਆਇਆ ਹੁੰਦਾ, ਇਸ ਸਦਨ ਵਿਚ ਆਇਆ ਹੁੰਦਾ, ਕਾਂਗਰਸ ਪਾਰਟੀ ਵਾਲਿਆਂ ਨਹੀਂ ਲਿਆਂਦਾ, ਅੱਜ ਇਹ ਮਤਾ ਨਿਕਲ ਆਇਆ ਬੈਲਟ ਵਿਚ ਆਇਆ ਅਤੇ ਡਿਸਕਸ਼ਨ ਸ਼ੁਰੂ ਹੋ ਗਈ । ਇਹ ਹੈਲਦੀ ਗੱਲ ਹੈ ਕਿ ਸਾਰਿਆਂ ਨੇ ਡਿਸਕਸ਼ਨ ਕੀਤੀ ਹੈ। ਇਸ ਤੇ ਡਿਸਕਸ਼ਨ ਇਸ ਤੋਂ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ । ਹਰੇਕ ਦੇ ਹਿਰਦੇ ਵਿਚ ਉਨ੍ਹਾਂ ਲੋਕਾਂ ਬਾਰੇ ਬਹੁਤ ਸਤਿਕਾਰ ਹੈ ਜਿਨ੍ਹਾਂ ਨੇ ਇਸ ਦੇਸ਼ ਲਈ ਬਹੁਤ ਕੁਝ ਕੀਤਾ ਹੈ । ਮੇਰੇ ਵੀਰ ਜਿਹੜੇ ਸਾਮ੍ਹਣੇ ਬੈਠੇ ਹਨ ਅਤੇ ਇਨ੍ਹਾਂ ਨੂੰ ਤਜਰਬਾ ਵੀ ਬਹੁਤ ਹੈ । ਇਨ੍ਹਾਂ ਦੀ ਹਕੂਮਤ ਬਹੁਤ ਦੇਰ ਰਹੀ ਹੈ । ਇਹ ਵੀ ਸ਼ਾਇਦ ਤੁਹਾਡੇ ਨਾਲ ਪੋਰਟ ਬਲੇਅਰ ਗਏ ਹੋਣਗੇ । ਪੋਰਟ ਬਲੇਅਰ ਤੇ ਮੈਂ ਵੀ ਗਿਆ ਸੀ । ਡਿਪਟੀ ਸਪੀਕਰ ਸਾਹਿਬ, ਉਥੇ ਉਪਰਲੇ ਪਾਸੇ ਪੱਥਰ ਲੱਗਿਆ ਹੋਇਆ ਹੈ ਜਿਸ ਉਤੇ ਸਾਰਿਆਂ ਦੇ ਨਾਂ ਲਿਖੇ ਗਏ ਹਨ । ਕਿਹੜੇ ਰੱਖੇ ਗਏ, ਕਿੰਨੇ ਹਿੰਦੁਸਤਾਨ ਵਿਚੋਂ ਕੱਢੇ ਗਏ, ਕਿੰਨੇ ਅੰਗਰੇਜ਼ਾਂ ਨੇ ਉਥੇ ਫਾਹੇ ਦੇ ਕੇ ਮਾਰੇ । ਕਿੰਨੇ

[ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ]

ਉਸ ਤੋਂ ਬਾਅਦ ਜਪਾਨੀਆਂ ਨੇ ਮਾਰ ਦਿੱਤੇ ਅਤੇ ਸਹੀ ਮਾਅਨਿਆਂ ਵਿਚ ਕਹੀਏ, ਮੈਂ ਦੂਰਬੀਨ ਨਾਲ ਦੇਖਿਆ ਕਿ ਰੱਸੀ ਲਟਕਦੀ ਪਈ ਸੀ ਜਿਸ ਵਿਚ ਵਾਲ ਫਸੇ ਹੋਏ ਸਨ। ਇਹ ਵਾਲ ਰੱਸੇ ਦੁਆਲੇ ਉਨ੍ਹਾਂ ਦੇ ਫਸੇ ਹੋਏ ਸਨ ਜਿਨ੍ਹਾਂ ਵਿਚ ਲੋਕਾਂ ਨੂੰ ਫਾਂਸੀ ਦਿੱਤੀ ਗਈ। ਉਸ ਜੇਲ੍ਹ ਦੀਆਂ ਕੋਠੜੀਆਂ, ਪੰਜਾਬ ਦੀਆਂ ਕੁਝ ਨਹੀਂ, ਹਰਿਆਣੇ ਦੀਆਂ ਕੁਝ ਨਹੀਂ ਹੋਰ ਸੂਬਿਆਂ ਦੀਆਂ ਕੁਝ ਨਹੀਂ, ਉਨ੍ਹਾਂ ਕੋਠੜੀਆਂ ਦਾ ਜਦੋਂ ਦਰਵਾਜ਼ਾ ਬੰਦ ਹੋ ਜਾਂਦਾ ਹੈ, ਮੈਂ ਮੁੰਡੇ ਨੂੰ ਕਿਹਾ ਮੈਂ ਅੰਦਰ ਵੜਦਾ ਹਾਂ ਤੂੰ ਦਰਵਾਜ਼ਾ ਬੰਦ ਕਰ ਦੇ। ਦੇਖਿਆ ਸੂਰਜ ਦੀ ਕਿਰਨ ਨਹੀਂ, ਸਾਹ ਲੈਣ ਵਾਸਤੇ ਰਾਹ ਨਹੀਂ ਰੱਖਿਆ, ਛੋਟੇ ਵਿਚੋਂ, ਸੁਰਾਖ ਵਿਚੋਂ ਹਵਾ ਆਉਂਦੀ ਹੋਵੇ ਤਾਂ ਸਾਹ ਲਿਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਅੱਗੇ ਸਾਡਾ ਸਿਰ ਝੁਕਦਾ ਹੈ। ਉਸ ਨੂੰ ਪੁਲੀਟੀਕਲਾਈਜ਼ ਨਾ ਕਰੀਏ। ਉਥੇ ਜਿਹੜੇ ਲੋਕਾਂ ਦੇ ਨਾਮ ਹਨ ਸਾਰੇ ਪੰਜਾਬੀ ਹਨ, ਚਾਹੇ ਸਿੱਖ ਹੈ ਚਾਹੇ ਹਿੰਦੂ ਹੈ। ਉਥੇ ਬੋਰਡ ਉਤੇ ਜਿਨ੍ਹਾਂ ਦੇ ਨਾਂ ਲਿਖੇ ਸੀ ਉਨ੍ਹਾਂ ਵਿਚੋਂ 80 ਫੀਸਦੀ ਤੋਂ ਵੱਧ ਆਦਮੀ ਪੰਜਾਬੀ ਸਨ, ਹਿੰਦੂ ਸਿੱਖ ਸਨ। ਗੌਰਵ ਸਾਨੂੰ ਇਸ ਦਾ ਹੈ ਕਿ ਦੇਸ਼ ਦੀ ਆਜ਼ਾਦੀ ਵਾਸਤੇ ਕਦੇ ਵੀ ਸਮਾਂ ਆਇਆ ਪੰਜਾਬ ਨੇ ਸਭ ਤੋਂ ਵੱਧ ਚੜ੍ਹ ਕੇ ਹਿੱਸਾ ਪਾਇਆ। ਚਾਈਨਾ ਦੇ ਖਿਲਾਫ ਲੜਾਈ ਲੜੀ, ਪਾਕਿਸਤਾਨ ਦੇ ਖਿਲਾਫ਼ ਲੜਾਈ ਹੋਈ। ਅੰਮ੍ਰਿਤਸਰ ਤੋਂ ਲੜਾਈ ਲੜੀ ਗਈ, ਟਰੱਕਾਂ ਵਾਲਿਆਂ ਨੂੰ ਜਿਨ੍ਹਾਂ ਨੂੰ ਨਫਰਤ ਨਾਲ ਟਰੱਕ ਵਾਲਾ ਕਿਹਾ ਜਾਂਦਾ ਹੈ, ਇਹ ਟਰੱਕ ਵਾਲੇ ਹੀ ਸਨ ਉਨ੍ਹਾਂ ਨੇ ਐਮਿਊਨਿਸ਼ਨ ਲਿਆ ਕੇ, ਰਿਵਰਸ ਗੇਅਰ ਪਾ ਕੇ ਟਰੈਂਚਾਂ ਤੱਕ ਐਮਿਊਨਿਸ਼ਨ ਲਿਆਂਦਾ ਸੀ। ਮੇਰੀਆਂ ਸਤਿਕਾਰਯੋਗ ਭੈਣਾਂ ਨੇ ਪਿੰਡਾਂ ਵਿਚੋਂ ਪ੍ਰਸ਼ਾਦੇ ਪਕਾ ਕੇ ਬਾਰਡਰ ਤੇ ਫੌਜੀਆਂ ਵਾਸਤੇ ਪਹੁੰਚਾਏ। ਉਸ ਸਮੇਂ ਵੀ ਲਗਦਾ ਇਹ ਸੀ ਜਿਵੇਂ ਪੰਜਾਬ ਲੜਾਈ ਲੜ ਰਿਹਾ ਹੈ, ਹਿੰਦੁਸਤਾਨ ਨੇ ਲੜਾਈ ਨਹੀਂ ਲੜੀ, ਪੰਜਾਬ ਨੇ ਲੜਾਈ ਲੜੀ ਹੈ। ਮੇਰੇ ਵੀਰ ਇਸ ਗੱਲ ਤੇ ਹਰਖ ਨਾ ਕਰਨ ਜਦੋਂ ਕੋਈ ਸਾਂਝੀ ਗੱਲ ਕਹੇ ਉਸ ਦਾ ਜਵਾਬ ਫੇਰ ਕੁਝ ਹੋਰ ਦੇ ਕੇ ਬਹਿਸ ਵਿਚ ਪੈ ਜਾਓ, ਇਸ ਤਰ੍ਹਾਂ ਇਕ ਦੂਜੇ ਨੂੰ ਕ੍ਰਿਟੀਸਾਈਜ਼ ਨਾ ਕਰਿਆ ਕਰੀਏ। ਹਰ ਲੜਾਈ ਵਿਚ ਪੰਜਾਬ ਨੇ ਵੱਧ ਤੋਂ ਵੱਧ ਹਿੱਸਾ ਪਾਇਆ ਹੈ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਹਿੰਦੁਸਤਾਨ ਵਿਚ ਪੰਜਾਬੀਆਂ ਨੂੰ ਐਸਾ ਖਿੱਤਾ ਦਿਆਂਗੇ ਜਿਸ ਵਿਚ ਹਰ ਇਕ ਪੰਜਾਬੀ ਸਿਰ ਚੁੱਕ ਕੇ ਜੀਵਨ ਗੁਜ਼ਾਰੇ, ਉਹ ਉਸ ਵਿਚ ਆਜ਼ਾਦੀ ਦਾ ਆਨੰਦ ਮਾਣ ਸਕੇ। ਸਾਨੂੰ ਤਾਂ ਆਜ਼ਾਦੀ ਦਾ ਆਨੰਦ ਮਾਣਨ ਦਾ ਸਮਾਂ ਹੀ ਨਹੀਂ ਮਿਲਿਆ। ਜੋ ਸਾਡਾ ਹਿੱਸਾ ਬਣਦਾ ਸੀ, ਉਸ ਤੋਂ ਇਹ ਪਾਰਟੀ ਮੁਨਕਰ ਹੋ ਗਈ। ਬਲਕਿ ਸਾਨੂੰ ਵੱਖਵਾਦੀ, ਅੱਤਵਾਦੀ ਕਹਿ ਕੇ ਪੁਕਾਰਿਆ ਗਿਆ। ਜਿਹੜਾ ਇਹ ਕਹਿੰਦੇ ਹਨ ਸਵਰਗਵਾਸੀ ਸਰਦਾਰ ਬੇਅੰਤ ਸਿੰਘ ਨੇ ਬਹੁਤ ਕੰਮ ਕੀਤੇ, ਅੱਤਵਾਦ ਨੂੰ ਕੰਟਰੋਲ ਕੀਤਾ। ਡਿਪਟੀ ਸਪੀਕਰ ਸਾਹਿਬ, ਤੁਹਾਡੇ ਮੇਰੇ ਕੋਲੋਂ, ਲੋਕਾਂ ਦੇ ਦਿਲਾਂ ਵਿਚੋਂ ਇਹ ਗੱਲ ਨਹੀਂ ਕੱਢ ਸਕਦੇ ਕਿ ਅੱਤਵਾਦ ਕਿਸ ਨੇ ਪੈਦਾ ਕੀਤਾ ਤੇ ਕਿਵੇਂ ਹਟਾਇਆ ਗਿਆ। ਉਹ ਮਾਂ ਪਿਓ ਭੁੱਲ ਨਹੀਂ ਸਕਦੇ ਜਿਨ੍ਹਾਂ ਨੇ ਕਿੱਲੇ ਵੇਚ ਕੇ, 20-30 ਵਿੱਘੇ ਵੇਚ ਕੇ ਆਪਣੇ ਪੁੱਤਰਾਂ ਨੂੰ ਪੁਲਿਸ ਕੋਲੋਂ ਛੁਡਾਇਆ। ਉਹ ਬਰਬਾਦ ਹੋ ਗਏ। ਮੈਂ ਕਦਰ ਕਰਦਾ ਹਾਂ ਰੰਧਾਵਾ ਸਾਹਿਬ ਦੀ ਜਿਨ੍ਹਾਂ ਵਲੋਂ ਇਹ ਸੁਝਾਅ ਆਇਆ। ਲੇਕਿਨ ਇਹ ਸੁਝਾਅ ਕਾਂਗਰਸ ਵਲੋਂ ਆਉਣਾ ਚਾਹੀਦਾ ਸੀ।

ਫੇਰ ਅਸੀਂ ਗੱਲ ਹੋਰ ਤਰ੍ਹਾਂ ਕਰਦੇ ਅੱਜ ਇਨ੍ਹਾਂ ਵਲੋਂ ਜਿਹੜਾ ਮਤਾ ਆਇਆ ਹੈ, ਮੈਂ ਇਨ੍ਹਾਂ ਦੀ ਕਦਰ ਕਰਦਾ ਹਾਂ। ਜਦੋਂ ਪੰਜਾਬ ਵਿਚ ਅੱਤਵਾਦ ਦਾ ਸਮਾਂ ਆਇਆ ਸੀ ਉਸ ਵਿਚ ਕਾਂਗਰਸੀਆਂ ਨੇ ਵੀ ਲੜਾਈ ਲੜੀ ਸੀ, ਅਸੀਂ ਸਾਰਿਆਂ ਨੇ ਇਸ ਦਾ ਮੁਕਾਬਲਾ ਕੀਤਾ ਸੀ ਪਰ ਜਿਹੜੀਆਂ ਗੱਲਾਂ ਇਨ੍ਹਾਂ ਨੇ ਸਾਡੇ ਬਾਰੇ ਦੇਸ਼ ਵਿਚ ਅਤੇ ਵਿਦੇਸ਼ਾਂ ਦੇ ਵਿਚ ਕਹੀਆਂ ਉਹ ਇਨ੍ਹਾਂ ਕਾਂਗਰਸੀਆਂ ਨੂੰ ਸ਼ੋਭਾ ਨਹੀਂ ਦਿੰਦੀਆਂ। ਕਿਸ ਤਰੀਕੇ ਨਾਲ ਸਾਨੂੰ ਦੇਸ਼ ਅੰਦਰ ਅੱਤਵਾਦੀ ਅਤੇ ਵੱਖਵਾਦੀ ਕਹਿ ਕੇ ਬਦਨਾਮ ਕੀਤਾ ਗਿਆ ਅਤੇ ਲੋਕ ਸਾਨੂੰ ਅੱਤਵਾਦੀ ਦੀ ਸ਼ਕਲ ਵਿਚ ਵੇਖਦੇ ਹੁੰਦੇ ਸਨ। ਜਦੋਂ ਕੋਈ ਵੀ. ਆਈ. ਪੀ. ਪੰਜਾਬ ਦੇ ਵਿਚੋਂ ਵਿਦੇਸ਼ ਜਾਂਦਾ ਸੀ ਜਿਸ ਤਰ੍ਹਾਂ ਬਾਦਲ ਸਾਹਿਬ ਬਾਹਰ ਗਏ ਤਾਂ ਲੋਕ ਕਹਿਣ ਲੱਗੇ ਇਹ ਪੰਜਾਬ ਦੇ ਅੱਤਵਾਦੀ ਹਨ ਅਤੇ ਮਹਾਰਾਜਾ ਪਟਿਆਲਾ ਜਦੋਂ ਵਿਦੇਸ਼ ਗਏ ਤਾਂ ਉਨ੍ਹਾਂ ਨੂੰ ਅੱਤਵਾਦੀ ਕਿਹਾ ਗਿਆ ਜਦ ਕਿ ਉਹ ਕਾਂਗਰਸ ਪਾਰਟੀ ਦੇ ਵਿਚੋਂ ਹੀ ਸਨ। ਇਨ੍ਹਾਂ ਨੇ ਸਾਨੂੰ ਬਾਹਰਲੇ ਮੁਲਕਾਂ ਤੱਕ ਬਦਨਾਮ ਕੀਤਾ। ਇਹ ਹਰ ਗੱਲ ਨੂੰ ਪੁਲੀਟੀਕਲਾਈਜ਼ ਕਰਦੇ ਰਹੇ। ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਸ ਦਾ ਸਬੰਧ ਇਕ ਬੜੇ ਨੇਕ ਇਨਸਾਨ ਦੇ ਨਾਲ ਹੈ ਜਿਸ ਦਾ ਸਬੰਧ ਸਾਰੇ ਦੇਸ਼ ਦੇ ਨਾਲ ਹੈ ਅਤੇ ਸਾਰੀ ਕੌਮ ਦੇ ਨਾਲ ਹੈ। ਉਸ ਦੀ ਦੇਸ਼ ਵਾਸਤੇ ਕੁਰਬਾਨੀ ਬਹੁਤ ਵੱਡੀ ਹੈ। ਉਨ੍ਹਾਂ ਸਾਰੇ ਵੀਰਾਂ ਦਾ ਇਥੇ ਜ਼ਿਕਰ ਨਹੀਂ ਆਇਆ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ। ਸਰਦਾਰ ਤੋਤਾ ਸਿੰਘ ਅਤੇ ਸੈਣੀ ਸਾਹਿਬ ਨੇ ਕੁਝ ਦਾ ਜ਼ਿਕਰ ਕੀਤਾ ਹੈ। ਸਾਹਮਣੇ ਬੈਠੇ ਵੀਰਾਂ ਨੇ ਇਥੇ 50 ਸਾਲ ਰਾਜ ਕੀਤਾ ਹੈ। ਇਨ੍ਹਾਂ ਨੇ ਸ਼ਹੀਦਾਂ ਦਾ ਨਾਂ ਕਿਤਾਬਾਂ ਵਿਚ ਨਹੀਂ ਲਿਆਂਦਾ। ਇਥੇ ਡੇਮੋਕਰੇਸੀ ਹੈ ਕਦੇ ਅਸੀਂ ਉਧਰ ਚਲੇ ਗਏ, ਕਦੇ ਉਹ ਇਧਰ ਆ ਗਏ। ਲੋਕ ਹਿਸਟਰੀ ਦੇ ਵਿਚ ਯਾਦ ਕਰਿਆ ਕਰਨਗੇ ਕਿ ਇਨ੍ਹਾਂ ਨੇ ਪੰਜਾਬ ਉਤੇ 50 ਸਾਲ ਦਾ ਰਾਜ ਕੀਤਾ ਅਤੇ ਅਕਾਲੀ ਪਾਰਟੀ ਨੂੰ ਡੇਢ ਸਾਲ ਜਾਂ 2 ਸਾਲ ਤੋਂ ਵੱਧ ਰਾਜ ਨਹੀਂ ਕਰਨ ਦਿੱਤਾ ਅਤੇ ਆਰਟੀਕਲ 356 ਦੀ ਵਰਤੋਂ ਕਰਕੇ ਸਾਡੀ ਪਾਰਟੀ ਦੀ ਸਰਕਾਰ ਨੂੰ ਡਿਸਮਿਸ ਕਰ ਦਿੱਤਾ ਜਾਂਦਾ ਰਿਹਾ। ਅੱਜ ਜਿਹੜਾ ਮਤਾ ਸੀ.ਪੀ.ਆਈ. ਦੇ ਵੀਰਾਂ ਨੇ ਲਿਆਂਦਾ ਹੈ ਉਸ ਦੀ ਸਪੋਰਟ ਕਾਂਗਰਸ ਪਾਰਟੀ ਨੇ ਕੀਤੀ ਹੈ। ਚੰਗੀ ਗੱਲ ਨੂੰ ਚੰਗਾ ਕਹਿਣਾ ਇਕ ਅੱਛੀ ਗੱਲ ਹੈ ਪਰ ਮਾੜੀ ਗੱਲ ਨੂੰ ਮਾੜਾ ਕਹਿਣਾ ਵੀ ਠੀਕ ਹੈ। ਲੇਕਿਨ ਤੁਸੀਂ ਸ਼ਹੀਦਾਂ ਦੇ ਵਿਚ ਪਾੜਾ ਨਾ ਪਾਓ ਇਹ ਕਹਿ ਕਹਿ ਕੇ ਇਹ ਕੇਸਧਾਰੀ ਹੈ ਜਾਂ ਇਹ ਮੋਨਾ ਹੈ। ਪਿਛੇ ਗੱਲ ਚਲੀ ਸੀ ਕਿ ਸ਼ਹੀਦ ਭਗਤ ਸਿੰਘ ਦਾ ਪੱਗ ਬੰਨੀ ਹੋਈ ਦਾ ਬੁੱਤ ਲਗਾਉਣਾ ਹੈ ਜਾਂ ਪੱਗ ਤੋਂ ਬਗੈਰ ਦਾ ਬੁੱਤ ਲਗਾਉਣਾ ਹੈ। ਸ਼ਹੀਦ ਤਾਂ ਕੌਮ ਦਾ ਸਰਮਾਇਆ ਹੋਇਆ ਕਰਦੇ ਹਨ। ਉਹ ਕਿਸੇ ਇਕ ਦੇ ਨਹੀਂ ਹੁੰਦੇ. ਉਹ ਦੇਸ਼ ਦਾ ਸਰਮਾਇਆ ਹੁੰਦੇ ਹਨ। ਸਾਨੂੰ ਫ਼ਖਰ ਹੈ ਕਿ ਸ਼ਹੀਦ ਭਗਤ ਸਿੰਘ ਇਕ ਪੰਜਾਬੀ ਸਨ ਜਿਸ ਉਤੇ ਸਾਨੂੰ ਸਾਰਿਆਂ ਨੂੰ ਮਾਣ ਹੈ। ਵਜ਼ੀਰ ਸਾਹਿਬ. ਮੈਂ ਇਕ ਗੱਲ ਕਹਿਣ ਲੱਗਾ ਹਾਂ ਜੋ ਫੈਕਟਸ ਉਤੇ ਹੈ। ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦਾ ਸੀ। ਮੇਰੀ ਉਮਰ ਤੁਹਾਡੀ ਉਮਰ ਨਾਲੋਂ ਜ਼ਿਆਦਾ ਹੈ। ਮੈਂ ਆਜ਼ਾਦੀ ਤੋਂ ਪਹਿਲਾਂ ਦੀ ਗੱਲ ਕਰਦਾ ਹਾਂ। ਸਾਡੇ ਇਲਾਕੇ ਵਿਚ ਲਾਲਾ ਪ੍ਰਿਥਵੀ ਚੰਦ ਸਬ ਇੰਸਪੈਕਟਰ ਹੁੰਦਾ ਸੀ। ਉਸ ਨੇ ਜੈਤੋ ਦੇ ਮੋਰਚੇ ਵਿਚ

[ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ]

ਲੋਕਾਂ ਨੂੰ ਬੜੀਆਂ ਡਾਂਗਾਂ ਮਾਰੀਆਂ ਅਤੇ ਪੁਲਿਸ ਦੀ ਸਹਾਇਤਾ ਲੈ ਕੇ ਲੋਕਾਂ ਨੂੰ ਬਹੁਤ ਕੁੱਟਿਆ । ਜਦੋਂ 1947 ਵਿਚ ਦੇਸ਼ ਆਜ਼ਾਦ ਹੋਇਆ ਤਾਂ ਸਾਡੇ ਨਾਭੇ ਵਿਚ ਲਾਲਾ ਪ੍ਰਿਥਵੀ ਚੰਦ ਕਾਂਗਰਸ ਪਾਰਟੀ ਦੇ ਪਹਿਲੇ ਪ੍ਰਧਾਨ ਬਣੇ । ਉਹ ਲੋਕ ਕੁਝ ਐਸੇ ਸਨ ਜਿਹੜੇ ਆਪਣਾ ਮਤਲਬ ਕੱਢਣ ਲਈ ਕੁਝ ਵੀ ਕਰ ਸਕਦੇ ਸਨ ਅਤੇ ਆਪਣੇ ਮਤਲਬ ਲਈ ਉਸ ਨੇ ਪਾਰਟੀ ਨੂੰ ਗੁੰਮਰਾਹ ਕੀਤਾ । ਮੈਂ ਕਹਿੰਦਾ ਹਾਂ ਕਿ ਕਾਂਗਰਸ ਪਾਰਟੀ ਸਮੁੱਚੇ ਤੌਰ ਤੇ ਬੁਰੀ ਨਹੀਂ ਹੈ ਲੇਕਿਨ ਸਮੇਂ ਸਮੇਂ ਤੇ ਪਾਰਟੀਆਂ ਵਿਚ ਕੁਝ ਗਲਤ ਬੰਦੇ ਆ ਜਾਂਦੇ ਹਨ ਜਿਹੜੇ ਪਾਰਟੀ ਨੂੰ ਬਦਨਾਮ ਕਰ ਦਿੰਦੇ ਹਨ, ਉਸ ਤੋਂ ਪਾਰਟੀ ਨੂੰ ਬਚਣਾ ਚਾਹੀਦਾ ਹੈ । ਇਸ ਤਰ੍ਹਾਂ ਦੇ ਬੰਦੇ ਹਰ ਪਾਰਟੀ ਵਿਚ ਆ ਸਕਦੇ ਹਨ ਜਿਹੜੇ ਪਾਰਟੀ ਨੂੰ ਮੜ੍ਹੀਆਂ ਵੱਲ ਲੈ ਜਾਂਦੇ ਹਨ । ਹਰ ਪਾਰਟੀ ਦੇ ਵਿਚ ਮਾੜੇ ਅਤੇ ਚੰਗੇ ਆਦਮੀ ਹੁੰਦੇ ਹਨ । ਜਿਸ ਤਰ੍ਹਾਂ ਗੁਲਾਬ ਦੇ ਫੁੱਲ ਨਾਲ ਕੰਡੇ ਹੁੰਦੇ ਹਨ ਉਸੇ ਤਰ੍ਹਾਂ ਹਰ ਚੰਗੀ ਪਾਰਟੀ ਵਿਚ ਕੁਝ ਮਾੜੇ ਬੰਦੇ ਵੀ ਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਇਸ ਵਾਸਤੇ ਮੈਂ ਕਿਸੇ ਪਾਰਟੀ ਨੂੰ ਮਾੜਾ ਨਹੀਂ ਕਹਿੰਦਾ । ਇਥੇ ਜੋ ਜਗਤ ਨਰਾਇਨ ਬਾਰੇ (ਇਕ ਆਵਾਜ਼, ਲਾਲਾ ਲਾਜਪਤ ਰਾਏ ਬਾਰੇ, ਕਿਹਾ ਗਿਆ ਹੈ ਮਹਾਤਮਾ ਗਾਂਧੀ ਜੀ ਦਾ ਨਾਂ ਵੀ ਲਿਆ ਗਿਆ ਇਹ ਬਹੁਤ ਵੱਡੇ ਦੇਸ਼ ਭਗਤ ਹੋਏ ਹਨ । ਜੇਕਰ ਇਨ੍ਹਾਂ ਨੂੰ ਮਾੜਾ ਕਿਹਾ ਜਾਵੇ ਤਾਂ ਗਲਤ ਹੈ । ਸਾਨੂੰ ਚਾਹੀਦਾ ਹੈ ਕਿ ਆਉਣ ਵਾਲੇ ਲੋਕਾਂ ਦਾ ਜੀਵਨ ਸੁਧਰੇ ਅਤੇ ਆਉਣ ਵਾਲੀ ਔਲਾਦ ਚੰਗੀ ਬਣ ਸਕੇ । 1947 ਤੋਂ ਬਾਅਦ 50 ਸਾਲ ਸਾਹਮਣੇ ਬੈਠੇ ਭਰਾਵਾਂ ਦਾ ਰਾਜ ਰਿਹਾ ਹੈ ਪਰ ਇਸ ਸਮੇਂ ਵਿਚ ਇਨਸਾਨ ਇਨਸਾਨੀਅਤ ਤੋਂ ਗਿਰ ਗਿਆ । ਤੁਸੀਂ ਭਾਖੜਾ ਡੈਮ ਬਣਾ ਦਿਤਾ ਅਤੇ ਅਸੀਂ ਰਣਜੀਤ ਸਾਗਰ ਡੈਮ ਬਣਾ ਦਿਤਾ ਪਰ ਜੋ ਸਾਡੇ ਪੁਰਖਾਂ ਨੇ, ਗੁਰੂਆਂ ਨੇ ਰਾਹ ਦੱਸਿਆ ਸੀ, ਉਸ ਤੇ ਆਪਾਂ ਨਹੀਂ ਚਲ ਸਕੇ । ਸਾਡੀ ਆਉਣ ਵਾਲੀ ਜੈਨਰੇਸ਼ਨ ਵਿਚ ਸੁਧਾਰ ਨਹੀਂ ਹੋ ਸਕਿਆ । ਸਾਡੇ ਬੱਚਿਆਂ ਵਿਚ ਕੋਈ ਸੁਧਾਰ ਨਹੀਂ ਹੋ ਸਕਿਆ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਕਨਕਲੂਡ ਕਰੋ ਜੀ ।

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ: ਸਾਹਮਣੇ ਬੈਠੇ ਭਰਾਵਾਂ ਨੇ ਰਾਜ ਕਰਨ ਤੋਂ ਬਾਅਦ ਇਨਸਾਨ ਵਿਚ ਇਨਸਾਨੀਅਤ ਪੈਦਾ ਨਹੀਂ ਕੀਤੀ । ਇਨ੍ਹਾਂ ਵੀਰਾਂ ਨੇ 50 ਸਾਲ ਰਾਜ ਕੀਤਾ ਔਰ ਇਸ ਸਮੇਂ ਦੌਰਾਨ ਇਹ ਗਲਤੀਆਂ ਕਰਦੇ ਰਹੇ । ਹੁਣ ਇਨ੍ਹਾਂ ਨੂੰ ਸਾਡੀ ਤਾਈਦ ਕਰਨੀ ਚਾਹੀਦੀ ਹੈ । ਸਰਦਾਰ ਅਵਤਾਰ ਸਿੰਘ ਬਰਾੜ ਅਗਰ ਸਾਡੀ ਪਾਰਟੀ ਵਿਚ ਆਉਣਗੇ ਤਾਂ ਮੈਂ ਇਨ੍ਹਾਂ ਨੂੰ ਵੈਲਕਮ ਕਹਾਂਗਾ । ਕਾਂਗਰਸ ਪਾਰਟੀ ਤੋਂ ਗਲਤੀਆਂ ਹੁੰਦੀਆਂ ਰਹੀਆਂ ਹਨ । ਇਨਸਾਨ ਤੋਂ ਗਲਤੀਆਂ ਹੁੰਦੀਆਂ ਰਹਿੰਦੀਆਂ ਹਨ ਪਰੰਤੂ ਗਲਤੀਆਂ ਨੂੰ ਖਿੜੇ ਮੱਥੇ ਕਬੂਲ ਕਰਨਾ ਚਾਹੀਦਾ ਹੈ । ਕਾਂਗਰਸ ਨੇ ਰਾਜ ਕੀਤਾ ਪਰ ਇਹ ਇਨਸਾਨ ਨੂੰ ਇਨਸਾਨ ਨਹੀਂ ਬਣਾ ਸਕੇ । ਆਦਮੀ ਗਲਤੀ ਦਾ ਪੁਤਲਾ ਹੈ । ਔਰੰਗਜੇਬ ਨੇ ਸਾਡੇ ਤੇ ਜ਼ੁਲਮ ਕੀਤੇ ਪਰ ਤੁਸੀਂ (ਸਾਹਮਣੇ ਬੈਠੇ ਭਰਾਵਾਂ ਵੱਲ ਇਸ਼ਾਰਾ) 1984 ਵਿਚ ਦਿੱਲੀ ਵਿਚ ਕਤਲੇਆਮ ਕੀਤਾ । ਤੁਸੀਂ ਪੰਜਾਬ ਵਿਚ ਕੀ ਕੁਝ ਨਹੀਂ ਕੀਤਾ । ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਧ

ਕੁਰਬਾਨੀਆਂ ਕੀਤੀਆਂ । ਤੁਸੀਂ ਉਨ੍ਹਾਂ ਵਾਸਤੇ ਵੀ ਕੁਝ ਨਹੀਂ ਕੀਤਾ । ਇਹ ਜ਼ਿੰਮੇਵਾਰੀ ਆਪੋਜ਼ੀਸ਼ਨ ਵਾਲੇ ਬੈਂਚਾਂ ਦੇ ਭਰਾਵਾਂ ਦੀ ਹੈ । ਕਮਿਊਨਿਸਟ ਭਰਾਵਾਂ ਨੂੰ ਮੈਂ ਕੁਝ ਨਹੀਂ ਕਹਿੰਦਾ । ਇਨ੍ਹਾਂ ਨੇ ਚਲੋ ਘੱਟੋ ਘੱਟ ਹਾਅ ਦਾ ਨਾਅਰਾ ਤਾਂ ਮਾਰਿਆ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੂੰ ਦੀਵਾਰਾਂ ਵਿਚ ਜ਼ਿੰਦਾਂ ਚਿਣਵਾਇਆ ਗਿਆ ਸੀ ਤਾਂ ਉਸ ਵੇਲੇ ਮਲੇਰਕੋਟਲੇ ਦੇ ਨਵਾਬ ਨੇ ਇਹ ਗੱਲ ਕਹੀ ਸੀ ਕਿ ਮਾਸੂਮ ਬੱਚਿਆਂ ਦਾ ਕੀ ਕਸੂਰ ਹੈ ? ਜੇਕਰ ਆਪ ਬਦਲਾ ਲੈਣਾ ਚਾਹੁੰਦੇ ਹੋ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈ ਲਓ । ਇਨਸਾਨ ਨੇ ਇਨਸਾਨੀਅਤ ਛੱਡ ਕੇ ਮੁਸਲਮਾਨਾਂ ਨੂੰ ਮਾਰਨਾ ਸ਼ੁਰੂ ਕੀਤਾ ਸੀ । ਲੇਕਿਨ ਮਲੇਰਕੋਟਲੇ ਵਿਚ ਕੁਝ ਨਹੀਂ ਵਾਪਰਿਆ । ਇਸ ਵਾਸਤੇ ਕਿਉਂਕਿ ਉਨ੍ਹਾਂ ਨੇ ਸਾਡੇ ਤੇ ਇਕ ਅਹਿਸਾਨ ਕੀਤਾ ਸੀ । ਜਦੋਂ ਕਿ ਪੰਜਾਬੀਆਂ ਨੂੰ ਦੇਸ਼ ਪ੍ਰਤੀ ਪਿਆਰ ਹੈ ਅਤੇ ਦੇਸ਼ ਦੀ ਆਜ਼ਾਦੀ ਵਿਚ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ । ਮੇਰੇ ਗੁਰੂ ਸਾਹਿਬਾਨ ਨੌਵੀਂ ਪਾਤਸ਼ਾਹੀ ਜੀ ਨੇ ਇਕ ਫਿਰਕੇ ਵਾਸਤੇ ਦਿੱਲੀ ਵਿਚ ਆਪਣਾ ਸੀਸ ਦਿੱਤਾ ਕਿਉਂਕਿ ਉਹ ਫੋਰਸਿਬਲ ਕਨਵਰਸ਼ਨ ਦੇ ਖਿਲਾਫ ਸਨ । ਜੋ ਲੀਹਾਂ ਗੁਰੂ ਸਾਹਿਬਾਨ ਨੇ ਪਾਈਆਂ ਉਨ੍ਹਾਂ ਤੇ ਨਹੀਂ ਚਲੇ । ਮੈਂ ਆਪੋਜ਼ੀਸ਼ਨ ਵਾਲੇ ਭਰਾਵਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਰਾਜ ਵਿਚ ਲੋਕ ਇਨਸਾਨ ਤੋਂ ਹੈਵਾਨ ਬਣ ਗਏ । ਅਸੀਂ ਖਾਲਸਾ ਸਾਜਨਾ ਦੀ 300 ਸਾਲਾ ਵਰ੍ਹੇ ਗੰਢ ਦੇ ਜਸ਼ਨ ਮਨਾ ਕੇ ਅਸੀਂ ਉਨ੍ਹਾਂ ਲੋਕਾਂ ਨੂੰ ਸਿੱਧੇ ਰਾਹ ਤੇ ਲਿਆਉਣਾ ਚਾਹੁੰਦੇ ਹਾਂ । ਵਿਰੋਧੀ ਧਿਰਾਂ ਵਾਲੇ ਬੀ. ਜੇ. ਪੀ. ਦੇ ਖਿਲਾਫ ਜੋ ਮਰਜ਼ੀ ਬੋਲੀ ਜਾਣ ਲੇਕਿਨ ਅਸੀਂ ਦਿੱਲੀ ਵਿਚ ਵੀ ਬੀ. ਜੇ. ਪੀ. ਦੇ ਨਾਲ ਹਾਂ ਅਤੇ ਪੰਜਾਬ ਵਿਚ ਵੀ ਬੀ. ਜੇ. ਪੀ. ਸਾਨੂੰ ਸਹਿਯੋਗ ਦੇ ਰਹੀ ਹੈ । ਜੇ ਉਨ੍ਹਾਂ ਨੇ ਸੱਚ ਬੋਲਿਆ ਹੈ ਤਾਂ ਇਸ ਮਸਲੇ ਦੇ ਵਿਚ ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ 100 ਕਰੋੜ ਰੁਪਿਆ ਦਿੱਤਾ ਹੈ, ਜਿਸ ਦੀ ਕਿ ਅਸੀਂ ਸ਼ਲਾਘਾ ਕਰਦੇ ਹਾਂ । (ਥੰਪਿੰਗ) ਇਹ ਜੋ ਮੇਰੇ ਵੀਰ ਇਹ ਕਹਿਣ ਕਿ ਤੁਸੀਂ ਪੁਲੀਟੀਕਲਾਈਜ਼ ਕੀਤਾ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ । ਅਸੀਂ ਤਾਂ ਇਹ ਜਾਣਦੇ ਹਾਂ ਕਿ ਉਹ ਧਰਮੀ ਆਦਮੀ ਹਨ ਅਤੇ ਧਰਮ ਦੀ ਕਦਰ ਕਰਦੇ ਹਨ । ਜਿਹੜੇ ਧਰਮੀ ਹਨ ਉਹ ਹਿੰਦੂ, ਮੁਸਲਿਮ, ਸਿੱਖ, ਇਸਾਈ ਵਿਚ ਨਹੀਂ ਪੈਂਦੇ, ਉਹ ਧਰਮ ਨੂੰ ਧਰਮ ਦੀ ਤਰ੍ਹਾਂ ਹੀ ਜਾਣਦੇ ਹਨ ਅਤੇ ਉਸ ਦੀ ਕਦਰ ਕਰਦੇ ਹਨ ।

ਇਥੇ ਮੇਰੇ ਵੀਰ ਨੇ ਕਿਹਾ ਕਿ ਤੁਸੀਂ ਹੁਣ ਧਰਮ ਨੂੰ ਸਿਆਸਤ ਨਾਲ ਰਲਾ ਰਹੇ ਹੋ ਅਤੇ ਧਰਮ ਨੂੰ ਉਤੇ ਕਰ ਰਹੇ ਹੋ ਅਤੇ ਸਿਆਸਤ ਨੂੰ ਥੱਲੇ ਕਰ ਰਹੇ ਹੋ । ਡਿਪਟੀ ਸਪੀਕਰ ਸਾਹਿਬ, ਮੇਰੇ ਇਹ ਵੀਰ ਵੀ ਗੁਰਬਾਣੀ ਪੜ੍ਹਦੇ ਹਨ । ਗੁਰਬਾਣੀ ਵਿਚ ਬੜਾ ਸਾਫ ਲਿਖਿਆ ਹੈ, "ਰਾਜ ਬਿਨਾ ਨਾ ਧਰਮ ਚਲੇ ਹੈ, ਧਰਮ ਬਿਨਾ ਸਭ ਦਲੇਮਲੇ ਹੈ ।" ਇਸੇ ਤਰ੍ਹਾਂ ਔਰੰਗਜ਼ੇਬ ਨੇ ਹਾਥੀ ਖੜ੍ਹਾ ਵੇਖ ਕੇ ਕਿਹਾ ਕਿ "ਮੈਨੂੰ ਇਸ ਦੀ ਲਗਾਮ ਫੜਾ, ਮੈਂ ਸਵਾਰੀ ਕਰਨੀ ਹੈ ।" ਅੱਗੋਂ ਜਵਾਬ ਮਿਲਿਆ ਕਿ ਇਸ ਤੇ ਲਗਾਮ ਨਹੀਂ ਹੁੰਦੀ । ਅੱਗੋਂ ਉਸ ਨੇ ਕਿਹਾ ਕਿ ਇਸ ਤੇ ਮੈਂ ਨਹੀਂ ਬਹਿੰਦਾ । ਜਿਸ ਤੇ ਲਗਾਮ ਨਾ ਹੋਵੇ, ਉਸ ਤੇ ਉਹ ਨਹੀਂ ਬੈਠਿਆ । ਇਸ ਲਈ ਜੇ ਸਿਆਸਤ ਉਤੇ ਧਰਮ ਦੀ ਲਗਾਮ ਨਾ

[ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ]
ਹੋਵੇ ਤਾਂ ਸਿਆਸਤ ਨਹੀਂ ਚਲਦੀ । ਇਨ੍ਹਾਂ ਮੇਰੇ ਵੀਰਾਂ ਨੇ ਸਾਨੂੰ ਬੜਾ ਬਦਨਾਮ ਕੀਤਾ, ਸਾਨੂੰ ਪੂਰਾ ਬਲੈਕ ਪੇਂਟ ਕੀਤਾ, ਸਾਨੂੰ ਅੱਤਵਾਦੀ ਵੱਖਵਾਦੀ ਕਿਹਾ ਪਰ ਇਨ੍ਹਾਂ ਨੂੰ ਵੀ ਅੱਜ ਧਰਮ ਨਾਲ ਜੋੜਨ ਵਾਸਤੇ, ਸਾਰੇ ਦੇਸ਼ ਨੂੰ ਧਰਮ ਨਾਲ ਜੋੜਨ ਵਾਸਤੇ ਮਾਨਯੋਗ ਸ੍ਰੀ ਅਟਲ ਬਿਹਾਰੀ ਵਾਜਪਈ ਨੇ ਹਰ ਸੂਬੇ ਵਿਚ, ਇਕੱਲੇ ਪੰਜਾਬ ਵਿਚ ਨਹੀਂ ਜਿਥੇ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਕੌਮ ਹੈ, ਉਥੇ ਉਥੇ ਹਰ ਸੂਬੇ ਵਿਚ ਹਦਾਇਤ ਭੇਜੀ ਹੈ ਕਿ ਆਪਣੇ ਸੂਬੇ ਵਿਚੋਂ ਚਲ ਕੇ ਇਥੇ ਆਉਣ ਅਤੇ ਖਾਲਸਾ ਸਾਜਨਾ ਦਿਵਸ ਤੇ ਅਕੀਦਤ ਦੇ ਫੁੱਲ ਪੇਸ਼ ਕੀਤੇ ਜਾਣ । ਲੋਕ ਮਥੁਰਾ ਆਉਣ, ਕਾਸ਼ੀ ਆਉਣ, ਹਰਦੁਆਰ ਅਤੇ ਹਜ਼ੂਰ ਸਾਹਿਬ ਆਉਣ ਅਤੇ ਉਥੋਂ ਬੱਸਾਂ ਵਿਚ ਬੈਠ ਕੇ ਲੋਕ ਆਉਣਗੇ ਅਤੇ ਅਗੋਂ ਪੈਦਲ ਆ ਕੇ ਸ਼ਰਧਾ ਦ ਫੁੱਲ, ਆਪਣੀ ਅਕੀਦਤ ਦੇ ਫੁੱਲ ਭੇਂਟ ਕਰਨਗੇ ਅਤੇ ਇਹ ਕਹਿਣਗੇ ਕਿ ਧਰਮ ਦਾ ਜਿਹੜਾ ਰਾਜ ਹੈ, ਇਸ ਦੀ ਲਗਾਮ ਸਿਆਸਤ ਤੇ ਪੂਰੀ ਚਾਹੀਦੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਡਿਪਟੀ ਸਪੀਕਰ ਸਾਹਿਬ, ਅਸੀਂ ਵਾਕ ਆਊਟ ਕਰ ਜਾਂਦੇ ਹਾਂ ਜੀ ।

ਸ੍ਰੀ ਡਿਪਟੀ ਸਪੀਕਰ : ਰਾਜਾ ਸਾਹਿਬ, ਤੁਸੀਂ ਹੁਣ ਐਟਲੀਸਟ ਕਨਕਲੂਡ ਕਰੋ ।

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਜਦ ਕਹੋਗੇ ਮੈਂ ਬੰਦ ਕਰ ਦੇਵਾਂਗਾ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਥੋੜ੍ਹਾ ਸ਼ਾਰਟ ਕਰ ਲਓ । ਇਹ ਮੇਰੀ ਰਿਕੁਐਸਟ ਹੈ ।

ਜਨ ਸਿਹਤ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ : ਵੈਸੇ ਸ਼ਾਇਰ ਦਾ ਮੂੰਹ ਛੇਤੀ ਬੰਦ ਨਹੀਂ ਹੁੰਦਾ । 1947 ਤੋਂ ਬਾਅਦ ਇਕ ਬਜ਼ੁਰਗ ਸ਼ਾਇਰ ਜਦੋਂ ਇਧਰ ਆਏ ਤਾਂ ਗੁਰਦੁਆਰੇ ਗਏ ਅਤੇ ਗੁਰਦੁਆਰੇ ਦੀ ਸੇਵਾ ਕਰਨ ਲਗੇ । ਫੇਰ ਮੰਦਰ ਗਏ ਅਤੇ ਮੰਦਰ ਦੀ ਸੇਵਾ ਕਰਨ ਲਗੇ । ਫੇਰ ਜਦੋਂ ਮਸਜਿਦ ਵਿਚ ਗਏ ਤਾਂ ਮਸਜਿਦ ਵਿਚ ਕੋਈ-ਵੀ ਨਹੀਂ ਸੀ ਅਤੇ ਨਾ ਕਿਸੇ ਨੇ ਸੇਵਾ ਕੀਤੀ ਸੀ । ਫਿਰ ਵੀ ਕਹਿਣ ਲਗੇ ਕਿ "ਦਿਲ ਖੁਸ਼ ਹੂਆ ਮਸਜਿਦ-ਏ-ਵੀਰਾਂ ਕੋ ਦੇਖ ਕਰ, ਮੇਰੀ ਤਰ੍ਹਾਂ ਖੁਦਾ ਕਾ ਭੀ ਖਾਨਾ ਖਰਾਬ ਹੈ ।" ਸੋ, ਡਿਪਟੀ ਸਪੀਕਰ ਸਾਹਿਬ, ਭਗਵਾਨ ਦੇ ਖਿਲਾਫ ਬੋਲਣਾ, ਸ਼ਹੀਦਾਂ ਦੇ ਖਿਲਾਫ ਬੋਲਣਾ ਸ਼ੋਭਾ ਨਹੀਂ ਦੇਂਦਾ । ਇਹ ਬਹੁਤ ਮੁਤਬੱਰਕ ਲੋਕ ਹਨ । ਇਹ ਉਨ੍ਹਾਂ ਦੇ ਖਿਲਾਫ ਹੀ ਕਹੀ ਜਾਂਦੇ ਹਨ । ਮੈਂ ਪਰਮਾਤਮਾ ਅੱਗੇ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਸੁਮੱਤ ਬਖਸ਼ੇ ਅਤੇ ਇਹ ਹਰ ਗੱਲ ਨੂੰ ਪੁਲੀਟੀਕਲਾਈਜ਼ ਨਾ ਕਰਿਆ ਕਰਨ ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਇਸ ਗੱਲ ਦਾ ਪੂਰਾ ਖਿਆਲ ਰੱਖਾਂਗਾ ਕਿ ਇਸ ਰੈਜ਼ੋਲਿਊਸ਼ਨ ਦੇ ਬਾਰੇ ਜੋ ਮੇਰੇ ਸਾਥੀ ਨੇ ਪੇਸ਼ ਕੀਤਾ ਹੈ, ਇਹ ਸਦਨ ਕੋਈ ਨਾ ਕੋਈ ਡਿਸੀਜ਼ਨ ਲਵੇ ਅਤੇ

ਮੈਂ 4-5 ਮਿੰਟ ਪਹਿਲਾਂ ਹੀ ਆਪਣੀ ਗੱਲ ਖਤਮ ਕਰ ਦੇਵਾਂਗਾ। ਸਾਰਿਆਂ ਤੋਂ ਪਹਿਲਾਂ ਮੈਨੂੰ ਇਹ ਤਾਂ ਪਤਾ ਹੈ ਕਿ ਜੇ ਕਿਸੇ ਨਵੇਂ ਸਾਥੀ ਨੂੰ ਸ਼ਾਇਦ ਨਾ ਪਤਾ ਹੋਵੇ, ਪਰ ਪੁਰਾਣੇ ਸਾਥਿਆਂ ਨੂੰ ਪਤਾ ਹੈ ਕਿ ਕੋਈ ਵੀ ਮਤਾ ਚੁਣ ਕੇ ਕਿਸੇ ਮੈਂਬਰ ਦੀ ਮਰਜ਼ੀ ਨਾਲ ਪਰੀ ਪਲੈਨਡ ਇਸ ਸਦਨ ਵਿਚ ਨਹੀਂ ਆਉਂਦਾ। ਇਹ ਕਿਸੇ ਵੀ ਮੈਂਬਰ ਦੀ ਮਰਜ਼ੀ ਤੇ ਨਿਰਭਰ ਨਹੀਂ ਕਰਦਾ ਅਤੇ ਵਿਧਾਨ ਸਭਾ ਦਾ ਇਸ ਬਾਰੇ ਇਕ ਸੈਟ ਸਿਸਟਮ ਹੈ। ਅਸੀਂ ਵੀ ਦਰਜਨਾਂ ਰੇਜ਼ੋਲਿਊਸ਼ਨ ਨਾਨ-ਆਫੀਸ਼ੀਅਲ ਆਪਣੇ ਵਲੋਂ ਦੇ ਦੇਂਦੇ ਹਾਂ ਪਰ ਜੋ ਕਿਸੇ ਮੈਂਬਰ ਦਾ ਡਿਊ ਡੇਅ ਤੇ ਬਣਦਾ ਹੈ ਉਹ ਬੈਲਟ ਹੋ ਜਾਂਦਾ ਹੈ ਅਤੇ ਜਿਸ ਦਾ ਵੀ ਚੁਣਿਆ ਜਾਵੇ ਉਹ ਬਿਜ਼ਨੈਸ ਵਿਚ ਆ ਜਾਂਦਾ ਹੈ ਅਤੇ ਫੇਰ ਜੇ ਇਕ ਨੰਬਰ ਵਾਲਾ ਮੈਂਬਰ ਮੂਵ ਨਹੀਂ ਕਰਦਾ ਤਾਂ ਸੈਕੰਡ ਰੇਜ਼ੋਲਿਊਸ਼ਨ ਮੂਵ ਹੋ ਜਾਂਦਾ ਹੈ। ਇਕ ਤਾਂ ਮੈਂ ਇਹ ਜਾਣਕਾਰੀ ਦੇ ਤੌਰ ਤੇ ਦੱਸਣਾ ਚਾਹੁੰਦਾ ਹਾਂ ਕਿਉਂਕਿ ਇਥੇ ਇਹ ਵੀ ਕਿਹਾ ਗਿਆ ਕਿ ਇਹ ਪਰੀ ਪਲੈਨਡ, ਯੋਜਨਾ-ਬੱਧ ਤਰੀਕੇ ਨਾਲ ਆਇਆ ਹੈ। ਪਹਿਲਾਂ ਕਿਉਂ ਨਹੀਂ ਆਇਆ? ਹੁਣ ਕਿਉਂ ਲਿਆਂਦਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਜੇ ਕਿਸੇ ਮਾਨਯੋਗ ਮੈਂਬਰ ਦੀ ਇਸ ਬਾਰੇ ਜਾਣਕਾਰੀ ਥੋੜ੍ਹੀ ਹੈ ਤਾਂ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਮੈਂ ਰਾਜਾ ਸਾਹਿਬ ਦੇ ਇਨ੍ਹਾਂ ਸ਼ਬਦਾਂ ਨਾਲ ਸਹਿਮਤ ਹਾਂ ਕਿ ਜੋ ਸ਼ਹੀਦ ਹਨ . ਸ਼ਹੀਦ ਸਮੁੱਚੇ ਦੇਸ਼ ਦਾ, ਸਮੁੱਚੀ ਕੌਮ ਦਾ ਸਰਮਾਇਆ ਹੁੰਦੇ ਹਨ ਜਿਸ ਵੇਲੇ ਕੋਈ ਦੇਸ਼ ਦੀ ਖ਼ਾਤਰ ਸ਼ਹੀਦ ਹੋ ਗਿਆ ਤਾਂ ਉਹ ਸਮੁੱਚੇ ਦੇਸ਼ ਦੀ ਸੰਪਤੀ ਬਣ ਗਿਆ, ਉਹ ਕਿਸੇ ਵਿਸ਼ੇਸ਼ ਪਾਰਟੀ ਦਾ ਨਹੀਂ ਰਹਿ ਜਾਂਦਾ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਲੇਕਿਨ ਬਹਿਸ ਦਾ ਜੋ ਪੱਧਰ ਬਣਾ ਦਿੱਤਾ ਗਿਆ, ਉਸ ਨਾਲ ਮੈਂ ਸਹਿਮਤ ਨਹੀਂ ਹਾਂ। ਜਿੰਨੀ ਕਿਸ ਦੀ ਜਾਂ ਮੇਰੀ ਜਿੰਨੀ ਕੁ ਸਮਝ ਹੈ, ਬੁੱਧੀ ਹੈ, ਅਕਲ ਹੈ, ਮੈਂ ਤਾਂ ਉਸ ਦੇ ਮੁਤਾਬਿਕ ਹੀ ਗੱਲ ਕਰਾਂਗਾ। ਮੈਂ ਜਾਂ ਕੋਈ ਹੋਰ ਪ੍ਰੌੜ੍ਹ ਬੁੱਧੀ ਬਣਾ ਕੇ ਆਪਣੀ ਗੱਲ ਨੂੰ ਪੇਸ਼ ਕਰਾਂ, ਜਿਸ ਕਰਕੇ ਇਸ ਦੀ ਤਾਂ ਆਸ ਨਹੀਂ ਕੀਤੀ ਜਾ ਸਕਦੀ। ਗੱਲ ਤਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਹੋ ਰਹੀ ਸੀ ਪਰ ਇਥੇ ਤਾਂ ਪਾਰਟੀਆਂ ਦਾ ਕਰੈਕਟਰ ਅਨੈਲੇਸਿਸ ਕਰ ਦਿੱਤਾ ਗਿਆ ਹੈ। ਇਥੇ ਪੁਲੀਟੀਕਲ ਪਾਰਟੀਆਂ ਦੀ ਗੱਲ ਨਹੀਂ ਚੱਲ ਰਹੀ ਕਿ ਉਨ੍ਹਾਂ ਦਾ ਆਪਾਂ ਕਰੈਕਟਰ ਅਨੈਲੇਸਿਸ ਕਰੀਏ। ਅਗਰ ਐਸਾ ਹੀ ਕਰਨਾ ਹੈ ਤਾਂ ਉਹ ਵੀ ਹੋ ਜਾਵੇਗਾ, ਕੋਈ ਸਮਾਂ ਰੱਖ ਲਵੋ ਅਗਰ ਕੋਈ ਰੂਲ ਇਸ ਦੀ ਇਜਾਜ਼ਤ ਦਿੰਦੇ ਹਨ ਜਾਂ ਫਿਰ ਕਿਸੇ ਹੋਰ ਸਟੇਜ ਤੇ ਇਹ ਪ੍ਰੋਗਰਾਮ ਰੱਖ ਲਵੋ ਕਿ ਕਿਸ ਕਿਸ ਪਾਰਟੀ ਦਾ ਕੀ ਕੀ ਰੋਲ ਰਿਹਾ ਹੈ। ਫਿਰ ਆਪਾਂ ਉਹ ਗੱਲ ਵੀ ਕਰ ਲਵਾਂਗੇ। ਕਿਸੇ ਦੀ ਕੋਈ ਪਰਸਨਲ ਸਮਝ ਹੋ ਸਕਦੀ ਹੈ, ਉਸ ਦੇ ਬਾਰੇ ਕਲੈਰੀਫਿਕੇਸ਼ਨ ਦੇਣ ਦੀ ਕੀ ਲੋੜ ਹੈ। ਖਾਸ ਕਰਕੇ ਟਰੈਜ਼ਰੀ ਬੈਂਚਾਂ ਵੱਲੋਂ ਜੋ ਕੁਝ ਕਿਹਾ ਗਿਆ ਹੈ, ਉਸ ਦਾ ਮੈਨੂੰ ਬਹੁਤ ਦੁੱਖ ਹੈ। ਕਦੀ ਕਿਹਾ ਗਿਆ ਕਿ ਇਸ ਰੇਜ਼ੋਲਿਊਸ਼ਨ ਦੀ ਭਾਵਨਾ ਤਾਂ ਠੀਕ ਹੈ ਲੇਕਿਨ ਸਮਾਂ ਠੀਕ ਨਹੀਂ ਹੈ। ਟਰੈਜ਼ਰੀ ਬੈਂਚਾਂ ਵੱਲੋਂ ਕੁਲੈਕਟਿਵ ਡਿਸੀਜ਼ਨ ਕੋਈ ਨਹੀਂ ਹੈ। ਕਈਆਂ ਨੇ ਸਖਤ ਸ਼ਬਦਾਂ ਦੇ ਵਿਚ ਇਸ ਰੇਜ਼ੋਲਿਊਸ਼ਨ ਦੀ ਵਿਰੋਧਤਾ ਕੀਤੀ ਹੈ ਅਤੇ ਕਈਆਂ ਨੇ ਇਹ ਕਿਹਾ ਹੈ ਕਿ ਐਸੇ ਮੌਕੇ ਜਦ ਕਿ ਅਸੀਂ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

300 ਸਾਲਾ ਸ਼ਤਾਬਦੀ ਮਨਾ ਰਹੇ ਹਾਂ ਖਾਲਸਾ ਸਾਜਨਾ ਦਿਵਸ ਦੀ, ਇਹੋ ਜਿਹੇ ਰੈਜ਼ੋਲਿਊਸ਼ਨ ਦੀ ਆਸ ਨਹੀਂ ਕੀਤੀ ਜਾ ਸਕਦੀ। ਇਹ ਠੀਕ ਹੈ ਕਿ ਕਈ ਗੱਲਾਂ ਵਿਚ ਮੱਤ-ਭੇਦ ਹੋ ਸਕਦੇ ਹਨ ਪਰ ਉਸ ਦੇ ਵਿਚ ਸੁਝਾਓ ਵੀ ਹੋ ਸਕਦੇ ਹਨ। ਤੁਸੀਂ ਸਾਨੂੰ ਪੁਲੀਟੀਕਲ ਪਾਰਟੀਆਂ ਦੀਆਂ ਮੀਟਿੰਗਾਂ ਵਿਚ ਬੁਲਾਇਆ ਅਤੇ ਅਸੀਂ ਆਏ। ਅਸੀਂ ਇਹ ਤਾਂ ਨਹੀਂ ਕਿਹਾ ਕਿ ਇਹ 300 ਸਾਲਾ ਸ਼ਤਾਬਦੀ ਨਹੀਂ ਮਨਾਈ ਜਾਣੀ ਚਾਹੀਦੀ। ਅਸੀਂ ਤਾਂ ਸਗੋਂ ਇਕ ਹੋਰ ਰੈਜ਼ੋਲਿਊਸ਼ਨ ਪਾਇਆ ਅਤੇ ਏਜੰਡੇ ਵਿਚ ਸੋਧ ਕੀਤੀ ਕਿ ਇਸ ਵਿਚ ਇਹ ਗੱਲਾਂ ਹੋਣੀਆਂ ਚਾਹੀਦੀਆਂ ਹਨ। ਜੇ ਤੁਸੀਂ ਇਹ ਕਹੋ ਕਿ ਇਹ ਤਾਂ ਪੈਰੇਲਿਲ ਗੱਲਾਂ ਕਰ ਰਹੇ ਹਨ ਤਾਂ ਫਿਰ ਇਹ ਜਾਣ-ਬੁਝ ਕੇ ਸਾਨੂੰ ਭਜਾਉਣ ਵਾਲੀ ਗੱਲ ਹੈ। ਬੋਲਣ ਵਾਲਿਆਂ ਨੇ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਕਿੰਨਾ ਕੁ ਡੀਪ ਜਾਇਆ ਜਾ ਸਕਦਾ ਹੈ ਲੇਕਿਨ ਜਿਹੜੀ ਸਹਿਮਤੀ ਸਾਡੇ ਤੁਹਾਡੇ ਵਿਚਕਾਰ ਬਣ ਸਕਦੀ ਹੈ, ਉਸ ਸਹਿਮਤੀ ਨੂੰ ਟੁੱਟਣ ਨਹੀਂ ਦੇਣਾ ਚਾਹੀਦਾ। ਅਸੀਂ ਇਹ ਸਹਿਮਤੀ ਬਣਾਈ ਰੱਖਣਾ ਚਾਹੁੰਦੇ ਹਾਂ, ਕਿਉਂਕਿ ਪੰਜਾਬ ਦੇ ਵਾਤਾਵਰਨ ਨੂੰ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਵੀ ਨਾਲੋਂ ਨਾਲ ਹੋ ਰਹੀਆਂ ਹਨ। ਤੁਸੀਂ ਰਾਜਾ ਸਾਹਿਬ ਜੀ ਇਹ ਗੱਲ, ਕਹਿ ਕੇ ਸਾਡਾ ਠੀਕ ਮੁੱਲ ਪਾਇਆ ਹੈ ਕਿ ਕਮਿਊਨਿਸਟਾਂ ਨੇ ਅੱਤਵਾਦ ਤੇ ਵੱਖਵਾਦ ਵਿਰੁੱਧ ਕਲੀਅਰ-ਕੱਟ ਸਟੈਂਡ ਲਿਆ ਹੈ। ਅਸੀਂ ਪੰਜਾਬੀਆਂ ਨੇ ਤਾਂ ਪਹਿਲਾਂ ਹੀ ਬੜਾ ਨੁਕਸਾਨ ਝੱਲਿਆ ਹੈ। ਅਸੀਂ ਹੋਰ ਨੁਕਸਾਨ ਨਹੀਂ ਕਰਾਉਣਾ ਚਾਹੁੰਦੇ। ਅਸੀਂ ਤਾਂ ਪਹਿਲਾਂ ਹੋਏ ਨੁਕਸਾਨ ਦਾ ਹੀ ਖੱਪਾ ਪੂਰਾ ਨਹੀਂ ਕਰ ਸਕਦੇ। ਅਸੀਂ ਬਿਲਕੁਲ ਨਹੀਂ ਚਾਹੁੰਦੇ ਕਿ ਪੰਜਾਬ ਦੇ ਵਿਚ ਉਹ ਪੁਰਾਣੇ ਕਾਲੇ ਬੱਦਲ ਫਿਰ ਛਾ ਜਾਣ। ਅਸੀਂ ਤਾਂ ਉਨ੍ਹਾਂ ਹਾਲਾਤ ਨੂੰ ਰੋਕਣ ਵਾਸਤੇ ਪੁਰਜ਼ੋਰ ਯਤਨ ਕਰਾਂਗੇ। ਸਾਡੇ ਤੁਹਾਡੇ ਨਾਲ ਪੁਲੀਟੀਕਲ ਡਿਫਰੈਂਸਿਜ਼ ਹੋ ਸਕਦੇ ਹਨ, ਲੇਕਿਨ ਇਸ ਮਾਮਲੇ ਵਿਚ ਅਸੀਂ ਤੁਹਾਡੇ ਨਾਲ ਖੜਾਂਗੇ ਕਿਉਂਕਿ ਇਸ ਦੇ ਵਿਚ ਇੰਟਰੈਸਟ ਸਮੁੱਚੇ ਪੰਜਾਬ ਦਾ ਹੈ ਬਲਕਿ ਸਮੁੱਚੀ ਨੇਸ਼ਨ ਦਾ ਹੈ। ਇਸ ਕਰਕੇ ਇਸ ਤਰ੍ਹਾਂ ਦੀਆਂ ਚੋਭਵੀਆਂ ਗੱਲਾਂ ਕਰਕੇ ਸਾਨੂੰ ਭਜਾਉਣ ਦੀ ਕੋਸ਼ਿਸ਼ ਨਾ ਕਰੋ। ਜਿਹੜੀ ਚੰਗੀ ਗੱਲ ਹੋ ਸਕਦੀ ਹੈ, ਉਹੀ ਕਰਨ ਦਾ ਫਾਇਦਾ ਹੈ। ਕਿਸੇ ਦਾ 300 ਸ਼ਤਾਬਦੀ ਨਾਲ ਮੁਕਾਬਲਾ ਨਹੀਂ ਹੈ। ਇਹ ਤਾਂ ਬੜੇ ਵੱਡੇ ਜਸ਼ਨ ਹਨ ਜੋ ਅਸੀਂ ਤੀਸਰੀ ਸ਼ਤਾਬਦੀ ਮਨਾ ਰਹੇ ਹਾਂ। ਪਰ ਇਥੇ ਤਾਂ ਸ਼ਹੀਦ-ਏ-ਆਜ਼ਮ ਦਾ ਸੁਝਾਓ ਆਇਆ ਹੈ। ਇਥੇ ਪਾਰਲੀਮੈਂਟਰੀ ਮਨਿਸਟਰ ਦੀ ਪਾਰਟੀ ਦੇ ਕੁਝ ਸਾਥੀਆਂ ਵਲੋਂ ਕੁਝ ਚੁਭਵੀਆਂ ਗੱਲਾਂ ਕਹੀਆਂ ਹਨ। ਕਿਹਾ ਗਿਆ ਕਿ ਰੈਜ਼ੋਲਿਊਸ਼ਨ ਤਾਂ ਚੰਗਾ ਹੈ ਪਰ ਨੀਅਤ ਮਾੜੀ ਹੈ। ਇਸ ਗੱਲ ਦਾ ਉੱਤਰ ਜੇ ਮੈਂ ਇਸ ਗੱਲ ਨਾਲ ਦਿਆਂ ਕਿ ਇਹੋ ਜਿਹੀਆਂ ਗੱਲਾਂ ਉਸ ਪਾਰਟੀ ਦੇ ਸਾਥੀਆਂ ਵੱਲੋਂ ਨਹੀਂ ਜਚਦੀਆਂ ਜਿਨ੍ਹਾਂ ਦਾ ਜਨਮ ਹੀ ਆਜ਼ਾਦੀ ਤੋਂ ਬਾਅਦ ਹੋਇਆ ਹੈ ਅਤੇ ਜਿਨ੍ਹਾਂ ਨੇ ਆਜ਼ਾਦੀ ਅੰਦੋਲਨ ਦਾ ਸੇਕ ਕਦੀ ਹੰਢਾਇਆ ਹੀ ਨਹੀਂ। ਜਿਨ੍ਹਾਂ ਲੋਕਾਂ ਨੇ ਇਸ ਦੇਸ਼ ਦੀ ਖਾਤਰ ਕੁਰਬਾਨੀਆਂ ਕੀਤੀਆਂ ਹਨ, ਜੇ ਤੁਸੀਂ ਉਨ੍ਹਾਂ ਦੀ ਨੀਅਤ ਪਰਖੋਗੇ ਤਾਂ ਇਹ ਦਿਲ ਦੁਖਾਉਣ ਵਾਲੀ ਗੱਲ ਹੋਵੇਗੀ। ਇਥੇ ਸਾਨੂੰ ਅੰਗਰੇਜ਼ਾਂ ਦਾ ਸਾਥ ਦੇਣ ਦੀਆਂ ਗੱਲਾਂ ਵੀ ਕਹੀਆਂ ਗਈਆਂ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਮੋਰਚਿਆਂ

ਦਾ ਇਤਿਹਾਸ ਸੋਹਣ ਸਿੰਘ ਜੋਸ਼ ਨੇ ਲਿਖਿਆ ਹੈ । ਅਕਾਲੀ ਮੋਰਚਿਆਂ ਦਾ ਸਭ ਤੋਂ ਜ਼ਿਆਦਾ ਅਥੈਂਟਿਕ ਇਤਿਹਾਸ ਜੇ ਕੋਈ ਹੈ, ਤਾਂ ਉਹ ਸੋਹਣ ਸਿੰਘ ਜੋਸ਼ ਦਾ ਹੈ ਜੋ ਕਿ ਟਾਪ ਦਾ ਕਮਿਊਨਿਸਟ ਸੀ । ਇਸੇ ਤਰ੍ਹਾਂ ਅੰਗਰੇਜ਼ਾਂ ਦੇ ਖਿਲਾਫ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਵਾਲਿਆਂ ਵਿਚੋਂ ਤੇਜਾ ਸਿੰਘ ਸੁਤੰਤਰ ਸਭ ਤੋਂ ਮੋਢੀ ਸੀ । ਉਨ੍ਹਾਂ ਦਾ ਪਹਿਲਾ ਨਾਮ ਸਮੁੰਦਰੀ ਸੀ ਪਰ ਅੰਗਰੇਜ਼ਾਂ ਤੋਂ ਤੇਜਾ ਪਿੰਡ ਦਾ ਗੁਰਦੁਆਰਾ ਆਜ਼ਾਦ ਕਰਾਉਣ ਉਪਰੰਤ ਉਨ੍ਹਾਂ ਦਾ ਨਾਮ ਤੇਜਾ ਸਿੰਘ ਸੁਤੰਤਰ ਰੱਖਿਆ ਗਿਆ ਹੈ । ਉਹ ਵੀ ਕਮਿਊਨਿਸਟ ਸੀ । ਉਸ ਨੇ ਅੰਗਰੇਜ਼ਾਂ ਦੇ ਖਿਲਾਫ ਲੜਾਈ ਲੜੀ ਕਿਉਂਕਿ ਉਸ ਵੇਲੇ ਗੁਰਦੁਆਰਿਆਂ ਤੇ ਅੰਗਰੇਜ਼ਾਂ ਦੇ ਪਿੱਠੂਆਂ ਦਾ ਕਬਜ਼ਾ ਸੀ । ਉਨ੍ਹਾਂ ਗੁਰਦੁਆਰਿਆਂ ਦਾ ਕਬਜ਼ਾ ਛੁਡਾਉਣਾ ਇਨਡਾਇਰੈਕਟ ਤੌਰ ਤੇ ਬ੍ਰਿਟਿਸ਼ ਸਾਮਰਾਜ ਦੇ ਖਿਲਾਫ ਲੜਾਈ ਸੀ । ਉਹ ਟਾਪ ਦੇ ਕਮਿਊਨਿਸਟ ਸਨ । ਉਹ 15 ਸਾਲ ਅੰਡਰਗਰਾਊਂਡ ਵੀ ਰਹੇ । ਗਦਰੀ ਬਾਬਾ ਗੁਰਮੁੱਖ ਸਿੰਘ ਮੁਸਾਫਿਰ 28 ਸਾਲ ਕੈਦ ਵਿਚ ਰਹੇ । ਉਹ ਵੀ ਪਹਿਲਾਂ ਕਮਿਊਨਿਸਟ ਸਨ । ਪੰਡਿਤ ਕਿਸ਼ੋਰੀ ਲਾਲ, ਰਾਮ ਸੁੱਖ ਮੈਂ ਕਿੰਨਿਆਂ ਦੇ ਨਾਂ ਗਿਣਵਾਵਾਂ ਜੋ ਭਗਤ ਸਿੰਘ ਦੇ ਸਾਥੀ ਰਹੇ ਅਸੀਂ ਕੋਈ ਇਹ ਭਾਵਨਾ ਤੁਹਾਡੇ ਸਾਹਮਣੇ ਨਹੀਂ ਲਿਆਉਣਾ ਚਾਹੁੰਦੇ ਜਿਵੇਂ ਕਿਸੇ ਨੇ ਕਹਿ ਦਿੱਤਾ ਕਿ ਉਥੇ ਬੁੱਤ ਖੜੇ ਕੀਤੇਜਾਣਗੇ..

ਜੰਗਲਾਤ, ਕਾਨੂੰਨੀ ਅਤੇ ਵਿਧਾਨਿਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਸਬੰਧੀ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਤੇ ਕੇਵਲ ਇਕ ਕਲੈਰੀਫਿਕੇਸ਼ਨ ਇਸ ਰੈਜ਼ੋਲਿਊਸ਼ਨ ਤੇ ਕਮਿਊਨਿਸਟ ਭਰਾਵਾਂ ਤੋਂ ਲੈਣਾ ਚਾਹੁੰਦਾ ਹਾਂ । ਉਹ ਮੁਹਤਰਮ ਸ਼ਹੀਦ ਭਗਤ ਸਿੰਘ ਜੀ ਦੇ ਸਮਾਰਕ ਬਣਾਉਣ ਬਾਰੇ, ਬਲਾਕ ਪੱਧਰ ਤੇ ਭਵਨ ਉਸਾਰਨ ਬਾਰੇ ਕਹਿ ਰਹੇ ਹਨ । ਜੇਕਰ ਭਵਨ ਬਣਦੇ ਹਨ ਤਾਂ ਫਿਰ ਉਥੇ ਬੁੱਤ ਵੀ ਲਗੇਗਾ ਅਤੇ ਕਮਿਊਨਿਸਟਾਂ ਦੀ ਇਹ ਥਿਊਰੀ ਹੈ ਕਿ ਬੁੱਤ ਪ੍ਰਸਤੀ ਨਹੀਂ ਹੋਣੀ ਚਾਹੀਦੀ । ਇਸ ਨਾਲ ਫਿਰ ਕਮਿਊ-ਨਿਸਟਾਂ ਤੇ ਬੁੱਤ-ਪ੍ਰਸਤੀ ਦਾ ਇਲਜ਼ਾਮ ਲਗ ਜਾਵੇਗਾ । ਇਸ ਕਰਕੇ ਅਸੀਂ ਕਿਹਾ ਹੈ ਕਿ ਆਪਣੀ ਨੀਅਤ ਦੇਖ ਲਵੋ । ਸਾਨੂੰ ਤਾਂ ਕੋਈ ਗੱਲ ਨਹੀਂ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਬੜੀ ਮਿਹਰਬਾਨੀ । ਸਾਨੂੰ ਵੀ ਪਤਾ ਲੱਗਾ ਕਿ ਮਾਸਟਰ ਮੋਹਨ ਲਾਲ ਜੀ ਕਮਿਊਨਿਸਟ ਵੀ ਹਨ ਅਸੀਂ ਵੀ ਤੁਹਾਡੇ ਕੋਲ ਪੜ੍ਹਨ ਆ ਜਾਵਾਂਗੇ । ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜੇਕਰ ਆਪਾਂ ਇਕੱਲੀਆਂ ਬਿਲਡਿੰਗਾਂ ਖੜ੍ਹੀਆਂ ਕਰ ਲਈਏ ਤਾਂ ਕੋਈ ਪਰੱਪਜ਼ ਹੱਲ ਨਹੀਂ ਹੋਣਾ । ਮੈਂ ਬਲਕਿ ਇਸ ਵਿਚ ਅਮੈਂਡਮੈਂਟ ਨੂੰ ਤਿਆਰ ਸੀ ਕਿ ਪੰਜਾਬ ਦੀ ਫਾਈਨੈਂਸ਼ੀਅਲ ਪੁਜ਼ੀਸ਼ਨ ਜਿਵੇਂ ਕਿ ਮੈਡਮ ਜੀ ਨੇ ਕਿਹਾ ਹੈ ਕਿ ਸਰਕਾਰ ਕੋਲ ਤਾਂ ਤਨਖਾਹਾਂ ਦੇਣ ਵਾਸਤੇ ਵੀ ਪੈਸੇ ਨਹੀਂ ਹਨ. ਭਵਨਾਂ ਦੀ ਉਸਾਰੀ ਵਾਸਤੇ ਪੈਸੇ ਕਿੱਥੋਂ ਆਉਣਗੇ ! ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਅਸੀਂ ਇਸ ਦੇ ਵਿਚ ਅਮੈਂਡਮੈਂਟ ਵੀ ਕਰ ਸਕਦੇ ਹਾਂ । ਦੂਸਰੀ ਗੱਲ ਇਹ ਕਿ ਇਹ ਤਾਂ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਹੈ ਅਤੇ ਇਹ ਕੋਈ ਸਰਕਾਰ ਵਾਸਤੇ ਮੈਨਡੇਟਰੀ ਨਹੀਂ ਹੈ ਪਾਸ ਹੋਣ ਨਾਲ ਸਰਕਾਰ ਦੀ ਕੇਵਲ ਇਖਲਾਕੀ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜ਼ਿੰਮੇਂਵਾਰੀ ਬਣ ਜਾਂਦੀ ਹੈ । ਜਦੋਂ ਵੀ ਸਾਲ, ਦੋ ਸਾਲ ਬਾਅਦ ਜਿਸ ਵੇਲੇ ਸਰਕਾਰ ਦੇ ਸੋਰਸਿਜ਼ ਚੰਗੇ ਹੋਣ, ਉਸ ਵੇਲੇ ਇਸ ਨੂੰ ਇੰਪਲੀਮੈਂਟ ਕੀਤਾ ਜਾ ਸਕਦਾ ਹੈ । ਇਹ ਕੋਈ ਬਿੱਲ ਤਾਂ ਅਸੀਂ ਪਾਸ ਨਹੀਂ ਕਰਨ ਲੱਗੇ ਕਿ ਇਹ ਐਕਟ ਬਣ ਜਾਣਾ ਹੈ । ਇਸ ਤਰ੍ਹਾਂ ਦੀ ਬੰਦਸ਼ ਦਾ ਸਾਡਾ ਕੋਈ ਮਕਸਦ ਵੀ ਨਹੀਂ ਹੈ । ਸ਼ਹੀਦ ਭਗਤ ਸਿੰਘ ਦੇ ਨਾਂ ਤੇ ਜਾਂ ਕਿਸੇ ਦੂਸਰੇ ਸ਼ਹੀਦ ਦੇ ਨਾਂ ਤੇ ਬਿਲਡਿੰਗਾਂ ਖੜ੍ਹੀਆਂ ਕਰਨੀਆਂ, ਇਸ ਨਾਲ ਅਸੀਂ ਕਿਸੇ ਸ਼ਹੀਦ ਦੇ ਸਨਮਾਨ ਨੂੰ ਘਟਾਉਣ ਵਾਲੀ ਗੱਲ ਨਹੀਂ ਕਰਨਾ ਚਾਹੁੰਦੇ । ਜਿਨ੍ਹਾਂ ਵੀ ਸ਼ਹੀਦਾਂ ਨੇ ਸਾਡੇ ਰਾਜ, ਸਮਾਜ ਤੇ ਦੇਸ਼ ਵਾਸਤੇ, ਅਜ਼ਾਦੀ ਵਾਸਤੇ ਯੋਗਦਾਨ ਪਾਇਆ, ਉਨ੍ਹਾਂ ਸਾਰਿਆਂ ਸ਼ਹੀਦਾਂ ਦੇ ਮਾਣ ਵਿਚ ਸਾਡਾ ਸਿਰ ਝੁੱਕਦਾ ਹੈ । ਸਾਡਾ ਤਾਂ ਕੇਵਲ ਮਕਸਦ ਇਤਨਾ ਸੀ ਕਿ ਸਰਦਾਰ ਭਗਤ ਦੀ ਵਾਰਸ ਨੌਜਵਾਨ ਪੀੜੀ ਹੈ । ਅੱਜ ਨੌਜਵਾਨ ਜਿਸ ਤਰ੍ਹਾਂ ਨਿਘਾਰ ਵਾਲੇ ਪਾਸੇ ਜਾ ਰਹੇ ਹਨ, ਨਸ਼ਿਆਂ ਵਿਚ ਧਸਦੇ ਜਾ ਰਹੇ ਹਨ, ਇਹ ਇਕ ਬੜਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ । ਸਾਡੇ ਰੂਰਲ ਏਰੀਏ ਦੇ ਸਕੂਲਾਂ ਦੇ ਵਿਚ ਵਿਦਿਆਰਥੀ ਵੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਰਹੇ ਹਨ । ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਜਿਹੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਰਹੇ ਹਨ ਜਿਨ੍ਹਾਂ ਬਾਰੇ ਅਸੀਂ ਕਦੀ ਸੋਚ ਵੀ ਨਹੀਂ ਸਕਦੇ । ਆਖਿਰ ਅਸੀਂ ਕਿਸੇ ਨੂੰ ਤਾਂ ਦੇਸ਼ ਸੌਂਪ ਕੇ ਜਾਣਾ ਹੈ ਕਿ ਨਹੀਂ ਜਾਣਾ । ਕੀ ਅਸੀਂ ਸਾਰੇ ਨਿਘਾਰ ਵਾਲੇ ਪਾਸੇ ਨੂੰ ਤੁਰੀ ਜਾਵਾਂਗੇ ? ਇਨ੍ਹਾਂ ਵਾਸਤੇ ਸਾਨੂੰ ਰਲ ਕੇ ਯਤਨ ਕਰਨੇ ਚਾਹੀਦੇ ਹਨ ਅਤੇ ਇਹ ਵੀ ਇਕ ਉਨ੍ਹਾਂ ਯਤਨਾਂ ਦਾ ਹੀ ਹਿੱਸਾ ਹੈ । ਅਸੀਂ ਇਸ ਤਰ੍ਹਾਂ ਦੀ ਭਾਵਨਾ ਪੈਦਾ ਕਰੀਏ ਕਿ ਉਨ੍ਹਾਂ ਭਵਨਾਂ ਦੇ ਵਿਚ ਬੜੀ ਵੱਡੀ ਲਾਇਬ੍ਰੇਰੀ ਹੋਵੇ ਜਿਸ ਵਿਚ ਅੱਛੀ ਕਿਸਮ ਦੀਆਂ ਪੁਸਤਕਾਂ ਅਤੇ ਮਹਾਨ ਲਿਟਰੇਚਰ ਹੋਵੇ, ਉਥੇ ਚੰਗੇ ਕਾਨਫਰੰਸ ਹਾਲ ਹੋਣ ਜਿਸ ਦੇ ਵਿਚ ਵਰਤਮਾਨ ਸਮੇਂ ਵਿਚ ਕਰਾਈਸਿਜ਼ ਵਿਚ ਨੌਜਵਾਨ ਪੀੜੀ ਸਾਹਮਣੇ ਕੀ ਕੰਮ ਹੋਣ, ਉਨ੍ਹਾਂ ਵਿਸ਼ਿਆਂ ਤੇ ਸੈਮੀਨਾਰ ਕਰਵਾਏ ਜਾ ਸਕਦੇ ਹਨ । ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਪ੍ਰਤੀ ਸਾਡਾ ਰਵੱਈਆ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਇਸ ਦੇ ਵਿਚ ਕਿਹੜੀਆਂ ਕਿਹੜੀਆਂ ਘਾਟਾਂ ਹਨ, ਅੱਜ ਦੇ ਜਿਹੜੇ ਨੌਜਵਾਨ ਹਨ, ਜਿਹੜੇ ਕੱਲ੍ਹ ਦੇ ਸਾਡੇ ਵਾਰਸ ਹਨ, ਉਨ੍ਹਾਂ ਦੀ ਬਹਿਸ ਕਰਵਾਈ ਜਾ ਸਕਦੀ ਹੈ ਪਰ ਇਥੇ ਕਿਹਾ ਗਿਆ ਕਿ ਸਾਡੀ ਨੀਅਤ ਮਾੜੀ ਹੈ । ਪਤਾ ਨਹੀਂ ਕਿਸ ਤਰ੍ਹਾਂ ਦੇ ਵਿਸ਼ੇਸ਼ਣ ਲਾ ਦਿਤੇ ਗਏ । ਇਹ ਵੀ ਕਿਹਾ ਗਿਆ ਕਿ ਚਾਰ ਕਦਮਾਂ ਤੇ ਰਾਖੀ ਨਹੀਂ ਕਰਨ ਜਾ ਸਕਦੇ, ਪਤਾ ਨਹੀਂ ਉਨ੍ਹਾਂ ਦੀ ਸਮਝ ਹੀ ਇੰਨੀ ਕੁ ਹੈ । ਅਸੀਂ ਤਾਂ ਹਰ ਛੋਟੀ ਗੱਲ ਦਾ ਜਵਾਬ ਹੀ ਨਹੀਂ ਦਿੰਦੇ । ਹਰ ਛੋਟੀ ਗੱਲ ਦਾ ਜਵਾਬ ਦੇਣਾ ਤਾਂ ਛੋਟੇ ਹੋਣ ਵਾਲੀ ਹੀ ਗੱਲ ਹੈ । ਜੇ ਤੁਹਾਡੇ ਕੋਲ ਵਿੱਤੀ ਸਾਧਨ ਨਹੀਂ ਹਨ ਤਾਂ ਇਸ ਨੂੰ ਸਿਧਾਂਤਕ ਰੂਪ ਵਿਚ ਅਸੈਪਟ ਕਰ ਲਓ, ਅੱਗੇ ਜਾ ਕੇ ਕੋਈ ਅਮੈਂਡਮੈਂਟ ਤੁਸੀਂ ਕੋਈ ਕਰਨੀ ਹੈ, ਕੋਈ ਸੁਝਾਓ ਤੁਸੀਂ ਦੇ ਸਕਦੇ ਹੋ ਕਿ ਬਲਾਕ ਲੈਵਲ ਤੇ ਸ਼ਾਇਦ ਇਸ ਸਟੇਜ ਤੇ ਗੌਰਮਿੰਟ ਵਾਸਤੇ ਸੰਭਵ ਨਹੀਂ ਹੋਵੇਗਾ, ਅਸੀਂ ਇਸ ਦੀ ਥਾਂ ਤੇ ਜਾਂ ਭਵਨਾਂ ਦੀ ਥਾਂ ਤੇ ਕੋਈ ਹੋਰ ਤਜਵੀਜ਼ ਆ ਸਕਦੀ ਹੈ, ਕੋਈ ਤਜਵੀਜ਼ ਤਾਂ ਤੁਹਾਡੇ ਵਲੋਂ ਪੁੱਟ ਹੋ ਸਕਦੀ ਹੈ । ਜਿਸ ਗੱਲ ਤੇ ਅਸੀਂ ਵੀ ਟਰਾਈ ਕਰਾਂਗੇ ਅਤੇ ਮੈਂ ਆਪਣੇ

ਸਾਥੀਆਂ ਨੂੰ ਵੀ ਬੇਨਤੀ ਕਰਾਂਗਾ ਕਿ ਜਿਹੜੇ ਇਸ ਤਰ੍ਹਾਂ ਦੇ ਸੈਂਸਟਿਵ ਇਸ਼ੂ ਨਹੀਂ ਜਿਥੇ ਸਾਡੇ ਦੇਸ਼ ਦੇ ਨੈਸ਼ਨਲ ਹੀਰੋ ਇਨਵਾਲਵ ਹਨ, ਉਥੇ ਅਸੀਂ ਕੰਟਰੋਵਰਸੀ ਨਾ ਬਣਾਈਏ ਉਥੇ ਸਾਡੀ ਆਪਸ ਵਿਚ ਕਨਸੈਂਸਿਜ਼ ਹੋ ਜਾਵੇ । ਹਰ ਗੱਲ ਤੇ ਤੁਸੀਂ ਯੈੱਸ-ਨੋਅ ਕਰਕੇ ਜਾਂ ਟਾਕ-ਆਊਟ ਕਰਕੇ ਚਲੇ ਜਾਵੋ ਇਹ ਕੋਈ ਚੰਗੀ ਪਰੰਪਰਾ ਨਹੀਂ । ਕਦੇ ਨਾ ਕਦੇ ਤਾਂ ਅਸੀਂ ਕਿਸੇ ਚੰਗੀ ਗੱਲ ਤੇ ਸਮੁੱਚਾ ਹਾਊਸ, ਜਿਸ ਤੇ ਅਸੀਂ ਕਹਿ ਸਕੀਏ ਕਿ ਅਸੀਂ ਸਾਰ ਇਕ ਹਾਂ, ਇਕੱਠੇ ਹੋਈਏ । ਮੇਰੀ ਤਾਂ ਬੇਨਤੀ ਹੈ ਕਿ ਜੇ ਤੁਹਾਡੀ ਕੋਈ ਪ੍ਰੋਪੋਜ਼ਲ ਹੈ ਤਾਂ ਉਹ ਲੈ ਲਓ ਜਿਹੜੀ ਅਸੀਂ ਵੀ ਅਗਰ ਠੀਕ ਸਮਝਾਂਗੇ ਤਾਂ ਮੰਨ ਲਵਾਂਗੇ । ਇਹ ਲਕੀਰ ਕਿਉਂ ਖਿੱਚੀ ਹੋਈ ਹੈ ਕਿ ਇਹ ਜੋ ਆਪੋਜ਼ੀਸ਼ਨ ਵਲੋਂ ਮਤਾ ਲਿਆਂਦਾ ਹੈ ਅਤੇ ਟਰੈਜ਼ਰੀ ਬੈਂਚਿਜ਼ ਨੇ ਫੈਸਲਾ ਹੀ ਕਰ ਲਿਆ ਕਿ ਆਪੋਜ਼ੀਸ਼ਨ ਜੋ ਵੀ ਗੱਲ ਕਹੇ ਭਾਵੇਂ ਚੰਗੀ ਕਰੇ ਤਾਂ ਵੀ ਨਹੀਂ ਮੰਨਣੀ । ਅਸੀਂ ਤਾਂ ਕਦੇ ਵੀ ਆਪਣੇ ਵਲੋਂ ਜ਼ਿੰਮੇਵਾਰੀ ਨਹੀਂ ਨਿਭਾਈ ਕਿ ਟਰੈਜ਼ਰੀ ਬੈਂਚਿਜ਼ ਦਾ ਮੂੰਹ ਅਸੀਂ ਕਾਲਾ ਕਰਨਾ ਹੀ ਕਰਨਾ ਹੈ ।

*6.52 ਵਜੇ ਸ਼ਾਮ	(ਇਸ ਸਮੇਂ *ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਕਦੇ ਵੀ ਅਸੀਂ ਇਸ ਗੱਲ ਤੇ ਪਹਿਰਾ ਨਹੀਂ ਦਿੱਤਾ ਕਿ ਟਰੈਜ਼ਰੀ ਬੈਂਚਿਜ਼ ਹਮੇਸ਼ਾ ਹੀ ਮਾੜਾ ਕੰਮ ਕਰਦਾ ਹੈ, ਕੰਮ ਕਰਦੇ ਹੋਏ ਕਈ ਵੇਰ ਗਲਤੀਆਂ ਹੋ ਜਾਂਦੀਆਂ ਹਨ । ਇਸ ਲਈ ਮੈਂ ਸਮਝਦਾ ਹਾਂ ਕਿ ਡੇਮੋਕਰੇਸੀ ਦੀ ਜਿਹੜੀ ਸਪਿਰਟ ਹੈ, ਇਹ ਉਸ ਸਪਿਰਟ ਦੀ ਉਲੰਘਣਾ ਹੋਵੇਗੀ ਅਗਰ ਟਰੈਜ਼ਰੀ ਬੈਂਚਿਜ਼ ਦੀ ਚੰਗੀ ਗੱਲ ਨੂੰ ਅਸੀਂ ਚੰਗੀ ਨਹੀਂ ਕਹਾਂਗੇ । ਚੰਗੀ ਗੱਲ ਸਮਾਜ ਦੇ ਭਲੇ ਲਈ ਹੋਵੇਗੀ, ਜੇ ਅਸੀਂ ਨੁਕਤਾਚੀਨੀ ਕਰਦੇ ਹਾਂ ਤਾਂ ਇਹ ਮਾੜੀ ਗੱਲ ਹੈ । ਮਿੱਤਲ ਸਾਹਿਬ ਨੂੰ ਮੈਂ ਜ਼ਰੂਰ ਬੇਨਤੀ ਕਰਾਂਗਾ ਕਿ ਇਹ ਜਿਹੜੀ ਬਹਿਸ ਹੈ, ਆਪਣੇ ਮੈਂਬਰ ਸਾਹਿਬ ਨੂੰ ਆਪਾਂ ਜ਼ਰੂਰ ਬੇਨਤੀ ਕਰੀਏ ਕਿ ਘੱਟੋ ਘੱਟ ਇਸ ਹਾਊਸ ਦੀ ਕਾਰਵਾਈ ਨੂੰ ਪਬਲਿਕ ਜ਼ਰੂਰ ਦੇਖ ਰਹੀ ਹੈ, ਇਲੈਕਟ੍ਰਾਨਿਕ ਮੀਡੀਆ ਆ ਗਿਆ ਹੈ ਹੁਣ ਇਹ ਗੱਲ ਬੜੀ ਦੂਰ ਤੱਕ ਜਾਂਦੀ ਹੈ ਅਤੇ ਇਸ ਤਰ੍ਹਾਂ ਦੀਆਂ ਮਾੜੀਆਂ ਗੱਲਾਂ ਪ੍ਰੈਸ ਵਿਚ ਜਾਣ, ਇਹ ਕੋਈ ਚੰਗਾ ਰਾਹ ਦਿਖਾਉਣ ਦਾ ਕੰਮ ਨਹੀਂ । ਮੇਰੀ ਇਸ ਭਾਵਨਾ ਦੇ ਨਾਲ ਬੇਨਤੀ ਹੈ ਕਿ ਇਸ ਨੂੰ ਇਥੇ ਇਸੇ ਤਰ੍ਹਾਂ ਗੱਲਬਾਤ ਨਾਲ ਸਮਾਪਤ ਨਾ ਕਰੀਏ । ਸਮਾਂ ਰਹਿੰਦਾ ਹੈ । ਸਪੀਕਰ ਸਾਹਿਬ, ਤੁਸੀਂ 5-7 ਮਿੰਟ ਹੋਰ ਸਮਾਂ ਵਧਾ ਦਿਓ ਤਾਂ ਕਿ ਅਸੀਂ ਭਗਤ ਸਿੰਘ ਦੇ ਨਾਂ ਤੇ ਇਕੱਠੇ ਕਨਸੈਂਸਿਜ਼ ਦੇ ਨਾਲ ਜਾਈਏ ।

ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਤਿਆਂ ਨਾਲੋਂ ਵੀ ਵੱਡੀ ਮਹੱਤਤਾ ਵਾਲੀ ਗੱਲ ਇਹ ਹੈ ਕਿ ਸਾਡੀ ਸਰਕਾਰ ਨੇ ਭਗਤ ਸਿੰਘ ਸ਼ਹੀਦ ਦਾ ਸਤਿਕਾਰ ਕਰਦੇ ਹੋਏ ਉਸ ਦੀ ਜਨਮ ਭੂਮੀ ਤੇ ਖਟਕੜਕਲਾਂ ਵਿਖੇ ਏਡਾ ਵੱਡਾ ਪ੍ਰੋਜੈਕਟ ਬਣਾਇਆ ਹੈ ਜਿਥੇ ਬੱਚਿਆਂ ਨੂੰ ਸਿੱਖਿਆ ਮਿਲਣੀ ਹੈ, ਉਥੇ ਪ੍ਰਦੇਸ਼ਾਂ ਵਿਚੋਂ ਅਧਿਆਪਕ ਜਿਹੜੇ ਆਉਣੇ ਹਨ, ਜਿਨ੍ਹਾਂ ਨੇ ਸਾਨੂੰ

[ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਸਿੱਖਿਆ ਦੇਣੀ ਹੈ, ਇਹ ਉਨ੍ਹਾਂ ਸ਼ਹੀਦਾਂ ਦਾ ਸਤਿਕਾਰ ਹੈ । ਦੂਸਰੀ ਗੱਲ ਇਨ੍ਹਾਂ ਨੇ ਕੀਤੀ ਕਿ ਨਸ਼ੇ ਆ ਗਏ । ਆਪਾਂ ਨੂੰ ਸਾਰੀ ਖੋਜ ਕਰਨੀ ਚਾਹੀਦੀ ਹੈ ਕਿ ਇਹ ਆਦਤਾਂ ਕਿਉਂ ਵਿਗੜੀਆਂ ਹਨ । ਸਮੇਂ ਸਮੇਂ ਸਿਰ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਸੀ ਜਿਹੜਾ ਇਨ੍ਹਾਂ ਨੇ ਨਹੀਂ ਦਿਤਾ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣਨ ਤੇ ਬਾਦਲ ਸਾਹਿਬ ਨੇ ਕਿਹਾ ਅਤੇ ਉਦਮ ਕੀਤਾ ਕਿ ਜੋ ਗੁਰੂ ਪੀਰਾਂ ਦੀ ਧਰਤੀ ਹੈ ਅਤੇ ਜੋ ਗੁਰੂ ਸਾਹਿਬ ਨੇ ਸਿੱਖਿਆ ਦਿਤੀ ਹੈ ਕਿ ਮੇਰਾ ਸਿੱਖ ਕੁੜੀ ਮਾਰ ਨਹੀਂ ਹੋਣਾ ਚਾਹੀਦਾ । ਇਹ ਗੁਰੂ ਸਾਹਿਬ ਦੀ ਸਾਨੂੰ ਬਹੁਤ ਵੱਡੀ ਸਿੱਖਿਆ ਹੈ ਉਨ੍ਹਾਂ ਦੇ ਆਦਰਸ਼ਾਂ ਤੇ ਚਲਦੇ ਹੋਏ ਸਭ ਤੋਂ ਪਹਿਲਾਂ ਸਿੱਖਿਆ ਵਿਭਾਗ ਵਿਚ ਇਸ ਚੀਜ਼ ਦੀ ਸੇਧ ਦਿਤੀ ਹੈ ਅਤੇ ਜਿਥੇ ਲੱਚਰ ਗਾਣੇ ਗਾਏ ਜਾਂਦੇ ਸੀ ਅਤੇ ਗਾਉਣ ਵਾਲੀਆਂ ਸੱਦੀਆਂ ਜਾਂਦੀਆਂ ਸਨ, ਉਹ ਖਤਮ ਕੀਤੇ ਹਨ । ਹੁਣ ਨਾਟਕ ਇਸ ਢੰਗ ਨਾਲ ਚਲਦੇ ਹਨ ਕਿ ਜਿਹੜੇ ਲੋਕ ਬੱਚਿਆਂ ਨੂੰ, ਕੁੜੀਆਂ ਨੂੰ, ਬੱਚੇਦਾਨੀ ਵਿਚ ਮਾਰਦੇ ਹਨ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਇਹ ਕਿਸ ਤਰ੍ਹਾਂ ਪਾਪ ਹੋ ਰਿਹਾ ਹੈ ਅਤੇ ਚਾਰ ਪੰਜ ਮਹੀਨੇ ਦੀ ਬੱਚੀ ਦੀ ਹੱਤਿਆ ਹੋ ਰਹੀ ਹੈ । ਇਸ ਲਈ ਹੁਣ ਇਸ ਬਾਰੇ ਜਾਗਰੂਕਤਾ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ 10 ਹਜ਼ਾਰ ਬੱਚਿਆਂ ਦੀ 10 ਕਿਲੋਮੀਟਰ ਦੀ ਰੈਲੀ ਕੀਤੀ ਗਈ । 18000 ਸਕੂਲ ਜਿਹੜੇ ਹਨ ਉਨ੍ਹਾਂ ਨੂੰ ਇਸ ਪਾਸੇ ਸੇਧ ਦਿਤੀ ਹੈ । ਉਥੇ ਸਕੂਲਾਂ ਵਿਚ ਗੁਰਬਾਣੀ ਦੇ ਸ਼ਬਦ ਲਿਖੇ ਗਏ ਹਨ ਜੋ ਕਬੀਰ ਜੀ ਨੇ ਕਹੇ ਹਨ ਅਤੇ ਜੋ ਸਾਨੂੰ ਨਸ਼ਿਆਂ ਤੋਂ ਵਰਜਿਤ ਕਰਦੇ ਹਨ । ਅੱਜ ਸਕੂਲਾਂ ਵਿੱਚ ਸਫੈਦੀ ਕਰਵਾ ਕੇ 18,000 ਨੀਲੀ ਸਿਆਹੀ ਨਾਲ ਗੁਰਬਾਣੀ ਦੀਆਂ ਤੁਕਾਂ ਲਿਖਾਈਆਂ ਜਾ ਰਹੀਆਂ ਹਨ ਤਾਂ ਕਿ ਬੱਚਿਆਂ ਦੇ ਮਨ ਵਿੱਚ ਇਹ ਗੱਲ ਆ ਜਾਵੇ ਕਿ ਨਸ਼ੇ ਮਾੜੇ ਹਨ । ਜੋ ਗੁਰਬਾਣੀ ਵਿੱਚ ਸਿੱਖਿਆ ਦਿੱਤੀ ਹੋਈ ਹੈ, ਉਹ ਲੋਕਾਂ ਦੇ ਅਤੇ ਮਨੁੱਖਤਾ ਦੇ ਭਲੇ ਲਈ ਹੈ । ਇਸ ਸਬੰਧੀ ਤੁਸੀਂ ਜੋ ਵੀ ਸੁਝਾਓ ਦਿਓਗੇ, ਅਸੀਂ ਧੰਨਵਾਦ ਕਰਾਂਗੇ । ਅਸੀਂ ਮਤਿਆਂ ਤੋਂ ਉਪਰ ਜਾ ਕੇ ਪਹਿਲਾਂ ਹੀ ਸਰਦਾਰ ਭਗਤ ਸਿੰਘ ਦੀ ਯਾਦ ਵਿੱਚ ਬਹੁਤ ਕੁਝ ਕਰ ਰਹੇ ਹਾਂ । ਇਨ੍ਹਾਂ ਮਤਿਆਂ ਦੀ ਕੋਈ ਮਹੱਤਤਾ ਨਹੀਂ ਹੈ ।

(ਇਸ ਸਮੇਂ ਕਾਮਰੇਡ ਹਰਦੇਵ ਸਿੰਘ ਅਰਸ਼ੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

WALK OUT

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਅਸੀਂ ਪ੍ਰੋਟੈਸਟ ਵਜੋਂ ਵਾਕ ਆਊਟ ਕਰਦੇ ਹਾਂ ਕਿਉਂਕਿ ਇਸ ਮਤੇ ਬਾਰੇ ਸਾਡੀ ਗੱਲ ਨਹੀਂ ਮੰਨੀ ਜਾ ਰਹੀ ।

(ਇਸ ਸਮੇਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਮਾਨਯੋਗ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਸਦਨ ਵਿਚੋਂ ਵਾਕ-ਆਊਟ ਕਰ ਗਏ ।)

RES OLUTION RE. EVOLVING A SCHEME FOR THE CONSTRUACTION OF SHAHEED-E-AZAM SARDAR BHAGAT SINGH BHAVANS AT BLOCK LEVEL IN THE STATE (*Resumption*)

ਚੌਧਰੀ ਮੋਹਨ ਲਾਲ ਬਹਿਰਾਮ (ਬੰਗਾ, ਐਸ. ਸੀ.) : ਸਪੀਕਰ ਸਾਹਿਬ, ਕਾਮਰੇਡ ਅੰਜੈਬ ਸਿੰਘ ਰੋੜਾ ਵੱਲੋਂ ਪੰਜਾਬ ਦੇ ਬਲਾਕਾਂ ਔਰ ਸਬ ਡਵੀਜ਼ਨਾਂ ਵਿੱਚ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਜੋ ਭਵਨ ਬਣਾਏ ਜਾਣ ਦਾ ਗੈਰ ਸਰਕਾਰੀ ਮਤਾਂ ਰੱਖਿਆ ਹੈ, ਇਸ ਪਾਰਟੀ ਨੇ ਜਿਸ ਭਾਵਨਾ ਨਾਲ ਇਹ ਮਤਾ ਲੈ ਕੇ ਆਂਦਾ ਹੈ, ਉਸ ਦੀ ਭਾਵਨਾਂ ਇਸ ਗੱਲ ਤੋਂ ਉਜਾਗਰ ਹੁੰਦੀ ਹੈ ਕਿ ਉਹ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ ਔਰ ਸਮਾਗਮ ਦਾ ਬਾਈਕਾਟ ਕਰਕੇ ਜਾ ਰਹੇ ਹਨ । ਮੈਨੂੰ ਇਸ ਸਬੰਧੀ ਬੜਾ ਦੁੱਖ ਹੈ, ਉਹ ਆਪਣੇ ਆਪ ਨੂੰ ਪੰਜਾਬ ਦੇ ਵੱਡੇ ਸ਼ਹੀਦਾਂ ਦੇ ਸ਼ਰਧਾਲੂ ਕਹਾਉਂਦੇ ਹਨ । ਲੇਕਿਨ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ . .

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਜੇ ਮੂਵਰ ਹੀ ਨਹੀਂ ਹੈ ਤਾਂ ਇਸ ਡਿਬੇਟ ਨੂੰ ਕੰਟੀਨਿਊ ਕਰਨ ਦਾ ਕੋਈ ਪਰਪੱਜ਼ ਨਹੀਂ ਹੈ । ਜੇ ਮੂਵਰ ਹੀ ਨਹੀਂ ਤਾਂ ਸਰਕਾਰ ਆਪਣਾ ਪੱਖ ਕਿਵੇਂ ਪੇਸ਼ ਕਰ ਸਕਦੀ ਹੈ ।

ਸ੍ਰੀ ਸਪੀਕਰ : ਕੋਈ ਗੱਲ ਨਹੀਂ । ਤਿੰਨ ਮਿੰਟ ਹੀ ਰਹਿ ਗਏ ਹਨ । Unless it is withdrawn.

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਸ਼ਹੀਦ ਕੌਮ ਦਾ ਸਰਮਾਇਆ ਹਨ । ਮੈਨੂੰ ਮਾਣ ਹੈ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜਿਨ੍ਹਾਂ ਦੇ ਬਾਰੇ ਮਤਾ ਲਿਆਂਦਾ ਗਿਆ ਹੈ ਉਹ ਮੇਰੇ ਇਲਾਕੇ ਬੰਗੇ, ਜਿਸ ਦੀ ਮੈਂ ਪ੍ਰਤੀਨਿਧਤਾ ਕਰਦਾ ਹਾਂ, ਉਥੋਂ ਦੇ ਜੰਮਪਲ ਸਨ । ਉਨ੍ਹਾਂ ਨੇ ਮਾਤਾ ਵਿਦਿਆਵਤੀ ਦੀ ਕੁੱਖੋਂ ਜਨਮ ਲਿਆ । ਉਹ ਸਰਦਾਰ ਕਿਸ਼ਨ ਸਿੰਘ ਜੀ ਦੇ ਘਰ ਜਨਮੇ । ਇਹ ਕਿਹਾ ਜਾਂਦਾ ਹੈ :

"ਫਖ਼ਰੇ ਕੌਮ ਖਾਸ ਹੀ ਹੀਰੇ ਹੋਤੇ ਹੈਂ

ਹਰ ਖਾਕ ਸੇ ਹੀਰਾ ਨਿਕਲਾ ਨਹੀਂ ਕਰਤਾ" (ਥੰਪਿੰਗ)

ਸਾਰੇ ਦੇਸ਼ ਨੂੰ ਆਪਣੇ ਇਸ ਯੋਧੇ ਉਪਰ ਮਾਣ ਹੈ ਔਰ ਧੰਨ ਹੈ ਉਹ ਮਾਤਾ ਜਿਸ ਨੇ ਉਸ ਨੂੰ ਜਨਮ ਦਿੱਤਾ । ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਬਹੁਤ ਛੋਟੀ ਉਮਰ ਵਿੱਚ ਇਸ ਦੇਸ਼ ਦੀ ਖਾਤਰ ਆਪਣੀ ਸ਼ਹਾਦਤ ਦਿੱਤੀ । ਸਾਡਾ ਦੇਸ਼ ਉਸ ਸਮੇਂ ਅੰਗਰੇਜ਼ਾਂ ਦਾ ਗੁਲਾਮ ਸੀ ਜਿਸ ਸਮੇਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਜਨਮ ਲਿਆ । ਉਨ੍ਹਾਂ ਨੇ ਆਪਣੇ ਦੇਸ਼ ਨੂੰ ਅਤੇ ਲੋਕਾਂ ਨੂੰ ਗੁਲਾਮੀ ਦੀ

[ਚੌਧਰੀ ਮੋਹਨ ਲਾਲ ਬਹਿਰਾਮ]

ਲਾਹਨਤ ਤੋਂ ਛੁਟਕਾਰਾ ਦਿਵਾਉਣ ਵਾਸਤੇ ਸੰਘਰਸ਼ ਕੀਤਾ ਔਰ ਸ਼ਹਾਦਤ ਦਿੱਤੀ। ਭਗਤ ਸਿੰਘ ਦਾ ਸਾਰਾ ਪਰਿਵਾਰ ਸੁਤੰਤਰਤਾ ਸੰਗਰਾਮੀਆਂ ਦਾ ਪਰਿਵਾਰ ਸੀ। ਉਨ੍ਹਾਂ ਦੇ ਚਾਚਾ ਸਰਦਾਰ ਅਜੀਤ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਯੋਗਦਾਨ ਪਾਇਆ। ਉਨ੍ਹਾਂ ਨੇ ਦੇਸ਼ ਵਿੱਚ "ਪਗੜੀ ਸੰਭਾਲ ਜੱਟਾ" ਦੀ ਲਹਿਰ ਚਲਾਈ। ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਸੁਨਹਿਰੀ ਪਲ ਦੇਸ਼ ਦੇ ਲੇਖੇ ਲਗਾਏ। ਜ਼ਿੰਦਗੀ ਦੇ ਅੰਦਰ ਤਿੰਨ ਸਟੇਜ਼ਾਂ ਹੁੰਦੀਆਂ ਹਨ : ਬਚਪਨ, ਜਵਾਨੀ ਅਤੇ ਬੁਢਾਪਾ। 20-21 ਸਾਲ ਦੀ ਉਮਰ ਵਿਚ ਹਰ ਨੌਜਵਾਨ ਦੀ ਇੱਛਾ ਹੁੰਦੀ ਹੈ ਕਿ ਜਵਾਨੀ ਅੰਦਰ ਬਹੁਤ ਸਾਰੀਆਂ ਜੋ ਖੁਸ਼ੀਆਂ ਹਨ....

ਸ਼੍ਰੀ ਸਪੀਕਰ : ਇਹ ਸਦਨ, ਸ਼ੁੱਕਰਵਾਰ, ਮਿਤੀ 12 ਮਾਰਚ, 1999 ਦੇ ਸਵੇਰੇ 9-00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ।

*7-00 ਵਜੇ ਸ਼ਾਮ : (ਇਸ *ਉਪਰੰਤ ਸਦਨ ਸ਼ੁੱਕਰਵਾਰ, ਮਿਤੀ 12 ਮਾਰਚ, 1999 ਦੇ ਸਵੇਰੇ 9-00 ਵਜੇ ਤੱਕ ਸਥਗਿਤ ਹੋ ਗਿਆ।)

APPENDIX

TO

PUNJAB VIDHAN SABHA DEBATES

Dated 11th March, 1999 (A. S.)

Vol. VII.—No. 3

UNSTARRED QUESTIONS AND ANSWERS

ਜ਼ਹਿਰੀਲੇ ਪਦਾਰਥ ਖਾਣ ਕਾਰਨ ਮੌਤਾਂ

313. 1. ਕਾਮਰੇਡ ਹਰਦੇਵ ਸਿੰਘ ਅਰਸ਼ੀ
2. ਕਾਮਰੇਡ ਅਜੈਬ ਸਿੰਘ ਰੌਂਤਾਂ

} ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ :

(ੳ) ਸਾਲ 1994, 1995, 1996, 1997 ਅਤੇ 1998 ਦੌਰਾਨ ਰਾਜ ਵਿੱਚ ਜ਼ਹਿਰੀਲੇ ਪਦਾਰਥਾਂ ਦੇ ਖਾਣ ਕਾਰਨ ਮਰੇ ਵਿਅਕਤੀਆਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ?

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਮ੍ਰਿਤਕ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਅਤੇ ਹਰ ਇੱਕ ਕੇਸ ਵਿੱਚ ਮੌਤ ਦੇ ਮੁੱਖ ਕਾਰਨ ਕੀ ਹਨ ?

(ੲ) ਕੀ ਅਜਿਹੀਆਂ ਮੌਤਾਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੋਈ ਕਾਰਵਾਈ ਕੀਤੀ ਜਾ ਰਹੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਸਦੇ ਵੇਰਵੇ ਕੀ ਹਨ ?

ਸ਼੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ) : (ੳ) ਰਾਜ ਵਿਚ ਜ਼ਹਿਰੀਲੇ ਪਦਾਰਥਾਂ ਦੇ ਖਾਣ ਨਾਲ ਹੋਈਆਂ ਮੌਤਾਂ ਦੀ ਗਿਣਤੀ ਜ਼ਿਲ੍ਹਾਵਾਰ ਅਤੇ

ਸਾਲਵਾਰ ਬਾਬਤ ਸਾਲ 1994, 1995, 1996, 1997 ਅਤੇ 1998 ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲ੍ਹਾ	1994	1995	1996	1997	1998
1	2	3	4	5	6	7
1.	ਅੰਮ੍ਰਿਤਸਰ ..	19	12	11	13	20
2.	ਬਠਿੰਡਾ ..	33	37	18	35	36
3.	ਫਰੀਦਕੋਟ ..	24	22	29	29	24
4.	ਫਿਰੋਜ਼ਪੁਰ ..	6	—	28	20	37
5.	ਫਤਹਿਗੜ੍ਹ ਸਾਹਿਬ ..	2	3	—	1	3
6.	ਗੁਰਦਾਸਪੁਰ ..	69	73	54	46	74
7.	ਹੁਸ਼ਿਆਰਪੁਰ ..	30	41	44	42	51
8.	ਜਲੰਧਰ ..	15	51	43	54	52
9.	ਕਪੂਰਥਲਾ ..	20	2	7	15	13

10.	ਲੁਧਿਆਣਾ	58	28	31	177	215
11.	ਮਾਨਸਾ	22	18	12	15	12
12.	ਮੋਗਾ	—	—	16	9	15
13	ਮੁਕਤਸਰ	10	5	13	13	19
14.	ਨਵਾਂ ਸ਼ਹਿਰ	—	20	6	3	18
15.	ਪਟਿਆਲਾ	10	12	3	5	6
16.	ਰੋਪੜ	—	—	1	—	—
17.	ਸੰਗਰੂਰ	40	44	30	32	50
	ਕੁੱਲ ..	358	368	346	509	645

ਉਪਰੋਕਤ ਭਾਗ (ੳ) ਵਿੱਚ ਵਰਣਿਤ ਮ੍ਰਿਤਕ ਵਿਅਕਤੀਆਂ ਦੇ ਨਾਂ ਅਤੇ ਪਤਾ ਅਤੇ ਹਰ ਇਕ ਕੇਸ ਵਿਚ ਮੌਤ ਦੇ ਮੁੱਖ ਕਾਰਨ ਨਾਲ ਨੱਥੀ* ਹਨ : -

*Placed in the Library.

(ਵ) ਹਾਂ, ਜਦ ਵੀ ਕੋਈ ਜ਼ਹਿਰੀਲੇ ਪਦਾਰਥ ਖਾਣ ਨਾਲ ਕੋਈ ਪੀੜਤ ਵਿਅਕਤੀ ਬਾਰੇ ਰਿਪੋਰਟ ਹੁੰਦੀ ਹੈ ਉਸਦੀ ਜਾਨ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਗੰਭੀਰ ਕੇਸਾਂ ਵਿਚ ਮਰੀਜ਼ ਨੂੰ ਨਜ਼ਦੀਕ ਦੇ ਹਸਪਤਾਲ ਜਿਥੇ ਹੋਰ ਵਧੇਰੀਆਂ ਚੰਗੀਆਂ ਮੈਡੀਕਲ ਸੇਵਾਵਾਂ ਹੁੰਦੀਆਂ ਹਨ ਉਥੇ ਸ਼ਿਫਟ ਕਰ ਦਿੱਤਾ ਜਾਂਦਾ ਹੈ। ਆਪਾਤਕਾਲੀਨ ਸੇਵਾਵਾਂ ਰਾਜ ਦੇ ਸਾਰੇ ਹਸਪਤਾਲਾਂ/ਕਮਿਊਨਿਟੀ ਹੈਲਥ ਸੈਂਟਰਾਂ ਵਿਚ ਪ੍ਰਾਪਤ ਹਨ।

ਪਿੰਡਾਂ/ਸ਼ਹਿਰਾਂ ਵਿਚ ਸਿਹਤ ਸਿੱਖਿਆ ਕੈਂਪ ਲਗਾਏ ਜਾਂਦੇ ਹਨ ਜਿੱਥੇ ਲੋਕਾਂ ਨੂੰ ਸਿਹਤ ਸੰਭਾਲਤਾ ਅਤੇ ਜ਼ਹਿਰੀਲੇ ਪਦਾਰਥਾਂ ਦੀ ਵਰਤਨ ਸਮੇਂ ਸਾਵਧਾਨੀ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਪਰਦਰਸ਼ਨੀਆਂ, ਡਰਾਮੇ ਅਤੇ ਫਿਲਮ ਸ਼ੋਅ ਆਯੋਜਿਤ ਕਰਕੇ ਲੋਕਾਂ ਨੂੰ ਸਿਹਤ ਸਬੰਧੀ ਸੁਚੇਤ ਕੀਤਾ ਜਾਂਦਾ ਹੈ।

ਖੇਤੀ ਬਾੜੀ ਵਿਭਾਗ ਕੀੜੇ-ਮਾਰ ਦਵਾਈਆਂ ਦੀ ਵਰਤੋਂ ਸਬੰਧੀ ਜਾਣਕਾਰੀ ਦੇਣ ਲਈ ਰਾਜ ਦੀ ਮੁੱਖ ਏਜੰਸੀ ਹੈ।

ਅਗਵਾ ਕਰਨ ਅਤੇ ਬਲਾਤਕਾਰ ਦੇ ਕੇਸ

345. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 1 ਜਨਵਰੀ, 1995 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਰਾਜ ਵਿਚ ਲੜਕੀਆਂ ਨੂੰ ਅਗਵਾ ਕਰਨ ਅਤੇ ਬਲਾਤਕਾਰ ਕਰਨ ਨਾਲ ਸਬੰਧਿਤ ਵਾਪਰੀਆਂ ਘਟਨਾਵਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਘਟਨਾਵਾਂ ਨਾਲ ਸਬੰਧਿਤ ਦਰਜ ਕੀਤੇ ਗਏ ਕੇਸਾਂ ਦੀ ਜਿਲ੍ਹਾ-ਵਾਰ ਗਿਣਤੀ ਕਿੰਨੀ ਹੈ ਅਤੇ ਉਕਤ ਕੇਸਾਂ ਵਿਚ ਸ਼ਾਮਲ ਉਨ੍ਹਾਂ ਦੋਸ਼ੀਆਂ ਦੇ ਜ਼ਿਲ੍ਹਾ-ਵਾਰ ਨਾਂ ਅਤੇ ਪਤੇ ਕੀ-ਕੀ ਹਨ ਜਿਨ੍ਹਾਂ ਨੂੰ ਹੁਣ ਤੱਕ ਸਜ਼ਾ ਦਿੱਤੀ ਗਈ ਹੈ ਅਤੇ ਹਰ ਇਕ ਕੇਸ ਵਿਚ ਸ਼ਿਕਾਇਤ ਕਰਤਾ ਦੇ ਨਾਂ ਅਤੇ ਪਤੇ ਕੀ-ਕੀ ਹਨ;

(ੲ) ਅਜਿਹੇ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ ਹੈ;

(ਸ) ਕੀ ਉਪਰੋਕਤ ਭਾਗ (ੲ) ਵਿਚ ਵਰਣਿਤ ਕੇਸ ਅਦਾਲਤਾਂ ਵਿਚ ਪਏ ਹਨ ਜਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਹੈ ਅਤੇ ਦੁਆਰਾ ਬਰੀ ਕੀਤੇ ਗਏ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ-ਕੀ

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਸ੍ਰੀਮਾਨ ਜੀ, ਮਿਤੀ 1 ਤੋਂ ਮਿਤੀ ਅੰਤ ਤੱਕ ਰਾਜ ਵਿਚ 565 ਅਗਵਾ ਅਤੇ 472 ਲੜਕੀਆਂ ਦੇ ਕੇਸਾਂ ਦੀਆਂ ਘਟਨਾਵਾਂ ਵਾਪਰੀਆਂ।

(ਅ, ੲ ਅਤੇ ਸ): ਲੋੜੀਂਦੀ ਸੂਚਨਾ ਅਨੁਲੱਗ 1*, 2* ਨੱਥੀ ਹੈ।

---

*Placed in the Library.

1029—2-6-99—305 ਛਾਪਖਾਨਾ—ਪੰਜਾਬ

Published under the authority of the Punjab Vidhan Sabha and printed by the Controller, Printing and Stationery, Punjab at Government Press, Patiala.

PUNJAB VIDHAN SABHA

DEBATES

12th March, 1999

Vol. VII—No. 4

OFFICIAL REPORT

CONTENTS

Friday, the 12th March, 1999

Punjab Vidhan Sabha Secretariat, Chandigarh.

Price : Rs.......

PUNJAB VIDHAN SABHA

Friday, the 12th March, 1999

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 9.00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

Supplementaries to Starred Question No. **1428

ਸ਼੍ਰੀ ਸਪੀਕਰ : ਪਹਿਲਾਂ ਕੁਐਸਚਨ ਨੰਬਰ 1428 ਦੀਆਂ ਸਪਲੀਮੈਂਟਰੀਜ਼ ਪੁੱਛੀਆਂ ਜਾਣਗੀਆਂ । ਜ਼ੀਰਾ ਸਾਹਿਬ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਤੁਹਾਡੇ 'ਰਾਹੀਂ' ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਦੱਸਿਆ ਹੈ ਕਿ 750 ਕਿਲੋਮੀਟਰ ਸੜਕ ਜ਼ੀਰਾ ਸਬ-ਡਿਵੀਜ਼ਨ ਟੋਟਲ ਲੈਂਥ ਹੈ ਅਤੇ 56 ਕਿਲੋਮੀਟਰ ਹੀ ਹੈ ਜਿਸ ਸੜਕ ਦੀ ਮੁਰੰਮਤ ਕੀਤੀ ਗਈ ਹੈ । ਇਹ ਦੱਸਣ ਕਿ 1998-99 ਵਿੱਚ ਜਿਹੜੀ ਡਿਊ ਸੜਕ ਹੈ, ਉਸ ਦੀ ਕਿੰਨੀ ਲੈਂਥ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਜਿਹੜੀ ਸੜਕ ਡਿਊ ਹੈ, ਉਹ 278 ਕਿਲੋਮੀਟਰ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 278 ਕਿਲੋਮੀਟਰ ਸੜਕ ਡਿਊ ਹੈ । ਮੈਂ ਵਜ਼ੀਰ ਸਾਹਿਬ ਤੋਂ ਇਹ ਭਰੋਸਾ ਲੈਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸੜਕ ਰਿਪੇਅਰ ਹੋਣ ਵਾਲੀ ਹੈ, ਡਿਊ ਹੈ, ਇਸ ਨੂੰ ਟਾਈਮ ਬਾਊਂਡ ਕਰਨ ਕਿ ਕਦੋਂ ਤੱਕ ਇਸ ਦਾ ਰਿਪੇਅਰ ਕਰ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਹ ਸੜਕ ਜਿਹੜੀ ਡਿਊ ਪਈ ਹੈ, ਇਹ 30 ਜੂਨ, 2000 ਤੱਕ ਬਣਾ ਦਿੱਤੀ ਜਾਵੇਗੀ ।

Mr. Speaker : Next, Sardar Sukhwinder Singh Aulakh.

ਸਰਦਾਰ ਇੰਦਰਜੀਤ ਜ਼ੀਰਾ : ਸਪੀਕਰ ਸਾਹਿਬ, ਮੇਰਾ ਸਵਾਲ ਰਹਿੰਦਾ ਹੈ ।

**For Starred Question No. 1428 and reply thereto, please see P.V.S. Debates Dated dated 11th March, 1999.

ਸਬ-ਡਵੀਜ਼ਨ ਜ਼ੀਰਾ ਵਿਚ ਰਟੌਲ ਰੋਹੀ ਧੰਨਾ ਸ਼ਹੀਦ ਸੜਕ ਦੀ ਮੁਰੰਮਤ

*1431. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਪਿੰਡ ਰਟੌਲ ਰੋਹੀ ਤੋਂ ਧੰਨਾ ਸ਼ਹੀਦ ਬਰਾਸਤਾ ਸੋਢੀਵਾਲਾ ਤੱਕ ਲਿੰਕ ਸੜਕ ਕਿਸ ਸਾਲ ਵਿਚ ਬਣਾਈ ਗਈ ਸੀ ਅਤੇ ਉਕਤ ਸੜਕ ਦੀ ਹੁਣ ਤੱਕ ਕਿੰਨੀ ਵਾਰ ਮੁਰੰਮਤ ਕੀਤੀ ਗਈ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਬ ਡਵੀਜ਼ਨ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਪੈਂਦੀ ਲਿੰਕ ਸੜਕ ਪਿੰਡ ਰਟੌਲ ਰੋਹੀ ਤੋਂ ਧੰਨਾ ਸ਼ਹੀਦ ਤੱਕ ਵਾਇਆ ਸੋਢੀਵਾਲਾ ਅਜੇ ਤੱਕ ਮੁਕੰਮਲ ਨਹੀਂ ਕੀਤੀ ਗਈ । ਇਸ ਲਈ ਇਸ ਸੜਕ ਦੀ ਮੁਰੰਮਤ ਪਹਿਲੀ ਵਾਰ ਵੀ ਨਹੀਂ ਕੀਤੀ ਗਈ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਸੜਕ ਰਟੌਲ ਰੋਹੀ, ਵਾਇਆ ਸੋਢੀਵਾਲਾ ਧੰਨਾ ਸ਼ਹੀਦ ਤੱਕ ਹੈ, ਇਸ ਸੜਕ ਦਾ ਕੰਮ ਕਿਸ ਸਾਲ ਵਿੱਚ ਸ਼ੁਰੂ ਹੋਇਆ, ਕਿੰਨਾ ਹੋਇਆ, ਕਿੰਨੀ ਲੈਂਥ ਬਣੀ ਅਤੇ ਕਿੰਨੀ ਰਹਿੰਦੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸੜਕ 1984-85 ਤੋਂ ਸ਼ੁਰੂ ਹੋਈ ਸੀ । ਇਹ ਇਸ ਵੇਲੇ ਅਧੂਰੀ ਪਈ ਹੈ ਅਤੇ ਸੜਕ ਅਜੇ ਤੱਕ ਮੁਕੰਮਲ ਨਹੀਂ ਹੋਈ ਅਤੇ ਨਾ ਹੀ ਇਸ ਦੀ ਕੋਈ ਮੁਰੰਮਤ ਹੋਈ ਹੈ । ਇਸ ਸੜਕ ਦਾ ਜਿਹੜਾ ਟੋਟਾ 1.20 ਕਿਲੋਮੀਟਰ ਦਾ ਬਣਾਇਆ ਗਿਆ ਸੀ, ਉਹ ਵੀ ਟੁੱਟ ਚੁੱਕਾ ਹੈ । ਇਹ ਏਰੀਆ ਹੁਣ ਪੰਜਾਬ ਮੰਡੀ ਬੋਰਡ ਕੋਲ ਬਦਲ ਦਿੱਤਾ ਗਿਆ ਹੈ ਅਤੇ 2.78 ਕਿਲੋਮੀਟਰ ਲੰਬਾਈ ਦਾ ਤਖਮੀਨਾ ਤਿਆਰ ਹੋ ਗਿਆ ਹੈ, 18,21,700 ਰੁਪਏ ਦੀ ਪ੍ਰਵਾਨਗੀ ਹੈ । ਇਹ ਸੜਕ ਲੋਨ ਪ੍ਰੋਜੈਕਟ ਅਧੀਨ ਵੀ ਆ ਗਈ ਹੈ ਅਤੇ 30 ਜੂਨ, 2000 ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ. . . .

ਸ਼੍ਰੀ ਸਪੀਕਰ : ਉਨ੍ਹਾਂ ਨੇ 30 ਜੂਨ, 2000 ਤੱਕ ਕਹਿ ਦਿੱਤਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਕਿਸੇ ਨੇ ਕਿਹਾ ਸੀ ਕਿ 12 ਸਾਲ ਬਾਅਦ ਰੂੜੀ ਦੀ ਵੀ ਸੁਣੀ ਜਾਂਦੀ ਹੈ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ 30 ਜੂਨ, 2000 ਤੱਕ ਇਸ ਨੂੰ ਮੁਕੰਮਲ ਕਰ ਦੇਣਗੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਇਹ ਸੜਕ 1984-85 ਵਿੱਚ ਸ਼ੁਰੂ ਹੋਈ ਹੈ ਔਰ ਕਈ ਸਰਕਾਰਾਂ ਆਈਆਂ ਅਤੇ ਚਲੀਆਂ ਗਈਆਂ । ਦੋ ਸਾਲ ਸਾਡੀ ਸਰਕਾਰ ਬਣੇ ਨੂੰ ਵੀ ਹੋ ਗਏ ਹਨ ਪਰ ਇਸ ਦੇ ਵਿੱਚ ਕੋਈ ਕੰਮ ਸ਼ੁਰੂ ਨਹੀਂ ਹੋਇਆ ਅਤੇ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 18 ਲੱਖ ਰੁਪਿਆ ਮਨਜ਼ੂਰ ਹੋ ਗਿਆ ਹੈ, ਐਸਟੀਮੇਟ ਹਨ । ਮੈਨੂੰ

ਇਸ ਬਾਰੇ ਇਹ ਦੱਸਣ ਕਿ ਇਹ ਸਾਰੀ ਸੜਕ ਦਾ ਹੈ ਜਾਂ ਅੱਧੀ ਸੜਕ ਦਾ ਹੈ। ਮੈਨੂੰ ਜਿਥੋਂ ਤੱਕ ਪਤਾ ਲਗਾ ਹੈ ਕਿ ਇਹ ਸਾਰੀ ਸੜਕ ਦਾ ਨਹੀਂ ਹੈ, ਅੱਧੀ ਸੜਕ ਦੇ ਪੈਸੇ ਹਨ, ਸਾਰੀ ਸੜਕ ਨਹੀਂ ਬਣਾਈ ਜਾ ਰਹੀ। 1985 ਤੋਂ ਲੈ ਕੇ ਅੱਜ ਤੱਕ ਲੋਕ ਉਥੇ ਜਰੂਰ ਸਫਰ ਕਰ ਰਹੇ ਹਨ। ਜੇ ਅੱਧੀ ਹੁਣ ਵੀ ਬਣਾ ਦਿੱਤੀ ਜਾਵੇ ਤਾਂ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਰਟੌਲ ਤੋਂ ਧੰਨਾ ਸ਼ਹੀਦ ਤੱਕ ਦੀ ਇਹ ਸਾਰੀ ਸੜਕ ਮੁਕੰਮਲ ਹੋਵੇਗੀ ਅਤੇ ਜਿਹੜਾ ਇੰਨ੍ਹਾਂ ਨੇ ਟਾਈਮ ਵੀ ਦੇ ਦਿੱਤਾ ਹੈ, ਉਸ ਅਨੁਸਾਰ ਇਹ ਸੰਨ 2000 ਵਿੱਚ ਜਾ ਕੇ ਬਣੇਗੀ, ਇਹ ਬੜਾ ਲੰਬਾ ਟਾਈਮ ਹੈ।

ਸ੍ਰੀ ਸਪੀਕਰ : ਨਹੀਂ ਜੀ, ਉਨ੍ਹਾਂ ਨੇ ਸਾਰਾ ਦੱਸ ਦਿੱਤਾ ਹੈ, ਠੀਕ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਪਹਿਲੀਆਂ ਸਰਕਾਰਾਂ ਤੋਂ ਡਰਦੇ ਹਨ, ਉਨ੍ਹਾਂ ਦੇ ਡਰ ਤੋਂ ਹੀ ਡਰੇ ਹੋਏ ਹਨ ਲੇਕਿਨ ਬਾਦਲ ਸਾਹਿਬ ਦੀ ਸਰਕਾਰ ਤੁਰੰਤ ਫੈਸਲਾ ਕਰਕੇ ਨਾਲ ਦੀ ਨਾਲ ਨਿਪਟਾਰਾ ਕਰਦੀ ਹੈ, ਕੋਈ ਕੰਮ ਲਮਕਾਉਣਾ ਨਹੀਂ ਚਾਹੁੰਦੀ।

ਸ੍ਰੀ ਸਪੀਕਰ : ਉਨ੍ਹਾਂ ਨੇ ਇਹ ਪੁੱਛਿਆ ਹੈ ਕਿ ਜਿਹੜਾ 18 ਲੱਖ ਰੁਪਿਆ ਰੱਖਿਆ ਹੈ ਉਹ ਪੂਰੀ ਸੜਕ ਦੇ ਲਈ ਰੱਖਿਆ ਗਿਆ ਜਾਂ ਫਿਰ ਅੱਧੀ ਸੜਕ ਦੇ ਲਈ ਰੱਖਿਆ ਗਿਆ ਹੈ।

ਮੰਤਰੀ : ਸਾਰੀ ਹੀ ਬਣਾ ਦਿਆਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਇਨ੍ਹਾਂ ਨੇ ਜੋ ਕਹਿ ਦਿੱਤਾ ਹੈ ਸਪੀਕਰ ਸਾਹਿਬ, ਕਿ ਸਾਰੀ ਸੜਕ ਦਾ ਐਸਟੀਮੇਟ 36 ਲੱਖ ਰੁਪਏ ਦਾ ਬਣਦਾ ਹੈ ਇਹ ਤਾਂ ਅੱਧੀ ਸੜਕ ਦਾ ਬਣਾਇਆ ਹੋਇਆ ਹੈ। ਇਹ ਭਰੋਸਾ ਦੇਣ ਤੇ ਇਹ ਕਹਿ ਦੇਣ ਕਿ ਰਟੌਲ ਰੋਹੀ ਤੋਂ ਧੰਨਾ ਸ਼ਹੀਦ ਤੱਕ ਸਾਰੀ ਸੜਕ ਬਣਾ ਦਿਆਂਗੇ। ਇਨ੍ਹਾਂ ਨੇ ਜੋ ਦੱਸਿਆ ਹੈ ਉਹ 18 ਲੱਖ ਰੁਪਏ, ਸਿਰਫ ਸੋਢੀ ਵਾਲੇ ਤੱਕ ਹੀ ਹਨ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ। 2-3 ਗੱਲਾਂ ਮੈਂ ਪਹਿਲਾਂ ਹੀ ਕਹਿ ਦਿੱਤੀਆਂ ਹਨ। ਧੰਨਾ ਸ਼ਹੀਦ ਦਾ ਜਿਹੜਾ ਸੜਕ ਦਾ ਟੋਟਾ ਹੈ ਇਹ ਪਹਿਲਾਂ ਹੀ ਤਲਵੰਡੀ ਰੋਡ ਨਾਲ ਜੁੜਿਆ ਹੋਇਆ ਹੈ। ਫਿਰ ਵੀ ਮੈਂਬਰ ਸਾਹਿਬ ਚਾਹੁੰਦੇ ਹਨ ਤਾਂ ਉਸ ਨੂੰ ਵੀ ਅਸੀਂ ਮੁਕੰਮਲ ਕਰਵਾ ਦਿਆਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਧੰਨਾ ਸ਼ਹੀਦ ਦੀ ਸੜਕ ਦਾ ਕੋਈ ਮਤਲਬ ਹੀ ਨਹੀਂ ਉਹ ਕਾਗਜ਼ਾਂ ਵਿਚ ਬਣੀ ਹੋਵੇਗੀ....(ਵਿਘਨ)

ਸ੍ਰੀ ਸਪੀਕਰ : ਜ਼ੀਰਾ ਜੀ ਨਹੀਂ, ਅਗਲਾ ਸਵਾਲ।

ਅਨਾਜ ਦੀ ਸਟੋਰੇਜ

*1467. (1) ਸਰਦਾਰ ਸੁਖਵਿੰਦਰ ਸਿੰਘ ਔਲਖ
(2) ਸਰਦਾਰ ਗੁਰਦੀਪ ਸਿੰਘ ਭੁੱਲਰ } : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਅਨਾਜ ਸਟੋਰੇਜ ਲਈ ਕੁੱਲ ਸਟੋਰੇਜ ਸਮੱਰਥਾ ਦੀ ਵਰਤਮਾਨ ਸਥਿਤੀ ਕੀ ਹੈ ਅਤੇ ਸਾਲ 1993 ਤੋਂ 1998 ਤੱਕ ਸਮੇਂ ਦੇ ਦੌਰਾਨ ਮਨੁੱਖੀ ਖਪਤ ਲਈ ਅਯੋਗ ਐਲਾਨ ਸਟੋਰ ਕੀਤੇ ਗਏ ਅਨਾਜ (ਚਾਵਲ ਅਤੇ ਕਣਕ) ਦੀ ਪ੍ਰਤੀਸ਼ਤਤਾ ਕੀ ਹੈ ?

(ਅ) ਮਨੁੱਖੀ ਖਪਤ ਲਈ ਅਯੋਗ ਐਲਾਨੇ ਗਏ ਅਨਾਜ ਦੇ ਸਟਾਕ ਦਾ ਕਿਸ ਤਰੀਕੇ ਨਾਲ ਨਿਪਟਾਰਾ ਕੀਤਾ ਜਾਂਦਾ ਹੈ ?

(ੳ) ਸ਼੍ਰੀ ਮਦਨ ਮੋਹਨ ਮਿੱਤਲ : ਖੁਰਾਕ ਅਤੇ ਸਪਲਾਈ ਵਿਭਾਗ ਪੰਜਾਬ ਇਸ ਦੀਆਂ ਖਰੀਦ ਏਜੰਸੀਆਂ ਅਤੇ ਭਾਰਤੀ ਖੁਰਾਕ ਨਿਗਮ ਪਾਸ ਉਪਲਬਧ ਭੰਡਾਰਕ ਸਮਰੱਥਾ ਦਾ ਵੇਰਵਾ ਅਨੁਲੱਗ-ਏ ਤੇ ਨੱਥੀ ਕੀਤਾ ਜਾਂਦਾ ਹੈ। ਸਾਲ 1993 ਤੋਂ 1998 ਤੱਕ ਮਨੁੱਖੀ ਵਰਤੋਂ ਲਈ ਅਯੋਗ ਐਲਾਨੇ ਗਏ ਕਣਕ ਦੇ ਭੰਡਾਰ ਅਤੇ ਇਨ੍ਹਾਂ ਦੀ ਪ੍ਰਤੀਸ਼ਤਤਾ ਦਾ ਵਿਵਰਨ ਅਨੁਲੱਗ-ਬੀ ਤੇ ਨੱਥੀ ਕੀਤਾ ਜਾਂਦਾ ਹੈ।

(ਅ) ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆ ਵਲੋਂ ਚਾਵਲਾਂ ਦੀ ਖਰੀਦ/ਭੰਡਾਰ ਨਹੀਂ ਕੀਤਾ ਜਾਂਦਾ। ਕੇਵਲ ਭਾਰਤੀ ਖੁਰਾਕ ਨਿਗਮ ਵੱਲੋਂ ਹੀ ਕੇਂਦਰੀ ਪੂਲ ਲਈ ਚਾਵਲਾਂ ਦੀ ਖਰੀਦ/ਭੰਡਾਰ ਕੀਤਾ ਜਾਂਦਾ ਹੈ। ਜੋ ਕਣਕ ਦੇ ਭੰਡਾਰ ਮਨੁੱਖੀ ਵਰਤੋਂ ਲਈ ਅਯੋਗ ਐਲਾਨੇ ਜਾਂਦੇ ਹਨ ਉਨ੍ਹਾਂ ਦਾ ਨਿਪਟਾਰਾ ਟੈਂਡਰ ਮੰਗਵਾ ਕੇ/ਖੁੱਲ੍ਹੀ ਨੀਲਾਮੀ ਰਾਹੀਂ ਕੀਤਾ ਜਾਂਦਾ ਹੈ।

ਅਨੁਲੱਗ-ਏ

ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਸਮੇਤ ਭਾਰਤੀ ਖੁਰਾਕ ਨਿਗਮ ਪਾਸ ਮਿਤੀ 1 ਫਰਵਰੀ, 1999 ਤੱਕ ਉਪਲਬੱਧ ਭੰਡਾਰਕ ਸਮਰੱਥਾ ਦਾ ਵੇਰਵਾ ।

(ਅੰਕੜੇ ਲੱਖ ਮੀਟ੍ਰਿਕ ਟਨਾਂ ਵਿੱਚ)

ਖਰੀਦ ਏਜੰਸੀ ਦਾ ਨਾਂ	ਢਕੀ ਹੋਈ (ਕਵਰਡ) ਭੰਡਾਰਕ ਸਮਰੱਥਾ			ਓਪਨ ਦੀ ਭੰਡਾਰਕ ਸਮਰੱਥਾ			ਖਾਲੀ ਸਮਰੱਥਾ
	ਆਪਣੀ	ਕਿਰਾਏ ਦੀ	ਕੁੱਲ	ਆਪਣੀ	ਕਿਰਾਏ ਦੀ	ਕੁੱਲ	
1	2	3	4	5	6	7	8
ਖੁਰਾਕ ਅਤੇ ਸਪਲਾਈਜ਼ ਵਿਭਾਗ ਪੰਜਾਬ (ਫੂਡਸਪ) ।	1.37	1.14	2.51	0.74	6.80	7.54	2.21
ਪੰਜਾਬ ਸਟੇਟ ਸਿਵਲ ਸਪਲਾਈਜ਼ ਕਾਰਪੋਰੇਸ਼ਨ (ਪਨਸਪ)	1.34	1.14	2.48	0.24	16.38	16.62	5.70
ਪੰਜਾਬ ਸਟੇਟ ਕੋਅਪਰੇਟਿਵ ਸਪਲਾਈ ਐਂਡ ਮਾਰਕੀਟਿੰਗ ਫੈਡਰੇਸ਼ਨ (ਮਾਰਕਫੈਡ) ।	11.55	0.71	12.26	1.38	11.42	12.80	5.24
ਪੰਜਾਬ ਰਾਜ ਗੁਦਾਮ ਨਿਗਮ (ਪੀ. ਐਸ. ਡਬਲਿਊ. ਸੀ) ।	14.82	3.80	18.62	1.30	9.62	10.92	6.90
ਭਾਰਤੀ ਖੁਰਾਕ ਨਿਗਮ (ਐਫ. ਸੀ. ਆਈ)	21.44	24.59	46.03	4.52	21.83	26.35	10.03
ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ (ਪੀ. ਏ. ਆਈ. ਸੀ.)	—	0.40	0.40	—	1.77	1.77	1.08
ਜੋੜ	50.52	31.78	82.30	8.18	67.82	76.00	31.16

[ਖੁਰਾਕ ਅਤੇ ਸਪਲਾਈਜ਼ ਮੰਤਰੀ]

ਅਨੁਲੱਗ-ਬੀ

ਸਾਲ 1993 ਤੋਂ 1998 ਤੱਕ ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਨਾਲ ਸਬੰਧਤ ਮਨੁੱਖੀ ਵਰਤੋਂ ਲਈ ਅਯੋਗ ਐਲਾਨੀ ਗਈ ਕਣਕ ਦੀ ਮਾਤਰਾ ਅਤੇ ਇਸ ਦੀ ਪ੍ਰਤੀਸ਼ਤਤਾ ਦਾ ਵੇਰਵਾ ।

(ਅੰਕੜੇ ਮੀਟ੍ਰਿਕ ਟਨਾਂ ਵਿੱਚ)

ਖਰੀਦ ਏਜੰਸੀ ਦਾ ਨਾਂ	ਫਸਲੀ ਸਾਲ	ਕਣਕ ਦੀ ਮਾਤਰਾ	ਪ੍ਰਤੀਸ਼ਤਤਾ
1	2	3	4
ਖੁਰਾਕ ਅਤੇ ਸਪਲਾਈਜ਼ ਵਿਭਾਗ..	1993-94	815	0.01%
ਪੰਜਾਬ (ਫੂਡਸਪ) ..	1994-95	922	0.01%
ਪੰਜਾਬ ਸਟੇਟ ਸਿਵਲ ਸਪਲਾਈਜ਼	1994-95	1,449	0.09
ਕਾਰਪੋਰੇਸ਼ਨ ਲਿਮਟਿਡ (ਪਨਸਪ) । ..	1995-96	2,371	0.16%
	1996-97	57	0.004%
	1997-98	42	0.003%
ਪੰਜਾਬ ਸਟੇਟ ਕੋਆਪਰੇਟਿਵ ਸਪਲਾਈ	1993-94	4,649	0.24%
ਐਂਡ ਮਾਰਕੀਟਿੰਗ ਫੈਡਰੇਸ਼ਨ ..	1994-95	654	0.04%
(ਮਾਰਕਫੈਡ) । ..	1995-96	3,673	0.24%
ਪੰਜਾਬ ਰਾਜ ਗੁਦਾਮ ਨਿਗਮ ..	1993-94	10,296	0.45%
(ਪੀ. ਐਸ. ਡਬਲਿਊ. ਸੀ.) ..	1994-95	29,230	1.06%
..	1995-96	38,575	1.08%
..	1996-97	8,430	0.24%
..	1997-98	112	0.004%

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪਲੀਮੈਂਟਰੀ ਸਰ, ਸਪੀਕਰ ਸਾਹਿਬ ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਬਾਕੀ ਤਾਂ ਮੇਰੀ ਸੰਤੁਸ਼ਟੀ ਹੈ ਪਰ ਇਨ੍ਹਾਂ ਨੇ ਜੋ ਖਾਲੀ ਸਮਰਥਾ ਦਿੱਤੀ ਹੈ ਉਹ 31.16 ਲੱਖ ਮੀਟਰਿਕ ਟਨ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਖਾਲੀ ਸਮਰਥਾ ਹੈ ਇਹ ਇਨ੍ਹਾਂ ਨੇ ਕਿਰਾਏ ਤੇ ਲਈ ਹੋਈ ਹੈ ਜਾਂ ਫਿਰ ਇਨ੍ਹਾਂ ਦੇ ਆਪਣੇ ਮਹਿਕਮੇ ਦੀ ਹੈ । ਇਹੀ ਪੁੱਛਣਾ ਚਾਹੁੰਦਾ ਹਾਂ ।

ਮੰਤਰੀ : ਸਪੀਕਰ ਸਾਹਿਬ, ਇਸ ਦੇ ਵਿੱਚ ਸਾਰੀ ਡਿਟੇਲ ਦਿੱਤੀ ਹੈ ਕਿ ਕਵਰਡ ਕਿੰਨੀ ਹੈ, ਕਿਰਾਏ ਤੇ ਕਿੰਨੀ ਹੈ, ਸਾਡੇ ਕੋਲ ਕਿੰਨੀ ਹੈ ਔਰ ਕਿੰਨੀ ਪ੍ਰਾਈਵੇਟ ਵਾਲਿਆਂ ਦੀ ਹੈ। ਇਹ ਸਾਰੀ ਡਿਟੇਲ ਲਿਖੀ ਹੋਈ ਹੈ । ਸਾਰੀ ਸਮਰਥਾ ਲਿਖੀ ਹੋਈ ਹੈ ਔਰ ਜਿਹੜੀ ਟੋਟਲ ਬਚਦੀ ਹੈ ਉਹ ਵੀ ਲਿਖੀ ਹੋਈ ਹੈ । ਜਿਹੜੀ ਸਾਡੇ ਹੁਣ ਪ੍ਰੈਜੈਂਟ ਹੈ ਉਹ 31.16 ਲੱਖ ਮੀਟਿਰਕ ਟਨ ਹੈ ਔਰ ਬਾਕੀ ਦੇ ਵਾਸਤੇ ਅਸੀਂ ਕੋਸ਼ਿਸ਼ ਕਰ ਰਹੇ ਹਾਂ । ਮੈਂ ਮੈਂਬਰ ਸਾਹਿਬ ਦਾ ਭਾਵ ਸਮਝ ਗਿਆ ਹਾਂ ਕਿ ਉਹ ਕੀ ਕਹਿ ਰਹੇ ਹਨ । ਰੱਬੀ ਕਰਾਪ ਦੀ ਫਸਲ ਦੀ ਚਿੰਤਾ ਹੈ ਇਸ ਵਾਸਤੇ ਸਰਕਾਰ ਪਹਿਲਾਂ ਹੀ ਚਿੰਤਤ ਹੈ । ਅਸੀਂ ਇਸ ਉਤੇ ਪਹਿਲਾਂ ਸਟੈਪਸ ਲੈ ਰਹੇ ਹਾਂ ਤਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਵੀ ਕਿਸੇ ਤਰ੍ਹਾਂ ਦੀ ਪ੍ਰਾਬਲਮ ਨਾ ਆਵੇ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਨ੍ਹਾਂ ਵਲੋਂ ਜਵਾਬ ਆਇਆ ਹੈ ਕਿ ਢਕੀ ਹੋਈ ਇੰਨੀ ਹੈ, ਇੰਨੀ ਆਪਣੀ ਹੈ ਲੇਕਿਨ ਜਿਹੜੀ 31.16 ਲੱਖ ਮੀਟਰਿਕ ਟਨ ਦੀ ਖਾਲੀ ਸਮਰਥਾ ਬਾਰੇ ਦੱਸਿਆ ਹੈ ਉਸ ਬਾਰੇ ਇਨ੍ਹਾਂ ਵਲੋਂ ਇਹ ਨਹੀਂ ਦੱਸਿਆ ਗਿਆ ਕਿ ਇਸ ਦੇ ਵਿੱਚੋਂ ਕਿੰਨੀ ਕਿਰਾਏ ਵਾਲੀ ਹੈ ਔਰ ਕਿੰਨੀ ਇਨ੍ਹਾਂ ਦੇ ਆਪਣੇ ਮਹਿਕਮੇ ਦੀ ਹੈ ।

ਮੰਤਰੀ : ਸਪੀਕਰ ਸਾਹਿਬ, ਇਹ ਮੈਥੇਮੈਟਿਕਸ ਕੈਲਕੁਲੇਸ਼ਨ ਦਾ ਕੰਮ ਹੈ ਲੇਕਿਨ ਇਨ੍ਹਾਂ ਨੇ ਜੋ ਪੁੱਛਿਆ ਸੀ ਉਸ ਬਾਰੇ ਅਸੀਂ ਚਾਰਟ ਵਿੱਚ ਦੇ ਦਿੱਤਾ ਹੈ । ਲੇਕਿਨ ਮੈਂਬਰ ਸਾਹਿਬ ਚਾਹੁਣ ਤਾਂ ਇਹ ਮੇਰੇ ਕੋਲ ਆ ਜਾਣ ਤਾਂ ਪਤਾ ਕਰਕੇ ਇਨ੍ਹਾਂ ਨੂੰ ਮੈਂ ਦੱਸ ਸਕਦਾ ਹਾਂ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਜਿਹੜਾ ਸਵਾਲ ਭਾਗ 'ਅ' ਵਿੱਚ ਮੰਤਰੀ ਸਾਹਿਬ ਨੇ ਕਿਹਾ ਕਿ ਜੋ ਕਣਕ ਦੇ ਭੰਡਾਰ ਮਨੁੱਖੀ ਵਰਤੋਂ ਲਈ ਅਯੋਗ ਐਲਾਨੇ ਜਾਂਦੇ ਹਨ ਉਨ੍ਹਾਂ ਦਾ ਨਿਪਟਾਰਾ ਟੈਂਡਰ ਮੰਗਵਾ ਕੇ/ਖੁੱਲੀ ਨੀਲਾਮੀ ਰਾਹੀਂ ਕੀਤਾ ਜਾਂਦਾ ਹੈ । ਕੀ ਇਹ ਸ਼ਿਓਰਟੀ ਦਿੰਦੇ ਹਨ ਕਿ ਉਸ ਕਣਕ ਨੂੰ ਠੇਕੇਦਾਰ ਦੁਬਾਰਾ ਕਣਕ ਵਿਚ ਮਿਲਾ ਕੇ ਤਾਂ ਨਹੀਂ ਵੇਚ ਦਿੰਦੇ ? ਜਿਹੜਾ ਆਟਾ ਲੋਕ ਖਰੀਦਦੇ ਹਨ ਉਸ ਵਿੱਚ ਉਸ ਨੂੰ ਦੁਬਾਰਾ ਮਿਕਸ ਕਰਕੇ ਤਾਂ ਨਹੀਂ ਵੇਚ ਦਿੰਦੇ ਜਿਹੜੀ ਕਿ ਮਨੁੱਖੀ ਖਾਣੇ ਲਈ ਠੀਕ ਨਹੀਂ ।

ਮੰਤਰੀ : ਇਹ ਬੜਾ ਅੱਛਾ ਸਵਾਲ ਪੁੱਛਿਆ ਹੈ ਮੈਂਬਰ ਸਾਹਿਬ ਨੇ । ਸਾਡੀ ਸਰਕਾਰ ਆਉਣ ਤੋਂ ਪਹਿਲਾਂ ਇਹ ਪ੍ਰੈਕਟਿਸ ਸੀ ਕਿ ਜਿਹੜੀ ਕਣਕ ਅਨਫਿਟ ਫਾਰ ਹਿਊਮਨ ਬੀਂਗਜ਼ ਸੀ ਉਸ ਦੀ ਆਕਸ਼ਨ ਰੱਬੀ ਦੀ ਫ਼ਸਲ ਆਉਣ ਤੋਂ ਪਹਿਲਾਂ ਹੀ ਕਰ

[ਖੁਰਾਕ ਅਤੇ ਸਪਲਾਈਜ਼ ਮੰਤਰੀ]
ਦਿੱਤੀ ਜਾਂਦੀ ਸੀ । ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਆਈ ਹੈ ਜਿਸ ਨੇ ਇਹ ਫੈਸਲਾ ਕੀਤਾ ਹੈ ਕਿ ਜੋ ਅਨਫਿਟ ਵ੍ਹੀਟ ਹੈ ਇਹ ਦੁਬਾਰਾ ਮਿਲਾ ਕੇ ਉਨ੍ਹਾਂ ਠੀਕ ਬੋਰੀਆਂ ਵਿੱਚ ਨਾ ਜਾਵੇ । ਇਸ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਆਕਸ਼ਨ ਉਦੋਂ ਕਰਨੀ ਹੈ ਜਦੋਂ ਰੱਬੀ ਕਰਾਪ ਮੰਡੀਆਂ ਵਿਚੋਂ ਪਰਚੇਜ਼ ਹੋ ਜਾਵੇ । ਗੋਡਾਊਨ ਵਿੱਚ ਚਲੀ ਜਾਵੇ We have already this aspect in view.

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਜਦੋਂ ਕਣਕ ਵਿੱਕ ਜਾਦੀ ਹੈ ਤਾਂ ਮਾੜੀ ਕਣਕ ਨੂੰ ਤਾਂ ਉਹ ਕਿਸੇ ਵੇਲੇ ਵੀ ਮਾਰਕੀਟ ਵਿੱਚ ਲਿਆ ਸਕਦੇ ਹਨ । ਕੀ ਠੇਕੇਦਾਰ ਤੋਂ ਸ਼ਿਓਰਟੀ ਲਈ ਜਾਂਦੀ ਹੈ ਕਿ ਉਹ ਖਰਾਬ ਕਣਕ ਨੂੰ ਦੁਬਾਰਾ ਮਾਰਕੀਟ ਵਿਚ ਨਹੀਂ ਲਿਆਵੇਗਾ । ਮੈਂ ਇਹ ਪੁੱਛਿਆ ਸੀ ।

ਸ੍ਰੀ ਸਪੀਕਰ : ਉਹ ਪੁੱਛ ਰਹੇ ਹਨ ਕੀ ਤੁਸੀਂ ਸ਼ਿਓਰਟੀ ਲੈਂਦੇ ਹੋ ?

ਮੰਤਰੀ : ਇਹ ਉਨ੍ਹਾਂ ਤੋਂ ਸਰਟੀਫਾਈ ਕਰਵਾਇਆ ਜਾਂਦਾ ਹੈ ਤੇ ਉਨ੍ਹਾਂ ਤੋਂ ਸ਼ਿਓਰਟੀ ਲਈ ਜਾਂਦੀ ਹੈ ਕਿ ਇਹ ਸਿਰਫ਼ ਕੈਟਲ ਫੀਡ ਵਾਸਤੇ ਹੀ ਵਰਤੀ ਜਾਵੇਗੀ । ਫਰਦਰ ਐਸ਼ਿਓਰ ਕਰਨ ਵਾਸਤੇ ਮੰਡੀ ਦੀ ਸਾਰੀ ਵ੍ਹੀਟ ਕਰਾਪ ਵਿਕਣ ਤੋਂ ਬਾਅਦ ਹੀ ਆਕਸ਼ਨ ਕਰਦੇ ਹਾਂ । ਦੂਸਰੀ ਗੱਲ ਇਕ ਵਾਰ ਐਸਾ ਹੋਇਆ ਕਿ ਜਿਹੜੀ ਫੀਡ ਤਿਆਰ ਕੀਤੀ ਗਈ ਉਹ ਵੀ ਕੈਟਲ ਵਾਸਤੇ ਫਿੱਟ ਨਹੀਂ ਸੀ । ਉਸ ਨੂੰ ਡੰਪ ਕੀਤਾ ਗਿਆ ਤਾਂ ਕਿ ਉਸ ਨੂੰ ਦੁਬਾਰਾ ਇਸਤੇਮਾਲ ਨਾ ਕੀਤਾ ਜਾਵੇ । It may not harm human lives and their health.

ਬਾਬਾ ਫਰੀਦ ਸਿਹਤ ਵਿਗਿਆਨ ਯੂਨੀਵਰਸਿਟੀ, ਫਰੀਦਕੋਟ ਦਾ ਕੰਮ ਕਾਰ

*1408 (1) **ਕਾਮਰੇਡ ਅਜੈਬ ਸਿੰਘ ਰੌਂਤਾ** :
(2) **ਕਾਮਰੇਡ ਹਰਦੇਵ ਸਿੰਘ ਅਰਸ਼ੀ** : } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਬਾਬਾ ਫਰੀਦ ਸਿਹਤ ਵਿਗਿਆਨ ਯੂਨੀਵਰਸਿਟੀ, ਫਰੀਦਕੋਟ ਅਸਲ ਵਿੱਚ ਕਦੋਂ ਤੋਂ ਆਪਣਾ ਕੰਮਕਾਰ ਕਰਨਾ ਆਰੰਭ ਕਰ ਦੇਵੇਗੀ;

(ਅ) ਕੀ ਰਾਜ ਵਿੱਚ ਕਿਸੇ ਮੈਡੀਕਲ/ਡੈਂਟਲ/ਆਯੂਰਵੈਦਿਕ ਅਤੇ ਹੋਮਿਉਪੈਥਿਕ ਕਾਲਜ ਨੂੰ ਉਕਤ ਯੂਨੀਵਰਸਿਟੀ ਨਾਲ ਸਬੰਧਤ ਕੀਤਾ ਗਿਆ ਹੈ; ਜੇਕਰ ਨਹੀਂ, ਤਾਂ ਉਸਦੇ ਕਾਰਣ ਕੀ ਹਨ;

(ੲ) ਕੀ ਯੂਨੀਵਰਸਿਟੀ ਦੇ ਵਿਕਾਸ/ਸਥਾਪਨਾ ਅਤੇ ਚਲਾਉਣ ਲਈ ਚਾਲੂ ਵਿੱਤੀ ਸਾਲ ਦੌਰਾਨ ਮੁਹੱਈਆ ਕੀਤੇ ਗਏ ਫੰਡ ਜਾਰੀ ਕਰ ਦਿੱਤੇ ਅਤੇ ਵਰਤ ਲਏ ਗਏ ਹਨ; ਜੇਕਰ ਨਹੀਂ, ਤਾਂ ਉਸਦੇ ਕੀ ਕਾਰਨ ਹਨ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਤੇ ਯੋਜਨਾ ਮੰਤਰੀ) : (ੳ) ਇਸ ਨੇ ਕੰਮ ਚਾਲੂ ਕਰ ਦਿੱਤਾ ਹੈ ।

(ਅ) ਮਾਨਤਾ ਦੇਣ ਦੇ ਮਾਮਲੇ ਨੂੰ ਛੇਤੀ ਹੀ ਸ਼ੁਰੂ ਕੀਤਾ ਜਾਵੇਗਾ । ਲੋੜੀਂਦੇ ਸਾਜੋ ਸਮਾਨ ਦੀ ਘਾਟ ਕਰਕੇ ਅਜਿਹਾ ਪਹਿਲਾਂ ਨਹੀਂ ਕੀਤਾ ਜਾ ਸਕਿਆ ।

(ੲ) ਸਲਾਨਾ ਪਲਾਨ ਸਕੀਮ ਹੇਠ 1998-99 ਦੌਰਾਨ 50 ਲੱਖ ਰੁਪਏ ਅਤੇ 250 ਲੱਖ ਰੁਪਏ ਦਾ ਮਾਲ ਅਤੇ ਕੈਪੀਟਲ ਮੱਦ ਕਰਮਵਾਰ ਉਪਬੰਧ ਕੀਤਾ ਗਿਆ ਹੈ । 25 ਲੱਖ ਰੁਪਏ ਦੇ ਫੰਡਜ਼ ਯੂਨੀਵਰਸਿਟੀ ਨੂੰ ਮਾਲ ਮੱਦ ਅਧੀਨ ਦੇ ਦਿੱਤੇ ਗਏ ਹਨ । ਹੋਰ 25 ਲੱਖ ਰੁਪਏ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ ਛੇਤੀ ਹੀ ਇਸ ਦੀ ਅਦਾਇਗੀ ਕੀਤੀ ਜਾਵੇਗੀ । ਇਸ ਤੋਂ ਇਲਾਵਾ ਮੁੱਖ ਮੰਤਰੀ ਜੀ ਦੇ ਇਨਫ੍ਰਾਸਟਰਕਚਰ ਫੰਡ ਵਿੱਚੋਂ 12 ਲੱਖ ਰੁਪਏ ਦੀ ਰਕਮ ਜਾਰੀ ਕਰ ਦਿੱਤੀ ਗਈ ਹੈ । ਹੁਣ ਤੱਕ ਯੂਨੀਵਰਸਿਟੀ ਨੇ 37 ਲੱਖ ਰੁਪਏ, ਜੋ ਰਲੀਜ ਕੀਤੇ ਗਏ ਸਨ, ਵਰਤ ਲਏ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਮੈਂ ਪੁੱਛਿਆ ਸੀ ਕਿ ਬਾਬਾ ਫਰੀਦ ਸਿਹਤ ਵਿਗਿਆਨ ਯੂਨੀਵਰਸਿਟੀ, ਫਰੀਦਕੋਟ ਅਮਲ ਵਿਚ ਕਦੋਂ ਤੋਂ ਆਪਣਾ ਕੰਮ ਕਰਨਾ ਆਰੰਭ ਕਰ ਦੇਵੇਗੀ । ਕੰਮ ਕਰਨ ਤੋਂ ਭਾਵ ਪ੍ਰੈਕਟੀਕਲੀ ਉਥੇ ਪੜ੍ਹਾਈ ਕਦੋਂ ਸ਼ੁਰੂ ਹੋਵੇਗੀ ? ਪੜ੍ਹਾਈ ਤੋਂ ਬਾਅਦ ਕੋਈ ਕੰਮ ਹੋਇਆ ਹੈ । ਦੋਹਾਂ ਵਿਚੋਂ ਕਿਹੜਾ ਕੰਮ ਹੋਇਆ ਕਿਰਪਾ ਕਰਕੇ ਇਹ ਦੱਸਿਆ ਜਾਵੇ ?

ਮੰਤਰੀ : ਸਪੀਕਰ ਸਾਹਿਬ, ਜੇ ਤਾਂ ਮਾਨਯੋਗ ਮੈਂਬਰ ਸਾਹਿਬ ਜਾਨਣਾ ਚਾਹੁੰਣਗੇ ਕਿ ਕਦੋਂ ਕਾਲਜਾਂ ਦੀ ਐਫੀਲਿਏਸ਼ਨ ਹੋ ਜਾਵੇਗੀ । ਉਸ ਬਾਰੇ ਮੈਂ ਇਹ ਦੱਸਣਾ ਚਾਹਾਂਗਾ ਕਿ ਇਕ ਮੈਨੇਜਮੈਂਟ ਕਮੇਟੀ ਦੀ 25 ਫਰਵਰੀ, 1999 ਨੂੰ ਸਥਾਪਨਾ ਕੀਤੀ ਗਈ ਗਈ ਸੀ । ਉਸ ਨੇ ਆਪਣੀ ਮੀਟਿੰਗ ਕਰਕੇ ਕੁਝ ਸਿਫਾਰਸ਼ਾਂ ਤੈਅ ਕੀਤੀਆਂ ਹਨ ਅਤੇ ਇਸ ਮੈਨੇਜਮੈਂਟ ਕਮੇਟੀ ਦੀ ਨੈਕਸਟ ਮੀਟਿੰਗ ਕੱਲ੍ਹ ਨੂੰ 13 ਮਾਰਚ, 1999 ਨੂੰ ਹੋਣ ਵਾਲੀ ਹੈ । ਜਿਸ ਵਿਚ ਸਾਰੀਆਂ ਸਿਫਾਰਸ਼ਾਂ ਹਨ ਤੇ ਸਾਰੇ ਮੁੱਦੇ ਤੈਅ ਕੀਤੇ ਗਏ ਹਨ । ਉਨ੍ਹਾਂ ਤੇ ਫੈਸਲਾ ਕੀਤਾ ਜਾਵੇਗਾ । ਇਹ ਯੂਨੀਵਰਸਿਟੀ 1 ਜੁਲਾਈ 1999 ਤੋਂ ਜਿੰਨੇ ਕਾਲਜ ਪੰਜਾਬ ਵਿਚ ਚਲ ਰਹੇ ਹਨ, ਸਾਇੰਸ ਦਾ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਐਫੀਲਿਏਸ਼ਨ ਦੇ ਕੇ ਇਹ ਸਾਰਾ ਕੰਮਕਾਜ ਸ਼ੁਰੂ ਕਰ ਦੇਵੇਗੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਨੇ ਦੱਸਿਆ ਹੈ ਕਿ ਕਾਲਜਾਂ ਨੂੰ ਮਾਨਤਾ ਦੇਣ ਲਈ ਛੇਤੀ ਹੀ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਲੋੜੀਂਦੇ ਸਾਜੋ-ਸਾਮਾਨ ਦਾ ਇੰਤਜ਼ਾਮ ਜਿਹੜਾ ਪਹਿਲਾਂ ਨਹੀਂ ਕੀਤਾ ਗਿਆ ਸੀ ਔਰ ਨਾ ਸਟਾਫ ਦੀ ਭਰਤੀ ਕੀਤੀ ਗਈ ਜਦ ਕਿ ਬਜਟ 1998-99 ਵਿਚ 5 ਕਰੋੜ ਰੁਪਿਆ ਰੱਖਿਆ ਗਿਆ ਸੀ ਪਰ ਸਰਕਾਰ ਵਲੋਂ ਹੁਣ ਤੱਕ 37 ਲੱਖ ਰੁਪਿਆ ਹੀ ਰੀਲੀਜ਼ ਕੀਤਾ ਗਿਆ ਸੀ ਇਸ ਵਿਚੋਂ ਵੀ ਸਾਜੋ ਸਾਮਾਨ ਨਹੀਂ ਖਰੀਦਿਆ ਗਿਆ । ਇਸ ਦੇ ਕੀ ਕਾਰਨ ਹਨ ?

ਮੰਤਰੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਯੂਨੀਵਰਸਿਟੀ ਨੂੰ ਸਥਾਪਿਤ ਕਰਨਾ ਇਕ ਬਹੁਤ ਵੱਡਾ ਕੰਮ ਹੁੰਦਾ ਹੈ । ਇਸ ਤੋਂ ਇਲਾਵਾ, ਇਸ ਯੂਨੀਵਰਸਿਟੀ ਨੂੰ ਹੋਂਦ ਵਿਚ ਲਿਆਉਣ ਲਈ ਐਕਟ ਬਣਾਉਣ ਦੀ ਲੋੜ ਹੁੰਦੀ ਹੈ ਅਤੇ ਇਸ ਐਕਟ ਨੂੰ ਬਣਾਉਣ ਲਈ ਕਾਫੀ ਵਿਚਾਰ ਕਰਨ ਦੀ ਲੋੜ ਸੀ ਅਤੇ ਐਕਟ ਨੂੰ ਬਣਾ ਦਿੱਤਾ ਗਿਆ ਹੈ । ਬੋਰਡ ਆਫ ਮੈਨੇਜਮੈਂਟ ਮੈਡੀਕਲ ਯੂਨੀਵਰਸਿਟੀ 19 ਅਗਸਤ 1998 ਨੂੰ ਕਾਂਸਟੀਚਿਊਟ ਕਰ ਦਿੱਤੀ ਗਈ ਸੀ । ਜਿਸ ਤਰ੍ਹਾਂ ਮੈਂ ਪਹਿਲੇ ਦੱਸਿਆ ਹੈ ਕਿ ਇਸ ਦੇ ਲਈ ਕਈ ਮੀਟਿੰਗਾਂ ਵੀ ਹੋ ਚੁੱਕੀਆਂ ਹਨ ਅਤੇ ਜ਼ਰੂਰੀ ਕਾਰਵਾਈਆਂ ਕਰਨ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਚਾਲੂ ਕਰਨ ਦਾ ਕੰਮ ਕਰ ਦਿੱਤਾ ਜਾਵੇਗਾ । ਥੋੜਾ ਬਹੁਤ ਟਾਈਮ ਇਤਨੇ ਵੱਡੇ ਅਹਿਮ ਆਰਗੇਨਾਈਜ਼ੇਸ਼ਨ ਨੂੰ ਸਥਾਪਿਤ ਕਰਨ ਲਈ ਲਗ ਹੀ ਜਾਂਦਾ ਹੈ । ਇਸ ਵਿਚ ਥੋੜੀ ਹੀ ਦੇਰ ਹੋਈ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਬੜਾ ਸਪਸ਼ਟ ਦਿੱਤਾ ਹੈ ਅਤੇ ਟਾਈਮ ਬਾਊਂਡ ਡੇਟ 1 ਜੁਲਾਈ 1999 ਦੀ ਦੇ ਦਿੱਤੀ ਹੈ ਕਿ ਮੈਡੀਕਲ ਕਾਲਜਾਂ ਦੀ ਐਫੀਲੇਸ਼ਨ ਸ਼ੁਰੂ ਹੋ ਜਾਵੇਗੀ ਅਤੇ ਇਸ ਯੂਨੀਵਰਸਿਟੀ ਵਾਸਤੇ 150 ਏਕੜ ਲੈਂਡ ਨੂੰ ਐਕਵਾਇਰ ਕਰਨਾ ਸੀ ਪਰ ਹਾਲੇ ਤੱਕ ਕੇਵਲ 35 ਏਕੜ ਲੈਂਡ ਹੀ ਕਬਜ਼ੇ ਵਿਚ ਲਈ ਗਈ ਹੈ ਅਤੇ ਬਾਕੀ ਦੀ ਰਹਿੰਦੀ ਜ਼ਮੀਨ ਕਦੋਂ ਤੱਕ ਐਕਵਾਇਅਰ ਕਰ ਲੈਣਗੇ ? ਇਸ ਦੇ ਨਾਲ ਜਿਹੜਾ ਪ੍ਰੀ-ਮੈਡੀਕਲ ਟੈਸਟ 1999 ਦਾ ਹੋਣਾ ਹੈ ਚੂੰਕਿ ਇਹ ਯੂਨੀਵਰਸਿਟੀ ਵਲੋਂ ਲਿਆ ਜਾਣਾ ਹੈ । ਕੀ ਇਸ ਸਾਲ ਇਹ ਬਾਬਾ ਫਰੀਦ ਯੂਨੀਵਰਸਿਟੀ ਪੀ. ਐਮ. ਟੀ. ਦਾ ਟੈਸਟ ਲੈਣ ਜਾ ਰਹੀ ਹੈ ਜਾਂ ਨਹੀਂ ?

ਮੰਤਰੀ ਸਪੀਕਰ ਸਾਹਿਬ, 35 ਏਕੜ ਜ਼ਮੀਨ ਇਸ ਯੂਨੀਵਰਸਿਟੀ ਦੇ ਵਾਸਤੇ ਅਸੀਂ ਐਕਵਾਇਅਰ ਕਰ ਲਈ ਹੈ ਅਤੇ ਇਸ ਦਾ ਟੋਟਲ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਗਿਆ ਹੈ ਅਤੇ ਇਸ ਜ਼ਮੀਨ ਦਾ ਕਬਜ਼ਾ ਲੈ ਲਿਆ ਗਿਆ ਹੈ ਅਤੇ 122 ਏਕੜ ਹੋਰ ਜ਼ਮੀਨ ਲੈਣ ਦੀ ਲੋੜ ਨੂੰ ਵੇਖਦੇ ਹੋਏ ਸਾਡੇ ਮੁੱਖ ਮੰਤਰੀ ਸਾਹਿਬ ਨੇ ਉਥੋਂ ਦੇ ਸਾਰੇ ਫਾਰਮਰਜ਼ ਦੀ ਮੀਟਿੰਗ ਕਾਲ ਕੀਤੀ ਹੈ ਤਾਂ ਕਿ ਉਨ੍ਹਾਂ ਦੀ ਜ਼ਮੀਨ ਨੂੰ ਐਕਵਾਇਅਰ ਕੀਤਾ ਜਾ ਸਕੇ । ਫਾਰਮਰਜ਼ ਦੇ ਨਾਲ ਇਕ ਸਮਝੌਤਾ ਹੋਵੇਗਾ ਕਿ 1/4 ਹਿੱਸਾ ਪੈਸੇ ਅਸੀਂ ਪਹਿਲਾਂ ਦੇਵਾਂਗੇ ਅਤੇ ਜ਼ਮੀਨ ਦਾ ਕਬਜ਼ਾ ਲਵਾਂਗੇ ਅਤੇ ਇਹ ਜ਼ਮੀਨ ਅਸੀਂ ਯੂਨੀਵਰਸਿਟੀ ਨੂੰ ਦੇਣੀ ਹੈ ਅਤੇ ਬਾਕੀ ਦੇ ਪੈਸੇ ਫਾਰਮਰਜ਼ ਨੂੰ ਕਿਸ਼ਤਾਂ ਵਿਚ ਦੇਵਾਂਗੇ ਅਤੇ ਪੈਸਿਆਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ । ਜ਼ਮੀਨ ਦਾ ਮਸਲਾ ਹੱਲ ਕਰ ਦਿੱਤਾ ਜਾਵੇਗਾ ਦੂਸਰਾ ਜਿਹੜਾ ਇਨ੍ਹਾਂ ਨੇ ਪੀ. ਐਮ. ਟੀ. ਦੇ ਟੈਸਟ ਬਾਰੇ ਪੁੱਛਿਆ ਹੈ ਇਹ ਇਸ ਬਾਰੇ ਸਪੈਸੀਫਿਕ ਕੁਐਸਚਨ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1379

ਸ੍ਰੀ ਸਪੀਕਰ ਇਹ ਸਵਾਲ ਮਾਨਯੋਗ ਮੈਂਬਰ, ਸਰਦਾਰ ਮੱਖਣ ਸਿੰਘ ਵਲੋਂ ਪਹਿਲਾਂ ਹੀ ਵਿਦਡਰਾਅ ਕਰ ਲਿਆ ਗਿਆ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1419

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੁਆਰਾ ਦਿੱਤੇ ਗਏ ਇਸ਼ਤਿਹਾਰਾਂ ਤੇ ਖਰਚਾ

*1369. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 1 ਮਾਰਚ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਅਖਬਾਰਾਂ ਨੂੰ ਦਿੱਤੇ ਗਏ ਇਸ਼ਤਿਹਾਰਾਂ ਦੇ ਸਬੰਧ ਵਿਚ ਸਿਹਤ ਵਿਭਾਗ ਦੁਆਰਾ ਕੁਲ ਕਿੰਨਾ ਖਰਚਾ ਕੀਤਾ ਗਿਆ ਅਤੇ ਹਰ ਇਕ ਇਸ਼ਤਿਹਾਰ ਤੇ ਕੀਤੇ ਗਏ ਖਰਚੇ ਦੇ ਅਖਬਾਰ-ਵਾਰ ਵੇਰਵੇ ਕੀ-ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਇਸ਼ਤਿਹਾਰ ਕਿਹੜੇ-ਕਿਹੜੇ ਮੌਕਿਆਂ ਤੇ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਉਨ੍ਹਾਂ ਨੇਤਾਵਾਂ/ਮੰਤਰੀਆਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਦੀਆਂ ਫੋਟੋਆਂ ਹਰ ਇਕ ਮੌਕੇ ਤੇ ਅਖਬਾਰਾਂ ਵਿਚ ਦਿੱਤੀਆਂ ਗਈਆਂ ਸਨ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਵਿਗਿਆਪਨਾਂ ਤੇ ਕੁੱਲ ਖਰਚਾ 55.91 ਲੱਖ ਹੋਇਆ ਹੈ । ਸਮਾਚਾਰ ਪੱਤਰਾਂ ਦਾ ਵੇਰਵਾ ਅਨੁਲੱਗ '*ੳ' ਅਤੇ ਅਨੁਲੱਗ '*ੳ-1' ਤੇ ਕਰਮਵਾਰ ਦਿੱਤਾ ਗਿਆ ਹੈ ।

(ਅ) ਲੀਡਰਾਂ/ਮੰਤਰੀ ਸਾਹਿਬਾਨ ਦੀਆਂ ਫੋਟੋਆਂ ਛਪਣ ਸਬੰਧੀ ਲੋੜੀਂਦੀ ਸੂਚਨਾ ਵੀ ਕਰਮਵਾਰ ਅਨੁਲੱਗ 'ਅ'* ਅਤੇ ਅਨੁਲੱਗ *'ਅ'-1' ਤੇ ਨੱਥੀ ਕੀਤੀ ਜਾਂਦੀ ਹੈ ।

श्रीमती लक्ष्मी कांता चावला : स्पीकर साहिब, जैसा प्रश्न किया जाता है, वैसा उत्तर नहीं आता है । महकमे ने 56 लाख रुपए विज्ञापन पर खर्च कर दिये हैं । इसकी यह समस्या नहीं है पर जो समाचार पत्रों की 2,000 कापियां भी नहीं छपती हैं उनको भी सरकार की तरफ से विज्ञापन दिए गए हैं उनमें से अखबार रोजाना वर्ड ऐक्सप्रैस, रामा की आवाज, मधूसार, अमनदीप, रोजाना आजाद सोच, जैनआदन, यंग फार्मर्ज एसोसीऐशन, नारदर्न निऊज़, रोजाना देश प्रदेश, वतन केसरी, तीर कमान और पटियाले से कई छोटी-छोटी अखबारें छपती हैं । (विघन) लाखों रुपये के विज्ञापन इन अखबारों को दिये गए । मेरा मंत्री जी से सीधा प्रश्न है कि वह बता सकेंगे कि इन सभी की कम से कम 2,000 कापियां निकलती हैं जिनको यह विज्ञापन दिये गए ?

ਸ਼੍ਰੀ ਸਪੀਕਰ : ਬੀਬੀ ਜੀ, ਤੁਸੀਂ ਪ੍ਰਸ਼ਨ ਪੁੱਛੋ ।

---

*Placed in the Library.

श्रीमती लक्ष्मी कांता चावला : मैंने प्रश्न पूछा है एक नीयत है कि जिस अखबार की 2000 से अधिक कापियां निकलेंगी, और मेरा ख्याल है कि नई 5,000 कापियां हो गई हैं । जिन अखबारों को स्वास्थ्य विभाग ने विज्ञापन दिये क्या उनकी जो हमारी निश्चित कापियां 2,000 की हैं, क्या इन सभी अखबारों की जिन को विज्ञापन दिये गए हैं, की 2,000 से ज्यादा कापियां निकलती हैं ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਹਤ ਵਿਭਾਗ ਵਲੋਂ ਵੱਖ ਵੱਖ ਕੌਮੀ ਸਿਹਤ ਪ੍ਰੋਗਰਾਮ ਅਧੀਨ ਕਈ ਕਿਸਮ ਦੇ ਸੰਚਾਰੀ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ । ਇਨ੍ਹਾਂ ਸੰਚਾਰ ਸਾਧਨਾਂ ਵਿਚੋਂ ਟੀ. ਵੀ. ਤੋਂ ਬਾਅਦ ਅਖਬਾਰ ਹੀ ਇਕ ਅਜਿਹਾ ਪ੍ਰਭਾਵਸ਼ਾਲੀ ਸਾਧਨ ਹੈ ਜਿਸ ਰਾਹੀਂ ਜਾਣਕਾਰੀ ਤੁਰੰਤ ਪਹੁੰਚਾਈ ਜਾ ਸਕਦੀ ਹੈ । ਸੰਚਾਰ ਦੇ ਇਸ ਪ੍ਰਮੁੱਖ ਸਾਧਨ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਵਿਭਾਗ ਨੇ ਸਰੋਂ ਦੇ ਮਿਲਾਵਟ ਵਾਲੇ ਤੇਲ ਦੀ ਵਰਤੋਂ ਕਾਰਨ ਫੈਲ ਰਹੀ ਡਰਾਪਸੀ ਬਿਮਾਰੀ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਅਖਬਾਰਾਂ ਨੂੰ ਪ੍ਰਚਾਰ ਦੇ ਸਾਧਨ ਵਜੋਂ ਅਪਣਾਇਆ ਜਿਸ ਦੇ ਸਿੱਟੇ ਵਜੋਂ ਪੰਜਾਬ ਵਿਚ ਡਰਾਪਸੀ ਕਾਰਨ ਕੋਈ ਵੀ ਘਟਨਾ ਨਹੀਂ ਹੋਈ । ਆਮ ਦਿਨਾਂ ਦੌਰਾਨ ਏਡਜ਼ ਜਿਹੀ ਭਿਆਨਕ ਬਿਮਾਰੀ ਬਾਰੇ ਜਾਣਕਾਰੀ ਇਨ੍ਹਾਂ ਇਸ਼ਤਿਹਾਰਾਂ ਰਾਹੀਂ ਹੀ ਦਿੱਤੀ ਜਾਂਦੀ ਹੈ ਜੋ ਕਿ ਸੰਚਾਰ ਦਾ ਮੁੱਖ ਸੋਮਾ ਹਨ । ਇਸ ਤੋਂ ਇਲਾਵਾ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸਿਹਤ ਦਿਨਾਂ ਦੇ ਮੌਕੇ ਤੇ ਜਿਥੇ ਵਿਸ਼ਵ ਸਿਹਤ ਦਿਵਸ, ਵਿਸ਼ਵ ਤਮਾਕੂ ਵਿਰੋਧੀ ਦਿਵਸ, ਵਿਸ਼ਵ ਵਾਤਾਵਰਨ ਦਿਵਸ, ਵਿਸ਼ਵ ਖੂਨਦਾਨ ਦਿਵਸ, ਵਿਸ਼ਵ ਏਡਜ਼ ਦਿਵਸ, ਵਿਸ਼ਵ ਮਾਨਸਿਕ ਸਿਹਤ ਦਿਵਸ, ਵਿਸ਼ਵ ਆਇਓਡੀਨ ਦਿਵਸ, ਕੁਸ਼ਟ ਨਿਵਾਰਨ ਦਿਵਸ, ਅੱਖਾਂ ਦੇ ਕੈਂਪ ਅਤੇ ਦੰਦਾਂ ਦੇ ਪੰਦਰਵਾੜੇ ਦੌਰਾਨ ਵੀ ਇਸ਼ਤਿਹਾਰ ਦਿੱਤੇ ਗਏ ਹਨ । ਇਨ੍ਹਾਂ ਇਸ਼ਤਿਹਾਰਾਂ ਨੂੰ ਅਸੀਂ ਛੋਟੇ ਵੱਡੇ ਅਖਬਾਰਾਂ ਵਿਚ ਦਿੰਦੇ ਹਾਂ ਅਤੇ ਅਪਰੂਵਡ ਰੇਟਸ ਤੇ ਇਨ੍ਹਾਂ ਨੂੰ ਵਿਗਿਆਪਨ ਦਿੰਦੇ ਹਾਂ ।

श्रीमती लक्ष्मी कांता चावला : स्पीकर साहिब, आप ही देख लें कि क्या मेरे प्रश्न का उत्तर आया है ?

ਸ੍ਰੀ ਸਪੀਕਰ : ਬੀਬੀ ਜੀ, ਤੁਸੀਂ ਇੰਜ ਕਰੋ, ਮੈਂ ਇਨ੍ਹਾਂ ਨੂੰ ਜਵਾਬ ਦੇਣ ਲਈ ਫੇਰ ਕਹਾਂਗਾ । ਤੁਸੀਂ ਇਹ ਸਾਰੀ ਆਪਣੀ ਰਿਪੋਰਟ ਪੜ੍ਹ ਕੇ ਆਉਣਾ । ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜੋ ਤੁਸੀਂ ਇਨਫਰਮੇਸ਼ਨ ਮੰਗੀ ਹੈ ਉਸ ਸਬੰਧੀ 17 ਮਾਰਚ, 1999 ਨੂੰ ਸਦਨ ਵਿਚ ਜਵਾਬ ਦੇ ਦੇਣ ।

ਗਰੀਬ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦਾ ਉਪਬੰਧ

*1370. ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸੰਸਦੀ ਮਾਮਲੇ, ਕਾਨੂੰਨ ਅਤੇ

ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਸਰਕਾਰ ਦੁਆਰਾ ਗਰੀਬ ਲੋਕਾਂ ਨੂੰ ਕੋਈ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਰਾਜ ਵਿਚ ਮੁਫ਼ਤ ਕਾਨੂੰਨੀ ਸਹਾਇਤਾ ਕੇਂਦਰ ਕਿੱਥੇ-ਕਿੱਥੇ ਸਥਿਤ ਹਨ ਅਤੇ ਵੱਖ-ਵੱਖ ਦੀਵਾਨੀ ਅਤੇ ਫੌਜਦਾਰੀ ਕੇਸਾਂ ਲਈ ਨਿਯੁਕਤ ਕੀਤੇ ਗਏ ਵਕੀਲਾਂ ਦੇ ਜ਼ਿਲ੍ਹਾ-ਵਾਰ ਨਾਂ ਕੀ-ਕੀ ਹਨ;

(ਅ) 1 ਜਨਵਰੀ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਉਪਰੋਕਤ ਮੁਫ਼ਤ ਕਾਨੂੰਨੀ ਸਹਾਇਤਾ ਕੇਂਦਰਾਂ ਦੇ ਵਕੀਲਾਂ ਦੁਆਰਾ ਵੱਖ-ਵੱਖ, ਜਿੱਤੇ ਅਤੇ ਹਾਰੇ ਕੇਸਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ;

(ੲ) ਕੀ ਰਾਜ ਵਿਚ ਕੋਈ ਮੁਫ਼ਤ ਕਾਨੂੰਨੀ ਸਹਾਇਤਾ ਵਿਭਾਗ ਮੌਜੂਦ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਦੀ ਅਜਿਹਾ ਕੋਈ ਵਿਭਾਗ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ਅਤੇ ਅਜਿਹਾ ਵਿਭਾਗ ਕਿਸ ਪੱਧਰ ਤੇ ਕੰਮ ਕਰੇਗਾ ?

ਮਾਸਟਰ ਮੋਹਨ ਲਾਲ : (ੳ) ਜੀ ਹਾਂ, ਰਾਜ ਵਿਚ ਮੁਫ਼ਤ ਕਾਨੂੰਨੀ ਸਹਾਇਤਾ ਦੇ ਕੇਂਦਰਾਂ ਦੀ ਥਾਂ ਅਤੇ ਵੱਖ-ਵੱਖ ਦੀਵਾਨੀ ਅਤੇ ਫੌਜਦਾਰੀ ਕੇਸਾਂ ਲਈ ਜ਼ਿਲ੍ਹਾਵਾਰ ਨਿਯੁਕਤ ਕੀਤੇ ਗਏ ਵਕੀਲਾਂ ਦੀ ਵੇਰਵਾ ਸੂਚੀ ਅਨੁਲੱਗ *'ੳ' ਅਤੇ *'ਅ' ਨੱਥੀ ਹੈ ।

(ਅ) ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਵਲੋਂ ਮਿਤੀ 1 ਜਨਵਰੀ, 1997 ਤੋਂ ਹੁਣ ਤੱਕ ਤੈਨਾਤ ਕੀਤੇ ਗਏ ਵਕੀਲਾਂ ਵਲੋਂ ਪੈਰਵੀ ਕੀਤੇ ਗਏ ਕੇਸਾਂ ਵਿਚੋਂ ਜਿੱਤੇ ਜਾਣ ਵਾਲੇ ਅਤੇ ਹਾਰੇ ਜਾਣ ਵਾਲੇ ਕੇਸਾਂ ਦੀ ਜ਼ਿਲ੍ਹਾਵਾਰ ਸੂਚੀ ਅਨੁਲੱਗ *'ੲ' ਨੱਥੀ ਹੈ ।

(ੲ) ਜੀ ਹਾਂ । ਸੰਸਦ ਦੇ ਐਕਟ ਅਧੀਨ ਗਠਿਤ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਮੁਫਤ ਕਾਨੂੰਨੀ ਸਹਾਇਤਾ ਦੇਣ ਦਾ ਕੰਮ ਕੀਤਾ ਜਾ ਰਿਹਾ ਹੈ ।

श्रीमती लक्ष्मी कांता चावला : स्पीकर साहिब, जो प्रश्न आप ने अपरूव करके दिया है, उसको देख लीजिए । मैंने लायर्ज के नाम क्रिमीनल और सिवल के अलग-अलग मांगे थे । इन्होंने वह दिये ही नहीं हैं तो अब प्रश्न कैसे आगे चलेगा आप खुद ही देख लीजिए ।

मंत्री : स्पीकर साहिब, स्टेट लेवल पर, जिला लेवल पर और सब-डिवीजन लेवल पर एक बड़ी विस्तारपूर्वक रिपोर्ट आप की टेबल पर रखी गई है । जिसमें वकीलों का पूरा विवरण जिलावार दिया गया है ।

ਸ੍ਰੀ ਸਪੀਕਰ : ਚਾਵਲਾ ਜੀ, ਸਿਵਲ ਅਤੇ ਕ੍ਰਿਮੀਨਲ ਦੋਨੋਂ ਪ੍ਰਕਾਰ ਦੇ ਕੇਸਾਂ ਦੀ ਪੈਰਵੀ ਵਕੀਲ ਕਰਦੇ ਹਨ । ਉਨ੍ਹਾਂ ਦੇ ਕੇਸਾਂ ਦਾ ਵੇਰਵਾ ਦਿੱਤਾ ਹੈ ।

*Placed in the Library.

श्रीमती लक्ष्मी कांता चावला : अध्यक्ष महोदय, आप देख लीजिए ।

ਸ੍ਰੀ ਸਪੀਕਰ : ਚਾਵਲਾ ਜੀ, ਕਈ ਵਕੀਲ ਦੋਨੋਂ ਤਰ੍ਹਾਂ ਦੇ ਕੇਸਾਂ ਦੀ ਪੈਰਵੀ ਕਰਦੇ ਹਨ ।

श्रीमती लक्ष्मी कांता चावला : अध्यक्ष महोदय, मैंने ज़िलावार अलग-अलग विवरण पूछा है. . . .

ਸ੍ਰੀ ਸਪੀਕਰ : ਮੈਂ ਕਿਹਾ ਹੈ ਕਿ ਕਈ ਵਕੀਲ ਸਿਵਲ ਅਤੇ ਕ੍ਰਿਮੀਨਲ ਦੋਨੋਂ ਤਰ੍ਹਾਂ ਦੇ ਕੇਸਾਂ ਦੀ ਪੈਰਵੀ ਕਰਦੇ ਹਨ ।

श्रीमती लक्ष्मी कांता चावला : अध्यक्ष महोदय, हाई कोर्ट में इस तरह नहीं होता । यहां हाई कोर्ट के लिए भी वही नाम दे दिए गए हैं ।

मंत्री : मैंने डिस्ट्रिक्ट लेवल की बात की है और जो विवरण इन्होंने मांगा है. . . . . .

श्रीमती लक्ष्मी कांता चावला : अध्यक्ष महोदय, मैंने सैपरेटली सिविल और क्रिमिनल केसों का विवरण मांगा है । आप प्रश्न का 'ए' भाग देख लीजिए ।

ਸ੍ਰੀ ਸਪੀਕਰ : ਇਸ ਵਿਚ ਹਾਈਕੋਰਟ ਦੇ ਵਿਚ ਪੈਰਵੀ ਕਰਨ ਵਾਲੇ ਵਕੀਲਾਂ ਦੇ ਨਾਂ ਹਨ ।

श्रीमती लक्ष्मी कांता चावला : अध्यक्ष महोदय, उत्तर में सिविल और क्रिमिनल केसों की पैरवी करने वाले वकीलों के नाम अलग अलग नहीं दिए गए, नाम तो दिये गए हैं । आपके समक्ष पड़ा है प्रश्न, उसमें आखिर में 'Separately' शब्द मोटा मोटा लिखा है ।

ਸ੍ਰੀ ਸਪੀਕਰ : ਤੁਹਾਨੂੰ ਵਕੀਲਾਂ ਦੇ ਨਾਂ ਚਾਹੀਦੇ ਸਨ ਅਤੇ ਨਾਂ ਦੇ ਦਿੱਤੇ ਹਨ । ਜੇ ਵੱਖਰੇ ਵੱਖਰੇ ਨਹੀਂ ਵੀ ਦਿਤੇ ਤਾਂ ਵੀ ਕੋਈ ਖਾਸ ਫਰਕ ਨਹੀਂ ਪੈਂਦਾ ।

श्रीमती लक्ष्मी कांता चावला : बात तो खास ही है, आगे आप की इच्छा । मेरा प्रश्न है कि 967 वकील आपके रोल में हैं । उन्होंने आज तक पूरे दो साल में पूरे पंजाब में 671 केस जीते हैं और 620 केस हारे हैं मेरा निवेदन है, अध्यक्ष महोदय, आपके माध्यम से मंत्री जी से कि क्या पंजाब सरकार इन की कारगुजारी से खुश है ? और साथ ही मैं यह भी पूछना चाहती हूं कि सरकार प्रति वकील कितना रुपया हाई कोर्ट में केस की पैरवी का और ज़िला लेवल पर केस की पैरवी का देती है ?

ਸ੍ਰੀ ਸਪੀਕਰ : ਇਹ ਕੋਈ ਸਵਾਲ ਨਹੀਂ ਹੈ । ਇਹ ਪ੍ਰਤੀ ਵਕੀਲ ਖਰਚਾ ਕਿਥੋਂ ਲੱਭਣਗੇ ?

श्रीमती लक्ष्मी कांता चावला : अध्यक्ष महोदय, मैंने तो यही पूछा है कि यह एक वकील को केस की पैरवी करने के हाई कोर्ट में और डिस्ट्रिक्ट कोर्ट मे कितने पैसे देते हैं ?

मंत्री : अध्यक्ष महोदय, सब डिवीजन लेवल पर और ज़िला लेवल पर. . . .

ਸ਼੍ਰੀ ਸਪੀਕਰ : ਮੋਹਨ ਲਾਲ ਜੀ, ਇਹ ਹਾਈ ਕੋਰਟ ਬਾਰੇ ਪੁੱਛ ਰਹੇ ਹਨ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਪੰਜਾਬੀ ਵਿੱਚ ਬੋਲਣ ।

ਸ਼੍ਰੀ ਸਪੀਕਰ : ਚਲੋ ਕੋਈ ਨਹੀਂ । ਮੋਹਨ ਲਾਲ ਜੀ ਸਮਝਦਾਰ ਹਨ ।

मंत्री : वकीलों के पैसे निश्चित हैं और वह है एक हज़ार रुपया प्रति केस । जिसको कोई कानूनी सहायता उपलब्ध नहीं होती उसको हम यह सहायता सरकार की तरफ से देते हैं ।

श्रीमती लक्ष्मी कांता चावला : अध्यक्ष महोदय, इनके पास इस वक्त कितने केस पैंडिंग पड़े हैं, अदालतों में जिनका फैसला नहीं हो सका और वह फैसला कब से नहीं हो सका ?

मंत्री : अध्यक्ष महोदय, मेरा आपके माध्यम से बहन जी से निवेदन है कि वह इस के लिए एक अलग से प्रश्न कर दें उसका जबाब भी हम दे देंगे ।

श्रीमती लक्ष्मी कांता चावला : यह बात टालने का अच्छा साधन है ।

ਸ਼੍ਰੀ ਸਪੀਕਰ : ਚਾਵਲਾ ਜੀ, ਤੁਸੀਂ ਬੈਠੋ ।

———

ਨਿਸ਼ਾਨ ਵਾਲਾ ਪ੍ਰਸ਼ਨ ਨੰ: 1400*

ਸ੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1400 ਦੀ ਐਕਸਟੈਨਸ਼ਨ ਇਕ ਹਫਤੇ ਲਈ ਮੰਗੀ ਗਈ ਹੈ ਜੋ ਕਿ ਦੇ ਦਿੱਤੀ ਗਈ ਹੈ ।

ਫੋਨ : 740423 (ਦਫਤਰ)
742480 (ਘਰ)

ਅ. ਸ. ਪ. ਨੰ:
D. O. No. 1/14/99-ਐਲ.ਡੀ. 2/39844

ਨਿਰਮਲ ਸਿੰਘ ਕਾਹਲੋਂ
Nirmal Singh Kahlon

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ,
ਪੰਜਾਬ ।
Rural Dev. & Panchayats
Minister, Punjab.

ਮਿਤੀ, ਚੰਡੀਗੜ੍ਹ 11 ਮਾਰਚ, 1999

ਵਿਸ਼ਾ :— ਤਾਰਾ ਅੰਕਿਤ ਵਿਧਾਨ ਸਭਾ ਸਵਾਲ ਨੰ: 1400 ਵਲੋਂ ਸ੍ਰੀ ਧਨਵੰਤ ਸਿੰਘ, ਐਮ. ਐਲ. ਏ. ਬਾਬਤ ਗਰਾਮ ਪੰਚਾਇਤ ਚੀਮਾਂ ਦੇ ਗੈਰ ਕਾਨੂੰਨੀ ਢੰਗ ਨਾਲ ਦਰੱਖਤ ਕੱਟਣ ਬਾਰੇ ।

ਮਾਨਯੋਗ ਸਪੀਕਰ ਸਾਹਿਬ,

ਤਾਰਾ ਅੰਕਿਤ ਸਵਾਲ ਨੰ: 1400 ਮਿਤੀ 12 ਮਾਰਚ, 1999 ਨੂੰ ਵਿਧਾਨ ਸਭਾ ਸਵਾਲਾਂ ਦੀ ਸੂਚੀ ਵਿਚ ਜਵਾਬ ਦੇਣ ਲਈ ਲੱਗਾ ਹੋਇਆ ਹੈ । ਇਸ ਸਵਾਲ ਦਾ ਉਤਰ ਤਿਆਰ ਕਰਨ ਲਈ ਖੇਤਰੀ ਅਧਿਕਾਰੀਆਂ ਵਲੋਂ ਲੋੜੀਂਦੀ ਸੂਚਨਾ ਇਕੱਤਰ ਕਰਨ ਵਿਚ ਅਜੇ ਸਮਾਂ ਲੱਗੇਗਾ । ਇਸ ਲਈ ਕਿਰਪਾ ਕਰਕੇ ਉਪਰੋਕਤ ਤਾਰਾ ਅੰਕਿਤ ਸਵਾਲ ਨੰ: 1400 ਦਾ ਜਵਾਬ ਦੇਣ ਲਈ ਇਕ ਹਫਤੇ ਦਾ ਸਮਾਂ ਦਿੱਤਾ ਜਾਵੇ ਜੀ ।

ਹਿਤੂ
ਸਹੀ/-
(ਨਿਰਮਲ ਸਿੰਘ ਕਾਹਲੋਂ)

ਸ: ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

---

*For Starred Question No. 1400 and reply thereto, please see P.V.S. Debates dated 24th March, 1999.

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਓ ਜੀ । ਮੈਂ ਇਸ ਸਬੰਧ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ....

ਸ਼੍ਰੀ ਸਪੀਕਰ : ਧਨਵੰਤ ਸਿੰਘ ਜੀ, ਤੁਸੀਂ ਬੈਠ ਜਾਉ । ਜਦੋਂ ਗੱਲ ਹੋਵੇਗੀ, ਜਦੋਂ ਤੁਹਾਡਾ ਕੁਐਸਚਨ ਆਵੇਗਾ, ਤੁਸੀਂ ਉਦੋਂ ਗੱਲ ਕਰ ਲੈਣਾ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਤੁਸੀਂ ਮੇਰੀ ਗੱਲ ਤਾਂ ਸੁਣ ਲਓ ।

ਸ਼੍ਰੀ ਸਪੀਕਰ : ਜਦੋਂ ਤੁਹਾਡਾ ਕੁਐਸਚਨ ਆਵੇਗਾ, ਤੁਸੀਂ ਗੱਲ ਕਰ ਲੈਣਾ । ਤੁਸੀਂ ਮੇਰਾ ਟਾਈਮ ਕਿਉਂ ਵੇਸਟ ਕਰਦੇ ਹੋ ?

ਨਿਸ਼ਾਨ ਵਾਲਾ ਪ੍ਰਸ਼ਨ ਨੰ: 1420*

ਸ਼੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰ: 1420 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਦੋ ਹਫਤੇ ਲਈ ਗਰਾਂਟ ਕੀਤੀ ਗਈ ਹੈ ।

ਅ. ਸ. ਪ. ਨੰ: 6/5/99-ਐਸ.ਏ-2/594

ਸਰਵਨ ਸਿੰਘ ਫਿਲੌਰ
ਭਲਾਈ ਮੰਤਰੀ, ਪੰਜਾਬ,
ਚੰਡੀਗੜ੍ਹ ।

ਟੈਲੀਫੂਨ ਨੰ: 742477 (ਦਫਤਰ)
690784 (ਰਿਹਾਇਸ਼)

ਮਿਤੀ :11 ਮਾਰਚ, 1999

ਵਿਸ਼ਾ : ਮਿਤੀ 12 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1420 ਮੁਲਤਵੀ ਕਰਨ ਬਾਰੇ ।

ਮਾਨਯੋਗ ਸਪੀਕਰ ਸਾਹਿਬ,

ਮਿਤੀ 12 ਮਾਰਚ, 1999 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1420 ਜੋ ਕਿ ਚੌਧਰੀ ਮੋਹਨ ਲਾਲ ਬਹਿਰਾਮ, ਐਮ. ਐਲ. ਏ. ਦੇ ਨਾਂ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫ਼ਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਮਿਤ੍ਰ,
ਸਹੀ/-
(ਸਰਵਨ ਸਿੰਘ ਫਿਲੌਰ)

ਸ: ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

---

*For Starred Question No. 1420 and reply thereto, please see P.V.S. Debates dated 24th March, 1999.

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1430*

ਸ੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1430 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਦੋ ਹਫ਼ਤੇ ਲਈ ਗਰਾਂਟ ਕੀਤੀ ਜਾਂਦੀ ਹੈ ।

ਅ. ਸ. ਪ. ਨੰ: 6/8/99-SA-I/593

ਸਰਵਨ ਸਿੰਘ ਫਿਲੌਰ

ਭਲਾਈ ਮੰਤਰੀ, ਪੰਜਾਬ,
ਚੰਡੀਗੜ੍ਹ ।

ਟੈਲੀਫੂਨ ਨੰ: 742477 (ਦਫ਼ਤਰ)
690784 (ਰਿਹਾਇਸ਼)

ਮਿਤੀ : 11 ਮਾਰਚ, 1999

ਵਿਸ਼ਾ : ਮਿਤੀ 12 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1430 ਮੁਲਤਵੀ ਕਰਨ ਬਾਰੇ ।

ਮਾਨਯੋਗ ਸਪੀਕਰ ਸਾਹਿਬ,

ਮਿਤੀ 12 ਮਾਰਚ, 1999 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1430 ਜੋ ਕਿ ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫ਼ਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤੂ,
ਸਹੀ/-
(ਸਰਵਨ ਸਿੰਘ ਫਿਲੌਰ)

ਸ: ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

*For Starred Question No. 1430 and reply thereto, please see P.V.S. Debates dated 24th March, 1999.

ਅਸਲਾ ਲਾਇਸੈਂਸ ਜਾਰੀ ਕਰਨਾ

*1359. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਨਵੇਂ ਅਸਲਾ ਲਾਇਸੰਸ ਜਾਰੀ ਕਰਨ ਸਬੰਧੀ ਵਿਧੀ ਨੂੰ ਆਸਾਨ ਬਣਾਉਣ ਲਈ ਕੋਈ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਕਤ ਹਦਾਇਤਾਂ ਜਾਰੀ ਕੀਤੇ ਜਾਣ ਤੋਂ ਬਾਅਦ ਪੁਲਿਸ ਦੁਆਰਾ ਬਾਕਾਇਦਾ ਸਿਫਾਰਸ਼ ਕੀਤੀਆਂ ਗਈਆਂ ਕਿੰਨੀਆਂ ਅਰਜ਼ੀਆਂ ਡਿਪਟੀ ਕਮਿਸ਼ਨਰ, ਮਾਨਸਾ ਨੂੰ ਪ੍ਰਾਪਤ ਹੋਈਆਂ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬਿਨੈਕਾਰਾਂ ਵਿਚੋਂ ਅਜਿਹੇ ਬਿਨੈਕਾਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਸਲੇ ਦੇ ਲਾਇਸੰਸ ਜਾਰੀ ਕੀਤੇ ਗਏ ਹਨ ਅਤੇ ਬਾਕੀ ਦੇ ਬਿਨੈਕਾਰਾਂ ਨੂੰ ਅਸਲੇ ਦੇ ਲਾਇਸੰਸ ਜਾਰੀ ਨਾ ਕੀਤੇ ਜਾਣ ਦੇ ਕੀ ਕਾਰਣ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਜੀ ਹਾਂ, ਤਾਜ਼ਾ ਹਦਾਇਤਾਂ ਮਿਤੀ 29 ਜੂਨ, 1998 ਨੂੰ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਦੇ ਜਾਰੀ ਹੋਣ ਤੋਂ ਬਾਅਦ ਕੁੱਲ 173 ਦਰਖਾਸਤਾਂ ਪੁਲਿਸ ਦੀ ਸਿਫਾਰਸ਼ ਸਹਿਤ ਡਿਪਟੀ ਕਮਿਸ਼ਨਰ, ਮਾਨਸਾ ਕੋਲ ਪ੍ਰਾਪਤ ਹੋਈਆਂ ਹਨ ।

(ਅ) 173 ਦਰਖਾਸਤਾਂ ਵਿਚੋਂ ਜੋ 2 ਦਰਖਾਸਤਾਂ ਵਰਜਿਤ ਬੋਰ ਹਥਿਆਰਾਂ ਦੇ ਲਾਇਸੰਸਾਂ ਵਾਸਤੇ ਸਨ, ਉਹ ਭਾਰਤ ਸਰਕਾਰ, ਗ੍ਰਹਿ ਮੰਤਰਾਲੇ ਵੱਲੋਂ ਨਾ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ । ਬਾਕੀ ਦੀਆਂ ਅਣਵਰਜਿਤ ਬੋਰ ਹਥਿਆਰਾਂ ਦੇ ਲਾਇਸੰਸਾਂ ਲਈ ਪ੍ਰਾਪਤ ਹੋਈਆਂ 171 ਦਰਖਾਸਤਾਂ ਵਿਚੋਂ 62 ਬਿਨੈਕਾਰਾਂ ਨੂੰ ਲਾਇਸੰਸ ਜਾਰੀ ਕੀਤੇ ਜਾ ਚੁੱਕੇ ਹਨ, 72 ਦਰਖਾਸਤਾਂ ਭਿੰਨ-ਭਿੰਨ ਖਾਮੀਆਂ ਕਾਰਨ ਰੱਦ ਕੀਤੀਆਂ ਗਈਆਂ ਹਨ ਜਦ ਕਿ ਹੁਣੇ ਜਿਹੇ ਪ੍ਰਾਪਤ ਹੋਈਆਂ 37 ਦਰਖਾਸਤਾਂ ਦਾ ਨਿਪਟਾਰਾ ਵਿਚਾਰਨ ਉਪਰੰਤ ਜਲਦੀ ਹੀ ਕੀਤਾ ਜਾ ਰਿਹਾ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮਾਮਲੇ ਵਿਚ ਸਾਡੇ ਜ਼ਿਲ੍ਹੇ ਵਿਚ ਬੜੀ ਵੱਡੀ ਭਾਈ-ਭਤੀਜਾਵਾਦ ਦੀ ਗੱਲ ਹੋ ਰਹੀ ਹੈ ਕਿਉਂਕਿ ਉਥੇ ਕਈ ਐਸੇ ਕੇਸ ਰਿਜੈਕਟ ਹੋਏ ਜਿਹੜੇ ਨਹੀਂ ਹੋਣੇ ਚਾਹੀਦੇ ਸਨ । ਇਸ ਸਬੰਧ ਵਿਚ ਮੈਂ ਸਪੈਸ਼ਲੀ ਹੋਮ ਸੈਕਟਰੀ ਨੂੰ ਵੀ ਚਿੱਠੀ ਲਿਖੀ ਸੀ ਅਤੇ ਉਨ੍ਹਾਂ ਨੇ ਬੜੀ ਸਖਤ ਹਦਾਇਤ ਕੀਤੀ ਸੀ ਸਬੰਧਤ ਅਧਿਕਾਰੀਆਂ ਨੂੰ, ਪਰ ਕੋਈ ਗੱਲ ਨਹੀਂ ਬਣੀ । ਮੈਂ ਦੋ ਕੇਸਾਂ ਦਾ ਵੇਰਵਾ ਦਿੰਦਾ ਹਾਂ । ਇਕ ਕੇਸ ਹੈ ਮੋਹਣ ਸਿੰਘ ਮੌੜੇ ਦਾ । ਉਨ੍ਹਾਂ ਦਾ ਇਕੋ ਇਕ ਲੜਕਾ ਸੀ ਜੋ ਕਤਲ ਹੋ ਗਿਆ ਸੀ ਪਰ ਉਸ ਨੂੰ ਲਾਇਸੰਸ ਨਹੀਂ ਦਿੱਤਾ ਗਿਆ । ਮੈਂ ਪੂਰਾ ਡੇਢ ਸਾਲ ਕਹਿੰਦਾ ਰਿਹਾ ਕਿ ਇਸ ਦਾ ਕਾਰਣ ਦੱਸੋ ਕਿ ਉਸ ਨੂੰ ਲਾਇਸੰਸ ਕਿਉਂ ਨਹੀਂ ਦਿੱਤਾ ਗਿਆ । ਉਸ ਦੇ ਉਪਰ ਤਿੰਨ ਵਾਰੀ ਹਮਲਾ ਹੋਇਆ । ਉਸ ਦੇ ਕੇਸ ਵਿਚ ਪੁਲਿਸ ਰਿਪੋਰਟ ਮੰਗੀ ਗਈ ਸੀ, ਉਹ ਵੀ ਆ ਗਈ . . . ।

ਸ੍ਰੀ ਸਪੀਕਰ : ਤੁਸੀਂ ਇਹ ਸਾਰਾ ਕੁਝ ਇਨ੍ਹਾਂ ਨੂੰ ਮਿਲ ਕੇ ਇਨ੍ਹਾਂ ਦੇ ਨੋਟਿਸ ਵਿਚ ਲਿਆ ਦਿਓ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਐਵੀਡੇਵਿਟ ਦੇ ਰਿਹਾ ਹਾਂ । ਦੂਸਰਾ ਕੇਸ ਹੈ ਬੋਹੇ ਦੇ ਗੁਰਦਿਆਲ ਸਿੰਘ ਦਾ । ਉਹ ਬੈਂਕ ਦੀ ਸਰਵਿਸ ਕਰਦਾ ਸੀ । ਉਸ ਨੂੰ ਵੀ ਲਾਇਸੰਸ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਸਬੰਧ ਵਿਚ ਇਨਕੁਆਇਰੀ ਕਰਵਾਉਣਗੇ ਕਿ ਇਨ੍ਹਾਂ ਦੋਨਾਂ ਨੂੰ ਲਾਇਸੰਸ ਕਿਉਂ ਨਹੀਂ ਦਿੱਤੇ ਗਏ ਅਤੇ ਜੇ ਸਬੰਧਤ ਅਧਿਕਾਰੀਆਂ ਦੇ ਜਵਾਬ ਤਸੱਲੀਬਖਸ਼ ਨਹੀਂ ਪਾਏ ਗਏ ਤਾਂ ਕੀ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ਜਾਂ ਨਹੀਂ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਇਤਰਾਜ਼ ਇਹ ਹੈ ਕਿ ਇਨ੍ਹਾਂ ਦੇ ਕੇਸਾਂ ਵਿਚ ਲਾਇਸੰਸ ਨਹੀਂ ਦਿੱਤੇ ਗਏ । ਇਹ ਮੇਰੇ ਚੈਂਬਰ ਵਿਚ ਆ ਜਾਣ । ਮੈਂ ਡੀ. ਸੀ. ਨੂੰ ਟੈਲੀਫੋਨ ਕਰਕੇ ਬੁਲਾਵਾਂਗਾ ਅਤੇ ਜੇ ਕੋਈ ਖਾਸ ਗੱਲ ਨਾ ਹੋਈ ਤਾਂ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਲਾਇਸੰਸ ਦੇ ਦਿੱਤੇ ਜਾਣ । ਜੋ ਵੀ ਇਨ੍ਹਾਂ ਨੂੰ ਕੰਪਲੇਂਟ ਹੈ, ਇਹ ਮੈਨੂੰ ਦੱਸ ਦੇਣ । ਇਨ੍ਹਾਂ ਦੀ ਕੋਈ ਸ਼ਿਕਾਇਤ ਰਹਿਣ ਨਹੀਂ ਦਿੱਤੀ ਜਾਵੇਗੀ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਕ ਹੋਰ ਗੱਲ ਪੁੱਛਣੀ ਚਾਹੁੰਦਾ ਹਾਂ । ਜਿਹੜਾ ਕੋਈ ਲਾਇਸੰਸ ਇਸ਼ੂ ਹੁੰਦਾ ਹੈ, ਉਸ ਦੇ ਨਾਲ 2 ਹਜ਼ਾਰ ਰੁਪਏ ਦੀ ਰੈਡ ਕਰਾਸ ਦੀ ਫੀਸ ਲੈ ਲਈ ਜਾਂਦੀ ਹੈ । ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੀਸ ਕਿਉਂ ਲਈ ਜਾ ਰਹੀ ਹੈ ਅਤੇ ਉਹ ਕਿਥੇ ਜਮ੍ਹਾਂ ਹੁੰਦੀ ਹੈ । ਉਸ ਦੀ ਕੋਈ ਰਸੀਦ ਵਗੈਰਾ ਵੀ ਦਿੱਤੀ ਜਾਂਦੀ ਹੈ ਜਾਂ ਨਹੀਂ ?

ਸ੍ਰੀ ਸਪੀਕਰ : ਇਸ ਦੇ ਵਾਸਤੇ ਤੁਸੀਂ ਸੈਪਰੇਟ ਕੁਐਸਚਨ ਦੇ ਦਿਓ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਹ ਇਸੇ ਪ੍ਰਸ਼ਨ ਦੇ ਨਾਲ ਰਿਲੇਟਿਡ ਹੈ । ਇਹ ਬਿਲਕੁਲ ਠੀਕ ਹੈ ਕਿ ਜਦੋਂ ਲਾਇਸੰਸ ਇਸ਼ੂ ਕੀਤਾ ਜਾਂਦਾ ਹੈ ਤਾਂ 2 ਹਜ਼ਾਰ ਰੁਪਏ ਉਸ ਵਿਅਕਤੀ ਤੋਂ ਰੈਡ ਕਰਾਸ ਫੰਡ ਵਜੋਂ ਲਏ ਜਾਂਦੇ ਹਨ ਜਦ ਕਿ ਸਟੇਟ ਗੌਰਮਿੰਟ ਦਾ ਕਲੀਅਰਕੱਟ ਫੈਸਲਾ ਹੈ ਅਤੇ ਇਸ ਤਰ੍ਹਾਂ ਦਾ ਕੋਈ ਡਿਸੀਜ਼ਨ ਨਹੀਂ ਹੈ ਕਿ ਰੈਡ ਕਰਾਸ ਦੇ ਨਾਂ ਤੇ ਲੋਕਾਂ ਤੋਂ ਪੈਸੇ ਇਕੱਠੇ ਕੀਤੇ ਜਾਣਗੇ । ਮੁੱਖ ਮੰਤਰੀ ਜੀ ਦੱਸ ਦੇਣ ਕਿ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਕਾਰ ਦਾ ਕਲੀਅਰਕੱਟ ਫੈਸਲਾ ਹੈ ਕਿ ਰੈਡ ਕਰਾਸ ਦੀਆਂ ਕੋਈ ਟਿਕਟਾਂ ਲਾਇਸੰਸ ਵਾਸਤੇ ਜਾਂ ਕਿਸੇ ਹੋਰ ਕੰਮ ਵਾਸਤੇ ਨਾ ਲਈਆਂ ਜਾਣ । ਮੈਂ ਇਸ ਦੀ ਜਾਂਚ ਕਰਵਾਵਾਂਗਾ ਅਤੇ ਅਫਸਰਾਂ ਨੂੰ ਹਦਾਇਤ ਕਰਾਂਗਾ ਕਿ ਉਹ

ਪਿਛਲੇ ਕੇਸਾਂ ਦੇ ਸਬੰਧ ਵਿਚ ਇਹ ਦੱਸਣ ਕਿ ਕਿਉਂ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਉਨ੍ਹਾਂ ਨੇ ਨਹੀਂ ਕੀਤੀ ਅਤੇ ਅੱਗੇ ਤੋਂ ਅੱਜ ਹੀ ਆਰਡਰ ਕਰ ਦਿੱਤੇ ਜਾਣਗੇ ਕਿ ਕੋਈ ਰੈਡ ਕਰਾਸ ਦੀਆਂ ਟਿਕਟਾਂ ਨਾ ਦਿੱਤੀਆਂ ਜਾਣ ।

ਨਹਿਰੀ ਪਟਵਾਰੀਆਂ ਨੂੰ ਮਾਲ ਵਿਭਾਗ ਵਿਚ ਤਬਦੀਲ ਕਰਨਾ

*1387. **ਸਰਦਾਰ ਧਨਵੰਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਅਬਿਆਨਾ ਖ਼ਤਮ ਹੋਣ ਤੋਂ ਬਾਅਦ ਸਿੰਜਾਈ ਵਿਭਾਗ ਦੇ ਨਹਿਰੀ ਪਟਵਾਰੀਆਂ ਨੂੰ ਮਾਲ ਵਿਭਾਗ ਵਿਚ ਤਬਦੀਲ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਸਿੰਜਾਈ ਵਿਭਾਗ ਦੁਆਰਾ ਨਹਿਰਾਂ ਦਾ ਰਿਕਾਰਡ ਰੱਖਣ ਅਤੇ ਆਪਣੀ ਜਾਇਦਾਦ ਦੀ ਰਖਵਾਲੀ ਲਈ ਕੀਤੇ ਗਏ ਬਦਲਵੇਂ ਪ੍ਰਬੰਧਾਂ ਦੇ ਵੇਰਵੇ ਕੀ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੰਜਾਈ ਰਾਜ ਮੰਤਰੀ) : ਹਾਂ ਜੀ, ਕੁਲ 1531 ਨਹਿਰੀ ਪਟਵਾਰੀਆਂ ਵਿਚੋਂ 508 ਨਹਿਰੀ ਪਟਵਾਰੀ ਮਾਲ ਵਿਭਾਗ ਵਿੱਚ ਬਦਲੇ ਗਏ ਹਨ ।

ਨਹਿਰਾਂ ਸਬੰਧੀ ਰਿਕਾਰਡ ਅਤੇ ਨਹਿਰੀ ਸੰਪਤੀ ਦੀ ਦੇਖਭਾਲ ਇਸ ਵੇਲੇ ਨਹਿਰੀ ਵਿਭਾਗ ਵਿਚ ਕੰਮ ਕਰਦੇ ਬਾਕੀ ਨਹਿਰੀ ਪਟਵਾਰੀਆਂ ਵੱਲੋਂ ਕੀਤੀ ਜਾ ਰਹੀ ਹੈ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਜਿਹੜੇ 1,531 ਪਟਵਾਰੀ ਨਹਿਰੀ ਵਿਭਾਗ ਵਿਚ ਕੰਮ ਕਰਦੇ ਸੀ, ਉਨ੍ਹਾਂ ਵਿਚੋਂ 508 ਪਟਵਾਰੀ ਮਾਲ ਵਿਭਾਗ ਵਿਚ ਚਲੇ ਗਏ ਹਨ । ਕੀ ਮੰਤਰੀ ਜੀ ਦੱਸਣਗੇ ਕਿ ਉਹ ਸਾਰਾ ਕੰਮ 1,031 ਪਟਵਾਰੀ ਹੀ ਕਰ ਸਕਦੇ ਹਨ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛੇ ਜਿਹੇ ਸਰਕਾਰ ਨੇ ਫੈਸਲਾ ਕੀਤਾ ਸੀ ਅਤੇ ਉਸ ਫੈਸਲੇ ਅਨੁਸਾਰ ਨਹਿਰੀ ਪਾਣੀ ਦਾ ਮਾਮਲਾ ਮੁਆਫ ਕਰ ਦਿੱਤਾ ਗਿਆ ਸੀ ਜਿਸ ਕਰਕੇ ਨਹਿਰੀ ਵਿਭਾਗ ਦਾ ਕੰਮ ਘਟ ਗਿਆ ਸੀ । ਜਿਹੜੇ ਪਟਵਾਰੀ ਮਾਲ ਵਿਭਾਗ ਵਿਚ ਚਲੇ ਗਏ ਹਨ, ਉਨ੍ਹਾਂ ਦਾ ਕੰਮ ਦੂਜੇ ਪਟਵਾਰੀਆਂ ਵਿਚ ਵੰਡ ਦਿੱਤਾ ਗਿਆ ਹੈ । ਇਸ ਤਰ੍ਹਾਂ ਕਰਨ ਨਾਲ ਕੰਮ ਤੇ ਕੋਈ ਅਸਰ ਨਹੀਂ ਪੈ ਰਿਹਾ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਸਰਕਾਰ ਨੇ ਬੜਾ ਅੱਛਾ ਕੰਮ ਕੀਤਾ ਹੈ ਜਿਹੜਾ ਬਿਜਲੀ ਅਤੇ ਨਹਿਰੀ ਪਾਣੀ ਮੁਆਫ ਕਰ ਦਿੱਤਾ ਹੈ ਲੇਕਿਨ ਇਥੇ ਇਕ ਹੋਰ ਪ੍ਰਾਬਲਮ ਖੜ੍ਹੀ ਹੋ ਗਈ ਹੈ । ਨਹਿਰਾਂ ਅਤੇ ਟਿਊਬਵੈਲਾਂ ਦਾ ਪਾਣੀ ਇਕੋ ਹੀ ਖਾਲਿਆਂ ਵਿਚ ਚਲਦਾ ਹੈ । ਜਦੋਂ ਪਟਵਾਰੀਆਂ ਦੀ ਗਿਣਤੀ ਘਟ ਗਈ, ਕਿੰਨੀ ਆਬਪਾਸ਼ੀ ਨਹਿਰਾਂ ਵਿਚ ਅਤੇ ਕਿੰਨੀ ਆਬਪਾਸ਼ੀ ਟਿਊਬਵੈਲਾਂ ਰਾਹੀਂ ਹੁੰਦੀ ਸੀ, ਉਸ ਦੇ ਵਿਚ ਇਕ ਪ੍ਰਾਬਲਮ ਆ ਰਹੀ ।

[ਸਰਦਾਰ ਧਨਵੰਤ ਸਿੰਘ]
ਮੇਰੇ ਹਲਕੇ ਵਿਚ ਇਸ ਤਰ੍ਹਾਂ ਦੇ ਕੇਸ ਚਲ ਰਹੇ ਹਨ। ਕਈ ਥਾਵਾਂ ਤੋਂ ਖਾਲੇ ਕੱਟੇ ਗਏ ਹਨ। ਇਸ ਦਾ ਕੋਈ ਐਕਸੀਅਨ ਜਾਂ ਐਸ. ਈ. ਜਵਾਬ ਨਹੀਂ ਦੇ ਸਕੇ। ਇਹ ਤਾਂ ਰਿਕਾਰਡ ਤੋਂ ਹੀ ਪਤਾ ਲਗ ਸਕਦਾ ਹੈ ਕਿ ਉਥੇ ਨਹਿਰੀ ਪਾਣੀ ਲਗਦਾ ਸੀ ਜਾਂ ਟਿਊਬਵੈੱਲ ਦਾ ਪਾਣੀ ਲਗਦਾ ਸੀ। ਕਿਹੜੀ ਜ਼ਮੀਨ ਨੂੰ ਕਿਹੜਾ ਪਾਣੀ ਲਗਦਾ ਸੀ। ਵੱਖਰੀ ਵੱਖਰੀ ਜ਼ਮੀਨ ਵਾਸਤੇ 1031 ਪਟਵਾਰੀਆਂ ਤੋਂ ਸਾਰਾ ਰੈਵਿਨਿਊ ਰਿਕਾਰਡ ਨਹੀਂ ਮਿਲ ਰਿਹਾ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਹਾਲੇ ਅਸੀਂ ਨਹਿਰੀ ਪਟਵਾਰੀਆਂ ਵੱਲੋਂ ਕੀਤੀ ਜਾਣ ਵਾਲੀ ਗਿਰਦਾਵਰੀ ਬੰਦ ਨਹੀਂ ਕੀਤੀ। ਨਹਿਰੀ ਗਿਰਦਾਵਰੀ ਲਈ ਸਾਡਾ ਪਹਿਲਾ ਸਿਸਟਮ ਉਸੇ ਤਰ੍ਹਾਂ ਹੀ ਚਲ ਰਿਹਾ ਹੈ। ਨਾਲ ਦੀ ਨਾਲ ਹੀ ਜਿਥੇ ਪਾਣੀ ਨਹਿਰੀ-ਟਿਊਬਵੈੱਲਾਂ ਰਾਹੀਂ ਲਗਦਾ ਹੈ ਉਸ ਸਬੰਧੀ ਮਾਲ ਪਟਵਾਰੀਆਂ ਵੱਲੋਂ ਵੱਖਰੀ ਗਿਰਦਾਵਰੀ ਕੀਤੀ ਜਾਂਦੀ ਹੈ। ਦੋ ਗਿਰਦਾਵਰੀਆਂ ਹੁੰਦੀਆਂ ਹਨ। ਐਸੀ ਕੋਈ ਗੱਲ ਨਹੀਂ ਕਿ ਇਹ ਪਤਾ ਨਾ ਲੱਗੇ ਕਿ ਕਿਹੜੀ ਜ਼ਮੀਨ ਨੂੰ ਨਹਿਰੀ ਟਿਊਬਵੈੱਲ ਦਾ ਪਾਣੀ ਲਗਦਾ ਹੈ ਅਤੇ ਕਿਹੜੀ ਜ਼ਮੀਨ ਨੂੰ ਨਹਿਰ ਦਾ ਪਾਣੀ ਲਗਦਾ ਹੈ। ਮਾਲ ਵਿਭਾਗ ਵਿਚ ਪਟਵਾਰੀ ਤਬਦੀਲ ਕਰਨ ਨਾਲ ਅਸੀਂ ਬਾਕੀ ਦੇ ਨਹਿਰੀ ਪਟਵਾਰੀਆਂ ਨੂੰ ਉਨ੍ਹਾਂ ਦੀ ਡਿਊਟੀ ਪੂਰੀ ਕਰਨ ਵਾਸਤੇ ਕਿਹਾ ਹੋਇਆ ਹੈ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਕਿਸੇ ਐਮ. ਐਲ. ਏ. ਸਾਹਿਬ ਨੂੰ ਤਾਂ ਤੁਸੀਂ ਕਈ-ਕਈ ਸਪਲੀਮੈਂਟਰੀਆਂ ਕਰਨ ਦਿੰਦੇ ਹੋ ਅਤੇ ਮੈਨੂੰ ਕੇਵਲ ਦੋ ਹੀ ਕਰਨ ਦਿਤੀਆਂ ਹਨ। ਮੇਰਾ ਖਿਆਲ ਹੈ ਅਰਸ਼ੀ ਸਾਹਿਬ ਨੂੰ ਤੁਸੀਂ 9 ਵੀ ਅਲਾਓ ਕਰ ਦਿਓਗੇ ਜਾਂ ਤਾਂ ਸਾਰਿਆਂ ਵਾਸਤੇ ਹੀ ਦੋ ਰੱਖੋ।

ਸ੍ਰੀ ਸਪੀਕਰ : ਨਹੀਂ ਐਸੀ ਕੋਈ ਗੱਲ ਨਹੀਂ। ਮੇਰੇ ਵਾਸਤੇ ਸਾਰੇ ਆਨਰੇਬਲ ਮੈਂਬਰ ਇਕੋ ਜਿਹੇ ਹਨ। ਤੁਸੀਂ ਆਪਣੀ ਸਪਲੀਮੈਂਟਰੀ ਪੁੱਛੋ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਸ਼ਾਇਦ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਇਹ ਗੱਲ ਨਾ ਆਈ ਹੋਵੇ। ਕਈ ਥਾਵਾਂ ਤੇ ਨਹਿਰੀ ਖਾਲੇ ਕੱਟੇ ਗਏ ਹਨ ਅਤੇ ਇਹ ਰੈਵਨਿਊ ਰਿਕਾਰਡ ਵਿਚ ਹੀ ਦੱਸਿਆ ਜਾ ਸਕਦਾ ਹੈ ਕਿ ਇਸ ਖਾਲੇ ਵਿਚ ਨਹਿਰੀ ਪਾਣੀ ਜਾਣਾ ਸੀ। ਮੇਰੇ ਹਲਕੇ ਵਿਚ ਇਹ ਪ੍ਰਾਬਲਮ ਹੈ ਹੋਰ ਸ਼ਾਇਦ ਕਿਧਰੇ ਇਸ ਤਰ੍ਹਾਂ ਦੀ ਪ੍ਰਾਬਲਮ ਨਾ ਹੋਵੇ। ਕੀ ਮੰਤਰੀ ਜੀ ਇਸ ਦੀ ਇਨਕੁਆਰੀ ਕਰਵਾ ਕੇ ਵੈਰੀਫਾਈ ਕਰਨ ਦਾ ਯਕੀਨ ਦਿਵਾਉਣਗੇ ਕਿ ਜਿਥੇ ਕਿਤੇ ਇਹੋ ਜਿਹੀ ਪ੍ਰਾਬਲਮ ਹੈ, ਉਥੇ ਨਹਿਰੀ ਪਟਵਾਰੀ ਲਗਾ ਦੇਣਗੇ। ਗੱਲ ਤਾਂ ਸਿਰਫ਼ ਇਤਨੀ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਫਿਰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਨਹਿਰੀ ਗਿਰਦਾਵਰੀਆਂ ਬੰਦ ਨਹੀਂ ਕੀਤੀਆਂ। ਸਾਰੇ ਨਹਿਰੀ ਪਟਵਾਰੀ ਆਪਣੀ ਡਿਊਟੀ ਦੇ ਰਹੇ

ਹਨ । ਜੇਕਰ ਐਮ. ਐਲ. ਏ. ਸਾਹਿਬ ਨੂੰ ਕਿਸੇ ਵਿਰੁੱਧ ਕੋਈ ਖਾਸ ਸ਼ਿਕਾਇਤ ਹੈ ਤਾਂ ਉਹ ਲਿਖ ਕੇ ਦੇ ਦੇਣ, ਅਸੀਂ ਇਨਕੁਆਰੀ ਕਰਵਾ ਕੇ, ਜੇਕਰ ਉਹ ਕਸੂਰਵਾਰ ਨਿਕਲਿਆ ਤਾਂ ਉਸ ਨੂੰ ਸਜ਼ਾ ਵੀ ਦੇਵਾਂਗੇ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, 1531 ਪਟਵਾਰੀਆਂ ਦੀ ਥਾਂ ਤੇ 1,031 ਪਟਵਾਰੀ ਕੰਮ ਕਰ ਰਹੇ ਹਨ । 500 ਪਟਵਾਰੀ ਤਬਦੀਲ ਕਰ ਦਿੱਤੇ ਗਏ ਹਨ । ਹੁਣ 1,500 ਦੀ ਥਾਂ ਤੇ ਲਗਭਗ 1,000 ਪਟਵਾਰੀ ਕੰਮ ਕਰ ਰਹੇ ਹਨ । ਹਰ ਥਾਂ ਤੇ ਨਹਿਰੀ ਪਟਵਾਰੀ ਨਹੀਂ ਹੈ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਤੁਸੀਂ ਉਨ੍ਹਾਂ ਨੂੰ ਲਿਖ ਕੇ ਦੇ ਦਿਉ ।

ਸਰਦਾਰ ਧਨਵੰਤ ਸਿੰਘ : ਕੀ ਜਦੋਂ ਕੋਈ ਸੈਕਟਰੀ ਜਾਂ ਚੀਫ ਸੈਕਟਰੀ ਮੰਤਰੀ ਜੀ ਨੂੰ ਦੱਸਦੇ ਹਨ ਤਾਂ ਕੀ ਉਨ੍ਹਾਂ ਤੋਂ ਕਦੀ ਲਿਖ ਕੇ ਲੈਂਦੇ ਹਨ ? ਮੈਂ ਕਹਿ ਦਿੱਤਾ ਹੈ ਅਤੇ ਮੇਰੀ ਗੱਲ ਰਿਕਾਰਡ ਤੇ ਆ ਗਈ ਹੈ ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

— —

ਜ਼ਿਲ੍ਹਾ ਮਾਨਸਾ ਵਿਚ ਫਸਲ ਲਈ ਕਰਜ਼ੇ

*1358. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪਿਛਲੇ ਛੇ ਮਹੀਨਿਆਂ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਪੰਜਾਬ ਸਟੇਟ ਕੁਆਪਰੇਟਿਵ ਬੈਂਕ ਦੀਆਂ ਬ੍ਰਾਂਚਾਂ ਨੂੰ ਸੀਮਾਂਤ ਕਿਸਾਨਾਂ ਤੋਂ ਫਸਲਾਂ/ਖੇਤੀਬਾੜੀ ਇਨਪੁੱਟਸ ਲਈ ਕਰਜ਼ੇ ਲੈਣ ਲਈ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ ਹਨ;

(ਅ) ਉਪ੍ਰੋਕਤ ਭਾਗ (ੳ) ਵਿਚ ਵਰਣਿਤ ਦਰਖਾਸਤਾਂ ਵਿਚੋਂ ਅਜਿਹੀਆਂ ਦਰਖਾਸਤਾਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਸਵੀਕਾਰ ਕੀਤੀਆਂ ਗਈਆਂ ਹਨ ਅਤੇ ਹਰ ਇਕ ਕੇਸ ਵਿਚ ਕਰਜ਼ੇ ਦੀ ਕਿੰਨੀ ਰਕਮ ਮਿਲਣਯੋਗ ਹੈ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਮਿਤੀ 1 ਜੁਲਾਈ, 1998 ਤੋਂ 31 ਦਸੰਬਰ, 1998 ਤੱਕ 6,850 ਅਰਜ਼ੀਆਂ ਪ੍ਰਾਪਤ ਹੋਈਆਂ ਹਨ ।

(ਅ) ਇਹ ਸਾਰੀਆਂ ਅਰਜ਼ੀਆਂ ਮਨਜ਼ੂਰ ਕਰ ਦਿੱਤੀਆਂ ਗਈਆਂ ਹਨ । 1464.01 ਲੱਖ ਰੁਪਏ ਦਾ ਕਰਜ਼ਾ ਮਨਜ਼ੂਰ ਕਰ ਦਿੱਤਾ ਗਿਆ ਹੈ । ਹਰ ਇਕ ਸੁਸਾਇਟੀ ਲਈ ਮਨਜ਼ੂਰ ਕਰਜ਼ੇ ਦੀ ਲਿਸਟ ਅਨੁਲੱਗ 'ੲ' ਤੇ ਰੱਖੀ ਗਈ ਹੈ । ਜਿਥੋਂ ਤੱਕ ਹਰੇਕ ਕੇਸ ਵਿਚ ਬਣਦੇ ਕਰਜ਼ੇ ਦਾ ਸਬੰਧ ਹੈ, ਸਵਾਲ ਦੇ ਜਵਾਬ ਤੋਂ ਲਿਆ ਗਿਆ ਲਾਭ ਸੂਚਨਾ ਇਕੱਤਰ ਅਤੇ ਸੰਕਲਿਤ ਕਰਨ ਲਈ ਲੋੜੀਂਦੇ ਯਤਨਾਂ ਦੇ ਅਨੁਰੂਪ ਨਹੀਂ ਹੈ ।

ANNEXURE—A

The Mansa Central Coop. Bank Ltd. Head Office, Mansa

S. No.	Name of the Branch	Name of Socs. under this Branch	No. of member of each socys.	MCL Sanctioned for marginal farmer Rs. in Lac	
				Kharif	Rabi
1	2	3	4	5	6
1.	Mansa ..	CASS Nangal Kalan	83	12.10	8.67
		CASS Barnala	40	6.30	4.32
		CASS Khara	62	8.19	5.62
		CASS Gehle	71	6.62	9.66
		CASS Ramdittewala	74	10.32	15.05
		CASS Akkanwali	46	6.58	4.51
2.	Ubha Burj Dhilwan ..	CASS Ubha Burj Dhilwan	81	16.87	12.92
		CASS Tamkot	64	9.46	8.74
3.	Phaphre Bhaike ..	CASS Kishengarh Pharmahi	172	18.06	12.38
		CASS Bappiana	92	9.31	6.38
		CASS Phaphre Bhaike	191	20.37	13.97
		CASS Kotlallu	78	7.49	5.14
4.	Bhamme Kalan ..	CASS Bhame Kalan	99	12.39	8.50

5. Bareta ..	CASS Bareta	101	11.48	16.40
	CASS Khudal Kalan	147	13.70	9.59
	CASS Khatri wala	78	8.20	7.38
	CASS Kahan Garn	183	20.66	15.74
	CASS Dharampura	150	19.40	17.46
	CASS Ramgarh Shahpuria	72	4.46	3.69
6. Gobindpura	CASS Jalwera	150	2.37	2.92
	CASS Rangdial	172	8.06	8.74
	CASS Achanak	52	3.65	5.10
	CASS Datewas	44	2.73	3.99
7. Behniwal	CASS Behniwal	142	17.62	25.69
	CASS Raipur	54	8.22	7.28
8. Manbibrian	CASS Sadda Singh wala	59	8.51	11.85
	CASS Manbibrian	43	5.42	3.93
	CASS Kotli Kalan	104	19.50	17.55
	CASS Kallo	52	6.79	6.53
9. Bachoana	CASS Dodra	123	12.24	13.26
	CASS Bachoana	231	24.99	17.14
	CASS Kanakwal Chahla	89	5.62	5.78
	CASS Bireke Kalan	101	8.20	8.89
10. Boha ..	CASS Boha	103	10.61	15.47
	CASS Udat Saidawala	97	8.68	5.95
	CASS Gami wala	34	2.11	3.08
	CASS Chak Alisher	102	9.16	9.27
	CASS Reond Kalan	39	2.98	4.24
	CASS Ganda Kalan	32	3.14	4.58
	CASS Sher Khan wala	32	5.22	5.59

1	2	3	4	5	6
11.	Barreh	CASS Tahlian	88	9.87	6.77
		CASS Alampur Mander	46	7.78	11.34
		CASS Mall	82	9.94	6.82
12.	Fatta Maloka	CASS Jhanduke	87	13.29	10.03
		CASS Jhanduke	148	17.99	14.36
		CASS Hirke	65	9.52	6.53
13.	Khaila Kalan	CASS Kotda	58	5.28	7.70
		CASS Khaila Kalan	73	6.82	9.94
14.	Jhunir	CASS Dane wala	107	9.17	6.29
		CASS Dalel wala	65	4.42	6.44
		CASS Ghudu wala	63	3.17	4.62
15.	Bhikhi	CASS Dhalleman	41	3.74	4.06
		CASS Alisher Kalan	59	6.55	6.05
		CASS Dalel wala	91	9.79	10.60
		CASS Bhikhi	139	15.02	16.28
		CASS Matti	121	11.81	12.79
		CASS Hiroke Kalan	104	11.02	12.56
		CASS Hodla Kalan	32	2.70	2.50
		Khiva Kalan	112	13.87	15.02
16.	Biroke Kalan	CASS Biroke Khurd	51	5.23	5.67
		CASS Biroke Kalan	74	8.89	8.21
		CASS Bora wala	79	14.50	21.14
		CASS Graddi	146	21.00	21.00

17. Joga	CASS Akalia	182	23.24	15.94
	CASS Ralla	146	21.42	14.69
	CASS Joga	192	24.78	16.99
	CASS Makha Chahlan	76	9.73	6.67
18. Jattana Kalan	CASS Jattana Kalan	75	4.42	6.44
19. Budhlada	CASS Budhlada	109	11.04	16.10
	CASS Kalipur	53	2.66	1.82
	CASS Achmedpur	87	7.24	10.57
	CASS Kulana	62	6.24	9.10
	CASS Hassan Pur	83	8.14	10.50
	CASS Saidewala	63	4.06	2.78
20. Sardulgarh	CASS Bhunder	52	5.09	5.53
		6,850	747.21	716.80
			1464.01	

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਪਰ ਪਹਿਲਾਂ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਿਹਾ ਹੈ ਕਿ ਹੁਣ ਜ਼ਿਮੀਂਦਾਰਾਂ ਨੂੰ ਡਾਇਰੈਕਟ ਲੋਨ ਇਕ ਲੱਖ ਰੁਪਏ ਦਾ ਮਿਲਿਆ ਕਰੇਗਾ, ਸੱਤ ਦਿਨਾਂ ਦੇ ਵਿਚ ਉਸ ਦਾ ਭੁਗਤਾਨ ਹੋਵੇਗਾ ਅਤੇ ਇਹ ਕੇਸ਼-ਕਰੈਡਿਟ ਡਾਇਰੈਕਟ ਬੈਂਕ ਤੋਂ ਹੋਵੇਗਾ । ਮੈਂ ਹੁਣ ਮੰਤਰੀ ਜੀ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਵਿਚ ਸਰਕਾਰ ਦੀ ਕੰਟਰੀਬਿਊਸ਼ਨ ਕੀ ਹੈ, ਕਿੰਨਾ ਸ਼ੇਅਰ ਹੈ ਜਾਂ ਕਿ ਤੁਸੀਂ ਲੋਕਾਂ ਦੇ ਪੈਸੇ ਤੇ ਹੀ ਮੌਜਾਂ ਕਰਦੇ ਹੋ ?

ਮੰਤਰੀ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਸਵਾਲ ਕੁਝ ਹੋਰ ਕਰਨਾ ਚਾਹੁੰਦੇ ਸਨ, ਪਰ ਕੁਝ ਹੋਰ ਕਰ ਬੈਠੇ ਹਨ । ਅਸਲ ਵਿੱਚ ਇਹ ਕੇਸ਼ ਕਰਾਪ ਸਕੀਮ ਬਾਰੇ ਪੁੱਛਣਾ ਚਾਹੁੰਦੇ ਸਨ, ਸਵਾਲ ਕਰਾਪ ਲੋਨ ਦਾ ਕਰ ਬੈਠੇ ਹਨ । ਇਸ ਸਕੀਮ ਅਧੀਨ 6,850 ਅਰਜ਼ੀਆਂ ਪ੍ਰਾਪਤ ਹੋਈਆਂ ਸਨ ਅਤੇ ਅਸੀਂ ਇਹ ਸਾਰੀਆਂ ਹੀ ਮਨਜ਼ੂਰ ਕਰ ਲਈਆਂ ਹਨ ਅਤੇ 1,464 ਕਰੋੜ ਰੁਪਏ ਹੁਣ ਤੱਕ ਬਤੌਰ ਲੋਨ ਦਿੱਤੇ ਗਏ ਹਨ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਸਿਰਫ ਇੰਨਾ ਹੀ ਦੱਸ ਦੇਣ ਕਿ ਕੀ ਸਰਕਾਰ ਨੇ ਵੀ ਇਸ ਵਿੱਚ ਕੋਈ ਸ਼ੇਅਰ ਪਾਇਆ ਹੈ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਇਸ ਸਬੰਧੀ ਵੱਖਰਾ ਸਵਾਲ ਦੇ ਦੇਣ ਕਿਉਂਕਿ ਸਰਕਾਰ ਨੇ ਵੱਖ ਵੱਖ ਸਕੀਮਾਂ ਅਧੀਨ ਵੱਖ ਵੱਖ ਰਕਮ ਦੇ ਸ਼ੇਅਰ ਪਾਏ ਹਨ । ਕਿਧਰੇ ਵੱਧ ਸ਼ੇਅਰ ਪਾਇਆ ਹੈ ਅਤੇ ਕਿਧਰੇ ਘੱਟ ਪਾਇਆ ਹੈ ।

ਦਿਹਾੜੀਦਾਰ ਮਜ਼ਦੂਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*1468. 1. **ਸਰਦਾਰ ਸੁਖਵਿੰਦਰ ਸਿੰਘ ਔਲਖ**
2. **ਸਰਦਾਰ ਗੁਰਦੀਪ ਸਿੰਘ ਭੁੱਲਰ**
} : ਕੀ ਸਹਿਕਾਰਤਾ

ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਰਾਜ ਵਿਚ ਸਹਿਕਾਰੀ ਖੰਡ ਮਿੱਲਾਂ ਵਿਚ ਕੰਮ ਕਰ ਰਹੇ ਦਿਹਾੜੀਦਾਰ ਮਜ਼ਦੂਰਾਂ ਦੀਆਂ ਸੇਵਾਵਾਂ ਨਿਯਮਿਤ ਕਰਨ ਲਈ ਕਿਹੜੇ ਨਿਯਮ ਅਪਣਾਏ ਜਾ ਰਹੇ ਹਨ ਅਤੇ ਉਨ੍ਹਾਂ ਦਿਹਾੜੀਦਾਰ ਮਜ਼ਦੂਰਾਂ ਦੀ ਕੁੱਲ ਸੰਖਿਆ ਕਿੰਨੀ ਹੈ ਜਿਨ੍ਹਾਂ ਦੀਆਂ ਸੇਵਾਵਾਂ ਪਿਛਲੇ ਦੋ ਸਾਲਾਂ ਦੌਰਾਨ ਨਿਯਮਿਤ ਕੀਤੀਆਂ ਗਈਆਂ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸੂਚਨਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ

ਸਹਿਕਾਰੀ ਖੰਡ ਮਿੱਲਾਂ ਵਿੱਚ, ਪੰਜਾਬ ਰਾਜ ਸਹਿਕਾਰੀ ਖੰਡ ਮਿੱਲਾਂ (ਸਰਵਿਸ ਰੂਲਜ਼), 1991, ਜਿਹੜੇ ਕਿ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਵੱਲੋਂ ਪ੍ਰਵਾਨਿਤ ਹਨ, ਅਧੀਨ ਦਿਹਾੜੀਦਾਰ ਕਾਮੇ ਪੱਕੇ ਕੀਤੇ ਜਾਂਦੇ ਹਨ । ਪਿਛਲੇ ਦੋ ਸਾਲਾਂ ਵਿੱਚ 818 ਦਿਹਾੜੀਦਾਰ ਕਾਮੇ ਪੱਕੇ ਕੀਤੇ ਗਏ ਹਨ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੂੰ ਸਾਰੀ ਜਾਣਕਾਰੀ ਹੋਵੇਗੀ । ਇਹ ਕਿਰਪਾ ਕਰਕੇ ਮਿੱਲ-ਵਾਈਜ਼ ਜਿੰਨੇ ਜਿੰਨੇ ਦਿਹਾੜੀਦਾਰ ਕਾਮੇ ਪੱਕੇ ਕੀਤੇ ਗਏ ਹਨ, ਉਨ੍ਹਾਂ ਸਬੰਧੀ ਸੂਚਨਾ ਦੇਣ ਦੀ ਖੇਚਲ ਕਰਨ ।

ਮੰਤਰੀ : ਸਪੀਕਰ ਸਾਹਿਬ ਕੁੱਲ 800 ਕਾਮੇ ਜਿਹੜੇ ਡੇਅਲੀ-ਵੇਜਿਜ਼ ਤੇ ਕੰਮ ਕਰਦੇ ਸਨ, ਪੱਕੇ ਕੀਤੇ ਗਏ ਹਨ । ਮਿਲ-ਵਾਈਜ਼ ਸੂਚਨਾ ਹੇਠ ਲਿਖੇ ਅਨੁਸਾਰ ਹੈ :

ਜ਼ੀਰਾ	..	11
ਮੋਰਿੰਡਾ	..	5
ਬਟਾਲਾ	..	16
ਭੋਗਪੁਰ	..	32
ਨਵਾਂ ਸ਼ਹਿਰ	..	7
ਅਜਨਾਲਾ	..	25
ਬੁੱਢੇਵਾਲ	..	6
ਕੁੱਲ	..	102

ਜਿਨ੍ਹਾਂ ਨੂੰ ਛੋਟ ਦੇ ਕੇ ਪੱਕਾ ਕੀਤਾ ਗਿਆ ਹੈ :

ਗੁਰਦਾਸਪੁਰ	..	14
ਨਕੋਦਰ	..	14
ਫਰੀਦਕੋਟ	..	5
ਕੁੱਲ	..	33

ਸਰਦਾਰ ਗੁਰਦੀਪ ਸਿੰਘ ਭੁੱਲਰ ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਫਿਗਰਾਂ ਦਿੱਤੀਆਂ ਹਨ, ਉਨ੍ਹਾਂ ਨਾਲ ਮੈਂ ਸਹਿਮਤ ਹਾਂ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਦਿਹਾੜੀਦਾਰ ਕਾਮਿਆਂ ਨੂੰ ਪੱਕਾ ਕੀਤਾ ਗਿਆ ਹੈ, ਕੀ ਸਾਡੇ ਜੋ ਰੂਲ ਹਨ, ਰੈਗੂਲੇਸ਼ਨ ਹਨ, ਉਨ੍ਹਾਂ ਨੂੰ ਤੋੜ-ਮਰੋੜ ਕੇ ਕਿਸੇ ਬੰਦੇ ਨੂੰ ਗਲਤ ਬੈਨੇਫਿਟ ਦੇ ਕੇ ਵੀ ਪੱਕਾ ਕੀਤਾ ਗਿਆ ਹੈ ਅਤੇ ਇਸ ਸਬੰਧੀ ਕੋਈ ਇਨਕੁਆਰੀ ਕਰਾਉਣ ਲਈ ਸਮਾਂਬੱਧ ਕਰਨਗੇ ?

ਮੰਤਰੀ: ਸਪੀਕਰ ਸਾਹਿਬ ਅਸੀਂ ਇਨਕੁਆਰੀ ਕਰਾਉਣ ਲਈ ਤਿਆਰ ਹਾਂ ਜਿਸ ਅਫਸਰ ਨੇ ਵੀ ਗਲਤ ਕੰਮ ਕੀਤਾ ਹੋਵੇਗਾ, ਉਸ ਨੂੰ ਸਜ਼ਾ ਵੀ ਦਿਆਂਗੇ।

ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸੜਕਾਂ ਦੀ ਮੁਰੰਮਤ

*1413. **ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ**. ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਜਿਹੀਆਂ ਸੜਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੀ ਸਾਲ 1997 ਤੋਂ ਮੁਰੰਮਤ ਕੀਤੀ ਜਾਣੀ ਬਣਦੀ ਹੈ ਅਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਅਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) 10 ਨੰਬਰ ਪਲੈਨ ਸੜਕਾਂ ਲੰਬਾਈ 145.09 ਕਿਲੋਮੀਟਰ ਸਲਾਨਾ ਮੁਰੰਮਤ (ਪ੍ਰੀਮਿਕਸ ਕਾਰਪੇਟ ਪਾਉਣ) ਲਈ ਮਾਰਚ, 1997 ਤੋਂ ਮਾਰਚ 1999 ਤੱਕ ਡਿਊ ਬਣਦੀਆਂ ਹਨ। ਇਨ੍ਹਾਂ ਵਿਚੋਂ 79.85 ਕਿ ਮੀਟਰ ਸੜਕਾਂ ਦੀ ਸਲਾਨਾ ਮੁਰੰਮਤ ਕਰ ਦਿੱਤੀ ਗਈ ਹੈ। ਬਾਕੀ ਸੜਕਾਂ ਜਿਨ੍ਹਾਂ ਦੀ ਲੰਬਾਈ 65.24 ਕਿਲੋਮੀਟਰ ਬਣਦੀ ਹੈ, ਫੰਡਜ਼ ਆਉਣ ਤੇ ਕਰ ਦਿੱਤੀ ਜਾਵੇਗੀ।

ਜੋ ਲਿੰਕ ਸੜਕਾਂ ਮਾਰਚ, 1998 ਤੱਕ ਮੁਰੰਮਤ ਵਾਸਤੇ ਡਿਊ ਬਣਦੀਆਂ ਹਨ, ਉਨ੍ਹਾਂ ਨੂੰ ਜੂਨ, 2000 ਤੱਕ ਮੁਰੰਮਤ ਕਰਨ ਦਾ ਪ੍ਰੋਗਰਾਮ ਹੈ। ਮਾਰਚ 1997 ਤੱਕ 101 ਸੜਕਾਂ ਜਿਨ੍ਹਾਂ ਦੀ ਲੰਬਾਈ 220.25 ਕਿਲੋਮੀਟਰ ਹੈ, ਮੁਰੰਮਤ ਵਾਸਤੇ ਡਿਊ ਸਨ ਅਤੇ ਇਸ ਤੋਂ ਇਲਾਵਾ 35 ਸੜਕਾਂ ਜਿਨ੍ਹਾਂ ਦੀ ਲੰਬਾਈ 142.93 ਕਿਲੋਮੀਟਰ ਬਣਦੀ ਹੈ, ਅਪ੍ਰੈਲ, 1997 ਤੋਂ ਮਾਰਚ, 1998 ਤੱਕ ਮੁਰੰਮਤ ਵਾਸਤੇ ਡਿਊ ਬਣਦੀਆਂ ਹਨ। ਉਪਰੋਕਤ 136 ਲਿੰਕ ਸੜਕਾਂ ਵਿਚੋਂ 35 ਸੜਕਾਂ ਜਿਨ੍ਹਾਂ ਦੀ ਲੰਬਾਈ 63.77 ਕਿਲੋਮੀਟਰ ਹੈ, ਦਾ ਕੰਮ ਪ੍ਰਗਤੀ ਅਧੀਨ ਹੈ। ਬਾਕੀ ਸੜਕਾਂ ਨੂੰ ਫੰਡਾਂ ਦੀ ਉਪਲਬਧਤਾ ਵੇਖਦੇ ਹੋਏ ਜੂਨ, 2000 ਤੱਕ ਮੁਰੰਮਤ ਕਰਨ ਦਾ ਪ੍ਰੋਗਰਾਮ ਹੈ।

ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਵੀ ਅਸੀਂ ਸਵਾਲ ਪੁੱਛਦੇ ਹਾਂ ਤਾਂ ਮੰਤਰੀ ਜੀ ਜਵਾਬ ਦਿੰਦੇ ਹਨ ਕਿ ਜਦੋਂ ਫੰਡਜ਼ ਮਿਲਣਗੇ, ਕੰਮ ਕਰਵਾ ਦਿਆਂਗੇ। ਕਿਰਪਾ ਕਰਕੇ ਮੰਤਰੀ ਜੀ ਇਹ ਦੱਸ ਦੇਣ ਕਿ ਇਸ ਸਾਲ

ਫੰਡਜ਼ ਮਿਲ ਜਾਣਗੇ ਜਾਂ ਨਹੀਂ ਮਿਲਣਗੇ। ਕਈ ਸੜਕਾਂ ਇਸ ਤਰ੍ਹਾਂ ਦੀਆਂ ਹਨ ਜਿਨ੍ਹਾਂ ਤੇ ਬਜਰੀ ਨਹੀਂ ਰਹੀ ਅਤੇ ਮਿੱਟੀ ਬਾਹਰ ਨਿਕਲ ਆਈ ਹੈ ਅਤੇ ਕਈ ਥਾਵਾਂ ਤੇ ਟੋਏ ਪਏ ਹੋਣ ਕਾਰਨ ਕਈ ਐਕਸੀਡੈਂਟ ਵੀ ਹੋ ਚੁੱਕੇ ਹਨ ਅਤੇ ਕਈ ਸੜਕਾਂ ਇਸ ਤਰ੍ਹਾਂ ਦੀਆਂ ਹਨ ਜਿਨ੍ਹਾਂ ਦਾ ਕੰਮ ਅਧੂਰਾ ਪਿਆ ਹੋਇਆ ਹੈ। ਉਥੇ ਲੋਕ ਟਰੈਕਟਰ ਟਰਾਲੀਆਂ ਵਿਚ ਗੰਨਾ ਲੈ ਕੇ ਜਾਂਦੇ ਹਨ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਇਹ ਦੱਸਣ ਕਿ ਇਹ ਕਦੋਂ ਤੱਕ ਠੀਕ ਕਰਵਾ ਦੇਣਗੇ ?

ਮੰਤਰੀ ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਅਸੀਂ ਤੇਜ਼ੀ ਨਾਲ ਕੰਮ ਕਰ ਰਹੇ ਹਾਂ ਔਰ ਫੰਡਾਂ ਦੀ ਘਾਟ ਹੋਣ ਦੇ ਬਾਵਜੂਦ ਤੇਜ਼ੀ ਨਾਲ ਕੰਮ ਕੀਤਾ ਹੈ। ਪਲਾਨ ਰੋਡ 145.09 ਕਿਲੋਮੀਟਰ ਡਿਊ ਸੀ ਔਰ ਇਸ ਵਿਚੋਂ 79.85 ਕਿਲੋਮੀਟਰ ਸੜਕਾਂ ਦਾ ਕੰਮ ਹੋ ਚੁੱਕਾ ਹੈ। ਇਸ ਵਿਚੋਂ ਸਿਰਫ 65.24 ਕਿਲੋਮੀਟਰ ਸੜਕਾਂ ਡਿਊ ਹਨ। ਇਹ ਜੂਨ, 2,000 ਤੱਕ ਫੰਡ ਆਉਣ ਤੇ ਆਲਰੇਡੀ ਕਰਨ ਦਾ ਟੀਚਾ ਮਿੱਥਿਆ ਹੋਇਆ ਹੈ। ਇਸ ਤੋਂ ਇਲਾਵਾ 63.77 ਕਿਲੋਮੀਟਰ ਲਿੰਕ ਸੜਕਾਂ ਦਾ ਕੰਮ ਪ੍ਰਾਗੈਸ ਵਿਚ ਹੈ। ਇਸ ਨੂੰ ਵੀ ਅਸੀਂ ਪਹਿਲਾਂ ਹੀ ਸਮਾਂ-ਬੱਧ ਕਰ ਦਿੱਤਾ ਹੈ ਔਰ ਫੰਡ ਆਉਣ ਤੇ ਜੂਨ, 2,000 ਤੱਕ ਪੂਰਾ ਕਰ ਦੇਵਾਂਗੇ।

ਸਰਦਾਰ ਚਰਨਜੀਤ ਸਿੰਘ ਨਵਾਂਸ਼ਹਿਰ : ਸਪੀਕਰ ਸਾਹਿਬ, ਫੰਡ ਕਦੋਂ ਤੱਕ ਆ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਪਹਿਲਾਂ ਹੀ ਸਮਾਂ-ਬੱਧ ਕਰ ਦਿੱਤਾ ਹੈ। ਜਲਦੀ ਹੀ ਕੰਮ ਹੋ ਜਾਵੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1426*

ਸ਼੍ਰੀ ਸਪੀਕਰ : ਸਵਾਲ ਨੰਬਰ 1426 ਦੀ ਐਕਸਟੈਨਸ਼ਨ ਮੰਗੀ ਹੈ ਜਿਹੜੀ ਕਿ ਮੈਂ ਦੋ ਹਫ਼ਤੇ ਲਈ ਗਰਾਂਟ ਕਰ ਦਿੱਤੀ ਹੈ।

ਅ. ਸ. ਪ. ਨੰ ਲ. ਸ. 2/99/1600

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ

ਮਿਤੀ 11-03-99

ਵਿਸ਼ਾ —ਮਿਤੀ 12 ਮਾਰਚ, 1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਤਾਰਾ ਅੰਕਿਤ ਵਿਧਾਨ ਸਭਾ ਪ੍ਰਸ਼ਨ ਨੰ: 1426 ਮੁਲਤਵੀ ਕਰਨ ਬਾਰੇ।

ਮਾਨਯੋਗ ਸਪੀਕਰ ਸਾਹਿਬ,

ਮਿਤੀ 12 ਮਾਰਚ, 1999 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1426 ਜੋ ਕਿ ਸ਼੍ਰੀ ਸੱਤਿਆਪਾਲ ਸੈਣੀ, ਐਮ. ਐਲ. ਏ. ਦੇ ਨਾਂ

---

* For Starred Question No. 1426 and reply thereto, please see Punjab Vidhan Sabha Debates Dated 30th March, 1999.

[ਸ਼੍ਰੀ ਸਪੀਕਰ]
ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਿਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 3 ਹਫ਼ਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਜਾਵੇ ।

ਆਦਰ ਸਹਿਤ,

ਹਿਤੂ,
ਸਹੀ/—
(ਪ੍ਰਕਾਸ਼ ਸਿੰਘ ਬਾਦਲ)

ਸ੍ਰ. ਚਰਨਜੀਤ ਸਿੰਘ ਅਟਵਾਲ
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੇਰਾ ਨਿਵੇਦਨ ਹੈ ਕਿ ਤੁਸੀਂ ਸਾਨੂੰ ਲਾਈਨ ਵਿਚ ਲਗਾਇਆ ਹੋਇਆ ਹੈ . . .

ਸ਼੍ਰੀ ਸਪੀਕਰ : ਸੈਣੀ ਸਾਹਿਬ, ਬੈਠ ਜਾਓ । ਅਗਲਾ ਸਵਾਲ ।

ਪੰਜਾਬੀ ਨੂੰ ਰਾਜ ਭਾਸ਼ਾ ਵਜੋਂ ਲਾਗੂ ਕਰਨਾ

*1397. **ਸਰਦਾਰ ਬਲਦੇਵ ਸਿੰਘ ਖਿਆਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪੰਜਾਬੀ ਭਾਸ਼ਾ ਕਿਸ ਤਰੀਕ ਨੂੰ ਸਰਕਾਰੀ ਦਫ਼ਤਰਾਂ ਵਿਚ ਰਾਜ ਭਾਸ਼ਾ ਵਜੋਂ ਲਾਗੂ ਕੀਤੀ ਗਈ ਸੀ;

(ਅ) ਉਨ੍ਹਾਂ ਵਿਭਾਗਾਂ ਦੇ ਸਾਲਵਾਰ ਨਾਂ ਕੀ-ਕੀ ਹਨ ਜਿਨ੍ਹਾਂ ਤੇ ਸਾਲ 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਇਹ ਦੇਖਣ ਲਈ ਭਾਸ਼ਾ ਵਿਭਾਗ ਦੁਆਰਾ ਛਾਪੇ ਮਾਰੇ ਗਏ ਕਿ ਕੀ ਸਰਕਾਰੀ ਕੰਮ ਪੰਜਾਬੀ ਭਾਸ਼ਾ ਵਿਚ ਕੀਤਾ ਜਾ ਰਿਹਾ ਹੈ ਅਤੇ ਅਜਿਹੇ ਅਫ਼ਸਰਾਂ/ਕਰਮਚਾਰੀਆਂ ਦੇ ਨਾਂ ਅਤੇ ਅਹੁਦੇ ਕੀ-ਕੀ ਹਨ ਜਿਹੜੇ ਪੰਜਾਬੀ ਵਿਚ ਕੰਮ ਨਹੀਂ ਕਰਦੇ ਪਾਏ ਗਏ ਸਨ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਕਸੂਰਵਾਰ ਅਫਸਰਾਂ/ਕਰਮਚਾਰੀਆਂ ਵਿਰੁੱਧ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਤੋਤਾ ਸਿੰਘ (ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ) :

(ੳ) ਮਿਤੀ 13 ਅਪ੍ਰੈਲ 1968 ਨੂੰ ।

(ਅ) ਅਤੇ (ੲ) ਲੋੜੀਂਦੀ ਸੂਚਨਾ ਬਤੌਰ ਅਨੁਲੱਗ-1* ਅਤੇ 2* ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

---

*Placed in the Library.

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ ਜਿਨ੍ਹਾਂ ਲੋਕਾਂ ਨੇ ਦਫ਼ਤਰਾਂ ਵਿਚ ਪੰਜਾਬੀ ਵਿਚ ਕੰਮ ਨਾ ਕਰਨ ਸਬੰਧੀ ਕੁਤਾਹੀਆਂ ਕੀਤੀਆਂ ਹਨ, ਉਨ੍ਹਾਂ ਦੀ ਲਿਸਟ ਬਹੁਤ ਲੰਬੀ ਹੈ। ਇਸ ਸਵਾਲ ਦਾ ਜਵਾਬ ਤਕਰੀਬਨ 150 ਸਫੇ ਦਾ ਹੈ। ਇਸ ਨਾਲ ਬਹੁਤ ਵੱਡੀ ਕਿਤਾਬ ਬਣ ਸਕਦੀ ਹੈ ਪਰੰਤੂ ਸਪੀਕਰ ਸਾਹਿਬ, ਇਹ ਸਾਰੇ ਵੇਰਵੇ ਦੇਣ ਤੋਂ ਬਾਅਦ ਇਕ ਵੀ ਬੰਦੇ ਨੂੰ ਸਜ਼ਾ ਨਹੀਂ ਮਿਲੀ। ਜੇ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਫਿਰ ਪੰਜਾਬ ਵਿਚ ਪੰਜਾਬੀ ਲਾਗੂ ਨਹੀਂ ਹੋ ਸਕਦੀ। ਇਸ ਲਈ ਕੀ ਮੰਤਰੀ ਜੀ ਇਹ ਦੱਸਣਗੇ ਕਿ ਕੀ ਸਰਕਾਰ ਜਿਹੜੇ ਲੋਕ ਪੰਜਾਬੀ ਵਿਚ ਕੰਮ ਨਹੀਂ ਕਰਦੇ ਔਰ ਦੂਜੀ ਭਾਸ਼ਾ ਵਿਚ ਕੰਮ ਕਰਦੇ ਹਨ, ਉਨ੍ਹਾਂ ਵਾਸਤੇ ਸਜ਼ਾ ਮੁਕੱਰਰ ਕਰਨ ਲਈ ਕੋਈ ਕਾਨੂੰਨ ਬਣਾਏਗੀ ?

ਮੰਤਰੀ : ਸਪੀਕਰ ਸਾਹਿਬ, ਸ੍ਰੀ ਬਲਦੇਵ ਸਿੰਘ ਖਿਆਲਾ ਐਮ. ਐਲ. ਏ. ਇਹ ਜਾਣਨਾ ਚਾਹੁੰਦੇ ਹਨ ਕਿ ਪੰਜਾਬੀ ਨੂੰ ਰਾਜ ਦੇ ਸਰਕਾਰੀ ਦਫਤਰਾਂ ਵਿਚ ਰਾਜ ਭਾਸ਼ਾ ਵਜੋਂ ਕਦੋਂ ਲਾਗੂ ਕੀਤਾ ਗਿਆ ਸੀ ? ਇਸ ਬਾਰੇ ਦੱਸ ਦਿੱਤਾ ਗਿਆ ਹੈ ਔਰ ਇਸ ਬਾਰੇ ਮੈਂਬਰ ਸਾਹਿਬ ਦੀ ਤਸੱਲੀ ਕਰਵਾ ਦਿੱਤੀ ਹੈ ਕਿ ਪੰਜਾਬ ਰਾਜ ਵਿਚ 1967 ਵਿਚ ਪੰਜਾਬੀ ਲਾਗੂ ਕਰ ਦਿੱਤੀ ਸੀ। ਇਸ ਐਕਟ ਦੀ ਧਾਰਾ 4 ਅਨੁਸਾਰ ਪ੍ਰਾਪਤ ਸ਼ਕਤੀਆਂ ਅਧੀਨ ਸਰਕਾਰ ਵੱਲੋਂ ਦੋ ਨੋਟੀਫਿਕੇਸ਼ਨਾਂ ਜਾਰੀ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਪਹਿਲੀ ਨੋਟੀਫਿਕੇਸ਼ਨ ਰਾਹੀਂ ਪੰਜਾਬੀ ਨੂੰ 1 ਜਨਵਰੀ, 1968 ਤੋਂ ਜ਼ਿਲ੍ਹਾ ਪੱਧਰ ਤੇ ਲਾਗੂ ਕੀਤਾ ਗਿਆ ਅਤੇ ਦੂਜੀ ਨੋਟੀਫਿਕੇਸ਼ਨ ਰਾਹੀਂ 13 ਅਪ੍ਰੈਲ, 1968 ਤੋਂ ਪੰਜਾਬੀ ਨੂੰ ਰਾਜ ਪੱਧਰ ਤੇ ਲਾਗੂ ਕਰ ਦਿੱਤਾ ਗਿਆ। ਇਸ ਐਕਟ ਦੇ ਅਮਲ ਦੀ ਜ਼ੁੰਮੇਵਾਰੀ ਭਾਸ਼ਾ ਵਿਭਾਗ ਨੂੰ ਸੌਂਪੀ ਗਈ ਹੈ। ਭਾਸ਼ਾ ਵਿਭਾਗ ਦੇ ਜ਼ਿਲ੍ਹਾ ਭਾਸ਼ਾ ਅਫਸਰਾਂ ਵੱਲੋਂ ਅਚਾਨਕ ਛਾਪਾ ਮਾਰ ਕੇ ਜ਼ਿਲ੍ਹਾ ਪੱਧਰ ਤੇ ਦਫਤਰਾਂ ਦੀ ਚੈਕਿੰਗ ਕੀਤੀ ਜਾਂਦੀ ਹੈ। ਸਹਾਇਕ ਡਾਇਰੈਕਟਰ (ਹਿੰਦੀ ਸੈਲ), ਚੰਡੀਗੜ੍ਹ ਵੱਲੋਂ ਡਾਇਰੈਕਟੋਰੇਟ ਪੱਧਰ ਅਤੇ ਸਕੱਤਰੇਤ ਪੱਧਰ ਤੇ ਦਫਤਰਾਂ ਦੀ ਚੈਕਿੰਗ ਕੀਤੀ ਜਾਂਦੀ ਹੈ। ਸਰਕਾਰੀ ਹਦਾਇਤਾਂ ਅਨੁਸਾਰ ਚੈਕਿੰਗ ਦੌਰਾਨ ਜਿਹੜੇ ਅਧਿਕਾਰੀ/ਕਰਮਚਾਰੀ ਦਫਤਰੀ ਕੰਮ ਪੰਜਾਬੀ ਵਿਚ ਨਾ ਕਰਨ ਕਰਕੇ ਕੁਤਾਹੀਕਾਰ ਪਾਏ ਜਾਂਦੇ ਹਨ, ਉਨ੍ਹਾਂ ਦੀਆਂ ਰਿਪੋਰਟਾਂ ਸੰਬੰਧਿਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਸਾਹਿਬਾਨ ਨੂੰ ਭੇਜੀਆਂ ਜਾਂਦੀਆਂ ਹਨ ਜੋ ਅੱਗੋਂ ਕੁਤਾਹੀਕਾਰਾਂ ਵਿਰੁੱਧ ਕਾਰਵਾਈ ਕਰਨ ਲਈ ਸੰਬੰਧਿਤ ਵਿਭਾਗ ਨੂੰ ਭੇਜਦੇ ਹਨ। ਇਸ ਸੰਬੰਧ ਵਿਚ ਅਜਿਹੇ ਕੁਤਾਹੀਕਾਰ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਸਰਕਾਰੀ ਕਰਮਚਾਰੀਆਂ ਦੇ ਆਚਰਨ ਨਿਯਮ 1966 ਦੇ ਨਿਯਮ 3 ਅਤੇ ਪੰਜਾਬ ਸਿਵਲ ਸਰਵਿਸਿਜ਼ (ਦੰਡ ਤੇ ਅਪੀਲ) ਰੂਲਜ਼, 1970 ਦੇ ਨਿਯਮ 5 ਅਧੀਨ ਕਾਰਵਾਈ ਕੀਤੀ ਜਾਂਦੀ ਹੈ। ਇਨ੍ਹਾਂ ਨਿਯਮਾਂ ਅਧੀਨ ਕੁਤਾਹੀਕਾਰਾਂ ਨੂੰ ਹੇਠ ਲਿਖੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ :

1. ਸੇਵਾਵਾਂ ਦੀ ਨਿਖੇਧੀ।
2. ਤਰੱਕੀ ਰੋਕ ਲੈਣਾ।
3. ਸਲਾਨਾ ਤਰੱਕੀ ਰੋਕ ਲੈਣਾ।
4. ਉਸ ਦੁਆਰਾ ਹੁਕਮ ਅਦੂਲੀ ਅਤੇ ਅਣਗਹਿਲੀ ਕਾਰਨ ਸਰਕਾਰ ਨੂੰ ਹੋਏ ਮਾਇਕ ਨੁਕਸਾਨ ਦੀ ਉਸ ਦੀ ਤਨਖਾਹ ਵਿਚੋਂ ਵਸੂਲੀ।

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਉਕਤ ਕਾਰਵਾਈ ਸੰਬੰਧਿਤ ਵਿਭਾਗਾਂ ਵੱਲੋਂ ਕੀਤੀ ਜਾਣੀ ਹੁੰਦੀ ਹੈ । ਸਰਕਾਰ ਵੱਲੋਂ ਪੱਤਰ ਨੰਬਰ : 15/13/97-1 ਪੀ.ਪੀ. 1/20575 ਮਿਤੀ 29 ਅਕਤੂਬਰ, 1997 ਰਾਹੀਂ ਹੁਣ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਪੰਜਾਬ ਸਰਕਾਰ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਦੇ ਨਿਰਧਾਰਿਤ ਪ੍ਰੋਫਾਰਮੇ ਵਿਚ ਇਹ ਕਾਲਮ ਵੀ ਸ਼ਾਮਲ ਕਰ ਲਿਆ ਜਾਵੇ ਕਿ ਕੀ ਅਧਿਕਾਰੀ/ਕਰਮਚਾਰੀ ਪੰਜਾਬੀ ਵਿਚ ਕੰਮ ਕਰਦਾ ਹੈ । ਇਸ ਤਰ੍ਹਾਂ ਜਿਹੜਾ ਕੁਤਾਹੀ ਕਰਦਾ ਹੈ, ਉਸ ਦੀ ਐਨੂਅਲ ਰਿਪੋਰਟ ਵਿਚ ਲਿਖ ਦਿੱਤਾ ਜਾਵੇਗਾ । ਜਿਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਗੁਪਤ ਰਿਪੋਰਟਾਂ ਦੇ ਇਸ ਕਾਲਮ ਵਿਚ 'ਨਹੀਂ' ਸ਼ਬਦ ਲਿਖਿਆ ਹੋਵੇਗਾ, ਉਸ ਨੂੰ ਪ੍ਰਤੀਕੂਲ ਟਿੱਪਣੀ ਮੰਨਿਆ ਜਾਵੇਗਾ ਅਤੇ ਉਸ ਅਨੁਸਾਰ ਅਨੁਵਰਤੀ ਕਾਰਵਾਈ ਸ਼ੀਘਰ ਅਤੇ ਜ਼ਰੂਰੀ ਤੌਰ ਤੇ ਹੋ ਸਕਿਆ ਕਰੇਗੀ । ਅਧਿਕਾਰੀਆਂ/ਕਰਮਚਾਰੀਆਂ ਦੇ ਅਚੇਤ ਮਨ ਉਪਰ ਵੀ ਸਲਾਨਾ ਗੁਪਤ ਰਿਪੋਰਟਾਂ ਦਾ ਡਰ ਹੁੰਦਾ ਹੈ । ਇਸ ਲਈ ਇਸ ਨੀਤੀ ਦਾ ਪੰਜਾਬੀ ਪ੍ਰਚਾਲਨ ਉਪਰ ਉਸਾਰੂ ਪ੍ਰਭਾਵ ਪੈਣਾ ਨਿਸ਼ਚਿਤ ਹੀ ਹੈ । ਵਿਭਾਗ ਵੱਲੋਂ ਸਾਲ 1992 ਤੋਂ ਹੁਣ ਤੱਕ 6406 ਦਫਤਰਾਂ ਦੀ ਚੈਕਿੰਗ ਕੀਤੀ ਗਈ । ਇਸ ਦੌਰਾਨ ਕੁਤਾਹੀਕਾਰ ਪਾਏ ਗਏ ਅਧਿਕਾਰੀਆਂ/ਕਰਮਚਾਰੀਆਂ ਦੇ ਨਾਵਾਂ ਦੀਆਂ ਸੂਚੀਆਂ ਉਨ੍ਹਾਂ ਵੱਲੋਂ ਅੰਗਰੇਜ਼ੀ ਵਿਚ ਕੀਤੇ ਜਾਂਦੇ ਕੰਮ ਦੇ ਵੇਰਵੇ ਸਮੇਤ ਸੰਬੰਧਿਤ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ ਸਾਹਿਬਾਨ ਨੂੰ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਹਿੱਤ ਭੇਜੀਆਂ ਜਾਂਦੀਆਂ ਹਨ । ਸਰਕਾਰ ਵੱਲੋਂ ਪੱਤਰ ਨੰਬਰ 12/33/97-2 ਸਿ. ਸੈਲ/12274 ਮਿਤੀ 26 ਜੂਨ, 1997 ਰਾਹੀਂ ਭਾਸ਼ਾ ਵਿਭਾਗ ਨੂੰ ਉਕਤ ਸਬੰਧੀ ਪੈਰਵੀ ਕਰਨ ਦੇ ਅਧਿਕਾਰ ਦਿੱਤੇ ਗਏ ਹਨ । ਇਸ ਅਨੁਸਾਰ ਕੁਤਾਹੀਕਾਰ ਵਿਰੁੱਧ ਕਾਰਵਾਈ ਕੀਤੇ ਜਾਣ ਲਈ ਰਿਪੋਰਟਾਂ ਦੀ ਪੈਰਵੀ ਕਰਨ ਦਾ ਕੰਮ ਤੇਜ਼ ਕਰ ਦਿੱਤਾ ਗਿਆ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹੀ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਦਫ਼ਤਰ ਚੈਕ ਕੀਤੇ ਹਨ, ਜਿਨ੍ਹਾਂ ਵਿਚ ਪੰਜਾਬੀ ਵਿੱਚ ਕੰਮ ਨਹੀਂ ਹੋ ਰਿਹਾ ਸੀ, ਉਹ 843 ਹਨ ਅਤੇ ਜਿਹੜੀ ਮੁਲਾਜ਼ਮਾਂ ਦੀ ਗਿਣਤੀ ਹੈ, 1997 ਵਿੱਚ ਉਹ 49 ਸੀ ਅਤੇ 1998 ਵਿਚ ਹੋਰ ਵੀ 924 ਦਫ਼ਤਰ ਚੈਕ ਕੀਤੇ ਅਤੇ ਅਧਿਕਾਰੀ/ਕਰਮਚਾਰੀ 114 ਸਨ । ਦਫ਼ਤਰਾਂ ਦੇ ਅਧਿਕਾਰੀ/ਕਰਮਚਾਰੀ ਜਿਹੜੇ ਪਜਾਬੀ ਵਿੱਚ ਕੰਮ ਨਹੀਂ ਕਰ ਸਕੇ, ਉਨ੍ਹਾਂ ਵਿਚੋਂ ਸਿਰਫ਼ ਚਾਰ ਮੁਲਾਜ਼ਮਾਂ ਨੂੰ ਹੀ ਵਾਰਨਿੰਗ ਦਿੱਤੀ ਗਈ ਹੈ । ਹੋਰ ਕਿਸੇ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ । ਜਿਹੜਾ ਵਜ਼ੀਰ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਨੂੰ ਸਜ਼ਾ ਮੁਕੱਰਰ ਕੀਤੀ ਜਾਂਦੀ ਹੈ, ਬਾਕੀ ਦਿਆਂ ਦਾ ਕੀ ਬਣਿਆ । ਬਾਕੀਆਂ ਦੇ ਖਿਲਾਫ਼ ਕਾਰਵਾਈ ਕਰਵਾਉਣ ਬਾਰੇ ਦੱਸਣ ਕਿ ਉਨ੍ਹਾਂ ਦੇ ਖਿਲਾਫ਼ ਕੀ ਕਾਰਵਾਈ ਕਰਨਗੇ । ਅੱਜ ਵੀ ਮਹਿਕਮਿਆਂ ਵਿਚ ਅੰਗਰੇਜ਼ੀ ਵਿਚ ਕੰਮ ਚੱਲ ਰਿਹਾ ਹੈ । ਕੀ ਇਨ੍ਹਾਂ ਨੇ ਉਨ੍ਹਾਂ ਮਹਿਕਮਿਆਂ ਨੂੰ ਪੰਜਾਬੀ ਵਿੱਚ ਕੰਮ ਕਰਵਾਉਣ ਬਾਰੇ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਛਾਪੇ ਮਾਰੇ, ਉਨ੍ਹਾਂ ਦੀ ਰਿਪੋਰਟ ਸਬੰਧਿਤ ਪ੍ਰਬੰਧਕੀ ਸਕੱਤਰਾਂ ਨੂੰ ਭੇਜ ਦਿੱਤੀ ਗਈ ਸੀ ਔਰ ਜਿਨ੍ਹਾਂ ਮੁਲਾਜ਼ਮਾਂ ਨੇ ਕੁਤਾਹੀ ਕੀਤੀ, ਉਹ ਕੋਈ ਛੋਟੇ ਮੋਟੇ ਨਹੀਂ ਸਨ, ਆਈ. ਏ. ਐਸ. ਅਫਸਰ ਅਤੇ ਆਈ. ਪੀ. ਐਸ. ਅਫਸਰ ਵੀ ਸਨ ਔਰ ਉਨ੍ਹਾ ਸਾਰਿਆਂ ਦੇ ਖਿਲਾਫ ਕਾਰਵਾਈ ਕੀਤੀ ਹੈ, ਕਿਸੇ ਨੂੰ ਵਾਰਨਿੰਗ ਅਤੇ ਕਿਸੇ ਨੂੰ ਹੋਰ ਕੁਝ ਔਰ ਅਗਾਂਹ ਤੋਂ ਅਸੀਂ ਇਹ ਕਰ ਦਿੱਤਾ ਹੈ ਕਿ ਐਨੂਅਲ ਰਿਪੋਰਟਸ ਦੇ ਵਿਚ ਵੀ ਇਸ ਬਾਰੇ ਲਿਖਿਆ ਜਾਵੇ ਅਤੇ ਜਿਹੜੇ ਸਜ਼ਾ ਦੇ ਭਾਗੀਦਾਰ ਹੋਣਗੇ, ਅਗਾਂਹ ਤੋਂ ਉਨ੍ਹਾਂ ਦੀ ਤਰੱਕੀ ਰੋਕੀ ਜਾਇਆ ਕਰੇ ।

24 ਘੰਟੇ ਬਿਜਲੀ ਦੀ ਸਪਲਾਈ ਸਕੀਮ

*1398. **ਸਰਦਾਰ ਬਲਦੇਵ ਸਿੰਘ ਖਿਆਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ

(ੳ) ਰਾਜ ਵਿਚ ਸਾਲ 1996, 1997, ਅਤੇ 1998 ਦੌਰਾਨ 24 ਘੰਟੇ ਬਿਜਲੀ ਦੀ ਸਪਲਾਈ ਸਕੀਮ ਅਧੀਨ ਲਿਆਂਦੇ ਗਏ ਪਿੰਡਾਂ ਦੀ ਸਾਲ ਵਾਰ ਗਿਣਤੀ ਕਿੰਨੀ ਹੈ;

(ਅ) ਅਗਲੇ ਵਿੱਤੀ ਸਾਲ 1999-2000 ਦੌਰਾਨ ਕਿੰਨੇ ਪਿੰਡਾਂ ਨੂੰ ਉਕਤ ਸਕੀਮ ਅਧੀਨ ਲਿਆਏ ਜਾਣ ਦੀ ਤਜਵੀਜ਼ ਹੈ ।

ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੰਚਾਈ ਰਾਜ ਮੰਤਰੀ) : 24 ਘੰਟੇ ਬਿਜਲੀ ਦੀ ਸਪਲਾਈ ਸਕੀਮ ਲਿਆਂਦੇ ਗਏ ਪਿੰਡਾਂ ਦੀ ਸਾਲ ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :-

(1)	ਮਾਰਚ 1996 ਤੱਕ	..	91
(2)	1996-97	..	420
(3)	1997-98	..	641
(4)	1998-99 (12/98 ਦੇ ਅੰਤ ਤੱਕ)	..	256
	ਜੋੜ	..	1,408

(ਅ) ਅਗਲੇ ਵਿੱਤੀ ਸਾਲ 1999-2000 ਲਈ ਅਜੇ ਤੱਕ ਕੋਈ ਟੀਚਾ ਨਹੀਂ ਮਿਥਿਆ ਗਿਆ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੜੀ ਵਧੀਆ ਸਕੀਮ ਚਾਲੂ ਕੀਤੀ ਗਈ ਸੀ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ 24 ਘੰਟੇ ਬਿਜਲੀ ਮਿਲੇ, ਜਿਸ ਵਿੱਚ ਪ੍ਰਗਤੀ ਹੀ ਹੁੰਦੀ ਤੁਰੀ ਗਈ । 1996 ਵਿਚ 91 ਪਿੰਡ ਇਸ ਸਕੀਮ ਅਧੀਨ ਲਿਆਂਦੇ ਗਏ, ਫਿਰ 420, ਫਿਰ

[ਸਰਦਾਰ ਬਲਦੇਵ ਸਿੰਘ ਖਿਆਲਾ]

641 ਪਰ ਫਿਰ ਇਹ ਘੱਟ ਗਏ ਔਰ ਹੁਣ ਇਹ 256 ਹੀ ਰਹਿ ਗਏ । ਸਾਡੀ ਸਰਕਾਰ ਵਾਰੀ ਇਹ ਸਕੀਮ ਹੀ ਬੰਦ ਕਰ ਦਿੱਤੀ ਹੈ । ਬਹੁਤ ਸਾਰੇ ਲੋਕਾਂ ਨੇ ਪੈਸੇ ਭਰੇ ਹੋਏ ਹਨ । ਉਨ੍ਹਾਂ ਨੂੰ 6-6 ਮਹੀਨੇ, ਸਾਲ ਸਾਲ ਪੈਸੇ ਭਰੇ ਨੂੰ ਹੋ ਗਏ ਹਨ । ਉਨ੍ਹਾਂ ਬਾਰੇ ਦੱਸਣ ਕਿ ਉਨ੍ਹਾਂ ਨੂੰ ਕਦੋਂ ਤੱਕ 24 ਘੰਟੇ ਬਿਜਲੀ ਸਪਲਾਈ ਕਰ ਦੇਣਗੇ ਜਾਂ ਫਿਰ ਉਨ੍ਹਾਂ ਨੂੰ ਪੈਸੇ ਵਾਪਸ ਦਿੱਤੇ ਜਾਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਵਾਰੀ 256 ਰਹਿ ਗਏ ਹਨ, 641 ਵੀ ਅਕਾਲੀ ਸਰਕਾਰ ਦੇ ਵੇਲੇ ਹੀ ਹੋਏ ਹਨ । ਕਾਂਗਰਸ ਦੇ ਵੇਲੇ ਟੋਟਲ 511 ਪਿੰਡ ਇਸ ਸਕੀਮ ਅਧੀਨ ਆਏ ਪਰ ਅਕਾਲੀ ਦਲ ਦੀ ਸਰਕਾਰ ਵੇਲੇ ਲਗਭੱਗ 900 ਪਿੰਡ ਇਸ ਸਕੀਮ ਅਧੀਨ ਕਵਰ ਕੀਤੇ ਹਨ । ਇਸ ਕਰਕੇ ਪਹਿਲਾਂ ਹੀ ਕਾਫੀ ਪਿੰਡ ਕਵਰ ਕੀਤੇ ਹਨ ਅਤੇ ਬਾਕੀ ਵੀ 3,709 ਪਿੰਡਾਂ ਨੇ ਲਿਖ ਕੇ ਦਿੱਤਾ ਹੈ ਕਿ ਸਾਡੇ ਪਿੰਡਾਂ ਵਿੱਚ 24 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ । ਉਨ੍ਹਾਂ ਨੇ ਪੈਸੇ ਭਰੇ ਹੋਏ ਹਨ, ਰਕਮ ਭਰੀ ਹੋਈ ਹੈ ਔਰ ਉਨ੍ਹਾਂ ਪਿੰਡਾਂ ਨੂੰ ਸਾਡੀ ਸਰਕਾਰ ਫੰਡਾਂ ਦੀ ਘਾਟ ਕਰਕੇ ਹੁਣ ਤੱਕ ਇਹ ਸਪਲਾਈ ਨਹੀਂ ਦੇ ਸਕੀ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਇਸ ਬਾਰੇ ਬੜੇ ਗੰਭੀਰ ਹਨ ਕਿ ਪਿੰਡਾਂ ਨੂੰ ਵੀ ਸ਼ਹਿਰਾਂ ਵਾਂਗ 24 ਘੰਟੇ ਬਿਜਲੀ ਦਿੱਤੀ ਜਾਵੇ । ਬਾਕੀ ਪਿੰਡਾਂ ਨੂੰ ਵੀ ਇਹ ਸਹੂਲਤ ਦੇਣ ਬਾਰੇ ਫੈਸਲਾ ਛੇਤੀ ਤੋਂ ਛੇਤੀ ਕਰਾਂਗੇ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ 24 ਘੰਟੇ ਬਿਜਲੀ ਦੇਣ ਦਾ ਪ੍ਰੋਗਰਾਮ ਰੱਖਿਆ ਹੈ, ਉਸ ਵਿੱਚ ਕਿਹੜੇ ਪਿੰਡਾਂ ਨੂੰ ਪਹਿਲਾਂ ਪ੍ਰਾਇਰਟੀ ਦੇਣੀ ਹੈ । ਇਸ ਦੀ ਕੋਈ ਪ੍ਰਗਤੀ ਲਿਸਟ ਬਣੀ ਹੋਈ ਹੈ ? ਮਹਿਕਮਾ ਜਿਸ ਨੂੰ ਮਰਜ਼ੀ ਪ੍ਰਾਇਰਟੀ ਦੇ ਦਿੰਦਾ ਹੈ, ਕੀ ਇਸ ਬਾਰੇ ਕੋਈ ਪ੍ਰਾਇਰਟੀ ਹੈ ਜਾਂ ਹੋਰ ਕੋਈ ਸਿਸਟਮ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਇਰਟੀ ਜਿਹੜੀ ਹੈ, ਉਹ ਉਸ ਅਨੁਸਾਰ ਹੈ, ਜਿਸ ਪਿੰਡ ਨੇ ਪਹਿਲਾਂ ਪੈਸੇ ਭਰ ਦਿੱਤੇ ਹਨ, ਉਨ੍ਹਾਂ ਪਿੰਡਾਂ ਨੂੰ ਪਹਿਲ ਦੇ ਆਧਾਰ ਤੇ ਇਹ ਬਿਜਲੀ ਦੇਵਾਂਗੇ ਔਰ ਕੁਝ ਪਿੰਡਾਂ ਦੇ ਲੋਕ ਮਹਿਕਮੇ ਨਾਲ ਸਹਿਯੋਗ ਕਰਦੇ ਹਨ । ਜਿਵੇਂ ਲੇਬਰ ਦਾ ਕੰਮ ਆਪ ਕਰਨਾ ਚਾਹੁੰਦੇ ਹਨ, ਉਨ੍ਹਾਂ ਪਿੰਡਾਂ ਨੂੰ ਅਸੀਂ ਰਿਆਇਤ ਦੇ ਦਿੰਦੇ ਹਾਂ । ਲੇਬਰ ਦਾ ਜਿਹੜਾ ਕੰਮ ਕਰਨਾ ਪੈਂਦਾ ਹੈ ਜਾਂ ਹੋਰ ਸਮਾਨ ਲਿਆਉਣ ਦਾ ਕੰਮ ਹੁੰਦਾ ਹੈ । ਅਗਰ ਜਿਹੜੇ ਲੋਕੀ ਲੇਬਰ ਵਗੈਰਾ ਦਾ ਕੰਮ ਨਾਲ ਕਰਵਾ ਦੇਣ ਅਤੇ ਆਪਣੀਆਂ ਟਰਾਲੀਆਂ ਦੇ ਰਾਹੀਂ ਸਮਾਨ ਵਗੈਰਾ ਚੁੱਕ ਲਿਆਉਣ ਤਾਂ ਅਸੀਂ ਇਹੋ ਜਿਹੀ ਜਗ੍ਹਾ ਤੇ ਉਨ੍ਹਾਂ ਨੂੰ ਦੇ ਦਿੰਦੇ ਹਾਂ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਯਕੀਨ ਲੈਣਾ ਚਾਹੁੰਦਾ ਹਾਂ ਕਿ ਬਹੁਤ ਲੋਕਾਂ ਨੇ ਪੈਸੇ ਇਕੱਠੇ ਭਰੇ ਹੋਏ ਹਨ, ਕਿਸੇ ਨੇ 20 ਹਜ਼ਾਰ

ਤੇ ਕਿਸੇ ਨੇ 40-40 ਹਜ਼ਾਰ ਰੁਪਏ ਭਰੇ ਹੋਏ ਹਨ, ਉਨ੍ਹਾਂ ਨੂੰ ਕਿੰਨੇ ਸਮੇਂ ਦੇ ਵਿੱਚ ਬਿਜਲੀ ਮੁਹੱਈਆ ਕਰਵਾ ਦਿੱਤੀ ਜਾਵੇਗੀ ਕਿਉਂਕਿ ਜੋ ਫੰਡਾਂ ਦੀ ਘਾਟ ਬਾਰੇ ਕਿਹਾ ਹੈ, ਇਹ ਪਤਾ ਨਹੀਂ ਕਦੋਂ ਤੱਕ ਪੂਰੀ ਹੋਵੇਗੀ ? ਹੋ ਸਕਦਾ ਹੈ ਜਲਦੀ ਪੂਰੀ ਨਾ ਹੋ ਸਕੇ । ਇਸ ਲਈ ਇਸ ਬਾਰੇ ਕੋਈ ਸਮਾਂ ਮੁਕੱਰਰ ਕਰਨਗੇ ਕਿ ਇੰਨੇ ਸਮੇਂ ਦੇ ਵਿਚ ਵਿਚ ਇਨ੍ਹਾਂ ਪਿੰਡਾਂ ਨੂੰ 24 ਘੰਟੇ ਬਿਜਲੀ ਮੁਹੱਈਆ ਕਰਵਾ ਦਿੱਤੀ ਜਾਵੇਗੀ ਜਿਨ੍ਹਾਂ ਨੇ ਪੈਸੇ ਭਰੇ ਹੋਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਇਸ ਗਲ ਦੇ ਉਤੇ ਬੜੀ ਚਿੰਤਤ ਹੈ ਕਿ ਛੇਤੀ ਤੋਂ ਛੇਤੀ 24 ਘੰਟੇ ਬਿਜਲੀ ਦੀ ਸਹੂਲਤ ਸ਼ਹਿਰਾਂ ਵਾਂਗ ਪਿੰਡਾਂ ਨੂੰ ਵੀ ਮਿਲੇ । ਬਹੁਤ ਸਾਰੇ ਪਿੰਡਾਂ ਵਲੋਂ ਪੈਸੇ ਭਰਨ ਬਾਰੇ ਗੱਲ ਠੀਕ ਹੈ । ਕੱਲ ਇੱਥੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਵੀ ਗਵਰਨਰ ਸਾਹਿਬ ਦੇ ਭਾਸ਼ਣ ਤੇ ਕਿਹਾ ਸੀ ਕਿ ਸਾਨੂੰ ਮਾਲੀ ਸਾਧਨ ਜੁਟਾਉਣੇ ਪੈਣੇ ਹਨ । ਫੰਡਾਂ ਦੀ ਬਿਲਕੁਲ ਘਾਟ ਹੈ ਪਰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਨ੍ਹਾਂ ਪਿੰਡਾਂ ਦੇ ਪੈਸੇ ਭਰੇ ਹੋਏ ਹਨ, ਉਨ੍ਹਾਂ ਨੂੰ ਬਿਜਲੀ ਜ਼ਰੂਰ ਦਿੱਤੀ ਜਾਵੇਗੀ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਬਹੁਤ ਸਮੇਂ ਤੋਂ ਪੈਸੇ ਭਰੇ ਹੋਏ ਹਨ, ਕਿਸੇ ਨੇ 4-5-6 ਸਾਲਾਂ ਤੋਂ ਪੈਸੇ ਭਰੇ ਹੋਏ ਹਨ ਉਨ੍ਹਾਂ ਕਿਸਾਨਾਂ ਜਾਂ ਪੰਚਾਇਤਾਂ ਨੂੰ ਇਸ ਦੇ ਉਤੇ ਵਿਆਜ ਦੇਣ ਦਾ ਸਰਕਾਰ ਕੋਈ ਵਿਚਾਰ ਰੱਖਦੀ ਹੈ ਕਿ ਇਸ ਦੇ ਉਤੇ ਵਿਆਜ ਦਿੱਤਾ ਜਾਵੇਗਾ ?

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਸੇਪਰੇਟ ਸਵਾਲ ਦੇ ਦੇਣਾ ।

ਸ਼੍ਰੀ ਜਗਦੀਸ਼ ਸਾਹਨੀ : ਸਰ, ਇਸ ਦੇ ਵਿਚ ਸੇਪਰੇਟ ਵਾਲੀ ਕਿਹੜੀ ਗੱਲ ਹੈ ਇਹ ਤਾਂ ਇਸ ਦੇ ਨਾਲ ਹੀ ਜੁੜਦੀ ਹੈ ਕਿ ਜਿਨ੍ਹਾਂ ਦੇ ਪੈਸੇ ਜਮ੍ਹਾਂ ਕਰਵਾਏ ਹੋਏ ਹਨ ।

ਸ਼੍ਰੀ ਸਪੀਕਰ : ਚਲੋ ਮੰਤਰੀ ਜੀ ਦੱਸ ਦਿਓ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਸਕਿਉਰਿਟੀ ਭਰਵਾਈ ਜਾਂਦੀ ਹੈ ਤਾਂ ਉਸ ਦੇ ਵਿੱਚ ਕੋਈ ਕਾਨੂੰਨ ਦੇ ਮੁਤਾਬਕ ਸ਼ਰਤ ਨਹੀਂ ਹੈ ਕਿ ਇਸ ਦੇ ਉਤੇ ਵਿਆਜ ਦੇਣਾ ਪਵੇਗਾ । ਪੰਚਾਇਤਾਂ ਨੇ ਬੜੀ ਖੁਸ਼ੀ ਨਾਲ ਪੈਸੇ ਭਰੇ ਹਨ । ਇਸ ਦੇ ਵਿਚ ਕੋਈ ਐਸੀ ਪ੍ਰੋਵੀਜ਼ਨ ਨਹੀਂ ਹੈ । ਹਾਂ, ਬਿਜਲੀ ਦੇਣੀ ਸਾਡੀ ਡਿਊਟੀ ਬਣਦੀ ਹੈ, ਉਹ ਅਸੀਂ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਦੇਵਾਂਗੇ ।

ਨਵਾਂ ਸ਼ਹਿਰ ਵਿਖੇ ਥਾਣੇ ਨੂੰ ਅਸੁਰੱਖਿਅਤ ਇਮਾਰਤ ਤੋਂ ਬਦਲਣਾ

*1412. **ਸਰਦਾਰ ਚਰਨਜੀਤ ਸਿੰਘ ਨਵਾਂ ਸਹਿਰ** : ਕੀ ਮੁੱਖ ਮੰਤਰੀ ਕਿਰਪਾ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਨਵਾਂ ਸ਼ਹਿਰ ਵਿਖੇ ਪੁਰਾਣੀ ਤਹਿਸੀਲ ਦੀ ਇਮਾਰਤ ਨੂੰ ਸਾਲ 1982 ਵਿਚ ਅਸੁਰੱਖਿਅਤ ਕਰਾਰ ਦਿੱਤਾ ਗਿਆ ਸੀ ਅਤੇ ਤਹਿਸੀਲ ਦਫ਼ਤਰ ਨੂੰ ਕਿਸੇ ਹੋਰ ਥਾਂ ਤਬਦੀਲ ਕੀਤਾ ਗਿਆ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਇਮਾਰਤ ਨੂੰ ਹੁਣ ਵਰਤੋਂ ਦੇ ਕਾਬਿਲ ਕਰਾਰ ਦਿੱਤਾ ਗਿਆ ਹੈ ਅਤੇ ਥਾਣੇ ਦਾ ਦਫ਼ਤਰ ਇਸ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ ।

(ਅ) ਪੁਰਾਣੀ ਤਹਿਸੀਲ, ਨਵਾਂ ਸ਼ਹਿਰ, ਦੀ ਇਮਾਰਤ ਵਰਤੋਂ ਦੇ ਕਾਬਿਲ ਕਰਾਰ ਤਾਂ ਨਹੀਂ ਦਿੱਤੀ ਗਈ ਪਰ ਫਿਰ ਵੀ ਇਸ ਨੂੰ ਵਰਤੋਂ ਯੋਗ ਬਣਾਉਣ ਲਈ ਇਸ ਦੇ ਕੁਝ ਹਿੱਸੇ ਦੀਆਂ ਛੱਤਾਂ ਬਦਲ ਦਿੱਤੀਆਂ ਗਈਆਂ ਸਨ ਅਤੇ ਕੁਝ ਹੋਰ ਮੁਰੰਮਤ ਸਥਾਨਕ ਪੱਧਰ ਤੇ ਕੀਤੀ ਗਈ ਹੈ । ਪੁਲਿਸ ਸਟੇਸ਼ਨ ਨਵਾਂ ਸ਼ਹਿਰ, ਇਸ ਇਮਾਰਤ ਦੇ ਮੁਰੰਮਤ ਕੀਤੇ ਹਿੱਸੇ ਵਿਚ ਸਾਲ 1991 ਤੋਂ ਚੱਲ ਰਿਹਾ ਹੈ ।

ਸਰਦਾਰ ਚਰਨਜੀਤ ਸਿੰਘ ਨਵਾਂ ਸ਼ਹਿਰ : ਸਪੀਕਰ ਸਾਹਿਬ, ਇਹ ਬਿਲਡਿੰਗ 17 ਸਾਲ ਪਹਿਲਾਂ ਅਨਸੇਫ ਡਿਕਲੇਅਰ ਕਰ ਦਿੱਤੀ ਗਈ ਸੀ ਪਰ 1991 ਤੋਂ ਉਥੇ ਥਾਣਾ ਚਲ ਰਿਹਾ ਹੈ । ਜਿਹੜੇ ਉਥੇ ਕਮਰੇ ਹਨ, ਜਿਥੇ ਰਾਤ ਨੂੰ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੈ ਉਥੇ ਛੱਤ ਦੇ ਉਪਰੋਂ ਲੋਕਾਂ ਦੇ ਉਤੇ ਮਿੱਟੀ ਕਿਰਦੀ ਹੈ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰ ਰਿਹਾ ਹਾਂ ਕਿ ਲੋਕਾਂ ਲਈ ਇਨ੍ਹਾਂ ਨੇ ਥਾਣਿਆਂ ਦੇ ਵਿੱਚ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਪਰ ਇਹ ਜੋ ਥਾਣਾ ਚਲ ਰਿਹਾ ਹੈ, ਜਿਥੇ ਚੱਲ ਰਿਹਾ ਹੈ ਇਸ ਦੀ ਬਿਲਡਿੰਗ ਨੂੰ ਵੀ ਚੰਗੀ ਬਣਾ ਦੇਣ ਤਾਂ ਕਿ ਚੰਗੀ ਤਰ੍ਹਾਂ ਚਲੇ ਅਤੇ ਲੋਕੀ ਵੀ ਉਥੇ ਆ ਕੇ ਖੁਸ਼ੀ ਮਹਿਸੂਸ ਕਰਨ । ਇਸ ਬਿਲਡਿੰਗ ਦੀ ਚੰਗੀ ਹਾਲਤ ਨਹੀਂ ਹੈ ਜਿਹੜਾ ਐਸ. ਐਚ. ਓ. ਦਾ ਦਫ਼ਤਰ/ਕਮਰਾ ਹੈ ਉਸ ਦੇ ਵਿੱਚ ਉਪਰੋਂ ਮਿੱਟੀ/ਰੇਤਾ ਕਿਰਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਥਾਣਿਆਂ ਦੇ ਵਿੱਚ ਜਾ ਕੇ ਕੋਈ ਖੁਸ਼ ਤਾਂ ਨਹੀਂ ਹੁੰਦਾ । (ਹਾਸਾ) ਲੇਕਿਨ ਨਵਾਂ ਸ਼ਹਿਰ ਦੀ ਥਾਣੇ ਦੀ ਬਿਲਡਿੰਗ ਪ੍ਰਾਇਆਰਟੀ ਤੇ ਬਣਾ ਦਿੱਤੀ ਜਾਵੇਗੀ ।

ਸ਼੍ਰੀ ਸਪੀਕਰ : ਅਗਲਾ ਸਵਾਲ, ਸ਼੍ਰੀ ਸੱਤਿਆ ਪਾਲ ਸੈਣੀ ਜੀ ।

———

ਜ਼ਮੀਨ ਦੇ ਖ਼ੁਰਨ ਨੂੰ ਰੋਕਣਾ

*1425. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਬਲਾਕ ਵਿਚ ਚੱਕੀ ਖੱਡ, ਡਰੰਗ ਖੱਡ ਅਤੇ ਸਰਹਾਰੀ ਖੱਡ ਵਿਚ ਦੀ ਗੁਜ਼ਰਦੇ ਪਹਾੜੀ ਨਾਲਿਆਂ ਦੁਆਰਾ ਜ਼ਮੀਨ ਦੇ ਖੁਰਨ ਨੂੰ ਰੋਕਣ ਲਈ ਬਚਾਓ ਉਪਾਅ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੰਚਾਈ ਰਾਜ ਮੰਤਰੀ) : ਨਹੀਂ ਜੀ ।

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਬੜਾ ਦੁੱਖ ਹੋਇਆ ਹੈ ਕਿ ਇਤਨਾ ਇੰਪਾਰਟੈਂਟ ਵਿਸ਼ਾ ਹੈ ਇਸ ਦੇ ਉਤੇ ਆਸ਼ਵਾਸਨ ਦੇਣ ਦੀ ਬਜਾਏ ਇਸ ਨੂੰ "ਨਹੀਂ ਜੀ" ਕਹਿ ਕੇ ਸਮੇਟ ਦਿੱਤਾ ਹੈ । ਮੇਰਾ ਨਿਵੇਦਨ ਹੈ ਕਿ ਮੰਤਰੀ ਜੀ ਵਿਸ਼ਵਾਸ ਦਿਵਾਉਣ ਕਿ ਜੋ ਸਟੇਟ ਵਲੋਂ ਬਾੜ (ਹੜ੍ਹ) ਰਾਹਤ ਦਿੱਤੀ ਜਾਂਦੀ ਹੈ, ਇਸ ਦੇ ਵਿੱਚ ਕੋਈ ਪ੍ਰੋਵੀਜ਼ਨ ਕਰਨ ਜਿਸ ਦੇ ਨਾਲ ਪੈਸਾ ਪਹਾੜੀ ਖੇਤਰ ਨੂੰ ਵੀ ਮਿਲੇ ਔਰ ਲੋਕਾਂ ਨੂੰ ਬਾੜ ਦਾ ਮੁਆਵਜ਼ਾ ਵੀ ਮਿਲੇ । ਕੀ ਮੰਤਰੀ ਜੀ ਆਸ਼ਵਾਸਨ ਦੇ ਸਕਦੇ ਹਨ ਕਿ ਇਨ੍ਹਾਂ ਨੂੰ ਪੈਸਾ ਉਪਯੋਗ ਕਰਨ ਲਈ ਮਿਲੇਗਾ ।

Mr. Speaker : Question Hour is over.

UNSTARRED QUESTIONS AND ANSWERS

ਜੇਲ੍ਹਾਂ ਵਿੱਚ ਅੱਤਵਾਦੀਆਂ ਦੀ ਗਿਣਤੀ

318. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 31 ਦਸੰਬਰ, 1998 ਨੂੰ ਰਾਜ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਅੱਤਵਾਦੀ ਸਰਗਰਮੀਆਂ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ ਗਏ, ਦੋਸ਼ੀ ਪਾਏ ਗਏ ਅਪਰਾਧੀਆਂ ਤੇ ਨਜ਼ਰਬੰਦਾਂ ਅਤੇ ਸਮਾਇਤ ਅਧੀਨ ਵਿਅਕਤੀਆਂ ਦੀ ਗਿਣਤੀ ਕਿੰਨੀ-ਕਿੰਨੀ ਸੀ ਅਤੇ 31 ਦਸੰਬਰ, 1998 ਨੂੰ ਅਜਿਹੇ ਕੈਦੀਆਂ ਦੀ ਗਿਣਤੀ ਕਿੰਨੀ ਸੀ ਜਿਨ੍ਹਾਂ ਨੂੰ ਰਾਜ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਰਾਜ ਤੋਂ ਬਾਹਰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਮਿਤੀ 31 ਦਸੰਬਰ, 1998 ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਅੱਤਵਾਦੀ ਸਰਗਰਮੀਆਂ ਦੇ ਸਬੰਧ ਵਿਚ ਕੈਦੀਆਂ, ਨਜ਼ਰਬੰਦਾਂ ਅਤੇ

[ਮੁੱਖ ਮੰਤਰੀ]
ਹਵਾਲਾਤੀਆਂ ਦੀ ਜੇਲ੍ਹਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ:	ਜੇਲ੍ਹ ਦਾ ਨਾਂ	ਕੈਦੀ	ਨਜ਼ਰਬੰਦ	ਹਵਾਲਾਤੀ
1	2	3	4	5
1.	ਕੇਂਦਰੀ ਜੇਲ੍ਹ ਪਟਿਆਲਾ	01	—	—
2.	ਕੇਂਦਰੀ ਜੇਲ੍ਹ, ਅੰਮ੍ਰਿਤਸਰ ..	01	—	05
3.	ਕੇਂਦਰੀ ਜੇਲ੍ਹ, ਜਲੰਧਰ ..	05	01	10
4.	ਕੇਂਦਰੀ ਜੇਲ੍ਹ, ਗੁਰਦਾਸਪੁਰ	01	—	03
5.	ਕੇਂਦਰੀ ਜੇਲ੍ਹ, ਫਿਰੋਜ਼ਪੁਰ ..	04	—	04
6.	ਕੇਂਦਰੀ ਜੇਲ੍ਹ, ਬਠਿੰਡਾ ..	01	—	—
7.	ਜ਼ਿਲ੍ਹਾ ਜੇਲ੍ਹ, ਨਾਭਾ ..	21	—	32
8.	ਜ਼ਿਲ੍ਹਾ ਜੇਲ੍ਹ, ਸੰਗਰੂਰ ..	01	—	04
9.	ਜ਼ਿਲ੍ਹਾ ਜੇਲ੍ਹ, ਫ਼ਰੀਦਕੋਟ ..	—	—	01
	ਜੋੜ	35	01	59

ਅਜਿਹੇ ਕੈਦੀ ਜਿਨ੍ਹਾਂ ਨੂੰ ਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ 31 ਦਸੰਬਰ, 1998 ਨੂੰ ਰਾਜ ਤੋਂ ਬਾਹਰ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਸੀ, ਦੀ ਗਿਣਤੀ 2 ਹੈ।

ਬਿਜਲੀ ਦੀ ਮੁਫਤ ਸਪਲਾਈ

319. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਮਾਜ ਦੇ ਕਿਸੇ ਵਰਗ ਨੂੰ ਘਰੇਲੂ ਮੰਤਵ ਲਈ ਪ੍ਰਤਿ ਮਹੀਨਾ ਜਾਂ 2 ਮਹੀਨੇ ਲਈ 30 ਯੂਨਿਟਾਂ ਤੱਕ ਮੁਫਤ ਬਿਜਲੀ ਸਪਲਾਈ ਕਰਨ ਸਬੰਧੀ ਕੋਈ ਸਕੀਮ/ਪ੍ਰਾਜੈਕਟ ਹੈ। ਜੇਕਰ ਅਜਿਹਾ ਹੋਵੇ ਤਾਂ ਉਸ ਸਕੀਮ ਦੇ ਵੇਰਵੇ ਕੀ ਹਨ ਅਤੇ ਇਸ ਨੂੰ ਕਿਸ ਮਿਤੀ ਤੋਂ ਲਾਗੂ ਕੀਤਾ ਗਿਆ ਹੈ;

(ਅ) ਉਕਤ ਸਕੀਮ ਹੇਠ (ਮਿਤੀ ਅੰਤ ਤੱਕ) ਆਉਂਦੇ ਲਾਭ-ਪਾਤਰਾਂ ਦੀ ਜ਼ਿਲ੍ਹੇਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ, ਜਿਨ੍ਹਾਂ ਦਾ ਮਨਜ਼ੂਰਸ਼ੁਦਾ ਲੋਡ 300 ਵਾਟ ਤੱਕ ਹੈ, ਨੂੰ ਕੇਵਲ ਘਰੇਲੂ ਮੰਤਵਾਂ ਲਈ 30 ਯੂਨਿਟਾਂ ਪ੍ਰਤੀ ਮਹੀਨਾ ਤੱਕ ਬਿਜਲੀ ਦੀ ਮੁਫਤ ਸਪਲਾਈ ਦਿੱਤੀ ਜਾ ਰਹੀ ਹੈ ਅਤੇ ਇਹ ਸਕੀਮ ਮਿਤੀ 22 ਅਪ੍ਰੈਲ, 1998 ਤੋਂ ਲਾਗੂ ਕੀਤੀ ਜਾ ਚੁੱਕੀ ਹੈ ।

(ਅ) ਮਿਤੀ 31 ਜਨਵਰੀ, 1999 ਤੱਕ ਲਾਭ ਪ੍ਰਾਪਤ ਕਰਨ ਵਾਲਿਆਂ ਦੀ ਜ਼ਿਲ੍ਹੇਵਾਰ ਗਿਣਤੀ ਅਨੁਲੱਗ 'ੳ' ਤੇ ਹੈ ਜੀ ।

ਅਨੁਲੱਗ-ੳ

ਮਿਤੀ 31 ਜਨਵਰੀ, 1999 ਨੂੰ ਲਾਭ ਪ੍ਰਾਪਤਾਂ ਦੀ ਜ਼ਿਲ੍ਹੇਵਾਰ ਗਿਣਤੀ ਨਿਮਨ ਅਨੁਸਾਰ ਹੈ —

ਕ੍ਰਮ ਨੰ	ਜ਼ਿਲ੍ਹੇ ਦਾ ਨਾਂ	ਅਨੁਸੂਚਿਤ ਜਾਤੀ/ਪੱਛੜੀਆਂ ਸ਼੍ਰੇਣੀ ਨਾਲ ਸਬੰਧਿਤ ਘਰੇਲੂ ਖਪਤਕਾਰਾਂ ਦੀ ਗਿਣਤੀ ਜਿਨ੍ਹਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ
1	2	3
1.	ਅੰਮ੍ਰਿਤਸਰ	311
2.	ਬਠਿੰਡਾ	440
3.	ਫਰੀਦਕੋਟ	43
4.	ਫਿਰੋਜ਼ਪੁਰ	5
5.	ਫਤਹਿਗੜ੍ਹ ਸਾਹਿਬ	—
6.	ਗੁਰਦਾਸਪੁਰ	55
7.	ਹੁਸ਼ਿਆਰਪੁਰ	136
8.	ਜਲੰਧਰ	86
9.	ਕਪੂਰਥਲਾ	20
10.	ਲੁਧਿਆਣਾ	100
11.	ਮੁਕਤਸਰ	223
12.	ਮੋਗਾ	21
13.	ਮਾਨਸਾ	307
14.	ਨਵਾਂ ਸ਼ਹਿਰ	15
15.	ਪਟਿਆਲਾ	197
16.	ਰੋਪੜ	119
17.	ਸੰਗਰੂਰ	460
	ਕੁੱਲ	2,538

ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਆਸਰਿਤਾਂ ਲਈ ਸਹੂਲਤਾਂ

320. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਜੰਗਲਾਤ, ਕਾਨੂੰਨ ਅਤੇ ਵਿਧਾਨਿਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਉਨ੍ਹਾਂ ਸਹੂਲਤਾਂ, ਜਿਨ੍ਹਾਂ ਲਈ ਸੁਤੰਤਰਤਾ ਸੰਗਰਾਮੀ ਅਤੇ ਉਨ੍ਹਾਂ ਦੇ ਦੋਹਤਿਆਂ-ਪੋਤਰਿਆਂ ਸਮੇਤ ਉਨ੍ਹਾਂ ਦੇ ਆਸਰਿਤ ਬੱਚੇ ਹੱਕਦਾਰ ਹਨ, ਦੇ ਵੇਰਵੇ ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰੱਖਣਗੇ ?

ਮਾਸਟਰ ਮੋਹਨ ਲਾਲ : ਉਨ੍ਹਾਂ ਸਹੂਲਤਾਂ, ਜਿਨ੍ਹਾਂ ਲਈ ਸੁਤੰਤਰਤਾ ਸੰਗਰਾਮੀ/ਉਨ੍ਹਾਂ ਦੇ ਆਸ਼ਰਿਤ ਪੋਤੇ, ਪੋਤਰੀਆਂ, ਦੋਹਤੇ, ਦੋਹਤਰੀਆਂ ਸਮੇਤ ਹੱਕਦਾਰ ਹਨ, ਦਾ ਵੇਰਵਾ ਦਰਸਾਉਂਦਾ ਵਿਵਰਣ ਨਾਲ ਨੱਥੀ ਹੈ ।

ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਪੰਜਾਬ ਸਰਕਾਰ ਵਲੋਂ ਦਿੱਤੀਆਂ ਗਈਆਂ ਸਹੂਲਤਾਂ ਦਾ ਵੇਰਵਾ

1. 15 ਅਗਸਤ, 1997 ਤੋਂ ਫਰੀਡਮ ਫਾਈਟਰਾਂ ਦੀ ਪੈਨਸ਼ਨ 1100/- ਰੁਪਏ ਤੋਂ ਵਧਾ ਕੇ 1500/- ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ (ਜਿਸ ਵਿਚ 100/- ਰੁਪਏ ਪ੍ਰਤੀ ਮਹੀਨਾ ਮੈਡੀਕਲ ਸਹਾਇਤਾ ਸ਼ਾਮਿਲ ਹੈ;)

2. ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਦੀਆਂ ਬੱਸਾਂ ਵਿਚ ਇਕ ਸਾਥੀ ਸਮੇਤ ਮੁਫ਼ਤ ਸਫ਼ਰ ਕਰਨ ਦੀ ਸਹੂਲਤ ਪ੍ਰਾਪਤ ਹੈ ;

3. 2% ਆਸਾਮੀਆਂ ਕਲਾਸ-1 ਅਤੇ 2 ਸੇਵਾਵਾਂ ਵਿਚ ਅਤੇ 1% ਆਸਾਮੀਆਂ ਕਲਾਸ 3 ਅਤੇ 4 ਸੇਵਾਵਾਂ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ, ਪੋਤੇ, ਪੋਤਰੀਆਂ, ਦੋਹਤੇ, ਦੋਹਤਰੀਆਂ ਲਈ ਰਿਜ਼ਰਵ ਕੀਤੀਆਂ ਹਨ ।

4. ਪੰਜਾਬ ਸਰਕਾਰ ਦੇ ਫਰੀਡਮ ਫਾਈਟਰਾਂ ਨੂੰ ਸੈਂਟਰਲ ਸਰਕਾਰ ਵਾਂਗ ਪੈਨਸ਼ਨ ਖਜ਼ਾਨੇ ਰਾਹੀਂ ਦਿੱਤੀ ਜਾਂਦੀ ਹੈ । ਫਰੀਡਮ ਫਾਈਟਰਾਂ ਦੀ ਪੈਨਸ਼ਨ ਜ਼ਿਲ੍ਹਾ ਖਜ਼ਾਨੇ ਦੀ ਬਜਾਏ ਬੈਂਕਾਂ ਰਾਹੀਂ ਦੇਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ;

5. ਪੰਜਾਬ ਰਾਜ ਦੇ ਯੋਗ ਸੁਤੰਤਰਤਾ ਸੰਗਰਾਮੀ ਸਰਕਾਰੀ ਕਰਮਚਾਰੀਆਂ ਨੂੰ ਰਿਟਾਇਰਮੈਂਟ ਪਿਛੋਂ 60 ਸਾਲ ਦੀ ਉਮਰ ਤੱਕ ਰੀ-ਇੰਪਲਾਈਮੈਂਟ ਦਿੱਤੀ ਜਾਂਦੀ ਹੈ ;

6. ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਰਾਜ ਦੇ ਸਮੂਹ ਹਸਪਤਾਲਾਂ/ਡਿਸਪੈਂਸਰੀਆਂ ਵਿਚ ਇਨਡੋਰ ਮਰੀਜ਼ ਦੇ ਤੌਰ ਤੇ ਕਰਵਾਏ ਇਲਾਜ਼ ਜਿਹੜੀਆਂ ਦਵਾਈਆਂ ਹਸਪਤਾਲ ਵਿਚ ਉਪਲਬਧ ਨਹੀਂ ਹਨ, ਉਨ੍ਹਾਂ ਦਵਾਈਆਂ ਦੇ ਖ਼ਰਚੇ ਦੀ ਪੂਰੀ ਪੂਰੀ ਪ੍ਰਤੀ ਪੂਰਤੀ ਕੀਤੀ ਜਾਂਦੀ ਹੈ;

7. ਫਰੀਡਮ ਫਾਈਟਰਾਂ ਦੇ ਵਾਰਡਜ਼ ਨੂੰ ਸਕੂਲਾਂ, ਕਾਲਜਾਂ ਵਿਚ ਵਜ਼ੀਫੇ ਕਿਤਾਬਾਂ ਕਾਪੀਆਂ ਅਤੇ ਹੋਸਟਲ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ,

8. ਫਰੀਡਮ ਫਾਈਟਰ ਦੀ ਮੌਤ ਹੋਣ ਤੋਂ ਬਾਅਦ ਉਸ ਦੀ ਵਿਧਵਾ ਨੂੰ ਪੈਨਸ਼ਨ ਟਰਾਂਸਫਰ ਕੀਤੀ ਜਾਂਦੀ ਹੈ,

9. ਰਾਜ ਦੇ ਸਮੂਹ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆ ਹਨ ਕਿ ਉਹ ਫਰੀਡਮ ਫਾਈਟਰਾਂ ਨੂੰ ਜਦੋਂ ,ਵੀ ਉਹ ਸਰਕਾਰੀ ਦਫਤਰਾਂ ਵਿਚ ਆਉਣ ਉਨ੍ਹਾਂ ਦਾ ਸਤਿਕਾਰ ਕਰਨ ਅਤੇ ਉਨ੍ਹਾ ਦੀਆਂ ਦੁੱਖ ਤਕਲੀਫਾਂ ਫੌਰੀ ਤੌਰ ਤੇ ਦੂਰ ਕਰਨ ।

10. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾ ਨੂੰ ਹਦਾਇਤਾਂ ਜਾਰੀ ਕੀਤੀਆ ਗਈਆਂ ਹਨ ਕਿ ਜ਼ਿਲ੍ਹਾ ਪੱਧਰ ਦੇ ਸਮੂਹ ਸਮਾਰੋਹਾਂ ਵਿਚ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਸਮੇਂ ਸੁਤੰਤਰਤਾ ਸੰਗਰਾਮੀਆਂ ਨੂੰ ਸ਼ਾਮਿਲ ਹੋਣ ਲਈ ਸੱਦਾ ਪੱਤਰ ਭੇਜਿਆ ਜਾਵੇ ;

11. ਸੁਤੰਤਰਤਾ ਸੰਗਰਾਮੀਆਂ ਦੀਆਂ ਜ਼ਬਤ ਕੀਤੀਆਂ ਚੱਲ ਅਤੇ ਅਚੱਲ ਜਾਇਦਾਦਾਂ ਸਰਕਾਰ ਵਲੋਂ ਉਨ੍ਹਾਂ ਨੂੰ ਵਾਪਸ ਕਰ ਦਿੱਤੀਆਂ ਗਈਆਂ ਹਨ ਅਤੇ ਜਿਥੋਂ ਲੋੜ ਪਈ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਗਿਆ ਹੈ ।

12. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾ/ਵਧੀਕ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਸੁਤੰਤਰਤਾ ਸੰਗਰਾਮੀਆਂ ਦੇ ਸਸਕਾਰ ਸਮੇਂ ਰਾਜ ਦੇ ਪ੍ਰਤੀ-ਨਿਧ ਵਜੋਂ ਸ਼ਾਮਿਲ ਹੋਣ ।

13. ਸੁਤੰਤਰਤਾ ਸੰਗਰਾਮੀਆਂ ਦੇ ਪੁੱਤਰ ਅਤੇ ਸਪੁੱਤਰੀਆਂ ਦੇ ਵਿਆਹ ਸਮੇਂ ਰਾਜ ਸਰਕਾਰ ਵਲੋਂ 10,000/- ਰੁਪਏ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ;

14. ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ ਵਲੋਂ ਤਿਆਰ ਕੀਤੇ ਗਏ ਮਕਾਨਾਂ ਪਲਾਟਾਂ ਦੀ ਸਕੀਮ ਅਧੀਨ ਫਰੀਡਮ ਫਾਈਟਰਾਂ ਲਈ 2 % ਰਾਖਵਾਂਕਰਨ ਹੈ ।

ਸਟਾਫ ਨਰਸਾਂ ਅਤੇ ਨਰਸਿੰਗ ਸਿਸਟਰਜ਼ ਦੀਆਂ ਖਾਲੀ ਪਈਆਂ ਆਸਾਮੀਆਂ ਨੂੰ ਭਰਨਾ

323. (1) **ਕਾਮਰੇਡ ਹਰਦੇਵ ਸਿੰਘ ਅਰਸ਼ੀ**
(2) **ਕਾਮਰੇਡ ਅਜੈਬ ਸਿੰਘ ਰੌਂਤਾ** } ਕੀ ਸਿਹਤ ਅਤੇ

ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨਾਲ ਸਬੰਧਿਤ ਹਸਪਤਾਲਾਂ ਵਿਚ ਸਟਾਫ਼ ਨਰਸਾਂ ਅਤੇ ਨਰਸਿੰਗ ਸਿਸਟਰਜ਼ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ ;

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਖਾਲੀ ਪਈਆਂ ਆਸਾਮੀਆਂ ਦੇ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ ਅਤੇ ਸਰਕਾਰ ਦੁਆਰਾ ਇਸ ਸਬੰਧ ਵਿਚ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ (ੳ) ਇਸ ਸਮੇਂ ਪੰਜਾਬ ਰਾਜ ਵਿਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨਾਲ ਸਬੰਧਿਤ ਹਸਪਤਾਲਾਂ ਵਿਚ ਸਟਾਫ ਨਰਸਾਂ ਅਤੇ ਨਰਸਿੰਗ ਸਿਸਟਰਜ਼ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਹੇਠ ਲਿਖੇ ਅਨੁਸਾਰ ਹੈ :—

(1)	ਸਟਾਫ ਨਰਸਾਂ ..	300
(2)	ਨਰਸਿੰਗ ਸਿਸਟਰਜ਼ ..	51

(ਅ) ਸਟਾਫ ਨਰਸਾਂ ਦੀਆਂ ਉਪਰੋਕਤ ਖਾਲੀ ਪਈਆਂ ਆਸਾਮੀਆਂ ਨੂੰ ਭਰਨ ਲਈ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਅਤੇ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਚੰਡੀਗੜ੍ਹ ਵਲੋਂ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ, ਚੰਡੀਗੜ੍ਹ ਨੂੰ ਮੰਗ ਪੱਤਰ ਭੇਜਿਆ ਹੋਇਆ ਹੈ । ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਯੋਗ ਉਮੀਦਵਾਰਾਂ ਦਾ ਸਕਰੀਨਿੰਗ ਟੈਸਟ ਲਿਆ ਜਾ ਚੁੱਕਾ ਹੈ ਅਤੇ ਰਿਜ਼ਲਟ ਤਿਆਰ ਕੀਤਾ ਜਾ ਰਿਹਾ ਹੈ । ਨਿਕਟ ਭਵਿੱਖ ਵਿਚ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਚੰਡੀਗੜ੍ਹ ਵਲੋਂ ਚੁਣੇ ਹੋਏ ਉਮੀਦਵਾਰਾਂ ਦੀ ਚੋਣ ਸੂਚੀ ਪ੍ਰਾਪਤ ਹੋਣ ਤੇ ਸਟਾਫ ਨਰਸਾਂ ਦੀਆਂ ਖਾਲੀ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ । ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਚੰਡੀਗੜ੍ਹ ਨੂੰ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ ਚੰਡੀਗੜ੍ਹ ਵਲੋਂ ਯੋਗ ਉਮੀਦਵਾਰਾਂ ਦੀ ਚੋਣ ਕਰਕੇ ਜਲਦੀ ਭੇਜਣ ਲਈ ਬੇਨਤੀ ਕੀਤੀ ਗਈ ਹੈ ਅਤੇ ਨਾਲ ਹੀ ਨਿੱਜੀ ਤੌਰ ਤੇ ਵੀ ਪਹੁੰਚ ਕੀਤੀ ਜਾ ਰਹੀ ਹੈ ।

ਜਿਥੋਂ ਤੱਕ ਨਰਸਿੰਗ ਸਿਸਟਰਾਂ ਦੀਆਂ ਖਾਲੀ ਆਸਾਮੀਆਂ ਭਰਨ ਦਾ ਸਬੰਧ ਹੈ, ਉਸ ਸਬੰਧੀ ਸੀਨੀਅਰਤਾ ਦੇ ਆਧਾਰ ਤੇ ਸਟਾਫ ਨਰਸਾਂ ਦਾ ਸੇਵਾ ਰਿਕਾਰਡ ਸਾਰੇ ਸਿਵਲ ਸਰਜਨਾਂ ਅਤੇ ਮੈਡੀਕਲ ਸੁਪਰਡੈਂਟਾਂ ਪਾਸੋਂ ਮੰਗਿਆ ਜਾ ਚੁੱਕਾ ਹੈ । ਮੁਕੰਮਲ ਸੇਵਾ ਰਿਕਾਰਡ ਪ੍ਰਾਪਤ ਹੋਣ ਤੇ ਤਰੱਕੀ ਰਾਹੀਂ ਇਹ ਆਸਾਮੀਆਂ ਨੇੜੇ ਭਵਿੱਖ ਵਿਚ ਭਰ ਦਿੱਤੀਆਂ ਜਾਣਗੀਆਂ ।

PRESENTATION OF REPORTS OF THE COMMITTEES

Preliminary Report of the Select Committee on the Punjab Municipal Bill, 1998

Minister for Local Government, Labour and Employment (Shri Balramji Dass Tandon) : Sir, I beg to present the Preliminary Report of the Select Committee on the Punjab Municipal Bill, 1998.

Sir, I also beg to move—

That the time fixed for presenting the Report of the Select Committee be extended upto 31st March, 1999.

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ—

ਕਿ ਸਿਲੈਕਟ ਕਮੇਟੀ ਦੀ ਰਿਪੋਰਟ ਪੇਸ਼ ਕਰਨ ਲਈ ਨਿਸ਼ਚਿਤ ਕੀਤਾ ਗਿਆ ਸਮਾਂ 31 ਮਾਰਚ, 1999 ਤੱਕ ਵਧਾਇਆ ਜਾਵੇ ।

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਸਿਲੈਕਟ ਕਮੇਟੀ ਦੀ ਰਿਪੋਰਟ ਪੇਸ਼ ਕਰਨ ਲਈ ਨਿਸ਼ਚਿਤ ਕੀਤਾ ਗਿਆ ਸਮਾਂ 31 ਮਾਰਚ, 1999 ਤੱਕ ਵਧਾਇਆ ਜਾਵੇ ।

ਪ੍ਰਸਤਾਵ ਪ੍ਰਵਾਨ ਹੋਇਆ ।

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ਼੍ਰੀ ਸੱਤ ਪਾਲ ਗੋਸਾਈਂ) : ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਲਿਮਟਿਡ ਦੇ ਸਬੰਧੀ ਆਮ ਕੰਮ-ਕਾਰ ਸਾਲ 1998-99 ਲਈ ਸਰਕਾਰੀ ਕਾਰੋਬਾਰ ਕਮੇਟੀ ਦੀ 58ਵੀਂ ਰਿਪੋਰਟ ਪੇਸ਼ ਕਰਦਾ ਹਾਂ ।

MATTER RAISED DURING ZERO HOUR

(ਇਸ ਸਮੇਂ ਮਾਨਯੋਗ ਮੈਂਬਰਜ਼ ਸਰਦਾਰ ਅਵਤਾਰ ਸਿੰਘ ਬਰਾੜ ਤੇ ਚੌਧਰੀ ਜਗਜੀਤ ਸਿੰਘ ਪੁਆਇੰਟ ਆਫ ਆਰਡਰ ਤੇ ਬੋਲਣ ਲਈ ਖੜ੍ਹੇ ਸਨ ।)

ਸ਼੍ਰੀ ਸਪੀਕਰ : ਇਕ ਨੇ ਹੀ ਬੋਲਣਾ ਹੈ, ਆਪ ਹੀ ਚੁਣ ਲਓ । ਬਰਾੜ ਸਾਹਿਬ ਤੁਹਾਨੂੰ ਇਨ੍ਹਾਂ ਤੋਂ ਬਾਅਦ ਟਾਈਮ ਦੇ ਦਿੱਤਾ ਜਾਵੇਗਾ । ਇਕ ਟਾਪਿਕ ਤੇ ਇਕ ਨੇ ਹੀ ਬੋਲਣਾ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਹੜੀਆਂ ਸਾਡੀਆਂ ਰਾਈਸ ਮਿੱਲਾਂ ਹਨ, ਉਹ ਬੰਦ ਪਈਆਂ ਹਨ ਅਤੇ ਬਹੁਤ ਦੇਰ ਤੋਂ ਸ਼ੈਲਰਾਂ ਵਾਲਿਆਂ ਨੇ ਬਹੁਤ ਲੰਬੀ ਐਜੀਟੇਸ਼ਨ ਸ਼ੁਰੂ ਕੀਤੀ ਹੋਈ ਹੈ । ਉਨ੍ਹਾਂ ਦੀਆਂ ਕੁਝ ਮੰਗਾਂ ਹਨ ਜਿਹੜੀਆਂ ਸੈਂਟਰਲ ਗੌਰਮਿੰਟ ਨਾਲ ਤਾਅਲੁਕ ਰੱਖਦੀਆਂ ਹਨ ਤੇ ਸੈਂਟਰਲ ਗੌਰਮਿੰਟ ਵਿਚ ਪੰਜਾਬ ਦੀ ਅਕਾਲੀ ਪਾਰਟੀ ਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਹੈ । ਪੰਜਾਬ ਦੀਆਂ ਜਿਹੜੀਆਂ ਫੈਕਟਰੀਆਂ ਹਨ ਉਸ ਪ੍ਰਤੀ ਪੰਜਾਬ ਸਰਕਾਰ ਦਾ ਵੱਡਾ ਰੋਲ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬੜੇ ਦਿਨਾਂ ਤੋਂ ਉਨ੍ਹਾਂ ਦੀ ਐਜੀਟੇਸ਼ਨ ਚੱਲ ਰਹੀ ਹੈ । ਇਸ ਵੇਲੇ ਰਾਈਸ ਸ਼ੈਲਰ ਬੰਦ ਹਨ ਤੇ ਮਿਲਿੰਗ ਹੋ ਨਹੀਂ ਰਹੀ । ਝੋਨਾ ਪਿਆ ਹੈ । 3500 ਕਰੋੜ ਰੁਪਏ ਦਾ ਝੋਨਾ ਮਿੱਲਾਂ ਵਿਚ ਪਿਆ ਹੈ । ਉਹ ਝੋਨਾ ਸੜ ਰਿਹਾ ਹੈ, ਉਸ ਦਾ ਰੰਗ ਬਦਲ ਰਿਹਾ ਹੈ । ਬਹੁਤ ਵੱਡਾ ਦੇਸ਼ ਦਾ ਤੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ ਤੇ ਉਨ੍ਹਾਂ ਦੀਆਂ ਮੰਗਾਂ ਨਾ ਮੰਨਣ

[ਚੌਧਰੀ ਜਗਜੀਤ ਸਿੰਘ]

ਕਾਰਨ ਨੁਕਸਾਨ ਹੋ ਰਿਹਾ ਹੈ । ਉਸ ਨਾਲ ਲੱਖਾਂ ਮਜ਼ਦੂਰ ਜਿਹੜੇ ਸ਼ੈਲਰਾਂ ਵਿਚ ਕੰਮ ਕਰਦੇ ਸੀ ਉਹ ਬੇਰੁਜ਼ਗਾਰ ਹੋ ਕੇ ਰਹਿ ਗਏ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਝੋਨੇ ਦੀ ਖਰੀਦ ਵਾਸਤੇ ਪੰਜਾਬ ਸਰਕਾਰ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਕੋਲੋਂ 5 ਹਜ਼ਾਰ ਕਰੋੜ ਰੁਪਿਆ ਜਿਹੜਾ ਲੋਨ ਲਿਆ ਹੈ, ਜਿਸ ਬਾਰੇ ਵਿੱਤ ਮੰਤਰੀ ਜੀ ਨੇ ਵੀ ਕੱਲ੍ਹ ਦੱਸਿਆ ਸੀ ਉਹ ਪੈਸਾ 31 ਮਾਰਚ ਤੱਕ ਵਾਪਸ ਨਹੀਂ ਕਰ ਸਕੇ ਜਿਸ ਕਾਰਨ ਇਸ ਤੇ ਬਹੁਤ ਵੱਡਾ ਸੂਦ ਪੈਂਦਾ ਹੈ । ਹੁਣ ਜੋ ਕਣਕ ਦੀ ਫਸਲ ਆਉਣ ਵਾਲੀ ਹੈ, ਉਸ ਦੀ ਖਰੀਦ ਵਾਸਤੇ ਵੀ ਪੈਸੇ ਦੀ ਲੋੜ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਮਗਾਂ ਨੂੰ ਮਨਾਉਣ ਵਾਸਤੇ ਉਨ੍ਹਾਂ ਰਾਈਸ ਸ਼ੈਲਰਾਂ ਨੂੰ ਚਲਾਉਣ ਵਾਸਤੇ ਤਾਂ ਕਿ ਮਿਲਿੰਗ ਸ਼ੁਰੂ ਹੋ ਜਾਵੇ ਅਤੇ ਮਜ਼ਦੂਰਾਂ ਨੂੰ ਕੰਮ ਮਿਲ ਜਾਵੇ ਇਸ ਬਾਰੇ ਕੀਤੀ ਜਾਂ ਨਹੀਂ ਕੀਤੀ ਗਈ ਕਾਰਵਾਈ ਬਾਰੇ ਚੀਫ਼ ਮਨਿਸਟਰ ਸਾਹਿਬ ਦੱਸਣ ।

ਸਰਦਾਰ ਮਹੇਸ਼ ਇੰਦਰ ਸਿੰਘ ਗਰੇਵਾਲ : ਸਪੀਕਰ ਸਾਹਿਬ, ਇਸ ਪਵਿਤਰ ਹਾਊਸ ਦੇ ਵਿਚ ਹਰ ਬੋਲਣ ਵਾਲੇ ਮੈਂਬਰ ਸਾਹਿਬਾਨ ਨੂੰ ਮਾਨਯੋਗ ਮੈਂਬਰ ਕਿਹਾ ਜਾਂਦਾ ਹੈ ਅਤੇ ਇਸ ਸਦਨ ਨੂੰ ਪਵਿੱਤਰ ਸਦਨ ਕਿਹਾ ਜਾਂਦਾ ਹੈ ਪਰ ਜੋ ਪੰਜਾਬ ਦੀ ਪੁਲਿਸ ਨੇ ਕੀਤਾ ਹੈ ਉਸ ਨਾਲ ਨਾ ਇਹ ਪਵਿੱਤਰ ਸਦਨ ਰਹੇਗਾ ਅਤੇ ਨਾ ਮੈਂਬਰ ਮਾਨਯੋਗ ਮੈਂਬਰ ਰਹੇਗਾ । 6 ਮਾਰਚ, 1999 ਨੂੰ ਮੇਰੇ ਨਾਲ ਹਾਸੋਹੀਣੀ ਗੱਲ ਕੀਤੀ ਗਈ । ਇਹ ਇਕ ਜ਼ਰੂਰੀ ਮਸਲਾ ਹੈ (ਵਿਘਨ) ਪੁਲਿਸ ਆਪ ਮੁਹਾਰੀ ਹੋਈ ਪਈ ਹੈ । ਪਹਿਲੇ ਵੀ ਇਸ ਹਾਊਸ ਦੇ ਦੋ ਮੈਂਬਰਾਂ ਨਾਲ ਹੋ ਚੁੱਕਾ ਹੈ ਪਹਿਲੇ ਭਦੌੜ ਅਤੇ ਦੂਜਾ ਮੈਂਬਰ (ਵਿਘਨ) ਮੈਨੂੰ ਆਪਣੀ ਗੱਲ ਕਹਿ ਲੈਣ ਦਿਓ । ਮੇਰੀ ਗੱਲ ਸੁਣ ਲਓ ।

ਸ੍ਰੀ ਸਪੀਕਰ : ਗਰੇਵਾਲ ਸਾਹਿਬ, ਤੁਸੀਂ ਹੋਰ ਕਿਸੇ ਮੌਕੇ ਆਪਣੀ ਗੱਲ ਕਰ ਲੈਣਾ । ਤੁਸੀਂ ਪਰਸਨਲ ਐਕਸਪਲੇਨੇਸ਼ਨ ਉਤੇ ਗੱਲ ਕਰ ਲੈਣਾ ।

ਸਰਦਾਰ ਮਹੇਸ਼ ਇੰਦਰ ਸਿੰਘ ਗਰੇਵਾਲ : ਸਪੀਕਰ ਸਾਹਿਬ,, ਮੇਰੇ ਨਾਲ ਜੋ ਵਾਪਰਿਆ ਹੈ ਉਹ ਮੈਂ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ । ਪੁਲਿਸ ਰੀਪ੍ਰੈਸ਼ਨ ਹੋਇਆ ਹੈ । ਮੈਂ 22 ਸਾਲ ਦੀ ਵਕਾਲਤ ਕਰਨ ਤੋਂ ਬਾਅਦ ਅਤੇ ਇਲੈਕਸ਼ਨ ਜਿੱਤ ਕੇ 1 ਲੱਖ 42 ਹਜ਼ਾਰ ਲੋਕਾਂ ਦੀ ਨੁਮਾਇੰਦਗੀ ਕਰਕੇ ਇਸ ਹਾਊਸ ਵਿਚ ਆਇਆ ਸੀ ਪਰ ਮੇਰੇ ਖਿਲਾਫ ਪੁਲਿਸ ਨੇ 107/151 ਦਾ ਕੇਸ ਦਰਜ ਕੀਤਾ । (ਵਿਘਨ)

ਸ੍ਰੀ ਸਪੀਕਰ : ਗਰੇਵਾਲ ਸਾਹਿਬ, ਇਹ ਜ਼ੀਰੋ-ਆਵਰ ਹੈ । ਤੁਸੀਂ ਪਰਸਨਲ ਐਕਸ-ਪਲੇਨੇਸ਼ਨ ਤੇ ਆਪਣੀ ਗੱਲ ਕਰ ਲੈਣਾ ।

(**ਆਵਾਜ਼ਾਂ** : ਉਨ੍ਹਾਂ ਨੂੰ ਆਪਣੀ ਗੱਲ ਕਰ ਲੈਣ ਦਿਓ ।)

ਸਰਦਾਰ ਮਹੇਸ਼ ਇੰਦਰ ਸਿੰਘ ਗਰੇਵਾਲ : ਸਪੀਕਰ ਸਾਹਿਬ, ਐਸ.ਐਸ.ਪੀ. ਲੁਧਿਆਣਾ ਨੇ ਮੈਨੂੰ ਦਫਤਰ ਵਿਚ ਬੁਲਾ ਕੇ ਕਿਹਾ ਕਿ ਤੁਹਾਡੇ ਖਿਲਾਫ ਕੇਸ ਰਜਿਸਟਰ ਹੋ ਗਿਆ ਹੈ ਅਤੇ ਮੈਂ ਡੀ. ਐਸ. ਪੀ. ਨੂੰ ਕਹਿੰਦਾ ਹਾਂ ਕਿ ਇਨ੍ਹਾਂ ਦੀ ਹੱਤਕ ਨਹੀਂ ਕਰਨੀ । ਮੈਂ ਕਿਹਾ

ਤੁਸੀਂ ਉਹ ਵੀ ਕਰ ਲਓ । ਜਿਥੋਂ ਤੱਕ ਤੁਸੀਂ ਮੇਰੇ ਨਾਲ ਜ਼ਿਆਦਤੀ ਕਰ ਰਹੇ ਹੋ । ਮੈਂ ਇਸ ਹਾਊਸ ਦੇ ਵਿਚ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਦੀ ਜੁਡੀਸ਼ੀਅਲ ਜਾਂਚ ਕਰਵਾਈ ਜਾਵੇ ਤਾਂ ਕਿ ਇਸ ਦੇ ਤੱਥ ਨੰਗੇ ਹੋ ਸਕਣ । ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮੈਂ ਉਸ ਅਫਸਰ ਦਾ ਨਾਂ ਨਹੀਂ ਲੈਣਾ ਚਾਹੁੰਦਾ ਜੋ ਚੀਫ ਮਨਿਸਟਰ ਸਾਹਿਬ ਦੇ ਸਕੱਤਰੇਤ ਵਿਚ ਹੈ, ਉਹ ਲਗਾਤਾਰ ਐਸ.ਐਸ.ਪੀ. ਲੁਧਿਆਣਾ ਦੇ ਨਾਲ ਸੰਪਰਕ ਬਣਾਏ ਹੋਏ ਸੀ ਅਤੇ ਜਿਸ ਨੇ ਕਿਹਾ ਕਿ ਇਸ ਮੈਂਬਰ ਨੂੰ ਤੁਸੀਂ ਜਿੰਨਾ ਹਿਊਮੀਲੇਟ ਕਰ ਸਕਦੇ ਹੋ, ਉਹ ਕਰੋ ।....

ਸ੍ਰੀ ਸਪੀਕਰ : ਤੁਹਾਡਾ ਪੁਆਇੰਟ ਆ ਗਿਆ ਹੈ । ਰੰਧਾਵਾ ਸਾਹਿਬ, ਤੁਸੀਂ ਬੋਲੋ ।

ਸਰਦਾਰ ਮਹੇਸ਼ ਇੰਦਰ ਸਿੰਘ ਗਰੇਵਾਲ : ** ** **

Mr. Speaker : No, not allowed.

ਮੁੱਖ ਮੰਤਰੀ : ਸਪੀਕਰ ਸਾਹਿਬ ਮੈਂ ਇਨ੍ਹਾਂ ਦੀ ਗੱਲ ਦਾ ਜਵਾਬ ਦੇਣਾ ਚਾਹੁੰਦਾ ਹਾਂ । ਮੇਰੇ ਦਿਲ ਦੇ ਵਿਚ....

ਸਰਦਾਰ ਕੰਵਲਜੀਤ ਸਿੰਘ ਲਾਲੀ : ਸਪੀਕਰ ਸਾਹਿਬ, ਸਾਡੀ ਗੱਲ ਸੁਣ ਲਓ ਉਸ ਤੋਂ ਬਾਅਦ ਇਕੱਠਾ ਜਵਾਬ ਇਹ ਦੇ ਦੇਣ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਤੁਸੀਂ ਪਹਿਲੇ ਬਰਾੜ ਸਾਹਿਬ ਦੀ ਗੱਲ ਸੁਣ ਲਓ । ਉਸ ਤੋਂ ਬਾਅਦ ਸੀ. ਐਮ. ਸਾਹਿਬ ਇਕੱਠਾ ਹੀ ਜਵਾਬ ਦੇ ਦੇਣ । ਗਰੇਵਾਲ ਦੇ ਨਾਲ ਮਿਲਦੀ ਗੱਲ ਹੈ ।

ਸ੍ਰੀ ਸਪੀਕਰ : ਸੀ. ਐਮ. ਸਾਹਿਬ ਤੁਸੀਂ ਬੈਠੋ । ਬਰਾੜ ਸਾਹਿਬ ਦੀ ਗੱਲ ਸੁਣ ਲਈਏ ।

ਸਰਦਾਰ ਅਵਤਾਰ ਸਿੰਘ ਬਰਾੜ : ** ** **

Mr. Speaker : No, not allowed.

STATEMENT MADE IN REPLY TO MATTER RAISED DURING ZERO HOUR

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਹਾਊਸ ਦੇ ਮੈਂਬਰ ਸਾਹਿਬਾਨ ਦਾ ਬੜਾ ਭਾਰੀ ਸਤਿਕਾਰ ਕਰਦਾ ਹਾਂ ਵੈਸੇ ਹਰ ਮਨੁੱਖ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ, ਉਹ ਵੀ ਕਰਦੇ ਹਾਂ ਲੇਕਿਨ ਐਮ. ਐਲ. ਏਜ਼ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਹਾਂ ਭਾਵੇਂ ਉਹ ਆਪੋਜ਼ੀਸ਼ਨ ਦਾ ਹੋਵੇ ਚਾਹੇ ਆਪਣੀ ਪਾਰਟੀ ਦਾ ਐਮ. ਐਲ. ਏ. ਹੋਵੇ ।

*Expunged as ordered by the Chair.

[ਮੁੱਖ ਮੰਤਰੀ]

ਇਸ ਲਈ ਐਮ. ਐਲ. ਏ. ਸਾਹਿਬਾਨ ਨੂੰ ਸ਼ਿਕਾਇਤ ਹੋਵੇ ਅਤੇ ਉਸ ਦੇ ਨਾਲ ਜ਼ਿਆਦਤੀ ਹੋਵੇ ਪਰ ਕਾਨੂੰਨ ਸਾਰਿਆਂ ਦੇ ਲਈ ਇਕੋ ਹੈ ਚਾਹੇ ਉਹ ਰੂਲਿੰਗ ਪਾਰਟੀ ਦਾ ਐਮ. ਐਲ. ਏ. ਹੋਵੇ, ਆਪੋਜ਼ੀਸ਼ਨ ਦਾ ਹੋਵੇ, ਮਨਿਸਟਰ ਹੋਵੇ ਜਾਂ ਕੋਈ ਆਰਡੀਨਰੀ ਆਦਮੀ ਹੋਵੇ। (ਥੰਪਿੰਗ) ਜਿਹੜਾ ਇਹ ਕਹਿੰਦੇ ਹਨ ਕਿ ਇਨ੍ਹਾਂ ਨਾਲ ਕੋਈ ਜ਼ਿਆਦਤੀ ਹੋਈ ਹੈ ਮੈਂ ਕਰਾਈਮ ਬ੍ਰਾਂਚ ਤੋਂ ਇਸ ਦੀ ਇਨਕੁਆਇਰੀ ਕਰਵਾ ਲੈਂਦਾ ਹਾਂ ਤਾਂ ਕਿ ਸਾਰੇ ਤੱਥ ਸਾਹਮਣੇ ਆ ਜਾਣ। ਮੈਂ ਅੱਜ ਹੀ ਆਰਡਰ ਕਰ ਦਿੰਦਾ ਹਾਂ ਕਿ ਇਸ ਦੀ ਇਨਕੁਆਇਰੀ ਕਰਾਈਮ ਬ੍ਰਾਂਚ ਤੋਂ ਕਰਵਾ ਲਈ ਜਾਵੇ।

ਸ਼੍ਰੀ ਸਪੀਕਰ : ਹਾਂ ਜੀ, ਰੌਂਤਾ ਸਾਹਿਬ।

(ਇਸ ਵੇਲੇ ਕਾਮਰੇਡ ਅਜੈਬ ਸਿੰਘ ਰੌਂਤਾ ਜੀ ਬੋਲਣ ਲਈ ਖੜ੍ਹੇ ਹੋਏ।)

ਸਰਦਾਰ ਅਵਤਾਰ ਸਿੰਘ ਬਰਾੜ : ਸਪੀਕਰ ਸਾਹਿਬ, ਪਹਿਲਾਂ ਤੁਸੀਂ ਮੈਨੂੰ ਬੋਲਣ ਲਈ ਕਾਲ ਅਪਾਨ ਕੀਤਾ ਸੀ। ਮੈਂ ਇੱਕ ਅਹਿਮ ਮਸਲਾ ਹਾਊਸ ਦੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ .....

ਸ਼੍ਰੀ ਸਪੀਕਰ : ਮੈਂ ਪਹਿਲਾਂ ਰੌਂਤਾ ਸਾਹਿਬ ਨੂੰ ਕਾਲ ਅਪਾਨ ਕੀਤਾ ਹੈ ਅਤੇ ਤੁਹਾਨੂੰ ਬੋਲਣ ਲਈ ਟਾਈਮ ਬਾਅਦ ਵਿਚ ਦੇ ਦੇਵਾਂਗਾ।

ਕਾਮਰੇਡ ਅਜੈਬ ਸਿੰਘ ਰੌਂਤਾ : ** ** **

ਸ਼੍ਰੀ ਸਪੀਕਰ : ਇਹ ਇੰਡੀਵਿਜੂਅਲ ਹੈ, not allowed. ਇਹ ਐਡਮਨਿਸਟ੍ਰੇਟਿਵ ਮੈਟਰ ਹੈ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਰੂਲ ਦੇ ਮੁਤਾਬਿਕ ਗੱਲ ਕਰਨੀ ਚਾਹੀਦੀ ਹੈ। ਗਵਰਨਰ ਐਡਰੈਸ ਤੇ ਵੀ ਬਹਿਸ ਹੋਣੀ ਹੈ ਅਤੇ ਇਹ ਮਸਲਾ ਉਸ ਵੇਲੇ ਉਠਾ ਸਕਦੇ ਹਨ।

ਸ਼੍ਰੀ ਸਪੀਕਰ : ਮੈਂ ਇਸ ਨੂੰ ਪਹਿਲਾਂ ਹੀ ਨਾਟ ਅਲਾਊਡ ਕਰ ਦਿੱਤਾ ਹੈ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ ਇਹ ਜ਼ੀਰੋ ਆਵਰ ਦੀ ਬਜਾਏ ਆਪਣਾ ਮਸਲਾ ਉਠਾਉਣ ਲਈ ਸਬਸਟੈਂਟਿਵ ਮੋਸ਼ਨ ਲਿਆ ਸਕਦੇ ਹਨ।

ਸਰਦਾਰ ਅਵਤਾਰ ਸਿੰਘ ਬਰਾੜ : ** ** **

Mr. Speaker : This is not a current issue. Not allowed. (ਵਿਘਨ) ਜੇਕਰ ਪਬਲਿਕ ਇੰਪਾਰਟੈਂਸ ਦੀ ਕੋਈ ਗੱਲ ਹੈ ਤਾਂ ਕਰੋ।

---

*Expunged as ordered by the Chair.

WALK-OUT

(ਇਸ ਵੇਲੇ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਉਠ ਕੇ ਨਾਹਰੇ ** ** ਮਾਰ ਰਹੇ ਸਨ ਅਤੇ ਨਾਹਰੇ ਮਾਰਦੇ ਹੋਏ ਉਹ ਵਾਕ ਆਊਟ ਕਰ ਗਏ ।) (ਵਿਘਨ)

ਸ੍ਰੀ ਸਪੀਕਰ : ਇਹ ਸਲੋਗਨ ਨੋਟ ਨਾ ਕੀਤੇ ਜਾਣ । ਹਾਂ ਜੀ, ਸਰਦਾਰ ਧਨਵੰਤ ਸਿੰਘ ਜੀ ।

ਸਰਦਾਰ ਧਨਵੰਤ ਸਿਘ : ਮਾਨਯੋਗ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਮੈਂ ਸ਼ੁਕਰਗੁਜ਼ਾਰ ਹਾਂ ਕਿ ਮੁੱਖ ਮੰਤਰੀ ਜੀ ਨੇ ਵਿਸ਼ਵਾਸ ਦਿਵਾਇਆ ਹੈ ਕਿ ਮੈਂ ਹਰ ਮਾਨਯੋਗ ਐਮ. ਐਲ. ਏ. ਦਾ ਬੜਾ ਸਤਿਕਾਰ ਕਰਦਾ ਹਾਂ । (ਥੰਪਿੰਗ) ਤੁਹਾਡੇ ਕੋਲ ਇੱਕ ਪ੍ਰਿਵਿਲੇਜ ਹੈ ਤੇ ਜਿਹੜਾ ਸਾਡੇ ਵਿਧਾਨ ਸਭਾ ਦੇ ਮੈਂਬਰਾਂ ਕੋਲ ਵੀ ਪ੍ਰਿਵਿਲੇਜ ਹੈ, ਇਥੇ ਮਿੱਤਲ ਸਾਹਿਬ ਵੀ ਐਡਵੋਕੇਟ ਬੈਠੇ ਹਨ, ਤੁਸੀਂ ਵੀ ਐਡਵੋਕੇਟ ਹੋ ਅਤੇ ਮੈ ਵੀ ਐਡਵੋਕੇਟ ਹਾਂ । ਸਾਨੂੰ ਪਤਾ ਹੈ ਕਿ ਹਰ ਵਿਧਾਨ ਸਭਾ ਦੇ ਮੈਂਬਰ ਦਾ ਰਾਈਟ ਹੈ ਕਿ ਜਦੋਂ ਕੋਈ ਪੁਲਿਸ ਵਾਲਾ ਉਸ ਦੇ ਖਿਲਾਫ ਕਾਰਵਾਈ ਕਰਦਾ ਹੈ ਤਾਂ ਤੁਹਾਡੀ ਪ੍ਰਾਇਰ ਪਰਮਿਸ਼ਨ ਲੈਣੀ ਪੈਂਦੀ ਹੈ । ਤੁਸੀਂ ਬਾਊਂਡ ਕਰੋ ਕਿ ਬਾਹਰ ਕੋਈ ਛੋਟੀ ਮੋਟੀ ਗੱਲ ਹੁੰਦੀ ਹੈ, ਐਟਲੀਸਟ ਪਹਿਲਾਂ ਤੁਹਾਡੇ ਕੋਲੋਂ ਪਰਮਿਸ਼ਨ ਲੈਣ, ਫਿਰ ਮੈਂਬਰ ਸਾਹਿਬਾਨ ਦੇ ਖਿਲਾਫ ਕੋਈ ਕਾਰਵਾਈ ਕਰਨ । ਮੈਂ ਸਾਰੇ ਰੂਲ ਵੀ ਤੁਹਾਡੇ ਸਾਹਮਣੇ ਲਿਆ ਕੇ ਰੱਖਾਂਗਾ ਤਾਂ ਕਿ ਐਮ. ਐਲ. ਏ. ਸਾਹਿਬਾਨ ਦੀ ਇਸ ਤਰ੍ਹਾਂ ਤੌਹੀਨ ਨਾ ਕੀਤੀ ਜਾਵੇ ।

Mr. Speaker : That I will circulate.

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ** ** **

ਸ੍ਰੀ ਸਪੀਕਰ : ਮੋਫਰ ਜੀ, ਨੋ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ** ** **

Mr. Speaker : Not allowed. ਮਾਸਟਰ ਮੋਹਨ ਲਾਲ ਜੀ ।

PERSONAL EXPLANATION BY MINISTER FOR FORESTS, LEGAL & LEGISLATIVE AFFAIRS AND WELFARE OF FREEDOM FIGHTERS

ਜੰਗਲਾਤ, ਕਾਨੂੰਨ ਅਤੇ ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੈਨਾਨੀਆਂ ਦੇ ਭਲਾਈ ਮੰਤਰੀ (ਮਾਸਟਰ ਮੋਹਨ ਲਾਲ) : ਸਪੀਕਰ ਸਾਹਿਬ, ਮੈਂ ਬਹੁਤ ਮਸ਼ਕੂਰ ਹਾਂ

*Expunged/Not recorded as ordered by the Chair.

[ਜੰਗਲਾਤ, ਕਾਨੂੰਨ ਅਤੇ ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੈਨਾਨੀਆਂ ਦੇ ਭਲਾਈ ਮੰਤਰੀ]
ਕਿ ਤੁਸੀਂ ਮੈਨੂੰ ਅਲਾਓ ਕੀਤਾ ਹੈ ਕਿ ਮੈਂ ਪਰਸਨਲ ਐਕਸਪਲੇਨੇਸ਼ਨ ਦੇ ਸਕਾਂ ਜੋ ਮੋਹਤਰਮ ਮੈਂਬਰ ਸਾਹਿਬ ਨੇ ਮੁੱਦਾ ਉਠਾਇਆ ਹੈ. . . . .

ਸ੍ਰੀ ਸਪੀਕਰ : ਇਹ ਤਰੀਕਾ ਹੈ । ਉਹ ਤਰੀਕਾ ਨਹੀਂ ਸੀ ।

ਜੰਗਲਾਤ, ਕਾਨੂੰਨ ਅਤੇ ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੈਨਾਨੀਆਂ ਦੇ ਭਲਾਈ ਮੰਤਰੀ : ਮੈਂ ਕਹਿਣ ਲੱਗਾ ਹਾਂ ਕਿ ਅਖ਼ਬਾਰਾਂ ਲਹਿਰਾ ਕੇ ਇੱਕ ਗੱਲ ਕੀਤੀ ਗਈ ਹੈ । ਮੇਰੇ ਮਹਿਕਮੇ ਦੇ ਇੱਕ ਅਫ਼ਸਰ ਆਸਮਇਕ, ਅਨਟਾਈਮਲੀ ਉਹ ਇੱਕ ਐਕਸੀਡੈਂਟ ਦਾ ਸ਼ਿਕਾਰ ਹੋ ਗਏ । ਸਾਰੇ ਸਦਨ ਨੂੰ ਵੀ, ਮੈਨੂੰ ਜਾਤੀ ਤੌਰ ਤੇ ਇਸ ਗੱਲ ਦਾ ਨਹਾਇਤ ਅਫ਼ਸੋਸ ਹੈ ਕਿ ਇੱਕ ਏਨਾ ਕਾਰਿਆਕੁਸ਼ਲ ਅਫ਼ਸਰ ਮਾਰਿਆ ਗਿਆ ਪਰ ਉਸ ਐਕਸੀਡੈਂਟ ਨੂੰ ਹੋਰ ਵੀ ਦੁਰਭਾਗਪੂਰਣ ਬਣਾਉਣ ਵਾਲੀ ਗੱਲ ਹੈ ਕਿ ਫਾਰੈਸਟ ਮਨਿਸਟਰ ਨੂੰ ਕੋਈ ਧਮਕੀ ਦਿੱਤੀ ਹੈ, ਸਪੈਸ਼ਲ ਸੈਕਰੇਟਰੀ ਨੂੰ ਕੋਈ ਲੈਟਰ ਲਿਖੀ ਹੈ ਉਸ ਮਰਨ ਵਾਲੇ ਅਫ਼ਸਰ ਨੇ । ਇਸ ਗੱਲ ਦੇ ਮੁਤੱਲਕ ਮੈਂ ਐਫੀਡੇਵਿਟ ਜੋ ਕੋਟ ਵਿਚ ਪੇਸ਼ ਕੀਤਾ ਗਿਆ ਹੈ ਸਪੈਸ਼ਲ ਸੈਕਰੇਟਰੀ ਵਲੋਂ, ਉਹ ਪੜ੍ਹ ਕੇ ਸੁਣਾ ਦੇਂਦਾ ਹਾਂ ਤਾਂ ਕਿ ਹਾਉਸ ਦੇ ਸਾਰੇ ਮੈਂਬਰ ਸਾਹਿਬਾਨ ਜਾਣ ਲੈਣ :

It is vehemently denied. A letter written by the PCCF, Applicant, to the Special Secretary Forests, Dharam Vir, unilaterally making such an allegation is baseless and without proof and as such unsustainable.

This is the affidavit submitted by Dharam Vir, Special Secretary Forests in the CAT. ਔਰ ਇਸ ਪ੍ਰਕਾਰ ਦੀਆਂ ਬੇਸਲੈਸ ਗੱਲਾਂ ਬਿਨਾਂ ਵਜ੍ਹਾ ਉਠਾਈਆਂ ਜਾਣੀਆਂ, ਜਿਨ੍ਹਾਂ ਦਾ ਕੋਈ ਆਧਾਰ ਨਹੀਂ, ਕੋਈ ਬੇਸ ਨਹੀਂ, ਮੇਰੇ ਤੇ ਇਹ ਇਲਜ਼ਾਮ ਲਗਾਉਣਾ ਕਿ ਥਰੈਟ ਦਿੱਤਾ ਹੈ । ਅਗਰ ਅਸੀਂ ਲਿਖ ਕੇ ਕਹਿੰਦੇ ਹਾਂ ਕਿ ਆਪਣਾ ਬਿਹੇਵੀਅਰ ਠੀਕ ਕਰੋ That is not a threat to eliminate anybody. I seek your protection. ਕਿ ਜਿਸ ਪ੍ਰਕਾਰ ਦੇ ਨਾਲ ਇਹ ਗੱਲਾਂ ਰੋਜ਼ ਕੀਤੀਆਂ ਗਈਆਂ ਹਨ, ਇਹ ਹਾਉਸ ਦੀ ਮਰਿਆਦਾ ਨੂੰ ਬਹੁਤ ਬੁਰੇ ਤਰੀਕੇ ਨਾਲ ਰੌਂਦਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਅਖ਼ਬਾਰਾਂ ਵਿਚ ਪੁਲੀਟੀਕਲ ਮਾਈਲੇਜ ਲੈਣ ਵਾਸਤੇ ਕੀਤੀ ਜਾ ਰਹੀ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਪ੍ਰਕਾਰ ਦੇ ਇਲਜ਼ਾਮ ਔਰ ਇਸ ਪ੍ਰਕਾਰ ਦੀਆਂ ਗੱਲਾਂ ਸਿਰਫ ਅਖ਼ਬਾਰਾਂ ਦੇ ਬੇਸ ਤੇ .ਅਗਰ ਤੁਸੀਂ ਮੈਨੂੰ ਪਰਮਿਸ਼ਨ ਦਿਓ ਤਾਂ ਮੈਂ ਦੱਸ ਸਕਦਾ ਹਾਂ ਕਿ ** ** ਜੇ ਅਲੱਗ ਕਹੋ ਤਾਂ ਮੈਂ ਤੁਹਾਨੂੰ ਅਲੱਗ ਵੀ ਦੱਸ ਸਕਦਾ ਹਾਂ । ਇਸ ਤਰ੍ਹਾਂ ਦੇ ਬੇਸਲੈਸ ਆਰੋਪ ਲਗਾ ਕੇ ਸਦਨ ਦਾ ਟਾਈਮ ਜ਼ਾਇਆ ਕਰਨਾ, ਆਪੋਜ਼ੀਸ਼ਨ ਦਾ ਇਹ ਰੋਲ ਠੀਕ ਨਹੀਂ ਹੈ । ਇਹ ਗੱਲ ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰ ਸਾਹਿਬਾਨ ਦੇ ਹੱਕ ਵਿਚ ਨਹੀਂ ਜਾਂਦੀ ।

---

*Expunged as ordered by the Chair.

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਤੁਹਾਡੀ ਆਗਿਆ ਦੇ ਨਾਲ ਮੰਤਰੀ ਜੀ ਨੇ ਸਪੱਸ਼ਟੀਕਰਨ ਦੇ ਦਿੱਤਾ ਹੈ । ਇਥੇ ਅਖ਼ਬਾਰਾਂ ਵਿਚ ਛਪਿਆ ਹੈ ਕਿ ਮਰਨ ਵਾਲੇ ਅਫ਼ਸਰ ਦੇ ਫੈਮਿਲੀ ਮੈਂਬਰ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ । ਇਸ ਤਰੀਕੇ ਨਾਲ ਪਬਲੀਕਲੀ ਮੰਗ ਕਰਨੀ ਆਪਣੇ ਆਪ ਵਿਚ ਇੱਕ ਸੀਰੀਅਸ ਮਾਮਲਾ ਹੈ । ਮੰਤਰੀ ਜੀ ਦਾ ਆਪਣਾ ਪੱਖ ਠੀਕ ਹੋ ਸਕਦਾ ਹੈ ਲੇਕਿਨ ਕਿਸੇ ਸੀਨੀਅਰ ਮੰਤਰੀ ਤੇ ਇਸ ਤਰ੍ਹਾਂ ਦਾ ਖ਼ਦਸ਼ਾ ਪ੍ਰਗਟ ਕਰਕੇ ਉਸ ਦੀ ਫੈਮਿਲੀ ਵੱਲੋਂ ਜਾਂਚ ਦੀ ਮੰਗ ਕਰਨ ਨੂੰ ਵੀ ਸੀਰੀਅਸਲੀ ਲਿਆ ਜਾਣਾ ਚਾਹੀਦਾ ਹੈ । ਕੀ ਮੁੱਖ ਮੰਤਰੀ ਜੀ ਉੱਚ ਪੱਧਰੀ ਜਾਂਚ ਕਰਵਾਕੇ ਸਹੀ ਤੱਥ ਸਾਹਮਣੇ ਲਿਆਉਣ ਦਾ ਭਰੋਸਾ ਦੇਣਗੇ ?

ਜੰਗਲਾਤ, ਕਾਨੂੰਨ ਅਤੇ ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੈਨਾਨੀਆਂ ਦੇ ਭਲਾਈ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਇਨਕੁਆਇਰੀ ਮਾਰਕ ਕਰ ਦਿੱਤੀ ਹੈ । ਉਸ ਦੀ ਰਿਪੋਰਟ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਵੀਰਾਂ ਨੇ ਰੌਲਾ ਪਾ ਦਿੱਤਾ ਹੈ । ਹਾਲੇ ਉਸ ਰਿਪੋਰਟ ਦੀ ਵੇਟ ਕਰਨੀ ਚਾਹੀਦੀ ਹੈ ਕਿ ਕਿਨ੍ਹਾਂ ਹਾਲਾਤ ਵਿਚ ਇੱਕ ਚੰਗੇ ਅਫ਼ਸਰ ਦੀ ਮੌਤ ਹੋਈ ਹੈ । ਸੀ. ਐਮ. ਸਾਹਿਬ ਨੇ ਇਨਕੁਆਇਰੀ ਮਾਰਕ ਕਰ ਦਿੱਤੀ ਹੈ, ਉਸ ਦੀ ਰਿਪੋਰਟ ਤਾਂ ਆ ਲੈਣ ਦਿਓ । ਫਿਰ ਜਿਹੜਾ ਦੋਸ਼ੀ ਹੋਵੇਗਾ, ਉਸ ਦੇ ਵਿਰੁੱਧ ਕਾਰਵਾਈ ਹੋਵੇਗੀ । ਜੇ ਮਾਸਟਰ ਮੋਹਨ ਲਾਲ ਦੋਸ਼ੀ ਹੋਵੇਗਾ ਤਾਂ ਉਸ ਨੂੰ ਵੀ ਸਜ਼ਾਂ ਦਿੱਤੀ ਜਾਵੇਗੀ ।

RESUMPTION OF DISCUSSION ON GOVERNOR'S ADDRESS

ਸ੍ਰੀ ਸਪੀਕਰ : ਹੁਣ ਰਾਜਪਾਲ ਦੇ ਭਾਸ਼ਣ ਤੇ ਬਹਿਸ ਹੋਵੇਗੀ । ਸ੍ਰੀ ਰਾਮ ਲਾਲ ਜੀ ਕਲ੍ਹ ਬੋਲ ਰਹੇ ਸਨ, ਉਹ ਆਪਣਾ ਭਾਸ਼ਣ ਕੰਟੀਨਿਊ ਕਰਨ ।

ਸ੍ਰੀਮੰਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਤੁਸੀਂ ਮੈਨੂੰ ਟਾਈਮ ਨਹੀਂ ਦਿੰਦੇ ।

ਸ੍ਰੀ ਸਪੀਕਰ : ਜਿੰਨਾ ਟਾਈਮ ਤੁਹਾਨੂੰ ਦਿੱਤਾ ਹੈ, ਹੋਰ ਕਿਸੇ ਨੂੰ ਨਹੀਂ ਦਿੱਤਾ । ਤੁਹਾਨੂੰ ਅਸੀਂ ਵੱਧ ਤੋਂ ਵੱਧ ਅਕਾਮੋਡੇਟ ਕਰਦੇ ਹਾਂ । ਹਾਂ ਜੀ, ਰਾਮ ਲਾਲ ਜੀ ।

ਸ੍ਰੀ ਰਾਮ ਲਾਲ (ਨਰੋਟ ਮਹਿਰਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਰਾਜਪਾਲ ਜੀ ਦੇ ਭਾਸ਼ਣ ਤੇ ਦੁਬਾਰਾ ਬੋਲਣ ਦਾ ਮੌਕਾ ਦਿੱਤਾ ਹੈ....(ਵਿਘਨ)

(ਇਸ ਵਕਤ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਹਾਲੇ ਵੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਜੋ ਮਾਈਕ ਬੰਦ ਹੋਣ ਕਾਰਣ ਸੁਣਾਈ ਨਹੀਂ ਸੀ ਦੇ ਰਿਹਾ)

ਸ਼੍ਰੀ ਸਪੀਕਰ : ਬੀਬੀ ਜੀ, ਤੁਹਾਨੂੰ ਕਲ੍ਹ ਟਾਈਮ ਦੇ ਦਿਆਂਗੇ । ਹਾਲੇ ਕਿਹੜਾ ਆਪਾਂ ਨੱਠ ਚੱਲੇ ਹਾਂ । ਹੁਣ ਤੁਸੀਂ ਬੈਠ ਜਾਓ ।

WALK OUT

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** **

(ਇਸ ਵਕਤ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਸਦਨ ਵਿਚੋਂ ਵਾਕ ਆਊਟ ਕਰਕੇ ਬਾਹਰ ਚਲੇ ਗਏ । ਜਾਂਦੇ ਜਾਂਦੇ ਵੀ ਉਹ ਕੁਝ ਬੋਲੀ ਜਾ ਰਹੇ ਸਨ ਜੋ ਸਣਾਈ ਨਹੀਂ ਸੀ ਦੇ ਰਿਹਾ । ** **

ਸ਼੍ਰੀ ਸਪੀਕਰ : ਮੈਡਮ ਚਾਵਲਾ ਜੀ ਨੇ ਜੋ ਕੁਝ ਬਗੈਰ ਪਰਮਿਸ਼ਨ ਦੇ ਬੋਲਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ ।)

DISCUSSION ON GOVERNOR'S ADDRESS (*Resumption*)

ਸ਼੍ਰੀ ਰਾਮ ਲਾਲ : ਮੈਂ ਦੱਸਦਾ ਹਾਂ, ਸਪੀਕਰ ਸਾਹਿਬ, ਕਿ ਬੜੇ ਲੰਮੇ ਸਮੇਂ ਬਾਦ ਇਥੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਬੀ. ਜੇ. ਪੀ. ਦੀ ਸਰਕਾਰ ਆਈ । ਇਨ੍ਹਾਂ ਨੇ ਜੋ ਵੀ ਸ਼ਬਦ ਮੂੰਹੋਂ ਕੱਢੇ, ਉਹ ਪੂਰੇ ਕੀਤੇ । ਗਰੀਬ ਲੋਕ ਜੋ ਪਿਛਲੇ 50 ਸਾਲਾਂ ਤੋਂ ਆਪਣੇ ਘਰਾਂ ਵਿਚ ਰਹਿ ਰਹੇ ਹਨ, ਉਨ੍ਹਾਂ ਦੇ ਘਰਾਂ ਦੀਆਂ ਅੱਜ ਤੱਕ ਕੋਈ ਰਜਿਸਟਰੀਆਂ ਨਹੀਂ ਸਨ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲੀ ਦਲ ਅਤੇ ਬੀ. ਜੇ. ਪੀ. ਨੇ ਆਪਣੇ ਮੈਨੀਫੈਸਟੋ ਵਿਚ ਲਿਖਿਆ ਕਿ 117 ਐਮ. ਐਲ. ਏ. ਆਪੋ ਆਪਣੇ ਹਲਕੇ ਵਿਚ ਸੌ ਸੌ ਮਕਾਨ ਗਰੀਬ/ਅਨੁਸੂਚਿਤ ਜਾਤੀਆਂ ਵਾਸਤੇ ਬਣਾਉਣਗੇ । 5 ਮਰਲੇ ਜਗ੍ਹਾ ਅਤੇ 50 ਹਜ਼ਾਰ ਰੁਪਏ ਦੀ ਲਾਗਤ ਨਾਲ ਮਕਾਨ ਬਣਾਇਆ ਜਾਵੇਗਾ । ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਉਹ ਮਕਾਨ ਕੰਪਲੀਟ ਹੋ ਗਏ ਹਨ । ਉਨ੍ਹਾਂ ਨੇ ਅਵਾਜ਼ ਦਿੱਤੀ ਮੈਂ ਕੱਲ ਵੀ ਜ਼ਿਕਰ ਕਰ ਰਿਹਾ ਸੀ । ਸਾਡੇ ਪੁਰਾਣੇ ਬਜ਼ੁਰਗਾਂ ਦੇ ਨਾਂ ਕੁਝ ਇਸ ਪ੍ਰਕਾਰ ਦੇ ਹੁੰਦੇ ਸਨ, ਕੂੜਿਆ, ਭਗਤੂ, ਜਗਤੂ, ਪੂਰਨਾ ਉਏ ਆਓ ਤੇ ਆਹ ਲੈਂਟਰ ਵਾਲੇ ਮਕਾਨ ਲਵੋ । ਕਾਂਗਰਸ ਪਾਰਟੀ ਦੇ ਵੇਲੇ ਉਨ੍ਹਾਂ ਨੇ ਕੱਚੀਆਂ ਛੱਤਾਂ ਪਾਈਆਂ ਹੋਈਆਂ ਸਨ ਤੇ ਉਪਰ ਖਜੂਰਾਂ ਵੱਡੀਆਂ ਵੱਡੀਆਂ ਛਤੀਰੀਆਂ ਵਜੋਂ ਪਾਈਆਂ ਹੋਈਆਂ ਸਨ । ਫਿਰ ਕੱਚੇ ਮਕਾਨਾਂ ਵਿਚ ਬਾਲੇ ਪਾ ਲਏ ! ਪਰ ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਰਾਮਰਾਜ ਆ ਗਿਆ ਹੈ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆ ਗਿਆ ਹੈ । ਲੋਕੋ, ਹੁਣ ਬਾਲੇ ਲਾਹ ਦਿਓ ਅਤੇ ਪੱਕੇ ਲੈਂਟਰਾਂ ਵਾਲੇ ਮਕਾਨ ਲਓ ।

ਇਸ ਤੋਂ ਬਾਅਦ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 5100 ਰੁਪਏ ਦੀ ਸ਼ਗਨ ਸਕੀਮ ਲਿਆਂਦੀ । ਇਹ ਪਹਿਲਾਂ ਕਦੀ ਵੀ ਨਹੀਂ ਸੀ । ਹੁਣ ਮੇਰੇ ਸਾਹਮਣੇ ਬੈਠੇ ਵੀਰ (ਆਪੋਜ਼ੀਸ਼ਨ ਵੱਲ ਇਸ਼ਾਰਾ) ਵੈਣ ਪਾ ਪਾ ਰੋਂਦੇ ਹਨ, ਉਏ ਭਗਤੂ ਉਏ ਜਗਤੂ, ਤੁਸੀਂ ਸਾਨੂੰ

*Expunged as ordered by the Chair.

ਐਨਾ ਤਾਹਨਾ ਮਾਰਿਆ ਕਿ ਅਸੀਂ ਪਚਾਸੀਆਂ ਤੋਂ ਕੇਵਲ 14-15 ਹੀ ਰਹਿ ਗਏ । ਸਾਡੇ ਨਾਲ ਕੀ ਦੁਸ਼ਮਣੀ ਸੀ ? ਇਹ ਕੇਵਲ ਨਾਹਰੇ ਲਗਾਉਣਾ ਹੀ ਜਾਣਦੇ ਸਨ । ਕਹਿੰਦੇ ਸਨ ਗਰੀਬੀ ਦੂਰ ਕਰ ਦਿਆਂਗੇ, ਬੇਰੁਜ਼ਗਾਰੀ ਦੂਰ ਕਰ ਦਿਆਂਗੇ, ਗਰੀਬਾਂ ਨੂੰ ਉਪਰ ਚੁੱਕ ਦੇਵਾਂਗੇ । ਇਕ ਵਾਰੀ ਚੁੱਕਿਆ ਵੀ, ਲੁੰਡੇ ਟਰੱਕਾਂ ਵਿਚ ਲੱਦ ਕੇ, ਲਿਜਾ ਕੇ ਉਨ੍ਹਾਂ ਨੂੰ ਜ਼ਿਬਹਾ ਕਰ ਦਿਤਾ । ਪਿੰਡਾਂ ਵਿਚ ਤੂਫਾਨ ਮੱਚ ਗਿਆ, ਲੋਕ ਰੌਲਾ ਪਾਉਣ ਕਿ ਅਸੀਂ ਕੋਈ ਬੈਂਕ ਨਹੀਂ ਲੁੱਟੇ, ਅਸੀਂ ਕੋਈ ਪੁਲਾਂ ਨੂੰ ਬੰਬਾਂ ਨਾਲ ਨਹੀਂ ਤੋੜਿਆ । ਕਿਸੇ ਨੂੰ ਪੱਥਰ ਤੋੜਦੇ ਨੂੰ, ਮਜ਼ਦੂਰੀ ਕਰਦੇ ਨੂੰ, ਇੱਟਾਂ ਪੱਥਦੇ ਨੂੰ, ਘਾਹ ਖੋਦਦੇ ਨੂੰ ਚੁੱਕ ਲਿਆ ਅਤੇ ਲੁੰਡੇ ਟਰੱਕਾਂ ਵਿਚ ਲੱਦ ਕੇ ਲੈ ਗਏ । ਫਿਰ ਉਨ੍ਹਾਂ ਨੇ ਬਦ-ਦੁਆ ਦਿੱਤੀ ਅਤੇ ਇਹ ਸਾਰੇ 85 ਤੋਂ 14-15 ਹੀ ਰਹਿ ਗਏ । ਅੱਜ ਇਹ ਵੈਣ ਪਾ ਪਾ ਕੇ ਰੋਂਦੇ ਹਨ । ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਅੰਦਰ ਗਰੀਬ ਲੋਕਾਂ ਨੂੰ ਜੋ ਮਦਦ ਦਿੱਤੀ ਉਹ ਪਹਿਲਾਂ ਕਦੀ ਵੀ ਨਹੀਂ ਸੀ ਮਿਲੀ । ਗਰੀਬ ਲੋਕਾਂ ਦੀਆਂ ਬੇਟੀਆਂ ਦੀ ਸ਼ਾਦੀ ਵਾਸਤੇ 5100 ਰੁਪਏ ਸ਼ਗਨ ਦੀ ਸਕੀਮ ਦਿੱਤੀ । ਕਾਂਗਰਸੀਆਂ ਨੇ ਤਾਂ ਕਦੀ ਵੀ ਗਰੀਬ ਦੀ ਡੋਲੀ ਉਠਣ ਵੇਲੇ ਪਿਆਰ ਦੇਣ ਵੀ ਨਾ ਜਾਣਾ । ਬੱਸ ਸਿਰਫ ਵੋਟਾਂ ਮੰਗਣ ਜਾਣਾ, ਵੋਟਾਂ ਮੰਗਣੀਆਂ । ਜਦੋਂ ਜਿੱਤ ਜਾਣਾ ਤਾਂ ਫਿਰ ਤੂੰ ਤੇ ਮੈਂ ਕੌਣ ।

ਤੀਸਰੀ ਸਕੀਮ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ, ਗਰੀਬ ਔਰਤ ਜਦੋਂ ਬੱਚੀ ਜੰਮਦੀ ਹੈ ਤਾਂ 500 ਰੁਪਏ ਮਾਂ ਨੂੰ ਦੇਣੇ ਅਤੇ 4500 ਰੁਪਿਆ ਉਸ ਬੱਚੀ ਦੇ ਨਾਂ ਬੈਂਕ ਵਿਚ ਖਾਤਾ ਖੁਲਵਾਉਣ ਲਈ ਦੇਣਾ, ਇਹ ਸਕੀਮ ਵੀ ਦਿੱਤੀ ਹੈ । (ਸ਼ੋਰ) (ਵਿਘਨ)

(ਆਵਾਜ਼ਾਂ : ਸਪੀਕਰ ਸਾਹਿਬ, ਇਹ ਤਾਂ ਆਪਣੀ ਕੱਲ੍ਹ ਵਾਲੀ ਸਪੀਚ ਹੀ ਦੁਹਰਾ ਰਹੇ ਹਨ ।)

ਕਾਂਗਰਸ ਵਾਲੇ ਅੱਜ ਵੈਣ ਪਾਉਂਦੇ ਹਨ । ਇਨ੍ਹਾਂ ਨੇ ਗਰੀਬਾਂ ਨਾਲ ਕੀ ਕੀ ਜ਼ੁਲਮ ਨਹੀਂ ਕੀਤੇ, ਸਾਡੇ ਗਰੀਬ ਲੋਕਾਂ ਦੇ ਕਾਲਜੇ ਵਿਨ੍ਹ ਦਿੱਤੇ, ਸਾਡੇ ਗਰੀਬ ਲੋਕਾਂ ਨੂੰ ਗੁਲਾਮ ਬਣਾਇਆ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ ਉਹ ਗਰੀਬ ਗੁਲਾਮ ਨਹੀਂ ਹਨ ਬਲਕਿ ਆਜ਼ਾਦ ਹਨ । ਕਾਂਗਰਸ ਸਰਕਾਰ ਨੇ ਕੱਚੇ ਮਕਾਨਾਂ ਨੂੰ ਪੱਕੇ ਬਣਾਉਣ ਵਾਸਤੇ 15000 ਰੁਪਏ ਰੱਖੇ ਸਨ । ਇਨ੍ਹਾਂ ਨੇ ਐਪਲੀਕੇਸ਼ਨਾਂ ਦਿਵਾਉਣੀਆਂ, ਜਦੋਂ ਐਪਲੀਕੇਸ਼ਨਾਂ ਦੇ ਦੇਣੀਆਂ ਤਾਂ ਦਲਾਲਾਂ ਨੇ 8500 ਰੁਪਏ ਕੱਟ ਲੈਣੇ ਤੇ ਗਰੀਬਾਂ ਨੂੰ ਕੇਵਲ 7000 ਰੁਪਏ ਦੇ ਦੇਣੇ । ਗਰੀਬਾਂ ਨੇ ਇੰਨੇ ਵਿਚ ਹੀ ਵਿਰਚ ਜਾਣਾ ਕਿ ਚਲੋ 7 ਹੈ ਤਾਂ 7 ਹੀ ਸਹੀ, ਅਸੀਂ ਕਿਹੜਾ ਗਾਜਰਾਂ ਵੇਚੀਆਂ ਨੇ । ਬਾਦਲ ਸਰਕਾਰ ਨੇ ਪੰਜ ਹਜ਼ਾਰ ਵਿਚ ਹੋਰ ਪਾ ਕੇ ਉਹ ਰਕਮ 20000 ਰੁਪਏ ਕੀਤੀ । ਅਸੀਂ ਹੁਣ ਪਿੰਡਾਂ ਵਿਚ ਫੰਡ ਦੇਣ ਜਾ ਰਹੇ ਹਾਂ । ਸਪੀਕਰ ਸਾਹਿਬ, ਤਿੰਨ ਤਰੀਕ ਨੂੰ ਹਲਕਾ ਨਰੋਟ ਮਹਿਰਾ ਵਿਚ ਫਤਿਹਪੁਰ ਨਗਰ ਵਿਚ 10 ਮਕਾਨ ਦੇਣ ਜਾ ਰਹੇ ਹਾਂ । ਪਹਿਲਾਂ ਇਨ੍ਹਾਂ ਕਾਂਗਰਸੀਆਂ ਨੇ ਅਵਾਜ਼ਾਂ ਮਾਰ ਮਾਰ ਕੇ ਕਹਿਣਾ ਕਿ ਚੈਕ ਲੈ-ਲਓ, ਲੈ-ਲਓ-ਓ-ਓ-ਓ.....ਮੁਫਤ ਲੈ ਲਓ । ਪਰ ਇਨ੍ਹਾਂ ਦੀ

[ਸ੍ਰੀ ਰਾਮ ਲਾਲ]
ਇਕ ਹੱਥ ਲੈ ਤੇ ਇਕ ਹੱਥ ਦੇ ਵਾਲੀ ਪਾਲਿਸੀ ਹੁੰਦੀ ਸੀ । ਅਸੀਂ ਕੱਟ ਨਹੀਂ ਲਗਾਉਂਦੇ ਹਾਂ, ਪਰ ਇਹ ਕੈਂਚੀ ਮਾਰਦੇ ਸਨ । ਇਨ੍ਹਾਂ ਨੇ ਕੈਂਚੀ ਮਾਰ ਮਾਰ ਕੇ ਗਰੀਬਾਂ ਦੀਆਂ ਨਾੜਾਂ ਵੱਢ ਸੁੱਟੀਆਂ । ਹੁਣ ਬੜੀ ਦੇਰ ਬਾਅਦ ਗਰੀਬਾਂ ਦੇ ਹਿਤਾਂ ਦੀ ਗੱਲ ਕਰਨ ਵਾਲੀ ਸਰਕਾਰ ਆਈ ਹੈ . . . (ਵਿਘਨ)

ਸ੍ਰੀ ਸਪੀਕਰ : ਸ੍ਰੀ ਰਾਮ ਲਾਲ ਜੀ, ਤੁਸੀਂ ਜ਼ਰਾ ਬੈਠੋ । ਡੋਗਰਾ ਸਾਹਿਬ ਦੀ ਗੱਲ ਸੁਣ ਲਈਏ । ਤੁਸੀਂ ਜ਼ਰਾ ਸਾਹ ਲੈ ਲਵੋ । ਹਾਂ ਜੀ, ਡੋਗਰਾ ਸਾਹਿਬ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਹ ਅਨ-ਪਾਰਲੀਮੈਂਟ ਸ਼ਬਦ ਬੋਲ ਰਹੇ ਹਨ, ਅਨ-ਪਾਰਲੀਮੈਂਟ ਵਰਡ ਯੂਜ਼ ਕਰ ਰਹੇ ਹਨ ।

ਸ੍ਰੀ ਸਪੀਕਰ : ਦੱਸੋ ਇਨ੍ਹਾਂ ਨੇ ਕਿਹੜਾ ਅਨ-ਪਾਰਲੀਮੈਂਟਰੀ ਵਰਡ ਯੂਜ਼ ਕੀਤਾ ਹੈ ?

ਸ੍ਰੀ ਰਮੇਸ਼ ਚੰਦਰ ਡੋਗਰਾ : ਕੈਂਚੀ ਵਰਡ ਯੂਜ਼ ਕੀਤਾ ਹੈ ।

ਸ੍ਰੀ ਸਪੀਕਰ : ਕੈਂਚੀ ਵਰਡ ਅਨ-ਪਾਰਲੀਮੈਂਟਰੀ ਨਹੀਂ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ : ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ । ਹਾਂ ਜੀ, ਸ੍ਰੀ ਰਾਮ ਲਾਲ ਜੀ ਬੋਲੋ ।

ਸ੍ਰੀ ਰਾਮ ਲਾਲ : ਸਪੀਕਰ ਸਾਹਿਬ, ਮੇਰੇ ਭਰਾਵਾਂ ਨੂੰ ਕਿੰਨਾ ਦੁੱਖ ਹੁੰਦਾ ਹੈ । ਜਿਵੇਂ ਕਿਸੇ ਬੁੱਢੀ ਨੂੰ ਕਿਸੇ ਆਦਮੀ ਨੇ ਚੁੱਕਿਆ ਸੀ ਤਾਂ ਉਸ ਨੇ ਕਿਹਾ ਸੀ ਕਿ ਰੱਬ ਤੈਨੂੰ ਚੁੱਕੇ । ਸਪੀਕਰ ਸਾਹਿਬ, ਇਨ੍ਹਾਂ ਨੇ ਗਰੀਬ ਲੋਕਾਂ ਨੂੰ ਚੁੱਕਿਆ ਫੈਮਲੀ ਪਲੈਨਿੰਗ ਲਈ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਚੁੱਕਿਆ । ਸਪੀਕਰ ਸਾਹਿਬ, ਇਨ੍ਹਾਂ ਨੇ ਗਰੀਬ ਲੋਕਾਂ ਲਈ ਕੁਝ ਨਹੀਂ ਕੀਤਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ, ਨੇ ਗਰੀਬਾਂ ਲਈ ਬਹੁਤ ਕੁਝ ਕੀਤਾ । ਬਾਦਲ ਸਾਹਿਬ ਦੇ ਰਾਜ ਵਿੱਚ ਅਸੀਂ ਆਜ਼ਾਦੀ ਮਾਣ ਰਹੇ ਹਾਂ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਹ ਅਨ-ਪਾਰਲੀਮੈਂਟਰੀ ਵਰਡ ਬੋਲ ਰਹੇ ਹਨ ।

ਸ੍ਰੀ ਸਪੀਕਰ : ਇਸ ਵਿੱਚ ਕੋਈ ਅਨ-ਪਾਰਲੀਮੈਂਟਰੀ ਵਰਡ ਨਹੀਂ ਹੈ, ਮੈਂ ਖੁਦ ਸੁਣ ਰਿਹਾ ਹਾਂ ।

ਸ੍ਰੀ ਰਮੇਸ਼ ਚੰਦਰ ਡੋਗਰਾ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

---

*Expunged as ordered by the Chair.

ਸ੍ਰੀ ਰਾਮ ਲਾਲ : ਸਪੀਕਰ ਸਾਹਿਬ, ਜੇ ਸਾਡੀਆਂ ਇੰਨੀਆਂ ਵੋਟਾਂ ਹਨ ਤਾਂ ਹੀ ਲੋਕ ਸਾਡੇ ਘਰਾਂ ਵਿੱਚ ਘੁੰਮਦੇ ਹਨ । ਜੇ ਵੋਟਾਂ ਨਾ ਹੋਣ ਤਾਂ ਸਾਨੂੰ ਕੌਣ ਪੁੱਛੇ । ਮੈਂ ਸਮਝਦਾ ਹਾਂ ਅੱਜ ਬਾਦਲ ਸਾਹਿਬ ਦੇ ਸਾਮਰਾਜ ਦੇ ਅਦਰ ਲੋਕ ਐਸ਼ ਕਰ ਰਹੇ ਹਾਂ । ਬਾਦਲ ਸਾਹਿਬ ਦੇ ਸਾਮਰਾਜ ਅੰਦਰ ਇਕ ਸ਼ਗਨ ਸਕੀਮ ਬਣਾਈ ਗਈ ਹੈ । ਇਕ ਪਿੰਡ ਹੈ ਚਸਮਾ ਚਕੋਰ ਜੋ ਕਿ ਮੇਰੇ ਹਲਕੇ ਵਿੱਚ ਹੈ । ਉਥੇ ਤਹਿਸੀਲਦਾਰ ਗਿਆ, ਐਸ. ਡੀ. ਐਮ. ਗਿਆ । ਉਥੇ ਅਸੀਂ ਸ਼ਗਨ ਦੇ ਚੈਕ ਦੇਣੇ ਸਨ ਪਰ ਇਹ ਜਿਹੜੇ ਮੇਰੇ ਵੀਰ ਹਨ ਪੇਟ ਭਰਨ ਵਾਲੇ, ਇਨ੍ਹਾਂ ਨੇ ਉਨ੍ਹਾਂ ਗਰੀਬਾਂ ਨੂੰ ਜਾ ਕੇ ਕਿਹਾ ਕਿ ਇਹ ਸਭ ਝੂਠ ਹੈ ਕਿ ਬਾਦਲ ਸਾਹਿਬ ਨੇ ਚੈਕ ਦੇਣੇ ਹਨ । ਇਹ ਅਜੇ ਤੱਕ ਵੀ ਉਨ੍ਹਾਂ ਗਰੀਬ ਲੋਕਾਂ ਨੂੰ ਗੁਮਿਰਾਹ ਕਰਨ ਤੋਂ ਨਹੀਂ ਹਟਦੇ । ਅਸੀਂ ਉਥੇ ਜਾ ਕੇ ਆਵਾਜ਼ਾਂ ਦਿੱਤੀਆਂ 'ਚੈਕ ਲੈ ਲਵੋ, ਚੈਕ ਲੈ ਲਵੋ, ਮੁਫਤ ਚੈਕ ਲੈ ਲਵੋ' ਪਰ ਸਪੀਕਰ ਸਾਹਿਬ ਉਥੇ ਕੇਵਲ 8 ਵਿਅਕਤੀ ਆਏ ਅਤੇ ਬਾਕੀ ਕੋਈ ਨਹੀਂ ਆਇਆ । ਮੈਂ ਫਿਰ ਖੁਦ ਪਿੰਡਾਂ ਵਿਚ ਗਿਆ ਅਤੇ ਨਾਲ ਮੇਰੇ ਐਸ. ਡੀ. ਐਮ. ਦਾ ਕਲਰਕ ਵੀ ਸੀ । ਮੈਂ ਉਨ੍ਹਾਂ ਗਰੀਬ ਲੋਕਾਂ ਦੇ ਘਰਾਂ ਵਿੱਚ ਗਿਆ । ਮੈਂ ਇੱਕ ਘਰ ਵਿਚ ਜਾ ਕੇ ਕਿਹਾ ਕਿ ਭੈਣ ਤੇਰਾ ਭਰਾ ਜੋ ਫੌਜ ਵਿੱਚ ਭਰਤੀ ਹੋਇਆ ਹੈ, ਉਸ ਨੇ ਮਨੀ-ਆਰਡਰ ਭੇਜਿਆ ਹੈ । ਪਰ ਉਹ ਕਹਿਣ ਲੱਗੀ ਕਿ ਮੇਰਾ ਤਾਂ ਕੋਈ ਭਰਾ ਫੌਜ ਵਿਚ ਨਹੀਂ ਹੈ । ਮੈਂ ਕਿਹਾ ਭੈਣ, ਮੈਂ ਤੇਰਾ ਭਰਾ ਹਾਂ ਜਿਹੜਾ ਬਾਦਲ ਸਾਹਿਬ ਦੀ ਸਰਕਾਰ ਦਾ ਸਿਪਾਹੀ ਹਾਂ । ਤੇਰੀ ਲੜਕੀ ਦੀ ਸ਼ਾਦੀ ਪਹਿਲਾਂ ਹੋਈ ਸੀ ? ਉਸ ਨੇ ਕਿਹਾ ਹਾਂ ਹੋਈ ਸੀ, ਤਾਂ ਮੈਂ ਕਿਹਾ ਉਸ ਬੱਚੀ ਲਈ ਮੈਂ ਸ਼ਗਨ ਦਾ ਚੈਕ ਲੈ ਕੇ ਆਇਆ ਹਾਂ । ਅਸੀਂ ਬਾਦਲ ਸਾਹਿਬ ਦੇ ਸਿਪਾਹੀ ਹਾਂ ਜੋ ਕਿ ਪੋਸਟ-ਮੈਨ ਦਾ ਕੰਮ ਵੀ ਕਰਦੇ ਹਾਂ ਅਤੇ ਚੌਕੀਦਾਰੇ ਦਾ ਕੰਮ ਵੀ ਕਰਦੇ ਹਾਂ । ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਵੀਰਾਂ ਨੇ ਕੀ ਕੀਤਾ । ਜਦੋਂ ਇਲੈਕਸ਼ਨ ਆਉਣੇ ਇਨ੍ਹਾਂ ਨੇ ਵੋਟਾਂ ਲੈਣ ਲਈ ਸਟੇਜਾਂ ਤੇ ਮਿੱਠੇ ਮਿੱਠੇ ਭਾਸ਼ਣ ਦੇਣੇ, ਮਿੱਠੀ ਮਿੱਠੀ ਬੀਨ ਵਜਾਉਣੀ, ਲੋਕਾਂ ਨੂੰ ਲਾਰੇ ਲਾਉਣੇ ਅਤੇ ਕਿਸੇ ਨੂੰ ਵੀਰ ਕਹਿਣਾ, ਕਿਸੇ ਨੂੰ ਭਾਅ ਕਹਿਣਾ, ਅਤੇ ਕਿਸੇ ਨੂੰ ਚਾਚਾ ਕਹਿਣਾ, ਕਿਸੇ ਨੂੰ ਤਾਇਆ ਕਹਿਣਾ ਅਤੇ ਉਨ੍ਹਾਂ ਨੂੰ ਕਹਿਣਾ ਕਿ ਅਸੀਂ ਤੁਹਾਡੀ ਕਾਇਆ ਪਲਟ ਦਿਆਂਗੇ । ਜਦੋਂ ਜਿੱਤ ਜਾਣਾ ਤਾਂ ਇਨ੍ਹਾਂ ਨੇ ਕਹਿਣਾ ਕਿ ਤੁਸੀਂ ਪਓ ਖੱਡੇ ਵਿੱਚ ਪਹਿਲਾਂ ਸਾਨੂੰ ਆਪਣੀ ਕਾਇਆ ਪਲਟ ਲੈਣ ਦਿਓ । ਇਨ੍ਹਾਂ ਨੇ ਸਪੀਕਰ ਸਾਹਿਬ, ਗਰੀਬਾਂ ਨੂੰ ਕਹਿਣਾ ਕਿ ਅਸੀਂ ਗਰੀਬੀ ਦੂਰ ਕਰ ਦਿਆਂਗੇ । ਇਨ੍ਹਾਂ ਤੋਂ ਗਰੀਬੀ ਤਾਂ ਦੂਰ ਨਹੀਂ ਹੋਈ ਪਰ ਇਨ੍ਹਾਂ ਨੇ ਚੀਜ਼ਾਂ ਗਰੀਬਾਂ ਤੋਂ ਦੂਰ ਕਰ ਦਿਤੀਆਂ। ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ ਗਰੀਬ ਸਿਗਰਟਾਂ ਲੈਂਦੇ ਸਨ ਪਰ ਇਨ੍ਹਾਂ ਨੇ ਜਦੋਂ ਸਿਗਰਟਾਂ ਦੇ ਮਿੱਲ ਮਾਲਕਾਂ ਤੋਂ ਜਲ-ਪਾਣੀ ਲੈ ਲਿਆ ਤਾਂ ਉਨ੍ਹਾਂ ਦੇ ਵੀ ਭਾਅ ਵਧਾ ਦਿੱਤੇ । ਗਰੀਬ ਵਿਚਾਰਾ ਅੱਖਾਂ ਨਾਲ ਦੇਖ ਤਾਂ ਸਕਦਾ ਸੀ ਪਰ ਉਨ੍ਹਾਂ ਨੂੰ ਖਰੀਦ ਨਹੀਂ ਸੀ ਸਕਦਾ । ਫਿਰ ਇਨ੍ਹਾਂ ਨੇ ਕਿਹਾ ਕਿ ਗਰੀਬਾਂ ਨੇ ਤਾਂ ਮੂੰਹ ਵਿਚੋਂ ਹੀ ਧੂੰਆਂ ਕੱਢਣਾ ਹੈ । ਬੀੜੀ ਬਣਾ ਦਿਓ, ਉਸ ਵਿੱਚ ਪਾਨ ਦਾ ਪੱਤਾ ਹੈ । ਉਸ ਨੂੰ ਮਰੋੜਨਾ, ਸੌਦਾ ਬਣ ਗਿਆ ਅਤੇ ਤਮਾਕੂ ਪਾ ਦੇਣਾ । ਨਾਂ ਰੱਖ ਦਿੱਤਾ ਕਰਾਂਤੀਵੀਰ । ਜਦੋਂ ਇਹ 15 ਪੈਸੇ ਦਾ ਸੀ ਤਾਂ ਹਿਸਾਬ ਨਾਲ ਸਿਗਰਟ ਤੋਂ ਖੱਲ੍ਹ ਪਰੇ ਕਰਨਾ ਤੇ ਕਹਿਣਾ ਫੜ ਵੀਰ, ਫੜ ਚਾਚਾ, ਫੜ ਭਾਅ । ਜਦੋਂ ਹੋ ਗਿਆ ਪੌਣੇ ਦੋ ਰੁਪਏ ਤਾਂ ਫਿਰ ਭਾਅ ਨੇ ਪੁੱਛਣਾ ਓ

[ਸ਼੍ਰੀ ਰਾਮ ਲਾਲ]

ਪੂਰਨਾ, ਹੈ ਕੋਈ ਬੀੜੀ, ਰੋਟੀ ਖਾਧੀ ਐ । ਅੱਗੋਂ ਜਵਾਬ ਮਿਲਣਾ ਨਾ ਭਾਅ, ਇੱਕ ਹੀ ਬੀੜੀ ਲਈ ਸੀ । ਇਸ ਤਰ੍ਹਾਂ ਇਨ੍ਹਾਂ ਨੇ ਭਾਅ ਨੂੰ ਬੀੜੀ ਤੋਂ ਨਾ ਕਰਵਾ ਦਿੱਤੀ । ਇੰਨੀ ਇਨ੍ਹਾਂ ਨੇ ਖਿਦਮਤਕਾਰੀ ਕੀਤੀ । ਸਪੀਕਰ ਸਹਿਬ, ਕਰਾਊਨ ਦੇ ਬੂਟ ਪਾਉਂਦੇ ਰਹੇ ਹਾਂ, ਗੁਰਗਾਬੀ ਪਾਉਂਦੇ ਰਹੇ ਹਾਂ ਪਰ ਇਨ੍ਹਾਂ ਨੇ ਗਰੀਬਾਂ ਦੀਆਂ ਗੁਰਗਾਬੀਆਂ ਖੋਹ ਲਈਆਂ, ਬੂਟ ਖੋਹ ਲਏ । ਉਨ੍ਹਾਂ ਨੇ ਇਕ ਵਲੈਤੀ ਕਾਰਖਾਨਾ ਲੱਭ ਲਿਆ । ਪਲਾਸਟਿਕ ਦੀ ਚੱਪਲੀ, ਪਲਾਸਟਿਕ ਦੇ ਬੂਟ ਗਰੀਬਾਂ ਨੂੰ ਦੇ ਦਿੱਤੇ ਤਾਂ ਕਿ ਉਹ ਨੰਗੇ ਨਾ ਰਹਿਣ । ਉਨ੍ਹਾਂ ਦੇ ਪੈਰ ਵਿਚ ਕੰਡਾ ਨਾ ਚੁੱਭ ਜਾਏ । ਇਨ੍ਹਾਂ ਨੇ ਗਰੀਬਾਂ ਨੂੰ ਚੰਗੀਆਂ ਚੀਜ਼ਾਂ ਦੇਣ ਦੀ ਜਗ੍ਹਾ ਉਨ੍ਹਾਂ ਕੋਲੋਂ ਚੀਜ਼ਾਂ ਖੋਹੀਆਂ । 80 ਪੈਸੇ ਦੀ ਸਾਬਣ ਦੀ ਚਾਕੀ ਆਉਂਦੀ ਸੀ । ਇਨ੍ਹਾਂ ਨੇ ਐਸਾ ਝਟਕਾ ਮਾਰਿਆ ਅਤੇ ਉਹ 8/- ਰੁ. ਦੀ ਕਰ ਦਿੱਤੀ । ਗਰੀਬ ਲੋਕਾਂ ਦੀ ਸ਼ਾਦੀ ਦੇ ਸ਼ਗਨ ਵਿੱਚ ਲਕਸ ਦਾ ਸਾਬਣ ਆਉਂਦਾ ਸੀ । ਸ਼ਗਨ ਵਿਚੋਂ ਚਾਕੀ ਕੱਢਣੀ ਤੇ ਮੂੰਹ ਧੋਣਾ । ਭਰਜਾਈ ਨੇ ਪੁੱਛਣਾ ਕਿ ਤੇਰੀ ਸ਼ਗਨ ਦੀ ਸਾਬਣ ਦੀ ਚਾਕੀ ਆਈ ਹੈ, ਮੈਂ ਵੀ ਮੂੰਹ ਧੋ ਲਵਾਂ ਤੇ ਜਵਾਬ ਮਿਲਣਾ ਨਾ ਭਾਬੀ, ਉਹ ਗੁਆਚ ਗਈ ਹੈ । ਇਨ੍ਹਾਂ ਨੇ ਸਾਡੀ ਭਰਜਾਈ ਨੂੰ, ਸਾਡੇ ਪਿਤਾ ਨੂੰ ਸਾਬਣ ਨਹੀਂ ਦਿੱਤਾ ।

ਸਪੀਕਰ ਸਾਹਿਬ, ਮੈਂ ਦਰੁਸਤ ਕਹਿ ਰਿਹਾ ਸੀ ਕਿ ਅਸੀਂ ਪਿੰਡਾਂ ਅੰਦਰ ਨਿੱਕੀ ਨਿੱਕੀ ਚੀਜ਼ ਲੈ ਕੇ ਮਨ ਖੁਸ਼ ਕਰਦੇ ਰਹੇ ਹਾਂ । ਪਿੰਡਾਂ ਵਿੱਚ ਪੂੜੇ ਪਕਾਉਂਦੇ ਰਹੇ ਹਾਂ । ਬਰਸਾਤ ਦੇ ਮਹੀਨੇ ਪੂੜੇ ਪੱਕਦੇ ਹਨ । ਪਿਤਾ ਨੇ ਕਹਿਣਾ, ਸਾਡੇ ਭਾਅ ਨੇ ਕਹਿਣਾ ਕਿ ਓ ਪੂਰਨਾ, ਆਪਣੀ ਲਾੜੀ ਨੂੰ ਕਹਿ ਕਿ ਪੂੜੇ ਪਕਾਓ । ਸਪੀਕਰ ਸਾਹਿਬ, ਗੁੜ ਆ ਜਾਣਾ, ਆਟਾ ਆ ਜਾਣਾ, ਤੇਲ ਆ ਜਾਣਾ, ਲਸੂੜੇ ਦਾ ਪੱਤਾ ਆ ਜਾਣਾ, ਰੂੰ ਲੱਭ ਲੈਣੀ, ਲਪੇਟ ਲੈਣਾ ਚੁੱਲੇ ਅੱਗੇ ਡਾਹ ਦੇਣੀ, ਭਰਨੀ ਕੌਲੀ ਤੇ ਤਵੇ ਤੇ ਸੁੱਟਣੀ, ਘਰੋੜੇ ਨਾਲ ਪਰਤਾਉਣਾ, ਚੁੱਕਣਾ ਤੇ ਫਿਰ ਖਾ ਲੈਣਾ । ਪਰ ਇਨ੍ਹਾਂ ਨੇ ਸਾਡੇ ਤੋਂ ਉਹ ਵੀ ਖੋਹ ਲਿਆ । ਇਨ੍ਹਾਂ ਨੇ ਕੀਮਤਾਂ ਵਧਾ ਦਿੱਤੀਆਂ ਤੇ ਹੁਣ ਭਾਅ ਕਿਤੇ ਇਹ ਕਹਿ ਕੇ ਦੇਖੇ ਕਿ ਓ ਪੁੱਤ, ਮੇਰਾ ਪੂੜੇ ਖਾਣ ਨੂੰ ਦਿਲ ਕਰਦੈ, ਤੇ ਭਾਅ ਦੀ ਚੁੱਕ ਕੇ ਮੰਜੀ ਪਿਛਵਾੜੇ ਸੁੱਟ ਦੇਣੀ ਕਿ ਤਰਾ ਜਿਆਦਾ ਈ ਦਿਲ ਕਰਦੈ । ਤੈਨੂੰ ਪਤਾ ਨਹੀਂ ਕਿ ਕਾਂਗਰਸ ਨੇ ਤੇਰਾ ਘੁੱਟ ਭਰ ਦਿਤੇ । ਇਨ੍ਹਾਂ ਨੇ ਇਹ ਸਾਰੀਆਂ ਚੀਜ਼ਾਂ ਸਾਡੇ ਕੋਲੋਂ ਖੋਹ ਲਈਆਂ । ਲਾਸਟ ਵਿਚ ਇਨ੍ਹਾਂ ਨੇ ਸਾਡੇ ਨਾਲ ਕੀ ਕੀਤਾ ? ਸਾਡੀ ਤੌਹੀਨ ਕੀਤੀ । ਬੇਇਜ਼ਤੀ ਕੀਤੀ । ਸਾਡੀਆਂ ਧੀਆਂ ਨੂੰ, ਸਾਡੀਆਂ ਭੈਣਾਂ ਨੂੰ ਜ਼ਲੀਲ ਕੀਤਾ ਅਤੇ ਇਸ ਤਰ੍ਹਾਂ ਜ਼ਲੀਲ ਕੀਤਾ ਕਿ ਜਿਵੇਂ ਅਸੀਂ ਇਸ ਦੇਸ਼ ਦੇ ਬਾਸ਼ਿੰਦੇ ਹੀ ਨਹੀਂ ਹੁੰਦੇ । ਮੇਰੇ ਵੀਰ ਜ਼ਿਕਰ ਕਰ ਰਹੇ ਸੀ । ਐਲਾਨ ਆਇਆ, ਹੁਕਮ ਹੋਇਆ ਕਿ ਜਾਓ ਪੰਜਾਬ ਦੇ ਅੰਦਰ ਅਤੇ ਗਰੀਬ ਲੋਕਾਂ ਨੂੰ ਪਕੜ ਪਕੜ ਕੇ ਜਮ੍ਹਾਂ ਕਰੋ । ਸੱਚ ਪੁੱਛੋ ਉਸ ਵਕਤ ਮੇਰੇ ਸੱਤ ਬੱਚੇ ਸਨ । (ਹਾਸਾ) ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਗਰੀਬ ਲੋਕਾਂ ਨੂੰ ਲੂੰਡੇ ਟਰੱਕਾਂ ਵਿਚ ਲਿਆਂਦਾ ਗਿਆ । 3-4 ਜੰਗਮ ਜਿਹੜੇ ਸੜਕਾਂ ਤੇ ਕਹਿੰਦੇ ਹਨ ਕਿ ਭਲਾ ਕਰੇਗਾ, ਭਲਾ ਕਰੇਗਾ ਉਨ੍ਹਾਂ ਨੂੰ ਅੰਦਰ ਲੈ ਗਏ ਤੇ ਕਿਹਾ ਖੁੱਲ੍ਹ ਜਾ ਸਿਮ ਸਿਮ ਖੁੱਲ੍ਹ ਜਾ ਸਿਮ ਸਿਮ ਉਹ ਸਾਰੇ ਲਾਈਨ ਵਿੱਚ ਲੱਗ ਗਏ । ਮੈਂ ਇਨ੍ਹਾਂ ਨੂੰ ਪੁੱਛਣ ਚਲਾ ਗਿਆ । ਭਰਾ ਜੀ, ਤੁਹਾਡੇ ਘਰ ਵਿੱਚ ਕਿਸੇ ਨੇ ਅਪਰੇਸ਼ਨ ਕਰਵਾਇਆ ਹੈ । ਇੱਕ ਨਾਇਬ ਤਹਿਸੀਲਦਾਰ

ਬੋਲਿਆ ਕਿ ਰਾਮ ਲਾਲ ਜੀ ਸਾਡੇ ਕੰਮ ਵਿੱਚ ਮੁਦਾਲਖਤ ਨਾ ਕਰੋ । ਇਨ੍ਹਾਂ ਨੇ ਕਿਹਾ ਕਿ ਨਿੱਕੇ ਨਿੱਕੇ ਜਾਨਵਰਾਂ ਨੂੰ ਪਕੜ ਕੇ ਛੱਡ ਦਿਓ । ਕਿਤੇ ਝਿੰਗੜ ਨੂੰ ਹੱਥ ਮਾਰ ਕੇ ਦੇਖੋ ਕੰਡਾ ਮਾਰ ਕੇ ਢਿੱਡ ਨਾ ਪਾੜ ਦੇਵੇ । ਗਰੀਬ ਲੋਕਾਂ ਨੂੰ ਚੁੱਕ ਚੁੱਕ ਕੇ ਜਮ੍ਹਾਂ ਕਰ ਰਹੇ ਹੋ । ਸ. ਨਰੰਜਨ ਸਿੰਘ ਡੀ. ਸੀ. ਲੱਗਾ ਸੀ । ਮੈਨੂੰ ਕਹਿੰਦੇ ਕਿ ਇਸ ਨੂੰ ਚੁਕਾ ਦਿਓ । ਮੈਂ ਕਿਹਾ ਕਿ ਕਾਹਦੇ ਵਾਸਤੇ ਚੁਕਾਵਾਓਗੇ । ਕੀ ਮੇਰਾ ਵੀ ਅਪਰੇਸ਼ਨ ਕਰਨਾ ਹੈ । ਮੈਂ ਕਿਹਾ ਕਿ ਜੇ ਹਿੰਮਤ ਹੈ ਤਾਂ ਮੈਨੂੰ ਪਕੜ ਕੇ ਦਿਖਾਓ । ਜੇ ਬੰਦੇ ਦੇ ਆਧਾਰ ਤੇ ਅਪਰੇਸ਼ਨ ਹੁੰਦਾ ਤਾਂ ਢਾਈ ਢਾਈ ਕੁਇੰਟਲ ਦਾ ਬੰਦਾ ਦੁਕਾਨਾਂ ਤੇ ਬੈਠਾ ਹੁੰਦਾ । ਕਿਸੇ ਨੂੰ ਛੇੜਿਆ ਨਹੀਂ । ਗਰੀਬ ਲੋਕ ਜਿਹੜੇ ਇਨ੍ਹਾਂ ਨੂੰ ਸੱਦਾ ਦਿੰਦੇ ਹਨ, ਜਿਹੜਾ ਇਨ੍ਹਾਂ ਨੂੰ ਰਾਜ ਗੱਦੀ ਤੇ ਬਿਠਾਉਂਦੇ ਹਨ, ਉਨ੍ਹਾਂ ਚੁੱਕ ਚੁੱਕ ਕੇ ਜਿਬਹਾ ਕੀਤਾ । ਸਪੀਕਰ ਸਾਹਿਬ, ਨਾ ਦੇਖਿਆ ਰੰਡਾ ਤੇ ਨਾ ਕੋਈ ਹੋਰ । ਅਸੀਂ ਰਾਤ ਨੂੰ ਕੁੱਕੜ ਦੇਖਦੇ ਹਾਂ ਤੇ ਉਹ ਵੀ ਚੂਕਦਾ ਤੇ ਸਿਰ ਹਿਲਾਂਦਾ ਹੈ ਤੇ ਇਨ੍ਹਾਂ ਨੇ ਗਰੀਬ ਤੇ ਭਾਰ ਪਾ ਦਿੱਤਾ ਕਿ ਉਹ ਬੋਲ ਨਹੀਂ ਸਕਿਆ, ਜਬਾਨ ਤੇ ਤਾਲਾ ਲਗਾ ਦਿੱਤਾ । ਅਫਸੋਸ ਕੱਲ੍ਹ ਭਾਸ਼ਨ ਹੋਇਆ ਅਤੇ ਕਿਹਾ ਸ਼ਹੀਦਾਂ ਨੇ ਕੁਰਬਾਨੀ ਦਿੱਤੀ । ਉਨ੍ਹਾਂ ਨੇ ਇਸ ਵਾਸਤੇ ਤੁਹਾਨੂੰ ਆਜ਼ਾਦੀ ਦਿੱਤੀ ਸੀ ਕਿ ਗਰੀਬ ਲੋਕਾਂ ਦੀ ਜ਼ੁਬਾਨ ਨੂੰ ਤਾਲੇ ਲਗਾ ਦਿਓ ? ਅੱਜ ਉਨ੍ਹਾਂ ਲੋਕਾਂ ਦੀ ਸਜ਼ਾ ਤੁਹਾਨੂੰ ਮਿਲੀ ਹੈ । ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਗਰੀਬਾਂ ਲਈ ਇਕ ਨਵਾਂ ਸਵੇਰਾ ਲੈ ਕੇ ਆਇਆ ਹੈ । ਅੱਜ ਇਹ ਗੱਲ ਕਹਿ ਰਹੇ ਹਨ ਕਿ ਅਸੀਂ ਗਰੀਬਾਂ ਲਈ ਕੀ ਕੀਤਾ ਹੈ । ਤੁਸਾਂ ਕੀ ਕੀਤਾ ਗਰੀਬਾਂ ਲਈ ? ਦਸ ਪੈਸੇ ਤੁਸੀਂ ਗਰੀਬਾਂ ਦੀਆਂ ਬੱਚੀਆਂ ਨੂੰ ਪਿਆਰ ਨਹੀਂ ਦਿੰਦੇ ਰਹੇ । ਅੱਜ ਪ੍ਰਕਾਸ਼ ਸਿੰਘ ਬਾਦਲ ਔਰ ਭਾਰਤੀ ਜਨਤਾ ਪਾਰਟੀ ਨੇ ਗਰੀਬ ਲੋਕਾਂ ਨੂੰ ਨਵਾਂ ਸਵੇਰਾ ਦਿੱਤਾ ਹੈ । ਅਸੀਂ ਖੁਸ਼ੀ ਮਨਾਉਂਦੇ ਹਾਂ ਕਿ ਹੇ ਪ੍ਰਭੂ ਸਾਡੀ ਬੱਚੀ ਦੀ ਸ਼ਾਦੀ ਹੋਵੇਗੀ ਤਾਂ ਸਾਨੂੰ 5100 ਰੁਪਏ ਮਿਲਣਗੇ, ਜਿਸ ਨਾਲ ਅਸੀਂ ਘਰ ਦਾ ਕੋਈ ਨਾ ਕੋਈ ਕੰਮ ਕਰ ਲਵਾਂਗੇ । ਇਸ ਤੇ ਆਪੋ ਆਪਣੀ ਪੁੱਗੀ ਦੀ ਹੈ । ਮੇਰਾ ਸਵਰਗਵਾਸੀ ਵੀਰ ਪੰਜਾਬ ਦੇ ਅੰਦਰ ਕੁਰਬਾਨੀ ਦੇ ਗਿਆ । ਉਸ ਦੇ ਜਾਣ ਤੋਂ ਬਾਅਦ ਜਿਸ ਤਰ੍ਹਾਂ ਕੁੱਕੜ ਮੁੰਨਦੇ ਹਨ, ਕਿਤੇ ਖੰਭ ਅਤੇ ਕਿਤੇ ਕੁਝ ਖਿੱਚਦੇ ਹਨ, ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਉਸੇ ਤਰ੍ਹਾਂ ਕਰਨ ਲੱਗ ਪਏ । ਜਿਸ ਤਰ੍ਹਾਂ ਡਾਇਨ ਦਾ ਜਦੋਂ ਦਾਅ ਨਾ ਲੱਗੇ ਤਾਂ ਉਹ ਆਪਣੇ ਭਤੀਜੇ ਦਾ ਮੰਜੇ ਉਤੇ ਖੇਡਦੇ ਦਾ ਹੀ ਕਾਲਜਾ ਕੱਢ ਲੈਂਦੀ ਹੈ । ਸਰਦਾਰ ਬੇਅੰਤ ਸਿੰਘ ਜੀ ਦੇ ਬਲਿਹਾਰੀ ਉਹ ਇਕ ਸ਼ਹੀਦ ਸਨ, ਉਨ੍ਹਾਂ ਦੇ ਜਾਣ ਤੋਂ ਬਾਅਦ ਭਰਾੜ ਆਇਆ । ਇਹ ਉਸ ਦੀਆਂ ਲੱਤਾਂ ਖਿੱਚਣ ਲੱਗ ਪਏ । ਫਿਰ ਭੈਣ ਆ ਗਈ । (ਵਿਘਨ)

ਸ੍ਰੀ ਸਪੀਕਰ : ਰਾਮ ਲਾਲ ਜੀ । ਹੁਣ ਵਾਈਂਡ ਅੱਪ ਕਰੋ ।

ਸ੍ਰੀ ਰਾਮ ਲਾਲ : ਮੇਰੀ ਭੈਣ ਪ੍ਰੈਜ਼ੀਡੈਂਟ ਬਣੀ । ਉਸ ਨੂੰ ਪਰ੍ਹੇ ਕਰ ਦਿੱਤਾ ਅਤੇ ਮੇਰਾ ਵੀਰ ਆ ਗਿਆ । ਤੁਸੀਂ ਤਾਂ ਆਪਣੇ ਟੱਬਰ ਦਾ ਕਾਲਜਾ ਕੱਢਦੇ ਹੋ, ਤੁਸੀਂ ਗਰੀਬਾਂ ਦਾ ਕੀ ਸੋਚਣਾ ਸੀ । ਅੱਜ ਪੰਜਾਬ ਦੇ ਅੰਦਰ ਬਲਿਹਾਰੀ ਕਿ ਗਰੀਬ ਲੋਕਾਂ ਨੂੰ ਜੋ ਰਾਹਤ ਮਿਲੀ ਹੈ, ਇਹ ਬਹੁਤ ਲੰਬੇ ਅਰਸੇ ਤੋਂ ਬਾਅਦ ਮਿਲੀ ਹੈ । ਭੈਣ ਦੀਆਂ ਬਦ-ਦੁਆਵਾਂ ਤੁਹਾਨੂੰ ਲੱਗਣੀਆਂ ਹਨ । ਆਹ ਭੈਣ ਪਤਾ ਨਹੀਂ 3-4 ਦਿਨਾਂ ਤੋਂ ਨਹੀਂ ਆ ਰਹੀ । ਤੁਹਾਨੂੰ

[ਸ਼੍ਰੀ ਰਾਮ ਲਾਲ]

ਉਸ ਦੀਆਂ ਬਦ-ਦੁਆਵਾਂ ਲੱਗਣੀਆਂ ਹਨ । ਭੈਣ ਤਾਂ ਵੀਰਾਂ ਨੂੰ ਰੱਖੜੀ ਬੰਨ੍ਹਦੀ ਹੈ ਔਰ ਕਿੰਨੀ ਖੁਸ਼ੀ ਮਨਾਉਂਦੇ ਹਾਂ ਔਰ ਤੁਸੀਂ ਕਿਹਾ ਭੈਣ ਪਰ੍ਹੇ ਜਾ ਤੂੰ, ਠੀਕ ਕੰਮ ਨਹੀਂ ਕਰਦੀ । ਇਹ ਹਾਲਤ ਹੈ ਤੁਹਾਡੀ, ਤੁਸੀਂ ਗਰੀਬਾਂ ਨੂੰ ਕਿੰਨਾ ਕੁ ਸੁਣੋਂਗੇ....

ਸ੍ਰੀ ਸਪੀਕਰ : ਰਾਮ ਲਾਲ ਜੀ, ਬੈਠ ਜਾਓ ਹੁਣ ।

ਸ੍ਰੀ ਰਾਮ ਲਾਲ : ਮੈਂ ਜ਼ਿਕਰ ਕਰ ਰਿਹਾ ਹਾਂ ਕਿ ਵਾਸਤਾ ਏ ਰੱਬ ਦਾ, ਦੇਸ਼ ਦੇ ਅੰਦਰ ਰਹਿਣ ਵਾਲੇ ਗਰੀਬਾਂ ਦੇ ਵੱਲ ਧਿਆਨ ਦੇਵੋ । ਜਿਸ ਤਰ੍ਹਾਂ ਸਬਜ਼ੀ ਵਿੱਚ ਲੂਣ ਪਾਉਂਦੇ ਹਨ, ਜੇਕਰ ਲੂਣ ਨਾ ਪਾਇਆ ਜਾਵੇ ਤਾਂ ਸਬਜ਼ੀ ਦਾ ਮਜ਼ਾ ਕਿਰਕਰਾ ਹੋ ਜਾਂਦਾ ਹੈ, ਹੁਣ ਉਹੀ ਲੂਣ ਪਿਆਜ ਗਿਣਤੀ ਮਿਣਤੀ ਦੇ ਰਹਿ ਗਏ ਹਨ । ਧਿਆਨ ਦੇਣਾ, ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਮਿਲਾ ਰਿਹਾ ਹਾਂ । ਮਹਾਰਾਜਾ ਰਣਜੀਤ ਸਿੰਘ ਇਕ ਰਾਜਾ ਸੀ, ਜਿਸ ਤਰ੍ਹਾਂ ਸਾਡਾ ਰਾਜਾ ਬੈਠਾ ਹੈ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ । ਝਾਤੀ ਮਾਰੋ ਹਿਸਟਰੀ ਵਿੱਚ, ਇਕ ਵਾਰੀ ਕਾਲ ਪੈ ਗਿਆ ਸੀ । ਰਾਜਾ ਰਣਜੀਤ ਸਿੰਘ ਨੇ ਸੋਚਿਆ ਕਿ ਬਜ਼ੁਰਗ ਆਇਆ ਹੈ ਅਤੇ ਉਸ ਦੇ ਨਾਲ ਛੋਟਾ ਜਿਹਾ ਬੱਚਾ ਆਇਆ ਹੈ, ਭਾਈਆ ਨੌਜਵਾਨ ਕਿੱਥੇ ਗਿਆ ਤਾਂ ਉਹ ਕਹਿੰਦਾ ਪੁੱਤਰ, ਉਹ ਮਰ ਗਿਆ ਹੈ ਤਾਂ ਰਣਜੀਤ ਸਿੰਘ ਕਹਿੰਦਾ ਫਿਰ ਰਾਸ਼ਨ ਕੌਣ ਲਿਜਾਏਗਾ, ਉਹ ਕਹਿੰਦਾ ਮੇਰੇ ਕੋਲੋਂ ਜਿੰਨਾ ਚੁੱਕਿਆ ਗਿਆ, ਮੈਂ ਲੈ ਜਾਵਾਂਗਾ । ਉਨ੍ਹਾਂ ਨੇ ਅੱਗੋਂ ਕਿਹਾ ਤੈਨੂੰ ਜਿੰਨਾ ਚਾਹੀਦਾ ਹੈ, ਤੂੰ ਦੱਸ ਅਤੇ ਉਹ ਆਪ ਪੰਡ ਚੁੱਕ ਕੇ ਉਸ ਦੇ ਘਰ ਛੱਡਣ ਗਿਆ ਅਤੇ ਫਿਰ ਉਸ ਨੇ ਬਜ਼ੁਰਗ ਨੂੰ ਪੁੱਛਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕੋਈ ਦੁੱਖ ਤਾਂ ਨਹੀਂ ਤਾਂ ਅੱਗੋਂ ਉਹ ਬਜ਼ੁਰਗ ਕਹਿੰਦਾ ਕਿ ਨਹੀਂ ਜੀ ਅਤੇ ਕਿਹਾ ਕਿ ਤੁਸੀਂ ਮੇਰੇ ਨਾਲ ਹਮਦਰਦੀ ਰੱਖਣ ਵਾਲੇ ਹੋ ਕੌਣ ਤਾਂ ਉਸ ਨੇ ਅੱਗੋਂ ਕਿਹਾ ਕਿ ਮੈਂ ਰਣਜੀਤ ਸਿੰਘ ਹਾਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਗੁਰਦਾਸਪੁਰ ਵਿੱਚ ਗਏ । ਆਪਣੇ ਛੋਟੇ ਵਰਗ ਦੀ ਰੈਲੀ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਇਕ ਕੜਾਕਾ ਕੱਢਿਆ । ਕੜਾਕਾ ਕਿਸ ਦਾ, ਜਿਹੜਾ ਕਹਿੰਦਾ ਸੀ ਕਿ ਮੈਨੂੰ ਕਿਸ ਨੇ ਪੁੱਛਣਾ ਹੈ । ਉਹ ਦਵਾਈਆਂ ਘਰ ਦਿੰਦਾ ਸੀ ਅਤੇ ਡਿਊਟੀ ਹਸਪਤਾਲ ਹੁੰਦੀ ਸੀ । ਉਸੇ ਦੀ ਵਜ੍ਹਾ ਹੈ ਕਿ ਪੰਜਾਬ ਦੇ ਅੰਦਰ ਕੋਈ ਵੀ ਮੁਲਾਜ਼ਮ ਗੈਰ ਹਾਜ਼ਰ ਨਹੀਂ ਹੁੰਦਾ ਔਰ ਇਸ ਦਾ ਕਾਰਨ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ । ਆਪਣੇ ਇਲਾਕੇ ਦੇ ਅੰਦਰ ਸਪੀਕਰ ਸਾਹਿਬ, ਮੈਂ ਖੁਦ ਜਾ ਕੇ ਛਾਪੇ ਮਾਰੇ ਔਰ ਜਿਹੜੇ ਮੇਰੇ ਵੀਰ ਲੁੱਕ ਸੁੱਟਦੇ ਸੀ, ਉਸ ਵਿਚੋਂ ਕੁਝ ਲੁੱਕ ਐਮ. ਐਲ. ਏ. ਪੀ ਜਾਂਦਾ ਸੀ ਅਤੇ ਕੁਝ ਐਮ. ਪੀ. ਪੀ ਜਾਂਦਾ ਸੀ ਅਤੇ ਸੜਕਾਂ ਦੇ ਉਪਰ ਛਿੱਟਾ ਛਿੱਟਾ ਸੁੱਟਣੀ ਅਤੇ ਸੜਕਾਂ ਪਾਸ ਹੋ ਜਾਣੀਆਂ । ਮੇਰੇ ਵੀਰ ਜ਼ਿਕਰ ਕਰਦੇ ਸੀ ਕਿ ਅਸੀਂ ਸੜਕਾਂ ਵੱਲ ਧਿਆਨ ਨਹੀਂ ਦਿੰਦੇ । ਜਿੰਨੀ ਰਕਮ ਲੱਗਣੀ ਹੈ, ਉਸ ਵੱਲ ਧਿਆਨ ਨਹੀਂ ਦਿੰਦੇ । ਇਨ੍ਹਾਂ ਨੇ ਕਾਗਜ਼ਾਂ ਵਿੱਚ ਸੜਕਾਂ ਬਣਾ ਲਈਆਂ ਤੇ ਪੈਸੇ ਵੱਲ ਧਿਆਨ ਕਰ ਲਿਆ । ਧਿਆਨ ਕਰਕੇ ਕਿੱਥੇ ਕਿੱਥੇ ਦੇਣਾ ਸੀ, ਉਹ ਦਿੱਤਾ । ਅਸੀਂ ਇਹ ਕੰਮ ਨਹੀਂ ਕਰਦੇ । ਅਸੀਂ ਸੜਕਾਂ ਤੇ ਜਾ ਕੇ ਛਾਪੇ ਮਾਰਦੇ ਹਾਂ ਕਿ ਖ਼ਬਰਦਾਰ ਜੇ ਸਾਡੇ ਘਰ ਡਰੰਮ

ਭੇਜੇ ਲੁੱਕ ਦੇ । ਇਹ ਲੁੱਕ ਅਸੀਂ ਨਹੀਂ ਪੀਂਦੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਹੈ, ਭਾਰਤੀ ਜਨਤਾ ਪਾਰਟੀ ਦਾ ਰਾਜ ਹੈ । ਅਈਂ ਕਿਸ ਨੂੰ ਲੁੱਕ ਪਿਆਉਂਦੇ ਹਾਂ, ਸੜਕਾਂ ਨੂੰ । ਜਿਸ ਤਰ੍ਹਾਂ ਅੱਛੀਆਂ ਸੜਕਾਂ ਹੁੰਦੀਆਂ ਹਨ, ਜਿਸ ਤਰ੍ਹਾਂ ਕਹਿੰਦੇ ਹਨ ਨਾ ਕਾਲੀ ਸ਼ਾਹ ਸੜਕ ਹੁੰਦੀ ਹੈ । ਜਿਸ ਤਰ੍ਹਾਂ ਸਬਜ਼ੀ ਵਿੱਚ ਮਸਾਲੇ ਦਾ ਤੜਕਾ ਲੱਗਦਾ ਹੈ, ਲੂਣ ਮਿਰਚ, ਹਲਦੀ, ਲੱਸਣ, ਗੰਢਾ ਅਤੇ ਅਧਰਕ ਦਾ ਔਰ ਇਹ ਤੜਕ ਕੇ ਸਬਜ਼ੀ ਬਣਾਈ ਤਾਂ ਜਿਥੇ ਸਾਡਾ ਭਾਅ ਤਿੰਨ ਰੋਟੀਆਂ ਖਾਂਦਾ ਸੀ, 13 ਰੋਟੀਆਂ ਖਾਧੀਆਂ । ਉਸੇ ਤਰ੍ਹਾਂ ਇਨ੍ਹਾਂ ਸੜਕਾਂ ਨੇ ਜਿਥੇ 5 ਸਾਲ ਚੱਲਣਾ ਹੈ, ਉਥੇ ਇਹ 7 ਸਾਲ ਜ਼ਿਆਦਾ ਚੱਲਣਗੀਆਂ । ਆਖਰ ਰਾਜ ਕਿਸ ਦਾ ਹੈ । ਪਿੰਡਾਂ ਦੇ ਅੰਦਰ ਕੋਈ ਜਾ ਕੇ ਦੇਖੋ, ਸਪੀਕਰ ਸਾਹਿਬ, ਧਿਆਨ ਮਾਰੋ ਕਿ ਪਿੰਡਾਂ ਦੇ ਵਿੱਚ ਵੱਡੇ ਵੱਡੇ ਵਿਸ਼ਾਲ ਪ੍ਰੋਗਰਾਮ ਕਰਕੇ, ਚੈਕ ਵੰਡੇ ਹਨ । ਫਿਰ ਕਈ ਬੰਦੇ ਕਹਿੰਦੇ ਹਨ ਕਿ ਝੂਠ ਬੋਲ ਰਹੇ ਹਨ ਅਤੇ ਫਿਰ ਅਸੀਂ ਉਂਗਲ ਕਰਕੇ ਦੱਸਦੇ ਹਾਂ ਕਿ ਅਸੀਂ ਕਾਂਗਰਸ ਪਾਰਟੀ ਦੇ ਲੋਕਾਂ ਵਾਂਗ ਨਹੀਂ ਹਾਂ ਕਿ ਪਹਿਲੇ ਨੱਚੀਏ, ਫਿਰ ਨਿੱਕਾ ਜਿਹਾ ਕਢੀਏ ਮੂੰਹ ਦੇ ਵਿਚੋਂ ਗੋਲਾ ਫਿਰ ਥੋੜਾ ਜਿਹਾ ਵੱਡਾ, ਫਿਰ ਥੋੜ੍ਹਾ ਜਿਹਾ ਹੋਰ ਵੱਡਾ ਮੂੰਹ ਵਿਚੋਂ ਕਢੀਏ ਗੋਲਾ ਅਤੇ ਫਿਰ ਵੱਡਾ ਮੂੰਹ ਚੌੜਾ ਕਰਕੇ ਐਡਾ ਵੱਡਾ ਗੋਲਾ ਕਢੀਏ ਅੰਦਰੋਂ । ਇੱਕ ਇੱਕ ਰੁਪਏ ਨੂੰ 33-33, 34-34 ਰੁਪਏ ਦੇ ਰੂਪ ਵਿਚ ਚਾਂਦੀ ਦੇ ਕੱਢੀਏ, ਉਹ ਕੌਣ ਕਢਦੇ ਹਨ ਜਿਹੜੇ ਤਮਾਸ਼ਾ ਕਰਦੇ ਹਨ । ਅਸੀਂ ਤਮਾਸ਼ਾ ਕਰਨ ਵਾਲਿਆਂ ਵਿਚ ਤਾਂ ਨਹੀਂ, ਅਸੀਂ ਤਾਂ ਪ੍ਰੈਕਟੀਕਲੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਜਿਹੜੀ ਸੋਚ ਹੈ, ਉਹ ਪਿੰਡਾਂ ਦੇ ਵਿਚ ਲਿਆ ਰਹੇ ਹਾਂ । ਇਨ੍ਹਾਂ ਦੀ ਸੋਚ ਸੀ ਮੂੰਹ ਦੇ ਵਿਚੋਂ ਬੋਲਣਾ । ਇਕ ਦਿਨ ਆਉਂਦਾ ਹੈ ਸਾਰੇ ਹਿੰਦੁਸਤਾਨ ਦੇ ਵਿੱਚ ਸਿਰਫ ਇਕ ਦਿਨ ਮੇਰੀਆਂ ਭੈਣਾਂ ਵਾਸਤੇ । ਜੋ ਮੁਨਿਆਰੀ ਦੀਆਂ ਦੁਕਾਨਾਂ ਹੁੰਦੀਆਂ ਹਨ ਉਨ੍ਹਾਂ ਤੇ ਲਾਲ ਰਿਬਨ ਮੁੱਕ ਜਾਂਦਾ ਹੈ । ਮੇਰੀ ਹਰ ਭੈਣ ਲਾਲ ਰਿਬਨ ਲੈਂਦੀ ਹੈ ਜਿਹੜੀ ਸ਼ਾਦੀ-ਸ਼ੁਦਾ ਹੁੰਦੀ ਹੈ । ਇਸੇ ਤਰ੍ਹਾਂ ਕਾਂਗਰਸ ਪਾਰਟੀ ਦੇ ਰਾਜ ਦੇ ਅੰਦਰ ਉਦਘਾਟਨ ਕਰਨਾ ਹੁੰਦਾ ਸੀ ਤਾਂ ਮੇਰੇ ਜਿੰਨੀ ਉਚੀ ਬਣਾ ਲੈਣੀ ਬੁਰਜੀ । ਮੈਂ ਇਨ੍ਹਾਂ ਦੇ ਕਾਰਨਾਮੇ ਦੱਸਣਾ ਚਾਹੁੰਦਾ ਹਾਂ ਉਸ ਵੇਲੇ ਇੱਟਾਂ ਦੀ ਬਣਾ ਲੈਣ ਬੁਰਜੀ, ਉਸ ਦੇ ਵਿਚ ਮੰਤਰੀ ਦਾ ਨਾਮ ਲਿਖ ਦੇਣਾ । (ਵਿਘਨ) ਇਨ੍ਹਾਂ ਨੇ ਲਾਲ ਫੀਤਾ ਲੈ ਲੈਣਾ ਅਤੇ ਉਸ ਦੇ ਵਿਚ ਇਕ ਪਲੇਟ ਹੋਣੀ ਅਤੇ ਉਸ ਦੇ ਵਿੱਚ ਰੱਖ ਲੈਣੀਆਂ ਅਲੈਚੀਆਂ ..

ਸ੍ਰੀ ਸਪੀਕਰ : ਰਾਮ ਲਾਲ ਜੀ, ਪਹਿਲਾ ਡੋਗਰਾ ਸਾਹਿਬ ਦਾ ਪੁਆਇੰਟ ਆਫ ਆਰਡਰ ਸੁਣ ਲਈਏ ।

ਸ੍ਰੀ ਰਮੇਸ਼ ਚੰਦਰ ਡੋਗਰਾ : ** ** **

ਸ੍ਰੀ ਸਪੀਕਰ : ਨਹੀਂ ਜੀ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ੍ਰੀ ਰਾਮ ਲਾਲ : ਇਹ ਮੈਂ ਤਾਂ ਦੱਸ ਰਿਹਾ ਹਾਂ ਕਿ ਜਦੋਂ ਪ੍ਰਾਣੀ ਪ੍ਰਾਣ ਤਿਆਗਦਾ ਹੈ ਤੇ ਗੀਤਾ ਲੱਭਦੇ ਹਾਂ ਕਿ ਜਾਓ ਅਤੇ ਜਾ ਕੇ ਕਿਸੇ ਦੇ ਘਰ ਤੋਂ ਗੀਤਾ ਲਿਆਓ ਅਤੇ ਕੁੜੀ ਨੂੰ ਕਹਿ ਦਿਓ ਕਿ ਭਰਾ ਦੇ ਸਰਾਣੇ ਬੈਠ ਕੇ ਪੜ੍ਹੇ ਤਾਂ ਜੋ ਭਰਾ ਦੇ ਪ੍ਰਾਣ

*Expunged as ordered by the Chair.

[ਸ਼੍ਰੀ ਰਾਮ ਲਾਲ]

ਛੇਤੀ ਨਿਕਲਣ । ਇਹ ਪਿਛਲੀ ਕਿਉਂ ਦੱਸਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਰਾਜ ਵਿਚ ਕੀ ਕੀਤਾ ਹੈ । ਉਥੇ ਫੀਤਾ ਲਗ ਜਾਣਾ, ਹਾਰ ਆ ਜਾਣੇ, ਬੈਂਡ ਵਜਣ ਲਗ ਜਾਣੇ, ਬੜੇ ਨਾਅਰੇ ਜ਼ਿੰਦਾਬਾਦ ਦ ਲੱਗਣ ਲਗ ਜਾਣੇ । ਜਦੋਂ ਫੀਤਾ ਕੱਟਣ ਦੀ ਵਾਰੀ ਆਉਣੀ ਉਸ ਨੂੰ ਇਕ ਨਿੱਕੀ ਜਿਹੀ ਕੈਂਚੀ ਹੋਣੀ, ਇਲਾਚੀਆਂ ਅਤੇ ਉਸ ਤੋਂ ਬਾਅਦ ਮਿਸ਼ਰੀ । ਫੀਤਾ ਕੱਟਣਾ ਤੇ ਕਹਿਣਾ ਕਿ ਇਹ ਪੰਜ ਲੱਖ ਦਾ ਪ੍ਰਾਜੈਕਟ ਬਣਨਾ ਹੈ । ਗਰੀਬ ਲੋਕਾਂ ਵਲੋਂ ਤਾੜੀਆਂ ਵੱਜ ਜਾਣੀਆਂ, ਜ਼ਿੰਦਾਬਾਦ-ਜ਼ਿੰਦਾਬਾਦ । ਉਹ ਟਰਮ ਨਿਕਲ ਜਾਣੀ ਅਤੇ ਪੱਥਰ ਡਿੱਗ ਜਾਣੇ । ਬਲਿਹਾਰੇ ਪ੍ਰਕਾਸ਼ ਸਿੰਘ ਬਾਦਲ ਜੀ ਤੁਸੀਂ ਜੋ ਮੂੰਹ ਵਿਚੋਂ ਬੋਲਿਆ ਉਹ ਲੋਕਾਂ ਨੂੰ ਕਰਕੇ ਦਿਖਾਇਆ । ਕਿੰਨਾ ਅੰਤਰ ਹੈ, ਇਨ੍ਹਾਂ ਬੋਲ ਬੋਲ ਕੇ ਲੋਕਾਂ ਦੇ ਢਿੱਡ ਭਰ ਛੱਡੇ । ਫਿਰ ਆਫਰ ਗਏ । ਗਰੀਬ ਲੋਕ ਆਫਰ ਗਏ । ਜਿਸ ਤਰ੍ਹਾਂ ਕੋਈ ਬਰੂ ਖਾ ਲਵੇ, ਪਸ਼ੂ ਨੂੰ ਕੁਝ ਦਿਓ ਤਾਂ ਕਿ ਇਹ ਆਫਰਪੁਣਾ ਘਟੇ ਅਤੇ ਫਿਰ ਉਸ ਦੇ ਢਿੱਡ ਵਿਚ ਗੜੱਪ ਕਰਕੇ ਸੂਆ ਮਾਰਦੇ ਹਨ ਕਿ ਇਸ ਦੇ ਢਿੱਡ ਵਿਚੋਂ ਹਵਾ ਬਾਹਰ ਨਿਕਲੇ । ਇਸ ਨੂੰ ਸਾਹ ਸੌਖਾ ਆਵੇ । ਸਚਮੁੱਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਲੋਕਾਂ ਨੂੰ ਜੋ ਦਿਸ਼ਾ ਦਿੱਤੀ, ਅਟੱਲ ਬਿਹਾਰੀ ਵਾਜਪਾਈ ਜੀ ਨੇ ਲੋਕਾਂ ਨੂੰ ਜੋ ਦਿਸ਼ਾ ਦਿੱਤੀ ਜੋ ਪੰਜਾਬ ਦੇ ਮੁਖੀਏ ਬਲਰਾਮ ਜੀ ਦਾਸ ਟੰਡਨ, ਮਿੱਤਲ ਸਾਹਿਬ ਤੇ ਹੋਰ ਸਾਥੀਆਂ ਨੇ ਲੋਕਾਂ ਦੇ ਅੰਦਰ ਪਿਆਰ ਦੀ ਭਾਵਨਾ ਪੈਦਾ ਕੀਤੀ ਕਿ ਸਾਨੂੰ ਇਕ ਵਾਰੀ ਸੇਵਾ ਕਰਨ ਦਾ ਮੌਕਾ ਦਿਓ, ਅਸੀਂ ਤੁਹਾਡੀ ਸੇਵਾ ਕਰਾਂਗੇ । ਅੱਜ ਗਰੀਬ ਲੋਕਾਂ ਦੀ ਸੇਵਾ ਹੋ ਰਹੀ ਹੈ । ਤੁਸੀਂ ਕਾਹਨੂੰ ਤੜਫਣ ਲਗੇ ਹੋ, ਕਾਹਨੂੰ ਲੋਰੀਆਂ ਦੇ ਰਹੇ ਹੋ, ਰੋਂਦੇ-ਰੋਂਦੇ । ਇਹ ਕਹਿੰਦੇ ਨੇ ਕਿ ਤੁਸੀਂ ਸਾਡੇ ਕੋਲੋਂ ਕਿਉਂ ਚਲੇ ਗਏ ? ਅਸੀਂ ਤੁਹਾਡਾ ਕੀ ਕੀਤਾ ਆਪਣੇ ਗਰੇਬਾਨ ਵਿਚ ਝਾਤੀ ਮਾਰੋ ਤੁਸੀਂ ਕੀਤਾ ਕੀ ? ਸੱਚ ਪੁੱਛੋ ਸਪੀਕਰ ਸਾਹਿਬ, ਮੈਂ ਬਾਜ਼ਾਰ ਵਿਚ ਦਨਦਨਾਉਂਦਾ ਸੀ ਅਤੇ ਕਹਿੰਦਾ ਸੀ ਕਿ ਇਹ ਜੋ ਖੇਡ ਤੁਸੀਂ ਖੇਡ ਰਹੇ ਹੋ ਕਿਉਂ ਖੇਡ ਰਹੇ ਹੋ । ਡਾ. ਭੀਮ ਰਾਓ ਅੰਬੇਡਕਰ ਦੀ ਬਦੌਲਤ ਇਕ ਵੋਟ ਦਾ ਅਧਿਕਾਰ ਸੀ, ਤੁਸੀਂ ਅੱਜ ਉਸ ਦੀ ਗਲਤ ਵਰਤੋਂ ਕਿਉਂ ਕਰ ਰਹੇ ਹੋ ? ਕਈ ਬੰਦੇ ਜੇਲ੍ਹਾਂ ਵਿਚ ਦੇ ਦਿੱਤੇ ਗਏ । ਕਈ ਮੇਰੀਆਂ ਭੈਣਾਂ ਜਿਨ੍ਹਾਂ ਦੇ ਪਤੀ ਫੌਜ ਵਿਚ ਭਰਤੀ ਸਨ, ਉਨ੍ਹਾਂ ਦੇ ਵੱਲ ਚਾਰ-ਚਾਰ ਪੰਜ-ਪੰਜ ਕੇਸ ਮਾਰੇ ਗਏ । ਮੁਲਾਜ਼ਮਾਂ ਨੂੰ ਬਾਊਂਡ ਕਰ ਦਿੱਤਾ ਗਿਆ ਕਿ ਤੁਸੀਂ ਪੰਜ ਕੇਸ ਦੇਣੇ ਹਨ । ਕਈਆਂ ਨੇ ਕਹਿਣਾ ਮੈਂ ਟਿਊਬਵੈੱਲ ਦਾ ਕੁਨੈਕਸ਼ਨ ਲੈਣਾ ਹੈ । ਮਿਹਰਬਾਨੀ ਕਰਕੇ ਇਸ ਕੁਨੈਕਸ਼ਨ ਦੀ ਸੈਂਕਸ਼ਨ ਦਿਓ । ਅਫਸਰਾਂ ਨੇ ਕਹਿਣਾ ਕਿ ਪਹਿਲਾਂ ਪੰਜ ਕੁਨੈਕਸ਼ਨ ਕਟਵਾ ਬੰਦਿਆ ਦੇ ਫਿਰ ਤੈਨੂੰ ਟਿਊਬਵੈੱਲ ਦਾ ਕੁਨੈਕਸ਼ਨ ਮਿਲਣਾ ਹੈ ।

ਸ਼੍ਰੀ ਸਪੀਕਰ: ਵਾਈਂਡ ਅੱਪ ਕਰੋ ਜੀ ।

ਸ਼੍ਰੀ ਰਾਮ ਲਾਲ: ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੰਜਾਬ ਦੇ ਵਿਚ ਆਪਣੇ ਰਾਜ ਦੇ ਅੰਦਰ ਕੀ ਕੀਤਾ । ਮੇਰੀ ਭੈਣ ਆਈ ਬਦੇਸ਼ ਦੇ ਵਿਚੋਂ ਉਹ ਫਰਾਂਸ ਦੇ ਵਿਚੋਂ ਬੀਬੀ ਆਈ ਸੀ । ਇਨ੍ਹਾਂ ਨੇ ਕੀ ਕਾਰਨਾਮੇ ਕੀਤੇ ਹਨ । ਜੋ ਦੁਰਦਸ਼ਾ ਕੀਤੀ ਉਸ ਬੀਬੀ ਦੀ ਉਹ ਨਾ ਕਾਬਲੇ ਬਰਦਾਸ਼ਤ ਹੈ । ਜੋ ਦਿੱਲੀ ਵਿਚ ਮੇਰੀ ਭੈਣ ਦੇ ਨਿੱਕੇ-ਨਿੱਕੇ

ਟੋਟੇ ਕਰਕੇ ਤੰਦੂਰ ਵਿਚ ਸੁੱਟੀ । ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਅਸੀਂ ਕੀਤਾ ਕੀ ਹੈ । ਇਥੇ ਕਹਿੰਦੇ ਹਨ ਇਸ ਹੱਥ ਕਰ ਇਸ ਹਥ ਲੈ । ਜੋ ਤੁਸੀਂ ਕੀਤਾ ਸੀ ਉਹ ਅੱਜ ਤੁਹਾਨੂੰ ਭੁਗਤਣੀਆਂ ਪੈ ਰਹੀਆਂ ਹਨ । ਅੱਜ ਜੇਕਰ ਬਾਗ ਉਜੜਿਆ ਹੋਵੇ ਅੰਬਾਂ ਦਾ ਤਾਂ ਉਸ ਦੇ ਵਿਚੋਂ ਅੰਬ ਜਿਵੇਂ ਝਾੜ ਲੈਂਦੇ ਹਨ ਤਾਂ ਉਸ ਵਿਚੋਂ ਟੀਸੀ ਦੇ ਉਤੇ ਇਕ ਲਾਲ ਅੰਬ ਹੁੰਦਾ ਹੈ । ਉਸੇ ਤਰ੍ਹਾਂ ਅੱਜ ਇਹ ਪੰਜ ਦਸ ਵੀਰ ਬੈਠੇ ਹਨ । ਸੱਚ ਪੁੱਛੋ ਜਿਨ੍ਹਾਂ ਗਰੀਬ ਲੋਕਾਂ ਤੇ ਇਨ੍ਹਾਂ ਨੇ ਜ਼ੁਲਮ ਕੀਤਾ ਤੇ ਉਨ੍ਹਾਂ ਨੇ ਸਜ਼ਾ ਦਿੱਤੀ । ਮੈਂ ਵਿਸਥਾਰ ਵਿਚ ਚਲਾ ਗਿਆ, ਮੈਂ ਮੋੜ ਕੇ ਲਿਆਉਣਾ ਚਾਹੁੰਦਾ ਹਾਂ ਪਹਿਲਾਂ ਕਾਗਜ਼ਾਂ ਵਿਚ ਪੁਲ ਬਣਦੇ ਹਨ ! ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ, ਭਾਰਤੀ ਜਨਤਾ ਪਾਰਟੀ ਦੇ ਰਾਜ ਅੰਦਰ ਅੱਜ ਪੁਲ ਬਣ ਰਹੇ ਹਨ । ਮੈਂ ਛਾਪਾ ਮਾਰਿਆ, ਮੈਨੂੰ ਜਾਣਕਾਰੀ ਮਿਲੀ ਕਿ ਨਿਰਾ ਰੇਤਾ ਪਾਇਆ ਜਾ ਰਿਹਾ ਹੈ । ਉਸ ਨੂੰ ਤਕੜਾ ਕਰਨ ਲਈ ਪਾਣੀ ਦੀ ਪੱਟਾਸ਼ ਕੀਤੀ ਜਾ ਰਹੀ ਹੈ । ਉਸ ਨੂੰ ਗੈਸ ਦਿੱਤੀ ਜਾ ਰਹੀ ਹੈ । ਛਾਪਾ ਮਾਰਿਆ ਤੇ ਨਿਕਲਿਆ ਨਿਰਾ ਰੇਤਾ । ਡੀ. ਸੀ. ਨੂੰ ਯਾਦ ਕੀਤਾ, ਐਸ. ਡੀ. ਓ. ਪਠਾਨਕੋਟ ਨੂੰ ਯਾਦ ਕੀਤਾ ਮੌਕੇ ਤੇ ਜਾ ਕੇ ਟੰਗਿਆ । ਅੱਠ ਪੁਲੀਆਂ ਬਣੀਆਂ ਹੋਈਆਂ ਢੁਹਾਈਆਂ ਕਿਉਂਕਿ ਅਸੀਂ ਰੇਤਾ ਨਹੀਂ ਚਾਹੁੰਦੇ ਸੀਮਿੰਟ ਚਾਹੁੰਦੇ ਹਾਂ । ਇਨ੍ਹਾਂ ਨੇ ਸੀਮਿੰਟ ਗੁਦਾਮਾਂ ਵਿਚ ਲਾ ਦੇਣਾ ਤੇ ਰੇਤੇ ਨੂੰ ਪੱਟਾਸ਼ ਪਾਣੀ ਦੀ ਦੇਣੀ ਤੇ ਚਮਕਾ ਕੇ ਧਰ ਦੇਣਾ । ਨਾਲ ਹੀ ਕਹਿ ਦੇਣਾ ਕਿ ਜਾਓ ਤੁਹਾਡਾ ਬਿੱਲ ਪਾਸ ਹੋ ਗਿਆ ਹੈ, ਕੰਮ ਪੂਰਾ ਹੋ ਗਿਆ ਹੈ ਤੇ ਹੁਣ ਸਾਡੀ ਵਾਰੀ । ਇਥੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੇ ਜ਼ਿੰਮੇਵਾਰ ਵਿਅਕਤੀ ਬੈਠੇ ਹਨ । ਅਸੀਂ ਵਰਕਰਾਂ ਨੂੰ ਟ੍ਰੇਨਿੰਗ ਦਿੰਦੇ ਹਾਂ ਕਿ ਲੋਕਾਂ ਦੀ ਸੇਵਾ ਕਰੋ । ਲੇਕਿਨ ਮੇਰੇ ਵੀਰ ਬੈਠੇ ਹਨ ਉਨ੍ਹਾਂ ਦੇ ਰਾਜ ਵਿਚ ਵਰਕਰ ਸੱਦ ਲੈਣੇ ਉਨ੍ਹਾਂ ਨੂੰ ਤਾਕਤ ਦੇਣੀ ਤੇ ਕਹਿਣਾ ਜਾਓ ਲੁੱਟੋ ਤੇ ਕੁਝ ਸਾਡੇ ਵੱਲ ਵੀ ਸੁੱਟੋ । ਸਾਡੀ ਸਰਕਾਰ ਇਹ ਨਹੀਂ ਕਹਿੰਦੀ । ਅਸੀਂ ਕਹਿੰਦੇ ਹਾਂ ਵਰਕਰ ਵੀਰੋ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਹੈ, ਰਾਮ ਰਾਜ ਆਇਆ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਆਇਆ ਹੈ, ਸ਼੍ਰੀ ਅਟੱਲ ਬਿਹਾਰੀ ਵਾਜਪਾਈ ਜੀ ਦਾ ਰਾਜ ਆਇਆ ਹੈ । ਸੇਵਾ ਕਰ ਲਓ, ਸੇਵਾ ਦੇ ਨਾਲ ਅਸੀਂ ਲੋਕਾਂ ਨੂੰ ਜਿੱਤਿਆ ਹੈ ਅਸੀਂ ਚਾਰ ਜੰਗਾਂ ਜਿੱਤੀਆਂ ਹਨ । ਅਸੀਂ ਚਾਰ ਐਮ. ਐਲ. ਏ. ਦੀ ਜੰਗ ਜਿੱਤੀ, ਐਮ. ਪੀ. ਦੀ ਜੰਗ ਜਿੱਤੀ....

ਸ੍ਰੀ ਸਪੀਕਰ : ਰਾਮ ਲਾਲ ਜੀ, ਹੁਣ ਖ਼ਤਮ ਕਰੋ ।

ਸ੍ਰੀ ਰਾਮ ਲਾਲ : ਮੈਂ ਬਸ ਕਲੋਜ਼ ਕਰ ਰਿਹਾ ਹਾਂ । ਪੰਚਾਂ ਸਰਪੰਚਾਂ ਦੀ ਜੰਗ ਜਿੱਤੀ, ਮਿਉਂਸੀਪੈਲਟੀਆਂ ਦੀ ਜੰਗ ਜਿੱਤੀ । ਇਕ ਅੱਲ ਹੁੰਦੀ ਹੈ, ਉਹ ਸਿਰਫ਼ ਉਪਰੋਂ ਹੀ ਦਿੱਸਣ ਨੂੰ ਹੁੰਦੀ ਹੈ, ਵਿਚੋਂ ਸਾਰਾ ਕੁਝ ਕੱਢ ਲਓ । ਇਹ ਵੀ ਉਪਰੋਂ ਹੀ ਹਨ, ਵਿਚੋਂ ਇਨ੍ਹਾਂ ਦਾ ਸਾਰਾ ਕੰਮ ਮੁੱਕ ਗਿਆ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸਰਕਾਰ ਦਾ ਧਿਆਨ ਇਸ ਪਾਸੇ ਲਿਆਉਣਾ ਚਾਹੁੰਦਾ ਹਾਂ ਕਿ ਸੱਚ ਪੁੱਛੋ ਸਾਨੂੰ ਤੇ ਆਜ਼ਾਦੀ ਹੁਣ ਮਿਲੀ ਹੈ । ਪਾਕਿਸਤਾਨ ਵਿਚੋਂ ਆਏ ਸੀ ਆਜ਼ਾਦੀ ਲਵਾਂਗੇ, ਕੱਲ੍ਹ ਗਾ ਰਹੇ ਸੀ ਗੀਤ ਸ਼ਹੀਦਾਂ ਦੇ । ਮੈਂ ਅਨੁਸੂਚਿਤ ਜਾਤੀ ਦਾ ਛੋਟਾ ਜਿਹਾ ਕਾਰਿਆਕਰਤਾ ਹਾਂ, ਮਹਾਸ਼ਾ ਜਾਤੀ ਨਾਲ ਸਬੰਧਤ ਹਾਂ । ਜੋ ਇਨ੍ਹਾਂ ਨੇ ਕੀਤਾ ਤਾਂ ਸੱਚ ਪੁੱਛੋ ਸਾਡੇ ਤੋਂ ਬਰਦਾਸ਼ਤ

[ਸ਼੍ਰੀ ਰਾਮ ਲਾਲ]

ਨਹੀਂ ਹੋਇਆ । ਜਿਨ੍ਹਾਂ ਨੇ ਸ਼ਹੀਦੀਆਂ ਦਿੱਤੀਆਂ, ਕੁਰਬਾਨੀਆਂ ਕੀਤੀਆਂ, ਬੰਦ-ਬੰਦ ਕਟਵਾਏ, ਛੋਟੇ ਛੋਟੇ ਬੱਚੇ ਸ਼ਹੀਦ ਕਰਵਾਏ, ਫਾਂਸੀ ਦੇ ਤਖਤਿਆਂ ਤੇ ਚੜ੍ਹੇ । ਉਨ੍ਹਾਂ ਦੀ ਤਮੰਨਾ ਕੀ ਸੀ ਜਦੋਂ ਪੰਜਾਬ ਦੇ ਬਜਟ ਵਿਚ ਬੈਠਣਗੇ ਤਾਂ ਉਸ ਅੰਦਰ ਗਰੀਬ ਲੋਕਾਂ ਦੀ, ਪਿੰਡਾਂ-ਦਿਹਾਤਾਂ ਦੀ ਗੱਲ ਸੁਣੀ ਜਾਵੇਗੀ । ਪਰ ਇਨ੍ਹਾਂ ਨੇ ਤੇ ਸੁਣੀ ਨਹੀਂ ਤੇ ਆਪਣੀ ਗਾਈ ਗਏ । ਇਕੋ ਚੀਜ਼ ਗਾਉਣੀ ਕਿ ਜਿੰਨੀ ਅੰਨ੍ਹੀ ਪਾਉਣੀ ਹੈ ਪਾ ਦਿਓ । ਇਸ ਵਾਸਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਐਸਾ ਹੈ ਕਿ ਜੋ ਸਾਨੂੰ ਸਹਾਇਤਾ ਮਿਲੀ ਹੈ, ਸਹੂਲਤਾਂ ਮਿਲੀਆਂ ਹਨ, ਉਨ੍ਹਾਂ ਵਾਸਤੇ ਧੰਨਵਾਦ ਕਰਦੇ ਹਾਂ । ਬਾਦਲ ਸਾਹਿਬ ਨੂੰ ਆਪ ਜੀ ਦੁਆਰਾ ਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦੇ ਹਾਂ । ਇਥੇ ਦੇਖ ਰਹੇ ਹਾਂ ਸਾਡੇ ਹਾਲੇ ਦੋ ਸਾਲ ਹੋਏ ਹਨ । ਕਿੱਥੇ 48 ਸਾਲ ਤੇ ਕਿੱਥੇ ਦੋ ਸਾਲ । ਕੰਡੇ ਕਿਸ ਨੇ ਬੀਜੇ, ਇਹ ਬੇਰੀ ਦੇ ਬੂਟੇ ਕਿਸ ਨੇ ਬੀਜੇ ਜਿਸ ਵਿਚ ਸਹੁਰੇ ਦੀ ਪੱਗ, ਭਾਅ ਦੀ ਪੱਗ, ਵੀਰ ਦੀ ਪਗ ਫਸਦੀ ਹੈ । ਹੁਣ ਇਹ ਕਹਿੰਦੇ ਹਨ ਕਿ ਇਹ ਕੰਡੇ ਅਸੀਂ ਬੀਜੇ ਹਨ । ਪਿੱਛੇ ਜਿਹੇ ਮੈਂ ਗੁਰਦਾਸਪੁਰ ਦੇ ਵਿਚ ਮਹਿੰਗਾਈ ਦੇ ਖਿਲਾਫ ਜਲੂਸ ਕੱਢਿਆ । ਲੋਕਾਂ ਨੇ ਇਕ ਦੂਜੇ ਦੇ ਸਿਰ ਪਾੜੇ, ਆਪਸ ਵਿਚ ਲੜ-ਲੜ ਕੇ ਮਰ ਗਏ । ਗਰੀਬਾਂ ਦੀ ਗੱਲ ਕਰਦੇ ਹਨ । ਜਿਵੇਂ ਘਰ ਵਿਚ ਮਾਂ-ਪਿਓ ਦੀ ਲੜਾਈ ਹੋਵੇ ਤੇ ਪ੍ਰਾਹੁਣੇ ਦੇ ਗੋਟੇ ਪੈਂਦੇ ਹਨ । ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ, ਤੁਸੀਂ ਇਕ ਛੋਟੇ ਜਿਹੇ ਕਾਰਿਆਕਰਤਾ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚ ਬੋਲਣ ਦਾ ਮੌਕਾ ਦਿੱਤਾ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦੀ ਹਾਂ । ਜੈ ਭਾਰਤ ।

ਚੌਧਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜੋ ਭਾਸ਼ਣ ਦਿੱਤਾ ਹੈ ਅਤੇ ਜਿਹੜਾ ਪ੍ਰਸਤਾਵ ਸਾਡੇ ਮਾਨਯੋਗ ਮੈਂਬਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਧੰਨਵਾਦ ਦਾ ਰੱਖਿਆ ਹੈ, ਮੈਂ ਉਸ ਦੀ ਵਿਰੋਧਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਕਿਉਂਕਿ . . .(**ਇੱਕ ਆਵਾਜ਼** : ਵਿਰੋਧਤਾ ਨਹੀਂ ਪ੍ਰੋੜ੍ਹਤਾ ਕਰੋ ।)

ਸ਼੍ਰੀ ਸਪੀਕਰ : ਕਿਰਪਾ ਕਰਕੇ ਉਨ੍ਹਾਂ ਨੂੰ ਬੋਲਣ ਦਿਓ । ਮੈਂ ਬੇਨਤੀ ਕਰਾਂਗਾ ਆਪਣੇ ਦੋਨੋਂ ਸਾਈਡ ਬੈਠੇ ਮੈਂਬਰ ਸਾਹਿਬਾਨ ਨੂੰ ਕਿ ਜਦੋਂ ਕੋਈ ਬੋਲਣ ਵਾਸਤੇ ਖੜ੍ਹਾ ਹੁੰਦਾ ਹੈ, ਉਸ ਨੂੰ ਸੁਣਨ ਦੀ ਕਿਰਪਾ ਕਰੋ । ਟੋਕਾ-ਟਾਕੀ ਸ਼ੁਰੂ ਕਰ ਦਿਓ, ਇਹ ਗੱਲ ਠੀਕ ਨਹੀਂ । ਇਸ ਲਈ ਕਿਰਪਾ ਕਰਕੇ ਜਦੋਂ ਵਿਰੋਧੀ ਧਿਰ ਦਾ ਨੇਤਾ ਬੋਲੇ ਉਸ ਨੂੰ ਸੁਣਨ ਦੀ ਖੇਚਲ ਕਰੋ । ਉਸ ਨੂੰ ਟੋਕਣ ਦੀ ਖੇਚਲ ਨਾ ਕਰੋ ।

ਚੌਧਰੀ ਜਗਜੀਤ ਸਿੰਘ : ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਲਈ ਵਿਰੋਧਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਇਸ ਸਾਰੇ ਨੂੰ ਬੜੇ ਗਹੁ ਨਾਲ ਪੜ੍ਹਿਆ ਹੈ । ਇਸ ਵਿਚ ਕੋਈ ਨਵੀਂ ਚੀਜ਼ ਸਾਨੂੰ ਦੇਖਣ ਨੂੰ ਨਹੀਂ ਆਈ । ਇਸ ਭਾਸ਼ਣ ਵਿਚ ਕੋਈ ਪੰਜਾਬ ਨੂੰ ਨਵੀਂ ਸੇਧ ਨਹੀਂ ਦਿੱਤੀ ਗਈ । ਇਥੇ ਡਿਪਾਰਮੈਂਟ ਵਾਈਜ਼ ਗੱਲਾਂ ਕੀਤੀਆਂ ਗਈਆਂ ਹਨ ਅਤੇ ਡਿਪਾਰਟਮੈਂਟ ਵਾਈਜ਼ ਜਿਹੜੇ ਸਾਡੇ ਪਲਾਨ ਹਨ ਜਿਨ੍ਹਾਂ

ਦਾ ਇਥੇ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਵਿਚ ਕਿਧਰੇ ਨਹੀਂ ਸਾਨੂੰ ਦਸਿਆ ਗਿਆ ਕਿ ਇਨ੍ਹਾਂ ਪਲਾਨ ਉਤੇ ਕਿੰਨਾ-2 ਖ਼ਰਚ ਕੀਤਾ ਜਾਵੇਗਾ ਅਤੇ ਇਸ ਪਲਾਨ ਦਾ ਕੀ ਸਾਈਜ਼ ਹੋਵੇਗਾ ਅਤੇ ਅਸਲ ਮਾਅਨਿਆਂ ਦੇ ਵਿਚ ਇਨ੍ਹਾਂ ਪਲਾਨਜ਼ ਦੇ ਉਤੇ ਕਿੰਨਾ ਕਿੰਨਾ ਖ਼ਰਚਾ ਸਰਕਾਰ ਵਲੋਂ ਕੀਤਾ ਜਾਵੇਗਾ । ਮੈਂ ਇਸ ਗਵਰਨਰ ਸਾਹਿਬ ਦੇ ਐਡਰੈਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ । ਇਸ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਖ਼ਾਲਸੇ ਦਾ 300 ਸਾਲਾ ਜਨਮ ਦਿਵਸ ਮਨਾਉਣ ਲਈ ਜ਼ਿਕਰ ਆਇਆ ਹੈ । ਸਪੀਕਰ ਸਾਹਿਬ, ਸਾਡੀ ਪਾਰਟੀ ਨੇ ਵੀ ਇਸ ਦਾ ਸਤਿਕਾਰ ਕੀਤਾ ਹੈ ਔਰ ਸਾਡੀ ਪਾਰਟੀ ਨੇ ਵੀ ਫ਼ੈਸਲਾ ਕੀਤਾ ਹੈ ਕਿ ਇਸ ਖ਼ਾਲਸੇ ਦੇ ਜਨਮ ਦਿਵਸ ਨੂੰ ਮਨਾਇਆ ਜਾਵੇ । ਅਸੀਂ ਅੱਜ ਇਥੇ ਬੈਠੇ ਹਾਂ ਨਾ ਕਿਸੇ ਨੇ 200 ਸਾਲਾ ਅਤੇ ਨਾ ਕਿਸੇ ਨੇ 400 ਸਾਲਾ ਖ਼ਾਲਸੇ ਦਾ ਜਨਮ ਦਿਵਸ ਵੇਖਣਾ ਹੈ । ਸਾਡੇ ਲਈ ਇਹ ਖ਼ਾਲਸੇ ਦਾ ਜਨਮ ਦਿਵਸ ਬੜਾ ਪਵਿੱਤਰ ਦਿਵਸ ਹੈ । ਇਸ ਨੂੰ ਮਨਾਉਣ ਲਈ ਪੰਜਾਬ ਪ੍ਰਦੇਸ਼ ਦੀ ਕਾਂਗਰਸ ਪਾਰਟੀ ਨੇ ਇਕ ਰੈਜ਼ੋਲਿਊਸ਼ਨ ਰਖਿਆ ਸੀ । ਉਸ ਰੈਜ਼ੋਲਿਊਸ਼ਨ ਤੋਂ ਬਾਅਦ ਅਸੀਂ ਸਾਰੇ ਇੱਕਠੇ ਹੋ ਕੇ ਦਿੱਲੀ ਆਪਣੀ ਕਾਂਗਰਸ ਪਾਰਟੀ ਦੀ ਪ੍ਰਧਾਨ ਸ਼੍ਰੀਮਤੀ ਸੋਨੀਆ ਗਾਂਧੀ ਜੀ ਕੋਲ ਗਏ ਅਤੇ ਅਰਜ਼ ਕੀਤੀ ਕਿ ਇਹ ਜਿਹੜਾ ਖ਼ਾਲਸੇ ਦਾ ਜਨਮ ਦਿਵਸ ਹੈ ਇਸ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਵੇ ਅਤੇ ਉਨ੍ਹਾਂ ਨੇ ਆਪਣੇ ਹਰ ਸਟੇਟ ਦੇ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਲਿਖਿਆ ਕਿ ਇਹ ਇਕ ਇਤਿਹਾਸਿਕ ਈਵੈਂਟ ਹੈ, ਜਿਸ ਨੂੰ ਆਪਣੀ ਆਪਣੀ ਸਟੇਟ ਦੇ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾਵੇ । ਇਸ ਸਬੰਧ ਵਿਚ ਅਸੀਂ ਅਸੰਬਲੀ ਵਿਚ ਕਿਹਾ ਸੀ ਕਿ ਇਸ ਖ਼ਾਲਸੇ ਦੇ ਜਨਮ ਦਿਵਸ ਨੂੰ ਮਨਾਉਣ ਲਈ ਆਲ ਪਾਰਟੀ ਦੀ ਮੀਟਿੰਗ ਕਰਕੇ ਫ਼ੈਸਲਾ ਕਰਨਾ ਚਾਹੀਦਾ ਹੈ । ਲੇਕਿਨ ਮੈਨੂੰ ਅਫ਼ਸੋਸ ਹੈ ਕਿ ਇਸ ਗੱਲ ਤੇ ਕੋਈ ਡਿਸਕਸ਼ਨ ਨਹੀਂ ਕੀਤੀ ਗਈ ।

*10.58 ਸਵੇਰੇ	(ਇਸ ਸਮੇਂ *ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਸਾਡੀ ਪਾਰਟੀ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ । ਸਰਕਾਰ ਵਲੋਂ ਜਿਹੜੀਆਂ ਕਮੇਟੀਆਂ ਇਸ ਸਬੰਧ ਵਿਚ ਬਣਾਈਆਂ ਗਈਆਂ ਉਸ ਦੇ ਵਿਚ ਆਪੋਜ਼ੀਸ਼ਨ ਪਾਰਟੀ ਨੂੰ ਨਹੀਂ ਬੁਲਾਇਆ ਗਿਆ ਅਤੇ ਨਾ ਹੀ ਇਨ੍ਹਾਂ ਸਰਕਾਰੀ ਕਮੇਟੀਆਂ ਦੇ ਵਿਚ ਸਾਡੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਕੋਈ ਮੈਂਬਰਸ਼ਿਪ ਤੱਕ ਨਹੀਂ ਦਿੱਤੀ ਗਈ ਜਦ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਸਾਰਿਆਂ ਦੇ ਸਾਂਝੇ ਗੁਰੂ ਸਨ ਜਿਨ੍ਹਾਂ ਨੇ ਹਿੰਦੂਆਂ ਦੀ ਰਾਖੀ ਲਈ ਆਪਣਾ ਵੰਸ਼ ਵਾਰ ਦਿੱਤਾ । ਗੁਰੂ ਸਾਹਿਬਾਨ ਬੜੇ ਸੈਕਲੂਰ ਸਨ ਅਤੇ ਉਨ੍ਹਾਂ ਨੇ ਆਪਣੇ 5 ਪਿਆਰੇ ਜਿਹੜੇ ਚੁਣੇ ਸਨ ਉਹ ਵੀ ਵੱਖ ਵੱਖ ਸਟੇਟਸ ਦੇ ਸਨ ਅਤੇ ਕਿਸੇ ਇਕ ਜਾਤ ਦੇ ਨਾਲ ਸਬੰਧ ਨਹੀਂ ਰੱਖਦੇ ਸਨ । ਇਹ ਪੰਜ ਪਿਆਰੇ ਸਾਰੀ ਮਾਨਵਤਾ ਦੇ ਨਾਲ ਸਬੰਧ ਰੱਖਣ ਵਾਲੇ ਸਨ ਅਤੇ ਸਾਰੇ ਹਿੰਦੁਸਤਾਨ ਦੇ ਵਿਚ ਵੱਸਣ ਵਾਲੇ ਸਨ ਅਤੇ ਇਨ੍ਹਾਂ ਪੰਜ ਪਿਆਰਿਆਂ ਦੇ ਵਿਚ ਲੋਕਾਂ ਦੀ ਬੜੀ ਸ਼ਰਧਾ ਹੈ । ਲੇਕਿਨ ਸਰਕਾਰ ਨੇ ਇਸ ਖ਼ਾਲਸੇ ਦੇ ਜਨਮ ਦਿਵਸ ਨੂੰ ਮਨਾਉਣ ਲਈ ਸਾਨੂੰ ਕਾਨਫ਼ੀਡੈਂਸ ਵਿਚ ਨਹੀਂ ਲਿਆ ਜਿਸ ਕਰਕੇ ਸਾਡੀ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਖ਼ਾਲਸੇ ਦੇ 300 ਸਾਲਾ

[ਚੌਧਰੀ ਜਗਜੀਤ ਸਿੰਘ]
ਜਨਮ ਦਿਵਸ ਨੂੰ ਮਨਾਇਆ ਜਾਵੇ ਅਤੇ ਇਹ ਸਾਡੀ ਪਾਰਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਫੈਸਲਾ ਕੀਤਾ ਗਿਆ ਹੈ। ਅਸੀਂ ਇਸ ਸਬੰਧ ਵਿਚ ਇਕ ਕਮੇਟੀ ਬਣਾਈ ਹੈ ਤਾਂ ਕਿ ਅੱਛੇ ਤਰੀਕੇ ਨਾਲ ਖਾਲਸੇ ਦੇ 300 ਸਾਲ ਜਨਮ ਦਿਵਸ ਨੂੰ ਰਾਜ ਵਿਚ ਮਨਾਇਆ ਜਾ ਸਕੇ। ਇਸ ਵਿਚ ਸਾਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਅਸੀਂ ਫੈਸਲਾ ਕੀਤਾ ਹੈ ਕਿ ਇਸ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਦੇ ਅੰਦਰ, ਦੇਸ਼ ਦੇ ਅੰਦਰ, ਸਾਡੀ ਪਾਰਟੀ ਵਲੋਂ ਖਾਲਸਾ ਸਾਜਣਾ ਦੀ 300 ਸਾਲਾ ਵਰ੍ਹੇਗੰਢ ਮਨਾਉਣੀ ਹੈ। ਇਕ ਅਸੀਂ ਸੈਮੀਨਾਰ ਕਰਾਂਗੇ, ਕੀਰਤਨ ਦਰਬਾਰ ਕਰਾਂਗੇ, ਢਾਡੀ ਦਰਬਾਰ ਕਰਾਂਗੇ। ਗੁਰੂ ਸਾਹਿਬਾਨ ਜਦੋਂ ਜੰਗਾਂ ਵਿਚ ਲੜਦੇ ਸੀ ਤਾਂ ਜਿਹੜਾ ਤੀਰ ਹੁੰਦਾ ਸੀ ਉਹਦੇ ਅੱਗੇ ਸੋਨਾ ਲੱਗਾ ਹੁੰਦਾ ਸੀ ਤਾਂ ਕਿ ਉਸ ਦੇ ਨਾਲ ਉਹ ਆਪਣੀ ਮਰਹਮ ਪੱਟੀ ਕਰ ਸਕੇ। ਅਸੀਂ ਖਾਲਸਾ ਦੇ 300 ਸਾਲਾ ਦਿਵਸ ਤੇ ਬਲੱਡ ਡੋਨੇਸ਼ਨ ਦਾ ਕੈਂਪ ਵੀ ਲਗਾਵਾਂਗੇ। ਹਿੰਦੁਸਤਾਨ ਪੱਧਰ ਤੇ ਇਹ ਸੈਮੀਨਾਰ ਹੋਵੇਗਾ। ਇਸ ਸੈਮੀਨਾਰ ਵਿਚ ਸਾਡੀ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਗੁਰੂ ਸਾਹਿਬ ਦੀ ਪਟਨਾ ਸਾਹਿਬ ਤੋਂ ਜੋਤ ਲਿਆਵਾਂਗੇ।

ਸਰਦਾਰ ਮੱਖਣ ਸਿੰਘ : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਕਿਹਾ ਹੈ ਕਿ ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਜਸ਼ਨਾਂ ਬਾਰੇ ਸਾਨੂੰ ਭਰੋਸੇ ਵਿਚ ਨਹੀਂ ਲਿਆ ਗਿਆ ਹੈ ਪਰ ਮੇਰੇ ਖਿਆਲ ਅਨੁਸਾਰ ਇਸ ਗੱਲ ਵਿਚ ਕੋਈ ਸਚਾਈ ਨਹੀਂ ਹੈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਤ੍ਰੈ-ਸ਼ਤਾਬਦੀ ਮਨਾਉਣ ਵਾਸਤੇ ਸਾਰੀਆਂ ਪਾਰਟੀਆਂ ਨੂੰ, ਸਾਰੇ ਪੰਜਾਬ ਦੇ ਲੋਕਾਂ ਨੂੰ, ਦੇਸ਼ ਦੇ ਲੋਕਾਂ ਨੂੰ ਅਪੀਲ ਕੀਤੀ ਸੀ। ਇਕ ਸਰਬ ਪਾਰਟੀ ਮੀਟਿੰਗ ਵੀ ਬੁਲਾਈ ਗਈ ਸੀ ਪਰ ਫਿਰ ਵੀ ਜੇਕਰ ਇਹ ਵੱਖਰੇ ਤੌਰ ਤੇ ਮਨਾਉਣਾ ਚਾਹੁੰਦੇ ਹਨ ਤਾਂ ਇਨ੍ਹਾਂ ਦੀ ਆਪਣੀ ਸ਼ਰਧਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਦਰਬਾਰ ਸਾਹਿਬ ਤੇ ਅਟੈਕ ਹੋਇਆ ਅਤੇ ਹਰਿਮੰਦਰ ਸਾਹਿਬ ਢਹਿ ਢੇਰੀ ਹੋ ਗਿਆ ਸੀ ਤਾਂ ਉਸ ਬਾਰੇ ਕੀ ਸੋਨੀਆ ਗਾਂਧੀ ਨੇ ਮਾਫੀ ਮੰਗ ਲਈ ਹੈ ਜਾਂ ਨਹੀਂ। ਮਾਫੀ ਨਹੀਂ ਮੰਗੀ ਤਾਂ ਫਿਰ ਉਨ੍ਹਾਂ ਨੂੰ ਖਾਲਸਾ ਸਾਜਣਾ ਦੇ ਤ੍ਰੈ-ਸ਼ਤਾਬਦੀ ਮਨਾਉਣ ਦਾ ਕੋਈ ਅਧਿਕਾਰ ਨਹੀਂ। (ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲ ਰਹੇ ਸਨ।)

ਸ੍ਰੀ ਡਿਪਟੀ ਸਪੀਕਰ : ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਪ੍ਰਾਰਥਨਾ ਕਰਾਂਗਾ ਕਿ ਬੈਠੇ, ਬੈਠੇ ਨਾ ਬੋਲਣ। ਚੌਧਰੀ ਸਾਹਿਬ ਤੁਸੀਂ ਕੰਟਨਿਊ ਕਰੋ।

ਚੌਧਰੀ ਜਗਜੀਤ ਸਿੰਘ : ਅਸੀਂ 300 ਸਾਲਾ ਦਿਨ ਮਨਾਉਣ ਦਾ ਫੈਸਲਾ ਕਰ ਲਿਆ। ਇਕ ਅਸੀਂ ਮੀਟਿੰਗ ਕੀਤੀ ਸੀ ਅਤੇ ਉਸ ਵੇਲੇ ਇਹ ਸਾਰਾ ਫੈਸਲਾ ਹੋ ਚੁੱਕਿਆ ਸੀ ਅਤੇ ਨਾਲ ਮੈਂ ਇਹ ਵੀ ਸਮਝਦਾ ਹਾਂ ਕਿ ਇਨ੍ਹਾਂ ਦੀ ਆਪਣੀ ਪਾਰਟੀ ਦੀ ਜੋ ਗੱਲ ਹੈ, ਉਸ ਵਿਚ ਮੈਂ ਦਖਲ ਨਹੀਂ ਦੇਣਾ ਚਾਹੁੰਦਾ। ਇਹ ਅੰਦਰੂਨੀ ਮਾਮਲਾ ਹੈ। ਜਦੋਂ ਇਨ੍ਹਾਂ ਦੀ ਮੀਟਿੰਗ ਹੋਈ ਸੀ ਤਾਂ ਉਸ ਤੋਂ ਪਹਿਲਾਂ ਸਾਡਾ ਪ੍ਰੋਗਰਾਮ ਬਣ ਚੁੱਕਿਆ ਸੀ।

ਪਟਨਾ ਸਾਹਿਬ ਤੋਂ ਜੋਤ ਲੈ ਕੇ ਅਸੀਂ ਆਵਾਂਗੇ ਅਤੇ ਉਸ ਜੋਤ ਨੂੰ ਦਿੱਲੀ ਵਿਚ ਸ੍ਰੀਮਤੀ ਸੋਨੀਆ ਗਾਂਧੀ ਜੀ ਅਤੇ ਦਿੱਲੀ ਦੇ ਮੁੱਖ ਮੰਤਰੀ ਜੀ ਰਸੀਵ ਕਰਨਗੇ । ਉਸ ਤੋਂ ਬਾਅਦ ਹਰਿਆਣੇ ਸਟੇਟ ਤੋਂ ਜਲੂਸ ਦੀ ਸ਼ਕਲ ਵਿਚ ਪੰਜਾਬ ਵਿਚ ਲਿਆਵਾਂਗੇ । ਉਹ ਜੋਤ ਹਜ਼ੂਰ ਸਾਹਿਬ ਲੈ ਕੇ ਜਾਵਾਂਗੇ । ਗੁਰੂ ਸਾਹਿਬ ਦੇ ਸ਼ਸਤਰ ਨਗਰ ਕੀਰਤਨ ਦੀ ਅਗਵਾਈ ਕਰਨਗੇ । ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਲਸਾ ਸਾਜਣਾ ਦੀ 300 ਸਾਲਾ ਵਰ੍ਹੇ ਗੰਢ ਵਿਚ ਹਰ ਪੰਜਾਬੀ ਆਪਣਾ ਯੋਗਦਾਨ ਪਾਵੇਗਾ ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਹੀਆ ਗਈਆਂ ਹਨ ਉਨ੍ਹਾਂ ਤੇ ਆਉਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ ਇਹ ਜਿਹੜਾ ਗਵਰਨਰ ਸਾਹਿਬ ਦਾ ਭਾਸ਼ਣ ਸਾਨੂੰ ਦਿਤਾ ਗਿਆ ਹੈ ਉਸ ਤੋਂ ਪਹਿਲਾਂ ਇਹ 1997 ਦਾ ਗਵਰਨਰ ਸਾਹਿਬ ਦਾ ਭਾਸ਼ਣ ਮੇਰੇ ਪਾਸ ਹੈ ਅਤੇ 1998 ਦਾ ਭਾਸ਼ਣ ਗਵਰਨਰ ਸਾਹਿਬ ਦਾ ਵੀ ਮੇਰੇ ਪਾਸ ਹੈ ਜਿਸ ਦੇ ਵਿਚ ਜਦੋਂ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ 1997 ਵਿਚ ਬਣੀ, ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਕਿਹਾ ਸੀ ਕਿ ਅਸੀਂ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਜਿਹੜੇ ਸਾਡੇ ਤਨਾਜ਼ੇ ਹਨ, ਜਿਹੜੀਆਂ ਸਾਡੀਆਂ ਚੀਜ਼ਾਂ ਰਹਿ ਗਈਆਂ ਹਨ, ਉਨ੍ਹਾਂ ਨੂੰ ਅੱਵਲ ਨੰਬਰ ਤੇ ਵਾਪਸ ਲਵਾਂਗੇ ਜਿਵੇਂ ਚੰਡੀਗੜ੍ਹ ਨੂੰ ਹਾਸਲ ਕਰਨ ਵਾਸਤੇ ਜਿਵੇਂ ਇਹ ਚੌਥੇ ਪੈਰੇ ਵਿਚ ਹੈ 1997 ਵਾਲੇ ਭਾਸ਼ਣ ਵਿਚ । ਇਸੇ ਤਰ੍ਹਾਂ ਜਿਹੜਾ 1998 ਦਾ ਭਾਸ਼ਣ ਹੈ, ਉਸਦੇ ਵਿਚ ਵੀ ਇਨ੍ਹਾਂ ਨੇ ਇਨ੍ਹਾਂ ਚੀਜ਼ਾਂ ਦਾ ਜ਼ਿਕਰ ਕੀਤਾ ਹੈ ਕਿ ਅਸੀਂ ਚੰਡੀਗੜ੍ਹ ਪ੍ਰਾਪਤ ਕਰਾਂਗੇ ਅਸੀਂ ਪੰਜਾਬੀ ਬੋਲਦੇ ਜਿਹੜੇ ਇਲਾਕੇ ਹਨ, ਉਨ੍ਹਾਂ ਨੂੰ ਹਾਸਲ ਕਰਾਂਗੇ ਔਰ ਅਸੀਂ ਜਿਹੜੇ ਪਾਣੀਆਂ ਦੇ ਝਗੜੇ ਹਨ, ਉਨ੍ਹਾਂ ਨੂੰ ਹੱਲ ਕਰਾਂਗੇ । ਲੇਕਿਨ ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਅਫਸੋਸ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਦੋ ਭਾਸ਼ਣਾਂ ਵਿਚ ਜੋ ਜ਼ਿਕਰ ਆਇਆ, ਇਹ ਦੋ ਸਾਲ ਜਿਹੜੀਆਂ ਗੱਲਾਂ ਕਰਦੇ ਰਹੇ ਅਤੇ 2 ਸਾਲ ਤੋਂ ਪਹਿਲਾਂ ਵੀ ਜਦੋਂ ਇਹ ਸੱਤਾ ਵਿਚ ਨਹੀਂ ਸਨ ਹੁੰਦੇ ਤਾਂ ਵੀ ਇਹ ਇਨ੍ਹਾਂ ਚੀਜ਼ਾਂ ਨੂੰ ਮੁੱਖ ਰੱਖ ਕੇ ਐਜੀਟੇਸ਼ਨਾਂ ਕਰਦੇ ਹਨ ਅਤੇ ਬੜਾ ਵਾਵੇਲਾ ਪੰਜਾਬ ਵਿਚ ਹੁੰਦਾ ਰਿਹਾ ਪਰ ਅੱਜ ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅੱਜ ਦਾ ਭਾਸ਼ਣ ਹੈ, ਇਸ ਦੇ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਤਾਂ ਕੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਪੰਜਾਬ ਵਿਚ ਇਹ ਜਿਹੜੀਆਂ ਚੀਜ਼ਾਂ ਹਾਸਲ ਕਰਨੀਆਂ ਸਨ ਜੋ ਇਹ ਚੀਜ਼ਾਂ ਸਾਡੇ ਪਾਸੋਂ ਖੁੱਸੀਆਂ ਸਨ, ਉਨ੍ਹਾਂ ਪ੍ਰਤੀ ਕੀ ਇਨ੍ਹਾਂ ਦਾ ਸਟੈਂਡ ਬਦਲ ਚੁੱਕਾ ਹੈ ? ਹੁਣ ਇਹ ਉਨ੍ਹਾਂ ਨੂੰ ਹਾਸਲ ਨਹੀਂ ਕਰਨਾ ਚਾਹੁੰਦੇ । ਇਸ ਤੀਜੇ ਐਡਰੈਸ ਵਿਚ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਹੋਇਆ । ਮੈਂ ਤਾਂ ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹਵਾਂਗਾ ਕਿ ਇਹ ਚੀਜ਼ਾਂ ਜਿਹੜੀਆਂ ਸਾਡੀਆਂ ਬਾਹਰ ਰਹਿ ਗਈਆਂ ਹਨ, ਸਾਡੀ ਪਾਰਟੀ ਔਰ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਹਾਸਲ ਕਰਨ ਵਾਸਤੇ ਅਸੀਂ ਸਮੁੱਚੇ ਤੌਰ ਤੇ ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਲੱਗਣਾ ਚਾਹੀਦਾ ਹੈ ਔਰ ਚੰਡੀਗੜ੍ਹ ਜੋ ਪੰਜਾਬ ਦੀ ਰਾਜਧਾਨੀ ਬਣਾਇਆ ਗਿਆ ਸੀ ਅਤੇ ਪੰਜਾਬੀਆਂ ਵਾਸਤੇ ਸੀ, ਜਿਸ ਦਾ ਜ਼ਿਕਰ ਇਨ੍ਹਾਂ ਨੇ ਆਪਣੇ ਪਹਿਲੇ ਦੋ ਗਵਰਨਰ ਐਡਰੈਸਾਂ ਵਿਚ ਵੀ ਕੀਤਾ ਹੈ, ਉਸਨੂੰ ਹਾਸਲ ਕਰਨ ਵਾਸਤੇ ਸਾਨੂੰ ਬੜੇ ਜ਼ੋਰ ਨਾਲ ਮੁਹਿੰਮ ਚਾਲੂ ਕਰਨੀ ਚਾਹੀਦੀ ਹੈ ਕਿਉਂਕਿ ਸਾਨੂੰ ਸਾਰਿਆਂ ਨੂੰ ਇਸ ਦੀ ਬੜੀ ਲੋੜ ਹੈ ।

[ਚੌਧਰੀ ਜਗਜੀਤ ਸਿੰਘ]

ਇਸੇ ਤਰ੍ਹਾਂ ਪੰਜਾਬੀ ਬੋਲਦੇ ਇਲਾਕੇ ਜਿਹੜੇ ਬਾਹਰ ਰਹਿ ਗਏ ਹਨ, ਉਨ੍ਹਾਂ ਨੂੰ ਵੀ ਸਾਨੂੰ ਹਾਸਲ ਕਰਨ ਵਾਸਤੇ ਸਮੁੱਚੇ ਪੰਜਾਬੀਆਂ ਨੂੰ ਕੰਮ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪਾਣੀਆਂ ਦੇ ਝਗੜੇ ਦੇ ਮੁਤੱਲਕ ਇਥੇ ਮੈਂ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਲਈ ਅੱਜ ਇਸ ਤਰ੍ਹਾਂ ਦੇ ਦਿਨ ਆਏ, ਇਹ ਕਿਉਂ ਆਏ ? ਜਿਹੜੀਆਂ ਚੀਜ਼ਾਂ ਦੀ ਅੱਜ ਅਸੀਂ ਮੰਗ ਕਰਦੇ ਹਾਂ, ਇਹ ਦਿਨ ਅੱਜ ਕਿਉਂ ਦੇਖਣੇ ਪਏ ? ਇਹ ਇਸ ਕਰਕੇ ਆਏ ਕਿ ਸਾਡਾ ਇਹ ਪੰਜਾਬ ਬਹੁਤ ਵੱਡਾ ਅਤੇ ਵਿਸ਼ਾਲ ਪੰਜਾਬ ਸੀ ਜਿਹੜਾ ਫਿਰੋਜ਼ਪੁਰ ਤੋਂ ਲੈ ਕੇ ਕੁੱਲੂ ਮਨਾਲੀ ਅਤੇ ਰੋਹਤਾਂਗ ਪਾਸ ਤੱਕ ਜਾਂਦਾ ਸੀ ਲੇਕਿਨ ਸਾਡੀ ਬਦਕਿਸਮਤੀ ਕਿ ਕੁਝ ਲੋਕਾਂ ਨੇ ਬਹੁਤ ਵੱਡੀ ਐਜੀਟੇਸ਼ਨ ਚਲਾਈ ਕਿ ਬੋਲੀ ਦੇ ਆਧਾਰ ਤੇ ਸੂਬਾ ਬਣਾਇਆ ਜਾਵੇ। ਅਸੀਂ ਬਹੁਤ ਵੱਡੇ ਸੂਬੇ ਨੂੰ, ਜਿਸ ਦੇ ਕਿ ਰੈਵੇਨਿਊ ਦੇ ਬਹੁਤ ਵੱਡੇ ਵਿਸਤ੍ਰਿਤ ਸਾਧਨ ਸਨ, ਉਹ ਖੁਹਾ ਲਿਆ। ਸਾਡੇ ਕੋਲੋਂ ਹਿਮਾਚਲ ਨਿਕਲ ਗਿਆ, ਉਸ ਦੇ ਵਿਚ ਪੈਂਦੇ ਫਾਰੈਸਟ ਨਿਕਲ ਗਏ। ਫਰੀਦਾਬਾਦ ਸਾਡੇ ਕੋਲੋਂ ਨਿਕਲ ਗਿਆ, ਉਸ ਦੀ ਸਾਰੀ ਇੰਡਸਟਰੀ ਚਲੀ ਗਈ, ਵੱਡੇ ਵੱਡੇ ਰੈਵੇਨਿਊ ਇਕੱਠਾ ਕਰਨ ਦੇ ਸਾਧਨ ਨਿਕਲ ਗਏ ਅਤੇ ਅਸੀਂ ਇੱਕ ਛੋਟਾ ਜਿਹਾ ਸੂਬਾ ਇਸ ਕਰਕੇ ਬਣਾ ਲਿਆ ਕਿ ਇਥੇ ਸਾਡਾ ਹਮੇਸ਼ਾਂ ਰਾਜ ਕਾਇਮ ਰਹੇ ਔਰ ਉਸ ਰਾਜ ਕਾਇਮ ਹੋਣ ਤੋਂ ਬਾਅਦ ਹੁਣ ਅਸੀਂ ਦੇਖਦੇ ਹਾਂ ਕਿ ਸਾਨੂੰ ਕੀ ਕੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਅੱਜ ਸਾਡੇ ਆਮਦਨ ਦੇ ਰਿਸੋਰਸਿਜ਼, ਡਿਪਟੀ ਸਪੀਕਰ ਸਾਹਿਬ, ਬੜੇ ਘੱਟ ਰਹੇ ਹਨ। ਅਸੀਂ ਅੱਜ ਬੜੇ ਵਿੱਤੀ ਸੰਕਟ ਵਿਚ ਫਸੇ ਹੋਏ ਹਾਂ। ਜੇ ਸਾਡਾ ਸੂਬਾ ਵੱਡਾ ਹੀ ਹੁੰਦਾ, ਛੋਟਾ ਨਾ ਬਣਾਇਆ ਹੁੰਦਾ ਤਾਂ ਅਸੀਂ ਹੋਰ ਜ਼ਿਆਦਾ ਪ੍ਰਫੁੱਲਤ ਹੋ ਸਕਦੇ ਸੀ। ਮੈਂ ਡਿਪਟੀ ਸਪੀਕਰ ਸਾਹਿਬ, ਇਥੇ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਸੂਬਾ ਅਸੀਂ ਵੱਡੇ ਤੋਂ ਛੋਟਾ ਬਣਾਇਆ ਹੈ, ਉਸ ਦੇ ਰਿਸੋਰਸਿਜ਼ ਘੱਟ ਹੋਏ ਅਤੇ ਉਸੇ ਦੇ ਨਤੀਜੇ ਅੱਜ ਅਸੀਂ ਭੁਗਤ ਰਹੇ ਹਾਂ ਜਿਹੜਾ ਕਿ ਸਾਰੇ ਪੰਜਾਬ ਨੂੰ, ਪੰਜਾਬੀਆਂ ਨੂੰ ਅਤੇ ਦੇਸ਼ ਨੂੰ ਪਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਪੰਜਾਬੀ ਸਪੀਕਿੰਗ ਏਰੀਆਜ਼ ਦੇ ਨਾਂ ਤੇ, ਪੰਜਾਬੀ ਬੋਲੀ ਦੇ ਨਾਂ ਤੇ ਸਾਡਾ ਇਹ ਸੂਬਾ ਬਣਿਆ ਹੈ ਪਰ ਤੁਸੀਂ ਵੇਖੋ ਕਿ ਅੱਜ ਪੰਜਾਬੀ ਦਾ ਕੀ ਹਸ਼ਰ ਹੋ ਰਿਹਾ ਹੈ। ਇਹ ਸਰਕਾਰ ਬਣਨ ਤੋਂ ਪਹਿਲਾਂ ਅਕਾਲੀ ਦਲ ਦਾ ਜੋ ਮੈਨੀਫੈਸਟੋ ਸੀ, ਉਸ ਦੇ ਵਿਚ ਇਹ ਕਿਹਾ ਗਿਆ ਸੀ ਕਿ ਅਸੀਂ ਪੰਜਾਬੀ ਨੂੰ ਪ੍ਰਫੁੱਲਤ ਕਰਾਂਗੇ। ਇਨ੍ਹਾਂ ਦੀ ਸਰਕਾਰ ਬਣੀ ਨੂੰ ਹੁਣ ਦੋ ਸਾਲ ਹੋ ਗਏ ਹਨ ਲੇਕਿਨ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਸਤੇ ਕੋਈ ਕੰਮ ਨਹੀਂ ਕੀਤਾ ਗਿਆ। ਜੋ ਕੁਝ ਵੀ ਕਿਹਾ ਜਾਂਦਾ ਹੈ, ਉਹ ਸਾਰੀਆਂ ਕਾਗਜ਼ੀ ਗੱਲਾ ਹੀ ਹਨ। ਅੱਜ ਵੀ ਇੱਕ ਸਰਕੂਲਰ ਐਜੂਕੇਸ਼ਨ ਮਨਿਸਟਰ ਸਾਹਿਬ ਇੱਕ ਸਵਾਲ ਦੇ ਜਵਾਬ ਵਿਚ ਕਹਿ ਰਹੇ ਸੀ, ਲੇਕਿਨ ਅਸਲ ਗੱਲ ਇਹ ਹੈ ਕਿ ਹਾਲੇ ਵੀ ਸਾਰੇ ਦਫ਼ਤਰਾਂ ਵਿਚ ਇੰਗਲਿਸ਼ ਵਿਚ ਕੰਮ ਚਲਦਾ ਹੈ। ਪੰਜਾਬ ਵਿਚ ਬਹੁਤ ਸਾਰੇ ਸਕੂਲ ਐਸੇ ਹਨ ਜੋ ਦਿੱਲੀ ਦੇ ਐਜੂਕੇਸ਼ਨ ਬੋਰਡ ਨਾਲ ਐਫੀਲੀਏਟਿਡ ਹਨ। ਪਬਲਿਕ ਸਕੂਲਾਂ ਵਿਚ ਪੰਜਾਬੀ ਦਾ ਕਿਤੇ ਨਾਂ ਵੀ ਨਹੀਂ ਲਿਆ ਜਾਂਦਾ। ਉਥੇ ਪੰਜਾਬੀ ਵਿਚ ਪੜ੍ਹਾਈ ਨਹੀਂ

ਹੁੰਦੀ । ਜ਼ਿਲ੍ਹਾ ਕਚਹਿਰੀਆਂ ਵਿਚ ਵੇਖ ਲਓ, ਉਥੇ ਅੰਗਰੇਜ਼ੀ ਟਾਈਪਰਾਈਟਰਜ਼ ਰੱਖੀਆਂ ਹੋਈਆਂ ਹਨ ਅਤੇ ਸਾਰਾ ਕੰਮ ਇੰਗਲਿਸ਼ ਵਿਚ ਹੋ ਰਿਹਾ ਹੈ । ਇਨ੍ਹਾਂ ਨੇ ਪੰਜਾਬੀ ਸੂਬਾ ਬਣਾਇਆ ਅਤੇ ਫਿਰ ਅਕਾਲੀ ਦਲ ਦੀ ਸਰਕਾਰ ਆਈ ਜਿਸ ਨੇ ਕਿਹਾ ਸੀ ਕਿ ਅਸੀਂ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਪ੍ਰਥਮ ਸਥਾਨ ਦੇਵਾਂਗੇ ਲੇਕਿਨ ਐਸਾ ਕੁਝ ਨਹੀਂ ਹੋਇਆ । ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਵਾਸਤੇ ਕੋਈ ਨਵੀਂ ਗੱਲ ਸਾਡੇ ਸਾਹਮਣੇ ਨਹੀਂ ਆਈ ਜੋ ਇਨ੍ਹਾਂ ਨੇ ਕੀਤੀ ਹੋਵੇ । ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਇਸ ਨੂੰ ਪ੍ਰਫੁੱਲਤ ਕਰਨਾ ਬਹੁਤ ਜ਼ਰੂਰੀ ਹੈ । ਇਸ ਦੇ ਪ੍ਰਫੁੱਲਤ ਹੋਣ ਨਾਲ ਪੰਜਾਬ ਦਾ ਹਰ ਬੱਚਾ, ਹਰ ਸ਼ਹਿਰੀ ਆਪਣੀ ਮਾਂ ਬੋਲੀ ਵਿਚ ਆਸਾਨ ਤਰੀਕੇ ਦੇ ਨਾਲ ਆਪਣੀ ਗੱਲ ਸਾਂਝੀ ਕਰ ਸਕਦਾ ਹੈ । ਇਸ ਦੇ ਵਾਸਤੇ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਜਿੰਨਾ ਕੰਮ ਕੀਤਾ ਜਾਣਾ ਚਾਹੀਦਾ ਸੀ, ਉਹ ਨਹੀਂ ਕੀਤਾ ਗਿਆ । ਇਸ ਮਾਮਲੇ ਵਿਚ ਇਹ ਸਰਕਾਰ ਦੀ ਬੜੀ ਵੱਡੀ ਫੇਲਿਓਰ ਹੈ । ਇਹ ਜੋ ਸਾਡੇ ਬੀ. ਜੇ. ਪੀ. ਵਾਲੇ ਭਰਾ ਹਨ, ਇਹ ਵੀ ਇਸ ਸਰਕਾਰ ਵਿਚ ਸ਼ਾਮਲ ਹਨ । ਇਨ੍ਹਾਂ ਦੋਨਾਂ ਪਾਰਟੀਆਂ ਦੀ ਸਾਂਝੀ ਸਰਕਾਰ ਹੈ । ਇਨ੍ਹਾਂ ਨੇ ਵੀ ਕਿਹਾ ਸੀ ਕਿ ਜਦੋਂ ਅਸੀਂ ਸੱਤਾ ਵਿਚ ਆਵਾਂਗੇ ਤਾਂ ਅਸੀਂ ਰਾਸ਼ਟਰ ਭਾਸ਼ਾ ਹਿੰਦੀ ਨੂੰ ਪ੍ਰਫੁੱਲਤ ਕਰਾਂਗੇ ਅਤੇ ਆਪਣਾ ਬੜਾ ਚੰਗਾ ਯੋਗਦਾਨ ਪਾ ਕੇ ਇਸ ਨੂੰ ਅੱਗੇ ਲਿਆਵਾਂਗੇ ।

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਭਲਾਈ ਮੰਤਰੀ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਅੱਜ ਪੰਜਾਬ ਵਿਚ ਅਮਨ-ਚੈਨ ਅਤੇ ਸਦ-ਭਾਵਨਾ ਦਾ ਵਾਤਾਵਰਨ ਬਣਿਆ ਹੋਇਆ ਹੈ । ਲੇਕਿਨ ਆਪੋਜ਼ੀਸ਼ਨ ਦੇ ਲੀਡਰ ਚੌਧਰੀ ਸਾਹਿਬ ਚੰਡੀਗੜ੍ਹ ਦਾ ਮਸਲਾ, ਲੈਂਗੂਏਜ ਦਾ ਮਸਲਾ, ਪੰਜਾਬੀ ਦਾ ਮਸਲਾ, ਹਿੰਦੀ ਦਾ ਮਸਲਾ ਵਗੈਰਾ—ਇਹ ਗੱਲਾਂ ਕਹਿ ਕੇ ਫਿਰ ਗੜੇ ਮੁਰਦੇ ਉਖਾੜ ਰਹੇ ਹਨ । ਵੇਖਣ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਮਨਸ਼ਾ ਕੀ ਹੈ ? ਇਹ ਚਾਹੁੰਦੇ ਹਨ ਕਿ ਪੰਜਾਬ ਵਿਚ ਫਿਰ ਪਹਿਲਾਂ ਵਰਗਾ ਤਨਾਅ ਹੋਵੇ । ਗਲੀਆਂ ਵਿਚ, ਬਾਜ਼ਾਰਾਂ ਵਿਚ ਫਿਰ ਤੋਂ ਤਨਾਅ ਹੋਵੇ ਅਤੇ ਮਾਰ-ਕੁਟਾਈ ਹੋਵੇ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਾਣੀਆਂ ਦਾ ਝਗੜਾ ਕਿਸ ਨੇ ਪੈਦਾ ਕੀਤਾ ? ਸੁਪਰੀਮ ਕੋਰਟ ਵਿਚੋਂ ਕਿਸ ਨੇ ਕੇਸ ਵਾਪਸ ਲਿਆ ? ਇੰਦਰਾ ਗਾਂਧੀ ਨੇ ਇਕ ਘੁਰਕੀ ਮਾਰੀ ਤੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈ ਲਿਆ । ਇਸ ਤਰ੍ਹਾਂ ਦੀਆਂ ਗੱਲਾਂ ਕਹਿ ਕੇ ਇਹ ਪੰਜਾਬ ਦੇ ਹਾਲਾਤ ਨੂੰ ਮੁੜ ਵਿਗਾੜਨ ਦੀ ਸਾਜ਼ਿਸ ਬਣਾ ਰਹੇ ਹਨ । ਇਹ ਆਪ ਹੀ ਗੜੇ ਮੁਰਦੇ ਉਖਾੜ ਕੇ ਪੰਜਾਬ ਦੇ ਵਾਤਾਵਰਨ ਨੂੰ ਦੂਸ਼ਿਤ ਕਰ ਰਹੇ ਹਨ ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਅਸੀਂ ਫੈਸਲਾ ਕੀਤਾ ਹੈ ਕਿ ਜਦੋਂ ਲੀਡਰ ਆਫ ਦੀ ਹਾਊਸ ਬੋਲੇ ਤਾਂ ਉਸ ਦੀ ਪੂਰੀ ਗੱਲ ਨੂੰ ਸੁਣਿਆ ਜਾਵੇ । ਇਸੇ ਤਰ੍ਹਾਂ ਨਾਲ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਵੀ ਪੂਰੀ ਤਰ੍ਹਾਂ ਸੁਣਿਆ ਜਾਣਾ ਚਾਹੀਦਾ ਹੈ । ਜੇ ਇਸ ਤਰ੍ਹਾਂ ਨਹੀਂ ਹੋਣਾ ਤਾਂ ਫਿਰ ਅਸੀਂ ਵੀ ਲੀਡਰ ਆਫ ਦੀ ਹਾਊਸ ਦੀ ਟੋਕਾ ਟਾਕੀ ਕਰਾਂਗੇ । ਸਪੀਕਰ ਸਾਹਿਬ ਨੇ ਵੀ ਕਿਹਾ ਸੀ ਕਿ ਆਪੋਜ਼ੀਸ਼ਨ ਦੀ ਗੱਲ ਆਰਾਮ ਨਾਲ ਸੁਣੀ ਜਾਵੇਗੀ ।

[ਚੌਧਰੀ ਜਗਜੀਤ ਸਿੰਘ]

ਮੈਂ ਹਿੰਦੀ ਦੇ ਬਾਰੇ ਅਰਜ਼ ਕਰ ਰਿਹਾ ਸੀ ਕਿ ਹਿੰਦੀ ਜਿਹੜੀ ਜ਼ੁਬਾਨ ਹੈ, ਉਸ ਨੂੰ ਵੀ ਪ੍ਰਫੁੱਲਤ ਸਾਨੂੰ ਕਰਨਾ ਚਾਹੀਦਾ ਹੈ । ਹੁਣ ਤਾਂ ਵਿਧਾਨ ਸਭਾ ਵਿਚ ਵੀ ਇੰਗਲਿਸ਼ ਨੂੰ ਹਟਾ ਕੇ ਸਾਰਾ ਕੰਮ ਪੰਜਾਬੀ ਵਿਚ ਕਰਨਾ ਸ਼ੁਰੂ ਕਰ ਦਿੱਤਾ ਹੈ । ਇੰਗਲਿਸ਼ ਨੂੰ ਤੁਸੀਂ ਬੰਦ ਕਰ ਰਹੇ ਹੋ ਲੇਕਿਨ ਹਿੰਦੀ ਤਾਂ ਸਾਡੇ ਦੇਸ਼ ਦੀ ਰਾਸ਼ਟਰੀ ਭਾਸ਼ਾ ਹੈ । ਵਿਧਾਨ ਸਭਾ ਵਿਚ ਹਿੰਦੀ ਵਿਚ ਵੀ ਮੈਟੀਰੀਅਲ ਆਉਣਾ ਚਾਹੀਦਾ ਹੈ । ਇਥੇ ਦੋਨਾਂ ਪਾਰਟੀਆਂ ਦੀ ਸਾਂਝੀ ਸਰਕਾਰ ਹੈ। ਹਿੰਦੀ ਵਾਸਤੇ ਜਿੰਨਾ ਵੀ ਕੰਮ ਕੀਤਾ ਜਾਵੇ, ਮੈਂ ਸਮਝਦਾ ਹਾਂ ਕਿ ਥੋੜ੍ਹਾ ਹੈ । ਥੋੜ੍ਹਾ ਚਿਰ ਪਹਿਲਾਂ ਸਾਰੀ ਗੱਲ ਹੋ ਕੇ ਹਟੀ ਹੈ । ਇਹ ਗੱਲ ਦੂਸਰੇ ਪਾਸੇ ਨੂੰ ਲੈ ਜਾਂਦੇ ਹਨ । ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਜਦੋਂ ਹਿੰਦੀ ਨੂੰ ਚੰਗਾ ਅਤੇ ਪ੍ਰਫੁਲਤ ਕਰਨ ਦੀ ਗੱਲ ਹੁੰਦੀ ਹੈ ਤਾਂ ਉਨ੍ਹਾਂ ਨੂੰ ਕਿਉਂ ਦੁੱਖ ਲਗਦਾ ਹੈ, ਤਕਲੀਫ ਕਿਉਂ ਹੁੰਦੀ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਹਿੰਦੀ ਜ਼ਬਾਨ ਨੂੰ ਵੀ ਤਕੜਾ ਕਰਨਾ ਚਾਹੀਦਾ ਹੈ । ਇਹ ਸਾਡੇ ਦੇਸ਼ ਦੀ ਭਾਸ਼ਾ ਹੈ, ਸਰਕਾਰੀ ਭਾਸ਼ਾ ਹੈ । ਸਾਡੇ ਪੰਜਾਬ ਦੇ ਜਿਹੜੇ ਨੌਜਵਾਨ ਬੱਚੇ ਹਨ ਉਹ ਜਦੋਂ ਦੂਸਰੀਆਂ ਨੌਕਰੀਆਂ ਵਾਸਤੇ ਜਾਂ ਸੈਂਟਰਲ ਸਰਵਿਸਿਜ਼ ਵਿਚ ਜਾਂਦੇ ਹਨ ਤਾਂ ਉਥੇ ਇੰਗਲਿਸ਼ ਦੇ ਨਾਲ ਨਾਲ ਹਿੰਦੀ ਦੀ ਜ਼ਰੂਰਤ ਪੈਂਦੀ ਹੈ । ਇਸ ਲਈ ਸਾਨੂੰ ਹਿੰਦੀ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਕਿ ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਦਾ ਭਲਾ ਹੋ ਸਕੇ ਨਾ ਕਿ ਸਾਨੂੰ ਬੁਰੀਆਂ ਗੱਲਾਂ ਸੋਚਣ ਵਾਲੇ ਪਾਸੇ ਜਾਣਾ ਚਾਹੀਦਾ ਹੈ, ਅਤੇ ਲੜਾਈ ਵਾਲੀ ਗੱਲ ਕਰਨੀ ਚਾਹੀਦੀ ਹੈ । ਪੰਜਾਬ ਵਿਚ ਜਦੋਂ ਪਿਛਲੇ ਸਮੇਂ ਵਿਚ ਅੱਤਵਾਦ ਪੈਦਾ ਹੋਇਆ ਸੀ, ਡਿਪਟੀ ਸਪੀਕਰ ਸਾਹਿਬ, ਪੰਜਾਬੀਆਂ ਦੀ ਇਕ ਸਾਂਝ ਰਹੀ ਹੈ ਅਤੇ ਉਹ ਸਾਂਝ ਸਾਡੇ ਵੇਲੇ ਵੀ ਨਹੀਂ ਟੁੱਟ ਸਕੀ । ਪੰਜਾਬ ਨੇ 12 ਸਾਲ ਅੱਤਵਾਦ ਦਾ ਸਮਾ ਕੱਟਿਆ ਹੈ । ਉਸ ਸਮੇਂ ਦੌਰਾਨ ਕਿਸ ਤਰ੍ਹਾਂ ਬਹੂ-ਬੇਟੀਆਂ ਦੀ ਇੱਜ਼ਤ ਲੁੱਟੀ ਜਾਂਦੀ ਸੀ ਅਤੇ ਕਿਸ ਤਰੀਕੇ ਨਾਲ ਕਤਲੋ-ਗਾਰਤ ਹੁੰਦੀ ਸੀ । ਕਿਸ ਤਰ੍ਹਾਂ ਪੰਜਾਬ ਦੇ ਅੰਦਰ ਸਹਿਮ ਸੀ, ਕੋਈ ਜ਼ਬਾਨ ਨਹੀਂ ਸੀ ਖੋਲ੍ਹਦਾ । ਵੱਡੇ ਵੱਡੇ ਲੀਡਰ ਨੱਠ ਗਏ ਸੀ, ਉਸ ਵੇਲੇ ਵੀ ਸਾਰਾ ਪੰਜਾਬ ਇਕੱਠਾ ਸੀ । ਪੰਜਾਬ ਦੇ ਲੋਕਾਂ ਨੇ, ਸਾਰੇ ਫਿਰਕਿਆਂ ਨੇ ਇਕੱਠੇ ਹੋ ਕੇ, ਰਲ ਕੇ ਮੁਕਾਬਲਾ ਕੀਤਾ ਅਤੇ ਉਹ ਹੁਣ ਵੀ ਕਰਨ ਨੂੰ ਤਿਆਰ ਹਨ । ਇਥੇ ਪੀਸ ਦੀ ਗੱਲ ਕੀਤੀ ਗਈ ਹੈ । ਇਸ ਦੇ ਬਾਰੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸਾਰਿਆਂ ਨੂੰ ਪਤਾ ਹੈ । ਸਾਰੇ ਦੇਸ਼ ਨੂੰ ਪਤਾ ਹੈ ਕਿ ਉਸ ਵੇਲੇ ਸਾਡਾ ਪਿਆਰਾ ਪੰਜਾਬ ਕਿਸ ਤਰ੍ਹਾਂ ਅੱਤਵਾਦ ਦੀ ਭੱਠੀ ਵਿਚ ਜਲ ਰਿਹਾ ਸੀ, ਕਿਸ ਤਰ੍ਹਾਂ ਇਥੇ ਕਤਲੋ-ਗਾਰਤ ਹੋ ਰਹੀ ਸੀ, ਕਿਸ ਤਰ੍ਹਾਂ ਅੱਤਵਾਦੀ ਘਰਾਂ ਵਿਚ ਵੜ ਕੇ ਬਹੂ-ਬੇਟੀਆਂ ਦੀ ਇਜ਼ਤ ਲੁੱਟਦੇ ਸਨ, ਕਿਸ ਤਰ੍ਹਾਂ ਦੀ ਕਤਲੋ-ਗਾਰਤ ਚੱਲ ਰਹੀ ਸੀ । ਡੈਮੋਕਰੇਸੀ ਦਾ ਜਲੂਸ ਨਿਕਲ ਚੁੱਕਾ ਸੀ । ਫਿਰ ਜਦੋਂ 1992 ਵਿਚ ਇਲੈਕਸ਼ਨ ਹੋਏ ਅਤੇ ਕਾਂਗਰਸ ਦੀ ਸਰਕਾਰ ਬਣੀ ਅਤੇ ਸਰਦਾਰ ਬੇਅੰਤ ਸਿੰਘ ਨੇ ਉਸ ਸਰਕਾਰ ਦੀ ਅਗਵਾਈ ਕੀਤੀ ਤਾਂ ਉਸ ਵੇਲੇ ਪੀਸ ਆਈ । ਇਸ ਪੀਸ ਨੂੰ ਲਿਆਉਣ ਵਾਸਤੇ ਸਰਦਾਰ ਬੇਅੰਤ ਸਿੰਘ ਜੀ ਸਾਡੇ ਹੱਥੋਂ ਖੋਹੇ ਗਏ । ਇਹ ਪੀਸ ਲਿਆਉਣ ਵਾਸਤੇ ਮਨਿਸਟਰ ਚੌਧਰੀ ਜਗਤ ਰਾਮ ਦੁਆਬੇ ਦੇ ਵੈਲਫੇਅਰ ਮਨਿਸਟਰ, ਦਰਸ਼ਨ ਸਿੰਘ ਕੇ. ਪੀ., ਜੋਗਿੰਦਰ

ਪਾਲ ਪਾਂਡੇ, ਲਾਲਾ ਭਗਵਾਨ ਦਾਸ, ਸਰਦਾਰ ਗੁਰਮੇਜ ਸਿੰਘ ਮੰਤਰੀ ਜੀ ਦਾ ਲੜਕਾ, ਗੁਲਜ਼ਾਰ ਸਿੰਘ ਦੇ ਭਰਾ ਨੂੰ ਅੱਤਵਾਦੀਆਂ ਨੇ ਕਤਲ ਕਰ ਦਿਤਾ । ਬੜੀਆਂ ਵੱਡੀਆਂ ਕੁਰਬਾਨੀਆਂ ਦੇ ਕੇ ਕਾਂਗਰਸ ਪਾਰਟੀ ਨੇ ਪੰਜਾਬ ਵਿਚ ਪੀਸ ਲਿਆਂਦੀ ਜਿਸ ਦੇ ਸਦਕਾ ਇਹ ਮੁੜ ਕੇ ਸਰਕਾਰ ਵਿਚ ਆਏ, ਡੈਮੋਕਰੇਸੀ ਅਸੀਂ ਬਹਾਲ ਕੀਤੀ । ਫਿਰ ਨਵੀਂ ਸਰਕਾਰ ਬਣਾਉਣ ਵਿਚ ਲੋਕਾਂ ਨੇ ਤੁਹਾਡੀ ਸਰਕਾਰ ਦੇ ਹੱਕ ਵਿਚ ਬੜਾ ਵੱਡਾ ਫ਼ਤਵਾ ਦਿੱਤਾ । ਪਹਿਲਾਂ ਤੁਸੀਂ ਵੀ ਇਲੈਕਸ਼ਨਾਂ ਛੱਡ ਗਏ ਸੀ । ਜਿਹੜੀ ਪੀਸ ਕਾਂਗਰਸ ਪਾਰਟੀ ਨੇ ਲਿਆਂਦੀ, ਉਸ ਨੂੰ ਕਾਇਮ ਰੱਖਣ ਵਾਸਤੇ, ਉਸ ਪੀਸ ਨੂੰ ਬੜਾਵਾ ਦੇਣ ਵਾਸਤੇ, ਡਿਪਟੀ ਸਪੀਕਰ ਸਾਹਿਬ, ਸਾਡੀ ਪਾਰਟੀ ਸਰਕਾਰ ਦੇ ਨਾਲ ਪੰਜਾਬ ਦੇ ਸਾਰੇ ਲੋਕ ਤੁਹਾਡੇ ਨਾਲ ਹਨ, ਪੰਜਾਬ ਦਾ ਹਰ ਵਾਸੀ ਨਾਲ ਹੈ । ਜਦੋਂ ਪੀਸ ਨਹੀਂ ਸੀ ਤਾਂ ਸਾਰੀ ਇੰਡਸਟਰੀ ਬਾਹਰ ਚਲੀ ਗਈ ਸੀ । ਲੋਕ ਬਾਹਰਲਿਆਂ ਸੂਬਿਆਂ ਵਿਚ ਘਰ ਬਣਾਉਣ ਲਗ ਪਏ ਸਨ । ਉਸ ਪੀਸ ਨੂੰ ਕਾਇਮ ਰੱਖਣ ਵਾਸਤੇ, ਮੈਨੂੰ ਇਸ ਵੇਲੇ ਸ਼ੰਕਾ ਹੈ, ਡਰ ਹੈ ਅਤੇ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਹਾਊਸ ਵਿਚ ਇਸ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ ਕਿ ਇਸ ਪੀਸ ਨੂੰ ਭੰਗ ਕਰਨ ਵਾਸਤੇ ਹਰ ਰੋਜ਼ ਨਾਹਰੇ ਲਗ ਰਹੇ ਹਨ । 'ਖੂਨੀ ਵਿਸਾਖੀ' ਦਾ ਨਾਂ ਲਿਆ ਜਾਂਦਾ ਹੈ । ਅਨੰਦਪੁਰ ਸਾਹਿਬ ਤੋਂ ਵੱਡੇ ਵੱਡੇ ਨਾਹਰੇ ਲਗਦੇ ਹਨ । ਭਿੰਡਰਾਂਵਾਲੇ ਜਿਨ੍ਹਾਂ ਨੇ ਇਹ ਅੱਤਵਾਦ, ਸਭ ਕੁਝ ਦਿੱਤਾ ਸੀ, ਅੱਜ ਉਸ ਦੇ ਜਨਮ ਦਿਨ ਮਨਾਏ ਜਾ ਰਹੇ ਹਨ । ਡਿਪਟੀ ਸਪੀਕਰ ਸਾਹਿਬ, ਇਹ ਭਿਆਨਕ ਸਮਾਂ ਮੁੜ ਕੇ ਦੇਖਿਆ ਜਾ ਰਿਹਾ ਹੈ ਅਤੇ ਪੰਜਾਬ ਦੇ ਅੰਦਰ ਮੁੜ ਕੇ ਉਹੋ ਗੱਲ ਹੋ ਰਹੀ ਹੈ । ਮੈਂ ਸ਼ੰਕਾ ਜ਼ਾਹਿਰ ਕਰਦਾ ਹੋਇਆ ਤੁਹਾਡੀ ਮਾਰਫ਼ਤ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਪੰਜਾਬ ਦੇ ਜੋ ਲੋਕ ਹਨ, ਉਹ ਪੀਸ ਚਾਹੁੰਦੇ ਹਨ । ਜਿੱਥੇ ਵੀ ਇਸ ਤਰ੍ਹਾਂ ਦੀ ਗੱਲ ਤੁਹਾਡੇ ਸਾਹਮਣੇ ਆਉਂਦੀ ਹੈ ਜਾਂ ਕੋਈ ਪੰਜਾਬ ਦੀ ਪੀਸ ਨੂੰ ਭੰਗ ਕਰਨ ਵਾਸਤੇ ਸਿਰ ਉਠਾਉਂਦਾ ਹੈ, ਕਾਂਗਰਸ ਪਾਰਟੀ ਪੀਸ ਨੂੰ ਕਾਇਮ ਕਰਨ ਲਈ ਸਾਥ ਦੇਣ ਲਈ ਤਿਆਰ ਹੈ ਲੇਕਿਨ ਇਥੇ ਪੀਸ ਭੰਗ ਨਹੀਂ ਹੋਣੀ ਚਾਹੀਦੀ । ਲੇਕਿਨ ਜਿਹੜੇ ਇਸ ਤਰ੍ਹਾਂ ਦੇ ਨਾਅਰੇ ਪੰਜਾਬ ਨੂੰ ਤੋੜਨ ਲਈ, ਦੇਸ਼ ਨੂੰ ਤੋੜਨ ਲਈ ਅਤੇ ਖਾਲਿਸਤਾਨੀ ਪੱਖੀ ਲਗਦੇ ਹਨ ਜਾਂ ਅੱਤਵਾਦੀ, ਵੱਖਵਾਦੀ ਜਾਂ ਕੱਟੜ ਲੋਕ ਜਿਹੜੇ ਹਨ, ਉਨ੍ਹਾਂ ਦਾ ਸਾਨੂੰ ਆਉਣ ਵਾਲੇ ਸਮੇਂ ਵਿਚ ਸਾਹਮਣਾ ਕਰਨਾ ਪਵੇਗਾ ਅਤੇ ਮੈਂ ਸ਼ੰਕਾ ਜ਼ਾਹਿਰ ਕਰਦਾ ਹਾਂ ਕਿ ਇਸ ਤਰ੍ਹਾਂ ਦੀਆਂ ਚੀਜ਼ਾਂ ਨਾਲ ਮੁੜ ਕੇ ਉਹ ਪੁਰਾਣੇ ਦਿਨ ਆ ਸਕਦੇ ਹਨ ਜਿਸ ਲਈ ਸਾਨੂੰ ਸਾਰਿਆਂ ਨੂੰ ਮਜ਼ਬੂਤ ਹੋਣਾ ਚਾਹੀਦਾ ਹੈ ।

ਯੁਵਕ ਸੇਵਾਵਾਂ, ਪੈਨਸ਼ਨ ਤੇ ਸ਼ਿਕਾਇਤ ਨਿਵਾਰਣ ਅਤੇ ਅਨੁਸੂਚਿਤ ਜਾਤੀਆਂ ਅਨੁਸੂਚਿਤ ਕਬੀਲਿਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਹ ਜੋ ਚੌਧਰੀ ਸਾਹਿਬ ਗੱਲਾਂ ਕਰ ਰਹੇ ਹਨ, ਅੱਤਵਾਦ ਫੈਲਾਇਆ ਕਿਸ ਨੇ ਸੀ. . . . (ਵਿਘਨ)

ਸ੍ਰੀ ਰਮੇਸ਼ ਚੰਦਰ ਡੋਗਰਾ : ਡਿਪਟੀ ਸਪੀਕਰ ਸਾਹਿਬ, ਸਪੀਕਰ ਸਾਹਿਬ ਵੇਲੇ ਫੈਸਲਾ ਹੋਇਆ ਹੈ ਕਿ ਜਦੋਂ ਸਾਡਾ ਲੀਡਰ ਬੋਲ ਰਿਹਾ ਹੋਵੇ ਤਾਂ ਇਨ੍ਹਾਂ ਨੂੰ ਵਿਚ ਬੋਲਣਾ ਨਹੀਂ ਚਾਹੀਦਾ ।

[ਸ੍ਰੀ ਰਮੇਸ਼ ਚੰਦਰ ਡੋਗਰਾ]

When our Leader speaks, he should not speak. Please do not allow him to speak.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ ਇਹ ਕਾਂਝਲਾ ਸਾਹਿਬ ਨੇ ਗੱਲ ਛੇੜ ਦਿੱਤੀ ਹੈ, ਇਹ ਤਾਂ ਤੁਹਾਨੂੰ ਵੀ ਪਤਾ ਹੀ ਹੈ ਕਿ ਅੱਤਵਾਦ ਕਿਸ ਨੇ ਫੈਲਾਇਆ ਹੈ।

Mr. Deputy Speaker : I will request all the Members of the Treasury Benches that when the Leader of the Opposition speaks then we should listen to him quietly.

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਦੇ ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ। ਮੇਰਾ ਪੁਆਇੰਟ ਆਫ ਆਰਡਰ ਹੈ ਕਿ ਚੌਧਰੀ ਸਾਹਿਬ ਨੇ ਕਿਹਾ ਹੈ ਕਿ ਅੱਤਵਾਦ ਦੇ ਦੌਰਾਨ ਚੌਧਰੀ ਜਗਤ ਰਾਮ, ਧੰਨੋਵਾਲੀ ਅਤੇ ਹੋਰ ਲੋਕਾਂ ਨੂੰ ਮਾਰਿਆ ਗਿਆ। ਮੈਂ ਇਸ ਸਬੰਧ ਵਿਚ ਕਹਿਣਾ ਚਾਹੁੰਦਾ ਹਾਂ ਕਿ ਕੀ ਚੌਧਰੀ ਸਾਹਿਬ ਦੱਸਣਗੇ ਕਿ ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਕਤਲਾਂ ਦੇ ਸਬੰਧ ਵਿਚ ਕਿੰਨੇ ਵਿਅਕਤੀ ਗ੍ਰਿਫਤਾਰ ਕੀਤੇ ਗਏ ਸਨ ? ਮੇਰੇ ਹਲਕੇ ਵਿਚ ਜਿੰਨੇ ਵੀ ਐਮ.ਐਲ. ਏ. ਰਹੇ ਹਨ ਉਹ ਸਾਰੇ ਦੇ ਸਾਰੇ ਕਾਂਗਰਸ ਦੇ ਰਹੇ ਹਨ। ਮੈਨੂੰ ਵੀ ਕਤਲ ਕਰਨ ਦਾ ਯਤਨ ਕੀਤਾ ਗਿਆ ਸੀ ਪਰ ਇਨ੍ਹਾਂ ਦੀ ਸਰਕਾਰ ਨੇ ਇਕ ਵੀ ਬੰਦਾ ਨਹੀਂ ਫੜ੍ਹਿਆ। ਇਸ ਦੇ ਪਿਛੇ ਕੀ ਕਾਰਨ ਹੈ ? ਕਿਉਂ ਕਿਸੇ ਨੂੰ ਨਹੀਂ ਫੜਿਆ ਗਿਆ ? ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਮਨਿਸਟਰੀ ਵੇਲੇ ਮੇਰੇ ਹਲਕੇ ਦੇ ਐਮ. ਐਲ. ਏ. ਜੋ ਕਿ ਇਨ੍ਹਾਂ ਦੀ ਮਨਿਸਟਰੀ ਵਿਚ ਸ਼ਾਮਲ ਸੀ ਅਤੇ ਉਸਦਾ ਮਾਮਾ ਕੇਂਦਰ ਸਰਕਾਰ ਵਿਚ ਹੋਮ ਮਨਿਸਟਰ ਸੀ, ਉਸ ਨੂੰ ਇਨ੍ਹਾਂ ਨੇ ਕਿਉਂ ਨਹੀਂ ਛੇੜਿਆ ਅਤੇ ਇਨ੍ਹਾਂ ਨੇ ਅੱਜ ਤੱਕ ਕਿਉਂ ਪੁਆਇੰਟ ਆਉਟ ਨਹੀਂ ਕੀਤਾ ਕਿ ਉਨ੍ਹਾਂ ਦਾ ਕੀ ਰੋਲ ਸੀ ?

Mr. Deputy Speaker : I will request all the Members ...... (Interruption)

Shri Romesh Chander Dogra : Deputy Speaker Sahib, when the Leader of the House is on his legs, the Leader of the Opposition is on his legs, they should listen, but again and again they are trying to disrupt the proceedings. This is no way. We will also retaliate otherwise.

Mr. Deputy Speaker : I have already requested. Let the Leader of the Opposition speak now. I think members of the Treasury Benches must listen to the Leader of the Opposition calmly and quietly.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਕਿ ਅੱਤਵਾਦ ਦੀ ਜਿਹੜੀ ਗੱਲ ਹੈ, ਉਸ ਦੇ ਬਾਰੇ

ਸਾਰਿਆਂ ਨੂੰ ਪਤਾ ਹੀ ਹੈ ਕਿ ਅੱਤਵਾਦੀਆਂ ਨੂੰ ਸਿਰੋਪੇ ਕੌਣ ਦਿੰਦਾ ਸੀ ਅਤੇ ਅੱਤਵਾਦੀ ਜਿਨ੍ਹਾਂ ਨੂੰ ਮਾਰਦੇ ਸਨ, ਕਾਂਗਰਸ ਪਾਰਟੀ ਉਨ੍ਹਾਂ ਦੇ ਘਰ ਵਿੱਚ ਜਾ ਕੇ ਉਨ੍ਹਾਂ ਦੀ ਸਹਾਇਤਾ ਕਰਦੀ ਸੀ, ਇਹ ਸਭ ਨੂੰ ਪਤਾ ਹੈ। ਜਿਥੋਂ ਤੱਕ ਮੈਂ ਸ਼ਹੀਦਾਂ ਦੇ ਨਾਮ ਲਏ ਹਨ ਜਿਨ੍ਹਾਂ ਨੇ ਸਾਨੂੰ ਮੁੜ ਕੇ ਜਮਹੂਰੀਅਤ ਬਹਾਲ ਕਰਕੇ ਦਿੱਤੀ ਹੈ ਚੌਧਰੀ ਜਗਤ ਰਾਮ ਜੀ ਹਨ ਅਤੇ ਹੋਰ ਜਿਹੜੇ ਸਾਥੀ ਮਾਰੇ ਗਏ ਸਨ, ਉਹ ਸਾਰੇ ਸ਼ਹੀਦ ਸਨ। ਬਾਕੀ ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇਨਕੁਆਰੀ ਕਰਾਉਣ ਬਾਰੇ ਗੱਲ ਕੀਤੀ ਹੈ ਚੌਧਰੀ ਸਵਰਨਾ ਰਾਮ ਹੁਣ ਖੁਦ ਆਪ ਮਨਿਸਟਰ ਹਨ, ਇਹ ਮੁੜ ਕੇ ਇਨਕੁਆਰੀ ਖੁਲਵਾ ਲੈਣ। ਜਦੋਂ ਇਨ੍ਹਾਂ ਦੀ ਸਰਕਾਰ ਬਣੀ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿੱਚ ਜੋ ਅੱਤਵਾਦ ਆਇਆ ਜਾਂ ਹੋਰ ਦੂਸਰੀਆਂ ਗੱਲਾਂ ਹੋਈਆਂ, ਉਸ ਵਾਸਤੇ ਕਮਿਸ਼ਨ ਮੁਕੱਰਰ ਕਰਾਂਗੇ ਤਾਂ ਕਿ ਪਤਾ ਲੱਗ ਸਕੇ ਕਿ ਅੱਤਵਾਦ ਦੇ ਪਿੱਛੇ ਕੌਣ ਸੀ ਔਰ ਕਿਸ ਤਰ੍ਹਾਂ ਸਾਰੀ ਗੱਲ ਹੋਈ। ਡਿਪਟੀ ਸਪੀਕਰ ਸਾਹਿਬ, ਮੈਂ ਇੱਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਦੋ ਸਾਲ ਪਹਿਲਾਂ ਇਹ ਵਾਇਦਾ ਕੀਤਾ ਗਿਆ ਸੀ ਕਿ ਕਮਿਸ਼ਨ ਮੁਕੱਰਰ ਕਰਾਂਗੇ ਪਰ ਇਨ੍ਹਾਂ ਨੇ ਕੋਈ ਕਮਿਸ਼ਨ ਮੁਕੱਰਰ ਨਹੀਂ ਕੀਤਾ ਜਿਸ ਨਾਲ ਸਾਰੀ ਚੀਜ਼ ਸਾਹਮਣੇ ਆ ਸਕੇ।

ਡਿਪਟੀ ਸਪੀਕਰ ਸਾਹਿਬ, ਦੂਸਰੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਐਡਰੈਸ ਵਿੱਚ ਬਠਿੰਡੇ ਦੀ ਰਿਫਾਈਨਰੀ ਦਾ ਜ਼ਿਕਰ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਸ ਦੇ ਮੁਤੱਲਕ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਰਿਫਾਈਨਰੀ ਹੈ, ਇਸ ਦਾ ਜਿਹੜਾ ਲੈਟਰ ਆਫ ਇੰਡੈਂਟ ਹੈ, ਇਸ ਬਾਰੇ ਫੈਸਲਾ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਬਰਾੜ ਸਾਹਿਬ ਦੀ ਅਗਵਾਈ ਹੇਠ ਲਿਆ ਸੀ। ਇਸ ਤੋਂ ਬਾਅਦ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਜਦੋਂ ਸੈਂਟਰ ਵਿੱਚ ਫਿਰ ਸਰਕਾਰ ਬਣੀ ਤਾਂ ਉਸ ਨੂੰ ਬੰਦ ਕਰ ਦਿੱਤਾ ਗਿਆ। ਫਿਰ ਸਾਨੂੰ ਮਿਹਨਤ ਕਰਕੇ ਜਿਸ ਵਿਚ ਆਪੋ-ਜ਼ੀਸ਼ਨ ਵੀ ਸ਼ਾਮਲ ਹੈ, ਇਹ ਪ੍ਰਾਜੈਕਟ ਮੁੜ ਲਿਆਂਦਾ ਗਿਆ। ਇਹ ਪ੍ਰਾਜੈਕਟ ਬਾਈ ਇਲੈਕਸ਼ਨ ਤੋਂ ਪਹਿਲਾਂ ਆਇਆ। ਫਿਰ ਕਾਹਲੀ ਕਾਹਲੀ ਵਿੱਚ ਇਸ ਦਾ ਨੀਂਹ ਪੱਥਰ ਪ੍ਰਧਾਨ ਮੰਤਰੀ ਜੀ ਨੇ ਰੱਖਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਾਜੈਕਟ ਅਸੀਂ ਲਿਆਂਦਾ ਸੀ ਔਰ ਇਹ ਇੱਕ ਬਹੁਤ ਵੱਡਾ ਪ੍ਰਾਜੈਕਟ ਸੀ। ਇੱਕ ਗੱਲ, ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਪੁੱਛਣੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦਾ ਇਸ ਪ੍ਰਾਜੈਕਟ ਨੂੰ ਲਗਾਉਣ ਵਾਸਤੇ ਪੈਸੇ ਵਿੱਚ ਜਿਹੜਾ ਸ਼ੇਅਰ ਹੈ ਪੀ.ਐਸ.ਆਈ.ਡੀ.ਸੀ. ਨੇ ਦੇਣਾ ਹੈ। ਇਹ 125 ਕਰੋੜ ਰੁਪਏ ਦੇਣਾ ਹੈ। ਪ੍ਰਾਜੈਕਟ ਤਾਂ ਹਾਲੇ ਇਹ ਲੱਗਣਾ ਹੈ ਪਰ ਪੀ.ਐਸ.ਆਈ.ਡੀ.ਸੀ. ਕਰਜ਼ਾਈ ਹੋ ਚੁੱਕਾ ਹੈ। ਇਸ ਵੇਲੇ ਇਹ ਕਾਰਪੋਰੇਸ਼ਨ ਘਾਟੇ ਵਿੱਚ ਜਾ ਰਹੀ ਹੈ। ਇਸ ਕਰਕੇ ਸਰਕਾਰ ਪੈਸੇ ਕਿਥੋਂ ਲਿਆਏਗੀ। ਇਸ ਕਰਕੇ ਇੱਥੇ ਸਭ ਕਾਗਜ਼ੀ ਗੱਲਾਂ ਹੀ ਕਹੀਆਂ ਜਾਂਦੀਆਂ ਹਨ। ਇੱਥੇ ਇਹ ਨਹੀਂ ਦੱਸਿਆ ਜਾਂਦਾ ਕਿ ਇਹ ਪੈਸੇ ਕਿੱਥੋਂ ਮੀਟ ਕਰਨੇ ਹਨ, 125 ਕਰੋੜ ਰੁਪਿਆ ਲਿਆਉਣ ਦਾ ਰਿਸੋਰਸ ਕਿਹੜਾ ਹੈ। ਇਸ ਪ੍ਰਾਜੈਕਟ ਵਿੱਚ ਸਰਕਾਰ ਦਾ ਹਿੱਸਾ ਪਵੇਗਾ ਤਾਂ ਹੀ ਪ੍ਰਾਜੈਕਟ ਸ਼ੁਰੂ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਲਈ ਰੇਲਵੇ ਲਿੰਕ ਵੀ ਬੜਾ ਜ਼ਰੂਰੀ ਹੈ। ਜੋ ਸਾਡਾ ਰੇਲਵੇ ਬਜਟ ਹੁਣ ਪੇਸ਼ ਕੀਤਾ ਗਿਆ ਹੈ, ਉਸ ਵਿੱਚ

[ਚੌਧਰੀ ਜਗਜੀਤ ਸਿੰਘ]
ਇਸ ਰਿਫਾਈਨਰੀ ਬਾਰੇ ਕੋਈ ਮੈਨਸ਼ਨ ਨਹੀਂ ਕੀਤਾ ਗਿਆ ਕਿ ਬਠਿੰਡੇ ਦੀ ਰਿਫਾਈਨਰੀ ਨੂੰ ਰੇਲ ਲਿੰਕ ਨਾਲ ਜੋੜਿਆ ਜਾਵੇਗਾ । ਡਿਪਟੀ ਸਪੀਕਰ ਸਾਹਿਬ, ਕਰੂਡ ਆਇਲ ਰਾਅ ਮੈਟੀਰੀਅਲ ਸਾਰਾ ਕੁਝ ਬਾਹਰੋਂ ਆਉਣਾ ਹੈ । ਇਸ ਕਰਕੇ ਇੱਥੇ ਰੇਲਵੇ ਲਾਈਨ ਜਾਂ ਪਾਈਪ ਲਾਈਨ ਹੋਣੀ ਬਹੁਤ ਜ਼ਰੂਰੀ ਹੈ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਦੇ ਵੀ ਇੰਟਰੱਪਸ਼ਨ ਦੇ ਹੱਕ ਵਿੱਚ ਨਹੀਂ ਹਾਂ । ਪਾਰਟੀਕੁਲਰਲੀ ਜਦੋਂ ਲੀਡਰ ਆਫ ਦਿ ਆਪੋਜ਼ੀਸ਼ਨ ਬੋਲ ਰਹੇ ਹੋਣ ਤਾਂ ਵੀ ਮੈਂ ਬਿਲਕੁਲ ਬੋਲਣ ਦੇ ਹੱਕ ਵਿੱਚ ਨਹੀਂ ਹਾਂ । ਲੇਕਿਨ ਇਹ ਗਵਰਨਰ ਐਡਰੈਸ ਤੇ ਨਾ ਬੋਲ ਕੇ ਰੇਲਵੇ ਬਜਟ ਤੇ ਬੋਲ ਰਹੇ ਹਨ ।

ਸਰਦਾਰ ਮੱਖਣ ਸਿੰਘ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਿਫਾਈਨਰੀ ਹੈ, ਇਹ ਮੇਰੇ ਹਲਕੇ ਵਿੱਚ ਹੈ । ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਜ਼ਮੀਨ ਐਕੁਆਇਰ ਕੀਤੀ ਗਈ ਹੈ, ਉਸ ਵਿੱਚ ਆਲਰੇਡੀ ਰੇਲਵੇ ਲਾਈਨ ਹੈ ।

ਸਰਦਾਰ ਹਰਮਿੰਦਰ ਸਿੰਘ ਜੱਸੀ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਦਾ ਹਾਂ ਕਿ ਇਹ ਰਿਫਾਈਨਰੀ ਸਰਦਾਰ ਮੱਖਣ ਸਿੰਘ ਜੀ ਦੇ ਹਲਕੇ ਵਿੱਚ ਨਹੀਂ ਬਲਕਿ ਮੇਰੇ ਹਲਕੇ ਤਲਵੰਡੀ ਸਾਬੋ ਵਿਚ ਪੈਂਦੀ ਹੈ । ਇਹ ਠੀਕ ਹੈ ਕਿ ਉਥੋਂ ਰੇਲਵੇ ਲਾਈਨ ਕੋਲੋਂ ਦੀ ਜ਼ਰੂਰ ਲੰਘਦੀ ਹੈ । ਇਸ ਕਰਕੇ ਇਹ ਹਾਊਸ ਨੂੰ ਗੁਮਰਾਹ ਕਰ ਰਹੇ ਹਨ । ਹਾਂ, ਇਹ ਜ਼ਰੂਰ ਹੈ ਕਿ ਇਨ੍ਹਾਂ ਦਾ ਏਰੀਆ ਨਾਲ ਲੱਗਦਾ ਹੈ ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਮੈਂ ਰੇਲਵੇ ਬਜਟ ਦੀ ਗੱਲ ਨਹੀਂ ਕਰ ਰਿਹਾ । ਕਾਂਡਲਾ ਤੋਂ ਕਰੂਡ ਆਇਲ ਅਤੇ ਰਾਅ ਮੈਟੀਰੀਅਲ ਆਉਣਾ ਹੈ । (ਵਿਘਨ)

Mr. Deputy Speaker : Let the Opposition Leader speak...... (noise)......Please continue. I will request all the members to hear the Opposition Leader very calmly and quiety.

ਚੌਧਰੀ ਜਗਜੀਤ ਸਿੰਘ : ਮੈਂ ਦੂਸਰੀ ਗੱਲ ਇਹ ਕਰ ਰਿਹਾ ਸੀ ਕਿ ਜਿਹੜੀ ਪਾਈਪ ਲਾਈਨ ਹੈ, ਉਹ ਇਥੋਂ ਤੱਕ ਆਵੇ । ਪਾਈਪ ਲਾਈਨ ਮਥਰਾ ਤੱਕ ਆਈ ਹੈ ਔਰ ਉਸ ਵਿੱਚ ਲੀਕੇਜ ਬੜੀ ਹੈ । ਉਸ ਦੀ ਕਪੈਸਿਟੀ ਨਹੀਂ ਕਿ ਇਥੋਂ ਤੱਕ ਆ ਸਕੇ । ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਰਾਅ ਮੈਟੀਰੀਅਲ ਆਏਗਾ ਅਤੇ ਰਿਫਾਈਨਰੀ ਚੱਲੇਗੀ ਔਰ ਉਸ ਵਿੱਚ ਜਿਹੜੇ ਸਾਡੇ ਦੂਸਰੇ ਪ੍ਰੋਜੈਕਟ ਹਨ, ਬਾਕੀ ਨਾਲ ਲੱਗਣੇ ਹਨ, ਪੈਟਰੋ ਕੈਮੀਕਲ ਦੇ ਕਾਰਖਾਨੇ, ਜਿੰਨਾ ਚਿਰ

ਨਾਲ ਨਾ ਲੱਗਣ, ਉਨਾ ਚਿਰ ਉਸ ਰਿਫਾਈਨਰੀ ਦਾ ਯੂਜ਼ ਨਹੀਂ ਹੋ ਸਕਦਾ ਕਿਉਂਕਿ ਉਸ ਵਿੱਚੋਂ ਜਿਹੜੀਆਂ ਚੀਜ਼ਾਂ ਨਿਕਲਣੀਆਂ ਹਨ, ਜਿਹੜਾ ਵੇਸਟ ਮੈਟੀਰੀਅਲ ਨਿਕਲਣਾ ਹੈ, ਪਲਾਸਟਿਕ ਦੀਆਂ ਚੀਜ਼ਾਂ ਜਾਂ ਹੋਰ ਇਸ ਤਰ੍ਹਾਂ ਦੀਆਂ ਚੀਜ਼ਾਂ ਨਿਕਲਣੀਆਂ ਹਨ । ਉਨ੍ਹਾਂ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ । ਪਾਨੀਪਤ ਵਿਚ ਇੱਕ ਰਿਫਾਈਨਰੀ ਹੈ, ਉਸ ਨਾਲ ਦੂਸਰੇ ਕਾਰਖਾਨੇ ਨਹੀਂ ਲੱਗੇ ਔਰ ਉਹ ਉਥੇ ਦੀ ਉਥੇ ਹੀ ਖੜ੍ਹੀ ਹੈ । ਮੇਰੇ ਕਹਿਣ ਦਾ ਭਾਵ ਹੈ ਕਿ ਪੰਜਾਬ ਦੀ ਸਰਕਾਰ ਨੂੰ ਇਹ ਗੱਲ ਜ਼ਰੂਰ ਸੋਚਣੀ ਚਾਹੀਦੀ ਹੈ ਕਿ ਇਸ ਨੂੰ ਚਲਾਉਣ ਵਾਸਤੇ ਇਸ ਦੇ ਵਿੱਚ ਜਿਹੜਾ ਪੰਜਾਬ ਦੀ ਪੀ.ਐਸ.ਆਈ.ਡੀ.ਸੀ. ਨੇ 125 ਕਰੋੜ ਰੁਪਿਆ ਪਾਉਣਾ ਹੈ, ਉਹ ਪੈਸਾ ਇਸ ਵੇਲੇ ਹੈ ਨਹੀਂ ਕਿਉਂਕਿ ਪੰਜਾਬ ਵਿੱਚ ਪਹਿਲਾਂ ਹੀ ਫਾਈਨਾਂਸ਼ੀਅਲ ਕਰਾਈਸਿਜ਼ ਚੱਲ ਰਿਹਾ ਹੈ । ਉਹ ਪੈਸਾ ਕਿੱਥੋਂ ਲਾਉਣਗੇ । ਇਨ੍ਹਾਂ ਨੇ ਰਿਸੋਰਸਿਜ਼ ਦੀ ਜੋ ਗੱਲ ਕੀਤੀ ਸੀ, ਇਹ ਗੱਲ ਗਵਰਨਰ ਐਡਰੈਸ ਵਿੱਚ ਹੈ । ਇਥੇ ਸਾਨੂੰ ਇਹ ਚੀਜ਼ ਦੱਸਣ ਦੀ ਲੋੜ ਵੀ ਹੈ ਕਿ ਇਥੋਂ ਪੈਸੇ ਲਏ ਹਨ ਅਤੇ ਇਸ ਨੂੰ ਚਲਾਵਾਂਗੇ । ਫਿਰ ਇਸ ਦੇ ਨਾਲ ਹੀ ਇਹ ਸਾਰੀ ਗੱਲ ਬਣਦੀ ਹੈ ।

ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਅਸੀਂ ਇੰਡਸਟਰੀ ਦੀ ਗੱਲ ਕਰ ਰਹੇ ਹਾਂ, ਉਥੇ ਮੈਂ ਐਗਰੋ ਬੇਸਡ ਇੰਡਸਟਰੀ ਦੀ ਗੱਲ ਕਰਨੀ ਚਾਹੁੰਦਾ ਹਾਂ । ਅੱਜ ਪੰਜਾਬ ਵਿੱਚ ਜਿਹੜੀ ਕਾਟਨ ਹੈ, ਉਹ ਕਾਟਨ ਸਾਡੇ ਵੇਲੇ 26 ਲੱਖ ਬੇਲਾਂ (ਗੰਢਾਂ) ਪੈਦਾ ਹੁੰਦੀਆਂ ਸਨ ਪਰ ਹੁਣ 5 ਲੱਖ ਦਾ ਟੀਚਾ ਸੀ । ਐਤਕੀਂ ਸਾਢੇ ਚਾਰ ਲੱਖ ਬੇਲਾਂ ਦੀ ਕਾਟਨ ਪੰਜਾਬ ਵਿਚ ਪੈਦਾ ਹੋਈ ਹੈ । ਇਸ ਦਾ ਕਾਰਨ ਕੀ ਹੈ ? ਜਿਹੜੀਆਂ ਕੀੜੇਮਾਰ ਦਵਾਈਆਂ ਹਨ, ਜਿਸ ਨੂੰ ਅਮਰੀਕਨ ਸੁੰਡੀ ਕਹਿੰਦੇ ਹਾਂ ਉਸ ਦੇ ਹਮਲੇ ਨੂੰ ਰੋਕ ਨਹੀਂ ਸਕੀਆਂ । ਜਿਥੋਂ ਅਮਰੀਕਨ ਸੁੰਡੀ ਲੱਗਦੀ ਹੈ, ਜਿਹੜੀਆਂ ਦਵਾਈਆਂ ਆਪਣੇ ਪੰਜਾਬ ਵਿੱਚ ਹਨ, ਉਹ ਏਨੀਆਂ ਨਕਲੀ ਹਨ, ਏਨੀਆਂ ਮਾੜੀਆਂ ਦਵਾਈਆਂ ਖਰੀਦ ਕੇ ਉਨ੍ਹਾਂ ਨੂੰ ਸਪਰੇ ਵਾਸਤੇ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਕੁਝ ਅਸਰ ਨਹੀਂ ਹੁੰਦਾ । ਇਸ ਦੇ ਨਾਲ ਪ੍ਰੋਡਕਸ਼ਨ ਘੱਟ ਹੋਈ ਹੈ ਔਰ ਫਾਰਮਰਜ਼ ਦਾ, ਡਿਪਟੀ ਸਪੀਕਰ ਸਾਹਿਬ, ਦਮ ਘੁੱਟਿਆ ਜਾ ਰਿਹਾ ਹੈ । ਇਥੇ ਜੋ ਵਾਜਪਾਈ ਸਾਹਿਬ, ਸਤਿਕਾਰਯੋਗ ਪ੍ਰਾਈਮ ਮਨਿਸਟਰ ਰਿਫਾਈਨਰੀ ਦਾ ਪੱਥਰ ਰੱਖਣ ਆਏ ਸੀ, ਉਥੇ ਇਹ ਗੱਲ ਕਹੀ ਗਈ ਸੀ ਕਿਉਂਕਿ ਸਾਡੇ ਪੰਜਾਬ ਦੇ ਅੰਦਰ ਲੋਕਾਂ ਦੀਆਂ ਨੈਚੂਰਲ ਕਲੈਮਟੀਜ਼ ਨਾਲ ਫਸਲਾਂ ਖਰਾਬ ਹੁੰਦੀਆਂ ਹਨ । ਕੁਝ ਹੜ੍ਹਾਂ ਨਾਲ ਖਰਾਬ ਹੁੰਦੀਆਂ ਹਨ, ਕੁਝ ਪਾਣੀ ਨਾਲ ਖਰਾਬ ਹੁੰਦੀਆਂ ਹਨ ਅਤੇ ਕੁਝ ਕੀੜੇਮਾਰ ਨਾਲ ਖਰਾਬ ਹੋਈਆਂ ਹਨ । ਉਨ੍ਹਾਂ ਨੂੰ ਮੁਆਵਜ਼ਾ ਦੇਣ ਵਾਸਤੇ ਪੰਜਾਬ ਦੀ ਸਰਕਾਰ ਨੂੰ 300 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਦੇਵੇਗੀ । ਬਾਦਲ ਸਾਹਿਬ ਨੇ ਟਰਾਈ ਵੀ ਕੀਤੀ । ਫਾਰਮਰਜ਼ ਨੂੰ ਕੰਪਨਸੇਸ਼ਨ ਦੇਣਾ ਸੀ, ਉਹ ਦਿੱਤਾ ਨਹੀਂ ਗਿਆ । ਉਹ ਵੀ ਇਸ ਕਰਕੇ ਕਿ ਉਹ 300 ਕਰੋੜ ਰੁਪਿਆ ਸਾਨੂੰ ਮਿਲਿਆ ਨਹੀਂ । ਅੱਜ ਫਾਰਮਰਜ਼ ਦਾ ਦਮ ਘੁੱਟ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਅਜੇ ਕੱਲ੍ਹ ਹੀ ਇੰਡੀਅਨ ਐਕਸਪ੍ਰੈਸ ਅਖਬਾਰ ਵਿੱਚ ਆਇਆ ਹੈ ਕਿ ਸਾਡੀਆਂ 27 ਸਪਿਨਿੰਗ ਮਿੱਲਾਂ, ਜਿਹੜੀਆਂ ਯਾਰਨ ਬਣਾਉਂਦੀਆਂ ਹਨ, ਜਿਨ੍ਹਾਂ ਲਈ ਰਾਅ ਮੈਟੀਰੀਅਲ ਕਾਟਨ ਹੈ, ਉਹ ਪੰਜਾਬ ਵਿੱਚ ਬੰਦ ਹੋ ਗਈਆਂ ਹਨ ਕਿਉਂਕਿ ਉਨ੍ਹਾਂ ਨੂੰ ਕਾਟਨ ਨਹੀਂ ਮਿਲਦੀ । ਪੰਜਾਬ ਵਿੱਚ ਇੰਡਸਟਰੀ ਦਾ ਬਿਲਕੁਲ ਭੱਠਾ ਬਹਿ ਗਿਆ ਹੈ । ਇਸ ਵੇਲੇ

[ਚੌਧਰੀ ਜਗਜੀਤ ਸਿੰਘ]

ਪੰਜਾਬ ਵਿੱਚ ਇੰਡਸਟਰੀ ਤਬਾਹੀ ਦੇ ਰਸਤੇ ਤੇ ਹੈ। ਇਹ ਮੈਂ ਇਥੇ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਕਿਸਾਨ ਖੇਤਾਂ ਵਿਚ ਯੂਰੀਆ ਪਾਉਂਦੇ ਹਨ ਲੇਕਿਨ ਅੱਜ ਇਸ ਯੂਰੀਏ ਦਾ ਭਾਅ ਵਧਿਆ ਹੈ। ਮੈਂ ਸਮਝਦਾ ਸੀ ਕਿ ਸਾਡੇ ਮਾਨਯੋਗ ਚੀਫ ਮਨਿਸਟਰ ਸਾਹਿਬ ਔਰ ਸਾਡੀ ਇਥੋਂ ਦੀ ਬੀ. ਜੇ. ਪੀ. ਦੀ ਉਥੇ ਸਾਂਝੀ ਸਰਕਾਰ ਹੈ, ਜਿਸ ਦੀ ਅਸੀਂ ਸਪੋਰਟ ਕਰਦੇ ਹਾਂ ਔਰ ਸਾਡੇ ਪੰਜਾਬ ਦੇ ਜਿਹੜੇ ਮੁੱਖ ਮੰਤਰੀ ਵੀ ਰਹੇ ਹਨ, ਉਹ ਉਥੇ ਸੈਂਟਰ ਵਿਚ ਮਨਿਸਟਰ ਹਨ। ਸਾਨੂੰ ਪੂਰੀ ਆਸ ਸੀ ਕਿ ਯੂਰੀਏ ਦੇ ਜਿਹੜੇ ਭਾਅ ਵਧਾਏ ਗਏ ਸੀ, ਪੰਜਾਬ ਤੇ ਬਹੁਤ ਭਾਰ ਪਿਆ ਹੈ, ਇਸ ਨੂੰ ਵਾਪਸ ਲਿਆ ਜਾਵੇਗਾ ਔਰ ਬਾਦਲ ਸਾਹਿਬ ਇਸ ਲਈ ਕਾਫੀ ਜ਼ੋਰ ਪਾਉਂਦੇ ਹਨ ਕਿਉਂਕਿ ਇਨ੍ਹਾਂ ਦੀ ਉਥੇ ਬੜੀ ਜਾਂਝ ਹੈ, ਬੜੀ ਪੁੱਛ-ਗਿੱਛ ਹੈ, ਇਸ ਲਈ ਯੂਰੀਏ ਦੇ ਰੇਟ ਘੱਟਣਗੇ। ਲੇਕਿਨ ਡਿਪਟੀ ਸਪੀਕਰ ਸਾਹਿਬ, ਯੂਰੀਏ ਦੇ ਰੇਟ ਨਹੀਂ ਘਟਾਏ ਗਏ। ਯੂਰੀਏ ਦੇ ਰੇਟ ਨਾ ਘਟਾਏ ਜਾਣ ਤੇ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਯੂਰੀਏ ਦੇ ਰੇਟ ਵਧਾਏ ਜਾਣ ਤੇ ਉਤੇ ਸਾਡੇ ਗਵਾਂਢੀ ਸੂਬੇ ਹਰਿਆਣੇ ਦੇ ਚੌਟਾਲਾ ਜੀ ਜੋ ਕੇਂਦਰ ਦੀ ਸੱਤਾ ਵਿੱਚ ਸਨ। ਉਨ੍ਹਾਂ ਨੇ ਅਤੇ ਹਰਿਆਣਾ ਦੇ ਕਿਸਾਨਾਂ ਨੇ ਐਜੀਟੇਸ਼ਨ ਕੀਤੀ ਅਤੇ ਉਨ੍ਹਾਂ ਨੇ ਸੈਂਟਰ ਨੂੰ ਕਿਹਾ ਕਿ ਜੇਕਰ ਯੂਰੀਏ ਦੇ ਵਧਾਏ ਹੋਏ ਰੇਟ ਵਾਪਸ ਨਹੀਂ ਲਏ ਜਾਂਦੇ ਤਾਂ ਅਸੀਂ ਕੇਂਦਰ ਦੀ ਸਰਕਾਰ ਕੋਲੋਂ ਆਪਣੀ ਸਪੋਰਟ ਵਾਪਸ ਲੈ ਲਵਾਂਗੇ। ਉਨ੍ਹਾਂ ਨੇ ਟਾਈਮ ਵੀ ਦਿੱਤਾ ਪਰ ਟਾਈਮ ਦੇ ਅੰਦਰ ਯੂਰੀਏ ਦੇ ਰੇਟ ਨਾ ਘਟਾਏ ਜਾਣ ਤੇ ਚੌਟਾਲਾ ਜੀ ਨੇ ਕੇਂਦਰ ਦੀ ਬੀ. ਜੇ. ਪੀ. ਦੀ ਸਰਕਾਰ ਤੋਂ ਆਪਣੀ ਸਪੋਰਟ ਵਾਪਸ ਲੈ ਲਈ, ਔਰ ਜਿਹੜੀਆਂ ਸਾਂਝੀਆਂ ਪਾਰਟੀਆਂ ਦੀ ਸਰਕਾਰ ਸੀ, ਉਸ ਤੋਂ ਸਪੋਰਟ ਵਾਪਸ ਲੈ ਲਈ। ਲੇਕਿਨ ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵੀ ਉਸ ਸਰਕਾਰ ਦੇ ਹਿੱਸੇਦਾਰ ਹੋ ਔਰ ਤੁਸੀਂ ਭਾਈਵਾਲ ਹੋ ਔਰ ਉਹ ਤੁਹਾਡਾ ਇੰਨਾ ਕਹਿਣਾ ਨਹੀਂ ਮੰਨ ਸਕਦੇ ਕਿ ਜਿਹੜਾ ਪੰਜਾਬ ਦਾ ਕਿਸਾਨ ਸਭ ਤੋਂ ਜ਼ਿਆਦਾ ਦੇਸ਼ ਦੇ ਅੰਦਰ ਅਨਾਜ ਪੈਦਾ ਕਰਦਾ ਹੈ। ਜਿਸ ਕਿਸਾਨ ਨੇ ਸਾਰੇ ਦੇਸ਼ ਦੇ ਲੋਕਾਂ ਦਾ ਪੇਟ ਭਰਨ ਦੀ ਕੋਸ਼ਿਸ਼ ਕੀਤੀ ਹੈ, ਬਹੁਤ ਵੱਡੀ ਗਿਣਤੀ ਵਿੱਚ ਅਨਾਜ ਦਿੰਦਾ ਹੈ। ਪੰਜਾਬ ਦੀ ਸਰਕਾਰ ਉਥੇ ਭਾਈਵਾਲੀ ਹੋਵੇ, ਜੇਕਰ ਚੌਟਾਲਾ ਸਾਹਿਬ ਯੂਰੀਏ ਦੇ ਭਾਅ ਵਧਾਏ ਜਾਣ ਦੇ ਉਤੇ ਆਪਣੀ ਸਪੋਰਟ ਵਾਪਸ ਲੈ ਸਕਦੇ ਹਨ ਤਾਂ ਫਿਰ ਤੁਹਾਡੇ ਵਲੋਂ ਵੀ ਉਨ੍ਹਾਂ ਨੂੰ ਧਮਕੀ ਦਿੱਤੀ ਜਾਣੀ ਚਾਹੀਦੀ ਹੈ, ਉਨ੍ਹਾਂ ਦੇ ਕੋਲੋਂ ਆਪਣੀ ਸਪੋਰਟ ਵਾਪਸ ਲੈ ਲਵੋ ਤਾਂ ਕਿ ਯੂਰੀਏ ਦੇ ਭਾਅ ਨੂੰ ਘਟਾਇਆ ਜਾ ਸਕੇ। ਤੁਹਾਡੀ ਤਾਂ ਕਾਫੀ ਵੱਡੀ ਗਿਣਤੀ ਹੈ, ਸਰਕਾਰ ਚਲਾਉਣ ਦੇ ਵਿੱਚ। ਤੁਸੀਂ ਵੀ ਚੌਟਾਲਾ ਸਾਹਿਬ ਵਾਂਗ ਇਕ ਮਿਸਾਲ ਪੇਸ਼ ਕਰਕੇ ਯੂਰੀਏ ਦੇ ਰੇਟ ਘਟਾਉਣ ਬਾਰੇ ਉਨ੍ਹਾਂ ਨੂੰ ਕੁਝ ਕਹੋ ਤਾਂ ਜੋ ਪੰਜਾਬ ਦਾ ਕਿਸਾਨ ਰਾਹਤ ਮਹਿਸੂਸ ਕਰ ਸਕੇ। ਡਿਪਟੀ ਸਪੀਕਰ ਸਾਹਿਬ, ਯੂਰੀਏ ਦੇ ਭਾਅ ਵਧਾਏ ਜਾਣ ਦੇ ਨਾਲ ਨਾਲ ਮੈਂ ਗੱਲ ਕਰ ਰਿਹਾ ਹਾਂ ਕਿ ਪੰਜਾਬ ਦਾ ਜਿਹੜਾ ਕਿਸਾਨ ਹੈ, ਉਹ ਅੱਜ ਕਰਜ਼ੇ ਦੇ ਹੇਠਾਂ ਹਰ ਸਾਲ ਇੰਨਾ ਦਬਦਾ ਜਾ ਰਿਹਾ ਹੈ, ਇੰਨਾ ਦਬਿਆ ਹੋਇਆ ਹੈ ਕਿ ਪੰਜਾਬ ਦੇ ਵਿੱਚ ਕੋਈ 150 ਦੇ ਕਰੀਬ ਕਿਸਾਨਾਂ ਨੇ ਸੁਸਾਈਡ ਕੀਤੇ ਹਨ। ਇਹ ਦੇਸ਼ ਦੇ ਵਿੱਚ ਔਰ ਪੰਜਾਬ ਦੇ ਵਿੱਚ ਜਦੋਂ ਦਾ ਦੇਸ਼ ਆਜ਼ਾਦ ਹੋਇਆ ਹੈ ਉਦੋਂ ਤੋਂ ਪੰਜਾਬ ਦੇ ਵਿੱਚ

ਇਹ ਪਹਿਲਾ ਮੌਕਾ ਹੈ ਕਿ ਕਿਸਾਨਾਂ ਨੇ ਕਰਜ਼ੇ ਦੇ ਬੋਝ ਥੱਲੇ ਦਬ ਕੇ ਇੰਨੀਆਂ ਖ਼ੁਦਕਸ਼ੀਆਂ ਕੀਤੀਆਂ ਹਨ । ਮੈਂ ਸਮਝਦਾ ਹਾਂ ਕਿ ਇਹ ਸਾਡੀ ਸਰਕਾਰ ਫੇਲ੍ਹ ਹੈ । ਮੈਂ ਕਹਿੰਦਾ ਹਾਂ ਕਿਸਾਨਾਂ ਨੂੰ ਜਿੱਥੇ ਇਨ੍ਹਾਂ ਨੇ ਪਹਿਲਾਂ ਵੀ ਬਹੁਤ ਰਿਆਇਤਾਂ ਦਿੱਤੀਆਂ ਹਨ ਪਰ ਅੱਜ ਕਿਸਾਨ ਬਹੁਤ ਦੁਖੀ ਹਨ । ਇਹ ਗੱਲ ਮੈਂ ਬੜੇ ਜ਼ੋਰਦਾਰ ਸ਼ਬਦਾਂ ਦੇ ਨਾਲ ਕਹਿਣੀ ਚਾਹੁੰਦਾ ਹਾਂ ਕਿ ਇਸ ਦੇ ਉਤੇ ਸਰਕਾਰ ਬਹੁਤ ਵੱਡੀ ਪੱਧਰ ਤੇ ਫੇਲ੍ਹ ਹੋਈ ਹੈ । ਇਨ੍ਹਾਂ ਨੇ ਚੋਣ ਮੈਨੀਫੈਸਟੋ ਦੇ ਵਿਚ ਐਲਾਨ ਵੀ ਕੀਤਾ ਸੀ । ਨੈਚੂਰਲ ਕਲਾਮਿਟੀਜ਼ ਦੇ ਨਾਲ ਬਹੁਤ ਫੇਸਲਾਂ ਤਬਾਹ ਹੋ ਜਾਂਦੀਆਂ ਹਨ, ਕਦੀ ਗੜ੍ਹੇ ਪੈ ਜਾਂਦੇ ਹਨ, ਜ਼ਿਆਦਾ ਮੀਂਹ ਪੈ ਜਾਂਦੇ ਹਨ ਜਾਂ ਬੇਮੌਸਮੀ ਬਾਰਸ਼ਾਂ ਹੋ ਜਾਂਦੀਆਂ ਹਨ । ਐਤਕੀਂ ਤਾਂ ਸਾਰੇ ਪੰਜਾਬ ਦਾ ਮੌਸਮ ਬਹੁਤ ਖਰਾਬ ਰਿਹਾ ਹੈ ਪਰ ਪੰਜਾਬ ਦੇ ਕਿਸਾਨਾਂ ਨੂੰ ਸਰਕਾਰ ਵਲੋਂ ਕੋਈ ਵੀ ਮੁਆਵਜ਼ਾ ਨਹੀਂ ਦਿੱਤਾ ਗਿਆ । ਇਨ੍ਹਾਂ ਨੇ ਆਪਣੇ ਚੋਣ ਮੈਨੀਫੈਸਟੋ ਦੇ ਵਿੱਚ ਇੰਸ਼ੋਰੈਂਸ ਦੀ ਸਕੀਮ ਬਾਰੇ ਕਿਹਾ ਸੀ ਕਿ ਪੰਜਾਬ ਦੇ ਵਿੱਚ ਲਾਗੂ ਕਰਾਂਗੇ । ਮੈਂ ਸਮਝਦਾ ਹਾਂ ਕਿ ਇਹ ਕਿਸਾਨਾਂ ਦੀ ਸਰਕਾਰ ਹੈ, ਬੜੇ ਜ਼ੋਰ ਨਾਲ ਲੋਕਾਂ ਨੇ ਵੋਟਾਂ ਪਾ ਕੇ ਇਨ੍ਹਾਂ ਨੂੰ ਬੜੀ ਵੱਡੀ ਗਿਣਤੀ ਵਿੱਚ ਭੇਜਿਆ ਹੈ ਤੇ ਆਸ ਕੀਤੀ ਸੀ ਕਿ ਜਿਹੜੇ ਵਾਅਦੇ ਚੋਣਾਂ ਦੇ ਸਮੇਂ ਇਨ੍ਹਾਂ ਕੀਤੇ ਸਨ, ਉਹ ਪੂਰੇ ਕਰਨਗੇ ਪਰ ਜਿਹੜੀ ਐਗਰੀਕਲਚਰਲ ਕਰਾਪ ਦੀ ਇੰਸ਼ੋਰੈਂਸ ਸਕੀਮ ਤੁਸੀਂ ਮੰਨੀ ਸੀ ਉਹ ਵੀ ਪੰਜਾਬ ਦੇ ਵਿਚ ਲਾਗੂ ਨਹੀਂ ਕਰ ਸਕੇ । ਅੱਜ ਤੁਹਾਨੂੰ ਪਤਾ ਹੈ ਕਿ ਜੇਕਰ ਕੋਈ ਚੀਜ਼ ਵਪਾਰੀ ਦੇ ਹੱਥ ਵਿਚ ਆ ਜਾਵੇ ਤਾਂ ਜਿਵੇਂ ਗੰਢੇ 60 ਰੁਪਏ ਕਿਲੋ ਵਿਕੇ ਸਨ ਵਪਾਰੀ ਵੱਡੇ ਵੱਡੇ ਰੇਟਾਂ ਤੇ ਆਪਣੀਆਂ ਚੀਜ਼ਾਂ ਵੇਚਦੇ ਸਨ ਪਰ ਜੋ ਗਰੀਬ ਕਿਸਾਨ ਦੀ ਹਾਲਤ ਹੈ ਉਨ੍ਹਾਂ ਦੀਆਂ ਸਬਜ਼ੀਆਂ ਅੱਜ ਰੁਲ ਰਹੀਆਂ ਹਨ, ਆਲੂ ਰੁਲ ਰਹੇ ਹਨ, ਗੋਭੀ ਨੂੰ ਕੋਈ ਦੋ ਰੁਪਏ ਕਿਲੋ ਤੱਕ ਨਹੀਂ ਪੁੱਛਦਾ । ਤੁਹਾਨੂੰ ਆਪਣੇ ਕਿਸਾਨਾਂ ਦੇ ਲਈ ਸਾਧਨ ਪੈਦਾ ਕਰਨੇ ਚਾਹੀਦੇ ਹਨ, ਕੋਈ ਸਕੀਮਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਅੱਜ ਪੰਜਾਬ ਦੇ ਅੰਦਰ ਕੋਈ ਸੀਡ ਹੈ ਨਹੀਂ । ਯੂਨੀਵਰਸਿਟੀ ਕੋਲੋਂ ਕੋਈ ਨਵੀਂ ਸੋਧ ਕਿਸਾਨਾਂ ਨੂੰ ਨਹੀਂ ਮਿਲਦੀ । ਉਹੀ ਪੁਰਾਣੇ ਬੀਜ ਵਰਤੇ ਜਾਂਦੇ ਹਨ । ਉਨ੍ਹਾਂ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਕਿਹੜੀ ਫਸਲ ਕਿਹੜੇ ਸਮੇਂ ਤਿਆਰ ਕੀਤੀ ਜਾਣੀ ਚਾਹੀਦੀ ਹੈ । ਸਾਇੰਸਦਾਨਾਂ ਤੋਂ ਕੋਈ ਸੋਧ ਨਹੀਂ ਲਈ । ਤੁਸੀਂ ਸਾਇੰਸਦਾਨਾਂ ਤੋਂ ਲਾਭ ਲੈ ਕੇ ਕਿਸਾਨਾਂ ਦੇ ਫਾਇਦੇ ਲਈ ਜਿਹੜੀਆਂ ਫਸਲਾਂ ਹਨ ਉਨ੍ਹਾਂ ਬਾਰੇ ਜਾਣਕਾਰੀ ਦਿਓ । ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਗੰਨਾ ਮਿੱਲਾਂ ਦੇ ਵਾਸਤੇ ਇਨ੍ਹਾਂ ਵਲੋਂ 2 ਲੱਖ ਹੈਕਟੇਅਰ ਏਕੜ ਦੇ ਵਿਚ ਗੰਨਾ ਬੀਜਣ ਦਾ ਟੀਚਾ ਮਿੱਥਿਆ ਸੀ ਪਰ ਸਿਰਫ਼ 1.50 ਲੱਖ ਹੈਕਟੇਅਰ ਦੇ ਵਿੱਚ ਗੰਨਾ ਬੀਜਿਆ ਗਿਆ ਹੈ । ਜਿਸ ਕਾਰਨ ਬਹੁਤ ਸਾਰੀਆਂ ਮਿੱਲਾਂ ਬੰਦ ਹੋ ਰਹੀਆਂ ਹਨ । ਪੂਰੀ ਕਪੈਸਟੀ ਨਾਲ ਉਸ ਨੂੰ ਯੂਜ਼ ਨਹੀਂ ਕਰ ਸਕੇ । ਰਿਕਵਰੀ ਬੜੀ ਘੱਟ ਹੈ । ਡਿਪਟੀ ਸਪੀਕਰ ਸਾਹਿਬ, ਮਿੱਲਾਂ ਵਾਲਿਆਂ ਕੋਲ ਕਿਸਾਨਾਂ ਦਾ 10 ਕਰੋੜ ਰੁਪਿਆ ਪਿਆ ਹੈ । ਹਾਲੇ ਤੱਕ ਇਹ ਉਨ੍ਹਾਂ ਨੂੰ ਇਹ ਬਕਾਇਆ ਪੈਸਾ ਨਹੀਂ ਦਿਵਾ ਸਕੇ ਜਿਸ ਨਾਲ ਕਿਸਾਨ ਪੀਸਿਆ ਜਾ ਰਿਹਾ ਹੈ । ਇਥੇ ਹੀ ਬਸ ਨਹੀਂ ਝੋਨੇ ਦੀ ਫਸਲ ਪੰਜਾਬ ਵਿਚ ਹੋਈ ਹੈ । ਪੰਜਾਬ ਸਰਕਾਰ ਦੀਆਂ ਏਜੰਸੀਆਂ ਹਨ ਜਿਨ੍ਹਾਂ ਨੇ ਇਹ ਝੋਨਾ ਖਰੀਦਣਾ ਸੀ । ਐਫ. ਸੀ. ਆਈ. ਨੇ ਝੋਨਾ ਖਰੀਦਣਾ ਸੀ ਜਿਸ ਵਾਸਤੇ ਪੰਜਾਬ ਸਰਕਾਰ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ 5 ਹਜ਼ਾਰ

[ਚੌਧਰੀ ਜਗਜੀਤ ਸਿੰਘ]

ਕਰੋੜ ਰੁਪਿਆ ਲਿਆ ਹੈ ਅਤੇ ਉਸ ਉਪਰ ਸਾਢੇ ਤੇਰਾਂ ਪ੍ਰਤੀਸ਼ਤ ਸੂਦ ਲੱਗਿਆ ਹੈ ਤਾਂ ਕਿ ਝੋਨਾ ਖਰੀਦਿਆ ਜਾਵੇ ਪਰ ਏਜੰਸੀਆਂ ਮੰਡੀਆਂ ਵਿਚ ਵੜੀਆਂ ਨਹੀਂ । ਜਿੰਨਾ ਝੋਨਾ ਖਰੀਦਣਾ ਸੀ, ਉਨਾ ਖਰੀਦਿਆ ਨਹੀਂ ਗਿਆ । ਵਪਾਰੀਆਂ ਨੂੰ ਛੱਡ ਦਿੱਤਾ । ਐਕਸਪੋਰਟ ਪ੍ਰਾਈਸ ਸਰਕਾਰ ਨੇ ਲੈ ਕੇ ਨਹੀਂ ਦਿੱਤੀ । ਸਾਨੂੰ ਯਾਦ ਹੈ ਜਿਸ ਵੇਲੇ ਝੋਨੇ ਦਾ ਸੀਜ਼ਨ ਸ਼ੁਰੂ ਹੁੰਦਾ ਸੀ, ਸਾਡੇ ਚੀਫ ਮਨਿਸਟਰ ਸਾਹਿਬ, ਡਿਊਟੀ ਲਾਉਂਦੇ ਸੀ ਕਿ ਮੰਡੀਆਂ ਵਿਚ ਜਾਓ ਤੇ ਦੇਖੋ ਕਿ ਕੰਮ ਸਹੀ ਹੋ ਰਿਹਾ ਹੈ ? ਸਾਰੇ ਵਾਰੀ-ਵਾਰੀ ਮੰਡੀਆਂ ਵਿਚ ਜਾਂਦੇ ਸੀ ਪਰ ਇਨ੍ਹਾਂ ਵਿਚੋਂ ਕਿਸੇ ਨੇ ਮੰਡੀਆਂ ਵਿਚ ਜਾਣ ਦੀ ਖੇਚਲ ਨਹੀਂ ਕੀਤੀ । ਮੈਂ ਆਦਮਪੁਰ ਇਲੈਕਸ਼ਨ ਦੇ ਸਿਲਸਿਲੇ ਵਿਚ ਗਿਆ ਸੀ । ਉਥੇ ਇਕ ਕਿਸਾਨ ਨੇ ਕਿਹਾ ਕਿ ਝੋਨਾ 18 ਦਿਨ ਬਾਅਦ ਮੰਡੀ ਵਿਚੋਂ ਚੁੱਕਿਆ ਗਿਆ । ਦੂਜੇ ਕਿਸਾਨ ਨੇ ਕਿਹਾ ਝੋਨਾ ਟਰਾਲੀ ਵਿਚ ਪਿਆ ਪਿਆ ਜੰਮ ਗਿਆ । ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਇੰਤਜ਼ਾਮ ਠੀਕ ਕਰਨ ਦੀ ਕੋਸ਼ਿਸ਼ ਕਰੋ ਪਰ ਇਹ ਨਹੀਂ ਕਹਿ ਸਕਦੇ ਕਿਉਂਕਿ ਚਾਪਲੂਸੀ ਕਰਨੀ ਪੈਂਦੀ ਹੈ । ਕੁਰਸੀਆਂ ਕਾਇਮ ਰੱਖਣੀਆਂ ਹਨ ਪਰ ਅਸੀਂ ਗੱਲ ਸਹੀ ਦੱਸਣੀ ਹੁੰਦੀ ਹੈ । (ਅਪੋਜ਼ੀਸ਼ਨ ਵਲੋਂ ਥੰਪਿੰਗ) ਮੇਰਾ ਕਹਿਣ ਦਾ ਭਾਵ ਇਹ ਹੈ ਕਿ ਝੋਨੇ ਵਿਚ ਪੰਜਾਬ ਦੇ ਲੋਕਾਂ ਨੇ ਮਾਰ ਖਾਧੀ ਹੈ । ਹੁਣ ਸ਼ੈਲਰਾਂ ਵਾਲਿਆਂ ਨੇ ਹੜਤਾਲ ਕੀਤੀ ਹੋਈ ਹੈ ਬੜੇ ਦਿਨਾਂ ਤੋਂ ਐਜੀਟੇਸ਼ਨ ਚੱਲ ਰਹੀ ਹੈ । ਉਸ ਐਜੀਟੇਸ਼ਨ ਕਾਰਨ ਇਥੇ ਸ਼ੈਲਿੰਗ ਨਹੀਂ ਹੋ ਰਹੀ । 35 ਸੌ ਕਰੋੜ ਰੁਪਏ ਦਾ ਝੋਨਾ ਸ਼ੈਲਰਾਂ ਵਾਲਿਆਂ ਦੇ ਗੁਦਾਮਾਂ ਵਿਚ ਪਿਆ ਹੈ । ਮਿਲਿੰਗ ਹੋਣੀ ਚਾਹੀਦੀ ਸੀ । ਇਨ੍ਹਾਂ ਨੇ ਕੋਸ਼ਿਸ਼ ਕੀਤੀ ਸੀ, ਦਿੱਲੀ ਵੀ ਗਏ ਸੀ, ਪਰ ਸਿੱਟਾ ਜਾਂ ਨਤੀਜਾ ਕੋਈ ਠੀਕ ਨਹੀਂ ਨਿਕਲਿਆ । ਸੋ, ਮੈਂ ਕਹਿਣਾ ਚਾਹੁੰਦਾ ਹਾਂ ਕਿ 35 ਸੌ ਕਰੋੜ ਰੁਪਏ ਦਾ ਝੋਨਾ ਸ਼ੈਲਰ ਵਾਲਿਆਂ ਦੀਆਂ ਮੰਗਾਂ ਨਾ ਮੰਨਣ ਕਾਰਨ ਜੋ ਕਿ ਉਨ੍ਹਾਂ ਦੀਆਂ ਜੈਨੂਅਨ ਮੰਗਾਂ ਹਨ, ਮਿੱਤਲ ਸਾਹਿਬ ਦਾ ਮਹਿਕਮਾ ਹੈ, ਇਹ ਉਸ ਨਾਲ ਤਾਅਲੁਕ ਰੱਖਦੇ ਹਨ, ਸ਼ੈਲਰਾਂ ਵਾਲਿਆਂ ਨੂੰ ਮਿਲਦੇ ਰਹਿੰਦੇ ਹਨ, ਉਨ੍ਹਾਂ ਨਾਲ ਤਾਲਮੇਲ ਹੈ ਅਤੇ ਨਾਲ ਹੀ ਬੀ. ਜੇ. ਪੀ. ਤੇ ਅਕਾਲੀ ਦਲ ਦੀ ਸਰਕਾਰ ਸੈਂਟਰ ਵਿਚ ਹੈ । ਬਰਨਾਲਾ ਸਾਹਿਬ ਹਨ । ਰੋਜ਼ ਅਖਬਾਰਾਂ ਵਿਚ ਆਉਂਦਾ ਹੈ, ਪਤਾ ਨਹੀਂ ਗੁੱਸਾ ਕੱਢ ਰਹੇ ਹਨ, ਪਤਾ ਨਹੀਂ ਕੀ ਅੰਦਰੂਨੀ ਗੱਲ ਹੈ । ਸੋ, ਮੈਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਦਾ ਉਪਰਾਲਾ ਕਰਨ, ਸੈਂਟਰ ਦੀ ਸਰਕਾਰ ਨੂੰ ਮਿਲਣ ਤਾਂ ਜੋ ਜਿਹੜਾ ਝੋਨਾ ਪਿਆ ਹੈ, ਉਸ ਦੀ ਸ਼ੈਲਿੰਗ ਹੋਵੇ ਕਿਉਂਕਿ ਸ਼ੈਲਿੰਗ ਦਾ ਸੀਜ਼ਨ ਅਕਤੂਬਰ ਤੋਂ ਲੈ ਕੇ ਫਰਵਰੀ ਤੱਕ ਸੀ । ਅਰਬਾਂ ਰੁਪਏ ਦਾ ਝੋਨਾ ਪਿਆ ਸੜ ਰਿਹਾ ਹੈ । ਦੇਸ਼ ਦਾ ਧਨ ਖ਼ਤਮ ਹੋ ਰਿਹਾ ਹੈ । ਸ਼ੈਲਰ ਇੰਡਸਟਰੀ ਤਬਾਹ ਹੋ ਰਹੀ ਹੈ । ਜਿਹੜੇ ਸ਼ੈਲਰਾਂ ਵਾਲਿਆਂ ਨੇ ਕਿਸਾਨਾਂ ਤੋਂ ਝੋਨਾ ਲਿਆ ਹੈ ਉਨ੍ਹਾਂ ਨੇ ਹਾਲੇ ਤੱਕ ਕਿਸਾਨਾਂ ਦੇ ਪੈਸੇ ਦਾ ਭੁਗਤਾਨ ਨਹੀਂ ਕੀਤਾ । ਜੇ ਤੁਸੀਂ ਉਨ੍ਹਾਂ ਦੀ ਮਦਦ ਨਾ ਕੀਤੀ, ਜੇ ਮਿੱਲਾਂ ਨਾ ਚਲਾਈਆਂ ਗਈਆਂ, ਕਿਸਾਨ ਅੱਗੇ ਹੀ ਪੀਸਿਆ ਜਾ ਰਿਹਾ ਹੈ ਉਸ ਨੇ ਉਹ ਜਿਹੜਾ ਪੈਸਾ ਲੈਣਾ ਹੈ, ਜਿਹੜਾ ਜਿਣਸ ਦਾ ਪੈਸਾ ਉਸ ਨੂੰ ਪ੍ਰਾਪਤ ਨਹੀਂ ਹੋ ਸਕਿਆ, ਉਸ ਬਾਰੇ ਆਖਣ । ਐਡਰੈਸ ਵਿਚ ਅਨੁਸੂਚਿਤ ਜਾਤੀਆਂ ਵਾਸਤੇ ਆਖਿਆ ਗਿਆ ਹੈ ਅਤੇ ਮੇਰੇ ਕੁਝ ਵੀਰ ਇਸ ਉਤੇ ਬੋਲੇ ਵੀ ਹਨ । ਡਿਪਟੀ ਸਪੀਕਰ

ਸਾਹਿਬ, ਜਿਹੜੇ ਮੇਰੇ ਭਰਾ ਹਨ ਮੇਰਾ ਉਨ੍ਹਾਂ ਵਾਸਤੇ ਸਤਿਕਾਰ ਹੈ । ਅਸੀਂ ਸਾਰੇ ਇਥੇ ਗਵਰਨਰ ਸਾਹਿਬ ਦੇ ਐਡਰੈਸ ਉਤੇ ਡਿਸਕਸ਼ਨ ਕਰ ਰਹੇ ਹਾਂ ਅਤੇ ਇਸ ਨੂੰ ਹਰ ਮੈਂਬਰ ਸਾਹਿਬਾਨ ਨੇ ਪੜ੍ਹਿਆ ਹੋਵੇਗਾ । ਇਸ ਐਡਰੈਸ ਦੇ ਵਿਚ ਵੇਖ ਲਓ । ਜਿਹੜੀਆਂ ਪਹਿਲਾਂ ਸ਼ਡਿਊਲ ਕਾਸਟਾਂ ਦੇ ਲਈ ਸਕੀਮਾਂ ਚਲਦੀਆਂ ਸਨ ਅਤੇ ਜਿਹੜੀਆਂ ਹੁਣ ਸਕੀਮਾਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਵੇਖ ਲਓ । ਇਹ ਦੇ ਲਈ ਪਿਛਲੀਆਂ ਸਰਕਾਰਾਂ ਦੇ ਵਕਤ ਕਿੰਨਾ ਬਜਟ ਰਖਿਆ ਜਾਂਦਾ ਸੀ ਅਤੇ ਹੁਣ ਦੀ ਸਰਕਾਰ ਵਲੋਂ ਕਿੰਨਾ ਬਜਟ ਰਖਿਆ ਗਿਆ ਸੀ । ਇਸ ਨੂੰ ਵੇਖ ਲਓ, ਕਿੰਨਾ ਇਸ ਸਰਕਾਰ ਨੇ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਬਜਟ ਖਰਚ ਕੀਤਾ ਹੈ । ਇਸ ਤੋਂ ਤੁਹਾਨੂੰ ਆਪਣੇ ਆਪ ਹੀ ਪਤਾ ਲੱਗ ਜਾਵੇਗਾ । ਐਵੇਂ ਘੋੜੀਆਂ ਗਾਉਣ ਨਾਲ ਕੋਈ ਮਸਲਾ ਹੱਲ ਨਹੀਂ ਹੋਣਾ, ਕੁਝ ਹੋਣਾ ਨਹੀਂ ਹੈ । ਇਸ ਤਰ੍ਹਾਂ ਘੋੜੀਆਂ ਗਾਉਣ ਨਾਲ ਤੁਹਾਨੂੰ ਵਜ਼ੀਰੀਆਂ ਜਾਂ ਚੇਅਰਮੈਨੀਆਂ ਜ਼ਰੂਰ ਮਿਲ ਜਾਣਗੀਆਂ ਪਰ ਤੁਹਾਡਾ ਲੀਡਰ ਇਹ ਮਹਿਸੂਸ ਕਰੇਗਾ ਕਿ ਮੈਂ ਜੋ ਕੁਝ ਸ਼ਡਿਊਲਡ ਕਾਸਟਾਂ ਦੇ ਲਈ ਕਰ ਰਿਹਾ ਹਾਂ, ਉਹ ਠੀਕ ਕਰ ਰਿਹਾ ਹਾਂ । (ਵਿਘਨ) . . .

Mr. Deputy Speaker: Please address the Chair.

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਇਨ੍ਹਾਂ ਦੀ ਕੋਈ ਮਜਬੂਰੀ ਹੋ ਸਕਦੀ ਹੈ ਵਜ਼ੀਰੀ ਲੈਣਾ ਚਾਹੁੰਦੇ ਹੋਣਗੇ, ਚੇਅਰਮੈਨੀਆ ਲੈਣਾ ਚਾਹੁੰਦੇ ਹੋਣਗੇ, ਪਰ ਸਾਡੀ ਕੋਈ ਮਜ਼ਬੂਰੀ ਨਹੀਂ ਹੈ । ਅਸੀਂ ਤੁਹਾਡੀ ਪਾਰਟੀ ਦੀ ਸਰਕਾਰ ਵਿਚ ਜਿਹੜੀ ਖਾਮੀ ਹੈ, ਉਹ ਦੱਸ ਸਕਦੇ ਹਾਂ ਅਤੇ ਤੁਸੀਂ ਬਾਦਲ ਸਾਹਿਬ ਤੇ ਜ਼ੋਰ ਪਾ ਕੇ ਕੰਮ ਠੀਕ ਕਰਵਾ ਸਕਦੇ ਹੋ । ਦੋ ਸਾਲ ਤੁਹਾਡੀ ਪਾਰਟੀ ਦੀ ਸਰਕਾਰ ਨੂੰ ਬਣੇ ਹੋ ਗਏ ਹਨ । ਸ਼ਡਿਊਲਡ ਕਾਸਟਾਂ ਦੇ ਲਈ ਸਕੀਮਾਂ ਪਹਿਲਾਂ ਵੀ ਚਲਦੀਆਂ ਰਹੀਆਂ ਹਨ ਅਤੇ ਹੁਣ ਵੀ ਚਲ ਰਹੀਆਂ ਹਨ ਜਿੰਨੀ ਦੇਰ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਰਹੀ ਅਤੇ ਸਾਡਾ ਇਥੇ ਰਾਜ ਰਿਹਾ ਹੈ, ਚਾਹੇ 40 ਸਾਲ ਅਸੀਂ ਰਾਜ ਕੀਤਾ, ਇਸ ਦੌਰਾਨ ਅਸੀਂ ਸ਼ਡਿਊਲਡ ਕਾਸਟਾਂ ਦੇ ਲਈ ਬਹੁਤ ਕੰਮ ਕੀਤੇ । ਚਾਹੇ ਇਥੇ ਅਸੀਂ ਆਪੋਜ਼ੀਸ਼ਨ ਦੇ ਵਿਚ 27 ਐਮ. ਐਲ. ਏਜ਼. ਬਣ ਕੇ ਆਏ ਹਾਂ ਪਰ ਅਸੀਂ ਆਪਣੇ ਰਾਜ ਦੇ ਦੌਰਾਨ ਕਈ ਆਈ. ਏ. ਐਸ., ਆਈ. ਪੀ. ਐਸ. ਅਤੇ ਪੀ. ਸੀ. ਐਸ. ਦੀ ਰਿਜ਼ਰਵੇਸ਼ਨ ਦਿਵਾਉਣ ਵਿਚ ਪੂਰਾ ਜ਼ੋਰ ਲਗਾਇਆ ਸੀ ਅਤੇ ਉਨ੍ਹਾਂ ਦੇ ਹੱਕਾਂ ਦੀ ਪੂਰੀ ਰਾਖੀ ਕੀਤੀ ਸੀ । ਕਈ ਸੈਕਟਰੀ ਲੱਗੇ ਹੋਏ ਹਨ, ਕਮਿਸ਼ਨਰ ਲੱਗੇ ਹੋਏ ਹਨ । ਇਹ ਸਾਡੀ ਪਾਰਟੀ ਨੇ ਇਨ੍ਹਾਂ ਦੇ ਹੱਕਾਂ ਦੇ ਲਈ ਲੜਾਈ ਕੀਤੀ ਸੀ । ਡਿਪਟੀ ਸਪੀਕਰ ਸਾਹਿਬ, ਇਥੇ ਮਕਾਨਾਂ ਦੀ ਗੱਲ ਦਾ ਜ਼ਿਕਰ ਕੀਤਾ ਗਿਆ । ਆਜ਼ਾਦੀ ਤੋਂ ਪਹਿਲੇ ਦੀ ਗੱਲ ਹੈ ਅਤੇ ਇਥੇ 5-7 ਐਮ. ਐਲ. ਏਜ਼. ਹੀ ਐਸੇ ਹੋਣਗੇ ਜਿਨ੍ਹਾਂ ਨੂੰ ਆਜ਼ਾਦੀ ਤੋਂ ਪਹਿਲਾਂ ਦੇ ਪੀਰੀਅਡ ਬਾਰੇ ਪਤਾ ਹੋਵੇਗਾ । ਆਜ਼ਾਦੀ ਤੋਂ ਪਹਿਲਾਂ ਸ਼ਡਿਊਲਡ ਕਾਸਟ ਭਰਾ ਆਪਣਾ ਮਕਾਨ ਤੱਕ ਨਹੀਂ ਬਣਾ ਸਕਦੇ ਸਨ ਕਿਉਂਕਿ ਉਨ੍ਹਾ ਦੇ ਕੋਲ ਕੋਈ ਜ਼ਮੀਨ ਨਹੀਂ ਸੀ ਹੁੰਦੀ ਅਤੇ ਬ੍ਰਿਟਿਸ਼ ਇੰਡੀਆ ਦੇ ਰਾਜ ਵਿਚ ਜਿਹੜੇ ਸ਼ਡਿਊਲਡ ਕਾਸਟ ਸਨ ਉਹ ਜ਼ਮੀਨ ਨਹੀਂ ਸੀ ਖਰੀਦ ਸਕਦੇ ਅਤੇ ਉਸ ਨੂੰ ਆਪਣਾ ਮਕਾਨ ਬਣਾਉਣ ਲਈ ਕਿਸੇ ਜ਼ਿਮੀਂਦਾਰ ਦੀ ਜ਼ਮੀਨ ਉਤੇ ਮਕਾਨ ਬਣਾਉਣਾ ਪੈਂਦਾ ਸੀ ਅਤੇ ਜ਼ਮੀਨ ਜ਼ਿਮੀਂਦਾਰ ਦੀ ਹੁੰਦੀ ਸੀ ਅਤੇ

[ਚੌਧਰੀ ਜਗਜੀਤ ਸਿੰਘ]

ਉਸ ਨੂੰ ਆਪਣਾ ਵੋਟ ਬਣਾਉਣ ਲਈ ਆਪਣੇ ਮਕਾਨ ਦੇ ਮਲਬੇ ਦੀ ਵੈਲਿਊ 10-15 ਰੁਪਏ ਦੱਸਣੀ ਪੈਂਦੀ ਸੀ ਅਤੇ ਪਾਰਟੀਸ਼ਨ ਤੋਂ ਪਹਿਲਾਂ ਇਸ ਤਰ੍ਹਾਂ ਉਸ ਦਾ ਵੋਟ ਬਣਦਾ ਸੀ । ਲੇਕਿਨ ਸਾਡੇ ਆਉਣ ਤੋਂ ਬਾਅਦ ਕਾਂਗਰਸ ਪਾਰਟੀ ਨੇ ਸਭ ਤੋਂ ਪਹਿਲਾ ਇੰਤਕਾਲ ਅਰਾਜੀ ਐਕਟ ਨੂੰ ਤੋੜਿਆ ਸੀ ਉਸ ਵਕਤ ਗੋਪੀ ਚੰਦ ਭਾਰਗਵ ਚੀਫ ਮਨਿਸਟਰ ਸਨ ਅਤੇ ਸਰਦਾਰ ਕਰਤਾਰ ਸਿੰਘ ਰੈਵੇਨਿਊ ਮਨਿਸਟਰ ਸਨ ਅਤੇ ਮੇਰੇ ਫਾਦਰ ਐਮ. ਐਲ. ਏ. ਸਨ ਤਾਂਕਿ ਉਹ ਗਰੀਬ ਸ਼ਡਿਊਲਡ ਕਾਸਟ ਭਰਾ ਜ਼ਮੀਨਾਂ ਖਰੀਦ ਸਕਣ ਅਤੇ ਆਪਣੇ ਮਕਾਨ ਬਣਾ ਸਕਣ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਸ਼ਡਿਊਲਡ ਕਾਸਟ ਜ਼ਮੀਨ ਨਹੀਂ ਖਰੀਦ ਸਕਦਾ ਇਹ ਮਿਸਸਟੇਟਮੈਂਟ ਆਫ ਫੈਕਟਸ ਕਰ ਰਹੇ ਹਨ । ਮੈਂ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦਸਦਾ ਹਾਂ ਕਿ ਸ਼ਡਿਊਲਡ ਕਾਸਟ ਹੀ ਕੇਵਲ ਜ਼ਮੀਨ ਨਹੀਂ ਖਰੀਦ ਸਕਦੇ ਸਨ । ਪੰਜਾਬ ਦਾ ਜਿਹੜਾ ਹਿੱਸਾ ਬ੍ਰਿਟਿਸ਼ ਇੰਡੀਆ ਦੇ ਰਾਜ ਵਿਚ ਪੈਂਦਾ ਸੀ ਉਥੇ ਕੋਈ ਵੀ ਨਾਨ-ਐਗਰੀਕਲਚਰਿਸਟ ਜ਼ਮੀਨ ਨਹੀਂ ਖਰੀਦ ਸਕਦਾ ਸੀ । ਪਾਰਟੀਕੁਲਰ ਸ਼ਡਿਊਲਡ ਕਾਸਟ ਵਾਸਤੇ ਨਹੀਂ ਸੀ । ਇਥੇ ਨਾ ਕੇਵਲ ਸ਼ਡਿਊਲਡ ਕਾਸਟ ਹੀ ਨਹੀਂ ਖਰੀਦ ਸਕਦੇ ਸਨ ਬਲਕਿ ਮੈਂ ਵੀ ਜ਼ਮੀਨ ਪਰਚੇਜ਼ ਨਹੀਂ ਕਰ ਸਕਦਾ ਸੀ । ਜਿਥੋਂ ਤੱਕ ਇਨ੍ਹਾਂ ਨੇ ਪੰਜਾਬ ਦੇ ਰਾਈਸ ਸ਼ੈਲਰਜ਼ ਦੀ ਗੱਲ ਕੀਤੀ ਹੈ ਕਿ ਬੰਦ ਪਏ ਹਨ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਰਾਈਸ ਸ਼ੈਲਰਜ਼ ਚਲ ਰਹੇ ਹਨ, ਬੰਦ ਨਹੀਂ ਪਏ ਹਨ । (ਵਿਘਨ) ਲੇਕਿਨ ਜਿਹੜੀਆਂ ਸਟੇਟਾਂ ਸਨ, ਜਿਹੜੀਆਂ ਰਾਜਿਆਂ ਦੀਆਂ ਰਿਆਸਤਾਂ ਸਨ ਉਨ੍ਹਾਂ ਦੇ ਵਿਚ ਡਿਪਟੀ ਸਪੀਕਰ ਸਾਹਿਬ, ਨਾਨ ਐਗਰੀਕਲਚਰਿਸਟ ਜ਼ਮੀਨ ਖਰੀਦ ਸਕਦਾ ਸੀ । ਸਮੁੱਚੇ ਹਿੰਦਸਤਾਨ ਵਿਚ ਨਾ ਰਾਈਟ ਮੈਂ ਦਿੱਤੇ ਹਨ, ਨਾ ਮੇਰੀ ਪਾਰਟੀ ਨੇ ਦਿੱਤੇ ਹਨ, ਨਾ ਕਾਂਗਰਸ ਪਾਰਟੀ ਨੇ ਦਿੱਤੇ ਹਨ । ਜੋ ਪਾਰਟੀਆਂ ਸਨ । ਲਿਟਰੇਰੀ ਗਰੁੱਪ, ਜੁਰਿਸਟ ਪਾਰਟੀ ਦੇ ਸਾਰੇ ਆਗੂਆਂ ਨੇ ਮਿਲ ਕੇ ਇਸ ਹਿੰਦੁਸਤਾਨ ਦਾ ਵਿਧਾਨ ਬਣਾਇਆ ਹੈ । That was not done by one party and it was under the constitution that the rights of every person, every Indian Citizen without any basis of caste, creed or class were protected. Therefore, the laws were framed... It is wrong.

ਸ੍ਰੀ ਡਿਪਟੀ ਸਪੀਕਰ : ਟਾਈਮ ਥੋੜ੍ਹਾ ਹੈ, ਚੌਧਰੀ ਜੀ ਤੁਸੀਂ ਕੰਟੀਨਿਊ ਕਰੋ ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਜੋ ਮਿੱਤਲ ਸਾਹਿਬ ਨੇ ਕਿਹਾ ਹੈ ਕਿ ਨਾਨ ਐਗਰੀਕਲਚਰਿਸਟ ਜ਼ਮੀਨ ਖਰੀਦ ਸਕਦਾ ਸੀ । ਉਸ ਵੇਲੇ ਸ਼ਡਿਊਲਡ ਕਾਸਟ ਕੋਲ ਜ਼ਮੀਨ ਨਹੀਂ ਸੀ ਪਰ ਉਹ ਗਰੀਬ ਹੋਣ ਕਰਕੇ ਜ਼ਮੀਨ ਖਰੀਦ ਵੀ ਨਹੀਂ ਸਕਦਾ ਸੀ । ਖੇਤ ਮਜ਼ਦੂਰ ਸਨ ਅਤੇ ਜ਼ਮੀਨ ਵਾਲੇ ਨਹੀਂ ਸਨ । ਮੈਂ ਦੇਸ਼ ਦੀ ਗੱਲ ਨਹੀਂ ਕਰ ਰਿਹਾ ਬਲਕਿ ਪੰਜਾਬ ਦੀ ਗੱਲ ਕਰ ਰਿਹਾ ਹਾਂ, ਰਿਆਸਤਾਂ ਦੀ ਗੱਲ ਨਹੀਂ ਕਰ ਰਿਹਾ । ਮਿੱਤਲ ਸਾਹਿਬ ਨੇ ਕੰਸਟੀਚਿਊਸ਼ਨ ਦੀ ਗੱਲ ਕੀਤੀ ਹੈ । ਕੰਸਟੀਚਿਊਸ਼ਨ ਬਣਾਉਣ ਵਾਲਾ ਕੌਣ ਸੀ ਅਤੇ ਕੰਸਟੀਚਿਊਸ਼ਨ ਕਿਹੜੀ ਸਰਕਾਰ ਨੇ ਬਣਾਇਆ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਰੈਲੇਵੈਂਟ ਬੋਲੋ ।

ਚੌਧਰੀ ਜਗਜੀਤ ਸਿੰਘ : ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਕਾਸਟਾਂ ਦੀ ਭਲਾਈ ਲਈ ਜੋ ਸਕੀਮਾਂ ਚਲਦੀਆਂ ਹਨ, ਮੈਂ ਉਨ੍ਹਾਂ ਦੇ ਬਾਰੇ ਹਾਊਸ ਵਿਚ ਕਹਿਣਾ ਚਾਹੁੰਦਾ ਹਾਂ। ਐਜੂਕੇਸ਼ਨ ਵਾਸਤੇ ਜੋ ਸਕੀਮ ਚਲਦੀ ਸੀ, ਉਸ ਵਿਚ ਬੱਚਿਆਂ ਨੂੰ ਮੁਫਤ ਕਿਤਾਬਾਂ, ਸਟਾਈਪਿੰਡ ਅਤੇ ਵਜ਼ੀਫੇ ਦਿੱਤੇ ਜਾਂਦੇ ਸਨ। ਮੁੱਢਲੀ ਵਿਦਿਆ ਪ੍ਰਾਪਤ ਕਰਕੇ ਕਈਆਂ ਨੇ ਨੌਕਰੀਆਂ ਅਤੇ ਕਈਆਂ ਨੇ ਆਪਣਾ ਕੰਮਕਾਰ ਸ਼ੁਰੂ ਕਰ ਲਿਆ ਸੀ। ਦੋ ਕਾਰਪੋਰੇਸ਼ਨਾਂ ਲੋਨ ਦਿੰਦੀਆਂ ਸਨ ਅਤੇ ਰੋਜ਼ਗਾਰ ਮੁਹੱਈਆ ਕਰਵਾਉਂਦੀਆਂ ਸਨ ਬਾਦਲ ਸਾਹਿਬ ਦੀ ਸਰਕਾਰ ਨੇ ਦੋ ਨਵੀਆਂ ਸਕੀਮਾਂ ਚਲਾਈਆਂ। ਇੱਕ ਸਕੀਮ ਸੀ ਹਾਊਸਿਜ਼ ਦੀ, ਕਿ ਹਰ ਸਾਲ 60 ਕਰੋੜ ਰੁਪਿਆ ਖਰਚ ਕੇ ਨਵੇਂ ਮਕਾਨ ਬਣਾਕੇ ਦਿਆਂਗੇ ਅਤੇ ਜ਼ਮੀਨ ਵੀ ਲੈ ਕੇ ਦਿਆਂਗੇ। ਮੁੱਖ ਮੰਤਰੀ ਬਾਦਲ ਸਾਹਿਬ ਨੇ ਕਿਹਾ ਸੀ ਕਿ ਸ਼ਡਿਊਲਡ ਕਾਸਟਾਂ ਲਈ ਸਰਕਟ ਹਾਊਸ ਬਣਾ ਦੇਣੇ ਹਨ। ਹਰ ਸਾਲ 12,000 ਮਕਾਨ 60 ਕਰੋੜ ਰੁਪਿਆ ਖਰਚ ਕਰਕੇ ਬਣਵਾਉਣੇ ਸਨ। ਦੋ ਸਾਲਾਂ ਵਿਚ 24,000 ਮਕਾਨ ਸ਼ਡਿਊਲਡ ਕਾਸਟਾਂ ਵਾਸਤੇ 120 ਕਰੋੜ ਰੁਪਿਆ ਖਰਚ ਕਰਕੇ ਬਣਵਾਉਣੇ ਸਨ। ਪਵਿੱਤਰ ਹਾਊਸ ਵਿਚ ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਆ ਗਿਆ ਹੈ। ਸਿਰਫ 40 ਕਰੋੜ 61 ਹਜ਼ਾਰ ਰੁਪਿਆ ਖਰਚ ਕੀਤਾ ਗਿਆ ਹੈ ਅਤੇ 8,232 ਮਕਾਨ ਤਿਆਰ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਅਜੇ ਵੀ ਕੰਪਲੀਟ ਨਹੀਂ ਹੋਏ। ਮੈਂ ਅਸੰਬਲੀ ਦੇ ਵਿਚ ਪਹਿਲਾਂ ਬੋਲਦਿਆਂ ਕਿਹਾ ਸੀ ਕਿ ਕੱਚੇ ਤੋਂ ਪੱਕਾ ਮਕਾਨ ਬਣਾਉਣ ਲਈ 15,000 ਰੁਪਏ ਦਿੰਦੇ ਸੀ। ਦੁਆਬਾ ਮਾਝਾ ਅਤੇ ਮਾਲਵਾ ਵਿਚ ਕੱਚੇ ਮਕਾਨ ਜ਼ਿਆਦਾ ਹਨ। ਇਹ ਮਕਾਨ ਬਸਤੀਆਂ ਤੋਂ ਬਾਹਰ ਬਣਾਏ ਜਾ ਰਹੇ ਹਨ। ਇਹ ਗੱਲ ਮੈਂ ਉਸ ਵੇਲੇ ਵੀ ਕਹੀ ਸੀ ਜਦੋਂ ਮੁੱਖ ਮੰਤਰੀ ਬਾਦਲ ਸਾਹਿਬ ਨੇ ਦੋ ਨਵੀਆਂ ਸਕੀਮਾਂ ਬਣਾਈਆਂ ਸਨ। ਹੁਣ ਮੁੜ ਉਥੇ ਹੀ ਆ ਗਏ ਹਨ। ਹੁਣ ਕੱਚੇ ਤੋਂ ਪੱਕੇ ਮਕਾਨ ਲਈ 20,000 ਰੁਪਿਆ ਦਿੰਦੇ ਹਨ ਜਦੋਂ ਕਿ ਪਹਿਲਾਂ 15,000 ਰੁਪਿਆ ਦਿੱਤਾ ਜਾਂਦਾ ਸੀ ਪੱਕੇ ਨੂੰ ਕੱਚੇ ਕਰਨ ਵਾਸਤੇ ਅਤੇ 5,000 ਰੁਪਏ ਲੈਟਰੀਨ ਵਾਸਤੇ . . .

(**ਕੁਝ ਆਵਾਜ਼ਾਂ** : ਮਕਾਨ ਪੱਕੇ ਤੋਂ ਕੱਚੇ ਨਹੀਂ ਬਲਕਿ ਕੱਚੇ ਤੋਂ ਪੱਕੇ ਕਰਨੇ ਹਨ।)

ਕੱਚੇ ਤੋਂ ਪੱਕੇ ਹੀ। ਮੇਰੇ ਕਹਿਣ ਦਾ ਭਾਵ ਹੈ, ਡਿਪਟੀ ਸਪੀਕਰ ਸਾਹਿਬ ਕਿ ਕਾਗਜ਼ੀ ਗੱਲਾਂ ਬਹੁਤ ਹਨ, ਪਲੈਨਾਂ ਬਣ ਜਾਂਦੀਆਂ ਹਨ ਪਰ ਕੰਮ ਕੋਈ ਨਹੀਂ ਪੂਰਾ ਹੁੰਦਾ। ਬਾਕੀ ਬਜਟ ਜਦੋਂ ਆਵੇਗਾ, ਅਸੀਂ ਉਦੋਂ ਬੋਲਾਂਗੇ ਪਰ ਇਹ ਜਿਹੜੇ ਮੈਂ ਤੱਥ ਪੇਸ਼ ਕਰ ਰਿਹਾ ਹਾਂ ਕਿ ਜੋ ਨਾਅਰਾ 24,000 ਮਕਾਨ ਬਣਾਉਣ ਦਾ ਸੀ, ਉਹ ਪੰਜਾਬ ਵਿੱਚ ਪੂਰਾ ਨਹੀਂ ਹੋਇਆ। ਨਾ ਇਨ੍ਹਾਂ ਨੇ ਏਨਾ ਪੈਸਾ ਖਰਚਿਆ, ਫੇਰ ਪੈਸੇ ਤੇ ਕੱਟ ਲੱਗ ਗਈ ਅਤੇ ਮਕਾਨਾਂ ਦਾ ਪੈਸਾ ਕੱਟ ਕੇ ਇਸ ਬਜਟ ਵਿਚ ਕਿਸੇ ਦੂਸਰੇ ਪਾਸੇ ਡਾਈਵਰਟ ਕਰ ਦਿੱਤਾ।

ਦੂਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਸ਼ਗਨ ਦੀ ਸਕੀਮ ਬਣਾਈ। ਇਹ ਚੰਗੀ ਸਕੀਮ ਸੀ ਅਤੇ ਮੈਂ ਕਿਹਾ ਵੀ ਸੀ ਪਰ ਇਸ ਵਿਚ ਬੜੀਆਂ ਖਾਮੀਆਂ ਸਨ। 16,000 ਰੁਪਏ ਦੀ ਇਨਕਮ ਰੱਖ ਦਿੱਤੀ। ਕੋਈ ਕਲਾਸ ਫੋਰ ਵੀ ਹੋਵੇ, ਗਰੀਬ ਤੋਂ ਗਰੀਬ ਵੀ ਹੋਵੇ, 16,000 ਦੀ ਇਨਕਮ ਦਾ ਸਰਟੀਫਿਕੇਟ ਬਣਾਉਣ ਵਾਸਤੇ

[ਚੌਧਰੀ ਜਗਜੀਤ ਸਿੰਘ]
ਉਸਦਾ ਦੋ ਤਿੰਨ ਸੌ ਰੁਪਿਆ ਖਰਚ ਹੁੰਦਾ ਸੀ। ਉਨ੍ਹਾਂ ਨੂੰ ਪਟਵਾਰੀਆਂ ਮਗਰ ਫਿਰਨਾ ਪੈਂਦਾ ਸੀ। ਫੇਰ ਕਾਰਡ ਛਪਵਾਉਣੇ ਅਤੇ ਐਸ. ਡੀ. ਐਮ. ਦੇ ਦਫ਼ਤਰ ਦੇ ਗੇੜੇ ਮਾਰਨੇ, ਉਸ ਗਰੀਬ ਦਾ 1,000 ਰੁਪਿਆ ਤਾਂ ਉਦੋਂ ਤੱਕ ਹੀ ਖਰਚਿਆ ਜਾਂਦਾ ਸੀ। ਚਾਹੀਦਾ ਤਾਂ ਇਹ ਸੀ ਕਿ ਇਹ ਸਾਰਾ ਪ੍ਰੋਸੀਜਰ ਸਿੰਪਲੀਫਾਈ ਕਰ ਦਿੱਤਾ ਜਾਂਦਾ। ਇਸ ਸਕੀਮ ਲਈ ਇਨ੍ਹਾਂ ਨੇ 20 ਕਰੋੜ ਰੁਪਿਆ ਰਖਿਆ ਸੀ ਅਤੇ ਕਿਹਾ ਸੀ ਕਿ ਸਾਰੀਆਂ ਬੇਟੀਆਂ ਨੂੰ ਸ਼ਗਨ ਪਾਵਾਂਗੇ ਪਰ ਉਹ ਤਾਂ ਸਾਰਾ ਪੈਸਾ ਬੜੀ ਦੇਰ ਪਹਿਲਾਂ ਹੀ ਮੁੱਕ ਗਿਆ ਅਤੇ ਨਵੇਂ ਬਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਕੀਤੀ ਗਈ। ਇਸ ਲਈ 10,000 ਐਪਲੀਕੇਸ਼ਨਾਂ ਅੱਜ ਐਸ. ਡੀ. ਐਮਜ਼ ਦੀਆਂ ਕਚਹਿਰੀਆਂ ਵਿਚ ਗਰੀਬਾਂ ਦੀਆਂ ਪਈਆਂ ਹਨ। ਮੈਂ ਕੱਲ੍ਹ ਵੀ ਮਾਨਯੋਗ ਮੰਤਰੀ ਸਰਵਨ ਸਿੰਘ ਜੀ ਨੂੰ ਪੁਛਿਆ ਸੀ ਕਿ ਕੀ 31 ਮਾਰਚ ਤੋਂ ਪਹਿਲਾਂ ਪਹਿਲਾਂ ਇਨ੍ਹਾਂ ਨੂੰ ਪੈਸੇ ਦੇ ਦਿਉਗੇ ਤਾਂ ਉਨ੍ਹਾਂ ਨੇ ਕਿਹਾ ਸੀ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਦੇ ਦਿਆਂਗੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਨਹੀਂ ਸਮਝ ਆਉਂਦੀ ਕਿ ਕਿਥੋਂ ਦੇ ਦੇਣਗੇ। ਖਜ਼ਾਨੇ ਵਿੱਚ ਪੈਸੇ ਨਹੀਂ, ਪੈਸੇ ਮੁੱਕ ਚੁੱਕੇ ਹਨ। ਟਰੇਜ਼ਰੀ ਵਿੱਚ ਜਦੋਂ ਮਹਿਕਮੇ ਦਾ ਬਿੱਲ ਜਾਂਦਾ ਹੈ ਤਾਂ ਉਸਤੇ ਰੋਕ ਲੱਗੀ ਹੈ। ਬਾਕੀ ਨਵੇਂ ਇਸ ਕੁਆਰਟਰ ਦੇ ਵਿੱਚ ਪੈਸੇ ਪਲੈਨਿੰਗ ਬੋਰਡ ਨੂੰ ਜਾਣੇ ਨਹੀਂ ਤਾਂ ਪੈਸੇ ਦੇਣੇ ਕਿਥੋਂ ਹਨ। 10,000 ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ। ਤੁਹਾਨੂੰ ਇਸ ਪਾਸੇ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਸਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਣਾ। ਇਹ ਗੱਲ ਤਾਂ ਤੁਹਾਡੇ ਤੇ ਹੀ ਲੱਗਣੀ ਹੈ। ਜੇ ਕੋਈ ਸਕੀਮ ਬਣਾਉਂਦੇ ਹੋ, ਕੋਈ ਗੱਲ ਕਹਿੰਦੇ ਹੋ ਤਾਂ ਪੂਰੀ ਵੀ ਹੋਣੀ ਚਾਹੀਦੀ ਹੈ। ਜੋ ਗੱਲ ਸਰਕਾਰ ਕਹਿੰਦੀ ਹੈ, ਉਹ ਪੂਰੀ ਵੀ ਹੋਣੀ ਚਾਹੀਦੀ ਹੈ ਨਹੀਂ ਤਾਂ ਬਲੇਮ ਵੀ ਇਸਦਾ ਤੁਹਾਡੇ ਤੇ ਹੀ ਹੈ। ਇਸ ਗੱਲ ਦਾ ਤੁਹਾਨੂੰ ਫਾਇਦਾ ਪਹੁੰਚਣ ਦੀ ਬਜਾਏ ਇਸਦੀ ਚਰਚਾ ਹੋ ਰਹੀ ਹੈ, ਤੁਹਾਨੂੰ ਨੁਕਸਾਨ ਹੋ ਰਿਹਾ ਹੈ, ਤੁਹਾਡੀ ਛਵੀ ਖਰਾਬ ਹੋ ਰਹੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਘੋੜੀਆਂ ਗਾਉਣ ਦੀ ਗੱਲ ਨਹੀਂ, ਸਹੀ ਗੱਲ ਨੂੰ ਸਹੀ ਕਹੋ।

ਡਿਪਟੀ ਸਪੀਕਰ ਸਾਹਿਬ, ਜਿਹੜਾ ਸਾਡਾ ਪਿਛਲਾ ਸਾਲ ਨਿਕਲਿਆ ਹੈ, ਸ਼ਡਿਊਲਡ ਕਾਸਟ ਬੱਚਿਆਂ ਨੂੰ ਵਜ਼ੀਫੇ ਦੇਣ ਵਾਸਤੇ ਜਿਹੜਾ ਪੈਸਾ ਰਖਿਆ ਸੀ, ਉਸਦਾ ਪਿਛਲੇ ਸਾਲ ਦਾ ਬਜਟ ਚੁੱਕ ਕੇ ਅਗਲੇ ਸਾਲ ਕਰ ਲਿਆ। ਕੋਈ ਬੱਚਿਆਂ ਦੀ ਗਿਣਤੀ ਨਹੀਂ ਦੇਖੀ, ਕਿੰਨਿਆਂ ਨੂੰ ਵਜ਼ੀਫੇ ਦੇਣੇ ਹਨ, ਉਨ੍ਹਾਂ ਲਈ ਪੈਸਾ ਹੈ ਵੀ ਜਾਂ ਨਹੀਂ। ਹੋਇਆ ਕੀ, ਕਿ ਜਿਨ੍ਹਾਂ ਨੂੰ ਸਕੂਲਾਂ ਵਿਚ ਵਜ਼ੀਫਾ ਮਿਲਣਾ ਸੀ, ਉਹ ਸਾਰਿਆਂ ਨੂੰ ਨਹੀਂ ਮਿਲਿਆ, ਕੁਝ ਨੂੰ ਮਿਲਿਆ। ਬਾਕੀ ਸਰਦਾਰ ਤੋਤਾ ਸਿੰਘ ਜੀ ਪੁੱਛ ਲੈਣ ਸਕੂਲਾਂ ਦੇ ਹੈਡਮਾਸਟਰਾਂ ਨੂੰ ਅਤੇ ਡੀ. ਪੀ. ਆਈ. ਨੂੰ......

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ (ਬੈਠੇ-ਬੈਠੇ) : ਪਿਛਲੇ 4 ਸਾਲ ਦਾ ਬੈਕਲਾਗ ਹੈ।

ਚੌਧਰੀ ਜਗਜੀਤ ਸਿੰਘ : ਕੋਈ ਬੈਕਲਾਗ ਨਹੀਂ । ਤੁਹਾਡਾ ਬਜਟ ਘੱਟ ਹੈ । ਇਹ ਤੁਸੀਂ ਤਰੀਕੇ ਨਾਲ ਗੱਲਾਂ ਸੋਚੋ, ਮੈਂ ਏਨੀ ਅਰਜ਼ ਕਰਦਾ ਹਾਂ । ਅੱਜ ਮੈਂ ਇਹ ਤਿੰਨ ਗੱਲਾਂ ਕਹੀਆਂ ਹਨ । ਬਾਕੀ ਦੀਆਂ ਗੱਲਾਂ ਬਜਟ ਵਾਲੀ ਬਹਿਸ ਤੇ ਕਹਾਂਗਾ । ਤੁਹਾਡੀਆਂ ਇਹ ਦੋਨੋਂ ਸਕੀਮਾਂ ਫੇਲ੍ਹ ਹੋ ਚੁੱਕੀਆਂ ਹਨ । ਤੀਜੀ ਸਕੀਮ ਵੀ ਫੇਲ੍ਹ ਹੋ ਚੁੱਕੀ ਹੈ । ਸ਼ਡਿਊਲਡ ਕਾਸਟਾਂ ਦੇ ਮਸਲਿਆਂ ਤੇ ਸਰਕਾਰ ਇਨ੍ਹਾਂ ਗੱਲਾਂ ਤੇ ਫੇਲਿਓਰ ਸਾਬਤ ਹੋ ਚੁੱਕੀ ਹੈ । ਤੁਸੀਂ ਮੰਨੋ ਜਾਂ ਨਾ ਮੰਨੋ, ਲੋਕ ਕਹਿੰਦੇ ਹਨ । ਬਾਕੀ ਮੈਂ ਆਪਣੇ ਉਧਰ ਬੈਠੇ ਸ਼ਡਿਊਲਡ ਕਾਸਟ ਭਰਾਵਾਂ ਨੂੰ ਇਹ ਵੀ ਕਹਾਂਗਾ ਕਿ ਸੱਚੀ ਗੱਲ ਸੀ. ਐਮ. ਸਾਹਿਬ ਨੂੰ ਜਾ ਕੇ ਦੱਸ ਦਿਆ ਕਰੋ ਤਾਂ ਕਿ ਕੋਈ ਸੁਧਾਰ ਹੋ ਜਾਵੇ ਤੇ ਘੋੜੀਆਂ ਗਾਉਣ ਦਾ ਕੋਈ ਫਾਇਦਾ ਨਹੀਂ ।

ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਰਾਜ ਮੰਤਰੀ : ਡਿਪਟੀ ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਬੰਦੇ ਉਧਰ ਸ਼ਡਿਊਲਡ ਕਾਸਟਾਂ ਨਾਲ ਤਾਅਲੁੱਕ ਰਖਦੇ ਹਨ, ਉਨ੍ਹਾਂ ਨੂੰ ਘੋੜੀਆਂ ਨਹੀਂ ਗਾਉਣੀਆਂ ਚਾਹੀਦੀਆਂ । ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਵਜ਼ੀਫਿਆਂ ਦੀ ਗੱਲ ਕੀਤੀ ਹੈ, ਇਸ ਦੇ ਬਾਰੇ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਵੇਲੇ ਦਾ 3 ਸਾਲ ਦਾ ਬੈਕਲਾਗ ਦਾ ਪੈਸਾ ਅਸੀਂ ਆਪਣੇ ਬਜਟ ਵਿਚੋਂ ਦਿੱਤਾ ਹੈ । ਜਿਹੜੇ ਰਹਿ ਗਏ ਸਨ, ਉਨ੍ਹਾਂ ਵਾਸਤੇ ਅਸੀਂ ਐਤਕੀਂ ਪ੍ਰੋਵੀਜ਼ਨ ਕਰ ਰਹੇ ਹਾਂ । ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਮਕਾਨਾਂ ਵਾਸਤੇ ਜਿਹੜੀ ਸਕੀਮ ਸੀ, ਉਹ ਅਸੀਂ ਬਦਲ ਲਈ ਹੈ । ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਰਿਜ਼ਰਵੇਸ਼ਨ ਦੇ ਮਾਮਲੇ ਵਿਚ ਵੀ ਅਸੀਂ ਪਰਟੀਕੁਲਰ ਨਹੀਂ ਰਹੇ । ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪ ਵੈਲਫੇਅਰ ਮਨਿਸਟਰ ਰਹੇ ਹੋ । ਤੁਸੀਂ ਅਨੁਸੂਚਿਤ ਜਾਤੀਆਂ ਨਾਲ ਵਾਅਦਾ ਕੀਤਾ ਸੀ ਕਿ ਅਸੀਂ ਰਿਜ਼ਰਵੇਸ਼ਨ ਐਕਟ ਬਣਾਵਾਂਗੇ ਜਿਸ ਨਾਲ ਉਨ੍ਹਾਂ ਜਾਤੀਆਂ ਨੂੰ ਫਾਇਦਾ ਮਿਲੇਗਾ । ਵਾਅਦਾ ਕਰਨ ਤੋਂ ਬਾਅਦ ਦੋ ਵਾਰ ਤੁਸੀਂ ਐਮ. ਐਲ. ਏ. ਬਣੇ ਅਤੇ ਫਿਰ ਮਨਿਸਟਰ ਵੀ ਬਣੇ । ਫਿਰ ਵੀ ਤੁਸੀਂ ਉਹ ਐਕਟ ਕਿਉਂ ਨਹੀਂ ਬਣਾਇਆ । ਤੁਸੀਂ ਕਿਹਾ ਸੀ ਕਿ ਅਸੀਂ ਬੈਕਲਾਗ ਪੂਰਾ ਕਰਾਂਗੇ ਲੇਕਿਨ ਤੁਸੀਂ ਉਹ ਵੀ ਪੂਰਾ ਨਹੀਂ ਕੀਤਾ । ਹਜ਼ਾਰਾਂ ਪੋਸਟਾਂ ਦਾ ਬੈਕਲਾਗ ਪਿਆ ਰਿਹਾ । ਤੁਸੀਂ ਕਿਹਾ ਸੀ ਕਿ ਅਸੀਂ ਬੈਕਲਾਗ ਪੂਰਾ ਕਰਕੇ ਅਨੁਸੂਚਿਤ ਜਾਤੀਆਂ ਦੇ ਲੋਕ ਅਫਸਰ ਲਗਾਵਾਂਗੇ । ਤੁਸੀਂ ਕਿੰਨੇ ਕੁ ਅਫਸਰ ਲਗਾ ਦਿੱਤੇ ? ਉਹ ਐਕਟ ਕਿਉਂ ਨਹੀਂ ਬਣਾਇਆ ? ਜੇ ਤੁਹਾਡੇ ਰਾਜ ਵਿਚ 100 ਵੇਕੈਂਸੀਆਂ ਭਰੀਆਂ ਗਈਆਂ ਤਾਂ ਉਨ੍ਹਾਂ ਵਿਚੋਂ 25 ਅਨੁਸੂਚਿਤ ਜਾਤੀਆਂ ਦੀਆਂ ਕਿਉਂ ਨਹੀਂ ਭਰੀਆਂ ? ਇਹ ਗੱਲਾਂ ਹੁਣ ਸਾਡੀ ਸਰਕਾਰ ਤੇ ਥੋਪੀਆਂ ਜਾ ਰਹੀਆਂ ਹਨ । ਫਿਰ ਇਨ੍ਹਾਂ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਪੂਰਾ ਮੁੱਲ ਨਹੀਂ ਦਿੱਤਾ ਜਾ ਰਿਹਾ ।

ਸ੍ਰੀ ਡਿਪਟੀ ਸਪੀਕਰ : ਚੌਧਰੀ ਜਗਜੀਤ ਸਿੰਘ ਜੀ, ਤੁਸੀਂ ਆਪਣੀ ਸਾਰੀ ਗੱਲ ਕਹਿ ਲਓ । ਸਵਰਨਾ ਰਾਮ ਜੀ let the leader of the opposition continue his speech.

ਚੌਧਰੀ ਜਗਜੀਤ ਸਿੰਘ : ਇਸ ਮਸਲੇ ਤੇ ਇਹ ਸਰਕਾਰ ਫੇਲ੍ਹ ਹੋਈ ਹੈ । ਜਿਹੜੀ ਇਨ੍ਹਾਂ ਨੇ ਰੈਜ਼ਰਵੇਸ਼ਨ ਦੀ ਗੱਲ ਕੀਤੀ ਹੈ ਇਸ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਮੈਂ ਮਨਿਸਟਰ ਸੀ ਮਹਿਕਮੇ ਦਾ ਅਤੇ ਮੈਂ ਉਹ ਐਕਟ ਬਣਾ ਦਿੱਤਾ ਸੀ । ਕੈਬਨਿਟ ਸਬ-ਕਮੇਟੀ ਵਿਚੋਂ ਵੀ ਉਹ ਪਾਸ ਹੋ ਗਿਆ ਸੀ ਅਤੇ ਕੈਬਨਿਟ ਵਿਚੋਂ ਵੀ ਪਾਸ ਹੋ ਗਿਆ ਸੀ । ਲੇਕਿਨ ਫਿਰ ਸਰਕਾਰ ਟੁੱਟ ਗਈ । ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਹਾਨੂੰ ਅਨੁਸੂਚਿਤ ਜਾਤੀਆਂ ਨਾਲ ਇਨਾ ਹੀ ਪਿਆਰ ਹੈ ਤਾਂ ਉਹ ਐਕਟ ਵੈਲਫੇਅਰ ਡਿਪਾਰਟਮੈਂਟ ਦੇ ਵਿਚ ਪਿਆ ਹੈ, ਉਹ ਉਥੋਂ ਕਢਾ ਲਓ ।

*12.02 ਵਜੇ ਬਾਅਦ ਦੁਪਹਿਰ

(ਇਸ* ਸਮੇਂ ਸਰਦਾਰ ਨੱਥਾ ਸਿੰਘ ਦਾਲਮ, ਮੈਂਬਰ, ਪੈਨਲ ਆਫ਼ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਉਹ ਐਕਟ ਐਲ. ਆਰ. ਕੋਲੋਂ ਵੀ ਵੈਟ ਹੋ ਗਿਆ ਹੋਇਆ ਹੈ ਅਤੇ ਐਡਵੋਕੇਟ ਜਨਰਲ ਨੇ ਵੀ ਉਸ ਨੂੰ ਠੀਕ ਕਹਿ ਦਿੱਤਾ ਸੀ । ਕੈਬਨਿਟ ਵਿਚੋਂ ਵੀ ਉਹ ਪਾਸ ਹੋ ਗਿਆ ਸੀ । ਉਹ ਐਕਟ ਮੈਂ ਬਣਾ ਦਿੱਤਾ ਸੀ ਪਰ ਸਰਕਾਰ ਟੁੱਟਣ ਕਰਕੇ ਉਹ ਪੂਰਾ ਨਹੀਂ ਹੋ ਸਕਿਆ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੈਕਲਾਗ ਪੂਰਾ ਕਰਨ ਵਾਸਤੇ ਸ਼੍ਰੀ ਰਾਜੀਵ ਗਾਂਧੀ ਜੀ ਨੇ ਇਕ ਬੜੀ ਵੱਡੀ ਕੰਪੇਨ ਚਲਾਈ ਸੀ । ਉਨ੍ਹਾਂ ਦੀ ਸਰਕਾਰ ਨੇ ਬੈਕਲਾਗ ਪੂਰਾ ਕਰਨ ਵਾਸਤੇ ਬਹੁਤ ਯਤਨ ਕੀਤੇ ਸੀ ਅਤੇ ਅਸੀਂ ਬਹੁਤ ਸਾਰਾ ਬੈਕਲਾਗ ਉਸ ਵੇਲੇ ਪੂਰਾ ਕੀਤਾ ਸੀ । ਬੈਕਲਾਗ ਤਾਂ ਉਦੋਂ ਵਧਿਆ ਜਦੋਂ ਅਕਾਲੀ ਦਲ ਦੀ ਸਰਕਾਰ ਸੀ ਅਤੇ ਬਰਨਾਲਾ ਸਾਹਿਬ ਮੁੱਖ ਮੰਤਰੀ ਸਨ । ਉਸ ਵੇਲੇ ਉਨ੍ਹਾਂ ਨੇ ਅਨੁਸੂਚਿਤ ਜਾਤੀਆਂ ਦਾ ਕੰਮ ਬੰਦ ਕਰ ਦਿੱਤਾ ਸੀ ਅਤੇ ਜੋ ਟੈਰੋਰਿਸਟਸ ਸਨ ਜਾਂ ਅੱਤਵਾਦੀ ਸਨ, ਉਨ੍ਹਾਂ ਦਾ ਕੰਮ ਸ਼ੁਰੂ ਕਰ ਦਿੱਤਾ ਸੀ । ਅਸਲ ਬੈਕਲਾਗ ਉਦੋਂ ਹੋਇਆ ਸੀ ।

ਗਵਰਨਰ ਐਡਰੈਸ ਵਿਚ ਸੜਕਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ । ਪੰਜਾਬ ਵਿਚ ਜਦੋਂ ਤੋਂ ਅਕਾਲੀ ਦਲ ਦੀ ਸਰਕਾਰ ਆਈ ਹੈ, ਪੰਜਾਬ ਵਿਚ ਜਿੰਨੀਆਂ ਵੀ ਸੜਕਾਂ ਹਨ, ਉਹ ਸਾਰੀਆਂ ਟੁੱਟ ਗਈਆਂ ਹਨ ਭਾਵੇਂ ਉਹ ਨੈਸ਼ਨਲ ਹਾਈਵੇਜ਼ ਹਨ, ਪਲੈਨ ਰੋਡਜ਼ ਹਨ ਜਾਂ ਲਿੰਕ ਰੋਡਜ਼ ਹਨ । ਚੇਅਰਮੈਨ ਸਾਹਿਬ, ਤੁਸੀਂ ਉਨ੍ਹਾਂ ਸੜਕਾਂ ਤੋਂ ਲੰਘ ਕੇ ਆਉਂਦੇ ਹੋ, ਉਹ ਸਾਰੀਆਂ ਸੜਕਾਂ ਟੁੱਟ ਗਈਆਂ ਹਨ । ਹਾਲੇ ਤੱਕ ਵੀ ਉਨ੍ਹਾਂ ਦੀ ਰਿਪੇਅਰ ਦਾ ਕੰਮ ਸ਼ੁਰੂ ਨਹੀਂ ਹੋਇਆ । ਹੁਣ ਤੁਸੀਂ ਉਨ੍ਹਾਂ ਵਾਸਤੇ ਲੋਨ ਲੈ ਰਹੇ ਹੋ । ਪਹਿਲਾਂ ਇਸ ਤਰ੍ਹਾਂ ਕਦੀ ਵੀ ਨਹੀਂ ਸੀ ਹੋਇਆ ਕਿ ਸਾਰਾ ਕੰਮ ਕਰਜ਼ੇ ਲੈ ਕੇ ਕੀਤਾ ਜਾਵੇ । ਸਰਕਾਰ ਦੇ ਐਨੇ ਸਾਧਨ ਹੁੰਦੇ ਹਨ । ਸਾਡੀ ਸਰਕਾਰ ਵੇਲੇ ਤਾਂ ਪਲੈਨ ਦਾ ਆਕਾਰ ਵੀ ਛੋਟਾ ਸੀ, ਫਿਰ ਵੀ ਅਸੀਂ ਇਹ ਕੰਮ ਕਰਦੇ ਰਹਿੰਦੇ ਸੀ । ਹੁਣ ਤੁਸੀਂ ਤਾਂ ਪਲੈਨ ਦਾ ਆਕਾਰ ਵੀ ਵੱਡਾ ਕਰ ਲਿਆ ਹੈ । ਫਿਰ ਵੀ ਪਤਾ ਨਹੀਂ ਪੈਸੇ ਕਿਥੇ ਜਾਂਦੇ ਹਨ ਅਤੇ ਕਿਥੇ ਖਰਚ ਹੁੰਦੇ ਹਨ । ਦਰਅਸਲ ਇਹ ਪੈਸੇ ਦੀ ਮਿਸਮਨੇਜਮੈਂਟ ਹੈ । ਇਨ੍ਹਾਂ ਨੂੰ

ਇਹ ਪਤਾ ਨਹੀਂ ਲੱਗਦਾ ਕਿ ਕਿਸ ਚੀਜ਼ ਤੇ ਪਹਿਲਾਂ ਖਰਚ ਕਰਨਾ ਹੈ ਅਤੇ ਕਿਸ ਤੇ ਬਾਅਦ ਵਿਚ। ਹੁਣ ਸੜਕਾਂ ਟੁੱਟ ਚੁੱਕੀਆਂ ਹਨ ਪਰ ਉਨ੍ਹਾਂ ਦੀ ਰਿਪੇਅਰ ਨਹੀਂ ਹੋ ਰਹੀ। ਸੜਕਾਂ ਨੂੰ ਛੱਡ ਕੇ ਕਿਸੇ ਹੋਰ ਪਾਸੇ ਬਹੁਤ ਸਾਰਾ ਪੈਸਾ ਲੱਗ ਰਿਹਾ ਹੈ। ਸਾਰੀ ਡਿਵੈਲਪਮੈਂਟ ਰੁਕੀ ਪਈ ਹੈ। ਅਸੀਂ ਆਪਣੇ ਵੇਲੇ ਉੱਨਤ ਗ੍ਰਾਮ ਪਿੰਡ ਬਣਾਏ ਸੀ ਅਤੇ ਲੱਖਾਂ ਦੀ ਤਾਦਾਦ ਵਿਚ ਅਸੀਂ ਉਨ੍ਹਾਂ ਪਿੰਡਾਂ ਨੂੰ ਪੈਸੇ ਦਿੱਤੇ ਸੀ, ਗਲੀਆਂ ਵਾਸਤੇ, ਨਾਲੀਆਂ ਵਾਸਤੇ ਵਗੈਰਾ ਵਗੈਰਾ। ਅਸੀਂ ਸਕੂਲ ਅੱਪਗਰੇਡ ਕੀਤੇ ਸਨ। ਪਿੰਡਾਂ ਵਿਚ ਹਰ ਸੁਵਿਧਾ ਕਾਂਗਰਸ ਪਾਰਟੀ ਨੇ ਆਪਣੇ ਰਾਜ ਵਿਚ ਲੋਕਾਂ ਨੂੰ ਦਿੱਤੀ ਸੀ, ਹਰ ਪਿੰਡ ਵਿਚ ਬਿਜਲੀ ਲਿਆਂਦੀ ਗਈ ਹਰ ਪਿੰਡ ਵਿਚ ਸਕੂਲ ਬਣਾਏ ਗਏ ਜਿਸ ਦਾ ਸਦਕਾ ਹੀ ਅੱਜ ਪੰਜਾਬ ਤਰੱਕੀ ਤੇ ਜਾ ਰਿਹਾ ਹੈ। ਅੱਜ ਇਹ ਕਹਿੰਦੇ ਹਨ ਕਿ ਕੋਈ ਤਰੱਕੀ ਨਹੀਂ ਕੀਤੀ। ਐਗਰੀਕਲਚਰ ਯੂਨੀਵਰਸਿਟੀ ਬਣਾਈ, ਭਾਖੜਾ ਡੈਮ ਤੋਂ ਨਹਿਰ ਕੱਢ ਕੇ ਲਿਆਂਦੀ। ਫਿਰ ਐਵੇਂ ਹੀ ਕਹੀ ਜਾਣਾ ਕਿ ਕਾਂਗਰਸ ਦੇ ਰਾਜ ਵੇਲੇ ਕੋਈ ਤਰੱਕੀ ਨਹੀਂ ਹੋਈ, ਇਹ ਠੀਕ ਨਹੀਂ ਹੈ। ਕਾਂਗਰਸ ਪਾਰਟੀ ਵਲੋਂ ਕੀਤੀ ਗਈ ਤਰੱਕੀ ਦੇ ਕਾਰਨ ਹੀ ਪੰਜਾਬ ਅੱਗੇ ਵਧਿਆ ਹੈ। ਅੱਜ ਪਿੰਡਾਂ ਵਿਚ ਕੋਈ ਵੀ ਵਿਕਾਸ ਨਹੀਂ ਹੋ ਰਿਹਾ, ਕੋਈ ਡਿਵੈਲਪਮੈਂਟ ਨਹੀਂ ਹੋ ਰਹੀ। ਜ਼ਿਕਰ ਕੀਤਾ ਗਿਆ ਹੈ ਸੜਕਾਂ ਬਣਾਉਣ ਦਾ। ਜਦੋਂ ਦੀ ਇਹ ਸਰਕਾਰ ਬਣੀ ਹੈ ਹਰ ਵੇਲੇ ਐਲਾਨ ਤੇ ਐਲਾਨ ਹੁੰਦੇ ਰਹੇ ਹਨ। ਮੈਨੂੰ ਤਾਂ ਸਮਝ ਨਹੀਂ ਆਉਂਦੀ। ਐਲਾਨ ਉਸ ਗੱਲ ਦਾ ਕਰਨਾ ਚਾਹੀਦਾ ਹੈ ਜਿਹੜੀ ਪੂਰੀ ਕਰਨੀ ਹੋਵੇ ਨਹੀਂ ਤਾਂ ਐਲਾਨ ਕਰਨਾ ਹੀ ਨਹੀਂ ਚਾਹੀਦਾ। ਮੈਂ ਤਾਂ ਕਹਿੰਦਾ ਹਾਂ ਕਿ ਐਲਾਨਾਂ ਵਾਲੀ ਸਰਕਾਰ ਹੀ ਨਹੀਂ ਬਣਨੀ ਚਾਹੀਦੀ। ਸਰਕਾਰ ਨੇ ਕਿਹਾ ਹੈ ਕਿ ਅਸੀਂ ਸੜਕਾਂ ਦੀ ਰਿਪੇਅਰ ਕਰਵਾਵਾਂਗੇ ਅਤੇ 20-20 ਕਿਲੋਮੀਟਰ ਸੜਕਾਂ ਨਵੀਆਂ ਵੀ ਬਣਵਾਵਾਂਗੇ। ਮੈਨੂੰ ਤਾਂ ਨਹੀਂ ਜਾਪਦਾ ਕਿ ਇਹ ਬਣਾਉਣਗੇ। ਗਵਰਨਰ ਐਡਰੈਸ ਵਿਚ ਆਈ ਇਹ ਗੱਲ ਅਸੀਂ ਤਾਂ ਮੰਨਾਂਗੇ ਜਦੋਂ ਤਿੰਨ-ਚਾਰ ਮਹੀਨੇ ਬਾਅਦ ਕੰਮ ਸ਼ੁਰੂ ਹੋ ਜਾਣਗੇ। ਪੰਜਾਬ ਦੇ ਵਿਚ ਸੜਕਾਂ ਦਾ ਹਾਲ ਬੜਾ ਮਾੜਾ ਹੈ ਅਤੇ ਇਹ ਸਰਕਾਰ ਕੋਈ ਉਪਰਾਲੇ ਨਹੀਂ ਕਰ ਸਕੀ।

ਚੇਅਰਮੈਨ ਸਾਹਿਬ, ਨਾਲ ਹੀ ਜ਼ਿਕਰ ਕੀਤਾ ਹੈ ਕਿ ਪੰਚਾਇਤਾਂ ਦੀਆਂ ਚੋਣਾਂ ਬੜੀ ਖੁਸ਼ਅਸਲੂਬੀ ਨਾਲ ਹੋਈਆਂ ਹਨ। ਚੇਅਰਮੈਨ ਸਾਹਿਬ, ਜਦੋਂ ਸਾਡੇ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਸਨ ਤਾਂ ਉਦੋਂ ਇਕ ਬਿੱਲ ਬਣਾਇਆ ਗਿਆ ਸੀ ਅਤੇ ਜਿਹੜਾ ਸਰਦਾਰ ਬੇਅੰਤ ਸਿੰਘ ਰਾਜ ਵੇਲੇ ਐਕਟ ਪਾਸ ਹੋਇਆ ਸੀ, ਉਸ ਦੇ ਤਹਿਤ ਪੰਜਾਬ ਵਿਚ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਗਈਆਂ। ਉਸ ਤੋਂ ਬਾਅਦ ਕਈ ਵਾਰੀ ਇਸ ਤਰ੍ਹਾਂ ਹੋਇਆ। ਚੇਅਰਮੈਨ ਸਾਹਿਬ, ਤੁਸੀਂ ਵੀ ਪੰਚਾਇਤ ਸੰਮਤੀ ਵਿਚ ਰਹੇ ਹੋ। 1977 ਵਿਚ ਜਦੋਂ ਅਕਾਲੀ ਦਲ ਦਾ ਰਾਜ ਆਇਆ ਤਾਂ ਇਨ੍ਹਾਂ ਨੇ ਸਭ ਤੋਂ ਪਹਿਲਾਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਤੋੜੀਆਂ। ਜਿਹੜਾ ਅਸੀਂ ਥਰੀ ਟਾਇਰ ਸਿਸਟਮ ਸ਼ੁਰੂ ਕੀਤਾ ਸੀ, ਪੰਚਾਇਤ, ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦਾ, ਉਸ ਨੂੰ ਫਿਰ ਤੋੜਿਆ ਗਿਆ। ਹੁਣ ਇਨ੍ਹਾਂ ਨੇ ਫਿਰ ਪੰਚਾਇਤ ਸੰਮਤੀਆਂ ਤੋੜੀਆਂ, ਅਤੇ ਜ਼ਿਲ੍ਹਾ ਪ੍ਰੀਸ਼ਦਾਂ ਤੋੜੀਆਂ, ਜਿਹੜੀਆਂ ਅਜੇ ਹੋਰ ਸਮਾਂ ਚਲ ਸਕਦੀਆਂ ਸਨ। ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ। ਇਨ੍ਹਾਂ ਪੰਚਾਇਤਾਂ ਦੀਆਂ ਚੋਣਾਂ ਵਿਚ ਬੜੀਆਂ ਧਾਂਦਲੀਆਂ ਹੋਈਆਂ। ਲੋਕਾਂ ਦੇ ਕਾਗਜ਼ ਕੱਢ ਲਏ, ਕਈਆਂ ਦੇ ਕਾਗਜ਼ ਗਲਤ ਰੱਦ ਕਰ ਦਿੱਤੇ ਗਏ, ਕਈਆਂ ਦੇ

[ਚੌਧਰੀ ਜਗਜੀਤ ਸਿੰਘ]

ਐਸ. ਸੀ. ਦੇ ਸਰਟੀਫਿਕੇਟ ਲਾਹ ਲਏ ਗਏ ਅਤੇ ਉਹ ਜਨਰਲ ਸੀਟਾਂ ਕਰ ਦਿੱਤੀਆਂ, ਜਨਰਲ ਸੀਟਾਂ ਨੂੰ ਰਿਜ਼ਰਵ ਕਰ ਦਿੱਤਾ ਅਤੇ ਰਿਜ਼ਰਵ ਸੀਟਾਂ ਨੂੰ ਜਨਰਲ ਕਰ ਦਿੱਤਾ, ਬੀ. ਡੀ. ਓ. ਦੇ ਦਫਤਰਾਂ ਤੇ ਕਬਜ਼ੇ ਕੀਤੇ ਗਏ, ਕਈ ਸਸਪੈਂਡ ਹੋਏ . . .

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਸ਼ਾਇਦ ਲੀਡਰ ਆਫ ਦੀ ਅਪੋਜੀਸ਼ਨ ਨੂੰ ਪਤਾ ਨਹੀਂ ਕਿ ਪਿਛਲੀ ਵਾਰ ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਸਨ, ਤੁਸੀਂ ਹੈਰਾਨ ਹੋਵੋਗੇ ਕਿ ਉਸ ਵੇਲੇ ਜਿਹੜੀ ਸੀਟ ਰਾਤੀਂ ਰਿਜ਼ਰਵ ਸੀ, ਦਿਨੇ ਉਹ ਜਨਰਲ ਸੀ ਅਤੇ ਜਿਹੜੀ ਦਿਨੇ ਜਨਰਲ ਸੀ ਉਹ ਰਾਤੀਂ ਰਿਜ਼ਰਵ ਕਰ ਦਿੱਤੀ ਗਈ ਸੀ, ਇਨ੍ਹਾਂ ਨੇ ਆਪਣੀ ਮਰਜ਼ੀ ਦੇ ਪੰਚ-ਸਰਪੰਚ ਬਣਾਏ ਉਦੋਂ ਅਸੀਂ ਅਪੋਜੀਸ਼ਨ ਦੇ ਬੈਂਚਾਂ ਤੇ ਬੈਠੇ ਸੀ ਅਤੇ ਅਸੀਂ ਮਰਹੂਮ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਜੀ ਨੂੰ ਪਿੱਟ ਕੇ ਮਰ ਗਏ ਪਰ ਸਾਡੀ ਇਕ ਨਾ ਸੁਣੀ ਗਈ। ਉਸ ਵੇਲੇ ਚੌਧਰੀ ਸਾਹਿਬ ਵੀ ਮਨਿਸਟਰ ਸਨ। ਧਾਂਦਲੀਆਂ ਤਾਂ ਉਸ ਵੇਲੇ ਹੋਈਆਂ ਸਨ। ਅੱਜ ਜਿਹੜੀਆਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਹਨ ਉਨ੍ਹਾਂ ਵਿਚੋਂ 99.9% ਠੀਕ ਢੰਗ ਨਾਲ ਪੰਚਾਇਤਾਂ ਚੁਣੀਆਂ ਗਈਆਂ ਹਨ। ਇਹ ਸਾਡੀ ਸ੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੇਲੇ ਹੋਇਆ ਹੈ। ਧਾਂਦਲੀਆਂ ਤਾਂ ਤੁਹਾਡੇ ਟਾਈਮ ਵਿਚ ਹੋਈਆਂ ਸਨ ਸਾਡੇ ਟਾਈਮ ਵਿਚ ਕੋਈ ਵੀ ਵਧੀਕੀਆਂ ਨਹੀਂ ਹੋਈਆਂ।

ਚੌਧਰੀ ਜਗਜੀਤ ਸਿੰਘ : ਚੇਅਰਮੈਨ ਸਾਹਿਬ, ਇਹ ਅਜੇ ਮੰਤਰੀ ਨਹੀਂ ਬਣੇ। ਦੋ-ਚਾਰ ਪੁਆਇੰਟ ਹੋਰ ਰੇਜ਼ ਕਰਨਗੇ ਤਾਂ ਸ਼ਾਇਦ ਅੱਗੇ ਜਾ ਕੇ ਇਨ੍ਹਾਂ ਦੀ ਵੀ ਐਕਸਪੈਨਸ਼ਨ ਹੋ ਜਾਵੇ . . . (ਵਿਘਨ)

ਸ੍ਰੀ ਸਭਾਪਤੀ : ਚੌਧਰੀ ਸਾਹਿਬ, ਤੁਸੀਂ ਕਿੰਨਾ ਟਾਈਮ ਹੋਰ ਲਵੋਗੇ ?

ਚੌਧਰੀ ਜਗਜੀਤ ਸਿੰਘ : ਬੱਸ ਥੋੜ੍ਹਾ ਹੀ ਟਾਈਮ ਲਵਾਂਗਾ ਜੀ।

ਸ੍ਰੀ ਸਭਾਪਤੀ : ਪਲੀਜ਼ ਵਾਈਂਡ-ਅੱਪ ਕਰਨ ਦੀ ਕੋਸ਼ਿਸ਼ ਕਰੋ।

ਚੌਧਰੀ ਜਗਜੀਤ ਸਿੰਘ : ਚੇਅਰਮੈਨ, ਸਾਹਿਬ ਪੰਚਾਇਤਾਂ ਦੀਆਂ ਚੋਣਾਂ ਵਿਚ ਵਧੀਕੀਆਂ ਹੋਈਆਂ ਹਨ। ਹੁਣ ਵੀ ਉਥੇ ਦਫਤਰਾਂ ਵਿਚ ਸਰਕਾਰ ਦੇ ਵਰਕਰ ਹਨ ਜਿਹੜੇ ਕਿ ਸਹੀ ਮਾਅਨਿਆਂ ਵਿਚ ਕੰਮ ਚਲਣ ਨਹੀਂ ਦੇ ਰਹੇ। ਕੰਮ ਰੁਕੇ ਪਏ ਹਨ। ਮੈਂ ਤੁਹਾਡੀ ਮਾਰਫਤ ਇਹ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਦਾ ਜੋ ਮਨਸ਼ਾ ਹੈ ਉਸ ਦੇ ਅਨੁਸਾਰ ਪਾਵਰਜ਼ ਥੱਲੇ ਦਿੱਤੀਆਂ ਜਾਣ। ਪਹਿਲਾਂ ਪੰਚਾਇਤਾਂ ਨੂੰ 5 ਲੱਖ ਰੁਪਏ ਤੱਕ ਰੈਜ਼ੋਲਿਊਸ਼ਨ ਪਾ ਕੇ ਪੈਸੇ ਖਰਚ ਕਰਨ ਦੀ ਆਗਿਆ ਹੁੰਦੀ ਸੀ ਅਤੇ ਜਿਹੜਾ ਪੈਸਾ ਬੈਂਕ ਵਿਚ ਹੁੰਦਾ ਸੀ, ਉਸਨੂੰ ਕਢਾਉਣ ਲਈ ਸਰਪੰਚ ਅਤੇ ਇਕ ਪੰਚਾਇਤ ਮੈਂਬਰ ਦੇ ਦਸਤਖਤ ਹੁੰਦੇ ਸੀ ਅਤੇ ਉਹ ਪੈਸੇ ਬੈਂਕ ਵਿਚੋਂ ਕਢਵਾ ਸਕਦੇ ਸੀ। ਇਸ ਤਰ੍ਹਾਂ ਉਹ ਪਿੰਡ ਦੇ ਛੋਟੇ-ਮੋਟੇ ਕੰਮ ਪੈਸੇ ਕਢਵਾ ਕੇ ਕਰ ਲੈਂਦੇ ਸਨ ਅਤੇ ਡਿਵੈਲਪਮੈਂਟ ਦੇ ਕੰਮ ਕਰ ਲੈਂਦੇ ਸਨ। ਸਾਨੂੰ ਪੰਚਾਇਤਾਂ ਤੇ ਇਤਬਾਰ ਕਰਨਾ ਚਾਹੀਦਾ

ਸੀ । ਇਸ ਤੋਂ ਬਾਅਦ ਪੈਸੇ ਕਢਾਉਣ ਲਈ ਸਕੱਤਰ ਨੂੰ ਨਾਲ ਲਗਾ ਦਿਤਾ ਗਿਆ ਅਤੇ ਹੁਣ ਸੈਕਟਰੀ ਤੋਂ ਬਾਅਦ ਬੀ. ਡੀ. ਓ. ਨੂੰ ਲਗਾ ਦਿਤਾ ਹੈ । ਭਾਵੇਂ 10 ਰੁਪਏ ਦਾ ਕੰਮ ਕਰਾਉਣਾ ਹੈ, ਉਸ ਦੇ ਲਈ ਵੀ ਬੀ. ਡੀ. ਓ. ਦੇ ਦਸਤਖਤ ਨਾਲ ਹੋਣਗੇ ਅਤੇ ਬੀ. ਡੀ. ਓ. ਕੀ ਕਰਦੇ ਹਨ, ਉਹ ਅੱਗੇ ਓਵਰਸੀਰ ਦੀ ਡਿਊਟੀ ਲਗਾ ਦਿੰਦੇ ਹਨ ਕਿ ਕੰਮ ਨੂੰ ਚੈਕ ਕਰੇ । ਹੁਣ ਇੱਟਾਂ ਖਰੀਦਣੀਆਂ ਹੁੰਦੀਆਂ ਹਨ ਤਾਂ ਉਹ ਕਹਿੰਦੇ ਹਨ ਕਿ ਪਹਿਲਾਂ ਬਿੱਲ ਲਿਆਓ । ਸੀਮਿੰਟ ਖਰੀਦਣਾ ਹੁੰਦਾ ਹੈ ਤਾਂ ਪਹਿਲਾਂ ਬਿੱਲ ਮੰਗਦੇ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ, ਭਾਵੇਂ ਮੈਂ ਡਿਵੈਲਪਮੈਂਟ ਮਨਿਸਟਰ ਸਾਹਿਬ ਨਾਲ ਵੀ ਗੱਲ ਕੀਤੀ ਸੀ ਕਿ ਆਪਾਂ 10 ਮਿੰਟ ਬੈਠ ਕੇ ਇਹ ਮਾਮਲਾ ਡਿਸਕਸ ਕਰ ਲਈਏ ਅਤੇ ਜਿਹੜਾ ਇਹ ਕੰਮ ਹੈ ਇਸ ਨੂੰ ਠੀਕ ਕਰ ਲਈਏ ਅਤੇ ਉਨ੍ਹਾਂ ਨੇ ਮੈਨੂੰ ਕਿਹਾ ਵੀ ਹੈ ਕਿ ਆਪਾਂ ਬੈਠਾਂਗੇ । ਇਹ ਜਿਹੜੀਆਂ ਸਾਰੀਆਂ ਗੱਲਾਂ ਹਨ, ਪਹਿਲਾਂ ਹਰ ਇਕ ਮਹਿਕਮੇ ਦੀ ਕੰਨਸਲਟੇਟਿਵ ਕਮੇਟੀ ਹੁੰਦੀ ਸੀ ਜਿਸ ਦੇ ਵਿਚ ਐਮ. ਐਲ. ਏ. ਸਾਹਿਬਾਨ ਵੀ ਸ਼ਾਮਿਲ ਹੁੰਦੇ ਸਨ ਪਰ ਇਸ ਸਰਕਾਰ ਨੂੰ ਦੋ ਸਾਲ ਹੋ ਚੁੱਕੇ ਹਨ, ਉਹ ਕਮੇਟੀਆਂ ਹੀ ਨਹੀਂ ਬਣਾ ਸਕੀ । ਲੇਕਿਨ ਇਹ ਗੱਲਾਂ ਅਸੀਂ ਕਿੱਥੇ ਕਹੀਏ ? ਮੈਂ ਮੰਤਰੀ ਸਾਹਿਬ ਨੂੰ ਵੀ ਕਿਹਾ ਸੀ ਅਤੇ ਹੁਣ ਮੁੱਖ ਮੰਤਰੀ ਸਾਹਿਬ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਪੰਚਾਇਤੀ ਰਾਜ ਦਾ ਵਿੰਗ ਹੈ, ਉਸ ਵਿਚ ਸਿਸਟਮ ਇਸ ਤਰ੍ਹਾਂ ਹੋ ਗਿਆ ਹੈ ਕਿ ਓਵਰਸੀਰ ਇੱਟਾਂ ਵੀ ਆਪ ਖਰੀਦੇ, ਸੀਮਿੰਟ ਵੀ ਆਪ ਖਰੀਦੇ ਅਤੇ ਇਹ ਸਾਰਾ ਉਸਦੀ ਐਮ. ਬੀ. ਤੇ ਕੰਮ ਹੁੰਦਾ ਹੈ ਅਤੇ ਪੰਚਾਇਤਾਂ ਨੂੰ ਬਿਲਕੁਲ ਬਾਹਰ ਹੀ ਕੱਢ ਦਿੱਤਾ ਹੈ ਅਤੇ ਉਹ ਸਿੱਧਾ ਹੀ ਕਮਿਸ਼ਨ ਲੈਂਦੇ ਹਨ, ਇੱਟਾਂ ਵਿਚੋਂ ਵੀ ਅਤੇ ਸੀਮਿੰਟ ਵਿਚੋਂ ਵੀ ।

ਸ੍ਰੀ ਜਗਦੀਸ਼ ਸਾਹਨੀ : ਸਭਾਪਤੀ ਸਾਹਿਬ, ਪੁਆਇੰਟ ਆਫ ਆਰਡਰ । ਲੀਡਰ ਆਫ ਆਪੋਜ਼ੀਸ਼ਨ ਜਿਸ ਤਰ੍ਹਾਂ ਗੱਲ ਕਰਦੇ ਹਨ, ਸ਼ਾਇਦ ਇਹ ਆਪਣੇ ਸਮੇਂ ਦੀਆਂ ਗੱਲਾਂ ਭੁੱਲ ਗਏ ਹਨ । ਅੱਜ ਇਹ ਕਹਿੰਦੇ ਕਿ ਸਾਡੇ ਸਮੇਂ ਵਿਚ ਇਹ ਹੋਇਆ । ਇਨ੍ਹਾਂ ਦੇ ਸਮੇਂ ਵਿਚ ਪੰਚਾਇਤਾਂ ਕੋਲੋਂ ਖੋਹ ਕੇ 5 ਲੱਖ ਰੁਪਏ ਤੋਂ ਉਤੇ ਦਾ ਕੰਮ ਸਾਰੇ ਮਹਿਕਮਿਆਂ ਨੂੰ ਵੰਡਿਆ ਗਿਆ । ਉਸਦੇ ਵਿਰੁੱਧ ਸਾਰੇ ਮਹਿਕਮੇ ਨੇ ਹੜਤਾਲ ਕੀਤੀ । ਦੂਸਰੀ ਗੱਲ, ਜੋ ਇਨ੍ਹਾਂ ਦੀ ਟੈਨਿਓਰ ਵਿਚ ਜਿੰਨੀ ਲੁੱਟ ਹੋਈ ਹੈ ਉਨੀ ਲੁੱਟ ਕਦੇ ਅਬਦਾਲੀ ਦੇ ਜ਼ਮਾਨੇ ਵਿਚ ਵੀ ਨਹੀਂ ਹੋਈ । ਇਕ ਇਕ ਪੰਚਾਇਤ ਨੂੰ ਇੰਨਾ ਇੰਨਾ ਪੈਸਾ ਦਿਤਾ ਅਤੇ ਨਕਦ ਕਮਿਸ਼ਨ, ਕੈਸ਼ ਕਮਿਸ਼ਨ ਇਨ੍ਹਾਂ ਦੇ ਮੰਤਰੀ ਸਾਹਿਬਾਨ ਚੰਡੀਗੜ੍ਹ ਵਿਚ ਲੈਂਦੇ ਰਹੇ, ਇਨ੍ਹਾਂ ਦੇ ਦੌਰ ਵਿਚ ਇਹ ਕੰਮ ਹੋਏ ਹਨ । ਅੱਜ ਇਹ ਸਾਨੂੰ ਦੱਸਦੇ ਹਨ ਜਿਹੜੀ ਸਰਕਾਰ ਪੰਚਾਇਤਾਂ ਦੇ ਸਿਰ ਤੇ ਖੜ੍ਹੀ ਹੈ ।

ਚੋਧਰੀ ਜਗਜੀਤ ਸਿੰਘ : ਸਭਾਪਤੀ ਸਾਹਿਬ, ਸਾਹਨੀ ਸਾਹਿਬ ਨੂੰ ਕੀ ਪਤਾ ਇਹ ਤਾਂ ਸ਼ਹਿਰ ਵਿਚ ਰਹਿੰਦੇ ਹਨ । ਇਨ੍ਹਾਂ ਨੂੰ ਪਿੰਡਾਂ ਬਾਰੇ ਕੀ ਪਤਾ । ਮੈਂ ਅਰਜ਼ ਕਰ ਰਿਹਾ ਸੀ . . . .

ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂ ਚੋਧਰੀ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਜੋ ਗੱਲਾਂ ਇਨ੍ਹਾਂ ਨੇ ਕੀਤੀਆਂ ਹਨ, ਇਨ੍ਹਾਂ ਨੂੰ ਸ਼ਾਇਦ ਮਹਿਕਮੇ ਬਾਰੇ ਪੂਰੀ ਇਨਫਰਮੇਸ਼ਨ ਨਹੀਂ ਹੈ। ਅਸੀਂ ਨਾ ਓਵਰਸੀਅਰ ਨੂੰ ਹਦਾਇਤਾਂ ਕੀਤੀਆਂ ਹਨ ਅਤੇ ਨਾ ਹੀ ਮਹਿਕਮੇ ਨੂੰ ਕੀਤੀਆਂ ਹਨ ਕਿ ਇੱਟਾਂ ਅਤੇ ਸੀਮਿੰਟ ਆਪ ਖਰੀਦੋ ਇਸ ਤਰ੍ਹਾਂ ਦਾ ਕੋਈ ਕੰਮ ਨਹੀਂ। ਸਰਪੰਚਾਂ ਨੂੰ ਪੂਰੀ ਅਥਾਰਟੀ ਹੈ, ਪੈਸੇ ਅਸੀਂ ਭੇਜਦੇ ਹਾਂ, ਉਹ ਆਪ ਪਰਚੇਜ਼ ਕਰਦੇ ਹਨ ਅਤੇ ਕੰਮ ਕਰਾਉਂਦੇ ਹਨ ਚੈਕ ਓਵਰਸੀਅਰ ਕਰਦਾ ਹੈ ਜਾਂ ਮਹਿਕਮਾ ਕਰਦਾ ਹੈ। ਇਨ੍ਹਾਂ ਨੂੰ ਪੂਰੀ ਇਨਫਰਮੇਸ਼ਨ ਲੈ ਕੇ ਹਾਊਸ ਵਿਚ ਗੱਲ ਕਰਨੀ ਚਾਹੀਦੀ ਹੈ। ਬਾਕੀ ਜਿਹੜੀ ਗੱਲ ਕਰਦੇ ਹਨ ਇਲੈਕਸ਼ਨਾਂ ਦੀ, ਇਨ੍ਹਾਂ ਦੇ ਵੇਲੇ ਬੀ. ਜੇ. ਪੀ. ਅਤੇ ਅਕਾਲੀ ਪਾਰਟੀ ਦੇ ਸਾਰੇ ਬੰਦੇ ਇਨ੍ਹਾਂ ਨੇ ਅੰਦਰ ਕਰ ਦਿਤੇ ਸਨ, ਪਰ ਅਸੀਂ ਇਕ ਵੀ ਬੰਦਾ ਨਹੀਂ ਫੜਿਆ। ਅਸੀਂ ਇਲੈਕਸ਼ਨ ਠੀਕ ਢੰਗ ਨਾਲ ਕਰਵਾਏ ਹਨ, ਪੀਸ-ਫੁੱਲ ਕਰਵਾਏ ਹਨ। ਇਸ ਸਬੰਧੀ ਇਲੈਕਸ਼ਨ ਕਮਿਸ਼ਨ ਨੇ ਸਾਨੂੰ ਸਰਟੀਫਿਕੇਟ ਵੀ ਦਿਤਾ ਹੈ।

ਚੋਧਰੀ ਜਗਜੀਤ ਸਿੰਘ : ਚੇਅਰਮੈਨ ਸਾਹਿਬ, ਮੈਨੂੰ ਬੋਲਣ ਲਈ ਸਮਾ ਦਿਓ। ਫਿਰ ਸਮਾਂ ਘੱਟ ਲੱਗੇਗਾ। ਸੀ.ਐਮ. ਸਾਹਿਬ ਨੇ ਵੀ ਜਵਾਬ ਦੇਣਾ ਹੈ। ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਨੇ ਗੁਮਰਾਹ ਕੀਤਾ ਹੈ। ਉਹ ਹਾਊਸ ਨੂੰ ਗੁਮਰਾਹ ਕਰ ਰਹੇ ਹਨ। ਇਹ ਮੇਰੇ ਜ਼ਿਲ੍ਹੇ ਵਿਚ ਚੱਲਣ। ਮੈਂ ਇਨ੍ਹਾਂ ਨੂੰ ਦਿਖਾ ਦੇਵਾਂਗਾ ਕਿ ਬੀ. ਡੀ. ਪੀ. ਓ. ਦੇ ਦਸਤਖਤ ਹੋਏ ਹਨ ਜਾਂ ਨਹੀਂ।

ਸ੍ਰੀ ਸਭਾਪਤੀ : ਚੋਧਰੀ ਸਾਹਿਬ, ਪਰਸਨਲ ਗੱਲਾਂ ਤੋਂ ਪਰਹੇਜ਼ ਕਰੋ।

ਚੋਧਰੀ ਜਗਜੀਤ ਸਿੰਘ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਗੁਮਰਾਹ ਕਰਨ ਵਾਲੀ ਗੱਲ ਕੀਤੀ ਹੈ। ਥੱਲੇ ਮਹਿਕਮੇ ਦਾ ਇਨ੍ਹਾਂ ਨੂੰ ਪਤਾ ਨਹੀਂ। ਪੈਸੇ ਵਿਚ ਕੱਟ ਲੱਗਦਾ ਹੈ। ਮੈਂ ਇਹ ਗੱਲ ਨਹੀਂ ਕਹਿਣਾ ਚਾਹੁੰਦਾ ਸੀ ਔਰ ਮੈਂ ਸਾਰਿਆਂ ਦਾ ਸਤਿਕਾਰ ਕਰਦਾ ਹਾਂ। ਮੈਂ ਪੰਚਾਇਤਾਂ ਦੇ ਮੁਤੱਲਕ ਬੇਨਤੀ ਕਰ ਰਿਹਾ ਹਾਂ। ਬਹੁਤ ਸਾਰੀਆਂ ਲੇਡੀ ਸਰਪੰਚ ਬਣੀਆਂ ਔਰ ਉਨ੍ਹਾਂ ਨੂੰ ਕੰਮਾਂ ਵਾਸਤੇ ਕਿਸ ਤਰ੍ਹਾਂ ਦਫਤਰਾਂ ਦੇ ਫੇਰੇ ਮਾਰਨੇ ਪੈਂਦੇ ਹਨ। ਇਸ ਕਰਕੇ ਇਨ੍ਹਾਂ ਨੂੰ ਸਾਡੇ ਸੁਝਾਓ ਸੁਣਨੇ ਚਾਹੀਦੇ ਹਨ ਔਰ ਕੰਮ ਨੂੰ ਠੀਕ ਕਰਨਾ ਚਾਹੀਦਾ ਹੈ। ਕਾਫੀ ਕੰਮ ਗਲਤ ਹੋ ਰਹੇ ਹਨ।

ਇਸ ਤੋਂ ਇਲਾਵਾ ਓਲਡ-ਏਜ਼-ਪੈਨਸ਼ਨ ਦੀ ਮੈਂ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਕੋਲ ਵੀ ਇਹ ਮਹਿਕਮਾ ਰਿਹਾ ਹੈ। ਓਲਡ-ਏਜ਼-ਪੈਨਸ਼ਨ ਅਤੇ ਵਿਧਵਾ ਪੈਨਸ਼ਨ ਦੀ ਪੰਜਾਬ ਵਿਚ ਬਹੁਤ ਮੰਗ ਸੀ। ਅਸੀਂ ਇਹ ਪੈਨਸ਼ਨਾਂ ਲਗਾਉਣ ਵਿਚ ਬਹੁਤ ਯਤਨ ਕੀਤਾ। ਅਸੀਂ ਪੈਨਸ਼ਨਾਂ ਲਗਾਈਆਂ। ਫਿਰ ਅਕਾਲੀ ਦਲ ਦੀ ਸਰਕਾਰ ਆਈ। ਤੁਸੀਂ ਵੀ ਸਭ ਤੋਂ ਪਹਿਲਾਂ ਪੰਜਾਬ ਵਿਚ ਵੱਡੀ ਗਿਣਤੀ ਵਿਚ ਪੈਨਸ਼ਨਾਂ ਲਗਾਉਣ ਲਈ ਪਿੰਡਾਂ ਵਿਚ ਅਫਸਰ ਭੇਜੇ। ਬਹੁਤ ਸਾਰੀਆਂ ਦਰਖਾਸਤਾਂ ਆਈਆਂ ਕਿਉਂਕਿ ਬਾਦਲ ਸਾਹਿਬ ਨੇ ਕਿਹਾ ਸੀ ਕਿ ਮੈਂ ਹਰ ਬਜ਼ੁਰਗ ਨੂੰ ਪੈਨਸ਼ਨ ਲਗਾ ਦੇਣੀ ਹੈ। ਜਦੋਂ ਬਹੁਤ ਸਾਰੀਆਂ ਦਰਖਾਸਤਾਂ ਆ ਗਈਆਂ ਤਾਂ ਉਨ੍ਹਾਂ ਦਰਖਾਸਤਾਂ ਨਾਲ ਬੋਰੀਆਂ ਭਰ ਗਈਆਂ। ਇਹ ਦਰਖਾਸਤਾਂ ਦਫਤਰਾਂ ਵਿਚ ਹੀ ਪਈਆਂ ਰਹੀਆਂ। ਫਿਰ ਦੂਸਰੇ ਸੈਸ਼ਨ ਵਿਚ ਕਿਹਾ ਗਿਆ ਕਿ

ਸਾਰਿਆਂ ਲੋਕਾਂ ਨੇ ਹੀ ਦਰਖਾਸਤਾਂ ਦੇ ਦਿਤੀਆਂ ਹਨ । ਇਸ ਕਰਕੇ ਅਸੀਂ ਇਹ ਦਰਖਾ-ਸਤਾਂ ਦੇਖਾਂਗੇ ਔਰ ਮੁਕੱਰਰ ਕਰਾਂਗੇ । ਤੁਸੀਂ ਕੁਝ ਲੋਕਾਂ ਨੂੰ ਪੈਨਸ਼ਨਾਂ ਲਗਾਈਆਂ । ਬਾਦਲ ਸਾਹਿਬ ਨੇ ਆਪਣੇ ਇਕ ਇਲੈਕਸ਼ਨ ਦੇ ਭਾਸ਼ਣ ਵਿਚ ਕਿਹਾ ਸੀ ਕਿ ਜਿਸ ਬਜ਼ੁਰਗ ਦੀ ਪੈਨਸ਼ਨ ਲੱਗੇਗੀ, ਉਸ ਨੂੰ ਪੈਨਸ਼ਨ ਦੇਣ ਲਈ ਹਰ ਮਹੀਨੇ ਕੋਈ ਬੰਦਾ ਉਸ ਬਜ਼ੁਰਗ ਕੋਲ ਪਹੁੰਚੇਗਾ । ਉਸ ਦੇ ਘਰ ਦੇ ਬਾਹਰ ਘੰਟੀ ਮਾਰੇਗਾ । ਘੰਟੀ ਦੀ ਅਵਾਜ਼ ਸੁਣ ਕੇ ਬਜ਼ੁਰਗ ਬਾਹਰ ਆਵੇਗਾ ਅਤੇ ਆਪਣੀ ਪੈਨਸ਼ਨ ਲੈ ਲਵੇਗਾ । ਪਰ ਇਹ ਜਿਹੜੀਆਂ ਪੈਨਸ਼ਨਾਂ ਲੱਗੀਆਂ, ਉਸ ਵਾਸਤੇ ਹੁਣ ਪੈਸੇ ਨਹੀਂ ਹਨ । 30-40 ਕਰੋੜ ਰੁਪਏ ਦੇ ਬਿੱਲ ਟਰੇਜ਼ਰੀ ਵਿਚ ਪਏ ਹਨ । ਇਸ ਕਰਕੇ ਇਹ ਪੈਨਸ਼ਨ ਕਿਸੇ ਨੂੰ ਨਹੀਂ ਮਿਲ ਰਹੀ । ਬਜ਼ੁਰਗ ਪੈਨਸ਼ਨਾਂ ਨੂੰ ਉਡੀਕ ਰਹੇ ਹਨ । ਉਨ੍ਹਾਂ ਨੇ ਘੰਟੀਆਂ ਵੀ ਲਗਵਾ ਲਈਆਂ ਹਨ । ਹੁਣ ਕੋਈ ਘੰਟੀ ਮਾਰਦਾ ਹੈ ਅਤੇ ਬਜ਼ੁਰਗ ਨੱਠਾ ਆਉਂਦਾ ਹੈ ਕਿ ਬਾਦਲ ਸਾਹਿਬ ਦਾ ਕੋਈ ਬੰਦਾ ਪੈਨਸ਼ਨ ਦੇਣ ਵਾਸਤੇ ਆ ਗਿਆ ਹੈ ਪਰ ਜਦੋਂ ਉਹ ਬਾਹਰ ਆਉਂਦਾ ਹੈ ਤਾਂ ਦੇਖਦਾ ਹੈ ਕਿ ਬਿਜਲੀ ਦੇ ਬਿੱਲ ਵਾਲਾ ਖੜ੍ਹਾ ਹੈ । ਬਿਜਲੀ ਦੇ ਬਿੱਲ ਤਾਂ ਵਧਾ ਦਿੱਤੇ ਪਰ ਪੈਨਸ਼ਨ ਨਹੀਂ ਮਿਲ ਰਹੀ । ਪੰਜਾਬ ਇਸ ਸਮੇਂ ਫਾਇਨਾਂਸ਼ੀਅਲ ਕਰਾਈਸਿਜ਼ ਵਿਚ ਹੈ । ਕਿਸੇ ਵੀ ਡਿਪਾਰਟਮੈਂਟ ਦੇ ਸੈਕਟਰੀ ਸਾਹਿਬ ਜਾਂ ਹੈਡ ਆਫ ਦੀ ਡਿਪਾਰਟ-ਮੈਂਟ ਦੀ ਗੱਡੀ ਭਾਵੇਂ ਚਲਦੀ ਹੋਵੇ ਪਰ ਉਸ ਵਾਸਤੇ ਵੀ ਤੇਲ ਲਈ ਕੋਈ ਪੈਸਾ ਨਹੀਂ ਹੈ । ਕੰਮ ਬੰਦ ਪਏ ਹਨ । ਐਡਹਾਕ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲ ਰਹੀ । ਗਰੈਚੂਟੀ ਜੀ. ਪੀ. ਐਫ., ਟੀ. ਏ./ਡੀ. ਏ. ਦਾ ਕੋਈ ਪੈਸਾ ਨਹੀਂ ਮਿਲ ਰਿਹਾ । ਬੜੀ ਮੁਸ਼ਕਲ ਨਾਲ ਤੁਸੀਂ ਮੈਨੂੰ ਕਾਰ ਦਿੱਤੀ ਹੈ । ਪਰ ਉਸ ਵਾਸਤੇ ਤੇਲ ਲਈ ਕੋਈ ਪੈਸਾ ਨਹੀਂ ਹੈ । ਮੇਰੇ ਹੋਰ ਵੀ ਦੂਸਰੇ ਸਾਥੀ ਹਨ ਜਿਹੜੇ ਕਿ ਤੇਲ ਕੋਲੋਂ ਪੁਆ ਰਹੇ ਹਨ । ਪੰਜਾਬ ਫਸਿਆ ਪਿਆ ਹੈ । ਇਹ ਵਿੱਤੀ ਸੰਕਟ ਵਿਚ ਹੈ । ਇਸ ਨੂੰ ਵਿੱਤੀ ਸੰਕਟ ਵਿਚੋਂ ਕੱਢਣ ਬਾਰੇ ਗਵਰਨਰ ਸਾਹਿਬ ਨੇ ਕੋਈ ਜ਼ਿਕਰ ਨਹੀਂ ਕੀਤਾ । ਖਰਚੇ ਤਾਂ ਦੱਸ ਦਿੱਤੇ ਹਨ ਪਰ ਪੈਸੇ ਲਿਆਉਣ ਦੇ ਰਿਸੋਰਸਿਜ਼ ਨਹੀਂ ਦੱਸੇ ਗਏ । ਇਹ ਸਕੀਮਾਂ ਕਿਸ ਤਰਾਂ ਸਿਰੇ ਚੜ੍ਹਨਗੀਆਂ ਪੰਜਾਬ ਸੰਕਟ ਵਿਚ ਹੈ । ਪੈਨਸ਼ਨਾਂ ਨਹੀਂ ਮਿਲ ਰਹੀਆਂ । ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਸਕੂਲ ਚਲਦੇ ਹਨ-ਗੌਰਮਿੰਟ ਵੀ ਅਤੇ ਪ੍ਰਾਈਵੇਟ ਵੀ । ਪ੍ਰਾਈਵੇਟ ਕਾਲਜ ਵੀ ਹਨ ਔਰ ਮਾਨਤਾ ਪ੍ਰਾਪਤ ਸਕੂਲ/ਕਾਲਜ ਵੀ ਹਨ । 95 ਫੀਸਦੀ ਮਾਨਤਾ ਪ੍ਰਾਪਤ ਸਕੂਲਾਂ ਨੂੰ ਗਰਾਂਟ ਮਿਲਦੀ ਹੈ । ਚੇਅਰਮੈਨ ਸਾਹਿਬ, ਅੱਜ ਬਹੁਤ ਬੁਰਾ ਹਾਲ ਹੈ । ਪੰਜਾਬ ਦੇ ਬਾਹਰ ਬਹੁਤ ਵੱਡੀ ਗਿਣਤੀ ਵਿਚ ਪੰਜਾਬ ਦੇ ਕਾਲਜਾਂ ਦੇ ਪ੍ਰੋਫੈਸਰ ਹਨ, ਉਨ੍ਹਾਂ ਦਾ ਬਹੁਤ ਵੱਡਾ ਰੌਲਾ ਹੈ, ਅੱਜ ਦੀਆਂ ਅਖਬਾਰਾਂ ਵਿਚ ਵੀ ਆਇਆ ਹੈ, ਉਹ ਵੀ ਚੰਡੀਗੜ੍ਹ ਪਹੁੰਚੇ ਹਨ । ਉਨ੍ਹਾਂ ਦੀਆਂ ਕੁਝ ਡਿਮਾਂਡਜ਼ ਹਨ ਜਿਹੜੀਆਂ ਸਰਕਾਰ ਤਕਰੀਬਨ ਮੰਨ ਚੁੱਕੀ ਹੈ, ਪਹਿਲਾਂ ਕਹਿ ਚੁੱਕੀ ਹੈ ਕਿ ਇਹ ਕਰਾਂਗੇ ਲੇਕਿਨ ਹੁਣ ਹੋ ਨਹੀਂ ਰਹੀਆਂ ਹਨ । ਜਿਥੋਂ ਤੱਕ ਕਾਲਜਾਂ ਦਾ ਤਾਅਲੁੱਕ ਹੈ, ਜਿਹੜੇ ਪ੍ਰਾਈਵੇਟ ਮਾਨਤਾ ਪ੍ਰਾਪਤ ਕਾਲਜ ਹਨ, ਜਿਨ੍ਹਾਂ ਨੂੰ 95 % ਅਸੀਂ ਗਰਾਂਟ ਦਿੰਦੇ ਹਾਂ, ਉਨ੍ਹਾਂ ਦੀ ਤਨਖਾਹ ਵਿਚ ਮੈਨੇਜਮੈਂਟ ਵਾਲੇ 5 % ਪਾਉਂਦੇ ਹਨ । ਉਨ੍ਹਾਂ ਦੀ ਤਨਖਾਹ ਇਥੋਂ ਜਾਂਦੀ ਹੈ । ਕਾਲਜਾਂ ਵਿਚ ਜਦੋਂ ਤੋਂ 95 % ਗਰਾਂਟ ਦੇਣੀ ਸ਼ੁਰੂ ਕੀਤੀ ਸੀ ਜਦੋਂ ਤੋਂ ਕਾਲਜਾਂ ਵਿਚ ਪੈਸੇ ਸੈਂਕਸ਼ਨ ਕੀਤੇ ਸਨ ਤਾਂ ਪਹਿਲਾਂ ਜਿਥੇ 500 ਬੱਚੇ ਸਨ, ਹੁਣ ਉਥੇ 1000 ਬੱਚੇ ਹੋ

[ਚੌਧਰੀ ਜਗਜੀਤ ਸਿੰਘ]

ਗਏ ਹਨ । ਕਾਲਜਾਂ ਦੀ ਜੋ ਪ੍ਰਥਾ ਹੈ, ਉਹ ਸਾਰੀਆਂ ਫੀਸਾਂ ਪੰਜਾਬ ਦੀ ਸਰਕਾਰ ਨੂੰ ਕੁਲੈਕਟ ਕਰਕੇ ਭੇਜੀ ਜਾ ਰਹੇ ਹਨ । ਲੇਕਿਨ ਹੁਣ ਉਨ੍ਹਾਂ ਦੀਆਂ ਤਨਖਾਹਾਂ ਸਮੇਂ ਸਿਰ ਨਹੀਂ ਜਾਂਦੀਆਂ । ਕਾਲਜਾਂ ਦਾ 10-12 ਕਰੋੜ ਰੁਪਏ ਦਾ ਬਕਾਇਆ ਪੰਜਾਬ ਸਰਕਾਰ ਵੱਲ ਰਹਿੰਦਾ ਹੈ । ਦੂਸਰੀ ਵੱਡੀ ਗੱਲ ਹੈ ਕਿ ਜਿਹੜੀ ਗਰਾਂਟ 95 % ਹੈ, ਹੁਣ ਉਸ ਨੂੰ ਘੱਟ ਕਰਕੇ 90% ਕਰਨ ਦਾ ਯਤਨ ਕੀਤਾ ਜਾ ਰਿਹਾ ਹੈ । ਨਾਲ ਨਾਲ ਇਹ ਬੜੀ ਚਰਚਾ ਹੈ ਕਿ ਉਨ੍ਹਾਂ ਨੂੰ ਫਿਕਸਡ ਪੈਸੇ ਹੀ ਕਰ ਦੇਣੇ ਹਨ । ਜਿਹੜੇ ਉਥੇ ਮੁਲਾਜ਼ਮ ਹਨ, ਜੇਕਰ ਉਨ੍ਹਾਂ ਦੀ ਤਨਖਾਹ ਫਿਕਸਡ ਹੀ ਕਰ ਦੇਵਾਂਗੇ, ਨਵੀਂ ਭਰਤੀ ਵੀ ਹੁੰਦੀ ਰਹਿੰਦੀ ਹੈ ਔਰ ਉਨ੍ਹਾਂ ਨੂੰ ਡੀ. ਏ. ਵੀ ਮਿਲਦਾ ਰਹਿੰਦਾ ਹੈ, ਕਦੇ ਇਨਕਰੀਮੈਂਟ ਵੀ ਲਗਦਾ ਹੈ । ਅਸੀਂ ਫਿਕਸਡ ਕਰਕੇ ਕਿਸ ਤਰ੍ਹਾਂ ਚਲਾ ਸਕਦੇ ਹਾਂ ? ਪੰਜਾਬ ਦੇ ਵਿਚ ਪ੍ਰਾਈਵੇਟ ਕਾਲਜਾਂ ਦਾ ਬਹੁਤ ਵੱਡਾ ਰੋਲ ਹੈ, ਗੌਰਮਿੰਟ ਦੇ ਬਹੁਤ ਥੋੜ੍ਹੇ ਕਾਲਜ ਹਨ, ਸਾਰੀ ਪੜ੍ਹਾਈ ਤਾਂ ਪ੍ਰਾਈਵੇਟ ਕਾਲਜਾਂ ਵਿਚ ਹੁੰਦੀ ਹੈ । ਇਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਦੇ ਟੀਚਰ ਹਨ । ਉਹ ਵੀ ਬੜੀ ਐਜੀਟੇਸ਼ਨ ਕਰ ਰਹੇ ਹਨ । ਬਾਦਲ ਸਾਹਿਬ ਨਾਲ ਉਨ੍ਹਾਂ ਦੀ ਸ਼ਾਇਦ ਕੱਲ੍ਹ ਜਾਂ ਪਰਸੋਂ ਮੀਟਿੰਗ ਵੀ ਹੋਈ ਸੀ । ਲੇਕਿਨ ਉਹ ਧਰਨੇ ਮਾਰ ਰਹੇ ਹਨ, ਜਲੂਸ ਕੱਢ ਰਹੇ ਹਨ । ਉਨ੍ਹਾਂ ਦੀ ਇਹ ਮੰਗ ਹੈ ਕਿ ਸਾਡੇ ਨਾਲ ਜੋ ਐਕਟ, ਬਣਾ ਕੇ 95% ਗਰਾਂਟ ਦੇਣ ਦੀ ਗੱਲ ਹੈ, ਉਸ ਐਕਟ ਦੇ ਆਧਾਰ ਤੇ ਜੋ ਜੋ ਸਾਨੂੰ ਮਿਲਦਾ ਹੈ, ਦਿੱਤਾ ਜਾਵੇ । ਤੁਸੀਂ ਕਾਲਜਾਂ ਦੇ ਪ੍ਰੋਫੈਸਰਾਂ ਦੀ ਪੈਨਸ਼ਨ ਦਾ ਔਰ ਗਰੈਚੂਟੀ ਦਾ ਫੈਸਲਾ ਕੀਤਾ ਸੀ ਲੇਕਿਨ ਹਾਲੇ ਤੱਕ ਨੋਟੀਫਿਕੇਸ਼ਨ ਨਹੀਂ ਕੀਤੀ । ਯੂ.ਜੀ.ਸੀ ਦੇ ਅਧਾਰ ਤੇ ਯੂਨੀਵਰਸਿਟੀਆਂ ਵਿੱਚ ਅਤੇ ਗੌਰਮਿੰਟ ਕਾਲਜਾਂ ਵਿੱਚ ਤਾਂ ਤੁਸੀਂ ਕਰ ਦਿੱਤਾ ਹੈ ਲੇਕਿਨ ਜਿਹੜੇ ਪ੍ਰਾਈਵੇਟ ਕਾਲਜ ਹਨ, ਉਨ੍ਹਾਂ ਦੇ ਵਾਸਤੇ ਨੋਟੀਫਿਕੇਸ਼ਨ ਨਹੀਂ ਕੀਤੀ । ਪੰਜਾਬ ਦੇ ਸਾਰੇ ਜਿਹੜੇ ਟੀਚਰ ਹਨ, ਉਹ ਅੱਜ ਬਾਹਰ ਧੱਕੇ ਖਾ ਰਹੇ ਹਨ । ਉਨ੍ਹਾਂ ਦੀ ਕੋਈ ਸੁਣਦਾ ਨਹੀਂ । ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਸ ਤਰ੍ਹਾਂ ਸਰਕਾਰ ਵੱਲੋਂ ਸਕੂਲਾਂ ਨੂੰ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ ਕਿ ਅਸੀਂ ਤੁਹਾਡੀ ਗਰਾਂਟ ਬੰਦ ਕਰ ਦੇਵਾਂਗੇ, ਤੁਸੀਂ ਐਜੀਟੇਸ਼ਨ ਬੰਦ ਕਰੋ । ਜੇਕਰ ਆਪਾਂ ਇਸ ਤਰ੍ਹਾਂ ਦਾ ਕੰਮ ਕੀਤਾ ਤਾਂ ਪੰਜਾਬ ਦੀ ਐਜੂਕੇਸ਼ਨ ਦਾ, ਵਿੱਦਿਆ ਦਾ ਨੁਕਸਾਨ ਹੋਵੇਗਾ ਅਤੇ ਪੰਜਾਬ ਦੇ ਬੱਚਿਆਂ ਨਾਲ ਬਹੁਤ ਧੱਕਾ ਹੋਵੇਗਾ । ਜੋ ਪਿਛਲੇ 32 ਸਾਲਾਂ ਤੋਂ ਐਕਟ ਦੇ ਥੱਲੇ ਬੜੇ ਸਿਸਟੇਮੈਟਿਕ ਤੌਰ ਤੇ ਕੰਮ ਚਲ ਰਿਹਾ ਹੈ, ਅੱਜ ਕੀ ਲੋੜ ਪੈ ਗਈ ਕਿ ਉਨ੍ਹਾਂ ਨੂੰ ਸਮੇਂ ਸਿਰ ਗਰਾਂਟ ਨਹੀਂ ਦਿੱਤੀ ਜਾਂਦੀ । ਉਨ੍ਹਾਂ ਦੀ ਗਰਾਂਟ 95% ਹੀ ਰੱਖੀ ਜਾਵੇ ਅਤੇ ਜੋ ਗੌਰਮਿੰਟ ਕਾਲਜਾਂ ਨੂੰ ਗਰਾਂਟ ਮਿਲਦੀ ਹੈ, ਉਨ੍ਹਾਂ ਦੀ ਵੀ ਪੈਰਟੀ ਨਾਲ ਰੱਖੀ ਜਾਵੇ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਟੀਚਰ ਹਨ, ਇਹ ਸਾਡੀ ਕੌਮ ਦਾ ਬਹੁਤ ਵਡਮੁੱਲਾ ਧੰਨ ਹਨ ਮੈਂ ਸਮਝਦਾ ਹਾਂ ਕਿ ਸਾਡੇ ਜਿਹੜੇ ਟੀਚਰ ਹਨ, ਉਹ ਦੋ ਨੰਬਰ ਦੇ ਪੈਸੇ ਨਹੀਂ ਕਮਾਉਂਦੇ, ਉਹ ਤਾਂ ਤਨਖਾਹਾਂ ਜਾਂ ਟਿਊਸ਼ਨ ਪੜ੍ਹਾ ਕੇ ਪੈਸੇ ਲੈ ਸਕਦੇ ਹਨ । ਉਨ੍ਹਾਂ ਨਾਲ ਧੱਕਾ ਨਹੀਂ ਕਰਨਾ ਚਾਹੀਦਾ । ਜੋ ਸਿਸਟਮ ਆਲਰੇਡੀ ਬਣ ਚੁੱਕਾ ਹੈ, ਜੋ ਐਕਟ ਬਣ ਚੁੱਕਾ ਹੈ, ਉਸ ਦੇ ਮੁਤਾਬਿਕ ਤੁਸੀਂ ਉਨ੍ਹਾਂ ਨੂੰ ਮਿਲ ਕੇ, ਗੱਲ ਕਰਕੇ ਉਨ੍ਹਾਂ ਨੂੰ ਉਹ ਚੀਜ਼ਾਂ ਦਿਉ ਤਾਂ ਕਿ ਪੰਜਾਬ ਦੇ

ਸਕੂਲਾਂ ਵਿੱਚ ਜਿਹੜੀ ਪੜ੍ਹਾਈ ਹੈ, ਉਹ ਸਹੀ ਮਾਅਨਿਆਂ ਨਾਲ ਹੋ ਸਕੇ । ਜਿਹੜੇ ਇਹ 17-18 ਸੌ ਟੀਚਰ ਰੱਖੇ ਗਏ ਸਨ, ਤੁਸੀਂ ਉਨ੍ਹਾਂ ਨੂੰ ਕੱਢ ਦਿੱਤਾ । ਫਿਰ ਤੁਸੀਂ ਉਨ੍ਹਾਂ ਨੂੰ ਰੱਖਣ ਦੀ ਕੋਸ਼ਿਸ਼ ਵੀ ਕੀਤੀ, ਪਰ ਅੱਜ ਉਹ ਭੁੱਖ ਹੜਤਾਲ ਕਰਕੇ ਬੈਠੇ ਹਨ । ਉਨ੍ਹਾਂ ਦੀ ਇੱਕ ਟੀਚਰ ਡੀ.ਪੀ.ਆਈ. ਦੇ ਦਫਤਰ ਸਾਹਮਣੇ ਭੁੱਖ ਹੜਤਾਲ ਤੇ ਬੈਠੀ ਹੈ । ਇੰਨੇ ਦਿਨਾਂ ਤੋਂ ਉਹ ਉਥੇ ਬੈਠੇ ਹਨ । ਕਈ ਮੇਰੇ ਵੀਰ ਨੌਕਰੀ ਵਿੱਚ 2-4 ਸਾਲ ਤੋਂ ਬਾਅਦ ਧੱਕੇ ਖਾਂਦੇ ਫਿਰਦੇ ਹਨ । ਸਾਡੀ ਗੌਰਮਿੰਟ ਦਾ ਫਰਜ਼ ਹੈ ਕਿ ਉਨ੍ਹਾਂ ਨਾਲ ਗੱਲ ਕਰੇ । ਉਨ੍ਹਾਂ ਨੂੰ ਨੌਕਰੀਆਂ ਦਿਉ । ਇੱਕ ਪਾਸੇ ਸਾਡੇ ਸਕੂਲ ਖਾਲੀ ਪਏ ਹਨ । ਸਰਦਾਰ ਤੋਤਾ ਸਿੰਘ ਜੀ ਨੇ ਕੱਲ੍ਹ ਆਪਣੀ ਸਟੇਟਮੈਂਟ ਦਿੱਤੀ ਸੀ । ਉਸ ਵੇਲੇ ਉਨ੍ਹਾਂ ਨੇ ਜਵਾਬ ਦਿੱਤਾ ਸੀ ਕਿ ਸਾਨੂੰ ਕਿੰਨੇ ਟੀਚਰਾਂ ਦੀ ਲੋੜ ਹੈ । ਉਹ ਟਰੇਂਡ ਟੀਚਰ ਗੌਰਮਿੰਟ ਨੇ ਭਰਤੀ ਕੀਤੇ ਸਨ, ਉਨ੍ਹਾਂ ਦਾ ਕਸੂਰ ਕੀ ਹੈ । ਇਸ ਕਰਕੇ ਮੈਂ ਇਹ ਬੜੇ ਜ਼ੋਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਉਨ੍ਹਾਂ ਨੂੰ ਮੁੜ ਕੇ ਰੀ-ਇੰਪਲਾਇਮੈਂਟ ਦੇਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਭੁੱਖ ਹੜਤਾਲ ਵੀ ਚੁੱਕ ਦੇਣ ਅਤੇ ਆਪਣੇ ਬੱਚਿਆਂ ਦਾ ਪੇਟ ਵੀ ਪਾਲ ਸਕਣ ।

ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ.... ।

(**ਇਕ ਆਵਾਜ਼ :** ਜਿਹੜੇ ਉਨ੍ਹਾਂ ਤੋਂ ਪੈਸੇ ਲਏ ਗਏ ਸਨ ਉਨ੍ਹਾਂ ਦਾ ਕੀ ਬਣਿਆ ?)

ਸਰ, ਮੈਂ ਇਸ ਬਾਰੇ ਵੀ ਗਲ ਕਰ ਲੈਂਦਾ ਹਾਂ । ਤੁਸੀਂ ਉਨ੍ਹਾਂ ਕੁਆਲੀਫਾਈਡ ਲੋਕਾਂ ਦੇ ਕੋਲੋਂ ਪੈਸੇ ਲੈਣ ਬਾਰੇ ਤਾਂ ਜ਼ਿਕਰ ਕਰ ਦਿੱਤਾ ਹੈ ਪਰ ਜੋ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਕਿਹਾ ਗਿਆ ਹੈ ਕਿ ਅਸੀਂ ਕੁਰੱਪਸ਼ਨ ਤੋਂ ਰਹਿਤ ਸਰਕਾਰ ਦਿਆਂਗੇ । ਮੈਂ ਲਾਸਟ ਦੇ ਵਿੱਚ ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਕਿਹਾ ਗਿਆ ਸੀ ਕੁਰੱਪਸ਼ਨ ਰਹਿਤ ਸਰਕਾਰ ਹੋਵੇਗੀ ਪਰ ਮੈਨੂੰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਜਿਹੜੀਆਂ ਨੌਕਰੀਆਂ ਮਿਲਦੀਆਂ ਹਨ ਉਹ ਵੀ ਪੈਸਿਆਂ ਦੇ ਨਾਲ ਮਿਲਦੀਆਂ ਹਨ । ਅੱਜ ਬਦਲੀਆਂ ਵੀ ਪੈਸਿਆਂ ਦੇ ਨਾਲ ਹੁੰਦੀਆਂ ਹਨ । ਮੈਂ ਬਾਦਲ ਸਾਹਿਬ ਨੂੰ ਖੁਦ ਕਿਸੇ ਗੱਲ ਦੇ ਸਬੰਧ ਵਿਚ ਮਿਲਿਆ ਹਾਂ ਤਾਂ ਬਾਦਲ ਸਾਹਿਬ ਨੇ ਵੀ ਮੰਨਿਆ ਹੈ ਕਿ ਸਾਡੇ ਉਤੇ ਵੀ ਕੁਰੱਪਸ਼ਨ ਦਾ ਬਹੁਤ ਜ਼ਿਆਦਾ ਪ੍ਰੈਸ਼ਰ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੇ ਕਿਹਾ ਸੀ ਜਿੰਨੇ ਸਾਡੇ ਐਮ.ਐਲ.ਏ. ਹਨ ਜਦੋਂ ਦੀ ਇਨ੍ਹਾਂ ਦੀ ਸਰਕਾਰ ਬਣੀ ਹੈ ਉਹ ਸਾਰੇ ਐਮ.ਐਲ.ਏ. ਆਪਣਾ ਅਸਾਸਾ ਡਿਕਲੇਅਰ ਕਰਨਗੇ ਕਿ ਕਿਸ ਦੇ ਕੋਲ ਕਿੰਨਾ ਅਸਾਸਾ ਹੈ, ਕਿੰਨੀ ਜਾਇਦਾਦ ਹੈ ਪਰ ਅੱਜ ਤੱਕ ਕਿਸੇ ਵੀ ਐਮ.ਐਲ.ਏ. ਨੇ ਆਪਣਾ ਅਸਾਸਾ ਡਿਕਲੇਅਰ ਨਹੀਂ ਕੀਤਾ । ਚੇਅਰਮੈਨ ਸਾਹਿਬ, ਅੱਜ ਕੁਰੱਪਸ਼ਨ ਪਹਿਲਾਂ ਨਾਲੋਂ 10 ਗੁਣਾ ਜ਼ਿਆਦਾ ਵੱਧ ਗਈ ਹੈ । ਹਰ ਦਫਤਰ ਦੇ ਵਿੱਚ ਪੈਸੇ ਤੋਂ ਬਗੈਰ ਕੋਈ ਕੰਮ ਨਹੀਂ ਹੁੰਦਾ । ਇਹ ਇਸ ਗੱਲ ਨੂੰ ਦੂਰ ਨਹੀਂ ਕਰ ਸਕਦੇ । ਹਰੇਕ ਦਫਤਰ ਦੇ ਵਿੱਚ ਪੈਸਿਆਂ ਦੇ ਨਾਲ ਕੰਮ ਹੋ ਰਹੇ ਹਨ । ਇਸ ਬਾਰੇ ਤੁਹਾਨੂੰ ਵੀ ਪਤਾ ਹੈ ਤੇ ਇਸ ਬਾਰੇ ਬਹੁਤਾ ਕੁਝ ਕਹਿਣ ਦੀ

[ਚੌਧਰੀ ਜਗਜੀਤ ਸਿੰਘ]

ਲੋੜ ਵੀ ਨਹੀਂ ਹੈ । ਬਾਦਲ ਸਾਹਿਬ ਵੀ ਇਸ ਨੂੰ ਪੁੱਟ ਸਕਣ ਜਾਂ ਨਹੀਂ ਪਰ ਮੇਰਾ ਖਿਆਲ ਹੈ ਕਿ ਇਹ ਵੀ ਕੁਰੱਪਸ਼ਨ ਦੀ ਬਿਮਾਰੀ ਨੂੰ ਪੁੱਟ ਨਹੀਂ ਸਕਣਗੇ । ਬਹੁਤ ਜ਼ਿਆਦਾ ਕੁਰੱਪਸ਼ਨ ਹੋ ਰਹੀ ਹੈ । ਜੇਕਰ ਇਹ ਗੱਲ ਡਿਸਾਈਡ ਕਰ ਲਈ ਜਾਵੇ ਅਤੇ ਬੇਸਿਕਲੀ ਇਸ ਦੇ ਵਾਸਤੇ ਅਸੈਂਬਲੀ ਦੇ ਵਿੱਚ ਡਿਬੇਟ ਕਰਵਾ ਲਈ ਜਾਵੇ ਤਾਂ ਅਸੀਂ ਸਬੂਤ ਲੈ ਆਉਂਦੇ ਹਾਂ । ਇਸ ਦੇ ਨਾਲ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ । ਧੰਨਵਾਦ

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ, ਜਿਹੜਾ ਮਤਾ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਤਾਈਦ ਤੇ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਜਿਹੜਾ ਰਾਜਪਾਲ ਜੀ ਦਾ ਭਾਸ਼ਣ ਹੁੰਦਾ ਹੈ ਇਹ ਬਹੁਤ ਅਹਿਮ ਭਾਸ਼ਣ ਹੈ ਭਾਵੇਂ ਜਿਸ ਦਿਨ ਤੋਂ ਵਿਧਾਨ ਸਭਾਵਾਂ ਬਣੀਆਂ ਹਨ, ਪ੍ਰੰਪਰਾ ਚਲੀ ਆਉਂਦੀ ਹੈ । ਇਸ ਦੇ ਵਿੱਚ ਸਭ ਤੋਂ ਪਹਿਲਾਂ ਜਿਥੋਂ ਭਾਸ਼ਣ ਸ਼ੁਰੂ ਹੁੰਦਾ ਹੈ ਉਥੇ ਜਿਹੜੀ ਤ੍ਰੈਸ਼ਤਾਬਦੀ ਅਸੀਂ ਖਾਲਸਾ ਦੇ ਜਨਮ ਦਿਨ ਦੀ ਮਨਾਉਣੀ ਹੈ ਉਸ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ ਔਰ ਉਹ ਮਹਾਨ ਮਨੁੱਖ ਦਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜ਼ਿਕਰ ਹੈ ਜਿਨ੍ਹਾਂ ਨੇ ਇਸ ਦੇਸ਼ ਨੂੰ ਚੰਗੀ ਸੇਧ ਦੇਣ ਵਾਸਤੇ ਆਪਣਾ ਸਾਰਾ ਪਰਿਵਾਰ ਵਾਰਿਆ ਹੈ, ਐਸੀਆਂ ਪ੍ਰੰਪਰਾਵਾਂ ਕਾਇਮ ਕੀਤੀਆਂ ਜਿਹੜੀਆਂ ਕਿ ਦੇਸ਼ ਦੇ ਭਲੇ ਵਾਸਤੇ ਭਾਵੇਂ ਕੋਈ ਸਰਕਾਰ ਸੀ ਉਸ ਸਮੇਂ ਦੀ, ਉਸ ਨਾਲ ਟਾਕਰਾ ਲਿਆ, ਭਾਵੇਂ ਪ੍ਰਚਾਰ ਕੀਤਾ ਗਿਆ ਕਿ ਜਿਹੜੇ ਬੰਦੇ ਹਨ ਸਾਰੇ ਬਰਾਬਰ ਹਨ ਭਾਵੇਂ ਊਚ ਨੀਚ ਦਾ ਭੇਦ ਭਾਵ ਮਿਟਾਉਣ ਵਾਸਤੇ ਫਿਰ ਇਹ ਵੀ ਤੁਹਾਨੂੰ ਵੀ ਪਤਾ ਹੈ ਕਿ ਉਨ੍ਹਾਂ ਦੇ ਪਿਤਾ 9ਵੇਂ ਪਾਤਸ਼ਾਹ ਨੇ ਕਿਵੇਂ ਦੂਜੇ ਧਰਮ ਨੂੰ ਬਚਾਉਣ ਵਾਸਤੇ ਦਿੱਲੀ ਜਾ ਕੇ ਦਿੱਲੀ ਦੇ ਵਿੱਚ ਆਪਣਾ ਸਿਰ ਕਲਮ ਕਰਵਾਇਆ । ਨਾਲ ਹੀ ਉਸ ਸਮੇਂ ਦੇ ਬਾਦਸ਼ਾਹ ਨੂੰ ਜਾ ਕੇ ਕਿਹਾ ਕਿ ਜੇ ਤੇਰੇ ਅੱਲਾ ਵਾਹਿਗੁਰੂ ਨੂੰ ਪ੍ਰਵਾਨ ਹੋਵੇ ਕਿ ਇਥੇ ਸਾਰੇ ਮੁਸਲਮਾਨ ਹੀ ਹੋਣ ਤਾਂ ਫਿਰ ਹੋਰ ਕੋਈ ਇਥੇ ਪੈਦਾ ਹੀ ਨਾ ਹੋਵੇ, ਬੜੀ ਲਾਸਾਨੀ ਕੁਰਬਾਨੀ ਕਰਕੇ ਸਾਡੇ ਗੁਰੂਆਂ ਨੇ ਬੜੀ ਸੇਧ ਦਿੱਤੀ ਹੈ ਸਾਨੂੰ ਵਿਚਰਣ ਵਾਸਤੇ ਜਿਥੇ ਰਾਜਨੀਤਕ ਤੌਰ ਤੇ ਸੇਧ ਦਿੱਤੀ ਉਥੇ ਧਰਮ ਦੇ ਤੌਰ ਤੇ ਤਕੜਾ ਕੀਤਾ ਹੈ । ਸਮੇਂ ਦੇ ਬਾਦਸ਼ਾਹ ਦੇ ਖਿਲਾਫ ਗੁਰੂ ਨਾਨਕ ਦੇਵ ਜੀ ਨੇ ਜਦੋਂ ਅਵਤਾਰ ਧਾਰਿਆ ਤੇ ਜਵਾਨ ਅਵਸਥਾ ਵਿੱਚ ਆਏ ਤਾਂ ਉਨ੍ਹਾਂ ਨੇ ਵੀ ਫੁਰਮਾਇਆ ਸੀ ਕਿ

ਰਾਜੇ ਸੀਹ ਮੁਕਦਮ ਕੁਤੇ
ਜਾਇ ਜਗਾਇਨ ਬੈਠੇ ਸੁਤੇ

ਉਨ੍ਹਾਂ ਨੇ ਰਾਜਿਆਂ ਨੂੰ ਸ਼ੇਰਾਂ ਦਾ ਰੂਪ ਕਿਹਾ ਅਤੇ ਉਨ੍ਹਾਂ ਦੇ ਮੁਕੱਦਮਾਂ ਨੂੰ ਕੁੱਤੇ ਦਾ ਰੂਪ ਕਿਹਾ ਜੋ ਜਨਤਾ ਨੂੰ ਕੋਹ-ਕੋਹ ਕੇ ਮਾਰ ਰਹੇ ਸਨ । ਭਾਵੇਂ ਉਨ੍ਹਾਂ ਨੂੰ ਬਾਬਰ ਦੀਆਂ ਜੇਲ੍ਹਾਂ ਵਿਚ ਜਾਣਾ ਪਿਆ, ਚੱਕੀਆਂ ਪੀਹਣੀਆਂ ਪਈਆਂ, ਔਖੇ ਸਮੇਂ

ਵਿਚੋਂ ਲੰਘਣਾ ਪਿਆ, ਪਰ ਦਸਾਂ ਗੁਰੂਆਂ ਨੇ ਸਾਨੂੰ ਬਹੁਤ ਅੱਛੇ ਸਿਧਾਂਤ ਦਿੱਤੇ ਹਨ ਤਾਂ ਕਿ ਉਨ੍ਹਾਂ ਅਨੁਸਾਰ ਵਿਚਰ ਕੇ ਜਿੱਥੇ ਅਸੀਂ ਆਪਣੇ ਆਪ ਨੂੰ ਧਾਰਮਿਕ ਤੌਰ ਤੇ ਸੰਵਾਰ ਸਕਦੇ ਹਾਂ ਉਥੇ ਸਿਆਸੀ ਤੌਰ ਤੇ ਵੀ ਸਾਨੂੰ ਵੱਡੀ ਸੇਧ ਦਿੱਤੀ ਹੈ ਕਿ ਗਰੀਬ ਦੀ ਰਾਖੀ ਕਰਨੀ ਹੈ, ਅਬਲਾ ਦੀ ਇੱਜ਼ਤ ਦੀ ਰਾਖੀ ਕਰਨੀ ਹੈ, ਜ਼ੁਲਮ ਦੇ ਖਿਲਾਫ ਲੜਨਾ ਹੈ । ਇਸ ਕਰਕੇ ਜਿਹੜਾ ਭਾਸ਼ਣ ਵਿਚ ਖਾਲਸਾ ਪੰਥ ਬਾਰੇ ਜ਼ਿਕਰ ਆਇਆ ਹੈ ਇਹ ਬੜਾ ਲਾਸਾਨੀ ਭਾਸ਼ਣ ਹੈ ਅਤੇ ਇਸ ਭਾਸ਼ਣ ਦੀ ਪਿਛਲੇ ਭਾਸ਼ਣਾਂ ਨਾਲੋਂ ਵੱਖਰੀ ਮਹੱਤਤਾ ਹੈ

ਜਿਵੇਂ ਕਬੀਰ ਜੀ ਨੇ ਨਾਹਰਾ ਦਿੱਤਾ ਸੀ :

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥

ਉਨ੍ਹਾਂ ਬੜੇ ਕੰਮ ਦੀ ਗੱਲ ਕੀਤੀ ਹੈ । ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ

ਉਨ੍ਹਾਂ ਨੇ ਗਰੀਬ ਵਰਗ ਨੂੰ ਉਸ ਸਮੇਂ ਆਪਣੇ ਗਲੇ ਨਾਲ ਲਾਇਆ ਜਿਨ੍ਹਾਂ ਨਾਲ ਬਹੁਤ ਭੈੜਾ ਵਰਤਾਓ ਕੀਤਾ ਜਾਂਦਾ ਸੀ । ਸਮੇਂ ਦੇ ਬਾਦਸ਼ਾਹ ਤੇ ਵੱਡੇ ਲੋਕਾਂ ਵਲੋਂ ਉਨ੍ਹਾਂ ਨਾਲ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਾਸਤੇ ਕਿਹਾ ਹੈ :

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ

ਭਾਵ ਮਾਨਸ ਦੀ ਜਾਤ ਇਕ ਹੈ । ਭਾਵੇਂ ਉਹ ਮੁਸਲਮਾਨ ਹੈ, ਹਿੰਦੂ ਹੈ, ਸਿੱਖ ਹੈ । ਇਸ ਵਾਸਤੇ ਗੁਰੂਆਂ ਨੇ ਸਾਨੂੰ ਵੱਡੀ ਸੇਧ ਦਿੱਤੀ ਹੈ । ਇਸ ਕਰਕੇ ਰਾਜਪਾਲ ਜੀ ਦਾ ਭਾਸ਼ਣ ਬਹੁਤ ਸ਼ਲਾਘਾਯੋਗ ਭਾਸ਼ਣ ਹੈ । ਇਹ ਦੂਸਰੇ ਭਾਸ਼ਣਾਂ ਨਾਲੋਂ ਵੱਖਰਾ ਭਾਸ਼ਣ ਹੈ । ਰਹੀ ਗੱਲ ਸਮੇਂ ਦੀਆਂ ਸਰਕਾਰਾਂ ਆਉਂਦੀਆਂ ਹਨ, ਕੰਮ ਕਰਦੀਆਂ ਹਨ, ਕੋਈ ਪੰਜ ਸਾਲ ਚਲਦੀ ਹੈ, ਕੋਈ ਤਿੰਨ ਸਾਲ ਚਲਦੀ ਹੈ, ਵਿਚਰ ਕੇ ਚਲੀਆਂ ਜਾਂਦੀਆਂ ਹਨ । ਬਿਹਤਰ ਇਹ ਹੁੰਦਾ ਹੈ ਕਿ ਜਿਹੜੀ ਸਮੇਂ ਦੀ ਸਰਕਾਰ ਪਿਛੇ ਕੋਈ ਨਿਸ਼ਾਨੀਆਂ ਛੱਡ ਕੇ ਜਾਂਦੀ ਹੈ, ਉਸੇ ਸਰਕਾਰ ਨੂੰ ਲੋਕ ਯਾਦ ਕਰਦੇ ਹਨ । ਉਸੇ ਪਾਰਟੀ ਨੂੰ ਲੋਕ ਯਾਦ ਕਰਦੇ ਹਨ ਮੇਰੇ ਮਾਨਯੋਗ ਮੈਂਬਰ ਆਪੋਜੀਸ਼ਨ ਦੇ ਲੀਡਰ ਬੋਲ ਰਹੇ ਸੀ, ਉਨ੍ਹਾਂ ਨੇ ਆਪਣੀ ਪਾਰਟੀ ਦਾ ਇਕ ਵਾਰ ਵੀ ਜ਼ਿਕਰ ਨਹੀਂ ਕੀਤਾ ਕਿ ਪੰਜ ਸਾਲਾਂ ਵਿਚ ਉਨ੍ਹਾਂ ਦੀ ਸਰਕਾਰ ਨੇ ਇਹ ਪਰੰਪਰਾਵਾਂ ਕਾਇਮ ਕੀਤੀਆਂ, ਇਹ ਗੱਲਾਂ ਕੀਤੀਆਂ, ਜਿਨ੍ਹਾਂ ਦੇ ਸਦਕਾ ਲੋਕ ਕਾਂਗਰਸ ਨੂੰ ਯਾਦ ਕਰਦੇ ਹਨ । ਅੱਜ ਹੀ ਨਹੀਂ, 50 ਸਾਲ ਦੇ ਸਮੇਂ

[ਸਰਦਾਰ ਬਲਦੇਵ ਸਿੰਘ ਖਿਆਲਾ]

ਵਿਚ ਘੱਟੋ-ਘੱਟ 44 ਸਾਲ ਕਾਂਗਰਸ ਨੂੰ ਪੰਜਾਬ ਤੇ ਰਾਜ ਕਰਨ ਦਾ ਮੌਕਾ ਮਿਲਿਆ, ਪਰ ਪੰਜਾਬ ਵਿਚ ਕਿਤੇ ਵੀ ਕਾਂਗਰਸ ਨੇ ਕੋਈ ਚੰਗੀ ਪਿਰਤ ਪਾਈ ਹੋਵੇ, ਕੋਈ ਚੰਗਾ ਕੰਮ ਕੀਤਾ ਹੋਵੇ, ਕੋਈ ਨਿਸ਼ਾਨੀ ਛੱਡੀ ਹੋਵੇ ਤਾਂਕਿ ਜਦ ਅਸੀਂ ਪਿੰਡਾਂ ਵਿਚ ਜਾਈਏ ਤਾਂ ਪਤਾ ਲੱਗੇ ਕਿ ਆਹ ਕਾਂਗਰਸ ਦਾ ਕੀਤਾ ਹੋਇਆ ਕੰਮ ਹੈ, ਕੋਈ ਫੋਕਲ ਪੁਆਇੰਟ ਬਣਾਇਆ ਹੋਵੇ, ਕੋਈ ਨਹਿਰ ਬਣਾਈ ਹੋਵੇ, ਕੋਈ ਸੜਕ ਬਣਾਈ ਹੋਵੇ, ਕੋਈ ਸੁਧਾਰ ਕੀਤਾ ਹੋਵੇ ਕੋਈ ਇਕ ਵੀ ਗੱਲ ਲੋਕਾਂ ਦੀ ਭਲਾਈ ਵਾਸਤੇ ਕਾਂਗਰਸ ਵੀਰਾਂ ਨੇ ਕੀਤੀ ਹੋਵੇ, ਦੱਸ ਨਹੀਂ ਸਕਦੇ ਕਿ ਸਾਡੀ ਸਰਕਾਰ ਆਈ ਸੀ ਅਤੇ ਪਬਲਿਕ ਦੀ ਭਲਾਈ ਵਾਸਤੇ ਇਹ ਕਰਕੇ ਗਈ ਹੈ। ਇਹ ਨਿਸ਼ਾਨੀਆਂ ਹਨ ਜਿਹੜੀਆਂ ਲੋਕਾਂ ਲਈ ਛੱਡੀਆਂ ਹਨ। ਕੋਈ ਸਰਕਾਰ ਆਉਂਦੀ ਹੈ ਭਾਵੇਂ ਥੋੜ੍ਹਾ ਚਿਰ ਚਲਦੀ ਹੈ। ਇਥੇ ਲਛਮਣ ਸਿੰਘ ਗਿੱਲ ਦੀ ਸਰਕਾਰ ਆਈ ਸੀ ਉਹ ਨਿਸ਼ਾਨੀ ਪਿੱਛੇ ਛੱਡ ਕੇ ਗਈ ਹੈ। ਸਭ ਤੋਂ ਵੱਡੀ ਨਿਸ਼ਾਨੀ ਉਸ ਨੇ ਹੁਕਮ ਕੀਤਾ ਕਿ ਰਾਤੋ-ਰਾਤ ਪੰਜਾਬੀ ਲਾਗੂ ਕਰ ਦਿਓ। ਉਸ ਨੂੰ ਕਹਿਣ ਲੱਗੇ ਬੜਾ ਮਾੜਾ ਕੰਮ ਕੀਤਾ ਹੈ। ਪੜ੍ਹਿਆ ਲਿਖਿਆਂ ਨੂੰ ਅਨਪੜ੍ਹ ਬਣਾ ਦਿੱਤਾ। ਉਹ ਕਹਿੰਦਾ ਨਹੀਂ, ਮੈਂ ਤਾਂ ਬਹੁਤ ਸਾਰੇ ਲੋਕ ਜਿਹੜੇ ਆਪਣਾ ਨਾਂ ਪੰਜਾਬੀ ਵਿਚ ਲਿਖਦੇ ਹਨ ਉਨ੍ਹਾਂ ਨੂੰ ਪੜ੍ਹੇ-ਲਿਖੇ ਬਣਾ ਦਿੱਤਾ ਹੈ। ਇਹ ਬਹੁਤ ਵੱਡੀ ਗੱਲ ਸੀ ਪੰਜਾਬ ਵਾਸਤੇ ਜਿਹੜੀ ਲਛਮਣ ਸਿੰਘ ਗਿੱਲ ਨੇ ਕੀਤੀ ਸੀ। ਇਸ ਕਰਕੇ ਲੋਕ ਉਸ ਨੂੰ ਅੱਜ ਵੀ ਯਾਦ ਕਰਦੇ ਹਨ। ਉਹ ਪੰਜਾਬੀ ਲਾਗੂ ਕਰ ਕੇ ਗਿਆ ਸੀ। ਅੰਗਰੇਜ਼ੀ ਦੀਆਂ ਟਾਈਪ ਮਸ਼ੀਨਾਂ ਚੁੱਕ ਕੇ ਸਟੋਰਾਂ ਵਿਚ ਰੱਖ ਦਿੱਤੀਆਂ ਸਨ। ਹੁਣ ਫੇਰ ਮੁੜ ਕੇ ਹੌਲੀ ਹੌਲੀ ਇਨ੍ਹਾਂ ਕਾਂਗਰਸੀਆਂ ਦੀ ਮਿਹਰਬਾਨੀ ਨਾਲ, ਕੁਝ ਸਾਡੀ ਮਿਹਰਬਾਨੀ ਨਾਲ ਬਾਹਰ ਆ ਰਹੀਆਂ ਹਨ। ਅੰਗਰੇਜ਼ੀ ਵਿਚ ਕੰਮ ਸ਼ੁਰੂ ਹੋ ਗਿਆ ਹੈ ਪਰ ਇਤਿਹਾਸ ਵਿਚ ਲਛਮਣ ਸਿੰਘ ਗਿੱਲ ਦਾ ਨਾਮ ਹੀ ਆਏਗਾ। ਲਿੰਕ ਸੜਕਾਂ ਬਣਾਉਣ ਦੀ ਪਰੰਪਰਾ ਵੀ ਲਛਮਣ ਸਿੰਘ ਗਿੱਲ ਨੇ ਪਾਈ ਸੀ। ਉਸ ਨੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜਨ ਵਾਸਤੇ ਇੱਕ ਇੱਕ ਦਿਨ ਵਿਚ 50 ਪੱਥਰ ਲਾਏ ਸੀ। ਮੈਨੂੰ ਯਾਦ ਹੈ ਜਦੋਂ ਉਹ ਮਾਨਸਾ ਗਏ ਸੀ ਉਦੋਂ ਸਾਨੂੰ ਤਾਂ ਫੜ੍ਹ ਲਿਆ ਸੀ ਅਤੇ ਕਹਿੰਦੇ ਸਨ ਕਿ ਅਕਾਲੀ ਵਿਰੋਧਤਾ ਕਰਦੇ ਹਨ ਲਛਮਣ ਸਿੰਘ ਗਿੱਲ ਦੀ, ਪਰ ਇਕ ਦਿਨ ਵਿਚ ਹੀ ਮਾਨਸਾ ਤੋਂ ਲੈ ਕੇ ਸਰਦੂਲਗੜ੍ਹ ਹਰਿਆਣੇ ਦੇ ਏਰੀਏ ਤੱਕ ਜਿੰਨੀਆਂ ਲਿੰਕ ਸੜਕਾਂ ਬਣੀਆਂ ਦੋਨੋਂ ਪਾਸੇ ਉਨ੍ਹਾਂ ਸਾਰੀਆਂ ਦੇ ਇਕ ਦਿਨ ਵਿਚ ਹੀ ਪੱਥਰ ਲਗੇ ਸਨ। ਲੋਕ ਯਾਦ ਕਰਦੇ ਹਨ ਕਿ ਲਛਮਣ ਸਿੰਘ ਗਿੱਲ ਆਇਆ ਸੀ ਅਤੇ ਉਸਨੇ ਇਹ ਸੜਕਾਂ ਬਣਾਈਆਂ ਸਨ ਦੂਜੇ ਪਾਸੇ, ਅਕਾਲੀ ਪਾਰਟੀ ਦੀ ਸਰਕਾਰ ਆਉਂਦੀ ਹੈ ਉਸ ਦੀਆਂ ਕੁਝ ਨਿਸ਼ਾਨੀਆਂ ਹਨ। (ਵਿਘਨ)

ਸਰਦਾਰ ਹਰਮਿੰਦਰ ਸਿੰਘ ਜੱਸੀ : ਖਿਆਲਾ ਸਾਹਿਬ, ਉਥੇ ਤੁਸੀਂ ਵਿਰੋਧਤਾ ਕਰਦੇ ਸੀ।

ਸ੍ਰੀ ਸਭਾਪਤੀ : ਜੱਸੀ ਸਾਹਿਬ, ਬੋਲਣ ਦਿਓ, Please sit down.

ਸਰਦਾਰ ਬਲਦੇਵ ਸਿੰਘ ਖਿਆਲਾ : ਤੁਸੀਂ ਮੇਰੀ ਗੱਲ ਦਾ ਜਵਾਬ ਗਵਰਨਰ ਸਾਹਿਬ ਦੇ ਐਡਰੈਸ ਉਤੇ ਬੋਲਦੇ ਹੋਏ ਦੇਣਾ । ਜਿਸ ਵਕਤ ਪੰਜਾਬ ਵਿਚ ਸਰਦਾਰ ਗੁਰਨਾਮ ਸਿੰਘ ਦੀ ਅਗਵਾਈ ਵਿਚ ਅਕਾਲੀ ਪਾਰਟੀ ਦੀ ਸਰਕਾਰ ਬਣੀ ਸੀ ਤਾਂ ਉਸ ਵਕਤ ਸੰਤ ਫਤਿਹ ਸਿੰਘ ਜੋ ਬੈਕਵਰਡ ਕਲਾਸ ਨਾਲ ਸਬੰਧ ਰੱਖਦੇ ਸਨ ਉਨ੍ਹਾਂ ਨੂੰ ਪਿੰਡਾਂ ਦੇ ਲੋਕਾਂ ਨੇ ਕਿਹਾ ਸੀ ਕਿ ਸਾਡੇ ਮਕਾਨ ਕੱਚੇ ਹਨ ਤੁਸੀਂ ਸਾਡੇ ਪਿੰਡਾਂ ਦੇ ਵਿਚ ਇਕ ਇਕ ਧਰਮਸ਼ਾਲਾ ਬਣਾ ਦਿਓ ਤਾਂਕਿ ਅਸੀਂ ਆਪਣੇ ਸਾਰੇ ਕੰਮਕਾਰ ਕਰ ਸਕੀਏ ਅਤੇ ਉਸ ਵਕਤ ਸਰਦਾਰ ਗੁਰਨਾਮ ਸਿੰਘ ਨੇ ਪਿੰਡਾਂ ਦੇ ਵਿਚ ਇਨ੍ਹਾਂ ਗਰੀਬ ਲੋਕਾਂ ਦੇ ਲਈ ਧਰਮਸ਼ਾਲਾ ਬਣਾਉਣ ਦਾ ਫੈਸਲਾ ਕੀਤਾ ਸੀ ਜਦ ਕਿ ਕਾਂਗਰਸ ਪਾਰਟੀ ਦੀ ਸਰਕਾਰ ਨੇ 10-20 ਸਾਲ ਉਸ ਤੋਂ ਪਹਿਲਾਂ ਰਾਜ ਕੀਤਾ ਸੀ ਕੋਈ ਧਰਮਸ਼ਾਲਾ ਨਹੀਂ ਬਣਵਾਈ ਸੀ । ਇਹ ਕਿਧਰੇ 500 ਇੱਟਾਂ ਸੁਟਵਾ ਦਿੰਦੇ ਸਨ ਤਾਂ ਕਿ ਵੋਟਾਂ ਲੈ ਸਕਣ ਅਤੇ ਵੋਟਾਂ ਲੈਣ ਤੋਂ ਬਾਅਦ ਉਹ ਇੱਟਾਂ ਚੁੱਕ ਕੇ ਲੈ ਜਾਂਦੇ ਸਨ । ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਵੇਲੇ 70 ਧਰਮਸ਼ਾਲਾਂ ਪਿੰਡਾਂ ਦੇ ਵਿਚ ਬਣੀਆਂ ਸਨ ਅਤੇ ਇਹ ਅਕਾਲੀ ਦਲ ਪਾਰਟੀ ਦੀ ਸਰਕਾਰ ਨੇ ਧਰਮਸ਼ਲਾਵਾਂ ਬਣਾਈਆਂ ਸਨ । ਫੇਰ ਬਾਦਲ ਸਾਹਿਬ ਨੇ ਆਪਣੀ ਅਗਵਾਈ ਵਿਚ ਪੰਜਾਬ ਦੇ ਪਿੰਡਾਂ ਨੂੰ ਸ਼ਹਿਰਾਂ ਵਾਲੀਆਂ ਸਹੂਲਤਾਂ ਦੇਣ ਲਈ ਹਰ ਬਲਾਕ ਦੇ 10 ਪਿੰਡਾਂ ਨੂੰ ਮਾਡਲ ਪਿੰਡ ਦਾ ਦਰਜਾ ਦਿੱਤਾ ਗਿਆ । ਪਰ ਉਸ ਤੋਂ ਬਾਅਦ ਬਾਦਲ ਸਾਹਿਬ ਦੀ ਸਰਕਾਰ ਨੂੰ ਤੋੜ ਦਿੱਤਾ ਗਿਆ ਅਤੇ ਜਿਹੜਾ ਮਾਡਲ ਪਿੰਡ ਲਈ ਕੰਮ ਕੀਤਾ ਗਿਆ ਸੀ ਕਾਂਗਰਸ ਸਰਕਾਰ ਨੇ ਉਸ ਨੂੰ ਬੰਦ ਕਰ ਦਿੱਤਾ । ਜਿਹੜੇ ਕੰਮ ਮੁਕੰਮਲ ਹੋਣ ਵਾਲੇ ਸਨ ਅਤੇ ਸਿਰਫ 3 ਇੱਟਾਂ ਦੀ ਖਾਤਿਰ ਰੁਕੇ ਪਏ ਸਨ ਉਹ ਵੀ ਰੋਕ ਦਿੱਤੇ ਅਤੇ ਕੰਮ ਬੰਦ ਕਰਵਾ ਦਿੱਤੇ ਸਨ । ਕਾਂਗਰਸ ਪਾਰਟੀ ਦੀ ਸਰਕਾਰ ਨੇ ਪੰਜਾਬ ਵਿਚ 44 ਸਾਲ ਰਾਜ ਕੀਤਾ । ਅਸੀਂ ਲੋਕਾਂ ਦੀ ਖਾਤਿਰ ਇਨ੍ਹਾਂ ਨਾਲ ਲੜਦੇ ਰਹੇ ਅਤੇ ਅਸੀਂ ਚਾਹੁੰਦੇ ਸੀ ਕਿ ਪਿੰਡਾਂ ਦੇ ਵਿਚ ਸ਼ਹਿਰਾਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ ਤਾਂ ਕਿ ਸ਼ਹਿਰਾਂ ਉਤੇ ਬੋਝ ਘੱਟ ਹੋ ਸਕੇ । ਬਾਦਲ ਸਾਹਿਬ ਨੇ ਮਾਡਲ ਪਿੰਡ ਦੀ ਸਕੀਮ ਸ਼ੁਰੂ ਕੀਤੀ ਸੀ ਜਿਸ ਨੂੰ ਇਨ੍ਹਾਂ ਦੀ ਪਾਰਟੀ ਦੀ ਕਾਂਗਰਸ ਸਰਕਾਰ ਨੇ ਆ ਕੇ ਬੰਦ ਕਰਵਾ ਦਿਤਾ । ਅਗਰ ਇਹ ਸਾਡੀ ਉਸ ਮਾਡਲ ਪਿੰਡ ਸਕੀਮ ਨੂੰ ਲਾਗੂ ਰੱਖਦੇ ਤਾਂ ਹੁਣ ਤੱਕ ਕੋਈ ਪੰਜਾਬ ਦਾ ਪਿੰਡ ਨਹੀਂ ਸੀ ਹੋਣਾ ਜਿਹੜਾ ਮਾਡਲ ਪਿੰਡ ਨਾ ਬਣ ਜਾਂਦਾ ਪਰ ਅਫਸੋਸ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਨੇ ਕਾਫੀ ਲੰਬਾ ਅਰਸਾ ਪੰਜਾਬ ਵਿਚ ਰਾਜ ਕੀਤਾ ਸੀ ਅਤੇ ਜਿਹੜੀਆਂ ਅਸੀਂ ਵਧੀਆ ਸਕੀਮਾਂ ਲਾਗੂ ਕਰ ਕੇ ਜਾਂਦੇ ਸੀ ਉਨ੍ਹਾਂ ਨੂੰ ਇਹ ਆ ਕੇ ਬੰਦ ਕਰਵਾ ਦਿੰਦੇ ਸਨ । ਪਿਛੇ ਬਾਦਲ ਸਾਹਿਬ ਨੇ ਜਿਹੜੇ ਪਿੰਡਾਂ ਦੀ ਤਰੱਕੀ ਲਈ ਪ੍ਰੋਗਰਾਮ ਬਣਾਏ ਸਨ ਜੇ ਉਹ ਜਾਰੀ ਰਹਿੰਦੇ ਤਾਂ ਜਿਹੜੀ ਸ਼ਹਿਰਾਂ ਦੇ ਵਿਚ ਆਬਾਦੀ ਵੱਧ ਰਹੀ ਹੈ ਉਹ ਨਾ ਵਧਦੀ ਅਤੇ ਲੋਕਾਂ ਨੂੰ ਪਾਣੀ ਦੇਣ ਦਾ ਪ੍ਰਬੰਧ, ਸੜਕਾਂ ਦੀਆਂ ਸਹੂਲਤਾਂ ਦੇਣ ਵਿਚ ਕੋਈ ਦਿਕਤ ਪੇਸ਼ ਨਾ ਆਉਂਦੀ । ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਬਾਦਲ ਸਾਹਿਬ ਨੇ ਫੋਕਲ ਪੁਆਇੰਟਸ ਪਿੰਡਾਂ ਵਿਚ ਸਥਾਪਿਤ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਤਾਂ ਕਿ ਕਿਸਾਨਾਂ ਨੂੰ ਹਰ ਕੰਮ ਲਈ ਸ਼ਹਿਰਾਂ ਦੇ ਵਿਚ ਨਾ ਜਾਣਾ ਪਵੇ । ਕਿਸਾਨਾਂ ਲਈ ਫੋਕਲ ਪੁਆਇੰਟਾਂ ਵਿਚ ਦਵਾਈਆਂ ਦੀਆਂ ਦੁਕਾਨਾਂ, ਖਾਦ ਦੀ ਦੁਕਾਨ, ਡੰਗਰਾਂ ਦਾ ਹਸਪਤਾਲ, ਰਹਿਣ ਲਈ ਰਿਹਾਇਸ਼ ਦਾ ਪ੍ਰਬੰਧ ਅਤੇ ਡਿਸਪੈਂਸਰੀਆਂ ਖੋਲ੍ਹ ਦਿੱਤੀਆਂ ਸਨ ਅਤੇ ਅਨਾਜ ਮੰਡੀ ਦਾ ਪ੍ਰਬੰਧ ਕੀਤਾ

[ਸਰਦਾਰ ਬਲਦੇਵ ਸਿੰਘ ਖਿਆਲਾ]

ਗਿਆ ਤਾਂ ਕਿ ਕਿਸਾਨ ਆਪਣਾ ਸਵੇਰੇ ਅਨਾਜ ਲਿਆ ਕੇ ਵੇਚ ਕੇ ਵਾਪਸ ਘਰ ਜਾ ਸਕੇ। ਜੇ ਉਹ ਦੁਪਹਿਰ ਨੂੰ ਵੀ ਆਵੇ ਤਾਂ ਵੀ ਉਹ ਆਪਣਾ ਕੰਮ ਖ਼ਤਮ ਕਰਕੇ ਘਰ ਵਾਪਿਸ ਆ ਜਾ ਸਕੇ। ਇਸ ਦਾ ਏਰੀਆ 5-5 ਕਿਲੋਮੀਟਰ ਦਾ ਕਰ ਦਿੱਤਾ ਸੀ ਅਤੇ ਇਸ ਏਰੀਆ ਦੇ ਵਿਚ ਇਕ ਵੱਡਾ ਪਿੰਡ ਚੁਣ ਲਿਆ ਗਿਆ ਜਿਥੇ ਫੋਕਲ ਪੁਆਇੰਟ ਨੂੰ ਕਾਇਮ ਕੀਤਾ ਗਿਆ ਸੀ। ਇਸ ਤਰ੍ਹਾਂ ਦੀਆਂ ਸਕੀਮਾਂ ਨੂੰ ਬਣਾ ਕੇ ਬਾਦਲ ਸਾਹਿਬ ਨੇ ਪਿੰਡਾਂ ਦੇ ਵਿਚ ਇਕ ਇਨਕਲਾਬ ਲਿਆਂਦਾ ਸੀ ਅਤੇ ਕਾਫੀ ਵਿਕਾਸ ਕੀਤਾ ਸੀ। ਪਰ ਅਫਸੋਸ ਦੀ ਗੱਲ ਹੈ ਕਿ ਇਤਨੀ ਵਧੀਆ ਸਕੀਮ ਨੂੰ ਵੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਆ ਕੇ ਬੰਦ ਕਰਵਾ ਦਿੱਤਾ। ਜਿਹੜੀਆਂ ਫੋਕਲ ਪੁਆਇੰਟਸ ਕਰਕੇ ਅਨਾਜ ਮੰਡੀਆਂ ਚਲ ਰਹੀਆਂ ਸਨ ਉਹ ਵੀ ਬੰਦ ਕਰਵਾ ਦਿੱਤੀਆਂ ਅਤੇ ਉਥੇ ਫੋਕਲ ਪੁਆਇੰਟਸ ਨੂੰ ਬਾਦਲ ਸਾਹਿਬ ਮਿਨੀ ਸਿਟੀ ਦਾ ਦਰਜਾ ਦੇਣਾ ਚਾਹੁੰਦੇ ਸਨ। ਪਰ ਸਾਡੀ ਸਰਕਾਰ ਦੇ ਟੁੱਟਣ ਤੋਂ ਬਾਅਦ ਜਦੋਂ ਕਾਂਗਰਸ ਪਾਰਟੀ ਦੀ ਸਰਕਾਰ ਦਾ ਰਾਜ ਪੰਜਾਬ ਵਿਚ ਆਇਆ ਤਾਂ ਇਨ੍ਹਾਂ ਨੇ ਸਾਡੇ ਚਲਾਏ ਜਾ ਰਹੇ ਫੋਕਲ ਪੁਆਇੰਟਸ ਨੂੰ ਫੋਕੇ ਪੁਆਇੰਟਸ ਕਹਿ ਕੇ ਬੰਦ ਕਰ ਦਿੱਤਾ। ਚੇਅਰਮੈਨ ਸਾਹਿਬ, ਇਹ ਫੋਕਲ ਪੁਆਇੰਟਾਂ ਨੂੰ ਫੋਕਾ ਪੁਆਇੰਟ ਕਹਿੰਦੇ ਸਨ ਅਤੇ ਪੰਜਾਬ ਦੇ ਲੋਕਾਂ ਦੇ ਭਲੇ ਵਾਸਤੇ ਕਾਂਗਰਸੀਆਂ ਨੇ ਕੁਝ ਨਹੀਂ ਕੀਤਾ। ਜਦੋਂ ਫਿਰ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਸਰਕਾਰ ਨੇ ਆਉਂਦਿਆਂ ਹੀ ਜੋ ਸਕੂਲਾਂ ਦੀ ਪੜ੍ਹਾਈ ਦਾ ਸਟੈਂਡਰਡ ਸੀ, ਉਸ ਨੂੰ ਬਦਲਿਆ। ਹਰ ਇਕ ਜ਼ਿਲੇ ਵਿਚ ਇਕ ਇਕ ਆਦਰਸ਼ ਸਕੂਲ ਖੋਲ੍ਹਿਆ। ਚੇਅਰਮੈਨ ਸਾਹਿਬ, ਆਦਰਸ਼ ਸਕੂਲਾਂ ਵਿਚ ਬਾਹਰੋਂ ਬੱਚਿਆਂ ਨੂੰ ਵੀ ਲਿਆ ਗਿਆ ਅਤੇ ਸਕੂਲਾਂ ਵਿਚ ਚੰਗੇ ਮਾਸਟਰ ਰੱਖੇ ਗਏ। ਵਿਦਿਆ ਵਿਚ ਚੰਗੀਆਂ ਸੋਧਾਂ ਕੀਤੀਆਂ ਗਈਆਂ। ਜਦੋਂ ਮੁੱਖ ਮੰਤਰੀ ਬਾਦਲ ਸਾਹਿਬ ਦੀ ਸਰਕਾਰ ਟੁੱਟ ਗਈ ਅਤੇ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਆ ਗਈ ਤਾਂ ਕਾਂਗਰਸ ਸਰਕਾਰ ਨੇ ਆਉਂਦਿਆਂ ਹੀ ਆਦਰਸ਼ ਸਕੂਲ ਜੋ ਬਣਾਏ ਸਨ ਉਹ ਬੰਦ ਕਰ ਦਿਤੇ ਗਏ। ਆਦਰਸ਼ ਸਕੂਲਾਂ ਵਿਚ ਇਹਨਾਂ ਨੇ ਸਪੈਸ਼ਲ ਬੰਦੇ ਲਾ ਕੇ ਆਦਰਸ਼ ਸਕੂਲਾਂ ਦੇ ਰਿਜ਼ਲਟ ਖਰਾਬ ਕਰਨ ਦੀ ਵੀ ਕੋਸ਼ਿਸ਼ ਕੀਤੀ। ਚੇਅਰਮੈਨ ਸਾਹਿਬ, ਬਠਿੰਡਾ ਜ਼ਿਲ੍ਹੇ ਵਿਚ ਪਿੰਡ ਅਨੰਦਗੜ੍ਹ ਵਿਚ ਇਕ ਆਦਰਸ਼ ਸਕੂਲ ਬਣਿਆ ਸੀ। ਉਥੇ ਜਦੋਂ ਦਸਵੀਂ ਜਮਾਤ ਦਾ ਰਿਜ਼ਲਟ ਆਇਆ ਤਾਂ ਸੌ ਫੀਸਦੀ ਬੱਚੇ ਪਾਸ ਹੋ ਗਏ ਅਤੇ ਉਹ ਬੱਚੇ ਫਸਟ ਡਵੀਜ਼ਨ ਵਿਚ ਪਾਸ ਹੋਏ। ਜੇਕਰ ਆਦਰਸ਼ ਸਕੂਲ ਚਲਦੇ ਰਹਿੰਦੇ ਤਾਂ ਪੰਜਾਬ ਦੇ ਲੋਕਾਂ ਦਾ ਅਤੇ ਉਨ੍ਹਾਂ ਦੇ ਬੱਚਿਆਂ ਦਾ ਵਿਦਿਆ ਦਾ ਸਟੈਂਡਰਡ ਉਚਾ ਹੋਣਾ ਸੀ। ਜੇਕਰ ਸਾਡੀ ਸਰਕਾਰ ਨੇ ਇਕ ਇਕ ਆਦਰਸ਼ ਸਕੂਲ ਹਰ ਜ਼ਿਲ੍ਹੇ ਵਿਚ ਖੋਲ੍ਹਿਆ ਸੀ ਤਾਂ ਇਹ ਹਰ ਜ਼ਿਲੇ ਵਿਚ 5-5 ਸਕੂਲ ਖੋਲ੍ਹਦੇ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਕਰਦੇ ਪਰ ਕਾਂਗਰਸ ਦੀ ਸਰਕਾਰ ਨੇ ਆਉਂਦਿਆਂ ਹੀ ਆਦਰਸ਼ ਸਕੂਲ, ਮਾਡਲ ਵਿਲੇਜ ਸਕੀਮ, ਲਿੰਕ ਸੜਕਾਂ ਆਦਿ ਦੀਆਂ ਜੋ ਸਕੀਮਾਂ ਸਨ, ਬੰਦ ਕਰ ਦਿੱਤੀਆਂ। ਕੀ ਇਹ ਦਸ ਸਕਦੇ ਹਨ ਕਿ ਇਨ੍ਹਾਂ ਨੇ ਫੋਕਲ ਪੁਆਇੰਟ ਕਿਤਨੇ ਖੋਲ੍ਹੇ ਹਨ, ਕਿਤਨੇ ਆਦਰਸ਼ ਸਕੂਲ ਖੋਲ੍ਹੇ ਹਨ, ਕਿਤਨੀਆਂ ਸੜਕਾਂ ਕੱਢੀਆਂ ਹਨ ? 42-44 ਸਾਲ ਇਨ੍ਹਾਂ ਕਾਂਗਰਸੀਆਂ ਦਾ ਰਾਜ ਰਿਹਾ ਹੈ ਅਤੇ ਇਹ ਪਵਿੱਤਰ ਸਦਨ ਵਿਚ ਦੱਸਣ ਕਿ ਸਾਡੇ ਰਾਜ ਵਿਚ ਅਸੀਂ ਆਹ-ਆਹ ਚੰਗੇ ਕੰਮ ਕੀਤੇ ਹਨ।

(ਵਿਘਨ)

Mr. Chairman : Please do not interfere. Let him speak.

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਸਾਡਾ ਇਕ ਐਸੀ ਜਮਾਤ ਦੇ ਨਾਲ ਵਾਹ ਪੈ ਗਿਆ ਹੈ ਜੋ ਪੰਜਾਬ ਦੀ ਤਰੱਕੀ ਨਹੀਂ ਚਾਹੁੰਦੀ ਅਤੇ ਪੰਜਾਬ ਦੀ ਬਿਹਤਰੀ ਨਹੀਂ ਚਾਹੁੰਦੀ । ਇਹ ਲੋਕ ਹੇਰਾ ਫੇਰੀ ਦੇ ਨਾਲ ਰਾਜ ਕਰਦੇ ਹਨ । ਇਹ ਬਦਕਿਸਮਤੀ ਦੇਸ਼ ਦੀ ਹੈ । ਚੇਅਰਮੈਨ ਸਾਹਿਬ, ਇਹ ਦੱਸਣ ਕਿ ਜਦੋਂ ਇਹਨਾਂ ਦਾ ਰਾਜ ਆਇਆ ਸੀ ਤਾਂ ਇਨ੍ਹਾਂ ਨੇ ਕਿਹੜੇ ਕਿਹੜੇ ਚੰਗੇ ਕੰਮ ਕੀਤੇ ਸਨ ਅਤੇ ਜੇਕਰ ਫਿਰ ਇਨ੍ਹਾਂ ਦਾ ਰਾਜ ਆ ਗਿਆ ਤਾਂ ਇਹ ਹੋਰ ਕਿਹੜੇ ਕਿਹੜੇ ਚੰਗੇ ਕੰਮ ਕਰਨਗੇ । ਇਨ੍ਹਾਂ ਨੇ ਹਿੰਦੁਸਤਾਨ ਵਿਚ ਅਤੇ ਪੰਜਾਬ ਵਿਚ ਕਾਫੀ ਲੰਬਾ ਸਮਾਂ ਰਾਜ ਕੀਤਾ ਅਤੇ ਕੇਵਲ ਨਾਅਰਿਆਂ ਦੇ ਨਾਲ ਹੀ ਕੰਮ ਕਰਦੇ ਰਹੇ । ਪਹਿਲਾਂ ਇਨ੍ਹਾਂ ਕਾਂਗਰਸੀਆਂ ਨੇ ਨਾਅਰਾ ਮਾਰਿਆ ਸੀ ਕਿ ਜੇਕਰ ਸਾਨੂੰ ਵੋਟ ਪਾਓਗੇ ਤਾਂ ਅਸੀਂ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ 5-5 ਕਿੱਲੇ ਜ਼ਮੀਨ ਅਲਾਟ ਕਰ ਦੇਵਾਂਗੇ । ਲੋਕਾਂ ਨੇ ਹਲ ਪੰਜਾਲੀਆਂ ਤਿਆਰ ਕਰ ਲਈਆਂ ਪਰ ਇਕ ਵੀ ਬੰਦੇ ਨੂੰ 5 ਕਿੱਲੇ ਜ਼ਮੀਨ ਨਹੀਂ ਮਿਲੀ । ਕਿਸੇ ਨੂੰ ਲੱਕੜ ਦਾ ਕਿੱਲਾ ਵੀ ਨਹੀਂ ਦਿਤਾ । ਇਹ ਪੰਜ ਸਾਲ ਰਾਜ ਕਰਦੇ ਰਹੇ ਪਰ ਪੰਜਾਬ ਦੇ ਲੋਕਾਂ ਦਾ ਕੋਈ ਭਲਾ ਨਹੀਂ ਕੀਤਾ । 5 ਸਾਲਾਂ ਬਾਅਦ ਫੇਰ ਨਾਅਰਾ ਮਾਰਿਆ ਕਿ ਸਾਨੂੰ ਵੋਟਾਂ ਪਾਓ ਖਾਸ ਕਰਕੇ ਪਛੜੀਆਂ ਸ਼੍ਰੇਣੀਆਂ ਨੂੰ ਨਾਅਰਾ ਮਾਰਿਆ ਕਿ ਸਾਨੂੰ ਵੋਟਾਂ ਪਾਉ ਕਿਉਂਕਿ ਜ਼ਿਮੀਂਦਾਰਾਂ ਨੂੰ ਟਰੈਕਟਰਾਂ, ਟਿਊਬਵੈਲਾਂ ਵਾਸਤੇ ਬੈਂਕ ਕਰਜ਼ੇ ਦਿੰਦੇ ਹਨ ਪਰ ਪਛੜੀਆਂ ਸ਼੍ਰੇਣੀਆ ਦੇ ਬੰਦਿਆਂ ਨੂੰ ਕਰਜ਼ੇ ਨਹੀਂ ਮਿਲਦੇ । ਸੋ ਹੁਣ ਅਸੀਂ ਬੈਂਕਾਂ ਨੂੰ ਕੌਮੀਕਰਨ ਕਰਕੇ ਤੁਹਾਡੇ ਬੱਚਿਆਂ ਨੂੰ ਕਰਜ਼ੇ ਦੁਆਵਾਂਗੇ ਤਾਂਕਿ ਤੁਹਾਡੇ ਬੱਚੇ ਵੱਡੇ ਵੱਡੇ ਕਾਰਖਾਨੇ ਲਾ ਸਕਣ ਪਰ ਦੁੱਖ ਦੀ ਗੱਲ ਹੈ ਕਿ ਕਾਂਗਰਸ ਦੀ ਸਰਕਾਰ ਵੀ ਬਣ ਗਈ, ਬੈਂਕ ਵੀ ਕੌਮੀਕਰਨ ਹੋ ਗਏ ਪਰ ਗਰੀਬਾਂ ਦੇ ਬੱਚਿਆਂ ਨੂੰ ਕੋਈ ਸਹੂਲਤ ਜਾਂ ਕਰਜ਼ਾ ਨਹੀਂ ਮਿਲਿਆ । ਫੇਰ ਕਹਿੰਦੇ ਕਿ ਇਹ ਰਾਜੇ ਜਿਹੜੇ ਹਟਾ ਦਿੱਤੇ ਅਸੀਂ ਇਹ ਬਹੁਤ ਸਾਰੇ ਪ੍ਰਿਵੀ ਪਰਸ ਲਈ ਜਾਂਦੇ ਹਨ । ਹੁਣ ਵੋਟਾਂ ਪਾਉ, ਇਨ੍ਹਾਂ ਦੇ ਪ੍ਰਿਵੀ ਪਰਸ ਖਤਮ ਕਰਕੇ ਤੁਹਾਡੀਆਂ ਜੇਬਾਂ ਵਿਚ ਪਾਵਾਂਗੇ ਤਾਂ ਕਿ ਤੁਹਾਡੇ ਜੁਆਕ ਵੀ ਸਕੂਲ ਨੂੰ ਜਾਂਦੇ ਹੋਏ 5-5 ਰੁਪਏ ਖਰਚਾ ਨਾਲ ਲੈ ਕੇ ਜਾਣ । ਰਾਜਿਆਂ ਦੇ ਪ੍ਰਿਵੀ ਪਰਸ ਬੰਦ ਹੋ ਗਏ ਪਰ ਕਿਸੇ ਨੂੰ ਪੈਸਾ ਕੋਈ ਨਹੀਂ ਮਿਲਿਆ । ਆਖਿਰ ਵਿਚ ਕਹਿੰਦੇ ਕਿ ਹੁਣ ਅਸੀਂ ਬਿਲਕੁਲ ਗਰੀਬੀ ਨਹੀਂ ਛੱਡਣੀ । ਕੁਝ ਲੋਕ ਅੜਿੱਕੇ ਡਾਹੁੰਦੇ ਹਨ, ਸਾਡਾ ਰਾਜ ਨਹੀਂ ਬਨਣ ਦੇਂਦੇ, ਅਸੀਂ ਤਾਂ ਗੱਲ ਤੁਹਾਡੇ ਤੇ ਛੱਡ ਦਿੱਤੀ । ਚੇਅਰਮੈਨ ਸਾਹਿਬ, ਫੇਰ ਗਰੀਬੀ ਹਟਾਉਣ ਦੇ ਨਾਂ ਤੇ ਵੋਟਾਂ ਲੈ ਲਈਆਂ । ਫੇਰ ਇਨ੍ਹਾਂ ਦੇ ਹੀ ਇਕ ਸੱਜਣ ਦਰਬਾਰਾ ਸਿੰਘ ਦੀ ਸਰਕਾਰ ਆਈ ਤੇ ਉਦੋਂ ਉਸਨੇ ਸਰਵੇਖਣ ਕਰਵਾਇਆ ਤੇ 42% ਗਰੀਬ ਨਿਕਲੇ । ਗਰੀਬਾਂ ਦੇ ਕੁਝ ਪੱਲੇ ਨਹੀਂ ਪਾਇਆ । ਫੇਰ ਕੁਝ ਪਿਛੇ ਜਿਹੜੀ ਸਰਕਾਰ ਰਹੀ ਇਨ੍ਹਾਂ ਦੀ, ਉਸਨੇ ਕਿਹਾ ਕਿ ਪੀਲੇ ਕਾਰਡ ਬਣਵਾ ਲਓ । ਪੀਲਾ ਕਾਰਡ ਜਿਸ ਦੇ ਕੋਲ ਹੋਵੇਗਾ, ਉਸਨੂੰ ਘਰ ਮਿਲੇਗਾ, ਨੌਕਰੀ ਮਿਲੇਗੀ, ਰਾਸ਼ਨ ਮਿਲੇਗਾ । ਫੇਰ ਗਰੀਬਾਂ ਨੂੰ ਸਾਲ ਦੋ ਸਾਲ ਪੀਲੇ ਕਾਰਡ ਬਨਾਉਣ ਤੇ ਹੀ ਲਗ ਗਏ ਜਿਵੇਂ ਭੱਠੇ ਵਿਚ ਇੱਟਾਂ ਬਨਣੀਆਂ ਹੁੰਦੀਆਂ ਹਨ । ਕੀ ਮੁਸ਼ਕਲ ਸੀ ਇਕ

[ਸਰਦਾਰ ਬਲਦੇਵ ਸਿੰਘ ਪਿਆਲਾ]

ਛੋਟੀ ਜਿਹੀ ਪਰਚੀ ਬਨਣ ਵਿਚ । ਮਿੰਟ ਵਿਚ ਦਸਤਖਤ ਹੋ ਜਾਂਦੇ ਹਨ । ਗਰੀਬਾਂ ਨੇ ਪਹਿਲਾਂ ਸਰਪੰਚ ਦੀਆਂ ਮਿੰਨਤਾਂ ਕਰਨੀਆਂ ਫੇਰ ਕਿਤੇ ਜਾ ਕੇ ਕਾਰਡ ਬਣੇ । ਫੇਰ ਗਰੀਬਾਂ ਨੇ ਕਿਹਾ ਕਿ ਪੀਲੇ ਕਾਰਡ ਤਿਆਰ ਹਨ । ਇਨ੍ਹਾਂ ਨੇ ਕਿਹਾ ਕਿ ਸਾਡੀ ਸਕੀਮ ਵੀ ਤਿਆਰ ਹੈ, ਉਹ ਹੈ ਆਟਾ ਦਾਲ ਸਕੀਮ । ਇਹ ਕਿਹੜੀ ਸਕੀਮ ਸੀ, ਮੈਨੂੰ ਹਾਲੇ ਤੱਕ ਇਸ ਬਾਰੇ ਪਤਾ ਨਹੀਂ ਲੱਗ ਸਕਿਆ । ਕਹਿੰਦੇ ਕਿ ਰਿਆਇਤ ਦੇਣੀ ਹੈ 130/- ਰੁਪਏ 5 ਜੀਆਂ ਦੇ ਪਰਿਵਾਰ ਨੂੰ । ਵੋਟਾਂ ਤੋਂ ਪਹਿਲਾਂ ਆ ਗਏ ਸਰਪੰਚਾਂ ਦੇ ਘਰਾਂ ਵਿਚ ਅਤੇ 5-7 ਗਰੀਬਾਂ ਨੂੰ ਸੱਦ ਲਿਆ ਅਤੇ ਕਿਹਾ ਕਿ ਤੇਰਾ ਕੰਮ ਬਣ ਗਿਆ । ਇਹ ਲੈ 130-140 ਰੁਪਏ ਦਾ ਚੈਕ, ਜਾ ਕੇ ਬੈਂਕ ਵਿਚ ਖਾਤਾ ਖੁਲਵਾ । ਮੁੜ ਕੇ ਫੇਰ ਕਦੇ ਆਟਾ ਨਹੀਂ ਮਿਲਿਆ, ਦਾਲ ਨਹੀਂ ਮਿਲੀ । ਚੇਅਰਮੈਨ ਸਾਹਿਬ, ਇਸ ਪਾਰਟੀ ਨੇ ਇਕ ਵੀ ਕੰਮ ਲੋਕਾਂ ਦੇ ਭਲੇ ਦਾ ਨਹੀਂ ਕੀਤਾ ਜਿਸ ਦੇ ਨਾਲ ਇਹ ਦੱਸ ਸਕਣ ਕਿ ਅਸੀਂ ਇਹ ਸਕੀਮ ਬਣਾਈ ਕਾਂਗਰਸ ਨੇ ਇਹ ਕੰਮ ਕੀਤਾ ਪੰਜਾਬ ਵਿਚ ਜਿਹੜਾ ਕਿ ਪੰਜਾਬ ਦੇ ਲੋਕ ਰਹਿੰਦੀ ਦੁਨੀਆਂ ਤੱਕ ਇਨ੍ਹਾਂ ਨੂੰ ਯਾਦ ਰੱਖਣਗੇ ਪਰ ਅਕਾਲੀ ਪਾਰਟੀ ਦੇ ਕੀਤੇ ਚੰਗੇ ਕੰਮ ਰਹਿੰਦੀ ਦੁਨੀਆਂ ਤੱਕ ਲੋਕ ਯਾਦ ਕਰਨਗੇ ।

ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਤੁਸੀਂ ਸਕੂਲ ਅਪਗ੍ਰੇਡ ਨਹੀਂ ਕੀਤੇ, ਅਸੀਂ ਏਨੇ ਕਰ ਦਿੱਤੇ ਸੀ । ਅਪਗ੍ਰੇਡ ਸਕੂਲ ਜਿਹੜੇ ਕੀਤੇ, ਉਹ ਵੀ ਕਹਾਣੀ ਸੁਣ ਲਓ । ਜਿਹੜੇ ਪਿੰਡ ਵਿਚ ਜਾਣ ਸਕੂਲ ਅਪਗ੍ਰੇਡ ਕਰਨ ਲਈ, 60-80 ਹਜ਼ਾਰ ਰੁਪਿਆ ਇਕੱਠਾ ਕਰਾ ਲੈਣ । ਇਹ ਨਹੀਂ ਕਿ ਉਹ ਰੁਪਿਆ ਕਮਰਾ ਪਾਉਣ ਵਾਸਤੇ ਦੇ ਦੇਣ । ਨਹੀਂ, ਰੁਪਏ ਲੈ ਕੇ ਗਾਉਣ ਵਾਲੀ ਬੁਲਾ ਲੈਣ, ਪ੍ਰੋਗਰਾਮ ਕਰਨ ਅਤੇ ਫੇਰ ਪ੍ਰੋਗਰਾਮ ਕਰਨ ਤੋਂ ਬਾਅਦ ਕਹਿਣ ਕਿ ਬੀਬੀ ਆਈ ਹੈ ਜਾਂ ਬੰਦਾ ਆਇਆ ਹੈ, ਇਹ ਦੇਖੋ । ਜੇ ਬੰਦਾ ਆਇਆ ਹੈ ਉਦਘਾਟਨ ਕਰਨ ਵਾਸਤੇ ਤਾਂ ਕੰਠਾ ਪਾਉ, ਛਾਪ ਪਾਉ ਅਤੇ ਜੇ ਬੀਬੀ ਆਈ ਹੈ ਤਾਂ ਕਾਂਟੇ ਪਾ ਦਿਉ । ਚੇਅਰਮੈਨ ਸਾਹਿਬ, ਮੇਰੇ ਆਪਣੇ ਹਲਕੇ ਦੇ ਪਿੰਡ ਅਲੀ ਸ਼ੇਰ ਕਲਾਂ ਵਿਚ 70,000 ਰੁਪਏ ਖਰਚ ਕੇ ਅੱਠਵੀਂ ਦਾ ਸਕੂਲ ਬਣਾ ਦਿੱਤਾ ਅਤੇ ਉਦਘਾਟਨ ਕਰਨ ਵਾਲੀ ਨੂੰ ਕਾਂਟੇ ਪੁਆ ਦਿੱਤੇ । ਅਸੀਂ ਗਏ ਸਾਲ ਭਰ ਮਗਰੋਂ ਤਾਂ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਕਹਿਣ ਲਗੇ ਕਿ ਸਾਡੇ ਕੋਲੋਂ ਪਿੰਡ ਵਾਲੇ 25/- ਰੁਪਏ ਮੰਗ ਲੈਂਦੇ ਹਨ ਹਰ ਮਹੀਨੇ, ਪਤਾ ਨਹੀਂ ਕੀ ਗੱਲ ਹੈ । ਅਸੀਂ ਪੁੱਛਿਆ ਕਿ ਕੀ ਗੱਲ ਹੈ ਤਾਂ ਉਹ ਕਹਿਣ ਲਗੇ ਕਿ ਇਨ੍ਹਾਂ ਦਾ ਮੁੰਡਾ ਵੀ ਸਕੂਲ ਵਿਚ ਪੜਦਾ ਹੈ ਅਤੇ ਉਸ ਸਕੂਲ ਵਿਚ ਪੜ੍ਹਾਉਣ ਵਾਸਤੇ ਅਸੀਂ ਪ੍ਰਾਈਵੇਟ ਮਾਸਟਰ ਰਖਿਆ ਹੋਇਆ ਹੈ ਜਿਸਨੂੰ ਪੈਸੇ ਪਿੰਡ ਵਾਲੇ ਇਕੱਠੇ ਕਰਕੇ ਦਿੰਦੇ ਹਨ । ਇਹ ਭਲਾ ਹੋਇਆ ਹੈ ਗਰੀਬਾਂ ਦਾ । ਚੇਅਰਮੈਨ ਸਾਹਿਬ, ਸਕੂਲ ਅਪਗ੍ਰੇਡ ਕਰਨ ਨਾਲ ਕਾਂਗਰਸ ਸਰਕਾਰ ਨੇ ਵਿੱਦਿਆ ਦਾ ਬੇੜਾ ਗਰਕ ਕਰ ਦਿੱਤਾ ਹੈ । ਇਨ੍ਹਾਂ ਨੇ ਅੱਜ ਲੱਖਾਂ ਬੱਚੇ ਅਨਪੜ੍ਹ ਕਰ ਦਿੱਤੇ ਹਨ । ਬੱਚਿਆਂ ਨੇ ਉਨ੍ਹਾਂ ਸਕੂਲਾਂ ਵਿਚ ਦਾਖਲਾ ਲੈ ਲਿਆ, ਮਾਸਟਰ ਕੋਈ ਹੈ ਨਹੀਂ ਸੀ, ਪੜ੍ਹਾਇਆ ਕਿਸੇ ਨੇ ਨਹੀਂ । ਫੇਰ ਨਕਲ ਦਾ ਕੰਮ ਸ਼ੁਰੂ ਹੋ ਗਿਆ । ਨਕਲ ਮਾਰ ਕੇ ਬੱਚੇ ਪਾਸ ਕਰਾ ਲਓ । ਬੱਚੇ ਅੱਠਵੀਂ ਅਤੇ ਦਸਵੀਂ ਵਿਚੋਂ ਪਾਸ ਹੋ ਗਏ ਪਰ

ਅਗੋਂ ਉਨ੍ਹਾਂ ਨੇ ਹੁਣ ਕਿਸੇ ਮੁਕਾਬਲੇ ਵਿਚ ਨਹੀਂ ਆਉਣਾ । ਹੁਣ ਸਮੇਂ ਦੀ ਸਰਕਾਰ ਨੇ ਟੈਸਟ ਰਖੇ ਪਰ ਸਾਡਾ ਤਾਂ ਕੋਈ ਬੱਚਾ ਉਸ ਵਿਚ ਆਉਂਦਾ ਨਹੀਂ, ਚੰਡੀਗੜ੍ਹ ਵਾਲੇ ਆ ਜਾਣ ਤਾਂ ਆ ਜਾਣ । ਚੇਅਰਮੈਨ ਸਾਹਿਬ, ਬਹੁਤ ਵੱਡਾ ਨੁਕਸਾਨ ਕੀਤਾ ਹੈ ਇਸ ਪਾਰਟੀ ਨੇ । ਹਰ ਜਗ੍ਹਾ ਪੱਥਰ ਹੀ ਪੱਥਰ ਲਾ ਦਿੱਤੇ । ਮੈਨੂੰ ਤਾਂ ਲਗਦਾ ਹੈ ਜਿਵੇਂ ਕੋਈ ਪੱਥਰਾਂ ਵਾਲਿਆਂ ਨਾਲ ਹੀ ਨਾ ਠੇਕਾ ਕਰ ਲਿਆ ਹੋਵੇ । ਜਿਥੇ ਜਾਈਏ ਅਗੇ ਪੱਥਰ ਲਗਾ ਹੋਇਆ ਹੈ । ਗਲੀ ਪੱਕੀ ਕਰਨ ਦਾ ਪੱਥਰ, ਸਕੂਲ ਬਨਣ ਦਾ ਪੱਥਰ । ਪਰ ਨਾ ਗਲੀ ਪੱਕੀ ਹੋਈ ਨਾ ਸਕੂਲ ਬਣੇ । ਚੇਅਰਮੈਨ ਸਾਹਿਬ, ਇਨ੍ਹਾਂ ਦਾ ਇਕ ਪਸ਼ੂ ਪਾਲਣ ਮੰਤਰੀ ਸੀ ਹਰਬੰਸ ਸਿੰਘ ਸਿੱਧੂ । ਉਸ ਨੇ ਤਾਂ ਸਭ ਹੱਦਾਂ ਬੰਨੇ ਟਪਾ ਦਿੱਤੇ ।

ਸ੍ਰੀ ਸਭਾਪਤੀ : ਖਿਆਲਾ ਸਾਹਿਬ, ਜਿਹੜਾ ਵਿਅਕਤੀ ਜਾਂ ਮੈਂਬਰ ਹਾਊਸ ਵਿਚ ਮੌਜੂਦ ਨਹੀਂ, ਉਸਦਾ ਨਾਂ ਨਾ ਲਓ ।

ਸਰਦਾਰ ਬਲਦੇਵ ਸਿੰਘ ਖਿਆਲਾ : ਚਲੋ ਮੈਂ ਨਾਂ ਨਹੀਂ ਲੈਂਦਾ, ਸਾਬਕਾ ਮੰਤਰੀ ਕਹਿ ਦਿੰਦਾ ਹਾਂ । ਉਹ ਕਹਿੰਦਾ ਕਿ ਤੁਹਾਡੇ ਪਿੰਡ ਡਿਸਪੈਂਸਰੀ ਬਣਾਉਣੀ ਹੈ, ਸਰਪੰਚ ਸਾਹਿਬ, ਆ ਜਾਓ ਇਕ ਡਿਸਪੈਂਸਰੀ ਵਿਚ 4 ਬੰਦੇ ਹੁੰਦੇ ਹਨ । ਇਕ ਕੰਪਾਊਂਡਰ, ਇਕ ਡਾਕਟਰ ਅਤੇ ਇਕ ਰੱਸਾ ਪਾਉਣ ਵਾਲਾ ਹੁੰਦਾ ਹੈ ਜੋ ਪਸ਼ੂ ਨੂੰ ਡੇਗ ਕੇ ਉਸ ਦਾ ਇਲਾਜ ਕਰਦਾ ਹੈ ਕਿਉਂਕਿ ਇਹ ਆਦਮੀ ਤਾਂ ਹੈ ਨਹੀਂ ਜੋ ਆਰਾਮ ਨਾਲ ਬੈਠ ਕੇ ਇਲਾਜ ਕਰਵਾ ਲਵੇਗਾ । ਇਸ ਤੋਂ ਇਲਾਵਾ ਇਕ ਮਲ੍ਹਮ ਪੱਟੀ ਕਰਨ ਵਾਲਾ ਹੁੰਦਾ ਹੈ । ਉਸ ਮੰਤਰੀ ਨੇ ਕੀ ਕਰਨਾ ਕਿ ਰੱਸਾ ਪਾਉਣ ਵਾਲੇ ਨੂੰ ਫੜਨਾ ਅਤੇ ਪਿੰਡ ਵਿਚ ਚਲੇ ਜਾਣਾ । ਉਸ ਨੇ ਕਹਿਣਾ ਕਿ ਆਹ ਫੜੋ ਰੱਸਾ ਅਤੇ ਇਹ ਡਾਕਟਰ ਵੀ ਆ ਗਿਆ ਹੈ । ਮੈਂ ਤੁਹਾਡੇ ਪਿੰਡ ਡਿਸਪੈਂਸਰੀ ਖੋਲ੍ਹ ਦਿੱਤੀ ਹੈ । ਉਥੇ ਨਾ ਕੋਈ ਮੰਨਜ਼ੂਰੀ ਹੈ ਅਤੇ ਨਾ ਹੀ ਕੋਈ ਬਿਲਡਿੰਗ ਹੈ । ਇਸ ਤਰੀਕੇ ਦੇ ਨਾਲ ਇਹ ਡਿਸਪੈਂਸਰੀਆਂ ਖੋਲ੍ਹਦੇ ਹੁੰਦੇ ਸੀ ।

ਤੁਸੀਂ ਮਾਸਟਰਾਂ ਦੀ ਗੱਲ ਕਰਦੇ ਹੋ । ਕਿੰਨੇ ਹੀ ਮਾਸਟਰ ਉਸ ਸਮੇਂ ਨਜਾਇਜ਼ ਭਰਤੀ ਕੀਤੇ ਗਏ । ਇਹ ਸਾਰੇ ਵਿੰਗੇ-ਟੇਢੇ ਢੰਗ ਵਰਤ ਕੇ ਮਾਸਟਰ ਭਰਤੀ ਕਰਦੇ ਰਹੇ । ਜਿਹੜੇ ਹੱਕਦਾਰ ਸਨ, ਉਹ ਹਾਈ ਕੋਰਟ ਵਿਚ ਚਲੇ ਗਏ ਅਤੇ ਹਾਈ ਕੋਰਟ ਨੇ ਕਹਿ ਦਿੱਤਾ ਕਿ ਜਿਹੜੇ ਮਾਸਟਰ ਤੁਸੀਂ ਭਰਤੀ ਕੀਤੇ ਹਨ, ਇਹ ਤਾਂ ਤੁਸੀਂ ਰੱਖ ਹੀ ਨਹੀਂ ਸਕਦੇ । ਕੀ ਸਮੇਂ ਦੀ ਸਰਕਾਰ ਦਾ ਇਹ ਹੱਕ ਬਣਦਾ ਹੈ ਕਿ ਇਨ੍ਹਾਂ ਦੀ ਗਲਤੀਆਂ ਦਾ ਨਤੀਜਾ ਉਹ ਭੁਗਤੇ ਡਾਕੂ ਤਾਂ ਮਾਲ ਲੁੱਟ ਕੇ ਲੈ ਗਏ । ਜਿਸ ਦਾ ਮਾਲ ਲੁੱਟਿਆ ਹੈ, ਉਸ ਦਾ ਨੁਕਸਾਨ ਇਹ ਸਰਕਾਰ ਪੂਰਾ ਕਰ ਰਹੀ ਹੈ । ਜਿਹੜੇ ਟੀਚਰ ਧਰਨੇ ਮਾਰੀ ਬੈਠੇ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਬਾਰ ਦੇ ਮੂਹਰੇ ਧਰਨੇ ਮਾਰਨ ਅਤੇ ਕਹਿਣ ਕਿ ਜਿਹੜੀ ਠੱਗੀ ਤੁਸੀਂ ਸਾਡੇ ਨਾਲ ਮਾਰੀ ਹੈ, ਉਹ ਪੈਸੇ ਸਾਡੇ ਸਾਨੂੰ ਵਾਪਸ ਕਰੋ । ਇਹ ਕਹਿੰਦੇ ਹਨ ਕਿ ਤੁਸੀਂ ਇਨ੍ਹਾਂ ਟੀਚਰਾਂ ਨੂੰ ਰੱਖਦੇ ਕਿਉਂ ਨਹੀਂ । ਇਨ੍ਹਾਂ ਨੂੰ ਆਪਣਾ ਡਰ ਹੈ ਕਿ ਕਿਤੇ ਇਹ ਟੀਚਰ ਸਾਡੇ ਪਿੱਛੇ ਹੀ ਨਾ ਪੈ ਜਾਣ । ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਗੱਲਾਂ ਹਨ ਜਿਹੜੀਆਂ ਕੀਤੀਆਂ ਜਾ ਸਕਦੀਆਂ ਹਨ । ਤੁਸੀਂ ਬੋਲਣ ਲੱਗਿਆਂ ਆਪਣੀ ਪਾਰਟੀ ਦੀਆਂ ਪਿਛਲੇ ਸਮੇਂ ਵਿਚ ਕੀਤੀਆਂ ਹੋਈਆਂ ਗੱਲਾਂ ਨੂੰ ਸਦਨ ਵਿਚ ਰੱਖ ਕੇ ਲੋਕਾਂ ਦੀ ਮੋਹਰ ਲਗਵਾ

[ਸਰਦਾਰ ਬਲਦੇਵ ਸਿੰਘ ਖਿਆਲਾ]

ਕਿਆ ਕਰੇ ਪਰ ਤੁਸੀਂ ਚੰਗਾ ਕੰਮ ਤਾਂ ਕੋਈ ਕੀਤਾ ਹੀ ਨਹੀਂ, ਸਾਰੇ ਕੰਮ ਮਾੜੇ ਹੀ ਕੀਤੇ ਹਨ । ਇਹ ਬਦਕਿਸਮਤੀ ਹੈ ਮੇਰੇ ਦੇਸ਼ ਦੀ, ਪੰਜਾਬ ਦੀ ਕਿ ਇਹ ਸਾਰੀਆਂ ਆਰਥਿਕ ਗੱਲਾਂ ਦਾ ਭੋਗ ਪਾ ਕੇ ਇਕ ਵੱਖਰੀ ਹੀ ਥਿਊਰੀ ਤੇ ਲੱਗੇ ਰਹੇ । ਇਹ ਕਹਿੰਦੇ ਹਨ ਕਿ ਸਾਡਾ ਫਲਾਣਾ ਸ਼ਹੀਦ ਹੋ ਗਿਆ । ਉਸ ਥਿਊਰੀ ਦੇ ਥੱਲੇ ਕਿੰਨੇ ਹੀ ਅੱਤਵਾਦੀ ਪੈਦਾ ਕੀਤੇ ਗਏ ਪਰ ਮੈਂ ਪੁੱਛਦਾ ਹਾਂ ਕਿ ਉਹ ਕੌਣ ਸੀ ਜੋ ਦਿੱਲੀ ਦੇ ਇਕ ਮਨਿਸਟਰ ਦੇ ਘਰ ਇਕ ਬਹੁਤ ਵੱਡਾ ਅੱਤਵਾਦੀ ਵੇਖਿਆ ਗਿਆ ?

ਸ੍ਰੀ ਰਮੇਸ਼ ਚੰਦਰ ਡੋਗਰਾ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਡੋਗਰਾ ਜੀ ਨੇ ਬੜੀ ਵਧੀਆ ਗੱਲ ਕੀਤੀ ਹੈ । ਇਥੇ ਇਨ੍ਹਾਂ ਦੇ ਲੀਡਰ ਨੇ ਬੋਲਦੇ ਹੋਏ ਕਿਹਾ ਕਿ ਸਾਡੇ ਫਲਾਣੇ ਫਲਾਣੇ ਬੰਦਿਆਂ ਦੀ ਸ਼ਹੀਦੀ ਹੋਈ ਹੈ । ਤੁਸੀਂ ਪਤਾ ਤਾਂ ਕਰੋ ਕਿ ਉਨ੍ਹਾਂ ਨੂੰ ਮਰਵਾਇਆ ਕਿਸ ਨੇ ਹੈ ।

*12.54 ਵਜੇ ਬਾਅਦ ਦੁਪਹਿਰ	(ਇਸ ਸਮੇਂ* ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਆਪਣੇ ਇੱਕ ਭਾਣਜੇ ਨੂੰ ਮੰਤਰੀ ਬਣਾਉਣ ਦੀ ਖਾਤਰ ਇੱਕ ਪੱਛੜੀਆਂ ਸ਼੍ਰੇਣੀਆਂ ਦੇ ਲੀਡਰ ਦਾ ਸਫਾਇਆ ਹੀ ਕਰ ਦਿੱਤਾ । ਕੌਣ ਸੀ ਉਹ ਬੰਦਾ ਜਿਸ ਨੇ ਇਹ ਕੰਮ ਕਰਵਾਇਆ ? ਕੀ ਇਸ ਦੀ ਪੜਤਾਲ ਕੀਤੀ ਗਈ ? ਇਥੇ ਹੀ ਬੱਸ ਨਹੀਂ । ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ । ਇਹ ਤਾਂ ਕਹਿੰਦੇ ਹਨ ਕਿ ਖਾੜਕੂਵਾਦ ਅਸੀਂ ਫੈਲਾਇਆ ਹੈ ਪਰ ਸਾਡੇ ਅਨੇਕਾਂ ਜਥੇਦਾਰ ਮਾਰੇ ਗਏ । ਸਾਬਕਾ ਐਮ. ਐਲ. ਏ. ਮਾਰੇ ਗਏ । ਉਸ ਚੋਣ ਦੌਰਾਨ ਸਾਡੇ 27 ਬੰਦੇ ਮਾਰੇ ਗਏ ਜਿਸ ਦਾ ਕਾਂਗਰਸ ਨੇ ਬਾਈਕਾਟ ਕੀਤਾ ਸੀ । 27 ਬੰਦੇ ਮਰਨ ਤੋਂ ਬਾਅਦ ਜਦੋਂ ਚੋਣਾਂ ਐਨ ਨੇੜੇ ਆਈਆਂ ਤਾਂ ਕਾਂਗਰਸ ਦੀ ਵੱਡੀ ਪਾਰਟੀ ਸੈਂਟਰ ਵਿਚ ਜਿੱਤ ਗਈ । ਕਾਂਗਰਸ ਪਾਰਟੀ ਦੀ ਸਰਕਾਰ ਦਿੱਲੀ ਵਿਚ ਜਿੱਤ ਗਈ ਤਾਂ ਉਨ੍ਹਾਂ ਨੇ ਇਹ ਨਹੀਂ ਕਿਹਾ ਕਿ ਇਥੇ ਪੰਜਾਬ ਵਿਚ ਵੀ ਚੋਣਾਂ ਹੋਣੀਆਂ ਚਾਹੀਦੀਆਂ ਹਨ । ਜੇ ਉਦੋਂ ਚੋਣਾਂ ਹੋ ਜਾਂਦੀਆਂ ਤਾਂ ਉਸ ਵੇਲੇ ਵੀ ਅਕਾਲੀ ਦਲ ਆ ਰਿਹਾ ਸੀ । ਜੇ ਅਕਾਲੀ ਦਲ ਆ ਜਾਂਦਾ ਤਾਂ ਕੁਝ ਸੁਧਾਰ ਹੁੰਦਾ, ਕੁਝ ਪੜਤਾਲ ਹੁੰਦੀ ਪਰ ਉਸ ਵਕਤ ਇਨ੍ਹਾਂ ਦਾ ਮਤਲਬ ਹੱਲ ਨਹੀਂ ਸੀ ਹੁੰਦਾ । ਉਦੋਂ ਵੋਟਾਂ ਦੀਆਂ ਪਰਚੀਆਂ ਵੰਡੀਆਂ ਜਾ ਰਹੀਆਂ ਸਨ, ਚੋਣ ਪ੍ਰਚਾਰ ਬੰਦ ਹੋ ਚੁੱਕਾ ਸੀ । ਇਹ ਹਿੰਦੁਸਤਾਨ ਦੇ ਕਿਸੇ ਕਾਇਦੇ-ਕਾਨੂੰਨ ਵਿਚ ਨਹੀਂ ਲਿਖਿਆ ਹੋਇਆ ਕਿ ਉਸ ਵੇਲੇ ਚੋਣਾਂ ਬੰਦ ਕਰਾ ਦਿੱਤੀਆਂ ਜਦੋਂ

**Expunged as ordered by the Chair.

ਪਰਚੀਆਂ ਵੰਡੀਆਂ ਜਾ ਰਹੀਆਂ ਸਨ ਤੇ ਚੋਣ ਪ੍ਰਚਾਰ ਬੰਦ ਹੋ ਚੁੱਕਾ ਸੀ। ਕਿਉਂਕਿ ਉਦੋਂ ਇਨ੍ਹਾਂ ਦਾ ਮਤਲਬ ਹੱਲ ਨਹੀਂ ਸੀ ਹੁੰਦਾ। ਫਿਰ ਸਾਲ ਬਾਅਦ ਲੋਕਾਂ ਨੂੰ ਮਾਰ ਕੇ, ਧੋਖਾ ਦੇ ਕੇ, ਲੋਕਾਂ ਨੂੰ ਭੈ-ਭੀਤ ਕਰਕੇ, ਚੋਣਾਂ ਕਰਵਾਈਆਂ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਪੁਲਿਸ ਦਾ ਕੋਈ ਮੁੰਡਾ ਮਾਰਿਆ ਗਿਆ ਤਾਂ ਉਹ ਵੀ ਸਿੱਖ, ਜੇ ਕੋਈ ਮੁਖਬਰ ਬਣਾ ਕੇ ਮਾਰਿਆ ਤਾਂ ਉਹ ਵੀ ਸਿੱਖ, ਜੇ ਕੋਈ ਅੱਤਵਾਦੀ ਮਾਰਿਆ ਗਿਆ ਤਾਂ ਉਹ ਵੀ ਸਿੱਖ। ਸਿੱਖਾਂ ਵਿਚ ਖਾਨਾ ਜੰਗੀ ਕਰਵਾ ਦਿੱਤੀ ਗਈ। ਇਸ ਤੋਂ ਬਾਅਦ ਚੋਣਾਂ ਹੋਈਆਂ, ਅਕਾਲੀ ਦਲ ਨੇ ਬਾਈਕਾਟ ਕੀਤਾ। ਜੇ ਉਹ ਸੱਚੇ ਸਨ ਤਾਂ ਉਹ ਕਿਵੇਂ 150-150 ਵੋਟਾਂ ਲੈ ਕੇ ਜਿੱਤ ਕੇ ਆ ਗਏ ਅਤੇ ਡੋਗਰਾ ਸਾਹਿਬ ਤੁਹਾਡੀ ਚੀਚੀ ਨੂੰ ਤਾਂ ਲਹੂ ਵੀ ਨਹੀਂ ਲੱਗਿਆ। ਝਰੀਟ ਤੱਕ ਨਹੀਂ ਆਈ ਤੇ ਤੁਸੀਂ ਮੌਜ ਨਾਲ ਰਾਜ ਭਾਗ ਸਾਂਭ ਲਿਆ। ਮੈਂ ਇਨ੍ਹਾਂ ਭੁੱਲੜ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਵੇਲੇ ਨੌਜਵਾਨਾਂ ਨੂੰ ਇਜ ਮਾਰਿਆ ਗਿਆ ਜਿਸ ਤਰ੍ਹਾਂ ਪੋਲਟਰੀ ਫਾਰਮ ਵਿਚੋਂ ਮੁਰਗਿਆਂ ਨੂੰ ਕੱਢ ਕੇ ਮਾਰਿਆ ਜਾਂਦਾ ਹੈ। ਇਹ ਕਹਿੰਦੇ ਰਹੇ ਕਿ ਥਾਣੇਦਾਰ ਨੇ ਨਾਕਾ ਲਾਇਆ ਹੋਇਆ ਸੀ, ਅੱਤਵਾਦੀ ਲੰਘੇ, ਉਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਉਨ੍ਹਾਂ ਨੇ ਗੋਲੀ ਚਲਾ ਦਿੱਤੀ ਥਾਣੇਦਾਰ ਨੇ ਜਵਾਬੀ ਗੋਲੀ ਚਲਾਈ, ਪੰਜ ਮਾਰੇ ਗਏ ਅਤੇ 9 ਭੱਜ ਗਏ। ਕੀ ਉਹ ਐਡਾ ਵੱਡਾ ਥਾਣੇਦਾਰ ਬਣ ਗਿਆ ਸੀ, ਪਹਿਲਾਂ ਉਹ ਥਾਣੇਦਾਰ ਕਿਥੇ ਹੁੰਦਾ ਸੀ ਜਦੋਂ ਦਿਨ-ਦਿਹਾੜੇ ਥਾਣੇ ਦੇ ਦਰਵਾਜ਼ੇ ਬੰਦ ਕਰ ਲੈਂਦੇ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਸਾਹਮਣੇ ਬੈਠੇ ਵੀਰਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਭਾਣਾ ਵਰਤਾਇਆ ਸੀ ਉਹ ਇਨ੍ਹਾਂ ਨੇ ਹੀ ਵਰਤਾਇਆ ਸੀ। ਇਹ ਕਹਿੰਦੇ ਹਨ ਕਿ ਅਸੀਂ ਅਮਨ-ਅਮਾਨ ਕੀਤਾ ਪਰ ਮੈਂ ਪੁੱਛਦਾ ਹਾਂ ਕਿ ਇਹ ਅਮਨ-ਅਮਾਨ ਵਿਗਾੜਿਆ ਕਿਸ ਨੇ ਸੀ। ਇਹ ਇਨ੍ਹਾਂ ਨੇ ਆਪ ਹੀ ਵਿਗਾੜਿਆ ਸੀ। ਅੱਗ ਲਾਈ ਵੀ ਇਨ੍ਹਾਂ ਨੇ ਸੀ ਅਤੇ ਬੁਝਾਈ ਵੀ ਇਨ੍ਹਾਂ ਆਪ ਹੀ ਸੀ।

ਸਪੀਕਰ ਸਾਹਿਬ, ਇੱਕ ਗੱਲ ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਅਕਾਲੀ ਦਲ ਦਾ ਵਰਕਰ ਕੋਈ ਚੁੱਕਿਆ ਜਾਂਦਾ ਸੀ ਤਾਂ ਦੋ ਘੰਟੇ ਬਾਅਦ ਹੀ ਉਸ ਦੀ ਲਾਸ਼ ਫਿਰਨੀ ਦੇ ਕੋਲ ਮਿਲਦੀ ਸੀ ਪਰ ਜਦੋਂ ਸੈਂਟਰ ਦੇ ਇੱਕ ਬੜੇ ਵੱਡੇ ਵਜ਼ੀਰ ਦੀ ਸਾਲੇਹਾਰ ਚੁੱਕੀ ਗਈ ਤਾਂ ਬੜੇ ਮੌਜ ਨਾਲ ਵਾਪਸ ਆ ਗਈ। ਇੱਕ ਇਨ੍ਹਾਂ ਦੇ ਐਮ. ਪੀ. ਦਾ ਜਵਾਈ ਚੁੱਕਿਆ ਗਿਆ ਉਹ ਵੀ ਜਿਉਂਦਾ-ਜਾਗਦਾ ਵਾਪਸ ਆ ਗਿਆ। ਇੱਕ ਐਮ. ਐਲ. ਏ. ਦਾ ਭਤੀਜ-ਜਵਾਈ ਚੁੱਕਿਆ ਗਿਆ ਉਹ ਵੀ ਜਿਉਂਦਾ-ਜਾਗਦਾ ਵਾਪਸ ਆ ਗਿਆ। ਸਾਬਕਾ ਮੁੱਖ ਮੰਤਰੀ ਦਾ ਭਤੀਜਾ ਚੁੱਕਿਆ ਗਿਆ ਜਦੋਂ ਉਹ 2-3 ਮਹੀਨਿਆਂ ਬਾਅਦ ਜਿਉਂਦਾ-ਜਾਗਦਾ ਵਾਪਸ ਆਇਆ ਤਾਂ ਪੱਤਰਕਾਰਾਂ ਨੇ ਪੁੱਛਿਆ ਭਈ ਕਾਕਾ ਬੜਾ ਔਖਾ ਹੋਇਆ ਹੋਵੇਗਾ ਅੱਤਵਾਦੀਆਂ ਦੇ ਨਾਲ ਰਹਿ ਕੇ। ਉਹ ਕਹਿੰਦਾ ਜੀ ਮੇਰਾ ਤਾਂ ਬੜਾ ਜੀਅ ਲੱਗਿਆ ਹੋਇਆ ਸੀ ਤੇ ਉਥੇ ਕਾਜੂ ਤੇ ਬਦਾਮ ਖਾਣ ਨੂੰ ਮਿਲਦੇ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਮਾਤ (ਪਾਰਟੀ) ਹੱਕਦਾਰ ਹੈ ਇਹ ਗੱਲਾਂ ਕਰਨ ਦੀ ਜਿਨ੍ਹਾਂ ਦੇ ਬੱਚੇ ਚੁੱਕੇ ਜਾਣ ਤੇ ਅੱਤਵਾਦੀਆਂ ਕੋਲੋਂ ਕਾਜੂ-ਬਦਾਮ ਖਾਂਦੇ ਰਹੇ ਹੋਣ ? ਸਪੀਕਰ ਸਾਹਿਬ, ਮੇਰੇ ਕੋਲ ਇੱਕ ਨਹੀਂ ਅਨੇਕ ਅਜਿਹੀਆਂ

[ਸਰਦਾਰ ਬਲਦੇਵ ਸਿੰਘ ਖਿਆਲਾ]

ਮਿਸਾਲਾਂ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਹਮਣੇ ਬੈਠੇ ਵੀਰਾਂ ਨੂੰ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਉਹ ਜੋ ਵੀ ਗੱਲ ਕਰਨ ਤੱਥਾਂ ਤੇ ਅਧਾਰਤ ਕਰਨ । ਹੁਣ ਐਵੇਂ ਹੀ ਕਹੀ ਜਾਂਦੇ ਹਨ ਕਿ ਜਿਸ ਦਿਨ ਦੀ ਇਹ ਸਰਕਾਰ ਬਣੀ ਹੈ ਬੜਾ ਖਤਰਾ ਹੈ, ਅੱਤਵਾਦ ਮੁੜ ਕੇ ਆ ਰਿਹਾ ਹੈ । ਮੈਂ ਉਨ੍ਹਾਂ ਵੀਰਾਂ ਨੂੰ ਦੱਸ ਦਿਆ ਕਿ ਇਹ ਤਾਂ ਉਹ ਗੱਲ ਹੋਈ ਜਿਵੇਂ ਛੱਲੀਆਂ ਮੁਕੀਆਂ ਤੋਂ ਗਿੱਦੜ ਚੰਘਿਆੜਾਂ ਮਾਰਦਾ ਹੈ, ਉਸੇ ਤਰ੍ਹਾਂ ਇਹ ਸਮਝਦੇ ਹਨ ਕਿ ਅੱਤਵਾਦ ਤਾਂ ਖਤਮ ਹੋ ਗਿਆ ਹੈ, ਆਉਣ ਦੀ ਸੰਭਾਵਨਾ ਨਹੀਂ ਤੇ ਸਾਡੀ ਗੱਲ ਬਣਨੀ ਨਹੀਂ । ਮੈਂ ਉਨ੍ਹਾਂ ਵੀਰਾਂ ਨੂੰ ਦੱਸ ਦਿਆਂ ਕਿ ਭੁੱਲ ਜਾਓ, ਭੁੱਲ ਜਾਓ ਕਿ ਅੱਤਵਾਦ ਮੁੜ ਕੇ ਆਵੇਗਾ । ਪੰਜਾਬ ਦੀ ਧਰਤੀ ਤੇ ਮੁੜ ਕੇ ਅੱਤਵਾਦ ਪੈਦਾ ਨਹੀਂ ਹੋਣ ਦਿਆਂਗੇ ਅਤੇ ਨਾ ਹੀ ਤੁਹਾਨੂੰ ਉਨ੍ਹਾਂ ਦੀ ਮਦਦ ਕਰਨ ਦੇਵਾਂਗੇ । (ਵਿਘਨ)

(ਇਸ ਸਮੇਂ ਸ੍ਰੀ ਰਮੇਸ਼ ਚੰਦਰ ਡੋਗਰਾ ਜੀ, ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ।)

ਸ੍ਰੀ ਸਪੀਕਰ : ਡੋਗਰਾ ਜੀ, ਬੈਠ ਜਾਓ । ਮੈਂ ਦੋ-ਤਿੰਨ ਹੋਰ ਮੈਂਬਰਾਂ ਨੂੰ ਵੀ ਬੁਲਾਉਣਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਹੁਣ ਅੱਤਵਾਦ ਦੇ ਨਾਂ ਤੇ ਵੋਟਾਂ ਨਹੀਂ ਮਿਲਣੀਆਂ ਅਤੇ ਨਾ ਹੀ ਖਾਲੀ ਰੌਲਾ ਪਾ ਕੇ ਵੋਟਾਂ ਮਿਲਣੀਆਂ ਹਨ । ਜਿਹੜੀ ਵੀ ਕੋਈ ਅਪੋਜ਼ੀਸ਼ਨ ਹੁੰਦੀ ਹੈ ਉਸਦਾ ਰੋਲ ਬੜਾ ਵਧੀਆ ਹੁੰਦਾ ਹੈ ਅਗਰ ਉਹ ਆਪਣਾ ਰੋਲ ਸਹੀ ਤਰੀਕੇ ਨਾਲ ਨਿਭਾਵੇ, ਇਸ ਗੱਲ ਨੂੰ ਸਾਨੂੰ ਸਾਰਿਆਂ ਨੂੰ ਮੰਨ ਲੈਣਾ ਚਾਹੀਦਾ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ * * * *

ਸ੍ਰੀ ਸਪੀਕਰ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਅੱਤਵਾਦ ਦੀ ਗੱਲ ਛੇੜਨ ਦੀ ਮੇਰੀ ਕੋਈ ਮਨਸ਼ਾ ਨਹੀਂ ਸੀ । ਅੱਤਵਾਦ ਬਾਰੇ ਚੌਧਰੀ ਸਾਹਿਬ, ਨੇ ਗੱਲਾਂ ਕਹੀਆਂ ਹਨ ਤਾਂ ਮੈਨੂੰ ਉਨ੍ਹਾਂ ਦਾ ਜਵਾਬ ਦੇਣਾ ਪੈ ਰਿਹਾ ਹੈ । ਮੈਂ ਹਾਊਸ ਦਾ ਕੋਈ ਟਾਈਮ ਜ਼ਾਇਆ ਨਹੀਂ ਕਰਨਾ ਚਾਹੁੰਦਾ ਸੀ, ਇਨ੍ਹਾਂ ਨੇ ਜ਼ਿਕਰ ਕੀਤਾ ਤਾਂ ਮੈਂ ਜ਼ਿਕਰ ਕੀਤਾ ਹੈ । ਵਿਦਿਆ ਦੀ ਗੱਲ ਲੈ ਲਓ, ਜਿੱਥੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਜਾ ਰਹੀਆਂ ਹਨ, ਤੱਪੜ ਖਰੀਦ ਕੇ ਦਿੱਤੇ ਜਾ ਰਹੇ ਹਨ, ਪੜ੍ਹਾਈ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਉਥੇ ਬੇਨਤੀ ਹੈ ਕਿ

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਜਿਹੜਾ * * ਦਾ ਨਾਮ ਆਇਆ ਹੈ, ਉਹ ਐਕਸਪੰਜ ਕਰਵਾ ਦੇਣਾ ਚਾਹੀਦਾ ਹੈ ।

---

*Expunged as ordered by the Chair.

ਸ੍ਰੀ ਸਪੀਕਰ ਉਹ ਮੈਂ ਪਹਿਲਾ ਹੀ ਐਕਸਪੰਜ ਕਰਵਾ ਦਿਤਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਜਾਣ ਬੁੱਝ ਕੇ ਅੱਤਵਾਦ ਦੀ ਗੱਲ ਕੀਤੀ ਗਈ ਹੈ । ਇਨ੍ਹਾਂ ਵਲੋਂ [** ** **] ਦਾ ਨਾਮ ਲਿਆ ਜਾ ਰਿਹਾ ਹੈ, ਇਹ ਗੱਲਾਂ ਕਰਕ ਲੋਕਾਂ ਨੂੰ ਦੱਸ ਰਹੇ ਹਨ ਕਿ ਅੱਤਵਾਦ ਅਸੀਂ ਪੈਦਾ ਕੀਤਾ ਹੈ । ਪਰ ਲੋਕ ਜਾਣਦੇ ਹਨ ਕਿ ਪਿਛਲੇ 12 ਸਾਲ ਉਨ੍ਹਾਂ ਨੇ ਕਿਸ ਤਰ੍ਹਾਂ ਹੰਢਾਏ ਹਨ ਅਤੇ ਉਹ ਕਾਂਗਰਸ ਜਮਾਤ ਦੀ ਮਿਹਰਬਾਨੀ ਸੀ । ਹੁਣ ਲੋਕ ਕਦੇ ਵੀ ਇਨ੍ਹਾਂ ਦੇ ਬਹਿਕਾਵੇ ਵਿਚ ਨਹੀਂ ਆਉਣ ਲੱਗੇ ।

ਜਿਹੜੇ ਲੋਕ ਭੁੱਲੇਖੇ ਵਿਚ ਆ ਗਏ ਸਨ, ਉਹ ਆਪਣਾ ਸਾਰਾ ਕੁਝ ਬਰਬਾਦ ਕਰ ਬੈਠੇ ਹਨ, ਆਪਣੇ ਕੌਮ ਦਾ ਨੁਕਸਾਨ ਕਰ ਗਏ, ਆਪਣੇ ਪ੍ਰਵਾਰਾਂ ਦਾ ਨੁਕਸਾਨ ਕਰ ਗਏ । ਉਨ੍ਹਾਂ ਨੂੰ ਮੁੜ ਕੇ ਐਸੀ ਗਲਤੀ ਦੁਹਰਾਉਣ ਨਹੀਂ ਦਿਤੀ ਜਾਵੇਗੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਮੁੜ-ਮੁੜ ਕਿਹਾ ਹੈ ਕਿ ਅੱਤਵਾਦ ਨਹੀਂ ਆਉਣ ਦੇਵਾਂਗੇ । ਟੌਹੜਾ ਸਾਹਿਬ ਨੇ ਵੀ ਕਿਹਾ ਕਿ ਜੇ ਅੱਤਵਾਦ ਆਵੇਗਾ ਤਾਂ ਪਹਿਲੀ ਗੋਲੀ ਮੈਂ ਖਾਵਾਂਗਾ । ਇਸ ਲਈ ਇਹ ਗੱਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ । ਇਸ ਲਈ ਮੇਰੇ ਕਹਿਣ ਦਾ ਭਾਵ ਹੈ ਕਿ ਆਪੋਜ਼ੀਸ਼ਨ ਦੇ ਮੇਰੇ ਵੀਰਾਂ ਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਬਲਕਿ ਸਾਨੂੰ ਰਾਜ ਦੀ ਡਿਵੈਲਪਮੈਂਟ ਵੱਲ ਧਿਆਨ ਦੇਣਾ ਚਾਹੀਦਾ ਹੈ । ਸਕੂਲਾਂ ਦੀਆਂ, ਹਸਪਤਾਲਾਂ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਜੋ ਕਿ ਇਨ੍ਹਾਂ ਨੇ ਨਹੀਂ ਕੀਤੀਆਂ । ਇਕ ਗੱਲ ਹੋਰ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਕ ਪਹਿਲਾਂ ਸੈਂਟਰ ਤੋਂ ਗਰਾਂਟ ਆਉਂਦੀ ਹੁੰਦੀ ਸੀ ਅਤੇ ਉਸਨੂੰ ਜਵਾਹਰ ਰੋਜ਼ਗਾਰ ਯੋਜਨਾ ਕਹਿੰਦੇ ਸੀ । ਉਸ ਸਕੀਮ ਅਧੀਨ ਜਿਹੜੇ ਪਿੰਡਾਂ ਵਿਚ ਗਰੀਬ ਲੋਕ ਹਨ ਉਨ੍ਹਾਂ ਨੂੰ 60% ਦਿਹਾੜੀ ਵਜੋਂ ਦਿਤੇ ਜਾਣੇ ਸਨ, ਭਾਵ ਇਕ ਲੱਖ ਰੁਪਏ ਵਿਚੋਂ 60 ਹਜ਼ਾਰ ਰੁਪਏ ਉਨ੍ਹਾਂ ਨੂੰ ਦਿਤੇ ਜਾਣੇ ਸਨ ਤਾਂ ਕਿ ਉਹ ਆਪਣੀ ਰੋਟੀ-ਰੋਜ਼ੀ ਕਮਾ ਸਕਣ । ਪਰ ਪਿਛਲੀ ਸਰਕਾਰ ਦੇ ਸਮੇਂ ਜਿਹੜੇ ਪੈਸੇ ਸੈਂਟਰ ਸਰਕਾਰ ਵਲੋਂ ਆਏ ਉਹ ਸਾਰੀ ਦੀ ਸਾਰੀ ਗਰਾਂਟ ਪਿਛਲੀ ਸਰਕਾਰ ਹੜੱਪ ਕਰ ਗਈ । ਸਬੰਧਤ ਮਨਿਸਟਰ ਸਾਹਿਬ ਦੇ ਖਿਲਾਫ ਪਰਚਾ ਵੀ ਦਰਜ਼ ਹੋਇਆ ਅਤੇ ਹੁਣ ਉਹ ਗਰਾਂਟ ਮਿਲਣੀ ਬੰਦ ਹੋ ਗਈ ਹੈ ਕਿਉਂਕਿ ਅਸੀਂ ਇਹ ਸਰਟੀਫਿਕੇਟ ਨਹੀਂ ਦੇ ਸਕੇ ਕਿ ਉਹ ਗਰਾਂਟ ਜਿਸ ਪਰਪਜ਼ ਲਈ ਦਿਤੀ ਗਈ ਸੀ, ਉਸੇ ਲਈ ਖਰਚ ਕੀਤੀ ਜਾ ਚੁੱਕੀ ਹੈ । ਉਸ ਗਰਾਂਟ ਦੇ ਨਾਲ ਇਨ੍ਹਾਂ ਨੇ ਟਾਈਪ-ਰਾਈਟਰਜ਼ ਖਰੀਦ ਲਈਆਂ, ਭਲਾ ਟਾਈਪ-ਰਾਈਟਰਜ਼ ਦੀ ਕੀ ਲੋੜ ਸੀ । ਉਸਦੇ ਨਾਲ ਪੰਜਾਬ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ, ਪੰਜਾਬ ਵਿਚ ਵਿਦਿਆ ਦਾ ਅਤੇ ਪੰਜਾਬ ਦੀ ਤਰੱਕੀ ਦਾ ਬਹੁਤ ਨੁਕਸਾਨ ਹੋਇਆ ਹੈ । ਬੀ. ਜੇ. ਪੀ. ਅਤੇ ਅਕਾਲੀ ਦਲ ਦੀ ਸਰਕਾਰ ਨੇ ਬਹੁਤ ਯਤਨ ਕੀਤੇ ਹਨ ਅਤੇ ਇਸ ਪੰਜਾਬ ਨੂੰ ਸੰਵਾਰਿਆ ਜਾ ਰਿਹਾ ਹੈ ਤਾਂ ਕਿ ਪੰਜਾਬ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇ । ਇਨ੍ਹਾਂ ਕਹਿੰਦਾ ਹੋਇਆ ਮੈਂ ਬੇਨਤੀ ਕਰਦਾ ਹਾਂ ਕਿ ਸਦਨ ਦੇ ਸਾਰੇ ਮੈਂਬਰ ਸਾਹਿਬ ਨੂੰ, ਜਿੱਥੇ ਸਰਕਾਰ ਚੰਗੇ ਕੰਮ ਕਰਦੀ ਹੈ, ਉਥੇ ਇਸ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ ਅਤੇ ਜਿਥੇ ਕੋਈ ਮਾੜਾ ਕੰਮ ਕਰਦੀ ਹੈ, ਉਸਦਾ ਵਿਰੋਧ

**Expunged as ordered by the Chair.

[ਸਰਦਾਰ ਬਲਦੇਵ ਸਿੰਘ ਖਿਆਲਾ]

ਵੀ ਕਰਨਾ ਚਾਹੀਦਾ ਹੈ । ਇਹ ਗੱਲ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਗਵਰਨਰ ਸਾਹਿਬ ਵਲੋਂ ਜੋ ਭਾਸ਼ਣ ਇਸ ਸਦਨ ਵਿਚ ਦਿਤਾ ਗਿਆ ਹੈ ਉਸ ਲਈ ਉਨ੍ਹਾਂ ਨੂੰ ਵੀ ਮਾਣ ਪੱਤਰ ਚੰਗੇ ਸ਼ਬਦਾਂ ਵਿਚ ਦਿਤਾ ਜਾਵੇ । ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਖਿਮਾ ਦਾ ਜਾਚਕ ਹਾਂ ।

ਸ੍ਰੀ ਸਪੀਕਰ ਇਸ ਤੋਂ ਪਹਿਲਾਂ ਕਿ ਮੈਂ ਅਗਲੇ ਹੋਰ ਆਨਰੇਬਲ ਮੈਂਬਰ ਦਾ ਨਾਂ ਲਵਾਂ, ਮੈਂ ਸਾਡੇ ਸਤਿਕਾਰਯੋਗ ਮਨਿਸਟਰ ਸਾਹਿਬ ਮਾਸਟਰ ਮੋਹਨ ਲਾਲ ਜੀ, ਮੰਤਰੀ ਜੰਗਲਾਤ ਅਤੇ ਕਾਨੂੰਨੀ ਤੇ ਵਿਧਾਨਿਕ ਮਾਮਲੇ, ਉਨ੍ਹਾਂ ਨੇ ਸਵੇਰੇ ਜੋ ਸ਼ਬਦ ਅਖ਼ਬਾਰਾਂ ਦੇ ਸਬੰਧ ਵਿਚ ਬੋਲੇ ਕਿ ** ** ** ** ਐਕਸਪੰਜ ਕੀਤੇ ਜਾਂਦੇ ਹਨ । (ਵਿਘਨ) ਮੈਂ ਤੁਹਾਡੇ ਲਫਜ਼ ਐਕਸਪੰਜ ਨਹੀਂ ਕੀਤੇ । ਮਾਸਟਰ ਮੋਹਨ ਲਾਲ ਜੀ ਨੇ ਜੋ ਸ਼ਬਦ ਕਹੇ ਹਨ, ਉਹ ਐਕਸਪੰਜ ਕੀਤੇ ਹਨ । ਮੈਂ ਤੁਹਾਡੇ ਲਫ਼ਜ਼ ਐਕਸਪੰਜ ਨਹੀਂ ਕੀਤੇ । ਜੋ ਉਨ੍ਹਾਂ ਨੇ ਅਖਬਾਰਾਂ ਵਾਲਿਆਂ ਮੁਤੱਲਕ ਹਾਊਸ ਵਿਚ ਲਫ਼ਜ਼ ਕਹੇ ਹਨ, ਉਹ ਐਕਸਪੰਜ ਕੀਤੇ ਜਾਂਦੇ ਹਨ । ਸਰਦਾਰ ਗੁਰਦੀਪ ਸਿੰਘ ਭੁੱਲਰ ।

ਸਰਦਾਰ ਗੁਰਦੀਪ ਸਿੰਘ ਭੁੱਲਰ (ਨੂਰ ਮਹਿਲ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ....

ਸ੍ਰੀ ਸਪੀਕਰ : ਤੁਸੀਂ ਪੰਜ ਮਿੰਟ ਵਿਚ ਆਪਣੀ ਸਪੀਚ ਖਤਮ ਕਰ ਦੇਣਾ ਕਿਉਂਕਿ ਮੈਂ ਚਾਰ-ਪੰਜ ਬੁਲਾਰੇ ਹੋਰ ਬੁਲਾਉਣੇ ਹਨ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਇਹ ਬਹੁਤ ਹੀ ਸ਼ਲਾਘਾਯੋਗ ਮਤਾ ਹੈ । ਮੈਂ ਇਸ ਮਤੇ ਦੀ ਇਸ ਕਰਕੇ ਸ਼ਲਾਘਾ ਨਹੀਂ ਕਰ ਰਿਹਾ ਕਿਉਂਕਿ ਮੈਂ ਰੂਲਿੰਗ ਪਾਰਟੀ ਵਲੋਂ ਬੋਲ ਰਿਹਾ ਹਾਂ ਬਲਕਿ ਇਸ ਕਰਕੇ ਸ਼ਲਾਘਾ ਕਰਦਾ ਹਾਂ ਕਿਉਂਕਿ ਜਦੋਂ ਇਸ ਭਾਸ਼ਣ ਦਾ ਅੱਖਰ ਅੱਖਰ ਪੜ੍ਹਿਆ ਗਿਆ, ਉਸ ਵਿਚੋਂ ਪੰਜਾਬ ਦੀ ਨਵੀਂ ਉਸਾਰੀ ਦੀ ਝਲਕ ਮਿਲਦੀ ਸੀ । ਇਸ ਦੇ ਇਕੱਲੇ-ਇਕੱਲੇ ਸ਼ਬਦ ਵਿਚੋਂ ਨਵੀਂ ਭਾਵਨਾ ਪ੍ਰਗਟ ਹੋ ਰਹੀ ਸੀ ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਇਕਾਨਮੀ ਖੇਤੀਬਾੜੀ ਤੇ ਆਧਾਰਿਤ ਹੈ । ਸੋ, ਖੇਤੀਬਾੜੀ ਦੇ ਵਿਸ਼ੇ ਤੇ ਮੈਂ ਸਮਝਦਾ ਹਾਂ ਕਿ ਜੋ ਕੁਝ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਕੀਤਾ ਹੈ, ਉਹ ਪਿਛਲੇ

**Expunged as ordered by the Chair.

ਪੰਜਾਹ ਸਾਲਾਂ ਵਿਚ ਨਹੀਂ ਹੋਇਆ। ਭਾਅ ਦੀ ਗੱਲ ਹੀ ਲੈ ਲਓ। ਜਦੋਂ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਸਰਕਾਰ ਸਭਾਲੀ ਹੈ, ਕਣਕ ਦਾ ਰੇਟ 105/-ਰੁ. ਕੁਇੰਟਲ ਵੱਧ ਮਿਲਿਆ ਹੈ। ਝੋਨੇ ਵਿਚ ਵੀ ਇਸੀ ਤਰ੍ਹਾਂ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ ਹੋਰ ਬੜੀ ਵੱਡੀ ਪ੍ਰਾਪਤੀ ਹੋਈ ਹੈ। ਪਹਿਲਾਂ ਇਕ ਬਹੁਤ ਵੱਡੀ ਲੁੱਟ ਹੁੰਦੀ ਸੀ। ਪੰਜਾਬ ਵਿਚ ਝੋਨਾ 20/-ਰੁ. ਘੱਟ ਰੇਟ ਤੇ ਵਿੱਕਦਾ ਸੀ ਜਦ ਕਿ ਸਾਡੇ ਗੁਆਢੀ ਸੂਬੇ ਵਿਚ 20/-ਰੁ. ਵੱਧ ਮੁੱਲ ਮਿਲਦਾ ਸੀ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਸਰਕਾਰ ਨੂੰ ਇਹ ਮਾਣ ਜਾਂਦਾ ਹੈ ਕਿ ਉਨ੍ਹਾਂ ਨੇ ਭਾਰਤ ਸਰਕਾਰ ਤੇ ਜ਼ੋਰ ਪਾ ਕੇ ਜਿਹੜਾ ਪੰਜਾਬ ਨਾਲ ਧੱਕਾ ਹੁੰਦਾ ਸੀ, ਉਹ ਬੰਦ ਕਰਵਾਇਆ। ਜਿਹੜਾ ਰੇਟ ਝੋਨੇ ਦਾ ਬਾਕੀ ਸਟੇਟਾਂ ਵਿਚ ਮਿਲਦਾ ਸੀ, ਉਹ ਦਿਵਾਇਆ ਹੈ ਅਤੇ ਇਸ ਤਰ੍ਹਾਂ ਇਹ 20/- ਰੁ. ਦਾ ਘਾਟਾ ਖਤਮ ਕਰਵਾ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਸਪੀਕਰ ਸਾਹਿਬ, ਵਿਰੋਧੀ ਧਿਰ ਕਹਿ ਰਹੀ ਸੀ ਕਿ ਫਸਲ ਦੀ ਸਾਭ ਸੰਭਾਲ ਨਹੀਂ ਹੋਈ। ਪਿਛਲੇ ਸਮੇਂ ਵਿਚ ਆਪਾਂ ਸਾਰੇ ਜਾਣਦੇ ਹਾਂ ਕਿ ਮੌਸਮ ਦੀ ਬਹੁਤ ਵੱਡੀ ਖਰਾਬੀ ਰਹੀ ਹੈ, ਪਰ ਮੈਂ ਕਹਿ ਸਕਦਾ ਹਾਂ ਕਿ ਮੌਸਮ ਦੀ ਖਰਾਬੀ ਹੋਣ ਦੇ ਬਾਵਜੂਦ ਜੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨਾਂ ਹੁੰਦੀ ਤਾਂ ਝੋਨੇ ਤੇ ਕਣਕ ਵੱਲ ਕਿਸੇ ਨੇ ਧਿਆਨ ਨਹੀਂ ਦੇਣਾ ਸੀ। ਸਾਹਮਣੇ ਬੈਠੇ ਵੀਰਾ ਦੀ ਸਰਕਾਰ ਨੇ ਕਦੇ ਫਸਲ ਦੀ ਸੰਭਾਲ ਵੱਲ ਧਿਆਨ ਨਹੀਂ ਦਿੱਤਾ। ਮੈਂ ਇਹ ਲਫਜ਼ ਆਪਣੇ ਕੋਲੋਂ ਨਹੀਂ ਕਹਿ ਰਿਹਾ ਬਲਕਿ ਇਹ ਪਿਛਲੇ ਪੰਜਾਹ ਸਾਲ ਦਾ ਇਤਿਹਾਸ ਹੈ। 1986 ਵਿਚ ਹੜ੍ਹਾਂ ਨਾਲ ਤਬਾਹੀ ਹੋਈ, 1994 ਵਿਚ ਹੜ੍ਹ ਆਏ ਪਰ ਇਨ੍ਹਾਂ ਦੀ ਸੈਂਟਰ ਦੀ ਸਰਕਾਰ ਨੇ ਜਿਹੜੀਆਂ ਉਸ ਸਮੇਂ ਸਪੈਸੀਫਿਕੇਸ਼ਨਾਂ ਬਣੀਆਂ ਹੋਈਆਂ ਸਨ, ਉਨ੍ਹਾਂ ਵਿਚ ਕਿਸੇ ਕਿਸਮ ਦੀ ਰਿਲੈਕਸੇਸ਼ਨ ਨਹੀਂ ਦਿੱਤੀ। ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਹੈ ਜਿਸ ਨੇ ਸੈਂਟਰ ਤੋਂ 3 ਤੋਂ 8 ਪਰਸੈਂਟ ਰਿਲੈਕਸੇਸ਼ਨ ਲੈ ਕੇ ਦਿੱਤੀ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਵੱਡਾ ਸ਼ਲਾਘਾਯੋਗ ਕਦਮ ਹੈ। ਜਿਹੜੀ ਤਿੰਨ ਪਰਸੈਂਟ ਦੀ ਰਿਲੈਕਸੇਸ਼ਨ ਸੀ, ਉਹ ਅੱਠ ਪਰਸੈਂਟ ਕਰਵਾਈ ਤਾਂ ਕਿ ਪੰਜਾਬ ਦੇ ਕਿਸਾਨ ਦਾ ਝੋਨਾ ਖਰੀਦਿਆ ਜਾ ਸਕੇ। ਸੈਂਟਰ ਤੇ ਪੰਜਾਬ ਵਿਚ ਇਨ੍ਹਾਂ ਦੀ ਸਰਕਾਰ ਰਹੀ ਪਰ ਕਦੀ ਵੀ ਕਾਂਗਰਸ ਸਰਕਾਰ ਨੇ ਇਸ ਤਰ੍ਹਾਂ ਦਾ ਉਪ-ਰਾਲਾ ਨਹੀਂ ਕੀਤਾ। ਸੋ, ਇਸ ਤੋਂ ਵੀ ਵੱਡੀ ਗੱਲ, ਸਪੀਕਰ ਸਾਹਿਬ, ਜਿਹੜੀ ਸਾਡੀ ਪਿੰਡਾਂ ਦੀ ਵਸੋਂ ਹੈ, ਜਿਹੜੇ ਪਿੰਡਾਂ ਵਿਚ ਵਸਦੇ ਹਨ, ਪਿੰਡਾਂ ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ ਉਹ ਨਿਰਪੱਖ ਢੰਗ ਨਾਲ ਹੋਈਆਂ ਹਨ। ਗੜਬੜ ਦੀ ਕੋਈ ਮਿਸਾਲ ਨਹੀਂ ਮਿਲਦੀ। (ਇਕ ਆਵਾਜ਼ : ਵਾਹ-ਵਾਹ) ਇਹ ਵਾਹ ਵਾਹ ਆਖੀ ਜਾਣ ਪਰ ਆਪਣੇ ਸਮੇਂ ਵਿਚ ਜਿਹੜੇ ਸਰਪੰਚ ਚਿੱਟੀ ਪੱਗ ਨਹੀਂ ਸੀ ਬੰਨ੍ਹਦੇ, ਉਸ ਨੂੰ ਇਹ ਥਾਣੇ ਵਿਚ ਬੰਦ ਕਰ ਦਿੰਦੇ ਸੀ। ਆਪਣੀ ਮਰਜ਼ੀ ਦਾ ਸਰਪੰਚ ਲਿਆ ਕੇ ਥੋਪਿਆ ਜਾਂਦਾ ਸੀ। ਇਸ ਤੋਂ ਵੀ ਵੱਡੀ ਗੱਲ ਜਿਹੜੀ ਹੈ, ਮੈਂ ਸਮਝਦਾ ਹਾਂ ਕਿ ਪਿੰਡਾਂ ਦਾ ਭਾਈਚਾਰਾ ਬਣਿਆ ਰਿਹਾ ਹੈ। ਕਾਂਗਰਸ ਦੀ "ਪਾੜੋ ਤੇ ਰਾਜ ਕਰੋ" ਦੀ ਨੀਤੀ ਤੋਂ ਉਪਰ ਉਠ ਕੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਜਿਹੜਾ ਵੀ ਪਿੰਡ ਸਰਬਸੰਮਤੀ ਨਾਲ ਚੋਣ ਕਰੇਗਾ, ਸਾਡੀ ਸਰਕਾਰ ਉਸ ਨੂੰ ਇਕ ਲੱਖ ਰੁਪਿਆ ਗਰਾਂਟ ਦੇਵੇਗੀ ਇਨਾਮ ਵਜੋਂ ਤਾਂ ਕਿ ਪਿੰਡਾਂ ਦਾ ਭਾਈਚਾਰਾ ਬਣਿਆ ਰਹੇ। ਇਨ੍ਹਾਂ ਦੇ ਵੇਲੇ ਇਕ ਦੂਜੇ ਨਾਲ ਲੜਾਈਆਂ ਕਰਵਾਈਆਂ ਜਾਂਦੀਆਂ ਰਹੀਆਂ ਹਨ।

[ਸਰਦਾਰ ਗੁਰਦੀਪ ਸਿੰਘ ਭੁੱਲਰ]

ਸਪੀਕਰ ਸਾਹਿਬ, ਸਹਿਕਾਰਤਾ ਦਾ ਵਿਭਾਗ ਹੈ। ਅੱਜ ਵੀ ਇਹ ਕਿਤੇ ਨਹੀਂ ਸ਼ੁਰੂ ਹੋਇਆ, ਇਕੱਲੇ ਪੰਜਾਬ ਵਿਚ ਹੀ ਹੋਇਆ ਹੈ, ਕਿਸਾਨ ਲਈ ਦੋ ਲੱਖ ਤਾਂਈਂ ਕੈਸ਼ ਕਰੈਡਿਟ ਸਕੀਮ ਚਾਲੂ ਕੀਤੀ ਗਈ ਹੈ ਤਾਂ ਕਿ ਉਸ ਨੂੰ ਬਾਹਰੀ ਸ਼ਾਹੂਕਾਰਾਂ ਦੀ ਲੁੱਟ-ਖਸੁੱਟ ਤੋਂ ਬਚਾਇਆ ਜਾ ਸਕੇ।

ਸਪੀਕਰ ਸਾਹਿਬ, ਸੜਕਾਂ ਦੀ ਗੱਲ ਹੈ। ਮੈਂ ਕਹਿ ਸਕਦਾ ਹਾਂ ਕਿ ਜਿੰਨੀਆਂ ਇਸ ਸਮੇਂ ਦੌਰਾਨ ਲਿੰਕ ਸੜਕਾਂ ਦੀ ਰਿਪੇਅਰ ਹੋਈ ਹੈ, ਹਰ ਹਲਕੇ ਦੇ ਵਿਚ 120 ਕਿਲੋਮੀਟਰ ਪ੍ਰਤੀ ਹਲਕਾ ਲਿੰਕ ਸੜਕਾਂ ਦੀ ਰਿਪੇਅਰ ਹੋਈ ਹੈ। ਆਉਣ ਵਾਲੇ ਸਮੇਂ ਦੇ ਵਿਚ ਜੂਨ, 2000 ਤੱਕ ਜੋ ਟੀਚਾ ਮਿਥਿਆ ਗਿਆ ਹੈ, ਉਹ 8,000 ਕਿਲੋਮੀਟਰ ਸੜਕਾਂ ਨੂੰ ਰਿਪੇਅਰ ਕਰਨ ਦਾ ਹੈ, ਜਿਸ ਤੇ 570 ਕਰੋੜ ਰੁਪਿਆ ਖਰਚ ਹੋਣਾ ਹੈ। ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਦੇ ਇਤਿਹਾਸ ਵਿਚ ਇਹ ਪਹਿਲੀ ਮਿਸਾਲ ਹੈ। ਇਸੇ ਤਰ੍ਹਾਂ ਪਲੈਨ ਰੋਡ ਜਿਹੜੀਆਂ ਹਨ, 3,000 ਕਿਲੋਮੀਟਰ ਰਿਪੇਅਰ ਕਰਨ ਲਈ ਸਾਢੇ ਤਿੰਨ ਸੌ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਨੇ ਪੰਜ ਸਾਲਾਂ ਦੇ ਵਿਚ ਤਾਂ ਕੀ ਪਿਛਲੇ 45 ਸਾਲਾਂ ਦੇ ਰਾਜ ਵਿਚ ਵੀ ਇਥੇ ਕੋਈ ਅਜਿਹੀ ਗੱਲ ਨਹੀਂ ਕੀਤੀ। ਕੇਵਲ ਰਿਪੇਅਰ ਤੇ ਹੀ ਪੈਸਾ ਨਹੀਂ ਖਰਚਣਾ ਬਲਕਿ ਨਵੀਆਂ ਸੜਕਾਂ, ਜਿਹੜੀਆਂ 2,100 ਕਿਲੋਮੀਟਰ ਹੋਣਗੀਆਂ, ਆਉਣ ਵਾਲੇ ਸਮੇਂ ਦੇ ਵਿਚ ਬਣਾਈਆਂ ਜਾਣੀਆਂ ਹਨ। ਇਸ ਦੇ ਲਈ ਵੀ ਪੈਸੇ ਦਾ ਪ੍ਰਬੰਧ ਕੀਤਾ ਹੈ। ਸਪੀਕਰ ਸਾਹਿਬ, ਮੈਂ ਹੋਰ ਦੱਸਣਾ ਚਾਹੁੰਦਾ ਹਾਂ ਕਿ ਸੜਕਾਂ ਟੁੱਟ ਜਾਂਦੀਆਂ ਸੀ ਔਰ ਉਨ੍ਹਾਂ ਦੀ ਰਿਪੇਅਰ ਲਈ, ਲਿੰਕ ਸੜਕਾਂ ਦੇ ਪੈਚ ਵਰਕ ਲਈ ਇਨ੍ਹਾਂ ਦੀ ਸਰਕਾਰ ਨੇ ਪੈਸਾ ਨਹੀਂ ਸੀ ਰੱਖਿਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ 88 ਕਰੋੜ ਰੁਪਏ ਦੀ ਰਕਮ ਰੱਖੀ ਹੈ।

ਵਿੱਦਿਆ ਦਾ ਖੇਤਰ ਹੈ, ਜਿਹੜਾ ਮੈਂ ਸਮਝਦਾ ਹਾਂ ਕਿ ਬਹੁਤ ਜ਼ਰੂਰੀ ਹੈ। ਵਿੱਦਿਆ ਦੇ ਬਿਨਾਂ ਕੋਈ ਵੀ ਇਨਸਾਨ ਜਿਹੜਾ ਹੈ, ਆਪਣੀ ਜ਼ਿੰਦਗੀ ਵਿਚ ਤਰੱਕੀ ਨਹੀਂ ਕਰ ਸਕਦਾ। ਮੁਢੱਲੀ ਵਿੱਦਿਆ ਦੀ ਵਧੇਰੇ ਲੋੜ ਹੈ। ਵਿੱਦਿਆ ਦੇ ਵਿਚ ਟੀਚਰਾਂ ਦੀ ਲੋੜ ਹੈ, ਇਥੇ ਬਿਲਡਿੰਗਾਂ ਦੀ ਵੀ ਲੋੜ ਹੈ। ਜੋ, ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿਘ ਬਾਦਲ ਦੀ ਸਰਕਾਰ ਨੇ ਪਿੰਡਾਂ ਦੀਆਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਲਈ, ਜਿਨ੍ਹਾਂ ਦੀ ਹਾਲਤ ਬਹੁਤ ਖਸਤਾ ਸੀ, ਉਨ੍ਹਾਂ ਨੂੰ ਬਣਾਉਣ ਲਈ 18 ਕਰੋੜ ਰੁਪਿਆ ਦਿੱਤਾ ਹੈ। ਇਨ੍ਹਾਂ ਨੇ ਪੰਜ ਸਾਲਾਂ ਦੇ ਵਿਚ ਇਕ ਦੁਆਨੀ ਨਹੀਂ ਦਿੱਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ 18 ਕਰੋੜ ਰੁਪਿਆ ਪਿੰਡਾਂ ਦੇ ਸਕੂਲਾਂ ਦੀਆਂ ਬਿਲਡਿੰਗਾਂ ਦੇ ਸੁਧਾਰ ਲਈ ਦਿੱਤਾ ਹੈ। ਇਥੇ ਟੀਚਰਾਂ ਦੀ ਬਹੁਤ ਵੱਡੀ ਘਾਟ ਸੀ। ਬਹੁਤ ਲੰਮੇ ਸਮੇਂ ਤੋਂ ਟੀਚਰਾਂ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਗਿਆ। ਬੇਟ ਏਰੀਆ, ਸਪੀਕਰ ਸਾਹਿਬ ਤੁਹਾਡੇ ਹਲਕੇ ਵਿਚ ਵੀ ਪੈਂਦਾ ਹੈ, ਹੋਰ ਵੀ ਬਹੁਤ ਸਾਰੇ ਐਮ. ਐਲ. ਏਜ਼. ਦੇ ਹਲਕਿਆਂ ਵਿਚ ਪੈਂਦਾ ਹੈ। ਟੀਚਰ ਪੂਰੇ ਕਰਨ ਲਈ 14 ਹਜ਼ਾਰ ਟੀਚਰ ਭਰਤੀ ਕੀਤੇ ਗਏ ਤਾਂ ਕਿ ਇਸ ਘਾਟ ਨੂੰ ਪੂਰਾ ਕੀਤਾ ਜਾ ਸਕੇ। ਜਿਹੜੀ ਮੈਂ ਗੱਲ ਹੋਰ ਦੱਸਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਟੀਚਰਾਂ ਨੂੰ ਪੂਰੀ ਮੈਰਿਟ ਦੇ ਆਧਾਰ ਤੇ ਪੱਕੇ ਕੀਤਾ ਗਿਆ ਹੈ। ਅੱਜ

ਇਕ ਵੀ ਟੀਚਰ, ਇਕ ਵੀ ਉਮੀਦਵਾਰ ਹਾਈ ਕੋਰਟ ਵਿਚ ਨਹੀਂ ਗਿਆ ਕਿ ਮੇਰੇ ਨਾਲ ਧੱਕਾ ਹੋਇਆ ਹੈ, ਮੇਰੇ ਨਾਲ ਬੇਇਨਸਾਫ਼ੀ ਹੋਈ ਹੈ । ਨਹੀਂ ਤਾਂ ਇਨ੍ਹਾਂ ਦੇ ਸਮੇਂ ਵਿਚ ਦੇਖੋ, ਗਲਤ ਤਰੀਕੇ ਨਾਲ ਭਰਤੀ ਕੀਤੇ ਗਏ ਟੀਚਰ ਹਾਈ ਕੋਰਟ ਨੇ ਕੱਢੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਉਨ੍ਹਾਂ ਨੂੰ ਰੈਗੂਲਰ ਕਰਨ ਲਈ ਬਹੁਤ ਯਤਨ ਕੀਤੇ। ਸੋ, ਉਹ ਅੱਜ ਇਨ੍ਹਾਂ ਦੀ ਮਾੜੀ ਨੀਅਤ ਕਰਕੇ ਧੱਕੇ ਖਾ ਰਹੇ ਹਨ । ਅੱਜ ਹਾਈ ਕੋਰਟ ਨੇ ਉਨ੍ਹਾਂ ਨੂੰ ਕੱਢਿਆ, ਉਨ੍ਹਾਂ ਦਾ ਕੀ ਕਸੂਰ ਹੈ । ਇਨ੍ਹਾਂ ਨੇ ਭਾਈ ਭਤੀਜਾਵਾਦ ਕੀਤਾ ਔਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਉਨ੍ਹਾਂ ਨੂੰ ਚੋਰ ਰਸਤੇ ਰਾਹੀਂ ਭਰਤੀ ਕੀਤਾ ਔਰ ਉਨ੍ਹਾਂ ਨੂੰ ਕਾਨੂੰਨ ਦੇ ਆਧਾਰ ਤੇ ਹੀ ਹਾਈ ਕੋਰਟ ਨੇ ਕੱਢਿਆ । ਸੋ, ਮੈਂ ਸਮਝਦਾ ਹਾਂ

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰੋ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਦੋ ਕੁ ਮਿੰਟ ਦੇ ਦਿਉ । ਮੈਂ ਪਹਿਲੀ ਵਾਰ ਤੁਹਾਡੇ ਤੋਂ ਸਮਾਂ ਮੰਗਿਆ ਹੈ ।

ਸ਼੍ਰੀ ਸਪੀਕਰ : ਇਕ ਮਿੰਟ ਲੈ ਲਵੋ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਦੋ ਮਿੰਟ ਦੇ ਦਿਉ । ਇੰਨਾਂ ਤਾਂ ਲਿਹਾਜ਼ ਕਰੋ । ਮੇਰਾ ਤੁਹਾਡਾ ਗਵਾਂਢੀ ਹਲਕਾ ਹੈ, ਇੰਨਾਂ ਕੁ ਲਿਹਾਜ਼ ਕਰ ਲਵੋ । ਇਸੇ ਤਰ੍ਹਾਂ ਸਪੀਕਰ ਸਾਹਿਬ, ਤਕਨੀਕੀ ਸਿੱਖਿਆ ਦਾ ਖੇਤਰ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਪ੍ਰਾਪਤੀ ਹੈ । ਪੰਜ ਨਵੇਂ ਇੰਜੀਨੀਅਰਿੰਗ ਕਾਲਜ ਖੋਲ੍ਹੇ ਜਾ ਰਹੇ ਹਨ ਤਾਂ ਕਿ ਚੰਗੀ ਤਕਨੀਕ ਦੇ ਨਾਲ ਸਾਡੇ ਨੌਜਵਾਨ ਹਰ ਖੇਤਰ ਦੇ ਵਿਚ ਤਰੱਕੀ ਕਰ ਸਕਣ । ਮੈਡੀਕਲ ਸਿੱਖਿਆ ਦੀ ਗੱਲ ਹੈ, ਬਹੁਤ ਵੱਡੀ ਪ੍ਰਾਪਤੀ ਹੈ । ਸਪੀਕਰ ਸਾਹਿਬ, ਸਾਡੇ ਵਿਹੜੇ ਫਰੀਦਕੋਟ ਵਿਚ ਸਿਹਤ ਵਿਗਿਆਨ ਯੂਨੀਵਰਸਿਟੀ ਬਣ ਰਹੀ ਹੈ, ਜਲੰਧਰ ਦੇ ਵਿਚ ਸਾਇੰਸ ਸਿਟੀ ਬਣ ਰਹੀ ਹੈ, ਅਸੀਂ ਇਸ ਦੀ ਜ਼ਿਆਦਾ ਵਿਆਖਿਆ ਦੇ ਵਿਚ ਨਹੀਂ ਜਾਂਦੇ । ਮੈਂ ਸਮਝਦਾ ਹਾਂ ਕਿ ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਪੰਜਾਹ ਸਾਲਾਂ ਦੇ ਵਿਚੋਂ ਇਸ ਸਮੇਂ ਦੇ ਵਿਚ ਬਹੁਤ ਵੱਡੀ ਪ੍ਰਾਪਤੀ ਹੈ । ਇਹ ਪਿਛਲੇ 50 ਸਾਲਾਂ ਦੇ ਵਿਚ ਇਕ ਮਿਸਾਲ ਹੈ । ਬਿਜਲੀ ਦੀ ਗੱਲ ਹੈ ਜਿਸ ਦੀ ਬਹੁਤ ਵੱਡੀ ਲੋੜ ਹੈ । ਬਿਜਲੀ ਦੇ ਬਿਨਾਂ ਕੋਈ ਫੈਕਟਰੀ ਨਹੀਂ ਚਲ ਸਕਦੀ, ਨਾ ਖੇਤੀਬਾੜੀ ਹੋ ਸਕਦੀ ਹੈ । ਬਿਜਲੀ ਤੋਂ ਬਿਨਾਂ ਤਾਂ ਲੱਸੀ ਵੀ ਨਹੀਂ ਮਿਲ ਸਕਦੀ ਕਿਉਂਕਿ ਮਧਾਣੀ, ਬਿਨਾਂ ਬਿਜਲੀ ਤੋਂ ਚਲ ਨਹੀਂ ਸਕਦੀ । ਸੋ ਇਨ੍ਹਾਂ ਨੇ ਬਿਜਲੀ ਦੇ ਖੇਤਰ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ, ਤਾਂ ਕਿ ਬਿਜਲੀ ਲੋਕਾਂ ਨੂੰ ਮੁਹੱਈਆ ਕਰਵਾਈ ਜਾ ਸਕੇ । ਇਹ ਸਾਰਾ ਕ੍ਰੈਡਿਟ ਇਸ ਸਰਕਾਰ ਨੂੰ ਜਾਂਦਾ ਹੈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੂੰ ਜਾਂਦਾ ਹੈ । ਇਹ ਰੌਲਾ ਪਾਈ ਜਾਣ ਇਸ ਨਾਲ ਕੋਈ ਫਰਕ ਨਹੀਂ ਪੈਣਾ । 600-700 ਕਰੋੜ ਰੁਪਏ ਦੇ ਕੇ ਥੀਨ ਡੈਮ ਜਿਹੜਾ ਕਿ ਪਿਛਲੇ ਬਹੁਤ ਸਾਲਾਂ ਤੋਂ ਲਟਕਦਾ ਆ ਰਿਹਾ ਸੀ, ਪਹਿਲੀਆਂ ਸੈਂਟਰ ਦੀਆਂ ਸਰਕਾਰਾਂ ਔਰ ਪੰਜਾਬ ਦੀਆਂ ਸਰਕਾਰਾਂ ਨੇ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦਿੱਤਾ ਸੀ । ਪਹਿਲੇ ਪ੍ਰਧਾਨ ਮੰਤਰੀਆਂ ਨੇ ਇਸ ਥੀਨ ਡੈਮ ਵੱਲ ਕੋਈ ਧਿਆਨ ਨਹੀਂ ਦਿੱਤਾ ਕਿ ਬਿਜਲੀ ਕਿਸਾਨਾਂ ਨੂੰ ਮਿਲ ਸਕੇ ਅਤੇ ਲੋਕਾਂ ਨੂੰ ਸਿੰਚਾਈ ਦੀਆਂ ਸਹੂਲਤਾਂ ਮਿਲ ਸਕਣ । ਅਸੀਂ

[ਸਰਦਾਰ ਗੁਰਦੀਪ ਸਿੰਘ ਭੁੱਲਰ]
ਸਮਝਦੇ ਹਾਂ ਕਿ ਇਹ ਇਸ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਵਿਰੋਧੀ ਧਿਰ ਦੇ ਵੀਰ ਰੌਲਾ ਪਾਉਂਦੇ ਹਨ ਪਰ ਉਹ ਸੱਚਾਈ ਤੋਂ ਕਦੇ ਮੁਨਕਰ ਨਹੀਂ ਹੋ ਸਕਦੇ। ਉਸ ਡੈਮ ਦੇ ਵਿਚ ਪਾਣੀ ਭਰਨਾ ਸ਼ੁਰੂ ਹੋ ਗਿਆ ਹੈ ਅਤੇ ਇਹ ਡੈਮ ਜੂਨ-ਜੁਲਾਈ ਦੇ ਵਿਚ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ ਅਤੇ ਇਸ ਤੋਂ 600 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਮੈਂ ਸਮਝਦਾ ਹਾਂ ਕਿ ਆਉਣ ਵਾਲੇ ਇਤਿਹਾਸ ਵਿਚ ਇਸ ਵੱਡੀ ਪ੍ਰਾਪਤੀ ਨੂੰ ਭੁਲਾਇਆ ਨਹੀਂ ਜਾ ਸਕਦਾ। ਸਪੀਕਰ ਸਾਹਿਬ, ਭਲਾਈ ਦਾ ਖੇਤਰ ਹੈ ਪੱਛੜੀਆਂ ਸ਼੍ਰੇਣੀਆਂ ਦੀਆਂ ਸਹੂਲਤਾਂ ਦੇ ਬਾਰੇ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਕੋਈ ਸਰਕਾਰ ਮਾੜਾ ਕੰਮ ਕਰਦੀ ਹੈ ਉਸਦੀ ਆਲੋਚਨਾ ਕਰਨਾ ਹਰ ਇਕ ਦਾ ਫਰਜ਼ ਬਣਦਾ ਹੈ ਪਰ ਜੇਕਰ ਐਵੇਂ ਹੀ ਵਿਰੋਧੀ ਮਜ਼ਬ ਹੋ ਆਲੋਚਨਾ ਕਰਨ ਤਾਂ ਇਹ ਠੀਕ ਨਹੀਂ ਹੈ। ਸਪੀਕਰ ਸਾਹਿਬ, ਮੈਂ ਇਕ ਮਿੰਟ ਲੈਣਾ ਚਾਹੁੰਦਾ ਹਾਂ

ਸ਼੍ਰੀ ਸਪੀਕਰ : ਤੁਹਾਡਾ ਸਮਾਂ ਹੋ ਗਿਆ ਹੈ। ਪਲੀਜ਼ ਵਾਈਂਡ ਅੱਪ ਕਰੋ।

ਸਰਦਾਰ ਗੁਰਦੀਪ ਸਿੰਘ ਭੁੱਲਰ : ਮੈਂ ਇਕ ਗੱਲ ਸੁਣਾ ਕੇ ਖਤਮ ਕਰ ਦੇਵਾਂਗਾ। ਕਿਸੇ ਬੰਦੇ ਨੂੰ ਲੜਾਈ ਕਰਨ ਦੀ ਆਦਤ ਸੀ ਉਸ ਦੀ ਘਰ ਵਾਲੀ ਉਸ ਤੋਂ ਤੰਗ ਸੀ। ਇਕ ਦਿਨ ਉਸ ਦੀ ਘਰ ਵਾਲੀ ਨੇ ਉਸ ਦੇ ਲਈ ਵਧੀਆ ਬਿਸਤਰਾ, ਵਧੀਆ ਖਾਣਾ ਤਿਆਰ ਕਰਕੇ ਰੱਖ ਲਿਆ ਤਾਂ ਕਿ ਉਹ ਉਸ ਨਾਲ ਨਾ ਲੜੇ। ਜਦੋਂ ਉਸ ਨੇ ਆ ਕੇ ਖਾਣਾ ਖਾਧਾ ਤਾਂ ਉਸ ਨੇ ਕਿਹਾ ਕਿ ਭਾਗਵਾਨੇ ਖਾਣਾ ਬਹੁਤ ਵਧੀਆ ਬਣਾਇਆ ਹੈ। ਇਸ ਤਰ੍ਹਾਂ ਹਰ ਰੋਜ਼ ਬਣਾਇਆ ਕਰੋ। ਉਸ ਦੀ ਘਰ ਵਾਲੀ ਖੁਸ਼ ਹੋਈ ਕਿ ਲੜਾਈ ਨਹੀਂ ਹੋਵੇਗੀ। ਪਰ ਜਦੋਂ ਰਾਤ ਨੂੰ ਜਿੱਥੇ ਮੰਜਾ ਡਾਹਿਆ ਹੋਇਆ ਸੀ ਤਾਂ ਰਾਤ ਨੂੰ ਉਸ ਦਾ ਘਰ ਵਾਲਾ ਅਪਣੀ ਘਰ ਵਾਲੀ ਨੂੰ ਪੁੱਛਣ ਲੱਗਾ ਕਿ ਇਹ ਤਾਰੇ ਇਉਂ ਕਿਉਂ ਸੰਘਣੇ ਹੋ ਗਏ ਹਨ ਤਾਂ ਘਰ ਵਾਲੀ ਨੇ ਕਿਹਾ ਕਿ ਧਰਮਰਾਜ ਦੇ ਖੱਚਰ ਧਨ ਲੈ ਕੇ ਜਾ ਰਹੇ ਹਨ ਤਾਂ ਉਸ ਦਾ ਘਰ ਵਾਲਾ ਲੜ ਪਿਆ ਕਿ ਤੂੰ ਮੈਨੂੰ ਮਰਵਾਏਂਗੀ ਜੇਕਰ ਇਹ ਖੱਚਰਾਂ ਸਾਡੇ ਤੇ ਡਿੱਗ ਪਈਆਂ ਤਾਂ ਅਸੀਂ ਮਰ ਜਾਵਾਂਗੇ। ਸੋ, ਇਹ ਗੱਲ ਤਾਂ ਇਨ੍ਹਾਂ ਦੀ ਹੈ। ਹਰ ਗੱਲ ਦੀ ਵਿਰੋਧਤਾ ਕਰਨੀ ਹੈ। ਇਸੇ ਤਰ੍ਹਾਂ ਉਦਯੋਗ ਦੀ ਗੱਲ ਹੈ। ਕਿਸੇ ਵੀ ਸੂਬੇ ਦੀ ਤਰੱਕੀ ਇੰਡਸਟਰੀ ਤੋਂ ਬਿਨਾਂ ਨਹੀਂ ਹੋ ਸਕਦੀ। ਮੈਨੂੰ ਬੜੇ ਦੁੱਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਇਨ੍ਹਾਂ ਨੇ ਪਿਛਲੇ 50 ਸਾਲਾਂ ਦੇ ਵਿਚ ਪੰਜਾਬ ਵਿਚ ਇੰਡਸਟਰੀ ਲਿਆਉਣ ਵਾਸਤੇ ਕੋਈ ਉਪਰਾਲਾ ਨਹੀਂ ਕੀਤਾ। ਅਤੇ ਅੱਜ ਇਹ ਸਚਾਈ ਤੋਂ ਮੁਨਕਰ ਨਹੀਂ ਹੋ ਸਕਦੇ। 16 ਹਜ਼ਾਰ ਕਰੋੜ ਰੁਪਏ ਦੀ ਰਿਫਾਇਨਰੀ ਜਿਹੜੀ ਕਿ ਬਠਿੰਡਾ ਦੇ ਵਿਚ ਲੱਗ ਰਹੀ ਹੈ। ਇਹ ਦੁਨੀਆਂ ਦੇ ਵਿਚ ਪਹਿਲੀ ਮਿਸਾਲ ਹੈ। ਇਸ ਦੇ ਨਾਲ ਜਿੱਥੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ ਉਥੇ ਇਸ ਦੇ ਨਾਲ ਹੀ ਲੋਕਾਂ ਨੂੰ ਕਈ ਤਰ੍ਹਾਂ ਦੇ ਸਾਈਡ ਬਿਜ਼ਨੈਸ ਕਰਨ ਦਾ ਮੌਕਾ ਵੀ ਮਿਲੇਗਾ ਅਤੇ ਪੰਜਾਬ ਨਵੀਆਂ ਤਰੱਕੀ ਦੀਆਂ ਲੀਹਾਂ ਤੇ ਜਾਵੇਗਾ। ਇਸ ਤੋਂ ਵੀ ਵੱਧ 2468 ਕਰੋੜ ਦੀ ਜਿਹੜੀ ਹੋਰ ਮਸ਼ੀਨਰੀ ਲਾ ਕੇ ਦਿੱਤੀ ਹੈ ਮੈਂ ਸਮਝਦਾ ਹਾਂ ਇਹ ਬਹੁਤ ਵੱਡੀ ਦੇਣ ਹੈ। ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ,

ਕਲ੍ਹ ਸਾਡੇ ਵਿਰੋਧੀ ਧਿਰ ਵਾਲੇ ਰੌਲਾ ਪਾਉਂਦੇ ਸੀ, ਠੇਕੇ ਨਹੀਂ ਮਿਲੇ, ਪਿੱਟਦੇ ਸੀ। ਠੇਕੇ ਵਿਚ ਹਿੱਸੇਦਾਰੀ ਜੋ ਹੁੰਦੀ ਸੀ। ਇਨ੍ਹਾਂ ਦੇ ਬੰਦੇ ਰਹਿ ਗਏ। ਜੋ ਲੁਧਿਆਣੇ, ਜਲੰਧਰ ਵਿਚ ਠੇਕਿਆਂ ਵਿਚ ਇਨਕਰੀਜ਼ ਹੋਈ ਹੈ ਜਿਵੇਂ ਲੁਧਿਆਣੇ ਵਿਚ 18% ਤੇ ਜਲੰਧਰ ਵਿਚ 19%, ਇਹ ਇਨ੍ਹਾਂ ਦੇ ਇਤਿਹਾਸ ਵਿਚ ਕਦੇ ਨਹੀਂ ਹੋਈ। ਇਹ ਘਰ ਬੈਠੇ ਸੌਦਾ ਕਰ ਲੈਂਦੇ ਸੀ, ਆਪਣਾ ਹਿੱਸਾ ਲੈਂਦੇ ਸੀ। ਇਹ ਮਿਸਾਲ ਹੈ ਪਿਛਲੇ 10-20 ਸਾਲਾਂ ਵਿਚ ਕਦੇ ਇੰਨੀ ਇਨਕਰੀਜ ਨਹੀਂ ਹੋਈ। ਇਹ ਸਰਕਾਰ ਪਾਰਦਰਸ਼ਤਾ ਨਾਲ ਚਲ ਰਹੀ ਹੈ।

ਸ੍ਰੀ ਸਪੀਕਰ : ਬੱਸ ਜੀ, ਨੋ ਪਲੀਜ਼।

ਸਰਦਾਰ ਗੁਰਦੀਪ ਸਿੰਘ ਭੁੱਲਰ : ਇਕੋ ਮਗਰਲੀ ਗੱਲ ਹੈ ਕਿ ਤਿੰਨ ਸੌ ਸਾਲਾ ਖਾਲਸਾ ਸਾਜਣਾ ਦਿਵਸ ਪੰਜਾਬ ਵਿਚ ਮਨਾਇਆ ਜਾ ਰਿਹਾ ਹੈ। ਇਹ ਬਹੁਤ ਵੱਡੀ ਗੱਲ ਹੈ। ਸਾਡੇ ਸਾਰਿਆਂ ਲਈ ਇਹ ਬਹੁਤ ਗੌਰਵ ਦੀ ਗੱਲ ਹੈ। ਅਸੀਂ ਉਸ ਅਮੀਰ ਵਿਰਸੇ ਤੇ ਆਪਣੇ ਅਮੀਰ ਇਤਿਹਾਸ ਤੇ ਗੌਰਵ ਕਰ ਰਹੇ ਹਾਂ। ਜਿਸ ਇਤਿਹਾਸ ਨੇ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਬਲ ਬਖਸ਼ਿਆ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਨੂੰ ਆਖਿਆ ਇਸ ਦੇਸ਼ ਵਿਚੋਂ ਜ਼ੁਲਮ ਖ਼ਤਮ ਕਰਾਉਣ ਲਈ ਜੇ ਕਿਸੇ ਬੰਦੇ ਦੀ ਕੁਰਬਾਨੀ ਨਾਲ, ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਨਾਲ ਠੱਲ ਪਾਈ ਜਾ ਸਕਦੀ ਹੈ ਤਾਂ ਤੁਹਾਡੇ ਤੋਂ ਵੱਡਾ ਹੋਰ ਕੋਈ ਨਹੀਂ ਹੋ ਸਕਦਾ। ਐਸੀ ਮਿਸਾਲ ਨਹੀਂ ਮਿਲਦੀ। ਇਸ ਦੇਸ਼ ਦੇ ਗੌਰਵ ਨੂੰ ਜਿਉਂਦਾ ਰੱਖਣ ਲਈ, ਦੇਸ਼ ਵਿਚੋਂ ਜ਼ੁਲਮ ਖ਼ਤਮ ਕਰਨ ਲਈ ਬਾਪ ਨੇ ਆਪਣੇ ਬੇਟਿਆਂ ਨੂੰ ਸ਼ਹੀਦ ਕਰਵਾਇਆ ਬੇਟਿਆਂ ਨੂੰ ਨੀਹਾਂ ਵਿਚ ਚਿਣਵਾਇਆ ਅਜਿਹੀ ਦੁਨੀਆਂ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਉਸ ਸ਼ਕਤੀ ਤੋਂ ਪ੍ਰੇਰਨਾ ਲੈ ਕੇ ਖਾਲਸੇ ਦਾ ਜਨਮ ਹੋਇਆ। ਇਸ ਤੋਂ ਬਾਅਦ ਹਿੰਦੁਸਤਾਨ ਤੇ ਭਾਵੇਂ ਹਮਲੇ ਹੋਏ, ਅਬਦਾਲੀ ਆਇਆ ਲੋਕਾਂ ਦੀਆਂ ਬਹੂ-ਬੇਟੀਆਂ ਲੁੱਟ ਕੇ ਵੇਚ ਦਿੰਦਾ ਸੀ।

ਸ੍ਰੀ ਸਪੀਕਰ : ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ।

ਸਰਦਾਰ ਗੁਰਦੀਪ ਸਿੰਘ ਭੁੱਲਰ : ਉਸ ਤੋਂ ਮਗਰੋਂ ਅੰਗਰੇਜ਼ਾਂ ਦਾ ਰਾਜ ਆਇਆ। ਅੰਗਰੇਜ਼ਾਂ ਦੀ ਗੁਲਾਮੀ ਨੂੰ ਖਤਮ ਕਰਾਉਣ ਲਈ ਅਸੀਂ 80% ਕੁਰਬਾਨੀਆਂ ਕੀਤੀਆਂ। ਮੈਂ ਸਮਝਦਾ ਹਾਂ ਕਿ ਹਰ ਖੇਤਰ ਵਿਚ ਇਹ ਆਨੰਦਪੁਰ ਦੀ ਧਰਤੀ ਦੀ ਦੇਣ ਹੈ। ਜਿਸ ਆਦਰਸ਼ ਤੋਂ ਸੇਧ ਲੈ ਕੇ ਪੰਜਾਬ ਹਿੰਦੁਸਤਾਨ ਤੋਂ ਘੱਟ ਸਮਾਂ ਗੁਲਾਮ ਰਿਹਾ ....

Mr. Speaker : Sit down please.

ਸਰਦਾਰ ਗੁਰਦੀਪ ਸਿੰਘ ਭੁੱਲਰ : ਇਹ ਦਿਨ ਇਕੱਠੇ ਹੋ ਕੇ ਮਨਾਉਣਾ ਚਾਹੀਦਾ ਹੈ। ਗੱਲਾਂ ਕਰਦੇ ਹਨ ਕਿ ਸਾਨੂੰ ਸੱਦਿਆ ਨਹੀਂ, ਇਹ ਜਿਹੜੀ ਗੱਲ ਕਰਦੇ ਸੀ ਕਿ ਅਸੀਂ ਵੱਖਰਾ ਮਨਾਉਣਾ ਚਾਹੁੰਦੇ ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ)। ਪਹਿਲਾਂ ਇਨ੍ਹਾਂ ਦੀ ਪਾਰਟੀ ਇਸ ਪ੍ਰਤੀ ਸੁਹਿਰਦ ਨਹੀਂ ਸੀ। ਕਹਿੰਦੇ ਸੀ ਇਹ ਮਨਾਉਣਾ ਨਹੀਂ ਇਸ ਦਾ ਬਾਈਕਾਟ ਕਰ ਰਹੇ ਹਨ। ਮੈਂ ਨਾਮ ਨਹੀਂ ਲੈਣਾ ਚਾਹੁੰਦਾ।

ਸ੍ਰੀ ਸਪੀਕਰ : ਕਲੋਜ਼ ਕਰੋ । ਚਾਵਲਾ ਜੀ, ਤੁਸੀਂ ਬੋਲੋ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਇਹ ਦਿਨ ਮਨਾਉਣ ਲਈ ਇਕੱਠੇ ਹੋਣਾ ਚਾਹੀਦਾ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ । ਇਹ ਗੱਲ ਗਲਤ ਹੈ । ਅਸੀਂ ਵੀ ਮਨਾਉਣਾ ਚਾਹੁੰਦੇ ਹਾਂ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਇਸ ਦੇ ਨਾਲ ਹੀ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ । ਪਰ ਤੁਸੀਂ ਮੈਨੂੰ ਟਾਈਮ ਹੋਰ ਦਿਓ ।

श्रीमती लक्ष्मी कांता चावला (अमृतसर केन्द्रीय) : जो धन्यावाद प्रस्ताव सदन के समक्ष है उस के विषय में मुझे बहुत कुछ कहना है । यह ठीक है रिवाज हो गया, रिचुअल हो गया, सेरेमनी हो गई कि राज्यपाल सरकार का तैयार किया हुआ भाषण पढ़े और मै भी महसूस करती हूं कि यह....

ਸ੍ਰੀ ਸਪੀਕਰ : ਤੁਹਾਡੇ ਕੋਲ ਸੱਤ ਮਿੰਟ ਹਨ ।

श्रीमती लक्ष्मी कांता चावला : सात नहीं, मेरे से पहले और भी बहुत लंबा बोल कर गए हैं ।

ਸ੍ਰੀ ਸਪੀਕਰ : ਉਹ ਗਲਤ ਕਰ ਗਏ ਹਨ ।

श्रीमती लक्ष्मी कांता चावला : जितना समय खियाला जी को दिया है उतना मुझे भी देना चाहिए । मुझे नही पता कितना है । मुझे मेरा समय पूरा लेना है । मेरा यह निवेदन है कि लाखों रूपए खर्च करके यह भाष्ण पढ़ा जाता है । एक रिचुयल है, मैं इसे रिचुअल का नाम देती हूं । फिर लाखों रूपये खर्च के बहस होती है । मेरा इतना कहना है कि कुछ तैय कर लिया जाए कि जो बात पंजाब के हित में है सब एक सुर में उसे माने, जो हित में नहीं है एक सुर में नहीं किया जाए । अगर ऐसा हो जाएगा तो यह 11वीं विधान सभा ऐतिहासिक आदर्श प्रस्तुत कर सकेगी । ग्यारवीं पंजाब विधान सभा एक ऐतिहासिक घटना है । इस राज्यपाल के भाषण में कई बातें को लिखने के खातिर ही लिखा गया है, पंजाब के समाजिक सुरक्षा तथा महिला एवं बाल विकास के लिये सरकार कुछ करना चाहती है मगर कर नहीं पा रही या सरकार के पास पूरी खबर पहुंचती नहीं या फिर सरकार उन बातों को स्वीकार नहीं करना चाहती । सरकार ने वृद्धों को पैनशन देने के लिये अगस्त, 1997 में एक नई योजना चलाई थी पर उसका हाल इस तरह हुआ कि "पंचों का कहा सिर माथे, परनाला वहीं का वहीं" अब वह लोग दफतरों

के बेकर काट रहे है । सरकार की तरफ से कहा गया था कि 60 साल की महिला को और 65 साल के पुरूषों को पैंशन दी जायेगी । आंतकवाद से प्रभावित परिवारों को पिछले 6 महीनों से पैंशन नहीं मिल रही । इन परिवारों की हालत बहुत खराब है । इस तरफ सरकार को विशेष ध्यान देने की जुरूरत है । मैं मुख्य मंत्री साहिब को प्रार्थना करना चाहती हूं कि जब तक इन गरीब परिवारों को पैंशन मिल नहीं जाती उतनी देर तक एम. एल. ए. और मनिस्टरज की तन्खाह को बन्द करके इन गरीब परिवारों को पैंनशन पहले दी जानी चाहिये पर संयोगवंश सरकार ने आर्थिक कमी के कारण हमारी तन्खाह को रोक दिया । महिला एंव बाल विकास के बारे में राजपाल के भाषण में बहुत कुछ कहा गया है पर सरकार को जो कुछ करना चाहिये वह कर नहीं पा रही और सरकार की मजबूरी करके कई स्कीमें बन्द पड़ी है । अबोहर के भंगड़खेड़ा गांव में एक महिला को अर्ध नग्न करके घुमाया गया और उस पर चरित्रहीन का इलजाम लगाया गया । इस तरह की बातों को रोकना चाहिए । और सरकार को खुद देखना चाहिये । इस तरह सरकार की इज्जत बढ़ती है । इस तरह की धटनाओं का कोई जिकर नही किया जाता । श्री गुरू गोविन्द सिंह जी का सन्देश है कि "मानस की जात सभै ऐके पहिचानबो" समूची मानवता में एक ही आत्मा की गूंज सुनाई देती है । सरकार की तरफ से जो अनुसूचित जातीयों की बेटियों के लिये सारे पंजाब में 5100 रूपये की शगुन स्कीम लागू की गई है अगर इस स्कीम को विशेष वर्ग के बजाये गरीब बेटीयों के लिये चालूं की जाती तो बहुत अच्छा होता वोट की राजनीति से ऊपर उठ कर किया जाता और सब गरीब बेटीयों को फायदा हो जाता । इस तरह करने से धर्म में परिवर्तन होने का डर रहेगा । इस स्कीम में संसोधन करने की जुरूरत है ।

सामाजिक सुरक्षा के बाद अब मैं राज्य में लाटरी स्कीमें जो चल रही है इस से होने वालों 98 करोड़ रूपये की आय के बारे में कहना चाहती हूं । इस लाटरी सिस्टम से कई लाख परिवार उजड़ रहे है और उन परिवारों की रोटी उजड़ रही हैं जो परिवासी परिवार पंजाब में काम करके अपने घरों को पैसे भेजते थे अब वह मजदूर-भाई इन लाटरीयों में अपनी कमाई लगा रहे हैं पीछे एक सरवे लुधियाना जिले का किया था जिसमे पता चला कि चार करोड़ रूपया केवल लुधियाना शहर से घट गया । इस तरह सरकार शहर में गली गली में शराब के ठेके खोल रही है । गुरूवानी में कहीं नहीं लिखा है शराब की दुकानें खोली जाये और कमाई की जाये । सरकार एक तरफ खालसा की साजना का 300 साला मनाने जा रही है और दूसरी तरफ शराब के ठेके गलीयों में खोल रही है । इस से सामाजिक बुराई पैदा होती है और अब तो बाप बेटे को पैसे देकर शराब की बोतल ठेके से मांगवाता है यह कोई अच्छी बात नहीं है । राज्यपाल के भाषण में कहा गया है कि सभी सरकारी स्कूलों

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

में सरकार की तरफ से इस खालसा दिवस पर सफेदी करवाई जायेगी। यह बहुत अच्छी बात की जा रही है और भी कुछ करना चाहिये ।

ਸ੍ਰੀ ਸਪੀਕਰ : ਬੀਬੀ ਜੀ, ਤੁਸੀਂ ਪੰਜ ਮਿੰਟ ਹੋਰ ਬੋਲ ਲਵੋ ।... (ਵਿਘਨ)

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਨਹੀਂ ਜੀ, ਹਾਊਸ ਦਾ ਹੁਣ ਸਮਾਂ ਹੋ ਗਿਆ ਹੈ ਅਤੇ ਮੈਂ 17 ਮਾਰਚ ਨੂੰ ਬੋਲਾਂਗੀ ।

ਸ੍ਰੀ ਸਪੀਕਰ : ਠੀਕ ਹੈ ਜੇ ਤੁਸੀਂ ਹੁਣ ਹੋਰ ਨਹੀਂ ਬੋਲਣਾ ਚਾਹੁੰਦੇ ਤਾਂ 17 ਮਾਰਚ ਨੂੰ ਬੋਲ ਲੈਣਾ । ਹੁਣ ਹਾਊਸ ਬੁੱਧਵਾਰ, ਮਿਤੀ 17 ਮਾਰਚ, 1999 ਦੇ 2 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*1.30 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 17 ਮਾਰਚ, 1999 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ ।)

———

1073—1-7-99—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

PUNJAB VIDHAN SABHA

DEBATES

17th March, 1999

Vol. VII—No. 5

OFFICIAL REPORT

CONTENTS

Wednesday, the 17th March, 1999

Punjab Vidhan Sabha Secretariat, Chandigarh.

Price Rs ....

PUNJAB VIDHAN SABHA

Wednesday, the 17th March, 1999

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2-00 P.M. Mr. Speaker (Sardar Charajit Singh Atwal) in the Chair.

STARRED QUESTIONS AND ANSWERS

SUPPLEMENTARIES TO STARRED QUESTION NO. *1369

ਸ੍ਰੀ ਸਪੀਕਰ : ਸਭ ਤੋਂ ਪਹਿਲਾਂ ਪ੍ਰਸ਼ਨ ਨੰਬਰ 1369 ਤੇ ਸਪਲੀਮੈਂਟਰੀ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਦੀ ਸੀ । ਮੰਤਰੀ ਜੀ ਜਵਾਬ ਦਿਓ ।

ਸ੍ਰੀ ਮਨੋਰੰਜਨ ਕਾਲੀਆ (ਸਿਹਤ ਤੇ ਪਰਿਵਾਰ ਭਲਾਈ ਮੰਤਰੀ) : ਸਪੀਕਰ ਸਾਹਿਬ ਜਿਥੋਂ ਤੱਕ ਕਲਾਸੀਫਾਈਡ ਵਿਗਿਆਪਨਾਂ ਦਾ ਤਾਅਲੁੱਕ ਹੈ, ਇਹ ਉਨ੍ਹਾਂ ਅਖਬਾਰਾਂ ਵਿੱਚ ਹੀ ਦਿੱਤੇ ਗਏ ਹਨ ਜਿਨ੍ਹਾਂ ਅਖਬਾਰਾਂ ਦੀ ਸਰਕੂਲੇਸ਼ਨ 2000 ਕਾਪੀਆਂ ਤੋਂ ਜਿਆਦਾ ਹੈ ਪਰ ਜਿਹੜੀਆਂ ਐਡਵਰਟਾਈਜ਼ਮੈਂਟਾਂ ਡਿਸਪਲੇਅ ਵਾਲੀਆਂ ਹੁੰਦੀਆਂ ਹਨ, ਉਹ ਹੋਰਨਾਂ ਅਖਬਾਰਾਂ ਵਿਚ ਵੀ ਦਿੱਤੀਆਂ ਜਾ ਸਕਦੀਆਂ ਹਨ ਅਤੇ ਇਹ ਪਾਲਿਸੀ ਅਨੁਸਾਰ ਹੀ ਦਿੱਤੀਆਂ ਗਈਆਂ ਹਨ ।

श्रीमती लक्ष्मी कांता चावला : अध्यक्ष महोदय, मेरा निवेदन है कि कुछ विज्ञापन जो अखबारों में दिये गए जैसे आस पास, अंत की आवाज, काशी दी आवाज, कानून दी आंख, सूल सुकाही आज की आवाज़ क्या इन के नाम लोक सम्पर्क विभाग में दर्ज हैं ? शेखवां साहिब ने जो लिस्ट दी है, उस के मुताबिक ही मैं मंत्री जी से पूछना चाहती हूं कि जो विज्ञापन अखबारों में दिये हैं, क्या यह पैसा बचाया नहीं जा सकता था ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਇਸ ਸਬੰਧੀ ਪਾਲਿਸੀ 1980-81 ਵਿਚ ਫਰੇਮ ਹੋਈ ਸੀ ਅਤੇ ਉਸ ਵਿਚ ਲਿਖਿਆ ਹੈ ਕਿ Suitable achievment-oriented advertisements may be issued in all daily newspapers, weeklies etc. ਸੋ, ਇਹ ਪਾਲਿਸੀ ਦੇ ਮੁਤਾਬਿਕ ਹੀ ਦਿੱਤੇ ਗਏ ਹਨ ।

---

*For Starred Question No. 1369 and reply thereto, please see P.V.S. Debates dated 12th March, 1999.

Mr. Speaker: Next Question.

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੈਂ ਇੱਕ ਸਪਲੀਮੈਂਟਰੀ ਕਰਨੀ ਚਾਹੁੰਦੀ ਹੈ।

ਸ੍ਰੀ ਸਪੀਕਰ : ਪੁੱਛ ਲਉ।

श्रीमती लक्ष्मी कांता चावला : अध्यक्ष महोदय, इन विज्ञापनों में बहुत सारे नेताओं की अखबारों में फोटो भी छपी है। इस तरह 22 अगस्त, 1997 के विज्ञापन में सरदारनी प्रकाश कौर बादल का नाम छपा है। यह कौन है? (विघ्न) इस विज्ञापन में लिखा हुआ है—सरदार प्रकाश सिंह बादल, श्री मनोरंजन कालिया, सरदार इन्द्रजीत सिंह जीरा। मेरा प्रश्न है कि इसमें सरदारनी प्रकाश कौर बादल का नाम जो छपा है, यह कौन है? क्या यह चीफ मनिस्टर साहिब हैं या कोई और है?

ਸ੍ਰੀ ਸਪੀਕਰ : ਮੰਤਰੀ ਜੀ ਦੱਸ ਦਿਉ ਕਿ ਕੀ ਇਹ ਚੀਫ ਮਨਿਸਟਰ ਸਾਹਿਬ ਦੀ ਪਤਨੀ ਹਨ ਜਾਂ ਕੋਈ ਹੋਰ ਹਨ?

ਮੰਤਰੀ : ਮੈਂਬਰ ਸਾਹਿਬ, ਕੁਐਸਚਨ ਦੁਬਾਰਾ ਦੱਸ ਦੇਣ।

श्रीमती लक्ष्मी कांता चावला : अध्यक्ष महोदय, 22-8-1997 को एक विज्ञापन में फोटो छपी हुई थी सरदार प्रकाश सिंह बादल, श्री मनोरंजन कालिया, सरदार इन्द्रजीत सिंह जीरा, मेरा प्रश्न है कि इस विज्ञापन में सरदारनी प्रकाश कौर बादल कौन है?

ਮੰਤਰੀ : ਸਪੀਕਰ ਸਾਹਿਬ, ਅਸੀਂ ਦੰਦਾਂ ਦਾ ਪੰਦਰਵਾੜਾ ਮਨਾਇਆ ਸੀ। ਉਸ ਵਿੱਚ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਮੁੱਖ ਮਹਿਮਾਨ ਸੀ। ਇਸ ਨਾਤੇ ਉਨ੍ਹਾਂ ਦੀ ਤਸਵੀਰ ਛਾਪੀ ਗਈ ਸੀ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਸ ਡਿਟੇਲ ਵਿਚ ਸ੍ਰੀਮਤੀ ਪ੍ਰਕਾਸ਼ ਕੌਰ ਬਾਦਲ ਲਿਖਿਆ ਹੈ ਜੀ।

ਮੰਤਰੀ : ਇਹ ਕਲੈਰੀਕਲ ਮਿਸਟੇਕ ਹੋ ਸਕਦੀ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਮਤਲਬ ਮੁੱਖ ਮੰਤਰੀ ਦੀ 'ਸ੍ਰੀਮਤੀ' ਲੱਗਦੀ ਹੈ ਨਾ।

ਸ੍ਰੀ ਸਪੀਕਰ : ਹੁਣ ਅਸੀਂ ਰੈਗੂਲਰ ਲਿਸਟ ਲੈਂਦੇ ਹਾਂ।

ਕਾਰਪੋਰੇਸ਼ਨਾਂ ਦੇ ਲੇਖਿਆਂ ਦੇ ਆਡਿਟ

*1394 **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਸਰਕਾਰ ਦੁਆਰਾ ਜਾਂ ਇਸ ਦੀ ਭਾਈਵਾਲੀ ਨਾਲ ਚਲਾਈਆਂ ਜਾ ਰਹੀਆਂ ਕਾਰਪੋਰੇਸ਼ਨਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਦੇ ਸਲਾਨਾ ਲੇਖਿਆਂ ਦਾ ਆਡਿਟ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਤੋਂ ਨਹੀਂ ਕਰਵਾਇਆ ਜਾਂਦਾ ਹੈ ;

(ਅ) ਉਸ ਸੰਸਥਾ ਜਾਂ ਸੀ.ਏ. ਦਾ ਨਾਂ ਕੀ ਹੈ ਜਿਸ ਤੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਕਾਰਪੋਰੇਸ਼ਨ ਦੀ ਆਮਦਨ ਅਤੇ ਖਰਚੇ ਦੇ ਵਿਵਰਣ ਆਡਿਟ ਕਰਵਾਏ ਜਾ ਰਹੇ ਹਨ ?

ਕੈਪਟਨ ਕੰਵਲਜੀਤ ਸਿੰਘ : (ੳ) 3 ਕਾਰਪੋਰੇਸ਼ਨਾਂ ਜਿਹੜੀਆਂ ਕਿ ਰਾਜ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਹਨ ਜਾਂ ਇਸ ਦੀ ਭਾਈਵਾਲੀ ਨਾਲ ਚਲਾਈਆਂ ਜਾ ਰਹੀਆਂ ਹਨ, ਦੇ ਸਲਾਨਾ ਲੇਖਿਆਂ ਦਾ ਆਡਿਟ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਤੋਂ ਨਹੀਂ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਦਾ ਵੇਰਵਾ ਅਨੁਲੱਗ-ੳ ਵਿੱਚ ਦਿੱਤਾ ਗਿਆ ਹੈ ।

(ਅ) ਸੰਸਥਾ ਜਾਂ ਚਾਰਟਿਡ ਅਕਾਊਂਟੈਂਟ ਦੇ ਨਾਂ ਜਿਸ ਤੋਂ ਉਕਤ ਭਾਗ (ੳ) ਵਿਚ ਦੱਸੀਆਂ 3 ਕਾਰਪੋਰੇਸ਼ਨਾਂ ਦੇ ਨਾਂ ਹਨ, ਦੀ ਆਮਦਨ ਤੇ ਖਰਚੇ ਦੀਆਂ ਸਟੇਟਮੈਂਟਾਂ ਦਾ ਆਡਿਟ ਕਰਵਾਇਆ ਜਾ ਰਿਹਾ ਹੈ, ਦਾ ਵਰਨਣ ਅਨੁਲੱਗ-'ੳ' ਵਿਚ ਦਿੱਤਾ ਗਿਆ ਹੈ ।

ਅਨੁਲੱਗ 'ੳ'

ਲੜੀ ਨੰ:	ਨਿਗਮ ਦਾ ਨਾਂ	ਸੰਸਥਾ/ਚਾਰਟਿਡ ਅਕਾਊਂਟੈਂਟ ਦਾ ਨਾਂ ਜਿਸ ਤੋਂ ਆਮਦਨ ਅਤੇ ਖਰਚੇ ਦੇ ਵਿਵਰਣ ਆਡਿਟ ਕਰਵਾਏ ਜਾਂਦੇ ਹਨ
1	2	3
1.	ਪੰਜਾਬ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ	(1) ਮੈਸਰਜ਼ ਐਸ. ਪੀ. ਮਿਨਹਾਸ ਐਂਡ ਕੰਪਨੀ ਅਤੇ
		(2) ਮੈਸਰਜ਼ ਐਸ.ਐਮ. ਕੋਹਲੀ ਐਂਡ ਐਸੋਸੀਏਟ (ਚਾਰਟਿਡ ਅਕਾਊਂਟੈਂਟ
2.	ਪੰਜਾਬ ਮਹਿਲਾ ਤੇ ਬਾਲ ਵਿਕਾਸ ਅਤੇ ਭਲਾਈ ਨਿਗਮ	ਸ਼੍ਰੀ ਐਸ. ਆਰ. ਚੌਹਾਨ ਐਂਡ ਐਸੋਸੀਏਟਸ (ਚਾਰਟਿਡ ਅਕਾਊਂਟੈਂਟਸ)
3.	ਪੰਜਾਬ ਐਕਸ-ਸਰਵਿਸਮੈਨ ਨਿਗਮ	ਮੈਸਰਜ਼ ਵਿਰਲੀ ਐਸੋਸੀਏਟਸ (ਚਾਰਟਿਡ ਅਕਾਊਂਟੈਂਟਸ)

श्रीमती लक्ष्मी कांता चावला : अध्यक्ष जी, मैं आपके माध्यम से मंत्री जी से जानना चाहती हूँ कि यह जो पंजाब मंडी बोर्ड, स्कूल शिक्षा बोर्ड, रूरल डिवैलपमैंट बोर्ड, पंजाब अरबन डिवैलपमैंट बोर्ड, पंजाब वाटर सप्लाई बोर्ड की जो आडिटिंग होती है, वह गवर्नमैंट द्वारा होती है या किसी प्राईवेट संस्था द्वारा होती है?

ਸ੍ਰੀ ਸਪੀਕਰ : ਕੀ ਇਸ ਗੱਲ ਦਾ ਇਸ ਕੁਐਸਚਨ ਨਾਲ ਸਬੰਧ ਹੈ ?

श्रीमती लक्ष्मी कांता चावला : अध्यक्ष महोदय, मेरे पास सात बोर्डों की लिस्ट है जिन का आडिट गवर्नमैंट नहीं करती. इन्होंने मुझे तीन नाम दिये हैं जिनका आडिट कभी 1994 से 1997 तक हुआ ही नहीं । मेरे पास सात की लिस्ट है । कैग ने लिखा है जिनका आडिट गवर्नमैंट प्राईवेट सोरसिज से करवाती है । इन्होंने तीन नाम दिए हैं । इन पांच का आडिट गवर्नमैंट कहां से करवाती है ?

ਮੰਤਰੀ : ਮਾਨਯੋਗ ਮੈਂਬਰ ਨੇ ਬੜਾ ਸਪੈਸੀਫਿਕ ਸਵਾਲ ਪੁੱਛਿਆ ਸੀ । ਸਵਾਲ ਇਨ੍ਹਾਂ ਦਾ ਸੀ "Names of the Corporations being run by the State Government". ਇਨ੍ਹਾਂ ਨੇ ਬੋਰਡਜ਼ ਦਾ ਜ਼ਿਕਰ ਨਹੀਂ ਕੀਤਾ । ਸਪੀਕਰ ਸਾਹਿਬ, ਜੇ ਬੋਰਡਜ਼ ਦਾ ਜ਼ਿਕਰ ਕੀਤਾ ਹੁੰਦਾ ਤਾਂ ਅਸੀਂ ਇਨ੍ਹਾਂ ਨੂੰ ਸੂਚਨਾ ਦੇ ਦੇਣੀ ਸੀ । ਇਹ ਹੁਣ ਵੀ ਦੱਸ ਦੇਣ, ਅਸੀਂ ਸਾਰੀ ਗੱਲ ਇਨ੍ਹਾਂ ਨੂੰ ਦੱਸ ਦਿਆਂਗੇ ।

श्रीमती लक्ष्मी कांता चावला : अध्यक्ष महोदय, मेरा प्रश्न हिंदी में होता है परन्तु उसकी अंग्रेजी सूरत बिगड़ती बिगड़ती कार्पोरेशन रह जाती है । जिन प्राईवेट आडिटर्ज़ का इन्होंने उत्तर में जिक्र किया है, वह है, मैसरज एस.पी. मिनहास एंड कंपनी और मैसरज एस.एम. कोहली एंड एसोसिएट, श्री एस.आर. तरेहन एंड एसोसिएट्स और मैसरज़ ढिल्लों एसोसिएटस । मैं यह पूछना चाहती हूँ कि इन के चयन की इन्होंने क्या कसौटी रखी है और यह कब से आडिटिंग कर रहे हैं ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਤਿੰਨ ਕਾਰਪੋਰੇਸ਼ਨਾਂ ਦੇ ਵਿੱਚ ਜਿਹੜੇ ਆਡੀਟਰਜ਼ ਐਪੁਆਇੰਟ ਕੀਤੇ ਜਾਂਦੇ ਹਨ, ਉਹ ਜਿਹੜੇ ਮਾਰਕੀਟ ਦੇ ਵਿੱਚ ਮੁੱਖ ਆਡੀਟਰ ਹੋਣ, ਉਨ੍ਹਾਂ ਨੂੰ ਇਨ੍ਹਾਂ ਕਾਰਪੋਰੇਸ਼ਨਾਂ ਦੇ ਬੋਰਡ ਆਫ ਡਾਇਰੈਕਟਰਜ਼ ਐਪੁਆਇੰਟ ਕਰਦੇ ਹਨ । ਸਪੀਕਰ ਸਾਹਿਬ, ਬਾਕੀ ਜਿੱਥੋਂ ਤੱਕ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਦਾ ਸਵਾਲ ਹੈ, ਇਸ ਦਾ ਆਡਿਟ 1985-86 ਤੋਂ ਲੈ ਕੇ 1989-90 ਤੱਕ ਪਹਿਲਾਂ ਕੰਪਟ੍ਰੋਲਰ ਐਂਡ ਆਡੀਟਰ ਜਨਰਲ ਵਲੋਂ ਕੀਤਾ ਗਿਆ ਸੀ ।

श्रीमती लक्ष्मी कांता चावला : मैंने यह पूछा है कि यह कब से आडिट कर रहे हैं, यह वर्तमान कंसरन जो हैं वह कब से आडिट कर रहे हैं ?

ਮੰਤਰੀ : ਵਰਤਮਾਨ ਕਨਸਰਨ ਬਾਰੇ ਮੈਂ ਕਲੀਅਰ ਕਰ ਦਿੱਤਾ ਸੀ, ਸਪੀਕਰ ਸਾਹਿਬ, ਕਿ 1989-90 ਤੱਕ ਇਸ ਦਾ ਆਡਿਟ ਕੈਗ ਨੇ ਕੀਤਾ । ਉਸ ਤੋਂ ਬਾਅਦ ਦੂਸਰੇ ਪ੍ਰਾਈਵੇਟ ਚਾਰਟਰਡ ਅਕਾਊਂਟੈਂਟ ਜੋ ਇਨ੍ਹਾਂ ਨੇ ਐਪੁਆਇੰਟ ਕੀਤੇ ਹਨ, ਉਹ ਕਰ ਰਹੇ ਹਨ ।

Mr. Speaker: Next Question, Sardar Bikramjit Singh.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮੇਰੀ ਇੱਕ ਸਪਲੀਮੈਂਟਰੀ ਹੋਰ ਹੈ. . . .

ਸ਼੍ਰੀ ਸਪੀਕਰ : ਬੀਬੀ ਜੀ, ਤੁਸੀਂ ਹੁਣ ਬੈਠ ਜਾਓ ।

ਮਿੰਨੀ ਪ੍ਰਾਇਮਰੀ ਹੈਲਥ ਸੈਂਟਰ, ਮੁੱਲਾਂਪੁਰ ਦਾਖਾ ਨੂੰ ਅਪਗ੍ਰੇਡ ਕਰਨਾ

*1508. **ਸਰਦਾਰ ਬਿਕਰਮਜੀਤ ਸਿੰਘ ਖਾਲਸਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਨੂੰ ਪ੍ਰਾਇਮਰੀ ਹੈਲਥ ਸੈਂਟਰ ਤੱਕ ਅਪਗ੍ਰੇਡ ਕਰਨ ਦਾ ਵਿਚਾਰ ਰੱਖਦੀ ਹੈ ? ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : ਨਹੀਂ ਜੀ ।

ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਕਤੂਬਰ, 1996 ਵਿਚ ਮਾਨਯੋਗ ਮੁੱਖ ਮੰਤਰੀ ਜੀ ਨੇ ਵੀ ਉਥੇ ਹਸਪਤਾਲ ਦਾ ਨੀਂਹ-ਪੱਥਰ ਰੱਖਿਆ ਸੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਾਲ ਜਿਹੜੇ ਹਸਪਤਾਲ ਅੱਪਗਰੇਡ ਕੀਤੇ ਜਾਣੇ ਹਨ, ਕੀ ਉਨ੍ਹਾਂ ਵਿੱਚ ਇਸ ਨੂੰ ਅੱਪਗਰੇਡ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਪੈਸੀਫਿਕ ਸਵਾਲ ਪੁੱਛਿਆ ਸੀ, ਉਸ ਦਾ ਮੈਂ ਜਵਾਬ ਦੇ ਦਿੱਤਾ ਹੈ । ਜੇ ਇਨ੍ਹਾਂ ਨੇ ਕੁਝ ਹੋਰ ਪੁੱਛਣਾ ਹੈ ਤਾਂ ਦੁਬਾਰਾ ਲਿਖ ਕੇ ਪੁੱਛ ਲੈਣ । 1996 ਵਾਲੇ ਨੀਂਹ ਪੱਥਰ ਬਾਰੇ ਦੁਬਾਰਾ ਲਿਖ ਕੇ ਪੁੱਛ ਲੈਣ ।

ਸ਼੍ਰੀ ਸਪੀਕਰ : ਉਹ ਪੁੱਛਦੇ ਹਨ ਕਿ ਜਿਹੜੇ ਹਸਪਤਾਲ ਦਾ ਨੀਂਹ-ਪੱਥਰ ਰੱਖਿਆ ਗਿਆ ਸੀ, ਕੀ ਅੱਪਗਰੇਡ ਕੀਤੇ ਜਾਣ ਵਾਲੇ ਹਸਪਤਾਲਾਂ ਵਿੱਚ ਤੁਸੀਂ ਉਸ ਨੂੰ ਇਨਕਲੂਡ ਕਰੋਗੇ ਜਾਂ ਨਹੀਂ ?

ਮੰਤਰੀ : ਇਸ ਹਸਪਤਾਲ ਨੂੰ ਅੱਪਗਰੇਡ ਕਰਨ ਦੀ ਤਜਵੀਜ਼ ਸਾਡੀ ਪਾਲਿਸੀ ਵਿੱਚ ਸ਼ਾਮਲ ਨਹੀਂ ਹੈ ।

ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਸਪੀਕਰ ਸਾਹਿਬ, ਜਿਹੜਾ ਅਕਤੂਬਰ, 1996 ਵਿੱਚ ਨੀਂਹ ਪੱਥਰ ਰੱਖਿਆ ਗਿਆ ਸੀ, ਉਸ ਦੇ ਬਾਰੇ ਹੀ ਇਹ ਸਵਾਲ ਪੁੱਛਿਆ ਗਿਆ ਹੈ ।

ਸ਼੍ਰੀ ਸਪੀਕਰ : ਮੰਤਰੀ ਜੀ, ਅਕਤੂਬਰ, 1996 ਵਿੱਚ ਜਿਹੜਾ ਨੀਂਹ ਪੱਥਰ ਰੱਖਿਆ ਗਿਆ ਸੀ, ਉਸ ਦੇ ਬਾਰੇ ਦੱਸੋ ।

ਮੰਤਰੀ : ਸਪੀਕਰ ਸਾਹਿਬ, ਐਟ ਪ੍ਰੈਜ਼ੈਂਟ ਇਸ ਨੂੰ ਅੱਪਗਰੇਡ ਕਰਨ ਬਾਰੇ ਕੋਈ ਗੱਲ ਨਹੀਂ ਚੱਲ ਰਹੀ ਹੈ । ਇਹ ਠੀਕ ਹੈ ਕਿ ਨੀਂਹ ਪੱਥਰ ਉਥੇ ਰੱਖਿਆ ਗਿਆ ਹੈ ਪਰ ਇਸ ਤਰ੍ਹਾਂ ਦਾ ਨੀਂਹ ਪੱਥਰ ਤਾਂ ਪਿਛਲੇ ਸੀ. ਐਮ. ਸਾਹਿਬ ਨੇ ਜਲੰਧਰ ਵੀ ਰੱਖਿਆ ਸੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਨੀਂਹ ਪੱਥਰ ਰੱਖੇ ਜਾਂਦੇ ਹਨ, ਕੀ ਇਹ ਮਹਿਕਮੇ ਦੀ ਮਨਜ਼ੂਰੀ ਨਾਲ ਰੱਖੇ ਜਾਂਦੇ ਹਨ ? ਇਕ ਨੀਂਹ ਪੱਥਰ ਮੁੱਲਾਂਪੁਰ ਰੱਖਿਆ ਗਿਆ ਸੀ । ਸੀ. ਐਮ. ਸਾਹਿਬ ਵੀ ਉਥੇ ਗਏ ਸੀ । ਸਰਦਾਰ ਬਸੰਤ ਸਿੰਘ ਖਾਲਸਾ ਦੇ ਨਾਂ ਤੇ ਉਥੇ ਪੀ. ਐਚ. ਸੀ. ਦਾ ਨੀਂਹ ਪੱਥਰ ਰੱਖਿਆ ਗਿਆ ਹੈ । ਮੈਨੂੰ ਵੀ ਉਥੇ ਜਾਣ ਦਾ ਮੌਕਾ ਮਿਲਿਆ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਉਸ ਨੀਂਹ ਪੱਥਰ ਬਾਰੇ ਪਤਾ ਹੈ ? ਜੇ ਪਤਾ ਹੈ ਤਾਂ ਕੀ ਇਹ ਉਸ ਨੂੰ ਪੂਰਾ ਕਰਵਾਉਣ ਸਬੰਧੀ ਅਮਲ ਕਰਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਮਾਨਯੋਗ ਮੈਂਬਰ ਸੈਪਰੇਟ ਕੁਐਸਚਨ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ ।

ਸ਼੍ਰੀ ਸਪੀਕਰ : ਇਹ ਕੋਈ ਰਿਪਲਾਈ ਨਹੀਂ ਹੈ ।

ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਸਪੀਕਰ ਸਾਹਿਬ, ਜੇ ਮੰਤਰੀ ਜੀ ਕੋਲ ਇਸ ਦਾ ਜਵਾਬ ਨਹੀਂ ਹੈ ਤਾਂ ਇਹ ਮਹਿਕਮੇ ਨੂੰ ਪੁੱਛ ਕੇ ਕੱਲ੍ਹ ਇਸ ਦਾ ਜਵਾਬ ਦੇ ਦੇਣ ।

ਸ਼੍ਰੀ ਸਪੀਕਰ : ਠੀਕ ਹੈ । ਕੱਲ੍ਹ ਕਾਲੀਆ ਜੀ ਇਸ ਦਾ ਜਵਾਬ ਦੇ ਦੇਣਗੇ । Supplementaries will continue.

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦਾ ਕੰਮ-ਕਾਰ

*1374 1. ਕਾਮਰੇਡ ਅਜੈਬ ਸਿੰਘ ਰੋਂਤਾ
2. ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਸਿਹਤ ਅਤੇ

ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਵਿਸ਼ਵ ਬੈਂਕ ਨੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨੂੰ ਇਸ ਦੇ ਬਣਨ ਤੋਂ ਲੈ ਕੇ ਕੁੱਲ ਕਿੰਨੀ ਰਕਮ ਦਾ ਕਰਜ਼ਾ ਦਿੱਤਾ ;

(ਅ) ਉਨ੍ਹਾਂ ਹਸਪਤਾਲਾਂ ਦੇ ਜ਼ਿਲ੍ਹਾ-ਵਾਰ ਨਾਂ ਅਤੇ ਵੇਰਵੇ ਕੀ ਹਨ, ਜਿਨ੍ਹਾਂ ਨੂੰ ਉਪਰੋਕਤ ਭਾਗ (ੳ) ਵਿਚ ਵਰਣਿਤ ਕਰਜ਼ੇ ਦੀ ਰਕਮ ਐਲੋਕੇਟ ਕੀਤੀ ਗਈ ਹੈ ਅਤੇ ਉਨ੍ਹਾਂ ਕੰਮਾਂ ਦੇ ਵੇਰਵੇ ਕੀ ਹਨ, ਜਿਨ੍ਹਾਂ ਤੇ ਉਕਤ ਰਕਮਾਂ ਦੀ ਵਰਤੋਂ ਕੀਤੀ ਗਈ ਹੈ ;

(ੲ) ਕਾਰਪੋਰੇਸ਼ਨ ਦੇ ਹੋਂਦ ਵਿਚ ਆਉਣ ਤੋਂ ਬਾਅਦ ਹਸਪਤਾਲਾਂ ਵਿਚ ਵੱਖ-ਵੱਖ ਜਾਂਚਾਂ/ਟੈਸਟਾਂ/ਇਲਾਜ ਲਈ ਨਿਸ਼ਚਿਤ ਕੀਤੀਆਂ ਗਈਆਂ ਫ਼ੀਸਾਂ ਦੇ ਵੇਰਵੇ ਕੀ ਹਨ ਅਤੇ ਉਕਤ ਦਰਾਂ ਦੇ ਲਾਗੂ ਹੋਣ ਤੋਂ ਬਾਅਦ ਹੁਣ ਤੱਕ ਇਸ ਤਰ੍ਹਾਂ ਕੁੱਲ ਕਿੰਨੀ ਰਕਮ ਇਕੱਠੀ ਕੀਤੀ ਗਈ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਵਿਸ਼ਵ ਬੈਂਕ ਨੇ ਦੂਜੇ ਰਾਜ ਸਿਹਤ ਸਿਸਟਮਜ਼ ਵਿਕਾਸ ਪ੍ਰਾਜੈਕਟ ਲਈ 106.10 ਮਿਲੀਅਨ ਡਾਲਰ (421.88 ਕਰੋੜ ਰੁਪਏ) ਵਿਸ਼ੇਸ਼ ਇਲਾਕੇ ਦੇ ਵਧੀਰੀਕਰਣ ਲਈ ਮਨਜ਼ੂਰ ਕੀਤੇ ਹਨ ।

(ਅ) ਕਾਰਪੋਰੇਸ਼ਨ ਨੇ 66.70 ਕਰੋੜ ਰੁਪਏ ਮਿਤੀ 18-2-99 ਤੱਕ ਪ੍ਰਾਜੈਕਟ ਕੰਮਾਂ ਤੇ ਅਨੁਲੱਗ-I ਵਜੋਂ ਖਰਚ ਕੀਤੇ ਹਨ । ਜ਼ਿਲ੍ਹੇਵਾਰ ਹਸਪਤਾਲਾਂ ਦੇ ਵੇਰਵੇ ਜਿੱਥੇ ਰਾਸ਼ੀ ਖਰਚ ਕੀਤੀ ਗਈ ਹੈ, ਅਨੁਲੱਗ-II* ਵਜੋਂ ਨੱਥੀ ਹੈ ।

(ੲ) ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਇਸ ਦੀ ਹੋਂਦ ਤੋਂ ਬਾਅਦ ਹਸਪਤਾਲਾਂ ਵਿੱਚ ਵੱਖ ਵੱਖ ਖੋਜਾਂ/ਟੈਸਟਾਂ/ਇਲਾਜ ਵਾਸਤੇ ਫ਼ੀਸਾਂ ਦੂਜੇ ਸਰਕਾਰੀ ਹਸਪਤਾਲਾਂ ਵਾਂਗ ਸਰਕਾਰ ਦੇ ਨੋਟੀਫਿਕੇਸ਼ਨਾਂ ਨੰ: 20/7/89-4ਸਸ5/12402, ਮਿਤੀ 14-5-91 (ਕਾਪੀ ਅਨੁਲੱਗ-III*) ਵਾਂਗ ਹੈ । ਕਾਰਪੋਰੇਸ਼ਨ ਵੱਲੋਂ 1996-97 ਦੌਰਾਨ 0.41 ਕਰੋੜ, 1997-98 ਦੌਰਾਨ 1.20 ਕਰੋੜ ਅਤੇ 1998-99 ਦੌਰਾਨ (31-1-99 ਤੱਕ) 1.45 ਕਰੋੜ ਰੁਪਏ ਇਕੱਠੇ ਕੀਤੇ ਗਏ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮਾਨਯੋਗ ਹੈਲਥ ਮਨਿਸਟਰ ਸਾਹਿਬ ਨੇ ਜੋ ਡਿਟੇਲਡ ਸਟੇਟਮੈਂਟ ਦਿੱਤੀ ਹੈ, ਇਸ ਦੇ ਵਿੱਚ ਦੱਸਿਆ ਗਿਆ ਹੈ ਕਿ 1996 ਤੋਂ 2002 ਤੱਕ ਸਿਵਲ ਵਰਕਸ (ਰੈਨੋਵੇਸ਼ਨ) ਵਾਸਤੇ ਕੁੱਲ 15.64 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਦ ਕਿ ਕੇਵਲ 18-2-1999 ਤੱਕ ਹੀ 17.27 ਕਰੋੜ ਰੁਪਿਆ ਖ਼ਰਚ ਕਰ ਦਿੱਤਾ ਗਿਆ ਹੈ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੇ ਲਈ ਬੈਂਕ ਨੇ ਮਨਜ਼ੂਰੀ ਦਿੱਤੀ ਸੀ ਅਤੇ ਪ੍ਰੋਜੈਕਟ ਦੇ ਅੰਤ ਤੱਕ ਕੁੱਲ ਕਿੰਨਾ ਖ਼ਰਚਾ ਆ ਜਾਵੇਗਾ ?

*Placed in the Library.

ਮੰਤਰੀ : ਸਪੀਕਰ ਸਾਹਿਬ, ਇਹ ਦੁਬਾਰਾ ਦੱਸ ਦੇਣ । ਆਪਣਾ ਸਵਾਲ ਰਿਪੀਟ ਕਰ ਦੇਣ ।

ਕਾਮਰੇਡ ਅਜੈਬ ਸਿੰਘ ਰੌਂਤਾ : ਇਹ ਜਿਹੜਾ ਅਨੈਕਸਚਰ-I ਦਿੱਤਾ ਗਿਆ ਹੈ, ਇਸ ਦੇ ਮੁੱਢ ਵਿੱਚ ਹੀ ਲਿਖਿਆ ਹੋਇਆ ਹੈ ਕਿ 1996 ਤੋਂ 2002 ਤੱਕ ਸਿਵਲ ਵਰਕਸ (ਰੈਨੋਵੇਸ਼ਨ) ਤੇ ਖ਼ਰਚਾ ਕਰਨ ਲਈ 15 ਕਰੋੜ 64 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਦ ਕਿ 18-2-1999 ਤੱਕ 17.27 ਕਰੋੜ ਰੁਪਏ ਦਾ ਖਰਚਾ ਪਹਿਲਾ ਹੀ ਕਰ ਦਿੱਤਾ ਗਿਆ ਹੈ । ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਖ਼ਰਚਾ ਕਰਨ ਦੀ ਮਨਜ਼ੂਰੀ ਬੈਂਕ ਕੋਲੋਂ ਲੈ ਲਈ ਗਈ ਸੀ ਅਤੇ ਇਸ ਪ੍ਰੋਜੈਕਟ ਦਾ ਟੋਟਲ ਕਿੰਨਾ ਖਰਚਾ ਬਣ ਜਾਵੇਗਾ ?

ਮੰਤਰੀ : ਜਿਹੜਾ ਵੀ ਖਰਚਾ ਵੱਧ ਹੋਇਆ ਹੈ, ਉਸ ਖਰਚੇ ਦੀ ਅਸੀਂ ਬਾਅਦ ਵਿੱਚ ਬੈਂਕ ਤੋਂ ਮਨਜ਼ੂਰੀ ਲੈ ਲਈ ਸੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਕੀ ਬੈਂਕ ਤੋਂ ਮਨਜ਼ੂਰੀ ਲੈ ਲਈ ਸੀ ?

ਮੰਤਰੀ : ਹਾਂ ਜੀ, ਲੈ ਲਈ ਸੀ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਨੰਬਰ ਦੋ ਤੇ ਜਵਾਬ ਦਿੱਤਾ ਹੈ ਕਿ 10.11 ਕਰੋੜ ਰੁਪਿਆ ਸਿਵਲ ਵਰਕਸ ਤੇ ਖਰਚ ਕੀਤਾ ਗਿਆ ਹੈ । ਇਹ ਬੜਾ ਘੱਟ ਖਰਚ ਕੀਤਾ ਗਿਆ ਹੈ । ਇਸ ਦੇ ਕੀ ਕਾਰਨ ਹਨ ?

ਮੰਤਰੀ : ਵਿਸ਼ਵ ਬੈਂਕ ਦਾ ਜਿਹੜਾ ਲੋਨ ਹੈ, ਉਹ ਸਿੱਧੇ ਤੌਰ ਤੇ ਕਾਰਪੋਰੇਸ਼ਨ ਨੂੰ ਨਹੀਂ ਆਉਂਦਾ । ਇਹ ਸਰਕਾਰ ਵੱਲੋਂ ਵਿੱਤ ਵਿਭਾਗ ਨੂੰ ਜਾਂਦਾ ਹੈ, ਕਿਉਂਕਿ ਪੰਜਾਬ ਸਰਕਾਰ ਨੇ ਗਰੰਟੀ ਦਿੱਤੀ ਹੁੰਦੀ ਹੈ । ਇਹ ਕੁੱਲ ਪ੍ਰੋਜੈਕਟ ਪੰਜ ਸਾਲਾਂ ਵਾਸਤੇ 421.88 ਕਰੋੜ ਰੁਪਏ ਦਾ ਹੈ । ਇਸ ਵਿੱਚੋਂ ਜਿਤਨਾ ਪੈਸਾ ਕਾਰਪੋਰੇਸ਼ਨ ਨੂੰ ਮਿਲਦਾ ਹੈ, ਉਸ ਮੁਤਾਬਿਕ ਹੀ ਖਰਚਾ ਕੀਤਾ ਜਾਂਦਾ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਵੈਸੇ ਤਾਂ ਮੰਤਰੀ ਜੀ ਨੇ ਥੋੜ੍ਹਾ ਜਿਹਾ ਸਪਸ਼ਟ ਉੱਤਰ ਦੇ ਹੀ ਦਿੱਤਾ ਹੈ । ਇਹ ਟੋਟਲ ਪ੍ਰੋਜੈਕਟ 421.88 ਕਰੋੜ ਰੁਪਏ ਦਾ ਹੈ ਜਿਹੜਾ ਕਿ 1996 ਤੋਂ 2002 ਤੱਕ ਖਰਚਿਆ ਜਾਣਾ ਹੈ । ਹੁਣ ਤੱਕ (18-2-1999 ਤੱਕ) ਕੇਵਲ 66.70 ਕਰੋੜ ਰੁਪਏ ਹੀ ਖਰਚ ਕੀਤੇ ਗਏ ਹਨ । ਜੇਕਰ ਇਸੇ ਸਪੀਡ ਨਾਲ ਹੀ ਕੰਮ ਚਲਦਾ ਰਿਹਾ ਤਾਂ ਕਿਧਰੇ ਐਸਾ ਨਾ ਹੋਵੇ ਕਿ ਪ੍ਰੋਜੈਕਟ ਦਾ ਸਾਰੇ ਦਾ ਸਾਰਾ ਪੈਸਾ ਖਰਚ ਹੀ ਨਾ ਹੋ ਸਕੇ । ਇਸ ਦੀ ਜ਼ਿੰਮੇਵਾਰੀ ਸਾਡੀ ਕਾਰ-ਪੋਰੇਸ਼ਨ ਦੀ ਹੈ ਜਾਂ ਕਿ ਵਿੱਤ ਵਿਭਾਗ ਵੱਲੋਂ ਖ਼ਰਚ ਕਰਨ ਦੀ ਕੋਈ ਦਿੱਕਤ ਆ ਰਹੀ ਹੈ । ਜੇਕਰ ਮਿੱਥੇ ਸਮੇਂ ਤੱਕ ਇਹ ਖਰਚਾ ਨਾ ਕੀਤਾ ਗਿਆ ਤਾਂ ਕਿਧਰੇ ਸਾਨੂੰ ਪਰੇਸ਼ਾਨੀ ਨਾ ਉਠਾਉਣੀ ਪਵੇ ਅਤੇ ਜਿਹੜਾ ਇਹ ਵਰਲਡ ਬੈਂਕ ਨਾਲ ਪ੍ਰੋਜੈਕਟ ਟਾਈ-ਅੱਪ ਹੋਇਆ ਹੈ, ਕੀ ਇਹ ਕਿਤੇ ਲੈਪਸ ਤਾਂ ਨਹੀਂ ਹੋ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਲੈਪਸ ਨਹੀਂ ਹੋਵੇਗਾ । ਜੇਕਰ ਪਿਛਲੇ ਸਾਲ/ਸਾਲਾਂ ਵਿੱਚ ਘੱਟ ਖਰਚ ਕੀਤਾ ਗਿਆ ਹੈ ਤਾਂ ਇਸ ਸਾਲ ਵਿੱਚ ਜ਼ਿਆਦਾ ਖਰਚ ਕਰਕੇ ਪੂਰਾ ਕਰ ਦੇਵਾਂਗੇ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਜ਼ਿਲ੍ਹੇ ਕਾਰਪੋਰੇਸ਼ਨ ਕੋਲ ਹਨ ਜਾਂ ਤਹਿਸੀਲਾਂ ਹਨ, ਉਨ੍ਹਾਂ ਵਿੱਚ ਅਜੇ ਤੱਕ ਕਾਰਪੋਰੇਸ਼ਨ ਵੱਲੋਂ ਕੰਮ ਸ਼ੁਰੂ ਕਿਉਂ ਨਹੀਂ ਕੀਤਾ ਗਿਆ ? ਭਾਵ ਜਿਹੜੇ ਜਿਹੜੇ ਹਸਪਤਾਲ ਕਾਰਪੋਰੇਸ਼ਨ ਦੇ ਅੰਡਰ ਆਉਂਦੇ ਹਨ, ਜਿਸ ਤਰ੍ਹਾਂ ਬਟਾਲੇ ਦਾ ਹਸਪਤਾਲ ਵੀ ਕਾਰਪੋਰੇਸ਼ਨ ਦੇ ਅਧੀਨ ਆਉਂਦਾ ਹੈ ਅਤੇ ਉਥੇ ਹਸਪਤਾਲ ਦੀ ਉਸਾਰੀ ਅਜੇ ਤੱਕ ਰੁਕੀ ਹੋਈ ਹੈ । ਉਹ ਉਸਾਰੀ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ ?

ਸ਼੍ਰੀ ਸਪੀਕਰ : ਨਹੀਂ, ਇਹ ਕੋਈ ਸਪਲੀਮੈਂਟਰੀ ਨਹੀਂ ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਰ, ਇਹ ਰੈਲੇਵੈਂਟ ਹੈ ।

ਸ਼੍ਰੀ ਸਪੀਕਰ : ਨਹੀਂ ਜੀ, ਤੁਸੀਂ ਬੈਠੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਕਾਰਪੋਰੇਸ਼ਨ ਦੇ ਅਧੀਨ ਜਿਹੜੇ ਵੱਖ ਵੱਖ ਹਸਪਤਾਲ ਹਨ, ਉਨ੍ਹਾਂ ਵਿੱਚ ਦੋ ਤਰ੍ਹਾਂ ਦਵਾਈਆਂ ਦੀ ਸਪਲਾਈ ਕੀਤੀ ਜਾਂਦੀ ਹੈ । ਇਕ ਤਾਂ ਕਾਰਪੋਰੇਸ਼ਨ ਵੱਲੋਂ ਅਤੇ ਦੂਸਰਾ ਡਾਇਰੈਕਟਰ, ਹੈਲਥ ਵੱਲੋਂ । ਇਹ ਆਮ ਸ਼ਿਕਾਇਤ ਹੈ ਕਿ ਦੋਨਾਂ ਮਹਿਕਮਿਆਂ (ਕਾਰਪੋਰੇਸ਼ਨ ਅਤੇ ਡਾਇਰੈਕਟਰ ਹੈਲਥ) ਵੱਲੋਂ ਇਕੋ ਤਰ੍ਹਾਂ ਦੀਆਂ ਹੀ ਦਵਾਈਆਂ ਸਪਲਾਈ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਦੀ ਸਪਲਾਈ ਵਿਚ ਡੁਪਲੀਕੇਸੀ ਹੋ ਰਹੀ ਹੈ ਜਿਸ ਦੇ ਸਿੱਟੇ ਵਜੋਂ ਜਿਹੜੀਆਂ ਦਵਾਈਆਂ ਦੀ ਜ਼ਰੂਰਤ ਜ਼ਿਆਦਾ ਹੈ, ਉਨ੍ਹਾਂ ਦੀ ਘਾਟ ਹੈ । ਉਹੋ ਹੀ ਦਵਾਈਆਂ ਕਾਰਪੋਰੇਸ਼ਨ ਭੇਜ ਦਿੰਦੀ ਹੈ ਅਤੇ ਉਹੀ ਦਵਾਈਆਂ ਡਾਇਰੈਕਟਰ ਹੈਲਥ ਭੇਜ ਦਿੰਦਾ ਹੈ । ਇਸ ਲਈ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦਵਾਈਆਂ ਦੀ ਉਥੇ ਰਿਕੁਆਇਰਮੈਂਟ ਹੈ, ਕੀ ਉਸ ਦੀ ਮੁਤਾਬਿਕ ਹੀ ਦਵਾਈਆਂ ਭੇਜੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਮਾਨਯੋਗ ਮੈਂਬਰ ਸਾਹਿਬ, ਵੱਖਰਾ ਸਵਾਲ ਦੇ ਦੇਣ ।

ਸ਼੍ਰੀ ਸਪੀਕਰ : ਠੀਕ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਗੱਲ ਤਾਂ ਸਿਰਫ ਇੰਨੀ ਹੈ ਕਿ ਉਹ ਦਵਾਈਆਂ ਚੈਕ ਕਰ ਲਈਆਂ ਜਾਣ ।

ਮੰਤਰੀ : ਉਹ ਚੈਕ ਕਰ ਲਵਾਂਗੇ । ਦਵਾਈਆਂ ਬਾਰੇ ਵੀ ਮੈਂ ਦੱਸ ਦਿੰਦਾ ਹਾਂ ਕਿ ਕਾਰਪੋਰੇਸ਼ਨ ਦੀ ਇਕ ਕਮੇਟੀ ਬਣੀ ਹੋਈ ਹੈ ਜਿਸ ਦੇ ਵਿੱਚ ਡਾਇਰੈਕਟਰ ਹੈਲਥ ਸਰਵਿਸਿਜ਼ ਨਾਲ ਕੋ-ਆਰਡੀਨੇਟ ਕਰਕੇ ਸਾਰੀਆਂ ਦਵਾਈਆਂ ...ਦੀ ਪਰਚੇਜ਼ ਕੀਤੀ ਜਾਂਦੀ ਹੈ ।

ਬੇਟ ਇਲਾਕਿਆਂ ਵਿਚ ਪੀਣ ਵਾਲਾ ਪਾਣੀ ਮੁਹੱਈਆ ਕਰਨਾ

*1487 1. ਸਰਦਾਰ ਗੁਰਦੀਪ ਸਿੰਘ ਭੁੱਲਰ
2. ਸਰਦਾਰ ਸੁਖਵਿੰਦਰ ਸਿੰਘ ਔਲਖ
} : ਕੀ ਜਨ ਸਿਹਤ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿੱਚ ਬੇਟ ਇਲਾਕਿਆਂ ਵਿਚ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਜਾ ਰਹੇ ਹਨ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ?

ਰਾਜਾ ਨਰਿੰਦਰ ਸਿੰਘ : ਰਾਜ ਦੇ ਬੇਟ ਏਰੀਏ ਵਿੱਚ ਸਵੱਛ ਪੀਣ ਵਾਲੇ ਪੀਣ ਦੀ ਵਿਵਸਥਾ ਲਈ ਵੱਖ ਵੱਖ ਪ੍ਰੋਗਰਾਮਾਂ ਤਹਿਤ ਜਿਵੇਂ ਕਿ 'ਮਿਨੀਮਮ ਨੀਡ ਪ੍ਰੋਗਰਾਮ' (ਰਾਜ ਸਰਕਾਰ ਵੱਲੋਂ ਪ੍ਰਯੋਜਿਤ) ਅਤੇ 'ਐਕਸੇਲਰੇਟਿਡ ਪੇਂਡੂ ਜਲ ਸਪਲਾਈ ਪ੍ਰੋਗਰਾਮਾਂ' (ਭਾਰਤ ਸਰਕਾਰ ਵਲੋਂ ਪ੍ਰਯੋਜਿਤ) ਅਧੀਨ ਕੀਤੀ ਜਾਂਦੀ ਹੈ । ਬੇਟ ਏਰੀਏ ਵਿੱਚ ਪਾਣੀ ਦੀ ਥੁੜ੍ਹ ਵਾਲੇ 409 ਪਿੰਡਾਂ ਵਿਚੋਂ 265 ਪਿੰਡਾਂ ਵਿੱਚ ਸਵੱਛ ਪੀਣ ਵਾਲੇ ਪਾਣੀ ਦੀ ਵਿਵਸਥਾ ਕੀਤੀ ਜਾ ਚੁੱਕੀ ਹੈ । 55 ਪਿੰਡਾਂ ਵਿੱਚ ਸਵੱਛ ਪਾਣੀ ਦੇਣ ਲਈ ਜਲ ਯੋਜਨਾਵਾਂ ਪ੍ਰਗਤੀ ਅਧੀਨ ਹਨ ਅਤੇ ਬਾਕੀ 89 ਪਿੰਡਾਂ ਲਈ ਤਖਮੀਨੇ ਬਣਾਏ ਜਾ ਰਹੇ ਹਨ । ਇਨ੍ਹਾਂ ਪ੍ਰਗਤੀ ਅਧੀਨ 55 ਪਿੰਡਾਂ ਦੀਆਂ ਜਲ ਯੋਜਨਾਵਾਂ ਦਾ ਕੰਮ ਮੁਕੰਮਲ ਕਰਨ ਲਈ ਅਤੇ ਬਾਕੀ ਰਹਿ ਗਏ 89 ਪਿੰਡਾਂ ਵਿੱਚ ਸਵੱਛ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਲਗਭਗ 15.00 ਕਰੋੜ ਰੁਪਏ ਦੀ ਲੋੜ ਹੈ । ਇਹ ਚੱਲ ਰਹੀਆਂ ਜਲ ਯੋਜਨਾਵਾਂ ਅਤੇ ਬਾਕੀ ਰਹਿੰਦੇ 89 ਪਿੰਡਾਂ ਨੂੰ ਸਵੱਛ ਪਾਣੀ ਦੇਣ ਦਾ ਕੰਮ ਫੰਡਜ਼ ਮਿਲਣ ਅਨੁਸਾਰ ਸ਼ੁਰੂ ਕੀਤਾ ਜਾਵੇਗਾ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਟੋਟਲ 409 ਪਿੰਡ ਬੇਟ ਵਿੱਚ ਆਉਂਦੇ ਹਨ ਅਤੇ ਜਿਨ੍ਹਾਂ ਵਿੱਚੋਂ 265 ਪਿੰਡਾਂ ਵਿਚ ਸਵੱਛ ਪਾਣੀ ਦੀ ਵਿਵਸਥਾ ਕਰ ਦਿੱਤੀ ਗਈ ਹੈ ਅਤੇ 89 ਪਿੰਡ ਰਹਿੰਦੇ ਹਨ । ਇਕ ਤਾਂ ਸਪੀਕਰ ਸਾਹਿਬ, ਮੈਨੂੰ ਕੋਈ ਲਿਸਟ ਸਪਲਾਈ ਨਹੀਂ ਕੀਤੀ ਗਈ ਕਿ ਕਿਹੜੇ ਕਿਹੜੇ ਪਿੰਡ ਵਿੱਚ ਪਾਣੀ ਦੀ ਵਿਵਸਥਾ ਕੀਤੀ ਜਾ ਚੁੱਕੀ ਹੈ ਅਤੇ ਕਿਹੜੇ 89 ਪਿੰਡ ਰਹਿੰਦੇ ਹਨ । ਦੂਜਾ, ਇਨ੍ਹਾਂ ਨੇ ਬੇਟ ਦਾ ਏਰੀਆ ਆਈਡੈਂਟੀਫਾਈ ਕਰਨ ਲਈ ਕੀ ਕਰਾਈਟੇਰੀਆ ਅਡਾਪਟ ਕੀਤਾ ਹੈ ?

ਸ੍ਰੀ ਸਪੀਕਰ : ਤੁਸੀਂ ਆਪਣੇ ਸਵਾਲ ਵਿੱਚ ਇਹ ਪੁੱਛਿਆ ਹੀ ਨਹੀਂ ਹੈ । ਤੁਹਾਡਾ ਇਹ ਸਵਾਲ ਹੀ ਨਹੀਂ ਹੈ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ ਇਨ੍ਹਾਂ ਨੇ ਬੇਟ ਏਰੀਆ ਆਈਡੈਂਟੀਫਾਈ ਕਰਨ ਲਈ ਕੋਈ ਕਰਾਈਟੇਰੀਆ ਤਾਂ ਬਣਾਇਆ ਹੀ ਹੋਵੇਗਾ ।

ਸ਼੍ਰੀ ਸਪੀਕਰ : ਨਹੀਂ, ਤੁਸੀਂ ਆਪਣੇ ਸਵਾਲ ਵਿੱਚ ਇਸ ਬਾਰੇ ਨਹੀਂ ਪੁੱਛਿਆ। ਹੋਰ ਕੁਝ ਪੁੱਛਣਾ ਹੈ ਤਾਂ ਪੁੱਛੋ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 409 ਪਿੰਡਾਂ ਵਿਚੋਂ 265 ਪਿੰਡਾਂ ਨੂੰ ਪਾਣੀ ਦੇ ਦਿੱਤਾ ਹੈ। ਮੈਂ ਬੇਟ ਏਰੀਏ ਵਿੱਚ ਰਹਿੰਦਾ ਹਾਂ ਔਰ ਮੈਂ ਕਹਿੰਦਾ ਹਾਂ ਕਿ 90% ਪਿੰਡਾਂ ਨੂੰ ਅਜੇ ਪੀਣ ਵਾਲਾ ਪਾਣੀ ਸਪਲਾਈ ਨਹੀਂ ਕੀਤਾ ਗਿਆ। ਬੇਟ ਦੇ ਏਰੀਏ ਦਾ ਪਾਣੀ ਬਹੁਤ ਖ਼ਰਾਬ ਹੈ। ਜੋ ਇਨ੍ਹਾਂ ਨੇ 15 ਕਰੋੜ ਰੁਪਏ ਰਿਲੀਜ਼ ਕਰਨ ਬਾਰੇ ਕਿਹਾ ਹੈ, ਮੰਤਰੀ ਜੀ ਇਹ ਦੱਸ ਦੇਣ ਕਿ ਇਹ ਕਦੋਂ ਤੱਕ ਰਿਲੀਜ਼ ਹੋ ਜਾਣਗੇ ?

ਸ਼੍ਰੀ ਸਪੀਕਰ : ਮੇਰਾ ਵੀ ਪਿੰਡ ਬੇਟ ਏਰੀਏ ਵਿੱਚ ਪੈਂਦਾ ਹੈ। ਹਾਂ ਜੀ, ਮੰਤਰੀ ਜੀ ਦੱਸੋ।

ਮੰਤਰੀ : ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਸਾਹਿਬ ਅਖ਼ਬਾਰਾਂ ਪੜ੍ਹਦੇ ਹਨ ਅਤੇ ਇਹ ਬਹੁਤ ਸਿਆਣੇ ਹਨ। ਪ੍ਰਧਾਨ ਮੰਤਰੀ ਜੀ ਨੇ ਪਿੱਛੇ ਕਿਹਾ ਸੀ ਕਿ ਅਸੀਂ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਪੀਣ ਵਾਲਾ ਸਵੱਛ ਪਾਣੀ ਦੇਣ ਲਈ ਰਕਮ ਰਾਖਵੀਂ ਰੱਖਾਂਗੇ। ਸਾਡੇ ਮੁੱਖ ਮੰਤਰੀ ਜੀ ਨੇ ਕਨਸਰਨਡ ਮਨਿਸਟਰ ਸਾਹਿਬ ਨਾਲ ਅਤੇ ਪ੍ਰਧਾਨ ਮੰਤਰੀ ਜੀ ਨਾਲ ਗੱਲ ਕੀਤੀ ਹੈ ਅਤੇ ਨਵੇਂ ਬਜਟ ਵਿੱਚ ਉਹ ਵਾਧੂ ਮਾਇਆ ਦੇਣਗੇ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਇਨ੍ਹਾਂ ਪਿੰਡਾਂ ਨੂੰ ਛੇਤੀ ਹੀ ਸਵੱਛ ਪੀਣ ਵਾਲਾ ਪਾਣੀ ਮੁਹੱਈਆ ਕਰੀਏ।

ਜ਼ਿਲ੍ਹਾ ਜਲੰਧਰ ਦੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਸਪਲਾਈ

*1048. 1. ਸਰਦਾਰ ਗੁਰਦੀਪ ਸਿੰਘ ਭੁੱਲਰ
2. ਸਰਦਾਰ ਸੁਖਵਿੰਦਰ ਸਿੰਘ ਔਲਖ } : ਕੀ ਜਨ ਸਿਹਤ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਜਲੰਧਰ ਵਿੱਚ ਪਿੰਡ ਪਾਸਲਾ, ਤਲਵਣ, ਰੁੜਕਾ ਕਲਾਂ ਅਤੇ ਕਦੋਲਾ ਕਲਾਂ ਵਿੱਚ ਪਾਣੀ ਦੇ ਟੈਂਕ ਬਣਾਏ ਗਏ ਹਨ ਅਤੇ ਪਾਣੀ ਦੀ ਸਪਲਾਈ ਲਈ ਪਾਈਪਾਂ ਅਜੇ ਪਾਈਆਂ ਜਾਣੀਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਉਕਤ ਪਿੰਡਾਂ ਨੂੰ ਪਾਣੀ ਦੀ ਸਪਲਾਈ ਕਦੋਂ ਤੱਕ ਮੁਹੱਈਆ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਰਾਜਾ ਨਰਿੰਦਰ ਸਿੰਘ : ਇਹ ਠੀਕ ਨਹੀਂ ਹੈ ਕਿ ਜ਼ਿਲ੍ਹਾ ਜਲੰਧਰ ਦੇ ਪਿੰਡਾਂ ਪਾਸਲਾ, ਤਲਵਣ, ਰੁੜਕਾ ਕਲਾਂ ਅਤੇ ਕੰਦੋਲਾ ਕਲਾਂ ਵਿਖੇ ਕੇਵਲ ਵਾਟਰ ਟੈਂਕ ਉਸਾਰੇ ਗਏ ਹਨ ਪਰੰਤੂ ਪਾਈਪ ਲਾਈਨ ਅਜੇ ਵਿਛਾਈ ਜਾਣੀ ਹੈ। ਇਨ੍ਹਾਂ ਪਿੰਡਾਂ ਨੂੰ ਪਾਈਪਾਂ ਰਾਹੀਂ ਪਾਣੀ ਪਹਿਲਾਂ ਹੀ ਕ੍ਰਮਵਾਰ ਮਾਰਚ, 1992, ਮਾਰਚ, 1996, ਦਸੰਬਰ, 1991 ਅਤੇ ਮਾਰਚ, 1993 ਤੋਂ ਮੁਹੱਈਆ ਕਰਾਇਆ ਗਿਆ ਹੈ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜਾ ਦੱਸਿਆ ਹੈ ਅਤੇ ਡਿਟੇਲ ਦਿੱਤੀ ਹੈ ਪਰ ਇਨਾ ਲੰਮਾ ਸਮਾਂ ਹੋ ਗਿਆ ਹੈ, 75% ਏਰੀਏ ਵਿੱਚ ਸਵੱਛ ਪੀਣ ਵਾਲਾ ਪਾਣੀ ਸਪਲਾਈ ਨਹੀਂ ਹੋ ਰਿਹਾ । ਲੋਕ ਨਵੀਆਂ ਪਾਈਪ ਲਾਈਨਾਂ ਪਾਉਣ ਦੀ ਡਿਮਾਂਡ ਕਰਦੇ ਹਨ । ਕਈ ਵਾਰ ਇਨ੍ਹਾਂ ਦੇ ਮਹਿਕਮੇ ਨੂੰ ਵੀ ਕਿਹਾ ਗਿਆ ਹੈ । ਇਨ੍ਹਾਂ ਦੀ ਕੀ ਪ੍ਰਾਬਲਮ ਹੈ ? ਇਹ ਪਿੰਡਾਂ ਨੂੰ ਕਿਉਂ ਪਾਣੀ ਮੁਹੱਈਆ ਨਹੀਂ ਕਰ ਸਕਦੇ ?

ਮੰਤਰੀ : ਸਪੀਕਰ ਸਾਹਿਬ, ਜਿਹੜੇ ਬਾਕੀ ਪਿੰਡ ਰਹਿੰਦੇ ਹਨ, ਜਿਨ੍ਹਾਂ ਨੂੰ ਪਾਣੀ ਨਹੀਂ ਮਿਲਿਆ, ਉਨ੍ਹਾਂ ਨੂੰ ਪਾਣੀ ਦੇਣ ਲਈ ਅਸੀਂ ਪ੍ਰਬੰਧ ਕਰ ਰਹੇ ਹਾਂ । ਐਕਚੂਅਲੀ ਫੈਕਟ ਇਹ ਹੈ ਕਿ 6–7 ਪਿੰਡਾਂ ਨੂੰ ਪਹਿਲਾਂ ਰਲਾ ਕੇ ਅਸੀਂ ਪਾਣੀ ਦਿੰਦੇ ਸੀ । ਹੁਣ ਜਿਉਂ ਜਿਉਂ ਫੰਡਜ਼ ਸਾਨੂੰ ਮਿਲ ਰਹੇ ਹਨ, ਅਸੀਂ ਇਸ ਸਕੀਮ ਨੂੰ ਬਰੇਕ-ਅੱਪ ਕਰਕੇ ਥੋੜ੍ਹੇ ਪਿੰਡਾਂ ਨੂੰ ਸਪਲਾਈ ਦੇ ਰਹੇ ਹਾਂ । ਇਹ ਜਿਹੜੇ ਸੱਤ ਪਿੰਡਾਂ ਨੂੰ ਪਾਣੀ ਦਿੱਤਾ ਗਿਆ ਹੈ, ਇਨ੍ਹਾਂ ਵਿੱਚ ਪਾਣੀ ਅਖੀਰ ਤੇ ਘੱਟ ਜਾਂਦਾ ਸੀ । ਜਿੱਥੇ ਪਾਣੀ ਘੱਟ ਜਾਂਦਾ ਸੀ, ਉਥੇ ਪਹਿਲਾਂ ਇਨਫੀਰੀਅਰ ਪਾਈਪ ਲਾਈਨਾਂ ਪਈਆਂ ਹੋਈਆਂ ਸਨ । ਹੁਣ ਅਸੀਂ ਉਨ੍ਹਾਂ ਦੀ ਥਾਂ ਸੁਪੀਰੀਅਰ ਪਾਈਪ ਲਾਈਨਾਂ ਪਾ ਕੇ ਪਾਣੀ ਦੀ ਸਪਲਾਈ ਕਰ ਦਿੰਦੇ ਹਾਂ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਇਹ ਕਿੰਨੇ ਸਮੇਂ ਵਿੱਚ ਕਰ ਦੇਣਗੇ ਅਤੇ ਪਾਣੀ ਕਦੋਂ ਤੱਕ ਸਪਲਾਈ ਹੋਣਾ ਸ਼ੁਰੂ ਹੋ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਹ ਟਾਈਮ ਬਾਊਂਡ ਨਹੀਂ ਕੀਤਾ ਜਾ ਸਕਦਾ ਪਰ Government is very alive to the problem. ਸਾਡੀ ਬੜੀ ਐਕਿਊਟ ਪਰਾਬਲਮ ਹੈ । ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਜੀ ਅਤੇ ਮੁੱਖ ਮੰਤਰੀ ਸਾਹਿਬ ਇਨਟਰਸਟਿਡ ਹਨ । ਇਸ ਲਈ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਲਦੀ ਤੋਂ ਜਲਦੀ ਪ੍ਰਬੰਧ ਹੋ ਸਕਣ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਬਹੁਤ ਸਾਰੇ ਵਾਟਰ ਵਰ-ਕਸ ਟੇਲਾਂ ਤੇ ਪੈਂਦੇ ਹਨ ਅਤੇ ਉਥੇ ਨਹਿਰੀ ਪਾਣੀ ਨਹੀਂ ਪਹੁੰਚਦਾ । ਜਿਸ ਤਰ੍ਹਾਂ ਸਾਡੇ ਜ਼ਿਲ੍ਹੇ ਬਠਿੰਡਾ ਅਤੇ ਮਾਨਸਾ ਵਿਚ ਹੈ । ਕੀ ਮੰਤਰੀ ਜੀ ਕੋਈ ਵਿਸ਼ੇਸ਼ ਯਤਨ ਕਰਨਗੇ ਤਾਂ ਕਿ ਲੋਕਾਂ ਨੂੰ ਮਾੜਾ ਪਾਣੀ ਨਾ ਪੀਣਾ ਪਵੇ ਜੀ ?

ਸ਼੍ਰੀ ਸਪੀਕਰ : ਤੁਸੀਂ ਸੈਪਰੇਟ ਕੁਐਸਚਨ ਦੇ ਦਿਓ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਧਾਰ ਬਲਾਕ ਦੀ ਗੱਲ ਕਰਨੀ ਚਾਹੁੰਦਾ ਹਾਂ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਆਪਣੀ ਪ੍ਰਾਇਰਟੀ ਨੂੰ ਦੁਬਾਰਾ ਵਿਚਾਰ ਸਕਦੀ ਹੈ. ਕਿਉਂਕਿ ਕਈ ਜਗ੍ਹਾ ਤੇ. ਅਤੇ ਕਈ ਪਿੰਡਾਂ ਵਿਚ ਬਿਲਕੁਲ ਪਾਣੀ ਨਹੀਂ ਮਿਲਦਾ ਅਤੇ ਕਈ ਪਿੰਡਾਂ ਵਿਚ ਨਲਕੇ ਰਾਹੀਂ ਪਾਣੀ ਮਿਲਦਾ ਹੈ ? ਇਸ ਲਈ ਕੀ ਸਰਕਾਰ ਆਪਣੀ ਪ੍ਰਾਇਰਟੀ ਨੂੰ ਦੁਬਾਰਾ ਵਿਚਾਰ ਸਕਦੀ ਹੈ ?

ਸ੍ਰੀ ਸਪੀਕਰ : ਸੈਣੀ ਸਾਹਿਬ, ਇਹ ਕੋਈ ਗੱਲ ਨਹੀਂ ਬਣੀ ।

ਪਸ਼ੂ ਖੁਰਾਕ ਅਤੇ ਦੁੱਧ ਦੀ ਦਰ (ਦਰਾਂ)

*1498. **ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਅਤੇ ਪ੍ਰਾਈਵੇਟ ਏਜੰਸੀਆਂ ਦੁਆਰਾ ਪਸ਼ੂ ਪਾਲਕਾਂ ਨੂੰ ਪਸ਼ੂ ਖੁਰਾਕ ਕਿਸ ਦਰ ਤੇ ਵੇਚੀ ਜਾ ਰਹੀ ਹੈ ;

(ਅ) ਰਾਜ ਵਿਚ ਦੁੱਧ ਖਰੀਦ ਕੇਂਦਰਾਂ ਦੁਆਰਾ ਦੁੱਧ ਦੀ ਫੈਟ ਅਨੁਸਾਰ ਦੁੱਧ ਕਿਸ ਦਰ ਤੇ ਖਰੀਦਿਆ ਜਾ ਰਿਹਾ ਹੈ ?

ਡਾਕਟਰ ਰਤਨ ਸਿੰਘ : (ੳ) ਸਰਕਾਰ ਵਲੋਂ ਪਸ਼ੂ ਖੁਰਾਕ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਕੋਈ ਅਖਤਿਆਰ ਨਹੀਂ ਵਰਤੇ ਜਾਂਦੇ । ਇਹ ਕੀਮਤਾਂ ਸਮੇਂ ਸਮੇਂ ਤੇ ਬਜ਼ਾਰੀ ਸ਼ਕਤੀਆਂ ਵੱਲੋਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ਅਤੇ ਖੁਰਾਕ ਜੋ ਵੇਚੀ ਜਾਂਦੀ ਹੈ, ਦੀ ਗੁਣਵੰਨਤਾ ਵੱਖ-ਵੱਖ ਉਤਪਾਦਨ ਕਰਤਾਵਾਂ ਵਲੋਂ ਕੀਤੀ ਜਾਂਦੀ ਹੈ । ਇਸ ਸਮੇਂ ਪਸ਼ੂ ਖੁਰਾਕ ਦੀ ਕੀਮਤ 360/- ਰੁਪਏ ਪ੍ਰਤੀ ਕੁਇੰਟਲ ਤੋਂ 595/- ਰੁਪਏ ਪ੍ਰਤੀ ਕੁਇੰਟਲ ਦੇ ਵਿਚ, ਖੁਰਾਕ ਦੀ ਗੁਣਵੰਨਤਾ ਦੇ ਆਧਾਰ ਤੇ, ਘੱਟਦੀ ਵੱਧਦੀ ਹੈ ।

(ਅ) ਇਸੇ ਤਰ੍ਹਾਂ ਹੀ ਦੁੱਧ ਦੀ ਕੀਮਤ ਨਿਸ਼ਚਿਤ ਕਰਨ ਤੇ ਵੀ ਸਰਕਾਰ ਦਾ ਕੋਈ ਅਖਤਿਆਰ ਨਹੀਂ ਹੈ । ਇਹ ਕੀਮਤਾਂ ਵੀ ਬਜ਼ਾਰੀ ਸ਼ਕਤੀਆਂ ਵੱਲੋਂ ਹੀ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ । ਫਿਰ ਵੀ ਇਸ ਸਮੇਂ ਰਾਜ ਵਿਚ ਵੱਖ-ਵੱਖ ਜ਼ਿਲ੍ਹਾ ਉਤਪਾਦਕ ਸਹਿਕਾਰੀ ਸੰਸਥਾਵਾਂ ਵਲੋਂ ਅਨੁਲੱਗ 1 ਅਨੁਸਾਰ, ਦੁੱਧ ਦੀ ਖਰੀਦ ਦੇ ਭਾਵ ਪੇਸ਼ ਕੀਤੇ ਜਾਂਦੇ ਹਨ ।

ਅਨੁਲੱਗ 1

ਫੈਟ ਦੇ ਆਧਾਰ ਤੇ ਖਰੀਦੇ ਜਾਣ ਵਾਲੇ ਦੁੱਧ ਦਾ ਖ਼ਰੀਦ ਭਾਅ ।

ਮਿਲਕ ਯੂਨੀਅਨ ਦਾ ਨਾਂ	ਪ੍ਰਤੀ ਕਿਲੋ ਦੁੱਧ ਫੈਟ ਦਾ ਭਾਅ (ਰੁਪਏ)
1	2
1. ਜਲੰਧਰ	ਰੁਪਏ 144/-
2. ਹੁਸ਼ਿਆਰਪੁਰ	ਰੁਪਏ 145/-
3. ਸੰਗਰੂਰ	ਰੁਪਏ 160/-

1		2
4.	ਬਠਿੰਡਾ	
5.	ਫਿਰੋਜ਼ਪੁਰ	ਰੁਪਏ 163/-
6.	ਫਰੀਦਕੋਟ	
7.	ਰੋਪੜ	ਰੁਪਏ 150/-
8.	ਲੁਧਿਆਣਾ	ਰੁਪਏ 166/-
9.	ਪਟਿਆਲਾ	ਰੁਪਏ 155/-
10.	ਗੁਰਦਾਸਪੁਰ	ਰੁਪਏ 145/-
11.	ਅੰਮ੍ਰਿਤਸਰ	ਰੁਪਏ 150/-

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਲਿਸਟ ਦਿੱਤੀ ਹੈ, ਉਸ ਵਿਚ ਪ੍ਰਤੀ ਕਿਲੋ ਦੁੱਧ ਦੀ ਫੈਟ ਦਾ ਭਾਅ ਵੱਖ ਵੱਖ ਡਿਸਟ੍ਰਿਕਟਾਂ ਵਿਚ ਵੱਖ ਵੱਖ ਦਿੱਤਾ ਗਿਆ ਹੈ । ਜਲੰਧਰ ਵਿਚ 144/- ਰੁਪਏ, ਸੰਗਰੂਰ ਵਿਚ 160/- ਰੁਪਏ ਅਤੇ ਲੁਧਿਆਣੇ ਵਿਚ 166/- ਰੁਪਏ ਦਿੱਤਾ ਗਿਆ ਹੈ । ਮੈਨੂੰ ਲਗਦਾ ਹੈ ਕਿ ਇਹ ਰੇਟ ਗਲਤ ਦਿੱਤੇ ਗਏ ਹਨ ਕਿਉਂਕਿ ਡਿਸਟ੍ਰਿਕਟਾਂ ਵਿਚ ਭਾਅ ਬਹੁਤ ਜ਼ਿਆਦਾ ਹਨ । ਇਸ ਦੇ ਬਾਰੇ ਕੀ ਮੰਤਰੀ ਜੀ ਦੱਸ ਸਕਦੇ ਹਨ ? ਇਸ ਦੇ ਨਾਲ ਹੀ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪਸ਼ੂ ਪਾਲਕਾਂ ਨੂੰ ਕਿੰਨੇ ਰੁਪਏ ਪ੍ਰਤੀ ਕਿਲੋ ਦੁੱਧ ਘਰ ਪੈਂਦਾ ਹੈ ਕਿਉਂਕਿ ਇਸ ਦਾ ਰੇਟ ਜ਼ਰੂਰ ਫਿਕਸ ਹੋਣਾ ਚਾਹੀਦਾ ਹੈ ?

ਮੰਤਰੀ : ਸਪੀਕਰ ਸਾਹਿਬ, ਵੱਖ-ਵੱਖ ਡਿਸਟ੍ਰਿਕਟਾਂ ਵਿਚ ਵੱਖ-ਵੱਖ ਮਿਲਕਫੈਡ ਯੂਨੀਅਨਾਂ ਬਣੀਆਂ ਹੋਈਆਂ ਹਨ । ਇਸ ਲਈ ਇਹ ਸਰਦਾਰ ਬ੍ਰਹਮਪੁਰਾ ਜੀ ਦੇ ਵਿਭਾਗ ਨਾਲ ਸਬੰਧਿਤ ਹਨ । ਇਹ ਭਾਅ ਯੂਨੀਅਨਾਂ ਹੀ ਨਿਰਧਾਰਿਤ ਕਰਦੀਆਂ ਹਨ ਅਤੇ ਇਹ ਰੇਟ ਫੈਟ ਮੁਤਾਬਿਕ ਹੀ ਨਿਰਧਾਰਿਤ ਕੀਤਾ ਜਾਂਦਾ ਹੈ ।

ਸ਼੍ਰੀ ਸਪੀਕਰ : ਮੰਤਰੀ ਜੀ, ਇਹ ਜਿਹੜਾ ਰੇਟ 144/- ਰੁ: ਦੱਸਿਆ ਗਿਆ ਹੈ, ਇਹ ਕਿੰਨੀ ਫੈਟ ਦਾ ਰੇਟ ਹੈ ।

ਮੰਤਰੀ : ਸਪੀਕਰ ਸਾਹਿਬ ਇਹ ਰੇਟ ਪ੍ਰਤੀ ਕਿਲੋ ਪਿਛੇ ਹੈ । ਨਾਰਮਲੀ ਜੇ ਛੇ ਪਰਸੈਂਟ ਫੈਟ ਹੋਵੇ ਅਤੇ ਅੱਠ ਪਰਸੈਂਟ ਐਨ. ਐਸ. ਐਫ. ਹੋਵੇ ਤਾਂ 9/- ਰੁਪਏ ਪ੍ਰਤੀ ਕਿਲੋ ਦੁੱਧ ਪੈਂਦਾ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਦੁੱਧ 9/- ਰੁਪਏ ਪ੍ਰਤੀ ਕਿਲੋ ਹੈ ' ਉਸ ਵਿਚ ਫੈਟ ਦੀ ਕਿੰਨੀ ਪਰਸੈਂਟੇਜ ਹੈ ?

ਮੰਤਰੀ : ਸਪੀਕਰ ਸਾਹਿਬ, ਜੇ ਇਕ ਕਿਲੋ ਦੁੱਧ ਪਿਛੇ ਛੇ ਪਰਸੈਂਟ ਫੈਟ ਹੈ ਅਤੇ ਅੱਠ ਪਰਸੈਂਟ ਐਨ. ਐਸ. ਐਫ. ਹੈ ਤਾਂ ਇਹ 9/- ਰੁਪਏ ਪ੍ਰਤੀ ਕਿਲੋ ਦੁੱਧ ਪੈਂਦਾ ਹੈ । ਇਹ ਜਿਹੜੀ ਕੀਮਤ ਜਵਾਬ ਵਿਚ ਦਿੱਤੀ ਗਈ ਹੈ, ਇਹ ਪੰਜ ਕਿਲੋ ਦੇ ਹਿਸਾਬ ਨਾਲ ਦਿੱਤੀ ਗਈ ਹੈ । ਇਹ ਵੱਖ-ਵੱਖ ਡਿਸਟ੍ਰਿਕਟਾਂ ਦੀ ਵੱਖ-ਵੱਖ ਹੈ ।

ਸਰਦਾਰ ਅਮਰਜੀਤ ਸਿੰਘ ਸਮਰਾ : ਸਪੀਕਰ ਸਾਹਿਬ, ਪਸ਼ੂ ਪਾਲਕਾਂ ਨੂੰ ਕਿੰਨੇ ਰੁਪਏ ਪ੍ਰਤੀ ਕਿਲੋ ਦੁੱਧ ਘਰ ਪੈਂਦਾ ਹੈ ?

ਸ਼੍ਰੀ ਸਪੀਕਰ : ਸਮਰਾ ਸਾਹਿਬ, ਨਹੀਂ ਜੀ । ਇਹ ਗੱਲ ਨਹੀਂ ਬਣੀ ।

ਰਾਜ ਵਿਚ ਮੱਛੀ ਫਾਰਮਾਂ ਦੀ ਗਿਣਤੀ

*1521. **ਸ਼੍ਰੀ ਤਿਕਸ਼ਨ ਸੂਦ** : ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਦੋਵਾਂ, ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਅਤੇ ਸਰਕਾਰੀ ਏਜੰਸੀਆਂ ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਮੱਛੀ ਫਾਰਮਾਂ ਦੀ ਗਿਣਤੀ ਕਿੰਨੀ ਹੈ ਅਤੇ ਉਹ ਹਰ ਇਕ ਕਿੱਥੇ ਕਿੱਥੇ ਸਥਿਤ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਮੱਛੀ ਫਾਰਮ ਦੁਆਰਾ ਸਾਲਾਨਾ ਕਿੰਨੀ ਮਾਤਰਾ ਵਿਚ ਮੱਛੀ ਪੈਦਾ ਕੀਤੀ ਜਾਂਦੀ ਹੈ ;

(ੲ) ਨੀਲੀ ਕ੍ਰਾਂਤੀ ਦੀ ਪ੍ਰਾਪਤੀ ਨੂੰ ਯਕੀਨੀ ਬਣਾਉਣ ਲਈ ਪੈਦਾਵਾਰ, ਵਿਕਰੀ ਅਤੇ ਕਰਜ਼ਿਆਂ ਦੀ ਵਸੂਲੀ ਨੂੰ ਨਿਯਮਿਤ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ ।

(ਮੰਤਰੀ ਸਾਹਿਬ ਨੇ ਮਹਿਕਮੇ ਵਲੋਂ ਭੇਜੇ ਗਏ ਲਿਖਤੀ ਉੱਤਰ ਨੂੰ ਨਹੀਂ ਪੜ੍ਹਿਆ ਬਲਕਿ ਉਸ ਦੀ ਜਗ੍ਹਾ ਤੇ ਹੇਠ ਅਨੁਸਾਰ ਉੱਤਰ ਦਿੱਤਾ ।)

ਡਾਕਟਰ ਰਤਨ ਸਿੰਘ ਅਜਨਾਲਾ : (ੳ) ਅਤੇ (ਅ) 1. ਸਪੀਕਰ ਸਾਹਿਬ, ਪੰਜਾਬ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕੋਈ ਵੀ ਮੱਛੀ ਫ਼ਾਰਮ ਨਹੀਂ ਹੈ ।

2. ਸਰਕਾਰੀ ਏਜੰਸੀਆਂ ਦੁਆਰਾ ਵਿੱਤੀ ਸਹਾਇਤਾ ਨਾਲ 3448 ਫ਼ਾਰਮ ਸਥਾਪਿਤ ਕੀਤੇ ਗਏ ਹਨ ।

3. ਹਰ ਇਕ ਫ਼ਾਰਮ ਦੀ ਸਥਿਤੀ ਅਤੇ ਸਾਲਾਨਾ ਮੱਛੀ ਉਤਪਾਦਨ ਦੀ ਮਾਤਰਾ ** ਅਨੁਲੱਗ '1' ਤੇ ਦਿੱਤੀ ਗਈ ਹੈ ।

4. ਇਨ੍ਹਾਂ ਫ਼ਾਰਮਾਂ ਤੋਂ ਹਰ ਸਾਲ 16,800 ਟਨ ਮੱਛੀ ਪੈਦਾ ਕੀਤੀ ਜਾਂਦੀ ਹੈ । ਪ੍ਰਤੀ ਹੈਕਟੇਅਰ ਔਸਤਨ ਮੱਛੀ ਪੈਦਾਵਾਰ 4200 ਕਿਲੋਗ੍ਰਾਮ ਹੈ ਜੋ ਕਿ ਦੇਸ਼ ਵਿਚ ਸਭ ਤੋਂ ਵੱਧ ਹੈ ।

** Placed in the library.

[ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ]

(ਦ) ਮਾਨਯੋਗ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਰਹਿਨੁਮਾਈ ਵਿੱਚ ਪੰਜਾਬ ਰਾਜ ਵਿਚ ਨੀਲੀ ਕ੍ਰਾਂਤੀ ਲਿਆਉਣ ਲਈ ਰਾਜ ਵਿਚ ਉਪਲਬਧ ਬੇਕਾਰ ਜ਼ਮੀਨਾਂ, ਪਾਣੀ ਤੋਂ ਪ੍ਰਭਾਵਿਤ ਇਲਾਕਿਆਂ, ਖਾਰੇ ਪਾਣੀ ਤੋਂ ਪ੍ਰਭਾਵਿਤ ਇਲਾਕਿਆਂ, ਪੰਚਾਇਤਾਂ ਦੀਆਂ ਨੀਵੀਆਂ ਥਾਵਾਂ, ਛੱਪੜਿਆਂ ਕਾਰਨ ਬੇਕਾਰ ਹੋਈਆਂ ਜ਼ਮੀਨਾਂ, ਰਣਜੀਤ ਸਾਗਰ ਡੈਮ, ਨੰਗਲ ਲੇਕ ਅਤੇ ਸਾਹ ਨਹਿਰ ਰੇਜ਼ਰਵਾਇਰ ਵਿਚ ਮੱਛੀ ਪਾਲਣ ਦੇ ਉਪਰਾਲੇ ਕੀਤੇ ਜਾਣਗੇ। ਹਰ ਸਾਲ 850 ਨਵੇਂ ਮੱਛੀ ਫਾਰਮ ਬਣਾਏ ਜਾਣਗੇ। ਪੰਜਾਬ ਰਾਜ ਵਿਚ ਇਸ ਸਮੇਂ 40,000 ਟਨ ਮੱਛੀ ਪ੍ਰਤੀ ਸਾਲ ਪੈਦਾ ਕੀਤੀ ਜਾਂਦੀ ਹੈ। ਮੱਛੀ ਉਤਪਾਦਨ ਵਿੱਚ ਵਾਧੇ ਦੀ ਦਰ 10% ਰੱਖੀ ਜਾਵੇਗੀ ਜਦੋਂ ਕਿ ਰਾਸ਼ਟਰ ਪੱਧਰ ਤੇ ਇਹ 6.5% ਹੈ। 9ਵੀਂ ਪੰਜ ਸਾਲਾ ਯੋਜਨਾ ਦੌਰਾਨ ਮੌਜੂਦਾ 4200 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਔਸਤਨ ਮੱਛੀ ਉਤਪਾਦਨ ਨੂੰ 4500 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਕਰਨ ਦੇ ਉਪਰਾਲੇ ਕੀਤੇ ਜਾਣਗੇ। ਮੱਛੀ ਦੀ ਵਿਕਰੀ ਨੂੰ ਸੌਖਾ ਬਣਾਉਣ ਲਈ ਰਾਜ ਵਿਚ ਦੋ ਆਧੁਨਿਕ ਢੰਗ ਦੀਆਂ ਮੱਛੀ ਮੰਡੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਮੱਛੀ ਦੀ ਵਿਕਰੀ ਦਾ ਕੰਮ ਸੌਖਾ ਕੀਤਾ ਜਾਵੇਗਾ। ਮੱਛੀ ਪਾਲਣ ਲਈ ਦਿਤੇ ਗਏ ਕਰਜ਼ਿਆ ਦੀ ਵਸੂਲੀ ਸਬੰਧੀ ਰਾਜ ਵਿਚ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਂਦੀ ਅਤੇ ਨਾ ਹੀ ਹੁਣ ਤੱਕ ਬੈਂਕਾਂ ਵੱਲੋਂ ਕੋਈ ਅਜਿਹਾ ਮਾਮਲਾ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ।

ਸ਼੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਜਿਹੜਾ ਜਵਾਬ ਮੈਨੂੰ ਆਇਆ ਹੈ, ਉਹ ਤਾਂ ਇਹ ਨਹੀਂ ਹੈ।

ਸ਼੍ਰੀ ਸਪੀਕਰ : ਉਹੀ ਜਵਾਬ ਹੈ। ਉਨ੍ਹਾਂ ਨੇ ਵੱਖਰਾ ਐਕਸਪਲੇਨ ਕਰ ਦਿੱਤਾ ਹੈ। ਤੁਸੀਂ ਪੁੱਛ ਲਵੋ ਜੋ ਪੁੱਛਣਾ ਹੈ।

ਸ਼੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਜਿਹੜਾ ਮੈਨੂੰ ਜਵਾਬ ਦਿੱਤਾ, ਉਸ ਵਿਚ ਇਹ ਨਹੀਂ ਹੈ......

ਸ਼੍ਰੀ ਸਪੀਕਰ : ਆਪਣੀ ਉਸ ਵਿਚ ਤਸੱਲੀ ਹੋਈ ਕਿ ਨਹੀਂ ?

ਸ਼੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਬਾਕੀ ਇਨ੍ਹਾਂ ਨੇ ਇਹ ਕਹਿ ਦਿੱਤਾ ਕਿ ਅਸੀਂ ਕਿਸੇ ਵੀ ਤਰ੍ਹਾਂ ਰੈਗੂਲੇਟ ਨਹੀਂ ਕਰਦੇ। ਅਸੀਂ ਨਾ ਉਨ੍ਹਾਂ ਦੀ ਵਿਕਰੀ ਅਤੇ ਨਾ ਹੀ ਕਰਜ਼ੇ ਦਿਵਾਉਂਦੇ ਹਾਂ। ਅਸੀਂ ਸਿਰਫ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਦੇ ਹਾਂ। ਜਿਹੜਾ ਨਾਲ ਅਨੁਲੱਗ ਹੈ, ਉਹ ਬਹੁਤ ਵੱਡਾ ਹੈ ਪਰ ਮੈਂ ਹੁਸ਼ਿਆਰਪੁਰ ਦੀ ਜਿਹੜੀ ਤਹਿਸੀਲ ਹੈ, ਉਹ ਦੇਖੀ ਹੈ। ਉਸ ਵਿਚ ਜੋ ਪਰ-ਹੈਕਟੇਅਰ ਮੱਛੀ ਉਤਪਾਦਨ ਦੀ ਗੱਲ

ਕੀਤੀ ਹੈ, ਉਹ ਬਿਲਕੁਲ ਕਾਗਜ਼ੀ ਹੈ । ਇਥੇ ਅਨੁਲੱਗ ਵਿਚ ਪ੍ਰਤੀ ਹੈਕਟੇਅਰ ਦੇ ਮਗਰ 30 ਕੁਇੰਟਲ ਲਿਖਿਆ ਹੈ । ਸਪੀਕਰ ਸਾਹਿਬ, ਇਹ ਜਿਹੜੇ ਫਾਰਮ ਲਿਖੇ ਹਨ, ਇਹ ਤਾਂ ਉਥੇ ਹੈ ਹੀ ਨਹੀਂ । ਮੈਂ ਮੰਤਰੀ ਜੀ ਤੋਂ ਜਾਣਨਾ ਚਾਹਾਂਗਾ ਕਿ ਇਸ ਸਬੰਧ ਵਿਚ ਇਕ ਅਲੱਗ ਡਿਪਾਰਟਮੈਂਟ ਬਣਾਇਆ ਗਿਆ ਹੈ ਅਤੇ ਇਹ ਇਕ ਜ਼ਿਲ੍ਹੇ ਵਿਚ ਕਿੰਨਾ ਸਟਾਫ ਰਖਦੇ ਹਨ ਅਤੇ ਕੁੱਲ ਪੰਜਾਬ ਵਿਚ ਡਿਪਾਰਟਮੈਂਟ ਦਾ ਕਿੰਨਾ ਖਰਚਾ ਹੈ ? ਜੋ ਅਨੁਲੱਗ ਹੈ, ਉਹ ਕਾਗਜ਼ੀ ਕਾਰਵਾਈ ਕਾਫੀ ਲੰਬੀ ਹੈ । ਇਹ ਦੱਸ ਦੇਣ ਜੀ ।

ਮੰਤਰੀ : ਸਪੀਕਰ ਸਾਹਿਬ, ਡਿਪਾਰਟਮੈਂਟ ਦਾ ਖਰਚਾ ਇਨ੍ਹਾਂ ਨੇ ਪੁੱਛਿਆ ਹੀ ਨਹੀਂ । ਇਸ ਲਈ ਇਹ ਵੱਖਰਾ ਸਵਾਲ ਦੇ ਦੇਣ ।

ਸ੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹਾਂਗਾ ਕਿ ਜੇਕਰ ਮੱਛੀ ਪਾਲਣ ਨੂੰ ਉਤਸ਼ਾਹਿਤ ਕਰਨਾ ਹੋਵੇ ਤਾਂ ਇਸ ਲਈ ਪਬਲਿਕ ਰਿਲੇਸ਼ਨ ਡਿਪਾਰਟਮੈਂਟ ਹੀ ਕਾਫੀ ਹੈ ।

ਸ੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ ।

ਸ੍ਰੀ ਤ੍ਰਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਆਸ਼ਵਾਸਨ ਲੈਣਾ ਚਾਹਾਂਗਾ ਕਿ ਜੋ ਡਾਟਾ ਤੁਸੀਂ ਅਨੁਲੱਗ ਵਿਚ ਦਿੱਤਾ ਹੈ, ਇਸ ਦੀ ਵੈਰੀਫਿਕੇਸ਼ਨ ਫਿਰ ਕਰਵਾ ਲੈਣ ਤਾਂ ਕਿ ਅੱਪ-ਟੂ-ਡੇਟ ਇਨਫਰਮੇਸ਼ਨ ਦਾ ਪਤਾ ਲੱਗ ਸਕੇ । ਹੁਸ਼ਿਆਰਪੁਰ ਬਾਰੇ ਮੈਂ ਹਾਊਸ ਵਿਚ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਰਿਪੋਰਟ ਠੀਕ ਨਹੀਂ ਹੈ । ਇਹ ਬਿਲਕੁਲ ਕਾਗਜ਼ੀ ਹੈ । ਜਿਹੜਾ ਇਕ ਹੈਕਟੇਅਰ ਦੀ ਰੇਸ਼ੋ ਨਾਲ ਹੀ ਉਤਪਾਦਨ ਦੱਸਿਆ ਹੈ ਉਹ ਠੀਕ ਨਹੀਂ ਹੈ । ਕਿਸੇ ਜ਼ਿਲ੍ਹੇ ਵਿਚ ਅਲੱਗ ਉਤਪਾਦਨ ਵਿਖਾ ਕੇ ਉਸ ਦੀ ਰੇਸ਼ੋ ਨਾਲ ਕਾਗਜ਼ ਵਿਖਾ ਦਿੱਤਾ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਆਸ਼ਵਾਸਨ ਦੇਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੀ ਇਨ੍ਹਾਂ ਨੂੰ ਨਾਲ ਲੈ ਕੇ ਅਸੀਂ ਇਨਕੁਆਇਰੀ ਕਰਵਾ ਲਵਾਂਗੇ ਔਰ ਜੋ ਡਿਪਾਰਟਮੈਂਟ ਦੀ ਗਲਤੀ ਹੋਵੇਗੀ ਤਾਂ ਉਸ ਉਤੇ ਬਕਾਇਦਾ ਐਕਸ਼ਨ ਲਿਆ ਜਾਵੇਗਾ ।

ਸਕੂਲ ਅਧਿਆਪਕਾਂ ਦੁਆਰਾ ਰਾਜ ਪੁਰਸਕਾਰਾਂ (ਸਟੇਟ ਅਵਾਰਡਜ਼) ਦੀ ਵਾਪਸੀ

*1361. 1. ਡਾਕਟਰ ਅਜੈਬ ਸਿੰਘ ਰੌਤਾ
2. ਡਾਕਟਰ ਰਜਿੰਦਰ ਸਿੰਘ ਅਰਸ਼ੀ } : ਕੀ ਹਾਇਰ ਸੈਕੰਡਰੀ

ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

[ਕਾਮਰੇਡ ਅਜੈਬ ਸਿੰਘ ਰੋਡਾ]

(ੲ) ਅੰਮ੍ਰਿਤਸਰ ਜ਼ਿਲ੍ਹੇ ਦੇ ਉਨ੍ਹਾਂ ਸਕੂਲ ਅਧਿਆਪਕਾਂ ਦੇ ਨਾਂ ਕੀ ਕੀ ਹਨ, ਜਿਨ੍ਹਾਂ ਨੂੰ ਸਾਲ 1993, 1994 1995, 1996, 1997, 1998, ਅਤੇ ਅਤੇ 1999 (ਮਿਤੀ ਅੰਤ ਤੱਕ) ਦੌਰਾਨ ਰਾਜ ਪੁਰਸਕਾਰ (ਸਟੇਟ ਐਵਾਰਡਜ਼) ਦਿੱਤੇ ਗਏ ਸਨ ?

(ਅ) ਕੀ ਉਪਰੋਕਤ ਭਾਗ (ੲ) ਵਿਚ ਵਰਣਿਤ ਟੀਚਰਾਂ ਨੂੰ ਪੁਰਸਕਾਰ ਵਾਪਸ ਕਰਨ ਲਈ ਕਿਹਾ ਗਿਆ ਹੈ ਤਾਂ ਕੁਝ ਉਕਤ ਟੀਚਰਾਂ ਦੇ ਪੁਰਸਕਾਰ ਵਾਪਸ ਲੈ ਲਏ ਹਨ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਾਰਨ ਕੀ ਹਨ ਅਤੇ ਹਰ ਇਕ ਅਜਿਹੇ ਅਧਿਆਪਕਾਂ ਦੇ ਨਾਂ ਕੀ ਕੀ ਹਨ ਅਤੇ ਇਸ ਸਮੇਂ ਉਹ ਕਿੱਥੇ ਕਿੱਥੇ ਲੱਗੇ ਹੋਏ ਹਨ ?

ਸਰਦਾਰ ਤੋਤਾ ਸਿੰਘ : (ੲ) ਅਤੇ (ਅ) ਲੋੜੀਂਦੀ ਸੂਚਨਾ ਬਤੌਰ ਅਨੁਲੱਗ-1 ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ-1

ਸਰਵ ਸ੍ਰੀ/ਸ੍ਰੀਮਤੀ

(ੲ) ਸਾਲ 1993 1. ਜਸਬੀਰ ਸਿੰਘ ਜੌਲ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ (ਅੰਮ੍ਰਿਤਸਰ) ।

2. ਸਵਰਨ ਕਾਂਤਾ, ਹੈਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ, ਮਕਬੂਲ ਪੁਰਾ, ਅੰਮ੍ਰਿਤਸਰ ।

ਸਾਲ 1994 1. ਗੁਰਚਰਨ ਕੌਰ, ਹੈੱਡ ਮਿਸਟਰੈਸ, ਸਰਕਾਰੀ ਹਾਈ ਸਕੂਲ, ਨਾਗੋਕੇ (ਅੰਮ੍ਰਿਤਸਰ)

2. ਸੁਧੀਰ ਕੁਮਾਰ, ਪ੍ਰਿੰਸੀਪਲ, ਅਜੀਤ ਵਿਦਿਆਲਯ, ਅੰਮ੍ਰਿਤਸਰ ।

3. ਪੂਰਨ ਚੰਦ, ਪੀ.ਟੀ.ਆਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ (ਅੰਮ੍ਰਿਤਸਰ)

ਸਾਲ 1995 ਨਿੱਲ

ਸਾਲ 1996 ਨਿੱਲ

ਸਾਲ 1997 ਹਰਮੋਹਿਣੀ ਸ਼ਰਮਾ, ਹੈਡ ਟੀਚਰ, ਸਰਕਾਰੀ ਪ੍ਰਾਇਮਰੀ ਸਕੂਲ ਮਕਬੂਲਪੁਰਾ, ਅੰਮ੍ਰਿਤਸਰ ।

ਸਾਲ 1998 ਨਿੱਲ

ਸਾਲ 1999 ਇਸ ਸਾਲ ਦੌਰਾਨ ਅਜੇ ਟੀਚਰਾਂ ਦੀ ਸਿਲੈਕਸ਼ਨ ਕੀਤੀ ਜਾਣੀ ਹੈ ।

(ਅ) ਹਾਂ ਜੀ । ਸ਼੍ਰੀ ਪੂਰਨ ਚੰਦ, ਪੀ. ਟੀ. ਆਈ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ (ਅੰਮ੍ਰਿਤਸਰ) ਹੁਣ ਸਰਕਾਰੀ ਮਿਡਲ ਸਕੂਲ ਧਾਰ ਖੁਰਦ (ਗੁਰਦਾਸਪੁਰ) ਨੂੰ ਆਪਣਾ ਸਟੇਟ ਐਵਾਰਡ ਵਾਪਸ ਕਰਨ ਸਬੰਧੀ ਕਿਹਾ ਗਿਆ ਹੈ, ਕਿਉਂਕਿ ਉਸ ਵਲੋਂ ਇਹ ਅਵਾਰਡ ਸਲਾਨਾ ਗੁਪਤ ਰਿਪੋਰਟਾਂ ਵਿਚ ਹੇਰਾਫੇਰੀ ਕਰਕੇ ਪ੍ਰਾਪਤ ਕੀਤਾ ਹੈ । ਸਬੰਧਤ ਅਧਿਆਪਕ ਵਲੋਂ ਸਟੇਟ ਐਵਾਰਡ ਵਿਭਾਗ ਨੂੰ ਵਾਪਸ ਕਰ ਦਿੱਤਾ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਜਿਹੜੇ ਸਟੇਟ ਐਵਾਰਡ ਦਿੱਤੇ ਗਏ ਹਨ, ਉਨ੍ਹਾਂ ਵਿਚ ਸ੍ਰੀ ਪੂਰਨ ਚੰਦ, ਪੀ. ਟੀ. ਆਈ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ, ਅੰਮ੍ਰਿਤਸਰ ਅਤੇ ਹੁਣ ਸਰਕਾਰੀ ਮਿਡਲ ਧਾਰ ਖੁਰਦ, ਗੁਰਦਾਸਪੁਰ ਨੂੰ ਆਪਣਾ ਸਟੇਟ ਐਵਾਰਡ ਵਾਪਸ ਕਰਨ ਸਬੰਧੀ ਕਿਹਾ ਗਿਆ ਹੈ ਕਿਉਂਕਿ ਇਹ ਐਵਾਰਡ ਸਾਲਾਨਾ ਗੁਪਤ ਰਿਪੋਰਟਾਂ ਵਿਚ ਹੇਰਾਫੇਰੀ ਕਰਕੇ ਪ੍ਰਾਪਤ ਕੀਤਾ ਗਿਆ ਸੀ । ਉਸ ਵੱਲੋਂ ਹੁਣ ਵਿਭਾਗ ਨੂੰ ਆਪਣਾ ਐਵਾਰਡ ਵੀ ਵਾਪਸ ਕਰ ਦਿੱਤਾ ਗਿਆ ਹੈ । ਇਸ ਲਈ ਕੀ ਮੰਤਰੀ ਜੀ ਦੱਸਣਗੇ ਕਿ ਵਿਭਾਗ ਨੂੰ ਇਹ ਕਿਵੇਂ ਪਤਾ ਲੱਗਾ ਕਿ ਸ੍ਰੀ ਪੂਰਨ ਚੰਦ ਵਲੋਂ ਸਾਲਾਨਾ ਗੁਪਤ ਰਿਪੋਰਟਾਂ ਵਿਚ ਹੇਰਾਫੇਰੀ ਕਰਕੇ ਐਵਾਰਡ ਲਿਆ ਗਿਆ ਸੀ ?

ਮੰਤਰੀ : ਸਪੀਕਰ ਸਾਹਿਬ, ਜ਼ਿਲ੍ਹਾ ਸਿੱਖਿਆ ਅਫਸਰ, ਅੰਮ੍ਰਿਤਸਰ ਵਲੋਂ ਸਾਲ 1993-94 ਅਤੇ 1997 ਵਿਚ ਅਧਿਆਪਕਾਂ ਨੂੰ ਸਟੇਟ ਐਵਾਰਡ ਦੇਣ ਸਬੰਧੀ ਭੇਜੇ ਗਏ ਕੇਸਾਂ ਨੂੰ ਵਿਚਾਰਨ ਉਪਰੰਤ ਹੀ ਸਟੇਟ ਐਵਾਰਡ ਦਿੱਤੇ ਗਏ ਹਨ । ਸ੍ਰੀ ਪੂਰਨ ਚੰਦ ਪੀ. ਟੀ. ਆਈ., ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਛੇਹਰਟਾ (ਅੰਮ੍ਰਿਤਸਰ) ਹੁਣ ਸਰਕਾਰੀ ਮਿਡਲ ਸਕੂਲ, ਧਾਰ ਖੁਰਦ, ਗੁਰਦਾਸਪੁਰ ਨੂੰ ਦਿੱਤੇ ਗਏ ਐਵਾਰਡ ਸਬੰਧੀ ਸ਼ਿਕਾਇਤ ਪ੍ਰਾਪਤ ਹੋਣ ਤੇ ਮੰਡਲ ਸਿੱਖਿਆ ਅਫਸਰ ਜਲੰਧਰ ਤੋਂ ਪੜਤਾਲ/ਕਾਰਵਾਈ ਗਈ । ਮੰਡਲ ਸਿੱਖਿਆ ਅਫਸਰ, ਜਲੰਧਰ ਦੀ ਰਿਪੋਰਟ ਅਨੁਸਾਰ ਸ੍ਰੀ ਪੂਰਨ ਚੰਦ ਨੇ ਆਪਣੀ ਸਾਲਾਨਾ ਗੁਪਤ ਰਿਪੋਰਟਾਂ ਵਿਚ ਹੇਰਾਫੇਰੀ ਕਰਕੇ ਸਟੇਟ ਐਵਾਰਡ ਪ੍ਰਾਪਤ ਕੀਤਾ ਸੀ ਇਸ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸ੍ਰੀ ਪੂਰਨ ਚੰਦ ਦੇ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇ ਅਤੇ ਉਸ ਤੋਂ ਸਟੇਟ ਐਵਾਰਡ ਵਾਪਸ ਲੈ ਲਿਆ ਜਾਵੇ । ਸਬੰਧਿਤ ਅਧਿਆਪਕ ਵਲੋਂ ਸਟੇਟ ਐਵਾਰਡ ਵਿਭਾਗ ਨੂੰ ਵਾਪਸ ਕਰ ਦਿੱਤਾ ਹੈ ਅਤੇ ਵਿਭਾਗ ਵਲੋਂ ਉਸ ਨੂੰ ਚਾਰਜਸ਼ੀਟ ਕਰ ਦਿੱਤਾ ਗਿਆ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਇਨਕੁਆਰੀ ਕਦੋਂ ਤੱਕ ਮੁਕੰਮਲ ਕਰ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਚਾਰਜਸ਼ੀਟ ਕਰ ਦਿੱਤਾ ਗਿਆ ਹੈ ।

ਕਾਮਰੇਡ ਅਜੈਬ ਸਿੰਘ ਸੰਘਾ : ਸਪੀਕਰ ਸਾਹਿਬ, 1994 ਤੋਂ 1999 ਤੱਕ ਦਾ 5 ਸਾਲ ਦਾ ਸਮਾਂ ਬੀਤ ਚੁੱਕਾ ਹੈ । ਸ਼੍ਰੀ ਪੂਰਨ ਚੰਦ ਵੱਲੋਂ ਸਾਲਾਨਾ ਗੁਪਤ ਰਿਪੋਰਟਾਂ ਵਿਚ ਹੇਰਾਫੇਰੀ ਕਰਕੇ ਐਵਾਰਡ ਪ੍ਰਾਪਤ ਕਰਨ ਬਾਰੇ ਮਹਿਕਮਾ ਵੀ ਮੰਨ ਗਿਆ ਹੈ । ਇਸ ਲਈ ਉਸ ਦੇ ਖਿਲਾਫ ਕੀ ਕਾਰਵਾਈ ਕੀਤੀ ਜਾਵੇਗੀ ?

ਸ਼੍ਰੀ ਸਪੀਕਰ : ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਚਾਰਜਸ਼ੀਟ ਕਰ ਦਿੱਤਾ ਗਿਆ ਹੈ ।

ਮੰਤਰੀ : ਸਪੀਕਰ ਸਾਹਿਬ, ਉਸ ਨੂੰ ਚਾਰਜਸ਼ੀਟ ਕਰ ਦਿੱਤਾ ਗਿਆ ਹੈ ਅਤੇ ਪੂਰੀ ਸਜ਼ਾ ਦਿੱਤੀ ਜਾਣੀ ਹੈ ।

ਸ਼੍ਰੀ ਸਪੀਕਰ : ਠੀਕ ਹੈ, ਮੰਤਰੀ ਜੀ, ਤੁਸੀਂ ਬੈਠੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਦੇ ਵਿਚ ਪੂਰੀ ਜਾਣ-ਕਾਰੀ ਨਹੀਂ ਦਿੱਤੀ ਗਈ । ਪਹਿਲੀ ਗੱਲ ਬਾਰੇ ਤਾਂ ਮੈਂ ਨਹੀਂ ਪੁੱਛਦਾ ਕਿਉਂਕਿ ਇਨ੍ਹਾਂ ਨੇ ਦੱਸ ਦਿੱਤਾ ਹੈ ਜੋ ਮੇਰੇ ਸਾਥੀ ਨੇ ਪੁੱਛਿਆ ਸੀ । ਜਿਸ ਵੇਲੇ ਵਿਭਾਗ ਦੇ ਨੋਟਿਸ ਵਿਚ ਆ ਗਿਆ ਅਤੇ ਉਸ ਨੂੰ ਸਟੇਟ ਐਵਾਰਡ ਵਾਪਸ ਕਰਨ ਲਈ ਕਿਹਾ ਗਿਆ ਅਤੇ ਉਸ (ਸ਼੍ਰੀ ਪੂਰਨ ਚੰਦ) ਵੱਲੋਂ ਸਟੇਟ ਐਵਾਰਡ ਵਾਪਸ ਦਿੱਤਾ ਗਿਆ ਅਤੇ ਉਸ ਦੇ ਵਾਪਸ ਕਰਨ ਦੇ ਰੀਜ਼ਨ ਵੀ ਦਿੱਤੇ ਗਏ ਹਨ । ਪਰ ਇਸ ਵਿਚ ਜੋ ਮੇਨ ਗੱਲ ਹੈ, ਉਹ ਇਹ ਹੈ ਕਿ ਰਿਕਾਰਡ ਨੂੰ ਟੈਂਪਰ ਕੀਤਾ ਗਿਆ ਹੈ । ਇਹ ਬਹੁਤ ਹੀ ਗੰਭੀਰ ਗੱਲ ਹੈ । ਇਸ ਲਈ ਇਸ ਦੋਸ਼ ਦੇ ਕਾਰਨ ਕੀ ਉਸ ਨੂੰ ਹੋਰ ਸਜ਼ਾ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਉਸ ਨੂੰ ਚਾਰਜਸ਼ੀਟ ਕਰ ਦਿੱਤਾ ਗਿਆ ਹੈ ਅਤੇ ਅਸੀਂ ਉਸ ਨੂੰ ਪੂਰੀ ਸਜ਼ਾ ਦਿਆਂਗੇ । ਇਹ ਪਹਿਲਾਂ ਦੀਆਂ ਕਰਤੂਤਾਂ ਕੀਤੀਆਂ ਹੋਈਆਂ ਹਨ .....

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਬਹੁਤ ਸਾਰੇ ਨੰਬਰਦਾਰ ਹਨ ਜਿਹੜੇ ਕਿ ਇਸ ਤਰ੍ਹਾਂ ਦੇ ਐਵਾਰਡ ਲਈ ਡਿਜ਼ਰਵ ਹਨ ਅਤੇ ਜਿਨ੍ਹਾਂ ਨੂੰ ਸਨਮਾਨ ਦਿੱਤਾ ਜਾਂਦਾ ਹੈ । ਜਿਸ ਤਰ੍ਹਾਂ ਦਾ ਇਹ ਇਕ ਕੇਸ ਹੈ, ਇਸ ਤਰ੍ਹਾਂ ਦੇ ਹੋਰ ਵੀ ਵਿਭਾਗ ਦੇ ਵਿਚ ਕੇਸ ਹੋ ਸਕਦੇ ਹਨ ਜਿਨ੍ਹਾਂ ਨੇ ਮਿਲ ਮਿਲਾ ਕੇ, ਕਿਸੇ ਨਾ ਕਿਸੇ ਤਰੀਕੇ ਨਾਲ ਸਟੇਟ ਐਵਾਰਡ ਲੈ ਲਿਆ ਹੋਵੇ । ਇਸ ਲਈ ਕੀ ਮੰਤਰੀ ਜੀ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਇਨ੍ਹਾਂ ਸਾਰਿਆਂ ਦੇ ਉਤੇ ਨਜ਼ਰਸਾਨੀ ਕੀਤੀ ਜਾਵੇਗੀ ? ਕੀ ਇਹੋ ਜਿਹੀ ਕੋਸ਼ਿਸ਼ ਕੀਤੀ ਜਾਵੇਗੀ ?

ਸ਼੍ਰੀ ਸਪੀਕਰ : ਨਹੀਂ, ਸਾਰਿਆਂ ਦੇ ਉੱਤੇ ਨਹੀਂ ਜੀ, ਅਰਸ਼ੀ ਜੀ ।

ਕੰਡਿਆਲੀ ਤਾਰ ਦੀ ਵਾੜ ਤੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ

*1475. **ਸਰਦਾਰ ਸ਼ੇਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭਾਰਤ ਸਰਕਾਰ ਨੇ ਉਨ੍ਹਾਂ ਕਿਸਾਨਾਂ ਜਿਨ੍ਹਾਂ ਦੀ ਵਾਹੀਯੋਗ ਜ਼ਮੀਨ ਸਰਹੱਦ ਦੇ ਨਾਲ ਕੰਡਿਆਲੀ ਤਾਰਾਂ ਦੀ ਵਾੜ ਤੋਂ ਅੱਗੇ ਪੈਂਦੀ ਹੈ, ਨੂੰ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਸਬੰਧੀ ਕੋਈ ਐਲਾਨ ਕੀਤਾ ਹੈ ; ਜੇਕਰ ਅਜਿਹਾ ਹੋਵੇ ਤਾਂ ਕਿਸਾਨਾਂ ਨੂੰ ਮੁਆਵਜ਼ਾ ਕਦੋਂ ਤੱਕ ਦੇ ਦਿੱਤੇ ਜਾਣ ਦੀ ਸੰਭਾਵਨਾ ਹੈ ਅਤੇ ਉਕਤ ਮੁਆਵਜ਼ਾ ਕਿਸ ਸਾਲ ਤੋਂ ਦਿੱਤਾ ਜਾਣਾ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਅਤੇ ਯੋਜਨਾ ਮੰਤਰੀ) : ਡਿਪਟੀ ਚੇਅਰਮੈਨ ਪਲਾਨਿੰਗ ਕਮਿਸ਼ਨ, ਵਲੋਂ ਉਨ੍ਹਾਂ ਦੇ ਆਪਣੇ ਅਖਤਿਆਰੀ ਫੰਡਾਂ ਵਿਚੋਂ 6 ਕਰੋੜ ਰੁਪਏ ਦੀ ਰਾਸ਼ੀ ਉਨ੍ਹਾਂ ਕਿਸਾਨਾਂ ਦੀ ਹਾਨੀ ਦੀ ਪ੍ਰਤੀ ਪੂਰਤੀ ਲਈ ਮੁਆਵਜ਼ੇ ਦੇ ਰੂਪ ਵਿਚ ਦੇਣ ਲਈ ਅਲਾਟ ਕੀਤੀ ਗਈ ਹੈ, ਜਿਨ੍ਹਾਂ ਦੀ ਜ਼ਮੀਨ ਕੰਡਿਆਲੀ ਤਾਰ ਦੇ ਪਰਲੇ ਪਾਸੇ ਪੈਂਦੀ ਹੈ । ਪੰਜਾਬ ਸਰਕਾਰ ਨੇ ਇਸ ਬਾਬਤ ਇਕ ਸਕੀਮ ਤਿਆਰ ਕਰਕੇ ਪਲਾਨਿੰਗ ਕਮਿਸ਼ਨ, ਭਾਰਤ ਸਰਕਾਰ ਨੂੰ ਮਨਜ਼ੂਰੀ ਹਿੱਤ ਭੇਜੀ ਹੈ ਜਿਸ ਦੀ ਮਨਜ਼ੂਰੀ ਦੀ ਉਡੀਕ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ, ਬਾਦਲ ਸਾਹਿਬ ਦੀ ਸਰਕਾਰ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਭਾਰਤ ਸਰਕਾਰ ਤੋਂ ਛੇ ਕਰੋੜ ਰੁਪਏ ਕੰਡਿਆਲੀ ਤਾਰ ਦੀ ਵਾੜ ਤੋਂ ਪ੍ਰਭਾਵਿਤ ਕਿਸਾਨਾਂ ਵਾਸਤੇ ਲੈ ਕੇ ਦਿੱਤੇ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਮਨਜ਼ੂਰੀ ਕਦੋਂ ਤੱਕ ਭਾਰਤ ਸਰਕਾਰ ਵੱਲੋਂ ਆ ਜਾਵੇਗੀ ? ਇਹ ਪੈਸੇ ਕਦੋਂ ਤੱਕ ਬੈਨੀਫਿਸ਼ਰੀਜ਼ ਨੂੰ ਦੇ ਦਿੱਤੇ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਜਵਾਬ ਤਾਂ ਵੈਸੇ ਆ ਗਿਆ ਹੈ ਲੇਕਿਨ ਮੈਂ ਕਹਿਣਾ ਚਾਹਾਂਗਾ ਕਿਉਂਕਿ ਸਪਲੀਮੈਂਟਰੀ ਸਵਾਲ ਮਾਨਯੋਗ ਮੈਂਬਰ ਸਾਹਿਬ ਨੇ ਕਰ ਲਈ ਹੈ, ਜਿਹੜੇ ਕਿਸਾਨ ਹਿੰਦ-ਪਾਕਿ ਦੀ ਸੀਮਾ ਤੇ ਕੰਡਿਆਲੀ ਤਾਰ ਤੋਂ ਪਾਰ ਵਸੋਂ ਕਰਦੇ ਹਨ, ਉਨ੍ਹਾਂ ਦੀ ਖੇਤੀਬਾੜੀ ਵਿਚ ਬਹੁਤ ਵੱਡੀਆਂ ਤਕਲੀਫਾਂ ਆਉਂਦੀਆਂ ਸਨ । ਉਨ੍ਹਾਂ ਨੂੰ ਵੱਡੀਆਂ ਮੁਸ਼ਕਲਾਂ ਆਉਂਦੀਆਂ ਸਨ । ਕੁਝ ਬੀ. ਐਸ. ਐਫ. ਰਾਹੀਂ ਤੇ ਕੁਝ ਦੂਸਰੀਆਂ ਇੰਟਰਨੈਸ਼ਨਲ ਬਾਰਡਰ ਉਪਰ ਹੋਣ ਨਾਤੇ । ਇਨ੍ਹਾਂ ਸਾਰਿਆਂ ਨੂੰ ਮਹਿਸੂਸ ਕਰਦੇ ਹੋਏ ਸਾਡੀ ਸਰਕਾਰ, ਇਹ ਪਹਿਲੀ ਸਰਕਾਰ ਹੈ, ਜਿਸ ਨੇ ਇਨ੍ਹਾਂ ਕਿਸਾਨਾਂ ਦੀ ਤਕਲੀਫ ਦੀ ਪਹਿਚਾਣ ਕਰਕੇ ਭਾਰਤ ਸਰਕਾਰ ਕੋਲੋਂ ਪੈਸੇ ਲੈਣ ਵਾਸਤੇ ਪਹੁੰਚ ਕੀਤੀ ਹੈ । ਜਦੋਂ ਪਿਛਲੀ ਵਾਰੀ ਅਕਤੂਬਰ ਮਹੀਨੇ ਵਿਚ ਚੀਫ ਮਨਿਸਟਰ ਸਾਹਿਬ ਤੇ ਅਸੀਂ ਪਲੈਨਿੰਗ ਕਮਿਸ਼ਨ ਦੇ ਚੇਅਰਮੈਨ ਨਾਲ ਡਿਸਕਸ਼ਨ ਕਰਨ ਲਈ ਗਏ ਤਾਂ ਉਨ੍ਹਾਂ ਤੇ ਬੜਾ ਦਬਾਅ ਪਾ ਕੇ ਛੇ ਕਰੋੜ ਰੁਪਏ ਦੀ ਰਾਸ਼ੀ ਉਨ੍ਹਾਂ ਦੇ ਅਖਤਿਆਰੀ ਫੰਡ ਵਿਚੋਂ ਲਈ । ਹੁਣ ਇਕ ਰਸਮੀ ਪ੍ਰਵਾਨਗੀ ਦੀ ਲੋੜ ਹੈ ਜਿਸ ਦੀ ਕਿ ਜਲਦੀ ਆਉਣ ਦੀ ਉਮੀਦ ਹੈ ਤੇ ਇਹ ਪੈਸੇ ਦੀ ਵੰਡ ਜਲਦੀ ਹੀ ਕੀਤੀ ਜਾਵੇਗੀ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ ਬਾਦਲ ਸਾਹਿਬ ਦੀ ਸਰਕਾਰ ਦਾ ਪਹਿਲਾਂ ਵੀ ਧੰਨਵਾਦ ਕਰ ਚੁੱਕਾ ਹਾਂ । ਇਸ ਵਿਚ ਮੈਂ ਇਨ੍ਹਾਂ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਤਾਰ ਤੋਂ ਪਾਰ ਜਿਹੜੇ ਕਿਸਾਨਾਂ ਦੀ ਜ਼ਮੀਨ ਹੈ, ਮੈਂ ਫਿਰੋਜ਼-

[ਸਰਦਾਰ ਸ਼ੇਰ ਸਿੰਘ]

ਪੁਰ ਬਾਰੇ ਦੱਸਣਾ ਚਾਹੁੰਦਾ ਹਾਂ, ਉਹ ਜ਼ਮੀਨ ਜ਼ਿਆਦਾਤਰ ਸਰਕਾਰੀ ਸੀ ਪਰ ਹੁਣ ਬਾਦਲ ਸਾਹਿਬ ਦੀ ਸਰਕਾਰ ਨੇ ਉਹ ਜ਼ਮੀਨਾਂ ਪੱਕੀਆਂ ਕਰ ਦਿੱਤੀਆਂ ਹਨ। ਉਨ੍ਹਾਂ ਤੇ ਕੁਝ ਲੋਕਾਂ ਦੇ ਇੰਤਕਾਲ ਹੋਏ ਹਨ ਤੇ ਕੁਝ ਦੇ ਨਹੀਂ ਹੋਏ। ਇਸ ਲਈ ਕੀ ਸਰਕਾਰ ਨੇ ਕੋਈ ਪਾਲਿਸੀ ਬਣਾਈ ਹੈ ਕਿ ਜਿਹੜੇ ਕਿਸਾਨ ਕਬਜ਼ੇ ਦੇ ਆਧਾਰ ਤੇ ਜ਼ਮੀਨ ਦੀ ਕਾਸ਼ਤ ਕਰਦੇ ਹਨ, ਉਨ੍ਹਾਂ ਨੂੰ ਪੂਰੇ ਦੇ ਪੂਰੇ ਪੈਸੇ ਜਿੰਨੇ ਭਾਰਤ ਸਰਕਾਰ ਨੇ ਦਿੱਤੇ ਹਨ, ਉਨ੍ਹਾਂ ਕਿਸਾਨਾਂ ਨੂੰ ਦਿੱਤੇ ਜਾਣਗੇ ?

ਸ੍ਰੀ ਸਪੀਕਰ : ਮੰਤਰੀ ਜੀ, ਜਿਹੜੇ ਕਾਸ਼ਤ ਕਰਦੇ ਹਨ ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ। ਇਸ ਬਾਰੇ ਮੈਂਬਰ ਸਾਹਿਬ ਪੁੱਛ ਰਹੇ ਹਨ।

ਮੰਤਰੀ : ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਮਾਨਯੋਗ ਮੈਂਬਰ ਸਾਹਿਬ ਨੇ ਜੋ ਪੁੱਛਿਆ ਹੈ, ਇਹ ਵੀ ਸਾਡੀ ਸਰਕਾਰ ਦੀ ਦੇਣ ਹੈ ਅਤੇ ਸਾਡੇ ਮੁੱਖ ਮੰਤਰੀ ਸਾਹਿਬ ਦਾ ਫੈਸਲਾ ਹੈ ਕਿ ਜਿਹੜੇ ਕਿਸਾਨਾਂ ਦੀਆਂ ਬਾਰਡਰ ਉਪਰ ਜ਼ਮੀਨਾਂ ਹਨ, ਉਹ ਬਹੁਤ ਲੰਮੇ ਸਮੇਂ ਤੋਂ ਪੱਟਿਆਂ ਤੇ ਕਾਸ਼ਤ ਕਰਵਾ ਰਹੇ ਸਨ ਪਰ ਹੁਣ ਉਨ੍ਹਾਂ ਤੋਂ ਥੁੜ੍ਹਾ ਥੋੜ੍ਹਾ ਰੁਪਿਆ ਛੇ ਹਜ਼ਾਰ ਰੁਪਿਆ ਕੁੱਲ ਇਕ ਕਿਲੇ ਦਾ ਭਰਵਾ ਕੇ ਉਨ੍ਹਾਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਹੈ। (ਥੰਪਿੰਗ) ਇਸ ਕਰਕੇ ਜਿਥੋਂ ਤੱਕ ਫਿਰੋਜ਼ਪੁਰ ਦਾ ਸਵਾਲ ਹੈ, ਡੀ. ਸੀ. ਤੋਂ ਆਈ ਰਿਪੋਰਟ ਮੁਤਾਬਿਕ ਫਿਰੋਜ਼ਪੁਰ ਜ਼ਿਲ੍ਹੇ ਵਿਚ ਲਗਭਗ 9,031 ਏਕੜ ਜ਼ਮੀਨ ਹੈ ਜਿਸ ਦਾ ਕਿ ਮੁਆਵਜ਼ਾ ਦੇਣਾ ਬਣਦਾ ਹੈ।

ਰਾਜ ਵਿਚ ਪਲਾਸਟਿਕ ਦੇ ਲਫਾਫਿਆਂ ਦੀ ਵਰਤੋਂ ਤੇ ਰੋਕ

*1454. **ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪਲਾਸਟਿਕ ਦੇ ਲਫਾਫਿਆਂ ਤੇ ਰੋਕ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਅਤੇ ਯੋਜਨਾ ਮੰਤਰੀ) : ਨਹੀਂ ਜੀ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਬੜੀ ਭੈੜੀ ਬਿਮਾਰੀ ਹੈਪੇਟਾਈਟਸ ਏ.ਬੀ.ਸੀ, ਇਸੇ ਪਾਲੀਥੀਨ ਕਰਕੇ ਪੰਜਾਬ ਵਿਚ ਫੈਲ ਰਹੀ ਹੈ। ਇਨ੍ਹਾਂ ਲਫਾਫਿਆਂ ਕਾਰਨ ਸੀਵਰੇਜ ਸਾਰੇ ਸ਼ਹਿਰਾਂ ਵਿਚ ਬੰਦ ਹੋ ਰਹੇ ਹਨ ਤੇ ਇਨ੍ਹਾਂ ਨੇ ਸਿੰਪਲੀ ਕਹਿ ਦਿੱਤਾ 'ਨਹੀਂ ਜੀ'। ਇਸ ਲਈ ਕੀ ਮੰਤਰੀ ਜੀ ਆਸ਼ਵਾਸਨ ਦੇਣਗੇ ਕਿ ਇਸ ਤੇ ਜਲਦੀ ਵਿਚਾਰ ਕਰਕੇ ਪਾਬੰਦੀ ਲਗਾਈ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ 'ਨਹੀਂ ਜੀ' ਇਸ ਕਰਕੇ ਆਖਿਆ ਸੀ ਕਿ ਹਾਲੇ ਇਹ ਮਾਮਲਾ ਸਰਕਾਰ ਤੀਕਰ ਨਹੀਂ ਪਹੁੰਚਿਆ। ਲੇਕਿਨ ਵਿਭਾਗ ਵਲੋਂ ਇਸ ਸਾਰੇ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਇਸ ਉਪਰ ਫੈਸਲਾ, ਨਿਰਣਾ

ਕਰਨ ਤੋਂ ਪਹਿਲਾਂ ਸਬੰਧਿਤ ਵਿਭਾਗਾਂ ਨੂੰ ਕੇਸ ਉਨ੍ਹਾਂ ਦੇ ਕੁਮੈਂਟਸ ਵਾਸਤੇ ਭੇਜਿਆ ਗਿਆ ਹੈ। ਗੌਰਮਿੰਟ ਆਫ ਇੰਡੀਆ ਨੇ ਨੋਟੀਫਿਕੇਸ਼ਨ ਕਰਕੇ ਇਸ ਦੀ ਯੂਜ਼ ਬੰਦ ਕੀਤੀ ਹੈ। ਅਸੀਂ ਉਸ ਤੋਂ ਇਕ ਕਦਮ ਅੱਗੇ ਜਾਣਾ ਚਾਹੁੰਦੇ ਹਾਂ। ਸਾਡਾ ਵਿਚਾਰ ਹੈ ਕਿ ਜੋ ਮਾਮਲਾ ਹਾਲੇ ਸਰਕਾਰ ਕੋਲ ਪਹੁੰਚਣਾ ਹੈ ਉਸ ਤੇ ਡਿਪਾਰਟਮੈਂਟ ਅੰਦਰ ਪਹਿਲਾਂ ਹੀ ਵਿਚਾਰ ਹੈ ਕਿ ਇਨ੍ਹਾਂ ਦੀ ਮੈਨੂਫੈਕਚਰ ਨੂੰ ਬੈਨ ਕਰ ਦਿੱਤਾ ਜਾਵੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਗੁਆਂਢੀ ਰਾਜ ਵਿਚ ਬੈਨ ਹੋ ਚੁੱਕਾ ਹੈ ਤੇ ਕਦੋਂ ਤੱਕ ਇਹ ਸਾਰੀ ਰਿਪੋਰਟ ਕੁਲੈਕਟ ਕਰ ਲੈਣਗੇ। ਕੀ ਇਹ ਇਸੇ ਸਾਲ ਸੰਭਵ ਹੈ ਜਾਂ ਨਹੀਂ ? ਕੀ ਇਸ ਦਾ ਮੈਨੂਫੈਕਚਰ ਬੰਦ ਕਰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਸ ਨੂੰ ਜਲਦੀ ਹੀ ਬੰਦ ਕਰ ਦਿੱਤਾ ਜਾਵੇਗਾ।

ਜਨਰਲ ਬੱਸ ਸਟੈਂਡ ਲੁਧਿਆਣਾ ਨੂੰ ਬਦਲਣਾ

*1551. **ਸਰਦਾਰ ਹੀਰਾ ਸਿੰਘ ਗਾਬੜੀਆ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਨਰਲ ਬੱਸ ਸਟੈਂਡ ਲੁਧਿਆਣਾ ਨੂੰ ਸ਼ਹਿਰ ਤੋਂ ਬਾਹਰ ਬਦਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤੱਕ ਬਦਲੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਰਘਬੀਰ ਸਿੰਘ (ਟਰਾਂਸਪੋਰਟ ਮੰਤਰੀ) : ਨਹੀਂ ਜੀ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਲੁਧਿਆਣਾ ਇਕ ਬਹੁਤ ਵੱਡਾ ਸ਼ਹਿਰ ਹੈ ਔਰ ਇਸ ਦਾ ਬੱਸ ਸਟੈਂਡ ਸ਼ਹਿਰ ਦੇ ਵਿਚਕਾਰ ਆ ਜਾਂਦਾ ਹੈ। ਇਸ ਬੱਸ ਸਟੈਂਡ ਵਿਚੋਂ ਤਕਰੀਬਨ 2200 ਬੱਸਾਂ ਰੋਜ਼ਾਨਾ ਅੰਦਰ ਅਤੇ ਬਾਹਰ ਨੂੰ ਜਾਂਦੀਆਂ ਹਨ। ਕਈ ਵਾਰ ਤਾਂ ਮਰੀਜ਼ ਹਸਪਤਾਲ ਵੀ ਨਹੀਂ ਪਹੁੰਚ ਸਕਦੇ ਅਤੇ ਰਸਤੇ ਵਿਚ ਹੀ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ। ਕਈ ਐਕਸੀਡੈਂਟ ਹੁੰਦੇ ਹਨ। ਬੱਸਾਂ ਨੂੰ ਬੱਸ ਸਟੈਂਡ ਵਿਚ ਆਉਣ ਲਈ 16-20 ਕਿਲੋਮੀਟਰ ਦਾ ਰਸਤਾ ਜ਼ਿਆਦਾ ਤਹਿ ਕਰਨਾ ਪੈਂਦਾ ਹੈ ਜਿਸ ਕਰਕੇ ਤੇਲ ਦੀ ਵੀ ਜ਼ਿਆਦਾ ਵੇਸਟੇਜ਼ ਹੁੰਦੀ ਹੈ। ਇਸ ਬੱਸ ਸਟੈਂਡ ਨੂੰ ਸ਼ਹਿਰ ਵਿਚੋਂ ਬਾਹਰ ਕੱਢਣ ਲਈ ਪਿੱਛੇ ਜਿਹੇ ਇਕ ਪਰਪੋਜ਼ਲ ਵੀ ਬਣੀ ਸੀ ਪਰ ਇਨ੍ਹਾਂ ਨੇ ਹੁਣ ਜਵਾਬ ਦੇ ਦਿੱਤਾ ਹੈ 'ਨਹੀਂ ਜੀ'।

ਸ੍ਰੀ ਸਪੀਕਰ : ਤੁਸੀਂ ਆਪਣਾ ਸਵਾਲ ਪੁੱਟ ਕਰੋ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਲੁਧਿਆਣੇ ਦਾ ਬੱਸ ਸਟੈਂਡ ਕਦੋਂ ਤੱਕ ਸ਼ਹਿਰ ਤੋਂ ਬਾਹਰ ਚਲਾ ਜਾਵੇਗਾ ? ਕੀ ਇਸ ਸਬੰਧੀ ਸਰਕਾਰ ਕੋਲ ਕੋਈ ਪਰਪੋਜ਼ਲ ਹੈ ?

ਮੰਤਰੀ : ਸਪੀਕਰ ਸਾਹਿਬ, ਸਾਡੇ ਵਿਚਾਰ ਅਧੀਨ ਕੋਈ ਪਰਪੋਜ਼ਲ ਨਹੀਂ ਹੈ।

ਸਰਦਾਰ ਹੀਰਾ ਸਿੰਘ ਗਾਬੜੀਆ : ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਇਸ ਬਾਰੇ ਪਰਪੋਜ਼ਲ ਬਣੀ ਸੀ, ਸਾਈਟ ਦੀ ਸਿਲੈਕਸ਼ਨ ਵੀ ਹੋ ਗਈ ਸੀ ਅਤੇ ਏਰੀਏ ਨੂੰ ਆਈਡੈਂਟੀ-ਫਾਈ ਵੀ ਕਰ ਲਿਆ ਸੀ ਪਰ ਹੁਣ ਇਹ ਕਹਿੰਦੇ ਹਨ ਕਿ ਕੋਈ ਵਿਚਾਰ ਅਧੀਨ ਨਹੀਂ ਹੈ।

ਸ਼੍ਰੀ ਸਪੀਕਰ : ਮੰਤਰੀ ਜੀ, ਕੀ ਕੋਈ ਪਰਪੋਜ਼ਲ ਬਣੀ ਸੀ ?

ਮੰਤਰੀ : ਸਪੀਕਰ ਸਾਹਿਬ, ਇਹ ਪਰਪੋਜ਼ਲ ਸਥਾਨਕ ਸਰਕਾਰ ਦੇ ਮਹਿਕਮੇ ਨੇ ਬਣਾਈ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ ਲੇਕਿਨ ਸਾਡੇ ਮਹਿਕਮੇ ਵਲੋਂ ਕੋਈ ਪਰਪੋਜ਼ਲ ਨਹੀਂ ਬਣਾਈ ਗਈ ਜਿਸ ਨਾਲ ਇਸ ਬਸ ਸਟੈਂਡ ਨੂੰ ਬਾਹਰ ਕਢਿਆ ਜਾ ਸਕੇ।

ਅੰਮ੍ਰਿਤਸਰ ਵਿਚ ਪਾਰਕ ਲਈ ਰਾਖਵੀਂ ਰੱਖੀ ਗਈ ਜ਼ਮੀਨ ਨੂੰ ਹੜਪਣ ਵਿਰੁੱਧ ਸ਼ਿਕਾਇਤ

*1417. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਅੰਮ੍ਰਿਤਸਰ ਦੇ ਕਿਸੇ ਨਾਗਰਿਕ (ਨਾਗਰਿਕਾਂ) ਤੋਂ ਅਕਤੂਬਰ, ਨਵੰਬਰ ਅਤੇ ਦਸੰਬਰ, 1998 ਦੇ ਮਹੀਨਿਆਂ ਦੇ ਦੌਰਾਨ ਕੁਝ ਜ਼ਮੀਨ ਜਿਹੜੀ ਅੰਮ੍ਰਿਤਸਰ ਦੇ ਰਾਮ-ਕਾ-ਬਾਗ ਇਲਾਕੇ ਵਿਚ ਨਗਰ ਨਿਗਮ ਦੁਆਰਾ ਪਾਰਕ ਲਈ ਰਖੀ ਗਈ ਸੀ, ਨੂੰ ਇਕ ਮੰਦਿਰ ਦੀ ਮੈਨੇਜਮੈਂਟ ਦੁਆਰਾ ਹੜੱਪਣ ਅਤੇ ਉਸੇ ਇਲਾਕੇ ਵਿਚ ਇਕ ਵਿਕਸਿਤ ਮਿਊਂਸਿਪਲ ਪਾਰਕ ਵਿਚ ਨਿਸ਼ਾਨ ਸਾਹਿਬ ਲਗਾਉਣ ਦਾ ਦੋਸ਼ ਲਗਾਉਂਦੀ ਕੋਈ ਸ਼ਿਕਾਇਤ (ਸ਼ਿਕਾਇਤਾਂ) ਪ੍ਰਾਪਤ ਹੋਈ/ਹੋਈਆਂ ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ।

ਸ਼੍ਰੀ ਬਲਰਾਮਜੀ ਦਾਸ ਟੰਡਨ : ਹਾਂ ਜੀ। ਸਵਾਲ ਦਾ ਉਤਰ ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਵੇਰਵਾ

ਦਸੰਬਰ, 1998 ਦੇ ਮਹੀਨੇ ਵਿਚ ਅੰਮ੍ਰਿਤਸਰ ਦੇ ਰਾਣੀ ਕਾ ਬਾਗ ਮੁਹੱਲੇ ਵਿਖੇ ਮਿਊਂਸਿਪਲ ਜ਼ਮੀਨ ਜੋ ਕਿ ਪਾਰਕ ਵਾਸਤੇ ਰਿਜ਼ਰਵ ਰੱਖੀ ਹੋਈ ਸੀ, ਦੇ ਇੱਕ ਮੰਦਰ ਪ੍ਰਬੰਧ ਦੁਆਰਾ ਹੜੱਪ ਕੀਤੇ ਜਾਣ ਅਤੇ ਉਸੇ ਇਲਾਕੇ ਵਿਚ ਹੀ ਇੱਕ ਵਿਕਸਿਤ ਮਿਊਂਸਿਪਲ ਪਾਰਕ ਵਿਚ ਨਿਸ਼ਾਨ ਸਾਹਿਬ ਸਥਾਪਿਤ ਕੀਤੇ ਜਾਣ ਸਬੰਧੀ ਅੰਮ੍ਰਿਤਸਰ ਦੇ ਨਾਗਰਿਕਾਂ ਵੱਲੋਂ ਸਰਕਾਰ ਪਾਸ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਜਿੱਥੋਂ ਤਕ ਮੰਦਰ ਦੇ ਪ੍ਰਬੰਧ ਰਾਹੀਂ ਨਜਾਇਜ਼ ਕਬਜ਼ੇ ਦਾ ਸਬੰਧ ਹੈ, ਹੁਣੇ ਹੀ ਮਿਊਂਸਿਪਲ ਜ਼ਮੀਨ, ਜੋ ਕਿ ਪਾਰਕ ਵਾਸਤੇ ਰਿਜ਼ਰਵ ਸੀ, ਵਿਚ ਪਹਿਲਾਂ ਹੀ ਮੌਜੂਦ ਮੰਦਰ ਵਿਚ,ਮੰਦਰ ਦੇ ਪ੍ਰਬੰਧਕਾਂ ਵੱਲੋਂ ਇੱਕ ਮੂਰਤੀ ਸਥਾਪਿਤ ਕੀਤੀ ਗਈ। ਨਗਰ ਨਿਗਮ, ਅੰਮ੍ਰਿਤਸਰ ਨੇ ਨਜਾਇਜ਼ ਕਬਜ਼ਾ ਹਟਾਉਣ ਲਈ ਤੁਰੰਤ ਕਾਰਵਾਈ ਕੀਤੀ ਪ੍ਰੰਤੂ ਮੰਦਰ ਦੇ ਪੁਜਾਰੀ ਵੱਲੋਂ ਇਹ ਮਾਮਲਾ ਸਿਵਲ ਅਦਾਲਤ ਵਿਚ ਉਠਾਇਆ ਗਿਆ। ਕੋਰਟ ਨੇ ਇਹ ਨਿਰਦੇਸ਼ ਜਾਰੀ ਕੀਤੇ ਕਿ ਨਗਰ

ਨਿਗਮ, ਅੰਮ੍ਰਿਤਸਰ ਕਾਨੂੰਨ ਤੋਂ ਬਗੈਰ ਇਸ ਜ਼ਮੀਨ ਦਾ ਜ਼ਬਰ ਕਬਜ਼ਾ ਨਾ ਲਵੇ । ਨਗਰ ਨਿਗਮ, ਅੰਮ੍ਰਿਤਸਰ ਨੇ ਇਸ ਹੁਕਮ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੈਲੰਜ ਕੀਤਾ, ਜਿੱਥੇ ਕਿ ਇਹ ਮਾਮਲਾ ਫੈਸਲੇ ਲਈ ਲੰਬਤ ਹੈ । ਇਸ ਕੇਸ ਵਿਚ ਸੁਣਵਾਈ ਦੀ ਅਗਲੀ ਮਿਤੀ 27-5-99 ਹੈ ।

ਸ੍ਰੀ ਲੱਖਾ ਸਿੰਘ, ਸੀਨੀਅਰ ਡਿਪਟੀ ਮੇਅਰ ਅਤੇ ਮੁਹੱਲੇ ਦੇ ਕੁਝ ਵਸਨੀਕਾਂ ਨੇ ਨਗਰ ਨਿਗਮ, ਅੰਮ੍ਰਿਤਸਰ ਦੀ ਰਾਣੀ-ਕਾ-ਬਾਗ ਟੀਪੀ ਸਕੀਮ ਵਿਚ ਪੈਂਦੇ ਪਾਰਕ ਨੰ: 1 ਵਿਚ ਮਿਤੀ 6-12-98 ਨੂੰ ਨਿਸ਼ਾਨ ਸਾਹਿਬ ਸਥਾਪਿਤ ਕੀਤਾ ਸੀ । ਨਗਰ ਨਿਗਮ ਅੰਮ੍ਰਿਤਸਰ ਨੇ ਮਿਤੀ 7-12-1998 ਨੂੰ ਸਿੱਖ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਨੂੰ ਉਸ ਸਥਾਨ ਤੋਂ ਹਟਾ ਦਿੱਤਾ ਪਰ 8-12-98 ਨੂੰ ਮਹੱਲੇ ਦੇ ਵਸਨੀਕ ਨੇ ਸ੍ਰੀ ਲੱਖਾ ਸਿੰਘ ਦੀ ਮਿਲੀ ਭੁਗਤ ਨਾਲ ਨਿਸ਼ਾਨ ਸਾਹਿਬ ਫਿਰ ਉਸੇ ਥਾਂ ਤੇ ਲਗਾ ਦਿੱਤਾ । ਇਸ ਸਬੰਧ ਵਿਚ ਨਗਰ, ਨਿਗਮ, ਅੰਮ੍ਰਿਤਸਰ ਨੇ ਸ੍ਰੀ ਲੱਖਾ ਸਿੰਘ ਨੂੰ ਹੋਰਨਾਂ ਵਿਰੁੱਧ, ਡਿਪਟੀ ਕਮਿਸ਼ਨਰ, ਪਾਸ ਸ਼ਿਕਾਇਤ ਕੀਤੀ । ਐਸ.ਐਸ.ਪੀ. ਅੰਮ੍ਰਿਤਸਰ ਨੂੰ ਵੀ ਇਸ ਸਬੰਧ ਵਿਚ ਕੇਸ ਦਰਜ ਕਰਨ ਲਈ ਬੇਨਤੀ ਕੀਤੀ ਗਈ । ਵੱਖਰੇ ਤੌਰ ਤੇ, ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਤੋਂ ਸ੍ਰੀ ਲੱਖਾ ਸਿੰਘ, ਸੀਨੀਅਰ ਡਿਪਟੀ ਮੇਅਰ ਵਿਰੁੱਧ ਸਰਕਾਰ ਪਾਸ ਪ੍ਰਾਪਤ ਹੋਈ ਰਿਪੋਰਟ ਦੇ ਆਧਾਰ ਤੇ ਉਨ੍ਹਾਂ (ਸ੍ਰੀ ਲੱਖਾ ਸਿੰਘ ਨੂੰ ਪਦ ਤੋਂ ਹਟਾਉਣ ਲਈ ਪੰਜਾਬ ਮਿਉਂਸਿਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 36(1) (ਬੀ) ਤਹਿਤ ਮਿਤੀ 18-2-99 ਨੂੰ 'ਕਾਰਣ ਦੱਸੋ ਨੋਟਿਸ, ਜਾਰੀ ਕਰ ਦਿੱਤਾ ਗਿਆ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਸ ਸਵਾਲ ਦੇ ਦੋ ਪਾਰਟ ਹਨ । ਇਸ ਦਾ ਜਿਹੜਾ ਪਹਿਲਾ ਪਾਰਟ ਹੈ ਉਹ ਇਹ ਹੈ ਕਿ ਮੰਦਰ ਦੀ ਮੂਰਤੀ ਦੀ ਸਥਾਪਨਾ ਨਗਰ ਨਿਗਮ ਦੇ ਪਾਰਕ ਵਿਚ ਕੀਤੀ ਗਈ ਅਤੇ ਮਿਉਂਸਿਪਲ ਕਾਰਪੋਰੇਸ਼ਨ ਇਸ ਦੇ ਖਿਲਾਫ ਹਾਈ ਕੋਰਟ ਵਿਚ ਗਈ ਇਸ ਦੀ ਅਗਲੀ ਤਾਰੀਖ 27 ਮਈ, 1999 ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਿਉਂਸਿਪਲ ਕਾਰਪੋਰੇਸ਼ਨ ਹਾਈ ਕੋਰਟ ਦੇ ਵਿਚ ਕਦੋਂ ਗਈ ਜੀ ।

ਮੰਤਰੀ : ਸਪੀਕਰ ਸਾਹਿਬ, ਮੇਰੇ ਕੋਲ ਇਸ ਦੀ ਐਗਜੈਕਟ ਇਨਫਰਮੇਸ਼ਨ ਨਹੀਂ ਹੈ । ਜੇ ਇਹ ਸਵਾਲ ਦੇ ਵਿਚ ਪੁੱਛ ਲੈਂਦੇ ਤਾਂ ਮੈਂ ਇਸ ਦਾ ਜਵਾਬ ਵੀ ਦੇ ਦਿੰਦਾ । ਚੂੰਕਿ ਇਸ ਕੇਸ ਦੀ ਨੈਕਸਟ ਤਾਰੀਖ 27 ਮਈ, 1999 ਹਾਈ ਕੋਰਟ ਦੇ ਵਿਚ ਹੈ ਅਤੇ ਉਥੇ ਜੋ ਇਸ ਕੇਸ ਦਾ ਫੈਸਲਾ ਹੋਵੇਗਾ, ਉਸ ਫੈਸਲੇ ਨੂੰ ਅਸੀਂ ਲਾਗੂ ਕਰ ਦੇਵਾਂਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਨੂੰ ਮਨਿਸਟਰ ਸਾਹਿਬ ਵੱਲੋਂ ਪੂਰੀ ਇਨਫਰਮੇਸ਼ਨ ਨਹੀਂ ਦਿੱਤੀ ਜਾ ਰਹੀ ।

ਸ੍ਰੀ ਸਪੀਕਰ : ਵਿਦਇਨ ਲਿਮੀਟੇਸ਼ਨ ਵਿਚ ਹੀ ਇਨਫਰਮੇਸ਼ਨ ਦੇ ਸਕਦੇ ਹਨ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਰੀਸੈਂਟਲੀ ਜਿਹੜਾ ਇੰਸੀਡੈਂਟ ਹੋਇਆ ਹੈ ਉਸ ਦੀ ਇਨਫਰਮੇਸ਼ਨ ਨਹੀਂ ਦਿੱਤੀ ਹੈ ਇਸ ਦਾ ਜੋ ਪਹਿਲਾ ਪਾਰਟ ਹੈ, ਉਸ ਦੇ ਵਿਚ ਕਿਹਾ ਗਿਆ ਹੈ ਕਿ ਪਹਿਲਾ ਪੁਜਾਰੀ ਕੋਰਟ ਵਿਚ ਗਿਆ ਸੀ ਜਦ ਕਿ ਪੁਜਾਰੀ ਨੂੰ ਮਰੇ ਕਾਫੀ ਦੇਰ ਹੋ ਗਈ ਹੈ । 2 ਦਸੰਬਰ, 1998 ਨੂੰ ਨਵੀਂ ਮੂਰਤੀ ਦੀ ਸਥਾਪਨਾ ਕੀਤੀ ਗਈ ਹੈ । ਪਹਿਲੇ ਪੁਜਾਰੀ ਸਿਵਲ ਕੋਰਟ ਦੇ ਵਿਚ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਗਿਆ ਸੀ ਅਤੇ ਫੈਸਲਾ ਪੁਜਾਰੀ ਦੇ ਹੱਕ ਵਿਚ ਹੋਇਆ ਸੀ ਅਤੇ ਇਸ ਦੇ ਖਿਲਾਫ ਮਿਉਂਸਿਪਲ ਕਾਰਪੋਰੇਸ਼ਨ ਸਿਵਲ ਕੋਰਟ ਦੇ ਫੈਸਲੇ ਦੇ ਖਿਲਾਫ ਹਾਈ ਕੋਰਟ ਵਿਚ ਚਲੀ ਗਈ ਅਤੇ ਸਟੇਅ ਲੈ ਲਿਆ। ਇਸ ਸਟੇਅ ਦੇ ਬਾਵਜੂਦ ਵੀ, ਉਥੋਂ ਦੇ ਕੁਝ ਨਾਨ ਪਾਲੇਟੀਸ਼ਨ ਲੋਕਾਂ ਨੇ ਗਲਤ ਜਗ੍ਹਾ ਤੇ ਮੂਰਤੀ ਦੀ ਸਥਾਪਨਾ ਕਰ ਦਿੱਤੀ। ਇਸ ਮੂਰਤੀ ਦੀ ਸਥਾਪਨਾ ਮਿਉਂਸਿਪਲ ਕਾਰਪੋਰੇਸ਼ਨ ਨੇ ਕਿਉਂ ਹੋਣ ਦਿੱਤੀ ਜਦ ਕਿ ਸਟੇਟਸ-ਕੋ ਦਾ ਫੈਸਲਾ ਹੋਇਆ ਸੀ ? ਉਨ੍ਹਾਂ ਲੋਕਾਂ ਦੇ ਖਿਲਾਫ ਕਾਰਪੋਰੇਸ਼ਨ ਵੱਲੋਂ ਐਕਸ਼ਨ ਕਿਉਂ ਨਹੀਂ ਲਿਆ ਗਿਆ ਅਤੇ ਇਸ ਘਟਨਾ ਨੂੰ ਹੋਣ ਤੋਂ ਕਿਉਂ ਨਹੀਂ ਰੋਕਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਇਸ ਕੇਸ ਵਿਚ ਮਿਉਂਸਿਪਲ ਕਾਰਪੋਰੇਸ਼ਨ ਹਾਈ ਕੋਰਟ ਵਿਚ ਗਈ ਹੈ ਅਤੇ ਨੈਕਸਟ ਤਾਰੀਖ 27 ਮਈ, 1999 ਦੀ ਹੈ। ਅਸੀਂ ਹਾਈ ਕੋਰਟ ਦੇ ਨੋਟਿਸ ਵਿਚ ਇਹ ਮੈਟਰ ਲੈ ਆਂਦਾ ਹੈ ਕਿ ਉਥੇ ਸਟੇਟਸ-ਕੋ ਹੋਣ ਦੇ ਬਾਵਜੂਦ ਇਨ੍ਹਾਂ ਲੋਕਾਂ ਨੇ ਮੂਰਤੀ ਦੀ ਸਥਾਪਨਾ ਕੀਤੀ ਹੈ। ਕੋਰਟ ਵਲੋਂ ਹਦਾਇਤ ਕੀਤਾ ਹੋਇਆ ਸੀ ਕਿ ਕੋਈ ਫੋਰਸੀਬਲੀ ਐਕਸ਼ਨ ਨਹੀਂ ਕਰਨਾ। ਹਾਈ ਕੋਰਟ ਦਾ ਜੋ ਵੀ ਫੈਸਲਾ ਹੋਵੇਗਾ ਉਸਨੂੰ ਅਮਲੀ ਜਾਮਾ ਦਿੱਤਾ ਜਾਵੇਗਾ ਅਤੇ ਐਕਸ਼ਨ ਵੀ ਲਵਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀ ਗੱਲ ਦਾ ਉੱਤਰ ਨਹੀਂ ਦਿੱਤਾ ਹੈ। ਮੈਂ ਆਪਣੇ ਸਵਾਲ ਵਿਚ ਦਸੰਬਰ ਮਹੀਨੇ ਦੀ ਘਟਨਾ ਦਾ ਜ਼ਿਕਰ ਕੀਤਾ ਸੀ। ਇਸ ਘਟਨਾ ਦੇ ਸਬੰਧ ਵਿਚ ਜਿਹੜੇ ਵਿਅਕਤੀ ਜ਼ਿੰਮੇਵਾਰ ਸਨ, ਸਰਕਾਰ ਨੇ ਉਨ੍ਹਾਂ ਵਿਅਕਤੀਆਂ ਦੇ ਖਿਲਾਫ ਐਕਸ਼ਨ ਕਿਉਂ ਨਹੀਂ ਲਿਆ, ਜਦ ਕਿ ਮਿਉਂਸਿਪਲ ਕਾਰਪੋਰੇਸ਼ਨ ਦੇ ਕੋਲ ਸਟੇਟਸ-ਕੋ ਦੇ ਆਰਡਰ ਸਨ ? ਉਥੇ ਧਾਰਮਿਕ ਮੂਰਤੀ ਦੀ ਸਥਾਪਨਾ ਕਿਉਂ ਹੋਣ ਦਿੱਤੀ ਗਈ ? ਇਹ ਜਾਣਕਾਰੀ ਲੈਣਾ ਮੇਰਾ ਹੱਕ ਹੈ। ਸਪੀਕਰ ਸਾਹਿਬ, ਮੇਰੇ ਹੱਕਾਂ ਦੀ ਰਾਖੀ ਤੁਸੀਂ ਕਰਨੀ ਹੈ ਫੇਰ ਤੁਸੀਂ ਕਹੋਗੇ ਕਿ ਮੇਰੇ ਦੋ ਸਪਲੀਮੈਂਟਰੀ ਪੂਰੇ ਹੋ ਗਏ ਹਨ। ਸੈਕਿੰਡ ਪਾਰਟ ਹੋਰ ਹੈ ਜਿਹੜਾ ਨਿਸ਼ਾਨ ਸਾਹਿਬ ਨਾਲ ਤਾਅਲੁਕ ਹੈ। ਸਪੀਕਰ ਸਾਹਿਬ, ਮੰਤਰੀ ਜੀ ਵਿਸ਼ਵਾਸ ਦੇਣ ਕਿ ਕੁਝ ਰਾਜਨੀਤਿਕ ਲੋਕਾਂ ਕਰਕੇ ਜਿਹੜਾ ਨਜਾਇਜ਼ ਕਬਜ਼ਾ ਹੋਇਆ ਹੈ ਅਤੇ ਜਿਨ੍ਹਾਂ ਤੇ ਦੋਸ਼ ਲੱਗਿਆ ਹੈ ਕੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ? ਮੰਤਰੀ ਜੀ ਵੱਲੋਂ ਉਸਦਾ ਨਾਂ ਵੀ ਪਹਿਲਾਂ ਲਿਆ ਗਿਆ ਹੈ।

ਮੰਤਰੀ : ਸਪੀਕਰ ਸਾਹਿਬ, ਜਿਹੜਾ ਪਹਿਲਾ ਕੇਸ ਹੈ, ਉਹ ਦਸੰਬਰ ਵਿਚ ਨਹੀਂ ਹੋਇਆ। ਦਸੰਬਰ ਵਿਚ ਦੂਸਰਾ ਕੇਸ ਹੈ। ਦਸੰਬਰ ਦੇ ਨਾਲ ਮੈਂਬਰ ਸਾਹਿਬ ਇਹ ਗਲਤ ਜੋੜਦੇ ਹਨ। ਦੂਸਰਾ ਪਾਰਟ ਜੋ ਹੈ ਉਹ ਦਸੰਬਰ ਵਿਚ ਹੋਇਆ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਜਵਾਬ ਨਾਲ ਸੰਤੁਸ਼ਟ ਨਹੀਂ ਹਾਂ। ਮੈਂ ਸੈਕਿੰਡ ਪਾਰਟ ਬਾਰੇ ਪੁੱਛਣਾ ਚਾਹੁੰਦਾ ਹਾਂ ਇਸ ਵਿਚ ਦੱਸਿਆ ਗਿਆ ਹੈ ਕਿ ਰਾਣੀਬਾਗ ਦੇ ਐਸਟੇਬਲਿਸ਼ ਪਾਰਕ ਵਿਚ ਨਿਸ਼ਾਨ ਸਾਹਿਬ ਲਗਾਇਆ। ਮੁਹੱਲੇ ਦੇ ਵਸਨੀਕ ਨਾਲ ਸਨ ਪਰ ਅਸਲ ਵਿਚ ਮੁਹੱਲੇ ਦੇ ਵਸਨੀਕ ਨਾਲ ਨਹੀਂ ਸਨ। ਡਿਪਟੀ ਮੇਅਰ ਨੇ ਪੁਲੀਟੀਕਲ ਲੀਡਰ ਨਾਲ ਮਿਲ ਕੇ ਅਤੇ ਦੂਸਰੇ ਮੁਹੱਲੇ ਦੇ ਲੋਕਾਂ ਨੂੰ ਨਾਲ ਲੈਕੇ ਨਿਸ਼ਾਨ ਸਾਹਿਬ ਲਾਇਆ ਸੀ ਅਤੇ ਮੁਹੱਲੇ ਦਾ ਕੋਈ ਵਸਨੀਕ

ਨਾਲ ਨਹੀਂ ਸੀ । ਫਿਰ ਨਿਸ਼ਾਨ ਸਾਹਿਬ ਕਿਸੇ ਹੋਰ ਜਗ੍ਹਾ ਬਦਲ ਦਿੱਤਾ ਗਿਆ । ਦੂਬਾਰਾ ਜਦੋਂ ਨਿਸ਼ਾਨ ਸਾਹਿਬ ਲਗਾਇਆ ਗਿਆ ਸੀ ਤਾਂ ਵੀ ਮੁਹੱਲੇ ਦੇ ਲੋਕ ਨਾਲ ਨਹੀਂ ਸਨ ਅਤੇ ਬੇਸ਼ੱਕ ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਇਰੀ ਕਰਾ ਲਓ । ਨਿਸ਼ਾਨ ਸਾਹਿਬ ਜਦੋਂ ਦੁਬਾਰਾ ਲਗਾਇਆ ਗਿਆ ਤਾਂ ਉਸ ਵਿਚ ਐਸ.ਐਸ.ਪੀ., ਡੀ.ਸੀ. ਔਰ ਟਾਪ ਦੇ ਪੁਲੀਟੀਕਲ ਲੀਡਰ ਨਾਲ ਸਨ ਅਤੇ ਇਸ ਸਬੰਧੀ ਮੀਟਿੰਗਾਂ ਵੀ ਹੋਈਆਂ । ਟਾਪ ਦੇ ਲੀਡਰਾਂ ਨੇ ਸਹਿਮਤੀ ਪ੍ਰਗਟ ਕੀਤੀ ਅਤੇ ਫਿਰ ਨਿਸ਼ਾਨ ਸਾਹਿਬ ਲਾਇਆ ਗਿਆ । ਇਸ ਲਈ ਕੀ ਮੰਤਰੀ ਜੀ ਨਜਾਇਜ਼ ਕਬਜ਼ਾ ਕਰਨ ਵਾਸਤੇ ਦੋਸ਼ੀ ਵਿਅਕਤੀਆਂ ਦੇ ਖਿਲਾਫ਼ ਕਾਰਵਾਈ ਕਰਨਗੇ ਤਾਂ ਕਿ ਧਰਮ ਦੇ ਸੈਂਟੀਮੈਂਟਸ ਨੂੰ ਇਸਤੇਮਾਲ ਨਾ ਕੀਤਾ ਜਾਏ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਨਫਰਮੇਸ਼ਨ ਦੇ ਦਿੱਤੀ ਹੈ ਕਿ 6.12.98 ਨੂੰ ਨਿਸ਼ਾਨ ਸਾਹਿਬ ਸਥਾਪਿਤ ਕੀਤਾ ਸੀ । 7.12.98 ਨੂੰ ਸਿੱਖ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਨੂੰ ਉਸ ਸਥਾਨ ਤੋਂ ਹਟਾ ਦਿੱਤਾ ਅਤੇ ਉਸ ਨੂੰ ਗੁਰਦੁਆਰੇ ਲੈ ਗਏ । ਇਸ ਵਿਚ ਕਾਰਪੋਰੇਸ਼ਨ ਦੇ ਅਫਸਰ., ਡੀ.ਸੀ. ਅਤੇ ਐਸ.ਐਸ.ਪੀ. ਵੀ ਸਨ । ਇਹ ਮਾਮਲਾ ਫਿਰ ਸਮਾਪਤ ਹੋ ਗਿਆ । 8 ਤਾਰੀਖ ਨੂੰ ਉਹ ਨਿਸ਼ਾਨ ਸਾਹਿਬ ਦੁਬਾਰਾ ਲਗਾਇਆ ਗਿਆ । ਕੁਝ ਲੋਕ ਨਾਲ ਸਨ । ਹੋ ਸਕਦਾ ਹੈ ਕਿ ਮੁਹੱਲੇ ਦੇ ਲੋਕ ਘੱਟ ਹੋਣ । ਮੁਹੱਲੇ ਦੇ ਚਾਰ ਲੋਕ ਹੋਣ ਤੇ ਬਾਹਰੋਂ ਪੰਜਾਹ ਲੋਕ ਹੋਣ । ਜਿੱਥੋਂ ਤੱਕ ਇਸ ਗੱਲ ਦਾ ਸਬੰਧ ਹੈ ਇਸ ਦੀ ਤਫਸੀਲ ਨਹੀਂ ਹੈ ਕਿ ਸਾਰੇ ਹੀ ਮੁਹੱਲੇ ਦੇ ਸਨ ਜਾਂ ਥੋੜ੍ਹੇ ਮੁਹੱਲੇ ਦੇ ਸਨ ਤੇ ਬਾਕੀ ਬਾਹਰੋਂ ਲੈ ਕੇ ਆਏ ਹਨ । ਇਹ ਕੇਸ ਉਨ੍ਹਾਂ ਦੇ ਬਾਰੇ ਵਿਚ ਐਸ.ਐਸ.ਪੀ. ਅਤੇ ਡੀ.ਸੀ. ਦੇ ਨੋਟਿਸ ਲਿਆਂਦਾ । ਕਮਿਸ਼ਨਰ, ਨਗਰ ਨਿਗਮ ਵਿਰੁੱਧ ਅਲੱਗ ਤੌਰ ਤੇ ਸ਼ੋ ਕਾਜ਼ ਨੋਟਿਸ ਵੀ ਦਿਤਾ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਕੋਲੋਂ ਜਾਣਕਾਰੀ ਲੈਣਾ ਚਾਹੁੰਦਾ ਹਾਂ । ਜਦੋਂ ਇਨ੍ਹਾਂ ਨੂੰ ਪਤਾ ਹੈ ਕਿ ਡਿਪਟੀ ਮੇਅਰ ਦਾ ਨਾਂ ਹੈ ਅਤੇ ਉਨ੍ਹਾਂ ਨੂੰ ਨੋਟਿਸ ਵੀ ਦਿੱਤਾ ਹੋਇਆ ਹੈ । ਇਹ ਗੱਲ ਇਨ੍ਹਾਂ ਨੇ ਰਿਪਲਾਈ ਵਿਚ ਵੀ ਲਿਖੀ ਹੈ ਅਤੇ ਤੁਹਾਨੂੰ ਵੀ ਪਤਾ ਹੈ ਕਿ ਉਨ੍ਹਾਂ ਨੇ ਨਿਸ਼ਾਨ ਸਾਹਿਬ ਲਗਾਇਆ ਹੈ ਤਾਂ ਹੁਣ ਉਸ ਤੇ ਕਾਰਵਾਈ ਕਰਨ ਲਈ ਕਿਤਨੀ ਦੇਰੀ ਹੋਰ ਲੱਗੇਗੀ ਅਤੇ ਡਿਪਟੀ ਮੇਅਰ ਨੂੰ ਅਹੁਦੇ ਤੋਂ ਕਿਉਂ ਨਹੀਂ ਹਟਾਇਆ ਜਾ ਰਿਹਾ ?

ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੂੰ ਨੋਟਿਸ ਦੇ ਦਿੱਤਾ ਹੈ ਅਤੇ ਜਵਾਬ ਆਏਗਾ । ਇਕ ਸਪੈਸੇਫਿਕ ਪ੍ਰੋਸੀਜਰ ਤੈਅ ਹੈ ਅਤੇ ਉਸ ਪ੍ਰੋਸੀਜਰ ਦੇ ਮੁਤਾਬਿਕ ਹੀ ਉਸ ਨੂੰ ਨੋਟਿਸ ਦਿੱਤਾ ਹੈ ਅਤੇ ਉਹ ਸੈਕਟਰੀ ਸਾਹਿਬ ਨਾਲ ਪਰਸਨਲੀ ਹੀਅਰਿੰਗ ਵੀ ਕਰ ਸਕਦਾ ਹੈ । ਸਾਰਾ ਪ੍ਰੋਸੀਜਰ ਕੰਪਲੀਟ ਹੋਣ ਤੋਂ ਬਾਅਦ ਹੀ ਐਕਸ਼ਨ ਲਿਆ ਜਾ ਸਕਦਾ ਹੈ ।

ਜ਼ਿਲ੍ਹਾ ਬਠਿੰਡਾ ਵਿਚ ਹੈਪੇਟਾਈਟਿਸ-ਏ.ਬੀ.ਸੀ. ਨੂੰ ਫੈਲਣ ਤੋਂ ਰੋਕਣਾ

*1391. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ੳ) 31 ਦਸੰਬਰ, 1998 ਤੋਂ ਬਾਅਦ ਮਿਤੀ ਅੰਤ ਤੱਕ ਵੱਖ-ਵੱਖ ਹੈਪੇਟਾਈਟਿਸ ਏ.ਬੀ.ਸੀ. ਦੇ ਸਿੱਟੇ ਵਜੋਂ ਜ਼ਿਲਾ ਬਠਿੰਡਾ ਵਿਚ ਹੋਈਆਂ ਮੌਤਾਂ ਦੀ ਗਿਣਤੀ ਕਿੰਨੀ ਹੈ ;

(ਅ) ਜ਼ਿਲ੍ਹਾ ਬਠਿੰਡਾ ਵਿਚ ਉਕਤ ਬਿਮਾਰੀ ਦੇ ਫੈਲਣ ਦੇ ਕਾਰਨਾਂ ਦੇ ਵੇਰਵੇ ਕੀ ਹਨ ਅਤੇ ਇਸ ਬਿਮਾਰੀ ਨੂੰ ਰੋਕਣ ਅਤੇ ਕੰਟਰੋਲ ਕਰਨ ਅਤੇ ਉਨ੍ਹਾਂ ਦੀਆਂ ਜਾਨਾਂ ਬਚਾਉਣ, ਜਿਹੜੇ ਪਹਿਲਾਂ ਹੀ ਇਸ ਬੀਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ, ਲਈ ਉਠਾਏ ਗਏ ਕਦਮਾਂ ਦੇ ਵੇਰਵੇ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ : (ੳ) ਹੈਪੇਟਾਈਟਿਸ-ਬੀ ਨਾਲ ਬਠਿੰਡਾ ਜ਼ਿਲ੍ਹੇ ਵਿਚ ਚਾਰ ਮੌਤਾਂ ਹੋਈਆਂ । ਹੈਪੇਟਾਈਟਿਸ-ਏ ਅਤੇ ਸੀ ਨਾਲ ਕੋਈ ਮੌਤ ਨਹੀਂ ਹੋਈ ।

(ਅ) ਵੇਰਵਾ ਸਦਨ ਦੀ ਮੇਜ਼ ਤੇ ਅਨੁਲੱਗ ਵਜੋਂ ਰੱਖਿਆ ਜਾਂਦਾ ਹੈ ।

ਅਨੁਲੱਗ

ਬਠਿੰਡਾ ਜ਼ਿਲ੍ਹੇ ਦੇ ਚਾਰ ਪਿੰਡਾਂ ਵਿਚ ਹੈਪੇਟਾਈਟਿਸ-ਬੀ ਦੇ ਕੇਸ ਹੋਏ ਹਨ ਜਿਨ੍ਹਾਂ ਦੇ ਨਾਂ ਹੇਠ ਲਿਖੇ ਹਨ :—

(1) ਫਰੀਦਕੋਟ ਕੋਟਲੀ

(2) ਨਾਹਿਰਾਜ

(3) ਪੱਕਾ ਕਲਾ

(4) ਪੱਤੀ ਵਾੜੇ ਕੋਡੇ

ਉਪਰੋਕਤ ਪਿੰਡ ਹਰਿਆਣਾ ਬਾਰਡਰ ਦੇ ਨਾਲ ਸਥਿਤ ਹਨ । ਇਨ੍ਹਾਂ ਪਿੰਡਾਂ ਦੇ ਲੋਕ ਡੱਬਵਾਲੀ, ਸਿਰਸਾ ਇਲਾਜ ਲਈ ਜਾਂਦੇ ਹਨ । ਦੂਜਾ ਕਾਰਨ ਅਨ-ਟਰੀਟਿਡ ਪੀਣ ਵਾਲੇ ਪਾਣੀ ਦੀ ਸੰਭਾਵਨਾ ਹੈ ।

ਜਦੋਂ ਮਹਿਕਮਾ ਸਿਹਤ ਵਿਭਾਗ ਨੂੰ ਇਸ ਬਿਮਾਰੀ ਬਾਰੇ ਪਤਾ ਲੱਗਾ ਤਾਂ ਜ਼ਿਲ੍ਹਾ ਸਿਹਤ ਪ੍ਰਸ਼ਾਸਨ ਨੇ ਤੁਰੰਤ 13 ਮੈਡੀਕਲ ਟੀਮਾਂ ਬਣਾ ਕੇ ਪ੍ਰਭਾਵਿਤ ਪਿੰਡਾਂ ਦਾ ਸਰਵੇ ਕਰਵਾਇਆ । ਰਾਮਪੁਰਾ ਫੂਲ ਦੇ 1293 ਘਰ, ਭਾਈ ਰੂਪਾ ਦੇ 1190 ਘਰ ਅਤੇ ਮੰਡੀ ਕਲਾਂ ਦੇ 1100 ਘਰਾਂ ਨੂੰ ਕਵਰ ਕੀਤਾ ਗਿਆ । ਜੋ ਲੋਕ ਇਸ ਬਿਮਾਰੀ ਨਾਲ ਪ੍ਰਭਾਵਿਤ ਸਨ, ਉਨ੍ਹਾਂ ਦਾ ਇਲਾਜ ਰਾਮਪੁਰਾ ਫੂਲ ਅਤੇ ਬਠਿੰਡਾ ਦੇ ਸਰਕਾਰੀ ਹਸਪਤਾਲਾਂ ਵਿਚ ਕੀਤਾ ਗਿਆ । ਪਾਣੀ ਸ਼ੁੱਧ ਕਰਨ ਵਾਲੀ ਕਲੋਰੀਨ ਦੀਆਂ 33000 ਗੋਲੀਆਂ ਵੰਡੀਆਂ ਗਈਆਂ । ਬਚਾਓ ਪ੍ਰਚਾਰ ਸਬੰਧੀ 64000 ਇਸ਼ਤਿਹਾਰ ਵੰਡੇ ਗਏ, ਗਰੁੱਪ ਮੀਟਿੰਗਾਂ, ਮਾਸ ਮੀਡੀਆ ਅਤੇ ਪੈਂਫਲਿਟਾਂ ਰਾਹੀਂ ਲੋਕਾਂ ਨੂੰ ਜਾਗਰਿਤ ਕੀਤਾ ਗਿਆ ਕਿ ਉਹ ਡਿਸਪੋਜ਼ਲ ਨੀਡਲਾਂ ਨਾਲ ਟੀਕੇ ਲਗਵਾਉਣ, ਘਰਾਂ ਵਿਚ ਸਫਾਈ ਰੱਖਣ ਅਤੇ ਪਾਣੀ ਉਬਾਲ ਕੇ ਪੀਣ । ਫਰੀਦਕੋਟ ਕੋਟਲੀ ਪਿੰਡ ਵਿਚ ਇੱਕ ਅਸਥਾਈ ਡਿਸਪੈਂਸਰੀ ਖੋਲ ਦਿੱਤੀ ਗਈ । ਪ੍ਰਾਈਵੇਟ ਅਤੇ

ਸਰਕਾਰੀ ਏਜੰਸੀਆਂ ਵਲੋਂ ਹੈਪੇਟਾਈਟਸ-ਬੀ ਦੇ ਕੁੱਲ 1788 ਟੀਕੇ ਲਗਾਏ ਗਏ । ਪਾਣੀ ਦੇ 34 ਸੈਂਪਲ ਲਏ, ਜਿਨ੍ਹਾਂ ਵਿਚੋਂ 4 ਸੈਂਪਲ ਘਰਾਂ ਦੇ ਨਲਕਿਆਂ ਤੋਂ ਅਤੇ 30 ਸੈਂਪਲ ਪਬਲਿਕ ਹੈਲਥ ਵਾਟਰ ਵਰਕਸ ਤੋਂ ਲਏ ਗਏ ਜਿਨ੍ਹਾਂ ਵਿਚੋਂ 2 ਸੈਂਪਲ ਫੈਲ੍ਹ ਹੋ ਗਏ । ਪਬਲਿਕ ਹੈਲਥ ਮਹਿਕਮੇ ਨੂੰ ਲਿਖਿਆ ਗਿਆ ਕਿ ਉਹ ਸੁਪਰ ਕਲੋਰੋਨੇਟਿਡ ਪਾਣੀ ਸਪਲਾਈ ਕਰਨ । ਡੀ.ਡੀ.ਪੀ.ਓ. ਰਾਹੀਂ ਸਾਰੀਆਂ ਪੰਚਾਇਤਾਂ ਨੂੰ ਸਫਾਈ ਰੱਖਣ ਲਈ ਕਿਹਾ ਗਿਆ ਅਤੇ ਡੀ.ਡੀ.ਪੀ.ਓ. ਨੂੰ ਪੱਤਰ ਰਾਹੀਂ ਲਿਖਕੇ ਹਦਾਇਤ ਕੀਤਾ ਗਈ ਕਿ ਪਿੰਡਾਂ ਵਿਚ ਬਣਾਈਆਂ ਜਾ ਰਹੀਆਂ ਲੈਟਰੀਨਾਂ ਨਲਕਿਆਂ ਤੋਂ ਘੱਟੋ-ਘੱਟ 100 ਫੁਟ ਦੀ ਦੂਰੀ ਤੇ ਲਗਾਉਣ । 6 ਮੈਡੀਕਲ ਟੀਮਾਂ ਪੱਕੇ ਤੌਰ ਤੇ ਗਠਿਤ ਕਰ ਦਿੱਤੀਆਂ ਗਈਆਂ ਜੋ ਕਿ ਪ੍ਰਭਾਵਿਤ ਪਿੰਡਾਂ ਵਿਚ ਜਾ ਕੇ ਮੌਕੇ ਤੇ ਇਲਾਜ ਕਰਨ ਜਾਂਦੀਆਂ ਹਨ । ਇਸ ਤਰ੍ਹਾਂ ਹਾਲਾਤ ਕਾਬੂ ਹੇਠ ਲਿਆਂਦੇ ਗਏ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਜਵਾਬ ਦਿਤਾ ਹੈ, ਉਸ ਨਾਲ ਮੈਂ ਸੈਟਿਸਫਾਈ ਹਾਂ ਕਿਉਂਕਿ ਡੀਟੇਲ ਵਿਚ ਜਵਾਬ ਦਿਤਾ ਹੈ । ਲੋਕਲ ਐਡਮਨਿਸਟਰੇਸ਼ਨ ਨੇ ਕੀ ਕੀਤਾ । ਮੈਂ ਸਿਰਫ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਇਕੱਲੇ ਬਠਿੰਡੇ ਦਾ ਸਵਾਲ ਨਹੀਂ । ਹੈਪੇਟਾਈਟਸ-ਬੀ ਦੇ ਕੇਸ ਵੱਧ ਰਹੇ ਹਨ, ਇਨਕਰੀਜ਼ ਹੋ ਰਹੇ ਹਨ । ਮੈਂ, ਸਪੀਕਰ ਸਾਹਿਬ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਸਮੁੱਚੇ ਪਵਿੱਤਰ ਸਦਨ ਵਿਚ ਇਸ ਗੱਲ ਦਾ ਵਿਸ਼ਵਾਸ ਚਾਹੁੰਦਾ ਹਾਂ ਕਿ ਹੈਲਥ ਡਿਪਾਰਟਮੈਂਟ ਪ੍ਰਾਇਰਟੀ ਦੇ ਤੌਰ ਤੇ ਸਾਰੇ ਪੰਜਾਬ ਵਿਚ ਜਿਹੜੀ ਟੀਕਾਕਰਨ ਦੀ ਮੁਹਿੰਮ ਹੈ, ਉਹ ਮਾਸ ਮੁਹਿੰਮ ਬਣਾ ਕੇ ਚਲਾਏ । ਕੀ ਇਸ ਪਾਸੇ ਵੱਲ ਹੈਲਥ ਡਿਪਾਰਟਮੈਂਟ ਸਾਰੇ ਪੰਜਾਬ ਵਿਚ ਇਹ ਮਹਿੰਮ ਚਲਾਉਣ ਲਈ ਕੋਈ ਪ੍ਰੋਵੀਜ਼ਨ ਰੱਖ ਰਿਹਾ ਹੈ ? ਜਿਹੜਾ ਇਸ ਬੀਮਾਰੀ ਦਾ ਟੀਕਾ ਹੈ, ਅਗਰ ਉਹ ਪ੍ਰਾਈਵੇਟ ਤੌਰ ਤੇ ਲਗਵਾਇਆ ਜਾਵੇ ਤਾਂ ਕਾਫੀ ਕੋਸਟਲੀ ਪੈਂਦਾ ਹੈ ਅਤੇ ਅਗਰ ਹੈਲਥ ਡਿਪਾਰਟਮੈਂਟ ਇਸ ਮੈਡੀਸਨ ਨੂੰ ਬਲਕ ਵਿਚ ਖਰੀਦੇਗਾ ਤਾਂ ਚੀਪ ਪੈਣੀ ਹੈ । ਸਪੀਕਰ ਸਾਹਿਬ, ਕੀ ਇਹ ਪਹਿਲ ਦੇ ਆਧਾਰ ਤੇ ਸਮੁੱਚੇ ਪੰਜਾਬ ਵਿਚ ਇਸ ਬੀਮਰੀ ਲਈ ਟੀਕਾਕਰਨ ਦੀ ਮੁਹਿੰਮ ਚਲਾਉਣ ਬਾਰੇ ਵਿਸ਼ਵਾਸ਼ ਦੇਣਗੇ ।

ਮੰਤਰੀ : ਸਪੀਕਰ ਸਾਹਿਬ, ਲੋਕਾਂ ਨੂੰ ਹੈਪੇਟਾਈਟਸ ਏ, ਬੀ ਅਤੇ ਸੀ ਨਾ ਹੋਵੇ, ਇਸ ਦੇ ਲਈ ਅਸੀਂ ਲੋਕਾਂ ਨੂੰ ਪ੍ਰੀਵੈਨਟਿਵ ਮਈਅਰਜ਼ ਲਈ ਜਾਣਕਾਰੀ ਅਖਬਾਰਾਂ ਰਾਹੀਂ ਅਤੇ ਹੋਰ ਕਈ ਤਰੀਕਿਆਂ ਰਾਹੀਂ ਦੇ ਰਹੇ ਹਾਂ ਅਤੇ ਦੇਂਦੇ ਰਹਿੰਦੇ ਹਾਂ । ਇਸ ਤੋਂ ਇਲਾਵਾ ਜਿਹੜੇ ਪਾਣੀ ਦੇ ਸੈਂਪਲ ਹਨ, ਉਹ ਹਰ ਜ਼ਿਲ੍ਹੇ ਵਿਚ ਲਏ ਜਾਂਦੇ ਹਨ । ਜਿਥੇ ਕੋਈ ਫੇਲ੍ਹ ਹੋ ਜਾਂਦਾ ਹੈ, ਜੇ ਉਹ ਵਿਭਾਗ ਦੇ ਅੰਦਰ ਆਉਂਦਾ ਹੈ ਤਾਂ ਐਕਸ਼ਨ ਲੈਂਦੇ ਹਾਂ ਅਤੇ ਜੇ ਪ੍ਰਾਈਵੇਟ ਸੈਂਪਲ ਗਲਤ ਆਵੇ ਤਾਂ ਉਨ੍ਹਾਂ ਨੂੰ ਜਾਣਕਾਰੀ ਦਿੰਦੇ ਹਾਂ । ਜਿੱਥੋਂ ਤੱਕ ਲੋਕਾਂ ਨੂੰ ਟੀਕਾ ਲਗਾਉਣ ਦਾ ਤਾਅਲੁੱਕ ਹੈ, ਇਹ ਕਾਫੀ ਕੋਸਟਲੀ ਟੀਕਾ ਹੈ ਵਿਭਾਗ ਦੇ ਵਿਚ ਕਿਉਂਕਿ ਇਹ ਬੀਮਾਰੀ ਦਾ ਖਤਰਾ ਡਾਕਟਰਾਂ ਅਤੇ ਨਰਸਾਂ ਨੂੰ ਹੁੰਦਾ ਹੈ, ਇਸ ਲਈ ਉਨ੍ਹਾਂ ਵਾਸਤੇ ਤਾਂ ਪ੍ਰੋਵੀਜ਼ਨ ਕੀਤੀ ਗਈ ਹੈ ਬਾਕੀ ਜਿਹੜੇ ਸਾਰੇ ਹਸਪਤਾਲਾਂ ਵਿਚ ਨਵੇਂ ਬੱਚੇ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਅਤੇ ਉਸ ਹਾਲਤ ਵਿਚ ਮਦਰ ਨੂੰ ਇਹ ਇੰਜੈਕਸ਼ਨ ਲਾਉਣ ਦਾ ਉਪਰਾਲਾ ਕੀਤਾ ਹੈ । ਇਸ ਤੋਂ ਪਹਿਲਾਂ ਵੀ ਇਕ ਵੱਡੀ ਸਤਰ ਦੀ ਪਲਸ ਪੋਲਿਓ ਮੁਹਿੰਮ ਵਰਲਡ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਬੈਂਕ ਨੇ ਸਾਰੀ ਦੁਨੀਆਂ ਵਿਚ ਚਲਾਈ ਸੀ ਜਿਸ ਨਾਲ ਇਸ ਬੀਮਾਰੀ ਤੋਂ ਰਾਹਤ ਮਿਲੀ ਸੀ । ਬਾਕੀ ਜੇ ਕੋਈ ਵਰਲਡ ਬੈਂਕ ਇਸ ਤਰ੍ਹਾਂ ਦੀ ਸਕੀਮ ਚਲਾ ਦੇਵੇ, ਤਾਂ ਇਸ ਬੀਮਾਰੀ ਦੇ ਕਾਬੂ ਪਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ । ਬਾਕੀ ਅਸੀਂ ਵੀ ਇਸ ਤੇ ਗੌਰ ਕਰ ਲਵਾਂਗੇ ਕਿ ਕਿੰਨਾ ਕੁ ਫੰਡ ਫਾਈਨਾਂਸ ਡਿਪਾਰਟਮੈਂਟ ਇਸ ਕੰਮ ਲਈ ਅਲਾਓ ਕਰਦਾ ਹੈ ।

ਪਿੰਡਾਂ ਵਿਚ ਪਾਣੀ ਦੀਆਂ ਟੂਟੀਆਂ ਤੋਂ ਪਾਣੀ ਦੇ ਵਹਾਅ ਨੂੰ ਨਿਯਮਤ ਤੌਰ ਤੇ ਚੈੱਕ ਕਰਨਾ

*1453 **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਪਿੰਡਾਂ ਵਿਚ ਲਗਾਈਆਂ ਗਈਆਂ ਪਾਣੀ ਦੀਆਂ ਟੂਟੀਆਂ ਤੋਂ ਪਾਣੀ ਹਮੇਸ਼ਾਂ ਵਗਦਾ ਰਹਿੰਦਾ ਹੈ; ਜੇਕਰ ਅਜਿਹਾ ਹੋਵੇ, ਤਾਂ ਪਾਣੀ ਦੀ ਅਜਿਹੀ ਬਰਬਾਦੀ ਨੂੰ ਰੋਕਣ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

(ਮੰਤਰੀ ਸਾਹਿਬ ਨੇ ਮਹਿਕਮੇ ਵਲੋਂ ਭੇਜੇ ਗਏ ਲਿਖਤੀ ਉੱਤਰ ਨੂੰ ਨਹੀਂ ਪੜ੍ਹਿਆ ਬਲਕਿ ਉਸ ਦੀ ਜਗ੍ਹਾ ਤੇ ਹੇਠ ਅਨੁਸਾਰ ਉੱਤਰ ਦਿੱਤਾ ।)

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਮਾਨਯੋਗ ਮੈਂਬਰ ਬੜੇ ਸਿਆਣੇ ਹਨ । ਬਾਕੀ ਇਹ ਗੱਲ ਵੀ ਠੀਕ ਨਹੀਂ ਕਿ ਪੀਣ ਵਾਲਾ ਪਾਣੀ ਹਮੇਸ਼ਾਂ ਹੀ ਵਗਦਾ ਰਹਿੰਦਾ ਹੈ, ਕਈ ਜਗ੍ਹਾ ਇਹ ਤਾਂ ਜ਼ਰੂਰ ਦੇਖਿਆ ਗਿਆ ਹੈ ਕਿ ਅਸੀਂ ਪਹਿਲਾਂ ਜਿਹੜੀਆਂ ਪਿੱਤਲ ਦੀਆਂ ਟੂਟੀਆਂ ਲਾਈਆਂ ਹੋਈਆਂ ਸਨ, ਉਹ ਲੋਕ ਲਾਹ ਕੇ ਲੈ ਜਾਂਦੇ ਸਨ । ਫਿਰ ਅਸੀਂ ਸਟੀਲ ਦੀਆਂ ਲਾਈਆਂ ਹੋਈਆਂ ਸਨ, ਉਸ ਵਿੱਚ ਵੀ ਉਨ੍ਹਾਂ ਦੀ ਦੁਰਵਰਤੋਂ ਹੋਈ । ਹੁਣ ਅਸੀਂ ਕੋਸ਼ਿਸ਼ ਕੀਤੀ ਹੈ ਕਿ ਪਿੰਡ ਦੀ ਪੰਚਾਇਤ ਨੂੰ, ਸਰਪੰਚ ਨੂੰ ਇਸ ਗੱਲ ਦੀ ਰੋਕ-ਥਾਮ ਲਈ ਨਾਲ ਇਨਵਾਲਵ ਕੀਤਾ ਜਾਵੇ ਕਿ ਇਸ ਚੀਜ਼ ਦੀ ਗਲਤ ਵਰਤੋਂ ਨਾ ਹੋਵੇ ਅਤੇ ਪਾਣੀ ਵੀ ਪੀਣ ਵਾਲਾ ਵੇਸਟ ਨਾ ਹੋਵੇ । ਅਸੀਂ ਇਹ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਸਟੈਂਡ ਪੋਸਟਾਂ ਦੀ ਗਿਣਤੀ ਘਟਾ ਦਿੱਤੀ ਜਾਵੇ ਅਤੇ ਪ੍ਰਾਈਵੇਟ ਲੋਕਾਂ ਨੂੰ ਪਾਣੀ ਦੇ ਕੁਨੈਕਸ਼ਨ ਦਿੱਤੇ ਜਾਣ । ਬਾਕੀ ਪੀਣ ਵਾਲਾ ਪਾਣੀ ਤਾਂ ਹੁਣ ਆਮ ਹੋ ਗਿਆ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਪੀਣ ਵਾਲਾ ਪਾਣੀ ਇਨ੍ਹਾਂ ਨੇ ਆਮ ਕੀਤਾ ਹੈ । ਹੁਣ ਮੈਂ ਏਨਾ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਲੋਕਾਂ ਨੂੰ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੇ ਕੁਨੈਕਸ਼ਨ ਦੇਣਗੇ । ਮੈਂ ਇਹ ਪੁੱਛਣਾ ਚਾਹੁੰਦਾ

ਹਾਂ ਕਿ ਇਹ ਪ੍ਰਤੀ ਪਿੰਡ ਕਿੰਨੇ ਕੁਨੈਕਸ਼ਨ ਦੇਣਗੇ ਅਤੇ ਉਸਦੇ ਕੋਈ ਚਾਰਜਿਜ਼ ਹੋਣਗੇ ਜਾਂ ਨਹੀਂ ਹੋਣਗੇ ?

ਮੰਤਰੀ : ਸਪੀਕਰ ਸਾਹਿਬ, ਇਸ ਲਈ ਅਸੀਂ ਆਲਰੇਡੀ 1000/- ਰਪਿਆ ਸਿਕਿਉਰਿਟੀ ਵਜੋਂ ਚਾਰਜ ਕਰ ਰਹੇ ਹਾਂ ਅਤੇ 20/- ਰੁਪਏ ਫਲੇਟ ਰੇਟ ਪ੍ਰਤੀ ਕੁਨੈਕਸ਼ਨ ਪ੍ਰਤੀ ਮੰਥ ਲੈਂਦੇ ਹਾਂ ।

ਸਰਦਾਰ ਇੰਦਰਜੀਤ ਸਿੰਘ ਮੋਫਰ: ਸਪੀਕਰ ਸਾਹਿਬ, ਇਹ ਜਿਹੜਾ ਕੁਨੈਕਸ਼ਨ ਦੇਣ ਦਾ ਪ੍ਰੋਗਰਾਮ ਹੈ, ਇਹ ਕਦੋਂ ਤੱਕ ਲਾਗੂ ਹੋਵੇਗਾ ? ਜੇ ਪੰਜਾਬ ਸਰਕਾਰ ਦੂਸਰਾ ਪਾਣੀ ਮੁਫਤ ਦੇ ਸਕਦੀ ਹੈ ਤਾਂ ਕੀ ਪੀਣ ਵਾਲਾ ਪਾਣੀ ਮੁਫਤ ਨਹੀਂ ਦੇ ਸਕਦੀ ?

ਮੰਤਰੀ : ਸਪੀਕਰ ਸਾਹਿਬ, ਮੋਫਰ ਸਾਹਿਬ ਨੂੰ ਸਾਰੀ ਗੱਲ ਦਾ ਪਤਾ ਹੈ ਕਿ ਵਰਲਡ ਬੈਂਕ ਨੇ ਸਾਡੇ ਲੋਨ ਇਸੇ ਕਰਕੇ ਰੋਕੇ ਹਨ ਕਿ ਅਸੀਂ ਸਭ ਕੁਝ ਮੁਫਤ ਦੇਈ ਜਾਂਦੇ ਹਾਂ । ਅਸੀਂ ਪੀਣ ਵਾਲੇ ਪਾਣੀ ਵਾਸਤੇ ਬਹੁਤ ਚਿੰਤਿਤ ਹਾਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਬਹੁਤ ਚਿੰਤਤ ਹਨ । ਮੈਂ ਪਹਿਲਾਂ ਵੀ ਇਸ ਲਈ ਕਿਹਾ ਸੀ ਕਿ ਅਸੀਂ ਪ੍ਰਾਈਮ ਮਨਿਸਟਰ ਲੇਵਲ ਤੱਕ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਕੰਮ ਲਈ ਜ਼ਿਆਦਾ ਫੰਡ ਮੁਹੱਈਆ ਕਰਾ ਸਕੀਏ । ਅਸੀਂ ਪੀਣ ਵਾਲੇ ਪਾਣੀ ਦੀ ਵਰਤੋਂ ਕਰਨੀ ਵੀ ਲੋਕਾਂ ਨੂੰ ਸਿਖਾ ਰਹੇ ਹਾਂ ਕਿ ਇਹ ਬਹੁਤ ਵੱਡਮੁੱਲੀ ਵਸਤੂ ਹੈ ਅਤੇ ਇਸ ਦੀ ਜਾਇਜ਼ ਵਰਤੋਂ ਕਰੋ । ਇਸ ਨੂੰ ਖੁੱਲ੍ਹਾ ਛੱਡ ਕੇ ਵੇਸਟ ਨਾ ਕਰੋ ।

ਬੁੱਢਾ ਨਾਲਾ ਤੇ ਪਲ ਦੀ ਉਸਾਰੀ

*1509 **ਸਰਦਾਰ ਬਿਕਰਮਜੀਤ ਸਿੰਘ ਖਾਲਸਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਲਿਕਪੁਰ-ਨੂਰਪੁਰ ਬੇਟ ਸੜਕ ਤੇ ਬੁੱਢਾ ਨਾਲਾ ਉਤੇ ਪੁਲ ਪਿਛਲੇ ਤਿੰਨ ਸਾਲਾਂ ਤੋਂ ਉਸਾਰੀ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਪੁਲ ਦੀ ਉਸਾਰੀ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਮਲਿਕਪੁਰ-ਨੂਰਪੁਰ ਬੇਟ ਸੜਕ ਤੇ ਬੁੱਢਾ ਨਾਲਾ ਉਤੇ ਪੁਲ ਅਪ੍ਰੈਲ, 1996 ਤੋਂ ਉਸਾਰੀ ਅਧੀਨ ਹੈ । ਫੰਡਾਂ ਦੀ ਘਾਟ ਕਾਰਨ ਇਹ ਪੁਲ ਮੁਕੰਮਲ ਨਹੀਂ ਕੀਤਾ ਜਾ ਸਕਿਆ । ਇਸ ਨੂੰ ਜਲਦੀ ਮੁਕੰਮਲ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ ਪਰੰਤੂ ਇਸ ਵਾਸਤੇ ਸਮੇਂ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ।

ਸ਼੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉਤਰ ਦਿੱਤੇ ਗਏ ਸਮਝੇ ਜਾਣ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਤਹਿਸੀਲ ਗੜ੍ਹ ਸ਼ੰਕਰ ਵਿਚ ਟਿਊਬਵੈਲਾਂ ਦੀ ਮੁਰੰਮਤ

*1512. **ਸਰਦਾਰ ਸੋਹਨ ਸਿੰਘ ਠੰਡਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਲਗਾਏ ਗਏ ਕੁਝ ਟਿਊਬ-ਵੈੱਲ ਇਸ ਸਮੇਂ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਟਿਊਬਵੈਲਾਂ ਦੇ ਕਦੋਂ ਤੱਕ ਕੰਮ ਚਾਲੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਹਾਂ ਜੀ, 131 ਨੰ: ਟਿਊਬਵੈੱਲ ਜੋ ਕਿ ਗੜ੍ਹਸ਼ੰਕਰ ਤਹਿਸੀਲ ਵਿੱਚ ਚਲਾਏ ਜਾ ਰਹੇ ਹਨ, ਇਨ੍ਹਾਂ ਵਿਚੋਂ 17 ਨੰ: ਟਿਊਬਵੈੱਲ ਖਰਾਬ ਹਨ ।

(ਅ) 7 ਨੰ. ਟਿਊਬਵੈੱਲ ਜੋ ਕਿ ਆਰਜ਼ੀ ਤੌਰ ਤੇ ਖਰਾਬ ਹਨ, ਮੁਰੰਮਤ ਕਰਨ ਉਪਰੰਤ ਇਕ ਮਹੀਨੇ ਦੇ ਅੰਦਰ ਅੰਦਰ ਚਾਲੂ ਕਰ ਦਿੱਤੇ ਜਾਣਗੇ ਅਤੇ ਬਾਕੀ ਰਹਿੰਦੇ 10 ਟਿਊਬਵੈੱਲ, ਜੋ ਕਿ ਵੱਡੇ ਨੁਕਸਾਂ ਕਰਕੇ ਖਰਾਬ ਹਨ ਅਤੇ ਭਾਰੀ ਮੁਰੰਮਤ ਜਿਵੇਂ ਕਿ ਬੋਰ ਦੀ ਸਫਾਈ, ਟਿਊਬਵੈੱਲ ਦਾ ਮੁੜ ਵਿਕਾਸ, ਘੱਟ ਵਿਆਸ ਦੀ ਫਿਲਟਰ ਪਾਉਣਾ ਅਤੇ ਪੰਪ ਸੈਟ ਦੀ ਮੁਰੰਮਤ ਦੇ ਬਦਲਣ ਦੀ ਲੋੜ ਹੈ ।

ਫਿਲੌਰ ਵਿਚ ਮਕਾਨਾਂ ਨੂੰ ਢਾਹੁਣਾ

*1499 **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਨਗਰ ਕੌਂਸਲ, ਫਿਲੌਰ, ਜ਼ਿਲ੍ਹਾ ਜਲੰਧਰ ਦੇ ਮਾਤਾ ਕਲਸੀ ਨਗਰ, ਵਾਰਡ ਨੰ: (1) ਵਿੱਚ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਸਥਿਤ ਕੋਈ ਮਕਾਨ 13 ਫਰਵਰੀ, 1999 ਨੂੰ ਸਰਕਾਰ ਦੁਆਰਾ ਢਾਹੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਇਸ ਤਰ੍ਹਾਂ ਢਾਹੇ ਗਏ ਮਕਾਨਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਇਲਾਕੇ ਵਿਚ ਜ਼ਮੀਨ ਕਿਹੜੇ ਪ੍ਰਾਜੈਕਟ ਲਈ ਲੋੜੀਂਦੀ ਹੈ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਮਕਾਨਾਂ ਦੇ ਮਾਲਕਾਂ ਨੂੰ ਸਰਕਾਰ ਦੁਆਰਾ ਕੋਈ ਨੋਟਿਸ ਦਿੱਤੇ ਗਏ ਸਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) (ਅ) ਅਤੇ (ੲ) ਨਹੀਂ ਜੀ, ਨਗਰ ਕੌਂਸਲ ਫਿਲੌਰ ਵਲੋਂ ਮਾਤਾ ਕਲਾਣੀ ਨਗਰ ਵਾਰਡ ਨੰ: 1 ਵਿਖੇ ਘਣੀ ਆਬਾਦੀ ਵਿਚ ਕੋਈ ਵੀ ਮਕਾਨ ਨਹੀਂ ਗਿਰਾਇਆ ਗਿਆ ।

ਮਿਉਂਸਿਪਲ ਕੌਂਸਲ, ਹੁਸ਼ਿਆਰਪੁਰ ਦੁਆਰਾ ਠੇਕੇਦਾਰਾਂ ਨੂੰ ਦਰਜ ਕਰਨਾ

*1522. ਸ੍ਰੀ ਤਿਕਸ਼ਨ ਸੂਦ : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਮਿਉਂਸਿਪਲ ਕੌਂਸਲ, ਹੁਸ਼ਿਆਰਪੁਰ ਲਈ ਇਮਾਰਤਾਂ ਅਤੇ ਸੜਕਾਂ ਆਦਿ ਦੀ ਉਸਾਰੀ ਕਰਨ ਲਈ ਸਤੰਬਰ, 1992 ਤੋਂ ਜਨਵਰੀ, 1997 ਤੱਕ ਦੇ ਸਮੇਂ ਦੇ ਦੌਰਾਨ ਠੇਕੇਦਾਰਾਂ ਵਜੋਂ ਦਰਜ ਕੀਤੀਆਂ ਗਈਆਂ ਸਹਿਕਾਰੀ ਸੁਸਾਇ-ਟੀਆਂ/ਫਰਮਾਂ ਦੇ ਨਾਂ ਅਤੇ ਪਤੇ ਕੀ ਕੀ ਹਨ ਅਤੇ ਉਨ੍ਹਾਂ ਦੀ ਬਣਤਰ ਕੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਹਰ ਇਕ ਠੇਕੇਦਾਰ ਨੂੰ ਕਿੰਨਾ ਕਿੰਨਾ ਕੰਮ ਅਲਾਟ ਕੀਤਾ ਗਿਆ ਅਤੇ ਹਰ ਇਕ ਕੇਸ ਵਿਚ ਕੰਮ ਦੀ ਅਨੁਮਾਨਿਤ ਲਾਗਤ ਕਿੰਨੀ ਹੈ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਪੰਜਾਬ ਕੋ-ਆਪਰੇਟਿਵ ਸੁਸਾਇਟੀ ਐਕਟ, 1961 ਅਨੁਸਾਰ ਕੋ-ਅਪਰੇਟਿਵ ਸੁਸਾਇਟੀਆਂ ਦੀ ਬਣਤਰ ਰਜਿਸਟਰਡ ਕੀਤੀ ਗਈ ਹੈ । ਸਤੰਬਰ, 1992 ਤੋਂ ਜਨਵਰੀ, 1997 ਦੇ ਸਮੇਂ ਦੌਰਾਨ ਬਿਲਡਿੰਗਾਂ ਅਤੇ ਸੜਕਾਂ ਦੀ ਉਸਾਰੀ ਕਰਨ ਲਈ ਠੇਕੇਦਾਰ ਵਜੋਂ ਦਰਜ ਕੀਤੀਆਂ ਗਈਆਂ ਸਹਿਕਾਰੀ ਸੁਸਾਇਟੀਆਂ/ਫਰਮਾਂ ਦੇ ਨਾਂ ਅਤੇ ਪਤੇ ਨਾਲ ਨੱਥੀ ਅਨੁਲੱਗ 'ੳ' ਵਿਚ ਦਰਸਾਏ ਗਏ ਹਨ ।

(ਅ) ਉਪਰੋਕਤ ਪਾਰਟ 'ੳ' ਵਿਚ ਦਰਸਾਏ ਸਮੇਂ ਦੇ ਦੌਰਾਨ ਹਰ ਇਕ ਠੇਕੇਦਾਰ ਨੂੰ ਨਾਲ ਨੱਥੀ ਅਨੁਲੱਗ 'ਬੀ' ਅਨੁਸਾਰ ਕੰਮ ਅਲਾਟ ਕੀਤਾ ਗਿਆ ਸੀ ਅਤੇ ਹਰ ਇੱਕ ਕੇਸ ਵਿੱਚ ਕੰਮ ਦੀ ਅਨੁਮਾਨਤ ਲਾਗਤ ਨਾਲ ਨੱਥੀ ਅਨੁਲੱਗ ਵਿੱਚ ਦਰਜ ਹੈ ।

[ਸਥਾਨਕ ਸਰਕਾਰ ਮੰਤਰੀ]

ਅਨੁਲੱਗ 'ਏ'

ਨਗਰ ਕੌਂਸਲ, ਹੁਸ਼ਿਆਰਪੁਰ ਵਿੱਚ ਸੂਚੀ ਠੇਕੇਦਾਰਾਂ/ਸੁਸਾਇਟੀਆਂ ਵਲੋਂ ਸਾਲ 1992-93 ਤੋਂ ਸਾਲ 1996-97 ਤੱਕ ਕੀਤੇ ਗਏ ਵਿਕਾਸ ਸਬੰਧੀ ਕੰਮਾਂ ਦੀ ਲਿਸਟ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਠੇਕੇਦਾਰਾਂ ਦਾ ਨਾਂ/ਸੁਸਾਇਟੀ		ਕੁੱਲ ਰਕਮ
1	2	3	4
1.	ਸ੍ਰੀ ਸਤਿੰਦਰ ਪਾਲ ਵਾਲੀਆ ਮੁਹੱਲਾ ਜਗਤਪੁਰਾ, ਹੁਸ਼ਿਆਰਪੁਰ ..	ਠੇਕੇਦਾਰ ਵਲੋਂ ਨਾਲੀਆਂ ਅਤੇ ਫਰਸ਼ ਦਾ ਕੰਮ ਕੀਤਾ ਗਿਆ।	10.72
2	ਸ੍ਰੀ ਤਿਰਲੋਚਨ ਸਿੰਘ ਮੁਹੱਲਾ ਕ੍ਰਿਸ਼ਨਾ ਨਗਰ, ਹੁਸ਼ਿਆਰਪੁਰ ..	-ਉਹੀ-	11.61
3.	ਸ੍ਰੀ ਸ੍ਰੀਧਰ ਸ਼ਰਮਾ, ਮੁਹੱਲਾ ਕ੍ਰਿਸ਼ਨਾ ਨਗਰ, ਹੁਸ਼ਿਆਰਪੁਰ ..	-ਉਹੀ-	7.35
4.	ਮੈ: ਏ. ਐਸ. ਇੰਟਰਪ੍ਰਾਇਜ਼ਜ਼ ਮੁਹੱਲਾ ਸੁਖਦੇਵ ਨਗਰ, ਹੁਸ਼ਿਆਰਪੁਰ ..	-ਉਹੀ-	2.74
5.	ਸ੍ਰੀ ਸਦੇਸ਼ ਕੁਮਾਰ ਸੇਠੀ ਮੁਹੱਲਾ ਮਾਡਲ ਟਾਉਨ, ਹੁਸ਼ਿਆਰਪੁਰ । ..	-ਉਹੀ-	10.79
6.	ਸ੍ਰੀ ਕਲਿਆਣ ਸਰੂਪ ਮੁਹੱਲਾ ਰਮੇਸ਼ ਨਗਰ, ਹੁਸ਼ਿਆਰਪੁਰ ..	ਬਿਲਡਿੰਗ ਵਰੱਕਸ ਫਰਸ਼ ਅਤੇ ਨਾਲੀਆਂ	19.09
7.	ਸ੍ਰੀ ਵਿਨੋਦ ਕੁਮਾਰ ਬੋਧੀ ਮੁਹੱਲਾ ਨਵੀ ਅਬਾਦੀ ਨੀਅਰ ਸ਼ਕਤੀ ਮੰਦਿਰ, ਹੁਸ਼ਿਆਰਪੁਰ ..	ਸੜਕਾਂ, ਨਾਲੀਆਂ ਅਤੇ ਫਰਸ਼	4.57
8.	ਸ੍ਰੀ ਅਸ਼ਵਨੀ ਕਪੂਰ ਮੁਹੱਲਾ ਕਮੇਟੀ ਗੰਜ, ਹੁਸ਼ਿਆਰਪੁਰ ..	ਬਿਲਡਿੰਗ ਵਰਕਸ ਸੜਕਾਂ, ਨਾਲੀਆਂ ਅਤੇ ਫਰਸ਼	12.62
9.	ਸ੍ਰੀ ਰਮੇਸ਼ ਕੁਮਾਰ ਭੱਲਾ, ਮੁਹੱਲਾ ਨਵੀ ਅਬਾਦੀ, ਹੁਸ਼ਿਆਰਪੁਰ ..	-ਉਹੀ-	5.90

1	2		3	4
10.	ਸ਼੍ਰੀ ਅਰੁਨ ਕੁਮਾਰ ਜਿੰਦਲ, ਮੁਹੱਲਾ ਮਾਡਲ ਟਾਊਨ, ਹੁਸ਼ਿਆਰਪੁਰ	..	-ਉਹੀ-	7.57
11.	ਸ਼੍ਰੀ ਦੀਪਕ ਕੁਮਾਰ ਮੁਹੱਲਾ ਕਮੇਟੀ ਗੰਜ, ਹੁਸ਼ਿਆਰਪੁਰ	..	-ਉਹੀ-	2.28
12.	ਮੈ: ਸਤੀਸ਼ ਅਗਰਵਾਲ ਐਂਡ ਕੰਪਨੀ, ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ	..	ਸੜਕਾਂ	78.6
13.	ਸ਼੍ਰੀ ਮੰਗਤ ਤੇਹਨ ਮੁਹੱਲਾ ਰਾਮ ਨਗਰ, ਹੁਸ਼ਿਆਰਪੁਰ	..	ਫਰਸ਼	2.26
14.	ਸ਼੍ਰੀ ਸੰਤੋਸ਼ ਕੁਮਾਰ ਇੰਨ ਮੁਹੱਲਾ ਸੰਤ ਨਗਰ, ਜਲੰਧਰ	.	-ਉਹੀ-	2.61
15.	ਮੈਸਰਜ਼ ਸੈਣੀ ਇੰਟਰਪਰਾਇਜਜ਼ ਪਿੰਡ ਮਰੋਵਾਲ, ਜ਼ਿਲ੍ਹਾ ਹੁਸ਼ਿਆਰਪੁਰ	..	ਨਾਲੀਆਂ ਅਤੇ ਫਰਸ਼ ਦਾ ਕੰਮ ਕੀਤਾ	2.05
16.	ਸ਼੍ਰੀ ਹਰਜਿੰਦਰ ਸਿੰਘ ਸੇਠੀ, ਮੁਹੱਲਾ ਮਾਡਲ ਕਾਲੋਨੀ, ਹੁਸ਼ਿਆਰਪੁਰ	..	-ਉਹੀ-	4.57
17.	ਸ਼੍ਰੀ ਰਵਿੰਦਰ ਕੁਮਾਰ ਵਾਲੀਆ ਮੁਹੱਲਾ ਨਵੀਂ ਆਬਾਦੀ, ਹੁਸ਼ਿਆਰਪੁਰ	..	ਨਾਲੀਆਂ, ਬਿਲਡਿੰਗ ਅਤੇ ਫਰਸ਼ ਦਾ ਕੰਮ ਕੀਤਾ।	12.57
18.	ਸ਼੍ਰੀ ਉਮੇਸ਼ ਗੁਪਤਾ, ਮੁਹੱਲਾ ਹੀਰਾ ਕਾਲੋਨੀ, ਹੁਸ਼ਿਆਰਪੁਰ	..	ਸੜਕਾਂ ਦਾ ਕੰਮ ਕੀਤਾ	1.47
19	ਸ਼੍ਰੀ ਅਤੁਲ ਮਹਿੰਦਰਾ, ਮੁਹੱਲਾ ਸਿਵਲ ਲਾਇਨ, ਹੁਸ਼ਿਆਰਪੁਰ	..	ਸੜਕਾਂ ਅਤੇ ਨਾਲੀਆਂ ਦਾ ਕੰਮ ਕੀਤਾ	2.60
20.	ਸ਼੍ਰੀ ਮਹਿੰਦਰ ਪਾਲ ਇੰਨ ਮੁਹੱਲਾ ਬਹਾਦਰ, ਹੁਸ਼ਿਆਰਪੁਰ	..	ਸੜਕਾਂ, ਨਾਲੀਆਂ ਅਤੇ ਫਰਸ਼ ਦਾ ਕੰਮ ਕੀਤਾ	3.77
21.	ਮਹਿਤਾ ਕੰਸਟਰਕਸ਼ਨ ਐਂਡ ਕੰਪਨੀ ਮਾਡਲ ਟਾਊਨ, ਹੁਸ਼ਿਆਰਪੁਰ	..	ਸੜਕਾਂ ਦਾ ਕੰਮ ਕੀਤਾ	28.25

[ਸਥਾਨਕ ਸਰਕਾਰ ਮੰਤਰੀ]

1	2		3	4
22	ਸ੍ਰੀ ਭਾਰਤ ਇੰਦ ਸ਼ਰਮਾ ਮੁਹੱਲਾ ਕੱਚਾ ਟੋਬਾ, ਹੁਸ਼ਿਆਰਪੁਰ		ਫਰਸ਼ ਦਾ ਕੰਮ ਕੀਤਾ	2.59
23.	ਸ੍ਰੀ ਮਹੇਸ਼ ਚੰਦਰ ਡੋਗਰਾ, ਮੁਹੱਲਾ ਲੋਦੀਆਂ, ਹੁਸ਼ਿਆਰਪੁਰ	..	ਫਰਸ਼ ਦਾ ਕੰਮ ਕੀਤਾ	0.76
24.	ਮਾਝੀ ਤਰਵਾਲ ਕੋ-ਆਪਰੇਟਿਵ ਲੇਬਰ ਐਂਡ ਕੰਨਸਟ੍ਰਕਸ਼ਨ ਸੁਸਾਇਟੀ ਲਿਮ.	..	ਸੜਕਾਂ, ਨਾਲੀਆਂ ਅਤੇ ਫਰਸ਼ਾਂ ਦਾ ਕੰਮ ਕੀਤਾ	62.25
25.	ਦਿ ਸ਼ਾਮ ਚੌਰਾਸੀ ਕੋ-ਆਪਰੇਟਿਵ ਲੇਬਰ ਐਂਡ ਕੰਨਸਟ੍ਰਕਸ਼ਨ ਸੁਸਾਇਟੀ ਲਿਮ.	..	-ਉਹੀ-	92.36
26.	ਦਿ ਕੋਟਲੀ ਜੱਟਾਂ ਕੋਪਰੇਟਿਵ ਸੁਸਾਇਟੀ ਲਿਮ.	..	-ਉਹੀ-	115.44
27.	ਦਿ ਚੱਡਾ ਕੋਆਪਰੇਟਿਵ ਸੁਸਾਇਟੀ ਲਿਮ.	..	-ਉਹੀ-	22.33
28.	ਦਿ ਸਹਿਆਣਾ ਕੋਆਪਰੇਟਿਵ ਲੇਬਰ ਅਤੇ ਕੰਸਟ੍ਰਕਸ਼ਨ ਸੁਸਾਇਟੀ	..	-ਉਹੀ-	58.10
29.	ਦਿ ਭਾਰਤ ਖਨੋਆ ਕੋਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ, ਹੁਸ਼ਿਆਰਪੁਰ	..	-ਉਹੀ-	25.84
30.	ਪੂਤ ਖੁਰਦ ਕੋ-ਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ	..	-ਉਹੀ-	10.33
31.	ਦਾ ਨੰਗਾ ਚੋਰ ਕੋਆਪਰੇਟਿਵ ਲੇਬਰ ਐਂਡ ਕੰਸਟਰਕਸ਼ਨ ਸੁਸਾਇਟੀ	..	-ਉਹੀ-	20.29
32.	ਦਾ ਵਰਨ ਕੋਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ	..	-ਉਹੀ-	15.76
33.	ਦਾ ਲੰਗਰ ਕੋਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ	..	-ਉਹੀ- ਬਿਲਡਿੰਗ,	3.61
34.	ਦਾ ਰੈਲੀ ਕੋਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ	..	ਨਾਲੀ, ਫਰਸ਼	1.81
35.	ਦਾ ਗੀਤਾ ਨਗਰ, ਕੋਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ	..	-ਉਹੀ-	18.52

ਅਨੁਲੱਗ 'ਬੀ'

ਲਿਸਟ ਆਫ਼ ਕੋ-ਆਪਰੇਟਿਵ ਸੁਸਾਇਟੀਜ਼ ਸਾਲ 1992-93 ਤੋਂ 1996-97 ਤੱਕ

ਲੜੀ ਨੰ:	ਸੁਸਾਇਟੀ ਦਾ ਨਾਂ	ਸਾਲ	ਐਸਟੀਮੇਟਿਡ ਕੌਸਟ	ਐਕਜ਼ਿਕਿਊਸ਼ਨ ਆਫ਼ ਵਰਕ	ਸਮਾਂ
1	2	3	4	5	6
1.	ਦੀ ਸ਼ਾਮ ਚੌਰਾਸੀ ਕੋ-ਆਪਰੇਟਿਵ ਸੁਸਾਇਟੀ ..	1992-93	2.15	2.13	ਛੇ ਮਹੀਨੇ
		1993-94	6.85	6.82	ਤੀਨ ਮਹੀਨੇ
		1994-95	30.14	30.14	-ਉਹੀ-
		1995-96	35.00	34.99	-ਉਹੀ-
		1996-97	19.00	18.28	-ਉਹੀ-
			93.15	92.36	
2.	ਦੀ ਕੋਟਲੀ ਜੱਟਾਂ ਕੋ-ਆਪਰੇਟਿਵ ਸੁਸਾਇਟੀ ..	1992-93	5.20	5.15	-ਉਹੀ-
		1993-94	5.25	5.19	-ਉਹੀ-
		1994-95	21.20	21.08	-ਉਹੀ-
		1995-96	39.00	38.82	-ਉਹੀ-
		1996-97	45.50	45.20	-ਉਹੀ-
			116.15	115.44	
3.	ਦੀ ਰਾਰਹ ਕੋ-ਆਪਰੇਟਿਵ ਲੇਬਰ ਐਂਡ ਕੰਸਟ੍ਰਕਸ਼ਨ ਸੁਸਾਇਟੀ ..	1992-93	2.85	2.83	-ਉਹੀ-
		1993-94	4.80	4.79	-ਉਹੀ-
		1994-95	7.50	7.45	-ਉਹੀ-
		1995-96	5.45	5.42	-ਉਹੀ-
		1996-97	1.85	1.84	-ਉਹੀ-
			22.45	22.33	
4.	ਦੀ ਸਠਿਆਣਾ ਕੋ-ਆਪਰੇਟਿਵ .. ਲੇਬਰ ਐਂਡ ਕੰਸਟਰਕਸ਼ਨ ਸੁਸਾਇਟੀ	1992-93	2.10	2.09	-ਉਹੀ
		1993-94	5.35	5.30	-ਉਹੀ-
		1994-95	10.30	10.24	-ਉਹੀ-
		1995-96	27.00	26.80	-ਉਹੀ-
		1996-97	13.75	13.67	-ਉਹੀ-
			58.10	58.10	

ਜਲਾਲਾਬਾਦ-ਮੰਡੀ ਰੋੜਾਂ ਸੜਕ ਨੂੰ ਚੌੜਾ ਕਰਨਾ

*1474. **ਸਰਦਾਰ ਸ਼ੇਰ ਸਿੰਘ ਜਲਾਲਾਬਾਦ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਜਲਾਲਾਬਾਦ ਤੋਂ ਮੰਡੀ ਰੋੜਾਂ ਤੱਕ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ): ਨਹੀਂ ਜੀ ।

ਮਾਹਿਲਪੁਰ ਵਿਖੇ ਸਬ-ਤਹਿਸੀਲ ਲਈ ਇਮਾਰਤ ਦੀ ਉਸਾਰੀ

*1513. **ਸਰਦਾਰ ਸੋਹਨ ਸਿੰਘ ਠੰਡਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਹਿਲਪੁਰ, ਜ਼ਿਲਾ ਹੁਸ਼ਿਆਰਪੁਰ ਵਿਖੇ ਸਬ-ਤਹਿਸੀਲ ਦੇ ਦਫ਼ਤਰਾਂ ਲਈ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ): ਨਹੀਂ ਜੀ । ਇਸ ਸਮੇਂ ਸਬ-ਤਹਿਸੀਲ ਮਾਹਿਲਪੁਰ ਦੇ ਦਫ਼ਤਰਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ ਕੋਈ ਤਜਵੀਜ਼ ਇਸ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ ।

SHORT NOTICE QUESTION AND ANSWER

ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਦਾ ਡਿਵੀਜ਼ਨਲ ਦਫਤਰ ਪਠਾਨਕੋਟ ਤੋਂ ਗੁਰਦਾਸਪੁਰ ਬਦਲਣਾ

*1615. **ਸ਼੍ਰੀ ਸੱਤਿਆ ਪਾਲ ਸੈਣੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਇਹ ਠੀਕ ਹੈ ਕਿ ਪਠਾਨਕੋਟ ਵਿਖੇ ਕੰਡੀ ਦੇ ਇਲਾਕੇ ਲਈ ਸਥਾਪਿਤ ਕੀਤਾ ਗਿਆ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਦਾ ਡਿਵੀਜ਼ਨਲ ਦਫ਼ਤਰ ਪਿਛਲੇ 16 ਸਾਲਾਂ ਤੋਂ ਉਥੇ ਕੰਮ ਕਰ ਰਿਹਾ ਹੈ ਅਤੇ ਉਕਤ ਕੰਡੀ ਦੇ ਇਲਾਕੇ ਵਿੱਚ ਸਿੰਜਾਈ ਦੇ ਕੰਮ ਲਈ 75% ਟਿਊਬਵੈਲ ਵੀ ਲਗਾਏ ਜਾ ਚੁੱਕੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ, ਤਾਂ ਕੀ ਸਰਕਾਰ ਦਾ ਉਕਤ ਦਫ਼ਤਰ ਨੂੰ ਗੁਰਦਾਸਪੁਰ ਛਾਉਣੀ ਵਿਖੇ ਤਬਦੀਲ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦੇ ਕਾਰਨ ਕੀ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਜਾਈ): (ੳ) ਹਾਂ ਜੀ ।

(ਅ) ਧਾਰੀਵਾਲ ਅਤੇ ਗੁਰਦਾਸਪੁਰ ਇਲਾਕੇ ਦੇ ਕਿਸਾਨਾਂ ਦੀ ਮੰਗ ਅਨੁਸਾਰ ਟਿਊਬਵੈਲ ਮੰਡਲ ਪਠਾਨਕੋਟ ਨੂੰ 1 ਅਪ੍ਰੈਲ 1999 ਤੋਂ ਗੁਰਦਾਸਪੁਰ ਵਿਖੇ ਬਦਲਣ ਦੀ

ਤਜਵੀਜ਼ ਸੀ ਲੇਕਿਨ ਇਸ ਫੈਸਲੇ ਤੇ ਮੁੜ ਵਿਚਾਰ ਕੀਤਾ ਗਿਆ ਅਤੇ ਹੁਣ ਡਿਵੀਜ਼ਨ ਦਾ ਹੈਡ ਕੁਆਟਰ ਪਠਾਨਕੋਟ ਤੋਂ ਬਦਲਿਆ ਨਹੀਂ ਜਾ ਰਿਹਾ ਹੈ ।

(ਇਸ ਪ੍ਰਸ਼ਨ ਤੇ ਕੋਈ ਸਪਲੀਮੈਂਟਰੀ ਨਹੀ ਹੋਈ ।)

UNSTARRED QUESTIONS AND ANSWERS

ਜ਼ਿਲ੍ਹਾ ਮਾਨਸਾ ਵਿਚ ਮਾਰਕੀਟ ਫ਼ੀਸਾਂ ਦੀ ਵਸੂਲੀ ਤੋਂ ਆਮਦਨ

326. **ਕਾਮਰੇਡ ਹਰਦੇਵ ਸਿੰਘ ਅਰਸ਼ੀ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਇਸ ਸਮੇਂ ਜ਼ਿਲਾ ਮਾਨਸਾ ਵਿਚ ਕੁੱਲ ਕਿੰਨੀਆਂ ਮਾਰਕੀਟ ਕਮੇਟੀਆਂ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਾਰਕੀਟ ਕਮੇਟੀਆਂ ਵਿਚ ਸਾਲ 1997 ਅਤੇ 1998 ਦੌਰਾਨ ਮਾਰਕੀਟ ਕਮੇਟੀ-ਵਾਰ ਕਿੰਨੀ ਮਾਤਰਾ ਵਿਚ ਝੋਨਾ ਪੁਜਿਆ ਅਤੇ ਹਰ ਇਕ ਮਾਰਕੀਟ ਕਮੇਟੀ ਦੁਆਰਾ ਮਾਰਕੀਟ ਫੀਸ ਵਜੋਂ ਕਿੰਨੀ ਰਕਮ ਇਕੱਠੀ ਕੀਤੀ ਗਈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਇਸ ਸਮੇਂ ਜ਼ਿਲ੍ਹਾ ਮਾਨਸਾ ਵਿਚ ਕੁੱਲ 5 ਮਾਰਕੀਟ ਕਮੇਟੀਆਂ, ਮਾਨਸਾ, ਬੁਢਲਾਡਾ, ਬਰੇਟਾ, ਭਿੱਖੀ ਅਤੇ ਸਰਦੂਲਗੜ੍ਹ ਹਨ ।

(ਅ) ਸਾਲ 1997 ਅਤੇ 1998 ਦੌਰਾਨ ਹਰ ਇਕ ਮਾਰਕੀਟ ਕਮੇਟੀ ਵਿਚ ਆਈ ਝੋਨੇ ਦੀ ਆਮਦ ਅਤੇ ਮਾਰਕੀਟ ਫੀਸ ਵਜੋਂ ਇਕੱਠੀ ਕੀਤੀ ਗਈ ਰਕਮ ਦਾ ਵੇਰਵਾ

ਮਾਰਕੀਟ ਕਮੇਟੀ ਦਾ ਨਾਮ	ਝੋਨੇ ਦੀ ਆਮਦ (ਲੱਖ ਕੁਇੰਟਲ ਵਿਚ)		ਕੁਲ ਮਾਰਕੀਟ ਫ਼ੀਸ (ਲੱਖ ਰੁਪਏ ਵਿਚ)	
	ਸਾਲ 1997 (1-4-97 ਤੋਂ 31-1-98)	ਸਾਲ 1998 (1-4-98 ਤੋਂ 31-1-99)	ਸਾਲ 1997 (1-4-97 ਤੋਂ 31-1-98)	ਸਾਲ 1998 (1-4-98 ਤੋਂ 31-1-99
1	2	3	4	5
ਮਾਨਸਾ ..	5.58	6.78	244.59	202.19
ਬੁਢਲਾਡਾ ..	9.37	8.89	208.03	181.63
ਬਰੇਟਾ ..	6.68	5.91	117.99	102.65
ਭਿੱਖੀ ..	10.54	9.70	149.55	145.12
ਸਰਦੂਲਗੜ੍ਹ ..	2.48	2.99	91.71	92.52

ਬੁਢਲਾਡਾ ਅਤੇ ਬਰੇਟਾ ਵਿਚ ਅਨਾਜ ਮੰਡੀਆਂ/ਖਰੀਦ ਕੇਂਦਰ ਸਥਾਪਿਤ ਕਰਨਾ

327. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵੱਖ ਵੱਖ ਜ਼ਿਲ੍ਹਾ ਮਾਨਸਾ ਵਿਚ ਬੁਢਲਾਡਾ ਅਤੇ ਬਰੇਟਾ ਦੀਆਂ ਮਾਰਕੀਟ ਕਮੇਟੀਆਂ ਦੇ ਅਧਿਕਾਰ ਖੇਤਰ ਅਧੀਨ ਝੋਨੇ ਦੀ ਖਰੀਦ ਲਈ ਸਾਲ 1998 ਦੌਰਾਨ ਸਥਾਪਿਤ ਕੀਤੀਆਂ ਗਈਆਂ ਅਨਾਜ ਮੰਡੀਆਂ ਅਤੇ ਖਰੀਦ ਕੇਂਦਰਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਨ੍ਹਾਂ ਦੇ ਨਾਂ ਕੀ-ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਅਨਾਜ ਮੰਡੀ/ਖਰੀਦ ਕੇਂਦਰ ਵਿਚ ਕਿਸਾਨਾਂ ਨੂੰ ਸਹੂਲਤਾਂ ਦੇਣ ਲਈ ਸਬੰਧਿਤ ਮਾਰਕੀਟ ਕਮੇਟੀਆਂ ਦੁਆਰਾ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਹ ਰਕਮ ਮੁੱਖ ਤੌਰ ਤੇ ਕਿਹੜੀਆਂ ਕਿਹੜੀਆਂ ਮੱਦਾਂ ਤੇ ਖਰਚ ਕੀਤੀ ਗਈ ਸੀ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਅਤੇ (ਅ) ਲੋੜੀਂਦੀ ਸੂਚਨਾ ਦਾ ਵੇਰਵਾ ਅਨੁਲੱਗ ੳ ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਅਨੁਲੱਗ-ੳ

ਲੜੀ ਨੰ	ਜ਼ਿਲ੍ਹੇ ਦਾ ਨਾਂ	ਮਾਰਕੀਟ ਕਮੇਟੀ ਦਾ ਨਾਂ	ਖਰੀਦ ਕੇਂਦਰਾਂ ਦਾ ਨਾਂ	ਸਹੂਲਤਾਂ ਤੇ ਕੀਤਾ ਕੁੱਲ ਖਰਚਾ	ਮਦ ਦਾ ਨਾਂ
1	2	3	4	5	6
1.	ਮਾਨਸਾ	ਬਰੇਟਾ	ਬਰੇਟਾ ਮੁੱਖ ਯਾਰਡ	8,137/-	ਬਿਜਲੀ, ਪਾਣੀ
			ਅਡੀਸ਼ਨਲ ਜ਼ੀਰੀ ਯਾਰਡ	17,174/-	-ਉਹੀ-
			ਬੀਰੇਵਾਲਾ ਡੋਗਰਾ	4,283/-	-ਉਹੀ-
			ਕਿਸ਼ਨਗੜ੍ਹ	5,804/-	-ਉਹੀ-
			ਬਖਸ਼ੀਵਾਲਾ	4,177/-	-ਉਹੀ-
			ਰੰਗੜਿਆਲ	3,924/-	-ਉਹੀ-
			ਗੋਬਿੰਦਪੁਰਾ	4,183/-	-ਉਹੀ-
			ਦਿਆਲਪੁਰਾ	5,520/-	-ਉਹੀ-

1	2	3	4	5	6
			ਭਖਰਿਆਲ	5,963/-	ਬਿਜਲੀ, ਪਾਣੀ
			ਧੰਨਪੁਰਾ	7,191/-	-ਉਹੀ-
			ਕਾਲਗੜ੍ਹ	5,602/-	-ਉਹੀ-
			ਚੱਕ ਅਲੀ ਸ਼ੇਰ	5,049/-	-ਉਹੀ-
			ਕੁਲਰੀਆਂ	9,549/-	ਬਿਜਲੀ, ਪਾਣੀ, ਸਫ਼ਾਈ
			ਕੁੱਲ ਖਰਚਾ	87,273/-	
2.	ਬੁਢਲਾਡਾ		ਬੁਢਲਾਡਾ	9,811/-	ਪਾਣੀ, ਬਿਜਲੀ, ਸਫ਼ਾਈ
			ਦਰੇ	6,506/-	-ਉਹੀ-
			ਬੋਹਾ	7,507/-	ਬਿਜਲੀ, ਪਾਣੀ
			ਬੀਰੋਕੇ ਕਲਾਂ	10,276/-	-ਉਹੀ-
			ਬੋੜਾਵਾਲ	9,532/-	-ਉਹੀ-
			ਬੀਰੋਕੇ ਖੁਰਦ	7,637/-	-ਉਹੀ-
			ਦੋਦੜਾ	8,391/-	-ਉਹੀ-
			ਭਾਦੜਾ	8,391/-	-ਉਹੀ-
			ਕਣਕਵਾਲ	8,391/-	-ਉਹੀ-
			ਰਲੀ	6,506/-	-ਉਹੀ-
			ਰਾਮਗੜ੍ਹ ਦਰਿਆਪੁਰ	8,768/-	-ਉਹੀ-
			ਅਚਾਨਕ	5,752/-	-ਉਹੀ-
			ਸ਼ੇਰ ਖਾਂ ਵਾਲਾ	7,260/-	-ਉਹੀ-
			ਮਲਕੋ	4,998/-	-ਉਹੀ-
			ਆਲਮਪੁਰ ਮੰਦਰਾਂ	4,375/-	-ਉਹੀ-
			ਰਾਮ ਨਗਰ ਭੱਠਲ	8,768/-	-ਉਹੀ-
			ਕੁਲਾਣਾ	6,129/-	-ਉਹੀ-
			ਹਾਕਮਵਾਲ	6,516/-	-ਉਹੀ-
			ਫਫੜੇ	8,768/-	-ਉਹੀ-
			ਵੱਛੋਆਣਾ	8,391/-	-ਉਹੀ-
			ਕੁੱਲ ਜੋੜ	1,52,673/-	

ਗਾਰਡ ਆਫ਼ ਆਨਰਜ਼ ਦੇਣ ਲਈ ਸੇਧਾਂ

328. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਕੁਝ ਸ਼੍ਰੇਣੀਆਂ ਦੇ ਵਿਅਕਤੀਆਂ ਦੀ ਮੌਤ ਤੇ ਪੁਲਿਸ ਦਸਤਿਆਂ ਦੁਆਰਾ ਗਾਰਡ ਆਫ਼ ਆਨਰਜ਼ ਦੇਣ ਲਈ ਕੋਈ ਸੇਧਾਂ ਮੌਜੂਦ ਹਨ ; ਜੇਕਰ ਅਜਿਹਾ ਹੈ ਤਾਂ ਇਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ਅਤੇ ਜੇਕਰ ਅਜਿਹੀਆਂ ਕੋਈ ਸੇਧਾਂ ਨਹੀਂ ਹਨ ਤਾਂ ਹਰ ਇਕ ਵਿਅਕਤੀ ਦੇ ਕੇਸ ਵਿਚ ਇਸ ਸਬੰਧੀ ਫੈਸਲਾ ਕਰਨ ਵਾਲੇ ਸਮਰੱਥ ਅਧਿਕਾਰੀ ਦਾ ਨਾਂ ਕੀ ਹੈ ;

(ਅ) ਪੰਜਾਬ ਦੇ ਅਜਿਹੇ ਸਾਬਕਾ ਮੰਤਰੀਆਂ ਦੇ ਨਾਂ ਕੀ ਹਨ ਜਿਨ੍ਹਾਂ ਦੀ 1 ਮਾਰਚ, 1997 ਤੋਂ ਦਸੰਬਰ, 1998 (ਮਿਤੀ ਅੰਤ ਤੱਕ) ਦੇ ਦੌਰਾਨ ਮੌਤ ਹੋਈ ਅਤੇ ਅਜਿਹੇ ਸਾਬਕਾ-ਮੰਤਰੀਆਂ ਦੇ ਨਾਂ ਕੀ ਹਨ ਜਿਨ੍ਹਾਂ ਨੂੰ ਪੰਜਾਬ ਪੁਲਿਸ ਦੇ ਦਸਤਿਆਂ ਦੁਆਰਾ ਗਾਰਡ ਆਫ਼ ਆਨਰਜ਼ ਪੇਸ਼ ਕੀਤੇ ਗਏ ਸਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਉੱਘੇ ਵਿਅਕਤੀਆਂ ਦੀ ਮੌਤ ਸਮੇਂ ਉਨ੍ਹਾਂ ਨੂੰ ਸਨਮਾਨਿਤ ਕਰਨ ਅਤੇ ਹੋਰ ਰਸਮਾਂ ਅਦਾ ਕਰਨ ਸਬੰਧੀ ਲੋੜੀਂਦੀਆਂ ਅਗਵਾਈ ਲੀਹਾਂ ਪੰਜਾਬ ਸਰਕਾਰ ਦੇ ਪ੍ਰੋਟੋਕੋਲ ਮੈਨੂਅਲ ਦੇ ਚੈਪਟਰ-14 ਵਿੱਚ ਉਪਲਬਧ ਹਨ। ਇਸ ਚੈਪਟਰ ਦੀ ਕਾਪੀ **ਅਨੁਲੱਗ-'I' ਤੇ ਨੱਥੀ ਹੈ।

(ਅ) ਮਿਤੀ 1-7-97 ਤੋਂ ਦਸੰਬਰ, 1998 (ਤੱਕ) ਦੇ ਸਮੇਂ ਦੌਰਾਨ ਪੰਜਾਬ ਦੇ ਜਿਹੜੇ ਸਾਬਕਾ ਮੰਤਰੀ ਸਵਰਗਵਾਸ ਹੋਏ ਅਤੇ ਉਨ੍ਹਾਂ ਦੇ ਕੇਸਾਂ ਵਿੱਚ ਜੋ ਪੁਲਿਸ ਵੱਲੋਂ ਸਨਮਾਨ ਦਿੱਤਾ ਗਿਆ, ਦੀ ਸੂਚੀ **ਅਨੁਲੱਗ-'II' ਤੇ ਉਪਲਬਧ ਹੈ।

ਮੁੱਖ ਮੰਤਰੀ/ਮੰਤਰੀਆਂ ਦੇ ਟੈਲੀਫੂਨ ਬਿਲਾਂ ਤੇ ਖਰਚਾ

329. 1. **ਕਾਮਰੇਡ ਹਰਦੇਵ ਸਿੰਘ ਅਰਸ਼ੀ**
2. **ਕਾਮਰੇਡ ਅਜੈਬ ਸਿੰਘ ਰੌਂਤਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1998 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਕ੍ਰਮਵਾਰ ਮੁੱਖ ਮੰਤਰੀ, ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਟੈਲੀਫੂਨ ਖਰਚਿਆਂ ਵਜੋਂ ਕੁੱਲ ਕਿੰਨਾ ਖਰਚ ਹੋਇਆ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਮੰਤਰੀਆਂ ਨੂੰ ਐਸ. ਟੀ.ਡੀ./ਆਈ. ਐਸ. ਡੀ. ਦੀਆਂ ਸੁਵਿਧਾਵਾਂ ਪ੍ਰਾਪਤ ਹਨ ; ਜੇਕਰ ਅਜਿਹਾ ਹੋਵੇ, ਕੀ ਸਰਕਾਰ ਦਾ ਉਕਤ ਟੈਲੀਫੂਨ ਬਿਲਾਂ ਦੇ ਖਰਚੇ ਦੀ ਕੋਈ ਹੱਦ ਨਿਸ਼ਚਿਤ ਕਰਨ ਦਾ ਵਿਚਾਰ ਹੈ ?

**Placed in the Library.

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) ਜਨਵਰੀ, 1998 ਤੋਂ ਮਿਤੀ 22-2-99 ਤੱਕ ਦੇ ਸਮੇਂ ਦੌਰਾਨ ਕ੍ਰਮਵਾਰ ਮੁੱਖ ਮੰਤਰੀ, ਮੰਤਰੀਆਂ ਅਤੇ ਰਾਜ ਮੰਤਰੀਆਂ ਦੇ ਟੈਲੀਫੂਨ ਖਰਚਿਆਂ ਵਜੋਂ 1,71,07,670/- ਰੁ: ਖਰਚ ਕੀਤੇ ਗਏ ਹਨ।

(ਅ) ਜੀ ਹਾਂ ; ਟੈਲੀਫੂਨਾਂ ਦੇ ਖਰਚੇ ਦੀ ਹੱਦ ਨਿਸ਼ਚਿਤ ਕਰਨ ਬਾਰੇ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 349**

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ)

ਅ.ਸ.ਪ. ਨੰ: ਲਸ2/99/1601

ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ

11-3-99

ਵਿਸ਼ਾ :— ਮਿਤੀ 17-3-1999 ਲਈ ਪੰਜਾਬ ਵਿਧਾਨ ਸਭਾ ਬਾਅਦ ਦੁਪਿਹਰ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ: 349 ਮੁਲਤਵੀ ਕਰਨ ਬਾਰੇ।

ਮਾਨਯੋਗ ਸਪੀਕਰ ਸਾਹਿਬ,

ਮਿਤੀ 17-3-1999 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ: 349, ਜੋ ਕਿ ਸਰਦਾਰ ਮੱਖਣ ਸਿੰਘ, ਐਮ. ਐਲ. ਏ. ਵੱਲੋਂ ਕੀਤਾ ਗਿਆ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ ਚਾਰ ਹਫ਼ਤੇ ਤੋਂ ਮਗਰੋਂ ਕਿਸੇ ਵੀ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,
ਸਹੀ/-
(ਪਰਕਾਸ਼ ਸਿੰਘ ਬਾਦਲ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

**For Unstarred Question No. 349 and reply thereto, please see Appendix to this Debate.

ਬੰਜਰ ਜ਼ਮੀਨ ਲਈ ਸਿੰਜਾਈ ਸਹੂਲਤਾਂ ਮੁਹੱਈਆ ਕਰਨਾ

350. ਸਰਦਾਰ ਮੱਖਣ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਨਹਿਰਾਂ, ਖਾਲਿਆਂ ਅਤੇ ਸੂਇਆਂ ਦੀ ਕੁੱਲ ਲੰਬਾਈ ਕਿੰਨੀ ਹੈ;

(ਅ) ਕੀ ਪਿਛਲੇ ਦੋ ਸਾਲਾਂ ਦੌਰਾਨ ਕੋਈ ਨਵੀਆਂ ਨਹਿਰਾਂ, ਖਾਲੇ ਅਤੇ ਸੂਏ ਖੋਦੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਗਿਣਤੀ ਕਿੰਨੀ ਹੈ; ਜੇਕਰ ਨਹੀਂ, ਤਾਂ ਕੀ ਸਰਕਾਰ ਦੀ ਬੰਜਰ ਜ਼ਮੀਨ ਦੀ ਸਿੰਜਾਈ ਲਈ ਕੋਈ ਸਕੀਮ ਬਣਾਉਣ ਦੀ ਤਜਵੀਜ਼ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਪੰਜਾਬ ਰਾਜ ਵਿਚ ਮੇਨ/ਬਰਾਂਚ ਨਹਿਰਾਂ ਦੀ ਕੁੱਲ ਲੰਬਾਈ ਲਗਭਗ 2,120 ਕਿਲੋਮੀਟਰ, ਰਜਵਾਹਿਆਂ/ਮਾਈਨਰਾਂ ਦੀ ਲਗਭਗ 12,330 ਕਿ: ਮੀ: ਅਤੇ ਖਾਲਿਆਂ ਦੀ ਲਗਭਗ 1,00,000 ਕਿ: ਮੀ: ਹੈ।

(ਅ) ਹਾਂ ਜੀ। ਪਿਛਲੇ ਦੋ ਸਾਲਾਂ ਦੌਰਾਨ 10 ਨਵੇਂ ਰਜਵਾਹਿਆਂ/ਮਾਈਨਰਾਂ (ਸੂਚੀ ਅਨੁਲੱਗ-ੲ) ਦੀ ਉਸਾਰੀ/ਵਾਧਾ ਕੀਤਾ ਗਿਆ, ਜਿਨ੍ਹਾਂ ਦੀ ਕੁੱਲ ਲੰਬਾਈ 23.50 ਕਿ. ਮੀ. ਹੈ। ਨਵੇਂ ਖਾਲਿਆਂ ਦੀ ਖੁਦਾਈ ਦਾ ਕੰਮ ਮੋਘਿਆਂ ਦੇ ਸ਼ੇਅਰ ਹੋਲਡਰਾਂ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ।

ANNEXURE-A

Sr. No.	Name of Scheme	Length executed during 1997-98	Length executed 1998-99	Total length in Km.
1	2	3	4	5
1.	Constructing new proposed Chauntra Minor from RDO-60873 Offtaking RD 28405-R Muktsar Distributory falling in Mukatsar District. ..	1.29	4.17	5.46
2.	Constg. Jhanduke Minor from RDO-16284 offtaking RD 92992-L Phul Disty. falling in Bhatinda Distt. ..	2.39	—	2.39
3.	Constg. Abhun Minor from RDO-16,000 offtaking RD 16,742-L Jhandwala Disty. falling in Ferozepur Distt. ..	1.31	—	1.31
4.	Constg. new lined Gidderbaha minor from RDO-18,800 offtaking RD 3,21,500/- R. Sirhind Feeder falling in Distt. Mukatsar. ..	3.95	—	3.95

1	2	3	4	5
5.	Extension of Theri Minor from RD 7,000 to 11,800 offtaking from Sirhind Feeder falling in Distt. Mukatsar. ..	2.99	--	2.99
6.	Constg. new lined Bhaloor Minor from RDO-18,390 offtaking from RD 69,700—R Bagha Distry. falling in Moga Distt. ..	—	0.66	0.66
7.	Constg. new lined Karampati Minor from RDO-29,040 offtaking RD 5,58,200-R Abohar Branch (Lower) falling in Ferozepur Distt. ..	—	3.54	3.54
8.	Constg. New lined Gurusar Minor from RDO 22,800 offtaking RD 21,500-L Malookoo Pur Disty. falling in Ferozepur Distt. ..	—	0.40	0.40
9.	Constg. new lined Fatuhi Khera Minor from RDO-11,030 offtaking RD 70,100-R Lambi Disty. falling in Ferozepur Distt. ..	1.00	.70	1.70
10.	Constg. New Shamkot Minor from RDO-35,080 offtaking RD 52,745-L Karamgarh Disty. falling in Mukatsar Distt. ..	—	1.09	1.09
	Total ..			23.49Km.
	Say			23.50Km.

ਸਰਪਲੱਸ ਕਰਮਚਾਰੀਆਂ ਨੂੰ ਐਡਜਸਟ ਕਰਨਾ

351. **ਸਰਦਾਰ ਮੱਖਣ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਬਿਜਲੀ ਦੀਆਂ ਸਕੀਮਾਂ ਦੇ ਮੁਕੰਮਲ ਹੋ ਜਾਣ ਤੋਂ ਬਾਅਦ ਕਿੰਨੇ ਕਰਮਚਾਰੀ ਸਰਪਲੱਸ ਹੋ ਗਏ ਹਨ;

(ਅ) ਕੀ ਉਕਤ ਸਰਪਲੱਸ ਕਰਮਚਾਰੀਆਂ ਨੂੰ ਐਡਜਸਟ ਕਰਨ ਦੀ ਕੋਈ [illegible] ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਇਸ ਸਮੇਂ ਰਣਜੀਤ ਸਾਗਰ ਡੈਮ ਤੇ ਹੇਠ ਲਿਖੇ ਵੇਰਵੇ ਅਨੁਸਾਰ ਕਰਮਚਾਰੀ ਕੰਮ ਕਰ ਰਹੇ ਹਨ :—

(1)	ਰੈਗੂਲਰ ਵਰਕਮੈਨ ..	12,353
(2)	ਵਰਕਚਾਰਜ ਵਰਕਮੈਨ ..	1,201
(3)	ਰੈਗੂਲਰ ਅਮਲਾ ..	2,250
	ਕੁੱਲ ਜੋੜ ..	15,804

[ਮੁੱਖ ਮੰਤਰੀ]

40% ਕਰਮਚਾਰੀ ਡੈਮ ਦੀ ਉਪਰੇਸ਼ਨ ਰੱਖ-ਰਖਾਓ ਅਤੇ ਬਾਕੀ ਰਹਿੰਦੇ ਕੰਮ ਲਈ ਲੋੜੀਂਦੇ ਹਨ । ਇਸ ਤਰ੍ਹਾਂ ਰਣਜੀਤ ਸਾਗਰ ਡੈਮ ਸਕੀਮ ਦੇ ਪੂਰਾ ਹੋ ਜਾਣ ਤੇ ਤਕਰੀਬਨ 9,500 ਕਰਮਚਾਰੀਆਂ ਦੇ ਸਰਪਲੱਸ ਹੋ ਜਾਣ ਦੀ ਸੰਭਾਵਨਾ ਹੈ ।

(ਅ) ਉਕਤ ਸਰਪਲੱਸ ਕਰਮਚਾਰੀਆਂ ਨੂੰ ਐਡਜਸਟ ਕਰਨ ਲਈ ਸਰਕਾਰ ਦੁਆਰਾ ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ (ਬੈਰਾਜ) ਨੂੰ ਵਿਭਾਗੀ ਤੌਰ ਤੇ ਉਸਾਰੇ ਜਾਣ ਲਈ ਜੰਗੀ ਪਧਰ ਤੇ ਸਕੀਮ ਬਣਾਈ ਜਾ ਰਹੀ ਹੈ, ਜਿਸ ਨਾਲ ਸਰਪਲੱਸ ਕਰਮਚਾਰੀਆਂ ਦਾ ਇੱਕ ਬਹੁਤ ਵੱਡਾ ਹਿੱਸਾ ਸ਼ਾਹਪੁਰ ਕੰਡੀ ਡੈਮ ਪ੍ਰਾਜੈਕਟ (ਬੈਰਾਜ) ਤੇ ਐਡਜਸਟ ਹੋ ਜਾਵੇਗਾ ।

ਸਿਵਲ ਸਰਜਨ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੁਆਰਾ ਦਵਾਈਆਂ ਦੀ ਖਰੀਦ

352. **ਡਾਕਟਰ ਹਰਬੰਸ ਲਾਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1997-98 ਅਤੇ 1998-99 ਦੌਰਾਨ ਸਰਕਾਰ ਅਤੇ ਜ਼ਿਲ੍ਹਾ ਵਿਕਾਸ ਅਤੇ ਯੋਜਨਾ-ਬੰਦੀ ਬੋਰਡ ਦੁਆਰਾ ਮੁਹੱਈਆ ਕੀਤੇ ਗਏ ਫੰਡਾਂ ਨਾਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਸਿਵਲ ਸਰਜਨ ਦੁਆਰਾ ਕਿੰਨੀ ਕੀਮਤ ਦੀਆਂ ਦਵਾਈਆਂ ਖਰੀਦੀਆਂ ਗਈਆਂ ;

(ਅ) ਉਨ੍ਹਾਂ ਕੰਪਨੀਆਂ/ਫਰਮਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਤੋਂ ਉਪਰੋਕਤ ਭਾਗ (ੳ) ਵਿਚ ਵਰਣਿਤ ਦਵਾਈਆਂ ਖਰੀਦੀਆਂ ਗਈਆਂ ਹਨ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਸਿਵਲ ਸਰਜਨ, ਫਤਿਹਗੜ੍ਹ ਸਾਹਿਬ ਵੱਲੋਂ ਸਾਲ 1997-98 ਅਤੇ 1998-99 ਦੌਰਾਨ ਸਰਕਾਰ ਅਤੇ ਜ਼ਿਲ੍ਹਾ ਯੋਜਨਾ ਬੋਰਡ ਵਲੋਂ ਜਾਰੀ ਕੀਤੇ ਫੰਡਾਂ ਵਿਚੋਂ ਹੇਠ ਲਿਖੇ ਅਨੁਸਾਰ ਦਵਾਈਆਂ ਦੀ ਖਰੀਦ ਕੀਤੀ ਗਈ :—

	1997-98	1998-99
ਸਰਕਾਰ ਵਲੋਂ ਜਾਰੀ ਕੀਤੇ ਗਏ ਫੰਡਾਂ ਵਿਚੋਂ ਕੀਤੀ ਗਈ ਖਰੀਦ	ਰੁ: 1,89,065/-	ਰੁ: 99,150/-
ਜ਼ਿਲ੍ਹਾ ਵਿਕਾਸ ਅਤੇ ਯੋਜਨਾ ਬੋਰਡ ਵਲੋਂ ਜਾਰੀ ਕੀਤੇ ਗਏ ਫੰਡਾਂ ਵਿਚੋਂ ਕੀਤੀ ਖਰੀਦ	ਰੁ: 1,16,961/-	ਰੁ: 2,21,588/-

(ਅ) ਜਿਨ੍ਹਾਂ ਕੰਪਨੀਆਂ/ਫਰਮਾਂ ਪਾਸੋਂ ਇਹ ਦਵਾਈਆਂ ਖਰੀਦੀਆਂ ਗਈਆਂ, ਉਨ੍ਹਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :—

(1) ਮੈਸ: ਜੋਪਸਨ ਫਾਰਮਾਸਿਊਟੀਕਲ ਪੰਜਾਬ, ਚੰਡੀਗੜ੍ਹ ;

(2) ਮੈਸ: ਸੰਦੀਪ ਇੰਟਰਪਰਾਈਜ਼ਜ਼, ਪਟਿਆਲਾ ;

(3) ਮੈਸ: ਕੁਆਲਿਟੀ ਹੋਸਪੀਟਲ ਸਪਲਾਈ, ਪਟਿਆਲਾ

(4) ਮੈਸ: ਯੂਨਾਈਟਡ ਟਰੇਡਿੰਗ, ਪਟਿਆਲਾ

(5) ਮੈਸ: ਸੁਪਰ ਡੈਟੋ ਸਰਜੀਕਲ ਸੇਲਜ਼, ਲੁਧਿਆਣਾ

(6) ਮੈਸ: ਇੰਡਸ ਫਾਰਮਾ, ਨਵੀਂ ਦਿਲੀ

(7) ਮੈਸ: ਫਾਰਮਾ ਕਰਾਫਟਸ, ਨਵੀਂ ਦਿਲੀ

(8) ਮੈਸ: ਡੀ. ਫਾਰਮਾ, ਨਵੀਂ ਦਿਲੀ

(9) ਮੈਸ. ਸਗੋਆ ਐਂਟੀਬਾਇਉਟਿਕ ਅਤੇ ਫਾਰਮਾਸਿਉਟੀਕਲਜ਼ ਲਿਮਟਿਡ, ਗੋਆ

(10) ਮੈਸ: ਰਾਜਸਥਾਨ ਡਰੱਗਜ਼ ਅਤੇ ਫਾਰਮਾਸਿਊਟੀਕਲਜ਼ ਲਿਮ., ਜੈਪੁਰ

(11) ਮੈਸ. ਸਵਾਸਿਟਿਕ ਇੰਟਰਪ੍ਰਾਈਜ਼ਜ, ਪਟਿਆਲਾ

(12) ਮੈਸ: ਐਸੋਸੀਏਟਿਡ ਫਾਰਮਾ ਲਿਮਟਿਡ;

(13) ਮੈਸ ਮੈਕਨੌਲ ਲੈਬਾਰਟਰੀ ।

ਉਦਯੋਗਾਂ ਦੇ ਵਿਕਾਸ ਲਈ ਕਦਮ

353. **ਡਾਕਟਰ ਹਰਬੰਸ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਲਈ ਰਾਜ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ/ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਰਾਜ ਸਰਕਾਰ ਦੁਆਰਾ ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਸੰਬੰਧੀ ਕੀਤੀ ਜਾ ਰਹੀ ਕਾਰਵਾਈ/ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਦੇ ਵੇਰਵੇ ਹਾਊਸ ਦੀ ਮੇਜ਼ ਤੇ ਰੱਖੇ ਜਾਂਦੇ ਹਨ ।

ਵੇਰਵਾ

ਭਾਰਤ ਸਰਕਾਰ ਵਲੋਂ ਮਿਤੀ 25-1-91 ਨੂੰ ਉਦਯੋਗਿਕ ਨੀਤੀ ਸਰਲ ਕਰਨ ਤੋਂ ਬਾਦ, ਉਦਯੋਗਪਤੀਆਂ ਨੂੰ ਇਕਾਈਆਂ ਸਥਾਪਿਤ ਕਰਨ ਹਿੱਤ ਕੋਈ ਲੋਕਲ ਬੰਦਸ਼ ਨਹੀਂ ਹੈ । ਕੇਵਲ 10 ਲੱਖ ਤੋਂ ਵੱਧ ਦੀ ਅਬਾਦੀ ਵਾਲੇ ਸ਼ਹਿਰ ਜਿਵੇਂ ਲੁਧਿਆਣਾ ਦੇ 25 ਕਿਲੋਮੀਟਰ ਦੇ ਘੇਰੇ ਅੰਦਰ ਆਉਣ ਵਾਲੀਆਂ ਇਕਾਈਆਂ ਨੂੰ ਹੀ ਭਾਰਤ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸਥਾਪਤ ਨਹੀਂ ਹੋਣ ਦਿੱਤਾ ਜਾਂਦਾ ।

ਪੰਜਾਬ ਸਰਕਾਰ, ਡਾਇਰੈਕਟਰ ਆਫ ਇੰਡਸਟ੍ਰੀਜ਼ ਜਾਂ ਭਾਰਤ ਸਰਕਾਰ ਉਦਯੋਗਿਕ ਮੰਤਰਾਲੇ ਵਲੋਂ ਜ਼ਰੂਰੀ ਲਾਈਸੰਸ ਦੀਆਂ 6 ਆਈਟਮਾਂ ਤੋਂ ਬਿਨਾਂ ਕੋਈ ਆਗਿਆ ਲੈਣ ਦੀ ਲੋੜ ਨਹੀਂ ਹੈ । ਜ਼ਰੂਰੀ ਆਈਟਮਾਂ ਦੀ ਲਿਸਟ ਸਹਿਲੱਗ-1 ਤੇ ਲਗਾਈ ਗਈ ਹੈ, ਵੱਡੇ/ਦਰਮਿਆਨੇ ਸੈਕਟਰ ਵਿੱਚ ਉਦਯੋਗ ਲਗਾਉਣ ਵਾਸਤੇ ਉਦਮੀਆਂ ਨੂੰ ਸਕੱਤਰੇਤ ਫਾਰ ਇੰਡਸਟੀਅਲ ਅਪਰੂਵਲ, ਉਦਯੋਗ ਮੰਤਰਾਲੇ, ਭਾਰਤ ਸਰਕਾਰ, ਨਵੀਂ ਦਿੱਲੀ ਵਿੱਚ ਆਈ. ਈ. ਐਮ. ਫਾਈਲ ਕਰਨ ਦੀ ਲੋੜ ਹੈ । ਛੋਟੀਆਂ ਉਦਯੋਗਿਕ ਇਕਾਈਆਂ ਵਾਸਤੇ ਰਜਿਸਟਰੇਸ਼ਨ ਕਰਾਉਣਾ ਕੋਈ ਲਾਜਮੀ ਨਹੀਂ ਹੈ, ਫਿਰ ਵੀ ਜਿਹੜੇ ਉਦਮੀ ਬਿਜਲੀ ਦਾ ਕੁਨੈਕਸ਼ਨ

ਲੈਣ ਵਾਸਤੇ ਜਾਂ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਡਾਇਰੈਕਟਰ, ਉਦਯੋਗ ਅਤੇ ਕਮਰਸ ਨਾਲ ਕੱਚੇ ਤੌਰ ਤੇ ਰਜਿਸਟਰੇਸ਼ਨ ਕਰਾਉਣੀ ਬਣਦੀ ਹੈ । ਅਜਿਹੀਆਂ ਇਕਾਈਆਂ ਉਤਪਾਦਨ ਵਿੱਚ ਆਉਣ ਤੇ ਪੱਕੇ ਤੌਰ ਤੇ ਛੋਟੇ ਉਦਯੋਗ ਵਜੋਂ ਰਜਿਸਟਰ ਕਰ ਦਿੱਤੀਆਂ ਜਾਂਦੀਆਂ ਹਨ ।

ਰਾਜ ਸਰਕਾਰ ਵਲੋਂ ਰਾਜ ਵਿੱਚ ਵੱਡੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਲਈ ਹੇਠ ਲਿਖੇ ਕਦਮ ਚੁੱਕੇ ਗਏ ਹਨ :—

(ੳ) **ਸਹੂਲਤਾਂ ਦੇਣ ਦਾ ਪੈਕੇਜ**

ਉਦਯੋਗਿਕ ਪਾਲਸੀ ਅਤੇ ਇਨਸੈਨਟਿਵ ਕੋਡ–1996 ਅਧੀਨ, ਵੱਡੇ ਪੈਮਾਨੇ ਦੇ ਉਦਯੋਗਿਕ ਯੂਨਿਟਾਂ ਨੂੰ ਹੇਠ ਲਿਖੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ :—

(i) ਕੈਟੇਗਰੀ ਏਰੀਆ 'ਏ' ਖੇਤਰ ਜਿਹੜਾ ਕਿ ਅਨੁਲਗ–II ਤੇ ਦਰਸਾਇਆ ਗਿਆ ਹੈ, ਵਿੱਚ ਨਵੇਂ ਵੱਡੇ ਅਤੇ ਦਰਮਿਆਨੇ ਯੂਨਿਟ ਵਾਸਤੇ ਸਥਿਤ ਪੂੰਜੀ ਨਿਵੇਸ਼ ਤੇ 30% ਦੀ ਦਰ ਨਾਲ ਉਪਦਾਨ ਹੈ ਅਤੇ 50 ਲੱਖ ਰੁਪਏ ਤੱਕ ਅਧਿਕਤਮ ਸੀਮਾ ਹੈ । ਪਹਿਲਾਂ ਚੱਲ ਰਹੇ ਵੱਡੇ ਅਤੇ ਦਰਮਿਆਨੇ ਉਦਯੋਗ ਜੇ ਕਰ ਪੂੰਜੀ ਨਿਵੇਸ਼ ਵਿੱਚ 50% ਵਾਧਾ ਕਰਦੇ ਹਨ ਜਾਂ 50% ਸਮਰਥਾ ਵਿੱਚ ਵਾਧਾ ਕਰਦੇ ਹਨ ਤਾਂ ਇਹ ਸਹੂਲਤ ਲੈਣ ਦੇ ਯੋਗ ਹਨ ।

ਉਪਰੋਕਤ ਦੱਸੇ ਅਨੁਸਾਰ ਚੱਲ ਰਹੇ ਉਦਯੋਗ ਜੇਕਰ ਆਪਣੀ ਪੂੰਜੀ ਨਿਵੇਸ਼ ਜਾਂ ਸਮਰਥਾ ਵਿੱਚ 50% ਵਾਧਾ ਕਰਦੇ ਹਨ ਤਾਂ 'ਬੀ' ਸ਼੍ਰੇਣੀ ਖੇਤਰ ਵਿੱਚ ਅਜਿਹੇ ਉਦਯੋਗਾਂ ਨੂੰ 20% ਦੀ ਦਰ ਨਾਲ ਵੱਧ ਤੋਂ ਵੱਧ 30 ਲੱਖ ਰੁਪਏ ਤੱਕ ਦੇ ਉਪਦਾਨ ਦੀ ਸਹੂਲਤ ਮੁਹੱਈਆ ਕਰਨ ਦਾ ਉਪਬੰਧ ਹੈ ।

(ii) 'ਏ' ਸ਼੍ਰੇਣੀ ਵਿੱਚ ਸਥਾਪਤ ਨਵੀਆਂ ਇਕਾਈਆਂ ਆਪਣੀ ਅੱਚਲ ਪੂੰਜੀ ਨਿਵੇਸ਼ ਦਾ 300% ਦੀ ਦਰ ਨਾਲ 120 ਮਹੀਨਿਆਂ ਅੰਦਰ ਸੇਲਜ਼ ਟੈਕਸ ਤੋਂ ਛੋਟ/ਮੁਲਤਵੀ ਲਈ ਯੋਗ ਹਨ 'ਬੀ' ਸ਼੍ਰੇਣੀ ਇਲਾਕੇ ਵਿੱਚ ਸਥਾਪਤ ਇਕਾਈਆਂ ਅੱਚਲ ਪੂੰਜੀ ਨਿਵੇਸ਼ ਦਾ 150% ਦੀ ਦਰ ਨਾਲ 84 ਮਹੀਨਿਆਂ ਲਈ ਸੇਲਜ਼ ਟੈਕਸ ਤੋਂ ਛੋਟ/ਸੇਲ ਟੈਕਸ ਮੁਲਤਵੀ ਲਈ ਯੋਗ ਹਨ ।

(iii) 100 ਕਰੋੜ ਰੁਪਏ ਤੋਂ ਉਪਰ ਲੱਗੀ ਪੂੰਜੀ ਨਿਵੇਸ਼ ਵਾਲੇ ਮਹੱਤਤਾ ਰੱਖਦੇ ਪ੍ਰੋਜੈਕਟਾਂ ਲਈ ਖਾਸ ਸਹੂਲਤਾਂ ਦਾ ਉਪਬੰਧ ਹੈ ।

ਹੇਠ ਲਿਖੀਆਂ ਸਹੂਲਤਾਂ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਦਿੱਤੀਆਂ ਜਾਂਦੀਆਂ ਹਨ :—

(i) ਕੈਟੇਗਰੀ 'ਏ' ਖੇਤਰ ਵਿੱਚ ਨਵੇਂ ਲੱਗ ਰਹੇ ਛੋਟੇ ਪੈਮਾਨੇ ਦੇ ਉਦਯੋਗਾਂ ਨੂੰ ਉਨ੍ਹਾਂ ਵਲੋਂ ਲਗੀ ਪੂੰਜੀ ਨਿਵੇਸ਼ ਤੇ 30% ਦਾ ਉਪਦਾਨ ਦੀ ਸਹੂਲਤ ਹੈ । ਉਪਦਾਨ ਦੀ ਵੱਧ ਤੋਂ ਵੱਧ ਹੱਦ 50 ਲੱਖ ਰੁਪਏ ਹੈ ਜੋ ਉਦਯੋਗ

'ਬੀ' ਕੈਟੇਗਰੀ ਖੇਤਰ ਵਿਚ ਲਗਦੇ ਹਨ ਉਹ 20% ਉਪਦਾਨ ਦੇ ਹੱਕਦਾਰ ਹਨ ਅਤੇ ਵੱਧ ਤੋਂ ਵੱਧ 30 ਲੱਖ ਰੁਪਏ ਤੱਕ ਉਪਦਾਨ ਲੈ ਸਕਦੇ ਹਨ।

ਪਹਿਲਾਂ ਚਲ ਰਹੇ ਛੋਟੇ ਉਦਯੋਗ ਜੋ ਹੌਲੀ-2 ਵਾਧੇ ਨਾਲ ਵੱਡੇ ਅਤੇ ਦਰਮਿਆਨੇ ਖੇਤਰ ਵਿਚ ਸ਼ਾਮਲ ਹੁੰਦੇ ਹਨ, ਨੂੰ ਵੀ ਵੱਧੀ ਹੋਈ ਸਥਿਰ ਪੂੰਜੀ ਨਿਵੇਸ਼ ਤੇ ਉਪਦਾਨ ਦੀ ਸਹੂਲਤ ਦਾ ਉਪਬੰਧ ਹੈ।

(ii) ਚੱਲਦੇ ਛੋਟੇ ਉਦਯੋਗ ਜੇਕਰ ਆਧੁਨਿਕਤਾ ਅਤੇ ਤਕਨੀਕਤਾ ਅਪਨਾਉਂਦੇ ਹਨ, ਉਹ ਵੱਖ ਵੱਖ ਵਿੱਤੀ ਸੰਸਥਾਵਾਂ ਜਿਵੇਂ ਬੈਂਕ, ਪੰਜਾਬ ਵਿੱਤ ਨਿਗਮ ਨੈਸ਼ਨਲ ਸਮਾਲ ਇੰਡ. ਕਾਰਪੋਰੇਸ਼ਨ, ਸਮਾਲ ਇੰਡਸਟ੍ਰੀਅਲ ਬੈਂਕ ਆਫ ਇੰਡੀਆ ਤੋਂ ਲਏ ਗਏ ਕਰਜ਼ੇ ਦੇ ਵਿਆਜ ਤੇ ਵਿਆਜ ਉਪਦਾਨ ਹੈ। ਉਪਦਾਨ, ਉਦਯੋਗ ਵਿਭਾਗ ਵਲੋਂ 7% ਤੋਂ ਵੱਧ ਦਰ ਦੀ ਰਕਮ ਜੋ ਕਰਜ਼ੇ ਤੇ ਬਣਦੀ ਹੈ, ਪੂਰਾ ਸਬਸੇਡਾਇਜ਼ ਕੀਤਾ ਜਾਂਦਾ ਹੈ।

(iii) 'ਏ' ਸ਼੍ਰੇਣੀ ਵਿਚ ਸਥਾਪਤ ਨਵੀਆਂ ਇਕਾਈਆਂ ਆਪਣੀ ਅਚੱਲ ਪੂੰਜੀ ਨਿਵੇਸ਼ ਦਾ 300% ਦੀ ਦਰ ਨਾਲ 120 ਮਹੀਨਿਆਂ ਅੰਦਰ ਸੇਲਜ਼ ਟੈਕਸ ਤੋਂ ਛੋਟ/ਮੁਲਤਵੀ ਲਈ ਯੋਗ ਹਨ। 'ਬੀ' ਸ਼੍ਰੇਣੀ ਇਲਾਕੇ ਵਿੱਚ ਸਥਾਪਤ ਇਕਾਈਆਂ ਅਚੱਲ ਪੂੰਜੀ ਨਿਵੇਸ਼ ਦਾ 150% ਦੀ ਦਰ ਨਾਲ 84 ਮਹੀਨਿਆਂ ਲਈ ਸੇਲਜ਼ ਟੈਕਸ ਤੋਂ ਛੋਟ ਮੁਲਤਵੀ ਲਈ ਯੋਗ ਹਨ। ਇਸ ਦੇ ਇਵਜ਼ ਵਿੱਚ ਵਿੱਤੀ ਸੰਸਥਾ/ਸ਼ਡਿਊਲ ਬੈਂਕ ਵਲੋਂ ਪ੍ਰਦਾਨ ਕੀਤਾ ਟਰਮ ਲੋਨ ਦੇ ਵਿਆਜ ਤੇ 5% ਦੀ ਦਰ ਨਾਲ ਵਿਆਜ ਉਪਦਾਨ ਦਾ ਉਪਬੰਧ ਹੈ।

ਨਿਰਯਾਤ ਨੀਤੀ ਅਧੀਨ ਇਕਾਈਆਂ ਨੂੰ ਪ੍ਰਫੁਲਤ ਕਰਨ ਲਈ ਰਾਜ ਸਰਕਾਰ ਨੇ ਘੱਟ ਤੋਂ ਘੱਟ ਆਪਣੀ ਉਤਪਾਦਨ ਦਾ 25% ਦੀ ਦਰ ਨਾਲ ਨਿਰਯਾਤ ਕਰਨ ਵਾਲੀ ਅਤੇ ਘੱਟੋ ਘੱਟ ਕੀਮਤ ਦਾ 33% ਵਾਧਾ ਕਰਨ ਵਾਲੀ ਇਕਾਈ ਨੂੰ ਨਿਰਯਾਤ ਕਰਨ ਵਾਲੀ ਉਦਯੋਗਿਕ ਇਕਾਈ ਮੰਨਿਆ ਹੈ। ਅਜਿਹੀਆਂ ਇਕਾਈਆਂ ਨੂੰ ਛੋਟੇ ਪੈਮਾਨੇ ਵਿੱਚ ਸਥਿਰ ਪੂੰਜੀ ਨਿਵੇਸ਼ ਤੇ 30% ਦੀ ਦਰ ਨਾਲ ਜਾਂ ਅਧਿਕਤਮ ਸੀਮਾ 50 ਲੱਖ ਰੁਪਏ ਪੂੰਜੀ ਉਪਦਾਨ ਸਹੂਲਤ ਦਾ ਉਪਬੰਧ ਹੈ। ਵੱਡੇ ਅਤੇ ਦਰਮਿਆਨੇ ਖੇਤਰ ਵਿੱਚ ਫਿਕਸ ਕੈਪੀਟਲ ਨਿਵੇਸ਼ ਦਾ 30% ਅਤੇ 20% ਦੀ ਦਰ ਨਾਲ ਕੈਟੇਗਰੀ 'ਏ' ਅਤੇ 'ਬੀ' ਖੇਤਰ ਵਿੱਚ ਅਧਿਕਤਮ ਸੀਮਾ 50 ਲੱਖ ਅਤੇ 30 ਲੱਖ ਕ੍ਰਮਵਾਰ ਇਸ ਸਹੂਲਤ ਦੇ ਹੱਕਦਾਰ ਹਨ। ਇਸ ਤੋਂ ਇਲਾਵਾ ਛੋਟੇ ਪੈਮਾਨੇ ਦੇ ਯੂਨਿਟ 'ਏ' ਸ਼੍ਰੇਣੀ ਵਿੱਚ ਸਥਾਪਤ ਆਪਣੀ ਅਚੱਲ ਪੂੰਜੀ ਨਿਵੇਸ਼ ਦਾ 300% ਦੀ ਦਰ ਨਾਲ 120 ਮਹੀਨਿਆਂ ਦੇ ਅੰਦਰ ਸੇਲਜ਼ ਟੈਕਸ ਤੋਂ ਛੋਟ/ਮੁਲਤਵੀ ਲਈ ਯੋਗ ਹਨ। ਇਹ ਸਹੂਲਤ ਵੱਡੇ ਅਤੇ ਦਰਮਿਆਨੇ ਉਦਯੋਗਾਂ ਲਈ 'ਏ' ਸ਼੍ਰੇਣੀ ਖੇਤਰ ਵਿੱਚ ਵੀ ਆਪਣੀ ਅਚੱਲ ਨਿਵੇਸ਼ ਦਾ 300% ਦੀ ਦਰ ਨਾਲ 120 ਮਹੀਨਿਆਂ ਵਾਸਤੇ ਅੰਦਰ ਸੇਲ ਟੈਕਸ ਤੋਂ ਛੋਟ/ਮੁਲਤਵੀ ਲਈ ਯੋਗ ਹਨ ਅਤੇ 'ਬੀ' ਸ਼੍ਰੇਣੀ ਇਲਾਕੇ ਵਿਚ ਅਚੱਲ ਪੂੰਜੀ ਦਾ ਨਿਵੇਸ਼ ਦਾ 150% ਦੀ ਦਰ ਨਾਲ 84 ਮਹੀਨਿਆਂ ਲਈ ਸੇਲਜ਼ ਟੈਕਸ ਤੋਂ ਛੋਟ/ਮੁਲਤਵੀ ਲਈ ਯੋਗ ਹਨ।

[ਮੁੱਖ ਮੰਤਰੀ]

ਇਸ ਤੋਂ ਇਲਾਵਾ ਸਹੂਲਤਾਂ ਦਾ ਖਾਸ ਪੈਕੇਜ਼ ਖਾਸ ਤਰ੍ਹਾਂ ਦੇ ਉਦਯੋਗਾਂ ਵਾਸਤੇ ਉਪਬੰਧ ਕੀਤਾ ਗਿਆ ਹੈ ਜੋ ਕਿ ਹੇਠ ਅਨੁਸਾਰ ਹੈ —

(i) ਨਵੀਆਂ ਇਲੈਕਟ੍ਰਾਨਿਕ ਇਕਾਈਆਂ, ਵੱਡੇ ਪੈਮਾਨੇ ਅਤੇ ਛੋਟੇ ਪੈਮਾਨੇ ਦੀਆਂ ਨੂੰ ਉਤਪਾਦਨ ਦੀ ਮਿਤੀ ਤੋਂ 10 ਸਾਲ ਵਾਸਤੇ ਵਿਕਰੀ ਖਰੀਦ ਕਰ ਤੋਂ ਛੋਟ ਦਾ ਉਪਬੰਧ ਕੀਤਾ ਹੈ। 10 ਸਾਲ ਖਤਮ ਹੋਣ ਤੋਂ ਬਾਦ, ਤਿੰਨ ਸਾਲ ਲਈ ਵੇਚ/ਖਰੀਦ ਕਰ 3.5% ਦੀ ਦਰ ਨਾਲ ਵਸੂਲ ਯੋਗ ਹੋਵੇਗਾ। ਇਲੈਕਟ੍ਰਾਨਿਕ ਇਕਾਈਆਂ ਵਿੱਚ 25% ਦੀ ਦਰ ਤੋਂ ਜਿਆਦਾ ਨਿਵੇਸ਼ ਨਾਲ ਵਾਧਾ ਕਰਨਾ/ਤਕਨੀਕਤ ਅਪਨਾਉਣਾ/ਤਬਦੀਲੀ ਕਰਨਾ ਅਤੇ 25% ਦੀ ਦਰ ਤੋਂ ਵੱਧ ਕਪੈਸਟੀ ਉਤਪਾਦਨ ਵਧਾਉਣ ਵਾਲੇ ਯੂਨਿਟ ਵੀ ਇਸ ਸਹੂਲਤ ਦੇ ਹੱਕਦਾਰ ਹਨ। ਇਨ੍ਹਾਂ ਯੂਨਿਟਾਂ ਨੂੰ ਰਜਿਸਟਰੇਸ਼ਨ ਕਰਵਾਉਣ ਦੀ ਮਿਤੀ ਤੋਂ 6 ਸਾਲ ਦੇ ਲਈ ਚੂੰਗੀ ਤੋਂ ਛੋਟ ਦਾ ਵੀ ਉਪਬੰਧ ਹੈ।

(ii) ਖੇਤਰੀ ਅਧਾਰਤ ਉਦਯੋਗ ਲਈ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 11-8-1998 ਪਾਲਸੀ ਫਾਰ ਫਿਸਕਲ ਇੰਸੈਨਟਿਵ ਟੂ ਐਗਰੋ ਇੰਡਸਟਰੀ ਦੇ ਅਧੀਨ 'ਏ' ਕੈਟੇਗਰੀ ਸੂਚੀ ਦੀਆਂ ਸਹੂਲਤਾਂ ਦਾ ਉਪਬੰਧ ਹੈ। ਪਰੰਤੂ ਇਹ ਉਦਯੋਗ ਨਾਂਹ ਵਾਚਕ ਉਦਯੋਗਾਂ ਦੀ ਸੂਚੀ ਵਿੱਚ ਨਹੀਂ ਹੋਣੇ ਚਾਹੀਦੇ ਅਤੇ ਹੱਕ ਰੱਖਦੇ ਖੇਤਰ ਵਿਚ ਹੋਣੇ ਚਾਹੀਦੇ ਹਨ। ਇਹੋ ਜਿਹੀਆਂ ਇਕਾਈਆਂ ਨੂੰ 5 ਸਾਲ ਵਾਸਤੇ ਬਿਜਲੀ ਦੀ ਡਿਊਟੀ ਛੋਟ ਦਿੱਤੀ ਗਈ ਹੈ (ਸਹਿਲੱਗ-III ਵਿਚ ਦਰਸਾਈਆਂ-II ਖੇਤਰੀ ਅਧਾਰਤ ਉਦਯੋਗ ਨੂੰ ਸੱਤ ਸਾਲ ਦੀ)। ਇਨ੍ਹਾਂ ਇਕਾਈਆਂ ਨੂੰ 30% ਦੀ ਦਰ ਨਾਲ ਜਾਂ 10 ਲੱਖ ਦੀ ਅਧਿਕਤਮ ਸੀਮਾ ਦਾ ਉਪਦਾਨ ਕੈਪਟਿਵ ਜਨਰੇਟਰ ਸੈੱਟ ਖਰੀਦਣ ਹਿੱਤ ਦਾ ਉਪਬੰਧ ਹੈ। (50% ਦੀ ਦਰ ਨਾਲ 15 ਲੱਖ ਤੋਂ ਅਧਿਕਤਮ ਸੀਮਾ 11 ਚੋਣਵੇਂ ਉਦਯੋਗਾਂ ਨੂੰ)। ਉਪਦਾਨ 20% ਦੀ ਦਰ ਨਾਲ 5 ਲੱਖ ਤੱਕ ਖੇਤੀ ਦੇ ਉਦਯੋਗ ਨੂੰ ਯੰਤਰ/ਲੈਬੋਰਟਰੀ ਖਰੀਦਣ ਵਾਸਤੇ ਹੈਜਰਡ ਐਨੇਲੇਸਿਸ ਅਤੇ ਕਰੀਟੀਕਲ ਕਨਟਰੋਲ (ਐਚ. ਏ. ਸੀ. ਸੀ. ਪੀ.) ਅਤੇ ਆਈ. ਐਸ. ਓ. 9,000 ਦੇ ਲੈਣ ਵਾਸਤੇ ਦਾ ਉਪਬੰਧ ਹੈ। ਰਾਜ ਵਿਚ 100% ਫਲਾਂ/ਆਲੂਆਂ/ਅਨਾਜ਼ਾਂ ਤੋਂ ਸ਼ਰਾਬ, ਬਰਾਂਡੀ, ਲੀਕਰ ਆਦਿ ਪੈਦਾ ਕਰਨ ਵਾਲੇ ਉਦਯੋਗਾਂ ਨੂੰ ਆਬਕਾਰੀ ਕਰ ਤੋਂ ਛੋਟ ਦਾ ਉਪਬੰਧ ਕੀਤਾ ਹੈ।

(iii) ਰੂਰਲ ਉਦਯੋਗਿਕ ਫੋਕਲ ਪੁਆਇੰਟ ਦੀ ਅਧਿਸੂਚਨਾ ਅਧੀਨ ਰੂਰਲ ਉਦਯੋਗਿਕ ਫੋਕਲ ਪੁਆਇੰਟ ਵਿੱਚ ਇਕਾਈ ਸਥਾਪਤ ਕਰਨ ਅਤੇ ਫੋਕਲ ਪੁਆਇੰਟ ਦੇ ਪੈਰਾਫੇਰੀ ਦੇ ਅੱਧਾ ਕਿਲੋਮੀਟਰ ਦੇ ਘੇਰੇ ਖੇਤਰ ਵਿਚ ਇਕਾਈ ਲਗਾਉਣ ਵਾਲੇ ਨੂੰ 'ਏ' ਕੈਟੇਗਰੀ ਦੀ ਸਹੂਲਤ ਜਿਸ ਤਰ੍ਹਾਂ ਕਿ 30% ਦੀ ਦਰ ਨਾਲ 50 ਲੱਖ ਤੱਕ ਫਿਕਸ ਕੈਪੀਟਲ ਨਿਵੇਸ਼ ਤੇ ਕੈਪੀਟਲ ਉਪਦਾਨ, ਆਪਣੀ ਅੱਚਲ ਪੂੰਜੀ ਨਿਵੇਸ਼ ਦਾ 300% ਦੀ ਦਰ ਨਾਲ 120 ਮਹੀਨਿਆਂ

ਅੰਦਰ ਸੇਲ ਟੈਕਸ ਤੋਂ ਛੋਟ/ਮੁੱਲਤਵੀ ਲਈ ਯੋਗ ਹਨ । ਇਹੋ ਜਿਹੀਆਂ ਇਕਾਈਆਂ ਨੂੰ ਟਰਮ ਲੋਨ ਦੇ ਸਾਰੇ ਵਿਆਜ ਦਾ 5% ਵਿਆਜ ਉਪਦਾਨ ਅਤੇ ਬਿਜਲੀ ਦੀ ਸਪਲਾਈ ਚਾਲੂ ਕਰਨ ਦੀ ਮਿਤੀ ਤੋਂ 5 ਸਾਲ ਦੀ ਮਿਆਦ ਲਈ ਇਲੈਕਟ੍ਰੀਸਿਟੀ ਡਿਊਟੀ ਦੇਣ ਤੋਂ ਛੋਟ ਦਾ ਉਪਬੰਧ ਹੈ । ਇਨ੍ਹਾਂ ਇਕਾਈਆਂ ਨੂੰ ਪਹਿਲ ਦੇ ਅਧਾਰ ਤੇ ਸਹੂਲਤਾਂ ਵੰਡੀਆਂ ਜਾਣਗੀਆਂ । ਇਨ੍ਹਾਂ ਇਕਾਈਆਂ ਨੂੰ ਸਟੋਰ ਪਰਚੇਜ਼ ਨਿਯਮਾਂ ਤਹਿਤ 5% ਛੋਟੇ ਪੈਮਾਨੇ ਦੇ ਅਤੇ 2% ਵੱਡੇ ਪੈਮਾਨੇ ਦੇ ਉਦਯੋਗਾਂ ਨੂੰ ਵਾਧੂ ਮੁੱਲ ਅਧਾਰ ਤੇ ਪ੍ਰਖਿਆ ਜਾਵੇਗਾ । ਰੂਰਲ ਫੋਕਲ ਪੁਆਇੰਟਾਂ ਵਿੱਚ ਉਦਯੋਗਿਕ ਪਾਲਸੀ 1996 ਅਨੁਸਾਰ ਕੋਈ ਨੈਗੇਟਿਵ ਸੂਚੀ ਨਿਯਤ ਨਹੀਂ ਕੀਤੀ ਹੈ । ਰੂਰਲ ਫੀਡਰ ਤੋਂ ਬਿਜਲੀ ਦੀ ਸਪਲਾਈ 24 ਘੰਟੇ ਲਗਾਤਾਰ ਦੇਣ ਨੂੰ ਯਕੀਨੀ ਬਣਾਇਆ ਜਾਵੇਗਾ ।

(iv) ਸੈਰ-ਸਪਾਟਾ ਉਦਯੋਗ/ਹੋਟਲ/ਰੈਸਟੋਰੈਂਟ ਅਤੇ ਅਮਯੂਜ਼ਮੈਂਟ/ਐਡਵੈਂਚਰ ਪਾਰਕ ਨੂੰ ਉਤਸ਼ਾਹਿਤ ਕਰਨ ਲਈ 25% ਦਰ ਨਾਲ ਨਿਵੇਸ਼ ਉਪਦਾਨ ਜਿਸ ਦੀ ਅਧਿਕਤਮ ਸੀਮਾ 25 ਲੱਖ ਰੁਪਏ ਹੈ, ਦੀ ਸਹੂਲਤਾਂ ਦਾ ਉਪਬੰਧ ਹੈ । ਅਮਯੂਜ਼ਮੈਂਟ ਪਾਰਕ ਤੇ 75% ਤੱਕ ਇੰਟਰਟੇਨਮੈਂਟ ਡਿਊਟੀ ਘਟਾ ਦਿੱਤੀ ਗਈ ਹੈ ।

ਅ) **ਉਦਯੋਗਿਕ ਫੋਕਲ ਪੁਆਇੰਟਸ**

ਰਾਜ ਸਰਕਾਰ ਨੇ ਪੰਜਾਬ ਵਿੱਚ ਮੁਹਾਲੀ, ਲੁਧਿਆਣਾ, ਡੇਰਾਬੱਸੀ, ਬਟਾਲਾ, ਮੋਗਾ, ਸੰਗਰੂਰ, ਚਨਾਲੋਂ, ਤਰਨ ਤਾਰਨ, ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਨਾਭਾ, ਨਵਾਂ ਸ਼ਹਿਰ, ਮੰਡੀ-ਗੋਬਿੰਦਗੜ੍ਹ, ਖੰਨਾ, ਬਠਿੰਡਾ, ਨੰਗਲ, ਕੋਟਕਪੂਰਾ, ਰਾਜਪੁਰਾ ਅਤੇ ਪਟਿਆਲਾ ਵਿਖੇ ਬਹੁਤ ਥਾਵਾਂ ਤੇ 20 ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕੀਤੇ ਹਨ । ਇਸ ਤੋਂ ਇਲਾਵਾ ਦੋ ਗਰੋਥ ਕੇਂਦਰ ਪਠਾਨਕੋਟ ਅਤੇ ਬਠਿੰਡਾ ਵਿਖੇ ਸਥਾਪਤ ਕੀਤੇ ਹਨ । ਰਾਜ ਸਰਕਾਰ ਨੇ ਭੂਮੀ ਅਲਾਟਮੈਂਟ ਪਾਲਿਸੀ ਅਧੀਨ ਫੋਕਲ ਪੁਆਇੰਟਾਂ ਵਿੱਚ ਉਦਮੀਆਂ ਨੂੰ ਕਈ ਤਰ੍ਹਾਂ ਦੇ ਆਕਾਰ ਦੇ ਪਲਾਟਾਂ ਦੀ ਵੰਡ ਕੀਤੀ ਹੈ ।

(ੲ) **ਸਿੰਗਲ ਵਿੰਡੋ ਕਲੀਅਰੈਂਸ**

ਸਿੰਗਲ ਵਿੰਡੋ ਕਲੀਅਰੈਂਸ ਸਕੀਮ ਵਿੱਚ ਵੱਡੀਆਂ/ਛੋਟੀਆਂ ਇਕਾਈਆਂ ਵਾਸਤੇ ਪੰਜਾਬ ਰਾਜ ਦੇ ਉਦਯੋਗ ਵਿਭਾਗ ਵਿੱਚ ਮਿਤੀ 19-5-98 ਨੂੰ ਲਾਗੂ ਕੀਤੀ ਗਈ ਸੀ । ਇਸ ਸਕੀਮ ਅਧੀਨ ਇਕ ਹੀ ਅਰਜ਼ੀ ਤੇ ਉਦਯੋਗਾਂ ਨੂੰ ਪਾਵਰ ਕੁਨੈਕਸ਼ਨ, ਪਰਦੂਸ਼ਣ ਰੋਕਥਾਮ ਅਤੇ ਸਾਈਟ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ । ਉਪਰੋਕਤ ਕਲੀਅਰੈਂਸ ਵਾਸਤੇ ਬਿਨੈਕਾਰ ਉਦਯੋਗ ਸਹਾਇਕ ਵਿੱਚ ਇਕ ਹੀ ਅਰਜ਼ੀ ਤੇ ਅਪਲਾਈ ਕਰ ਸਕਦਾ ਹੈ । ਇਸ ਦੀ ਪ੍ਰਵਾਨਗੀ ਡਾਇਰੈਕਟਰ, ਉਦਯੋਗ ਅਤੇ ਕਮਰਸ ਜੀ ਦੀ ਪ੍ਰਧਾਨਗੀ ਹੇਠ ਨਿਸਚਿਤ ਸਮੇਂ ਵਿੱਚ ਹੁੰਦੀਆਂ ਮੀਟਿੰਗਾਂ ਅਧੀਨ ਹੁੰਦੀ ਹੈ । ਰਾਜ ਸਰਕਾਰ ਨੇ

[ਮੁੱਖ ਮੰਤਰੀ]

ਸਿੰਗਲ ਸਾਈਟ ਅਪਰੂਵਲ ਕਮ ਕੰਪੀਟੈਂਟ ਸਟੇਟ ਅਥਾਰਟੀ ਕਮੇਟੀ ਦਾ ਨਿਰਮਾਣ ਵੀ ਕੀਤਾ ਹੈ ਜੋ ਵਾਤਾਵਰਣ ਅਤੇ ਫੈਕਟਰੀਆਂ ਦੇ ਸਾਈਟ ਅਪਰੂਵਲ ਦੇ ਕਾਨੂੰਨ ਅਧੀਨ ਇਤਰਾਜ਼-ਹੀਨਤਾ ਸਰਟੀਫਿਕੇਟ ਦਿੰਦੀ ਹੈ। ਰਾਜ ਵਿੱਤ ਨਿਗਮ ਇਲੈਕਟ੍ਰੋਨਿਕਸ ਨਿਗਮ, ਐਗਰੋ ਇੰਡ. ਨਿਗਮ, ਪੰਜਾਬ ਰਾਜ ਬਿਜਲੀ ਬੋਰਡ, ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਲੇਬਰ ਵਿਭਾਗ ਦੇ ਅਫਸਰਾਂ ਨੂੰ ਉਦਯੋਗ ਸਹਾਇਕ ਵਿੱਚ ਨਿਯੁਕਤ ਕੀਤਾ ਗਿਆ ਤਾਂ ਜੋ ਉਦਯੋਗਪਤੀਆਂ ਨੂੰ ਸਮੇਂ-ਸਮੇਂ ਤੇ ਹੋਈਆਂ ਤਬਦੀਲੀਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇ।

(ਸ) ਇਨਫਰਮੇਸ਼ਨ ਟੈਕਨੋਲੋਜੀ ਇਨਸੈਂਟਿਵਜ਼

ਇਕ ਅਰਥ ਸਟੇਸ਼ਨ ਮੁਹਾਲੀ ਵਿਖੇ ਸਥਾਪਤ ਕੀਤਾ ਗਿਆ ਹੈ ਜਿਹੜਾ ਕਿ ਇਸ ਖੇਤਰ ਦੇ ਸਾਫਟਵੇਅਰ ਕੰਪਨੀਆਂ ਦਾ ਡੈਟਾ ਵਿਦੇਸ਼ੀ ਪੱਧਰ ਤੇ ਹੋਣ ਵਾਲੇ ਮੇਲ ਅਤੇ ਸਹੂਲਤ ਉਪਲਬਧ ਕਰਦਾ ਹੈ। ਸਾਫਟਵੇਅਰ ਟੈਕਨੋਲੋਜੀ ਪਾਰਕ ਅਤੇ ਇਨਫਰਮੇਸ਼ਨ ਟੈਕਨੋਲੋਜੀ ਪਾਰਕ ਮੁਹਾਲੀ ਵਿਖੇ ਵੀ ਸਥਾਪਤ ਕੀਤੇ ਜਾ ਰਹੇ ਹਨ।

ਰਾਜ ਸਰਕਾਰ ਵਲੋਂ ਇਨਟਰਨੇਟ ਵੈਬ ਸਾਈਟ ਪੰਜਾਬ ਰਾਜ ਵਿੱਚ ਚਾਲੂ ਕੀਤਾ ਗਿਆ ਹੈ। ਇਸ ਵਿੱਚ ਵਿਦੇਸ਼ੀ ਉਦਮੀਆਂ ਵਲੋਂ ਕੀਤੇ ਜਾਣ ਵਾਲੇ ਨਿਵੇਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਸਰਕਾਰ ਦੀਆਂ ਪਾਲਿਸੀਆਂ ਅਤੇ ਪ੍ਰੋਗਰਾਮ ਦਰਜ ਕੀਤੇ ਗਏ ਹਨ ਤਾਂ ਜੋ ਉਦਮੀਆਂ ਨੂੰ ਜਾਣਕਾਰੀ ਮਿਲ ਸਕੇ। ਅੰਤਰ ਕੌਮੀ ਪੱਧਰ ਤੇ ਇਕ ਤਕਨੀਕੀ ਬਿਓਰੋ ਫੋਕਲ ਪੁਆਇੰਟ ਰਾਜ ਵਲੋਂ ਸਥਾਪਿਤ ਕੀਤਾ ਜਾ ਰਿਹਾ ਹੈ। ਇਹ ਪੰਜਾਬ ਰਾਜ ਦੇ ਛੋਟੇ/ਵੱਡੇ ਅਤੇ ਦਰਮਿਆਨੇ ਉਦਯੋਗਾਂ ਨੂੰ ਵਿਦੇਸ਼ੀ ਕੰਪਨੀਆਂ ਨਾਲ ਵਪਾਰਕ ਅਤੇ ਤਕਨੀਕੀ ਤਾਲਮੇਲ ਦੀਆਂ ਸਹੂਲਤਾਂ ਦੇਵੇਗਾ। ਰਾਜ ਸਰਕਾਰ ਵੀ ਜਲੰਧਰ, ਮੁਹਾਲੀ, ਕੁਹਾੜਾ-ਮਾਛੀਵਾੜਾ ਵਿਖੇ ਉਦਯੋਗਿਕ ਫੋਕਲ ਪੁਆਇੰਟ ਸਥਾਪਤ ਕਰ ਰਹੀ ਹੈ।

ਸਹਿਲੱਗ-I

ਉਦਯੋਗਾਂ ਦੀ ਲਿਸਟ ਜਿਨ੍ਹਾਂ ਵਾਸਤੇ ਉਦਯੋਗਿਕ ਲਾਈਸੰਸ ਲੈਣਾ ਜ਼ਰੂਰੀ ਹੈ।

1. ਅਲਕੋਹਲਿਕ ਸ਼ਰਾਬ ਅਤੇ ਬੀਅਰ ਬਣਾਉਣਾ।
2. ਤਮਾਕੂ ਦੇ ਸਿਗਰੇਟ ਅਤੇ ਸਿੰਗਾਰ ਅਤੇ ਤਮਾਕੂ ਦਾ ਥਾਂ ਲੇਵਾ ਵਸਤੂਆਂ।
3. ਇਲੈਕਟ੍ਰੋਨਿਕਸ ਹਵਾਈ ਯੰਤਰ ਅਤੇ ਹਰ ਤਰ੍ਹਾਂ ਦੇ ਰੱਖਿਆ ਲਈ ਇਸਤੇਮਾਲ ਕਰਨ ਵਾਲੇ ਯੰਤਰ।
4. ਉਦਯੋਗਿਕ ਵਿਸਫੋਟਕ ਨਾਲ ਲਗਾਏ ਫਿਊਜ਼, ਸੰਵੇਦੀ ਫਿਊਜ਼, ਬੰਦੂਕ ਦਾ ਪਾਊਡਰ, ਇਟਰੋ-ਸਲੈਲੂਸ ਅਤੇ ਮਾਚਿਸ।
5. ਜ਼ਹਿਰੀਲੇ ਰਸਾਇਣ।
6. ਨਸ਼ੀਲੀਆਂ ਦਵਾਈਆਂ ਅਤੇ ਹੋਰ ਦਵਾਈਆਂ (ਸਤੰਬਰ, 1994 ਵਿੱਚ ਪਰਵਰਤਿਤ ਨਿਵੇਸ਼ ਦੀ ਪਾਲਿਸੀ ਅਨੁਸਾਰ)।

ਸਹਿਲੱਗ-II

ਏਰੀਏ ਦੀ ਵੱਖ ਵੱਖ ਵਰਗਾਂ ਵਿੱਚ ਕੀਤੀ ਵੰਡ

'ਏ' ਕੈਟੇਗਰੀ ਵਿੱਚ

ਅੰਮ੍ਰਿਤਸਰ, ਗੁਰਦਾਸਪੁਰ, ਫ਼ਿਰੋਜ਼ਪੁਰ, ਫ਼ਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਸੰਗਰੂਰ, ਮਾਨਸਾ ਜ਼ਿਲ੍ਹੇ ਅਤੇ ਉਹ ਏਰੀਆ ਜਿਸ ਨੂੰ ਕੰਢੀ ਏਰੀਆ ਕਰਾਰ ਦਿੱਤਾ ਗਿਆ ਹੈ ਜਿਸ ਵਿਚੋਂ ਉਹ ਏਰੀਆ ਕੱਢਿਆ ਗਿਆ ਹੈ ਜੋ ਮਿਊਂਸਿਪਲ ਕਮੇਟੀ ਦੀ ਲਿਮਟ ਦੇ ਅਧੀਨ ਆਉਂਦਾ ਹੈ ਅਤੇ ਜਿਸ ਦੀ ਆਬਾਦੀ ਇਕ ਲੱਖ ਤੋਂ ਵੱਧ ਹੈ । ਪਰ ਇੰਡਸਟਰੀਅਲ ਏਰੀਆ ਫੋਕਲ ਪੁਆਇੰਟ, ਉਦਯੋਗਿਕ ਮਿਲਖਾਂ ਨੂੰ ਇਸ ਸਕੀਮ ਅਧੀਨ ਰੱਖਿਆ ਗਿਆ ਹੈ ਅਤੇ ਉਹ ਖੇਤਰ ਜੋ ਪੰਜਾਬ ਸਰਕਾਰ ਵਲੋਂ ਉਦਯੋਗ ਲਗਾਉਣ ਲਈ ਨਿਸ਼ਚਿਤ ਕੀਤੇ ਗਏ ਹਨ ।

'ਬੀ' ਕੈਟੇਗਰੀ ਵਿੱਚ

ਇਸ ਵਰਗ ਵਿੱਚ ਰਾਜ ਦਾ ਉਹ ਹਿੱਸਾ ਆਉਂਦਾ ਹੈ ਜੋ ਕੈਟਾਗਰੀ 'ਏ' ਅਤੇ 'ਸੀ' ਵਿੱਚ ਨਹੀਂ ਹੈ ।

'ਸੀ' ਕੈਟੇਗਰੀ ਵਿੱਚ

(i) ਉਹ ਖੇਤਰ ਜੋ 'ਏ' ਕੈਟਾਗਰੀ ਵਿੱਚ ਆਉਂਦੇ ਹਨ ਅਤੇ ਫੋਕਲ ਪੁਆਇੰਟ ਉਦਯੋਗਿਕ ਮਿਲਖਾਂ ਅਤੇ ਪੰਜਾਬ ਸਰਕਾਰ ਵਲੋਂ ਉਦਯੋਗਿਕ ਧੰਦਾ ਕਰਨ ਲਈ ਨਿਸ਼ਚਿਤ ਕੀਤੇ ਗਏ ਹਨ, ਨੂੰ ਛੱਡ ਤੇ ਬਾਕੀ ਕਸਬੇ ਜਿਨ੍ਹਾਂ ਦੀ ਅਬਾਦੀ ਇਕ ਲੱਖ ਤੋਂ ਵੱਧ ਹੈ, ਇਸ ਕੈਟਾਗਰੀ ਵਿੱਚ ਆਉਂਦੇ ਹਨ ।

(ii) ਜਿਹੜਾ ਖੇਤਰ ਚੰਡੀਗੜ੍ਹ ਪੈਰੀਫੇਰੀ ਵਿੱਚ ਆਉਂਦਾ ਹੈ, ਉਸ ਤੋਂ ਛੁੱਟ ਉਦਯੋਗ ਲਗਾਉਣ ਹਿੱਤ ਰਾਜ ਸਰਕਾਰ ਵਲੋਂ ਫਰੀ ਇੰਟਰਪਰਾਇਜ਼ਿਜ਼ ਜੋਨ ਉਦਯੋਗ ਖੇਤਰ/ਫੋਕਲ ਪੁਆਇੰਟਸ/ਉਦਯੋਗਿਕ ਮਿਲਖਾਂ ਨਾਮਜ਼ਦ ਕੀਤੀਆਂ ਹਨ ।

ਸ਼ਹਿਰਾਂ ਦੀ ਸੂਚੀ ਜਿਹੜੇ ਇਕ ਲੱਖ ਤੋਂ ਵੱਧ ਦੀ ਅਬਾਦੀ ਦੇ ਜ਼ਿਲ੍ਹੇ 'ਏ' ਕੈਟਾਗਰੀ ਵਿੱਚ ਆਉਂਦੇ ਹਨ :—

1. ਪਠਾਨਕੋਟ
2. ਅੰਮ੍ਰਿਤਸਰ
3. ਅਬੋਹਰ
4. ਮੋਗਾ
5. ਬਠਿੰਡਾ

[ਮੁੱਖ ਮੰਤਰੀ]

ਸ਼ਹਿਰਾਂ ਦੀ ਸੂਚੀ ਜਿਹੜੇ ਇਕ ਲੱਖ ਤੋਂ ਵੱਧ ਦੀ ਅਬਾਦੀ ਦੇ ਵਿੱਚ 'ਏ' ਕੈਟਾਗਰੀ ਵਿੱਚ ਨਹੀਂ ਆਉਂਦੇ ਹਨ :—

1. ਲੁਧਿਆਣਾ
2. ਜਲੰਧਰ
3. ਪਟਿਆਲਾ
4. ਹੁਸ਼ਿਆਰਪੁਰ

ਸਹਿਲੱਗ-III

ਚੁਣੇ ਹੋਏ ਖੇਤੀਬਾੜੀ ਅਧਾਰਿਤ ਉਦਯੋਗ

1. ਤਾਜੇ ਫਲ ਅਤੇ ਸਬਜ਼ੀਆਂ ਨੂੰ ਸੁਕਾਉਣਾ ਜਾਂ ਤਾਜ਼ਾ ਰੱਖਣਾ ।
2. ਸ਼ੀਰੇ ਤੋਂ ਸਿਵਾਏ ਕੱਚੇ ਮਾਲ ਤੋਂ ਪੋਟੇਬਲ/ਉਦਯੋਗਿਕ ਸ਼ਰਾਬ ਤਿਆਰ ਕਰਨ ਬਾਰੇ ।
3. ਮੱਕੀ/ਮੱਕੀ ਦੇ ਦਾਣੇ ਕੈਮੀਕਲ ਤਰੀਕੇ ਨਾਲ ਬਾਇਓ ਵਿਚ ਤਬਦੀਲ ਕਰਨ ਸਬੰਧੀ ।
4. ਪਲਪ ਅਤੇ ਪੇਪਰ ਮਿਲ ਨੂੰ ਛੱਡ ਕੇ ਖੇਤੀਬਾੜੀ ਵਸਤੂਆਂ ਤੋਂ ਹੋਰ ਵਸਤੂਆਂ ਬਣਾਉਣਾ ।
5. ਤੇਲ ਕੱਢਣ ਦੇ ਸਬੰਧ ਵਿਚ ਐਰੋਮੈਟਿਕ ਤਰੀਕੇ ਅਤੇ ਮੈਡੀਸ਼ਨਲ ਤਰੀਕੇ ਦੇ ਪਲਾਂਟ ਨਾਲ ਕੱਢਣਾ ।
6. ਟਿਸੂ ਕੱਲਚਰ ।
7. ਮੁਰਗੀ ਪਾਲਣ ਪ੍ਰੋਜੈਕਟ ਨਾਲ ਸ਼ਾਮਲ ਪੁਓਰਲਾਇਨ ਦੇਸੀ ਤਰੀਕੇ ਅਤੇ ਆਧੁਨਿਕ ਤਰੀਕੇ ਨਾਲ ਚੂਚੇ ਪੈਦਾ ਕਰਨੇ ।
8. ਅੰਡਿਆਂ ਦਾ ਪੇਸਟ ਅਤੇ ਪਾਊਡਰ ਬਣਾਉਣਾ ।
9. ਮੱਛੀ ਅਤੇ ਹੋਰ ਮੱਛੀ ਦੇ ਪ੍ਰੋਡੈਕਟ ਨੂੰ ਪੈਕਿੰਗ, ਤਾਜ਼ਾ ਰੱਖਣਾ, ਮਸ਼ੀਨਾਂ ਨਾਲ ਅਮਲ ਵਿੱਚ ਲਿਆਉਣਾ ।
10. ਕੋਲਡ ਸਟੋਰੇਜ ਵਾਸਤੇ ਰੈਫਰੀਜਰੇਸ਼ਨ ਯੰਤਰ ਤਿਆਰ ਕਰਨਾ ਅਤੇ ਰੈਫਰੀਜ-ਰੇਸ਼ਨ ਵੇਨ ਸਮਲਤ ਇਕਾਈਆਂ ਦੇ ਵਿਕਾਸ ਹੋਰ ਤਕਨੋਲੋਜੀ ਦੁਆਰਾ ਜਿਸ ਤਰ੍ਹਾਂ ਸੋਲਰ ਅੰਨਰਜੀ ਆਦਿ ।
11. ਰਾਜ ਵਿੱਚ ਖੇਤੀਬਾੜੀ ਅਧਾਰਿਤ ਖੇਤੀਬਾੜੀ ਵਸਤੂਆਂ ਬਣਾਉਣ ਲਈ ਦੂਸਰੇ ਹਾਈ-ਟੈਕ ਉਦਯੋਗ ।

ਪਹਿਲੀ ਜਮਾਤ ਤੋਂ ਅੰਗਰੇਜ਼ੀ ਸ਼ੁਰੂ ਕਰਨਾ

354. **ਡਾਕਟਰ ਹਰਬੰਸ ਲਾਲ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੁਆਰਾ ਕੀਤੇ ਗਏ ਫੈਸਲੇ ਮੁਤਾਬਿਕ ਰਾਜ ਦੇ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਭਾਸ਼ਾ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਗਈ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਬਣਾਈ ਗਈ ਨੀਤੀ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ?

ਸਰਦਾਰ ਤੋਤਾ ਸਿੰਘ : ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪਹਿਲੀ ਸ਼੍ਰੇਣੀ ਤੋਂ ਅੰਗਰੇਜ਼ੀ ਇੱਕ ਵਿਸ਼ੇ ਦੇ ਤੌਰ ਤੇ ਅਗਸਤ, 1998 ਤੋਂ ਸ਼ੁਰੂ ਕਰ ਦਿੱਤੀ ਗਈ ਹੈ । ਇਸ ਸਬੰਧੀ ਪੁਸਤਕਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੀਆਂ ਅਤੇ ਸਪਲਾਈ ਕੀਤੀਆਂ ਗਈਆਂ ਹਨ ।

ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚੋਂ ਪਿੰਡਾਂ ਨੂੰ ਬਾਹਰ ਕੱਢਣਾ

355. **ਡਾਕਟਰ ਹਰਬੰਸ ਲਾਲ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲਾਂ 1997, 1998 ਅਤੇ 1999 ਦੌਰਾਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚੋਂ ਕੋਈ ਪਿੰਡ ਬਾਹਰ ਕੱਢ ਦਿੱਤੇ ਗਏ ਹਨ ;

(ਅ) ਕੀ ਸਰਕਾਰ ਨੂੰ ਉਕਤ ਵਰਣਿਤ ਜ਼ਿਲ੍ਹੇ ਵਿਚੋਂ ਹੋਰ ਪਿੰਡਾਂ ਨੂੰ ਬਾਹਰ ਕੱਢਣ ਸਬੰਧੀ ਜਾਂ ਉਕਤ ਜ਼ਿਲ੍ਹੇ ਵਿਚ ਕੁਝ ਹੋਰ ਪਿੰਡਾਂ/ਸ਼ਹਿਰਾਂ ਨੂੰ ਸ਼ਾਮਲ ਕੀਤੇ ਜਾਣ ਸਬੰਧੀ ਕੋਈ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਮਜੀਠਾ : (ੳ)

ਸਾਲ		ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚੋਂ ਕੱਢੇ ਗਏ ਪਿੰਡਾਂ ਦਾ ਵੇਰਵਾ
1		2
1997		"ਨਿਲ"
1998	(i)	ਪਿੰਡ ਬੁੱਗਾ ਖੁਰਦ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚੋਂ ਕੱਢ ਕੇ ਨੋਟੀਫਿਕੇਸ਼ਨ ਨੰ: 2/20/97-ਮ. ਅ. 2(1)/3900—3905 ਮਿਤੀ 4-8-1998 ਰਾਹੀਂ ਜ਼ਿਲ੍ਹਾ ਪਟਿਆਲਾ ਵਿੱਚ ਸ਼ਾਮਲ ਕੀਤਾ ਗਿਆ ਸੀ ।

[ਮਾਲ ਅਤੇ ਪੁਨਰਵਾਸ ਮੰਤਰੀ]

1	2
	(ii) ਪਿੰਡ ਆਕੜ, ਆਕੜੀ, ਸੇਹਰਾ, ਸੇਹਰੀ, ਬੱਠਲੀ, ਟਹਿਲਪੁਰਾ, ਸਰਾਏ ਬਨਜ਼ਾਰਾ, ਚੰਦੂਮਾਜ਼ਰਾ ਅਤੇ ਬਲਸੂਆਂ ਨੂੰ ਫਤਹਿਗੜ੍ਹ ਸਾਹਿਬ ਵਿਚੋਂ ਕੱਢ ਕੇ ਨੋਟੀਫਿਕੇਸ਼ਨ ਨੰ: 2/15/98-ਮ. ਅ. 2(1)/2618—2623 ਮਿਤੀ 27-5-1998 ਰਾਹੀਂ ਜ਼ਿਲ੍ਹਾ ਪਟਿਆਲਾ ਵਿੱਚ ਸ਼ਾਮਲ ਕੀਤਾ ਗਿਆ ਸੀ।
1999	"ਨਿਲ"

(ਅ) ਹਾਂ ਜੀ । ਹੇਠ ਲਿਖੀਆਂ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ :— ਪਿੰਡ ਪਵਾਲਾ, ਬੀਰੋਂ ਮਾਜਰੀ, ਗੜੋਲੀਆਂ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚੋਂ ਕੱਢ ਕੇ ਜ਼ਿਲ੍ਹਾ ਪਟਿਆਲਾ ਵਿੱਚ ਸ਼ਾਮਲ ਕਰਨ ਲਈ ।

ਪਿੰਡ ਕਕਰਾਲਾ ਕਲਾਂ, ਕਕਰਾਲਾ ਖੁਰਦ ਅਤੇ ਬੀੜ ਕਕਰਾਲਾ, ਬੇਚਰਾਗ ਪਿੰਡਾਂ ਨੂੰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਵਿੱਚੋਂ ਕੱਢ ਕੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਤਹਿਸੀਲ ਖਮਾਣੋਂ ਵਿੱਚ ਸ਼ਾਮਲ ਕਰਨ ਬਾਰੇ ।

ਪਿੰਡ ਆਕੜ, ਆਕੜੀ, ਸੇਹਰਾ, ਸੇਹਰੀ ਅਤੇ ਟਹਿਲਪੁਰਾ ਨੂੰ ਮੁੜ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਸ਼ਾਮਲ ਕਰਨ ਵਾਸਤੇ ।

ਕੋਆਪਰੇਟਿਵ ਬੈਂਕਾਂ ਅਤੇ ਕੋਆਪਰੇਟਿਵ ਸੁਸਾਇਟੀਆਂ ਦੀ ਗਿਣਤੀ

356. **ਸਰਦਾਰ ਮੱਖਣ ਸਿੰਘ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਸਮੇਂ ਕੋਆਪਰੇਟਿਵ ਬੈਂਕਾਂ ਅਤੇ ਕੋਆਪਰੇਟਿਵ ਸੁਸਾਇਟੀਆਂ ਦੀ ਜ਼ਿਲ੍ਹਾ-ਵਾਰ, ਵੱਖ-ਵੱਖ ਗਿਣਤੀ ਅਤੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸ੍ਰੀਮਾਨ ਜੀ, ਲੋੜੀਂਦੀ ਸੂਚਨਾ ਅਨੁਲੱਗ ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਅਨੁਲੱਗ

ਰਾਜ ਵਿੱਚ 19 ਸੈਂਟਰਲ ਕੋਆਪਰੇਟਿਵ ਬੈਂਕ ਅਤੇ 21751 ਕੋਆਪਰੇਟਿਵ ਸੁਸਾਇਟੀਆਂ ਹਨ । ਜ਼ਿਲ੍ਹਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਮ	ਸੈਂਟਰਲ ਕੋਆਪਰੇਟਿਵ ਬੈਂਕਾਂ ਦੀ ਗਿਣਤੀ	ਕੋਆਪਰੇਟਿਵ ਸੁਸਾਇਟੀਆਂ ਦੀ ਗਿਣਤੀ
1	2	3	4
1.	ਅੰਮ੍ਰਿਤਸਰ	2	2837
2.	ਬਠਿੰਡਾ	1	1118
3.	ਫ਼ਰੀਦਕੋਟ	1	601
4.	ਫ਼ਤਹਿਗੜ੍ਹ ਸਾਹਿਬ	1	509
5.	ਫ਼ਿਰੋਜ਼ਪੁਰ	2	1593
6.	ਗੁਰਦਾਸਪੁਰ	1	2303
7.	ਹੁਸ਼ਿਆਰਪੁਰ	1	1802
8.	ਜਲੰਧਰ	1	1970
9.	ਕਪੂਰਥਲਾ	1	617
10.	ਲੁਧਿਆਣਾ	1	1971
11.	ਮਾਨਸਾ	1	556
12.	ਮੁਕਤਸਰ	1	583
13.	ਮੋਗਾ	1	557
14.	ਨਵਾਂ ਸ਼ਹਿਰ	1	651
15.	ਪਟਿਆਲਾ	1	1122
16.	ਰੋਪੜ	1	1479
17.	ਸੰਗਰੂਰ	1	1482
	ਜੋੜ	19	21751

ਚੰਡੀਗੜ੍ਹ ਵਿਖੇ ਸਥਿਤ ਪੰਜਾਬ ਦੀਆਂ ਡਿਸਪੈਂਸਰੀਆਂ

357. **ਸ਼੍ਰੀ ਸੱਤਿਆ ਪਾਲ ਸੈਣੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਚੰਡੀਗੜ੍ਹ ਵਿੱਚ ਸਿਵਲ ਸਰਜਨ, ਰੋਪੜ ਦੇ ਕੰਟਰੋਲ ਹੇਠ ਚਲ ਰਹੀਆਂ ਡਿਸਪੈਂਸਰੀਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਿਚ ਡਿਸਪੈਂਸਰੀ-ਵਾਰ ਕੰਮ ਕਰ ਰਹੇ ਅਮਲੇ ਦੇ ਵੇਰਵੇ ਕੀ ਹਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਡਿਸਪੈਂਸਰੀਆਂ ਵਿਚ ਮਨਜ਼ੂਰਸ਼ੁਦਾ ਅਮਲੇ ਤੋਂ ਇਲਾਵਾ ਡੈਪੂਟੇਸ਼ਨ ਤੇ ਕੰਮ ਕਰ ਰਹੇ ਕਰਮਚਾਰੀਆਂ ਦੇ ਵੇਰਵੇ ਕੀ ਹਨ ;

(ੲ) ਵਿੱਤੀ ਸਾਲਾਂ 1997-98 ਅਤੇ 1998-99 ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਡਿਸਪੈਂਸਰੀਆਂ ਲਈ ਐਲੋਕੇਟ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ ਅਤੇ ਉਨ੍ਹਾਂ ਮਰੀਜ਼ਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ 1996-97 ਤੋਂ 1998-99 ਤੱਕ ਦੇ ਸਮੇਂ ਦੌਰਾਨ ਉਕਤ ਡਿਸਪੈਂਸਰੀਆਂ ਵਿਚ ਇਲਾਜ ਕਰਵਾਇਆ ਸੀ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਇਸ ਵੇਲੇ ਸਿਵਲ ਸਰਜਨ, ਰੋਪੜ ਦੇ ਕੰਟਰੋਲ ਅਧੀਨ ਚੰਡੀਗੜ੍ਹ ਵਿਖੇ ਹੇਠ ਲਿਖੀਆਂ ਚਾਰ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ :—

(1) ਸਿਵਲ ਡਿਸਪੈਂਸਰੀ (ਡੈਂਟਲ) ਮੇਨ ਸਕੱਤਰੇਤ, ਚੰਡੀਗੜ੍ਹ ;

(2) ਸਿਵਲ ਡਿਸਪੈਂਸਰੀ, ਮਿੰਨੀ ਸਕੱਤਰੇਤ, ਪੰਜਾਬ, ਚੰਡੀਗੜ੍ਹ ।

(3) ਸਿਵਲ ਡਿਸਪੈਂਸਰੀ, ਐਮ. ਐਲ. ਏ. ਹੋਸਟਲ, ਪੰਜਾਬ, ਚੰਡੀਗੜ੍ਹ ।

(4) ਸਿਵਲ ਡਿਸਪੈਂਸਰੀ, ਸੈਕਟਰ—39-ਡੀ, ਚੰਡੀਗੜ੍ਹ ।

ਇਨ੍ਹਾਂ ਡਿਸਪੈਂਸਰੀਆਂ ਵਿਚ ਕੰਮ ਕਰ ਰਹੇ ਅਮਲੇ ਸਬੰਧੀ ਸੂਚਨਾ ਅਨੁਲੱਗ 'ਏ' ਤੇ ਹੈ ।

(ਅ) ਇਨ੍ਹਾਂ ਡਿਸਪੈਂਸਰੀਆਂ ਵਿੱਚ ਮਨਜ਼ੂਰਸ਼ੁਦਾ ਅਮਲੇ ਤੋਂ ਇਲਾਵਾ ਡੈਪੂਟੇਸ਼ਨ ਤੇ ਕੰਮ ਕਰ ਰਹੇ ਅਮਲੇ ਸਬੰਧੀ ਸੂਚਨਾ ਅਨੁਲੱਗ 'ਬੀ' ਤੇ ਹੈ ।

(ੲ) ਉਪਰੋਕਤ ਭਾਗ 'ੳ' ਵਿਚ ਦਰਸਾਈਆਂ ਡਿਸਪੈਂਸਰੀਆਂ ਲਈ ਸਾਲ 1997-98 ਅਤੇ 1998-99 ਐਲੋਕੇਟ ਕੀਤੇ ਫੰਡਾਂ ਅਤੇ ਮਰੀਜ਼ਾਂ ਦੀ ਗਿਣਤੀ ਸਾਲ 1996-97 ਤੋਂ ਹੁਣ ਤੱਕ ਦਾ ਵੇਰਵਾ ਅਨੁਲੱਗ 'ਸੀ' ਤੇ ਹੈ ।

ANNEXURE—'A'

The following Staff is working in the dispensaries functioning at Chandigarh.

Sr. No.	Name of dispensary	Details of the Staff.	Sanctioned	Working	Remarks
1.	Civil Dispensary (Dental) Main Civil Secretariat, Pb. Chandigarh	Dental officer	1	1	
		Class-IV	1	2	
2.	Civil Dispensary, Mini Secretariat, Pb. Chandigarh	S.M.O.	Nil	1	
		Medical officer.	Nil	2	
		M.O. (Dental)	Nil	2	
		Pharmacist	Nil	2	
		Class-IV	Nil	2	
3.	Civil Dispensary, M.L.A. Hostel, Pb, Chandigarh.	S.M.O.	1	1	
		S.M.O.(Dental)	1	1	
		M.O.	1	6	
		M.O. (Dental)	1	—	Working in VVIP team.
		Pharmacist	2	5	(1 Pharmacist working in Dental Wing)
		Lab. Technician	1	1	
		Lab. Attendant	1	1	
		L.H.V.	1	1	
		Clerk	1	1	
		Class IV	4	5	(1 working in dental wing)
		Sweeper	1	1	
4.	Civil Dispensary, Sector 39 D, Chandigarh.	M.O.	1	1	
		M.O.(Dental)	—	4	
		Pharmacist	1	1	
		A.N.M.	1	1	
		Class—IV	—	1	

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ANNEXURE-'B'

The following Staff is working on deputation in addition to the sanctioned Staff in these dispensaries :—

1.	Civil Dispensary (Dental) Main Secretariat Pb. Chandigarh.	1. One Class - IV is Working on deputation from Civil Surgeon office, Ropar.
2.	Civil Dispensary, Mini Secretariat, Pb. Chandigarh	1. One Senior Medical Officer is on deputation his pay is being drawn against the post of Zonal Malaria Officer from D.H.S. Office, Punjab. Two Medical Officers on deputation one from D.H.S. office & one from Civil Surgeon office, Ropar. One Medical Officer (Dental) on deputation from Civil Hospital Ropar and one from P. H. C. Kiratpur Sahib, Distt, Ropar. 1. One Pharmacist from S.H.C, Jollan Kalan and one from P.H.C. Nawan Shahar Distt. on deputation. One Class-IV on deputation from P.H.C. Gharuan and one from Civil Hospital, Mohali.
3.	Civil Dispensary, M.L.A. Hostel, Pb. Chandigarh.	Five Medical Officers on deputation. One from J & K State, Two from Distt, Ferozepur and Two from Civil Surgeon office, Ropar, Three Pharmacist on deputation—One from Distt, Hoshiarpur, One Pharmacist S.H.C, Rindhawa & One from P.H,C, Dera Bassi, One Class-IB on deputation against shifted post from PHC Gharuan.
4.	Civil Dispensary, Sector—39, Chandigarh,	Three medical Officer on deputation their pay is being drawn from shifted post from Distt. Ferozepur. Medical Officer (Dental) one his pay is being drawn against Shifted post from Distt. Ferozepur. One Class IV on deputation from Civil Dispensary, Phase-I Mohali.

ANNEXURE—'C'

The details of funds allotted to these dispensaries and number of patients is given below :—

1.	Civil Dispensary (Dental) Main Civil Secretariat, Pb. Chandigarh.	No. separate budget for this dispensary is allotted. The pay of the concerned doctor & one class-IB is being drawn from D.H.S. office, Pb. Chandigarh. The medicines for issued to patients alongwith other materials are supplied from D.H.S. Pb. office & from Civil Surgeon, Ropar. The details of patients treated in this dispensary from 1997-98 to 1998-99 (till date) are as under :—

1996	1997	1998	1999 (upto 10-3-99)
3157	3725	3971	512

2.	Mini Secretariat Dispensary, Pb, Chandigarh.	No seperate budget is allotted for this dispensary for the purchase of edicines etc. Medicines and other supplied from Civil Surgeon office, Ropar. Details of patients.

1996	1997	1998	1999 (up to (10-3-19.9.)
16,904	14,681	13,905	2,466

3.	M.L.A., Hostel Dispensary, Pb., Chandigarh.	Details of funds allotted.Budget for this dispensary is allotted by the Directorate directly. Details of budget allotted during 1997-98 please be obtained from budget branch of the Directorate office, Chandigarh. Detail of budget received from concerned SMO for the year 1998-99 is as under :—

1.	Material & Supply	4,00,000/-
2.	Office Expenses	60,000/-
3.	Machinary & Equipt.	30,000/-
4.	Telephone charge.	30.000/-
5.	Medical Reimbursement	20,000/-
6.	Salaries	40,00,000/- +1,00,000/-from C.S,Ropar)

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

Details of Patients

	1996	1997	1998	1999 (Till date)
Allop. Dispensary	20,853	21,177	19,249	3,031
Dental wing	5,923	6,741	7,541	1,422

4. Civil Dispensary Sector-39 D, Chandigarh. — No. seperate budget for purchase of medicines is being allotted to this dispensary. The pay of sanctioned staff is being drawn from Civil surgeon, office, being DDO also for this dispensary.

No. of Patients.

1996	1997	1998	1999(up to date)
10,940	9,532	13,315	1,977

STATEMENTS MADE IN REPLY TO MATTERS RAISED DURING ZERO HOUR

श्रीमती लक्ष्मी कांता चावला. शुक्रीय स्पीकर साहिब। मैं मुख्य मंत्री जी का और सदन का ध्यान एक अतयंत गंभीर विषय की और आकर्षित करना चाहती हूं। पिछले एक महीने से भी ज्यादा समय से स्कूल अध्यापक, स्कूलों का प्रशास्निक स्टाफ, यूनीवर्सिटी अध्यापक और कालेजों का सारा स्टाफ सड़कों पर बैठा हुआ है। सरकार ने उन की ग्रिफतारियां भी कीं और 12 मार्च को जो अध्यापकों को लाठियां मारी गई, उसका तो कोई जवाब ही नहीं है। ਪੂਰੀਆਂ ਸਧਰਾਂ ਨਾਲ ਲਾਠੀਆਂ ਮਾਰੀਆਂ ਗਈਆਂ। मेरा निवेदन है कि आज कल परीक्षायें हो रही हैं और खूब नकल चल रही है क्योंकि अध्यापक सड़कों पर हैं। उन के लिए जेलें खुली हुई हैं। एक अध्यापक मिस्टर कोहली की तो मृत्यू भी हो गई है। एक और अध्यापक को हार्ट अटैक की वजह से जेल से बाहर भी ले जाना पड़ा। मैं कहना चाहती हूं कि जब एक बार पैरिटी दी जा चुकी है तो उस पैरिटी को जान-बूझ कर अब तोड़ा जा रहा है। अब ये पैरिटीज वापस ले ली गई हैं। 1996 से 1999 तक पैरिटी थी लेकिन अब यह पैरिटी नहीं दी जा रही। अब यह कहते हैं कि ये अध्यापक हमारे हैं ही नहीं। ये हमारे लगते क्या हैं। मुख्य मंत्री जी इस विषय पर सदन को आवश्यक जानकारी दें कि जेलों में उन को क्यों बंद किया हुआ है और उन को क्यों दवाईयां नहीं दी जा रही हैं। मेरी मुख्य मंत्री जी से बात हुई थी। मैंने उन को कहा था कि एक अध्यापक की तो मृत्यू हो गई है, बाकी को रिहा करने का तो आर्डर दे दो। चंडीगढ़ में उन की बहुत बरूटल बीटिंग की गई। मुख्य मंत्री जी अभी अपना बक्तव्य इस बारे में दें।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਬੀਬੀ ਜੀ ਨੇ ਮੇਰੇ ਨੋਟਿਸ ਵਿਚ ਸਾਰੀ ਗੱਲ ਲਿਆਂਦੀ ਹੈ ਅਤੇ ਮੈਨੂੰ ਸਾਰੀ ਗੱਲ ਦਾ ਪਤਾ ਹੈ। ਜਿਥੋਂ ਤੱਕ ਟੀਚਰਾਂ ਦੀਆਂ ਗ੍ਰਿਫਤਾਰੀਆਂ ਦਾ ਸਬੰਧ ਹੈ, ਉਹ ਯੂ.ਟੀ. ਨੇ ਕੀਤੀਆਂ ਹਨ। ਮੈਂ ਹੋਮ ਸੈਕਟਰੀ ਨੂੰ ਪ੍ਰਸਨਲੀ ਵੀ ਰਿਕੁਐਸਟ ਕੀਤੀ ਹੈ ਕਿ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ। (ਥੰਪਿੰਗ) ਦੂਸਰਾ ਜਿਹੜਾ ਮਸਲਾ ਹੈ, ਉਨ੍ਹਾਂ ਦੇ ਡਿਊਜ਼ ਦਾ, ਉਸ ਦੇ ਬਾਰੇ ਵੀ ਅਸੀਂ ਬੜੀ ਗੰਭੀਰਤਾ ਦੇ ਨਾਲ ਵਿਚਾਰ ਕਰ ਰਹੇ ਹਾਂ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਐਜੀਟੇਸ਼ਨ ਹੋ ਰਹੀ ਹੈ, ਇਹ ਠੀਕ ਹੈ ਕਿ ਸੀ. ਐਮ. ਸਾਹਿਬ ਨੇ ਹੋਮ ਸੈਕਟਰੀ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇ। ਲੇਕਿਨ ਸਾਡੇ ਇਕ ਟੀਚਰ ਸ੍ਰੀ ਰਮੇਸ਼ ਕੋਹਲੀ ਦੀ ਬੁੜੈਲ ਜੇਲ੍ਹ ਵਿਚ ਦਵਾਈ ਠੀਕ ਨਾ ਦੇਣ ਕਾਰਨ ....।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆ ਦੇ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

ਸ੍ਰੀ ਸਪੀਕਰ : ਚੌਧਰੀ ਸਾਹਿਬ, ਪਹਿਲਾਂ ਮਿੱਤਲ ਸਾਹਿਬ ਦੀ ਗੱਲ ਸੁਣ ਲਓ।

Minister for Food & Supplies and Parliamentary Affairs: Sir, it is not a debate. ਜਦੋਂ ਕਿਸੇ ਪੁਆਇੰਟ ਤੇ ਸੀ. ਐਮ. ਸਾਹਿਬ ਨੇ ਸਟੇਟਮੈਂਟ ਦੇ ਦਿੱਤੀ ਹੈ, ਫਿਰ ਉਸ ਉਤੇ ਬਹਿਸ ਨਹੀਂ ਹੋ ਸਕਦੀ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਜਿਹੜੇ ਉਸ ਮਾਸਟਰ ਦੀ ਮੌਤ ਦੇ ਕਾਰਨ ਹਨ ਜਿਵੇਂ ਉਸ ਵਾਸਤੇ ਸਮੇਂ ਸਿਰ ਮੈਡੀਕਲ ਏਡ ਨਾ ਦੇਣਾ ਅਤੇ ਜਦੋਂ ਉਸ ਨੂੰ ਸੈਕਟਰ-32 ਦੇ ਹਸਪਤਾਲ ਵਿਚ ਲਿਆਂਦਾ ਗਿਆ ਤਾਂ ਉਸ ਨੂੰ ਮ੍ਰਿਤਕ ਡਿਕਲੇਅਰ ਕੀਤਾ ਗਿਆ। ਸਪੀਕਰ ਸਾਹਿਬ, ਇਨ੍ਹਾਂ ਸਾਰੇ ਕਾਰਨਾਂ ਦੀ ਸੀ.ਬੀ. ਆਈ. ਤੋਂ ਜਾਂਚ ਕਰਾਉਣੀ ਚਾਹੀਦੀ ਹੈ। ਉਸ ਮਾਸਟਰ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਉਸ ਮਾਸਟਰ ਦੇ ਘਰ ਵਿਚੋਂ ਇਕ ਪੁੱਤਰ ਨੂੰ ਨੌਕਰੀ ਦਿੱਤੀ ਜਾਵੇ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸੀ. ਐਮ. ਸਾਹਿਬ ਨੇ ਸਟੇਟਮੈਂਟ ਦਿੱਤੀ ਹੈ। ਜਿਹੜੇ ਕਾਲਜ ਟੀਚਰ ਹਨ ...।

ਸ੍ਰੀ ਸਪੀਕਰ : ਚੌਧਰੀ ਸਾਹਿਬ, ਬੈਠ ਜਾਓ। ਅਰਸ਼ੀ ਜੀ, ਤੁਸੀਂ ਦੱਸੋ।

ਚੌਧਰੀ ਜਗਜੀਤ ਸਿੰਘ : ** ** **

ਸ੍ਰੀ ਸਪੀਕਰ : ਚੌਧਰੀ ਸਾਹਿਬ ਬੈਠ ਜਾਓ। ਤੁਹਾਡੀ ਗੱਲ ਸੁਣ ਲਈ ਗਈ ਹੈ। ਸੀ. ਐਮ. ਸਾਹਿਬ ਨੇ ਸਟੇਟਮੈਂਟ ਦੇ ਦਿੱਤੀ ਹੈ। ਇਹ ਜੋ ਬੋਲ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ, ਅਰਸ਼ੀ ਜੀ।

WALK—OUT

(ਇਸ ਸਮੇਂ ਇੰਡੀਅਨ ਨੇਸ਼ਨਲ ਕਾਂਗਰਸ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਾਹਿਬਾਨ ਸਦਨ ਵਿਚੋਂ ** ਨਾਅਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

ਸ੍ਰੀ ਸਪੀਕਰ : ਸਲੋਗਨ ਰਿਕਾਰਡ ਨਾ ਕੀਤੇ ਜਾਣ।

**Not recorded as ordered by the Chair.

STATEMENTS MADE IN REPLY TO MATTERS RAISED DURING ZERO HOUR (*Resumption*)

ਕਾਮਰੇਡ ਹਰਦੇਵ ਸਿੰਘ ਅਰਸ਼ੀ: ** **

Mr. Speaker: Not allowed. ਤੁਸੀਂ ਇਹ ਗਲ ਗਵਰਨਰ ਐਡਰੈਸ ਤੇ ਲੈ ਆਉਣਾ। ਹਾਂ ਜੀ, ਮੋਫਰ ਸਾਹਿਬ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਮੈਂ ਚਾਰ ਦਿਨ ਪਹਿਲਾਂ ਵੀ ਬੇਨਤੀ ਕੀਤੀ ਸੀ, ਉਹ ਕਹਾਣੀ ਫਿਰ ਚਲ ਰਹੀ ਹੈ। ਸਾਡੀ ਪਾਰਟੀ ਨੇ 20 ਤਰੀਕ ਨੂੰ ਐਸ. ਵਾਈ. ਐਲ. ਨੂੰ ਭਰਨਾ ਹੈ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ): ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਸਵਾਲ ਉਠਾਇਆ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਐਸ. ਵਾਈ. ਐਲ. ਨੂੰ ਭਰਨ ਵਾਲੀ ਗੱਲ ਕਰਨ ਦੀ ਲੋੜ ਨਹੀਂ। ਪੁਲੀਟੀਕਲ ਤੌਰ ਤੇ ਗੱਲ ਕਰਨੀ ਹੈ ਤਾਂ ਬੇਸ਼ੱਕ ਕਰੀ ਜਾਣ। ਮੈਂ ਸਦਨ ਵਿਚ ਕਹਿ ਦਿੱਤਾ ਹੈ ਕਿ ਇਸ ਨਹਿਰ ਦੇ ਵਿਚੋਂ ਪਾਣੀ ਨਹੀਂ ਜਾਵੇਗਾ। ਇਸ ਲਈ ਇਹ ਮੈਂਬਰ ਸਾਹਿਬ ਆਪਣੇ ਲੀਡਰ ਸਾਹਿਬ ਨੂੰ ਕਹਿ ਦੇਣ ਕਿ ਇਹ ਜਿਹੜਾ ਪ੍ਰੋਗਰਾਮ ਹੈ, ਉਹ ਛੱਡ ਦੇਣ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਭੈਣ ਲਕਸ਼ਮੀ ਕਾਂਤਾ ਚਾਵਲਾ ਜੀ ਨੇ ਜ਼ੀਰੋ ਆਵਰ ਵਿੱਚ ਮੁੱਦਾ ਉਠਾਇਆ ਸੀ ਅਤੇ ਉਸ ਤੇ ਮੁੱਖ ਮੰਤਰੀ ਸਾਹਿਬ ਨੇ ਸਟੇਟਮੈਂਟ ਦਿੱਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਲਜ ਦੇ ਅਧਿਆਪਕ ਵੀ ਬੜੀ ਦੇਰ ਤੋਂ ਹੜਤਾਲ ਤੇ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਵੀ ਇਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਹਨ। ਉਨ੍ਹਾਂ ਬਾਰੇ ਵੀ ਮੁੱਖ ਮੰਤਰੀ ਜੀ ਸਟੇਟਮੈਂਟ ਦੇ ਦੇਣ ਤਾਂ ਉਨ੍ਹਾਂ ਨੂੰ ਵੀ ਕੁਝ ਰਾਹਤ ਮਿਲ ਜਾਵੇਗੀ।

SUGGESTION BY THE FINANCE AND PLANNING MINISTER

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ): ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਸ ਮਹਾਨ ਸਦਨ ਦਾ ਧਿਆਨ ਜੋ ਨੱਲ੍ਹ ਇਕ ਇਤਿਹਾਸਿਕ ਅਤੇ ਅਹਿਮ ਫੈਸਲਾ ਹੋਇਆ, ਉਸ ਦੇ ਵੱਲ ਲਿਜਾਉਣਾ ਚਾਹਾਂਗਾ। ਸਪੀਕਰ ਸਾਹਿਬ, ਇਸੇ ਸਾਲ ਦੇ ਅੰਦਰ ਜਿੱਥੇ ਕਿ ਵਿਸ਼ਵ ਪੱਧਰ ਤੇ ਇੰਟਰਨੈਸ਼ਨਲ ਵੂਮੈਨ ਡੇ ਮਨਾਇਆ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਅਗਲੇ ਮਹੀਨੇ ਅਨੰਦਪੁਰ ਸਾਹਿਬ ਵਿੱਚ ਖਾਲਸੇ ਦਾ ਤਿੰਨ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਜਾਣਾ ਹੈ, ਉਥੇ ਇਨ੍ਹਾਂ ਮਹਾਨ ਘਟਨਾਵਾਂ ਦੇ ਨਾਲ ਔਰ ਗੁਰੂਆਂ ਦੇ ਉਪਦੇਸ਼ ਪ੍ਰਾਪਤ ਕਰਦੇ ਹੋਏ, ਸ਼੍ਰੋਮਣੀ ਅਕਾਲੀ ਦਲ ਨੇ, ਸਪੀਕਰ ਸਾਹਿਬ ਬੜਾ ਇਤਿਹਾਸਿਕ ਅਤੇ ਬੜਾ ਵੱਡਾ ਫੈਸਲਾ ਕੀਤਾ ਹੈ। ਉਹ ਇਹ ਹੈ ਕਿ ਲੰਮੇ ਸਮੇਂ ਤੋਂ ਚਲੀ ਆ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਮਾਣ ਪਹਿਲੀ

**Expunged as ordered by the Chair.

ਵਾਰ 75 ਸਾਲਾਂ ਦੇ ਇਤਿਹਾਸ ਵਿੱਚ ਇਕ ਮਹਿਲਾ ਨੂੰ ਦਿੱਤਾ ਗਿਆ ਹੈ ਔਰ ਮੈਂ ਇਹ ਵੀ ਕਹਾਂਗਾ ਕਿ ਇਕੱਲਾ ਇਨਾ ਹੀ ਨਹੀਂ ਬਲਕਿ ਸਾਡੀਆਂ ਉਹ ਸ਼੍ਰੇਣੀਆਂ ਜਿਨ੍ਹਾਂ ਨੂੰ ਅਸੀਂ ਪਛੜੀਆਂ ਸ਼੍ਰੇਣੀਆਂ ਕਹਿੰਦੇ ਹਾਂ, ਉਪਰ ਚੁੱਕਣ, ਬਰਾਬਰੀ ਦੇਣ, ਗੌਰਵ ਦੇਣ ਦਾ ਸਾਡੇ ਵਿਧਾਨ ਵਿੱਚ ਜ਼ਿਕਰ ਦਰਜ ਹੈ, ਜਾਂ ਉਪਦੇਸ਼ ਵੀ ਹੈ। ਇਸ ਸਬੰਧ ਵਿਚ ਬੀਬੀ ਜਗੀਰ ਕੌਰ ਜੋ ਕਿ ਇਕ ਪਛੜੀ ਸ਼੍ਰੇਣੀ ਲੁਬਾਣਾ ਜਾਤੀ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਨੂੰ ਇਹ ਮਾਣ ਮਿਲਿਆ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਇੰਨਾ ਵੱਡਾ ਮਾਣ ਮਿਲਿਆ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਜ਼ਿਕਰ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਬੀਬੀ ਜੀ ਇਸ ਮਹਾਨ ਸਦਨ ਦੇ ਸਦੱਸਯ ਹਨ ਔਰ ਮੰਤਰੀ ਮੰਡਲ ਦੇ ਮੈਂਬਰ ਵੀ ਸਨ। ਉਨ੍ਹਾਂ ਦੇ ਅੰਦਰ ਤਿਆਗ ਦੀ ਭਾਵਨਾ ਸੀ। ਇਸ ਕਰਕੇ ਉਨ੍ਹਾਂ ਨੇ ਨਿਰਣਾ ਕੀਤਾ ਹੈ ਕਿ ਮੈਂ ਧਾਰਮਿਕ ਸੇਵਾ ਕਰਨੀ ਹੈ ਔਰ ਰਾਜਨੀਤੀ ਵਿੱਚ ਦਖਲਅੰਦਾਜ਼ੀ ਘੱਟ ਕਰ ਦੇਣੀ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਵਜ਼ਾਰਤ ਤੋਂ ਅਸਤੀਫਾ ਵੀ ਦੇ ਦਿੱਤਾ ਹੈ। (ਥੰਪਿੰਗ) ਇਸ ਤਰ੍ਹਾਂ ਉਨ੍ਹਾਂ ਨੇ ਤਿਆਗ ਦੀ ਭਾਵਨਾ ਵੀ ਦਿਖਾਈ ਹੈ ਜਿਸ ਨਾਲ ਸਮੁੱਚੇ ਦੇਸ਼ ਔਰ ਸ਼੍ਰੋਮਣੀ ਅਕਾਲੀ ਦਲ ਦਾ ਮਾਣ ਵਧਿਆ। ਸਪੀਕਰ ਸਾਹਿਬ, ਮੈਂ ਪੇਸ਼ਕਸ਼ ਕਰਾਂਗਾ ਕਿ ਅਸੀਂ ਇਸ ਚੋਣ ਉਪਰ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਵਧਾਈ ਦੇਈਏ। (ਥੰਪਿੰਗ) ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਬੀਬੀ ਜੀ ਉਪਰ ਜੋ ਜ਼ਿੰਮੇਵਾਰੀਆਂ ਪਾਈਆਂ ਗਈਆਂ ਹਨ, ਜੋ ਮਾਣ ਬਖਸ਼ਿਸ਼ ਹੋਇਆ ਹੈ, ਉਹ ਵਧਾਈ ਮਹਾਨ ਸਦਨ ਵੱਲੋਂ ਉਨ੍ਹਾਂ ਨੂੰ ਸਾਡੇ ਮਾਨਯੋਗ ਮੈਂਬਰ ਹੋਣ ਦੇ ਨਾਤੇ ਭੇਜੀ ਜਾਵੇ। (ਥੰਪਿੰਗ)।

CALL ATTENTION NOTICES UNDER RULE 66

(ਕ੍ਰਮ ਨੰ: 14)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੂੰ 95% ਗਰਾਂਟ ਸਕੀਮ ਦੀ ਥਾਂ ਤੇ ਬੱਝਵੀਂ ਗਰਾਂਟ ਦੇਣ ਦੇ ਫੈਸਲੇ ਕਾਰਨ ਕਾਲਜ ਟੀਚਰਾਂ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ ਹੈ। ਉਕਤ ਕਾਲਜਾਂ ਦੇ ਟੀਚਰ ਤਾਂ ਯੂ.ਜੀ.ਸੀ. ਵਲੋਂ ਸਿਫਾਰਸ਼ ਕੀਤੇ ਗਰੇਡਾਂ ਤੋਂ ਵਾਂਝੇ ਰੱਖੇ ਜਾਣ ਵਿਰੁੱਧ ਪਹਿਲਾਂ ਹੀ ਸੰਘਰਸ਼ ਕਰ ਰਹੇ ਸਨ। ਟੀਚਰਾਂ ਨੇ 15 ਮਾਰਚ ਤੋਂ ਆਰੰਭ ਹੋ ਰਹੀਆਂ ਤਿੰਨਾਂ ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਵਿਦਿਆਰਥੀਆਂ ਦੇ ਭਵਿੱਖ ਤੇ ਮਾੜਾ ਪ੍ਰਭਾਵ ਪਵੇਗਾ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ (ਸਰਦਾਰ ਤੋਤਾ ਸਿੰਘ) : ਕਾਮਰੇਡ ਹਰਦੇਵ ਸਿੰਘ ਅਰਸ਼ੀ, ਐਮ.ਐਲ.ਏ., ਵੱਲੋਂ ਉਠਾਏ ਗਏ ਲੋਕ ਮਹੱਤਤਾ ਦੇ ਅਹਿਮ ਜ਼ਰੂਰੀ ਮਤੇ ਦੇ ਸਬੰਧ ਵਿੱਚ ਸਰਕਾਰ ਸਪੱਸ਼ਟ ਕਰਦੀ ਹੈ ਕਿ ਪੰਜਾਬ ਸਰਕਾਰ ਵਲੋਂ ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੂੰ ਮਿਤੀ 1-11-1998 ਤੋਂ 95% ਘਾਟੇ ਦੀ ਸਕੀਮ ਅਧੀਨ ਗਰਾਂਟ ਦਿੱਤੀ ਜਾ ਰਹੀ ਹੈ । ਸਰਕਾਰ ਵੱਲੋਂ ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਕਾਲਜਾਂ ਨੂੰ 95% ਘਾਟੇ ਦੀ ਸਕੀਮ ਅਧੀਨ ਗਰਾਂਟ ਦੀ ਬਜਾਏ ਬੱਝਵੀਂ ਗਰਾਂਟ ਦੇਣ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ । ਜਿੱਥੋਂ ਤੱਕ ਅਜਿਹੇ ਕਾਲਜਾਂ ਨੂੰ ਯੂ.ਜੀ.ਸੀ. ਵੱਲੋਂ ਸਿਫਾਰਸ਼ ਕੀਤੇ ਗਰੇਡ ਦੇਣ ਦਾ ਸਬੰਧ ਹੈ, ਇਹ ਮਾਮਲਾ ਸਰਗਰਮੀ ਨਾਲ ਸਰਕਾਰ ਦੇ ਵਿਚਾਰ ਅਧੀਨ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ: ਸਪੀਕਰ ਸਾਹਿਬ, ਇਹ ਮਸਲਾ ਜ਼ੀਰੋ ਆਵਰ ਵਿੱਚ ਵੀ ਡਿਸਕਸ ਹੋ ਚੁੱਕਾ ਹੈ । ਇਸ ਕਰਕੇ ਮੈਂ ਇਸ ਨੂੰ ਜ਼ਿਆਦਾ ਲੰਬਾ ਨਹੀਂ ਕਰਨਾ ਚਾਹੁੰਦਾ । ਮੰਤਰੀ ਜੀ ਨੇ ਕਿਹਾ ਹੈ ਕਿ 95% ਘਾਟੇ ਦੀ ਸਕੀਮ ਅਧੀਨ ਗਰਾਂਟ ਦੀ ਬਜਾਏ ਬੱਝਵੀਂ ਗਰਾਂਟ ਦੇਣ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ । ਇਹ 95% ਤੋਂ ਘਟਾ ਕੇ 90% ਕਰ ਦਿੱਤੀ ਹੈ । ਇਹ ਗਰਾਂਟ ਸੈਲਰੀ ਨਾਲ ਜੁੜੀ ਹੋਈ ਹੈ । ਇਸ ਕਰਕੇ ਸੈਲਰੀ ਵਿੱਚ ਕੱਟ ਨਹੀਂ ਲਗਾਈ ਜਾ ਸਕਦੀ । ਸਪੀਕਰ ਸਾਹਿਬ ਟੀਚਰਾਂ ਵਿੱਚ ਜ਼ਿਆਦਾ ਅਨ-ਰੈਸਟ ਇਸ ਗੱਲ ਦੀ ਹੈ ਕਿ ਯੂ.ਜੀ.ਸੀ. ਨੇ ਜੋ ਸਿਫਾਰਸ਼ਾਂ ਦੀ ਰਿਕੁਮੈਂਡੇਸ਼ਨ ਕੀਤੀ ਹੈ, ਉਹ ਸਵਾ ਚਾਰ ਸਾਲ ਵਾਸਤੇ ਕੀਤੀ ਹੈ । ਇਸ ਤੋਂ ਬਾਅਦ ਖਰਚਾ ਪੰਜਾਬ ਸਰਕਾਰ ਕਰੇਗੀ । ਹੁਣ, ਸਪੀਕਰ ਸਾਹਿਬ, ਸਾਲ 1996 ਤੋਂ 31-3-2000 ਤੱਕ ਜਿਹੜਾ ਖਰਚਾ ਹੋਵੇਗਾ, ਉਸ ਵਿੱਚ 80% ਸੈਂਟਰ ਸਰਕਾਰ ਖ਼ਰਚ ਕਰੇਗੀ, 5% ਮੈਨੇਜਮੈਂਟ ਅਤੇ ਸਿਰਫ 15% ਸਟੇਟ ਸਰਕਾਰ ਖਰਚਾ ਕਰੇਗੀ । ਸਪੀਕਰ ਸਾਹਿਬ, ਸਿਰਫ 15% ਪਿੱਛੇ ਗੱਲ ਸਿਰੇ ਕਿਉਂ ਨਹੀਂ ਚੜ੍ਹ ਰਹੀ ? ਟੀਚਰਾਂ ਨੂੰ ਟੇਬਲ ਤੇ ਬਿਠਾ ਕੇ ਗੱਲ ਕਿਉਂ ਨਹੀਂ ਕੀਤੀ ਜਾ ਰਹੀ ? ਤਿੰਨੇ ਯੂਨੀਵਰਸਿਟੀਆਂ ਨੇ ਆਪਣੀਆਂ ਪ੍ਰੀਖਿਆਵਾਂ ਪੋਸਟਪੋਨ ਕਰ ਦਿੱਤੀਆਂ ਹਨ । ਇਸ ਨਾਲ ਬੱਚਿਆਂ ਦੇ ਭਵਿੱਖ ਤੇ ਮਾੜਾ ਅਸਰ ਪਵੇਗਾ । ਇਸ ਲਈ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਖਜ਼ਾਨਾ ਮੰਤਰੀ ਜੀ ਨਾਲ ਰਾਏ ਕਰਨ ਉਪਰੰਤ 15% ਦਾ ਭਾਰ ਸਰਕਾਰੀ ਖਜ਼ਾਨੇ ਤੇ ਪਾ ਕੇ ਬੱਚਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੀ ਪ੍ਰਵਾਨਗੀ ਦਿੱਤੀ ਜਾਵੇਗੀ ਤਾਂ ਕਿ ਕਾਲਜਾਂ ਦੇ ਟੀਚਰ ਅਤੇ ਪ੍ਰੋਫੈਸਰ ਆਪਣੀ ਸਿੱਖਿਆ ਦੀ ਜ਼ਿੰਮੇਵਾਰੀ ਸੰਭਾਲ ਸਕਣ ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਦਾ ਹਾਂ ਕਿ ਇਹ ਸਾਰਾ ਕੁਝ ਸਾਡੇ ਵਿਚਾਰ ਅਧੀਨ ਹੈ । ਅਸੀਂ ਹਰ ਇੱਕ ਪੱਖ ਤੋਂ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਾਂ । ਸਾਨੂੰ ਬੱਚਿਆਂ ਨਾਲ ਹਮਦਰਦੀ ਹੈ ਤਾਂ ਕਿ ਉਨ੍ਹਾਂ ਦਾ ਭਵਿੱਖ ਖਰਾਬ ਨਾ ਹੋਵੇ ।

———

(ਕ੍ਰਮ ਨੰ. 15)

1. ਕਾਮਰੇਡ ਅਜੈਬ ਸਿੰਘ ਰੋਂਤਾ
2. ਕਾਮਰੇਡ ਹਰਦੇਵ ਸਿੰਘ ਅਰਸ਼ੀ
:ਸ੍ਰੀ ਮਾਨ ਜੀ, ਮੈਂ ਸਰਕਾਰ ਦਾ

ਧਿਆਨ ਲੋਕ ਮਹੱਤਤਾ ਦੇ ਇਕ ਅਹਿਮ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ ਕਿ ਨਵੀਂ ਕਣਕ ਕੁਝ ਦਿਨਾਂ ਉਪਰੰਤ ਮੰਡੀ ਵਿੱਚ ਆਉਣੀ ਆਰੰਭ ਹੋ ਜਾਵੇਗੀ ਪ੍ਰੰਤੂ ਪਿਛਲੇ ਸਾਲ ਦੀ 40 ਲੱਖ ਟਨ ਕਣਕ ਦਾ ਭਾਰੀ ਭੰਡਾਰ, ਖੁੱਲ੍ਹੇ ਅਸਮਾਨਾਂ ਤੇ ਸਟੋਰਾਂ ਵਿੱਚ ਮੌਜੂਦ ਹੈ ਜਿਸ ਨੂੰ ਹਾਲੇ ਤੱਕ ਚੁਕਾਇਆ ਨਹੀਂ ਗਿਆ ਹੈ ਜਿਸ ਦੇ ਸਿੱਟੇ ਵਜੋਂ ਨਵੀਂ ਖਰੀਦੀ ਗਈ ਕਣਕ ਦੀ ਜਿਣਸ ਨੂੰ ਸਟੋਰ ਕਰਨ ਵਿੱਚ ਭਾਰੀ ਪ੍ਰੇਸ਼ਾਨੀ ਹੋਵੇਗੀ । ਉਕਤ ਸਮੱਸਿਆ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਕਿਹੜੀ ਪੱਧਰ ਤੇ ਕੀ ਪ੍ਰਬੰਧ ਕਰ ਰਹੀ ਹੈ ?

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰਨ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸਪੀਕਰ ਸਾਹਿਬ, ਪੰਜਾਬ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਵੱਲੋਂ ਭਾਰਤ ਸਰਕਾਰ ਦੀ ਤਰਫੋਂ ਸੈਂਟਰਲ ਪੂਲ ਲਈ ਅਨਾਜ ਦੀ ਖਰੀਦ ਕੀਤੀ ਜਾਂਦੀ ਹੈ। ਇਨ੍ਹਾਂ ਏਜੰਸੀਆਂ ਤੋਂ ਇਲਾਵਾ ਭਾਰਤੀ ਖੁਰਾਕ ਨਿਗਮ ਵੱਲੋਂ ਵੀ ਪੰਜਾਬ ਰਾਜ ਵਿੱਚ ਅਨਾਜ ਦੀ ਖਰੀਦ ਕੀਤੀ ਜਾਂਦੀ ਹੈ । ਇਸ ਤਰ੍ਹਾਂ ਖਰੀਦ ਕੀਤਾ ਅਨਾਜ ਭਾਰਤੀ ਖੁਰਾਕ ਨਿਗਮ ਨੂੰ ਸੌਂਪ ਦਿੱਤਾ ਜਾਂਦਾ ਹੈ । ਕਣਕ ਦੀ ਨਿਕਾਸੀ ਦੀ ਗਤੀ ਧੀਮੀ ਹੋਣ ਕਾਰਨ ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਪਾਸ ਕਣਕ ਦੇ ਭੰਡਾਰ ਦੋ ਤੋਂ ਤਿੰਨ ਸਾਲ ਤੱਕ ਜਮ੍ਹਾਂ ਹੋ ਜਾਂਦੇ ਹਨ ।

ਇਹ ਠੀਕ ਹੈ ਕਿ ਮਿਤੀ 1-3-1999 ਤੱਕ ਪੰਜਾਬ ਵਿੱਚ 43.97 ਲੱਖ ਟਨ ਕਣਕ ਪਿਛਲੇ ਸਾਲਾਂ ਦੀ ਪੰਜਾਬ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਦੇ ਗੁਦਾਮਾਂ/ਪਲਿੰਥਾਂ ਵਿੱਚ ਪਈ ਹੈ । ਇਸ ਤੋਂ ਇਲਾਵਾ ਭਾਰਤੀ ਖੁਰਾਕ ਨਿਗਮ ਕੋਲ 6.93 ਲੱਖ ਟਨ ਕਣਕ ਉਹਦੇ ਗੁਦਾਮਾਂ/ਪਲਿੰਥਾਂ ਵਿੱਚ ਪਈ ਹੈ ।

ਪੰਜਾਬ ਸਰਕਾਰ ਵੱਲੋਂ ਡਾਇਰੈਕਟਰ, ਖੁਰਾਕ ਤੇ ਸਪਲਾਈਜ਼, ਸਕੱਤਰ, ਖੁਰਾਕ ਤੇ ਸਪਲਾਈਜ਼, ਖੁਰਾਕ ਤੇ ਸਪਲਾਈਜ਼ ਮੰਤਰੀ, ਪੰਜਾਬ ਅਤੇ ਮੁੱਖ ਮੰਤਰੀ ਜੀ ਦੀ ਪੱਧਰ ਤੇ ਭਾਰਤ ਸਰਕਾਰ/ਭਾਰਤੀ ਖੁਰਾਕ ਨਿਗਮ ਨੂੰ ਬੇਨਤੀ ਕੀਤੀ ਜਾਂਦੀ ਰਹੀ ਹੈ ਕਿ ਪੰਜਾਬ ਵਿੱਚੋਂ ਅਨਾਜ ਨੂੰ ਪਹਿਲ ਦੇ ਆਧਾਰ ਤੇ ਬਾਹਰ ਭੇਜਿਆ ਜਾਵੇ । ਮਹੀਨਾ 2/99 ਦੌਰਾਨ ਭਾਰਤੀ ਖੁਰਾਕ ਨਿਗਮ, ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਨਾਲ ਸਬੰਧਿਤ ਕ੍ਰਮਵਾਰ 0.09 ਅਤੇ 1.58 ਲੱਖ ਟਨ ਕਣਕ ਦੀ ਨਿਕਾਸੀ ਹੋਈ ਸੀ । ਮਹੀਨਾ 3/99 ਦੌਰਾਨ ਰਾਜ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਨਾਲ ਸੰਬੰਧਿਤ ਕਣਕ ਲਈ 150 ਸਪੈਸ਼ਲਾਂ ਅਲਾਟ ਹੋਈਆਂ ਹਨ । ਇਨ੍ਹਾਂ ਸਪੈਸ਼ਲਾਂ ਵਿੱਚੋਂ 62 ਸਪੈਸ਼ਲਾਂ ਪੰਜਾਬ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਦੀਆਂ ਅਤੇ ਦੋ ਸਪੈਸ਼ਲਾਂ ਭਾਰਤੀ ਖੁਰਾਕ ਨਿਗਮ ਦੀਆਂ ਲੋਡ ਹੋਈਆਂ ਹਨ, ਜਿਨ੍ਹਾਂ ਵਿੱਚ ਮਿਤੀ

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

14-3-1999 ਤਕ ਕ੍ਰਮਵਾਰ 1,37,309 ਮੀਟਰਿਕ ਟਨ ਕਣਕ ਪੰਜਾਬ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਦੀ ਅਤੇ 4,640 ਮੀਟਰਿਕ ਟਨ ਕਣਕ ਭਾਰਤੀ ਖੁਰਾਕ ਨਿਗਮ ਦੀ ਲੋੜ ਹੋ ਚੱਕੀ ਹੈ।

ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਵੱਲੋਂ ਭੰਡਾਰਨ ਸਮੱਰਥਾ ਨੂੰ ਵਧਾਉਣ ਲਈ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਵੱਲੋਂ ਗਰੰਟੀ ਸਕੀਮ ਅਧੀਨ ਪਲਿੰਥ ਤਿਆਰ ਕਰਵਾਉਣ ਲਈ ਟੈਂਡਰ ਮੰਗੇ ਗਏ ਹਨ। ਡਿਪਟੀ ਕਮਿਸ਼ਨਰਾਂ ਅਤੇ ਖਰੀਦ ਏਜੰਸੀਆਂ ਨੂੰ ਵੀ ਬੇਨਤੀ ਕੀਤੀ ਗਈ ਹੈ ਕਿ ਰਬੀ, 1999 ਦੀ ਕਣਕ ਨੂੰ ਸਟੋਰ ਕਰਨ ਲਈ ਸਰਕਾਰੀ ਬਿਲਡਿੰਗਾਂ/ਸਰਕਾਰੀ ਥਾਵਾਂ ਜੋ ਕਣਕ ਦੀ ਸਟੋਰੇਜ ਲਈ ਯੋਗ ਹੋਣ, ਲੱਭਣ ਦੀ ਕੋਸ਼ਿਸ਼ ਕਰਨ। ਕੁਝ ਕੁ ਰਾਈਸ ਮਿੱਲਾਂ ਨੂੰ ਵੀ ਕਣਕ ਦੀ ਫਸਲ ਨੂੰ ਸਟੋਰ ਕਰਨ ਲਈ ਵਰਤਿਆ ਜਾ ਸਕਦਾ ਹੈ। ਕੁਝ ਥਾਵਾਂ ਤੇ ਰਾਜ ਦੀਆਂ ਏਜੰਸੀਆਂ ਵੱਲੋਂ ਭਾਰਤੀ ਖੁਰਾਕ ਨਿਗਮ ਨੂੰ ਪੁਰਾਣੀ ਪ੍ਰਥਾ ਅਨੁਸਾਰ ਮੰਡੀ ਵਿੱਚੋਂ ਸਿੱਧੇ ਤੌਰ ਤੇ ਕਣਕ ਦੀ ਡਲਿਵਰੀ ਦਿੱਤੀ ਜਾਵੇਗੀ ਜਿਸ ਕਰਕੇ ਸਟੋਰੇਜ ਦੀ ਪੁਜ਼ੀਸ਼ਨ ਸੌਖੀ ਰਹੇਗੀ।

ਇਹ ਆਸ਼ਾ ਕੀਤੀ ਜਾਂਦੀ ਹੈ ਕਿ ਆਉਣ ਵਾਲੀ ਰਬੀ, 1999 ਦੀ ਕਣਕ ਨੂੰ ਸਟੋਰ ਕਰਨ ਵਿਚ ਕੋਈ ਸਮੱਸਿਆ ਨਹੀਂ ਆਵੇਗੀ ਕਿਉਂਕਿ ਰਾਜ ਸਰਕਾਰ ਵੱਲੋਂ ਸਟਾਕ ਆਰਟੀਕਲਜ਼ ਦੀ ਪ੍ਰਾਪਤੀ ਦੇ ਸਾਰੇ ਪ੍ਰਬੰਧ ਕਰ ਲਏ ਗਏ ਹਨ ਅਤੇ ਸਟੋਰੇਜ ਸਮੱਰਥਾ ਵੀ ਲੋੜੀਂਦੀ ਮਾਤਰਾ ਵਿੱਚ ਉਪਲਬਧ ਕਰਵਾ ਦਿੱਤੀ ਜਾਵੇਗੀ।

ਕਾਮਰੇਡ ਅਜੈਬ ਸਿੰਘ ਰੋਡਾ : ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜਵਾਬ ਵਿੱਚ ਕਿਹਾ ਹੈ ਕਿ ਸਰਕਾਰੀ ਖਰੀਦ ਏਜੰਸੀਆਂ ਕਣਕ ਦੀ ਖਰੀਦ ਕਰਦੀਆਂ ਹਨ ਔਰ 1 ਤੋਂ 3 ਸਾਲ ਤੱਕ ਦਾ ਸਟਾਕ ਇਕੱਠਾ ਹੋ ਚੁੱਕਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਾਰਾ ਸਾਲ ਬੀਤ ਚੁੱਕਾ ਹੈ, ਨਵੀਂ ਕਣਕ ਜਿਹੜੀ ਹੈ ਉਹ ਇਸ ਮਹੀਨੇ ਵਿੱਚ ਆਉਣੀ ਸ਼ੁਰੂ ਹੋ ਜਾਣੀ ਹੈ। 40 ਲੱਖ ਟਨ ਜਿਹੜੀ ਕਣਕ ਹੈ, ਜਿਹੜਾ ਇਨ੍ਹਾਂ ਨੇ ਆਪ ਮੰਨਿਆ ਹੈ ਕਿ ਉਹ ਨੀਲੀ ਛੱਤ ਥੱਲੇ ਪਈ ਹੈ। ਬਾਰਸ਼ਾਂ ਵੀ ਆਉਂਦੀਆਂ ਹਨ। ਮੌਸਮ ਵੀ ਖਰਾਬ ਹੁੰਦੇ ਹਨ। ਇਸ ਲਈ ਮੈਂ ਮੰਤਰੀ ਜੀ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਇਹ ਕਣਕ ਨੂੰ ਸਟੋਰ ਕਰਨ ਲਈ ਅੱਗੇ ਤੋਂ ਧਿਆਨ ਰੱਖਣਗੇ। ਇਸ ਤੋਂ ਇਲਾਵਾ ਮੈਂ ਇਹ ਵੀ ਜਾਣਨਾ ਚਾਹੁੰਦਾ ਹਾਂ ਕਿ ਜਿਹੜੇ ਦੂਸਰੇ ਸੂਬੇ ਹਨ ਜਿਨ੍ਹਾਂ ਨੂੰ ਕਣਕ ਦੀ ਜ਼ਰੂਰਤ ਹੋਵੇ ਉਥੇ ਇਹ ਕਣਕ ਕਿਉਂ ਨਹੀਂ ਲਿਫਟ ਕਰਵਾਈ ਜਾਂਦੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਚਿੰਤਾ ਦਾ ਵਿਸ਼ਾ ਸੀ ਅਤੇ ਇਸ ਬਾਰੇ ਅਸੀਂ ਵੀ ਚਿੰਤਤ ਸੀ। ਅਸੀਂ ਭਾਰਤ ਸਰਕਾਰ ਨੂੰ ਫਰਾਮ ਟਾਈਮ ਟੂ ਟਾਈਮ ਕਣਕ ਦੀ ਚੁਕਾਈ ਕਰਨ ਵਾਸਤੇ ਬੇਨਤੀ ਕਰਦੇ ਰਹੇ ਹਾਂ ਅਤੇ ਅਸੀਂ ਜਿੰਨੀ ਕੁ ਖਾਣ ਲਈ ਸਟੇਟ ਦੀ ਡਿਮਾਂਡ ਹੈ ਉਸ ਦੇ ਅਧਾਰ ਤੇ ਚੁੱਕਦੇ ਹਾਂ। ਕੁਝ ਕਣਕ ਪਿਛਲੇ ਸਾਲ ਵਿੱਚ ਇੰਪੋਰਟ ਕੀਤੀ ਗਈ। ਪਰ ਉਹ ਕੰਜ਼ਿਊਮਿੰਗ ਸਟੇਟ ਦੇ ਵਿੱਚ ਨਹੀਂ

ਦਿੱਤੀ ਗਈ । ਇਸ ਵੇਲੇ ਸਾਡੇ ਕੋਲ ਜਿਹੜੀ ਪ੍ਰੈਜੇਂਟ ਵੇਕੈਂਟ ਕਵਰਡ ਅਤੇ ਅਨ-ਕਵਰਡ ਸਪੇਸ ਹੈ, ਉਹ 31.16 ਲੱਖ ਮੀਟਰਿਕ ਟਨ ਹੈ । ਅਸੀਂ ਪਲੈਂਥਾਂ ਵਾਸਤੇ ਟੈਂਡਰ ਮੰਗੇ ਹਨ । ਇਹ ਸਾਡੇ ਕੋਲ 4.5 ਲੱਖ ਟਨ ਕਣਕ ਸਬੰਧੀ ਆ ਚੁੱਕੇ ਹਨ । ਇਸ ਤਰ੍ਹਾਂ ਪਲੈਂਥਾਂ ਵਾਲਾ ਕੰਮ ਪ੍ਰਾਗਰੈਸ ਵਿੱਚ ਹੈ । 1.5 ਲੱਖ ਟਨ 14 ਮਾਰਚ ਤੱਕ ਲਿਫਟ ਹੋ ਚੁੱਕੀ ਹੈ । ਇਸ ਤੋਂ ਇਲਾਵਾ ਅਸੀਂ 150 ਗੱਡੀਆਂ ਲਾਈਆਂ ਹਨ । ਜਿਨ੍ਹਾਂ ਵਿੱਚੋਂ 64 ਗੱਡੀਆਂ ਡਾਇਰੈਕਟ ਐਫ.ਸੀ.ਆਈ., ਵਿਚ ਚਲੀਆਂ ਜਾਂਦੀਆ ਹਨ । ਡਾਇਰੈਕਟ ਡਿਲਿਵਰੀ ਦਾ ਆਉਣ ਵਾਲੇ ਸਮੇਂ ਵਿੱਚ ਪੂਰਾ ਪ੍ਰਬੰਧ ਕਰ ਦਿੱਤਾ ਹੈ । ਪਲੈਂਥਾਂ ਦਾ ਅਰੇਂਜਮੈਂਟ ਕੀਤਾ ਜਾ ਚੁੱਕਾ ਹੈ । ਮੈਂ ਹਾਊਸ ਵਿਚ ਵਿਸ਼ਵਾਸ ਦਿਲਾਉਂਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਜਿੰਨੀ ਵੀ ਕਣਕ ਦੀ ਮਿਕਦਾਰ ਮੰਡੀਆਂ ਵਿਚ ਆਵੇਗੀ, ਉਨ੍ਹਾਂ ਦਾ ਮੰਡੀਆਂ ਵਿਚ ਇੰਤਜ਼ਾਮ ਕਰ ਦਿੱਤਾ ਹੈ ਅਤੇ ਸਟੋਰਿੰਗ ਕਰਨ ਦੀ ਪੂਰੀ ਵਿਵਸਥਾ ਕੀਤੀ ਜਾਵੇਗੀ ।

ਸਰਦਾਰ ਗੁਰਦੇਵ ਸਿੰਘ ਸਿੱਧੂ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ.........

..

ਸ੍ਰੀ ਸਪੀਕਰ: ਤੁਸੀਂ ਕਾਲ ਅਟੈਨਸ਼ਨ ਨਾਲ ਸਬੰਧਿਤ ਕੁਐਸਚਨ ਪੁੱਛੋ ।

ਸਰਦਾਰ ਗੁਰਦੇਵ ਸਿੰਘ ਸਿੱਧੂ: ਸਪੀਕਰ ਸਾਹਿਬ, ਕੀ ਮੈਨੂੰ ਪੁਆਇੰਟ ਆਫ ਆਰਡਰ ਕਰਨ ਦਾ ਹੱਕ ਨਹੀਂ ਹੈ ?

ਸ੍ਰੀ ਸਪੀਕਰ: ਤੁਸੀਂ ਕੁਐਸਚਨ ਪੁੱਛੋ: ।

ਸਰਦਾਰ ਗੁਰਦੇਵ ਸਿੰਘ ਸਿੱਧੂ: ** **

Mr. Speaker: Not allowed.

ਇਸ ਬਾਰੇ ਤੁਸੀਂ ਸੈਪਰੇਟ ਲਿਖ ਕੇ ਦੇ ਦੇਣਾ ।

ਸਰਦਾਰ ਗੁਰਦੇਵ ਸਿੰਘ ਸਿੱਧੂ ** **

Mr. Speaker: Not allowed.

ਅਗਲੀ ਕਾਲ ਅਟੈਨਸ਼ਨ, ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ।

(क्रम संख्या 17)

श्रीमती लक्ष्मी कांता चावला : मैं सरकार का ध्यान सार्वजनिक महत्व के अत्यावश्यक मामले की और आकर्षित करना चाहती हूँ अर्थात पंजाब में मिट्टी के तेल की ब्लैक जारों पर है । राशन डिपो पर लोगों को तेल पूरा नहीं मिलता लेकिन खुली मार्किट में 10/-रुपये से लेकर 12/-रुपये तक बोतल तेल सरेआम बिक रहा है इस

** Expunged as ordered by the Chair.

[श्रीमती लक्ष्मी कांता चावला]

से आम आदमी का चुल्हा ठण्डा हो गया है । सरकार इस समस्या का समाधान भी ढूँढे और सदन में इस सम्बन्ध में वक्तव्य भी दें ।

महत्व : तेल की कमी से गरीब आदमी सब से ज्यादा परेशान है और तेल न मिलने से रोटी बनाना भी कठिन है । इस विषय के महत्व को देखते हुये इस ध्यानाकर्षण प्रस्ताव को स्वीकार किया जाये ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਪੰਜਾਬ ਰਾਜ ਦਾ ਮਿੱਟੀ ਦੇ ਤੇਲ ਦਾ ਹਿਸਟੋਰਿਕ ਕੋਟਾ 36,663 ਕਿਲੋ ਲੀਟਰ ਪ੍ਰਤੀ ਮਹੀਨਾ ਹੈ । ਇਸ ਮਿਕਦਾਰ ਨੂੰ 254 ਹੋਲਸੇਲ ਡੀਲਰਾਂ ਅਤੇ 15,138 ਡਿਪੂ ਹੋਲਡਰਾਂ ਦੁਆਰਾ ਖਪਤਕਾਰਾਂ ਨੂੰ ਵੰਡਿਆ ਜਾਂਦਾ ਹੈ । ਸ਼ਹਿਰੀ ਅਤੇ ਪੇਂਡੂ ਕਾਰਡ ਹੋਲਡਰਾਂ ਨੂੰ 60 : 40 ਦੇ ਅਨੁਪਾਤ ਵਿੱਚ ਵੰਡਿਆ ਜਾਂਦਾ ਹੈ ਭਾਵ ਜੇਕਰ ਸ਼ਹਿਰਾਂ ਵਿੱਚ ਪ੍ਰਤੀ ਰਾਸ਼ਨ ਕਾਰਡ 15 ਲੀਟਰ ਤੇਲ ਦਿੱਤਾ ਜਾਂਦਾ ਹੈ ਤਾਂ ਪਿੰਡਾਂ ਵਿੱਚ 10 ਲੀਟਰ ਪ੍ਰਤੀ ਕਾਰਡ ਮਿੱਟੀ ਦਾ ਤੇਲ ਦਿੱਤਾ ਜਾਂਦਾ ਹੈ । ਇਸ ਸਮੇਂ ਪੰਜਾਬ ਵਿਚ ਜਾਰੀ ਕੀਤੇ ਜਾ ਰਹੇ ਮਿੱਟੀ ਦੇ ਤੇਲ ਦੀ ਔਸਤਨ ਮਿਕਦਾਰ 8.5 ਲੀਟਰ ਪ੍ਰਤੀ ਰਾਸ਼ਨ ਕਾਰਡ ਪ੍ਰਤੀ ਮਹੀਨਾ ਬਣਦੀ ਹੈ । ਅਜਿਹਾ ਭਾਰਤ ਸਰਕਾਰ ਵੱਲੋਂ ਦਿੱਤੇ ਜਾ ਰਹੇ ਮਿੱਟੀ ਦੇ ਤੇਲ ਦੀ ਘੱਟ ਸਪਲਾਈ ਕਾਰਨ ਹੈ । ਇਸ ਤੋਂ ਇਲਾਵਾ ਪ੍ਰਵਾਸੀ ਮਜ਼ਦੂਰਾਂ ਨੂੰ ਵੀ ਮਿੱਟੀ ਦਾ ਤੇਲ ਜਾਰੀ ਕੀਤਾ ਜਾਂਦਾ ਹੈ । ਇਕ ਸਿਲੰਡਰ ਵਾਲੇ ਗੈਸ ਖਪਤਕਾਰਾਂ ਨੂੰ 5 ਲੀਟਰ ਪ੍ਰਤੀ ਕਾਰਡ, ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ ਜਦ ਕਿ ਦੋ ਸਿਲੰਡਰ ਵਾਲੇ ਖਪਤਕਾਰਾਂ ਨੂੰ ਮਿੱਟੀ ਦਾ ਤੇਲ ਨਹੀਂ ਦਿੱਤਾ ਜਾਂਦਾ । ਖਪਤ-ਕਾਰਾਂ ਨੂੰ ਮਿੱਟੀ ਦਾ ਤੇਲ ਵਿਭਾਗ ਵਲੋਂ ਕੀਤੀ ਗਈ ਐਲੋਕੇਸ਼ਨ ਦੇ ਆਧਾਰ ਤੇ ਵੰਡਿਆ ਜਾਂਦਾ ਹੈ, ਜਿਹੜੀ ਕਿ ਰਿਟੇਲ ਡਿਪੂ ਨਾਲ ਲੱਗੇ ਰਾਸ਼ਨ ਕਾਰਡਾਂ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ । ਮਿੱਟੀ ਦੇ ਤੇਲ ਦੀ ਕਾਲਾ ਬਜ਼ਾਰੀ ਅਤੇ ਕੁਵਰਤੋਂ ਨੂੰ ਰੋਕਣ ਲਈ ਸਰਕਾਰ ਨੇ ਬਹੁਤ ਸਾਰੇ ਕਦਮ ਚੁੱਕੇ ਹਨ । ਖਪਤਕਾਰਾਂ ਨੂੰ ਤੇਲ ਦੀ ਵੰਡ ਕਰਨ ਤੋਂ ਪਹਿਲਾਂ ਮਿੱਟੀ ਦੇ ਤੇਲ ਦੇ ਥੋਕ ਵਿਕਰੇਤਾ, ਪਰਚੂਨ ਵਿਕਰੇਤਾ ਦੇ ਕਾਰੋਬਾਰੀ ਸਥਾਨਾਂ ਤੇ ਤੇਲ ਦੀ ਪ੍ਰਾਪਤੀ ਦੀ ਖੁਰਾਕ ਤੇ ਸਪਲਾਈ ਵਿਭਾਗ ਦੇ ਅਧਿਕਾਰੀਆਂ, ਕਰਮਚਾਰੀਆਂ ਵਲੋਂ ਵਾਸਤਵਿਕ ਪੜਤਾਲ ਕੀਤੀ ਜਾਂਦੀ ਹੈ । ਇਸ ਤੋਂ ਇਲਾਵਾ ਪਿੰਡਾਂ ਵਿਚ ਸਥਿਤ ਡਿਪੂ ਹੋਲਡਰਾਂ, ਪਰਚੂਨ ਲਾਇਸੰਸੀਆਂ ਵਲੋਂ ਤੇਲ ਦੀ ਪ੍ਰਾਪਤੀ ਅਤੇ ਵੰਡ ਸਬੰਧੀ ਪਿੰਡ ਦੇ ਸਰਪੰਚ ਤੋਂ ਹਰ ਮਹੀਨੇ ਸਰਟੀਫਿਕੇਟ ਪ੍ਰਾਪਤ ਕੀਤਾ ਜਾਂਦਾ ਹੈ । ਇਸ ਦੇ ਨਾਲ ਹੀ ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰਾਂ ਨੂੰ ਉਨ੍ਹਾਂ ਦੇ ਜ਼ਿਲ੍ਹੇ ਵਿਚ ਹਰ ਮਹੀਨੇ ਹੋਈ ਤੇਲ ਦੀ ਪ੍ਰਾਪਤੀ ਅਤੇ ਉਸ ਦੀ ਖਪਤਕਾਰਾਂ ਨੂੰ ਠੀਕ ਵੰਡ ਸਬੰਧੀ ਮੁੱਖ ਦਫਤਰ ਨੂੰ ਸਰਟੀਫਿਕੇਟ ਪੇਸ਼ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ ਹਨ । ਲੋਕ ਵੰਡ ਪ੍ਰਣਾਲੀ ਅਧੀਨ ਵੰਡੇ ਜਾ ਰਹੇ ਤੇਲ ਨੂੰ ਭਾਰਤ ਸਰਕਾਰ ਵਲੋਂ ਨੀਲੇ ਰੰਗ ਦਾ ਕਰ ਦਿੱਤਾ ਗਿਆ ਹੈ ਤਾਂ ਜੋ ਇਸ ਦੀ ਅਤੇ ਖੁੱਲ੍ਹੇ ਬਜ਼ਾਰ ਵਿਚ ਵਿਕ ਰਹੇ ਤੇਲ ਦੀ ਵੱਖਰੀ ਪਹਿਚਾਨ ਹੋ ਸਕੇ ਅਤੇ ਲੋਕ ਵੰਡ ਪ੍ਰਣਾਲੀ ਅਧੀਨ ਵੰਡਿਆ ਜਾ ਰਿਹਾ ਤੇਲ, ਡੀਜ਼ਲ ਅਤੇ ਪੈਟਰੋਲ ਵਿਚ ਨਾ ਮਿਲਾਇਆ ਜਾ ਸਕੇ । ਇਸ ਤੋਂ ਇਲਾਵਾ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਉਨ੍ਹਾਂ ਵਲੋਂ ਤਾਇਨਾਤ ਅਫਸਰ ਮਿੱਟੀ ਦੇ ਤੇਲ ਦੀ ਕਾਲਾ ਬਜ਼ਾਰੀ ਨੂੰ ਰੋਕਣ ਲਈ ਹਰ ਸਮੇਂ ਪੜਤਾਲ ਕਰ ਸਕਦੇ ਹਨ । ਮਿੱਟੀ ਦੇ ਤੇਲ

ਦੇ ਪਰਚੂਨ ਵਿਕਰੇਤਾ, ਥੋਕ ਵਿਕਰੇਤਾ, ਦੀਆਂ ਪੜਤਾਲਾਂ ਕਰਨ ਲਈ ਵਿਭਾਗ ਵੱਲੋਂ ਆਪਣੇ ਅਫ਼ਸਰਾਂ ਦੇ ਮਹੀਨਾਵਾਰ ਚੈਕਿੰਗ ਨਾਰਮ ਨਿਰਧਾਰਿਤ ਕੀਤੇ ਹੋਏ ਹਨ । ਜਿਸ ਅਨੁਸਾਰ ਉਹ ਆਪਣੀਆਂ ਰਿਪੋਰਟਾਂ ਵਿਭਾਗ ਨੂੰ ਪੇਸ਼ ਕਰਦੇ ਹਨ । ਇਸ ਤੋਂ ਇਲਾਵਾ ਮਿੱਟੀ ਦੇ ਤੇਲ ਦੇ ਡੀਲਰਾਂ ਵਲੋਂ ਕੀਤੀਆਂ ਜਾ ਰਹੀਆਂ ਕੁਤਾਹੀਆਂ ਦੀਆਂ ਪੜਤਾਲਾਂ ਕਰਨ ਲਈ ਮਹਿਕਮੇ ਦੇ ਫਲਾਇੰਗ ਸੁਕਐਡ ਵਲੋਂ ਸੂਬੇ ਵਿਚ ਅਚਨਚੇਤ ਛਾਪੇ ਮਾਰੇ ਜਾਂਦੇ ਹਨ । ਜੇਕਰ ਫੀਲਡ ਅਫ਼ਸਰਾਂ ਅਤੇ ਮੁੱਖ ਦਫ਼ਤਰ ਦੇ ਫਲਾਇੰਗ ਸੁਕਐਡ ਵੱਲੋਂ ਪੜਤਾਲਾਂ ਦੇ ਨਤੀਜੇ ਵਜੋਂ ਕੋਈ ਕੁਤਾਹੀ ਪਾਈ ਜਾਂਦੀ ਹੈ ਤਾਂ ਥੋਕ ਵਿਕਰੇਤਾਵਾਂ, ਪਰਚੂਨ ਵਿਕਰੇਤਾਵਾਂ ਅਤੇ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਨਿਗਰਾਨ ਅਮਲੇ ਵਿਰੁੱਧ ਲੋੜੀਂਦੀ ਢੁਕਵੀਂ ਕਾਰਵਾਈ ਕੀਤੀ ਜਾਂਦੀ ਹੈ । ਜਨਵਰੀ, 1999 ਦੌਰਾਨ ਸੂਬਾ ਸਰਕਾਰ ਵਲੋਂ ਫੀਲਡ ਅਫ਼ਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਮਿੱਟੀ ਦੇ ਤੇਲ ਦੀ ਵੰਡ ਵਿਚ ਪਾਏ ਗਏ ਕਸੂਰਵਾਰ ਡਿਪੂ ਹੋਲਡਰਾਂ ਮਿੱਟੀ ਦੇ ਤੇਲ ਦੇ ਪਰਚੂਨ ਵਿਕਰੇਤਾ ਵਿਰੁੱਧ ਜ਼ਰੂਰੀ ਵਸਤਾਂ ਐਕਟ ਦੀਆਂ ਸਬੰਧਿਤ ਧਾਰਾਵਾਂ ਅਧੀਨ ਫੌਜਦਾਰੀ ਕੇਸ ਦਰਜ ਕਰਵਾਏ ਜਾਣ । ਮਿਤੀ 1-1-1998 ਤੋਂ ਮਿਤੀ 31-1-1999 ਦੇ ਸਮੇਂ ਦੌਰਾਨ ਮਿੱਟੀ ਦੇ ਤੇਲ ਦੇ ਥੋਕ ਵਿਕਰੇਤਾਵਾਂ ਪਰਚੂਨ ਵਿਕਰੇਤਾਵਾਂ ਦੀਆਂ 41,489 ਪੜਤਾਲਾਂ ਕੀਤੀਆਂ ਗਈਆਂ ਹਨ । ਨਤੀਜੇ ਦੇ ਤੌਰ ਤੇ 65 ਲਾਇਸੰਸ ਰੱਦ ਕੀਤੇ ਗਏ, 794 ਲਾਇਸੰਸ ਮੁਅੱਤਲ ਕੀਤੇ ਗਏ ਅਤੇ 5,54,550/- ਰੁਪਏ ਬਤੌਰ ਜੁਰਮਾਨਾ ਵਸੂਲ ਕੀਤੇ ਗਏ । ਸੂਬੇ ਦਾ ਖੁਰਾਕ ਤੇ ਸਪਲਾਈਜ਼ ਵਿਭਾਗ ਇਸ ਸਮੱਸਿਆ ਸਬੰਧੀ ਪੂਰੀ ਤਰ੍ਹਾਂ ਜਾਗਰੂਕ ਹੈ ਅਤੇ ਲੋਕ ਵੰਡ ਪ੍ਰਣਾਲੀ ਅਧੀਨ ਖਪਤਕਾਰਾਂ ਨੂੰ ਜਾਰੀ ਕੀਤੇ ਜਾ ਰਹੇ ਮਿੱਟੀ ਦੇ ਤੇਲ ਦੀ ਕਾਲਾ ਬਜ਼ਾਰੀ ਰੋਕਣ ਲਈ ਅਸਰਦਾਰ ਕਦਮ ਚੁੱਕੇ ਗਏ ਹਨ । ਜਿੱਥੋਂ ਤੱਕ ਰਾਸ਼ਨ ਕਾਰਡ ਹੋਲਡਰਾਂ ਨੂੰ ਮਿੱਟੀ ਦੇ ਤੇਲ ਦੀ ਵੱਧ ਸਪਲਾਈ ਦੇਣ ਦਾ ਸਬੰਧ ਹੈ, ਇਸ ਬਾਰੇ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਪੱਧਰ ਤੇ ਭਾਰਤ ਸਰਕਾਰ ਨੂੰ ਸੂਬੇ ਦਾ ਹਿਸਟੋਰਿਕ ਕੋਟਾ 70 % ਵਧਾਉਣ ਲਈ ਬੇਨਤੀ ਕੀਤੀ ਗਈ ਹੈ। ਬੋਗਸ ਕਾਰਡ ਖ਼ਤਮ ਕਰਨ ਲਈ ਖਪਤਕਾਰਾਂ ਨੂੰ ਨਵੇਂ ਰਾਸ਼ਨ ਕਾਰਡ ਜਾਰੀ ਕੀਤੇ ਜਾ ਰਹੇ ਹਨ ਅਤੇ ਰਸੋਈ ਗੈਸ ਕੁਨੈਕਸ਼ਨਾਂ ਸਬੰਧੀ ਰਾਸ਼ਨ ਕਾਰਡਾਂ ਤੇ ਮੋਹਰਾਂ ਲਗਾਈਆਂ ਜਾ ਰਹੀਆਂ ਹਨ ਤਾਂ ਜੋ ਰਸੋਈ ਗੈਸ ਵਾਲੇ ਰਾਸ਼ਨ ਕਾਰਡ ਹੋਲਡਰਾਂ ਨੂੰ ਮਿੱਟੀ ਦੇ ਤੇਲ ਦੀ ਗਲਤ ਵੰਡ ਨਾ ਹੋਵੇ । ਇਨ੍ਹਾਂ ਕਦਮਾਂ ਨਾਲ ਖਪਤਕਾਰਾਂ ਨੂੰ ਤੇਲ ਦੀ ਸਪਲਾਈ ਵਿਚ ਸੁਧਾਰ ਆਵੇਗਾ ।

श्रीमती लक्ष्मी कांता चावला : स्पीकर साहिब, मंत्री जी नें बड़ी विस्तृत, अलंकृत और फलावरी रिपोर्ट हमें दी है । मेरा प्रश्न सीधा था और मैं समाधान चाहती हूं कि इन में छापे मारे गये, इन के केस पकड़े गये और रेड़ भी होते हैं तो बताईये क्या ये सच्च है कि इंसपैक्टर हर डिपू होलडर से महीना लेते हैं ? मैं दावे से कहती हूं और आप चैक भी कर लें कि एक भी डिप्पू होलड़र महीना दिए बिना डिप्पू चलाता हो और एक भी डिप्पू होलडर सारे का सारा तेल राशन कार्ड होलडरों को देता हो । उन राशन कार्ड होलडरों को तेल नहीं मिलता । सरकारी मशीनरी में सब अच्छा ही है जैसे जेल में रात को सब अच्छा होता है। 12 रुपये बोतल लोगों को तेल मिलता है । प्रवासिओं को भी तेल लेना पड़ता है ।

ਸ਼੍ਰੀ ਸਪੀਕਰ : ਤੁਸੀਂ ਸਪੀਚ ਨਾ ਕਰੋ ।

श्रीमती लक्ष्मी कांता चावला : स्पीकर साहिब, आप ने इन को पूरा पढ़ने दिया है । इस लिये मुझे भी पूरा बोलने दीजिए । कहीं ऐसा तो नहीं कि चलिए रात गई बात गई । क्या यह इस की गारंटी करेंगे कि आज से 2-3 घंटे बाद में एक भी बोतल ब्लैक में नहीं बिकेगी और राशन कार्ड होलडरों को पूरा तेल मिलगा ? इस के इलावा आप ऐसा क्यों नहीं कर देते कि जैसे डीजल खुला मिलता है वैसे यह तेल भी खुला मिले । ब्लैक खत्म ही हो जाये । मंत्री जी, सब अच्छा नहीं है । ब्लैक हो रही है । डिपू होलडर ब्लैक कर रहे हैं । 10 की 10 बोतलें ब्लैक में जा रही हैं । इस लिये क्या आप इस को चैक करेंगे ?

ਮੰਤਰੀ : ਸਪੀਕਰ ਸਾਹਿਬ, ਭੈਣ ਜੀ ਨੇ ਜੋ ਕਿਹਾ ਹੈ ਕਿ ਬਲੈਕ ਹੁੰਦੀ ਹੈ, ਇਸ ਸਿਸਟਮ ਵਿਚ ਕੁਝ ਡਿਫੈਕਟ ਸੀ, ਇਸ ਲਈ ਅਸੀਂ ਕੁਰੈਕਟਿਵ ਮਈਯਰ ਲਏ ਹਨ । I want to add that if there was defect in the system, corrective measures have been taken. The Government led by Mr. Parkash Singh Badal has taken effective steps.

ਇਸ ਨੂੰ ਰੋਕਣ ਲਈ ਪਹਿਲਾ ਸਟੈਪ ਇਹ ਚੁੱਕਿਆ ਹੈ ਕਿ ਅਸੀਂ ਡੀਲਰਜ਼ ਕੋਲੋਂ ਡਿਟੇਲਜ਼ ਵਿਚ ਇਨਫਰਮੇਸ਼ਨ ਲੈਂਦੇ ਹਾਂ ਕਿ ਕਿੰਨਾ ਤੇਲ ਯੂਜ਼ ਕੀਤਾ ਅਤੇ ਕਿੰਨਾ ਬਕਾਇਆ ਰਹਿੰਦਾ ਹੈ । ਜਿਨ੍ਹਾਂ ਕੋਲ ਗੈਸ ਦੇ ਕੁਨੈਕਸ਼ਨ ਹਨ, ਉਨ੍ਹਾਂ ਦੇ ਨਾਵਾਂ ਦੀ ਐਂਟਰੀ ਹੋ ਜਾਂਦੀ ਹੈ ਅਤੇ ਉਹ ਤੇਲ ਲੈਂਦੇ ਨਹੀਂ ਹਨ । ਅਸੀਂ ਇਸ ਤੇਲ ਨੂੰ ਚੈਕ ਕਰਨ ਲਈ ਕਿਹਾ ਹੈ ਕਿ ਜਿਨ੍ਹਾਂ ਕੋਲ ਗੈਸ ਦੇ ਕੁਨੈਕਸ਼ਨ ਹਨ, ਉਨ੍ਹਾਂ ਨੂੰ ਡਿਲਿਵਰੀ ਦੇਣ ਵਾਲੇ ਡਿਸਟ੍ਰਿਬਿਊਟਰ ਤੋਂ ਪਤਾ ਕੀਤਾ ਜਾਵੇ ਕਿ ਇਨ੍ਹਾਂ ਦੇ ਕੋਲ ਇਕ ਸਲੰਡਰ ਹੈ ਜਾਂ ਦੋ ਸਲੰਡਰ ਹਨ । ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਅਗਰ ਇਨ੍ਹਾਂ ਦੇ ਕੋਲ ਕੋਈ ਇਨਫਰਮੇਸ਼ਨ ਹੈ ਇਹ ਸਾਨੂੰ ਦੇ ਦੇਣ, ਅਸੀਂ ਐਕਸ਼ਨ ਜ਼ਰੂਰ ਲਵਾਂਗੇ । ਇਹ ਬੇਸ਼ਕ ਆਪਣਾ ਨਾਂ ਨਾ ਦੇਣ । ਜਿਹੜੀ ਇਨ੍ਹਾਂ ਨੇ ਮਿੱਟੀ ਦੇ ਤੇਲ ਦੀ ਬਲੈਕ ਦੀ ਗੱਲ ਕੀਤੀ ਹੈ ਕਿ ਮਿੱਟੀ ਦਾ ਤੇਲ 10-12 ਰੁਪਏ ਵਿੱਚ ਵਿਕਦਾ ਹੈ, ਇਹ ਓਪਨ ਮਾਰਕੀਟ ਦੇ ਵਿੱਚ ਵਿਕਦਾ ਹੈ ਅਤੇ ਅਸੀਂ ਆਪਣੇ ਤੇਲ ਨੂੰ ਰੰਗੀਨ ਕੀਤਾ ਹੋਇਆ ਹੈ ਤਾਂ ਕਿ ਉਸ ਦੀ ਬਲੈਕ ਮਾਰਕੀਟਿੰਗ ਨਾ ਹੋ ਸਕੇ । ਮੈਂ ਇਨ੍ਹਾਂ ਨੂੰ ਆਸ਼ਵਾਸਨ ਦਿੰਦਾ ਹਾਂ ਕਿ ਇਹ ਸਾਨੂੰ ਇਨਫਰਮੇਸ਼ਨ ਦੇਣ, ਜਿਹੜੇ ਡਿਪੂ ਹੋਲਡਰਜ਼ ਬਲੈਕ ਦੇ ਵਿਚ ਤੇਲ ਵੇਚਦੇ ਹਨ, ਅਸੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਜ਼ਰੂਰ ਲਵਾਂਗੇ । ਉਨ੍ਹਾਂ ਦੇ ਨਾਲ ਸਾਡਾ ਮਹਿਕਮਾ ਕੋਈ ਲੀਨੀਐਂਸੀ ਨਹੀਂ ਵਰਤੇਗਾ ।

ਸ਼੍ਰੀ ਜਗਦੀਸ਼ ਸਾਹਨੀ : ** ** **

Mr. Speaker: Not allowed.

**Expunged as ordered by the Chair.

ਸ੍ਰੀ ਸਪੀਕਰ: ਹੁਣ ਅਸੀਂ ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਾਂਗੇ। ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ, ਤੁਸੀਂ 12 ਮਾਰਚ, 1999 ਨੂੰ 7 ਮਿੰਟ ਪਹਿਲੇ ਬੋਲ ਚੁੱਕੇ ਹੋ ਅਤੇ ਹੁਣ 5 ਮਿੰਟ ਤੁਹਾਡੇ ਬਾਕੀ ਰਹਿੰਦੇ ਹਨ।

RESUMPTION OF DISCUSSION ON GOVERNOR'S ADDRESS

श्रीमती लक्ष्मी कांता चावला (अमृतसर केन्द्रीय): अध्यक्ष महोदय, मैं 12 तारीख को बात कर रही थी कि अगर पंजाब के सारे गरीब परिवारों की सारी बेटियों के लिए अगर स्कीम होती तो बहुत अच्छा होता। इस नीति को अगर सरकार लागू करे तो अच्छा होगा।

अब शिक्षा का जिक्र किया गया है। बाबा फरीद विश्वविद्यालय का कार्य आरम्भ किया गया है। पंजाब इंस्टीच्यूट आफ मैडिकल साईंसिज और एक मैडिकल कालेज की स्थापना का जिक्र किया गया है। इस में काफी पैसा खर्च किया जा रहा है और इन की बिल्डिगों पर खर्च किया जा रहा है। यह हमारे पंजाब में कोई शान की बात नहीं है। जबकि किसी सरकारी हस्पताल में हार्ट का आप्रेशन करने का कोई इन्तजाम नहीं है, गुरदे बदलने का कोई प्रबन्ध सरकारी हस्पतालों में नहीं है। पंजाब के लोगों को लाखों रुपये खर्च करने के लिए दिल्ली जाना पड़ता है और गरीब लोग तो इतना पैसा खर्च भी नहीं कर सकते। वह अपनी जिन्दगी बचाने के लिये दिल्ली के हस्पताल का खर्च सहन नहीं कर सकते। हमारे सरकारी हस्पतालों में टी. बी. की दवाईयां नहीं है जिस कारण टी. बी. बढ़ रही है।

हमारा सीवरेज सिसटम ठीक नहीं है। इन में से बहुत बदबू आती रहती है। जिससे मच्छर पैदा हो रहे हैं। मेरा निवेदन है कि टी. बी. की दवाईओं का इन्तजाम सरकारी हस्पतालों में किया जाये। इस तरफ सरकार को ध्यान देना चाहिये। इस के इलावा जो विश्वविद्यालय की बिल्डिंग बाबा फरीद के नाम से और टैक्नीकल विश्वविद्यालय की बिल्डिंग आप बना रहे हैं, इस पर खर्च करने की बजाए सरकार सड़कें ठीक करने की तर्फ खास ध्यान दे। आज ही सवेरे नवां शहर और बलाचौर सड़क खराब होने के कारण ऐक्सीडैंट हुआ और दो नौजवानों की मौत हो गई। इस लिये इन सड़कों को ठीक करना चाहिये। विश्वविद्यालय बनाने से शिक्षा का सुधार नहीं होता है। जब आप टीचरों को जेलों में बन्द करेंगे तो फिर सुधार कैसे होगा और बच्चों की पढ़ाई कैसे ठीक होगी। यहां पर कहा गया कि सरकारी स्कूलों में प्राईमरी कलास से पंजाबी के साथ साथ इंगलिश को चालू किया जायेगा। इस तरह करके सरकार ने फ्री लैंगुएज फारमूले की धज्जियां उड़ा दी हैं।

[श्रीमती लक्ष्मी कांता चावला]

अध्यक्ष महोदय, जब आप स्कूलों में बच्चों को अंग्रेजी पढ़ा सकते हैं तो मुझे समझ नहीं आती कि हिन्दी और संस्कृत ने पंजाब सरकार का क्या बिगाड़ा है ? सच तो यह है कि जिस ने जब तक संस्कृत नहीं पढ़ी तो श्री गुरु गोबिन्द सिंह जी के दशम ग्रंथ खालसे की जो त्रैशताब्दी मना रहे हैं उनका अधिक अर्थ नहीं समझा जा सकता। गुरु गोबिन्द सिंह जी ने निरमले सन्तों को पढ़ने के लिए बनारस भेजा कि आप संस्कृत पढ़ो और देश की संस्कृति के साथ पंजाब को जोड़ो पर हिन्दी और संस्कृत को पंजाब से निकाल दिया गया है । उस के बाद आप कहते हैं कि हमने अंग्रेजी लागू कर दी । मुझे पता नहीं कि डायर की भाषा आप को कितना सुख देती है डायर की भाषा पढ़े बिना पंजाब में शिक्षा पूरी क्यों नहीं होती ?

[*3.41 ਬਾਅਦ (ਇਸ *ਸਮੇਂ ਸਰਦਾਰ ਸੁਜਾਨ ਸਿੰਘ, ਮੈਂਬਰ, ਪੈਨਲ ਆਫ ਦੁਪਹਿਰ] ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

खाद्य पूर्ति विभाग में 9.50/- किलो आटा बिक रहा है इसे लोग कैसे खाएंगे । जब एस.पी.ओज और होम गार्ड वाले 70/- रुपये रोज लेते हैं तो 9.50 रुपये किलो आटा खाने की हिम्मत किस में है । यह सरकार नहीं बता पाई । कुछ बातें आंकड़ों में होती है । पंजाब में 8500 गावों में पीने के पानी की विवस्था नहीं है । यह सरकार द्वारा भी माना गया है । शहरों में पीने के पानी की बुरी हालत है । अमृतसर में पीने का पानी नहीं है । इस लिये हम शोर मचाते है लेकिन हाल यह है कि परनाला ओथे दा ओथे ।

25 मई, 1977 को एक प्रस्ताव रखा था कि 87 ट्यूबवैलों को जोड़ने के लिये 40 लाख रुपया चाहिए। अमृतसर शहर के कमिश्नर ने स्वीकृति दे दी लेकिन कारपोरेशन ने उसे हाऊस में नहीं रखा कि अगर बिजली चली जाए और लोगों को पानी पीने के लिए न मिले तो यह विवस्था रहती है । लाल फीता शाही और नीयत की खराबी का फैसला सरकार करे । लोगों को पीने वाला पानी मिलना चाहिए। स्कूलों में बिल्डिंग नहीं, शौचालय नहीं, स्कूलों में पीने का पानी नहीं, छत नहीं है । मेरा निवेदन है कि खालसा त्रैशताब्दी का जो रुपया है, वह श्री गुरु गोबिन्द सिंह जी के बच्चों को पढ़ाने के लिए खर्च किया जाए तो ज्यादा अच्छा होगा ।

हमारे शहरों में सफाई कैसे आएगी । आज तक हम नगर निगमों द्वारा सफाई की विवस्था पूरे सात दिन नहीं कर पाये । सफाई का कोई प्रबन्ध अमृतसर में नहीं है जबकि चण्डीगढ़ में कूड़ा नहीं है । अमृतसर में बिल्कुल सफाई नहीं होती । मेरा निवेदन है कि अगर अमृतसर को साफ नहीं कर सकते तो इस को चण्डीगढ़ जैसा कर दीजिए। कम से कम समानयता तो हो सके ।

ਸ੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ ।

श्रीमती लक्ष्मी कांता चावला : चेयरमैन साहिब, अभी तो सात मिंट नहीं हुए।

आबकारी विभाग में ठेके की निलामी होती है। पहले खाते खाली होते हैं। उमीद की जाती है कि निलामी होगी तो थोड़ा मांस मिलेगा। ठेके शहरों के बाहर खोलने चाहिए। वह शराब के ठेके स्कूलों के पास खोलते हैं। ठेके शहर से दूर, स्कूलों और कालजों से दूर खोलने चाहिए ताकि बच्चों की पढ़ाई हो सके। एक अफसर ने कहा कि इस से हमें 10 करोड़ रुपए की आमदन है। इसको खत्म किया जाना चाहिए।

यहां नारी निकेतन अमृतसर की बात हुई लेकिन मैं कहती हूं कि इस संस्था में गुरगैंट लड़कियों को पीटने वाली है ताकि अच्छी लड़कियों को खत्म कर दिया जाए। महिला वर्ष आता है अबोहर के गांव बन्वक खेड़ा में जैसे मां बेटी का अपमान हुआ, मुझे इस बात से तकलीफ होती है कि हम जो कहते हैं, इसका लागू नहीं करते और जो बात लागू नहीं कर सकते, वह नहीं कहनी चाहिए।

अनुसूचित जातियों की भलाई की काफी चर्चा होती है, होनी भी चाहिए पर मेरा निवेदन है कि जो लोग जन्म से पिछड़े हुए हैं, उनमें से कोई देश के उच्च पदों पर पहुंच गए, राष्ट्रपति बन गए, गवर्नर बन गए, मंत्री बन गए और रिजर्वेशन का लाभ सारा उन्हीं को चला जाए और जो आज भी पीछे हैं, वह पीछे के पीछे रह जाएं तो हम कोई उनका कल्याण नहीं कर रहे, न हीं कर सकते हैं। चेयरमैन साहिब, लोगों की शिकायतें सुनने के लिए शिकायत कमेटियां बनाई गई हैं जो कि सिर्फ कागजी कमेटियां ही हैं। जो शिकायतें 7 साल पहले चल रही थी वह आज भी चल रही है। क्लब की मीटिंग का टाईम तो तय हो जाता है कि मीटिंग एक होगी या दो होंगी लेकिन शिकायत कमेटियों का कोई टाईम तय नहीं। जब भी मंत्री जी को फुर्सत होती है, मीटिंग हो जाती है। नहीं तो नहीं होती। हमारा भी जनता के प्रति कोई फर्ज है और सरकार तक सही बात पहुंचाना हमारी ड्यूटी बनती है ताकि लोगों के दुःख सरकार के ध्यान में आ सकें और सरकार आगे चले।

इसके साथ ही मैं यह भी कहना चाहूंगी कि महाराजा रणजीत सिंह का राज स्थापित करने के लिए अभी और मेहनत करने की जरूरत है नहीं तो नई पीढ़ी में असन्तोष फैल रहा है। स्कूलों, कालेजों में दाखिले का मामला है। फीसें बढ़ने का मामला है, रिश्वत का मामला है, दाखले में पैसे लेने का मामला है, यह सब बातें बंद होनी चाहिए और इन पर कंट्रोल जरूर होना चाहिए, नहीं तो हम इस को महाराजा रणजीत सिंह का राज नहीं कह सकेंगे, किसी और का तो हो सकता है। मैं, कुल मिला कर इतना कहना चाहती हूं कि गरीब की कमाई,

[श्रीमती लक्ष्मी कांता चावला]

पढ़ाई, आटा, मिट्टी का तेल व चीनी मिलनी चाहिए। सत्य को स्वीकार कीजिए बातें ही करने से कुछ नहीं होगा, रिजल्ट का भी पता होना चाहिए कि कुछ निकला या नहीं। अंत में मैं इतना कहना चाहूंगी कि

"लीडर को रंज बहुत है
आराम के साथ।
खाते हैं डिनर मौज से
हुक्काम के साथ।"

दूसरी तरफ एक गरीब एक डिब्बा लेकर डिप्पू की लाईन में खड़ा रहता है और न मिलने पर रात को 12 रुपए प्रति लीटर के हिसाब से ब्लैक में खरीदता है, उसकी क्या हालत है? जिसका जवान बेटा, जिसके दोनों गुर्दे फेल हो गए हैं, उसके लिए 4 लाख रुपया चंदा तो इकट्ठा हो रहा है लेकिन जब तक वह पूरा होगा उसकी जिंदगी नहीं बचेगी लेकिन सरकारी अस्पतालों में इस वर्ष में खास तौर पर हमें यह संकल्प लेना चाहिए कि गुर्दे बदलने का आप्रेशन और हृदय रोग में ट्रांसप्लांट का आप्रेशन मुफ्त होना चाहिए जबकि असल हालात यह है कि मरीज अंदर जाता है तो सब से पहले सारे के सारे टैस्टों की पर्ची बाहर आ जाती है क्योंकि डाक्टर का कमिशन निश्चित है। मरीज अपनी किस्मत को रोता है और परिवार ईलाज करवाना बंद कर देता है। चेयरमैन साहिब, मेरा हाथ जोड़ कर निवेदन यह है कि सरकार इन सब बातों को भी देखे, शब्दजाल में ही फंस कर न रह जाए। धन्यवाद।

ਸ੍ਰੀ ਸਭਾਪਤੀ ਸਰਦਾਰ ਧਨਵੰਤ ਸਿੰਘ ਜੀ। ਤੁਸੀਂ 5 ਮਿੰਟ ਬੋਲਣਾ ਹੈ ਜੀ।

ਸਰਦਾਰ ਧਨਵੰਤ ਸਿੰਘ (ਧੂਰੀ) : ਮਾਨਯੋਗ ਚੇਅਰਮੈਨ ਸਾਹਿਬ, ਪਲੀਜ਼ ਪਹਿਲਾਂ ਟਾਈਮ ਚੈਕ ਕਰ ਲਓ। ਇਹ ਤੁਹਾਡੀ ਕਾਈਂਡ ਇਨਫਰਮੇਸ਼ਨ ਲਈ ਹੈ ਕਿ ਸਾਡਾ 5 ਬੰਦਿਆਂ ਦਾ ਗਰੁੱਪ ਹੈ ਅਤੇ ਮੈਂ ਆਪਣੇ ਇਸ ਗਰੁੱਪ ਵਲੋਂ ਬੋਲ ਰਿਹਾ ਹਾਂ। ਮੈਂ ਵੀ ਬਤੌਰ ਆਜ਼ਾਦ ਉਮੀਦਵਾਰ ਜਿੱਤਿਆ ਹਾਂ। ਸਾਡਾ ਟਾਈਮ ਸਾਢੇ ਇਕੱਤੀ ਮਿੰਟ ਬਣਦਾ ਹੈ। ਤੁਸੀਂ ਜੇ ਚਾਹੋ ਤਾਂ ਵੈਰੀਫਾਈ ਕਰ ਲਓ।

ਸ੍ਰੀ ਸਭਾਪਤੀ ਚਲੋ, ਬੋਲੋ ਜੀ। ਤੁਹਾਡੇ ਕਿਸੇ ਹੋਰ ਆਨਰੇਬਲ ਮੈਂਬਰ ਸਾਹਿਬ ਨੇ ਨਹੀਂ ਬੋਲਣਾ।

ਸਰਦਾਰ ਧਨਵੰਤ ਸਿੰਘ : ਮਾਨਯੋਗ ਪ੍ਰੀਜ਼ਾਈਡਿੰਗ ਮੈਂਬਰ ਸਾਹਿਬ, ਮੈਂ ਸਤਿਕਾਰਯੋਗ ਗਵਰਨਰ ਸਾਹਿਬ ਦੇ ਐਡਰੈਸ ਉਪਰ ਜੋ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਮਤਾ ਪੇਸ਼ ਕੀਤਾ ਤੇ ਜਿਸ ਮਤੇ ਦਾ ਵਿਰੋਧ ਚੌਧਰੀ ਜਗਜੀਤ ਸਿੰਘ ਨੇ ਕੀਤਾ, ਮੈਂ ਬਤੌਰ ਆਜ਼ਾਦ ਉਮੀਦਵਾਰ ਜਿੱਤਿਆ ਹਾਂ ਅਤੇ ਮੇਰੀ ਜ਼ਿੰਮੇਵਾਰੀ ਬਣਦੀ ਹੈ ਕਿ ਜੋ ਗੱਲ ਠੀਕ ਹੋਵੇ, ਉਸ ਨੂੰ ਠੀਕ

ਕਹਾਂ ਅਤੇ ਜੋ ਗਲਤ ਹੋਵੇ ਉਸ ਨੂੰ ਗਲਤ ਕਹਾਂ । ਜੋ ਇਸ ਭਾਸ਼ਣ ਬਾਰੇ ਸਰਦਾਰ ਮਨਪ੍ਰੀਤ ਸਿੰਘ ਨੇ ਕਿਹਾ ਹੈ, ਨਾ ਹੀ ਮੈਂ ਉਹ ਕਹਿਣਾ ਹੈ ਅਤੇ ਇਸ ਗਵਰਨਰ ਐਡਰੈਸ ਦੇ ਉਪਰ, ਜੋ ਚੌਧਰੀ ਜਗਜੀਤ ਸਿੰਘ ਨੇ ਕਿਹਾ ਹੈ ਨਾ ਹੀ ਮੈਂ ਉਹ ਕਹਿਣਾ ਹੈ । ਮੈਂ ਗਵਰਨਰ ਸਾਹਿਬ ਦੇ ਐਡਰੈਸ ਪੰਨਾ 1 ਤੋਂ 37 ਤੱਕ ਸਾਰਾ ਪੜ੍ਹਿਆ ਹੈ ਅਤੇ ਪਹਿਲੇ ਪੈਰ੍ਹੇ ਤੋਂ 148 ਪੈਰ੍ਹੇ ਤੱਕ ਸਾਰਾ ਪੜ੍ਹਿਆ ਹੈ ।

ਮਾਨਯੋਗ ਚੇਅਰਮੈਨ ਸਾਹਿਬ, ਸਭ ਤੋਂ ਪਹਿਲਾ ਪੈਰ੍ਹਾ ਜਿਸ ਦੇ ਵਿਚ ਦਿੱਤਾ ਗਿਆ ਹੈ ਕਿ ਬਸਤੀਵਾਦੀ ਹਕੂਮਤ ਤੋਂ ਅਸੀਂ ਛੁਟਕਾਰਾ ਪਾਇਆ ਹੈ ਅਤੇ ਸਾਡੇ ਬਹੁਤ ਸਾਰੇ ਆਜ਼ਾਦੀ ਘੁਲਾਟੀਆਂ ਨੇ ਆਪਣੀਆਂ ਜਾਨਾਂ ਦਿੱਤੀਆਂ । ਤਕਰੀਬਨ-ਤਕਰੀਬਨ ਸਾਰੀਆਂ ਪਾਰਟੀਆਂ ਦੇ ਮੈਂਬਰ ਉਨ੍ਹਾਂ ਆਜ਼ਾਦੀ ਘੁਲਾਟੀਆਂ ਵਿਚ ਸ਼ਾਮਲ ਹਨ । ਇਕ ਗੱਲ ਤੇ ਲੋਕ ਕੁਐਸਚਨ ਮਾਰਕ ਕਰਦੇ ਹਨ ਜਿਹੜੀ ਮੈਂ, ਮੈਂਬਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਪਹੁੰਚਾਉਣੀ ਚਾਹੁੰਦਾ ਹਾਂ । ਮੈਂ ਡੱਟ ਕੇ ਬ੍ਰਿਟਿਸ਼ ਹਕੂਮਤ ਦੀ ਵਿਰੋਧਤਾ ਕਰਦਾ ਹਾਂ ਅਤੇ ਮੇਰੇ ਪਰਿਵਾਰ ਦੇ ਮੈਂਬਰ ਵੀ ਉਸ ਦਾ ਵਿਰੋਧ ਕਰਦੇ ਰਹੇ ਹਨ । ਲੋਕ ਕਹਿੰਦੇ ਹਨ ਕਿ ਅੰਗਰੇਜ਼ ਹਿੰਦੁਸਤਾਨ ਵਿਚੋਂ ਪੈਸਾ ਲਿਜਾ ਕੇ ਆਪਣੇ ਦੇਸ਼ ਨੂੰ ਬਣਾਉਂਦੇ ਸਨ ਅਤੇ ਇਥੇ ਰੱਜ ਕੇ ਮਨਮਾਨੀਆਂ ਵੀ ਕਰਦੇ ਹਨ । ਅੱਜ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਨੂੰ 50 ਸਾਲ ਹੋ ਗਏ ਹਨ । ਅਸੀਂ ਪਿੱਛੇ ਜਿਹੇ ਇਸ ਦੀ 50ਵੀਂ ਵਰ੍ਹੇ ਗੰਢ ਵੀ ਮਨਾਈ ਹੈ, ਬੜੀ ਖੁਸ਼ੀ ਦੀ ਗੱਲ ਹੈ । ਲੋਕ ਕਹਿੰਦੇ ਹਨ ਕਿ ਅੰਗਰੇਜ਼ ਹਿੰਦੁਸਤਾਨ ਵਿਚੋਂ ਪੈਸਾ ਬਾਹਰ ਵੀ ਲੈ ਗਏ ਅਤੇ ਉਨ੍ਹਾਂ ਨੇ ਇਥੇ ਅੱਯਾਸ਼ੀ ਵੀ ਰੱਜ ਕੇ ਕੀਤੀ. ਫਿਰ ਵੀ ਉਹ ਹਿੰਦੁਸਤਾਨ ਵਿਚ ਬਹੁਤ ਕੁਝ ਬਣਾ ਗਏ । ਰੇਲਵੇ ਲਾਈਨਾਂ ਉਹ ਵਿਛਾ ਗਏ, ਨਹਿਰਾਂ ਉਹ ਬਣਾ ਗਏ, ਪਾਰਲੀਮੈਂਟ ਹਾਊਸ ਅਤੇ ਰਾਸ਼ਟਰਪਤੀ ਭਵਨ ਉਹ ਬਣਾ ਗਏ ਪਰ ਅੰਗਰੇਜ਼ ਦੇ ਜ਼ਮਾਨੇ ਨਾਲੋਂ ਅੱਜ ਸਾਡੇ ਕੋਲ ਸੌ ਗੁਣਾ ਵੱਧ ਪੈਸਾ ਵਸੂਲ ਹੁੰਦਾ ਹੈ ਫਿਰ ਵੀ ਤਰੱਕੀ ਬਹੁਤ ਘੱਟ ਹੈ । ਅਸੀਂ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਾਂ ਕਿ ਅਸੀਂ ਇਹ ਉਨਤੀ ਕੀਤੀ, ਅਸੀਂ ਉਹ ਉਨਤੀ ਕੀਤੀ । ਕੁਐਸਚਨ ਮਾਰਕ ਇਹ ਹੈ ਕਿ ਉਹ ਪੈਸਾ ਜਾਂਦਾ ਕਿਥੇ ਹੈ ।

ਅਗਲੇ ਪੈਰ੍ਹੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਸਾਜੇ ਖਾਲਸੇ ਦੀ 300ਵੀਂ ਵਰ੍ਹੇ-ਗੰਢ ਮਨਾਉਣ ਦੀ ਗੱਲ ਕੀਤੀ ਗਈ ਹੈ । ਇਸ ਦੇ ਵਿਚ ਤਕਰੀਬਨ-ਤਕਰੀਬਨ ਸਾਨੂੰ ਸਾਰਿਆਂ ਨੂੰ ਹਿੱਸਾ ਪਾਉਣਾ ਚਾਹੀਦਾ ਹੈ ਕਿਉਂਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਕੀਤੀ ਸੀ ਉਦੋਂ ਜਿਹੜੇ ਪੰਜ ਪਿਆਰੇ ਬਣਾਏ ਸਨ, ਉਨ੍ਹਾਂ ਵਿਚੋਂ ਪੰਜਾਬ ਵਿਚੋਂ ਸ਼ਾਇਦ ਇਕ ਵੀ ਨਹੀਂ ਸੀ ਅਤੇ ਤਕਰੀਬਨ ਉਹ ਸਾਰੇ ਹੀ ਨੀਵੀਆਂ ਜਾਤਾਂ ਨਾਲ ਸਬੰਧ ਰੱਖਦੇ ਸਨ । ਮੈਂ ਇਸ ਗੱਲ ਦੀ ਸਾਰੀਆਂ ਪਾਰਟੀਆਂ ਨੂੰ ਵੀ ਅਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ ਸਾਡੇ ਸਾਰਿਆਂ ਵੱਲੋਂ ਇਹ 300 ਸਾਲਾ ਜਸ਼ਨ ਜ਼ਰੂਰ ਮਨਾਇਆ ਜਾਣਾ ਚਾਹੀਦਾ ਹੈ । ਨਾਲ ਹੀ, ਮੈਂਬਰ ਸਾਹਿਬ, ਮੈਂ ਤੁਹਾਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਸਿੱਖ ਧਰਮ ਸ਼ਾਇਦ ਆਪਣੀ ਕਿਸਮ ਦਾ ਦੁਨੀਆਂ ਦੇ ਵਿਚ ਇੱਕੋ ਹੀ ਧਰਮ ਹੈ । ਇਹ ਮੈਂ ਨਹੀਂ ਕਹਿੰਦਾ, ਇਹ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਜਿਸਦੀ ਕਿਤਾਬ ਸਾਡੀ ਲਾਇਬ੍ਰੇਰੀ ਵਿਚ ਵੀ ਪਈ ਹੈ । ਸਿੱਖ ਧਰਮ ਨੂੰ ਸਰਵ-ਸ੍ਰੇਸ਼ਠ ਧਰਮ ਕਿਹਾ ਜਾਂਦਾ ਹੈ । ਇਸ ਕਰਕੇ ਸਾਨੂੰ ਸਾਰਿਆਂ ਨੂੰ ਰਲ ਕੇ ਇਹ ਸਾਜਨਾ ਦਿਵਸ ਮਨਾਉਣਾ ਚਾਹੀਦਾ ਹੈ ।

[ਸਰਦਾਰ ਧਨਵੰਤ ਸਿੰਘ]

ਮਾਨਯੋਗ ਮੈਂਬਰ ਸਾਹਿਬ, ਇਸ ਤੋਂ ਬਾਅਦ ਮੈਂ ਪੇਜ਼-6 ਤੇ ਆਉਂਦਾ ਹਾਂ ਜਿਥੇ ਸਿੰਜਾਈ, ਬਿਜਲੀ ਅਤੇ ਐਗਰੀਕਲਚਰ ਦੀ ਗੱਲ ਕੀਤੀ ਗਈ ਹੈ। ਭਾਵੇਂ ਸਿੰਜਾਈ ਤੇ ਬਿਜਲੀ ਪੈਰ੍ਹਾ 63 ਵਿਚ ਆਉਂਦੀ ਹੈ ਪਰ ਇਹ ਦੋਨੋਂ ਚੀਜ਼ਾਂ ਮੈਂ ਇਕੋ ਥਾਂ ਸ਼ਾਮਲ ਕਰਦਾ ਹਾਂ। ਅਸੀਂ ਰੋਜ਼ ਵਿਧਾਨ ਸਭਾ ਵਿਚ ਪੜ੍ਹਦੇ ਹਾਂ, ਅਖਬਾਰਾਂ ਵਿਚ ਪੜ੍ਹਦੇ ਹਾਂ, ਵੱਡੇ-ਵੱਡੇ ਅਫਸਰਾਂ ਦੇ ਬਿਆਨ ਪੜ੍ਹਦੇ ਹਾਂ ਕਿ ਪੰਜਾਬ ਵਿਚ ਖੇਤੀਬਾੜੀ ਨੇ ਬੜੀ ਉਨਤੀ ਕੀਤੀ ਹੈ ਅਤੇ ਪੈਦਾਵਾਰ ਬੜੀ ਵਧੀ ਹੈ ਪਰ ਇਸ ਵਾਰ ਜਦੋਂ ਮੈਂ ਪੈਰ੍ਹਾ ਪੜ੍ਹਿਆ ਤਾਂ ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ।। ਖੇਤੀਬਾੜੀ ਵਿਚ ਉਨਤੀ ਹੋਈ, ਪੈਦਾਵਾਰ ਵੀ ਵਧੀ ਪਰ ਸਾਡੀ ਮਾਰਕੀਟ ਫੀਸ ਘੱਟ ਗਈ ਜਾਂ ਕੀ ਹੋ ਗਿਆ ਕਿ ਮੰਡੀਕਰਨ ਬੋਰਡ ਨੂੰ 120 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਿਆ ਇਹ ਵੀ ਇਕ ਕੁਐਸਚਨ ਮਾਰਕ ਵਾਲੀ ਗੱਲ ਹੈ। ਜੇ ਅਸੀਂ ਇਸ ਤਰੀਕੇ ਦੇ ਨਾਲ ਕਰਜ਼ੇ ਲੈ ਕੇ ਸੜਕਾਂ ਬਣਾਉਂਦੇ ਗਏ ਜਾਂ ਫਿਰ ਡਿਵੈਲਪਮੈਂਟ ਦਾ ਕੰਮ ਕੀਤਾ ਗਿਆ ਤਾਂ ਹੋ ਸਕਦਾ ਹੈ ਕਿ ਆਉਣ ਵਾਲੀਆਂ ਸਰਕਾਰਾਂ ਜਾਂ ਆਉਣ ਵਾਲੀਆਂ ਪੀੜ੍ਹੀਆਂ ਇਹ ਕਰਜ਼ਾ ਵਾਪਸ ਹੀ ਨਾ ਕਰ ਸਕਣ। ਮਾਨਯੋਗ ਮੈਂਬਰ ਸਾਹਿਬ, ਇਕ ਦੋ ਹੋਰ ਮੱਦਾਂ ਇਸ ਦੇ ਵਿਚ ਲਿਖੀਆਂ ਗਈਆਂ ਹਨ, ਬੜਾ ਜ਼ਰੂਰੀ ਹੈ ਕਿ ਮੈਂ ਉਨ੍ਹਾਂ ਬਾਰੇ ਵੀ ਗੱਲ ਕਰਾਂ। ਇੱਕ ਪਾਸੇ ਤਾਂ ਸਾਡੇ ਪੰਜਾਬ ਦਾ ਪਾਣੀ ਨੀਚੇ ਜਾ ਰਿਹਾ ਹੈ ਪਰ ਦੂਜੇ ਪਾਸੇ ਫਲੱਡ ਵੀ ਆ ਰਹੇ ਹਨ। ਇਹ ਜੋ ਪਾਣੀ ਨੀਚੇ ਜਾ ਰਿਹਾ ਹੈ, ਇਸ ਦੇ ਵਾਸਤੇ ਇਕ ਸਕੀਮ ਬਣਾਈ ਗਈ ਸੀ ਅਤੇ ਐਗਰੀਕਲਚਰ ਯੂਨੀਵਰਸਿਟੀ ਨੇ ਗੋਲਟ ਮੋਲਟ ਹਲ ਵੀ ਬਣਾਏ ਅਤੇ ਡਿਸਕ ਪਲਾਉ ਵੀ ਬਣਾਏ ਕਿਉਂਕਿ ਝੋਨਾ ਲੱਗਣ ਕਰਕੇ ਪਾਣੀ ਤਿੰਨ ਫੁੱਟ ਤੋਂ ਥੱਲੇ ਨਹੀਂ ਜਾਂਦਾ। ਇਸ ਵਜ੍ਹਾ ਕਰਕੇ ਜਦੋਂ ਬਾਰਸ਼ ਹੁੰਦੀ ਹੈ ਤਾਂ ਉਹ ਪਾਣੀ ਰਿਸ ਕੇ ਥੱਲੇ ਨਹੀਂ ਜਾਂਦਾ ਅਤੇ ਫਲੱਡ ਦਾ ਰੂਪ ਧਾਰਨ ਕਰ ਜਾਂਦਾ ਹੈ। ਕਈ ਕਿਸਾਨ ਯੂਨੀਅਨਾਂ ਅਤੇ ਹੋਰ ਵੀ ਕਈ ਸੱਜਣਾ ਨੇ ਇਹ ਰਾਏ ਦਿੱਤੀ ਸੀ ਕਿ ਉਥੇ ਖੂਹ ਬਣਾਏ ਜਾਣ ਤਾਂ ਕਿ ਜਿੱਥੇ ਪਾਣੀ ਦੀ ਘਾਟ ਹੈ, ਪਾਣੀ ਨੀਵਾਂ ਗਿਆ ਹੈ, ਉਸ ਪਾਣੀ ਦੀ ਸਤਹ ਉਪਰ ਆ ਸਕੇ ਅਤੇ ਅੱਗੇ ਫਲੱਡ ਆਉਣ ਤੋਂ ਬਚਿਆ ਜਾ ਸਕੇ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਜਿਨ੍ਹਾਂ ਨੇ ਬਿਜਲੀ ਵੀ ਮੁਆਫ ਕੀਤੀ ਹੈ ਅਤੇ ਪਾਣੀ ਵੀ ਮੁਆਫ ਕੀਤਾ ਹੈ, ਪਰ ਨਾਲ ਹੀ ਪਿਛਲੇ 2-3 ਸਾਲਾਂ ਤੋਂ ਜਾਂ ਇਸ ਤੋਂ ਕੁਝ ਅਰਸਾ ਵੱਧ ਬੜੀ ਜ਼ਬਰਦਸਤ ਪ੍ਰਾਬਲਮ ਆ ਰਹੀ ਹੈ। ਉਹ ਇਹ ਹੈ ਕਿ ਨਹਿਰਾਂ ਦੀ ਸਫਾਈ ਨਹੀਂ ਹੋ ਰਹੀ। ਮੇਰੇ ਆਪਣੇ ਹਲਕੇ ਵਿਚ ਜਿਹੜੀ ਨਹਿਰ, ਹੈ ਉਸ ਦਾ 4010 ਕਿਊਸਿਕ ਪਾਣੀ ਫਸਟ ਫੀਲਡ ਮਲੇਰਕੋਟਲਾ ਨਹਿਰ ਵਿਚ ਚਲਣਾ ਚਾਹੀਦਾ ਸੀ ਪਰ ਉਹ ਹੁਣ 3500 ਕਿਊਸਿਕ ਤੇ ਹੀ ਨਹਿਰ ਨੂੰ ਖਤਰਾ ਹੋ ਜਾਂਦਾ ਹੈ। ਨਹਿਰ ਵਿਚ ਪਾਣੀ ਅੱਗੇ ਨਹੀਂ ਜਾ ਸਕਦਾ ਅਤੇ ਹਰ ਮਹੀਨੇ ਜਿਹੜੀਆਂ ਮਾਈਨਰੀਜ਼ ਨਹਿਰਾਂ ਇਸ ਵਿਚੋਂ ਨਿਕਲਦੀਆਂ ਹਨ, ਉਹ ਹਫਤਾ-ਹਫਤਾ ਬੰਦ ਰਹਿੰਦੀਆਂ ਹਨ। ਜੇਕਰ ਨਹਿਰਾਂ ਦੀ ਸਫਾਈ ਨਾ ਕੀਤੀ ਗਈ ਤਾਂ ਹੌਲੀ-ਹੌਲੀ ਚਿੰਤਾ ਦਾ ਵਿਸ਼ਾ ਬਣ ਜਾਵੇਗਾ ਅਤੇ ਨਹਿਰਾਂ ਬੰਦ ਹੋਣ ਵਾਲੇ ਪਾਸੇ ਜਾਣਗੀਆਂ ਜਿਸ ਨਾਲ ਉਹ ਸਾਡੀ ਖੇਤੀ ਵਾਸਤੇ ਤਬਾਹੀ ਦਾ ਕਾਰਨ ਬਣ ਸਕਦੀਆਂ ਹਨ। ਮਾਨਯੋਗ ਮੈਂਬਰ ਸਾਹਿਬ, ਬਿਜਲੀ ਵਿਭਾਗ ਨੂੰ ਤੁਹਾਡੇ ਰਾਹੀਂ ਇਹ ਗੱਲ ਸਰਕਾਰ ਕੋਲ ਜਾਵੇਗੀ ਤਾਂ ਵਿਭਾਗ ਕੋਈ ਚੰਗੇ ਕਦਮ ਉਠਾਵੇਗਾ।

ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਬਿਜਲੀ ਮੁਆਫ ਕਰਕੇ ਬੜਾ ਚੰਗਾ ਕੰਮ ਕੀਤਾ ਹੈ। ਪਹਿਲਾਂ ਕਾਂਗਰਸ ਪਾਰਟੀ ਨੇ ਵੀ ਆਪਣੇ ਰਾਜ ਸਮੇਂ ਥੋੜ੍ਹੀ ਜਿਹੀ ਕੋਸ਼ਿਸ਼

ਕੀਤੀ ਸੀ ਕਿ ਬਿਜਲੀ ਮੁਆਫ਼ ਕੀਤੀ ਜਾਵੇ । ਬਿਜਲੀ ਮੁਆਫ਼ ਹੋਈ ਤੇ ਇਸ ਦਾ ਹਸ਼ਰ ਇਹ ਹੋਇਆ ਕਿ ਬਿਜਲੀ ਬੋਰਡ ਨੂੰ ਵੱਡਾ ਘਾਟਾ ਪਿਆ । ਉਸ ਦਾ ਘਾਟਾ ਸਰਕਾਰ ਨੇ ਆਪਣੇ ਕੋਲੋਂ ਪੈਸੇ ਦੇ ਕੇ ਭਾਵੇਂ ਪੂਰਾ ਕਰਨਾ ਹੈ ਪਰ ਇਸ ਨਾਲ ਮੁਸ਼ਕਲ ਇਹ ਆ ਗਈ ਕਿ ਜਦੋਂ ਵੀ ਕੋਈ ਟਰਾਂਸਫਾਰਮਰ ਖਰਾਬ ਹੋ ਜਾਂਦਾ ਹੈ ਜਾਂ ਕੇਬਲ ਖਰਾਬ ਹੋ ਜਾਂਦੀ ਹੈ ਤਾਂ ਬਿਜਲੀ ਬੋਰਡ ਵਾਲੇ ਕਹਿੰਦੇ ਹਨ ਕਿ ਨਾ ਤਾਂ ਅਸੀਂ ਟਰਾਂਸਫਾਰਮਰ ਬਦਲ ਸਕਦੇ ਹਾਂ ਅਤੇ ਨਾ ਹੀ ਨਵੀਂ ਕੇਬਲ ਪਾ ਸਕਦੇ ਹਾਂ । ਇਸ ਬਾਰੇ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਕਿਸਾਨਾਂ ਨੂੰ ਜਿਤਨੇ ਪਾਣੀ ਵਾਸਤੇ ਬਿਜਲੀ ਚਾਹੀਦੀ ਹੈ ਉਤਨੀ ਬਿਜਲੀ ਨਹੀਂ ਮਿਲ ਰਹੀ ।

ਇਕ ਗੱਲ ਦੀ ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੂੰ ਜਾਂ ਸਰਦਾਰ ਗੁਰਦੇਵ ਸਿੰਘ ਬਾਦਲ ਜੀ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ ਕਿਉਂਕਿ ਜਿਹੜੀ ਇਨ੍ਹਾਂ ਨੇ ਸਕੀਮ ਬਣਾਈ ਹੈ ਕਿ ਖੇਤੀ ਦੇ ਵਿਚ ਕੋਲਡ ਸਟੋਰ ਦਿੱਤੇ ਜਾਣਗੇ, ਇਸ ਨਾਲ ਕਿਸਾਨਾਂ ਨੂੰ ਬੜਾ ਭਾਰੀ ਫਾਇਦਾ ਹੋਵੇਗਾ । ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਪਰ ਇਸ ਦਾ ਫਾਇਦਾ ਤਾਂ ਹੀ ਹੋਵੇਗਾ ਜੇਕਰ ਕੋਲਡ-ਸਟੋਰਾਂ ਵਾਸਤੇ ਬਿਜਲੀ ਦਾ ਪੂਰਾ ਪ੍ਰਬੰਧ ਕੀਤਾ ਜਾਵੇ । ਮਾਨਯੋਗ ਮੈਂਬਰ ਸਾਹਿਬ, ਮੇਰੇ ਸਾਥੀ ਮੱਫਰ ਸਾਹਿਬ ਨੇ ਵੀ ਇਸ ਸਬੰਧੀ ਇਥੇ ਕਿਹਾ ਸੀ ।

ਮੈਂਬਰ ਸਾਹਿਬ, ਇਸੇ ਤਰ੍ਹਾਂ ਪੈਰ੍ਹਾ-26, ਪੰਨਾ-8 ਤੇ ਮੱਛੀ ਪਾਲਣ ਬਾਰੇ ਜ਼ਿਕਰ ਕੀਤਾ ਗਿਆ ਹੈ । ਇਸ ਦਾ ਜ਼ਿਕਰ ਕਈ ਵਾਰੀ ਵਿਧਾਨ ਸਭਾ ਵਿਚ ਵੀ ਹੋਇਆ ਹੈ । ਸਰਦਾਰ ਬੇਅੰਤ ਸਿੰਘ ਜੀ ਜਦੋਂ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਵੀ ਵਿਸ਼ਵਾਸ਼ ਦਿਵਾਇਆ ਸੀ ਕਿ ਭਾਵੇਂ ਕੁਝ ਵੀ ਹੋ ਜਾਵੇ, ਉਹ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਬਾਹਰ ਨਹੀਂ ਦੇਣਗੇ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਕਹਿੰਦੇ ਹਨ ਕਿ ਪਾਣੀ ਦੀ ਇਕ ਬੂੰਦ ਬਾਹਰ ਨਹੀਂ ਦੇਵਾਂਗੇ । ਮੈਂ ਇਸ ਗੱਲ ਵਿਚ ਨਹੀਂ ਪੈਂਦਾ ਕਿ ਨਹਿਰ ਦਾ ਐਗਰੀਮੈਂਟ ਕਿਸ ਨੇ ਕੀਤਾ ਸੀ ਜਾਂ ਕਿਸ ਨੇ ਸ਼ੁਰੂ ਕਰਵਾਈ ਸੀ ਪਰ ਇਸ ਨਹਿਰ ਨੂੰ ਬੰਦ ਕਰਵਾਉਣ ਦੀ ਬਜਾਏ, ਸਾਡੇ ਪੰਜਾਬ ਵਿਚ ਫਾਰੈਸਟ ਵੈਸੇ ਵੀ ਘੱਟ ਹੈ, ਕਿਰਪਾ ਕਰਕੇ ਇਸ ਵਿਚ ਦਰਖਤ ਲਗਾਏ ਜਾਣ ਜਾਂ ਮੱਛੀਆਂ ਪਾਲੀਆਂ ਜਾਣ ਤਾਂ ਮੇਰੇ ਖਿਆਲ ਵਿਚ ਸੈਲਾਨੀਆਂ ਵਾਸਤੇ ਖਿੱਚ ਪੈਦਾ ਹੋ ਸਕਦੀ ਹੈ ਅਤੇ ਇਸ ਨਾਲ ਫਾਇਦਾ ਵੀ ਹੋਵੇਗਾ । ਮਾਈਗਰੇਟਰੀ ਬਰਡਜ਼ ਜਦੋਂ ਇਧਰ ਆਉਂਦੇ ਹਨ ਤਾਂ ਉਹ ਐਸ.ਵਾਈ. ਐਲ. ਨਹਿਰ ਵਿਚ ਜ਼ਰੂਰ ਬੈਠਦੇ ਹਨ । ਇਸ ਬਾਰੇ ਦੁਬਾਰਾ ਸੋਚਣਾ ਚਾਹੀਦਾ ਹੈ । ਇਸ ਨੂੰ ਬੰਦ ਕਰਨ ਦੀ ਬਜਾਏ ਮੱਛੀ ਪਾਲ ਕੇ ਜਾਂ ਹੋਰ ਕੁਝ ਕਰਕੇ ਇਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਵਰਤੋਂ ਵਿਚ ਲਿਆਂਦਾ ਜਾਣਾ ਚਾਹੀਦਾ ਹੈ ।

ਮਾਨਯੋਗ ਮੈਂਬਰ ਸਾਹਿਬ, ਪੰਨਾ-8, ਪੈਰ੍ਹਾ-29 ਤੇ ਪੇਂਡੂ ਵਿਕਾਸ ਲਈ ਕਾਫੀ ਗੱਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਹੀਆਂ ਗਈਆਂ ਹਨ ਜਿਨ੍ਹਾਂ ਬਾਰੇ ਮੈਂ ਕਹਿਣਾ ਚਾਹੁੰਦਾ ਸੀ ਪਰ ਸਾਡੇ ਸਿੱਧੇ ਪੰਜ ਮਿੰਟ ਕੱਟ ਦਿੱਤੇ ਗਏ ਹਨ (ਵਿਘਨ) ਕਾਹਲੋਂ ਸਾਹਿਬ ਵੈਸੇ ਤਾਂ ਅਜ਼ਾਦ ਗਰੁੱਪ ਦੇ ਮੈਂਬਰ ਹਨ । ਮੈਨੂੰ ਇਸ ਸਰਕਾਰ ਨੂੰ ਅਕਾਲੀ ਦਲ, ਬੀ.ਜੇ.ਪੀ. ਅਤੇ ਅਜ਼ਾਦ ਦੀ ਸਰਕਾਰ ਕਹਿਣਾ ਜ਼ਿਆਦਾ ਚੰਗਾ ਲਗਦਾ ਹੈ । ਇਸ ਤਰਾਂ

[ਸਰਦਾਰ ਧਨਵੰਤ ਸਿੰਘ]

ਹੀ ਕਹਿਣਾ ਚਾਹੀਦਾ ਹੈ। ਜਿਹੜੇ ਮੈਂਬਰ ਸਾਹਿਬਾਨ ਇਥੇ ਬੈਠੇ ਹਨ, ਤਕਰੀਬਨ-ਤਕਰੀਬਨ ਉਨ੍ਹਾਂ ਵਿਚੋਂ ਕਈ ਪੰਚ, ਸਰਪੰਚ ਅਤੇ ਬਲਾਕ ਸੰਮਤੀ ਦੇ ਮੈਂਬਰ ਵੀ ਰਹੇ ਹੋਣਗੇ। ਹੋ ਸਕਦਾ ਹੈ ਕਿ ਕਾਹਲੋਂ ਸਾਹਿਬ ਆਪ ਵੀ ਕਿਸੇ ਨਾ ਕਿਸੇ ਤੌਰ ਤੇ ਇਸ ਅਦਾਰੇ ਵਿਚ ਰਹ ਹੋਣ। ਸਭ ਤੋਂ ਵੱਡੀ ਦੁੱਖ ਦੀ ਗੱਲ ਹੈ ਕਿ ਪੇਂਡੂ ਵਿਕਾਸ ਬਾਰੇ ਗਵਰਨਰ ਐਡਰੈਸ ਵਿੱਚ ਬਿਲਕੁਲ ਧਿਆਨ ਨਹੀਂ ਦਿੱਤਾ ਗਿਆ। ਪਿੰਡਾਂ ਵਿਚ ਭਾਵੇਂ ਫੋਕਲ ਪੁਆਇੰਟ ਬਣਾ ਲਓ, ਡਿਸਪੈਂਸਰੀਆਂ ਬਣਾ ਲਓ। ਭਾਵੇਂ ਇਹ ਬਣਦੀਆਂ ਹਨ ਜਾਂ ਨਹੀਂ ਬਣਦੀਆਂ, ਇਹ ਤਾਂ ਵੱਖਰੀ ਗੱਲ ਹੈ ਪਰ ਇਕ ਗੱਲ ਜ਼ਰੂਰ ਹੈ ਕਿ ਜਿੰਨਾ ਚਿਰ ਪਿੰਡਾਂ ਵਿੱਚੋਂ ਗੰਦੇ ਪਾਣੀ ਦਾ ਸਹੀ ਨਿਕਾਸ ਨਹੀਂ ਹੁੰਦਾ ਉਨਾ ਚਿਰ ਤੱਕ ਕਿਸੇ ਵੀ ਪਿੰਡ ਦੀ ਡਿਵੈਲਪਮੈਂਟ ਨਹੀਂ ਹੋ ਸਕਦੀ। ਸਭ ਤੋਂ ਪਹਿਲਾਂ ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਪਿੰਡਾਂ ਵਿੱਚ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਇਹ ਗੰਦਾ ਪਾਣੀ ਪਿੰਡਾਂ ਵਿੱਚ ਬਦਬੂ ਵੀ ਫੈਲਾਉਂਦਾ ਹੈ। ਪਹਿਲਾਂ ਪਿੰਡਾਂ ਵਿੱਚ ਛੱਪੜਾਂ ਵਿੱਚ ਪਾਣੀ ਜਾਂਦਾ ਸੀ, ਹੁਣ ਉਹ ਛੱਪੜ ਤੰਗ ਹੋ ਗਏ ਹਨ ਅਤੇ ਜਦੋਂ ਬਰਸਾਤ ਹੁੰਦੀ ਹੈ ਤਾਂ ਉਹ ਪਾਣੀ ਘਰਾਂ ਵਿੱਚ ਵੜ ਜਾਂਦਾ ਹੈ ਜੋ ਕਿ ਬੀਮਾਰੀ ਦਾ ਕਾਰਨ ਵੀ ਬਣਦਾ ਹੈ।

ਸ੍ਰੀ ਸਭਾਪਤੀ : ਤੁਸੀਂ ਹੁਣ ਵਾਈਂਡ ਅੱਪ ਕਰੋ।

ਸਰਦਾਰ ਧਨਵੰਤ ਸਿੰਘ : ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਹੈ ਕਿ ਸਾਨੂੰ ਪੂਰਾ ਟਾਈਮ ਦਿੱਤਾ ਜਾਵੇ। ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਵੈਸੇ ਹੀ ਪੰਜ ਮਿੰਟ ਛੱਡ ਦਿੰਦਾ ਹਾਂ।

ਸ੍ਰੀ ਸਭਾਪਤੀ : ਨਹੀਂ, ਵੈਸੇ ਕਿਉਂ ਛੱਡਣੇ ਹਨ। ਪੂਰਾ ਸਮਾਂ ਲਓ।

ਸਰਦਾਰ ਧਨਵੰਤ ਸਿੰਘ : ਮੈਂਬਰ ਸਾਹਿਬ, ਪੈਰ੍ਹਾ ਨੰਬਰ-51 ਬਾਰੇ ਭੈਣ ਜੀ ਨੇ ਵੀ ਹੁਣੇ ਗੱਲ ਕੀਤੀ ਸੀ, ਇਸ ਦੇ ਵਿੱਚ ਆਯੁਰਵੈਦਿਕ ਬਾਰੇ ਕਾਫੀ ਕੁਝ ਦੱਸਿਆ ਗਿਆ ਹੈ। ਮੇਰਾ ਜਾਤੀ ਤਜਰਬਾ ਹੈ। ਮੇਰੇ ਪਿਤਾ ਜੀ ਦੀਆਂ ਦੋਵੇਂ ਕਿਡਨੀਆਂ ਫੇਲ੍ਹ ਹੋ ਗਈਆਂ ਸਨ। ਮੈਂਬਰ ਸਾਹਿਬ, ਸਾਰੀ ਦੁਨੀਆਂ ਦੇ ਵਿੱਚ ਜੇ ਕਿਡਨੀ ਦਾ ਇਲਾਜ ਹੈ ਤਾਂ ਉਹ ਸਿਰਫ ਆਯੁਰਵੇਦ ਵਿੱਚ ਹੈ। ਮੈਂ ਇਹ ਗੱਲ ਇਸ ਲਈ ਵੀ ਦੱਸਣੀ ਚਾਹੁੰਦਾ ਹਾਂ ਕਿ ਹੋ ਸਕਦਾ ਹੈ ਕਿ ਮੇਰੇ ਦੱਸਣ ਨਾਲ ਕਿਸੇ ਦਾ ਭਲਾ ਹੋ ਜਾਵੇ। ਮੈਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਦੇ ਵੇਲੇ ਵੀ ਕਿਹਾ ਸੀ, ਉਸ ਵੇਲੇ ਸਰਦਾਰ ਹਰਚਰਨ ਸਿੰਘ ਜੀ ਬਰਾੜ ਸਿਹਤ ਮੰਤਰੀ ਹੁੰਦੇ ਸਨ ਕਿ ਆਯੁਰਵੈਦਿਕ ਡਿਸਪੈਂਸਰੀਆਂ ਵੱਲ ਧਿਆਨ ਦਿੱਤਾ ਜਾਵੇ ਪਰ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਮੈਂਬਰ ਸਾਹਿਬ, ਬਠਿੰਡਾ ਜ਼ਿਲ੍ਹੇ ਵਿੱਚ ਇਕ ਪਿੰਡ ਹੈ ਬਾਹਮਣ ਜ਼ਮਾਨਾਂ ਅਤੇ ਉਥੇ ਇਕ ਗਿਰੀ ਨਾਮ ਦੇ ਸੰਤ ਹਨ। ਮੈਂ ਗਾਰੰਟੀ ਕਰਦਾ ਹਾਂ ਕਿ ਕਿਡਨੀ ਫੇਲਅਰ ਵਾਲਾ ਉਥੋਂ ਅਵੱਸ਼ ਠੀਕ ਹੋ ਕੇ ਆਵੇਗਾ। ਉਹ ਦੇਸੀ ਦਵਾਈਆਂ ਨਾਲ ਇਲਾਜ ਕਰਦੇ ਹਨ। ਇਸ ਲਈ ਸਾਨੂੰ ਆਯੁਰਵੈਦਿਕ ਡਿਸਪੈਂਸਰੀਆਂ ਅਤੇ ਹਸਪਤਾਲਾਂ ਲਈ ਵੱਧ ਤੋਂ ਵੱਧ ਫੰਡਜ਼ ਰੱਖਣੇ ਚਾਹੀਦੇ ਹਨ। ਇਸ ਦੇ ਨਾਲ ਅਸੀਂ ਵਿਦੇਸ਼ਾਂ ਵਿੱਚ ਵੀ ਨਾਮਣਾ ਖੱਟ ਸਕਦੇ ਹਾਂ ਪਰ ਜੇਕਰ ਇਹ ਗੱਲ ਕਰਨ ਵਿੱਚ ਅਸੀਂ ਕਾਮਯਾਬ ਹੋ ਜਾਈਏ।

ਮਾਨਯੋਗ ਮੈਂਬਰ ਸਾਹਿਬ, ਪੇਜ ਨੰਬਰ-15 ਤੇ ਪੈਰ੍ਹਾ ਨੰਬਰ-59 ਪੁਲਿਸ ਬਾਰੇ ਹੈ। ਪੁਲਿਸ ਬਾਰੇ ਬੜੀਆਂ ਗੱਲਾਂ ਵੱਖ-ਵੱਖ ਬੁਲਾਰਿਆਂ ਨੇ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਕੀਤੀਆਂ ਹਨ। ਪੁਲਿਸ ਨੇ ਵਡੇ ਕੰਮ ਕੀਤੇ। ਉਨ੍ਹਾਂ ਵਿੱਚੋਂ ਕੁਝ ਚੰਗੇ ਵੀ ਕੀਤੇ ਗਏ ਅਤੇ ਇਹੋ ਜਿਹੇ ਵੀ ਕਈ ਅਫਸਰ ਸਾਹਿਬਾਨ ਸਨ ਜਿਨ੍ਹਾਂ ਨੇ ਮਾੜੇ ਵੀ ਕੀਤੇ। ਮੈਂ ਇੱਕ ਗੱਲ ਜ਼ਿੰਮੇਵਾਰੀ ਨਾਲ ਕਹਿਣੀ ਚਾਹੁੰਦਾ ਹਾਂ ਕਿ ਪਹਿਲੀ ਸਰਕਾਰ ਤੋਂ ਵੀ ਔਰ ਹੁਣ ਵਾਲੀ ਸਰਕਾਰ ਤੋਂ ਵੀ ਠੀਕ ਤਰੀਕੇ ਨਾਲ ਪੁਲਿਸ ਤੇ ਕੰਟਰੋਲ ਨਹੀਂ ਹੋਇਆ। ਇਹ ਭਾਵੇਂ ਕਿਸੇ ਰੈਸਟ ਹਾਊਸ ਵਿੱਚ ਚਲੇ ਜਾਣ, ਕਿਸੇ ਡਿਸਪੈਂਸਰੀ ਵਿੱਚ ਵੜ ਜਾਣ, ਇਨ੍ਹਾਂ ਨੂੰ ਕਿਸੇ ਦੀ ਕੋਈ ਮਨਜ਼ੂਰੀ ਨਹੀਂ ਚਾਹੀਦੀ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਜੋ ਕਿ ਮੈਂ ਵੀ ਜਦੋਂ ਇਨ੍ਹਾਂ ਬੈਂਚਾਂ ਤੇ ਬੈਠਦਾ ਸੀ ਔਰ ਜਿਸ ਦਾ ਸ਼ਾਹਿਦ ਮੈਨੂੰ ਜ਼ਰੂਰ ਭੁਗਤਣਾ ਪਿਆ ਕਿ ਇਧਰ ਇਨ੍ਹਾਂ ਬੈਂਚਾਂ ਤੇ ਆ ਗਿਆ। ਪੁਲਿਸ ਨੇ ਐਸੀਆਂ ਵੀ ਗੱਲਾਂ ਕੀਤੀਆਂ ਜਿਹੜੀਆਂ ਮੇਰੇ ਹਲਕੇ ਨਾਲ ਸਬੰਧ ਰੱਖਦੀਆਂ ਸਨ ਅਤੇ ਉਨ੍ਹਾਂ ਬਾਰੇ ਮੈਂ ਸਦਨ ਵਿੱਚ ਪਹਿਲਾਂ ਵੀ ਗੱਲ ਕੀਤੀ ਸੀ। ਮੇਰੇ ਹਲਕੇ ਵਿੱਚ ਇਕ ਪਿੰਡ ਹੈ ਕੁਹਾਰਗੜ੍ਹ ਛੰਨਾ। ਅਸੀਂ ਮੰਨ ਲਈਏ ਕਿ ਪੰਜਾਬ ਵਿੱਚ ਬੜੇ ਸ਼ਹੀਦ ਹੋਏ, ਮੰਨ ਲਈਏ ਇਨ੍ਹਾਂ ਨੇ ਬੜੇ ਵਧੀਆ ਕੰਮ ਕੀਤੇ ਪਰ ਸਾਡੇ ਮਲੇਰਕੋਟਲਾ ਵਿਖੇ ਇਕ ਡੀ. ਐਸ. ਪੀ. ਸਾਹਿਬ ਹੁੰਦੇ ਸਨ ਅਤੇ ਮੈਂ ਉਨ੍ਹਾਂ ਨੂੰ ਅੰਨ੍ਹਾ-ਮਾਰ ਡੀ. ਐਸ. ਪੀ. ਕਹਿੰਦਾ ਸੀ। ਉਸ ਦੇ ਬਾਰੇ ਅਖਬਾਰਾਂ ਵਿੱਚ ਵੀ ਖਬਰਾਂ ਆਉਂਦੀਆਂ ਰਹੀਆਂ ਹਨ ਅਤੇ ਅਖਬਾਰਾਂ ਵਿੱਚ ਵੀ ਮੈਂ ਹੀ ਖਬਰ ਦਿੱਤੀ ਸੀ। ਉਥੇ ਇਕ ਪਾਲਾ ਸਿੰਘ ਨਾਂ ਦਾ ਬੰਦਾ ਚੁੱਕਿਆ ਸੀ ਅਤੇ ਉਸ ਬੰਦੇ ਦਾ ਪਤਾ ਨਹੀਂ ਲੱਗਾ ਕਿ ਕਿੱਧਰ ਗਿਆ। ਪੁਲਿਸ ਤੇ ਇਹ ਦੋਸ਼ ਲੱਗਿਆ ਕਿ ਇਕ ਅੰਨ੍ਹਾ ਬੰਦਾ ਦੋ ਅੱਖਾਂ ਵਾਲੇ ਤੋਂ ਬੰਦੂਕ ਖੋਹ ਕੇ ਲੈ ਗਿਆ। ਹੋ ਸਕਦਾ ਹੈ ਕਿ ਉਸ ਦੀ ਸੋਚ ਅੱਤਵਾਦੀਆਂ ਵਾਲੀ ਹੋਵੇ। ਉਸ ਸਮੇਂ ਦੇ ਮੁੱਖ ਮੰਤਰੀ ਨੇ ਵੀ ਕਿਹਾ ਕਿ ਤੁਸੀਂ ਅਜਿਹੀ ਗੱਲ ਨਾ ਕਰੋ ਪਰ ਮੈਂ ਉਨ੍ਹਾਂ ਨੂੰ ਕਿਹਾ ਕਿ ਮੇਰੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਮੇਰੇ ਹਲਕੇ ਵਿੱਚ ਗਲਤ ਗੱਲ ਹੋਈ ਹੈ। ਇਸ ਕਰਕੇ ਗੱਲ ਕਰਨੀ ਮੇਰਾ ਫਰਜ਼ ਬਣਦਾ ਹੈ।

ਮਾਨਯੋਗ ਮੈਂਬਰ ਸਾਹਿਬ, ਤੁਹਾਡੇ ਹੁਕਮ ਦੀ ਪਾਲਣਾ ਕਰਦਾ ਹੋਇਆ ਮੈਂ ਇੱਕ-ਦੋ ਗੱਲਾਂ ਬਾਰੇ ਹੀ ਬੋਲਦਾ ਹਾਂ। ਸਿੱਖਿਆ ਬਾਰੇ ਜੋ ਭੱਠਲ ਜੀ ਨੇ ਕਿਹਾ ਜਾਂ ਹੋਰ ਮੈਂਬਰ ਸਾਹਿਬਾਨ ਨੇ ਕਿਹਾ, ਉਸ ਬਾਰੇ ਮੇਰੇ ਵਿਚਾਰ ਬਿਲਕੁਲ ਉਲਟ ਹਨ। ਮਾਨਯੋਗ ਮੈਂਬਰ ਸਾਹਿਬ, ਭੱਠਲ ਜੀ ਇੱਧਰ ਬੈਠਦੇ ਸਨ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ), ਅਰਸ਼ੀ ਸਾਹਿਬ ਬੈਠਦੇ ਸਨ, ਹੈਂਡਾ ਸਾਹਿਬ ਬੈਠਦੇ ਸਨ ਤਾਂ ਉਸ ਸਮੇਂ ਸਰਦਾਰ ਲਖਮੀਰ ਸਿੰਘ ਰੰਧਾਵਾ ਸਿੱਖਿਆ ਮੰਤਰੀ ਸਨ।

ਸ੍ਰੀ ਸਭਾਪਤੀ : ਸਰਦਾਰ ਬਲਵੰਤ ਸਿੰਘ ਜੀ, ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ ਕਿਉਂਕਿ ਹੋਰ ਵੀ ਕਈ ਮੈਂਬਰ ਸਾਹਿਬਾਨ ਨੇ ਬੋਲਣਾ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਚੇਅਰਮੈਨ ਸਾਹਿਬ, ਹਾਊਸ ਵਿੱਚ ਮੋਬਾਈਲ ਫੋਨ ਖੜਕਦੇ ਪਏ ਹਨ।

ਸ੍ਰੀ ਸਭਾਪਤੀ : ਇਸ ਸਬੰਧੀ ਆਨਰੇਬਲ ਸਪੀਕਰ ਸਾਹਿਬ ਨੇ ਵੀ ਆਦੇਸ਼ ਦਿੱਤਾ ਸੀ ਕਿ ਆਨਰੇਬਲ ਮੈਂਬਰ ਹਾਊਸ ਵਿਚ ਮੋਬਾਈਲ ਫੋਨ ਨਾ ਲੈ ਕੇ ਆਉਣ ਅਤੇ ਨਾ ਹੀ ਪ੍ਰੈਸ ਗੈਲਰੀ ਵਿੱਚ ਕੋਈ ਮੋਬਾਈਲ ਫੋਨ ਲੈ ਕੇ ਆਵੇ । ਜੇ ਕਿਸੀ ਕੋਲ ਵੀ ਮੋਬਾਈਲ ਫੋਨ ਹੈ ਤਾਂ ਉਹ ਮਿਹਰਬਾਨੀ ਕਰਕੇ ਉਸ ਨੂੰ ਬਾਹਰ ਰੱਖ ਆਵੇ ।

ਸਰਦਾਰ ਧਨਵੰਤ ਸਿੰਘ : ਮਾਨਯੋਗ ਮੈਂਬਰ ਸਾਹਿਬ, ਸਿੱਖਿਆ ਬਾਰੇ ਵੱਖਰੇ-ਵੱਖਰੇ ਵਿਚਾਰ ਵੱਖਰੇ-ਵੱਖਰੇ ਮੈਂਬਰ ਸਾਹਿਬਾਨ ਨੇ ਰੱਖੇ ਹਨ । ਤੁਸੀਂ ਵੀ ਪੜ੍ਹੇ ਹੋ ਅਤੇ ਹੋਰ ਮੈਂਬਰ ਸਾਹਿਬਾਨ ਵੀ ਪੜ੍ਹੇ ਹਨ । ਸਾਡੇ ਬੱਚਿਆਂ ਨਾਲ ਜਾਂ ਸਾਡੇ ਨਾਲ ਸਭ ਤੋਂ ਵੱਡੀ ਬੇਇਨਸਾਫ਼ੀ ਇਹ ਹੁੰਦੀ ਰਹੀ ਕਿ ਹੁਣ ਤੱਕ ਛੇਵੀਂ ਤੋਂ ਹੀ ਅੰਗਰੇਜ਼ੀ ਲੱਗਦੀ ਸੀ । ਅੰਗਰੇਜ਼ੀ ਤੋਂ ਬਿਨਾਂ ਨਾ ਤੁਸੀਂ ਸੈਕਟਰੀਏਟ ਗੱਲ ਕਰ ਸਕਦੇ ਹੋ, ਨਾ ਹਾਈਕੋਰਟ ਵਿਚ ਗੱਲ ਕਰ ਸਕਦੇ ਹੋ ਅਤੇ ਨਾ ਹੀ ਸ਼ੰਭੂ ਟੱਪ ਕੇ ਗੱਲ ਕਰ ਸਕਦੇ ਹੋ । ਮੈਂ ਖੁਦ ਅੰਗਰੇਜ਼ੀ ਵਿੱਚ ਪੜ੍ਹਿਆ ਹਾਂ । ਮੈਂ ਐਮ.ਏ. ਪੁਲੀਟੀਕਲ ਸਾਇੰਸ ਕੀਤੀ ਹੈ, ਲਾਅ ਵੀ ਕੀਤੀ ਹੈ ਪਰ ਮੈਂ ਫਿਰ ਵੀ ਅੰਗਰੇਜ਼ੀ ਵਿਚ ਵੀਕ ਹਾਂ । ਇਸ ਦਾ ਸਿਹਰਾ ਸਰਦਾਰ ਤੋਤਾ ਸਿੰਘ ਜੀ ਤੇ ਜਾਂਦਾ ਹੈ ਕਿ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕੀਤੀ ਹੈ । ਅੱਧੀ ਸਰਕਾਰ ਇਸ ਦਾ ਵਿਰੋਧ ਕਰਦੀ ਰਹੀ ਪਰ ਉਨ੍ਹਾਂ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਲਾਗੂ ਕਰ ਕੇ ਛੱਡੀ । ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਸਾਡਾ ਵਿਰਸਾ ਐਜੂਕੇਸ਼ਨ ਦਾ ਹੈ । ਸਾਡੇ ਬੱਚੇ ਵੱਡੇ ਹੋ ਕੇ ਲੀਡਰ ਬਣਨਗੇ, ਅਫ਼ਸਰ ਬਣਨਗੇ । ਇਸ ਕਰਕੇ ਸਿੱਖਿਆ ਵੱਲ ਫੰਡ ਵਧੇਰੇ ਮੁਹੱਈਆ ਕੀਤੇ ਜਾਣ । ਇਹ ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ।

ਮਾਨਯੋਗ ਮੈਂਬਰ ਸਾਹਿਬ, ਖੇਡਾਂ ਬਾਰੇ ਬੜਾ ਵੱਡਾ ਪੈਰ੍ਹਾ ਲਿਖਿਆ ਗਿਆ ਹੈ । ਮੈਂ ਖੁਦ ਵੀ ਸਪੋਰਟਸਮੈਨ ਰਿਹਾ ਹਾਂ ਔਰ ਮੈਨੂੰ . . .

ਸ੍ਰੀ ਸਭਾਪਤੀ : ਸਰਦਾਰ ਧਨਵੰਤ ਸਿੰਘ ਜੀ, ਕਿਰਪਾ ਕਰਕੇ ਮੈਨੂੰ ਪ੍ਰੋਸੀਜਰ ਮੁਤਾਬਿਕ 'ਚੇਅਰਮੈਨ' ਕਹਿ ਕੇ ਸੰਬੋਧਨ ਕਰੋ ।

ਸਰਦਾਰ ਧਨਵੰਤ ਸਿੰਘ : ਮੈਂ ਤਾਂ ਤੁਹਾਨੂੰ ਸਪੀਕਰ ਸਾਹਿਬ ਕਹਿ ਦਿੰਦਾ ਹਾਂ ।

ਸ੍ਰੀ ਸਭਾਪਤੀ : ਇੰਨਾ ਮਾਣ ਨਾ ਬਖਸ਼ੋ । ਜਿੰਨਾ ਕੁ ਹੈ, ਉਨ੍ਹਾ ਹੀ ਰਹਿਣ ਦਿਓ ।

ਸਰਦਾਰ ਧਨਵੰਤ ਸਿੰਘ : ਮਾਨਯੋਗ ਚੇਅਰਮੈਨ ਸਾਹਿਬ, ਮੈਂ ਯੁਵਕ ਸੇਵਾਵਾਂ ਤੇ ਖੇਡਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ । ਪੰਜਾਬ ਦੇ ਬੱਚੇ 14 ਤਮਗੇ ਲੈ ਕੇ ਆਏ । ਬੜੀਆਂ ਵਧਾਈਆਂ ਦਿੱਤੀਆਂ ਗਈਆਂ । ਗਵਰਨਰ ਐਡਰੈਸ ਵਿੱਚ ਲਿਖਿਆ ਹੈ ਕਿ 16 ਸਟੇਡੀਅਮ ਬਣਾਏ ਗਏ ਹਨ ਪਰ ਉਸ ਵਿੱਚ ਇਹ ਨਹੀਂ ਲਿਖਿਆ ਕਿ ਖੇਡਾਂ ਵਾਸਤੇ ਕਿੰਨਾ ਫੰਡ ਦਿੱਤਾ ਗਿਆ ਔਰ ਅੱਗੋਂ ਕਿੰਨਾ ਫੰਡ ਹੋਰ ਦੇਣਾ ਹੈ । ਇਸ ਤੇ ਕੁਐਸਚਨ ਮਾਰਕ ਹੈ । ਚੇਅਰਮੈਨ ਸਾਹਿਬ, ਇੱਕ ਗੱਲ ਮੈਂ ਬੜੀ ਜ਼ੁੰਮੇਵਾਰੀ ਨਾਲ ਕਹਿੰਦਾ ਹਾਂ । ਕਈ ਵਾਰ ਖੇਡਾਂ ਦੀਆਂ ਗੱਲਾਂ ਉਨ੍ਹਾਂ ਬੰਦਿਆਂ ਤੋਂ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਖੇਡਾਂ ਦੀ

ਨਾਲਿਜ ਨਹੀਂ ਹੈ। ਜਿਵੇਂ ਆਨੰਦਪੁਰ ਸਾਹਿਬ ਵਿਖੇ ਜੁਝਾਰੂ ਖੇਡਾਂ ਦਾ ਅਰੇਂਜਮੈਂਟ ਕਰਨਾ ਹੈ ਔਰ ਇਸ ਅਰੇਂਜਮੈਂਟ ਵਾਸਤੇ ਪੁੱਡਾ ਦੇ ਮਹਿਕਮੇ ਨੂੰ ਕਿਹਾ ਗਿਆ ਹੈ। ਸਰਕਾਰ ਨੂੰ ਘੱਟੋ-ਘੱਟ ਇਹ ਤਾਂ ਸੋਚਣਾ ਚਾਹੀਦਾ ਹੈ ਕਿ ਕੀ ਪੁੱਡਾ ਵਿਚ ਕੋਈ ਸਪੋਰਟਸਮੈਨ ਹੈ ਜਿਸ ਨੂੰ ਖੇਡਾਂ ਬਾਰੇ ਕੁਝ ਪਤਾ ਹੋਵੇ? ਇਸੇ ਤਰ੍ਹਾਂ ਹੀ ਕਈ ਸਟੇਡੀਅਮ ਹਨ ਜੋ ਸਰਕਾਰ ਨੇ ਬਣਾਏ ਹਨ। ਇਸੇ ਤਰ੍ਹਾਂ ਕ੍ਰਿਕੇਟ ਸਟੇਡੀਅਮ, ਮੁਹਾਲੀ ਵਿਖੇ ਹੈ। ਸਰਕਾਰ ਨੇ ਜ਼ਮੀਨ ਵਾਸਤੇ ਉਸ ਨੂੰ ਲੋਨ ਦਿੱਤਾ। ਉਥੇ ਜਦੋਂ ਵੀ ਕੋਈ ਵੱਡਾ ਅਫਸਰ, ਵਜ਼ੀਰ ਜਾਂ ਪ੍ਰਾਈਮ ਮਨਿਸਟਰ ਉਦਘਾਟਨ ਵਾਸਤੇ ਆਉਂਦਾ ਹੈ ਤਾਂ ਕਰੋੜਾਂ ਰੁਪਿਆ ਉਸ ਦੀ ਸਿਕਿਉਰਿਟੀ ਤੇ ਲੱਗ ਜਾਂਦਾ ਹੈ ਪਰ ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਇਨ੍ਹਾਂ ਹਾਲਾਤਾਂ ਵਿੱਚ ਕ੍ਰਿਕਟ ਐਸੋਸੀਏਸ਼ਨ ਨੇ ਕਿੰਨਾ ਪੈਸਾ ਸਰਕਾਰ ਕੋਲ ਜਮ੍ਹਾ ਕਰਵਾਇਆ ਹੈ? ਕਿੰਨਾ ਪੈਸਾ ਕ੍ਰਿਕਟ ਐਸੋਸੀਏਸ਼ਨ ਨੇ ਪੁੱਡਾ ਕੋਲੋਂ ਜ਼ਮੀਨ ਵਾਸਤੇ ਜਿਹੜਾ ਲੋਨ ਲਿਆ ਸੀ, ਉਸ ਵਾਸਤੇ ਜਮ੍ਹਾਂ ਕਰਵਾਇਆ ਹੈ? ਕਿੰਨੇ ਪੈਸੇ ਸਰਕਾਰ ਨੂੰ ਭੇਜੇ ਹਨ? ਦੋਨੋਂ ਚੀਜ਼ਾਂ ਸਰਕਾਰ ਦੀਆਂ ਹਨ: ਪੁੱਡਾ ਬੋਰਡ ਵੀ ਸਰਕਾਰ ਦਾ ਹੈ ਅਤੇ ਜ਼ਮੀਨ ਵੀ ਸਰਕਾਰ ਦੀ ਹੈ। ਇਸ ਕਰਕੇ ਇਹ ਬੜਾ ਹੀ ਗਹਿਰੀ ਚਿੰਤਾ ਦਾ ਵਿਸ਼ਾ ਹੈ। ਮੈਂ, ਚੇਅਰਮੈਨ ਸਾਹਿਬ, ਆਖਰੀ ਗੱਲ ਕਹਿਣੀ ਚਾਹੁੰਦਾ ਹਾਂ। ਇਹ ਚੌਕਸੀ ਦੇ ਬਾਰੇ ਹੈ। ਪੇਜ-34 ਤੇ ਪੈਰਾ-140 ਹੈ। ਇਸ ਦੇ ਵਿੱਚ ਕਈ ਤਰ੍ਹਾਂ ਦੇ ਬੰਦੇ ਆਉਂਦੇ ਹਨ ਜਿਹੜੇ ਵੱਖਰੇ ਰੱਖੇ ਗਏ ਹਨ। ਮੈਂ ਇਹ ਗੱਲ ਬੜੀ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ ਉਸ ਦੇ ਵਿੱਚ ਕਈ ਬੰਦੇ ਜਾਇਦਾਦਾਂ ਬਣਾਈ ਜਾਣ ਦਾ ਕਾਰੋਬਾਰ ਕਰਦੇ ਹਨ। ਉਸ ਤਰ੍ਹਾਂ ਤਾਂ ਅਜਿਹੇ ਬੰਦੇ ਘੱਟ ਹਨ ਪਰ ਕਈ ਰਾਜਨੀਤਿਕ ਪਾਰਟੀਆਂ ਦੇ ਵਿੱਚ ਵੀ ਹਨ ਜਾਂ ਜਿਹੜੇ ਆਪਣੇ ਆਪ ਨੂੰ ਸੋਸ਼ਲ ਵਰਕਰ ਕਹਾਉਂਦੇ ਹਨ। ਉਨ੍ਹਾਂ ਦਾ ਕੰਮ ਕੋਈ ਨਹੀਂ, ਕਿੱਤਾ ਕੋਈ ਨਹੀਂ। ਉਹ ਸਵੇਰੇ ਲਾਜਵਰਦ ਲਗਾ ਕੇ ਕੱਪੜੇ ਪਾ ਲੈਂਦੇ ਹਨ। ਜਿਹੜੇ ਇਹ ਬੰਦੇ ਹਨ, ਉਹ ਕਾਰਾਂ/ਗੱਡੀਆਂ ਕਿੱਥੋਂ ਚਲਾਉਂਦੇ ਹਨ? ਕੀ ਕਾਰੋਬਾਰ ਕਰਦੇ ਹਨ? ਇਹ ਸਭ ਤੋਂ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਦੇ ਬਾਰੇ ਸਾਨੂੰ ਲੋਕਾਂ ਨੂੰ ਵੀ ਅਤੇ ਘੱਟੋ ਘੱਟ ਸਰਕਾਰ ਨੂੰ ਵੀ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਬੰਦੇ ਸਾਰੀਆਂ ਪਾਰਟੀਆਂ ਵਿੱਚ ਹਨ।

ਚੇਅਰਮੈਨ ਸਾਹਿਬ, ਇਸ ਦੇ ਨਾਲ ਹੀ ਅੰਤ ਵਿੱਚ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਮੇਰਾ ਖਿਆਲ ਹੈ ਤੁਸੀਂ ਇਹ ਗੱਲ ਸਰਕਾਰ ਤੱਕ ਜ਼ਰੂਰ ਜ਼ੋਰ ਦੇ ਕੇ ਪਹੁੰਚਾਓਗੇ। ਮੈਂ ਇਹ ਗੱਲ ਬੜੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸਾਡੇ ਦੇਸ਼ ਵਿੱਚ ਪੈਸੇ ਦੀ ਕੋਈ ਕਮੀ ਨਹੀਂ। ਸਾਡੇ ਦੇਸ਼ ਦੇ ਵਿੱਚ ਵੱਧ ਤੋਂ ਵੱਧ ਫਸਲ ਹੁੰਦੀ ਹੈ, ਸਾਡੇ ਦੇਸ਼ ਵਿੱਚ ਵੱਧ ਤੋਂ ਵੱਧ ਕਾਰੋਬਾਰ ਹੁੰਦਾ ਹੈ। ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਹੁਰਾਂ ਨੂੰ ਵੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਕਹਾਂਗਾ, ਜਿਨ੍ਹਾਂ ਦੀ ਦਿੱਲੀ ਵਿੱਚ ਵੀ ਸਰਕਾਰ ਹੈ, ਉਹ ਪੰਜਾਬ ਦੇ ਲਈ ਕੋਈ ਪੈਸਾ ਨਾ ਮੰਗਣ ਪਰ ਇੱਕ ਗੱਲ ਕਰਵਾ ਕੇ ਦਿਖਾ ਦੇਣ, ਭਾਵੇਂ ਇਹ ਗੱਲ ਵਾਕਰਨੀ ਵੀਰ ਸੋਨੀਆ ਜੀ ਤੋਂ ਕਰਵਾ ਕੇ ਦਿਖਾ ਦੇਣ। ਉਹ ਇਹ ਹੈ ਕਿ ਦੇਸ਼ ਦੀ ਕਰੰਸੀ ਚੇਂਜ ਕਰਵਾ ਦਿੱਤੀ ਜਾਵੇ। ਜੇਕਰ ਹਿੰਦੁਸਤਾਨ ਦੀ ਕਰੰਸੀ ਚੇਂਜ ਕੀਤੀ ਜਾਂਦੀ ਹੈ ਤਾਂ ਜਿਹੜਾ ਹਿੰਦੁਸਤਾਨ ਦਾ 70 [illegible] ਰੁਪਿਆ ਦੋ ਨੰਬਰ ਦੇ ਵਿੱਚ ਗਿਆ ਹੈ

[ਸਰਦਾਰ ਧਨਵੰਤ ਸਿੰਘ]

ਅਤੇ ਜਿਹੜਾ ਨਾ ਤਾਂ ਬੈਂਕਾਂ ਵਿੱਚ ਹੈ ਅਤੇ ਨਾ ਹੀ ਕਿਸੇ ਕੰਮ ਆਉਂਦਾ ਹੈ ਤਾਂ ਉਹ ਮੈਂ 100 ਰੁਪਏ ਦਾ ਨੋਟ ਦੋ-ਦੋ ਰੁਪਏ ਵਿੱਚ ਪਬਲਿਕ ਦੇ ਵਿੱਚ ਵਿਕਦਾ ਦਿਖਾ ਦੇਵਾਂਗਾ। ਇਹੀ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਾਨਯੋਗ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਣ ਦਾ ਸਮਾਂ ਦਿੱਤਾ ਹੈ। ਜੈ ਹਿੰਦ।

ਸ੍ਰੀ ਸਭਾਪਤੀ : ਕਾਮਰੇਡ ਹਰਦੇਵ ਸਿੰਘ ਅਰਸ਼ੀ। ਅਰਸ਼ੀ ਸਾਹਿਬ, ਤੁਸੀਂ ਸੱਤ ਮਿੰਟ ਲੈਣਾ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਇਹ ਟਾਈਮ ਤਾਂ ਬਹੁਤ ਘੱਟ ਹੈ।

ਸ੍ਰੀ ਸਭਾਪਤੀ : ਤੁਸੀਂ ਸੱਤ ਮਿੰਟ ਲੈਣਾ। ਸਪੀਕਰ ਸਾਹਿਬ ਤਾਂ 5 ਮਿੰਟ ਕਹਿ ਕੇ ਗਏ ਸਨ। ਦੋ ਮਿੰਟ ਤਾਂ ਮੈਂ ਐਜ਼ ਏ ਚੇਅਰਮੈਨ ਐਕਸਟੈਂਡ ਕਰ ਰਿਹਾ ਹਾਂ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਮੈਨੂੰ ਸੱਤ ਮਿੰਟ ਦਿੱਤੇ ਹਨ। ਮੈਂ ਪ੍ਰਿੰਸੀਪਲ ਦਾ ਬੰਦਾ ਹਾਂ। ਮੈਂ ਸੱਤ ਤੋਂ ਅੱਠ ਮਿੰਟ ਨਹੀਂ ਕਰਨੇ। ਮੇਰਾ ਖਿਆਲ ਹੈ ਕਿ ਮੈਂ ਸੱਤ ਮਿੰਟਾਂ ਵਿੱਚ ਜਸਟੀਫਾਈ ਨਹੀਂ ਕਰ ਸਕਦਾ। ਇਸ ਕਰਕੇ ਜ਼ਿਆਦਾ ਬਿਹਤਰ ਹੈ ਕਿ ਮੈਂ ਬੋਲਦਾ ਹੀ ਨਹੀਂ।

ਸ੍ਰੀ ਸਭਾਪਤੀ : ਇੰਝ ਨਾ ਕਹੋ ਜੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਨਹੀਂ ਜੀ, ਮੈਂ 7 ਮਿੰਟਾਂ ਵਿੱਚ ਜਸਟੀਫਿਕੇਸ਼ਨ ਨਹੀਂ ਦੇ ਸਕਦਾ। ਮੈਂ ਪ੍ਰਿੰਸੀਪਲ ਦਾ ਬੜਾ ਪੱਕਾ ਹਾਂ।

ਸ੍ਰੀ ਸਭਾਪਤੀ : ਤੁਹਾਡੀ ਪਾਰਟੀ ਦੇ 12 ਮਿੰਟ ਬਣਦੇ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਤੁਸੀਂ ਰੂਲਿੰਗ ਦੇ ਦੇਵੋ। ਜੋ ਪਰੋਸੀਜ਼ਰ ਹੈ, ਮੈਂ ਉਸ ਨੂੰ ਮੰਨਦਾ ਹਾਂ ਪਰ ਮੇਰਾ ਪਰਪਜ਼ ਇੰਨੇ ਵਿੱਚ ਹੱਲ ਨਹੀਂ ਹੁੰਦਾ।

ਸ੍ਰੀ ਸਭਾਪਤੀ : ਤੁਸੀਂ ਬੋਲੋ ਤਾਂ ਸਹੀ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਲੋਕਾਂ ਨਾਲ ਬੇਇਨਸਾਫ਼ੀ ਨਹੀਂ ਕਰ ਸਕਦਾ। ਮੈਂ ਤਾਂ 7 ਤੋਂ 8 ਮਿੰਟ ਲੈਣੇ ਨਹੀਂ। ਇਸ ਕਰਕੇ ਮੈਂ ਆਪਣੀ ਗੱਲ ਹੀ ਨਹੀਂ ਕਹਿੰਦਾ।

ਸ੍ਰੀ ਸਭਾਪਤੀ : ਤੁਸੀਂ 12 ਮਿੰਟ ਲੈ ਲਵੋ। ਤੁਹਾਡੇ 12 ਮਿੰਟ ਬਣਦੇ ਹਨ। **ਲੋੜ** ਪਈ ਤਾਂ ਐਕਸਟੈਂਡ ਕਰ ਲਵਾਂਗੇ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਚੇਅਰਮੈਨ ਸਾਹਿਬ, ਸਾਰਿਆਂ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਨਯੋਗ ਰਾਜਪਾਲ ਜੀ ਨੇ ਸਾਡੇ ਸਾਹਮਣੇ ਇਸ ਪਵਿੱਤਰ ਸਦਨ ਦੇ ਵਿੱਚ 9 ਤਰੀਕ ਨੂੰ ਭਾਸ਼ਣ ਦਿੱਤਾ ਹੈ । ਰਾਜਪਾਲ ਜੀ ਦਾ ਭਾਸ਼ਣ ਹਮੇਸ਼ਾਂ ਜੋ ਸਾਲ ਚਲ ਰਿਹਾ ਹੈ, ਉਸ ਸਮੇਂ ਦੀ ਪਾਰਟੀ ਦੀ ਸਰਕਾਰ ਦੀਆਂ ਪਿਛਲੇ ਸਮੇਂ ਵਿੱਚ ਜੋ ਪ੍ਰਾਪਤੀਆਂ ਹਨ, ਉਨ੍ਹਾਂ ਦਾ ਜੋ ਲੇਖਾ-ਜੋਖਾ ਹੁੰਦਾ ਹੈ ਔਰ ਜੋ ਸਰਕਾਰ ਨੇ ਆਪਣੀ ਨੀਤੀ ਜਾਂ ਦਿਸ਼ਾ ਨਿਰਦੇਸ਼ ਤਹਿ ਕੀਤੇ ਹਨ, ਉਨ੍ਹਾਂ ਦੀ ਝਲਕ ਸਾਨੂੰ ਰਾਜਪਾਲ ਜੀ ਦੇ ਭਾਸ਼ਣ ਰਾਹੀਂ ਮਿਲਦੀ ਹੈ । ਮੈਂ ਬੜੇ ਸਾਫ਼ ਲਫਜ਼ਾਂ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਦਾ ਇਹ ਭਾਸ਼ਣ ਬਹੁਤ ਹੀ ਨਿਰਾਸ਼ਾਜਨਕ ਹੈ ਔਰ ਦਿਸ਼ਾਹੀਣ ਹੈ । ਇਸ ਦੇ ਵਿੱਚੋਂ ਕੋਈ ਉਤਸ਼ਾਹਜਨਕ ਸਿੱਟਾ ਅਸੀਂ ਨਹੀਂ ਕੱਢ ਸਕੇ । ਇਹ ਬੇਇਨਸਾਫੀ ਹੋਵੇਗੀ ਅਗਰ ਮੈਂ ਪੂਰੀ ਤਰ੍ਹਾਂ ਇਸ ਦੇ ਸਾਰੇ ਪੱਖਾਂ ਨੂੰ ਨਾ ਲਵਾਂ । ਮੈਂ ਕੇਵਲ ਜੋ ਨੈਗੇਟਿਵ ਪੱਖ ਹਨ, ਉਨ੍ਹਾਂ ਦਾ ਜ਼ਿਕਰ ਕਰਾਂਗਾ । ਆਖਰਕਾਰ ਕੋਈ ਵੀ ਪਾਰਟੀ ਦੀ ਸਰਕਾਰ ਜਦੋਂ ਬਣਦੀ ਹੈ ਤਾਂ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦੀ ਹੈ । ਮੈਂ ਲੇਖਾ-ਜੋਖਾ ਕਰਕੇ ਇਹ ਦੇਖਣਾ ਹੈ ਕਿ ਸਰਕਾਰ ਦੀਆਂ ਨਾਂਹ ਪੱਖੀ ਪ੍ਰਾਪਤੀਆਂ ਕਿੰਨੀਆਂ ਹਨ ਅਤੇ ਹਾਂ ਪੱਖੀ ਪ੍ਰਾਪਤੀਆਂ ਕਿੰਨੀਆਂ ਹਨ । ਜੇਕਰ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਵੇਖਿਆ ਜਾਵੇ ਤਾਂ ਇਨ੍ਹਾਂ ਵਿੱਚ ਜ਼ਿਆਦਾਤਰ ਜਿਹੜਾ ਹਿੱਸਾ ਹੈ, ਉਹ ਨਾਂਹ ਪੱਖੀ ਹਿੱਸਾ ਹੈ । ਸਿਰਫ਼ ਇਹੀ ਭਾਰੂ ਹੈ । ਹਾਂ ਪੱਖੀ ਬਾਰੇ ਜਿੱਥੋਂ ਤੱਕ ਮੈਂ ਕਹਿ ਸਕਦਾ ਹਾਂ, ਉਸ ਵਿੱਚ ਵੀ ਕੇਵਲ ਸਰਕਾਰ ਨੂੰ ਕਰੈਡਿਟ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸਰਕਾਰੀ ਪ੍ਰਸ਼ਾਸਨ ਔਰ ਉਸ ਦੀ ਮਸ਼ੀਨਰੀ ਦੀ ਵੀ ਮੁੱਖ ਜ਼ਿੰਮੇਵਾਰੀ ਹੈ । ਲੇਕਿਨ ਇਸ ਲੜਾਈ ਵਿੱਚ ਇਸ ਸੋਚ ਦੀਆਂ ਪੁਨਾਈਆਂ ਫੋਰਸਿਜ਼ ਹਨ, ਉਨ੍ਹਾਂ ਨੂੰ ਵੀ ਕਰੈਡਿਟ ਜਾਂਦਾ ਹੈ ਔਰ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਵੀ ਜਾਂਦਾ ਹੈ ਕਿਉਂਕਿ ਪਿਛਲੇ 1998 ਦੇ ਸਮੁੱਚੇ ਵਰ੍ਹੇ ਵਿੱਚ, ਚੇਅਰਮੈਨ ਸਾਹਿਬ, ਇਸ ਬਾਰ ਤੁਹਾਨੂੰ ਵੀ ਪਤਾ ਹੈ ਔਰ ਸਾਡੇ ਸਾਰਿਆਂ ਵਾਸਤੇ ਵੀ ਬੜੀ ਫਖਰ ਦੀ ਗੱਲ ਹੈ ਕਿ ਪੰਜਾਬ ਵਿੱਚ ਉਗਰਵਾਦ ਦੀ, ਅੱਤਵਾਦ ਦੀ ਕੋਈ ਵੀ ਘਟਨਾ ਨਹੀਂ ਹੋਈ (ਥੰਪਿੰਗ) । ਇਹ ਸਾਰਿਆਂ ਵਾਸਤੇ ਖੁਸ਼ੀ ਦੀ ਗੱਲ ਹੈ । ਇਸ ਵਾਸਤੇ ਸਰਕਾਰ ਦੇ ਖਾਤੇ ਵਿੱਚ ਇਹ ਪ੍ਰਾਪਤੀ ਮੈਂ ਪਾ ਸਕਦਾ ਹਾਂ । ਇਸ ਵਾਸਤੇ ਸਰਕਾਰ ਨੂੰ ਚਾਹੇ ਮੈਂ ਵਿਰੋਧੀ ਸੀਟ ਤੇ ਬੈਠਾ ਹਾਂ ਤਾਂ ਵੀ ਵਧਾਈ ਦੇਣ ਵਿੱਚ ਕੋਈ ਹਿਚ-ਕਿਚਾਹਟ ਨਹੀਂ ਕਰਾਂਗਾ ਕਿਉਂਕਿ ਜੋ ਰਿਐਲਟੀ ਹੈ, ਜੋ ਸੱਚ ਹੈ, ਉਹ ਸੱਚ ਕਹਿਣਾ ਚਾਹੀਦਾ ਹੈ ।

ਜਿੱਥੇ ਇਸ ਦਾ ਸਰਕਾਰ ਨੂੰ ਕਰੈਡਿਟ ਜਾਂਦਾ ਹੈ ਉਥੇ ਉਨ੍ਹਾਂ ਤਾਕਤਾਂ ਨੂੰ ਵੀ ਜਾਂਦਾ ਹੈ ਜਿਨ੍ਹਾਂ ਨੇ ਹਮੇਸ਼ਾਂ ਅਜਿਹੇ ਅਨਸਰਾਂ ਵਿਰੁੱਧ ਔਰ ਜਦੋਂ ਵੀ ਸਮੁੱਚੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਦਾ ਸਵਾਲ ਆਇਆ ਸਮੁੱਚੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਸਵਾਲ ਆਇਆ ਹੈ, ਉਸ ਵਿੱਚ ਇਨ੍ਹਾਂ ਲੋਕਾਂ ਨੇ ਸਮੇਂ ਸਮੇਂ ਤੇ ਸਰਕਾਰ ਨੂੰ ਪੂਰੀ ਕੋਆਪਰੇਸ਼ਨ ਦਿੱਤੀ । ਇੱਕ ਹੋਰ ਪੱਖ ਵੀ ਹਾਂ-ਪੱਖੀ ਹੈ । ਉਹ ਇਹ ਹੈ ਕਿ ਇਸ ਸਰਕਾਰ ਵੱਲੋਂ ਗਰੀਬ ਲੋਕਾਂ ਦੇ ਲਈ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਜੋ ਸ਼ਗਨ ਸਕੀਮ ਸ਼ੁਰੂ ਕੀਤੀ ਗਈ, ਦਲਿਤ ਵਰਗਾਂ ਦੇ ਲੋਕਾਂ ਲਈ, ਉਹ ਅੱਜ ਵੀ ਜਾਰੀ ਹੈ ਉਹ ਵੀ ਇਕ ਚੰਗਾ ਪੱਖ ਹੈ ਇਹ ਵੀ ਇਕ ਸਰਕਾਰ ਦੀ ਪ੍ਰਾਪਤੀ ਹੈ। ਇਹ ਜਿਹੜੀ ਸਕੀਮ ਗਰਾਸ ਰੂਟ ਤੇ ਦਿੱਤੀ ਜਾ ਰਹੀ ਹੈ, ਇਸ ਵਿਚ ਕੋਈ ਥੋੜ੍ਹੀਆਂ ਬਹੁਤ ਊਣਤਾਈਆਂ ਹੋ ਸਕਦੀਆਂ ਹਨ ਲੇਕਿਨ ਵੱਡੇ ਪੈਮਾਨੇ ਉਤੇ ਇਸ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਅਤੇ ਜਿਹੜੇ ਸਾਡੇ ਲਾਭ-ਪਾਤਰੀ ਹਨ, ਉਹ ਇਸ ਸਕੀਮ ਤੋਂ ਵਾਂਝੇ ਨਹੀਂ ਰਹੇ। ਇਸ ਵਿੱਚ ਇੱਕ ਚੰਗਾ ਪੱਖ ਹੋਰ ਇਹ ਵੀ ਹੈ ਕਿ ਜੋ ਪੰਜਾਬ ਦੀ ਸਟੇਟ ਨੇ ਇੱਕ ਬਹੁਤ ਵੱਡਾ ਫਾਈਨੈਂਸ਼ੀਅਲ ਬਰਡਨ ਆਪਣੇ ਉਤੇ ਪਾਇਆ ਹੈ ਉਹ ਇਹ ਹੈ ਕਿ ਫੋਰਥ ਪੇ-ਕਮਿਸ਼ਨ ਦੀਆਂ ਜੋ ਰਿਕੁਮੈਂਡਸ਼ਨਜ਼ ਸਨ, ਉਨ੍ਹਾਂ ਨੂੰ ਲਾਗੂ ਕਰਨ ਵਾਸਤੇ ਗੰਭੀਰ ਯਤਨ ਕੀਤੇ ਹਨ ਅੋਰ ਇੱਕ ਹਜ਼ਾਰ ਕਰੋੜ ਰੁਪਏ ਦਾ ਬਰਡਨ ਇਸ ਨਾਲ ਸਰਕਾਰ ਤੇ ਪਿਆ ਹੈ ਅਤੇ ਇਸ ਸਟੇਟ ਦੀ ਫ਼ਾਈਨਾਂਸ ਉਤੇ ਪਿਆ ਹੈ। ਲੇਕਿਨ ਇਨ੍ਹਾਂ ਸਿਫ਼ਾਰਸ਼ਾਂ ਦੇ ਅਨੁਸਾਰ ਕਾਫੀ ਮੁਲਾਜ਼ਮਾਂ ਨੂੰ ਕਵਰ ਕਰ ਲਿਆ ਗਿਆ ਹੈ ਪਰ ਹਾਲੇ ਵੀ ਬਹੁਤ ਸਾਰੇ ਇੰਪਲਾਈਜ਼ ਇਸ ਦੇ ਨਾਲ ਕਵਰ ਨਹੀਂ ਹੋਏ। ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਗਰੇਡ ਨਹੀਂ ਦਿੱਤੇ ਗਏ ਅੋਰ ਉਹ ਇਨ੍ਹਾਂ ਸਕੇਲਾਂ ਤੋਂ ਵਾਂਝੇ ਹਨ ਅੋਰ ਉਹ ਆਪਣੇ ਹੱਕ ਲੈਣ ਵਾਸਤੇ ਸੰਘਰਸ਼ ਦੇ ਰਸਤੇ ਤੇ ਚੱਲ ਰਹੇ ਹਨ। ਜਿਵੇਂ ਬਾਕੀ ਇੰਪਲਾਈਜ਼ ਨੂੰ ਗਰੇਡ ਰਿਵਾਈਜ਼ ਕਰਕੇ ਬੈਨੀਫਿਟ ਦੇ ਦਿੱਤਾ ਗਿਆ ਹੈ, ਉਸੇ ਤਰ੍ਹਾਂ ਇਨ੍ਹਾਂ ਇੰਪਲਾਈਜ਼ ਨੂੰ ਵੀ ਬੈਨੀਫਿਟ ਦਿੱਤਾ ਜਾਣਾ ਚਾਹੀਦਾ ਹੈ ਅੋਰ ਮੈਂ ਆਸ ਕਰਾਂਗਾ ਕਿ ਉਨ੍ਹਾਂ ਨੂੰ ਵੀ ਬਣਦੇ ਹੱਕ ਦੇ ਕੇ ਉਨ੍ਹਾਂ ਵਿੱਚ ਜੋ ਬੇਚੈਨੀ ਹੈ, ਉਸ ਨੂੰ ਦੂਰ ਕੀਤਾ ਜਾਵੇ ਇਸ ਤਰ੍ਹਾਂ ਇਹ ਇਕ ਚੰਗਾ ਪੱਖ ਹੈ। ਹੋਰ ਸਟੇਟਾਂ ਨੇ ਵੀ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਲਾਗੂ ਕਰ ਦਿੱਤੀਆਂ ਹਨ ਅਤੇ ਸੈਂਟਰ ਦੀ ਸਰਕਾਰ ਨੇ ਵੀ ਸਿਫ਼ਾਰਸ਼ਾਂ ਲਾਗੂ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਥੀਨ ਡੈਮ ਬਾਰੇ ਵੀ ਕਹਿਣਾ ਚਾਹਾਂਗਾ ਜੋ ਕਿ ਬਹੁਤ ਸਮੇਂ ਤੋਂ ਬਣ ਰਿਹਾ ਹੈ ਅੋਰ ਇਸ ਦੀ ਉਸਾਰੀ ਬੜੀ ਸਲੋਅ ਸੀ ਪਰ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਨਿੱਜੀ ਧਿਆਨ ਦੇ ਕੇ ਇਸ ਨੂੰ ਜਲਦੀ ਤਿਆਰ ਕਰਨ ਦਾ ਯਤਨ ਕੀਤਾ ਹੈ। ਇਹ ਪ੍ਰਾਜੈਕਟ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਹੈ। ਹੁਣ ਥੀਨ ਡੈਮ ਪਿਛਲੇ ਸਮੇਂ ਵਿੱਚ ਜੰਗੀ ਪੱਧਰ ਤੇ ਉਸਾਰਿਆ/ਤਿਆਰ ਕੀਤਾ ਜਾ ਰਿਹਾ ਹੈ ਅੋਰ ਇਹ ਮਿੱਥੇ ਸਮੇਂ ਦੇ ਅਨੁਸਾਰ ਆਪਣਾ ਬਿਜਲੀ ਦਾ ਉਤਪਾਦਨ ਦੇਣਾ ਸ਼ੁਰੂ ਕਰ ਦੇਵੇਗਾ। ਇਸ ਦੇ ਨਾਲ ਪੰਜਾਬ ਦੇ ਵਿੱਚ ਜਿਹੜੀ ਪਾਵਰ ਦੀ ਘਾਟ ਹੈ, ਉਹ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਦੂਰ ਹੋਵੇਗੀ ਅੋਰ ਇਸ ਨਾਲ ਹੀ ਜਿਹੜੀ ਪਾਣੀ ਦੀ ਵੇਸਟੇਜ ਹੋ ਰਹੀ ਹੈ, ਉਸ ਦੀ ਵੀ ਬੱਚਤ ਹੋਵੇਗੀ। ਜਿੱਥੇ ਮੈਂ ਅੱਤਵਾਦ ਦਾ ਪਿੱਛੇ ਜ਼ਿਕਰ ਕੀਤਾ ਸੀ ਉਥੇ ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਸਾਨੂੰ ਇਸ ਪਾਸੇ ਤੋਂ ਬਿਲਕੁਲ ਅਵੇਸਲਾ ਨਹੀਂ ਹੋਣਾ ਚਾਹੀਦਾ ਅੋਰ ਜਿਹੜੇ ਟੈਰੋਰਿਸਟ, ਦੇਸ਼-ਦੋਖੀ ਅਨਸਰ ਹਨ, ਹੁਣ ਉਨ੍ਹਾਂ ਨੇ ਆਪਣਾ ਰੂਪ ਬਦਲ ਲਿਆ ਹੈ। ਨਾਰਕੋਟਿਕਸ ਟੈਰੋਰਿਜ਼ਮ ਦੀ ਆਮਦ ਹੋ ਰਹੀ ਹੈ। ਨਸ਼ੀਲੇ ਪਦਾਰਥਾਂ ਦੇ ਨਾਲ ਨਾਰਕੋਟਿਕ ਟੈਰੋਰਿਜ਼ਮ ਆ ਰਿਹਾ ਹੈ। ਉਹ ਅਨਸਰ ਰੀ-ਗਰੁਪਿੰਗ ਕਰ ਰਹੇ ਹਨ ਅੋਰ ਇਸ ਮੌਕੇ ਦੀ ਤਲਾਸ਼ ਵਿੱਚ ਹਨ ਕਿ ਕਿਸ ਤਰ੍ਹਾਂ ਪੰਜਾਬ ਵਿੱਚ ਨਸ਼ੀਲੇ ਪਦਾਰਥ ਪਹੁੰਚਾਏ ਜਾ ਸਕਣ। ਸੋ, ਇਸ ਪਾਸੇ ਸਾਨੂੰ ਸੁਚੇਤ ਹੋਣ ਦੀ ਬਹੁਤ

ਜ਼ਰੂਰਤ ਹੈ । ਖਾਸ ਤੌਰ ਤੇ ਦੂਸਰੀ ਸਮੱਸਿਆ ਜੋ ਆ ਰਹੀ ਹੈ, ਉਹ ਇਹ ਹੈ ਕਿ ਬਾਹਰ ਦੀਆਂ ਤਾਕਤਾਂ ਜਿਹੜੀਆਂ ਹਨ ਉਹ ਆਪਣੇ ਮਨਸੂਬੇ ਵਿੱਚ ਸਫਲ ਨਹੀਂ ਹੋ ਰਹੀਆਂ, ਉਹ ਡਾਇਰੈਕਟ ਟੈਰੋਰਿਜ਼ਮ ਨੂੰ ਹੱਲਾਸ਼ੇਰੀ ਦੇਣ ਵਿੱਚ ਸਫਲ ਨਹੀਂ ਹੋ ਸਕਦੀਆਂ । ਹੁਣ ਟੈਰੋਰਿਜ਼ਮ ਦਾ ਰੂਪ ਬਦਲ ਗਿਆ ਹੈ । ਉਸ ਰੂਪ ਵਿੱਚ ਪਿਛਲੇ ਸਾਲ ਵੀ ਤੇ ਹੁਣ ਵੀ ਵੱਡੇ ਪੈਮਾਨੇ ਉਤੇ ਸ਼ਹਿਰਾਂ ਵਿੱਚ ਵੀ ਔਰ ਰੂਰਲ ਏਰੀਏ ਵਿੱਚ ਵੀ ਨਸ਼ੀਲੇ ਪਦਾਰਥ ਆ ਰਹੇ ਹਨ । ਇਸ ਪਾਸੇ ਵੱਲ ਸਰਕਾਰ ਨੂੰ ਪੂਰੀ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ ਅਤੇ ਖਾਸ ਕਰਕੇ ਜਿਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ, ਉਹ ਆਪਣੀ ਜ਼ਿੰਮੇਵਾਰੀ ਨਿਭਾਉਣ । ਸੋ, ਸਰਕਾਰ ਨੂੰ ਮਾਸ-ਮੂਵਮੈਂਟ ਲਾਈਕ ਮਾਈਂਡਿਡ ਫੋਰਸਿਜ਼ ਨੂੰ ਨਾਲ ਲੈ ਕੇ ਇਨ੍ਹਾਂ ਖਿਲਾਫ ਕੈਂਪੇਨ ਚਲਾਉਣੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਐਸੀ ਗੱਲ ਆਰੰਭ ਕਰਨੀ ਚਾਹੀਦੀ ਹੈ ਜਿੱਥੇ ਇਹ ਚੈਕ ਹੋਵੇ ਕਿ ਇਹ ਗੱਲਾਂ ਹਾਂ-ਪੱਖੀ ਹਨ ਤੇ ਜਿਨ੍ਹਾਂ ਨਾਲ ਸਾਡੀ ਸਹਿਮਤੀ ਹੈ । ਇਹ ਸਰਕਾਰ ਦੇ ਕਰੈਡਿਟ ਵਿੱਚ ਹੈ । ਲੇਕਿਨ ਜੋ ਰਾਜਪਾਲ ਜੀ ਦਾ ਭਾਸ਼ਣ ਹੈ, ਉਸ ਬਾਰੇ ਮੈਂ ਆਰੰਭ ਵਿਚ ਵੀ ਕਿਹਾ ਹੈ ਕਿ ਇਹ ਪੂਰੀ ਤਰ੍ਹਾਂ ਨਿਰਾਸ਼ਾਜਨਕ ਹੈ, ਦਿਸ਼ਾਹੀਨ ਹੈ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਤਰ੍ਹਾਂ ਨਾਲ ਸਰਕਾਰ ਸਾਰੇ ਫਰੰਟਾਂ ਤੇ ਫੇਲ੍ਹ ਹੈ ਜਿਸ ਦਾ ਸਾਰਿਆਂ ਤੋਂ ਵੱਡਾ ਸਬੂਤ ਹੈ ਕਿ ਇਸ ਵੇਲੇ ਪੰਜਾਬ ਦਾ ਕੋਈ ਵੀ ਵਰਗ, ਕਿਉਂਕਿ ਸਮੇਂ ਦੀ ਲਿਮੀਟੇਸ਼ਨ, ਡਿਟੇਲ ਵਿਚ ਨਹੀਂ ਜਾਵਾਂਗਾ, ਕੋਈ ਵੀ ਵਰਗ ਇਸ ਤੋਂ ਸੰਤੁਸ਼ਟ ਨਹੀਂ, ਨਾ ਪੀਜੈਂਟਰੀ ਸੰਤੁਸ਼ਟ ਹੈ, ਨਾ ਇੰਪਲਾਈ ਵਰਗ ਸੰਤੁਸ਼ਟ ਹੈ ਅਤੇ ਨਾ ਹੀ ਵਿਦਿਆਰਥੀ ਸੰਤੁਸ਼ਟ ਹਨ । ਇਸ ਕਰਕੇ ਸਾਰੇ ਹੀ ਵਰਗ ਸਰਕਾਰ ਤੋਂ ਸੰਤੁਸ਼ਟ ਨਹੀਂ ਹਨ ਅਤੇ ਉਹ ਆਪਣੇ ਗੁੱਸੇ ਦਾ ਪ੍ਰਗਟਾਵਾ ਆਪਣੇ ਜਮਹੂਰੀ ਹੱਕਾਂ ਰਾਹੀਂ ਕਰ ਰਹੇ ਹਨ । ਉਹ ਓਪਨਲੀ ਪ੍ਰਗਟ ਕਰ ਰਹੇ ਹਨ । ਮਿਲੀਟੈਂਟ ਘੋਲ ਚੱਲ ਰਹੇ ਹੋਣ, ਇਸ ਲਈ ਸਰਕਾਰ ਦੀ ਕਾਰਗੁਜ਼ਾਰੀ ਤੇ ਆਪਣੇ ਆਪ ਵਿੱਚ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ । ਸਰਕਾਰ ਵੱਲੋਂ ਪਾਰਦਰਸ਼ੀ ਰਾਜ ਦੇਣ ਦਾ ਫੈਸਲਾ ਕੀਤਾ ਗਿਆ ਸੀ । ਮੈਂ ਇਸ ਬਾਰੇ 2-3 ਗੱਲਾਂ ਕਰਾਂਗਾ । ਪਾਰਦਰਸ਼ੀ ਰਾਜ ਦੇਣ ਬਾਰੇ ਸਰਕਾਰ ਐਲਾਨ ਵਾਰ-ਵਾਰ ਕਰਦੀ ਰਹੀ ਹੈ ਪਰ ਕੁਰੱਪਸ਼ਨ ਪਿਛਲੇ ਸਾਰੇ ਰਿਕਾਰਡ ਕਾਇਮ ਕਰ ਗਈ ਹੈ । ਜਿਸ ਕਰਕੇ ਲੋਕਾਂ ਵਿਚ ਨੈਗੇਟਿਵ ਪ੍ਰਭਾਵ ਗਿਆ ਹੈ । ਚੇਅਰਮੈਨ ਸਾਹਿਬ, ਆਦਮਪੁਰ ਅਕਾਲੀ ਪਾਰਟੀ ਵਾਲਿਆਂ ਦੀ ਰਵਾਇਤੀ ਸੀਟ ਸੀ । ਉਥੇ ਲੋਕਾਂ ਵਿੱਚ ਰਿਜ਼ੈਂਟਮੈਂਟ ਸੀ ਅਤੇ ਉਥੇ ਸਰਕਾਰ ਤੋਂ ਨਰਾਜ਼ ਹੋਏ ਲੋਕਾਂ ਦਾ ਪ੍ਰਗਟਾਵਾ ਸੀ । ਇਸ ਤਰ੍ਹਾਂ ਅਸੀਂ ਆਸ ਕਰ ਸਕਦੇ ਹਾਂ ਕਿ ਸਾਡੇ ਕੋਲੋਂ ਕਿਹਾ ਗਿਆ ਭਾਵੇਂ ਜਿਆਦਾ ਵੇਟ ਨਾ ਰੱਖੇ ਕਿਉਂਕਿ ਇਹ ਕੰਸਿਡਰ ਕੀਤਾ ਜਾਂਦਾ ਹੈ ਕਿ ਆਪੋਜ਼ੀਸ਼ਨ ਦੇ ਬੈਂਚਾਂ ਤੋਂ ਕੰਸਟ੍ਰਕਟਿਵ ਗੱਲ ਨਹੀਂ ਹੋ ਸਕਦੀ, ਇਹ ਉਸਾਰੂ ਗੱਲ ਨਹੀਂ ਕਰ ਸਕਦੇ ਅਤੇ ਹਮੇਸ਼ਾਂ ਨੈਗੇਟਿਵ ਗੱਲ ਹੀ ਕਰਨਗੇ ਪਰ ਚੀਫ ਐਡੀਟਰ, ਟ੍ਰਿਬਿਊਨ ਹਿੰਦੁਸਤਾਨ ਦੇ ਨਾਮੀ ਪੱਤਰਕਾਰਾਂ ਵਿੱਚੋਂ ਹਨ ਅਤੇ ਚੇਅਰਮੈਨ ਸਾਹਿਬ, ਉਨ੍ਹਾਂ ਨੇ ਜੋ ਲਿਖਿਆ ਹੈ, ਉਸ ਗੱਲ ਤੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ । ਉਹ ਕਹਿੰਦੇ ਹਨ, 'ਇਸ ਗ੍ਰਾਫ ਦੇ ਥੱਲੇ ਜਾਣ ਦਾ ਰੁਝਾਨ ਪਿਛਲੇ ਕੁਝ ਸਮੇਂ ਤੋਂ ਧੁੰਦ ਫਾੜ ਕੇ ਸਾਮ੍ਹਣੇ ਆ ਰਿਹਾ ਹੈ ।'' ਇਹ ਮੇਰੇ ਨਹੀਂ, ਚੀਫ ਐਡੀਟਰ,

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਟ੍ਰਿਬਿਊਨ ਦੇ ਸ਼ਬਦ ਦੱਸ ਰਿਹਾ ਹਾਂ । ਸਰਕਾਰ ਦੀ ਪ੍ਰਸ਼ਾਸਨ ਤੇ ਪਕੜ ਨਹੀਂ ਹੈ, ਕ੍ਰਿਜੀਵਤ ਅਹੁਦਿਆਂ ਤੇ ਗਲਤ ਅਧਿਕਾਰੀਆਂ ਦੀ ਚੋਣ ਹੋਣ ਕਾਰਨ ਨੈਗੇਟਿਵ ਸਿੱਟੇ ਵੱਧ ਰਹੇ ਹਨ । ਬਾਦਲ ਸਾਹਿਬ ਦੀ ਕਾਰਗੁਜ਼ਾਰੀ ਆਮ ਨਾਲੋਂ ਜ਼ਿਆਦਾ ਥੱਲੇ ਜਾ ਰਹੀ ਹੈ । ਇਹ ਚਾਰ ਪੰਜ ਲਾਈਨਾਂ ਚੇਅਰਮੈਨ ਸਾਹਿਬ, ਮੈਂ ਆਪਣੇ ਵੱਲੋਂ ਨਹੀਂ ਕਹੀਆਂ । ਹਿੰਦੁਸਤਾਨ ਦੇ ਨਾਮੀ ਪੱਤਰਕਾਰ ਅਤੇ ਚੀਫ ਐਡੀਟਰ ਸਾਹਿਬ, ਟ੍ਰਿਬਿਊਨ ਵੱਲੋਂ ਉਨ੍ਹਾਂ ਦੇ ਪਿਛਲੇ ਦਿਨਾਂ ਵਿਚ ਛਪੇ ਆਪਣੇ ਇੱਕ ਆਰਟੀਕਲ ਜੋ ਫਰੈਂਕਲੀ ਸਪੀਕਿੰਗ ਸਿਰਲੇਖ ਥੱਲੇ ਛਪਿਆ, ਵਿੱਚ ਲਿਖੀਆਂ ਗਈਆਂ ਹਨ । ਉਹ ਕਿਸੇ ਪਾਰਟੀ ਨਾਲ ਬੱਝੇ ਨਹੀਂ ਹੋਏ । ਉਨ੍ਹਾਂ ਨੇ ਆਪਣੀ ਨਿਰਪੱਖ ਰਾਏ ਦਿੱਤੀ ਹੈ । ਇਸ ਤਰ੍ਹਾਂ ਅਸੀਂ ਸਰਕਾਰ ਤੋਂ ਕੀ ਆਸ ਕਰ ਸਕਦੇ ਹਾਂ ? ਇਸ ਸਰਕਾਰ ਨੂੰ ਦੋ ਸਾਲ ਹੋ ਗਏ ਹਨ । ਇਸ ਵੇਲੇ ਇਸ ਰਾਜਪਾਲ ਦੇ ਭਾਸ਼ਣ ਵਿਚ ਦੋ ਸਾਲਾਂ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਹੋਣਾ ਚਾਹੀਦਾ ਸੀ ਲੇਕਿਨ ਹੈਰਾਨੀ ਹੋਈ ਹੈ ਕਿ 1997 ਦਾ ਭਾਸ਼ਣ ਸਾਡੇ ਕੋਲ ਹੈ, ਉਹ 52 ਸਫੇ ਦਾ ਹੈ । ਚਾਰ-ਪੰਜ ਸਫਿਆਂ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਇਸ ਵੇਲੇ ਰਾਜਪਾਲ ਜੀ ਦਾ ਭਾਸ਼ਣ ਘੱਟ ਕੇ ਕੇਵਲ 37 ਸਫੇ ਤੱਕ ਰਹਿ ਗਿਆ ਹੈ । ਕੁਦਰਤੀ ਹੈ ਕਿ ਜੇ ਪ੍ਰਾਪਤੀਆਂ ਵੱਡੀਆਂ ਹੋਣ ਤਾਂ ਉਨ੍ਹਾਂ ਵੱਡੀਆਂ ਪ੍ਰਾਪਤੀਆਂ ਨੂੰ ਕਾਗਜ਼ ਉਪਰ ਦਰਸਾਉਣ ਵਾਸਤੇ ਕੁਝ ਨਾ ਕੁਝ ਪੇਜ ਵੀ ਜ਼ਿਆਦਾ ਲੱਗਦੇ ਹਨ । ਇਸ ਤਰ੍ਹਾਂ ਮੈਂ ਕਹਿਣਾ ਚਾਹੁੰਦਾ ਹਾਂ, ਮਹਿਸੂਸ ਨਹੀਂ ਕਰਨਾ, ਪੰਜਾਬ ਵਿਚ ਲੋਕ ਪੁੱਛ ਰਹੇ ਹਨ ਕਿ ਹਾਊਸ ਵਿਚ ਐਲਾਨ ਕੀਤਾ ਸੀ ਕਿ ਅੱਠਵਾਂ ਅਜੂਬਾ ਸਮੁੱਚੀ ਦੁਨੀਆਂ ਨੂੰ ਦੇਣ ਚੱਲੇ ਸੀ । ਸੱਤ ਅਜੂਬੇ ਤਾਂ ਸੰਸਾਰ ਵਿਚ ਪਹਿਲਾਂ ਹਨ । ਮਾਫ਼ ਕਰਨਾ ਮੇਰੇ ਸ਼ਬਦਾਂ ਵਾਸਤੇ, ਅੱਠਵਾਂ ਅਜੂਬਾ ਮੈਨੂੰ ਨਹੀਂ ਪਤਾ ਕਦੋਂ ਮੁਕੰਮਲ ਹੋਵੇਗਾ, ਲੇਕਿਨ ਨੌਵਾਂ ਅਜੂਬਾ ਸਰਕਾਰ ਦਾ ਪ੍ਰੈਸ ਰਾਹੀਂ ਸੰਸਾਰ ਵੇਖ ਰਿਹਾ ਹੈ, ਇਹ ਅਜੂਬਾ ਸਾਮ੍ਹਣੇ ਆ ਗਿਆ ਹੈ । ਸਰਕਾਰ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ । ਆਖਰ ਕੀ ਕਾਰਨ ਹੈ ? ਅੱਜ ਤੇਜ਼ੀ ਨਾਲ ਸਰਕਾਰ ਦਾ ਗਰਾਫ ਥੱਲੇ ਡਿੱਗ ਗਿਆ ਹੈ । ਇਕ ਵੱਡਾ ਕਾਰਨ ਇਹ ਵੀ ਹੈ ਕਿ ਆਮ ਪੰਜਾਬ ਦੀ ਬਹੁ-ਗਿਣਤੀ ਇਹ ਸਮਝ ਰਹੀ ਹੈ ਕਿ ਸਰਕਾਰ ਆਮ ਲੋਕਾਂ ਦੀ ਨਾ ਹੋ ਕੇ ਕੇਵਲ ਰਿੱਚ ਆਦਮੀਆਂ ਵਾਸਤੇ ਜਾਂ ਵੱਡੇ ਟਰਾਂਸਪੋਰਟਰਾਂ ਵਾਸਤੇ ਹੈ । ਇਹ ਕੇਵਲ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਹੈ । ਵਧੇਰੇ ਗਰੀਬ ਲੋਕਾਂ, ਦਰਮਿਆਨੇ ਕਿਸਾਨਾਂ ਅਤੇ ਛੋਟੇ ਦੁਕਾਨਦਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਸਰਕਾਰ ਦੇ ਏਜੰਡੇ ਵਿੱਚ ਅਮਲੀ ਤੌਰ ਤੇ ਨਹੀਂ ਹੈ । ਇਸੇ ਤਰ੍ਹਾਂ ਇੱਕ ਹੋਰ ਚੀਜ਼ ਜਿਹੜੀ ਪੰਜਾਬ ਦੇ ਲੋਕ ਫੀਲ ਕਰ ਰਹੇ ਹਨ । ਉਹ ਇਹ ਹੈ ਕਿ ਦੋ ਸਾਲ ਤੋਂ ਬੁਨਿਆਦੀ ਢਾਂਚੇ ਨੂੰ ਉਸਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਸਰਕਾਰ ਇਸ ਵਿਚ ਫੇਲ੍ਹ ਰਹੀ ਹੈ । ਐਜੂਕੇਸ਼ਨ ਦੇ ਖੇਤਰ ਵਿਚ ਸਰਕਾਰ ਦਾ ਕੋਈ ਯੋਗਦਾਨ ਨਹੀਂ ਹੈ ਅਤੇ ਸਿਹਤ ਦੇ ਖੇਤਰ ਵਿਚ 421 ਕਰੋੜ ਰੁਪਿਆ ਸਰਕਾਰ ਨੂੰ ਵਰਲਡ ਬੈਂਕ ਤੋਂ ਆਇਆ ਜਦ ਕਿ ਇਹ ਕੇਵਲ 66 ਕਰੋੜ ਰੁਪਿਆ ਹੀ ਖਰਚ ਕਰ ਸਕੇ ਹਨ । ਇਸ ਸਰਕਾਰ ਦਾ ਖਜ਼ਾਨਾ ਖਾਲੀ ਪਿਆ ਹੋਇਆ ਹੈ ਜਿਸ ਕਰਕੇ ਇਹ ਪੈਸਾ ਖਰਚ ਨਹੀਂ ਕਰ ਸਕਦੇ ਅਤੇ ਵਰਲਡ ਬੈਂਕ ਤੋਂ ਪੈਸੇ ਇਨ੍ਹਾਂ ਨੂੰ ਮਿਲ ਨਹੀਂ ਰਹੇ, ਲੋਕਾਂ ਨੂੰ ਬੁਨਿਆਦੀ ਸਹੂਲਤਾਂ ਵੀ ਨਸੀਬ

ਨਹੀਂ ਹੋ ਰਹੀਆਂ ਜਿਸ ਨੂੰ ਦੇਣਾ ਸਰਕਾਰ ਦਾ ਫਰਜ਼ ਹੈ। ਇਸ ਵਿਚ ਲੋਕਾਂ ਦੀ ਵੀ ਹਾਲਤ ਬੜੀ ਤਰਸਯੋਗ ਹੈ। ਰੋਡਜ਼ ਦੀ ਹਾਲਤ ਬਹੁਤ ਖਰਾਬ ਹੈ........

ਸ੍ਰੀ ਸਭਾਪਤੀ : ਅਰਸ਼ੀ ਸਾਹਿਬ, ਤੁਹਾਡੇ 12 ਮਿੰਟ ਖਤਮ ਹੋ ਗਏ ਹਨ। ਵਾਈਂਡ ਅੱਪ ਕਰੋ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਧੰਨਵਾਦ ਜੀ। ਮੈਂ ਬੈਠ ਜਾਂਦਾ ਹਾਂ।

ਸਰਦਾਰ ਕਰਤਾਰ ਸਿੰਘ ਪਾਹੜਾ (ਗੁਰਦਾਸਪੁਰ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਵੱਲੋਂ ਦਿੱਤੇ ਗਏ ਐਡਰੈਸ ਤੇ ਧੰਨਵਾਦ ਦੇ ਮਤੇ ਤੇ ਬੋਲਣ ਲਈ ਸਮਾਂ ਦਿੱਤਾ ਹੈ। ਚੇਅਰਮੈਨ ਸਾਹਿਬ, ਮੈਂ ਹੁਣ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਾਂਝੀ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਹਾਊਸ ਦਾ ਧਿਆਨ ਦਿਵਾਉਣਾ ਚਾਹਾਂਗਾ। ਚੇਅਰਮੈਨ ਸਾਹਿਬ, ਪਿਛਲੇ 50 ਸਾਲਾਂ ਦੇ ਰਾਜ ਵਿੱਚੋਂ 44 ਸਾਲ ਦਾ ਰਾਜ ਕਾਂਗਰਸ ਪਾਰਟੀ ਦਾ ਪੰਜਾਬ ਵਿੱਚ ਅਤੇ ਸੈਂਟਰ ਦੀ ਸਰਕਾਰ ਵਿੱਚ ਰਿਹਾ ਹੈ। ਪੰਜਾਬ ਵਿੱਚ ਪਿਛਲੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਪੰਜਾਬ ਲਈ ਕੋਈ ਨਵਾਂ ਪ੍ਰਾਜੈਕਟ ਨਹੀਂ ਲਿਆ ਕੇ ਦਿੱਤਾ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਐਂਪਲੋਏਮੈਂਟ ਮਿਲ ਸਕਦਾ, ਰੋਜ਼ਗਾਰ ਦੇ ਸਾਧਨ ਪੈਦਾ ਹੁੰਦੇ ਅਤੇ ਪੰਜਾਬ ਵਿਚ ਖੁਸ਼ਹਾਲੀ ਪੈਦਾ ਹੋ ਸਕਦੀ। ਜਦੋਂ ਤੋਂ ਪੰਜਾਬ ਵਿਚ ਸਾਡੀ ਸਰਕਾਰ ਬਣੀ ਹੈ ਅਤੇ ਦਿੱਲੀ ਵਿਚ ਬੀ. ਜੇ. ਪੀ. ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਸਾਡੀ ਸਰਕਾਰ ਨੇ ਜੋ ਲੋਕਾਂ ਨਾਲ ਆਪਣੇ ਚੋਣ ਮੈਨੀਫੈਸਟੋ ਦੇ ਵਿਚ ਵਾਅਦੇ ਕੀਤੇ ਸਨ, ਉਨ੍ਹਾਂ ਵਾਅ-ਦਿਆਂ ਨੂੰ ਪੂਰਾ ਕਰਨ ਲਈ ਕੋਸ਼ਿਸ਼ ਕੀਤੀ। ਸਾਡੀ ਸਰਕਾਰ ਨੇ 12 ਫਰਵਰੀ, 1997 ਨੂੰ ਬਾਦਲ ਸਾਹਿਬ ਨੇ 10 ਕੈਬਨਿਟ ਮੈਂਬਰਾਂ ਸਮੇਤ ਪੰਜਾਬ ਵਿਚ ਸਹੁੰ ਚੁੱਕੀ ਅਤੇ 13 ਤਾਰੀਖ ਨੂੰ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਅੰਮ੍ਰਿਤਸਰ ਗਏ ਜਿਥੇ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ ਚਲਾਉਣ ਦੀ ਕਸਮ ਖਾਧੀ ਅਤੇ 14 ਤਾਰੀਖ ਨੂੰ ਸਾਡੀ ਸਰਕਾਰ ਨੇ ਵਾਅਦੇ ਪੂਰੇ ਕਰ ਦਿੱਤੇ। ਇਸ ਵਿੱਚ ਮੈਨੂੰ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ। ਜਿਹੜੀਆਂ ਪਹਿਲੀਆਂ ਸਰਕਾਰਾਂ ਨੇ ਯਾਨੀ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ 44 ਸਾਲ ਪੰਜਾਬ ਵਿਚ ਰਾਜ ਕੀਤਾ, ਉਸ ਦੌਰਾਨ ਕੋਈ ਕੰਮ ਨਹੀਂ ਕੀਤਾ ਗਿਆ ਜਦ ਕਿ ਸਾਡੀ ਬਾਦਲ ਸਾਹਿਬ ਦੀ ਸਰਕਾਰ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬੜੇ ਕੰਮ ਕੀਤੇ ਹਨ। ਸਾਡੀ ਸਰਕਾਰ ਜੋ ਜ਼ਿਮੀਂਦਾਰਾਂ ਦੀ ਉਪਜ ਉਤੇ ਮੁਆਵਜ਼ਾ ਨਹੀਂ ਦੇ ਸਕਦੀ ਸੀ ਤਾਂ ਉਸਨੇ ਇਹ ਘਾਟਾ ਪੂਰਾ ਕਰਨ ਲਈ ਉਨ੍ਹਾਂ ਦੇ ਟਿਊਬਵੈੱਲਜ਼ ਦੀ ਬਿਜਲੀ ਨੂੰ ਮੁਆਫ ਕਰ ਦਿੱਤਾ ਅਤੇ ਜਿਹੜਾ ਉਨ੍ਹਾਂ ਨੂੰ ਪਾਣੀ ਦਿੱਤਾ ਜਾਂਦਾ ਸੀ ਉਹ ਵੀ ਫਰੀ ਕਰ ਦਿੱਤਾ ਅਤੇ ਨਹਿਰੀ ਪਾਣੀ ਦੀ ਸਪਲਾਈ ਵੀ ਫਰੀ ਕਰ ਦਿੱਤੀ। ਇਸ ਤੋਂ ਇਲਾਵਾ ਜਿਹੜੇ ਗਰੀਬ ਲੋਕ ਸਨ ਜਿਨ੍ਹਾਂ ਨੂੰ ਕਾਂਗਰਸ ਪਾਰਟੀ ਨੇ ਗੁੰਮਰਾਹ ਕੀਤਾ ਹੋਇਆ ਸੀ ਅਤੇ ਪਿਛਲੇ 50 ਸਾਲਾਂ ਤੋਂ ਉਨ੍ਹਾਂ ਦੇ ਵੋਟ ਲੈ ਰਹੇ ਸਨ ਪਰ ਉਨ੍ਹਾਂ ਵਾਸਤੇ ਕੁਝ ਕਰਦੇ ਨਹੀਂ ਸਨ, ਸਾਡੀ ਸਰਕਾਰ ਨੇ ਉਨ੍ਹਾਂ ਗਰੀਬ ਪਰਿਵਾਰਾਂ ਦੀਆਂ ਧੀਆਂ ਵਾਸਤੇ ਸ਼ਗਨ ਸਕੀਮ ਨੂੰ ਲਾਗੂ ਕੀਤਾ ਅਤੇ ਹੁਣ

[ਸਰਦਾਰ ਕਰਤਾਰ ਸਿੰਘ ਪਾਹੜਾ]

ਸ਼ਡਿਊਲਡ ਕਾਸਟ ਦੀਆਂ ਬੇਟੀਆਂ ਨੂੰ ਉਨ੍ਹਾਂ ਦੇ ਵਿਆਹ ਤੇ 5100 ਰੁਪਿਆ ਸ਼ਗਨ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਬਾਦਲ ਸਾਹਿਬ ਦੀ ਸਰਕਾਰ ਨੇ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਆਪਣਾ ਜੀਵਨ ਬਤੀਤ ਕਰ ਰਹੇ ਸਨ, ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਇਹ ਸਹੂਲਤ ਦਿੱਤੀ ਹੈ ਚਾਹੇ ਉਹ * * ਜਾਤੀ ਦਾ ਹੋਵੇ ਜਾਂ ਕਿਸੇ ਹੋਰ ਜਾਤੀ ਦਾ ਹੋਵੇ।

ਸ੍ਰੀ ਸਭਾਪਤੀ: * * ਸ਼ਬਦ ਬੈਨ ਹੈ। ਇਸ ਲਈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਕਰਤਾਰ ਸਿੰਘ ਪਾਹੜਾ: ਚੇਅਰਮੈਨ ਸਾਹਿਬ, ਸਾਨੂੰ ਚਾਹੀਦਾ ਹੈ ਕਿ ਅਸੀਂ ਦਲਿਤ ਵਰਗਾਂ ਵਾਸਤੇ ਕੰਮ ਕਰੀਏ। ਇਸ ਕਰਕੇ ਚੇਅਰਮੈਨ ਸਾਹਿਬ, ਬਾਦਲ ਸਾਹਿਬ ਦੀ ਸਰਕਾਰ ਨੇ ਆਉਂਦਿਆਂ ਹੀ ਬਜ਼ੁਰਗਾਂ ਅਤੇ ਵਿਧਵਾਵਾਂ ਵਾਸਤੇ ਪੈਨਸ਼ਨਾਂ ਲਗਾਈਆਂ। ਪਿਛਲੀ ਕਾਂਗਰਸ ਸਰਕਾਰ ਨੇ ਇਤਨਾ ਸਮਾਂ ਰਾਜ ਕੀਤਾ ਪਰ ਉਨ੍ਹਾਂ ਨੇ ਪੈਨਸ਼ਨਾਂ ਬਹੁਤ ਹੀ ਘੱਟ ਲਗਾਈਆਂ। ਸਾਡੀ ਸਰਕਾਰ ਨੇ ਹਜ਼ਾਰਾਂ ਦੀ ਤਾਦਾਦ ਵਿਚ ਪੈਨਸ਼ਨਾਂ ਲਗਾਈਆਂ ਅਤੇ ਜਿਨ੍ਹਾਂ ਦੀਆਂ ਪੈਨਸ਼ਨਾਂ ਨਹੀਂ ਲੱਗੀਆਂ ਸਨ, ਉਨ੍ਹਾਂ ਦੀ ਜ਼ਿੰਮੇਵਾਰੀ ਕਾਂਗਰਸੀ ਲੋਕਾਂ ਦੀ ਹੈ। ਕਾਂਗਰਸੀਆਂ ਨੇ ਮਹਿਕਮੇ ਵਿਚ ਜਾ ਕੇ ਅਤੇ ਕੁਝ ਲੋਕਾਂ ਨੂੰ ਪੈਸੇ ਦੇ ਕੇ ਫਾਰਮ ਕਢਾ ਲਏ ਅਤੇ ਅੱਜ ਅਸੀਂ ਉਨ੍ਹਾਂ ਨੂੰ ਲੱਭਣ ਵਿਚ ਲੱਗੇ ਹੋਏ ਹਾਂ। ਕਈ ਵਾਰੀ ਲੱਭਿਆ ਹੈ ਪਰ ਪਤਾ ਨਹੀਂ ਕਿਹੜੀ ਬੋਰੀ ਵਿੱਚ ਉਹ ਫਾਰਮ ਪਾ ਦਿੱਤੇ। ਸਾਡੀ ਸਰਕਾਰ ਨੇ ਸਾਰਿਆਂ ਨੂੰ ਪੈਨਸ਼ਨਾਂ ਦਿਵਾਈਆਂ ਹਨ।

ਚੇਅਰਮੈਨ ਸਾਹਿਬ, ਪੰਜਾਬ ਅੰਦਰ ਥੀਨ ਡੈਮ ਦੀ ਜਿਹੜੀ ਸਕੀਮ ਸੀ ਇਹ ਬਹੁਤ ਚਿਰ ਤੋਂ ਪੈਂਡਿੰਗ ਪਈ ਸੀ। ਥੀਨ ਡੈਮ ਦੀ ਜੇਕਰ ਪਹਿਲਾਂ ਮਨਜ਼ੂਰੀ ਮਿਲ ਜਾਂਦੀ ਤਾਂ ਬਹੁਤ ਹੀ ਥੋੜ੍ਹੇ ਪੈਸੇ ਖਰਚ ਹੋਣੇ ਸਨ, ਪਰ ਹੁਣ ਬਹੁਤ ਵੱਡੀ ਰਕਮ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਥੀਨ ਡੈਮ ਤੇ ਖਰਚ ਕਰਨੀ ਪਈ ਹੈ। ਬਾਦਲ ਸਾਹਿਬ ਦੀ ਸਰਕਾਰ ਨੇ ਸੈਂਟਰ ਤੋਂ ਇਸ ਲਈ ਪੈਸਾ ਲਿਆਂਦਾ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਨੇ ਇਸ ਥੀਨ ਡੈਮ ਨੂੰ ਪੂਰਾ ਕੀਤਾ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਉਮਰ ਲੰਬੀ ਹੋਵੇ ਅਤੇ ਉਨ੍ਹਾਂ ਨੂੰ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਦਾ ਰਹੇ। ਪੰਜਾਬ ਸਰਕਾਰ ਨੇ ਸੈਂਟਰ ਤੋਂ ਪੈਸਾ ਲਿਆ ਕੇ ਇਸ ਪ੍ਰਾਜੈਕਟ ਨੂੰ ਪੂਰਾ ਕੀਤਾ ਅਤੇ ਜੂਨ ਦੇ ਮਹੀਨੇ ਵਿਚ ਪਹਿਲਾ ਯੂਨਿਟ ਚੱਲੇਗਾ ਅਤੇ ਦੋ-ਦੋ ਮਹੀਨੇ ਬਾਅਦ ਬਾਕੀ ਦੇ ਸਾਰੇ ਯੂਨਿਟ ਵੀ ਚਾਲੂ ਹੋ ਜਾਣਗੇ। ਇਸ ਨਾਲ 1150 ਕਰੋੜ ਰੁਪਏ ਦਾ ਰੈਵੀਨਿਊ ਵਧੇਗਾ ਅਤੇ ਪੰਜਾਬ ਇਸ ਨਾਲ ਤਰੱਕੀ ਕਰੇਗਾ।

ਸ੍ਰੀ ਸਭਾਪਤੀ: ਵਾਈਂਡ ਅੱਪ ਕਰੋ ਜੀ।

**Expunged as orderd by the Chair.

ਸਰਦਾਰ ਕਰਤਾਰ ਸਿੰਘ ਪਾਹੜਾ : ਚੇਅਰਮੈਨ ਸਾਹਿਬ, ਰੀਫਾਈਨਰੀ, ਤੇਲ ਦਾ ਕਾਰਖਾਨਾ 16,000 ਕਰੋੜ ਰੁਪਏ ਦਾ ਖਰਚ ਕਰਕੇ ਲੱਗ ਰਿਹਾ ਹੈ । ਜਦੋਂ ਇਹ ਕਾਰਖਾਨਾ ਤਿਆਰ ਹੋ ਜਾਵੇਗਾ ਤਾਂ ਫਿਰ ਤੇਲ ਲੈਣ ਵਾਸਤੇ 10,000 ਟਰੱਕ ਅੰਦਰ ਜਾਣਗੇ ਅਤੇ ਉਸ ਵਾਸਤੇ ਅਸੀਂ 10,000 ਡਰਾਈਵਰ ਰੱਖਾਂਗੇ, 10,000 ਕਲੀਨਰ ਰੱਖਾਂਗੇ । ਮਸ਼ੀਨਰੀ ਵਾਸਤੇ ਕਈ ਯੂਨਿਟ ਲੱਗਣਗੇ ਅਤੇ ਇਸ ਨਾਲ ਪੰਜਾਬ ਬਹੁਤ ਹੀ ਤਰੱਕੀ ਕਰੇਗਾ । ਇਸ ਨਾਲ ਜੋ ਰੈਵੀਨਿਊ ਪੰਜਾਬ ਵਿੱਚ ਆਵੇਗਾ ਤਾਂ ਉਸ ਨਾਲ ਪੰਜਾਬ ਕੈਲੇਫੋਰਨੀਆ ਬਣ ਜਾਵੇਗਾ । ਇਹ ਪ੍ਰਾਜੈਕਟ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਹੀ ਦੇਣ ਹੈ । ਸਭਾਪਤੀ ਸਾਹਿਬ, ਹੁਣ ਅਸੀਂ ਅਨੰਦਪੁਰ ਸਾਹਿਬ ਵਿੱਚ ਖਾਲਸਾ ਸਾਜਨਾ ਦੀ 300 ਸਾਲਾ ਵਰ੍ਹੇਗੰਢ ਦੇ ਜਸ਼ਨ ਮਨਾਉਣ ਜਾ ਰਹੇ ਹਾਂ । ਚੇਅਰਮੈਨ ਸਾਹਿਬ, ਮਹਾਰਾਜਾ ਰਣਜੀਤ ਸਿੰਘ ਜੀ ਨੇ ਹਰਿਮੰਦਰ ਸਾਹਿਬ ਵਿਖੇ ਸੋਨਾ ਚੜ੍ਹਾਇਆ ਸੀ । ਜਿਸ ਕਰਕੇ ਅੱਜ ਉਨ੍ਹਾਂ ਦਾ ਨਾਂ ਸਾਰੇ ਦੇਸ਼ ਵਿਚ, ਦੁਨੀਆਂ ਵਿਚ ਮਸ਼ਹੂਰ ਹੈ । ਹੁਣ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਸੈਂਟਰ ਦੀ ਸਰਕਾਰ ਤੋਂ 100 ਕਰੋੜ ਰੁਪਿਆ ਅਨੰਦਪੁਰ ਸਾਹਿਬ ਖਾਤਰ ਲਿਆਂਦਾ ਅਤੇ ਜਿਸ ਨਾਲ ਅਸੀਂ ਅਨੰਦਪੁਰ ਸਾਹਿਬ ਵਿਖੇ ਇੱਕ ਨਵਾਂ ਅਜੂਬਾ ਬਣਾ ਰਹੇ ਹਾਂ । ਇਹ ਬੇਸ਼ੱਕ ਮੁਖਾਲਫਤ ਕਰਨ ਲੇਕਿਨ ਬਾਦਲ ਸਾਹਿਬ ਅਮਰ ਹੋਣਗੇ ਅਤੇ ਉਨ੍ਹਾਂ ਤੋਂ ਬਾਅਦ ਵੀ ਇਸ ਅਜੂਬੇ ਵਾਸਤੇ ਅਨੰਦਪੁਰ ਸਾਹਿਬ ਵਿੱਚ ਬਾਦਲ ਸਾਹਿਬ ਜੋ ਕੰਮ ਕਰਕੇ ਗਏ ਹਨ, ਉਹ ਲੋਕਾਂ ਨੂੰ ਹਮੇਸ਼ਾ ਯਾਦ ਰਹਿਣਗੇ ਅਤੇ ਉਨ੍ਹਾਂ ਦੀ ਯਾਦਦਾਸ਼ਤ ਸਦਾ ਲਈ ਕਾਇਮ ਰਹੇਗੀ । ਇੱਥੇ ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਟਿੱਪਣੀ ਕਰਨੀ ਤਾਂ ਬੜੀ ਸੌਖੀ ਹੈ, ਪਰ ਕੰਮ ਕਰਕੇ ਦੱਸਣਾ ਬੜਾ ਔਖਾ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀਆਂ ਸਰਕਾਰਾਂ ਦੇ ਲੋਕਾਂ ਨੂੰ, ਜਿਨ੍ਹਾਂ ਨੇ 44 ਸਾਲ ਦਾ ਸਮਾਂ ਐਵੇਂ ਹੀ ਗੁਆ ਦਿੱਤਾ ਤੇ ਪੰਜਾਬ ਵਿੱਚ ਅਤੇ ਸੈਂਟਰ ਵਿਚ ਵੀ ਉਨ੍ਹਾਂ ਦੀ ਹੀ ਸਰਕਾਰ ਹੁੰਦੀ ਸੀ, ਉਦੋਂ ਉਨ੍ਹਾਂ ਨੇ ਕੁਝ ਲਿਆਂਦਾ ਨਹੀਂ । ਦੂਜੇ ਪਾਸੇ ਬਾਦਲ ਸਾਹਿਬ ਨੇ ਉਦੋਂ ਵੀ ਜਦੋਂ ਕਿ ਅੱਜ ਜਿਵੇਂ ਭਾਜਪਾ ਦੀ ਸਰਕਾਰ ਸੈਂਟਰ ਵਿਚ ਬਣੀ ਹੈ, ਜਦੋਂ ਇਹ ਨਹੀਂ ਵੀ ਸੀ, ਉਦੋਂ ਵੀ ਗੁਜਰਾਲ ਸਾਹਿਬ, ਜੋ ਸਾਡੇ ਜਲੰਧਰ ਦੇ ਸਪੂਤ ਹਨ, ਉਨ੍ਹਾਂ ਤੋਂ ਪੰਜਾਬ ਦਾ ਜਿਹੜਾ ਕਰਜ਼ਾ ਸੀ, ਉਹ ਸਾਰਾ ਕਰਜ਼ਾ ਮੁਆਫ ਕਰਾ ਲਿਆ । ਜਿਨ੍ਹਾਂ ਨੇ ਐਨੇ ਢੰਗ ਨਾਲ ਕੇਸ ਪੇਸ਼ ਕੀਤਾ, ਗੁਜਰਾਲ ਸਾਹਿਬ ਨੂੰ ਸਮਝਾ ਦਿੱਤਾ ਕਿ ਤੁਸੀਂ ਪੰਜਾਬੀ ਮਾਂ ਦਾ ਦੁੱਧ ਪੀਤਾ ਹੈ, ਜਿਹੜਾ ਕਰਜ਼ਾ ਅੱਜ ਪੰਜਾਬ ਤੇ ਚੜ੍ਹਿਆ ਹੈ, ਉਸ ਦਾ ਬੋਝ ਲਾਹ ਦਿਓ । ਇਥੇ ਪਹਿਲਾ ਪ੍ਰਧਾਨ ਮੰਤਰੀ ਵੀ ਆਇਆ ਸੀ ਅਤੇ ਮੰਨ ਵੀ ਗਿਆ ਸੀ ਕਿ ਪੰਜਾਬ ਨੇ ਕੋਈ ਮਾੜਾ ਕੰਮ ਨਹੀਂ ਕੀਤਾ, ਇਸ ਤੇ ਕੋਈ ਕਰਜ਼ਾ ਨਹੀਂ ਇਸ ਦਾ ਕਰਜ਼ਾ ਅਸੀਂ ਮੁਆਫ ਕਰਾਂਗੇ ਪਰ ਦਿੱਲੀ ਜਾ ਕੇ ਬਿਲਕੁਲ ਹੀ ਮੁੱਕਰ ਗਿਆ ਸੀ । ਬਾਦਲ ਸਾਹਿਬ ਨੇ ਗੁਜਰਾਲ ਸਾਹਿਬ ਨੂੰ ਸਮਝਾ ਕੇ ਪੰਜਾਬ ਦਾ ਕਰਜ਼ਾ ਮੁਆਫ ਕਰਵਾਇਆ । ਇੱਥੇ ਹੀ ਬਸ ਨਹੀਂ, ਜੋ ਇਨ੍ਹਾਂ ਦੀ ਸਕੀਮ ਹੈ, ਸਾਨੂੰ ਫਿਕਰ ਹੈ, ਅਸੀਂ ਚਿੰਤਿਤ ਹਾਂ ਕਿ ਕਣਕ ਪਿੱਛੇ ਮੰਡੀਆਂ ਵਿੱਚ ਰੁਲੀ ਹੈ, ਸਾਡੇ ਐਮ. ਐਲ. ਏਜ਼. ਸਾਥੀਆਂ ਸਵਰਨਜੀਤ, 200 ਰੁਪਏ ਦਿਹਾੜੀ ਜਿਸ ਨਾਲ ਕਿ ਖਰਚਾ ਵੀ ਪੂਰਾ ਨਹੀਂ ਹੁੰਦਾ, ਮੰਡੀਆਂ ਵਿਚ ਰੁਲ ਰਹੀ ਹੈ, ਕੋਈ ਖਰੀਦਣ ਵਾਲਾ ਨਹੀਂ, ਲੇਕਿਨ ਬਾਦਲ ਸਾਹਿਬ ਨੇ ਇੰਟਰਨੈਸ਼ਨਲ ਏਅਰਪੋਰਟ ਵਾਸਤੇ ਜੋ

[ਸਰਦਾਰ ਕਰਤਾਰ ਸਿੰਘ ਪਾਹੜਾ]

ਕੋਸ਼ਿਸ਼ ਕੀਤੀ ਹੈ, ਜਿਸ ਦਿਨ ਉਹ ਚਾਲੂ ਹੋ ਜਾਵੇਗਾ, ਉਸ ਦਿਨ ਸਾਡੇ ਚੌਲ ਵੀ ਹੋਰ ਕੰਟਰੀਜ਼ ਨੂੰ ਬਾਹਰ ਜਾਣਗੇ ਅਤੇ ਸਾਡੀਆਂ ਸਬਜ਼ੀਆਂ ਵੀ ਅਰਬ ਕੰਟਰੀਜ਼ ਨੂੰ ਜਾਣਗੀਆਂ ਅਤੇ ਉਸ ਦੇ ਇਵਜ਼ ਵਿਚ ਅਸੀਂ ਤੇਲ ਲਵਾਂਗੇ ਅਤੇ ਹੋਰ ਚੀਜ਼ਾਂ ਲਵਾਂਗੇ। ਇਸ ਨਾਲ ਸਾਡਾ ਜਿਹੜਾ ਸੂਬਾ ਹੈ, ਉਸ ਦੀ ਤਰੱਕੀ ਹੋਵੇਗੀ। ਲੇਕਿਨ ਚੇਅਰਮੈਨ ਸਾਹਿਬ, ਕੁਝ ਕੰਮ ਕਰਨ ਵਾਸਤੇ ਸਮਾਂ ਵੀ ਲਗਦਾ ਹੈ। ਇਕ ਮਕਾਨ ਵੀ ਬਣਾਉਣਾ ਹੋਵੇ ਤਾਂ ਪਹਿਲਾਂ ਨੀਹਾਂ ਪੁੱਟਣੀਆਂ ਪੈਂਦੀਆਂ ਹਨ, ਇੱਟਾਂ ਦਾ ਇੰਤਜ਼ਾਮ, ਰਾਜ ਮਿਸਤਰੀ ਲੱਭੇ ਜਾਂਦੇ ਹਨ। ਜਦੋਂ ਨੀਹਾਂ ਪੈ ਜਾਂਦੀਆਂ ਹਨ ਫੇਰ ਦਰਵਾਜ਼ਿਆਂ ਦੀਆਂ ਚੁਗਾਠਾਂ ਦੀ ਲੋੜ ਪੈਂਦੀ ਹੈ, ਖਿੜਕੀਆਂ ਦੀ ਲੋੜ ਪੈਂਦੀ ਹੈ, ਸਰੀਏ ਦੀ ਲੋੜ ਪੈਂਦੀ ਹੈ। ਇਸ ਲਈ ਹਰੇਕ ਕੰਮ ਵਿਚ ਸਮਾਂ ਲੱਗਣਾ ਤਾਂ ਜ਼ਰੂਰੀ ਹੁੰਦਾ ਹੈ। ਅੱਜ ਜਦੋਂ ਇੰਟਰਨੈਸ਼ਨਲ ਏਅਰਪੋਰਟ ਚਾਲੂ ਹੋ ਗਿਆ ਤਾਂ ਜਿਹੜਾ ਸਾਡਾ ਫ਼ਿਕਰ ਹੈ ਕਿ ਹੋ ਸਕਦਾ ਹੈ ਸਾਡੀ ਕੋਈ ਕਣਕ ਨਾ ਖਰੀਦੇ, ਸਾਡੇ ਚੌਲ ਨਾ ਖਰੀਦੇ ਕਿਉਂਕਿ ਸਾਡਾ ਸੂਬਾ ਜ਼ਰਾਇਤੀ ਸੂਬਾ ਹੈ ਅਤੇ ਐਵੇਂ ਨਾ ਹੋਵੇ ਕਿ ਕਿਸਾਨ ਰੁਲਦਾ ਫਿਰੇ ਤਾਂ ਫੇਰ ਸਾਨੂੰ ਮਾਯੂਸੀ ਹੋਵੇਗੀ, ਇਸਦਾ ਪ੍ਰਬੰਧ ਬਾਦਲ ਸਾਹਿਬ ਨੇ ਸੋਚਿਆ ਔਰ ਉਸ ਤੇ ਅਮਲ ਵੀ ਸ਼ੁਰੂ ਹੋਇਆ ਹੈ। ਮੈਂ ਸਮਝਦਾ ਹਾਂ ਕਿ ਜਿਸ ਦਿਨ ਇਹ ਕੰਮ ਪੂਰਾ ਹੋ ਗਿਆ ਉਸ ਦਿਨ ਸਾਡੀਆਂ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣਗੀਆਂ।

ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਫੋਕਲ ਪੁਆਇੰਟ ਬਣਾਏ ਤਾਂ ਕਿ ਜ਼ਿਮੀਂਦਾਰ ਨੂੰ ਸ਼ਹਿਰਾਂ ਵੱਲ ਨਾ ਨੱਸਣਾ ਪਵੇ। ਇੱਥੇ ਹੀ ਉਸ ਦੀ ਜਿਣਸ ਵਿਕੇ। ਉਸ ਨੂੰ ਜਿੰਨੀਆਂ ਚੀਜ਼ਾਂ ਦੀ ਵੀ ਲੋੜ ਹੈ, ਉਹ ਉਥੇ ਹੀ ਮਿਲਣ। ਇਨ੍ਹਾਂ ਨੇ ਉਥੇ ਹੀ ਉਨ੍ਹਾਂ ਨੂੰ ਗੁਦਾਮ ਵੀ ਦਿੱਤੇ। ਜੇ ਕਿਸੇ ਬੰਦੇ ਨੂੰ ਪੈਸਿਆਂ ਦੀ ਲੋੜ ਪੈ ਜਾਵੇ ਤਾਂ ਉਹ ਆਪਣੀ ਜਿਣਸ ਗੁਦਾਮ ਵਿਚ ਰੱਖ ਕੇ 75% ਕੀਮਤ ਲੈ ਲਵੇ ਤਾਂ ਕਿ ਉਸਦਾ ਕੰਮ ਵੀ ਹੋ ਜਾਵੇ ਅਤੇ ਜਦੋਂ ਫਿਰ ਉਹ ਚਾਹੇ ਕਿ ਹੁਣ ਮੇਰੀ ਮਰਜ਼ੀ ਦਾ ਭਾਅ ਹੈ, ਉਹ ਉਸ ਫ਼ਸਲ ਨੂੰ ਆਪਣੀ ਮਰਜ਼ੀ ਨਾਲ ਵੇਚ ਸਕਦਾ ਹੈ। ਚੇਅਰਮੈਨ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਇਹ ਵੀ ਸਕੀਮ ਹੈ ਕਿ ਜਿਹੜੀਆਂ ਕੋਆਪਰੇਟਿਵ ਦੀਆਂ ਚੈਕ ਬੁੱਕਾਂ ਹਨ, ਉਹ ਕਿਸਾਨ ਨੂੰ ਦੇ ਦੇਣੀਆਂ ਹਨ ਤਾਂ ਕਿ ਉਹ ਆਪਣੀ ਲੋੜ ਮੁਤਾਬਿਕ ਚੈਕ ਕੱਟੇ। ਜੇ ਉਸ ਨੇ ਕੋਈ ਪੈਸਾ ਲੈਣਾ ਹੈ ਤਾਂ ਉਸ ਨੂੰ ਕਿਸੇ ਦੇ ਮਗਰ ਨਹੀਂ ਨੱਸਣਾ ਪੈਣਾ। ਉਸ ਦੇ ਵਿਚ ਹੀ ਖਾਤਾ ਹੋਵੇਗਾ ਕਿ ਉਸ ਦੀ ਕਿੰਨੀ ਜ਼ਮੀਨ ਹੈ, ਕਿੰਨੀ ਹੱਦ ਹੈ। ਉਹ ਉਥੋਂ ਹੀ ਕਰਜ਼ਾ ਲਵੇਗਾ ਅਤੇ ਆਪਣੀਆਂ ਜ਼ਰੂਰਤਾਂ ਨੂੰ ਪੂਰੀਆਂ ਕਰੇਗਾ। ਇਸ ਕਰਕੇ ਇਹ ਸਕੀਮ ਬੜੀ ਚੰਗੀ ਹੈ। ਜਿਹੜੇ ਮੇਰੇ ਵੀਰ ਕਹਿੰਦੇ ਹਨ ਕਿ ਕਾਂਗਰਸ ਨੇ ਤਾਂ ਕੁਝ ਨਹੀਂ ਕੀਤਾ, ਉਨ੍ਹਾਂ ਨੇ ਕੁਝ ਵੀ ਨਹੀਂ ਕੀਤਾ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਂਗਰਸ ਨੇ ਕਾਤੀਆ ਕਾਂਡ ਨਹੀਂ ਕੀਤਾ? ਕੀ ਉਨ੍ਹਾਂ ਨੇ ਤੰਦੂਰ ਕਾਂਡ ਨਹੀਂ ਕੀਤਾ? ਕੀ ਉਨ੍ਹਾਂ ਨੇ ਹਿੰਦੂਆਂ ਅਤੇ ਸਿੱਖਾਂ ਦੇ ਪਵਿੱਤਰ ਰਿਸ਼ਤੇ ਨੂੰ ਜਿਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਕੋਈ ਹਿੰਦੂ ਅਤੇ ਸਿੱਖ ਨੂੰ ਵੱਖ ਸਮਝਦਾ ਹੈ ਤਾਂ ਉਹ ਪੂਰਨ ਸਿੱਖ ਹੀ ਨਹੀਂ......

*4.40 ਵਜੇ ਬਾਅਦ ਦੁਪਹਿਰ

(ਇਸ ਸਮੇਂ* ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਸਾਡੇ ਦਸ ਦੇ ਦਸ ਗੁਰੂ ਸਾਰੇ ਬੇਦੀ, ਤਰੇਹਨ, ਭੱਲੇ ਤੇ ਸੋਢੀ ਗੋਤਾਂ ਵਿਚੋਂ ਹੋਏ ਹਨ । ਇਹ ਸਾਰੀਆਂ ਕੁੱਲਾਂ ਹਿੰਦੂਆਂ ਦੀਆਂ ਹਨ, ਖੱਤਰੀਆਂ ਦੀਆਂ ਹਨ । ਇਸ ਕਰਕੇ ਅਸੀਂ ਉਨ੍ਹਾਂ ਦੀ ਹੀ ਔਲਾਦ ਹਾਂ, ਉਨ੍ਹਾਂ ਨੂੰ ਹੀ ਮੰਨਣ ਵਾਲੇ ਹਾਂ । ਹਿੰਦੂ-ਸਿੱਖ ਦਾ ਇਕ ਪਵਿੱਤਰ ਰਿਸ਼ਤਾ ਹੈ ਲੇਕਿਨ ਇਨ੍ਹਾਂ ਕਾਂਗਰਸੀਆਂ ਨੇ ਸਾਡੇ ਵਿਚ ਪਾੜਾ ਪਾ ਕੇ ਲੜਾਇਆ ਅਤੇ ਅੱਤਵਾਦ ਵਿਚ ਧੱਕ ਦਿੱਤਾ । ਇਹ ਸਿਰਫ ਇਸ ਕਰਕੇ ਕੀਤਾ ਕਿ ਜੇ ਇਹ ਆਪਸ ਵਿਚ ਲੜ ਪੈਣ ਤਾਂ ਹੀ ਅਸੀਂ ਪੰਜਾਬ ਵਿਚ ਰਾਜ ਕਰ ਸਕਦੇ ਹਾਂ, ਨਹੀਂ ਤਾਂ ਅਸੀਂ ਏਥੇ ਰਾਜ ਨਹੀਂ ਕਰ ਸਕਦੇ । ਮੈਂ ਤਾਂ ਇਨ੍ਹਾਂ ਕਾਂਗਰਸੀ ਵੀਰਾਂ ਨੂੰ ਇਹ ਐਲਾਨੀਆ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਤੁਹਾਡੇ ਮਨਸੂਬੇ ਬੱਝੇ ਦੇ ਬੱਝੇ ਹੀ ਰਹਿ ਗਏ ਹਨ । ਜਿਸ ਦਿਨ ਦਿੱਲੀ ਵਿਚ ਮੌਜੂਦਾ ਸਰਕਾਰ ਬਣੀ ਸੀ, ਉਸ ਵੇਲੇ ਬਾਕੀ ਸਾਰੀਆਂ ਪਾਰਟੀਆਂ ਨੇ ਸ਼ਰਤਾਂ ਲਗਾ ਕੇ ਉਸ ਨੂੰ ਸਮਰਥਨ ਦਿੱਤਾ ਸੀ ਲੇਕਿਨ ਇਕ ਬਾਦਲ ਸਾਹਿਬ ਹੀ ਸਨ ਜਿਨ੍ਹਾਂ ਨੇ ਬਗੈਰ ਕਿਸੇ ਸ਼ਰਤ ਤੋਂ ਉਸ ਨੂੰ ਸਮਰਥਨ ਦਿੱਤਾ ਸੀ । ਉਦੋਂ ਤੋਂ ਹਿੰਦੂਆਂ ਸਿੱਖਾਂ ਵਿਚ ਇਕ ਪ੍ਰੇਮ ਦੀ ਲਹਿਰ ਦੌੜ ਰਹੀ ਹੈ । ਅੱਜ ਜੇ ਕਿਸੇ ਹਿੰਦੂ ਨੂੰ ਪਸੀਨੇ ਦੀ ਲੋੜ ਪੈਂਦੀ ਹੈ ਤਾਂ ਸਿੱਖ ਉਸ ਦੇ ਵਾਸਤੇ ਖੂਨ ਵਹਾ ਦਿੰਦਾ ਹੈ । ਸਾਡੇ ਦਰਮਿਆਨ ਕਈ ਗਲਤ ਚੀਜ਼ਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ । ਇਨ੍ਹਾਂ ਨੇ ਸਾਡੇ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਸੁਟਾਈਆਂ, ਸਾਡੇ ਗੁਰਦੁਆਰਿਆਂ ਦੇ ਸਰੋਵਰਾਂ ਵਿਚ ਸਿਗਰਟਾਂ ਸੁਟਾਈਆਂ । ਇਨ੍ਹਾਂ ਨੇ ਸਾਡੇ ਪਵਿੱਤਰ ਰਿਸ਼ਤਿਆਂ ਵਿਚ ਫਰਕ ਪੁਆਉਣ ਦੀ ਕੋਸ਼ਿਸ਼ ਕੀਤੀ ਕਿ ਸਾਡੇ ਵਿਚਕਾਰ ਲੜਾਈ ਹੋਵੇ ਪਰ ਲੜਾਈ ਕਿਉਂ ਨਹੀਂ ਹੋਈ ? ਲੜਾਈ ਇਸ ਕਰਕੇ ਨਹੀਂ ਹੋਈ ਕਿਉਂਕਿ ਹਿੰਦੂ ਤੇ ਸਿੱਖ ਤਾਂ ਹੈ ਹੀ ਇਕ ਹਨ । ਇਨ੍ਹਾਂ ਵਿਚ ਦੂਜੀ ਕੋਈ ਗੱਲ ਹੀ ਨਹੀਂ । ਇਸੇ ਕਰਕੇ ਇਹ ਲੜਾਈ ਨਹੀਂ ਹੋ ਸਕੀ । ਇਸ ਤਰ੍ਹਾਂ ਨਾਲ ਅੱਜ ਪੰਜਾਬ ਵਿਚ ਜੋ ਮਾਹੌਲ ਹੈ, ਇਸ ਬਾਰੇ ਅਰਸ਼ੀ ਸਾਹਿਬ ਨੇ ਵੀ ਮੰਨਿਆ ਹੈ ਕਿ 1998 ਵਿਚ ਅੱਤਵਾਦ ਦੀ ਇਕ ਵੀ ਘਟਨਾ ਨਹੀਂ ਹੋਈ । ਇਹ ਸਿਹਰਾ ਕਿਸ ਨੂੰ ਜਾਂਦਾ ਹੈ ? ਇਹ ਬੀ.ਜੇ.ਪੀ. ਅਤੇ ਅਕਾਲੀ ਦਲ ਦੀ ਸਰਕਾਰ ਨੂੰ ਜਾਂਦਾ ਹੈ, ਬਾਦਲ ਸਾਹਿਬ ਦੀ ਸਰਕਾਰ ਨੂੰ ਜਾਂਦਾ ਹੈ । ਮੈਂ ਕਹਿੰਦਾ ਹਾਂ ਕਿ ਰੱਬ ਬਾਦਲ ਸਾਹਿਬ ਦੀ ਉਮਰ ਲੰਮੀ ਕਰੇ ਤਾਂ ਕਿ ਉਹ ਪੰਜਾਬ ਵਿਚ ਗਰੀਬਾਂ ਦੀ ਸੇਵਾ ਕਰ ਸਕਣ । ਉਹ ਦਿਨ ਦੂਰ ਨਹੀਂ ਜਦੋਂ ਇਹ ਸਾਰੀਆਂ ਸਕੀਮਾਂ ਸਿਰੇ ਲੱਗ ਜਾਣਗੀਆਂ । ਬਠਿੰਡਾ ਵਿਚ ਜਿਹੜਾ ਇਕ ਥਰਮਲ ਪਲਾਂਟ ਲੱਗਿਆ ਹੈ, ਉਸ ਦੀ ਸੁਆਹ ਵਾਤਾਵਰਨ ਨੂੰ ਖਰਾਬ ਕਰਦੀ ਸੀ । ਉਸ ਨੂੰ ਕੰਟਰੋਲ ਕਰਨ ਵਾਸਤੇ ਉਥੇ ਸੀਮਿੰਟ ਦੀ ਇਕ ਨਵੀਂ ਫੈਕਟਰੀ ਲਗਾ ਦਿੱਤੀ । ਪਿਛਲੇ ਸਾਲ ਮੀਂਹ ਇਕੱਠੇ ਆ ਜਾਣ ਕਰਕੇ ਪੰਜਾਬ ਵਿਚ ਬਿਜਾਈ ਇਕ ਦਮ ਹੋ ਗਈ ਜਿਸ ਕਰਕੇ ਲੋਕਾਂ ਨੂੰ ਖਾਦ ਲੈਣ ਵਿਚ ਕੁਝ ਤਕਲੀਫ ਹੋ ਗਈ ਲੇਕਿਨ ਇਸ ਤਕਲੀਫ ਨੂੰ ਦੂਰ ਕਰਨ ਵਾਸਤੇ ਇਸ ਸਰਕਾਰ ਨੇ ਖਾਦ ਦਾ ਵੀ ਇਕ ਹੋਰ ਕਾਰਖਾਨਾ ਲਗਾ ਦਿੱਤਾ ਹੈ । ਸਰਕਾਰ ਨੇ ਕਈ ਬਾਹਰਲੇ ਪੂੰਜੀ ਨਿਵੇਸ਼ਕਾਂ ਨੂੰ ਸੱਦਾ ਦਿੱਤਾ ਕਿ ਪੰਜਾਬ ਵਿਚ, ਜਿੱਥੋਂ ਦੇ ਤੁਸੀਂ ਜੰਮਪਲ ਹੋ, ਪੂੰਜੀ ਲਗਾਉ ਤਾਂ ਕਿ ਇਥੋਂ ਦੇ ਲੋਕਾਂ ਨੂੰ

[ਸਰਦਾਰ ਕਰਤਾਰ ਸਿੰਘ ਪਾਹੜਾ]

ਰੋਜ਼ਗਾਰ ਮਿਲੇ । ਨਾਲੇ ਤੁਸੀਂ ਵੀ ਮੁਨਾਫਾ ਕਮਾਓ । ਉਹ ਇੱਥੇ ਆਏ ਹਨ ਅਤੇ ਉਨ੍ਹਾਂ ਨੇ ਇੱਥੇ ਕਈ ਕਿਸਮ ਦੀ ਇੰਡਸਟਰੀ ਲਗਾਈ ਹੈ । ਇਸ ਦੇ ਨਾਲ ਜਿਹੜਾ ਅਨਪੜ੍ਹ ਪਾਂਡੀ ਹੈ, ਉਸ ਨੂੰ ਵੀ ਰੋਜ਼ਗਾਰ ਮਿਲੇਗਾ । ਮਕੈਨਿਕ ਨੂੰ ਵੀ ਕੰਮ ਮਿਲੇਗਾ ਅਤੇ ਇੰਜੀਨੀਅਰ ਨੂੰ ਵੀ ਕੰਮ ਮਿਲੇਗਾ । ਹਰ ਕਿਸਮ ਦੇ ਬੰਦੇ ਨੂੰ ਇੱਥੇ ਰੋਜ਼ਗਾਰ ਮਿਲੇਗਾ । ਥੋੜ੍ਹੇ ਸਮੇਂ ਵਿਚ ਬੇਰੁਜ਼ਗਾਰੀ ਦੇ ਜਿਹੜੇ ਚਿੰਨ੍ਹ ਹਨ ਇਹ ਮਿਟ ਜਾਣਗੇ ਅਤੇ ਅਸੀਂ ਸਾਰੇ ਲੋਕਾਂ ਨੂੰ ਰੋਜ਼ਗਾਰ ਦਿਆਂਗੇ । ਰੋਟੀ, ਕੱਪੜਾ ਅਤੇ ਮਕਾਨ ਮੁਹੱਈਆ ਕਰਾਉਣਾ ਸਰਕਾਰ ਦਾ ਕਰਮ ਹੁੰਦਾ ਹੈ । ਇਸ ਕਰਕੇ ਜਿਨ੍ਹਾਂ ਲੀਹਾਂ ਤੇ ਅੱਜ ਇਹ ਬੀ.ਜੇ.ਪੀ. ਅਤੇ ਅਕਾਲੀ ਦਲ ਦੀ ਸਰਕਾਰ ਚਲ ਰਹੀ ਹੈ, ਜੇ ਇਹ ਇਸੇ ਤਰ੍ਹਾਂ ਹੀ ਚਲਦੀ ਰਹੀ ਤਾਂ ਸਭ ਨੂੰ ਰੋਜ਼ਗਾਰ ਮਿਲੇਗਾ, ਰੋਟੀ ਮਿਲੇਗੀ, ਰੋਜ਼ੀ ਮਿਲੇਗੀ । ਇਸ ਦੇ ਵਾਸਤੇ ਸਰਕਾਰ ਕੋਲ ਕਈ ਵੱਡੀਆਂ-ਵੱਡੀਆਂ ਸਕੀਮਾਂ ਹਨ । ਬਾਬਾ ਫਰੀਦ ਨੇ ਵੀ ਕਿਹਾ ਹੈ ---

"ਫਰੀਦਾ ਮੌਤੋਂ ਭੁੱਖ ਬੁਰੀ,

ਰਾਤੀਂ ਸੁੱਤੇ ਖਾ ਕੇ ਪ੍ਰਭਾਤੇ ਫਿਰ ਖੜ੍ਹੀ ।"

ਜੇ ਕਿਸੇ ਕੋਲ ਚੰਗਾ ਮਕਾਨ ਹੋਵੇ ਪਰ ਰੋਟੀ ਤੇ ਕੱਪੜਾ ਦੋਨੋਂ ਨਾ ਹੋਣ ਤਾਂ ਉਹ ਬੰਦਾ ਸੁਖੀ ਨਹੀਂ ਹੋ ਸਕਦਾ । ਜਦੋਂ ਬੰਦਾ ਸਵੇਰੇ ਉਠਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਚਾਹ ਦਾ ਕੱਪ ਮੰਗਦਾ ਹੈ । ਫਿਰ ਢਿੱਡ ਨੂੰ ਝੁਲਕਾ ਦੇਣ ਲਈ ਉਸ ਨੂੰ ਰੋਟੀ ਚਾਹੀਦੀ ਹੈ ਅਤੇ ਸਰੀਰ ਨੂੰ ਢਕਣ ਲਈ ਕੱਪੜਾ ਚਾਹੀਦਾ ਹੈ । ਪਰ ਮੈਂ ਪੁੱਛਦਾ ਹਾਂ ਕਿ ਇਨ੍ਹਾਂ ਨੇ(ਕਾਂਗਰਸ ਪਾਰਟੀ ਵੱਲ ਇਸ਼ਾਰਾ) ਕਿਹੜੇ ਚੰਗੇ ਕੰਮ ਕੀਤੇ ? ਲੋਕਾਂ ਦੇ ਬੇਰੁਜ਼ਗਾਰੀ ਦੇ ਮਸਲੇ ਉਥੇ ਦੇ ਉਥੇ ਖੜ੍ਹੇ ਰਹੇ । ਮਹਿੰਗਾਈ ਵਧਦੀ ਗਈ ।ਇਨ੍ਹਾਂ ਨੇ ਕੋਈ ਇਲਾਜ ਨਾ ਕੀਤਾ । ਪੰਜਾਬ ਦੇ ਵਿੱਚ ਕੋਈ ਇੰਡਸਟਰੀ ਨਹੀਂ ਲੱਗੀ ਜਿਸ ਦੇ ਨਾਲ ਕਿ ਪੰਜਾਬ ਦੀ ਤਰੱਕੀ ਹੋ ਸਕੇ । ਪੰਜਾਬ ਦਾ ਰੈਵੇਨਿਊ ਵੱਧ ਸਕੇ । ਇਸ ਕਰਕੇ ਸਾਡੀ ਸਰਕਾਰ ਨੇ ਦੋ ਸਾਲਾਂ ਦੇ ਅੰਦਰ ਬੜੇ ਚੰਗੇ ਕੰਮ ਕੀਤੇ ਜਿਸ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਮਿਲਿਆ । ਮੈਂ ਇਹ ਦਾਅਵੇ ਨਾਲ ਕਹਿੰਦਾ ਹਾਂ ਕਿ ਜੇਕਰ ਇਕ ਵਾਰੀ ਹੋਰ ਪੰਜ ਸਾਲ ਵਾਸਤੇ ਸਾਡੀ ਸਰਕਾਰ ਬਣ ਗਈ ਅਤੇ ਸਾਡੀਆਂ ਲਾਈਆਂ ਇੰਡਸਟਰੀਆਂ ਚੱਲ ਪਈਆਂ, ਰੈਵੇਨਿਊ ਆਉਣਾ ਸ਼ੁਰੂ ਹੋ ਗਿਆ ਤਾਂ ਫਿਰ ਸਾਨੂੰ ਕਿਸੇ ਵੀ ਬੈਂਕ ਕੋਲੋਂ ਕਰਜ਼ਾ ਲੈਣ ਦੀ ਜ਼ਰੂਰਤ ਨਹੀਂ ਪਵੇਗੀ । ਦੇਸ਼ ਦੇ ਅੱਗੇ ਝੋਲੀ ਅੱਡਣ ਦੀ ਲੋੜ ਨਹੀਂ ਪੈਣੀ । ਸਾਨੂੰ ਇਹ ਨਹੀਂ ਸੋਚਣਾ ਪਵੇਗਾ ਕਿ ਚੌਲ ਪੈਦਾ ਕਰਕੇ ਕਿੱਥੇ ਦਿਆਂਗੇ । ਅਸੀਂ ਜ਼ਮੀਨ ਦੇ ਨਕਸ਼ੇ ਬਣਾਵਾਂਗੇ, ਮਿੱਟੀ ਦੀ ਪਰਖ ਕਰਵਾਵਾਂਗੇ ਕਿ ਕਿਹੜੀ ਜ਼ਮੀਨ ਵਿਚ ਗੋਭੀ ਹੋ ਸਕਦੀ ਹੈ, ਕਿਹੜੀ ਜ਼ਮੀਨ ਵਿਚ ਗੰਢੇ ਹੋ ਸਕਦੇ ਹਨ, ਕਿਹੜੀ ਵਿਚ ਆਲੂ ਹੋ ਸਕਦੇ ਹਨ, ਕਿਹੜੀ ਜ਼ਮੀਨ ਵਿਚ ਭਿੰਡੀ-ਤੋਰੀ ਹੋ ਸਕਦੀ ਹੈ ਅਤੇ ਕਿਹੜੀ ਜ਼ਮੀਨ ਵਿਚ ਫੁੱਲਾਂ ਦੀ ਕਾਸ਼ਤ ਹੋ [illegible] ਅਸੀਂ ਜ਼ਿਮੀਂਦਾਰਾਂ ਨੂੰ ਇਕ ਨਕਸ਼ਾ ਦਿਆਂਗੇ ਕਿ ਤੇਰੀ ਇੰਨੀ ਜ਼ਮੀਨ [illegible] ਵਿਚੋਂ ਤੂੰ ਇੰਨੀ ਜ਼ਮੀਨ ਵਿਚ ਆਲੂ ਬੀਜ, ਇੰਨੀ ਵਿਚ ਗੋਭੀ ਬੀਜ [illegible] ਇੰਨੀ ਵਿਚ ਫਲਾਣੀ-ਫਲਾਣੀ ਚੀਜ਼ ਬੀਜ । ਇਹ ਸਾਰੀਆਂ ਚੀਜ਼ਾਂ ਅਰਬ ਦੇਸ਼ਾਂ ਨੂੰ [illegible]

ਘੱਲ ਕੇ ਉਸ ਦਾ ਮੁਨਾਫਾ ਲਵਾਂਗੇ। ਇਕੱਲਾ ਮੁਨਾਫਾ ਹੀ ਨਹੀਂ ਲਵਾਂਗੇ ਸਗੋਂ ਇਸ ਦੇ ਨਾਲ ਸਾਡੀ ਸਰਕਾਰ ਪੰਜਾਬ ਵਿਚ ਰਹਿੰਦੇ ਗਰੀਬ ਲੋਕਾਂ ਨੂੰ ਨਾਂਹ ਦੇ ਬਰਾਬਰ ਜਾਂ ਬਹੁਤ ਥੋੜ੍ਹੀ ਜਿਹੀ ਕੀਮਤ ਤੇ ਜਿਸ ਨੂੰ ਉਹ ਭਾਰ ਨਾ ਸਮਝਣ, ਉਸ ਕੀਮਤ ਤੇ ਖਵਾਏਗੀ। ਪੰਜਾਬ ਇਕ ਖੇਤੀਬਾੜੀ ਦਾ ਸੂਬਾ ਹੈ। ਮੈਂ ਬਾਦਲ ਸਾਹਿਬ ਨੂੰ ਇਹ ਗੱਲ ਕਹਾਂਗਾ ਕਿ ਜਿਹੜੇ ਪੰਜਾਬ ਦੇ ਗਰੀਬ ਕਿਸਾਨ ਹਨ, ਉਨ੍ਹਾਂ ਨੂੰ ਉਪਰ ਚੁੱਕਿਆ ਜਾਵੇ। ਪਹਿਲਾਂ ਦੀ ਸਰਕਾਰ ਨੇ ਵੀ ਕਿਹਾ ਸੀ ਕਿ ਗਰੀਬਾਂ ਨੂੰ ਉਪਰ ਚੁੱਕਣਾ ਹੈ। ਉਚਾ ਚੁੱਕਣ ਦੀ ਬਜਾਏ ਉਨ੍ਹਾਂ ਨੇ ਗਰੀਬਾਂ ਉਤੇ ਹੋਰ ਬੋਝ ਪਾ ਦਿੱਤਾ ਅਤੇ ਉਹ ਬੋਝ ਦੇ ਥੱਲੇ ਦੱਬ ਗਏ ਅਤੇ ਮਾਰ ਦਿੱਤੇ। ਅੱਜ ਉਹ ਦਲਿਤ ਵੀਰ ਵੀ ਇਨ੍ਹਾਂ ਦੇ ਨਾਲ ਨਰਾਜ਼ ਹਨ। ਸਾਡੀ ਸਰਕਾਰ ਨੇ ਉਨ੍ਹਾਂ ਦਲਿਤ ਵੀਰਾਂ ਦੇ ਵਾਸਤੇ ਬੜੇ ਚੰਗੇ ਕੰਮ ਕੀਤੇ ਅਤੇ ਉਨ੍ਹਾਂ ਨੂੰ ਸ਼ਗਨ ਸਕੀਮ ਥੱਲੇ ਲਿਆਂਦਾ। ਜਦੋਂ ਪਹਿਲਾਂ ਵੀ ਸਾਡੀ ਸਰਕਾਰ ਆਈ ਸੀ ਤਾਂ ਦਲਿਤ ਵੀਰਾਂ ਦੇ ਵਾਸਤੇ ਧਰਮਸ਼ਾਲਾਵਾਂ ਬਣਵਾਈਆਂ ਸਨ। ਉਦੋਂ ਜਿਹੜੇ ਪੰਜਾਬ ਦੇ ਮਸੀਹ ਦਲਿਤ ਵੀਰ ਸਨ ਉਨ੍ਹਾਂ ਵਾਸਤੇ ਫੈਸਲਾ ਕੀਤਾ ਕਿ ਉਨ੍ਹਾਂ ਵਾਸਤੇ ਵੀ 5% ਗਿਰਜੇ ਬਣਨੇ ਚਾਹੀਦੇ ਹਨ, ਉਨ੍ਹਾਂ ਵਾਸਤੇ ਬਣਾਏ, ਉਨ੍ਹਾਂ ਵਾਸਤੇ ਕੰਮ ਕੀਤੇ, ਚੰਗੇ ਕੰਮ ਕੀਤੇ ਪਰ ਇਨ੍ਹਾਂ ਦੀ ਸਰਕਾਰ ਨੇ ਉਹ ਸਾਰੇ ਚੰਗੇ ਕੰਮ ਬੰਦ ਕਰ ਦਿਤੇ। ਕਹਿੰਦੇ ਹਨ ਕਿ ਪੰਜਾਬ ਦੇ ਖਜ਼ਾਨੇ ਵਿਚ ਘਾਟਾ ਪਿਆ ਹੈ। ਘਾਟਾ ਪੈਣਾ ਲਾਜ਼ਮੀ ਸੀ। ਅਸੀਂ ਮੁਲਾਜ਼ਮਾਂ ਦੀਆਂ 100% ਦੀ ਬਜਾਏ 140% ਤਨਖਾਹਾਂ ਵਧਾਈਆਂ ਜਿਸ ਨਾਲ ਹਰ ਇਕ ਮੁਲਾਜ਼ਮ ਨੂੰ ਫਾਇਦਾ ਹੋਇਆ, ਉਨ੍ਹਾਂ ਨੂੰ ਜਿਹੜੇ ਭੱਤੇ ਮਿਲਦੇ ਸੀ ਜਿਵੇਂ ਬਾਰਡਰ ਏਰੀਆ ਭੱਤਾ ਜਾਂ ਹਾਊਸ ਰੈਂਟ ਮਿਲਦਾ ਸੀ, ਉਹ ਕਾਂਗਰਸ ਦੀ ਸਰਕਾਰ ਨੇ ਬੰਦ ਕਰ ਦਿੱਤੇ ਸਨ, ਸਾਡੀ ਸਰਕਾਰ ਨੇ ਉਨ੍ਹਾਂ ਨੂੰ ਮੁੜ ਕੇ ਚਾਲੂ ਕਰਵਾਇਆ। ਖਜ਼ਾਨੇ ਵਿਚੋਂ ਪੈਸੇ ਖਰਚ ਕਰਕੇ ਰਣਜੀਤ ਸਾਗਰ ਡੈਮ ਮੁਕੰਮਲ ਕੀਤਾ। ਖਜ਼ਾਨੇ ਤੇ ਬੋਝ ਤਾਂ ਪੈਣਾ ਹੀ ਸੀ। ਮੈਂ ਅੱਜ ਦੇਖਦਾ ਹਾਂ, ਭਾਵੇਂ ਮੈਂ ਅਸੈਂਬਲੀ ਵਿਚ ਜਿੱਤ ਕੇ ਪਹਿਲੀ ਵਾਰ ਆਇਆ ਹਾਂ ਪਰ ਮੈਂ ਬਹੁਤ ਚਿਰ ਪਹਿਲਾਂ ਇੱਥੇ ਆਉਂਦਾ ਰਿਹਾ ਹਾਂ। ਜਦੋਂ ਮੈਂ ਆਉਂਦਾ ਸੀ ਤੇ ਵੇਖਦਾ ਸੀ ਕਿ ਐਮ.ਐਲ.ਏ. ਹੋਸਟਲ ਵਿਚ ਕਾਂਗਰਸੀਆਂ ਦੇ ਫਲੈਟਾਂ ਦੇ ਬਾਹਰ ਵਿਸਕੀ ਦੇ ਖੋਖੇ ਬਣੇ ਹੋਏ ਸਨ। ਹੁਣ ਜਿਹੜੇ ਮੈਂਬਰ ਸਾਹਿਬਾਨ ਬਣੇ ਹਨ ਉਨ੍ਹਾਂ ਦੇ ਫਲੈਟਾਂ ਸਾਹਮਣੇ ਕੋਈ ਵੀ ਵਿਸਕੀ ਆਦਿ ਦਾ ਖੋਖਾ ਨਹੀਂ ਵੇਖਿਆ ਸਗੋਂ ਉਲਟਾ ਹੁਣ ਵੀ ਜਿਹੜੇ ਕਾਂਗਰਸੀਆਂ ਦੇ ਫਲੈਟ/ਕਮਰੇ ਹਨ, ਉਨ੍ਹਾਂ ਦੇ ਬਾਹਰ ਹੀ ਵਿਸਕੀ ਦੇ ਖੋਖੇ ਵੇਖੇ ਹਨ। ਅਸੀਂ ਕੋਈ ਵੀ ਮਾੜਾ ਕੰਮ ਨਹੀਂ ਕੀਤਾ। ਬਾਦਲ ਸਰਕਾਰ ਸਹੀ ਮਾਇਨਿਆਂ ਵਿਚ ਰਾਮ ਰਾਜ ਵਾਲੀ ਸਰਕਾਰ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਲੀ ਸਰਕਾਰ ਹੈ। ਇਸ ਨੇ ਥੋੜ੍ਹੇ ਸਮੇਂ ਵਿਚ ਹੀ ਬੜੇ ਚੰਗੇ ਕੰਮ ਕੀਤੇ ਹਨ। ਗੁਰੂ ਮਹਾਰਾਜ ਉਨ੍ਹਾਂ ਦੀ (ਮੁੱਖ ਮੰਤਰੀ ਜੀ ਦੀ) ਸਿਹਤ ਠੀਕ-ਠਾਕ ਰੱਖੇ ਅਤੇ ਉਹ ਹੋਰ ਵੀ ਵਧੇਰੇ ਲਗਨ ਨਾਲ ਕੰਮ ਕਰਦੇ ਰਹਿਣ। ਜਿੰਨੇ ਇਨ੍ਹਾਂ ਨੇ ਕੰਮ ਕੀਤੇ ਹਨ ਜਦੋਂ ਇਨ੍ਹਾਂ ਦਾ ਸਾਰਾ ਰੈਵੇਨਿਊ ਆਉਣਾ ਸ਼ੁਰੂ ਹੋ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਕੈਨੇਡਾ ਜਾਂ ਹੋਰ ਜਿਹੜੇ ਦੂਸਰੇ ਮੁਲਕ ਹਨ ਜਿਹੜੇ ਤਰੱਕੀ ਕਰ ਗਏ ਹਨ ਉਨ੍ਹਾਂ ਵਾਂਗ ਸਾਡਾ ਪੰਜਾਬ ਵੀ ਤਰੱਕੀ ਕਰੇਗਾ। ਪੰਜਾਬ ਵਿੱਚ ਉਹ ਲੋਕ ਜਿਹੜੇ ਹਿੰਦੂ ਸਿੱਖਾਂ ਨੂੰ ਲੜਾਉਂਦੇ ਸਨ, ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਪਰ ਅੱਜ ਹਿੰਦੂ ਸਿੱਖਾਂ ਨੇ ਆਪਸ ਵਿੱਚ ਜੱਫੀਆਂ ਪਾਈਆਂ

[ਸਰਦਾਰ ਕਰਤਾਰ ਸਿੰਘ ਪਾਹੜਾ]

ਹਨ । ਸਾਡੇ ਪ੍ਰਧਾਨ ਮੰਤਰੀ ਵਾਜਪਾਈ ਜੀ ਹਨ ਅਸੀਂ ਉਨ੍ਹਾਂ ਦੇ ਮਗਰ ਖੜ੍ਹੇ ਹਾਂ । ਛੇ-ਸੱਤ ਸੂਬੇ ਅਜਿਹੇ ਹਨ ਜਿਨ੍ਹਾਂ ਵਿਚ ਸਿੱਖਾਂ ਦੀ ਬੜੀ ਵੱਡੀ ਗਿਣਤੀ ਹੈ । ਹਰਿਆਣਾ ਵਿੱਚ 35-36% ਸਿੱਖ ਹਨ ।

ਸ੍ਰੀ ਡਿਪਟੀ ਸਪੀਕਰ : ਪਾਹੜਾ ਜੀ, ਹੁਣ ਤੁਸੀਂ ਕਨਕਲੂਡ ਕਰੋ ।

ਸਰਦਾਰ ਕਰਤਾਰ ਸਿੰਘ ਪਾਹੜਾ : ਥੋੜ੍ਹਾ ਸਮਾਂ ਹੋਰ ਦੇ ਦਿਓ ਜੀ ।

ਸ੍ਰੀ ਡਿਪਟੀ ਸਪੀਕਰ : ਚਲੋ, ਪੰਜ ਮਿੰਟ ਹੋਰ ਲੈ ਲਓ ।

ਸਰਦਾਰ ਕਰਤਾਰ ਸਿੰਘ ਪਾਹੜਾ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੇਰਾ ਸਮਾਂ ਹੋਰ ਪੰਜ-ਸੱਤ ਮਿੰਟ ਵਧਾ ਦਿੱਤਾ ਹੈ ਲੇਕਿਨ ਮੈਂ ਡਿਪਟੀ ਸਪੀਕਰ ਸਹਿਬ, ਇਸ ਸਦਨ ਵਿੱਚ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਬੀ.ਜੇ.ਪੀ ਅਤੇ ਅਕਾਲੀ ਦਲ ਦੀ ਸਾਂਝ ਹੈ ਇਹ ਹਿੰਦੂ ਅਤੇ ਸਿੱਖਾਂ ਦੇ ਆਪਸੀ ਭਾਈ-ਚਾਰੇ ਦੀ ਪ੍ਰਤੀਕ ਹੈ । ਜੇ ਹਿੰਦੂ ਸਿੱਖਾਂ ਦੀ ਲੜਾਈ ਹੁੰਦੀ, ਅੱਤਵਾਦ ਦੇ ਸਮੇਂ ਵਿੱਚ ਬਹੁਤ ਸਾਰੇ ਲੋਕ ਮਾਰੇ ਗਏ ਹਨ ਅਤੇ ਜਿਹੜੇ ਲੋਕ ਇਹ ਕਹਿੰਦੇ ਸਨ ਕਿ ਕਤਲ ਅਕਾਲੀ ਦਲ ਕਰਵਾਉਂਦਾ ਹੈ ਜੇ ਸਿੱਖ ਕਾਤਲ ਹੁੰਦੇ ਤਾਂ, ਅੱਜ ਰੀਜ਼ਲਟ ਜੋ ਆਏ ਹਨ ਉਨ੍ਹਾਂ ਤੋਂ ਬਿਲਕੁਲ ਸਪੱਸ਼ਟ ਹੈ ਕਿ 85-90% ਸਿੱਖ ਹੀ ਮਰੇ ਹਨ, ਜੇ ਇਹ ਸਿੱਖਾਂ ਦੀ ਸਾਜਿਸ਼ ਹੁੰਦੀ ਤਾਂ ਸਿੱਖ ਇਤਨੀ ਗਿਣਤੀ ਵਿੱਚ ਨਾ ਮਰਦੇ । ਉਹ ਅੱਤਵਾਦ ਕਿੱਧਰ ਗਿਆ ? ਕਿਸ ਤਰ੍ਹਾਂ ਖਤਮ ਹੋ ਗਿਆ ? ਅੰਮ੍ਰਿਤਸਰ ਵਿੱਚ ਗਊ ਦੀਆਂ ਪੂਛਾਂ ਅਤੇ ਸਿਰ ਸੁੱਟਣਾ ਕਿਉਂ ਖਤਮ ਹੋ ਗਿਆ ? ਅੱਜ ਦੁਰਗਿਆਨਾ ਮੰਦਰ ਵਿਚ ਕਾਰ ਸੇਵਾ ਹੋ ਰਹੀ ਹੈ, ਜਿਸ ਤਰ੍ਹਾਂ ਹਿੰਦੂ ਬਾਟੇ ਸਿਰ ਤੇ ਚੁੱਕ ਕੇ ਸੇਵਾ ਕਰ ਰਹੇ ਹਨ ਉਸੇ ਤਰ੍ਹਾਂ ਹੀ ਸਿੱਖਾਂ ਨੇ ਵੀ ਮੰਦਰ ਵਿੱਚ ਸੇਵਾ ਕਰਕੇ ਆਪਣੇ ਮਨ ਨੂੰ ਤਸੱਲੀ ਦਿੱਤੀ ਹੈ ਕਿ ਮੈਂ ਇਕ ਪਵਿੱਤਰ ਸਥਾਨ ਤੇ ਸੇਵਾ ਕਰਕੇ ਆਇਆ ਹਾਂ ਅਤੇ ਉਹ ਆਪਣਾ ਸਿਰ ਉੱਚਾ ਸਮਝਦਾ ਹੈ । ਇਕ ਉਹ ਸਰਕਾਰ ਸੀ ਜਿਸ ਨੇ ਪਵਿੱਤਰ ਗੁਰਦੁਆਰਿਆਂ ਤੇ ਟੈਂਕਾਂ ਅਤੇ ਗੋਲੀਆਂ ਨਾਲ ਹਮਲਾ ਕੀਤਾ । ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 1984 ਵਿੱਚ ਜਦੋਂ ਇਨ੍ਹਾਂ ਨੇ ਹਰਿਮੰਦਿਰ ਸਾਹਿਬ ਤੇ ਟੈਂਕਾਂ ਨਾਲ ਹਮਲਾ ਕੀਤਾ ਤਾਂ ਉਥੇ ਬਾਬਾ ਦੀਪ ਸਿੰਘ ਦੀ ਸਮਾਧ ਤੇ ਟੈਂਕ ਖੁੱਭ ਗਿਆ ਅਤੇ ਇਹ ਕੱਢ ਨਹੀਂ ਸਕੇ । ਇਹ ਸਰਕਾਰ ਸੀ ਦੁਸ਼ਮਣਾਂ ਦੀ ਸਰਕਾਰ, ਜਿਨ੍ਹਾਂ ਨੇ ਸਾਡੇ ਤੇ ਟੈਂਕਾਂ ਨਾਲ ਹਮਲਾ ਕਰਕੇ ਬੰਬ ਸੁੱਟੇ ਅਤੇ ਗੋਲੀਆਂ ਚਲਾਈਆਂ । ਇਕ ਗੋਲੀ ਵੱਡੀ ਬੀੜ ਸਾਹਿਬ, ਜਿਹੜੀ ਦੂਜੀ ਮੰਜ਼ਿਲ ਤੇ ਹੈ, ਉਸ ਦੇ ਵਿੱਚੋਂ ਲੰਘ ਗਈ । ਸਾਡਾ ਅਕਾਲ ਤਖਤ ਢਹਿ-ਢੇਰੀ ਹੋ ਗਿਆ । ਸਾਡੇ ਗੁਰਦੁਆਰੇ ਢਾਹ ਦਿੱਤੇ ਲੇਕਿਨ ਅੱਜ ਉਹ ਵਾਜਪਾਈ ਜੀ ਦੀ ਸਰਕਾਰ ਹੈ ਜਿਹੜੀ 100 ਕਰੋੜ ਰੁਪਏ ਦੇ ਕੇ ਅਨੰਦਪੁਰ ਸਾਹਿਬ ਵਿਖੇ ਅਜੂਬਾ ਬਣਾਉਣ ਲਈ ਮਦਦ ਕਰ ਰਹੀ ਹੈ । 8 ਤਰੀਖ ਨੂੰ ਸਾਡੇ ਉਪ-ਰਾਸ਼ਟਰਪਤੀ ਸਾਹਿਬ ਉਸ ਧਰਤੀ ਦੀ ਮਿੱਟੀ ਨੂੰ ਆਪਣੇ ਮੱਥੇ ਤੇ ਲਗਾਉਣ ਲਈ ਆ ਰਹੇ ਹਨ । ਮੈਂ ਸਮਝਦਾ ਹਾਂ ਕਿ ਜੇ ਸਿੱਖ ਅਤੇ ਹਿੰਦੂ ਦੋ ਹੁੰਦੇ ਤਾਂ ਔਰੰਗਜੇਬ ਜਦੋਂ ਜਨੇਊ ਲਾਹ ਰਿਹਾ ਸੀ ਅਤੇ ਤਿਲਕ ਲਾਹ ਰਿਹਾ ਸੀ ਅਤੇ ਸਾਰਿਆਂ ਹਿੰਦੂਆਂ ਨੂੰ ਮੁਸਲਮਾਨ ਬਣਾ

ਰਿਹਾ ਸੀ ਪਰ ਗੁਰੂ ਤੇਗ ਬਹਾਦਰ ਜੀ ਜਿਹੜੇ ਨਾ ਜਨੇਊ ਪਹਿਨਦੇ ਸਨ ਤੇ ਨਾ ਹੀ ਤਿਲਕ ਲਗਾਉਂਦੇ ਸਨ, ਤਾਂ ਉਸ ਵਕਤ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ, ਜਦੋਂ ਉਹ ਕੇਵਲ ਅੱਠ ਸਾਲ ਦੇ ਸਨ, ਉਨ੍ਹਾਂ ਨੇ ਕਿਹਾ ਕਿ ਇਹ ਕਸ਼ਮੀਰ ਦੇ ਪੰਡਿਤ ਕੀ ਕਹਿੰਦੇ ਹਨ ਤਾਂ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਕਿ ਇਹ ਕਹਿੰਦੇ ਹਨ ਕਿ ਔਰੰਗਜ਼ੇਬ ਇਨ੍ਹਾਂ ਦੇ ਹਿੰਦੂ ਧਰਮ ਨੂੰ ਭੰਗ ਕਰਕੇ ਇਨ੍ਹਾਂ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਹੈ । ਇਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੁੱਛਿਆ ਕਿ ਇਹ ਲੜਾਈ ਕਿਸ ਤਰ੍ਹਾਂ ਮੁੱਕੇਗੀ ? ਇਸ ਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹਾ ਕਿ ਜੇ ਕੋਈ ਪਵਿੱਤਰ ਹਸਤੀ ਇੱਥੇ ਕੁਰਬਾਨੀ ਦੇਵੇ ਤਾਂ ਇਹ ਲੜਾਈ ਮੁੱਕ ਸਕਦੀ ਹੈ । ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਸਾਢੇ ਅੱਠ ਸਾਲ ਦੀ ਸੀ । ਉਨ੍ਹਾਂ ਨੇ ਕਿਹਾ ਪਿਤਾ ਜੀ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹੁਣ ਤੱਕ ਨੌਂ ਗੁਰੂ ਇਸ ਗੱਦੀ ਤੇ ਬੈਠੇ ਹਨ । ਜਿਥੇ ਹਿੰਦੂ ਸਿੱਖ ਸਾਰੇ ਮੱਥਾ ਟੇਕਦੇ ਰਹੇ ਹਨ । ਇਸ ਕਰਕੇ ਤੁਸੀਂ ਕੁਰਬਾਨੀ ਦਿਓ ਕਿਉਂਕਿ ਤੁਹਾਡੇ ਤੋਂ ਪਵਿੱਤਰ ਹਸਤੀ ਇਸ ਪੰਜਾਬ ਵਿੱਚ ਹੋਰ ਕੋਈ ਨਹੀਂ ਹੋ ਸਕਦੀ । ਉਨ੍ਹਾਂ ਦਾ ਹੁਕਮ ਮੰਨ ਕੇ ਗੁਰੂ ਤੇਗ ਬਹਾਦਰ ਸਾਹਿਬ ਤਿੰਨ ਮਹੀਨੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਪ੍ਰਚਾਰ ਕਰਦੇ ਰਹੇ ਤੇ ਫਿਰ ਉਨ੍ਹਾਂ ਨੂੰ ਦਿੱਲੀ ਵਿੱਚ ਚਾਂਦਨੀ ਚੌਂਕ ਵਿਖੇ ਗ੍ਰਿਫਤਾਰ ਕਰਕੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਇੱਕ ਐਸੇ ਪਿੰਜਰੇ ਵਿੱਚ ਬੰਦ ਕੀਤਾ ਗਿਆ ਜਿਸ ਵਿੱਚ ਪਾਸਾ ਵੀ ਨਹੀਂ ਲਿਆ ਜਾ ਸਕਦਾ ਸੀ । ਉਨ੍ਹਾਂ ਨੂੰ ਭੈਭੀਤ ਕਰਨ ਵਾਸਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਅਤੇ ਭਾਈ ਦਿਆਲਾ ਜੀ ਨੂੰ ਉਨ੍ਹਾਂ ਦੇ ਸਾਹਮਣੇ ਸ਼ਹੀਦ ਕੀਤਾ ਗਿਆ । ਇਹ ਲੌਂਗੋਵਾਲ ਦੇ ਰਹਿਣ ਵਾਲੇ ਸਨ ਔਰ ਇਨ੍ਹਾਂ ਨੇ ਇਕ ਬ੍ਰਾਹਮਣੀ ਦੀ ਕੁੱਖ ਵਿੱਚੋਂ ਜਨਮ ਲਿਆ ਸੀ । ਇਹ 12 ਭਰਾ ਸਨ । ਇਨ੍ਹਾਂ ਵਿੱਚੋਂ ਕਿਸੇ ਨੂੰ ਰੂੰ ਨਾਲ ਸਾੜਿਆ ਗਿਆ, ਕਿਸੇ ਦੀ ਖੋਪਰੀ ਲਾਹੀ ਗਈ, ਕਿਸੀ ਨੂੰ ਲੱਕੜ ਨਾਲ ਬੰਨ ਕੇ ਆਰੇ ਨਾਲ ਚੀਰਿਆ ਗਿਆ, ਕਿਸੀ ਨੂੰ ਦੇਗ ਵਿੱਚ ਇਸ ਤਰ੍ਹਾਂ ਉਬਾਲਿਆ ਗਿਆ ਜਿਸ ਤਰ੍ਹਾਂ ਆਲੂ ਉਬਾਲੇ ਜਾਂਦੇ ਹਨ । ਜੇ ਹਿੰਦੂ-ਸਿੱਖ ਦੋ ਹੁੰਦੇ ਤਾਂ ਇਹ 12 ਭਰਾ ਕੁਰਬਾਨੀ ਨਾ ਦਿੰਦੇ । ਅੱਜ ਵੀ ਲੌਂਗੋਵਾਲ ਵਿੱਚ ਇਨ੍ਹਾਂ ਦੀ ਯਾਦ ਵਿਚ 11 ਗੁਰਦੁਆਰੇ ਬਣੇ ਹੋਏ ਹਨ । ਜੇ ਕਿਸੀ ਨੂੰ ਸ਼ੱਕ ਹੈ ਤਾਂ ਉਹ ਉਥੇ ਜਾ ਕੇ ਦਰਸ਼ਨ ਕਰ ਸਕਦਾ ਹੈ । ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੂੰ ਭੈਭੀਤ ਕਰਨ ਦੀ ਕੋਸ਼ਿਸ਼ ਕੀਤੀ ਗਈ । ਹਿੰਦੂ-ਸਿੱਖ ਦਾ ਖੂਨ ਇੱਕ ਹੈ । ਗੁਰਬਾਣੀ ਵਿੱਚ ਕਿਹਾ ਗਿਆ ਹੈ :

"ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥

ਜੋ ਪ੍ਰਭੂ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇਹ ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਜਗ੍ਹਾ ਤੇ ਅੱਠ-ਅੱਠ ਵਾਰੀ ਰਾਮ ਆਉਂਦਾ ਹੈ, ਇਸ ਵਿਚ ਕ੍ਰਿਸ਼ਨ ਭਗਵਾਨ ਦੀ ਸਿਫਤ ਹੈ । ਇਹ ਸਰਬ ਸਾਂਝਾ ਗਰੰਥ ਹੈ । ਇਸ ਵਿੱਚ ਸੂਫੀ ਫਕੀਰ ਬਾਬਾ ਫਰੀਦ ਦੀ ਬਾਣੀ ਦਰਜ ਹੈ । ਇਸ ਵਿੱਚ ਕਬੀਰ ਜੁਲਾਹੇ ਦੀ ਬਾਣੀ ਹੈ, ਇਸ ਵਿੱਚ ਨਾਮਦੇਵ ਛੀਂਬੇ ਦੀ ਬਾਣੀ ਹੈ, ਇਸ ਵਿੱਚ ਹੋਰ ਜਾਤੀਆਂ ਦੇ ਭਗਤਾਂ ਦੀ ਬਾਣੀ ਹੈ, ਇਸ ਵਿੱਚ ਧੰਨੇ ਭਗਤ ਦੇ ਚਾਰ ਸ਼ਬਦ ਹਨ । ਇਸ ਕਰਕੇ ਮੇਰੇ ਵੀਰੋ, ਹਿੰਦੂ-ਸਿੱਖ ਦੇ ਪਵਿੱਤਰ ਰਿਸ਼ਤੇ ਨੂੰ ਇਨ੍ਹਾਂ ਨੇ ਪਾੜਿਆ । ਜੇ ਅੱਜ ਇਨ੍ਹਾਂ ਦੀ

[ਸਰਦਾਰ ਕਰਤਾਰ ਸਿੰਘ ਪਾਹੜਾ]

ਸੈਂਟਰ ਵਿੱਚ ਸਰਕਾਰ ਹੁੰਦੀ ਤਾਂ ਇਨ੍ਹਾਂ ਦਾ ਇੱਕ ਕੰਮ ਹੋਣਾ ਸੀ । ਇਨ੍ਹਾਂ ਨੇ ਅਖੰਡ ਪਾਠ ਤਾਂ ਕਰਨਾ ਨਹੀਂ ਸੀ, ਸਗੋਂ ਬਾਦਲ ਸਰਕਾਰ ਜਿਸ ਹਿਸਾਬ ਨਾਲ ਤੁਰੀ ਹੈ, ਜਿਸ ਤਰ੍ਹਾਂ ਇਸ ਨੇ ਤਰੱਕੀ ਕੀਤੀ ਹੈ, ਇਸ ਨੂੰ ਤੋੜ ਦੇਣਾ ਸੀ । ਡਿਪਟੀ ਸਪੀਕਰ ਸਾਹਿਬ, ਮੈਨੂੰ ਹੁਕਮ ਹੋਇਆ ਕਿ ਤੁਸੀਂ ਧੂਲ ਖੰਡ ਕਰ ਦਿਓ । ਮੇਰੇ ਇਕ ਵੀਰ ਨੇ ਆ ਕੇ ਹੌਲੀ ਜਿਹੀ ਕਿਹਾ ਹੈ । ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਮੇਰੇ ਅੰਦਰ ਵਲਵਲੇ ਬੜੇ ਹਨ ਅੱਜ ਮੈਂ ਦੋ ਸਾਲਾਂ ਵਿੱਚ ਪਹਿਲੀ ਵਾਰ ਬੋਲਿਆ ਹਾਂ । ਮੈਂ ਤੁਹਾਡਾ ਅਖੀਰ ਵਿੱਚ ਧੰਨਵਾਦ ਕਰਦਾ ਹਾਂ ਪਰ ਗੱਲਾਂ ਹੋਰ ਵੀ ਬਹੁਤ ਕਹਿਣ ਵਾਲੀਆਂ ਹਨ । ਅੰਤ ਵਿੱਚ ਇਹ ਜੋ ਮਤਾ ਸਰਦਾਰ ਮਨਪ੍ਰੀਤ ਸਿੰਘ ਜੀ ਨੇ ਰੱਖਿਆ ਹੈ, ਮੈਂ ਇਸ ਦੀ ਪ੍ਰੋੜਤਾ ਕਰਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਆਪਣਾ ਸਥਾਨ ਲੈਂਦਾ ਹਾਂ । ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ । (ਥੰਪਿੰਗ)

ਸ੍ਰੀ ਜਗਦੀਸ਼ ਸਾਹਨੀ (ਬਟਾਲਾ): ਆਦਰਨੀਯ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਉਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ ਜਿਹੜਾ ਮਤਾ ਸਰਦਾਰ ਮਨਪ੍ਰੀਤ ਸਿੰਘ ਨੇ ਪੇਸ਼ ਕੀਤਾ ਹੈ ਅਤੇ ਜਿਸ ਨੂੰ ਸ੍ਰੀ ਸੱਤਿਆ ਪਾਲ ਸੈਣੀ ਜੀ ਨੇ ਸੈਕਿੰਡ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਅਰਸ਼ੀ ਸਾਹਿਬ ਨੇ ਵੀ ਕਿਹਾ, ਪਰਸੋਂ ਲੀਡਰ ਆਫ ਦੀ ਆਪੋਜ਼ੀਸ਼ਨ ਚੌਧਰੀ ਜਗਜੀਤ ਸਿੰਘ ਜੀ ਨੇ ਕਾਫੀ ਕੁਝ ਦੱਸਿਆ ਸੀ । ਡਿਪਟੀ ਸਪੀਕਰ ਸਾਹਿਬ, ਜਦੋਂ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਹਕੂਮਤ ਹੋਂਦ ਵਿੱਚ ਆਈ ਤਾਂ ਉਸ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਆਪਣੇ ਪੰਜ ਸਾਲ ਪੂਰੇ ਕੀਤੇ ਸਨ । ਇਨ੍ਹਾਂ ਨੇ ਜੋ ਪੂਰਨੇ ਪਾਏ, ਉਸ ਤੇ ਆਪਣੀ ਇਬਾਰਤ ਲਿਖਣੀ ਕਿੰਨੀ ਔਖੀ ਗੱਲ ਹੈ । ਇਨ੍ਹਾਂ ਨੇ ਜੋ ਰਵਾਇਤਾਂ ਪੰਜਾਬ ਵਿਚ ਪਾਈਆਂ ਸਨ, ਉਸ ਦਾ ਅਸਰ ਆਹਿਸਤਾ-ਆਹਿਸਤਾ ਹੁੰਦਾ ਹੈ । ਜਿਹੜੀ ਸਲੋਅ ਪੁਆਇਜ਼ਨ ਹੁੰਦੀ ਹੈ, ਉਸ ਦਾ ਆਹਿਸਤਾ-ਆਹਿਸਤਾ ਅਸਰ ਹੁੰਦਾ ਹੈ । ਕਾਂਗਰਸ ਪਾਰਟੀ ਨੇ ਆਪਣਾ ਜੋ ਪੰਜ ਸਾਲ ਦਾ ਰਾਜ ਕੀਤਾ, ਉਸ ਵਿਚ ਘਟਨਾਵਾਂ ਘਟੀਆਂ, ਉਸ ਦਾ ਅਸਰ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਝੱਲਣਾ ਪਿਆ । ਜੋ ਅਰਸ਼ੀ ਜੀ ਨੇ ਬੋਲਦਿਆਂ ਕਿਹਾ ਕਿ ਸਾਡੀ ਸਰਕਾਰ ਆਪਣਾ ਅਸਰ ਖੋ ਰਹੀ ਹੈ ਪਰ ਸਾਡੀ ਸਰਕਾਰ ਕੋਈ ਅਸਰ ਨਹੀਂ ਖੋ ਰਹੀ ਹੈ । ਸਾਡੀ ਸਰਕਾਰ ਨੇ ਹਰ ਉਸ ਪੂਰਨੇ ਨੂੰ ਮਿਟਾ ਕੇ ਆਪਣੀ ਨਵੀਂ ਇਬਾਰਤ ਲਿਖੀ ਔਰ ਉਸ ਤੇ ਅੱਗੇ ਵੱਧ ਰਹੀ ਹੈ । ਊਬੜ-ਖਾਬੜ ਰਾਹਾਂ ਨੂੰ ਠੀਕ ਕਰਕੇ ਪਹਿਲਾਂ ਉਨ੍ਹਾਂ ਰਾਹਾਂ ਤੇ ਇਨਸਾਨ ਤੁਰਦਾ ਹੈ, ਫਿਰ ਵਾਹਨ ਚੱਲ ਸਕਦਾ ਹੈ । ਅਸੀਂ ਉਸ ਵਾਹਨ ਨੂੰ ਚਲਾਉਣਾ ਹੈ । ਅਸੀਂ ਆਪਣੇ ਪੰਜਾਬ ਵਾਸੀਆਂ ਲਈ ਇੱਕ ਨਵੀਂ ਚੀਜ਼, ਇੱਕ ਨਵਾਂ ਮਿਆਰ ਕਾਇਮ ਕਰਨ ਦਾ ਉਪਰਾਲਾ ਕਰ ਰਹੇ ਹਾਂ । 8600 ਕਰੋੜ ਰੁਪਿਆ ਪਹਿਲਾਂ ਕਰਜ਼ਾ ਸੀ । ਸਾਡੇ ਮੁੱਖ ਮੰਤਰੀ ਜੀ ਨੇ ਉਸ ਕਰਜ਼ੇ ਲਈ ਬਹੁਤ ਜਦੋ-ਜਹਿਦ ਕੀਤੀ ਹੈ । ਉਨ੍ਹਾਂ ਨੇ ਮਗਰਮੱਛ ਦੇ ਆਸੂਆਂ ਦੀ ਤਰ੍ਹਾਂ ਨਹੀਂ ਕੀਤਾ । ਉਸ ਵੇਲੇ, ਉਦੋਂ ਦੇ ਪ੍ਰਧਾਨ ਮੰਤਰੀ ਨੂੰ ਕਾਂਗਰਸ ਸਰਕਾਰ ਨੇ ਬੁਲਾਇਆ ਸੀ । ਪਤਾ ਨਹੀਂ ਕਿੰਨੇ ਕਰੋੜ ਰੁਪਿਆਂ ਪ੍ਰਧਾਨ ਮੰਤਰੀ ਦੀ ਆਮਦ ਤੇ ਖਰਚ ਕੀਤਾ । ਲੁਧਿਆਣੇ ਦੇ ਵਿੱਚ ਰੈਲੀ ਕੀਤੀ ਔਰ

ਉਸ ਰੈਲੀ ਦੇ ਵਿੱਚ ਕੋਸ਼ਿਸ਼ ਕੀਤੀ ਗਈ ਸੀ ਕਿ ਕਾਂਗਰਸੀ ਪ੍ਰਧਾਨ ਮੰਤਰੀ ਇਹ ਕਹਿ ਦੇਣ ਕਿ ਅਸੀਂ ਇਹ ਕਰਜ਼ਾ ਮੁਆਫ਼ ਕਰਾਂਗੇ । ਮਗਰ ਕਿਸੇ ਨੇ ਮੁਆਫ਼ ਨਹੀਂ ਕੀਤਾ । ਉਸ ਵੇਲੇ, ਉਥੇ ਵੀ ਕਾਂਗਰਸ ਦੀ ਹਕੂਮਤ ਸੀ ਅਤੇ ਪੰਜਾਬ ਦੇ ਵਿੱਚ ਵੀ ਕਾਂਗਰਸ ਦੀ ਹਕੂਮਤ ਸੀ । ਮਗਰ ਜਦ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਪੰਜਾਬ ਦੀ ਵਾਂਗਡੋਰ ਸੰਭਾਲੀ ਔਰ ਆਪਣੇ ਖਜ਼ਾਨੇ ਵੱਲ ਨਿਗ੍ਹਾ ਮਾਰੀ ਤਾਂ ਸਭ ਤੋਂ ਵੱਡਾ ਸਾਡੇ ਸਿਰ ਤੇ ਬੋਝ ਇਹੀ ਕਰਜ਼ੇ ਦਾ ਸੀ । ਡਿਪਟੀ ਸਪੀਕਰ ਸਾਹਿਬ, ਅਸੀਂ ਉਸ ਦਾ ਸੂਦ ਵੀ ਨਹੀਂ ਚੁਕਾ ਸਕਦੇ ਸੀ । ਇਨ੍ਹਾਂ ਨੇ ਉਪਰਾਲਾ ਕੀਤਾ ਔਰ ਸਾਡਾ ਮੁਕੱਦਰ ਵੀ ਜਾਗਰ ਸੀ ਔਰ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਵੀ ਇੱਕ ਪੰਜਾਬੀ ਸੀ । ਉਸ ਨੇ ਪੰਜਾਬ ਦੀ ਇੱਜ਼ਤ ਮਾਣ ਕਾਇਮ ਰੱਖਦੇ ਹੋਏ ਦੋ ਲਫ਼ਜ਼ਾਂ ਵਿੱਚ ਗੱਲ ਕਹੀ ਸੀ ਕਿ ਇਹ ਜੋ ਖਰਚ ਹੈ, ਇਹ ਸੈਂਟਰਲ ਗੌਰਮਿੰਟ ਨੂੰ ਚੁੱਕਣਾ ਚਾਹੀਦਾ ਹੈ ਕਿਉਂਕਿ ਪੰਜਾਬੀਆਂ ਨੇ ਦੇਸ਼ ਲਈ ਲੜਾਈ ਲੜੀ ਸੀ ਉਸ ਨੇ ਸਾਡੇ ਸਵੈਮਾਣ ਨੂੰ ਚੁੰਮਿਆ । ਸਿਰਫ਼ ਸਾਨੂੰ ਕਰਜ਼ੇ ਤੋਂ ਮਾਫ਼ੀ ਹੀ ਨਹੀਂ ਮਿਲੀ ਕਿਉਂਕਿ ਪੰਜਾਬੀ ਲੋਕਾਂ ਨੇ ਕਿਸੀ ਤੋਂ ਦਾਨ ਜਾਂ ਖੈਰਾਤ ਨਹੀਂ ਮੰਗੀ ਸਗੋਂ ਜੋ ਖਰਚਾ ਹੋਇਆ ਸੀ, ਪ੍ਰਧਾਨ ਮੰਤਰੀ ਨੇ ਇੱਜ਼ਤ ਮਾਣ ਨਾਲ ਉਸ ਨੂੰ ਮੁਆਫ਼ ਕੀਤਾ । ਇਸ ਦਾ ਸਿਲਾ ਕਿਸ ਨੂੰ ਜਾਂਦਾ ਹੈ, ਉਹ ਜਾਂਦਾ ਹੈ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ, ਜਿਨ੍ਹਾਂ ਨੇ ਅਣਥੱਕ ਮਿਹਨਤ ਕਰਕੇ ਇਹ ਕੰਮ ਕੀਤਾ । ਨਹੀਂ ਤਾਂ ਇਹ ਪੈਸਾ ਅਜੇ ਵੀ ਸਾਡੇ ਤੇ ਰਹਿਣਾ ਸੀ । ਸਾਡੇ ਤੇ 1100 ਕਰੋੜ ਰੁਪਏ ਦਾ ਹੋਰ ਕਰਜ਼ਾ ਸੀ, ਉਸ ਨੂੰ ਵੀ ਲਾਹੁਣਾ ਹੈ । ਡਿਪਟੀ ਸਪੀਕਰ ਸਾਹਿਬ, ਜਿਹੜੇ ਵੱਡੇ ਘਰ ਹੁੰਦੇ ਹਨ, ਉਨ੍ਹਾਂ ਦਾ ਪਤਾ ਨਹੀਂ ਲਗਦਾ ਮਗਰ ਆਹਿਸਤਾ-ਆਹਿਸਤਾ ਪਤਾ ਲਗਦਾ ਹੈ ਜਦੋਂ ਦੀਵਾਰਾਂ ਖੋਖਲੀਆਂ ਹੋਣ ਲਗਦੀਆਂ ਹਨ । ਅਸੀਂ ਇਨ੍ਹਾਂ ਖੋਖਲੀਆਂ ਦੀਵਾਰਾਂ ਨੂੰ ਭਰਨਾ ਹੈ, ਮਜ਼ਬੂਤੀ ਦੇਣੀ ਹੈ ਔਰ ਉਸ ਮਜ਼ਬੂਤੀ ਲਈ ਜੋ ਜੱਦੋ-ਜਹਿਦ ਕਰਨੀ ਪੈ ਰਹੀ ਹੈ, ਉਹ ਅਸੀਂ ਜਾਣਦੇ ਹਾਂ । 17-18 ਘੰਟੇ ਮੁੱਖ ਮੰਤਰੀ ਜੀ ਨੂੰ ਕੰਮ ਕਰਨਾ ਪੈ ਰਿਹਾ ਹੈ । ਉਹ ਕਿਸ ਲਈ ਕਰਨਾ ਪੈ ਰਿਹਾ ਹੈ ਕਿਉਂਕਿ ਜੋ ਪੰਜਾਬ ਦੇ ਵਾਸੀਆਂ ਨੇ ਆਪਣੀ ਇਤਮਾਦ ਦਿੱਤੀ ਸੀ, ਉਸ ਇਤਮਾਦ ਨੂੰ ਕਾਇਮ ਕਰਨ ਲਈ, ਉਸ ਚੀਜ਼ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੇ ਦਿਨ ਰਾਤ ਮਿਹਨਤ ਕਰਕੇ ਇਸ ਚੀਜ਼ ਨੂੰ ਪੱਕ ਲਿਆਂਦਾ ਹੈ । ਅੱਜ ਗਵਰਨਰ ਐਡਰੈਸ ਵਿੱਚ ਹਰ ਇਕ ਨੂੰ ਦਿਸਦਾ ਹੀ ਨਹੀਂ ਹੈ । ਜੋ ਸੜਕਾਂ ਦੇ ਬਾਰੇ ਕੀਤਾ ਹੈ, ਇੰਡਸਟਰੀ ਦੇ ਬਾਰੇ ਕੀਤਾ ਹੈ । ਅੱਜ ਜੋ ਜ਼ਿਕਰ ਕੀਤਾ ਹੈ, ਉਹ ਤੁਹਾਡੇ ਸਾਹਮਣੇ ਹੈ ਕਿ ਕਿੰਨੀਆਂ ਸੜਕਾਂ ਪੱਕੀਆਂ ਕਰਨ ਦਾ ਉਪਰਾਲਾ ਕਰ ਰਹੇ ਹਾਂ । ਉਸ ਦੇ ਵਿੱਚ ਕਿਸੇ ਨੇ ਸੋਚਿਆ ਹੀ ਨਹੀਂ । ਇੰਨੇ ਦੌਰ ਵਿੱਚ ਇੰਨੀਆਂ ਸੜਕਾਂ ਨੂੰ ਪੱਕਿਆਂ ਕਰਨ ਬਾਰੇ ਸੋਚਣਾ ਕੋਈ ਮਾਮੂਲੀ ਗੱਲ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, 800 ਕਿਲੋਮੀਟਰ ਲਿੰਕ ਰੋਡਜ਼ ਦੀ ਰਿਪੇਅਰ ਕੀਤੀ ਹੈ । 2100 ਕਿਲੋਮੀਟਰ ਨਵੀਆਂ ਲਿੰਕ ਰੋਡਜ਼ ਦੇਣੀਆਂ ਹਨ ਔਰ ਇਸ ਦੇ ਵਾਸਤੇ 570 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ ਔਰ ਇਹ ਜ਼ਰੂਰੀ ਹੈ ਕਿਉਂਕਿ ਸੜਕਾਂ ਕੀਮਾਂ ਮੁਹਾਰਾਂ ਜਿਹ ਦੱਸਦੀਆਂ ਹਨ, ਮੀਨਜ਼ ਆਫ਼ ਕਮਿਊਨੀਕੇਸ਼ਨ ਦੱਸਦਾ ਹੈ ਕਿ ਸਾਡੀ ਕਿੰਨੀ ਤਰੱਕੀ ਹੋਈ ਹੈ । ਅਸੀਂ ਕਿੱਥੇ ਜਾ ਰਹੇ ਹਾਂ । ਠੀਕ ਹੈ, ਇਕ ਦਮ ਸਭ ਕੁਝ ਨਹੀਂ ਹੁੰਦਾ । ਪਿਛਲੀ ਵਾਰ ਸੜਕਾਂ ਬਣੀਆਂ, ਅਸੀਂ ਵੇਖੀਆਂ ।

[ਸ਼੍ਰੀ ਜਗਦੀਸ਼ ਸਾਹਨੀ]

ਪੰਜਾਬ ਦੀ ਪਿਛਲੀ ਗੌਰਮਿੰਟ ਨੇ ਪੰਜ ਸਾਲਾਂ ਵਿੱਚ ਜੋ ਸੜਕਾਂ ਬਣਾਈਆਂ ਸਨ, ਉਹ ਸੜਕਾਂ ਟੁੱਟ ਗਈਆਂ ਹਨ । ਅਸੀਂ ਉਨ੍ਹਾਂ ਨੂੰ ਇਕ ਬਾਰ ਪੁੱਛਿਆ ਵੀ ਸੀ ਜਿਨ੍ਹਾਂ ਨੇ ਪਹਿਲਾਂ ਬਣਾਈਆਂ ਸਨ ਕਿ ਉਹ ਡੇਢ-ਦੋ ਸਾਲਾਂ ਵਿੱਚ ਕਿਵੇਂ ਟੁੱਟ ਗਈਆਂ ਹਨ ? ਸਭ ਪੈਸਾ ਬਰਬਾਦ ਹੋ ਗਿਆ ਕਿਉਂਕਿ ਵਿੱਚ ਕਮਿਸ਼ਨ ਸਨ । ਪਹਿਲੀ ਸਰਕਾਰ ਦਾ ਕੋਈ ਵੀ ਪੱਖ ਲੈ ਲਓ, ਇਹੀ ਗੱਲ ਵਾਰ-ਵਾਰ ਆਉਂਦੀ ਹੈ । ਦੋਨਾਂ ਚੀਜ਼ਾਂ ਨੂੰ ਠੀਕ ਕਰਨ ਲਈ ਸਮਾਂ ਲਗਦਾ ਹੈ । ਸਿਰਫ ਦੋ ਸਾਲ ਦੇ ਵਿੱਚ ਮੇਨ ਸੜਕ ਹੀ ਟੁੱਟ ਗਈ । ਜਿਸ ਤਰ੍ਹਾਂ ਇੱਕ ਸੜਕ ਰੋਪੜ ਤੋਂ ਚੰਡੀਗੜ੍ਹ ਵਾਲੀ ਹੈ, ਉਸ ਦੀ ਕੀ ਹਾਲਤ ਹੈ ? ਉਹ ਦੋ ਸਾਲ ਪਹਿਲਾਂ ਬਣੀ ਸੀ, ਜਿਸ ਵੇਲੇ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਜੀ ਦਾ ਦਿਨ ਮਨਾਉਣਾ ਸੀ । ਰਾਤੋ-ਰਾਤ ਇਨ੍ਹਾਂ ਨੇ ਇਹ ਕੀਤਾ ਕਿ ਉਸ ਉਤੇ ਪੂਰੇ ਪੈਸੇ ਲਗਾ ਦਿੱਤੇ ਗਏ । ਸੋ, ਇਸ ਤਰ੍ਹਾਂ ਖਜ਼ਾਨੇ ਦੇ ਉਤੇ ਬੋਝ ਪੈਂਦਾ ਰਿਹਾ । ਇਹ ਇਨ੍ਹਾਂ ਨੇ ਕੀਤਾ ਹੈ ਅਤੇ ਇਤਨੀਆ ਸੜਕਾਂ ਬਣਾਉਣ ਲਈ ਸਾਨੂੰ 570 ਕਰੋੜ ਰੁਪਿਆ ਐਕਸਟਰਾ ਖਰਚ ਕਰਨਾ ਪਿਆ ਹੈ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਵਾਸੀਆਂ ਨੂੰ ਸੇਧ ਦਿੱਤੀ ਹੈ ਅਤੇ ਪੰਜਾਬ ਦੇ ਲੋਕਾਂ ਨਾਲ ਵਾਇਦਾ ਕੀਤਾ ਹੈ ਕਿ ਅਸੀਂ ਤੁਹਾਨੂੰ ਅੱਛੀਆਂ ਸੜਕਾਂ ਦਿਆਂਗੇ । ਆਪਣੇ ਵਾਇਦਿਆਂ ਨੂੰ ਪੂਰਾ ਕਰਨ ਲਈ ਬਾਦਲ ਸਾਹਿਬ ਨੇ ਸੋਚਿਆ ਅਤੇ ਕਿਸਾਨਾਂ ਨੂੰ ਬਿਜਲੀ ਫਰੀ ਕੀਤੀ ਹੈ ਅਤੇ ਫਰੀ ਬਿਜਲੀ ਕਰਨ ਨਾਲ ਸਾਡੇ ਤੇ ਬੋਝ ਪੈਂਦਾ ਹੈ । ਇਸ ਦਾ ਬੰਦੋਬਸਤ ਕੀਤਾ ਗਿਆ ਹੈ ਅਤੇ ਬਿਜਲੀ ਦੇ ਲਈ ਥੀਨ ਡੈਮ ਨੂੰ ਮੁਕੰਮਲ ਕਰਨ ਲਈ ਉਪਰਾਲੇ ਕੀਤੇ ਹਨ । ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਪਿਛਲੇ ਬਜਟ ਦੇ ਵਿੱਚੋਂ ਥੀਨ ਡੈਮ ਦੇ ਲਈ ਸਭ ਤੋਂ ਵੱਡੀ ਰਕਮ ਉਸ ਦੀ ਕੰਪਲੀਸ਼ਨ ਵਾਸਤੇ ਖਰਚ ਕੀਤੀ ਗਈ ਸੀ ਤਾਂ ਜੋ ਪੰਜਾਬ ਦੇ ਵਿਚ ਬਿਜਲੀ ਦੀ ਜੋ ਘਾਟ ਹੈ, ਉਹ ਦੂਰ ਕੀਤੀ ਜਾ ਸਕੇ । ਹੁਣ ਸਾਡੇ ਕੋਲ ਬਿਜਲੀ ਸਰਪਲੱਸ ਹੈ ਅਤੇ ਆਉਣ ਵਾਲੀਆਂ ਵੱਡੀਆਂ ਇੰਡਸਟਰੀਆਂ ਦੇ ਲਈ ਵੀ ਬਿਜਲੀ ਸਾਡੇ ਕੋਲ ਸਰਪਲੱਸ ਹੈ । ਇਹ ਉਪਰਾਲੇ ਤੁਹਾਡੇ ਸਾਹਮਣੇ ਹਨ । ਪਿਛਲੇ ਮੇਰੇ ਵੀਰ ਜਿਨ੍ਹਾਂ ਦੇ ਮੁੱਖ ਮੰਤਰੀ ਕਹਿੰਦੇ ਸਨ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਥੀਨ ਡੈਮ ਚਾਲੂ ਹੋਵੇਗਾ ਪਰ ਕੋਈ ਚਾਲੂ ਨਹੀਂ ਹੋਇਆ । ਇਨ੍ਹਾਂ ਦੇ ਤਿੰਨ-ਤਿੰਨ ਮੁੱਖ ਮੰਤਰੀ ਚਲੇ ਗਏ ਪਰ ਕੋਈ ਥੀਨ ਡੈਮ ਦੇ ਵੱਲ ਧਿਆਨ ਨਹੀਂ ਦਿੱਤਾ ਗਿਆ । ਇਸ ਦੇ ਨਾਲ ਥੀਨ ਡੈਮ ਦਾ ਕਿੰਨਾ ਨੁਕਸਾਨ ਹੋਇਆ । ਉਥੇ ਕਮਿਸ਼ਨਾਂ ਲੈ-ਲੈ ਕੇ ਜਿਸ ਤਰ੍ਹਾਂ ਦੀਆ ਚੀਜ਼ਾਂ, ਮਸ਼ੀਨਾਂ ਇੰਸਟਾਲ ਹੋਈਆਂ ਅਤੇ ਉਹ ਚੱਲੀਆਂ ਨਹੀਂ । ਇਸ ਨਾਲ ਇਹ ਖਰਚਾ ਦਿਨ ਪ੍ਰਤੀ ਦਿਨ ਵਧਦਾ ਗਿਆ । ਥੀਨ ਡੈਮ ਬਣਾਉਣ ਲਈ ਸਭ ਤੋਂ ਪਹਿਲਾਂ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਉਸ ਸਮੇਂ ਉਪਰਾਲੇ ਕੀਤੇ ਸਨ । ਉਸ ਤੋਂ ਬਾਅਦ 20-22 ਸਾਲ ਕੋਈ ਉਪਰਾਲੇ ਨਹੀਂ ਕੀਤੇ ਗਏ ਪਰ ਹੁਣ ਬਾਦਲ ਸਾਹਿਬ ਵਲੋਂ ਫਿਰ ਉਪਰਾਲੇ ਕੀਤੇ ਗਏ । ਪਰ ਇਕ ਆਦਮੀ ਚਾਹੁੰਦਾ ਹੈ ਕਿ ਦੋ ਸਾਲਾਂ ਦੇ ਵਿੱਚ ਜਿਹੜੇ ਕੰਮ ਇਨ੍ਹਾਂ ਨੇ ਪਿਛਲੇ ਪੰਜਾਂ ਸਾਲਾਂ ਦੇ ਵਿਚ ਖਰਾਬ ਕੀਤੇ ਸਨ, ਉਨ੍ਹਾਂ ਨੂੰ ਦੂਰ ਕਰਕੇ ਪੰਜਾਬ ਦੀ ਨੁਹਾਰ ਸਿਰਫ ਦੋ ਸਾਲਾਂ ਵਿੱਚ ਹੀ ਬਦਲ ਦਿੱਤੀ ਜਾਵੇ । ਇਹ ਤਾਂ ਠੀਕ ਨਹੀਂ ਹੈ, ਟਾਇਮ ਤਾਂ ਚਾਹੀਦਾ ਹੈ । ਪਿਛਲੇ ਸਮੇਂ ਵਿੱਚ ਇਨ੍ਹਾਂ ਦੇ ਵੇਲੇ ਪੰਜਾਂ ਸਾਲਾਂ ਵਿੱਚ ਕਿਸੇ ਐਮ.ਐਲ.ਏ. ਦੇ ਹਲਕੇ ਵਿੱਚ 15 ਕਿਲੋਮੀਟਰ, ਕਿਸੇ ਦੇ ਵਿੱਚ 20 ਕਿਲੋਮੀਟਰ

ਤੇ ਕਿਸੇ ਦੇ ਵਿਚ 35 ਕਿਲੋਮੀਟਰ ਸੜਕਾਂ ਰਿਪੇਅਰ ਕੀਤੀਆਂ ਗਈਆਂ ਸਨ ਪਰ ਹੁਣ ਬਾਦਲ ਸਾਹਿਬ ਨੇ ਹਰੇਕ ਐਮ. ਐਲ. ਏ. ਤੋਂ ਉਨ੍ਹਾਂ ਦੇ ਹਲਕੇ ਵਿੱਚ 20-20 ਕਿਲੋਮੀਟਰ ਨਵੀਆਂ ਸੜਕਾਂ ਬਣਾਉਣ ਵਾਸਤੇ ਲਿਸਟ ਮੰਗੀ ਹੈ। ਇਸ ਬਾਰੇ ਤੁਸੀਂ ਵੀ ਹੈਰਾਨ ਹੋਵੋਗੇ। ਟੁੱਟੀਆਂ ਸੜਕਾਂ ਦੀ ਰਿਪੇਅਰ ਕੀਤੀ ਗਈ ਹੈ। ਇਹ 570 ਕਰੋੜ ਰੁਪਏ ਦੇ ਨਾਲ ਬਣਨਗੀਆਂ। ਇਸ ਹਾਊਸ ਦੇ ਇੱਕ ਸੌ ਸਤਾਰਾਂ ਮੈਂਬਰ ਹਨ ਅਤੇ ਜੇਕਰ 117X20 ਕਰ ਲਈਏ ਤਾਂ ਅੰਦਾਜ਼ਾ ਲਾ ਲਵੋ ਕਿ ਕਿੰਨੀਆਂ ਪੰਜਾਬ ਦੇ ਵਿੱਚ ਹੋਰ ਨਵੀਆਂ ਸੜਕਾਂ ਬਣਨਗੀਆਂ। ਇਨ੍ਹਾਂ ਸੜਕਾਂ ਦੇ ਨਾਲ ਜਿਹੜੇ ਪਿੰਡਾਂ ਦੇ ਵਿੱਚ ਕੱਚੇ ਰਸਤੇ ਸਨ, ਉਨ੍ਹਾਂ ਨੂੰ ਪੱਕਿਆਂ ਕਰਕੇ ਇਕ ਪਿੰਡ ਨੂੰ ਦੂਜੇ ਪਿੰਡਾਂ ਦੇ ਨਾਲ ਜੋੜਿਆ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੇ ਵੱਲ ਵੀ ਅਸੀਂ ਧਿਆਨ ਦਿੱਤਾ ਹੈ। ਪੰਜਾਬ ਨੂੰ, ਇੰਡਸਟਰੀ ਦੇ ਮੈਪ ਉੱਤੇ ਲਿਆਉਣ ਵੱਲ ਉਪਰਾਲੇ ਕੀਤੇ ਗਏ ਹਨ। ਜੋ ਤੇਲ ਸੋਧਕ ਕਾਰਖਾਨਾ ਬਠਿੰਡਾ ਵਿਖੇ ਲੱਗ ਰਿਹਾ ਹੈ, ਉਹ 16,000 ਕਰੋੜ ਰੁਪਏ ਦੇ ਨਾਲ ਲੱਗੇਗਾ। 16,000 ਕਰੋੜ ਰੁਪਏ ਦਾ ਪ੍ਰਾਜੈਕਟ ਲੈ ਕੇ ਆਉਣਾ ਕੋਈ ਛੋਟੀ ਮੋਟੀ ਗੱਲ ਨਹੀਂ ਹੈ। ਇਹ ਕਿਸੇ ਸੂਬੇ ਦੇ ਸਾਲਾਨਾ ਬਜਟ ਤੋਂ ਕਿਤੇ ਵੱਧ ਹੈ। ਜਿਥੇ 16,000 ਕਰੋੜ ਰੁਪਿਆ ਲੱਗੇਗਾ ਉਥੇ ਇਕ ਨਵਾਂ ਸ਼ਹਿਰ ਵੱਸੇਗਾ ਔਰ ਇਸ ਦੇ ਨਾਲ ਹਜ਼ਾਰਾਂ ਲੋਕਾਂ ਨੂੰ ਨੌਕਰੀਆਂ ਮਿਲਣਗੀਆਂ। ਇਹ ਕੋਈ ਛੋਟੀ ਗੱਲ ਨਹੀਂ ਹੈ। ਇਥੇ ਹੀ ਬੱਸ ਨਹੀਂ ਕੀਤੀ ਗਈ। ਅਸੀਂ ਐਨ.ਆਰ. ਆਈਜ਼ ਨੂੰ ਇੰਡਸਟਰੀ ਲਗਾਉਣ ਬਾਰੇ ਸੱਦਿਆ ਹੈ। ਇਸ ਤਰ੍ਹਾਂ ਉਨ੍ਹਾਂ ਨਾਲ ਉਪਰਾਲੇ ਕੀਤੇ ਗਏ ਹਨ। ਮੁਹਾਲੀ ਵਿਖੇ ਸਾਫਟ ਵੇਅਰ ਪਾਰਕ ਤਿਆਰ ਕਰਵਾਇਆ ਹੈ। ਇਹ ਪਾਰਕ ਇਕ ਸਾਲ ਦੇ ਵਿੱਚ ਤਿਆਰ ਕਰਵਾ ਕੇ ਪੰਜਾਬ ਨੇ ਪਹਿਲ ਕੀਤੀ ਹੈ। ਇਹ ਸਾਰਾ ਕੁਝ ਜੋ ਕੀਤਾ ਗਿਆ ਹੈ ਉਹ ਬਹੁਤ ਮਿਹਨਤ ਨਾਲ ਕੀਤਾ ਗਿਆ ਹੈ ਔਰ ਦਿਨ ਪ੍ਰਤੀ ਦਿਨ ਕੰਮ ਕੀਤਾ ਹੈ।

ਇੱਥੇ ਹੀ ਬੱਸ ਨਹੀਂ, ਕ੍ਰਿਸ਼ੀ ਦੇ ਖੇਤਰ ਵਿੱਚ ਵੀ ਤਰੱਕੀ ਕੀਤੀ ਹੈ। ਤਕਰੀਬਨ 127 ਲੱਖ ਕਣਕ ਸੈਂਟਰਲ ਪੂਲ ਵਿਚ ਦਿੱਤੀ ਹੈ। ਇਹ ਕਿਥੋਂ ਆ ਗਈ? ਸਾਡੇ ਕਿਸਾਨਾਂ ਨੇ ਮਿਹਨਤ ਕੀਤੀ ਹੈ। ਕਾਂਗਰਸ ਸਰਕਾਰ ਕੀ ਕਰਦੀ ਸੀ-20 ਰੁਪਏ ਵੱਧ ਦੇ ਦੇਣੇ, 18 ਰੁਪਏ ਵੱਧ ਦੇ ਦੇਣੇ। ਅਸੀਂ ਪਹਿਲੇ ਸਾਲ ਉਸ ਨਾਲ ਬੋਨਸ ਦਿਤਾ, ਬੋਨਸ ਨਾਲ 224 ਕਰੋੜ ਰੁਪਏ ਦਾ ਕਿਸਾਨਾਂ ਨੂੰ ਵਾਧਾ ਹੋਇਆ। ਦੂਸਰੇ ਸਾਲ 60 ਰੁਪਏ ਦੇ ਬੋਨਸ ਨਾਲ 250 ਕਰੋੜ ਰੁਪਏ ਦਾ ਕਿਸਾਨਾਂ ਨੂੰ ਵਾਧਾ ਹੋਇਆ। ਫੇਰ ਇਹ ਕਹਿੰਦੇ ਹਨ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਚੀਜ਼ ਨਹੀਂ। ਇਹ ਖੁਸ਼ਹਾਲੀ ਕਿਥੋਂ ਆ ਗਈ? ਠੀਕ ਹੈ ਜੋ ਹਾਲਤ ਪੈਦਾ ਕੀਤੀ ਗਈ ਹੈ, ਸਰਦਾਰ ਧਨਵੰਤ ਸਿੰਘ ਕਹਿੰਦੇ ਸੀ। ਦੱਸੋ ਤਾਂ ਸਹੀ ਕਿ ਕਾਂਗਰਸ ਸਰਕਾਰ ਨੇ 43 ਸਾਲਾਂ ਵਿੱਚ ਕੀ ਦਿੱਤਾ? ਪੰਜਾਬ ਵਿਚ ਕੋਈ ਪੈਸੇ ਦੀ ਕਮੀ ਨਹੀਂ ਹੈ। ਪੰਜਾਬੀ ਸਦਾ ਆਪਣੇ ਪੈਰਾਂ ਤੇ ਉਠਿਆ ਹੈ ਪਰ ਉਸ ਨੂੰ ਉਠਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਸੀ। ਜਿੰਨੀਆਂ ਸਰਕਾਰਾਂ ਆਈਆਂ, ਕਿਸੇ ਨੇ ਵੀ ਕੋਸ਼ਿਸ਼ ਨਹੀਂ ਕੀਤੀ ਕਿ ਕੌਮ ਨੂੰ ਉਠਾਇਆ ਜਾਵੇ ਤੇ ਸਰਮਾਏ ਨੂੰ ਬਚਾਇਆ ਜਾਵੇ? ਕਿਸੇ ਨੇ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ।

ਇਥੇ ਹੀ ਬੱਸ ਨਹੀਂ ਕੀਤੀ। ਸ਼ਹਿਰਾਂ ਦੀ ਨੁਹਾਰ ਲਈ ਵੱਖਰੇ ਪ੍ਰਾਜੈਕਟ ਦਿੱਤੇ ਹਨ। ਡਿਵੈਲਪਮੈਂਟ ਕਾਰਪੋਰੇਸ਼ਨ ਰਾਹੀਂ ਪੈਸੇ ਦਿੱਤੇ ਹਨ। ਅੱਜ ਦੇ ਸੈਸ਼ਨ ਵਿਚ ਜਿੰਨੇ

[ਸ਼੍ਰੀ ਜਗਦੀਸ਼ ਸਾਹਨੀ]

ਵੀ ਸਵਾਲਾਂ ਦੇ ਜਵਾਬ ਆਏ । ਉਨ੍ਹਾਂ ਵਿੱਚ ਦੇਖਿਆ ਕਿ ਹੈਲਥ ਕਾਰਪੋਰੇਸ਼ਨ ਦਨੋਦਨ ਅੱਗੇ ਕੰਮ ਕਰ ਰਹੀ ਹੈ । ਇਹ ਸਭ ਕੁਝ ਕਿੱਥੋਂ ਆਉਣਾ ਹੈ ? ਅਸੀਂ ਇਸ ਥਾਂ ਤੇ ਹੀ ਨਹੀਂ ਰੁਕੇ । ਪਿੰਡਾਂ ਦੀ ਨੁਹਾਰ ਬਦਲਣ ਲਈ ਪਹਿਲੀ ਰੂਲਿੰਗ ਪਾਰਟੀ ਦੇ ਹਰ ਇਨਸਾਨ ਨੇ ਕੋਸ਼ਿਸ਼ ਕੀਤੀ ਸੀ । ਪਹਿਲੇ ਮਰਹੂਮ ਮੁੱਖ ਮੰਤਰੀ ਹੁੰਦੇ ਸਨ । ਅਸੀਂ ਉਨ੍ਹਾਂ ਨੂੰ ਸੁਣਦੇ ਰਹੇ ਹਾਂ । ਉਨ੍ਹਾਂ ਦੇ ਦੌਰ ਵਿਚ ਬਹੁਤ ਪੈਸੇ ਵੰਡੇ ਗਏ । ਜਿਸ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਨਾਦਰ ਸ਼ਾਹ ਦੀ ਲੁੱਟ । ਇਨ੍ਹਾਂ ਦੇ ਦੌਰ ਵਿਚ ਨਾਦਰ ਸ਼ਾਹ ਦੀ ਲੁੱਟ ਹੋਈ । ਉਸ ਵੇਲੇ ਮੰਤਰੀ ਪੈਸਾ ਖਾਂਦੇ । ਉਨ੍ਹਾਂ ਨੇ ਕਮਿਸ਼ਨਾਂ ਰੱਖ ਲਈਆਂ । ਹੁਣ ਮਜ਼ਾ ਨਹੀਂ ਆਉਂਦਾ ਕਿਉਂਕਿ ਪੁਜ਼ੀਸ਼ਨ ਵਿੱਚ ਇਸ ਸਮੇਂ ਕਾਂਗਰਸ ਹੈ ਨਹੀਂ । ਇਹ ਕਹਿੰਦੇ ਸੀ ਕਿ ਕੁਰੱਪਸ਼ਨ ਚਲਦੀ ਹੈ । ਕੁਰੱਪਸ਼ਨ ਇਨ੍ਹਾਂ ਨੇ ਸਟਾਰਟ ਕੀਤੀ । ਅੱਜ ਪੁਜ਼ੀਸ਼ਨ ਇਹ ਹੈ ਕਿ ਹਰ ਪਿੰਡ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਡੈਮੋਕਰੇਸੀ ਨੂੰ ਥੱਲੇ ਤੱਕ ਪਹੁੰਚਾ ਕੇ ਪੰਚਾਇਤਾਂ ਦੇ ਇਲੈਕਸ਼ਨ ਕਰਵਾਏ । ਉਸ ਤੋਂ ਬਾਅਦ ਪੰਚਾਇਤਾਂ ਦੀ ਹੋਂਦ ਲਿਆ ਕੇ ਉਸਾਰੀ ਦੇ ਕੰਮਾਂ ਨੂੰ ਸ਼ੁਰੂਆਤ ਦਿੱਤੀ ਹੈ । ਇਸ ਦੇ ਨਾਲ ਨਾਲ ਉਨ੍ਹਾਂ ਨੇ ਪਿੰਡਾਂ ਨੂੰ ਇੱਕ ਨਵੀਂ ਚੀਜ਼ ਦਿੱਤੀ ਹੈ । ਬਾਦਲ ਸਾਹਿਬ ਨੇ ਪਹਿਲਾਂ ਸੰਨ 1970 ਵਿਚ ਫੋਕਲ ਪੁਆਇੰਟ ਦਿੱਤੇ ਸਨ ਪਰ ਉਹ ਖਤਮ ਕਰ ਦਿੱਤੇ ਗਏ । ਅੱਜ ਉਹ ਜੋ ਪਹਿਲੇ ਫੋਕਲ ਪੁਆਇੰਟ ਸਨ, ਪੰਜਾਬ ਸਰਕਾਰ ਉਨ੍ਹਾਂ ਦੀ ਰੱਖਿਆ ਨਹੀਂ ਕਰ ਪਾਈ, ਲੋਕ ਦੁਆਰਾਂ ਲਾਹ ਕੇ ਲੈ ਗਏ ਅਤੇ ਹੁਣ ਫੋਕਲ ਪੁਆਇੰਟਾਂ ਦੀ ਨੁਹਾਰ ਬਦਲਣ ਵਿਚ ਸਾਡੀ ਸਰਕਾਰ ਨੇ ਨਵੀਂ ਸੋਚ ਦਿੱਤੀ ਹੈ । ਜੋ ਸਹੂਲਤਾਂ ਜ਼ਿਮੀਂਦਾਰਾਂ ਨੂੰ ਸ਼ਹਿਰਾਂ ਵਾਂਗ ਪਿੰਡਾਂ ਵਿਚ ਨਹੀਂ ਮਿਲਦੀਆਂ ਸਨ, ਉਹ ਦਿੱਤੀਆਂ ਗਈਆਂ ਹਨ । ਉਥੇ ਪਟਵਾਰ-ਖਾਨਾ ਬਣਾਇਆ ਗਿਆ ਹੈ, ਡਿਸਪੈਂਸਰੀ ਹੈ, ਪੈਟਰੋਲ ਪੰਪ ਹੈ, ਗੈਸ ਏਜੰਸੀ ਹੈ, ਹਰ ਉਹ ਚੀਜ਼ ਮੁਹੱਈਆ ਕੀਤੀ ਹੈ ਜਿਸ ਲਈ ਜ਼ਿਮੀਂਦਾਰ ਨੂੰ ਸ਼ਹਿਰ ਜਾਣਾ ਪੈਂਦਾ ਸੀ ਅਤੇ ਸਮਾਂ ਖਰਾਬ ਕਰਨਾ ਪੈਂਦਾ ਸੀ । ਇਹ ਸਭ ਕੰਮ ਉਹੀ ਆਦਮੀ ਕਰ ਸਕਦਾ ਹੈ ਜੋ ਕਿਸਾਨਾਂ ਵਿਚੋਂ ਉਠ ਕੇ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਕਿਸੀ ਵੀ ਸਰਕਾਰ ਨੇ ਇਹ ਕੋਸ਼ਿਸ਼ ਨਹੀਂ ਕੀਤੀ ਕਿ ਕਿਸਾਨਾਂ ਨੂੰ ਇੰਨੀਆਂ ਸਹੂਲਤਾਂ ਦਿੱਤੀਆਂ ਜਾਣ । ਅੱਜ ਪੁਜ਼ੀਸ਼ਨ ਇਹ ਹੈ ਕਿ ਫੋਕਲ ਪੁਆਇੰਟਾਂ ਤੇ ਬਿਜਲੀ ਦੇ ਬਿਲ ਦੇਣ ਦਾ ਬੰਦੋਬਸਤ ਹੈ । ਪਹਿਲਾਂ ਉਸ ਨੂੰ ਸ਼ਹਿਰ ਜਾ ਕੇ 4-6 ਘੰਟੇ ਲਾਈਨ ਵਿਚ ਖੜ੍ਹਨਾ ਪੈਂਦਾ ਸੀ ਤੇ ਦਿਹਾੜੀ ਮੁੱਕ ਜਾਂਦੀ ਸੀ । ਪਰ ਹੁਣ ਕਿਸਾਨ ਆਪਣੀ ਫਸਲ ਵੇਚ ਕੇ ਆਪਣਾ ਬਕਾਇਆ ਕੰਮ ਕਰੇ ਤੇ ਆਪਣੇ ਘਰ ਨੂੰ ਜਾਏ । ਫੋਕਲ ਪੁਆਇੰਟ ਦੀ ਨੁਹਾਰ ਇਸ ਹਿਸਾਬ ਨਾਲ ਰੱਖੀ ਗਈ ਹੈ ਕਿ ਇਸ ਨੂੰ ਪਿੰਡ ਵਿੱਚ ਸੈਂਟਰ ਪੁਆਇੰਟ ਤੇ ਰੱਖਿਆ ਗਿਆ ਹੈ । ਪੁਰਾਣੇ ਫੋਕਲ ਪੁਆਇੰਟ ਦੀ ਉਸਾਰੀ ਜੋ ਪਿਛਲੇ ਸਮੇਂ ਵਿੱਚ ਪੂਰੀ ਹੋ ਚੁੱਕੀ ਹੈ ਅਤੇ ਹਰ ਕਾਂਸਟੀਚਿਊਐਂਸੀ ਵਿਚ ਇੱਕ-ਦੋ ਬਣ ਚੁੱਕੇ ਹਨ, ਉਨ੍ਹਾਂ ਨੂੰ ਦੁਬਾਰਾ ਰਿਵਾਈਵ ਕਰਨ ਲਈ ਪੈਸਾ ਰੱਖਿਆ ਗਿਆ ਹੈ ਅਤੇ ਇਸ ਸਾਲ ਉਨ੍ਹਾਂ ਨੂੰ ਰਿਵਾਈਵ ਕੀਤਾ ਜਾਵੇਗਾ । ਇਸ ਦਾ ਹਵਾਲਾ ਗਵਰਨਰ ਐਡਰੈਸ ਵਿੱਚ ਦਿੱਤਾ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਬਾਰੇ ਮੈਂ ਤੁਹਾਡੇ ਅੱਗੇ ਨਿਵੇਦਨ ਕੀਤਾ ਹੈ । ਫੋਕਲ ਪੁਆਇੰਟਾਂ ਵਿਚ ਸਭ ਤੋਂ ਵੱਡੀ ਚੀਜ਼ ਇਹ ਦਿੱਤੀ ਹੈ ਕਿ ਪਾਣੀ ਦੇ ਨਿਕਾਸ ਤੇ ਖਰਚ ਕੀਤਾ ਜਾਵੇ । ਧਨਵੰਤ ਸਿੰਘ ਜੀ ਕਹਿ ਰਹੇ ਸਨ ਕਿ ਸਰਕਾਰ

ਨੇ ਪਾਣੀ ਦੇ ਨਿਕਾਸ ਬਾਰੇ ਨਹੀਂ ਸੋਚਿਆ, ਐਤਕੀਂ ਸਾਡੀ ਸਰਕਾਰ ਨੇ ਪਹਿਲਾ ਪੱਧਰ ਰੱਖਿਆ ਹੈ ਕਿਉਂਕਿ ਪਿੰਡਾਂ ਦੀ ਆਬਾਦੀ ਤੇ ਪਾਣੀ ਦੀ ਕੰਜਮਪਸ਼ਨ ਵੱਧਦੇ ਵੱਧਦੇ ਅੱਜ ਪੁਜ਼ੀਸ਼ਨ ਇਹ ਹੈ ਕਿ ਪਿੰਡਾਂ ਦੇ ਤਲਾਬ ਪਾਣੀ ਕੰਜਿਊਮ ਨਹੀਂ ਕਰ ਸਕਦੇ । ਉਸ ਪਾਣੀ ਦੀ ਕੰਜਮਪਸ਼ਨ ਵੱਧਣ ਕਰਕੇ ਪਿੰਡਾਂ ਵਿੱਚ ਪਾਣੀ ਦਾ ਨਿਕਾਸ ਨਹੀਂ ਹੈ । ਉਸ ਦੇ ਲਈ ਉਪਰਾਲਾ ਕੀਤਾ ਜਾ ਰਿਹਾ ਹੈ । ਜਿਹੜੇ ਨਜ਼ਦੀਕੀ ਪਿੰਡ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਪੱਖ ਨਾਲ ਜੋੜ ਕੇ ਜਾਂ ਉਨ੍ਹਾਂ ਨੂੰ ਥਾਂ ਲੈ ਕੇ ਦਿੱਤੀ ਹੈ ਤਾਂਕਿ ਉਹ ਪਾਣੀ ਦਾ ਨਿਕਾਸ ਕਰ ਸਕਣ । ਇਹ ਸਭ ਕੌਣ ਕਰ ਸਕਦਾ ਹੈ । ਇਹ ਉਹੀ ਇਨਸਾਨ ਕਰ ਸਕਦਾ ਹੈ ਜੋ ਪਿੰਡਾਂ ਦੇ ਲੋਕਾਂ ਦੀ ਮਜਬੂਰੀ ਸਮਝਦਾ ਹੈ । ਪਹਿਲਾਂ ਅਜਿਹਾ ਕਦੇ ਨਹੀਂ ਕੀਤਾ ਗਿਆ । ਇਸੇ ਸਦਨ ਵਿਚ ਮਰਹੂਮ ਬੇਅੰਤ ਸਿੰਘ ਜੀ ਕਹਿੰਦੇ ਸੀ ਕਿ ਮੈਂ ਸੋਚ ਰਿਹਾਂ ਹਾਂ ਔਰ ਅਸੀਂ ਪੈਸੇ ਰੱਖੇ ਹਨ । ਮੇਰੇ 1993-94 ਵਿਚ ਤਿੰਨ ਚਾਰ ਸਵਾਲ ਸਨ, ਇਨ੍ਹਾਂ ਦਾ ਇਕੋ ਜਵਾਬ ਆਉਂਦਾ ਰਿਹਾ ਕਿ ਅਸੀਂ ਐਤਕੀਂ ਕਰ ਦਿਆਂਗੇ ਪਰ ਕੁਝ ਨਹੀਂ ਕੀਤਾ । ਇਹ ਪੂਰੇ ਪੰਜ ਸਾਲ ਕੱਟ ਕੇ ਚਲੇ ਗਏ । ਐਤਕੀਂ ਸਾਡੀ ਸਰਕਾਰ ਨੇ ਪਾਣੀ ਦੇ ਨਿਕਾਸ ਵਾਸਤੇ ਪ੍ਰਬੰਧ ਕਰਨ ਬਾਰੇ ਸੋਚਿਆ ਹੈ । ਪਿੰਡਾਂ ਦੇ ਵਿੱਚ ਪਾਣੀ ਦੇ ਨਿਕਾਸ ਨੂੰ ਪਹਿਲੇ ਪੱਧਰ ਤੇ ਹੱਲ ਕੀਤਾ ਹੈ ਤਾਂ ਕਿ ਪਿੰਡਾਂ ਦੇ ਵਿੱਚ ਮੱਛਰਾਂ ਨਾਲ ਜਿਹੜੀ ਬਿਮਾਰੀ ਫੈਲਦੀ ਸੀ, ਉਹ ਨਾ ਫੈਲ ਸਕੇ ।

ਸਾਡੀ ਸਰਕਾਰ ਨੇ ਪੜ੍ਹਾਈ ਲਿਖਾਈ ਬਾਰੇ ਵੀ ਸੋਚਿਆ ਹੈ ਅਤੇ ਹਰ ਪੱਧਰ ਦੀ ਸਿੱਖਿਆ ਬਾਰੇ ਸੋਚਿਆ ਗਿਆ ਹੈ, ਖਾਸ ਤੌਰ ਤੇ ਸਕੂਲ ਸਿੱਖਿਆ ਬਾਰੇ ਖਾਸ ਧਿਆਨ ਦਿੱਤਾ ਹੈ ਜਦ ਕਿ ਪਿਛਲੀ ਸਰਕਾਰ ਨੇ ਪ੍ਰਾਇਮਰੀ ਤੋਂ ਮਿਡਲ ਸਕੂਲ ਤਾਂ ਅਪਗਰੇਡ ਕਰ ਦਿੱਤੇ ਪਰ ਉਥੇ ਸਟਾਫ ਦੇਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਅਤੇ ਨਾ ਹੀ ਕਿਤਾਬਾਂ ਦੇਣ ਦਾ ਪ੍ਰਬੰਧ ਕੀਤਾ, ਜਿਸ ਕਰਕੇ ਇਥੇ ਬਹੁਤ ਰੌਲਾ ਪਿਆ ਸੀ । ਉਸ ਵੇਲੇ ਸਰਕਾਰ ਨੇ ਸਕੂਲਾਂ ਦੇ ਵਿੱਚ ਕੰਪਿਊਟਰ ਖਰੀਦ ਕੇ ਭੇਜੇ ਪਰ ਉਹ ਕੰਪਿਊਟਰ ਸਕੂਲਾਂ ਦੇ ਵਿਚ ਬੰਦ ਪਏ ਰਹੇ ਜਿਸ ਕਰਕੇ ਉਹ ਖਰਾਬ ਹੋ ਗਏ ਪਰ ਸਾਡੀ ਸਰਕਾਰ ਨੇ ਇੱਥੇ ਆ ਕੇ ਕੁਝ ਉਪਰਾਲੇ ਕੀਤੇ ਹਨ ਅਤੇ ਸਿੱਖਿਆ ਮੰਤਰੀ ਜੀ ਨੇ ਕਿਹਾ ਹੈ ਕਿ ਸਕੂਲ ਤਾਂ ਹੀ ਅਪਗਰੇਡ ਕੀਤਾ ਜਾਵੇਗਾ ਜਦੋਂ ਤੱਕ ਉਸ ਸਕੂਲ ਵਾਸਤੇ ਅਸੀਂ ਸਟਾਫ ਦਾ ਇੰਤਜ਼ਾਮ ਨਹੀਂ ਕਰ ਲੈਂਦੇ । ਟੈਕਨੀਕਲ ਸਿੱਖਿਆ ਵੱਲ ਵੀ ਖਾਸ ਧਿਆਨ ਦਿੱਤਾ ਗਿਆ ਹੈ । ਸਾਡੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਸਾਹਿਬ ਨੇ ਸਾਡਾ ਪਹਿਲੇ 8500 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ ਅਤੇ ਫੇਰ ਸਾਨੂੰ ਹੋਰ 100 ਕਰੋੜ ਰੁਪਿਆ ਜਲੰਧਰ ਵਿਚ ਸਾਇੰਸ ਸਿਟੀ ਕਾਇਮ ਕਰਨ ਲਈ ਦਿੱਤਾ ਸੀ ਅਤੇ ਇਹ ਹੁਣ ਜਲੰਧਰ ਵਿਚ ਬਣ ਰਿਹਾ ਹੈ ਜਿਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਫ਼ਾਇਦਾ ਹੋਵੇਗਾ । ਆਉਣ ਵਾਲੇ ਸਮੇਂ ਵਿੱਚ ਸਾਡੇ ਨੌਜਵਾਨ ਇਸ ਸਾਇੰਸ ਸਿਟੀ ਨੂੰ ਸਟੱਡੀ ਕਰ ਸਕਣਗੇ ਅਤੇ ਉਹ ਡਾਕਟਰ ਬਣ ਸਕਣਗੇ, ਇੰਜੀਨੀਅਰਜ਼ ਬਣ ਸਕਣਗੇ ਅਤੇ ਆਪਣੇ ਰਾਜ ਦੀ ਸੇਵਾ ਕਰ ਸਕਣਗੇ । ਸਰਕਾਰ ਨੇ ਟੈਕਨੀਕਲ ਸਿੱਖਿਆ ਉਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਹੈ ਅਤੇ ਕਾਫ਼ੀ ਮਾਤਰਾ ਵਿੱਚ ਆਈ. ਟੀ. ਆਈਜ਼. ਪੰਜਾਬ ਵਿੱਚ ਖੁੱਲ੍ਹ ਰਹੀਆਂ ਹਨ ਪਰ ਫੇਰ ਵੀ ਇਥੇ ਆਪੋਜ਼ੀਸ਼ਨ ਵਾਲੇ ਕਹਿੰਦੇ ਹਨ

[ਸ੍ਰੀ ਜਗਦੀਸ਼ ਸਾਹਨੀ]

ਕਿ ਸਰਕਾਰ ਵੱਲੋਂ ਕੁਝ ਨਹੀਂ ਕੀਤਾ ਜਾ ਰਿਹਾ ਹੈ ਅਤੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੁਝ ਨਹੀਂ ਹੈ। ਇਹ ਵੀ ਕਿਹਾ ਗਿਆ ਹੈ ਕਿ ਸਾਡੇ ਸਮਾਜਿਕ ਸੁਰੱਖਿਆ ਅਤੇ ਵੈੱਲਫੇਅਰ ਮਹਿਕਮੇ ਵੱਲੋਂ ਕੁਝ ਨਹੀਂ ਕੀਤਾ ਜਾ ਰਿਹਾ ਹੈ। ਇਸ ਵੱਲ ਹੋਰ ਧਿਆਨ ਦੇਣ ਦੀ ਲੋੜ ਹੈ ਪਰ ਮੈਂ ਕਹਿੰਦਾ ਹਾਂ ਕਿ ਕੀ ਨਹੀਂ ਦਿੱਤਾ ਗਿਆ ਹੈ ? ਗਰੀਬ ਪਰਿਵਾਰਾਂ ਨੂੰ ਆਪਣੀ ਬੇਟੀ ਦੀ ਸ਼ਾਦੀ ਲਈ 5100 ਰੁਪਿਆ ਸ਼ਗਨ ਸਕੀਮ ਲਾਗੂ ਕੀਤੀ ਗਈ ਹੈ।

ਟਰੈਜ਼ਰੀ ਬੈਂਚਾਂ ਤੇ ਬੈਠ ਕੇ ਹੀ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਹੀ ਕਿਹਾ ਜਾ ਸਕਦਾ ਹੈ ਪਰ ਇਥੇ ਟਰੈਜ਼ਰੀ ਬੈਂਚਾਂ ਤੇ ਬੈਠ ਕੇ ਆਪੋਜ਼ੀਸ਼ਨ ਵਾਲਾ ਕੰਮ ਕੀਤਾ ਗਿਆ ਹੈ। ਜਿਸ ਤਰ੍ਹਾਂ ਇਥੇ ਚਾਵਲਾ ਭੈਣ ਜੀ ਨੇ ਕਿਹਾ ਸੀ ਕਿ ਸਮਾਜ ਵੈਲਫੇਅਰ ਡਿਪਾਰਟਮੈਂਟ ਨੇ ਕੋਈ ਕੰਮ ਨਹੀਂ ਕੀਤਾ ਚਾਹੇ ਉਹ ਵਿਅਕਤੀ ਮਿਨੀਆਰਟੀ ਦਾ ਹੋਵੇ ਜਾਂ ਸ਼ਡਿਊਲਡ ਕਾਸਟ ਦੇ ਨਾਲ ਸਬੰਧ ਰਖਦਾ ਹੋਵੇ, ਉਸ ਨੂੰ ਇਸ ਸ਼ਗਨ ਸਕੀਮ ਲਈ 5100 ਰੁਪਿਆ ਉਸ ਦੀ ਬੇਟੀ ਦੀ ਸ਼ਾਦੀ ਲਈ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਪੰਜਾਬ ਦੇ ਕ੍ਰਿਸ਼ਚੀਅਨ ਜਾਤੀ ਦੇ ਲੋਕਾਂ ਦਾ ਵੀ ਖਿਆਲ ਰੱਖਿਆ ਗਿਆ ਹੈ। ਪੰਜਾਬ ਵਿੱਚ ਕ੍ਰਿਸ਼ਚੀਅਨ ਜਾਤੀ ਨਾਲ ਕੋਈ ਘਟਨਾ ਨਹੀਂ ਹੋਈ ਜਦ ਕਿ ਪੰਜਾਬ ਤੋਂ ਬਾਹਰ ਦੇ ਸੂਬਿਆਂ ਵਿਚ ਕੁਝ ਘਟਨਾਵਾਂ ਹੋਈਆਂ ਹਨ। ਇਸ ਤੋਂ ਇਲਾਵਾ ਸਰਕਾਰ ਪਹਿਲੇ ਮਕਾਨ ਬਣਾਉਣ ਲਈ 10,000 ਰੁਪਿਆ ਦਿੰਦੀ ਸੀ ਜਿਸ ਵਿੱਚੋਂ 2,000 ਰੁਪਿਆ ਕਮਿਸ਼ਨ ਵਿਚ ਚਲਿਆ ਜਾਂਦਾ ਸੀ ਅਤੇ ਬਾਕੀ ਰਹਿੰਦੇ ਪੈਸੇ ਨਾਲ ਉਹ ਆਪਣੇ ਮਕਾਨ ਦੀ ਰਿਪੇਅਰ ਵੀ ਨਹੀਂ ਕਰਵਾ ਸਕਦਾ ਸੀ ਜਿਸ ਕਰਕੇ ਕੰਮ ਵਿਚੇ ਹੀ ਰਹਿ ਜਾਂਦਾ ਸੀ। ਪਰ ਸਾਡੀ ਸਰਕਾਰ ਨੇ ਖੁਦ ਮਕਾਨ ਬਣਾ ਕੇ ਦਿੱਤੇ ਹਨ ਅਤੇ ਮਕਾਨਾਂ ਦੀ ਅਲਾਟਮੈਂਟ ਆਪ ਕੀਤੀ ਹੈ। ਹੁਣ ਕੋਈ ਕਹਿ ਦੇਵੇ ਕਿ ਸਰਕਾਰ ਵਲੋਂ ਮਕਾਨਾਂ ਦੀ ਅਲਾਟਮੈਂਟ ਵਿੱਚ ਕਿਸੇ ਨੇ ਕੋਈ ਪੈਸਾ ਦਿੱਤਾ ਹੋਵੇ। ਇਥੇ ਕੋਈ ਕਹਿ ਦੇਵੇ, ਮਹਾਰਾਜ ਦੀ ਕਸਮ ਖਾ ਕੇ ਅਤੇ ਹਾਜ਼ਰ ਨਾਜ਼ਰ ਸਮਝ ਕੇ ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਵਿੱਚ ਪੰਜਾਬ ਵਿਚ ਕੁਰੱਪਸ਼ਨ ਹੋਈ ਹੈ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਹ ਠੀਕ ਹੈ ਕਿ ਟਰੈਜ਼ਰੀ ਬੈਂਚਾਂ ਤੇ ਖੜ੍ਹੇ ਹੋ ਕੇ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਗੱਲ ਕੀਤੀ ਜਾਂਦੀ ਹੈ ਲੇਕਿਨ ਅਗਰ ਸਮਾਜ ਭਲਾਈ ਵਿਭਾਗ ਨੇ ਕੋਈ ਕੰਮ ਕੀਤਾ ਹੀ ਨਹੀਂ ਫੇਰ ਮੈਂ ਕਿਸ ਤਰ੍ਹਾਂ ਕਹਿ ਦੇਵਾਂ। ਮੈਂ ਸਾਹਨੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਮੈਨੂੰ ਦੱਸ ਸਕਦੇ ਹਨ ਕਿ ਕਿੰਨੇ ਲੋਕਾਂ ਨੂੰ ਸ਼ਗਨ ਸਕੀਮ ਰਾਹੀਂ ਫਾਇਦਾ ਹੋਇਆ ਹੈ ਅਤੇ ਕਿੰਨੇ ਲੋਕਾਂ ਨੂੰ ਪੰਜਾਬ ਵਿਚ ਬੁਢਾਪਾ ਪੈਨਸ਼ਨ, ਵਿਡੋ ਪੈਨਸ਼ਨ ਰਾਹੀਂ ਫਾਇਦਾ ਹੋਇਆ ਹੈ ਅਤੇ ਆਤੰਕਵਾਦ ਤੋਂ ਪ੍ਰਭਾਵਿਤ ਲੋਕਾਂ ਨੂੰ ਪਿਛਲੇ 6 ਮਹੀਨਿਆਂ ਤੋਂ ਪੈਨਸ਼ਨ ਨਹੀਂ ਮਿਲੀ। ਜਿਹੜੇ ਪੈਨਸ਼ਨਰਜ਼ ਹਨ, ਉਨਾਂ ਨੂੰ ਵੀ ਪੈਨਸ਼ਨਾਂ ਨਹੀਂ ਮਿਲੀਆਂ ਹਨ। ਕਹਿਣੇ ਦੇ ਲਈ ਕਿਹਾ ਜਾਏ ਠੀਕ ਹੈ ਜੀ ਪਰ ਠੀਕ ਗੱਲ ਨੂੰ ਖੰਡਨ ਨਹੀਂ ਕੀਤਾ ਜਾਣਾ ਚਾਹੀਦਾ। ਸਾਡਾ ਫਰਜ਼ ਹੈ ਕਿ ਠੀਕ ਨੂੰ ਠੀਕ ਕਿਹਾ ਜਾਵੇ ਅਤੇ ਗਲਤ ਨੂੰ ਗਲਤ ਕਿਹਾ ਜਾਵੇ ਤਦ ਹੀ ਅਸੀਂ ਆਪਣੀ ਜ਼ਿੰਮੇਵਾਰੀ ਨੂੰ ਨਿਭਾ ਸਕਦੇ ਹਾਂ।

ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ ਦੇ ਰਾਜ ਮੰਤਰੀ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਨੂੰ ਐਕਸਪੰਜ ਕਰ ਦਿਓ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਜਾਂ ਤਾਂ ਇਹ 6 ਸਾਬਤ ਕਰਨ ਜੋ ਮੈਂ ਕਿਹਾ ਹੈ ਕਿ ਇਹ ਗਲਤ ਹੈ ਜਾਂ ਇਹ ਆਪਣੇ ਲਫਜ਼ ਵਾਪਸ ਲੈਣ । (ਵਿਘਨ)

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਜਦੋਂ ਤੁਸੀਂ ਇੱਕ ਵਾਰ ਕਹਿ ਦਿੱਤਾ ਹੈ ਕਿ ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ . .

ਸ੍ਰੀ ਡਿਪਟੀ ਸਪੀਕਰ : ਠੀਕ ਹੈ, ਬੱਸ ਗੱਲ ਹੋ ਗਈ ਹੈ ਅਤੇ ਮੈਂ ਕਹਿ ਦਿੱਤਾ ਹੈ ।

ਸ੍ਰੀ ਜਗਦੀਸ਼ ਸਾਹਨੀ : ਭੈਣ ਜੀ ਕਹਿੰਦੇ ਹਨ ਕਿ ਪੈਨਸ਼ਨਾਂ ਨਹੀਂ ਮਿਲੀਆਂ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਘਰੋਂ ਤਾਂ ਪੈਸੇ ਲਿਆ ਕੇ ਨਹੀਂ ਦੇਣੇ, ਦੇਣੇ ਤਾਂ ਸਰਕਾਰ ਵਿਚੋਂ ਹੀ ਹਨ । ਡਿਪਟੀ ਸਪੀਕਰ ਸਾਹਿਬ, ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਆਉਂਦਿਆਂ ਹੀ 6 ਮਹੀਨਿਆਂ ਦੀ 20 ਡਿਸਟ੍ਰਿਕਟਾਂ ਵਿੱਚ ਹੀ ਚਾਰ ਤੋਂ ਪੰਜ ਕਰੋੜ ਰੁਪਏ ਦੀਆਂ ਪੈਨਸ਼ਨਾਂ ਜੋ ਬਕਾਇਆ ਸਨ, ਲਗਾ ਦਿੱਤੀਆਂ ਅਤੇ ਜਿਹੜਾ ਬੈਕਲਾਗ ਚੱਲ ਰਿਹਾ ਸੀ, ਉਹ ਪੂਰਾ ਕੀਤਾ ਹੈ । ਅੱਜ ਇਹ ਕਹਿੰਦੇ ਹਨ ਕਿ ਪੈਨਸ਼ਨਾਂ ਨਹੀਂ ਲੱਗੀਆਂ । ਰੂਲਿੰਗ ਬੈਂਚਾਂ ਵਿੱਚ ਹੋ ਕੇ ਵੀ ਕਹਿੰਦੇ ਹਨ ਕਿ ਪੈਨਸ਼ਨਾਂ ਨਹੀਂ ਲੱਗੀਆਂ । ਮੈਂ ਤੁਹਾਨੂੰ ਆਪਣੇ ਡਿਸਟ੍ਰਿਕਟ ਬਟਾਲੇ ਦੀ ਮਿਸਾਲ ਦਿੰਦਾ ਹਾਂ ਜਿਸ ਤੋਂ ਅੰਦਾਜ਼ਾ ਸਾਰੇ ਪੰਜਾਬ ਦਾ ਲੱਗ ਜਾਵੇਗਾ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ . .

ਸ੍ਰੀ ਡਿਪਟੀ ਸਪੀਕਰ : ਭੈਣ ਜੀ, ਤੁਸੀਂ ਆਪਣੀ ਗੱਲ ਕਰ ਬੈਠੇ ਹੋ । ਹੁਣ 8 ਤੁਸੀਂ ਇੰਟਰਪਟ ਨਾ ਕਰੋ । (ਵਿਘਨ)

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੈਂ ਬਟਾਲੇ ਬਾਰੇ ਦੱਸਣਾ ਚਾਹੁੰਦਾ ਹਾਂ ਤੁਸੀਂ ਹੈਰਾਨ ਹੋਵੋਗੇ ਕਿ 32,000 ਪੈਨਸ਼ਨਾਂ ਡਿਸਟ੍ਰਿਕਟ ਗੁਰਦਾਸਪੁਰ ਵਿਚ ਪਿੱਛੇ ਨਾਲੋਂ ਵੱਧ ਦਿੱਤੀਆਂ ਗਈਆਂ ਹਨ । (ਥੰਪਿੰਗ) ਇੱਥੇ ਹੀ ਬੱਸ ਨਹੀਂ ਇਸ ਦੇ ਨਾਲ ਨਾਲ 3810 ਵਿਡੋਜ਼ ਨੂੰ ਪੈਨਸ਼ਨਾਂ ਕਾਂਗਰਸ ਦੀ ਸਰਕਾਰ ਨਾਲੋਂ ਵੱਧ ਦਿੱਤੀਆਂ ਗਈਆਂ । 1190 ਅਨਾਥ ਬੱਚਿਆਂ ਨੂੰ ਵੱਧ ਪੈਨਸ਼ਨਾਂ ਦਿੱਤੀਆਂ ਗਈਆਂ ਅਤੇ 908 ਡਿਸਏਬਲਡ ਬੰਦਿਆਂ ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਹਨ ।

Mr. Deputy Speaker : Please carry on. I think there is no need. Let us come to the point. Please come to the point.

**Expunged as ordered by the Chair.

ਸ੍ਰੀ ਜਗਦੀਸ਼ ਸਾਹਨੀ : ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਡੋਰਾ ਖੋਲ੍ਹ ਦਿਤਾ ਕਿ ਗੱਫੇ ਦੇ ਦਿਓ। ਹੁਣ ਸਾਰੇ ਗੱਫੇ ਲੱਭਦੇ ਹਨ। ਗੱਫੇ ਲੱਭਦਿਆਂ ਖਜ਼ਾਨਾ ਤਾਂ ਮੁੱਕ ਜਾਣਾ ਹੈ। ਜੇ ਟੈਕਸ ਲੈਣ ਲੱਗਦੇ ਹਨ ਤਾਂ ਬਾਦਲ ਸਾਹਿਬ ਦੇ ਖਿਲਾਫ ਨਾਅਰੇ ਲੱਗਦੇ ਹਨ। ਜਦੋਂ ਮਾਫ਼ ਕਰਦੇ ਹਨ ਤਾਂ ਕੋਈ ਚੰਗਾ ਨਹੀਂ ਕਹਿਣ ਆਉਂਦਾ। (ਘੰਟੀ) ਪੰਜਾਬ ਸਰਕਾਰ ਨੇ ਹਰ ਪਾਸਿਓਂ ਸਹੂਲਤਾਂ ਦਿੱਤੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇੱਥੇ ਕਿਹਾ ਗਿਆ ਹੈ ਕਿ ਜਦੋਂ ਬਾਦਲ ਸਾਹਿਬ ਆਏ ਹਨ ਤਾਂ ਉਨ੍ਹਾਂ ਨੇ ਕੁਝ ਨਹੀਂ ਕੀਤਾ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਸਾਰੇ ਪੰਜਾਬ ਦੇ ਲੋਕਾਂ ਨੂੰ ਉੱਚਾ ਚੁੱਕਿਆ ਹੈ। ਦੇਸ਼ ਨੂੰ ਉੱਚਾ ਚੁਕਿਆ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੂੰ ਕੀ ਲੋੜ ਸੀ ਪ੍ਰਧਾਨ ਮੰਤਰੀ ਜੀ ਨਾਲ ਪਾਕਿਸਤਾਨ ਜਾਣ ਦੀ। ਬਾਦਲ ਸਾਹਿਬ, ਚਾਹੁੰਦੇ ਸਨ ਕਿ ਪੰਜਾਬ ਦੀ ਸਰਹੱਦ ਮਜ਼ਬੂਤ ਹੋਵੇ। ਪੰਜਾਬ ਮਜ਼ਬੂਤ ਹੋਵੇ ਜੋ ਅਸੀਂ 95 ਬੰਦੇ ਪੰਜਾਬ ਵਿੱਚੋਂ ਚੁਣ ਕੇ ਆਏ ਹਾਂ ਤਾਂ ਬਾਦਲ ਸਾਹਿਬ ਕਰਕੇ ਹੀ ਆਏ ਹਾਂ। ਬਾਦਲ ਸਾਹਿਬ ਨੇ ਜੋ ਪੰਜਾਬ ਲਈ ਸਕੀਮਾਂ ਦਿੱਤੀਆਂ ਹਨ, ਉਹ ਬਹੁਤ ਹੀ ਚੰਗੀਆਂ ਹਨ। ਇੱਥੇ ਕਿਹਾ ਜਾਂਦਾ ਹੈ ਕਿ ਸ਼ਰਾਬ ਤੇ ਟੈਕਸ ਨਾ ਲਗਾਓ। ਪੰਜਾਬ ਦੀ ਡਿਵੈਲਪਮੇਂਟ ਤੇ ਪੈਸਾ ਕਿਥੋਂ ਲਗਾਉਣਾ ਹੈ ? ਇਹ ਪੈਸਾ ਲੋਕਾਂ ਦੀ ਭਲਾਈ ਵਾਸਤੇ ਹੀ ਲੱਗਣਾ ਹੈ। ਡਿਪਟੀ ਸਪੀਕਰ ਸਾਹਿਬ, 70% ਪੈਸਾ ਤਾਂ ਤਨਖਾਹਾਂ ਤੇ ਹੀ ਖਰਚ ਹੋ ਜਾਂਦਾ ਹੈ ਅਤੇ ਬਾਕੀ ਦੇ 30% ਦੇ ਨਾਲ ਕੀ ਕਰਾਂਗੇ ? ਸਾਰੇ ਵਿਕਾਸ ਦਾ ਏਨਾ ਕੰਮ ਚਲਾਇਆ ਹੈ। ਫਿਰ ਕਹਿੰਦੇ ਹਨ ਕਿ ਬੈਂਕਾਂ ਤੋਂ ਲੋਨ ਲੈਂਦੇ ਹਾਂ ? ਕਿਉਂ ਲੋਨ ਲੈਂਦੇ ਹਾਂ ? ਇਹ ਸਾਰਾ ਕੰਮ ਪੈਸੇ ਨਾਲ ਹੀ ਹੋਣਾ ਹੈ। ਵਿਕਾਸ ਦੇ ਕੰਮਾਂ ਲਈ ਟੈਕਸ ਲਾਉਣਾ ਹੈ। ਫੇਰ ਟੈਕਸ ਦੀ ਗੱਲ ਕਰਦੇ ਹਾਂ ਤਾਂ ਕਹਿੰਦੇ ਹਨ ਕਿ ਟੈਕਸ ਨਾ ਲਾਓ। ਜੇ ਕੋਈ ਵਸੂਲੀ ਕਰਦੇ ਹਾਂ ਤਾਂ ਕਹਿੰਦੇ ਹਨ ਕਿ ਇਹ ਨਾ ਕਰੋ ਜੀ। ਇਹ ਸਾਰੀਆਂ ਚੀਜ਼ਾਂ ਤਾਂ ਟੈਕਸ ਲਾ ਕੇ ਹੀ ਸਿਰੇ ਚੜ੍ਹਨੀਆਂ ਹਨ।

ਸ੍ਰੀ ਡਿਪਟੀ ਸਪੀਕਰ : ਤੁਸੀਂ 5-7 ਮਿੰਟ ਵਿਚ ਹੀ ਕਨਕਲੂਡ ਕਰੋ ਜੀ।

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਵੈਸੇ ਹੀ ਬੋਲਣ ਲੱਗਾ ਹੋਇਆ ਹਾਂ। ਅੱਜ ਪੰਜਾਬ ਵਿੱਚ ਏਨੇ ਕੰਮ ਕੀਤੇ ਗਏ ਹਨ ਅਤੇ ਦਿਨ-ਬ-ਦਿਨ ਹੋਰ ਵੱਧ ਹੋਣ ਦੀ ਕੋਸ਼ਿਸ਼ ਹੋ ਰਹੀ ਹੈ। ਅੱਗੇ ਅਸੀਂ ਸਮਝ ਵੀ ਲਈਏ ਕਿ ਕੀ ਹਿਸਾਬ ਕਿਤਾਬ ਹੈ। ਅੱਜ ਸਾਡੇ 12925 ਪ੍ਰਾਇਮਰੀ ਸਕੂਲ ਹਨ, 2545 ਮਿਡਲ ਸਕੂਲ ਹਨ, 1860 ਹਾਈ ਸਕੂਲ ਹਨ, 830 ਸੀਨੀਅਰ ਸੈਕੰਡਰੀ ਸਕੂਲ ਅਤੇ 47 ਕਾਲਜ ਹਨ। ਅੱਜ ਹੀ ਗੱਲ ਹੋਈ ਕਿ ਏਡਿਡ ਸਕੂਲ ਜਿਹੜੇ ਪੰਜਾਬ ਦੇ ਹਨ, ਉਨ੍ਹਾਂ ਨਾਲ ਇਸ ਤਰ੍ਹਾਂ ਕਰੋ। ਇਹ ਵੀ ਅੱਗੋਂ 55-60 ਕਰੋੜ ਰੁਪਏ ਦਾ ਪੰਜਾਬ ਤੇ ਬੋਝ ਪੈਂਦਾ ਹੈ ਪਰ ਕਿਸੇ ਨੇ ਨਾਲ ਇਹ ਨਹੀਂ ਕਿਹਾ ਕਿ ਇਸ ਖਰਚੇ ਨੂੰ ਇਥੋਂ ਪੂਰਾ ਕਰ ਲਓ, ਇਸ ਤਰ੍ਹਾਂ ਪੂਰਾ ਕਰ ਲਓ। ਹਰੇਕ ਨੇ ਕਿਹਾ ਕਿ ਦੇਣਾ ਬਣਦਾ ਹੈ। ਅਸੀਂ ਵੀ ਕਹਿੰਦੇ ਹਾਂ ਕਿ ਦਿਓ ਪਰ ਜੇ ਟੈਕਸ ਨਹੀਂ ਲਾਵਾਂਗੇ ਤਾਂ ਉਨ੍ਹਾਂ ਨੂੰ ਪੈਸਾ ਕਿੱਥੋਂ ਦੇਵਾਂਗੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੱਦੇਨਜ਼ਰ

ਰੱਖਦੇ ਹੋਏ ਜੋ ਇਹ ਗਵਰਨਰ ਐਡਰੈਸ ਪੇਸ਼ ਕੀਤਾ ਗਿਆ ਹੈ, ਇਹ ਸਰਕਾਰ ਦੀ ਛਵੀ ਨੂੰ ਪ੍ਰਗਟ ਕਰਦਾ ਹੈ । ਜੋ ਸਰਕਾਰ ਨੇ ਪਿਛਲੇ ਕੰਮ ਕੀਤੇ ਸਨ, ਉਨ੍ਹਾਂ ਨੂੰ ਦੁਹਰਾਉਣ ਦੀ ਸਾਡੀ ਆਦਤ ਨਹੀਂ । ਪਹਿਲਾਂ ਕਾਂਗਰਸ ਸਰਕਾਰਾਂ ਨੇ ਵੀ ਕਈ ਵਾਰੀ ਬਜਟ ਪੇਸ਼ ਕੀਤੇ ਹਨ । ਉਦੋਂ ਅਸੀਂ ਵੀ 25% ਤੋਂ 40% ਕੱਟ ਲੱਗਦਾ ਵੇਖਿਆ ਹੈ । ਉਦੋਂ ਤਾਂ ਕਿਸੇ ਨੇ ਕੁਝ ਨਹੀਂ ਕਿਹਾ । ਅੱਜ ਅਸੀਂ ਵਿਕਾਸ ਦੇ ਕੰਮਾਂ ਨੂੰ ਪੂਰਾ ਕਰ ਰਹੇ ਹਾਂ, ਬੈਂਕਾਂ ਤੋਂ ਪੈਸਾ ਲੈ ਕੇ ਸਰਕਾਰ ਕੋਸ਼ਿਸ਼ ਕਰ ਰਹੀ ਹੈ ਤੇ 8500 ਕਰੋੜ ਰੁਪਏ ਦਾ ਕਰਜ਼ਾ ਲਾਹਿਆ ਵੀ ਹੈ ਤਾਂ ਬੈਂਕਾਂ ਤੋਂ ਲੈ ਕੇ ਹੀ ਲਾਹੁਣਾ ਹੈ । ਪੰਜਾਬ ਰੋਡਵੇਜ਼ ਦੀ ਕੀ ਹਾਲਤ ਸੀ ਜਦੋਂ 1997 ਵਿਚ ਇਹ ਸਰਕਾਰ ਆਈ ? ਕੋਈ ਚੱਜ ਦੀ ਬੱਸ ਨਹੀਂ ਸੀ ਚਲਦੀ । ਸਰਕਾਰ ਨੇ ਆ ਕੇ ਨਵੀਆਂ ਬੱਸਾਂ ਪਾਈਆਂ ਬੈਂਕਾਂ ਤੋਂ ਲੋਨ ਲਿਆ ਗਿਆ ਅਤੇ ਅੱਜ ਉਹੀ ਬੱਸਾਂ ਬੈਂਕਾਂ ਦਾ ਲੋਨ ਲਾਹ ਰਹੀਆਂ ਹਨ । ਮੇਰੇ ਭਰਾਵਾਂ ਨੇ ਕਿਹਾ ਕਿ ਟਰਾਂਸਪੋਰਟਰਾਂ ਨੂੰ ਵੱਧ ਮਿਲ ਰਿਹਾ ਹੈ । ਪਰ ਮੈਂ ਕਹਿੰਦਾ ਹਾਂ ਕਿ ਟਰਾਂਸਪੋਰਟਰਾਂ ਨੂੰ ਤਾਂ ਟੈਕਸ ਜ਼ਿਆਦਾ ਲੱਗਾ ਹੈ ਪਰ ਉਨ੍ਹਾਂ ਨੇ ਸੀ ਨਹੀਂ ਕੀਤੀ । ਟਰਾਂਸਪੋਰਟ ਇੰਡਸਟਰੀ ਇਸ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਿਥੇ 22-27 ਕਰੋੜ ਰੁਪਿਆ ਦੇਂਦੀ ਸੀ, ਉਥੇ ਹੁਣ 240-245 ਕਰੋੜ ਰੁਪਿਆ ਟੈਕਸ ਵਜੋਂ ਦੇਂਦੀ ਹੈ ਅਤੇ ਜਿਸ ਦੀ ਉਗਰਾਹੀ ਵੀ 95% ਤੋਂ 97% ਤਕ ਹੈ । ਫਿਰ ਵੀ ਇਹ ਕਹਿੰਦੇ ਹਨ ਕਿ ਵੱਧ ਦੇ ਦਿੱਤਾ । (ਇਕ ਆਵਾਜ਼: ਟਰਾਂਸਪੋਰਟ ਇਲਲੀਗਲ ਓਪਰੇਸ਼ਨ ਕਰਦੇ ਹਨ !)

ਇਲਲੀਗਲ ਓਪਰੇਸ਼ਨ ਸਾਰੇ ਹੀ ਕਰਦੇ ਹਨ । ਤੁਸੀਂ ਆਪਣੀ ਗੱਲ ਕਰਦੇ ਹੋ, ਅਸੀਂ ਆਪਣੀ ਗੱਲ ਕਰਦੇ ਹਾਂ । ਇਸ ਲਈ ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਸਰਕਾਰ ਦਾ ਅਕਸ ਦੱਸਦੀਆਂ ਹਨ । ਸਾਡੀ ਸਟੇਟ ਦੀਆਂ ਬੱਸਾਂ ਅੱਜ ਸਾਡੇ ਸੂਬੇ ਦੀ ਅੱਛੀ ਛਵੀ ਬਾਹਰ ਪੇਸ਼ ਕਰਦੀਆਂ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਸਰਕਾਰ ਸਮਰੱਥਸ਼ਾਲੀ ਹੈ, ਪੰਜਾਬ ਸਰਕਾਰ ਸਮਰੱਥਾਵਾਨ ਹੈ । ਡਿਪਟੀ ਸਪੀਕਰ ਸਾਹਿਬ, ਸਾਡੇ ਮੁੱਖ ਮੰਤਰੀ ਜੀ ਨੇ ਜੋ ਸੂਬੇ ਨੂੰ ਅੱਗੇ ਲਿਜਾਣ ਵਾਸਤੇ ਉਪਰਾਲੇ ਕੀਤੇ ਹਨ, ਅਸੀਂ ਜੀ ਜਾਨ ਦੇ ਨਾਲ ਉਨ੍ਹਾਂ ਦੇ ਨਾਲ ਹਾਂ । ਭਗਵਾਨ ਉਨ੍ਹਾਂ ਦੀ ਉਮਰ ਦਰਾਜ਼ ਕਰੇ ਤਾਕਿ ਉਹ ਪੰਜਾਬ ਨੂੰ ਨਵੀਂ ਮੁਹਾਰ ਦੇ ਪਾਉਣ ਅਤੇ ਅਸੀਂ ਇਸ ਗਵਰਨਰ ਐਡਰੈਸ ਨੂੰ ਹੋਰ ਵੀ ਸੁੰਦਰਤਾਪੂਰਨ ਢੰਗ ਨਾਲ ਪੇਸ਼ ਕਰ ਸਕੀਏ ਤਾਂ ਕਿ ਲੋਕਾਂ ਨੂੰ ਕਹਿਣ ਦਾ ਮੌਕਾ ਨਾ ਮਿਲੇ । ਜੈ ਹਿੰਦ ।

Mr. Deputy Speaker: Thank you very much, Sawhney Sahib. Sardar Bhag Singh Malla Ji.

ਸਰਦਾਰ ਭਾਗ ਸਿੰਘ ਮੱਲ੍ਹਾ (ਜਗਰਾਉਂ) : ਡਿਪਟੀ ਸਪੀਕਰ ਸਾਹਿਬ, ਰਾਜਪਾਲ ਦੇ ਭਾਸ਼ਣ ਤੇ ਜੋ ਪ੍ਰਸਤਾਵ ਸਾਡੇ ਆਨਰੇਬਲ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਜੀ ਬਾਦਲ ਨੇ ਰੱਖਿਆ ਸੀ, ਤੁਹਾਡਾ ਬਹੁਤ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ । ਸਰਦਾਰ ਮਨਪ੍ਰੀਤ ਸਿੰਘ ਨੇ ਜੋ ਸਰਕਾਰ ਦੀਆਂ ਪ੍ਰਾਪਤੀਆਂ ਸਨ, ਉਨ੍ਹਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਦੇ ਨਾਲ, ਡੀਟੇਲ ਅਤੇ ਫੈਕਟਸ ਤੇ ਆਧਾਰਿਤ ਸਾਰੀਆਂ ਗੱਲਾਂ ਸਾਡੇ ਅੱਗੇ ਰੱਖੀਆਂ । ਪਰ ਇਕ ਗੱਲ ਦੀ, ਡਿਪਟੀ ਸਪੀਕਰ ਸਾਹਿਬ, ਸਮਝ ਨਹੀਂ ਆਉਂਦੀ ਕਿ ਅਪੋਜ਼ੀਸ਼ਨ ਇਨ੍ਹਾਂ ਗੱਲਾਂ ਦੀ ਕਾਇਲ ਕਿਉਂ ਨਹੀਂ ਹੁੰਦੀ ਅਤੇ ਸੱਚ ਨੂੰ ਸੱਚ ਕਿਉਂ ਨਹੀਂ ਕਿਹਾ

[ਸਰਦਾਰ ਭਾਗ ਸਿੰਘ ਮੱਲ੍ਹਾ]

ਜਾਂਦਾ ! ਜਿਹੜੇ ਫੈਕਟਸ ਸਾਡੇ ਸਾਹਮਣੇ ਹਨ, ਜਿਹੜੀਆਂ ਪ੍ਰਾਪਤੀਆਂ ਸਾਡੇ ਸਾਹਮਣੇ ਹਨ, ਉਨ੍ਹਾਂ ਤੋਂ ਕਿਉਂ ਮੁਨਕਰ ਹੋਇਆ ਜਾਂਦਾ ਹੈ ? ਮੇਰਾ ਤਾਂ ਖਿਆਲ ਹੈ ਕਿ ਜਦੋਂ ਕੋਈ ਪਾਰਟੀ ਸੱਤਾ ਤੋਂ ਹੱਥ ਧੋ ਬੈਠਦੀ ਹੈ ਤਾਂ ਫਿਰ ਉਸ ਨੂੰ ਸਾਰਾ ਕੁਝ ਹੀ ਉਲਟਾ ਪੁਲਟਾ ਨਜ਼ਰ ਆਉਂਦਾ ਹੈ । ਆਪ ਤਾਂ ਇਹ 50 ਸਾਲਾਂ ਵਿਚ ਕੁਝ ਨਹੀਂ ਕਰ ਸਕੇ, ਕੁਝ ਕਰਕੇ ਨਹੀਂ ਵਿਖਾ ਸਕੇ ਪਰ ਪਿਛਲੇ ਦੋ ਸਾਲਾਂ ਵਿਚ ਜੋ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਹੈ, ਘੱਟੋ ਘੱਟ ਉਸ ਦੀ ਸ਼ਲਾਘਾ ਤਾਂ ਕਰ ਦੇਣ । ਜੇ ਮੈਂ ਪਿਛੋਕੜ ਵੱਲ ਜਾਵਾਂ ਤਾਂ ਪੰਜਾਬ ਦੇ ਕਿਸਾਨ ਨੇ ਪੰਜਾਬ ਅਤੇ ਹਿੰਦੁਸਤਾਨ ਵਿੱਚ ਹੀ ਨਹੀਂ ਬਲਕਿ ਬਾਹਰਲੇ ਦੇਸ਼ਾਂ ਵਿਚ ਵੀ ਆਪਣੀ ਮਿਹਨਤ ਦੀ ਧਾਕ ਜਮਾਈ ਹੈ ਅਤੇ ਆਪਣੇ ਬਲਬੂਤੇ ਤੇ ਤਰੱਕੀ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਜੇ ਪਿਛਲੇ ਸਮੇਂ ਵਿਚ ਵੇਖਿਆ ਜਾਵੇ ਤਾਂ ਅੰਗਰੇਜ਼ ਸਰਕਾਰ ਦੇ ਸਮੇਂ ਸਾਡੇ ਬਜ਼ੁਰਗਾਂ ਨੂੰ ਉਸ ਇਲਾਕੇ ਵਿਚ ਮੁਰੱਬੇ ਦਿੱਤੇ ਗਏ ਸਨ ਜੋ ਅੱਜ ਪਾਕਿਸਤਾਨ ਕਹਾਉਂਦਾ ਹੈ । ਸਾਡੇ ਬਜ਼ੁਰਗ ਬੜੇ ਚਾਵਾਂ ਨਾਲ ਗਏ ਕਿ ਉਥੇ ਖੇਤੀ ਕਰਾਂਗੇ ਅਤੇ ਆਪਣੇ ਪਰਿਵਾਰ ਦਾ ਢਿੱਡ ਭਰਾਂਗੇ ਪਰ ਜਦੋਂ ਉਥੇ ਗਏ ਤਾਂ ਵੇਖਿਆ ਕਿ ਉਥੇ ਜੰਗਲਾਂ ਤੋਂ ਬਿਨਾਂ ਕੁਝ ਵੀ ਨਹੀਂ ਸੀ । ਇਹ ਮੁਰੱਬੇ ਆਮ ਤੌਰ ਤੇ ਫੌਜੀਆਂ ਨੂੰ ਦਿੱਤੇ ਜਾਂਦੇ ਸਨ । ਉਥੇ ਜਾ ਕੇ ਸਾਡੇ ਬਜ਼ੁਰਗਾਂ ਨੇ ਟੈਂਟਾਂ ਵਿਚ ਰਹਿ ਕੇ ਖ਼ਤਰਨਾਕ ਜਾਨਵਰਾਂ ਦਾ ਮੁਕਾਬਲਾ ਕੀਤਾ । ਜਿਹੜੇ ਉਥੋਂ ਦੇ ਵਸਨੀਕ ਸਨ, ਉਹ ਵੀ ਕੁਝ ਹੋਰ ਤਰ੍ਹਾਂ ਦੇ ਸਨ । ਉਨ੍ਹਾਂ ਦਾ ਵੀ ਮੁਕਾਬਲਾ ਕੀਤਾ ਅਤੇ ਉਨ੍ਹਾਂ ਜੰਗਲਾਂ ਨੂੰ ਬਹੁਤ ਉਪਜਾਊ ਬਣਾਇਆ । ਬਦ-ਕਿਸਮਤੀ ਨਾਲ 1947 ਵਿਚ ਦੇਸ਼ ਦੀ ਵੰਡ ਹੋ ਗਈ । ਉਸ ਤੋਂ ਬਾਅਦ ਇੱਧਰ ਆ ਕੇ ਉਨ੍ਹਾਂ ਨੇ ਵੱਖ ਵੱਖ ਰਾਜਾਂ ਵਿਚ ਧਰਤੀ ਨੂੰ ਭਾਗ ਲਾਏ । ਰਾਜਸਥਾਨ ਦੇ ਮਾਰੂਥਲ ਆਬਾਦ ਕੀਤੇ । ਉੱਤਰ ਪ੍ਰਦੇਸ਼, ਗੁਜਰਾਤ ਅਤੇ ਮਧਿਆ ਪ੍ਰਦੇਸ਼ ਵਿਚ ਜਾ ਕੇ ਜ਼ਮੀਨਾਂ ਆਬਾਦ ਕੀਤੀਆਂ ਅਤੇ ਹਿੰਦੁਸਤਾਨ ਜੋ ਖੁਰਾਕ ਦੇ ਪੱਖੋਂ ਬਾਹਰਲੇ ਮੁਲਕਾਂ ਤੇ ਨਿਰਭਰ ਸੀ, ਨੂੰ ਇੰਨਾ ਅੰਨ ਪੈਦਾ ਕਰਕੇ ਦਿੱਤਾ । ਇਸ ਦੇ ਨਾਲ ਜੋ ਸਾਡਾ ਫਾਰੇਨ ਐਕਸਚੇਂਜ ਸੀ, ਜਿਸ ਦੀ ਸਾਨੂੰ ਉਸ ਮੌਕੇ ਬਹੁਤ ਜ਼ਿਆਦਾ ਲੋੜ ਸੀ, ਉਹ ਬਚਾਇਆ । ਸਾਡੇ ਕਿਸਾਨ ਨੇ ਆਪਣੀ ਸਖ਼ਤ ਮਿਹਨਤ ਦੇ ਨਾਲ ਸਾਡੇ ਮੁਲਕ ਨੂੰ ਅੱਗੇ ਵਧਾਇਆ । ਇਸ ਦੇ ਇਵਜ਼ਾਨੇ ਵਜੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ, ਬੀ. ਜੇ. ਪੀ. ਅਤੇ ਅਕਾਲੀ ਦਲ ਦੀ ਸਰਕਾਰ ਨੇ ਕਿਸਾਨ ਨੂੰ ਥਾਪੜਾ ਦਿੱਤਾ ਅਤੇ ਉਸ ਨੂੰ ਬਿਜਲੀ ਪਾਣੀ ਮੁਫ਼ਤ ਦੇ ਕੇ ਉਸ ਦਾ ਹੌਂਸਲਾ ਵਧਾਇਆ । ਪਿਛਲੇ 50 ਸਾਲਾਂ ਵਿਚ ਕਣਕ ਦਾ ਜਿਹੜਾ ਭਾਅ ਕਦੀ 5/- ਰੁਪਏ ਵੱਧ ਜਾਂਦਾ ਸੀ ਅਤੇ ਕਦੇ 10/- ਰੁਪਏ ਵੱਧ ਜਾਂਦਾ ਸੀ, ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸੱਤਾ ਵਿਚ ਆਏ ਤਾਂ ਅੱਜ ਤੋਂ 2 ਸਾਲ ਪਹਿਲਾਂ ਆਉਂਦੇ ਸਾਰ ਹੀ ਉਨ੍ਹਾਂ ਨੇ ਕਿਸਾਨਾਂ ਨੂੰ 60/- ਰੁਪਏ ਦਾ ਬੋਨਸ ਦੇ ਕੇ ਹੌਂਸਲਾ ਅਫ਼ਜ਼ਾਈ ਕੀਤੀ । ਇਸੇ ਤਰ੍ਹਾਂ ਹੀ ਇਨ੍ਹਾਂ ਨੇ ਧਾਨ ਦੀ ਕੀਮਤ ਵਿਚ ਵੀ ਬਹੁਤ ਵਾਧਾ ਕੀਤਾ । ਇਕ ਗੱਲ ਜੋ ਬਹੁਤ ਹੀ ਤਕਰਾਰ ਦਾ ਵਿਸ਼ਾ ਬਣੀ ਹੋਈ ਸੀ ਕਿ ਫਾਈਨ ਅਤੇ ਸੁਪਰ-ਫਾਈਨ ਦਾ ਪੰਜਾਬ ਦੇ ਵਿਚ ਝਗੜਾ ਪਿਆ ਹੋਇਆ ਸੀ । ਕੁਝ ਇਹੋ ਜਿਹੇ ਜ਼ਿਲ੍ਹੇ ਸਨ ਜਿਥੇ ਝੋਨੇ ਦੀ ਕੀਮਤ 20/- ਰੁਪਏ ਘੱਟ ਮਿਲਦੀ ਸੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਹ ਰੇੜਕਾ ਮੁਕਾ ਕੇ ਸਾਰੇ ਪੰਜਾਬ ਦੇ ਵਿੱਚ ਇਕੋ ਜਿਹਾ ਭਾਅ ਮੁਕੱਰਰ ਕੀਤਾ । ਡਿਪਟੀ ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਬਾਦਲ ਸਾਹਿਬ ਨੇ ਪੰਜਾਬ ਦੀ ਐਗਰੀਕਲਚਰ ਯੂਨੀਵਰਸਿਟੀ ਵਿਚ ਖੋਜ ਕਾਰਜਾਂ ਵਿਚ ਤੇਜ਼ੀ ਲਿਆਉਣ ਵਿੱਚ ਬਹੁਤ ਹੀ ਵੱਡਾ ਯੋਗਦਾਨ

ਪਾਇਆ ਹੈ । ਵਿਗਿਆਨੀਆਂ ਨੂੰ ਕਿਹਾ ਗਿਆ ਕਿ ਜਿਥੇ ਵਧੇਰੇ ਝਾੜ ਦੇਣ ਵਾਲੀਆਂ ਬੀਮਾਰੀ ਰਹਿਤ ਫਸਲਾਂ ਤਿਆਰ ਕੀਤੀਆਂ ਜਾਣ ਉਥੇ ਨਾਲ ਹੀ ਕੁਆਂਟਿਟੀ ਦੇ ਹਿਸਾਬ ਨਾਲ ਕੁਆਲਟੀ ਦੀ ਵੀ ਖੋਜ ਕੀਤੀ ਜਾਵੇ ਤਾਂ ਕਿ ਜਿਣਸ ਬਾਹਰ ਦੀਆਂ ਮੰਡੀਆ ਵਿਚ ਜਾ ਸਕੇ ਅਤੇ ਦੂਸਰੇ ਮੁਲਕਾਂ ਦਾ ਮੁਕਾਬਲਾ ਕਰ ਸਕੀਏ । ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਸਰਦਾਰ ਗੁਰਦੇਵ ਸਿੰਘ ਬਾਦਲ, ਮੈਂ ਦੇਖਿਆ ਹੈ ਕਿ ਉਹ ਜੋ ਉਪਰਾਲੇ ਖੇਤੀ ਦੇ ਖੇਤਰ ਵਿਚ ਕਰ ਰਹੇ ਹਨ, ਉਹ ਵੀ ਬਹੁਤ ਹੀ ਸ਼ਲਾਘਾਯੋਗ ਹਨ । ਅੱਜ ਕੱਲ੍ਹ ਉਹ ਕਿਸਾਨ ਕੈਂਪ ਲਗਾਉਣ ਵਿਚ ਬਹੁਤ ਜੁੱਟੇ ਹੋਏ ਹਨ । ਜਿੱਥੇ ਕਿਸਾਨਾਂ ਨੂੰ ਖੇਤੀ ਤੇ ਆਧਾਰਿਤ ਟਰੇਨਿੰਗ ਦਿੱਤੀ ਜਾਂਦੀ ਹੈ ਉਥੇ ਨਾਲ ਹੀ ਇਹ ਵੀ ਦੱਸਿਆ ਜਾਂਦਾ ਹੈ ਕਿ ਤੁਸੀਂ ਪੈਸਟੀਸਾਈਡਜ਼ ਦਾ ਅੰਨ੍ਹਾ ਇਸਤੇਮਾਲ ਨਾ ਕਰੋ ਸਗੋਂ ਸਹੀ ਇਸਤੇਮਾਲ ਕੀਤਾ ਜਾਵੇ ਤਾਂ ਕਿ ਕਣਕ ਅੌਰ ਝੋਨੇ ਦੀ ਪੈਦਾਵਾਰ ਨੂੰ ਵਧਾਇਆ ਜਾ ਸਕੇ । ਇਸ ਤਰ੍ਹਾਂ ਹੀ ਇਨ੍ਹਾਂ ਕੈਂਪਾਂ ਦੇ ਵਿਚ ਇਹ ਵੀ ਦੱਸਿਆ ਜਾਂਦਾ ਹੈ ਕਿ ਤੁਸੀਂ ਮਸ਼ੀਨਰੀ ਦੀ ਕਿਸ ਤਰ੍ਹਾਂ ਨਾਲ ਦੇਖਭਾਲ ਕਰਨੀ ਹੈ । ਅੱਜ ਕਿਸਾਨਾਂ ਦੇ ਲੜਕੇ ਤਿੰਨ-ਚਾਰ ਲੱਖ ਦਾ ਟਰੈਕਟਰ ਨੌਕਰਾਂ ਦੇ ਹੱਥ ਫੜਾ ਦਿੰਦੇ ਹਨ ਜਿਸ ਦੇ ਨਾਲ ਕਿਸਾਨਾਂ ਨੂੰ ਬਹੁਤ ਹਾਨੀ ਹੁੰਦੀ ਹੈ । ਪਿਛਲੇ ਦਿਨ ਜਦੋਂ ਗਵਰਨਰ ਸਾਹਿਬ ਦੇ ਭਾਸ਼ਣ ਉਤੇ ਲੀਡਰ ਆਫ਼ ਦੀ ਆਪੋਜ਼ੀਸ਼ਨ ਇਥੇ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਇਕ ਗੱਲ ਕਹੀ ਸੀ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿਚ ਰੁਲਦਾ ਰਿਹਾ ਹੈ । ਮੈਂ ਇਕ ਗੱਲ ਦੱਸਣਾ ਚਾਹਾਂਗਾ ਕਿ ਕੁਦਰਤੀ ਆਫਤਾਂ ਹੀ ਇਹੋ ਜਿਹੀਆਂ ਸਨ ਅਤੇ ਕੁਝ ਬਾਰਸ਼ ਨੇ ਵੀ ਇਹੋ ਜਿਹਾ ਰੰਗ ਬੰਨ੍ਹਿਆ ਜਿਹੜਾ ਕਿ ਕਿਸੇ ਦੇ ਵੱਸ ਦੀ ਗੱਲ ਨਹੀਂ ਸੀ ਪਰ ਇਸ ਦੇ ਬਾਵਜੂਦ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਾਰੇ ਐਮ. ਐਲ. ਏ. ਸਾਹਿਬਾਨ ਤੇ ਵਜ਼ੀਰਾਂ ਨੂੰ ਇਹ ਹਦਾਇਤਾਂ ਕੀਤੀਆਂ ਸਨ ਕਿ ਤੁਸੀਂ ਮੰਡੀਆਂ ਵਿਚ ਜਾ ਕੇ ਕਿਸਾਨਾਂ ਦੀ ਮਦਦ ਕਰਨੀ ਹੈ ਅਤੇ ਕਿਸਾਨਾਂ ਦਾ ਝੋਨਾ ਬੋਰੀਆਂ ਵਿਚ ਪਵਾਉਣਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਹਰੇਕ ਐਮ. ਐਲ. ਏ. ਡੇਢ ਮਹੀਨਾ ਆਪਣੇ ਘਰ ਨਹੀਂ ਵੜਿਆ । ਉਹ ਸਾਰੇ ਮੰਡੀਆਂ ਵਿਚ ਗਏ ਅਤੇ ਕਿਸਾਨਾਂ ਨੇ ਇਸ ਗੱਲ ਦੀ ਬੜੀ ਸ਼ਲਾਘਾ ਕੀਤੀ । ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਹੀ ਸੀ ਜਿਸ ਨੇ ਝੋਨਾ ਬੋਰੀਆਂ ਵਿਚ ਪਵਾਇਆ । ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਗੁਰਦੇਵ ਸਿਘ ਬਾਦਲ ਜਿਥੇ ਕਿਸਾਨਾਂ ਨੂੰ ਸਿਖਲਾਈ ਦੇਣ ਵਾਸਤੇ ਕਿਸਾਨ ਕੈਂਪ ਲਗਾਉਂਦੇ ਹਨ । ਉਥੇ ਨਾਲ ਹੀ ਇਹ ਦੱਸਿਆ ਜਾਂਦਾ ਹੈ ਕਿ ਖੇਤੀ ਅੱਜ ਇਕ ਲਾਹੇਵੰਦ ਧੰਦਾ ਨਹੀਂ ਹੈ । ਉਥੇ ਇਸ ਗੱਲ ਦਾ ਜ਼ੋਰ ਦਿਤਾ ਜਾਂਦਾ ਹੈ ਕਿ ਕਿਸਾਨਾਂ ਨੂੰ ਖੇਤੀ ਦੇ ਨਾਲ ਮੱਖੀਆਂ ਪਾਲਣ ਦਾ ਧੰਦਾ ਅਪਣਾਉਣਾ ਚਾਹੀਦਾ ਹੈ, ਡੇਅਰੀ ਫ਼ਾਰਮਿੰਗ ਨੂੰ ਡਿਵੈਲਪ ਕਰਨਾ ਚਾਹੀਦਾ ਹੈ ਅਤੇ ਮੱਛੀ ਪਾਲਣ ਦਾ ਧੰਦਾ ਅਪਣਾਉਣਾ ਚਾਹੀਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਬੇਟ ਏਰੀਏ ਲਈ ਜੋ ਕੰਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਕੀਤਾ ਹੈ ਹੋਰ ਕੋਈ ਕਰ ਨਹੀਂ ਸਕਦਾ । ਜਿਹੜੀ ਜ਼ਮੀਨ ਦੀ ਅੱਜ ਕੀਮਤ ਡੇਢ ਤੋਂ ਦੋ ਲੱਖ ਰੁਪਏ ਹੈ, ਬਾਦਲ ਸਰਕਾਰ ਨੇ ਉਹ ਜਿਮੀਂਦਾਰ ਜਿਨ੍ਹਾਂ ਦਾ ਉਨ੍ਹਾਂ ਜ਼ਮੀਨਾਂ ਤੇ ਕਬਜ਼ਾ ਸੀ, ਉਹ 6000 ਰੁਪਏ ਕਿਲੇ ਦੇ ਹਿਸਾਬ ਨਾਲ ਉਸ ਦੀ ਕੀਮਤ ਲਗਾ ਕੇ, ਉਨ੍ਹਾਂ ਨੂੰ ਉਸ ਦਾ ਮਾਲਕ ਬਣਾ ਦਿਤਾ ਹੈ ਅੌਰ ਡਿਪਟੀ ਸਪੀਕਰ ਸਾਹਿਬ, ਇਹ ਕੀਮਤ ਵੀ ਇਕ ਮੁਸ਼ਤ ਨਹੀਂ ਲਈ ਗਈ ਅੌਰ ਕਿਸ਼ਤਾਂ ਵਿੱਚ ਲਈ ਗਈ ਹੈ । ਸਭ ਤੋਂ ਵੱਡੀ ਪ੍ਰਾਪਤੀ ਕਿਉਂਕਿ ਝੋਨੇ ਅਤੇ ਕਣਕ ਦਾ ਜੋ ਬਦਲਾਅ ਹੈ, ਉਸ ਤੇ ਬੜਾ ਜ਼ੋਰ ਦਿੱਤਾ ਜਾ ਰਿਹਾ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਇਹ ਵੀ ਚਿੰਤਾ ਦਾ ਵਿਸ਼ਾ ਬਣਿਆ

[ਸਰਦਾਰ ਭਾਗ ਸਿੰਘ ਮੱਲਾ]

ਹੋਇਆ ਹੈ ਅਤੇ ਇਸ ਦੇ ਬਾਰੇ ਬੜਾ ਜ਼ੋਰ ਲਗਾਇਆ ਜਾ ਰਿਹਾ ਹੈ ਕਿ ਅਸੀਂ ਦਾਲਾਂ ਵੀ ਪੈਦਾ ਕਰੀਏ ਅਤੇ ਵੈਜੀਟੇਬਲਜ਼ ਨੂੰ ਵੀ ਪੈਦਾ ਕਰੀਏ। ਇਸੇ ਮੰਤਵ ਲਈ ਅੰਮ੍ਰਿਤਸਰ ਵਿਖੇ ਇੰਟਰਨੈਸ਼ਨਲ ਏਅਰ ਪੋਰਟ ਨੂੰ ਡਿਵੈਲਪ ਕੀਤਾ ਜਾ ਰਿਹਾ ਹੈ ਤਾਂ ਕਿ ਕਿਸਾਨਾਂ ਦੀਆਂ ਜੋ ਵੈਜੀਟੇਬਲਜ਼ ਅਤੇ ਦਾਲਾਂ ਹਨ, ਉਹ ਮਿਡਲ ਈਸਟ ਵਿੱਚ ਜਾ ਕੇ ਚੰਗੇ ਭਾਅ ਤੇ ਵਿਕਣ।

ਡਿਪਟੀ ਸਪੀਕਰ ਸਾਹਿਬ, ਜੇ ਹੁਣ ਇੰਡਸਟਰੀ ਵੱਲ ਆਈਏ ਤਾਂ ਕੋਈ ਵੀ ਮੁਲਕ ਇੰਡਸਟਰੀ ਤੋਂ ਬਗੈਰ ਤਰੱਕੀ ਨਹੀਂ ਕਰ ਸਕਦਾ। ਜਿਹੜੇ ਮੁਲਕ ਖੇਤੀਬਾੜੀ ਤੇ ਮੁਨੱਸਰ ਰੱਖਦੇ ਹਨ, ਉਹ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ। ਉਹ ਆਪਣੀ ਰਾਏ (ਪਰਜਾ) ਨੂੰ ਸਹੀ ਤਰੀਕੇ ਨਾਲ ਨਹੀਂ ਚਲਾ ਸਕਦੇ। ਮੈਂ ਦੇਖਿਆ, ਜੇ ਅਸੀਂ ਯੂਰਪ ਵੱਲ ਨਿਗ੍ਹਾ ਮਾਰੀਏ ਤਾਂ ਛੋਟੇ ਛੋਟੇ ਮੁਲਕ ਆਸਟਰੀਆ, ਨਾਰਵੇ, ਸਵਿਟਜਰਲੈਂਡ, ਸਵੀਡਨ, ਉਨ੍ਹਾਂ ਵਿੱਚ ਖੇਤੀ ਦਾ ਕੋਈ ਆਧਾਰ ਨਹੀਂ ਪਰ ਉਨ੍ਹਾਂ ਨੇ ਇੰਡਸਟਰੀ ਦੇ ਬਲਬੂਤੇ ਬਹੁਤ ਹੀ ਤਰੱਕੀ ਕੀਤੀ ਹੈ। ਸੋ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਭਲੀਭਾਂਤ ਇਸ ਗੱਲ ਨੂੰ ਸਮਝਦੇ ਹਨ ਅਤੇ ਉਹ ਇਸੇ ਲਈ ਇੰਡਸਟਰੀ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਨ। ਸੈਕਿੰਡ ਵਰਲਡ ਵਾਰ ਵੇਲੇ ਜਰਮਨੀ ਅਤੇ ਜਾਪਾਨ ਬਿਲਕੁਲ ਤਬਾਹ ਹੋ ਗਏ ਸਨ। ਉਨ੍ਹਾਂ ਦੋਹਾਂ ਮੁਲਕਾਂ ਨੇ ਅਮਰੀਕਾ ਤੋਂ ਮਦਦ ਲਈ ਹਾਲਾਂ ਕਿ ਪਹਿਲਾਂ ਉਹ ਦੁਸ਼ਮਣ ਸੀ। ਉਨ੍ਹਾਂ ਤੋਂ ਮਦਦ ਲੈ ਕੇ, ਉਨ੍ਹਾਂ ਤੋਂ ਕੰਮ ਸਿੱਖ ਕੇ ਅੱਜ ਉਹ ਸਾਰੀ ਦੁਨੀਆਂ ਦੀ ਅਗਵਾਈ ਕਰ ਰਹੇ ਹਨ। ਅੱਜ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਉਨ੍ਹਾਂ ਤੋਂ ਅਗਵਾਈ ਲੈ ਕੇ ਮੁਹਾਲੀ ਦੇ ਵਿੱਚ ਕੰਪਿਊਟਰ ਸੈਂਟਰ ਕਾਇਮ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਅਮੋਨੀਆ ਯੂਰੀਆ ਪਲਾਂਟ ਲਗਾਇਆ ਜਾ ਰਿਹਾ ਹੈ। ਸੰਗਰੂਰ ਵਿੱਚ 530 ਕਰੋੜ ਰੁਪਏ ਦੀ ਲਾਗਤ ਨਾਲ ਖਾਦ ਦਾ ਕਾਰਖਾਨਾ ਲੱਗ ਰਿਹਾ ਹੈ ਅਤੇ ਸਭ ਤੋਂ ਵੱਡੀ ਪ੍ਰਾਪਤੀ ਡਿਪਟੀ ਸਪੀਕਰ ਸਾਹਿਬ, ਜੋ ਹੋਈ ਹੈ ਉਹ 16,000 ਕਰੋੜ ਰੁਪਏ ਦੀ ਲਾਗਤ ਨਾਲ ਤੇਲ ਸੋਧਕ ਕਾਰਖਾਨਾ ਬਠਿੰਡਾ ਵਿਖੇ ਲੱਗ ਰਿਹਾ ਹੈ। ਇਨ੍ਹਾਂ ਸਾਰਿਆਂ ਦੇ ਨਾਲ ਜੋ ਤਰੱਕੀ ਪੰਜਾਬ ਦੀ ਹੋਵੇਗੀ, ਉਸ ਤੋਂ ਅਸੀਂ ਭਲੀਭਾਂਤ ਅੰਦਾਜ਼ਾ ਲਗਾ ਸਕਦੇ ਹਾਂ। ਇਸ ਤੋਂ ਪਹਿਲਾਂ ਪਿਛਲੇ 50 ਸਾਲਾਂ ਵਿੱਚ ਕੇਵਲ 14,000 ਕਰੋੜ ਰੁਪਏ ਦੇ ਕਾਰਖਾਨੇ ਪੰਜਾਬ ਵਿੱਚ ਲੱਗੇ ਸਨ। ਇਕ ਬਰਤਾਨੀਆ ਦੀ ਆਈ. ਸੀ. ਆਈ. ਕੰਪਨੀ ਆਈ ਸੀ, ਉਹ ਵੀ ਮੁਹਾਲੀ ਵਿਖੇ ਰੰਗ ਰੋਗਨ ਦਾ ਕਾਰਖਾਨਾ ਲਗਾ ਰਹੀ ਹੈ। ਸੋ, ਆਉਣ ਵਾਲਾ ਸਮਾਂ ਦੱਸੇਗਾ ਕਿ ਪੰਜਾਬ ਵਿੱਚ ਬੇਰੋਜ਼ਗਾਰੀ ਖਤਮ ਹੋਵੇਗੀ ਅਤੇ ਪੰਜਾਬ ਦਾ ਨਕਸ਼ਾ, ਜੋ ਪੰਜਾਬ ਦਾ ਸਥਾਨ ਹੋਵੇਗਾ, ਉਹ ਨੈਸ਼ਨਲ ਪੱਧਰ ਤੇ ਇੱਕ ਚੰਗਾ ਸਥਾਨ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਖੇਤੀਬਾੜੀ ਹੋਵੇ ਜਾਂ ਇੰਡਸਟਰੀ ਹੋਵੇ ਚਾਹੇ ਹੋਰ ਕੋਈ ਕੰਮ ਹੋਣ, ਬਿਜਲੀ ਤੋਂ ਬਗੈਰ ਕੋਈ ਵੀ ਮੁਲਕ ਵਿਕਾਸ ਵੱਲ ਪੁਲਾਂਘਾਂ ਨਹੀਂ ਪੁੱਟ ਸਕਦਾ। ਸੋ, ਬਿਜਲੀ ਦੇ ਖੇਤਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਰਣਜੀਤ ਸਾਗਰ ਡੈਮ ਤਿਆਰ ਹੋ ਚੁੱਕਾ ਹੈ। ਮੇਰਾ ਖਿਆਲ ਹੈ ਕਿ ਇੱਕ ਮਹੀਨੇ ਤੱਕ ਬਿਜਲੀ ਦੀ ਪੈਦਾਵਾਰ ਸ਼ੁਰੂ ਹੋ ਜਾਵੇਗੀ। ਜਿਸ ਤੋਂ 600 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਡਿਪਟੀ ਸਪੀਕਰ ਸਾਹਿਬ, ਆਉਣ ਵਾਲੇ ਦੋ-ਤਿੰਨ ਸਾਲਾਂ ਵਿੱਚ ਸਰਕਾਰ ਦਾ ਟੀਚਾ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਪੈਦਾ ਕਰਨ ਦਾ ਹੈ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਲਹਿਰਾ ਮੁਹੱਬਤ ਵਿਖੇ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਦਾ ਇੱਕ ਯੂਨਿਟ ਚਾਲੂ ਹੋ ਚੁੱਕਾ ਹੈ ਅਤੇ ਦੂਸਰਾ

ਯੂਨਿਟ ਚਾਲੂ ਹੋਣ ਵਾਲਾ ਹੈ । ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਗੋਇੰਦਵਾਲ ਸਾਹਿਬ ਵਿਖੇ ਇੱਕ ਹੋਰ ਥਰਮਲ ਪਲਾਂਟ ਚਾਲੂ ਕਰਨ ਲੱਗੇ ਹਾਂ । ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਟੀਚਾ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਪੈਦਾ ਕਰਨ ਦਾ ਹੈ । 1992 ਤੋਂ 1997 ਤੱਕ ਇੱਕ ਮੈਗਾਵਾਟ ਬਿਜਲੀ ਵੀ ਪੰਜਾਬ ਵਿੱਚ ਪੈਦਾ ਨਹੀਂ ਕੀਤੀ ਗਈ ਔਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦੋ ਸਾਲਾਂ ਵਿੱਚ ਦੋ ਹਜ਼ਾਰ ਮੈਗਾਵਾਟ ਬਿਜਲੀ ਪੈਦਾ ਕੀਤੀ ਹੈ ।

ਡਿਪਟੀ ਸਪੀਕਰ ਸਾਹਿਬ, ਅੱਜ ਇਕ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ । ਇਹ ਵਿਸ਼ਾ ਸਿਰਫ ਪੰਜਾਬ ਦਾ ਨਹੀਂ, ਹਿੰਦੁਸਤਾਨ ਦਾ ਨਹੀਂ ਸਗੋਂ ਸਾਰੀ ਦੁਨੀਆਂ ਇਸ ਵਾਸਤੇ ਚਿੰਤਿਤ ਹੈ । ਇਹ ਨਿਊਕਲੀਅਰ ਵਾਰ ਨਾਲੋਂ ਵੀ ਵੱਧ ਖਤਰਨਾਕ ਸਾਬਤ ਹੋ ਸਕਦਾ ਹੈ । ਮੇਰਾ ਭਾਵ ਪ੍ਰਦੂਸ਼ਣ ਤੋਂ ਹੈ । ਅੱਜ ਹਵਾ ਦਾ ਪ੍ਰਦੂਸ਼ਣ ਔਰ ਪਾਣੀ ਦਾ ਪ੍ਰਦੂਸ਼ਣ ਬਹੁਤ ਤਬਾਹੀ ਕਰ ਸਕਦਾ ਹੈ । ਡਿਪਟੀ ਸਪੀਕਰ ਸਾਹਿਬ, ਪਿਛਲੇ ਪੰਜਾਹ ਸਾਲਾਂ ਤੋਂ ਹੁਣ ਤੱਕ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਪਰ ਜਦੋਂ ਤੋਂ ਪੰਜਾਬ ਵਿੱਚ ਬਾਦਲ ਸਾਹਿਬ ਦੀ ਸਰਕਾਰ ਆਈ ਹੈ । ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਕਿਉਂਕਿ ਬਾਦਲ ਸਾਹਿਬ ਸਮਝਦੇ ਹਨ ਕਿ ਆਉਣ ਵਾਲੀਆਂ ਨਸਲਾਂ ਤੇ ਇਸ ਦਾ ਅਸਰ ਪੈ ਸਕਦਾ ਹੈ । ਜੇਕਰ ਹਵਾ ਵਿੱਚ ਪ੍ਰਦੂਸ਼ਣ ਹੋਵੇਗਾ, ਪਾਣੀ ਵਿੱਚ ਪ੍ਰਦੂਸ਼ਣ ਹੋਵੇਗਾ ਤਾਂ ਜਨਮ ਲੈਣ ਵਾਲੇ ਬੱਚੇ ਅੰਗਹੀਣ ਹੋ ਸਕਦੇ ਹਨ, ਹੈਂਡੀਕੈਪਡ ਹੋ ਸਕਦੇ ਹਨ । ਇਸ ਦਾ ਦਿਲ, ਦਿਮਾਗ ਤੇ ਭੈੜਾ ਅਸਰ ਪੈ ਸਕਦਾ ਹੈ । ਇਸ ਲਈ, ਡਿਪਟੀ ਸਪੀਕਰ ਸਾਹਿਬ, ਸਤਲੁਜ ਦਰਿਆ ਨੂੰ ਸਾਫ ਕਰਨ ਲਈ ਇੱਕ ਬਹੁਤ ਵੱਡੀ ਯੋਜਨਾ ਬਣਾਈ ਗਈ ਹੈ । ਇਸ ਦੇ ਤਹਿਤ 320 ਕਰੋੜ ਰੁਪਿਆ ਖਰਚ ਕੀਤਾ ਜਾਵੇਗਾ । ਇਸੇ ਤਰ੍ਹਾਂ ਲੁਧਿਆਣਾ, ਫਿਲੌਰ, ਫਗਵਾੜਾ ਔਰ ਜਲੰਧਰ ਸ਼ਹਿਰ ਜਿਹੜੇ ਕਿ ਬਹੁਤ ਖਰਾਬ ਹੋ ਰਹੇ ਹਨ, ਉਨ੍ਹਾਂ ਨੂੰ ਪ੍ਰਦੂਸ਼ਣ ਰਹਿਤ ਕੀਤਾ ਜਾਵੇਗਾ । 180 ਕਰੋੜ ਰੁਪਿਆ ਸੈਂਟਰ ਸਰਕਾਰ ਨੇ ਇਸ ਲਈ ਰਿਲੀਜ਼ ਕਰ ਦਿੱਤਾ ਹੈ । ਡਿਪਟੀ ਸਪੀਕਰ ਸਾਹਿਬ, ਇੱਕ ਸਮਾਂ ਸੀ ਜਦੋਂ ਲੁਧਿਆਣੇ ਦੇ ਨਾਲ ਦਰਿਆ ਸਤਲੁਜ ਵਿੱਚ 56 ਕਿਸਮ ਦੀਆਂ ਮੱਛਲੀਆਂ ਹੁੰਦੀਆਂ ਸਨ ਪਰ ਅੱਜ ਉਥੇ ਕੋਈ ਮੱਛਲੀ ਨਹੀਂ ਦਿੱਸਦੀ ਕਿਉਂਕਿ ਪ੍ਰਦੂਸ਼ਣ ਨੇ ਸਾਰੀਆਂ ਮੱਛਲੀਆਂ ਨੂੰ ਮਾਰ ਦਿੱਤਾ ਹੈ ।

ਡਿਪਟੀ ਸਪੀਕਰ ਸਾਹਿਬ, ਪੀਣ ਵਾਲੇ ਪਾਣੀ ਦੀ, ਖਾਸ ਕਰਕੇ ਲੁਧਿਆਣੇ ਵਿੱਚ ਬਹੁਤ ਭੈੜੀ ਹਾਲਤ ਹੈ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਇੱਕ ਯੋਜਨਾ ਪਿਛਲੀ ਵਾਰ ਸਤਲੁਜ ਦਰਿਆ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਬਣਾਈ ਸੀ । ਇਸ ਦੇ ਨਾਲ ਹੀ ਇੱਕ ਬੁੱਢਾ ਨਾਲਾ ਲੁਧਿਆਣੇ ਵਿੱਚ ਲੰਘਦਾ ਹੈ ਉਥੇ ਵੀ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਦਾ ਪ੍ਰੋਗਰਾਮ ਬਣਾਇਆ ਸੀ ।

ਡਿਪਟੀ ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਜਿਹੜੀ ਚਿੰਤਾ ਦਾ ਵਿਸ਼ਾ ਹੈ, ਉਹ ਸਾਲਿਡ ਵੇਸਟ ਹੈ । ਅਸੀਂ ਸਾਰੇ ਜਾਣਦੇ ਹਾਂ ਕਿ ਗੰਦ ਮੰਦ ਸੁੱਟਣ ਲਈ ਕੋਈ ਜਗ੍ਹਾ ਨਹੀਂ ਹੁੰਦੀ ਅਤੇ ਜਿੱਥੇ ਵੀ ਗੰਦ-ਮੰਦ ਸੁੱਟਿਆ ਜਾਂਦਾ ਹੈ, ਉਥੇ ਹੀ ਪਿਆ ਰਹਿੰਦਾ ਹੈ । ਫਿਰ ਜਦੋਂ ਬਾਰਸ਼ਾਂ ਆਉਂਦੀਆਂ ਹਨ ਤਾਂ ਉਥੇ ਬਹੁਤ ਬਦਬੂ ਆਉਂਦੀ ਹੈ । ਇਸ ਕਰਕੇ

[ਸਰਦਾਰ ਭਾਗ ਸਿੰਘ ਮੱਲਾ]

ਉਸ ਦੇ ਲਈ ਪੰਜਾਬ ਸਰਕਾਰ ਨੇ ਇੱਕ ਦਿੱਲੀ ਦੀ ਕੰਪਨੀ ਮੈਸਰਜ਼ ਹਾਈਡ ਨਾਲ ਮਿਲ ਕੇ ਸੋਚਿਆ ਹੈ ਕਿ ਸਾਲਿਡ ਵਸਟ ਨੂੰ ਕਿਸ ਤਰ੍ਹਾਂ ਨਜਿੱਠਿਆ ਜਾਵੇ। ਉਸ ਦੇ ਲਈ ਕੀ-ਕੀ ਕੰਮ ਕੀਤੇ ਜਾਣ। ਇਸ ਤੇ ਵਿਚਾਰ ਵਟਾਂਦਰਾ ਹੋ ਚੁੱਕਿਆ ਹੈ ਅੰਰ ਛੇਤੀ ਹੀ ਮਾਹਿਰਾਂ ਦੀ ਰਾਇ ਲੈ ਕੇ ਟਰੀਟਮੈਂਟ ਪਲਾਂਟ ਲਗਾਏ ਜਾਣਗੇ। ਹੋ ਸਕਦਾ ਹੈ ਇਸ ਸਾਲਿਡ ਵੇਸਟ ਤੋਂ ਬਿਜਲੀ ਪੈਦਾ ਹੋਵੇ ਅੰਰ ਇਸ ਤਰ੍ਹਾਂ ਬਿਜਲੀ ਦੀ ਜੋ ਥੁੜ ਹੈ, ਉਸ ਨੂੰ ਦੂਰ ਕੀਤਾ ਜਾ ਸਕਦਾ ਹੈ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਜੋ ਗਵਰਨਰ ਸਾਹਿਬ ਨੇ ਆਪਣਾ ਭਾਸ਼ਣ ਦਿੱਤਾ ਸੀ, ਸਭ ਤੋਂ ਪਹਿਲਾਂ ਉਸ ਵਿਚ ਖਾਲਸੇ ਦੇ 300 ਸਾਲਾ ਸਾਜਣਾ ਦਿਵਸ ਦੀ ਗੱਲ ਹੈ। ਅੱਜ ਸਾਰੀ ਕੌਮ ਖਾਲਸੇ ਦਾ 300 ਸਾਲਾ ਸਾਜਣਾ ਦਿਵਸ ਮਨਾਉਣ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਵਿਚ ਮੁਲਕ ਦੇ ਹਾਲਾਤ ਨੂੰ ਦੇਖਦੇ ਹੋਏ ਖਾਲਸਾ ਸਾਜਿਆ। ਉਸ ਸਮੇਂ ਸਾਰੀ ਕੌਮ ਦਿਸ਼ਾਹੀਣ ਹੋ ਗਈ ਸੀ, ਫਲਹੀਣ ਹੋ ਗਈ ਸੀ, ਲਿਤਾੜੀ ਗਈ ਸੀ ਅੰਰ ਬਾਹਰਲੇ ਹਮਲੇ ਕਰਕੇ ਦੁਸ਼ਮਣ ਇਥੋਂ ਦੀਆਂ ਬਹੂ-ਬੇਟੀਆਂ ਨੂੰ ਲੈ ਜਾਂਦੇ ਸੀ। ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਦੀ ਸਿਰਜਨਾ ਕਰਕੇ ਬਹੁਤ ਵੱਡੇ ਕਾਰਨਾਮੇ ਨੂੰ ਸਰਅੰਜਾਮ ਦਿੱਤਾ। ਉਸ ਦੇ ਲਈ ਆਪਾਂ ਸਾਰੇ ਹੀ ਤਨ ਮਨ ਧਨ ਨਾਲ ਕੰਮ ਕਰ ਰਹੇ ਹਾਂ ਪਰ ਜੋ ਕੰਮ ਉਨ੍ਹਾਂ ਨੇ ਕੀਤਾ ਉਸ ਬਾਰੇ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਇਕ ਬਹੁਤ ਹੀ ਵੱਡਾ ਕੰਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀਤਾ। ਮੈਂ ਤਾਂ ਕਹਾਂਗਾ ਕਿ ਉਨ੍ਹਾਂ ਨੂੰ ਇਸ ਲਈ ਬਹੁਤ ਕੀਮਤ ਚੁਕਾਉਣੀ ਪਈ ਹੈ। ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣਾ ਸਾਰਾ ਸਰਬੰਸ, ਸਾਡੇ ਲਈ, ਸਾਡੇ ਦੇਸ਼ ਲਈ, ਕੌਮ ਲਈ ਵਾਰ ਦਿੱਤਾ ਅੰਰ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਰਲ ਮਿਲ ਕੇ ਇਸ ਦਿਨ ਨੂੰ ਮਨਾਈਏ। ਜੋ ਮਨਪ੍ਰੀਤ ਸਿੰਘ ਬਾਦਲ ਨੇ ਪ੍ਰਸਤਾਵ ਰੱਖਿਆ ਸੀ, ਉਸ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਅੰਰ ਤੁਹਾਡਾ ਧੰਨਵਾਦੀ ਹਾਂ। ਧੰਨਵਾਦ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਮੱਖਣ ਸਿੰਘ (ਫਿਘਨ) ਸਰਦਾਰ ਨੱਥਾ ਸਿੰਘ ਦਾਲਮ (ਇਸ ਸਮੇਂ ਇਹ ਦੋਨੋ ਮਾਨਯੋਗ ਮੈਂਬਰ ਸਾਹਿਬਾਨ ਸਦਨ ਵਿਚ ਹਾਜ਼ਰ ਨਹੀਂ ਸਨ।)

ਕੋਈ ਹੋਰ ਆਨਰੇਬਲ ਮੈਂਬਰ ਇਸ ਤੇ ਬੋਲਣਾ ਚਾਹੇ ਤਾਂ ਬੋਲ ਸਕਦਾ ਹੈ ਕਿਉਂਕਿ ਕਿਸੇ ਹੋਰ ਮੈਂਬਰ ਸਾਹਿਬਾਨ ਦਾ ਨਾਮ ਇਥੇ ਮੌਜੂਦ ਨਹੀਂ ਹੈ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ (ਬੱਲੂਆਣਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਮਤਾ ਲਿਆਂਦਾ ਹੈ, ਉਸ ਤੇ ਬੋਲਣ ਵਾਸਤੇ ਸਮਾਂ

ਗਿਆ ਹੈ ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਆਇਆ ਹੈ ਕਿ ਖਾਲਸੇ ਦਾ 300 ਸਾਲਾ ਜਨਮ ਦਿਵਸ ਮਨਾਇਆ ਜਾ ਰਿਹਾ ਹੈ। 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥' ਇਸ ਆਸ਼ੇ ਦੇ ਤਹਿਤ ਖਾਲਸੇ ਦੀ ਸਾਜਣਾ ਕੀਤੀ ਗਈ ਸੀ ਅਤੇ ਗੁਰੂ ਸਾਹਿਬ ਦਾ ਇਹ ਮਿਸ਼ਨ ਸੀ ਕਿ ਜੋ ਛੋਟੇ ਕੁਚਲੇ ਲੋਕ ਹਨ, ਉਨ੍ਹਾਂ ਨੂੰ ਉਪਰ ਉਠਾਉਣਾ ਹੈ ਅਤੇ ਤਾਂ ਹੀ ਉਨ੍ਹਾਂ ਨੇ ਕਿਹਾ ਸੀ 'ਚਿੜੀਓਂ ਸੇ ਮੈਂ ਬਾਜ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ' ਸੋ ਗੁਰੂ ਗੋਬਿੰਦ ਸਿੰਘ ਦੀ ਇਸ ਗੱਲ ਵਿਚ ਨੈਸ਼ਨਲ ਇੰਟੈਗਰੇਸ਼ਨ ਦੀ ਭਾਵਨਾ ਵੀ ਆਈ ਸੀ ਕਿ ਜਿਹੜੇ ਪੰਜ ਪਿਆਰੇ ਸਨ, ਉਹ ਸਭ ਆਊਟ ਇੰਡੀਆ ਵਿਚੋਂ ਸਨ ਨਾ ਕਿ ਕਿਸੇ ਇਕ ਸਟੇਟ ਵਿਚੋਂ ਸਨ ਅਤੇ ਉਨ੍ਹਾਂ ਵਿਚ ਕੁਰਬਾਨੀ ਦੀ ਭਾਵਨਾ ਪੈਦਾ ਕੀਤੀ ਸੀ ਅਤੇ ਕਿਹਾ ਸੀ 'ਸਵਾ ਲਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ।' ਉਸ ਟਾਈਮ, ਡਿਪਟੀ ਸਪੀਕਰ ਸਾਹਿਬ, ਕਿਹਾ ਜਾਂਦਾ ਸੀ 'ਢੋਲ, ਸ਼ੂਦਰ ਅਤੇ ਨਾਰੀ, ਤੀਨੋਂ ਤਾੜਨ ਕੇ ਅਧਿਕਾਰੀ।' ਜੇਕਰ ਅਸੀਂ ਇਨ੍ਹਾਂ ਤਿੰਨਾਂ ਨੂੰ ਤਾੜ ਕੇ ਰੱਖਾਂਗੇ ਤਾਂ ਹੀ ਇਹ ਕੰਮ ਕਰਨਗੇ। ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਵਿਚ ਇਕ ਭਾਵਨਾ ਪੈਦਾ ਕੀਤੀ, ਸਪਿਰਟ ਪੈਦਾ ਕੀਤੀ ਅਤੇ ਉਨ੍ਹਾਂ ਨੇ ਕਿਸ ਤਰ੍ਹਾਂ ਕੁਰਬਾਨੀਆਂ ਕੀਤੀਆਂ ਹਨ, ਇਹ ਮਿਸਾਲ ਆਪਣੇ ਸਾਹਮਣੇ ਹੈ। ਮੈਂ ਇਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਡਿਪਟੀ ਸਪੀਕਰ ਸਾਹਿਬ, 300 ਸਾਲਾਂ ਦੇ ਵਿਚ 1984 ਦਾ ਸਾਲ ਵੀ ਆਉਂਦਾ ਹੈ ਜਿਹੜਾ ਇਸ ਕੌਮ ਦੇ ਵਾਸਤੇ ਬੜਾ ਖਤਰਨਾਕ ਸੀ। ਮੇਰੇ ਸਾਥੀ (ਕਾਂਗਰਸੀ ਬੈਂਚਾਂ ਵਲ ਇਸ਼ਾਰਾ) ਬੈਠੇ ਨਹੀਂ ਹਨ, ਉਨ੍ਹਾਂ ਨੇ ਗੁਰਦੁਆਰਿਆਂ ਦੇ ਉਤੇ ਹਮਲੇ ਕੀਤੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹਿਆ ਗਿਆ। ਅੱਜ ਵੀ ਹਿੰਦ ਦੀ ਸਰਕਾਰ ਹੈ ਪਰ ਇਕ ਸਰਕਾਰ ਉਹ ਸੀ ਹਿੰਦ ਦੀ, ਜਿਸ ਨੇ ਸਾਡੇ ਗੁਰਦੁਆਰਿਆਂ ਨੂੰ ਢਾਹਿਆ ਅਤੇ ਅਕਾਲ ਤਖਤ ਸਾਹਿਬ ਨੂੰ ਢਾਹਿਆ। ਅੱਜ ਸਾਡੀ ਬਾਦਲ ਸਾਹਿਬ ਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਸਪੋਟ ਦੇ ਵਿਚ ਸਰਕਾਰ ਹੈ ਜਿਹੜੀ 164 ਕਰੋੜ ਰੁਪਿਆ ਇਸ ਦੇ ਉਤੇ ਖਰਚ ਕਰ ਰਹੀ ਹੈ। ਸਾਨੂੰ ਬੜਾ ਵੱਡਾ ਮਾਣ ਹੈ ਕਿ ਹੁਣ ਹਿੰਦ ਦੀ ਸਰਕਾਰ ਵਲੋਂ ਵੀ 100 ਕਰੋੜ ਰੁਪਿਆ ਉਥੇ ਖਰਚ ਕੀਤਾ ਜਾ ਰਿਹਾ ਹੈ।

ਇਕ ਪਾਸੇ ਉਹ ਕਾਂਗਰਸ ਸਰਕਾਰ ਸੀ ਜਿਨ੍ਹਾਂ ਨੇ ਹਮਲੇ ਕੀਤੇ ਸਨ, ਗੁਰਦੁਆਰੇ ਢਾਹੇ ਸਨ। ਉਥੇ ਅੱਜ ਕੇਂਦਰ ਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਵਲੋਂ ਇਨੀ ਵੱਡੀ ਰਕਮ ਖਰਚ ਕੀਤੀ ਜਾ ਰਹੀ ਹੈ। (ਥੰਪਿੰਗ) ਜੋ ਸਾਡੇ ਵਿਧਾਨ ਸਭਾ ਦੇ ਆਪੋਜੀਸ਼ਨ ਦੇ ਲੀਡਰ ਹਨ, ਉਨ੍ਹਾਂ ਵਲੋਂ ਜੋ ਕਿਹਾ ਗਿਆ ਉਹ ਮੈਨੂੰ ਸੁਣ ਕੇ ਬੜਾ ਦੁੱਖ ਹੋਇਆ। ਉਨ੍ਹਾਂ ਨੇ ਸਰਕਾਰ ਵੱਲ ਇਤਰਾਜ਼ ਕੀਤਾ ਸੀ ਜਿਸ ਤਰ੍ਹਾਂ ਪਹਿਲਾਂ ਨਾਅਰੇ ਲਾਏ ਜਾਂਦੇ ਸਨ ਕਿ ਅਸੀਂ ਚੰਡੀਗੜ੍ਹ ਲੈਣਾ ਹੈ, ਪੰਜਾਬੀ ਬੋਲਦੇ ਇਲਾਕੇ ਲੈਣੇ ਹਨ। ਮੇਰੇ ਵੀਰ ਅੱਜ ਨਹੀਂ ਹਨ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਡੇ ਕਿਸ ਨੇ ਬੀਜੇ ਸਨ, ਚੰਡੀਗੜ੍ਹ ਦਾ ਮਸਲਾ ਕਿਸ ਨੇ ਪੈਦਾ ਕੀਤਾ ਸੀ। ਉਸ ਸਮੇਂ ਦੀ ਜ਼ਾਲਮ ਸਰਕਾਰ ਜਿਸ ਦਾ ਮੈਂ ਨਾਮ ਲੈਣਾ ਚਾਹੁੰਦਾ ਹਾਂ। ਸ਼੍ਰੀਮਤੀ ਇੰਦਰਾ ਗਾਂਧੀ ਜੋ ਉਸ ਵੇਲੇ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਸੀ। ਉਨ੍ਹਾਂ ਨੇ ਸਾਡੇ ਕੋਲੋਂ ਸਾਡੀ ਰਾਜਧਾਨੀ ਖੋਹੀ ਅਤੇ ਸਾਡੀ ਧਰਤੀ ਦੇ ਉਤੇ ਵਸਿਆ ਹੋਇਆ ਚੰਡੀਗੜ੍ਹ ਸਾਡੇ ਕੋਲੋਂ ਖੋਹਿਆ ਗਿਆ, ਇਸ ਨੂੰ

[ਸਰਦਾਰ ਗੁਰਤੇਜ ਸਿੰਘ ਘੁੜਿਆਣਾ]

ਯੂਨੀਅਨ ਟੈਰੇਟਰੀ ਬਣਾਇਆ ਗਿਆ । ਦੋ ਸਟੇਟਾਂ ਦੇ ਵਿਚ ਡਿਸਪਿਊਟ ਖੜ੍ਹਾ ਕੀਤਾ ਗਿਆ ਔਰ ਪੰਜਾਬੀ ਬੋਲਦੇ ਇਲਾਕਿਆਂ ਦੀ ਗੱਲ ਕੀਤੀ ਗਈ । ਸ਼੍ਰੀ ਗੁਲਜ਼ਾਰੀ ਲਾਲ ਨੰਦਾ ਵਲੋਂ ਕਿਹਾ ਗਿਆ ਕਿ ਮੈਂ ਅਕਾਲੀਆਂ ਨੂੰ ਇਹੋ ਜਿਹੀ ਸਟੇਟ ਦੇਣੀ ਚਾਹੁੰਦਾ ਹਾਂ ਕਿ ਉਹ ਇਸ ਨੂੰ ਛੱਡ ਛੱਡ ਕੇ ਭੱਜਣਗੇ । ਜੋ ਸਟੇਟ ਦਿਤੀ ਗਈ ਉਹ ਸਾਰਿਆਂ ਨੂੰ ਪਤਾ ਹੀ ਹੈ, ਸਾਰਾ ਬਾਰਡਰ ਏਰੀਆ । ਸਾਰੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਕਿਸ ਤਰ੍ਹਾਂ ਸਾਜਿਸ਼ ਦੇ ਤਹਿਤ ਪੰਜਾਬ ਤੋਂ ਵੱਖ ਕੀਤੇ ਗਏ । ਪੰਜਾਬੀ ਦੇ ਵਿਚ ਇਕ ਕਹਾਵਤ ਹੈ 'ਛੱਜ ਤਾਂ ਬੋਲੇ ਛਾਨਣੀ ਵੀ ਬੋਲੇ ।' ਜਿਨ੍ਹਾਂ ਲੋਕਾਂ ਨੇ ਇਹ ਕੰਮ ਕੀਤੇ ਸਨ, ਅੱਜ ਸਾਨੂੰ ਵੀ ਕਰਨ ਨੂੰ ਕਹਿੰਦੇ ਹਨ । ਮੈਨੂੰ ਬਾਦਲ ਸਾਹਿਬ ਉਤੇ ਮਾਣ ਹੈ ਜਿਨ੍ਹਾਂ ਨੇ ਪੰਜਾਬ ਦੇ ਲਈ ਬਹੁਤ ਕੁਝ ਕੀਤਾ ਹੈ । ਅੱਜ ਮੇਰੇ ਸਾਹਮਣੇ ਵੀਰ ਬੈਠੇ ਨਹੀਂ ਹਨ, ਉਨ੍ਹਾਂ ਬਾਰੇ ਮੈਨੂੰ ਵਾਰ ਵਾਰ ਕਹਿਣਾ ਪੈਂਦਾ ਹੈ । ਮੈਨੂੰ ਬਹੁਤ ਦੁੱਖ ਹੋਇਆ ਕਿ ਅੱਜ ਉਹ ਗਵਰਨਰ ਸਾਹਿਬ ਦੇ ਐਡਰੈਸ ਉਤੇ ਵਾਕ-ਆਊਟ ਕਰ ਗਏ ਹਨ । ਉਨ੍ਹਾਂ ਨੂੰ ਇਸ ਦੇ ਵਿਚ ਕੁਝ ਵੀ ਚੰਗਾ ਨਹੀਂ ਲੱਗਿਆ । ਸਾਡੀ ਸਰਕਾਰ ਨੇ ਜ਼ਿਮੀਂਦਾਰਾਂ ਦੇ ਟਿਊਬਵੈਲਾਂ ਦੇ ਬਿੱਲ ਮੁਆਫ਼ ਕੀਤੇ ਹਨ, ਇਨ੍ਹਾਂ ਨੂੰ ਇਹ ਚੰਗਾ ਨਹੀਂ ਲੱਗਾ ਤੇ ਮਾਲੀਆ ਮੁਆਫ਼ ਕੀਤਾ ਗਿਆ, ਇਹ ਚੰਗਾ ਨਹੀਂ ਲੱਗਾ । ਕੀ ਉਨ੍ਹਾਂ ਨੂੰ ਇਹ ਚੰਗਾ ਨਹੀਂ ਲੱਗਾ ਕਿ ਅੱਜ ਜੋ ਸਾਡੇ ਦਲਿਤ ਵੀਰ ਹਨ ਉਨ੍ਹਾਂ ਦੀਆਂ ਗਰੀਬ ਬੇਟੀਆਂ ਦੇ ਵਿਆਹ ਦੇ ਸਮੇਂ 5100/- ਰੁਪਏ ਸ਼ਗਨ ਸਕੀਮ ਤਹਿਤ ਪੈਸਾ ਦਿੱਤਾ ਜਾਂਦਾ ਹੈ, ਉਨ੍ਹਾਂ ਨੂੰ ਇਹ ਚੰਗਾ ਨਹੀਂ ਲੱਗਾ ਕਿ 500/- ਰੁਪਿਆ ਜਣੇਪੇ ਵੇਲੇ ਔਰ 4500/- ਰੁਪਏ ਦੀ ਐਫ. ਡੀ. ਗਰੀਬ ਬੇਟੀਆਂ ਦੇ ਲਈ ਕੀਤੀ ਜਾਂਦੀ ਹੈ । ਕੀ ਉਨ੍ਹਾਂ ਨੂੰ ਇਹ ਚੰਗਾ ਨਹੀਂ ਲੱਗਾ ਕਿ 8500/- ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਹੋਇਆ ਹੈ । ਡਿਪਟੀ ਸਪੀਕਰ ਸਾਹਿਬ, ਅੱਜ ਜਦੋਂ ਹੁਣ ਇਸ ਪਵਿੱਤਰ ਸਦਨ ਵਿਚ ਗੱਲ ਹੁੰਦੀ ਹੈ, ਮੇਰੇ ਵੀਰ ਬੜੇ ਭੱਜ ਭੱਜ ਕੇ ਗੱਲਾਂ ਕਰਦੇ ਹਨ ਕਿ ਕਰਜ਼ਾ ਮੁਆਫ਼ ਨਹੀਂ ਹੋਇਆ । ਸਾਡੇ ਸਤਿਕਾਰਯੋਗ ਐਫ. ਐਮ. ਸਾਹਿਬ ਨੇ ਕਿਹਾ ਸੀ ਕਿ ਤੁਸੀਂ ਮੇਰੇ ਕਮਰੇ ਦੇ ਵਿਚ ਆ ਜਾਓ ਤਾਂ ਮੈਂ ਤੁਹਾਨੂੰ ਇਸ ਕਰਜ਼ੇ ਦੀ ਮੁਆਫ਼ੀ ਦੇ ਸਾਰੇ ਡਾਕੂਮੈਂਟਸ ਦਿਖਾ ਦਿਆਂਗਾ । ਪਤਾ ਨਹੀਂ ਇਹ ਜਾਣ ਬੁੱਝ ਕੇ ਇਹੋ ਜਿਹੀਆਂ ਗੱਲਾਂ ਕਿਉਂ ਕਰਦੇ ਹਨ ? ਜਦੋਂ ਲੁਧਿਆਣਾ ਵਿਖੇ ਸ਼੍ਰੀ ਗੁਜਰਾਲ ਜੀ ਆਏ ਸਨ ਤਾਂ ਉਦੋਂ ਇਨ੍ਹਾਂ ਦੀ ਆਪੋਜ਼ੀਸ਼ਨ ਦੀ ਲੀਡਰ ਵੀ ਇਸ ਦੇ ਵਿਚ ਸ਼ਾਮਲ ਸੀ, ਉਥੇ ਮੈਂ ਵੀ ਹਾਜ਼ਰ ਸਾਂ, ਉਦੋਂ ਬੀਬੀ ਜੀ ਨੇ ਵੀ ਆਪਣੀ ਸਪੀਚ ਕੀਤੀ ਸੀ ਅਤੇ ਉਥੇ ਇਨ੍ਹਾਂ ਨੇ ਵੀ ਖੁਸ਼ੀ ਪ੍ਰਗਟ ਕੀਤੀ ਸੀ ਪਰ ਫਿਰ ਇਹ ਵਾਰ ਵਾਰ ਸ਼ੰਕੇ ਪੈਦਾ ਕਰਦੇ ਹਨ । ਮੈਨੂੰ ਤਾਂ ਇਹ ਲੱਗਦਾ ਹੈ ਕਿ ਜਿਹੜੀਆਂ ਇਨ੍ਹਾਂ ਨੇ ਐਨਕਾਂ ਲਾਈਆਂ ਹੋਈਆਂ ਹਨ ਉਹ ਚਸ਼ਮੇ ਉਤਾਰ ਕੇ ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ, ਤਾਂ ਹੀ ਇਹ ਚੀਜ਼ਾਂ ਉਨ੍ਹਾਂ ਨੂੰ ਦਿਖ ਸਕਦੀਆਂ ਹਨ । 20 ਕਿਲੋਮੀਟਰ ਸੜਕਾਂ ਦੀ ਗੱਲ ਚਲੀ ਹੈ । ਹਰ ਕਾਂਸਟੀਚਿਊਐਂਸੀ ਵਿਚ 20 ਕਿਲੋਮੀਟਰ ਸੜਕ ਬਣ ਰਹੀ ਹੈ । 8000 ਕਿਲੋਮੀਟਰ ਸੜਕਾਂ ਦੀ ਰਿਪੇਅਰ ਹੋ ਰਹੀ ਹੈ । 3000 ਕਿਲੋਮੀਟਰ ਪਲੈਨਡ ਰੋਡਜ਼ ਹਨ, ਉਨ੍ਹਾਂ ਦੀ ਰਿਪੇਅਰ ਹੋ ਰਹੀ ਹੈ । ਡਿਪਟੀ ਸਪੀਕਰ ਸਾਹਿਬ, ਇੱਥੇ ਮੈਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ । ਮੇਰੇ ਹਲਕੇ ਬੱਲੂਆਣੇ ਵਿਚ ਤਿੰਨ ਸੜਕਾਂ ਦਾ ਉਦਘਾਟਨ ਹੋਇਆ ਸੀ ਪਰ ਉਹ ਅਜੇ ਤਕ ਬਣੀਆਂ ਨਹੀਂ ਹਨ ।

ਮੈਂ ਰਿਕੁਐਸਟ ਕਰਾਂਗਾ ਕਿ ਪ੍ਰਾਇਰਟੀ ਬੇਸਿਜ਼ ਤੇ ਉਹ ਸੜਕਾਂ ਬਣਾਈਆਂ ਜਾਣ। ਥੀਨ ਡੈਮ ਦੀ ਗੱਲ ਕਰਾਂਗਾ। ਅਸੀਂ ਉਥੇ ਜਾ ਕੇ ਆਏ ਹਾਂ। ਕਮੇਟੀ ਗਈ ਸੀ। 600 ਮੈਗਾਵਾਟ ਵਾਧੂ ਬਿਜਲੀ ਆਪਾ ਨੂੰ ਮਿਲਣੀ ਹੈ ਜਿਸ ਨਾਲ ਇੰਡਸਟਰੀ ਅਤੇ ਐਗਰੀ-ਕਲਚਰ ਦੀ ਡਿਵੈਲਪਮੈਂਟ ਹੋਣੀ ਹੈ। ਇਹ ਗੱਲਾਂ ਇਨ੍ਹਾਂ ਨੂੰ ਦਿਸਦੀਆਂ ਨਹੀਂ ਹਨ। ਥੀਨ ਡੈਮ, ਇਹ ਸਾਡਾ ਤੀਰਥ ਸਥਾਨ ਹੈ। ਇਸ ਨੂੰ ਵੇਖਣਾ ਚਾਹੀਦਾ ਹੈ। ਇਸ ਤੋਂ ਵੱਧ ਖੁਸ਼ੀ ਹੋਈ ਹੈ ਕਿ ਬਾਦਲ ਸਾਹਿਬ ਨੇ ਜਿਹਾ ਸੀ ਕਿ ਇਸ ਦਾ ਉਦਘਾਟਨ ਕਰਨ ਵਾਸਤੇ ਸਤਿਕਾਰਯੋਗ ਪ੍ਰਧਾਨ ਮੰਤਰੀ ਸਾਹਿਬ ਇਥੇ ਆ ਰਹੇ ਹਨ। ਇਹ ਇਥੇ ਰੌਲਾ ਪਾਉਂਦੇ ਹਨ ਕਿ ਸਾਰਾ ਪੈਸਾ ਮਲੋਟ ਲਿਜਾਈ ਜਾ ਰਹੇ ਹਨ। ਇਨ੍ਹਾਂ ਦੀ ਗੱਲ ਸੁਣ ਕੇ ਬੜਾ ਦੁੱਖ ਹੁੰਦਾ ਹੈ। ਮੇਰੇ ਕਾਂਗਰਸੀ ਵੀਰ ਐਮ. ਐਲ. ਏ. ਰਹੇ, ਐਕਸ ਐਮ. ਐਲ. ਏ. ਰਹੇ ਹਨ, ਉਨ੍ਹਾਂ ਨਾਲ ਗੱਲ ਹੋਈ। ਸੇਮ ਇਕ ਦਿਨ ਵਿਚ ਪੈਦਾ ਨਹੀਂ ਹੋਈ। ਇਸ ਨੂੰ ਪੈਦਾ ਹੁੰਦੇ ਟਾਈਮ ਲੱਗਿਆ ਹੈ। ਸੀ. ਐਮ. ਕਾਂਗਰਸ ਦੇ ਵੀ ਰਹੇ ਹਨ ਪਰ ਉਹ ਆਪਣੇ ਪਿੰਡ ਵਿਚੋਂ ਸੇਮ ਨਹੀਂ ਕੱਢ ਸਕੇ। ਬਾਦਲ ਸਾਹਿਬ ਨੇ ਇਸ ਵਾਸਤੇ ਸਕੀਮ ਬਣਾਈ ਅਤੇ 198 ਕਰੋੜ ਰੁਪਿਆ ਇਥੇ ਖਰਚ ਕੀਤਾ ਹੈ। ਇਹ ਇਕੱਲੇ ਮਲੋਟ ਵਿਚ ਨਹੀਂ ਹੋਇਆ, ਬੱਲੂਆਣੇ ਤੇ ਅਬੋਹਰ ਤੱਕ ਡਰੇਨਾਂ ਬਣਾਈਆਂ। ਇਹ ਡਰੇਨਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਨੇ ਬਣਾਈਆਂ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਚੀਫ ਮਨਿਸਟਰ ਸਾਹਿਬ ਨੇ ਬਣਵਾਈਆਂ ਤਾਂ ਕਿਤੇ ਜਾ ਕੇ ਮਲੋਟ ਵਿਚੋਂ ਸੇਮ ਨਿਕਲੀ। ਜੇ ਅਕਾਲੀ ਦਲ ਦੀ ਸਰਕਾਰ ਨਾ ਬਣਦੀ ਅਤੇ ਸਰਦਾਰ ਪ੍ਰਕਾਸ਼ ਸਿੰਘ ਚੀਫ ਮਨਿਸਟਰ ਨਾ ਬਣਦੇ ਤਾਂ ਸੇਮ ਕਾਰਨ ਮਲੋਟ ਦਾ ਨਾਂ ਵਰਲਡ ਦੇ ਨਕਸ਼ੇ ਤੋਂ ਮਿਟ ਜਾਣਾ ਸੀ ਲੋਕਾਂ ਨੇ ਮਾਈਗਰੇਟ ਕਰ ਜਾਣਾ ਸੀ। ਬੜਾ ਦੁੱਖ ਹੈ, ਮੈਂ ਪਹਿਲਾਂ ਵੀ ਦੱਸਿਆ ਸੀ ਕਿ ਪਹਿਲੇ ਸੀ. ਐਮ. ਆਪਣੇ ਹਲਕੇ ਵਿਚੋਂ ਸੇਮ ਨਹੀਂ ਕਢਵਾ ਸਕੇ। ਬਾਦਲ ਸਾਹਿਬ ਨੇ ਆਪਣੇ ਹਲਕੇ ਵਿਚੋਂ ਡਰੇਨਾਂ ਕਢਵਾਈਆਂ। ਅਫਸਰ ਦੱਸ ਰਹੇ ਸੀ ਕਿ ਪੁਰਾਣੇ ਕਾਂਗਰਸ ਦੇ ਸੀ. ਐਮ. ਦੇ ਪਿੰਡ ਵਿਚ ਡਰੇਨ ਕੱਢਣੀ ਹੈ। ਇਹ ਕਿੰਨੀ ਵੱਡੀ ਗੱਲ ਹੈ। ਸਰਕਾਰ ਦੀ ਇਹ ਬਹੁਤ ਵੱਡੀ ਪ੍ਰਾਪਤੀ ਹੈ ਪਰ ਆਪੋਜ਼ੀਸ਼ਨ ਵਾਲੇ ਮੇਰੇ ਵੀਰ ਹਰ ਗੱਲ ਗਲਤ ਤਰੀਕੇ ਨਾਲ ਲੈਂਦੇ ਹਨ।

ਇੰਡਸਟਰੀ ਦੀ ਗੱਲ ਕਰੀਏ। ਸੌ ਨਹੀਂ, ਦੋ ਸੌ ਨਹੀਂ, ਹਜ਼ਾਰ ਦੋ ਹਜ਼ਾਰ ਦੀ ਗੱਲ ਨਹੀਂ ਬਲਕਿ 21 ਹਜ਼ਾਰ ਕਰੋੜ ਰੁਪਏ ਦੀ ਪਲੈਨਿੰਗ ਪੰਜਾਬ ਵਿਚ ਆਈ ਹੈ। ਇਸ ਤਰ੍ਹਾਂ ਇਕ ਤਰ੍ਹਾਂ ਨਾਲ ਪੰਜਾਬ ਵਿਚ ਇਨਕਲਾਬ ਆਇਆ ਹੈ। ਜਿਸ ਤਰ੍ਹਾਂ ਕਣਕ ਚੌਲ ਬਾਹਰਲੇ ਸੂਬਿਆਂ ਨੂੰ ਭੇਜਦੇ ਰਹੇ ਹਾਂ ਉਸੇ ਤਰ੍ਹਾਂ ਇੰਡਸਟਰੀ ਵਿਚ ਵੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬੜੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਸੁਖਬੀਰ ਸਿੰਘ ਬਾਦਲ ਦਾ ਨਾਮ ਲਏ ਬਿਨਾ ਨਹੀਂ ਰਹਿ ਸਕਦਾ। ਉਨ੍ਹਾਂ ਨੇ ਬੜੀ ਮਿਹਨਤ ਕੀਤੀ ਹੈ। ਅਤੇ ਪੰਜਾਬ ਦੀ ਇੰਡਸਟਰੀ ਨੂੰ ਉਪਰ ਲਿਆਉਣ ਵਿਚ ਸਹਾਇਤਾ ਕੀਤੀ ਹੈ। ਇਸ ਨਾਲ ਲੋਕਾਂ ਦੀ ਪਰ ਕੈਪੀਟਾ ਇਨਕਮ ਵਧੇਗੀ। ਸੋ ਇਹ ਗੱਲਾਂ ਇਨ੍ਹਾਂ ਨੂੰ ਨਹੀਂ ਦਿਸਦੀਆਂ। ਮੈਂ ਬਹੁਤਾ ਸਮਾਂ ਨਹੀਂ ਲੈਣਾ ਚਾਹੁੰਦਾ। ਮਕਾਨਾਂ ਦੀ ਗੱਲ ਜੇ ਆਪਾਂ ਕਰੀਏ ਉਹ ਅਸੀਂ ਗਰੀਬਾਂ ਨੂੰ ਦੇ ਰਹੇ ਹਾਂ। ਮੈਂ ਆਪਣੇ ਹਲਕੇ ਵਿਚ 10 ਮਕਾਨਾਂ

[ਸਰਦਾਰ ਗੁਰਤੇਜ ਸਿੰਘ ਘੁੜਿਆਣਾ]

ਦੀਆਂ ਚਾਬੀਆਂ ਦਿੱਤੀਆਂ ਹਨ । ਸਾਹਮਣੇ ਵੀਰਾਂ ਨੂੰ ਦੇ ਮਕਾਨਾਂ ਦੇ ਨਾ ਆਏ । ਉਸ ਸਮੇਂ ਸਾਥੀ ਕਹਿਣ ਲੱਗੇ, ਨਾਂ ਨਹੀਂ ਹੋਣਾ ਚਾਹੀਦਾ । ਸਾਡੀ ਸਰਕਾਰ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :

ਸਭਨਾ ਜੀਆ ਕਾ ਇਕੁ ਦਾਤਾ ॥

ਇਹ ਸਰਕਾਰ ਸਭ ਨੂੰ ਬਰਾਬਰ ਸਮਝਦੀ ਹੈ । ਜਦੋਂ ਮੈਂ ਦੋ ਵੀਰਾਂ ਨੂੰ ਚਾਬੀਆਂ ਦਿੱਤੀਆਂ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਕਿ ਗਰੀਬਾਂ ਵਾਸਤੇ ਇਹ ਸਰਕਾਰ ਕਾਫੀ ਕੁਝ ਕਰ ਰਹੀ ਹੈ । ਗਰੀਬ ਗੁਰਬੇ ਕਹਿੰਦੇ ਹਨ ਕਿ ਸਾਡੀ ਸਰਕਾਰ ਆਈ ਹੈ । ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਵੀ ਅਕਾਲੀ ਸਰਕਾਰ ਵਲੋਂ ਬਣਾਈ ਗਈ । ਉਸ ਵਿਚ ਕਾਰਪੋਰੇਸ਼ਨ ਵਾਸਤੇ ਸਾਢੇ 68 ਕਰੋੜ ਰੁਪਏ ਰੱਖੇ ਗਏ ਹਨ । ਜਿਸ ਤੋਂ ਗਰੀਬ ਵਿਕਾਸ ਕੰਮਾਂ ਵਾਸਤੇ ਲੋਨ ਲੈਣਗੇ ਅਤੇ ਡਿਵੈਲਪਮੈਂਟ ਹੋਵੇਗੀ । ਰੇਲਵੇ ਲਾਈਨਾਂ ਦੀ ਗੱਲ ਕਰੀਏ । ਪਿਛਲੀ ਸਰਕਾਰ ਰੇਲਵੇ ਲਾਈਨਾਂ ਨਹੀਂ ਲਿਆ ਸਕੀ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਜਿਸ ਨੇ ਦੋ ਰੇਲਵੇ ਲਾਈਨਾਂ ਚੰਡੀਗੜ੍ਹ ਤੋਂ ਲੁਧਿਆਣਾ ਤੇ ਗੋਇੰਦਵਾਲ ਤੋਂ ਤਰਨ ਤਾਰਨ ਮਨਜ਼ੂਰ ਕਰਵਾਈਆਂ ਹਨ । ਆਖਰ ਵਿਚ ਮੈਂ ਇਹੀ ਕਹਾਂਗਾ ਕਿ ਜੋ ਮੇਰੇ ਸਾਥੀਆਂ ਨੇ ਬਾਈਕਾਟ ਕੀਤਾ ਸੀ, ਉਹ ਬਹੁਤ ਗਲਤ ਸੀ । ਮੈਂ ਉਸ ਨੂੰ ਕੰਡੈਮ ਕਰਦਾ ਹਾਂ ਅਤੇ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸ਼੍ਰੀ ਡਿਪਟੀ ਸਪੀਕਰ : ਕੋਈ ਹੋਰ ਆਨਰੇਬਲ ਮੈਂਬਰ ਬੋਲਣਾ ਚਾਹੁੰਦਾ ਹੈ ?

ਸਰਦਾਰ ਸੁਜਾਨ ਸਿੰਘ (ਮਲੋਟ ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਆਪ ਆਪ ਜੀ ਦਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ । ਜੋ ਮਾਨਯੋਗ ਗਵਰਨਰ ਸਾਹਿਬ ਨੇ ਇਸ ਪਵਿੱਤਰ ਹਾਊਸ ਵਿਚ ਭਾਸ਼ਣ ਦਿੱਤਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ । ਇਥੇ ਜ਼ਿਕਰ ਹੋਇਆ ਕਿ ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਹਲਕਾ ਮਲੋਟ ਹੈ ਜਿਹੜਾ ਸੇਮ ਦੀ ਮਾਰ ਥੱਲੇ ਆਇਆ ਹੋਇਆ ਸੀ ਔਰ ਤਕਰੀਬਨ ਹਜ਼ਾਰਾਂ ਏਕੜ ਜ਼ਮੀਨ ਕਿਸਾਨਾਂ ਦੀ ਸੇਮ ਥੱਲੇ ਆਈ ਹੋਈ ਸੀ । ਅਸੀਂ ਸੋਚ ਵੀ ਨਹੀਂ ਸਕਦੇ ਸੀ ਕਿ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਡੀ ਧਰਤੀ ਲਈ ਇਤਨਾ ਕੁਝ ਕਰਨਗੇ । ਉਨ੍ਹਾਂ ਦੇ ਸਦਕਾ (ਕਾਂਗਰਸ ਪਾਰਟੀ ਵਲ ਇਸ਼ਾਰਾ) ਇਸ ਇਲਾਕੇ ਦੇ ਵਿਚ ਜਿਹੜੀ ਸੇਮ ਸੀ, ਉਹ ਖਤਮ ਨਹੀਂ ਹੋ ਸਕਦੀ ਸੀ ਪਰ ਬਾਦਲ ਸਾਹਿਬ ਨੇ ਇਸ ਨੂੰ ਖਤਮ ਕਰਨ ਲਈ ਜੰਗੀ ਪੱਧਰ ਤੇ ਕੰਮ ਕੀਤਾ ਔਰ ਇਹ ਸੇਮ ਲਗਭਗ 6-7 ਫੁੱਟ ਤੱਕ ਥੱਲੇ ਚਲੀ ਗਈ ਸੀ । ਉਥੋਂ ਦੇ ਕਿਸਾਨਾਂ ਨੇ ਸਦਾ ਵਾਸਤੇ ਉਜੜ ਜਾਣਾ ਸੀ । ਪੰਜਾਬ ਵਿਚ ਅਬੋਹਰ ਅਤੇ ਮਲੋਟ ਦੇ ਇਲਾਕੇ ਦੇ ਕਿਸਾਨਾਂ ਨੇ ਉਜੜ ਜਾਣਾ ਸੀ ਅਤੇ ਉਨ੍ਹਾਂ ਨੇ ਰਾਜਸਥਾਨ ਵਿਚ ਚਲੇ ਜਾਣਾ ਸੀ ਪਰ ਜੰਗੀ ਪੱਧਰ ਤੇ ਕੰਮ ਕਰਨ ਨਾਲ ਹੁਣ ਉਥੋਂ ਦੇ ਕਿਸਾਨ ਝੋਨਾ

ਬੀਜ ਸਕਦੇ ਹਨ ਅਤੇ ਕਣਕ ਬੀਜ ਸਕਦੇ ਹਨ ਜਿਹੜੀ ਉਥੇ ਕਦੇ ਨਹੀਂ ਹੋਣੀ ਸੀ। ਇਸ ਤਰ੍ਹਾਂ ਹੁਣ ਕਰਨ ਨਾਲ ਸਾਨੂੰ ਧਰਤੀ ਦਾ ਮੂੰਹ ਨਜ਼ਰ ਆਉਂਦਾ ਹੈ ਹੁਣ ਇਸ ਇਲਾਕੇ ਦੇ ਕਿਸਾਨ ਝੋਨਾ ਬੀਜ ਸਕਦੇ ਹਨ, ਬਿਜਾਈ ਕਰ ਸਕਦੇ ਹਨ। (ਵਿਘਨ)

ਕਾਮਰੇਡ ਹਰਦੇਵ ਸਿੰਘ ਅਰਸ਼ੀ : ** ** **

WALK-OUT

(ਇਸ ਸਮੇਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ।)

ਸਰਦਾਰ ਸੁਜਾਨ ਸਿੰਘ : ਡਿਪਟੀ ਸਪੀਕਰ ਸਾਹਿਬ, ਜਿੰਨਾ ਇਨ੍ਹਾਂ ਦੀ ਪਾਰਟੀ ਦਾ ਸਮਾਂ ਬਣਦਾ ਸੀ, ਉਹ ਇਨ੍ਹਾਂ ਨੂੰ ਦਿੱਤਾ ਗਿਆ ਸੀ।

Minister for Food and Supplies and Parliamentary Affairs: Sir, point of Order. I say, this is no Point of Order. This time is fixed. It is no Point of Order, which Mr. Arshi has raised. It should not be made a part of the proceedings.

Mr. Deputy Speaker: Please expunge it.

DISCUSSION ON GOVERNOR'S ADDRESS
(*Resumption*)

ਸਰਦਾਰ ਸੁਜਾਨ ਸਿੰਘ : ਡਿਪਟੀ ਸਪੀਕਰ ਸਾਹਿਬ, ਜੋ ਮੈਨੂੰ ਪਾਰਲੀਮੈਂਟਰੀ ਮਨਿਸਟਰ ਸਾਹਿਬ ਨੇ ਹੁਕਮ ਦਿੱਤਾ ਸੀ, ਉਸ ਕਰਕੇ ਮੈਂ ਬੋਲਣ ਲਈ ਸਮਾਂ ਮੰਗਿਆ ਸੀ ਅਤੇ ਖੜ੍ਹਾ ਹੋਇਆ ਹਾਂ। ਮੈਂ ਇਥੇ ਆਪਣੇ ਇਲਾਕੇ ਦੀ ਸੇਮ ਬਾਰੇ ਇਥੇ ਜ਼ਿਕਰ ਕਰ ਰਿਹਾ ਸੀ। ਸਾਡੀ ਸਰਕਾਰ ਨੇ ਮਲੋਟ, ਗਿੱਦੜਬਾਹਾ ਅਤੇ ਅਬੋਹਰ ਦੇ ਇਲਾਕੇ ਨੂੰ ਤਬਾਹ ਹੋਣ ਤੋਂ ਬਚਾਇਆ ਹੈ ਅਤੇ ਸੇਮ ਦਾ ਇਲਾਜ ਕੀਤਾ ਹੈ।

ਇਥੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਖਾਲਸਾ ਦੇ ਜਨਮ ਦਾ 300 ਸਾਲਾ ਦਿਵਸ ਮਨਾਇਆ ਜਾ ਰਿਹਾ ਹੈ। ਇਹ ਸਰਕਾਰ ਦਾ ਇਕ ਸ਼ਲਾਘਾਯੋਗ ਕਦਮ ਹੈ ਕਿਉਂਕਿ ਜੋ ਪਿਛਲੀਆਂ ਸਰਕਾਰਾਂ ਸਨ, ਉਨ੍ਹਾਂ ਨੇ ਜੋ ਕੁਝ 1984 ਦੇ ਵਿਚ ਕੀਤਾ, ਪੰਜਾਬ ਦੇ ਵਿਚ ਕਿਸ ਤਰ੍ਹਾਂ ਅੱਤਵਾਦ ਨੂੰ ਫੈਲਾਇਆ, ਕਿਸ ਤਰ੍ਹਾਂ 1984 ਵਿਚ ਸਾਡੇ ਧਾਰਮਿਕ ਸਥਾਨ ਉਤੇ ਫੌਜੀ ਹਮਲਾ ਕੀਤਾ ਗਿਆ ਅਤੇ ਸਾਡੇ ਅਕਾਲ ਤਖਤ ਨੂੰ ਤਬਾਹ ਕੀਤਾ ਗਿਆ। ਹੋ ਸਕਦਾ ਹੈ ਕਿ ਤਬਾਹ ਕਰਨ ਵਾਲੇ ਨੂੰ ਇਹ ਸਾਰਾ ਕੁਝ ਅੱਛਾ ਲਗਦਾ ਹੋਵੇ ਲੇਕਿਨ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ ਸੀ। ਡਿਪਟੀ ਸਪੀਕਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਕੋਲ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ ਅਤੇ ਉਹ ਬਣ ਰਿਹਾ ਹੈ ਅਤੇ ਮੁਕੰਮਲ ਵੀ ਹੋ ਜਾਣਾ ਹੈ ਪਰ

** Expunged as ordered by the Chair.

[ਸਰਦਾਰ ਸੁਜਾਨ ਸਿੰਘ]

ਜੋ ਠੇਸ ਇਨ੍ਹਾਂ ਸਾਹਮਣੇ ਬੈਠੇ ਕਾਂਗਰਸੀਆਂ ਨੇ ਮਾਰੀ ਹੈ, ਉਹ ਕਦੇ ਵੀ ਭੁਲਾਈ ਨਹੀਂ ਜਾ ਸਕਦੀ । ਹੁਣ ਅਸੀਂ ਖਾਲਸਾ ਸਾਜਣਾ ਦੇ ਤ੍ਰੈਸ਼ਤਾਬਦੀ ਜਸ਼ਨ ਮਨਾਉਣ ਜਾ ਰਹੇ ਹਾਂ । ਇਸ ਖਾਲਸਾ ਸਾਜਨਾ ਦੀ 300 ਸਾਲਾ ਵਰ੍ਹੇਗੰਢ ਵਿੱਚ ਸਾਡੇ ਮਾਨਯੋਗ ਪ੍ਰਧਾਨ ਮੰਤਰੀ ਹੋਮ ਮਨਿਸਟਰ, ਪ੍ਰੈਜ਼ੀਡੈਂਟ, ਵਾਈਸ-ਪ੍ਰੈਜ਼ੀਡੈਂਟ ਵੱਖ-ਵੱਖ ਡੇਟਾਂ ਨੂੰ ਸ਼ਾਮਿਲ ਹੋਣ ਲਈ ਆ ਰਹੇ ਹਨ । ਪੰਜਾਬ ਵਿੱਚ ਸਦਭਾਵਨਾ ਵਾਲਾ ਮਾਹੌਲ ਬਣੇਗਾ ਅਤੇ ਪੰਜਾਬ ਹੋਰ ਮਜ਼ਬੂਤ ਹੋਵੇਗਾ । ਜੋ ਪਿਛਲੀ ਸਰਕਾਰ ਦੇ ਕਾਰਨਾਮੇ ਹਨ, ਉਹ ਕਦੇ ਵੀ ਭੁਲਾਏ ਨਹੀਂ ਜਾ ਸਕਦੇ । ਇਹ ਬਹੁਤ ਹੀ ਕਾਬਲੇ ਤਾਰੀਫ ਹੈ ਕਿ ਅਸੀਂ ਖਾਲਸਾ ਸਾਜਨਾ ਦਿਵਸ ਮਨਾਉਣ ਜਾ ਰਹੇ ਹਾਂ । ਜਦੋਂ ਤੋਂ ਕਾਂਗਰਸੀਆਂ ਨੇ ਪੰਜਾਬ ਵਿਚ ਰਾਜ ਕੀਤਾ ਸੀ ਤਾਂ ਕਦੇ ਵੀ ਗਰੀਬਾਂ ਨੂੰ ਉੱਚਾ ਚੁੱਕਣ ਦੀ ਗੱਲ ਨਹੀਂ ਕੀਤੀ ਗਈ ਸੀ । ਵੱਖਰੇ ਵੱਖਰੇ ਨਾਅਰੇ ਦਿੰਦੇ ਸਨ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹਮੇਸ਼ਾਂ ਰੌਲਾ ਹੀ ਪਾਇਆ ਕਿ ਦੇਸ਼ ਦੀ ਆਜ਼ਾਦੀ ਅਤੇ ਏਕਤਾ ਖਤਰੇ ਵਿਚ ਹੈ ਪਰ ਦੇਸ਼ ਦੀ ਆਜ਼ਾਦੀ ਅਤੇ ਏਕਤਾ ਖਤਰੇ ਵਿਚ ਨਹੀਂ ਸੀ ਸਗੋਂ ਇਨ੍ਹਾਂ ਨੂੰ ਆਪ ਖਤਰਾ ਸੀ । ਹਿੰਦੁਸਤਾਨ ਨੂੰ ਇਨ੍ਹਾਂ ਨੇ ਗਰੀਬੀ ਦਿੱਤੀ ਅਤੇ ਇਹ ਦੇਸ਼ ਦੇ ਲੋਕਾਂ ਨੂੰ ਡਰਾਉਂਦੇ ਸਨ ਤਾਂ ਕਿ ਕਿਸੇ ਹੋਰ ਪਾਰਟੀ ਦਾ ਰਾਜ ਨਾ ਆ ਜਾਵੇ । ਜੇਕਰ ਹੋਰ ਹਕੂਮਤ ਆ ਗਈ ਤਾਂ ਉਹ ਲੋਕਾਂ ਨੂੰ ਸਾਫ਼ ਸੁਥਰਾ ਰਾਜ ਦੇਵੇਗੀ ਅਤੇ ਸਾਡਾ ਰਾਜ ਖਤਮ ਹੋ ਜਾਵੇਗਾ । ਇਸ ਕਰਕੇ ਇਹ ਆਪੋਜ਼ੀਸ਼ਨ ਬੈਂਚਾਂ ਵਾਲੇ ਸਾਥੀ ਨਾਅਰੇ ਲਗਾਉਂਦੇ ਸਨ । ਅੱਜ ਵੀ ਵਿਰੋਧੀ ਬੈਂਚਾਂ ਵਾਲੇ ਯਤਨ ਕਰ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਜੋ ਭਾਈਵਾਲ ਸਰਕਾਰ ਹੈ, ਇਹ ਸਰਕਾਰ ਚਲਦੀ ਬਣੇ । ਇਹ ਦਹਿਸ਼ਤਵਾਦ ਦਾ ਨਾਅਰਾ ਲਗਾਉਂਦੇ ਹਨ । ਇਨ੍ਹਾਂ ਨੇ ਆਸਾਮ ਵਿਚ ਦਹਿਸ਼ਤਵਾਦ ਫੈਲਾਇਆ ਅਤੇ ਪੰਜਾਬ ਵਿਚ ਫੈਲਾਇਆ । ਜੰਮੂ ਕਸ਼ਮੀਰ ਵਿਚ ਅੱਗਾਂ ਲਗਾਈਆਂ । ਪਿਛਲੀ ਕਾਂਗਰਸ ਸਰਕਾਰ 1980 ਤੋਂ ਲੈ ਕੇ ਇਹੋ ਜਿਹੇ ਕੰਮ ਕਰ ਰਹੀ ਹੈ ਕਿ ਦਹਿਸ਼ਤਵਾਦ ਝਾੜੇ ਤੇ ਲਗਾ ਕੇ ਟੈਰੋਰਿਜ਼ਮ ਫੈਲਾਉਂਦੇ ਹਨ । ਇਨ੍ਹਾਂ ਨੇ ਕਾਊਂਟਰ ਇਨ ਸਰਜੰਸੀ ਦਾ ਹਥਿਆਰ ਵਰਤਿਆ ਹੈ । ਆਪ ਹੀ ਕਾਊਂਟਰ ਕੀਤਾ ਅਤੇ ਰਾਤੋ-ਰਾਤ ਕਿਵੇਂ ਅੱਤਵਾਦ ਖਤਮ ਹੋ ਗਿਆ । ਅੱਤਵਾਦੀ ਸੈਂਟਰ ਦੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਅਤੇ ਪੰਜਾਬ ਦੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਰਹਿੰਦੇ ਸਨ । ਦਹਿਸ਼ਤਵਾਦ ਫੈਲਾ ਕੇ ਇਨ੍ਹਾਂ ਦੀਆਂ ਕੋਠੀਆਂ ਵਿਚ ਆ ਜਾਂਦੇ ਸਨ । ਇਹ ਜਾਣਦੇ ਸਨ ਕਿ ਅੱਜ ਕਿਸ ਪੁਲਿਸ ਅਫਸਰ ਨੇ ਮਰਨਾ ਹੈ ਜਾਂ ਕਿਸ ਪਾਲੇਟੀਸ਼ਨ ਨੇ ਮਰਨਾ ਹੈ ਜਾਂ ਕਿਸੇ ਹੋਰ ਨੇ ਮਰਨਾ ਹੈ । ਇਹ ਬੜੇ ਵਿਉਂਤਬੰਦ ਢੰਗ ਨਾਲ ਸਾਰਾ ਕੰਮ ਕਰਦੇ ਸਨ । ਇਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਦਾ ਨੁਕਸਾਨ ਕੀਤਾ ਅਤੇ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦਾ ਨੁਕਸਾਨ ਕੀਤਾ । ਇਹ ਨੁਕਸਾਨ ਜੋ ਪੰਜਾਬ ਦਾ ਇਨ੍ਹਾਂ ਨੇ ਕੀਤਾ ਹੈ, ਉਹ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਡਿਪਟੀ ਸਪੀਕਰ ਸਾਹਿਬ, ਜੋ ਨੇਤਾ ਬਣਦੇ ਹਨ ਅਤੇ ਜਿਸ ਦਾ ਸਮਾਜ ਵਿਚ ਨਾਂ ਆਉਂਦਾ ਹੈ, ਉਹ ਇਕ ਦਿਨ ਵਿਚ ਨੇਤਾ ਨਹੀਂ ਬਣ ਜਾਂਦੇ । ਉਹ ਆਪਣੀ ਯੋਗਤਾ ਦੇ ਕਾਰਨ ਲੋਕਾਂ ਦੇ ਕੰਮਾਂ ਕਾਰਾਂ ਕਰਕੇ, ਜਨਤਾ ਦੀ ਸੇਵਾ ਕਰਕੇ ਬਣਦੇ ਹਨ । ਕਾਂਗਰਸ ਸਰਕਾਰ ਨੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ । ਅਕਾਲੀ ਦਲ ਕਦੇ ਵੀ ਉਸ ਨੂੰ ਭੁੱਲ ਨਹੀਂ ਸਕਦਾ ਅਤੇ ਕਦੇ ਵੀ ਇਤਿਹਾਸ ਇਨ੍ਹਾਂ ਨੂੰ ਮਾਫ ਨਹੀਂ,

ਕਰ ਸਕਦਾ । ਕਹਿੰਦੇ ਹਨ ਕਿ ਦੁੱਧ, ਪੁੱਤ ਅਤੇ ਰਾਜ-ਭਾਗ, ਭਾਗਾਂ ਤੋਂ ਬਗੈਰ ਨਹੀਂ ਮਿਲਦਾ । ਇਹ ਰਾਜ-ਭਾਗ ਕਰਮਾਂ ਦੇ ਨਾਲ ਹੀ ਮਿਲਦਾ ਹੈ । ਇਹ ਭੁੱਲ ਜਾਣ ਕਿ ਫੇਰ ਇਹ ਕਦੇ ਦੇਸ਼ ਤੇ ਰਾਜ ਕਰਨਗੇ । ਹੁਣ ਕਦੇ ਦੇਸ਼ ਦੀ ਜਨਤਾ ਨੇ ਇਨ੍ਹਾਂ ਨੂੰ ਮੌਕਾ ਨਹੀਂ ਦੇਣਾ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਹੋਰ ਮਸਲਿਆਂ ਦਾ ਸਬੰਧ ਹੈ, ਇੱਥੇ ਕਾਫੀ ਫੈਕਟਸ ਐਂਡ ਫਿਗਰਜ਼ ਦਿੱਤੀਆਂ ਗਈਆਂ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇੱਕ ਆਨਰੇਬਲ ਮੈਂਬਰ ਸਾਹਿਬ ਨੇ ਜਿਕਰ ਕੀਤਾ ਕਿ ਸੜਕਾਂ ਬਣਾਉਣ ਵਾਸਤੇ ਲੋਨ ਲਿਆ ਹੈ ਪੈਸੇ ਲਏ ਹਨ । ਜਦੋਂ ਬਾਦਲ ਸਾਹਿਬ ਨੇ ਸੂਬੇ ਦੀ ਵਾਗਡੋਰ ਸੰਭਾਲੀ, ਉਦੋਂ ਪੰਜਾਬ ਦਾ ਖਜ਼ਾਨਾ ਖਾਲੀ ਸੀ । ਬੜੀ ਮੁਸ਼ਕਲ ਨਾਲ ਪਿਛਲਾ ਜੋ ਬੈਕਲਾਗ ਸੀ, ਉਸ ਨੂੰ ਪੂਰਾ ਕਰਕੇ ਤਰੱਕੀ ਦੇ, ਵਿਕਾਸ ਦੇ ਕੰਮ ਅਗਾਂਹ ਤੋਰੇ ਹਨ ਅਤੇ ਅੱਗੋਂ ਵੀ ਜਾਰੀ ਰੱਖਣ ਲਈ ਇਹ ਯਤਨਸ਼ੀਲ ਹਨ ।

ਡਿਪਟੀ ਸਪੀਕਰ ਸਾਹਿਬ, ਜਿੱਥੋਂ ਤੱਕ ਦਲਿਤ ਵੀਰਾਂ ਦਾ ਸਬੰਧ ਹੈ, ਇੱਥੇ ਕਹਿੰਦੇ ਹਨ ਕਿ 5100/- ਰੁਪਏ ਨਾਲ ਸਰਕਾਰ ਨੇ ਕੀ ਦੇ ਦਿੱਤਾ । ਮੈਂ ਸਮਝਦਾ ਹਾਂ ਕਿ ਤਕਰੀਬਨ ਹਰ ਐਮ. ਐਲ. ਏ. ਨੇ ਆਪਣੇ ਆਪਣੇ ਇਲਾਕੇ ਵਿੱਚ ਕੈਂਪ ਲਾਏ ਹਨ ਅਤੇ 5100/- ਰੁਪਏ ਦਾ ਸ਼ਗਨ ਦਾ ਚੈੱਕ ਅਸੀਂ ਦਿੰਦੇ ਹਾਂ । ਮੈਂ ਆਪਣੇ ਹਲਕੇ ਮਲੋਟ ਦੀ ਹੀ ਗੱਲ ਕਰਦਾ ਹਾਂ । ਅਸੀਂ ਇਕੱਠ ਕਰਕੇ, ਮੀਟਿੰਗ ਕਰਕੇ ਲਾਭ ਪਾਤਰੀਆਂ ਨੂੰ ਚੈੱਕ ਦੇਂਦੇ ਹਾਂ । ਮੈਂ ਇਸ ਪਵਿੱਤਰ ਹਾਊਸ ਵਿਚ ਸੱਚੀ ਗੱਲ ਕਰਦਾ ਹਾਂ ਅਤੇ ਸਾਨੂੰ ਸੱਚੀ ਗੱਲ ਹੀ ਕਰਨੀ ਚਾਹੀਦੀ ਹੈ ਕਿਉਂਕਿ ਅਸੀਂ ਲੋਕਾਂ ਦੇ ਪ੍ਰਤੀਨਿਧ ਹਾਂ ਅਤੇ ਸਾਨੂੰ ਕਿਸੇ ਗੱਲ ਲਈ ਵੀ ਝੂਠ ਨਹੀਂ ਬੋਲਣਾ ਚਾਹੀਦਾ । ਹਰੇਕ ਗੱਲ ਫੈਕਟਸ, ਫਿਗਰਜ਼ ਅਤੇ ਸਚਾਈ ਤੇ ਬੋਲਣੀ ਚਾਹੀਦੀ ਹੈ । ਜਦੋਂ ਅਸੀਂ ਚੈੱਕ ਦੇਂਦੇ ਸੀ ਤਾਂ ਉਹ ਲੋਕ ਮੱਥੇ ਨੂੰ ਲਾਉਂਦੇ ਸੀ । ਮੈਂ ਬਾਦਲ ਸਾਹਿਬ ਨੂੰ ਵੀ ਦੱਸਿਆ ਸੀ ਕਿ ਜਿਹੜੀਆਂ ਸਕੀਮਾਂ ਉਨ੍ਹਾਂ ਬਣਾਈਆਂ ਹਨ, ਉਨ੍ਹਾਂ ਦੀ ਇੰਪਲੀਮੈਂਟੇਸ਼ਨ ਬੜੇ ਸੁਚੱਜੇ ਢੰਗ ਨਾਲ ਹੋ ਰਹੀ ਹੈ ਅਤੇ ਲੋਕ ਸਕੀਮਾਂ ਦੀ ਬੜੀ ਸ਼ਲਾਘਾ ਕਰ ਰਹੇ ਹਨ । ਇਸੇ ਤਰ੍ਹਾਂ ਬੇਘਰਿਆਂ ਨੂੰ ਘਰ ਦੇਣੇ, ਡਿਪਟੀ ਸਪੀਕਰ ਸਾਹਿਬ, ਮੈਂ ਵਿਧਾਨ ਸਭਾ ਦੀ ਵੈਲਫੇਅਰ ਕਮੇਟੀ ਦਾ ਦੋ ਸਾਲ ਚੇਅਰਮੈਨ ਰਿਹਾ ਹਾਂ । ਮੈਂ ਦੇਖਿਆ ਹੈ ਕਿ ਅਸੀਂ ਬੇਘਰਿਆਂ ਨੂੰ ਜੋ ਘਰਾਂ ਦੀਆਂ ਚਾਬੀਆਂ ਦਿੱਤੀਆਂ ਹਨ, ਉਨ੍ਹਾਂ ਨੇ ਇਸ ਗੱਲ ਦੀ ਸਰਕਾਰ ਦੀ ਬੜੀ ਸ਼ਲਾਘਾ ਕੀਤੀ ਹੈ ਤੇ ਇਹ ਸਰਕਾਰ ਨੇ ਕੀਤਾ ਵੀ ਬੜਾ ਵਰਨਣਯੋਗ ਕੰਮ ਹੈ । ਜ਼ਿੰਦਗੀ ਦੀਆਂ ਤਿੰਨ ਬੁਨਿਆਦੀ ਲੋੜਾਂ ਹਨ, ਬੇਸਿਕ ਨੀਡਜ਼ ਹਨ-ਕੱਪੜਾ, ਰੋਟੀ ਅਤੇ ਮਕਾਨ ਸਰਕਾਰ ਨੇ ਘਰ ਬਣਾ ਕੇ ਦਿੱਤੇ ਹਨ, ਘਰਾਂ ਦੀਆਂ ਚਾਬੀਆਂ ਦਿੱਤੀਆਂ ਹਨ ਅਤੇ ਉਹ ਲੋਕ ਬੜੇ ਖੁਸ਼ ਹਨ ਅਤੇ ਅਰਦਾਸ ਕਰਦੇ ਹਨ ਕਿ ਅਜਿਹੀ ਸਰਕਾਰ ਹਮੇਸ਼ਾ ਲਈ ਬਣੇ ਅਤੇ ਬੇਘਰਿਆਂ ਨੂੰ ਘਰ ਦੇਣੇ ਕਿਸੇ ਵੀ ਸੂਬੇ ਵਿਚ ਜਾਂ ਸੰਸਾਰ ਵਿਚ ਇਸ ਦੀ ਮਿਸਾਲ ਨਹੀਂ ਮਿਲਦੀ । ਇਸੇ ਤਰ੍ਹਾਂ ਜੋ ਸ਼ਗਨ ਸਕੀਮ ਦੇ ਅਧੀਨ ਪੈਸੇ ਰੱਖੇ ਗਏ ਹਨ, ਜੋ ਸਰਕਾਰ ਨੇ ਦਲਿਤਾਂ ਦੀਆਂ ਬੱਚੀਆਂ ਨੂੰ, ਆਪਣੀਆਂ ਬੱਚੀਆਂ ਸਮਝ ਕੇ ਸ਼ਗਨ ਦਿੱਤਾ ਹੈ, ਜੋ ਗਰੀਬ ਵਰਗ ਦੇ ਲੋਕ ਹਨ, ਉਹ ਇਸ ਦੀ ਬੜੀ ਪ੍ਰਸ਼ੰਸਾ ਕਰ ਰਹੇ ਹਨ । ਜੋ, ਜਿੰਨੀਆਂ ਵੀ ਸਕੀਮਾਂ ਹਨ, ਮਾੜਾ ਕਹਿਣ ਨੂੰ ਤਾਂ ਇਕ ਮਿੰਟ ਲਗਦਾ ਹੈ, ਜਿਸ ਨੂੰ ਮਰਜ਼ੀ ਕਹਿ ਲਓ, ਇਸ ਸਰਕਾਰ ਨੇ ਜੋ 2 ਸਾਲਾਂ ਵਿਚ ਵਿਕਾਸ ਦੇ ਕੰਮ ਕੀਤੇ ਹਨ,

[ਸਰਦਾਰ ਸੁਜਾਨ ਸਿੰਘ]

ਸਦਭਾਵਨਾ ਦੇ ਕੰਮ ਕੀਤੇ ਹਨ, ਉਹ ਕਾਬਲੇ ਤਾਰੀਫ ਹਨ । ਇਹ ਹਿੰਦੂ ਸਿੱਖ ਦੀ ਗੱਲ ਕਰਦੇ ਹਨ । ਉਹ ਤਾਂ ਕਦੇ ਵੀ ਦੋਫਾੜ ਨਹੀਂ ਸੀ । ਫਾੜ ਤਾਂ ਇਨ੍ਹਾਂ ਨੇ ਪਾਇਆ ਅਤੇ ਕੁਝ ਪ੍ਰੈਸ ਵਾਲਿਆਂ ਨੇ ਮੀਡੀਆ ਨੇ ਗੱਲ ਨੂੰ ਜ਼ਿਆਦਾ ਚੁੱਕਿਆ । ਜੇ ਉਹ ਇਹ ਜ਼ਿਆਦਾ ਨਾ ਚੁੱਕਦੇ ਤਾਂ ਗੱਲ ਤਾਂ ਕੋਈ ਹੈ ਹੀ ਨਹੀਂ ਸੀ । ਹਿੰਦੂ ਸਿੱਖ ਵਿੱਚ ਤਾਂ ਕਦੇ ਕੋਈ ਫਰਕ ਨਹੀਂ ਪਿਆ । ਪਿਛਲੇ ਦਹਾਕੇ ਵਿੱਚ ਕਈ ਅਜਿਹੀਆਂ ਘਟਨਾਵਾਂ ਵਾਪਰੀਆਂ ਪਰ ਹਿੰਦੂ ਅਤੇ ਸਿੱਖਾਂ ਨੇ ਵਿਆਹਾਂ ਸ਼ਾਦੀਆਂ ਵਿਚ, ਆਪਣੀਆਂ ਖੁਸ਼ੀਆਂ ਵਿਚ ਸਾਂਝ ਕਾਇਮ ਰੱਖੀ ਅਤੇ ਉਸ ਵਿੱਚ ਕਿਸੇ ਵੀ ਤਰ੍ਹਾਂ ਕੋਈ ਤਰੇੜ ਨਹੀਂ ਆਈ । ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ ਅਤੇ ਗਵਰਨਰ ਸਾਹਿਬ ਨੇ ਜੋ ਆਪਣਾ ਅਧਿਭਾਸ਼ਣ ਇਸ ਸਦਨ ਵਿਚ ਪੇਸ਼ ਕੀਤਾ ਹੈ, ਮੈਂ ਉਸਦੀ ਪ੍ਰੋੜਤਾ ਕਰਦਾ ਹਾਂ । Thank You.

ਕੈਪਟਨ ਬਲਬੀਰ ਸਿੰਘ ਬਾਠ (ਸ੍ਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਾਂ, ਮੈਨੂੰ ਕਿਸੇ ਉਰਦੂ ਦੇ ਸ਼ਾਇਰ ਦੇ ਬਹੁਤ ਹੀ ਪਿਆਰੇ ਬੋਲ ਚੇਤੇ ਆ ਰਹੇ ਹਨ :

"ਬਹੁਤ ਸ਼ੌਕ ਸੇ ਸੁਨ ਰਹਾ ਥਾ ਜ਼ਮਾਨਾ

ਹਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ ।"

ਡਿਪਟੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ, ਫਿਰ ਵੀ 'ਐਨੀ ਵੇ' ਅੰਗਰੇਜ਼ੀ ਦਾ ਬਹੁਤ ਸੋਹਣਾ ਸ਼ਬਦ ਹੈ, ਜੋ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਗਵਰਨਰ ਐਡਰੈਸ ਤੇ ਆਪਣੇ ਵਿਚਾਰ ਰੱਖੇ ਸਨ, ਉਸ ਦੀ ਪ੍ਰੋੜਤਾ ਕਰਨ ਦਾ ਤੁਸੀਂ ਮੈਨੂੰ ਸਮਾਂ ਦਿੱਤਾ ਹੈ । ਇਸ ਦੇ ਲਈ ਮੈਂ ਆਪ ਜੀ ਦਾ ਰਿਣੀ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਸੱਚ ਹੈ ਕਿ ਗਵਰਨਰ ਸਾਹਿਬ ਦਾ ਐਡਰੈਸ ਕਿਸੇ ਵੀ ਪਾਰਟੀ ਜੋ ਇਨ ਪਾਵਰ ਹੈ, ਦੀ ਆਤਮਾ ਹੋਇਆ ਕਰਦੀ ਹੈ । ਮੈਨੂੰ ਯਾਦ ਹੈ, ਥੋੜੇ ਦਿਨ ਪਹਿਲਾਂ ਇਹ ਜੋ ਕੰਡਿਆਲੀ ਵਾੜ ਹਾਊਸ ਦੀ ਬਣੀ ਹੋਈ ਹੈ, ਇਸ ਦੇ ਦੂਸਰੇ ਬੰਨੇ ਬੈਠੇ ਮੇਰੇ ਮਾਨਯੋਗ ਸਾਥੀ ਸਮਰਾ ਜੀ ਨੇ ਵੀ ਇਹੀ ਸ਼ਬਦ ਦੁਹਰਾਏ ਸਨ ਕਿ ਇਸ ਪਾਕ ਪਵਿੱਤਰ ਹਾਊਸ ਵਿਚ ਗਵਰਨਰ ਸਾਹਿਬ ਦਾ ਐਡਰੈਸ ਇਨ ਫੈਕਟ ਸਮੇਂ ਦੀ ਸਰਕਾਰ ਦੀ ਆਤਮਾ ਹੋਇਆ ਕਰਦੀ ਹੈ । ਇਹ ਬਿਲਕੁਲ ਸੱਚ ਹੈ ਅਤੇ ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ । ਮੈਨੂੰ ਮਾਣ ਹੋਵੇਗਾ ਜੇਕਰ ਮੈਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਸਰਕਾਰ ਦੀਆਂ ਜੋ ਪ੍ਰਾਪਤੀਆਂ ਹਨ, ਉਨ੍ਹਾਂ ਬਾਰੇ ਕੁਝ ਗੱਲਾਂ ਹਾਊਸ ਵਿਚ ਡਿਸਕਸ ਕਰਾਂ । ਮੈਨੂੰ ਮਾਣ ਹੈ, ਫਖਰ ਹੈ ਕਿ ਸਹੀ ਮਾਅਨਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੇ ਇਹ ਸਲੋਗਨ ਆਪਣੇ ਸਾਹਮਣੇ ਰੱਖਿਆ ਹੈ, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਰਬੱਤ ਦਾ ਭਲਾ । ਸਰਬੱਤ ਦੇ ਭਲੇ ਦੀ ਗੱਲ ਕਰਨੀ ਮੇਰੀ ਸਰਕਾਰ ਦੀ ਆਤਮਾ ਦੀ ਆਵਾਜ਼ ਹੈ । ਸਾਡੇ ਵਿਰੋਧੀ ਧਿਰ ਵਾਲੇ ਸੱਜਣ ਇਥੇ ਬੈਠੇ ਨਹੀਂ ਹਨ, ਚਲੇ ਗਏ ਹਨ; ਪਿਛਲੇ 2 ਸਾਲਾਂ ਵਿਚ ਉਨ੍ਹਾਂ ਨੇ ਇਹ ਦੱਸਣ ਦਾ ਯਤਨ ਕੀਤਾ ਸੀ ਕਿ ਇਸ ਸਰਕਾਰ ਤੋਂ ਸਰਬੱਤ ਦੇ ਭਲੇ ਦੀ ਗੱਲ

ਨਹੀਂ ਹੋਣੀ ਪਰ ਸਰਕਾਰ ਨੇ ਗੱਲ ਕਰਕੇ ਵਿਖਾ ਦਿੱਤੀ ਹੈ ਅਤੇ ਇਸ ਦੇ ਲਈ ਮੈਂ ਆਪਣੀ ਸਰਕਾਰ ਨੂੰ ਇਸ ਦੀ ਵਧਾਈ ਦਿੰਦਾ ਹਾਂ । ਮੈਂ ਗੁਰੂ ਸਾਹਿਬ ਦੇ ਇਸ ਪਾਕ-ਪਵਿੱਤਰ ਸਲੋਕ ਨੂੰ ਦੁਹਰਾ ਕੇ ਆਪਣੀ ਗੱਲ ਦੀ ਪੁਸ਼ਟੀ ਕਰਦਾ ਹਾਂ ।

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥

ਮੈਨੂੰ ਇਹ ਗੱਲ ਕਹਿੰਦਿਆ ਫ਼ਖ਼ਰ ਮਹਿਸੂਸ ਹੁੰਦਾ ਹੈ ।

ਇਸ ਦੇ ਨਾਲ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਸ ਘੜੀ ਵਿਚ 300 ਸਾਲਾ ਜੋ ਖਾਲਸਾ ਪੰਥ ਦਾ ਜਨਮ ਦਿਹਾੜਾ ਨਹੀਂ ਬਲਕਿ ਸਿਰਜਣਾ ਦਿਵਸ ਹੈ —

'ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ''

ਉਸ ਦੇ ਬਾਰੇ ਵੀ ਕੁਝ ਗੱਲਾਂ ਕਹਿਣੀਆਂ ਚਾਹੁੰਦਾ ਹਾਂ । ਇਕ ਸਮਾਂ ਸੀ ਜਦੋਂ ਹਿੰਦੁਸਤਾਨ ਤੇ ਮੁਗ਼ਲਾਂ ਦਾ ਜਾਂ ਉਸ ਸਮੇਂ ਜੋ ਵੀ ਹਾਕਮ ਸਨ, ਉਨ੍ਹਾਂ ਦਾ ਜਬਰ ਜ਼ੁਲਮ ਸੀ । ਉਨ੍ਹਾਂ ਦੇ ਸਤਾਏ ਹੋਏ ਲੋਕ ਦਸਮ ਪਾਤਸ਼ਾਹ ਦੀ ਕਮਾਂਡ ਹੇਠ ਇਕੱਤਰ ਹੋਏ ਅਤੇ ਹਾਊਸ ਵਿਚ ਮੈਨੂੰ ਇਹ ਗੱਲ ਕਹਿਣ ਵਿਚ ਮਾਣ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਲੋਕਾਂ ਵਿੱਚੋਂ ਜਿਹੜੇ ਪੰਜ ਪਿਆਰੇ ਗੁਰੂ ਸਾਹਿਬ ਨੇ ਸਾਜੇ ਸਨ, ਉਹ ਹਿੰਦੁਸਤਾਨ ਦੇ ਵੱਖ ਵੱਖ ਪ੍ਰਦੇਸ਼ਾਂ ਵਿਚੋਂ ਸਨ ਅਤੇ ਜਿਨ੍ਹਾਂ ਵਿਚ ਨਾਈ, ਛੀਂਬੇ, ਧੋਬੀ ਆਦਿ ਵੱਖ ਵੱਖ ਜਾਤਾਂ ਵਿਚੋਂ ਸਨ । ਸਾਰੀਆਂ ਜਮਾਤਾਂ ਦੇ ਲੋਕ ਦਸਵੇਂ ਪਾਤਸ਼ਾਹ ਦੇ ਝੰਡੇ ਹੇਠ ਇਕੱਤਰ ਹੋਏ ਸਨ । ਉਨ੍ਹਾਂ ਮਰਜੀਵੜਿਆਂ ਵਿਚ ਮੁਸਲਮਾਨ ਵੀ ਸਨ ਅਤੇ ਹਿੰਦੂ ਵੀ ਸਨ । ਉਨ੍ਹਾਂ ਨੂੰ ਯਾਦ ਕਰਨ ਲਈ ਅਸੀਂ ਇਹ ਸਾਜਨਾ ਦਿਵਸ ਮਨਾ ਰਹੇ ਹਾਂ ਅਤੇ ਇਸ ਦੇ ਲਈ ਮੈਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੜੀ ਅਹਿਮ ਗੱਲ ਹਾਊਸ ਦੇ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ । ਮੈਂ ਪਹਿਲਾਂ ਵੀ ਆਪਣੀਆਂ ਗੱਲਾਂ ਵਿਚ ਅਮਨ ਤੇ ਸ਼ਾਂਤੀ ਦੀ ਗੱਲ ਕੀਤੀ ਸੀ । ਸਮੇਂ ਨੂੰ ਮੱਦੇ-ਨਜ਼ਰ ਰੱਖਦਾ ਹੋਇਆ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਮ ਮਨਿਸਟਰ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਹੁਣੇ ਜਿਹੇ ਹੀ ਬੱਸ ਰਾਹੀਂ ਪਾਕਿਸਤਾਨ ਦੀ ਯਾਤਰਾ ਕੀਤੀ ਹੈ । ਅੱਜ ਦੇ ਮਾਹੌਲ ਵਿਚ ਇਸ ਦਾ ਜ਼ਿਕਰ ਕਰਨਾ ਮੈਂ ਬਹੁਤ ਜ਼ਰੂਰੀ ਸਮਝਦਾ ਹਾਂ । ਉਨ੍ਹਾਂ ਦੀ ਇਸ ਫੇਰੀ ਤੋਂ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਇਹ ਨਿਰੀ ਫਾਰਮੈਲਿਟੀ ਹੀ ਨਹੀਂ ਸੀ, ਬਲਕਿ ਜੋ ਦੋਨਾਂ ਦੇਸ਼ਾਂ ਵਿਚਕਾਰ ਕੁੜੱਤਣ ਹੈ ਅਤੇ ਜਿਸ ਦੇ ਕਾਰਨ ਲੱਖਾਂ ਕਰੋੜਾਂ ਰੁਪਏ ਫ਼ਜ਼ੂਲ ਖਰਚ ਕੀਤੇ ਜਾ ਰਹੇ ਹਨ ਜਿਹੜਾ ਕਿ ਲੋਕਾਂ ਦਾ ਪੈਸਾ ਹੈ, ਉਸ ਕੁੜੱਤਣ ਨੂੰ ਦੂਰ ਕਰਨ ਦਾ ਇਕ ਵਧੀਆ ਉਪਰਾਲਾ ਸੀ ਅਤੇ ਇਸ ਦੇ ਲਈ ਮੈਂ ਦੋਨਾਂ ਲੀਡਰ ਸਾਹਿਬਾਨ ਨੂੰ ਵਧਾਈ ਦਿੰਦਾ ਹਾਂ । ਮੈਨੂੰ ਮਾਣ ਹੈ ਇਸ ਗੱਲ ਤੇ ਕਿ ਪੰਜਾਬ ਅਤੇ ਪਾਕਿਸਤਾਨ ਦੀ ਕੁੜੱਤਣ ਨੂੰ ਦੂਰ ਕਰਨ ਦਾ ਯਤਨ ਕੀਤਾ ਤੇ ਵਿਸ਼ੇਸ਼ ਤੌਰ ਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਕੀਤਾ ਜੋ ਇਥੇ ਬੈਠੇ ਨਹੀਂ ਹਨ, ਮੈਂ ਉਨ੍ਹਾਂ ਨੂੰ ਇਹ ਵਧਾਈ ਦੇਣੀ ਸੀ । ਸਹੀ ਮਾਅਨਿਆਂ ਵਿਚ ਜੇ ਕੋਈ ਪੀੜਤ ਹੈ ਤਾਂ ਉਹ ਸਾਡਾ ਪੰਜਾਬ ਹੈ । ਸਦੀਆਂ ਤੋਂ ਜਿਹੜੀਆਂ ਲੜਾਈਆਂ ਹੋਈਆਂ ਉਹ ਇਸ ਦੀਆਂ ਸਰਹੱਦਾਂ ਉਤੇ

[ਕੈਪਟਨ ਬਲਬੀਰ ਸਿੰਘ ਬਾਠ]

ਹੋਈਆਂ । ਜੇ ਕੋਈ ਦੁੱਖ ਝੱਲੇ, ਸੰਤਾਪ ਭੋਗੇ ਤਾਂ ਉਹ ਵੀ ਪੰਜਾਬੀਆਂ ਨੇ । ਮੈਂ ਇਹ ਗੱਲ ਫਿਰ ਮਾਣ ਨਾਲ ਕਹਿੰਦਾ ਹਾਂ ਅਤੇ ਪੰਜਾਬ ਦੇ ਲੀਡਰ ਸਾਹਿਬ ਦੇ ਇਸ ਯਤਨ ਤੇ ਵੀ ਫ਼ਖ਼ਰ ਮਹਿਸੂਸ ਕਰਦਾ ਹਾਂ । ਜਿਹੜੀ ਕੰਡਿਆਲੀ ਤਾਰ ਹੈ ਉਹ ਬਰਲਿਨ ਦੀ ਦੀਵਾਰ ਦੀ ਤਰ੍ਹਾਂ ਢਹਿ ਜਾਵੇ, ਇਹ ਮੇਰੀ ਅਰਦਾਸ ਹੈ । ਕੰਡਿਆਲੀ ਤਾਰ ਦੇ ਪਾਰਲੇ ਬੰਨੇ ਜਿਹੜੀ ਸਾਡੀ ਲੱਖਾਂ ਏਕੜ ਜ਼ਮੀਨ ਹੈ, ਜਿਹੜੀ ਹੁਣ ਗ਼ੈਰਆਬਾਦ ਪਈ ਹੈ, ਉਹ ਆਬਾਦ ਹੋਵੇਗੀ । ਮੇਰੀ ਸਰਕਾਰ 3,000/- ਰੁਪਏ ਪ੍ਰਤੀ ਏਕੜ ਉਨ੍ਹਾਂ ਕਿਸਾਨਾਂ ਨੂੰ ਜਿਨ੍ਹਾਂ ਦੀ ਜ਼ਮੀਨ ਕੰਡਿਆਲੀ ਤਾਰ ਤੋਂ ਪਾਰਲੇ ਬੰਨੇ ਹੈ, ਦੇਵੇਗੀ । 3,000/- ਰੁਪਏ ਦੀ ਰਕਮ ਬੜੀ ਥੋੜ੍ਹੀ ਹੈ । ਜਿਨ੍ਹਾਂ ਕਿਸਾਨਾਂ ਦੀ ਸਾਰੀ ਦੀ ਸਾਰੀ ਜ਼ਮੀਨ ਤਾਰ ਦੇ ਪਾਰਲੇ ਬੰਨੇ ਹੈ, ਉਨ੍ਹਾਂ ਵਾਸਤੇ ਤਾਂ ਇਹ ਰਾਸ਼ੀ ਬਹੁਤ ਥੋੜ੍ਹੀ ਹੈ । ਮੈਂ ਸਮੇਂ ਨੂੰ ਮੱਦੇ ਨਜ਼ਰ ਰੱਖਦਾ ਹੋਇਆ ਹਾਊਸ ਦੇ ਵਿਚ ਕੁਝ ਗੱਲਾਂ ਹੀ ਸ਼ੇਅਰ ਕਰਨਾ ਚਾਹਾਂਗਾ ।

* 6.27 ਵਜੇ ਸ਼ਾਮ	(ਇਸ ਸਮੇਂ* ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ ।)

ਉਹ ਹਨ ਮੇਰੀ ਸਰਕਾਰ ਦੀਆਂ ਪ੍ਰਾਪਤੀਆਂ ਜਿਹੜੀਆਂ ਕਿ ਥੋੜ੍ਹੇ ਸਮੇਂ ਵਿਚ ਪ੍ਰਾਪਤ ਕੀਤੀਆਂ ਗਈਆਂ ਹਨ । ਥੀਨ ਡੈਮ ਜਿਹੜਾ ਬੜੇ ਸਾਲਾਂ ਤੋਂ ਲਟਕਿਆ ਹੋਇਆ, ਉਹ ਹੁਣ ਥੋੜ੍ਹੇ ਦਿਨਾਂ ਵਿਚ ਹੀ 600 ਮੈਗਾਵਾਟ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ । ਇਸ ਦਾ ਸਿਹਰਾ ਸਾਡੀ ਸਰਕਾਰ ਨੂੰ ਜਾਂਦਾ ਹੈ । ਮੈਂ ਮਾਣ ਨਾਲ ਇਹ ਗੱਲ ਕਹਿ ਸਕਦਾ ਹਾਂ । ਯੂ. ਬੀ. ਡੀ. ਸੀ. ਬਾਰੇ ਮੈਂ ਦੋ ਸ਼ਬਦ ਕਹਿਣੇ ਹਨ ਕਿਉਂਕਿ, ਇਹ ਮੇਰੇ ਜ਼ਿਲ੍ਹੇ ਵਿਚੋਂ, ਖਾਸ ਕਰਕੇ ਮੇਰੇ ਹਲਕੇ ਵਿਚੋਂ ਜਾਂਦੀ ਹੈ । ਇਸ ਦੀ ਮਹੱਤਤਾ ਇਹ ਹੈ ਕਿ ਉਥੇ ਮਾਝੇ ਵਿਚ ਪਾਣੀ ਖਾਰਾ ਹੈ । ਉਥੋਂ ਦੇ ਲੋਕਾਂ ਨੂੰ ਮਿੱਠਾ ਪਾਣੀ ਮਿਲੇਗਾ । ਗੁਰਦਾਸਪੁਰ ਅਤੇ ਅੰਮ੍ਰਿਤਸਰ ਵਿਚ ਦਿਨ-ਬਦਿਨ ਜੋ ਧਰਤੀ ਹੇਠਲਾ ਪਾਣੀ ਹੋਰ ਥੱਲੇ ਨੂੰ ਜਾ ਰਿਹਾ ਹੈ, ਉਸ ਦਾ ਲੈਵਲ ਉਪਰ ਆਵੇਗਾ ਅਤੇ ਇਸ ਨਾਲ ਨਿਸ਼ਚੇ ਹੀ ਕਿਸਾਨਾਂ ਨੂੰ ਫਾਇਦਾ ਹੋਵੇਗਾ । ਨਹਿਰੀ ਪਾਣੀ ਵਧੇਗਾ । ਬਿਜਲੀ ਦੀ ਪ੍ਰੋਡਕਸ਼ਨ ਵਧੇਗੀ ਅਤੇ ਇਸ ਨਾਲ ਕਿਸਾਨਾਂ ਨੂੰ ਬੜੀ ਰਾਹਤ ਮਿਲੇਗੀ । ਇਸ ਗੱਲ ਲਈ ਮੈਂ ਆਪਣੀ ਪਾਰਟੀ ਨੂੰ ਵਧਾਈ ਦਿੰਦਾ ਹਾਂ । ਇਸ ਦੇ ਨਾਲ ਹੀ ਇਸ ਨਹਿਰੀ ਪਾਣੀ ਨਾਲ ਸਾਢੇ ਤਿੰਨ ਲੱਖ ਹੈਕਟਰ ਜ਼ਮੀਨ ਜਿਹੜੀ ਕਿ ਪਠਾਨਕੋਟ ਤੋਂ ਲੈ ਕੇ ਹੁਸੈਨੀਵਾਲਾ ਪਾਕਿਸਤਾਨ ਦੇ ਬਾਰਡਰ ਤੱਕ ਤਕਰੀਬਨ ਸਾਢੇ ਤਿੰਨ ਲੱਖ ਹੈਕਟਰ ਜ਼ਮੀਨ ਬਣਦੀ ਹੈ, ਉਸ ਨੂੰ ਵਧੇਰੇ ਸਿੰਚਾਈ ਲਈ ਪਾਣੀ ਮਿਲੇਗਾ । ਇੰਨੀ ਜ਼ਮੀਨ ਹੋਰ ਵਧੇਰੇ ਆਬਾਦ ਹੋਣ ਨਾਲ ਖੇਤੀ ਵਿਚ ਵਾਧਾ ਹੋਵੇਗਾ । ਸਪੀਕਰ ਸਾਹਿਬ, ਸਮੇਂ ਨੂੰ ਧਿਆਨ ਵਿਚ ਰੱਖਦਾ ਹੋਇਆ ਜਿਣਸ ਦੀਆਂ ਕੀਮਤਾਂ ਬਾਰੇ ਕੁਝ ਸ਼ਬਦ ਕਹਾਂਗਾ । ਮੇਰੀ ਸਰਕਾਰ ਨੇ ਬਹੁਤ ਕੁਝ ਕੀਤਾ ਹੈ । ਪਿਛਲੇ ਦੋ ਸਾਲਾਂ ਵਿਚ ਬੜੇ ਵੱਡੇ ਵੱਡੇ ਯਤਨ ਕੀਤੇ ਹਨ । ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਚੰਗੇ ਰੇਟ ਲੈ ਕੇ ਦਿੱਤੇ ਹਨ । ਪਰ ਦੁੱਖ ਦੀ ਗੱਲ ਹੈ ਕਿ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਕਿਸਾਨ ਨੂੰ ਉਨ੍ਹਾਂ ਦੀ ਜਿਣਸ

ਦਾ ਵਾਜਬ ਰੇਟ ਨਹੀਂ ਮਿਲ ਰਿਹਾ। ਸਾਨੂੰ ਪਿਛਲੇ ਸਾਲ ਬਜਟ ਸਮੇਂ ਵਿੱਤ ਮੰਤਰੀ ਜੀ ਨੇ ਦੱਸਿਆ ਸੀ ਕਿ 1,000 ਕਰੋੜ ਰੁਪਏ ਸਬਸਿਡੀ ਦੇ ਤੌਰ ਤੇ ਕੇਂਦਰ ਸਰਕਾਰ ਪੰਜਾਬ ਨੂੰ ਦੇ ਰਹੀ ਹੈ। ਮੈਂ ਸਮਝਦਾ ਹਾਂ ਕਿ ਜੇਕਰ ਲਾਗਤ ਦੀ ਕੀਮਤ ਅਤੇ ਮਿਲਦੀ ਕੀਮਤ ਨੂੰ ਪ੍ਰਾਈਸ-ਇੰਡੈਕਸ ਨਾਲ ਜੋੜਿਆ ਜਾਵੇ ਤਾਂ ਇਕੱਲੇ ਪੰਜਾਬ ਨੂੰ ਹੀ 4,000 ਕਰੋੜ ਰੁਪਏ ਵੱਧ ਮਿਲਣੇ ਚਾਹੀਦੇ ਹਨ। ਸੈਂਟਰ ਸਾਨੂੰ 1,000 ਕਰੋੜ ਰੁਪਏ ਦੇ ਰਿਹਾ ਹੈ। ਇਸ ਤਰਾਂ ਸਾਨੂੰ 3,000 ਕਰੋੜ ਰੁਪਏ ਦਾ ਘਾਟਾ ਪੈ ਰਿਹਾ ਹੈ.....

ਸ੍ਰੀ ਸਪੀਕਰ: ਵਾਈਂਡ-ਅੱਪ ਕਰੋ ਜੀ।

ਕੈਪਟਨ ਬਲਬੀਰ ਸਿੰਘ ਬਾਠ : ਮੈਂ ਜੰਗਲਾਤ ਦੇ ਬਾਰੇ ਕੁਝ ਗੱਲਾਂ ਕਹਿ ਕੇ ਸਮਾਪਤ ਕਰਦਾ ਹਾਂ ਜੀ। ਮੈਂ ਕੱਲ੍ਹ ਨੂੰ ਬੋਲ ਲਵਾਂਗਾ ਜੀ।

ਸ੍ਰੀ ਸਪੀਕਰ : ਕੱਲ੍ਹ ਨੂੰ ਡਿਸਕਸ਼ਨ ਨਹੀਂ ਹੋਣੀ।

ਕੈਪਟਨ ਬਲਬੀਰ ਸਿੰਘ ਬਾਠ : ਚੰਗਾ ਜੀ, ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਹੁਣ ਸਮਾਪਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਸੀਂ ਮੈਨੂੰ 19 ਮਾਰਚ ਨੂੰ ਸਪੀਚ ਜਾਰੀ ਰੱਖਣ ਦਾ ਮੌਕਾ ਦਿਉਗੇ।

ਸ੍ਰੀ ਸਪੀਕਰ : ਠੀਕ ਹੈ ਤੁਸੀਂ 19 ਮਾਰਚ ਨੂੰ ਆਪਣੀ ਸਪੀਚ ਜਾਰੀ ਰੱਖਣਾ। ਹੁਣ ਹਾਊਸ ਵੀਰਵਾਰ, ਮਿਤੀ 18 ਮਾਰਚ, 1999 ਸਵੇਰੇ 9-00 ਵਜੇ ਤੱਕ ਸਥੱਗਿਤ ਕੀਤਾ ਜਾਂਦਾ ਹੈ।

*6-30 ਵਜੇ ਸ਼ਾਮ	(ਇਸ ਉਪਰੰਤ ਸਦਨ ਵੀਰਵਾਰ, ਮਿਤੀ 18 ਮਾਰਚ, 1999 ਦੇ 9-00 ਸਵੇਰੇ ਤਕ *ਸਥੱਗਿਤ ਹੋ ਗਿਆ।)

—0—

APPENDIX

TO

PUNJAB VIDHAN SABHA DEBATES

Dated, the 17th March, 1999

VOL. VII, NO. 5

UNSTARRED QUESTION AND ANSWER

—0—

ਅਸਲਾ ਅਤੇ ਵਿਸਫੋਟਕ ਸਮੱਗਰੀ ਬਰਾਮਦ ਕਰਨਾ

349. ਸਰਦਾਰ ਮੱਖਣ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪਿਛਲੇ ਦੋ ਸਾਲਾਂ ਦੌਰਾਨ ਬਰਾਮਦ ਕੀਤੇ ਗਏ ਅਸਲਾ ਅਤੇ ਵਿਸਫੋਟਕ ਸਮੱਗਰੀ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਸ੍ਰੀਮਾਨ ਜੀ, ਪਿਛਲੇ ਦੋ ਸਾਲਾਂ ਦੌਰਾਨ ਬਰਾਮਦ ਕੀਤੇ ਗਏ ਹਥਿਆਰਾਂ ਅਤੇ ਵਿਸਫੋਟਕ ਸਮੱਗਰੀ ਦੇ ਜ਼ਿਲ੍ਹਾ-ਵਾਰ ਵੇਰਵੇ ਹੇਠ ਲਿਖੇ ਦਰਸਾਏ ਅਨੁਸਾਰ ਹਨ :—

ਜ਼ਿਲ੍ਹੇ ਦਾ ਨਾਮ	ਲੜੀ ਨੰ.	ਹਥਿਆਰ ਅਤੇ ਵਿਸਫੋਟਕ ਸਮੱਗਰੀ ਦੀ ਕਿਸਮ	ਸਾਲ 1997	ਸਾਲ 1998	ਸਾਲ 1999 ਤੋਂ ਲੈ ਕੇ 9-3-99
1	2	3	4	5	6
ਸੰਗਰੂਰ	1.	ਪਿਸਤੌਲ/ਰਿਵਾਲਵਰ	6	18	2
	2.	ਰਾਈਫਲ/ਗੰਨ	1	9	...
	3.	ਹੈਂਡਗ੍ਰਨੇਡ	—	1	—
ਪਟਿਆਲਾ	1.	ਪਿਸਤੌਲ	20	25	7
	2.	ਗੰਨ	8	17	3
	3.	ਰਿਵਾਲਵਰ	1	3	—

1	2	3	4	5	6
	4.	ਰਾਈਫਲ	2	1	—
	5.	ਸਟੇਨਗੰਨ	1	—	—
	6.	ਡੈਟੋਨੇਟਰ	—	2	—
	7.	ਸਟਿੱਕ ਬੰਬ	—	14	—
	8.	ਕਾਰਟਰਾਈਡਜ਼	53	172	23
ਮਜੀਠਾ	1.	ਰਾਈਫਲ ਏ. ਕੇ. 47/ 56/74	—	3	—
	2.	ਹੋਰ ਰਾਈਫਲ	—	4	—
	3.	ਰਿਵਾਲਵਰ	2	5	1
	4.	ਪਿਸਟਲ	4	18	2
	5.	ਮਾਊਜ਼ਰ	3	1	2
	6.	ਗੰਨ	4	5	—
	7.	ਬੰਬ	6	—	—
	8.	ਡੈਟੋਨੇਟਰ	19	46	—
	9.	ਮੈਗਜ਼ੀਨ	—	10	1
	10.	ਕਾਰਟਰਾਈਡਜ਼	70	454	40
	11.	ਵਿਸਫੋਟਕ	9,500 ਕਿਲੋ	—	—
ਖੰਨਾ		ਨਿੱਲ			
ਰੋਪੜ	1.	ਰਾਈਫਲ ਏ.ਕੇ. 56/47	—	6	—
	2.	ਰਾਈਫਲ/ਗੰਨ	3	5	1
	3.	ਪਿਸਟਲ	8	13	3
	4.	ਰਿਵਾਲਵਰ	1	2	—
	5.	ਕਾਰਟਰਾਈਡਜ਼	544	449	9
	6.	ਵਿਸਫੋਟਕ ਸਮੱਗਰੀ	—	8 ਕਿਲੋ	—
	7.	ਕੋਰਡੈਕਸ ਵਾਇਰ	—	2 ਬੰਡਲ	—
	8.	ਟਾਈਮਰ ਏ. ਬੀ. ਸੀ. ਡੀ	—	4	—
	9.	ਟਾਇਮਰ ਕਿਨਰੋਡ ਸਵਿੱਚ	—	2	—
	10.	ਟਾਈਮ ਪੈਨਸਿਲ	—	2	—
	11.	ਬੈਟਰੀ ਬੋਲਟ	—	4	—

1	2	3	4	5	9
ਬਠਿੰਡਾ	1.	ਪਿਸਟਲ	23	23	3
	1.	ਰਿਵਾਲਵਰ	2	—	—
	3.	ਰਾਈਫਲ	4	—	—
	4.	ਗਨ	3	5	—
	5.	ਕਾਰਟਰਾਈਡਜ਼	185	77	10
ਮਾਨਸਾ	1.	ਪਿਸਟਲ	5	7	2
	2.	ਰਾਈਫਲ	1	1	—
	3.	ਗੰਨ	3	5	—
	4.	ਕਾਰਟਰਾਈਡਜ਼	52	61	3
ਕਪੂਰਥਲਾ		ਨਿਲ			
ਹੁਸ਼ਿਆਰਪੁਰ		ਨਿੱਲ			
ਬਟਾਲਾ		ਨਿੱਲ			
ਫਤਹਿਗੜ੍ਹ ਸਾਹਿਬ	1.	ਪਿਸਟਲ	9	10	5
	2.	ਰਿਵਾਲਵਰ	—	2	1
	3.	ਕਾਰਟਰਾਈਡਜ਼	24	206	23
	4.	ਰਾਈਫਲ	1	—	—
	5.	ਏ. ਕੇ. 47	—	2	—
	6.	ਡੈਟੋਨੇਟਰ	—	21	—
	7.	ਗਰਨੇਡ	1	2	—
	8.	ਰਾਕੇਟ ਲਾਂਚਰ	—	15	—
	9.	ਵਿਸਫੋਟਕ ਸਟਿਕਸ	—	37	9
	10.	ਆਰ. ਡੀ. ਐਕਸ.	—	10 ਕਿਲੋ	—
	11.	ਬੰਬ	—	—	1
ਤਰਨਤਾਰਨ		ਨਿਲ			
ਫਿਰੋਜ਼ਪੁਰ		ਨਿਲ			
ਨਵਾਂ ਸ਼ਹਿਰ		ਨਿਲ			

1	2	3	4	5	6
ਜਗਰਾਵਾਂ	1.	ਰਾਈਫਲ ਏ. ਕੇ. 47	—	2	—
	2.	ਮੈਗਜ਼ੀਨ ਏ. ਕੇ. 47	—	1	—
	3.	ਰਿਵਾਲਵਰ	—	4	—
	4.	ਪਿਸਟਲ	—	7	—
	5.	ਗੰਨ	—	5	—
	6.	ਜੀ.ਪੀ.ਐਮ.ਗਨ	—	1	—
	7.	ਮੈਗਜ਼ੀਨ ਜੀ.ਪੀ.ਐਮ.	—	2	—
	8.	ਰਾਈਫ਼ਲ	—	1	—
	9.	ਮਾਊਜ਼ਰ	—	1	—
	10.	ਕਾਰਟਰਾਈਡਜ਼	—	148	—
	11.	ਐਮ.ਟੀ. ਕਾਰਟਰਾਈਡਜ਼	—	34	—
ਬਰਨਾਲਾ	1.	ਰਿਵਾਲਵਰ	—	2	—
	2.	ਪਿਸਟਲ	—	3	—
	3.	ਕਾਰਟਰਾਈਡਜ਼	—	10	—
ਮੁਕਤਸਰ	1.	ਪਿਸਟਲ	157	—	—
	2.	ਰਿਵਾਲਵਰ	14	—	—
	3.	ਗੰਨ	47	—	—
	4.	ਰਾਈਫਲ	17	—	—
	5.	ਰਾਈਫਲ ਏ.ਕੇ. 47 56/74	18	—	—
	6.	ਕਾਰਬਾਈਨ	1	—	—
	7.	ਮਾਊਜ਼ਰ	1	—	—
	8.	ਗੰਨ	2	—	—
	9.	ਮੈਗਜ਼ੀਨ	11	—	—
ਜੀ. ਆਰ. ਪੀ.	1.	ਪਿਸਟਲ	3	3	1
	2.	ਰਿਵਾਲਵਰ	—	1	—
	3.	ਹੈਂਡ ਗ੍ਰਨੇਡ ਬੰਬ	—	1	[illegible]
	4.	ਵਿਸਫੋਟਕ ਸਮੱਗਰੀ	—	—	[illegible] ਕਿਲੋਗ੍ਰਾਮ

1	2	3	4	5	6
ਫਰੀਦਕੋਟ	1.	ਗੰਨ 12 ਬੋਰ	1	4	—
	2.	ਰਾਈਫਲ	—	1	—
ਮੋਗਾ		ਨਿੱਲ			
ਅੰਮ੍ਰਿਤਸਰ	1.	ਰਾਈਫਲ ਏ. ਕੇ. 47	2	1	—
	2.	ਰਾਈਫਲ 315 ਬੋਰ	2	—	—
	3.	ਗੰਨ 12 ਬੋਰ	4	1	1
	4.	ਰਿਵਾਲਵਰ 32 ਬੋਰ	6	54	—
	5.	ਰਿਵਾਲਵਰ 38 ਬੋਰ	2	—	—
	6.	ਮਾਉਜ਼ਰ	1	8	—
	7.	ਪਿਸਟਲ 12 ਬੋਰ	27	11	2
	8.	ਪਿਸਟਲ 3x3	10	5	—
	9.	ਪਿਸਟਲ 315 ਬੋਰ	—	—	1
	10	ਪਿਸਟਲ 38 ਬੋਰ	—	2	—
	11.	ਪਿਸਟਲ 22 ਬੋਰ	—	1	—
	12.	ਕਾਰਤੂਸ	483	426	94
	13.	ਵਿਸਫੋਟਕ ਸਮੱਗਰੀ	8.570 ਗਰਾਮ	40.400 ਗਰਾਮ	—
	14	ਹੈਂਡ ਗ੍ਰਨੇਡ	6	9	—
	15.	ਡੈਟੋਨੇਟਰ	10	13	—
	16.	ਰੌਕਟ	1	—	—
	17.	ਫਿਊਜ	—	2	—
ਗੁਰਦਾਸਪੁਰ		ਨਿਲ			
ਲੁਧਿਆਣਾ	1.	ਪਿਸਟਲ	37	40	—
	2.	ਰਿਵਾਲਵਰ	8	3	—
	3.	ਮਾਉਜ਼ਰ	2	1	—
	4.	ਗੰਨ	5	3	—
	5.	ਰਾਈਫਲ	20	4	—

1	2	3	4	5	6
	6.	ਕਾਰਬਾਈਨ	3	—	—
	7.	ਮਸ਼ੀਨਗਨ	2	—	—
	8.	ਮੈਗਜੀਨ	21	—	—
	9.	ਐਸ. ਐਲ. ਆਰ	—	1	—
	10.	ਕਾਰਤੂਸ	255	97	—
	11.	ਹੈਂਡ ਗ੍ਰਨੇਡ	2	—	—
	12.	ਡੇਟਰੋਨੇਟਰ	1	—	—
ਜਲਧੰਰ		ਨਿੱਲ			

1100—9-8-99—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ ।

© 1999

Published under the authority of the Punjab Vidhan Sabha and Printed by the Controller, Printing and Stationery, Punjab, at the Government Press, Patiala.

PUNJAB VIDHAN SABHA

DEBATES

18th March, 1999

(Morning Sitting)

Vol. VII—No. 6

OFFICIAL REPORT

CONTENTS

(Morning Sitting)

Thursday, the 18th March, 1999

Punjab Vidhan Sabha Secretariat, Chandigarh.

Price Rs.

PUNJAB VIDHAN SABHA

Thursday, the 18th March, 1999

(Morning Sitting)

The Vidhan Sabha met in the Punjab Vidhan Sabha Hall, Vidhan Bhavan, Sector—1, Chandigarh, at 9.00 A.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

Supplementaries to Starred Question No.** 1508

ਸ੍ਰੀ ਸਪੀਕਰ : ਸਟਾਰਡ ਕੁਐਸਚਨ ਨੰਬਰ 1508 ਤੇ ਸਪਲੀਮੈਂਟਰੀਜ਼ । ਸਰਦਾਰ ਇੰਦਰਜੀਤ ਸਿੰਘ ਜ਼ੀਰਾ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਲ 1997 ਵਿਚ ਮੂਲਾਂਪੁਰ ਵਿਖੇ ਕਮਿਊਨਟੀ ਹੈਲਥ ਸੈਂਟਰ ਬਣਾਉਣ ਲਈ ਅੱਠਵੇਂ ਮਹੀਨੇ ਵਿਚ ਮੁੱਖ ਮੰਤਰੀ ਸਾਹਿਬ ਨੇ ਨੀਂਹ ਪੱਥਰ ਰੱਖਿਆ ਸੀ ? ਜੇ ਰੱਖਿਆ ਸੀ ਤਾਂ ਉਸਦੇ ਬਾਰੇ ਕੀ ਕਾਰਵਾਈ ਹੋਈ ਹੈ ?

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸ੍ਰੀ ਮਨੋਰੰਜਨ ਕਾਲੀਆ) : ਸਪੀਕਰ ਸਾਹਿਬ, ਅੱਠਵੇਂ ਮਹੀਨੇ ਵਿਚ ਨਹੀਂ ਰੱਖਿਆ ਸੀ, ਬਲਕਿ ਨੌਵੇਂ ਮਹੀਨੇ ਵਿੱਚ ਭਾਵ 26-9-97 ਨੂੰ ਮੁੱਖ ਮੰਤਰੀ ਸਾਹਿਬ ਨੇ ਨੀਂਹ ਪੱਥਰ ਰੱਖਿਆ ਸੀ ਅਤੇ ਕਮਿਊਨਟੀ ਹੈਲਥ ਸੈਂਟਰ ਬਣਾਉਣ ਦੀ ਤਜ਼ਵੀਜ਼ ਕਾਰਵਾਈ ਅਧੀਨ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੰਤਰੀ ਜੀ ਦੱਸਣ ਦੀ ਖੇਚਲ ਕਰਨ ਕਿ ਕੀ ਕਾਰਵਾਈ ਹੋ ਰਹੀ ਹੈ ? ਕਾਰਵਾਈ ਅਧੀਨ ਹੈ ਜਾਂ ਨਹੀਂ ?

ਸ੍ਰੀ ਸਪੀਕਰ : ਕਾਰਵਾਈ ਅਧੀਨ ਹੈ, ਮੰਤਰੀ ਜੀ ਨੇ ਕਿਹਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਹੁਣ 1999 ਆ ਗਿਆ ਹੈ । ਕੀ ਮੰਤਰੀ ਜੀ ਇਹ ਭਰੋਸਾ ਦਿਵਾਉਣਗੇ ਕਿਉਂ ਕਿ ਇਸ ਦਾ ਨੀਂਹ ਪੱਥਰ ਮੁੱਖ ਮੰਤਰੀ ਸਾਹਿਬ ਨੇ ਰੱਖਿਆ ਹੈ, ਇਸ ਕਮਿਊਨਟੀ ਹੈਲਥ ਸੈਂਟਰ ਨੂੰ ਛੇਤੀ ਹੀ ਬਣਾ ਕੇ ਚਾਲੂ ਕਰ ਦੇਣਗੇ ?

ਮੰਤਰੀ : ਅਗਲੇ ਫਾਈਨਾਂਸ਼ੀਅਲ ਈਅਰ ਵਿਚ ਲੈ ਕੇ ਆਵਾਂਗੇ ਜੀ ।

**For Starred Question No. 1508 and reply thereto, please see P.V.S. Debates dated 17-3-1999.

ਮੁਕੇਰੀਆਂ ਵਿਖੇ ਪੋਲੀਟੈਕਨਿਕ ਸੰਸਥਾ ਸਥਾਪਿਤ ਕਰਨਾ

*1567. ਸ਼੍ਰੀ ਰਮੇਸ਼ ਚੰਦਰ ਡੋਗਰਾ : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੋਲੀਟੈਕਨਿਕ ਸੰਸਥਾ ਦੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਿਸ ਮਹੀਨੇ ਅਤੇ ਸਾਲ ਵਿਚ ਮੁਕੰਮਲ ਹੋਇਆ ਸੀ;

(ਅ) ਕੀ ਉਕਤ ਪੋਲੀਟੈਕਨਿਕ ਵਿਚ ਕਲਾਸਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ; ਜੇਕਰ ਨਹੀਂ, ਤਾਂ ਇਸ ਦੇ ਕਾਰਣ ਕੀ ਹਨ ਅਤੇ ਕਿਸ ਵਿਦਿਅਕ ਸਾਲ ਤੋਂ ਕਲਾਸਾਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ।

ਡਾਕਟਰ ਉਪਿੰਦਰਜੀਤ ਕੌਰ : (ੳ) ਮੁਕੇਰੀਆਂ ਵਿਖੇ ਕਿਸੇ ਵੀ ਸਰਕਾਰੀ ਪਾਲੀ-ਟੈਕਨਿਕ ਇੰਸਟੀਚਿਊਟ ਦੀ ਉਸਾਰੀ ਨਹੀਂ ਕੀਤੀ ਗਈ ।

(ਅ) ਉਪਰੋਕਤ 'ੳ' ਦੀ ਰੋਸ਼ਨੀ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਹੈ ।

Shri Romesh Chander Dogra : Is there any other Technical Institute awaiting commencement of classes in Mukerian, whose building has been completed If so, will the Government commence classes there in this Session ?

(ਕੁਝ ਆਵਾਜ਼ਾਂ; ਪੰਜਾਬੀ ਵਿਚ ਬੋਲੋ ਜੀ) ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕੀ ਮੁਕੇਰੀਆਂ ਵਿਖੇ ਕੋਈ ਟੈਕਨੀਕਲ ਇੰਸਟੀਚਿਊਟ ਜਿਸ ਦੀ ਪਿਛਲੇ ਥੋੜ੍ਹੇ ਦਿਨ ਪਹਿਲਾਂ ਬਿਲਡਿੰਗ ਕੰਪਲੀਟ ਹੋਈ ਹੈ ਅਤੇ ਉਹ ਕਲਾਸਾਂ ਦੀ ਕਮੈਂਸਮੈਂਟ ਵਾਸਤੇ ਵੇਟ ਕਰ ਰਹੀ ਹੈ, ਕੀ ਸਰਕਾਰ ਇਸ ਸੈਸ਼ਨ ਤੋਂ ਉਸ ਇੰਸਟੀਚਿਊਟ ਵਿਚ ਕਲਾਸਾਂ ਸ਼ੁਰੂ ਕਰ ਦੇਵੇਗੀ ?

ਸ਼੍ਰੀ ਸਪੀਕਰ : ਉਹ ਤਾਂ ਪ੍ਰਾਈਵੇਟ ਹੈ ।

Shri Romesh Chander Dogra : I do not mean Technical Institution. I mean Government Technical Institution.

ਮੰਤਰੀ : ਸਪੀਕਰ ਸਾਹਿਬ, ਮੁਕੇਰੀਆਂ ਵਿਖੇ ਇਕ ਅਨ-ਏਡਿਡ ਪ੍ਰਾਈਵੇਟ ਪਾਲੀ-ਟੇਕਨਿਕ ਇੰਸਟੀਚਿਊਟ ਕੈਪਟਨ ਮਹਿਤਾਬ ਸਿੰਘ ਅਟੱਲਗੜ੍ਹ ਦੀ ਸਥਾਪਨਾ ਹੋਈ ਹੈ । ਗੌਰਮਿੰਟ ਵੱਲੋਂ ਕੋਈ ਪਾਲੀਟੈਕਨਿਕ ਇੰਸਟੀਚਿਊਟ ਸਥਾਪਤ ਨਹੀਂ ਕੀਤਾ ਗਿਆ । ਇਸ ਕਰਕੇ ਇਸ ਨਾਲ ਸਬੰਧਤ ਕੋਈ ਵੀ ਪ੍ਰਸ਼ਨ ਰੈਲੇਵੈਂਟ ਨਹੀਂ ਹੈ ।

Shri Romesh Chander Dogra : Government Polytechnic Institution was in the initial stage. Later on, it was converted to the Technical Institute. Captain Mehtab Singh Institute is a private institution. That I.T.I. Building has been prepared. This has been constructed and this building is awaiting commencement of classes. I want to know from the Minister whether they are going to commence the classes this year or not ? Is there any other Govt. Technical Institute ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਵਿਧਾਇਕ ਸਾਹਿਬ ਦੇ ਸਵਾਲ ਦਾ ਜਵਾਬ ਜੋ ਸੀ ਉਹ ਪਾਲੀਟੈਕਨਿਕ ਦੇ ਨਾਲ ਸਬੰਧਤ ਸੀ, ਉਸਦਾ ਉੱਤਰ ਅਸੀਂ ਦੇ ਦਿਤਾ ਹੈ ਪਰ ਬਾਕੀ ਇਨ੍ਹਾਂ ਨੇ ਸਪਲੀਮੈਂਟਰੀ ਵਿਚ ਆਈ.ਟੀ.ਆਈ. ਬਾਰੇ ਪੁੱਛਿਆ ਹੈ। 7-11-94 ਨੂੰ ਆਈ.ਟੀ.ਆਈ. ਸਥਾਪਿਤ ਕਰਨ ਲਈ ਪ੍ਰਵਾਨਗੀ ਦਿਤੀ ਗਈ ਸੀ ਅਤੇ ਉਸ ਪ੍ਰੋਜੈਕਟ ਦੀ ਕੁਲ ਕਾਸਟ 217.34 ਲੱਖ ਰੁਪਏ ਦੀ ਸੀ। ਉਥੇ ਕੰਮ ਸ਼ੁਰੂ ਕੀਤਾ ਗਿਆ ਹੈ ਔਰ ਐਡਮਨਿਸਟ੍ਰੇਟਿਵ ਬਲਾਕ ਤੇ ਵਰਕਸ਼ਾਪ ਬਲਾਕ ਦਾ ਕਾਫੀ ਹਿੱਸਾ ਮੁਕੰਮਲ ਹੋ ਚੁੱਕਾ ਹੈ। ਸਿਵਲ ਵਰਕਸ ਲਈ ਸਾਨੂੰ ਲਗਭਗ 46 ਲੱਖ ਰੁਪਏ ਦੀ ਲੋੜ ਹੈ। ਮਸ਼ੀਨਰੀ ਲਈ ਸਾਨੂੰ 45 ਲੱਖ ਰੁਪਏ ਦੀ ਰਕਮ ਲੋੜੀਂਦੀ ਹੈ। ਸੋ, ਇਮਾਰਤ ਮੁਕੰਮਲ ਹੋਣ ਤੇ, ਮਸ਼ੀਨਰੀ ਉਪਲਬਧ ਹੋਣ ਤੇ ਅਤੇ ਸਟਾਫ ਉਪਲਬਧ ਹੋਣ ਤੇ ਅਸੀਂ ਇਸ ਇੰਸਟੀਚਿਊਟ ਨੂੰ ਚਾਲੂ ਕਰ ਸਕਾਂਗੇ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸ ਦਿੱਤਾ ਹੈ ਕਿ 45 ਲੱਖ ਰੁਪਏ ਦੀ ਲੋੜ ਹੈ ਪਰ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਇਹ ਇੰਸਟੀਚਿਊਟ ਇਸ ਸਾਲ ਵਿਚ ਸ਼ੁਰੂ ਹੋ ਜਾਵੇਗਾ ?

ਸ਼੍ਰੀ ਸਪੀਕਰ : ਬੀਬੀ ਜੀ, ਮੈਂਬਰ ਸਾਹਿਬ ਪੁੱਛ ਰਹੇ ਹਨ ਕਿ ਕੀ ਇਹ ਇੰਸਟੀਚਿਊਟ ਇਸ ਸਾਲ ਚਾਲੂ ਹੋ ਜਾਵੇਗਾ ਜਾਂ ਨਹੀਂ।

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਅਤੇ ਵਿੱਤ ਮੰਤਰੀ ਜੀ ਨੂੰ ਇਸ ਲਈ ਫੰਡਜ਼ ਪ੍ਰੋਵਾਈਡ ਕਰਨ ਲਈ ਬੇਨਤੀ ਕੀਤੀ ਹੈ। ਜੇਕਰ ਫੰਡਜ਼ ਪ੍ਰੋਵਾਈਡ ਹੋ ਗਏ ਤਾਂ ਸਾਰਾ ਕਾਰਜ ਮੁਕੰਮਲ ਹੋਣ ਉਪਰੰਤ ਇਸ ਨੂੰ ਸ਼ੁਰੂ ਕਰ ਦੇਵਾਂਗੇ।

(ਇਸ ਸਮੇਂ ਸ਼੍ਰੀ ਰਮੇਸ਼ ਚੰਦਰ ਡੋਗਰਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

ਸ਼੍ਰੀ ਸਪੀਕਰ : ਡੋਗਰਾ ਜੀ, ਉਨ੍ਹਾਂ ਨੇ ਕਹਿ ਦਿੱਤਾ ਹੈ ਕਿ ਇਸ ਸਾਲ ਇਹ ਬਿਲਡਿੰਗ ਸ਼ੁਰੂ ਹੋਣ ਦੀ ਸੰਭਾਵਨਾ ਨਹੀਂ ਹੈ। ਜੋ ਅੜਿੱਕਾ ਹੈ, ਉਨ੍ਹਾਂ ਨੇ ਦੱਸ ਦਿੱਤਾ ਹੈ

ਸ਼੍ਰੀ ਅਰੁਨੇਸ਼ਕੁਮਾਰ : ਮਾਨਯੋਗ ਸਪੀਕਰ ਸਾਹਿਬ, ਪਿਛਲੇ ਸਾਲ ਹਾਊਸ ਵਿਚ ਕਿਹਾ ਗਿਆ ਸੀ ਕਿ ਫੰਡਜ਼ ਉਪਲਬਧ ਹੋਣ ਤੇ ਇਹ ਆਈ.ਟੀ.ਆਈ. ਸ਼ੁਰੂ ਕਰ ਦਿੱਤੀ ਜਾਵੇਗੀ ਪਰ ਇਹ ਹਾਲੇ ਤੱਕ ਸ਼ੁਰੂ ਨਹੀਂ ਹੋਈ। ਇਸ ਲਈ ਕੀ ਮੰਤਰੀ ਜੀ ਟਾਈਮ

[ਸ੍ਰੀ ਅਰੁਨੇਸ਼ ਕੁਮਾਰ]

ਬਾਊਂਡ ਕਰਨਗੇ ਕਿ ਇਹ ਫੰਡਜ਼ ਕਦੋਂ ਉਪਲਬਧ ਹੋ ਜਾਣਗੇ ਅਤੇ ਇਹ ਆਈ.ਟੀ.ਆਈ. ਕਦੋਂ ਤੱਕ ਚਾਲੂ ਹੋ ਜਾਵੇਗੀ ? ਉਥੇ ਪਬਲਿਕ ਹੈਲਥ ਦਾ ਕੰਮ ਸ਼ੁਰੂ ਹੋ ਚੁੱਕਾ ਹੈ, ਬਿਲਡਿੰਗ ਤਿਆਰ ਹੋ ਚੁੱਕੀ ਹੈ। ਸਿਰਫ ਪੀ.ਡਬਲਯੂ.ਡੀ. ਨੇ ਹੈਂਡ-ਓਵਰ ਨਹੀਂ ਕੀਤੀ। ਇਹ ਬਿਲਡਿੰਗ ਦਾ ਚਾਰਜ ਕਿਉਂ ਨਹੀਂ ਲੈ ਰਹੇ ?

ਸ੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ।

ਸ੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਟਾਈਮ ਬਾਊਂਡ ਕਰਨਗੇ ਕਿ ਇਹ ਸੰਸਥਾ ਕਦੋਂ ਤੱਕ ਚਾਲੂ ਹੋ ਜਾਵੇਗੀ ? ਇਸ ਦੀ ਬਿਲਡਿੰਗ ਕੰਪਲੀਟ ਹੋਏ ਨੂੰ ਦੋ ਸਾਲ ਹੋ ਚੁਕੇ ਹਨ।

ਸ੍ਰੀ ਸਪੀਕਰ : ਮਸਲਾ ਤਾਂ ਪੈਸਿਆਂ ਦਾ ਹੈ। (ਵਿਘਨ)

(ਇਸ ਸਮੇਂ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

ਬੀਬੀ ਜੀ ਪਹਿਲਾਂ ਅਰੁਨੇਸ਼ ਕੁਮਾਰ ਜੀ ਦੇ ਸਵਾਲ ਦਾ ਜਵਾਬ ਆ ਲੈਣ ਦਿਓ। ਤੁਸੀਂ ਫਿਰ ਪੁੱਛ ਲੈਣਾ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਧਾਇਕ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਇਸ ਨੂੰ ਛੇਤੀ ਮੁਕੰਮਲ ਕਰਨ ਦਾ ਯਤਨ ਕਰਾਂਗੇ। ਫੰਡਜ਼ ਲਈ ਮੰਗ ਕੀਤੀ ਗਈ ਹੈ, ਜਿਉਂ ਹੀ ਫੰਡਜ਼ ਮਿਲ ਜਾਣਗੇ ਅਸੀਂ ਸਾਰਾ ਕੰਮ ਖਤਮ ਕਰ ਦੇਵਾਂਗੇ।

श्रीमती लक्ष्मी कांता चावला : स्पीकर साहिब, मैं आपके माध्यम से मन्त्री जी से यह जानना चाहती हूं कि यह कोई भी योजना या संस्था या पालीटैकनिक शुरु करने से पहले फंडज का प्रबंध करते हैं या बिलडिंग खड़ी करने के बाद फंडज मांगते हैं।

ਸ੍ਰੀ ਸਪੀਕਰ : ਨਹੀਂ ਜੀ। ਇਹ ਕੋਈ ਸਪਲੀਮੈਂਟਰੀ ਨਹੀਂ ਹੈ।

ਸੰਗਤ ਅਤੇ ਰਾਮਾਮੰਡੀ, ਜ਼ਿਲ੍ਹਾ ਬਠਿੰਡਾ ਵਿਚ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨਾ

*1517. **ਸਰਦਾਰ ਮੱਖਣ ਸਿੰਘ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਠਿੰਡਾ ਦੇ ਸੰਗਤ ਅਤੇ ਰਾਮਾਮੰਡੀ ਕਸਬਿਆਂ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ ਨੂੰ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਉਪਿੰਦਰਜੀਤ ਕੌਰ ਸ੍ਰੀਮਾਨ ਜੀ, ਸੰਗਤ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਦੀ ਕੋਈ ਤਜ਼ਵੀਜ ਨਹੀਂ ਹੈ ਅਤੇ ਨਾ ਹੀ ਉਥੇ ਸੰਸਥਾ ਖੋਲ੍ਹਣ ਬਾਰੇ ਕੋਈ ਮੰਗ ਪ੍ਰਾਪਤ ਹੋਈ ਹੈ। ਪਰ ਰਾਮਾ ਮੰਡੀ ਵਿਖੇ ਉਦਯੋਗਿਕ ਸਿਖਲਾਈ ਸੰਸਥਾ ਸਥਾਪਿਤ ਕਰਨ ਲਈ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਪਰ ਇਸ ਬਾਰੇ ਕੋਈ ਨਿਸ਼ਚਿਤ ਸਮਾਂ ਨਹੀਂ ਦੱਸਿਆ ਜਾ ਸਕਦਾ ਜੀ।

ਸਰਦਾਰ ਮੱਖਣ ਸਿੰਘ : ਸਪੀਕਰ ਸਾਹਿਬ, ਸਾਰੇ ਹਾਊਸ ਨੂੰ ਪਤਾ ਹੈ ਕਿ ਰਾਮਾ ਮੰਡੀ ਵਿਖੇ 16,000 ਕਰੋੜ ਰੁਪਏ ਦੀ ਲਾਗਤ ਨਾਲ ਇਕ ਰਿਫ਼ਾਈਨਰੀ ਕਾਇਮ ਕੀਤੀ ਜਾ ਰਹੀ ਹੈ। ਇਸ ਵਾਸਤੇ ਟੈਕਨੀਕਲ ਬੰਦਿਆਂ ਦੀ ਜ਼ਰੂਰਤ ਪੈਣੀ ਹੈ। ਰਾਮਾ ਮੰਡੀ ਮਿਊਂਸਿਪਲ ਕਮੇਟੀ ਵਲੋਂ ਬੜੇ ਲੰਮੇ ਸਮੇਂ ਤੋਂ ਜ਼ਮੀਨ, ਰੈਜ਼ੋਲਿਊਸ਼ਨ ਪਾਸ ਕਰਕੇ ਇਨ੍ਹਾਂ ਨੂੰ ਦਿੱਤੀ ਜਾ ਚੁੱਕੀ ਹੈ। ਫਿਰ ਕੀ ਅੜਿੱਕਾ ਹੈ ਕਿ ਕਿਉਂ ਉਥੇ ਆਈ.ਟੀ.ਆਈ. ਸਥਾਪਿਤ ਨਹੀਂ ਕੀਤੀ ਜਾ ਰਹੀ। ਇਸ ਬਾਰੇ ਮੰਤਰੀ ਜੀ ਦੱਸਣ।

ਮੰਤਰੀ : ਵਿਧਾਇਕ ਸਾਹਿਬ ਨੇ ਜ਼ਮੀਨ ਬਾਰੇ ਦੱਸਿਆ ਹੈ ਕਿ ਮਿਊਂਸਿਪਲ ਕਮੇਟੀ ਰਾਮਾ ਮੰਡੀ ਨੇ ਰੈਜ਼ੋਲਿਊਸ਼ਨ ਪਾ ਕੇ ਦਿੱਤੀ ਹੈ। ਇਹ ਠੀਕ ਹੈ ਪਰ ਲੋਕਲ ਸੈਲਫ ਗੌਰਮਿੰਟ ਨੇ ਟੈਕਨੀਕਲ ਐਜੂਕੇਸ਼ਨ ਡਿਪਾਰਟਮੈਂਟ ਨੂੰ ਜ਼ਮੀਨ ਮੁਫ਼ਤ ਟਰਾਂਸਫਰ ਕਰਨ ਤੋਂ ਨਾਂਹ ਕਰ ਦਿੱਤੀ ਹੈ। ਇਸ ਕਰਕੇ ਅਜੇ ਤੱਕ ਇਹ ਸੰਸਥਾ ਲਈ ਜ਼ਮੀਨ ਹੀ ਐਕਵਾਇਰ ਨਹੀਂ ਹੋ ਸਕੀ। ਬਾਕੀ ਤਾਂ ਸਾਰੀ ਪ੍ਰੋਜੈਕਟ ਰਿਪੋਰਟ ਤਿਆਰ ਹੈ ਔਰ ਪੈਸੇ ਉਪਲੱਬਧ ਹੋਣ ਤੇ ਅਸੀਂ ਕੰਮ ਸ਼ੁਰੂ ਕਰਦਾ ਦੇਵਾਂਗੇ ਪਰ ਪਹਿਲਾਂ ਜ਼ਮੀਨ ਦੀ ਉਪਲਬਧੀ ਅਜੇ ਤੱਕ ਸਾਨੂੰ ਨਹੀਂ ਹੋਈ।

ਸਰਦਾਰ ਮੱਖਣ ਸਿੰਘ ਸਪੀਕਰ ਸਾਹਿਬ, ਮੈਂ ਟੈਕਨੀਕਲ ਐਜੂਕੇਸ਼ਨ ਮਨਿਸਟਰ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਸੰਗਤ ਮੰਡੀ ਵਿਚ ਕਿਸੇ ਵੀ ਸੰਸਥਾ ਵੱਲੋਂ ਕੋਈ ਮੰਗ ਨਹੀਂ ਕੀਤੀ ਗਈ। ਮੈਂ ਉਥੋਂ ਦਾ ਰਿਪਰੇਜ਼ੈਂਟੇਟਿਵ ਹਾਂ।

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਮੱਖਣ ਸਿੰਘ : ਪਰ ਨਾਲ ਹੀ ਕਿਹਾ ਸੀ ਕਿ ਕਿਸੇ ਨੇ ਕੋਈ ਮੰਗ ਨਹੀਂ ਕੀਤੀ। ਮੈਂ ਉਥੋਂ ਦਾ ਰਿਪਰੇਜ਼ੈਂਟੇਟਿਵ ਹਾਂ, ਮੇਰੇ ਨਾਲੋਂ ਵੱਡੀ ਮੰਗ ਹੋਰ ਕੌਣ ਕਰ ਸਕਦਾ ਹੈ। ਇਸ ਕਰਕੇ ਕੀ ਸੰਗਤ ਮੰਡੀ ਵਿਚ ਵੀ ਕੋਈ ਸੰਸਥਾ ਬਣਾਉਣ ਦੀ ਤਜਵੀਜ਼ ਹੈ ਕਿ ਨਹੀਂ ਹੈ?

ਮੰਤਰੀ : ਇਸ ਬਾਰੇ ਬੇਨਤੀ ਹੈ ਕਿ ਜਦੋਂ ਵੀ ਮੰਗ ਆਉਂਦੀ ਹੈ ਤਾਂ ਮੰਗ ਨਾਲ ਇਹ ਤਜਵੀਜ਼ ਆਉਂਦੀ ਹੈ ਕਿ ਪੰਜ ਏਕੜ ਭੂਮੀ ਆਈ.ਟੀ.ਆਈ. ਵਾਸਤੇ ਮੁਫ਼ਤ ਮਿਲੇਗੀ ਉਹ ਪੰਜ ਏਕੜ ਜ਼ਮੀਨ ਮੁਫ਼ਤ ਸਰਕਾਰ ਦੇ ਨਾਂ ਸ਼ਿਫਟ ਕਰਨੀ ਬਣਦੀ ਹੈ ਤਾਂ ਅਗਲੀ ਕਾਰਵਾਈ ਆਰੰਭ ਹੁੰਦੀ ਹੈ। ਕਿਉਂ ਜੋ ਸਾਨੂੰ ਕੋਈ ਸਪੈਸਿਫਿਕ ਪ੍ਰੋਪੋਜ਼ਲ ਪ੍ਰਾਪਤ ਨਹੀਂ ਹੋਈ, ਇਸ ਕਰਕੇ ਮੈਂ ਬੇਨਤੀ ਕੀਤੀ ਹੈ ਕਿ ਸਾਨੂੰ ਇਸ ਬਾਰੇ ਕੋਈ ਤਜਵੀਜ਼ ਪ੍ਰਾਪਤ ਨਹੀਂ ਹੋਈ।

ਸਰਦਾਰ ਮੱਖਣ ਸਿੰਘ : ਜੇ ਮੰਤਰੀ ਜੀ "ਹਾਂ" ਕਰ ਦੇਣ ਤਾਂ ਹੁਣ ਪੰਜ ਏਕੜ ਦਾ ਪ੍ਰਬੰਧ ਕਰ ਦੇਵਾਂਗੇ ।

ਸ਼੍ਰੀ ਸਪੀਕਰ : ਅਗਲਾ ਸਵਾਲ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1569

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਸਿਵਲ ਹਸਪਤਾਲ, ਬੰਗਾ ਦੀ ਇਮਾਰਤ ਨੂੰ ਵਧਾਉਣਾ

*1421. ਚੌਧਰੀ ਮੋਹਨ ਲਾਲ ਬਹਿਰਾਮ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ, ਬੰਗਾ ਦੀ ਇਮਾਰਤ ਵਿਚ ਵਾਧਾ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਹਸਪਤਾਲ ਵਿਚ ਮੁਹੱਈਆ ਕੀਤੀਆਂ ਜਾਣ ਵਾਲੀਆਂ ਹੋਰ ਸਹੂਲਤਾਂ ਦੇ ਵੇਰਵੇ ਕੀ ਹਨ ?

(ਅ) ਉਕਤ ਹਸਪਤਾਲ ਦੀ ਇਮਾਰਤ ਲਈ ਕੁਲ ਕਿੰਨੇ ਫੰਡ ਮਖਸੂਸ ਕੀਤੇ ਗਏ ਅਤੇ ਇਸ ਦਾ ਵਾਧਾ ਕੀਤੇ ਜਾਣ ਦੇ ਕੰਮ ਦੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਹਾਂ ਜੀ । ਸੂਚਨਾ ਸਦਨ ਦੀ ਮੇਜ਼ ਤੇ ਅਨੁਲਗ 'ਏ' ਅਨੁਸਾਰ ਰੱਖੀ ਜਾਂਦੀ ਹੈ ।

(ਅ) ਵਧੀਆ ਸਹੂਲਤਾਂ ਮੁਹੱਈਆ ਕਰਵਾਉਣ ਹਿੱਤ 96.64 ਲੱਖ ਰੁਪਏ ਹੋਰ ਖਰਚ ਕੀਤੇ ਜਾਣਗੇ । ਇਹ ਕੰਮ ਮਾਰਚ, 2000 ਤੱਕ ਪੂਰਾ ਹੋ ਜਾਵੇਗਾ ।

ANNEXURE—A

The renovation of the existing building, construction of houses, one each of category I,II,III,IV, additional double storey block comprising emergency, O.P.D., Diagnostics, blood bank, administratative block with additional area of 1210 sq. mt. would form the part of the additional facilities. In addition the hospital will have proper roads, parking, street lights, water supply and disposal system etc. With these additions, the hospital will cater to 30 Beds as per Indian standards.

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੰਤਰੀ ਜੀ ਦਾ ਧੰਨਵਾਦ, ਇਨ੍ਹਾਂ ਨੇ ਕਿਹਾ ਹੈ ਕਿ ਬੰਗਾ ਦਾ ਜੋ ਸਿਵਲ ਹਸਪਤਾਲ ਹੈ, ਉਸ ਦੇ ਵਿਚ ਵਾਧਾ ਕੀਤਾ ਜਾ ਰਿਹਾ ਹੈ। ਉਸ ਵਿਚ ਬਲੱਡ ਬੈਂਕ ਤੇ ਹੋਰ ਕਈ ਚੀਜ਼ਾਂ ਬਣਾਉਣੀਆਂ ਹਨ ਔਰ ਉਸ ਦੇ ਵਾਸਤੇ 64 ਹਜ਼ਾਰ ਰੁਪਏ ਖਰਚ ਕੀਤੇ ਜਾ ਰਹੇ ਹਨ। ਮੈਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਹ ਜੋ ਕੰਮ ਹੈ, ਕੱਦੋਂ ਤੱਕ ਸ਼ੁਰੂ ਹੋ ਜਾਵੇਗਾ ?

ਸ੍ਰੀ ਸਪੀਕਰ : ਕੰਮ ਤਾਂ ਆਲਰੇਡੀ ਸ਼ੁਰੂ ਹੈ।

ਮੰਤਰੀ : ਸਪੀਕਰ ਸਾਹਿਬ ਕੰਮ ਤਾਂ ਸ਼ੁਰੂ ਹੈ ਔਰ 12.51 ਲੱਖ ਰੁਪਏ ਰੈਨੋਵੇਸ਼ਨ ਦੇ ਲਈ ਖਰਚ ਹੋ ਚੁੱਕੇ ਹਨ।

ਧਾਰ ਕਲਾਂ ਬਲਾਕ ਵਿਚ ਦਰੱਖਤਾਂ ਦੀ ਗੈਰ-ਕਾਨੂੰਨੀ ਕਟਾਈ

*1427. **ਸ੍ਰੀ ਸੱਤਿਆ ਪਾਲ ਸੈਣੀ** : ਕੀ ਜੰਗਲਾਤ ਅਤੇ ਕਾਨੂੰਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਿਛਲੇ ਦੋ ਸਾਲਾਂ ਦੌਰਾਨ ਜਿਲ੍ਹਾ ਗੁਰਦਾਸਪੁਰ ਦੇ ਧਾਰ ਕਲਾਂ ਬਲਾਕ ਵਿਚ ਕੱਟੇ ਗਏ ਦਰੱਖਤਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਜੰਗਲਾਤ ਵਿਭਾਗ ਤੋਂ ਮੰਨਜ਼ੂਰੀ ਪ੍ਰਾਪਤ ਕਰਨ ਤੋਂ ਬਾਅਦ ਕੱਟੇ ਦਰੱਖਤਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਦਰੱਖਤਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਮੰਨਜ਼ੂਰੀ ਤੋਂ ਬਗੈਰ ਕੱਟੇ ਗਏ ਸਨ ;

(ਅ) ਕੀ ਪਿਛਲੇ ਦੋ ਸਾਲਾਂ ਦੌਰਾਨ ਉਕਤ ਬਲਾਕ ਵਿਚ ਦਰੱਖਤਾਂ ਦੀ ਗੈਰ-ਕਾਨੂੰਨੀ ਕਟਾਈ ਸਬੰਧੀ ਕਿਸੇ ਕੇਸਾਂ ਦਾ ਪੱਤਾ ਲੱਗਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇਕ ਕੇਸ ਵਿਚ ਲਗਾਏ ਗਏ ਜੁਰਮਾਨੇ ਦੇ ਵੇਰਵੇ ਕੀ ਹਨ ?

ਮਾਸਟਰ ਮੋਹਨ ਲਾਲ : (ੳ) ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਕਲਾਂ ਬਲਾਕ ਵਿਚ ਵਣ ਵਿਭਾਗ ਦੇ ਕੰਟਰੋਲ ਅਧੀਨ ਰਕਬੇ ਵਿਚ ਪਿਛਲੇ ਦੋ ਸਾਲਾਂ ਵਿਚ 29,200 ਰੁੱਖ ਕੱਟੇ ਗਏ ਜਿਨ੍ਹਾਂ ਵਿੱਚੋਂ 28,170 ਰੁੱਖ 10 ਸਾਲਾ ਫੈਲਿੰਗ ਪ੍ਰੋਗਰਾਮ ਅਧੀਨ ਵਣ ਵਿਭਾਗ ਦੀ ਆਗਿਆ ਨਾਲ ਅਤੇ 1,030 ਰੁੱਖ ਵਣ ਵਿਭਾਗ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੱਟੇ ਗਏ।

(ਅ) ਵਣ ਵਿਭਾਗ ਦੇ ਕੰਟਰੋਲ ਅਧੀਨ ਰਕਬੇ ਵਿਚੋਂ ਪਿਛਲੇ 2 ਸਾਲਾਂ ਦੌਰਾਨ ਰੁੱਖਾਂ ਦੀ ਨਜ਼ਾਇਜ ਕਟਾਈ ਦੇ 115 ਕੇਸਾਂ ਦਾ ਪਤਾ ਲੱਗਾ ਜਿਨ੍ਹਾਂ ਵਿਚੋਂ ਭਾਰਤੀ ਵਣ ਐਕਟ 1927 ਅਧੀਨ 56 ਕੇਸ 2,55,750/- ਰੁਪਏ ਦਾ ਮੁਆਵਜ਼ਾ ਵਸੂਲ ਕੇ ਕੰਪਾਊਂਡ ਕੀਤੇ ਗਏ ਅਤੇ 5 ਕੇਸ ਸਬੰਧਤ ਕੋਰਟਾਂ ਵਿਚ ਚਲਾਨ ਕੀਤੇ ਗਏ। ਬਾਕੀ ਬਚਦੇ 54 ਕੇਸ ਕਾਰਵਾਈ ਅਧੀਨ ਹਨ। ਕੇਸ-ਵਾਈਜ਼ ਵੇਰਵਾ ਅਨੈਕਸਚਰ-1 ਵਜੋਂ ਨੱਥੀ ਕੀਤਾ ਗਿਆ ਹੈ।

[ਜੰਗਲਾਤ ਅਤੇ ਕਾਨੂੰਨ ਮੰਤਰੀ]

ਅਨੇਕਸਚਰ — 1

ਸਾਲ 1997-98 ਅਤੇ 1998-99 ਦੌਰਾਨ ਨਜਾਇਜ ਤੌਰ ਤੇ ਕੱਟੇ ਰੁੱਖਾਂ ਦਾ ਵੇਰਵਾ ਅਤੇ ਵਸੂਲ ਕੀਤੀ ਮੁਆਵਜ਼ੇ ਦੀ ਰਕਮ ।

ਲੜੀ ਨੰ	ਡੈਮੇਜ ਰਪੋਟ ਦਾ ਨੰਬਰ ਅਤੇ ਮਿਤੀ	ਸਾਲ	ਨਜਾਇਜ ਕੱਟੇ ਰੁੱਖਾਂ ਦੀ ਗਿਣਤੀ	ਵਸੂਲ ਕੀਤੀ ਮੁਆਵਜ਼ੇ ਦੀ ਰਕਮ ਰੁਪਏ	ਵਿਸ਼ੇਸ਼ ਕਥਨ
1	2	3	4	5	6
1	ਨੰ. 62 ਮਿਤੀ 4-4-97	1997-98	7	4,580.00	—
2	112672 ਮਿਤੀ 15-4-97		2	5,300.00	—
3	63 ਮਿਤੀ 16-4-97		18	9,120.00	—
4	64 ਮਿਤੀ 17-4-97		15	12,610.00	—
5	65 ਮਿਤੀ 25-4-97		32	21,090.00	—
6	102373 ਮਿਤੀ 24-4-97		9	6,220.00	—
7	66 ਮਿਤੀ 26-4-97		9	6,810.00	—
8	67 ਮਿਤੀ 27-4-97		3	2,260.00	—
9	68 ਮਿਤੀ 27-4-97		4	3,400.00	—
10	69 ਮਿਤੀ 27-4-97		2	1,290.00	—
11	72 ਮਿਤੀ 17-5-97		6	—	ਡੈਮੇਜ ਰਪੋਟ ਵ.ਮ.ਅ. ਦੇ ਦਫਤਰੀ ਹੁਕਮ ਨੰ: 37 ਮਿਤੀ 24-6-98 ਨਾਲ ਦਾਖਲ ਦਫਤਰ ਕੀਤੀ ਗਈ ਹੈ ।
12	25/2 ਮਿਤੀ 23-5-97		140	12,825.00	—
13	26/2 ਮਿਤੀ 23-5-97		9	6,500.00	—
14	102374 ਮਿਤੀ 23-5-97		7	3,000.00	—
15	47/3 ਮਿਤੀ 13-6-97		33	—	ਮੁਕੱਦਮਾ ਕੋਰਟ ਵਿਚ ਫ਼ਾਈਲ ਕੀਤਾ ਗਿਆ ਹੈ ।
16	4/5 ਮਿਤੀ 30-6-97		61	4,400.00	—
17	17/4 ਮਿਤੀ 8-8-97		15	1,025.00	—

1	2	3	4	5	6
18	112673 ਮਿਤੀ 5-9-97		1	250.00	—
19	54/3 ਮਿਤੀ 22-9-97		5	—	ਮੁਕੱਦਮਾ ਕੋਰਟ ਵਿਚ ਫ਼ਾਈਲ ਕੀਤਾ ਗਿਆ ਹੈ।
20	20/4 ਮਿਤੀ 10-10-97		1	800.00	—
21	56/3 ਮਿਤੀ 14-11-97		1	375.00	—
22	57/3 ਮਿਤੀ 16-11-97		1	375.00	—
23	63/3 ਮਿਤੀ 2-1-98		4	1,600.00	—
24	22/4 ਮਿਤੀ 5-1-98		2	180.00	—
25	74/3 ਮਿਤੀ 24-1-98		1	2,560.00	—
26	25 ਮਿਤੀ 9-2-98		1	—	ਮੁਕੱਦਮਾ ਕੋਰਟ ਵਿਚ ਫ਼ਾਈਲ ਕੀਤਾ ਗਿਆ ਹੈ।
27	26/3 ਮਿਤੀ 11-2-98		7	6,000.00	—
28	102375 ਮਿਤੀ 17-3-98		1	1,315.00	—
29	127102 ਮਿਤੀ 25-3-98		1	375.00	—
30	127102 ਮਿਤੀ 25-3-98		1	175.00	—
31	30 ਮਿਤੀ 30-3-98		7	880.00	—
32	110989 ਮਿਤੀ 11-4-97		4	—	ਨਿਪਟਾਰੇ ਲਈ ਲੰਬਿਤ ਹੈ।
33	10/644 ਮਿਤੀ 29-5-97		10	—	-ਉਹੀ-
34	24/645 ਮਿਤੀ 30-5-97		4	10,000.00	—
35	11/644 ਮਿਤੀ 30-5-97		4	—	ਮੁਕੱਦਮਾ ਕੋਰਟ ਵਿਚ ਫ਼ਾਈਲ ਕੀਤਾ ਗਿਆ ਹੈ।
36	12/644 ਮਿਤੀ 15-6-97		1	—	-ਉਹੀ-
37	8372 ਮਿਤੀ 6-7-97		7	—	ਨਿਪਟਾਰੇ ਲਈ ਲੰਬਿਤ ਹੈ।
38	35/645 ਮਿਤੀ 7-7-97		4	—	-ਉਹੀ-
39	96501 ਮਿਤੀ 26-7-97		6	—	ਮੁਕੱਦਮਾ ਕੋਰਟ ਵਿਚ ਫ਼ਾਈਲ ਕੀਤਾ ਗਿਆ ਹੈ।
40	8373 ਮਿਤੀ 26-7-97		5	755.00	—
41	13/643 ਮਿਤੀ 28-7-97		8	7,660.00	—

1	2 3	4	5	6
42	13/644 ਮਿਤੀ 6-8-97	2	4,500.00	—
43	14/643 ਮਿਤੀ 7-8-97	19	10,000.00	—
44	117991 ਮਿਤੀ 20-8-97	7	5,000.00	—
45	38/645 ਮਿਤੀ 28-10-97	3	—	ਨਿਪਟਾਰੇ ਲਈ ਲੰਬਿਤ ਹੈ।
46	117992 ਮਿਤੀ 18-11-97	1	1,700.00	—
47	45/645 ਮਿਤੀ 28-11-97	3	970.00	—
48	40/645 ਮਿਤੀ 22-11-97	1	1,090.00	—
49	8376 ਮਿਤੀ 26-12-97	4	—	ਨਿਪਟਾਰੇ ਲਈ ਲੰਬਿਤ ਹੈ।
50	117994 ਮਿਤੀ 26-2-98	2	2,445.00	—
51	48/645 ਮਿਤੀ 26-2-98	1	1,700.00	—
52	49/645 ਮਿਤੀ 26-2-98	1	2,380.00	—
53	44/3 ਮਿਤੀ 19-4-97	19	—	ਨਿਪਟਾਰੇ ਲਈ ਲੰਬਿਤ ਹੈ।
54	115902 ਮਿਤੀ 29-4-97	1	—	-ਉਹੀ-
55	45/3 ਮਿਤੀ 4-5-97	14	—	-ਉਹੀ-
56	46/3 ਮਿਤੀ 30-5-97	2	—	-ਉਹੀ-
57	12/643 ਮਿਤੀ 7-7-97	36	8,000.00	—
58	13/643 ਮਿਤੀ 6-8-97	5	—	ਨਿਪਟਾਰੇ ਲਈ ਲੰਬਿਤ ਹੈ।
59	96502 ਮਿਤੀ 27-10-97	2	—	-ਉਹੀ-
60	42/645 ਮਿਤੀ 27-11-97	4	—	-ਉਹੀ-
61	115904 ਮਿਤੀ 24-12-97	2	—	-ਉਹੀ-
62	115908 ਮਿਤੀ 30-1-98	103	5,000.00	—
63	96504 ਮਿਤੀ 8-2-98	11	—	ਨਿਪਟਾਰੇ ਲਈ ਲੰਬਿਤ ਹੈ।
6	115909 ਮਿਤੀ 4-2-98	7	—	-ਉਹੀ-
65	17/643 ਮਿਤੀ 20-2-98	1	349.00	—
66	96603 ਮਿਤੀ 3-2-98	6		ਨਿਪਟਾਰੇ ਲਈ ਲੰਬਿਤ ਹੈ।
67	96604 ਮਿਤੀ 9-2-98	8	—	-ਉਹੀ-

1	2	3	4	5	6
68	96505 ਮਿਤੀ 5-3-98		58	30,000 00	—
69	96506 ਮਿਤੀ 5-3-98				—
70	96509 ਮਿਤੀ 6-3-98		12	—	ਨਿਪਟਾਰੇ ਲਈ ਲੰਬਿਤ ਹੈ।
71	96510 ਮਿਤੀ 6-3-98		21	—	-ਉਹੀ-
72	96508 ਮਿਤੀ 6-3-98		25	—	-ਉਹੀ-
73	115911 ਮਿਤੀ 9-3-98		1	—	-ਉਹੀ-
74	115912 ਮਿਤੀ 14-3-98		6	—	-ਉਹੀ-
75	115903 ਮਿਤੀ 25-6-97		3	1,430.00	—
76	115904 ਮਿਤੀ 24-12-97		2	3,500.00	—
		ਜੋੜ	852	2,10,794.00	—
77	79/3 ਮਿਤੀ 15-4-98	1998-99	10	14,820.00	—
78	84/3 ਮਿਤੀ 21-7-98		5	6,000.00	—
79	112674 ਮਿਤੀ 21-10-98		1	1,250.00	—
80	50/645 ਮਿਤੀ 8-4-98		5	—	ਨਿਪਟਾਰੇ ਲਈ ਲੰਬਿਤ ਹੈ।
81	118698 ਮਿਤੀ 10-4-98		5	—	-ਉਹੀ-
82	96512 ਮਿਤੀ 17-4-98		3	—	-ਉਹੀ-
83	96515 ਮਿਤੀ 23-4-98		13	—	-ਉਹੀ-
84	96516 ਮਿਤੀ 8-5-98		7	—	-ਉਹੀ-
85	96517 ਮਿਤੀ 12-5-98		7	—	-ਉਹੀ-
86	52645 ਮਿਤੀ 25-4-98		7	12,410.00	—
87	19644 ਮਿਤੀ 4-11-98		2	—	ਨਿਪਟਾਰੇ ਲਈ ਲੰਬਿਤ ਹੈ।
88	20/644 ਮਿਤੀ 1-11-98		3	—	-ਉਹੀ-
89	22/644 ਮਿਤੀ 4-11-98		2	—	-ਉਹੀ-
90	96518 ਮਿਤੀ 10-11-98		1	—	-ਉਹੀ-
91	23/644 ਮਿਤੀ 14-11-98		5	—	-ਉਹੀ-
92	24/644 ਮਿਤੀ 14-11-98		4	—	-ਉਹੀ-

[ਜੰਗਲਾਤ ਅਤੇ ਕਾਨੂੰਨ ਮੰਤਰੀ]

1	2	3	4	5	6
93	25/644	ਮਿਤੀ 1-12-98	2	—	-ਉਹੀ-
94	26/644	ਮਿਤੀ 12-12-98	2	—	-ਉਹੀ-
95	121102	ਮਿਤੀ 24-12-98	1	—	-ਉਹੀ-
96	27/644	ਮਿਤੀ 20-12-98	1	2,540.00	—
97	121103	ਮਿਤੀ 5-1-99	2	2,634.00	—
98	28/644	ਮਿਤੀ 5-1-99	1	—	ਨਿਪਟਾਰੇ ਲਈ ਲੰਬਿਤ ਹੈ ।
99	29/644	ਮਿਤੀ 5-1-99	1	—	-ਉਹੀ-
100	31/644	ਮਿਤੀ 6-1-99	3	—	-ਉਹੀ-
101	32/644	ਮਿਤੀ 8-1-99	2	—	-ਉਹੀ-
102	33/644	ਮਿਤੀ 13-1-99	6	—	-ਉਹੀ-
103	96511	ਮਿਤੀ 14-4-98	1	—	-ਉਹੀ-
104	115915	ਮਿਤੀ 1-6-98	5	—	-ਉਹੀ-
105	96606	ਮਿਤੀ 11-6-98	2	419.00	—
106	96607	ਮਿਤੀ 11-6-98	2	—	ਨਿਪਟਾਰੇ ਲਈ ਲੰਬਿਤ ਹੈ ।
107	21/644	ਮਿਤੀ 1-11-98	1	—	-ਉਹੀ-
108	96608	ਮਿਤੀ 11-11-98	2	—	-ਉਹੀ-
109	96609	ਮਿਤੀ 11-11-98	17	—	-ਉਹੀ-
110	96611	ਮਿਤੀ 7-12-98	5	—	-ਉਹੀ-
111	96522	ਮਿਤੀ 27-1-99	35	—	-ਉਹੀ-
112	96612		2	2,050.00	—
113	96613		2	979.00	—
114	96614		1	82.00	—
115	96615		2	1,772.00	—
	ਜੋੜ		178	44,956.00	—
	ਕੁੱਲ ਜੋੜ		1030	2,55,750.00	—

ਸਹੀ/-
ਵਣ ਮੰਡਲ ਅਫਸਰ
ਗੁਰਦਾਸਪੁਰ ਵਣ ਮੰਡਲ
ਪਠਾਨਕੋਟ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਜਿਹੜਾ ਪ੍ਰਸ਼ਨ ਸੀ ਇਸ ਦੇ ਸਾਰੇ ਵਿਵਰਣ ਮਿਲੇ ਹਨ ਔਰ ਇਨ੍ਹਾਂ ਸਾਰੇ ਵਿਵਰਣਾਂ ਦੀ ਸਰਾਹਨਾ ਕੀਤੇ ਬਗੈਰ ਮੈਂ ਨਹੀਂ ਰਹਿ ਸਕਦਾ ਪਰ ਜਿਹੜੀ ਉਥੇ ਇਲਾਕੇ ਦੇ ਵਿੱਚ ਹਾਲਤ ਹੈ, ਉਹ ਤਾਂ ਬੜੀ ਤਰਸਯੋਗ ਹੈ। ਪਰ ਇਥੇ ਅੰਕੜੇ ਇੰਨੇ ਸ਼ਾਨਦਾਰ ਢੰਗ ਨਾਲ ਪੇਸ਼ ਹੋਏ ਹਨ ਔਰ ਇਸ ਵਿੱਚ ਜੋ ਸਫ਼ਾਈ ਹੈ, ਮੈਂ ਉਸ ਦੀ ਸਰਾਹਨਾ ਕੀਤੇ ਬਿਨਾਂ ਨਹੀਂ ਰਹਿ ਸਕਦਾ।

ਸ਼੍ਰੀ ਸਪੀਕਰ : ਸੈਣੀ ਸਾਹਿਬ, ਤੁਸੀਂ ਸਵਾਲ ਤਾਂ ਕਰੋ।

ਸ਼੍ਰੀ ਸੱਤਿਆ ਪਾਲ ਸੈਣੀ : ਮੈਂ ਕੁਝ ਵੀ ਪੁੱਛਣਾ ਨਹੀਂ ਚਾਹੁੰਦਾ। ਬਹੁਤ ਬਹੁਤ ਧੰਨਵਾਦ ਮੰਤਰੀ ਜੀ ਦਾ।

ਆਵਾਰਾ ਪਸ਼ੂਆਂ ਤੋਂ ਫ਼ਸਲਾਂ ਨੂੰ ਬਚਾਉਣ ਲਈ ਕਾਰਵਾਈ

*1561. **ਸ਼੍ਰੀ ਅਰੁਨੇਸ਼ ਕੁਮਾਰ** : ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਕ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਬਿਆਸ ਦਰਿਆ ਦੇ ਨਾਲ ਲਗਦੇ ਪਿੰਡਾਂ ਚੰਗਰਾਵਾਂ, ਆਦਮਪੁਰ, ਮੋਹਾਣੀਆਂ ਅਤੇ ਚੱਕ ਮੀਰਪੁਰ ਆਦਿ ਦੇ ਕਿਸਾਨਾਂ ਦੀਆਂ ਫਸਲਾਂ ਨੂੰ ਆਵਾਰਾ ਪਸ਼ੂ ਨੁਕਸਾਨ ਪਹੁੰਚਾ ਰਹੇ ਹਨ ; ਜੇਕਰ ਅਜਿਹਾ ਹੋਵੇ ਤਾਂ ਅਵਾਰਾ ਪਸ਼ੂਆਂ ਤੋਂ ਕਿਸਾਨਾਂ ਦੀਆਂ ਫ਼ਸਲਾਂ ਨੂੰ ਬਚਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਡਾਕਟਰ ਰਤਨ ਸਿੰਘ : ਇਹ ਠੀਕ ਹੈ ਕਿ ਕੁੱਝ ਅਵਾਰਾ ਜਾਨਵਰ ਪਿੰਡ ਚੰਗਰਾਵਾਂ, ਮੋਹਣੀਆਂ, ਆਦਮਪੁਰ ਅਤੇ ਚੱਕ ਮੀਰਪੁਰ ਆਦਿ ਪਿੰਡਾਂ ਵਿੱਚ ਜਿਹੜੇ ਕਿ ਦਰਿਆ ਬਿਆਸ ਦੇ ਨਾਲ ਲੱਗਦੇ ਹਨ ਅਤੇ ਬਲਾਕ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਹਨ, ਉਹ ਇਸ ਇਲਾਕੇ ਦੇ ਕਿਸਾਨਾਂ ਦੀਆਂ ਫ਼ਸਲਾਂ ਕੁੱਝ ਹੱਦ ਤੱਕ ਖ਼ਰਾਬ ਕਰਦੇ ਹਨ।

ਆਵਾਰਾਂ ਪਸ਼ੂਆਂ ਦੀ ਸਮੱਸਿਆ ਨੂੰ ਚੈੱਕ ਕਰਨ ਲਈ ਮੌਜੂਦਾ ਸਰਕਾਰ ਨੇ ਕਨੀ ਗਾਣੀ ਧੀ, ਗਊ ਸਦਨ ਸਕੀਮ ਨੂੰ ਮੁੜ ਚਾਲੂ ਕਰਨ ਦਾ ਫੈਸਲਾ ਕੀਤਾ ਹੈ।

ਸ਼੍ਰੀ ਅਰੁਨੇਸ਼ ਕੁਮਾਰ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੋਨੀ ਵਾਲੀ ਸਕੀਮ ਕਦੋਂ ਤੱਕ ਚਾਲੂ ਕਰ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਇਸ ਸਕੀਮ ਦੇ ਲਈ 45 ਲੱਖ ਰੁਪਿਆ ਰੱਖਿਆ ਹੈ। ਮੈਂ ਇਸ ਸਦਨ ਦੇ ਵਿੱਚ ਦੱਸਣਾ ਚਾਹੁੰਦਾ ਹਾਂ ਕਿ ਇਹ ਸਕੀਮ 1954 ਤੋਂ ਲੈ ਕੇ 1993 ਤੱਕ ਪਟਿਆਲੇ ਵਿਚ ਲਾਗੂ ਕੀਤੀ ਗਈ ਸੀ ਪਰ ਇਨ੍ਹਾਂ ਮੇਰੇ ਸਾਹਮਣੇ ਵਾਲੇ ਵੀਰਾਂ (ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਨੇ ਇਸ ਨੂੰ ਬੰਦ ਕਰਵਾਇਆ ਹੈ। ਇਹ ਸਕੀਮ ਅਸੀਂ ਐਤਕੀਂ ਇਸੇ ਵਕਤ ਲਿਆ ਰਹੇ ਹਾਂ ਅਤੇ ਇਸ ਸਾਲ ਤੋਂ ਲਾਗੂ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿਛਲੀਆਂ ਸਰਕਾਰਾਂ ਨੇ ਵੀ ਸਟਾਫ਼ ਰੱਖਿਆ ਹੋਇਆ ਸੀ, ਜਿਹੜਾ ਕਿ ਅਵਾਰਾ ਪਸ਼ੂਆਂ ਨੂੰ ਪਕੜ ਕੇ ਉਨ੍ਹਾਂ ਨੂੰ ਕਾਬੂ ਕਰਕੇ ਰੱਖਦਾ ਸੀ। ਹੁਣ ਮਾਨਸਾ ਜ਼ਿਲ੍ਹੇ ਦੇ ਵਿੱਚ ਬਹੁਤ ਸਾਰੇ ਆਵਾਰਾ ਪਸ਼ੂ ਹਨ ਜਿਨ੍ਹਾਂ ਦੇ ਨਾਲ ਫ਼ਸਲਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ.. ।

ਸ੍ਰੀ ਸਪੀਕਰ : ਤੁਸੀਂ ਮਾਨਸਾ ਬਾਰੇ ਅਲੱਗ ਪੁੱਛ ਲੈਣਾ । ਫਿਰ ਪੁੱਛ ਲੈਣਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪੰਜਾਬ ਦੇ ਵਿਚ ਇਨ੍ਹਾਂ ਅਵਾਰਾ ਪਸ਼ੂਆਂ ਵਲੋਂ ਬਹੁਤ ਜ਼ਿਆਦਾ ਫ਼ਸਲਾਂ ਖ਼ਰਾਬ ਕੀਤੀਆਂ ਜਾ ਰਹੀਆਂ ਹਨ, ਇਹ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੱਲ ਨਹੀਂ ਹੈ ਇਹ ਤਾਂ ਸਾਰੇ ਪੰਜਾਬ ਦੀ ਗੱਲ ਹੈ ।

ਮੰਤਰੀ : ਮੈਂ ਖਿਆਲਾ ਜੀ ਦੀ ਗੱਲ ਨਾਲ ਬਿਲਕੁੱਲ ਸਹਿਮਤ ਹਾਂ ਕਿ ਇਹ ਪੰਜਾਬ ਦਾ ਬਹੁਤ ਜ਼ਰੂਰੀ ਮਸਲਾ ਹੈ ਕਿ ਜਦੋਂ ਤੱਕ ਅਸੀਂ ਆਵਾਰਾ ਪਸ਼ੂਆਂ ਦੇ ਉਤੇ ਕੰਟਰੋਲ ਨਹੀਂ ਕਰਦੇ ਉਦੋਂ ਤੱਕ ਜ਼ਿਮੀਂਦਾਰਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੁੰਦਾ ਰਹੇਗਾ । ਜਿਸ ਤਰ੍ਹਾਂ ਖਿਆਲਾ ਜੀ ਨੇ ਸਟਾਫ ਦੀ ਗੱਲ ਕੀਤੀ ਹੈ, ਸਾਡੇ ਕੋਲ ਟੀਮ ਹੈ ਪਰ ਇਸ ਬਾਰੇ ਪਿੰਡਾਂ ਦੀਆਂ ਪੰਚਾਇਤਾਂ ਅਰੇਂਜਮੈਂਟ ਕਰ ਦੇਣ ਕਿ ਜਿਹੜੇ ਪਸ਼ੂ ਪਕੜ ਕੇ ਸਾਡੀ ਟੀਮ ਦੇਵੇਗੀ ਉਨ੍ਹਾਂ ਨੂੰ ਰੱਖਣ ਦਾ ਪ੍ਰਬੰਧ ਪੰਚਾਇਤਾਂ ਆਪ ਕਰ ਲੈਣਗੀਆਂ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਤਾਂ ਇਹਨਾਂ ਨੇ ਕਿਹਾ ਹੈ ਕਿ ਅਸੀਂ ਗਊ ਸਦਨ ਬਣਾ ਰਹੇ ਹਾਂ ਦੂਜਾ ਕਿਹਾ ਹੈ ਕਿ ਇਨ੍ਹਾਂ ਅਵਾਰਾ ਪਸ਼ੂਆਂ ਨੂੰ ਰੱਖਣ ਵਾਸਤੇ ਪੰਚਾਇਤਾਂ ਅਰੇਂਜਮੈਂਟ ਕਰਨ । ਇਹ ਤਾਂ ਲੰਮਾ ਪ੍ਰਾਸੈਸ ਹੈ । ਮੇਰਾ ਇਹ ਪ੍ਰਸ਼ਨ ਹੈ ਕਿ ਬਹੁਤ ਸਾਰੇ ਜਿਹੜੇ ਆਵਾਰਾ ਪਸ਼ੂ ਫ਼ਸਲਾਂ ਖ਼ਰਾਬ ਕਰ ਰਹੇ ਹਨ ਕੀ ਉਨ੍ਹਾਂ ਦੇ ਲਈ ਕੋਈ ਇਮੀਜੀਏਟਲੀ ਰੈਮੀਡੀਅਲ ਮਈਅਰ ਅਖ਼ਤਿਆਰ ਕਰ ਰਹੇ ਹਨ ਤਾਂ ਜੋ ਲੋਕਾਂ ਦੀਆਂ ਫ਼ਸਲਾਂ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ ।

ਸ੍ਰੀ ਸਪੀਕਰ : ਉਨ੍ਹਾਂ ਨੇ 45 ਲੱਖ ਰੁਪਏ ਇਮੀਜੀਏਟ ਰੱਖ ਦਿੱਤੇ ਹਨ । ਅਗਲਾ **ਸਵਾਲ**

ਪਹਿਲੀ ਜਮਾਤ ਤੋਂ ਅੰਗਰੇਜ਼ੀ ਸ਼ੁਰੂ ਕਰਨਾ

*1451. **ਸਰਦਾਰ ਧਨਵੰਤ ਸਿੰਘ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਬਲਾਕ ਮਾਲੇਰਕੋਟਲਾ-1 (ਅਮਰਗੜ੍ਹ) ਅਤੇ ਧੂਰੀ ਵਿਚ ਅਜਿਹੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਵੱਖ ਵੱਖ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅੰਗਰੇਜ਼ੀ ਪਹਿਲੀ ਜਮਾਤ ਤੋਂ ਇਕ ਵਿਸ਼ੇ ਵਜੋਂ ਸ਼ੁਰੂ ਕੀਤੀ ਗਈ ਹੈ ਅਤੇ ਉਪਰੋਕਤ ਬਲਾਕਾਂ ਵਿਚ ਅਜਿਹੇ ਸਕੂਲਾਂ ਦੇ ਵੇਰਵੇ ਕੀ-ਕੀ ਹਨ ਜਿਨ੍ਹਾਂ ਵਿਚ ਅੰਗਰੇਜ਼ੀ ਦਾ ਵਿਸ਼ਾ ਅਜੇ ਸ਼ੁਰੂ ਨਹੀਂ ਕੀਤਾ ਗਿਆ ਹੈ ?

ਸਰਦਾਰ ਤੋਤਾ ਸਿੰਘ : ਜੀ ਹਾਂ । ਰਾਜ ਦੇ ਬਾਕੀ ਸਕੂਲਾਂ ਵਾਂਗ ਹੀ ਜ਼ਿਲ੍ਹਾ ਸੰਗਰੂਰ ਦੇ ਬਲਾਕ ਮਲੇਰਕੋਟਲਾ-1 (ਅਮਰਗੜ੍ਹ) ਵਿਚ ਸਾਰੇ 13 ਪ੍ਰਾਇਮਰੀ ਸਕੂਲਾਂ ਅਤੇ ਬਲਾਕ ਧੂਰੀ ਦੇ ਸਾਰੇ 60 ਪ੍ਰਾਇਮਰੀ ਸਕੂਲਾਂ ਵਿਚ ਅੰਗਰੇਜ਼ੀ ਦਾ ਵਿਸ਼ਾ ਪਹਿਲੀ ਸ਼੍ਰੇਣੀ ਤੋਂ ਸ਼ੁਰੂ ਕੀਤਾ ਜਾ ਚੁੱਕਾ ਹੈ ਅਤੇ ਇਨ੍ਹਾਂ ਦੋਨਾਂ ਬਲਾਕਾਂ ਵਿਚ ਅਜਿਹਾ ਕੋਈ ਸਕੂਲ ਨਹੀਂ ਹੈ ਜਿਥੇ ਅੰਗਰੇਜ਼ੀ ਦਾ ਵਿਸ਼ਾ ਸ਼ੁਰੂ ਨਹੀਂ ਕੀਤਾ ਗਿਆ ।

ਸਰਦਾਰ ਧਨਵੰਤ ਸਿੰਘ : ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਇਹ ਬਹੁਤ ਵੱਡਾ ਕੰਮ ਕੀਤਾ ਹੈ ਕਿ ਪਹਿਲੀ ਤੋਂ ਅੰਗਰੇਜ਼ੀ ਸ਼ੁਰੂ ਕੀਤੀ ਹੈ । ਮੈਂ ਇਸ ਦੇ ਨਾਲ ਹੀ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 5-7 ਸਕੂਲ ਅਜਿਹੇ ਹਨ ਜਿਨ੍ਹਾਂ ਦੇ ਵਿੱਚ ਮੈਂ ਗਿਆ ਵੀ ਹਾਂ, ਭੜੀ, ਮਾਨਸਾ ਅਤੇ ਮੀਨਸਾ ਆਦਿ ਇਸ ਤਰ੍ਹਾਂ ਦੇ ਸਕੂਲ ਹਨ ਜਿਨ੍ਹਾਂ ਸਕੂਲਾਂ ਦੇ ਵਿੱਚ ਹਾਲੇ ਤੱਕ ਪਹਿਲੀ ਦੇ ਅੰਗਰੇਜ਼ੀ ਦੇ ਕਾਇਦੇ ਵੀ ਨਹੀਂ ਆਏ । ਕੀ ਮਾਨਯੋਗ ਵਜ਼ੀਰ ਸਾਹਿਬ, ਇਸ ਬਾਰੇ ਇਨਕੁਆਰੀ ਕਰਵਾ ਕੇ ਉਥੇ ਇਹ ਕਾਇਦੇ ਲਾਉਣੇ ਸ਼ੁਰੂ ਕਰਾਉਣਗੇ ।

ਮੰਤਰੀ : ਮੈਂ ਸਤਿਕਾਰਯੋਗ ਮੈਂਬਰ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਇਹ ਸਾਡੇ ਧਿਆਨ ਦੇ ਵਿੱਚ ਲਿਆਉਣ ਅਸੀਂ ਅੱਜ ਹੀ ਟੀਮ ਭੇਜ ਕੇ, ਕੋਈ ਅਫਸਰ ਭੇਜ ਕੇ, ਇਹ ਕਾਰਵਾਈ ਕਰਾਂਗੇ । ਜਿਸ ਨੇ ਇਹ ਕੰਮ ਨਹੀਂ ਕੀਤਾ ਉਸ ਦੇ ਖਿਲਾਫ ਜ਼ਰੂਰ ਕਾਰਵਾਈ ਕਰਾਂਗੇ ।

ਸਰਦਾਰ ਧਨਵੰਤ ਸਿੰਘ : ਬਹੁਤ ਬਹੁਤ ਮਿਹਰਬਾਨੀ ਜੀ ।

ਨਿਸ਼ਾਨ ਵਾਲਾ ਪ੍ਰਸ਼ਨ ਨੰ 1531

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

ਨਿਸ਼ਾਨ ਵਾਲਾ ਪ੍ਰਸ਼ਨ ਨੰ **1371

ਸ਼੍ਰੀ ਸਪੀਕਰ: ਨਿਸ਼ਾਨ ਵਾਲੇ ਪ੍ਰਸ਼ਨ ਨੰ: 1371 ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ ।

D.O.No. ਲ.ਗ 2-99/1699

Parkash Singh Badal

Chief Minister, Punjab

Dated 15-3-99

ਵਿਸ਼ਾ :— ਮਿਤੀ 18-3-1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1371 ਮੁਲਤਵੀ ਕਰਨ ਬਾਰੇ ।

***

ਮਾਨਯੋਗ ਸਪੀਕਰ ਸਾਹਿਬ,

ਮਿਤੀ 18-3-1999 (ਮੰਗਲ)ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1371 ਜੋ ਕਿ ਸ਼੍ਰੀਮਤੀ ਸ੍ਰੀਮਤੀ/ਕਾਂਤਾ ਚਾਵਲਾ, ਐਮ. ਐਲ. ਏ. ਦੇ ਨਾਂ ਦਾ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ

**For Starred Question No. 1371 and Reply thereto, please see Appendix-I to this Debate.

[ਸ਼੍ਰੀ ਸਪੀਕਰ]

ਹੈ । ਇਸ ਲਈ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ ਚਾਰ ਹਫਤੇ ਤੋਂ ਮਗਰੋਂ ਕਿਸੇ ਵੀ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤੂ,

ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਐਕਸਟੈਂਸ਼ਨ ਕਿੰਨੇ ਸਮੇਂ ਲਈ ਦਿੱਤੀ ਗਈ ਹੈ?

ਸ਼੍ਰੀ ਸਪੀਕਰ: ਦੋ ਹਫ਼ਤੇ ਲਈ ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਇਸ ਦਾ ਮਤਲਬ ਇਸ ਬਜਟ ਸੈਸ਼ਨ ਤੋਂ ਅਗਲੇ ਸੈਸ਼ਨ ਤੱਕ ਵੇਟ ਕਰੀਏ । ਸਪੀਕਰ ਸਾਹਿਬ, ਇਹ ਤਾਂ ਸਰਾਸਰ ਜ਼ਿਆਦਤੀ ਹੈ ।

ਸੜੋਆ ਅਤੇ ਬਲਾਚੌਰ ਬਲਾਕਾਂ ਲਈ ਬਿਜਲੀ ਦੇ ਕੁਨੈਕਸ਼ਨ ਦੇਣਾ

*1570. **ਸ਼੍ਰੀ ਨੰਦ ਲਾਲ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਨਵਾਂ ਸ਼ਹਿਰ ਦੇ ਸੜੋਆ ਅਤੇ ਬਲਾਚੌਰ ਬਲਾਕਾਂ ਵਿਚ ਅਜਿਹੇ ਟਿਊਬਵੈਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅੱਜੇ ਤੱਕ ਬਿਜਲੀ ਦੇ ਕੁਨੈਕਸ਼ਨ ਨਹੀਂ ਦਿੱਤੇ ਗਏ ਹਨ ;

(ਅ) ਉਕਤ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਕਦੋਂ ਤੱਕ ਦੇ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੰਚਾਈ ਰਾਜ ਮੰਤਰੀ) :

(ੳ) (1) **ਸੜੋਆ ਬਲਾਕ**:

ਕੁੱਲ ਬਕਾਇਆ ਅਰਜ਼ੀਆਂ : 164 ਨੰਬਰ

(2) **ਬਲਾਚੌਰ ਬਲਾਕ**

ਕੁੱਲ ਬਕਾਇਆ ਅਰਜ਼ੀਆਂ : 1295 ਨੰਬਰ

(ਅ) ਇਹਨਾਂ ਟਿਊਬਵੈਲਾਂ ਨੂੰ ਮਹਿਕਮੇ ਵਲੋਂ ਸਾਲ 1999-2000 ਦੌਰਾਨ ਮਿਥੇ ਗਏ ਟੀਚੇ ਮੁਤਾਬਕ ਅਤੇ ਫੰਡ ਉਪਲਬਧ ਹੋਣ ਤੇ ਕੁਨੈਕਸ਼ਨ ਦਿੱਤੇ ਜਾਣਗੇ ।

ਸ਼੍ਰੀ ਨੰਦ ਲਾਲ : ਸਪੀਕਰ ਸਾਹਿਬ ਫਸਲਾਂ ਦੀ ਬਿਜਾਈ ਵਾਸਤੇ ਇਹ ਜੋ ਟਿਊਬਵੈੱਲ ਲਾਏ ਗਏ ਹਨ ਇਨ੍ਹਾਂ ਦੀ ਕਾਫ਼ੀ ਸਮੇਂ ਤੋਂ ਉਡੀਕ ਸੀ । ਹੁਣ ਜਿਸ ਵੇਲੇ ਬਿਜਲੀ ਕੁਨੈਕਸ਼ਨ ਵਾਸਤੇ ਬਿਜਲੀ ਮਹਿਕਮੇ ਕੋਲ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਲੋੜੀਂਦਾ ਸਮਾਨ ਨਹੀਂ ਹੈ । ਜਿਸ ਕਾਰਨ ਜ਼ਿਮੀਦਾਰਾਂ ਦਾ ਨੁਕਸਾਨ ਹੋ ਰਿਹਾ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਸਮੇਂ ਵਿਚ ਉਨ੍ਹਾਂ ਨੂੰ ਕੁਨੈਕਸ਼ਨ ਦੇ ਦਿੱਤੇ ਜਾਣਗੇ ਤਾਂ ਕਿ ਉਹ ਆਪਣੀ ਅਗਲੀ ਫਸਲ ਦੀ ਬਿਜਾਈ ਕਰ ਸਕਣ ।

ਸ਼੍ਰੀ ਸਪੀਕਰ ਕਿੰਨਾ ਸਮਾਂ ਲੱਗ ਸਕਦਾ ਹੈ ?

ਰਾਜ ਮੰਤਰੀ : ਮੈਂ ਮਾਨਯੋਗ ਮੈਂਬਰ ਜ਼ਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਫੰਡ ਆ ਗਏ ਤਾਂ ਸੰਨ 2000 ਤੱਕ ਇਹ ਕੁਨੈਕਸ਼ਨ ਦੇ ਦਿੱਤੇ ਜਾਣਗੇ ।

ਸ਼੍ਰੀ ਨੰਦ ਲਾਲ : ਮੈਂ ਮੰਤਰੀ ਜੀ ਤੋਂ ਵਿਸ਼ਵਾਸ਼ ਲੈਣਾ ਚਾਹੁੰਦਾ ਹਾਂ ਕਿ ਕਦੋਂ ਤਕ ਮਿਲ ਜਾਣਗੇ, ਕਦੋਂ ਤੱਕ ਦੀ ਇਨ੍ਹਾਂ ਤੋਂ ਆਸ ਰੱਖੀਏ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ । ਫੰਡਜ਼ ਦਾ ਇਸ ਕੰਮ ਲਈ ਬਹੁਤ ਜ਼ਰੂਰੀ ਮਸਲਾ ਹੈ । ਟਿਊਬਵੈੱਲਾਂ ਨੂੰ ਕੁਨੈਕਸ਼ਨ ਦੇਣ ਦੀਆਂ ਪੂਰੀਆਂ ਕੋਸ਼ਿਸ਼ਾਂ ਕਰ ਰਹੇ ਹਾਂ । ਫੰਡਜ਼ ਜਦੋਂ ਵੀ ਮਿਲ ਗਏ ਇਨ੍ਹਾਂ ਦਾ ਉਲਾਂਭਾ ਲਾਹ ਦਿਆਂਗੇ ।

ਸਬ-ਤਹਿਸੀਲ, ਬੰਗਾ ਵਿਚ ਸੇਮ ਨਾਲ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ

*1422. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਬ-ਤਹਿਸੀਲ, ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਉਨ੍ਹਾਂ ਪਿੰਡਾਂ ਦੇ ਨਾਂ ਕੀ-ਕੀ ਹਨ । ਜਿੰਨ੍ਹਾਂ ਵਿਚ ਸਾਉਣੀ ਦੀਆਂ ਫਸਲਾਂ ਸਾਲ 1998 ਦੇ ਦੌਰਾਨ ਸੇਮ ਨਾਲ ਪ੍ਰਭਾਵਿਤ ਹੋਈਆਂ ਸਨ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਪਿੰਡਾਂ ਦੇ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਗਈ ;

(ੲ) ਕਿੰਨੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ ਅਤੇ ਕਿੰਨਿਆਂ ਨੂੰ ਅਜੇ ਮੁਆਵਜ਼ਾ ਦੇਣਾ ਰਹਿੰਦਾ ਹੈ ?

ਸਰਦਾਰ ਸੇਵਾ ਸਿੰਘ ਸੇਖਵਾਂ, ਲੋਕ ਸੰਪਰਕ, ਮਾਲ ਅਤੇ ਮੁੜ ਵਸੇਬਾ ਰਾਜ ਮੰਤਰੀ:

(ੳ) ਨਹੀਂ ਜੀ ।

(ਅ) ਉਪਰੋਕਤ 'ੳ' ਦੇ ਸਨਮੁੱਖ ਕੋਈ ਸਵਾਲ ਹੀ ਪੈਂਦਾ ਨਹੀਂ ਹੁੰਦਾ ।

(ੲ) ਉਪਰੋਕਤ 'ੳ' ਅਤੇ 'ਅ' ਦੇ ਸਨਮੁੱਖ ਕੋਈ ਸਵਾਲ ਹੀ ਪੈਂਦਾ ਨਹੀਂ ਹੁੰਦਾ ।

ਚੌਧਰੀ ਮੋਹਨ ਲਾਲ ਬਹਿਰਾਮ : ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਨਹੀਂ ਜੀ। ਮੈਂ ਸਵਾਲ ਪੁੱਛਿਆ ਸੀ ਕਿ ਬੰਗਾ ਇਲਾਕੇ ਵਿਚ ਸੇਮ ਨਾਲ ਕਿਸਾਨ ਬਰਬਾਦ ਹੋਏ ਹਨ। ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ। ਇਨ੍ਹਾਂ ਨੂੰ ਮੁਆਵਜ਼ਾ ਦੇਣ ਬਾਰੇ ਸਰਕਾਰ ਦਾ ਕਰਾਈਟੇਰੀਆ ਕੀ ਹੈ ? ਲੇਕਿਨ ਮੈਨੂੰ ਦੁੱਖ ਹੈ ਕਿ ਮੰਤਰੀ ਜੀ ਨੂੰ ਅਫਸਰ ਸਾਹਿਬਾਨ ਨੇ ਇਸ ਹਾਊਸ ਵਿੱਚ ਗਲਤ ਜਾਣਕਾਰੀ ਦਿੱਤੀ ਹੈ। ਮੈਂ ਇਸ ਬਾਰੇ ਵਿਸ਼ਵਾਸ ਲੈਣਾ ਚਾਹੁੰਦਾ ਹਾਂ ਕਿ ਇਸ ਗੱਲ ਦੀ ਇਨਕੁਆਰੀ ਕਰਾਉਣ ਕਿ ਬੰਗਾ ਇਲਾਕੇ ਅੰਦਰ ਵਾਕਿਆ ਹੀ ਸੇਮ ਨਾਲ ਕਿਸਾਨਾਂ ਦੀ ਫਸਲ ਬਰਬਾਦ ਨਹੀਂ ਹੋਈ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੇ ਸੇਮ ਨਾਲ ਫਸਲਾਂ ਖਰਾਬ ਨਹੀਂ ਹੋਈਆਂ। ਜਿਹੜੀ ਸਬ-ਤਹਿਸੀਲ ਬੰਗਾ ਹੈ ਉਸਦੇ ਕੁਝ ਪਿੰਡਾਂ ਵਿੱਚ ਬਾਰਸ਼ਾਂ ਨਾਲ ਪਾਣੀ ਇਕੱਠਾ ਹੋ ਗਿਆ ਸੀ ਜਿਸ ਨਾਲ ਫਸਲ ਖਰਾਬ ਹੋ ਗਈ ਸੀ ਲੇਕਿਨ ਸਮਾਂ ਪਾ ਕੇ ਉਹ ਪਾਣੀ ਨਿਕਲ ਗਿਆ ਸੀ ਹੁਣ ਉਸ ਇਲਾਕੇ ਵਿਚ ਫਸਲ ਬੀਜੀ ਜਾ ਚੁੱਕੀ ਹੈ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਕਿ ਬਾਰਸ਼ਾਂ ਨਾਲ ਇਹ ਨੁਕਸਾਨ ਹੋਇਆ ਹੈ ਲੇਕਿਨ ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਹਾਊਸ ਦੀ ਕਮੇਟੀ ਬਣਾਓ ਜਿਹੜੀ ਉਸ ਇਲਾਕੇ ਦਾ ਦੌਰਾ ਕਰਕੇ ਇਹ ਪਤਾ ਕਰੇ ਕਿ ਸੇਮ ਨਾਲ ਫਸਲਾਂ ਖਰਾਬ ਹੋਈਆਂ ਹਨ ਜਾਂ ਬਾਰਸ਼ਾਂ ਨਾਲ। ਤੁਸੀਂ ਵੀ ਉਸ ਇਲਾਕੇ ਵਿਚ ਗਏ ਸੀ। ਪਿਛਲੇ ਸੈਸ਼ਨ ਵਿਚ ਵੀ ਇਹ ਸਮੱਸਿਆ ਉਠਾਈ ਸੀ, ਅਖਬਾਰਾਂ ਵਿਚ ਵੀ ਚਰਚਾ ਹੋਈ, ਲੋਕ ਹਾਹਾਕਾਰ ਕਰ ਰਹੇ ਹਨ। 4-5 ਫਸਲਾਂ ਖਰਾਬ ਹੋ ਗਈਆਂ ਹਨ। ਇਸ ਇਲਾਕੇ ਵਿਚ ਗੰਭੀਰ ਸਮੱਸਿਆ ਹੈ। ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਾਊਸ ਦੀ ਇਕ ਕਮੇਟੀ ਬਣਾਈ ਜਾਵੇ ਜੋ ਕਿ ਬੰਗਾ ਇਲਾਕੇ ਦਾ ਦੌਰਾ ਕਰੇ।

ਸ਼੍ਰੀ ਸਪੀਕਰ : ਨਹੀਂ ਜੀ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਸੇਮ ਦੀ ਸਮੱਸਿਆ ਹੈ।

ਸ਼੍ਰੀ ਸਪੀਕਰ : ਖਿਆਲਾ ਸਾਹਿਬ ਤੁਸੀਂ ਬੋਲੋ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਨੂੰ ਗੱਲ ਪੂਰੀ ਕਰ ਲੈਣ ਦਿਉ।

ਸ਼੍ਰੀ ਸਪੀਕਰ : ਖਿਆਲਾ ਸਾਹਿਬ ਦੀ ਗੱਲ ਸੁਣ ਲੈਣ ਦਿਓ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਸੇਮ ਦੀ ਸਮੱਸਿਆ ਸਾਰੇ ਪੰਜਾਬ ਵਿਚ ਹੈ, ਇਹ ਕੇਵਲ ਬੰਗੇ ਇਲਾਕੇ ਵਿਚ ਨਹੀਂ ਹੈ ਅਤੇ ਇਸ ਸੇਮ ਦੇ ਕਾਰਨ ਕਿਸਾਨਾਂ ਦੀਆਂ ਬਹੁਤ ਸਾਰੀਆਂ ਫਸਲਾਂ ਮਾਰੀਆਂ ਗਈਆਂ ਹਨ। ਪਿਛਲੇ ਸਮੇਂ ਦੇ ਦੌਰਾਨ ਸਰਕਾਰ ਵਲੋਂ ਇਨ੍ਹਾਂ ਕਿਸਾਨਾਂ ਨੂੰ 8 ਹਜ਼ਾਰ ਰੁਪਿਆ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਗਿਆ ਸੀ। ਕੀ ਸਰਕਾਰ ਇਸ ਸਾਲ ਵੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਇਸ ਬਜਟ ਵਿਚ ਪ੍ਰਬੰਧ ਕਰੇਗੀ ਅਤੇ ਕੀ ਇਹ ਹਾਊਸ ਦੀ ਕਮੇਟੀ ਬਣਾਉਣ ਲਈ ਤਿਆਰ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਮੇਰੇ ਤੋਂ ਬੰਗਾ ਬਾਰੇ ਸਵਾਲ ਪੁੱਛਿਆ ਗਿਆ ਸੀ ਅਗਰ ਇਨ੍ਹਾਂ ਨੇ ਕੋਈ ਹੋਰ ਜਾਣਕਾਰੀ ਲੈਣੀ ਹੈ ਤਾਂ ਇਹ ਸੈਪਰਟ ਕੁਐਸਚਨ ਕਰ ਦੇਣ ।

ਸ੍ਰੀ ਸਪੀਕਰ : ਇਹ ਹਾਊਸ ਦੀ ਕਮੇਟੀ ਬਣਾਉਣ ਵਾਸਤੇ ਕਹਿ ਰਹੇ ਹਨ । ਕੀ ਤੁਸੀਂ ਇਸ ਦੇ ਲਈ ਤਿਆਰ ਹੋ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਕਮੇਟੀ ਬਣਾਉਣ ਲਈ ਤਿਆਰ ਹਾਂ । ਮੈਨੂੰ ਇਸ ਦੇ ਵਿੱਚ ਕੋਈ ਇਤਰਾਜ਼ ਨਹੀਂ ਹੈ । ਤੁਸੀਂ ਕਮੇਟੀ ਬਣਾ ਸਕਦੇ ਹੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸੇਮ ਦਾ ਮਸਲਾ ਸਾਰੇ ਪੰਜਾਬ ਦਾ ਹੈ । ਇਹ ਇਕੱਲਾ ਬੰਗੇ ਦਾ ਮਸਲਾ ਨਹੀਂ ਹੈ । ਇਸ ਲਈ ਅਗਰ ਹਾਊਸ ਦੀ ਕਮੇਟੀ ਤੁਸੀਂ ਬਣਾਉਣੀ ਹੈ ਤਾਂ ਇਹ ਸਾਰੇ ਪੰਜਾਬ ਵਾਸਤੇ ਬਣਾਈ ਜਾਵੇ ਨਾ ਕਿ ਕੇਵਲ ਬੰਗੇ ਦੇ ਇਲਾਕੇ ਵਾਸਤੇ ਬਣਾਈ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਬੰਗੇ ਦੇ 23 ਪਿੰਡਾਂ ਨੇ ਸਾਨੂੰ ਲਿਖਤੀ ਤੌਰ ਤੇ ਦਿੱਤਾ ਹੈ ਕਿ ਅਸੀਂ ਕਿਸੇ ਫਸਲ ਦਾ ਮੁਆਵਜ਼ਾ ਨਹੀਂ ਲੈਣਾ ਚਾਹੁੰਦੇ ਪਰ ਉਹ ਲੋਕ ਚਾਹੁੰਦੇ ਹਨ ਕਿ ਸਾਡਾ ਕੋਈ ਪਰਮਾਨੈਂਟ ਪ੍ਰਬੰਧ ਕੀਤਾ ਜਾਵੇ । ਇਸ ਦੇ ਲਈ ਅਸੀਂ ਡਰੇਨ ਪੁੱਟਣ ਲਈ ਜ਼ਮੀਨ ਐਕਵਾਇਰ ਕੀਤੀ ਹੈ ਅਤੇ 40-45 ਲੱਖ ਰੁਪਿਆ ਇਸ ਪਰਪੋਜ਼ਲ ਤੇ ਖਰਚ ਆਵੇਗਾ ਪਰ ਕੁਝ ਲੋਕ ਹਾਈ ਕੋਰਟ ਵਿੱਚ ਚਲੇ ਗਏ ਹਨ ਅਤੇ ਸਟੇਅ ਆਰਡਰ ਲੈ ਆਏ ਹਨ । ਗੋਪਾਲਪੁਰ ਡਰੇਨ ਪੁੱਟੀ ਜਾ ਰਹੀ ਹੈ ।

ਸ੍ਰੀ ਸਪੀਕਰ : ਇਹ ਡਰੇਨ ਦਾ ਵੱਖਰਾ ਮਸਲਾ ਹੈ । ਇਹ ਜਿਹੜਾ ਖਰਾਬੇ ਦਾ ਮਸਲਾ ਹੈ । ਤੁਸੀਂ ਕਿਹਾ ਹੈ ਕਿ ਲੋਕਾਂ ਨੇ ਤੁਹਾਨੂੰ ਲਿਖ ਕੇ ਦਿੱਤਾ ਹੈ ਕਿ ਉਹ ਖਰਾਬੇ ਦਾ ਮੁਆਵਜ਼ਾ ਲੈਣ ਲਈ ਤਿਆਰ ਨਹੀਂ ਹਨ ।

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਡਰੇਨ ਪੁੱਟਣ ਲਈ 45 ਲੱਖ ਰੁਪਏ, ਜ਼ਮੀਨ ਨੂੰ ਐਕਵਾਇਅਰ ਕਰਨ ਲਈ ਖਰਚ ਕੀਤੇ ਹਨ ਅਤੇ 43 ਲੱਖ ਰੁਪਏ ਹੋਰ ਖਰਚ ਕਰ ਰਹੇ ਹਾਂ ਤਾ ਕਿ ਹੋਰ ਜ਼ਮੀਨ ਅਸੀਂ ਐਕਵਾਇਅਰ ਕਰ ਸਕੀਏ ਪਰ ਕੁਝ ਲੋਕ ਇਸ ਦੇ ਖਿਲਾਫ ਹਾਈ ਕੋਰਟ ਵਿਚ ਚਲੇ ਗਏ ਅਤੇ ਉਨ੍ਹਾਂ ਨੇ ਸਟੇਅ ਲੈ ਲਈ ਹੈ ਜਿਸ ਕਰਕੇ ਡਰੇਨ ਦਾ ਕੰਮ ਰੁਕ ਗਿਆ ਹੈ । ਪਰ ਫਿਰ ਵੀ ਮੈਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਅੱਗੇ ਵਾਸਤੇ ਜਿਹੜਾ ਇਸ ਇਲਾਕੇ ਦੇ ਖਰਾਬੇ ਦਾ ਮਸਲਾ ਹੈ ਉਸ ਦੇ ਹੱਲ ਲਈ ਸਰਕਾਰ ਵਚਨਬੱਧ ਹੈ ਔਰ ਮੈਂ ਸਮਝਦਾ ਹਾਂ ਕਿ ਮੇਨ ਡਰੇਨ ਦੇ ਪੁੱਟਣ ਨਾਲ ਪਾਣੀ ਦੇ ਨਿਕਾਸ ਦਾ ਪਰਮਾਨੈਂਟ ਹੱਲ ਹੋ ਜਾਵੇਗਾ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਨ੍ਹਾਂ ਨੇ ਮੈਨੂੰ ਇਸ ਹੱਲ ਦਾ ਵਿਸ਼ਵਾਸ ਦਿਵਾਇਆ ਹੈ ਅਤੇ ਸਰਕਾਰ ਵਲੋਂ ਹੱਲ ਕਰਨ ਲਈ ਆਪਣੀ ਵਚਨਬੱਧਤਾ ਹਾਊਸ ਵਿਚ ਦਿੱਤੀ ਹੈ ਪਰ ਮਨਿਸਟਰ ਸਾਹਿਬ

[ਚੌਧਰੀ ਮੋਹਨ ਲਾਲ ਬਹਿਰਾਮ]

ਨੇ ਪਹਿਲੇ ਕਿਹਾ ਸੀ ਕਿ ਉਥੇ ਕੋਈ ਖਰਾਬਾ ਨਹੀਂ ਹੋਇਆ। ਫੇਰ ਕਹਿ ਦਿੱਤਾ ਕਿ ਉਥਾਂ ਦੇ ਲੋਕਾਂ ਨੇ ਸਰਕਾਰ ਨੂੰ ਲਿਖ ਕੇ ਦਿੱਤਾ ਹੈ ਕਿ ਉਹ ਖਰਾਬੇ ਦਾ ਕੋਈ ਮੁਆਵਜ਼ਾ ਲੈਣ ਲਈ ਤਿਆਰ ਨਹੀਂ ਹਨ। ਇਸ ਤਰਾਂ ਦੀ ਬਿਆਨਬਾਜ਼ੀ ਕਿਉਂ ਕੀਤੀ ਜਾਂਦੀ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਕੋਈ ਫਸਲ ਖਰਾਬ ਨਹੀਂ ਹੋਈ। ਬਰਸਾਤ ਦਾ ਪਾਣੀ ਉਥੇ ਖੜ੍ਹਾ ਸੀ, ਜਿਹੜਾ ਨਿਕਲ ਗਿਆ ਹੈ ਅਤੇ ਹੁਣ ਉਥੇ ਕਿਸਾਨਾਂ ਨੇ ਆਪਣੀ ਫਸਲ ਨੂੰ ਬੀਜਿਆ ਹੈ ਅਤੇ ਫਸਲਾਂ ਠੀਕ ਹਨ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਇਹ ਗੱਲ ਪਹਿਲਾਂ ਹੀ ਕਹਿ ਦੇਣੀ ਚਾਹੀਦੀ ਸੀ। ਹੁਣ ਦੂਜੇ ਪਾਸੇ ਇਹ ਡਰੇਨ ਪੁੱਟਣ ਜਾ ਰਹੇ ਹਨ। ਜੇਕਰ ਉਥੇ ਸੇਮ ਨਹੀਂ ਸੀ ਫੇਰ ਡਰੇਨ ਪੁੱਟਣ ਦੀ ਕੀ ਲੋੜ ਸੀ।

(ਕੋਈ ਜਵਾਬ ਨਹੀਂ ਆਇਆ।)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਥੇ ਹਾਊਸ ਦੀ ਕਮੇਟੀ ਬਣਾਉਣ ਦੀ ਗੱਲ ਚਲੀ ਸੀ ਅਤੇ ਤੁਸੀਂ ਰੂਲਿੰਗ ਦੇ ਰਹੇ ਸੀ ਕਿ ਹਾਊਸ ਦੀ ਕਮੇਟੀ ਬਣਾ ਦਿੱਤੀ ਜਾਵੇ। ਸਪੀਕਰ ਸਾਹਿਬ, ਜੋ ਪਰਪੋਜ਼ਲ ਹਾਊਸ ਦੀ ਕਮੇਟੀ ਬਣਾਉਣ ਦੀ ਆਈ ਹੈ ਇਸ ਦਾ ਘੇਰਾ ਸਾਰੇ ਪੰਜਾਬ ਦਾ ਹੋਣਾ ਚਾਹੀਦਾ ਹੈ ਨਾ ਕਿ ਇਕੱਲੇ ਬੰਗੇ ਦੇ ਏਰੀਏ ਦਾ ਹੋਵੇ। ਇਹ ਮਸਲਾ ਬੜਾ ਅਹਿਮ ਹੈ। ਅਸੀਂ ਰੂਲਿੰਗ ਦਾ ਇੰਤ-ਜ਼ਾਰ ਕਰ ਰਹੇ ਹਾਂ।

ਸ੍ਰੀ ਸਪੀਕਰ : ਇਸ ਬਾਰੇ ਪਰਪੋਜ਼ਲ ਟਰੈਜ਼ਰੀ ਬੈਂਚਾਂ ਵਲੋਂ ਆਉਣੀ ਚਾਹੀਦੀ ਹੈ ਤਾਂ ਹੀ ਮੈਂ ਇਸ ਦੀ ਕਮੇਟੀ ਬਣਾ ਸਕਦਾ ਹਾਂ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ, ਮਨਿਸਟਰ ਸਾਹਿਬ ਦੇ ਜਵਾਬ ਨਾਲ ਸੈਟਿਸਫਾਈਡ ਹਨ। ਹੁਣ ਕਮੇਟੀ ਬਣਾਉਣ ਦੀ ਲੋੜ ਨਹੀਂ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਬੰਗੇ ਨਾਲੋਂ ਮਾਨਸਾ ਦੀ ਸਾਬਤੀ ਸੇਮ ਕਰਕੇ ਬਹੁਤ ਮਾੜੀ ਹੈ। ਮਾਛੀਵਾੜਾ ਤੇ ਹੁਸ਼ਿਆਰਪੁਰ ਵੀ ਪ੍ਰਭਾਵਤ ਹੈ। ਇਸ ਲਈ ਤੁਸੀਂ ਹਾਊਸ ਦੀ ਇਕ ਕਮੇਟੀ ਬਣਾ ਦਿਓ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਕੱਲੇ ਬੰਗੇ ਤੱਕ ਸੀਮਿਤ ਨਾ ਕੀਤਾ ਜਾਵੇ ਅਤੇ ਨਾ ਹੀ ਟਰੈਜ਼ਰੀ ਬੈਂਚਿਜ਼ ਦੀ ਗੱਲ ਹੈ। ਸੇਮ ਨਾਲ ਤਾਂ ਸਾਰਾ ਪੰਜਾਬ ਹੀ ਪ੍ਰਭਾਵਿਤ ਹੋਇਆ ਹੈ।

ਸ਼੍ਰੀ ਸਪੀਕਰ : ਅਗਲਾ ਸਵਾਲ।

ਸਬ-ਡਵੀਜ਼ਨ ਅਬੋਹਰ ਵਿਚ ਲਿੰਕ ਸੜਕਾਂ ਦੀ ਉਸਾਰੀ

*1552. **ਸਰਦਾਰ ਗੁਰਤੇਜ ਸਿੰਘ ਘੁੜਿਆਣਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਅਬੋਹਰ ਸਬ-ਡਵੀਜ਼ਨ, ਜ਼ਿਲ੍ਹਾ ਫਿਰੋਜ਼ਪੁਰ ਵਿਚ—

(ੳ) ਪਿੰਡ ਝੇਰਰ ਖੇੜਾ ਤੋਂ ਖਟਵਾਂ;

(ਅ) ਪਿੰਡ ਬਹਾਦਰ ਖੇੜਾ ਤੋਂ ਮਾਲੂਕਪੁਰ ; ਅਤੇ

(ੲ) ਪਿੰਡ ਖਟਵਾਂ ਤੋਂ ਸ਼ੇਰੇਵਾਲਾ ਤੱਕ ਲਿੰਕ ਸੜਕਾਂ ਬਣਾਉਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ: ਤਾਂ ਇਨ੍ਹਾਂ ਨੂੰ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ (ੳ) ਨਹੀਂ ਜੀ।

(ਅ) ਨਹੀਂ ਜੀ।

(ੲ) ਹਾਂ ਜੀ। ਪਿੰਡ ਖਟਵਾਂ ਤੋਂ ਸ਼ੇਰੇਵਾਲਾ ਤੱਕ ਲਿੰਕ ਸੜਕ ਪੇਂਡੂ ਵਿਧਾਨ ਸਭਾ ਹਲਕਿਆਂ ਵਿਚ ਉਸਾਰੀਆਂ ਜਾਣ ਵਾਲੀਆਂ ਨਵੀਆਂ 20 ਕਿਲੋਮੀਟਰ ਸੜਕਾਂ ਦੀ ਲਿਸਟ ਵਿਚ ਸ਼ਾਮਲ ਹੈ ਅਤੇ ਇਹ 30.6.2000 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਕ ਸੜਕ ਮਨਜ਼ੂਰ ਕੀਤੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਜਾਂ ਨਹੀਂ, ਜੇਕਰ ਰੱਖਿਆ ਗਿਆ ਸੀ ਤਾਂ ਕਦੋਂ ਰੱਖਿਆ ਗਿਆ ਸੀ।

ਮੰਤਰੀ: ਸਪੀਕਰ ਸਾਹਿਬ, ਨੀਂਹ ਪੱਥਰ ਰੱਖਣ ਦਾ ਇਨ੍ਹਾਂ ਦਾ ਕੋਈ ਸਵਾਲ ਨਹੀਂ ਹੈ। ਇਨ੍ਹਾਂ ਨੇ ਪਿੰਡ ਝੇਰਰ ਖੇੜਾ ਤੋਂ ਖਟਵਾਂ, ਪਿੰਡ ਬਹਾਦਰ ਖੇੜਾ ਤੋਂ ਮਾਲੂਕਪੁਰ ਅਤੇ ਪਿੰਡ ਖਟਵਾਂ ਤੋਂ ਸ਼ੇਰੇਵਾਲਾ ਤੱਕ ਲਿੰਕ ਸੜਕਾਂ ਬਾਰੇ ਪੁੱਛਿਆ ਸੀ।

ਸ਼੍ਰੀ ਸਪੀਕਰ: ਕੀ ਕੋਈ ਨੀਂਹ ਪੱਥਰ ਰੱਖਿਆ ਗਿਆ ਹੈ ?

ਮੰਤਰੀ ਸਪੀਕਰ ਸਾਹਿਬ, ਇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ : ਸਪੀਕਰ ਸਾਹਿਬ, ਮੇਰੇ ਸਵਾਲ ਨਾਲ ਇਹ ਰੀਲੇਟਿਡ ਪ੍ਰਸ਼ਨ ਹੈ ਅਤੇ ਜੇਕਰ ਮੰਤਰੀ ਜੀ ਹੁਣ ਨਹੀਂ ਦੱਸ ਸਕਦੇ ਤਾਂ ਟਾਈਮ ਲੈ ਲੈਣ।

ਸ਼੍ਰੀ ਸਪੀਕਰ : ਇਹ ਸਵਾਲ ਨਾਲ ਸਬੰਧਤ ਹੈ।

ਮੰਤਰੀ : ਨੀਂਹ ਪੱਥਰ ਰੱਖਿਆ ਗਿਆ ਹੈ, ਇਹ ਇਨ੍ਹਾਂ ਦਾ ਸਵਾਲ ਨਹੀਂ ਜੀ। ਇਹ ਵੱਖਰਾ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗੇ।

ਸ਼੍ਰੀ ਸਪੀਕਰ : ਤੁਸੀਂ ਕੱਲ ਪੁੱਛ ਕੇ ਦੱਸ ਦੇਣਾ। Supplementaries to this Question will continue tomorrow.

ਡੀ. ਏ. ਪੀ. ਖਾਦ ਦੀ ਕਮੀ

*1399. **ਸਰਦਾਰ ਬਲਦੇਵ ਸਿੰਘ ਖਿਆਲਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਸਰਕਾਰ ਦੁਆਰਾ ਵੱਖ ਵੱਖ ਸਾਲਾਂ 1997 ਅਤੇ 1998 ਦੌਰਾਨ ਹਰ ਸਾਲ ਹਾੜੀ ਦੀ ਫਸਲ ਲਈ ਵਿਸ਼ੇਸ਼ ਕਰਕੇ ਕਣਕ ਦੀ ਬਿਜਾਈ ਸਮੇਂ ਡੀ.ਏ.ਪੀ. ਖਾਦ ਜ਼ਿਲ੍ਹਾ-ਵਾਰ ਕਿੰਨੀ ਕਿੰਨੀ ਮਾਤਰਾ ਵਿਚ ਸਪਲਾਈ ਕੀਤੀ ਗਈ ;

(ਅ) ਕੀ ਸਰਕਾਰ ਨੂੰ ਡੀ.ਏ.ਪੀ. ਖਾਦ ਦੀ ਘੱਟ ਸਪਲਾਈ ਸਬੰਧੀ ਸਾਲਾਂ 1997 ਅਤੇ 1998 ਦੌਰਾਨ ਕੋਈ ਸ਼ਿਕਾਇਤਾਂ ਮਿਲੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਤੇ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਖਾਦ ਸਪਲਾਈ ਕਰਨ ਵਾਲੀਆਂ ਵੱਖ-ਵੱਖ ਏਜੰਸੀਆਂ ਵਲੋਂ ਡੀ.ਏ.ਪੀ. ਖਾਦ ਦੀ ਸਪਲਾਈ ਕੀਤੀ ਮਾਤਰਾ ਹਾੜੀ 1997 ਦੌਰਾਨ 3.11 ਲੱਖ ਮੀਟ੍ਰਿਕ ਟਨ ਸੀ ਅਤੇ 1998 ਦੌਰਾਨ 30 ਨਵੰਬਰ, 98 ਤੱਕ 3.60 ਲੱਖ ਮੀਟ੍ਰਿਕ ਟਨ ਡੀ.ਏ.ਪੀ. ਖਾਦ ਸਪਲਾਈ ਕੀਤੀ ਗਈ । ਜ਼ਿਲ੍ਹਾਵਾਰ ਸਪਲਾਈ ਸਬੰਧੀ ਸਟੇਟਮੈਂਟ ਹਾਊਸ ਦੇ ਅੱਗੇ ਰੱਖੀ ਜਾਂਦੀ ਹੈ ।

(ਅ) ਹਾੜੀ 1997 ਦੌਰਾਨ ਡੀ. ਏ.ਪੀ. ਖਾਦ ਦੀ ਘੱਟ ਸਪਲਾਈ ਸਬੰਧੀ ਕੋਈ ਸਪੱਸ਼ਟ ਰਿਪੋਰਟ ਖੇਤੀਬਾੜੀ ਵਿਭਾਗ ਨੂੰ ਪ੍ਰਾਪਤ ਨਹੀਂ ਸੀ ਹੋਈ । ਪਰੰਤੂ ਵਿਭਾਗ ਵਲੋਂ ਮੁਲਾਂਕਣ ਸਮੇਂ ਘਾਟ ਮਹਿਸੂਸ ਕੀਤੀ ਗਈ । ਡੀ ਏ.ਪੀ. ਖਾਦ ਦੀ ਸਪਲਾਈ ਦੇ ਪ੍ਰਬੰਧ ਲੋੜ ਅਨੁਸਾਰ ਕਰਵਾ ਦਿੱਤੇ ਗਏ ਸਨ ।

ਹਾੜੀ 1998 ਦੌਰਾਨ ਮੁੱਖ ਖੇਤੀਬਾੜੀ ਅਫਸਰਾਂ ਨਾਲ ਰੀਵਿਊ ਮੀਟਿੰਗਾਂ ਸਮੇਂ ਉਨ੍ਹਾਂ ਵੱਲੋਂ ਕੁੱਝ ਖੇਤਰਾਂ ਵਿੱਚ ਡੀ.ਏ.ਪੀ. ਦੀ ਘੱਟ ਸਪਲਾਈ ਬਾਰੇ ਜਾਣੂ ਕਰਵਾਇਆ ਗਿਆ ਅਤੇ ਫੀਲਡ ਵਿੱਚੋਂ ਵੀ ਡੀ.ਏ.ਪੀ. ਦੀ ਘਾਟ ਦੀਆਂ ਕੁਝ ਰਿਪੋਰਟਾਂ ਮਿਲੀਆਂ । 16 ਤੋਂ 18 ਅਕਤੂਬਰ, 98 ਨੂੰ ਹੋਈਆਂ ਬਾਰਸ਼ਾਂ ਕਾਰਨ ਕਣਕ ਦੀ ਬਿਜਾਈ ਅਗੇਤੀ ਸ਼ੁਰੂ ਹੋ ਗਈ ਸੀ । ਡੀ.ਏ.ਪੀ. ਦੀ ਸਪਲਾਈ ਕਰਵਾਉਣ ਲਈ ਤੁਰੰਤ ਕਦਮ ਚੁਕੇ ਗਏ ਅਤੇ ਸਰਕਾਰ ਵਲੋਂ ਪਹਿਲ ਦੇ ਆਧਾਰ ਤੇ ਸਪਲਾਈ ਦੇ ਪ੍ਰਬੰਧ ਕੀਤੇ ਗਏ ।

ਕੀਤੀ ਗਈ ਕਾਰਵਾਈ

ਹਾੜੀ ਦੀ ਬਿਜਾਈ ਸ਼ੁਰੂ ਹੋਣ ਸਮੇਂ ਰਾਜ ਕੋਲ ਡੀ.ਏ.ਪੀ. ਖਾਦ ਦਾ ਸਟਾਕ 1.39 ਲੱਖ ਮੀਟ੍ਰਿਕ ਟਨ ਸੀ । ਡੀ.ਏ.ਪੀ. ਖਾਦ ਦੇ ਪ੍ਰਬੰਧ ਲਈ ਪੰਜਾਬ ਸਰਕਾਰ ਵੱਲੋਂ ਹੇਠ ਲਿਖੇ ਕਦਮ ਚੁੱਕੇ ਗਏ :—

(1) ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨੇ ਡੀ.ਏ.ਪੀ. ਖਾਦ ਦੀ ਨਿਰੰਤਰ ਸਪਲਾਈ ਲਈ ਭਾਰਤ ਸਰਕਾਰ ਕੋਲ ਸਿਫਾਰਸ਼ ਕੀਤੀ ।

(2) ਕੇਂਦਰੀ ਖਾਦ ਤੇ ਰਸਾਇਣ ਮੰਤਰੀ ਅਤੇ ਰੇਲ ਅਧਿਕਾਰੀਆਂ ਨਾਲ ਡੀ.ਏ.ਪੀ. ਦੀ ਵਾਧੂ ਸਪਲਾਈ ਅਤੇ ਪਹਿਲ ਦੇ ਆਧਾਰ ਤੇ ਖਾਦ ਪਹੁੰਚਾਉਣ ਸਬੰਧੀ ਮੀਟਿੰਗਾਂ ਕੀਤੀਆਂ ਗਈਆਂ ।

(3) ਪੰਜਾਬ ਸਰਕਾਰ ਦੇ ਸੀਨੀਅਰ ਅਫਸਰਾਂ ਦੀ ਡਿਊਟੀ ਦਿੱਲੀ ਅਤੇ ਬੰਦਰਗਾਹਾਂ ਤੇ ਲਗਾਈ ਗਈ ਤਾਂ ਜੋ ਪਹਿਲ ਦੇ ਅਧਾਰ ਤੇ ਰੇਕਾਂ ਦਾ ਪ੍ਰਬੰਧ ਕੀਤਾ ਜਾਵੇ। ਵਾਧੂ ਡੀ.ਏ.ਪੀ. ਖਾਦ ਨੂੰ ਪਹੁੰਚਾਉਣ ਲਈ ਰੇਲ ਮੰਤਰੀ ਜੀ ਨੂੰ ਵਾਧੂ ਰੇਕਾਂ ਦੇ ਪ੍ਰਬੰਧ ਲਈ ਸਿਫਾਰਸ਼ ਕੀਤੀ ਗਈ।

(4) ਡੀ.ਏ.ਪੀ. ਖਾਦ ਦੀ ਵਾਧੂ ਸਪਲਾਈ ਵਧੇਰੇ ਖਰਚੇ ਤੇ ਵੀ ਕਰਨ ਦੇ ਪ੍ਰਬੰਧ ਕਰਵਾਏ ਗਏ।

ਅਨੁਲੱਗ

ਪੰਜਾਬ ਵਿਚ ਜ਼ਿਲ੍ਹਾਵਾਰ ਡੀ.ਏ.ਪੀ. ਖਾਦ ਦੀ ਸਪਲਾਈ ਪੁਜ਼ੀਸ਼ਨ ਬਾਬਤ ਹਾੜੀ 1997-98 ਅਤੇ 1998-99 (30-11-1998 ਤੱਕ)।

(ਮੀਟ੍ਰਿਕ ਟਨਾਂ ਵਿਚ)

ਲੜੀ ਨੰ.	ਜ਼ਿਲ੍ਹਾ	ਹਾੜੀ 1997-98 (1-10-97 ਤੋਂ 30-11-97)	ਹਾੜੀ 1998-99 (1-10-98 ਤੋਂ 30-11-98)
1.	ਅੰਮ੍ਰਿਤਸਰ	23,010	26,987
2.	ਬਠਿੰਡਾ	21,045	23,300
3.	ਫਰੀਦਕੋਟ	8,489	9,594
4.	ਫਤਹਿਗੜ੍ਹ ਸਾਹਿਬ	7,558	9,445
5.	ਫਿਰੋਜ਼ਪੁਰ	39,427	42,368
6.	ਗੁਰਦਾਸਪੁਰ	11,016	13,377
7.	ਹੁਸ਼ਿਆਰਪੁਰ	3,913	5,519
8.	ਜਲੰਧਰ	17,417	19,027
9.	ਕਪੂਰਥਲਾ	5,036	8,533
10.	ਲੁਧਿਆਣਾ	39,590	43,571
11.	ਮਾਨਸਾ	15,866	17,086
12.	ਮੋਗਾ	20,041	23,117

[ਖੇਤੀਬਾੜੀ ਮੰਤਰੀ]

1	2		3	4
13,	ਮੁਕਤਸਰ	..	18,158	20,525
14.	ਨਵਾਂ ਸ਼ਹਿਰ	..	4,576	5,933
15.	ਪਟਿਆਲਾ	..	30,443	34,257
16.	ਰੋਪੜ	..	6,479	7,852
17.	ਸੰਗਰੂਰ	..	38,964	49,557
	ਕੁੱਲ	..	3,11,028	3,60,048

ਨੋਟ :— ਹਾੜੀ 1997 ਦੌਰਾਨ 3.40 ਲੱਖ ਮੀਟ੍ਰਿਕ ਟਨ ਡੀ.ਏ.ਪੀ. ਸਪਲਾਈ ਕੀਤਾ ਗਿਆ ਜੋ ਕਿ ਹਾੜ੍ਹੀ ਦੀਆਂ ਸਾਰੀਆਂ ਫਸਲਾਂ ਸਮੇਤ ਕਣਕ ਵਿਚ ਵਰਤਿਆ ਗਿਆ ਜਦੋਂ ਕਿ ਹਾੜ੍ਹੀ 1998 ਵਿਚ 4.00 ਲੱਖ ਮੀਟ੍ਰਿਕ ਟਨ ਡੀ.ਏ.ਪੀ. ਸਪਲਾਈ ਦਾ ਅਨੁਮਾਨ ਹੈ ਅਤੇ ਮਿਤੀ 30-11-98 ਤੱਕ 3.60 ਲੱਖ ਮੀਟ੍ਰਿਕ ਟਨ ਡੀ.ਏ.ਪੀ. ਸਪਲਾਈ ਹੋ ਚੁੱਕਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਕ ਤਾਂ ਇਨ੍ਹਾਂ ਨੇ ਦੱਸਿਆ ਹੈ ਕਿ 1997-98 ਵਿਚ ਡੀ.ਏ.ਪੀ. ਦੀ ਸਪਲਾਈ ਵੱਧ ਹੋਈ ਹੈ ਤੇ ਦੂਜਾ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਸ਼ਿਕਾਇਤ ਨਹੀਂ ਹੋਈ । ਫੇਰ ਇਹ ਕਹਿੰਦੇ ਹਨ ਕਿ ਮੁਲਾਂਕਣ ਕਰਨ ਤੇ ਮਹਿਕਮੇ ਨੇ ਦੱਸਿਆ ਹੈ ਕਿ ਥੋੜ੍ਹੀ ਬਹੁਤ ਘਾਟ ਹੈ । ਕੀ ਮਹਿਕਮੇ ਨੂੰ ਡੀ.ਏ. ਪੀ. ਖਾਦ ਦੀ ਘਾਟ ਦੀ ਮੁਸ਼ਕ ਆ ਗਈ ਸੀ । ਬਿਨਾਂ ਸ਼ਿਕਾਇਤ ਤੋਂ ਉਨ੍ਹਾਂ ਨੂੰ ਕਿਵੇਂ ਪਤਾ ਲੱਗਿਆ ? ਫੇਰ ਕਹਿੰਦੇ ਹਨ ਕਿ ਪ੍ਰਬੰਧ ਕੀਤੇ ਹਨ । ਮੈਂ ਜਾਣਨਾ ਚਾਹੁਦਾ ਹਾਂ ਕਿ ਜੇ ਡੀ.ਏ.ਪੀ. ਰੇਹ ਜ਼ਿਆਦਾ ਸਪਲਾਈ ਹੋਈ ਸੀ ਅਤੇ ਵੰਡੀ ਵੀ ਜ਼ਿਆਦਾ ਗਈ ਤਾਂ ਘਾਟ ਕਿਥੋਂ ਆ ਗਈ ? ਖਾਸ ਤੌਰ ਤੇ ਮਾਨਸਾ ਵਿਚ ਇਸ ਦੀ ਬਹੁਤ ਜ਼ਿਆਦਾ ਕਮੀ ਰਹੀ, ਇਸ ਦੀ ਥੁੜ ਰਹੀ ਅਤੇ ਡੀਲਰਾਂ ਨੇ ਡੀ.ਏ.ਪੀ. ਰੇਹ ਦੇ ਨਾਲ ਲਗਾ ਕੇ ਯੂਰੀਆ ਵੇਚਿਆ ਅਤੇ ਖਾਦ ਦੀ ਬਨਾਉਟੀ ਥੁੜ ਪੈਦਾ ਕਰ ਦਿੱਤੀ ਜਿਸ ਨਾਲ ਕਿਸਾਨ ਦੀ ਬੜੀ ਲੁੱਟ ਹੋਈ । ਕਿਸਾਨ ਰੇਹ ਬਾਹਰੋਂ ਲੈ ਕੇ ਆ ਰਹੇ ਸੀ ਤਾਂ ਡਿਪਟੀ ਕਮਿਸ਼ਨਰ ਨੇ ਬਾਹਰ ਹੀ ਰੋਕ ਦਿੱਤਾ । ਸਪੀਕਰ ਸਾਹਿਬ, ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੀ. ਏ. ਪੀ. ਕਿਸਾਨਾਂ ਨੂੰ ਨਾ ਮਿਲਣ ਦੇ ਕਾਰਨ ਕੀ ਸੀ ?

ਮੰਤਰੀ : ਸਪੀਕਰ ਸਾਹਿਬ, ਕਾਰਨ ਤਾਂ ਦੱਸ ਦਿੱਤੇ ਹਨ ।

ਸ੍ਰੀ ਸਪੀਕਰ : ਖਿਆਲਾ ਸਾਹਿਬ! ਤੁਸੀਂ ਸਪੈਸਿਫਿਕ ਕੁਐਸਚਨ ਪੁੱਛੋ ਜੋ ਕੋਈ ਪੁੱਛਣਾ ਹੈ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਜਿਹੜੀ ਮਾਨਸਾ ਦੇ ਵਿਚ ਏਡੀ ਡੀ. ਏ. ਪੀ. ਰੇਹ ਦੀ ਕਮੀ ਹੋਈ ਅਤੇ ਕਿਸਾਨਾਂ ਦੀ ਲੁੱਟ ਹੋਈ, ਉਸਦੇ ਕੀ ਕਾਰਨ ਸਨ ? ਜਿਹੜਾ ਡੀਲਰਾਂ ਨੂੰ ਖੁੱਲ੍ਹੀ ਲੁੱਟ ਕਰਨ ਦਾ ਮੌਕਾ ਸਰਕਾਰ ਵਲੋਂ ਦਿੱਤਾ ਗਿਆ, ਉਸਦੇ ਕੀ ਕਾਰਨ ਸਨ ?

ਮੰਤਰੀ : ਸਪੀਕਰ ਸਾਹਿਬ, ਮਾਨਸਾ ਬਾਰੇ ਜਿਹੜਾ ਇਨ੍ਹਾਂ ਦਾ ਸਵਾਲ ਹੈ, ਉਸਦੇ ਵਿਚ ਪਹਿਲਾਂ 15866 ਮੀਟਰਿਕ ਟਨ ਖਾਦ ਦਿੱਤੀ ਗਈ ਸੀ । ਅਸੀਂ ਉਸ ਤੋਂ ਬਾਅਦ ਜਿਹੜਾ ਇਹ ਕਹਿੰਦੇ ਹਨ ਕਿ ਕਾਰਨ ਦੱਸੋ, 17,086 ਮੀਟਰਿਕ ਟਨ ਖਾਦ ਦਿੱਤੀ ਹੈ । ਫੇਰ ਘਾਟ ਕਿਵੇਂ ਰਹਿ ਗਈ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਵੀ ਇਹੀ ਜਾਣਨਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਖਾਦ ਵੱਧ ਦਿੱਤੀ ਗਈ । ਡੀਲਰਾਂ ਨੇ ਖਾਦ ਕੋਲ ਰੱਖ ਕੇ ਬਨਾਉਟੀ ਕਮੀ ਪੈਦਾ ਕਰਕੇ, ਉਸ ਵਿਚ ਦੂਜੀਆਂ ਰੇਹਾਂ ਮਿਲਾ ਕੇ ਅਤੇ ਡੀ.ਏ.ਪੀ. ਨੂੰ ਬਲੈਕ ਵਿਚ ਵੇਚਿਆ । ਕੀ ਇਸ ਗੱਲ ਦੀ ਪੜਤਾਲ ਕਰਨ ਵਾਸਤੇ ਇਹ ਕੋਈ ਕਮੇਟੀ ਬਣਾਉਣਗੇ ਤਾਂਕਿ ਜਿਹੜਾ ਏਡਾ ਵੱਡਾ ਘੱਪਲਾ ਹੋਇਆ ਹੈ, ਕਿਸਾਨਾਂ ਦੀ ਏਡੀ ਵੱਡੀ ਲੁੱਟ ਹੋਈ ਹੈ, ਕਿਸਾਨਾਂ ਨਾਲ ਜਿਹੜਾ ਧੱਕਾ ਹੋਇਆ ਹੈ ਅਤੇ ਅਖਬਾਰਾਂ ਵਿਚ ਬੜੀਆਂ ਖਬਰਾਂ ਛਪੀਆਂ ਜਿਸਦੇ ਕਾਰਨ ਸਾਰੇ ਪੰਜਾਬ ਵਿਚ ਹਾਹਾ-ਕਾਰ ਮੱਚੀ ਹੈ, ਕੀ ਇਹ ਕਮੇਟੀ ਬਣਾ ਕੇ ਉਨ੍ਹਾਂ ਡੀਲਰਾਂ ਦੇ ਖਿਲਾਫ ਜਿਨ੍ਹਾਂ ਨੇ ਬਨਾਉਟੀ ਕਮੀ ਪੈਦਾ ਕਰਕੇ ਇਹ ਲੁੱਟ ਕੀਤੀ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨਗੇ ?

ਸ੍ਰੀ ਰਮੇਸ਼ ਚੰਦਰ ਡੋਗਰਾ : ਇਹ ਠੀਕ ਕਹਿ ਰਹੇ ਹਨ ਜੀ । ਅਸੀਂ ਵੀ ਇਨ੍ਹਾਂ ਨਾਲ ਸਹਿਮਤ ਹਾਂ ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇ ਕੋਈ ਸਪੈਸੀਫਿਕ ਨਾਂ ਇਨ੍ਹਾਂ ਨੂੰ ਯਾਦ ਹੈ ਕਿਸੇ ਵੀ ਡੀਲਰ ਦਾ ਜਿਸਨੇ ਕਿ ਖਾਦ ਲੁੱਕੋ ਕੇ ਰੱਖੀ ਹੋਵੇ, ਉਸਦਾ ਨਾਂ ਇਹ ਸਾਨੂੰ ਲਿਖ ਕੇ ਦੇਣ, ਉਸਦੇ ਖਿਲਾਫ ਐਕਸ਼ਨ ਲਿਆ ਜਾਵੇਗਾ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਇਹ ਮਹਿਕਮੇ ਨੂੰ ਚਾਹੀਦਾ ਹੈ । ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਮਹਿਕਮਾ ਹੈ, ਇਹ ਲੋਕਾਂ ਤੋਂ ਅਰਜ਼ੀਆਂ ਮੰਗੇ ਕਿ ਕਿਹੜੇ ਲੋਕਾਂ ਨੂੰ ਕਿਥੋਂ ਕਿਥੋਂ ਡੀ. ਏ. ਪੀ. ਖਾਦ ਲੈਣ ਵਿਚ ਤਕਲੀਫ ਹੋਈ ਹੈ, ਅਤੇ ਕਿੰਨੀ ਤਕਲੀਫ ਹੋਈ ਹੈ, ਲੋਕ ਲਿਖ ਕੇ ਦੇਣ ।

ਸ੍ਰੀ ਸਪੀਕਰ: ਖਿਆਲਾ ਸਾਹਿਬ, ਸੁਜੈਸ਼ਨ ਨਹੀਂ ਦੇਣੀ। ਸਪੈਸਿਫਿਕ ਗੱਲ ਪੁੱਛਣੀ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬੜੀਆਂ ਲੰਬੀਆਂ ਲੰਬੀਆਂ ਲਾਈਨਾਂ ਲੋਕਾਂ ਦੀਆਂ ਹੁੰਦੀਆਂ ਸਨ ਜਿਹੜੇ ਡੀ.ਏ.ਪੀ. ਲੈਣ ਨੂੰ ਖੜ੍ਹੇ ਹੁੰਦੇ ਸਨ। ਕੀ ਤੁਸੀਂ ਕਦੇ ਅਖਬਾਰ ਨਹੀਂ ਸੀ ਪੜ੍ਹਿਆ? 500-500 ਇਕ ਇਕ ਲਾਈਨ ਵਿਚ ਕਿਸਾਨ ਖੜ੍ਹੇ ਹੁੰਦੇ ਸਨ। ਮੈਂ ਵੀ ਬਾਦਲ ਸਾਹਿਬ ਦੇ ਨੋਟਿਸ ਵਿਚ ਇਕ ਮਹੀਨਾ ਪਹਿਲਾਂ ਲਿਆਂਦਾ ਸੀ ਕਿ ਇਨ੍ਹਾਂ ਅਫਸਰਾਂ ਦੇ ਕਾਰਨ ਡੀ.ਏ.ਪੀ. ਦੀ ਕਮੀ ਆਉਣੀ ਹੈ ਅਤੇ ਮੇਰੇ ਕੋਲ ਬੈਠਿਆਂ ਹੀ ਸੈਂਟਰ ਵਿਚ ਬਰਨਾਲਾ ਸਾਹਿਬ ਨਾਲ, ਬਾਦਲ ਸਾਹਿਬ ਨੇ ਗੱਲ ਕੀਤੀ ਅਤੇ ਡਾਇਰੈਕਟਰ ਸਾਹਿਬ ਨਾਲ ਵੀ ਗੱਲ ਕੀਤੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੁਲਾਜ਼ਮਾਂ ਜਾਂ ਅਫਸਰਾਂ ਨੇ ਇਸ ਸਬੰਧ ਵਿਚ ਅਣਗਹਿਲੀ ਕੀਤੀ ਹੈ, ਕੀ ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ? ਲੋਕਾਂ ਵਿਚ ਐਡੀ ਵੱਡੀ ਹਾਹਾਕਾਰ ਮੱਚੀ ਹੋਈ ਹੈ। ਕਿਸਾਨਾਂ ਦੀ ਭਲਾਈ ਦੇ ਵਾਅਦੇ ਕਰਕੇ ਇਹ ਐਡੀ ਵੱਡੀ ਗਿਣਤੀ ਵਿਚ ਜਿੱਤ ਕੇ ਆਏ ਹਨ ਲੇਕਿਨ ਉਨ੍ਹਾਂ ਨਾਲ ਹੀ ਐਨਾ ਵੱਡਾ ਧੱਕਾ ਹੋਇਆ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੇ ਇਸ ਮਾਮਲੇ ਵਿਚ ਅਣਗਹਿਲੀ ਕੀਤੀ ਹੈ, ਕੀ ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ?

ਮੰਤਰੀ: ਸਪੀਕਰ ਸਾਹਿਬ, ਇਹ ਆਪ ਕਿਸਾਨ ਹਨ ਅਤੇ ਖੇਤੀ ਕਰਦੇ ਹਨ। ਇਨ੍ਹਾਂ ਨੂੰ ਵੀ ਪਤਾ ਹੈ ਕਿ ਐਤਕੀਂ ਬਾਰਸ਼ਾਂ ਇਕ ਦਮ ਪੈਣ ਨਾਲ ਜਿਹੜੀ ਝੋਨੇ ਦੀ ਫਸਲ ਸੀ, ਉਸ ਦੀ ਇਕ ਦਮ ਬਿਜਾਈ ਹੋ ਗਈ ਅਤੇ ਜਿਹੜੀ ਕਪਾਹ ਸੀ, ਉਸ ਦੀ ਇਕ ਦਮ ਬਿਜਾਈ ਹੋ ਗਈ। ਮੈਂ ਵੀ ਕਿਸਾਨ ਹਾਂ ਅਤੇ ਮੈਨੂੰ ਪਤਾ ਹੈ ਕਿ ਅੱਗੇ ਅਸੀਂ ਪਹਿਲਾਂ ਰੌਣੀਆਂ ਕਰਦੇ ਹੁੰਦੇ ਸੀ ਅਤੇ ਜਿਵੇਂ ਜਿਵੇਂ ਰੌਣੀਆਂ ਹੁੰਦੀਆਂ ਹਨ, ਉਵੇਂ ਉਵੇਂ ਹੀ ਖਾਦ ਦੀ ਲੋੜ ਪੈਂਦੀ ਹੈ। ਇਸ ਤਰੀਕੇ ਦੇ ਨਾਲ ਬਿਜਾਈ ਹੁੰਦੀ ਸੀ ਪਰ ਇਸ ਵਾਰ ਬਿਜਾਈ ਇਕ ਦਮ ਹੋ ਜਾਣ ਕਰਕੇ ਖਾਦ ਦੀ ਲੋੜ ਵਧੇਰੇ ਪੈ ਗਈ। ਖਾਦ ਜਿਹੜੀ ਹੈ, ਇਹ ਰੇਲਾਂ ਰਾਹੀਂ ਆਉਂਦੀ ਹੈ ਜਾਂ ਟਰੱਕਾਂ ਰਾਹੀਂ ਆਉਂਦੀ ਹੈ ਜਿਸ ਕਰਕੇ ਕਈ ਵਾਰ ਲੇਟ ਵੀ ਹੋ ਜਾਂਦੀ ਹੈ। ਜਿਵੇਂ ਜਿਵੇਂ ਖਾਦ ਦੀ ਲੋੜ ਪੈਂਦੀ ਹੈ, ਉਵੇਂ ਉਵੇਂ ਅਸੀਂ ਖਾਦ ਦਿੰਦੇ ਰਹਿੰਦੇ ਹਾਂ ਲੇਕਿਨ ਇਸ ਵਾਰ ਇਕ ਦਮ ਬਿਜਾਈ ਸ਼ੁਰੂ ਹੋ ਜਾਣ ਨਾਲ ਖਾਦ ਦੀ ਸਪਲਾਈ ਵਾਸਤੇ ਕਿਸਾਨਾਂ ਨੂੰ ਥੋੜ੍ਹੀ ਬਹੁਤੀ ਮੁਸ਼ਕਲ ਆ ਗਈ। ਫਿਰ ਵੀ ਅਸੀਂ ਕੋਈ ਵੱਡੀ ਮੁਸ਼ਕਲ ਆਉਣ ਨਹੀਂ ਦਿੱਤੀ ਕਿਉਂਕਿ ਅਸੀਂ ਤਾਂ ਅੱਗੇ ਨਾਲੋਂ ਦੁੱਗਣੀ ਖਾਦ ਲੈ ਕੇ ਕਿਸਾਨਾਂ ਨੂੰ ਦਿੱਤੀ ਹੈ। ਲਿਸਟ ਇਨ੍ਹਾਂ ਦੇ ਕੋਲ ਪਈ ਹੈ, ਇਹ ਪੜ੍ਹ ਕੇ ਵੇਖ ਲੈਣ। ਇਸ ਮਾਮਲੇ ਵਿਚ ਨਾ ਕੋਈ ਅਣਗਹਿਲੀ ਹੋਈ ਹੈ ਅਤੇ ਨਾ ਹੀ ਕੋਈ ਢਿੱਲ ਹੋਈ ਹੈ। ਜੇ ਕੋਈ ਸਪੈਸੇਫਿਕ ਨਾਂ ਇਨ੍ਹਾਂ ਦੇ ਕੋਲ ਹੈ ਤਾਂ ਇਹ ਸਾਨੂੰ ਦੱਸ ਦੇਣ, ਅਸੀਂ ਪਤਾ ਕਰਵਾ ਲਵਾਂਗੇ।

———

ਨਿਸ਼ਾਨ ਵਾਲਾ ਪ੍ਰਸ਼ਨ ਨੰ 1532

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਪ੍ਰਸ਼ਨ ਪ੍ਰੇਸ਼ ਨਹੀਂ ਹੋਇਆ)

ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਰਾਸ਼ਨ ਦੀ ਸਪਲਾਈ

*1442. **ਸ੍ਰੀ ਸੱਤਿਆ ਪਾਲ ਸੈਣੀ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਧਾਰ ਕਲਾਂ ਬਲਾਕ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਮਿੱਟੀ ਦੇ ਤੇਲ ਅਤੇ ਅਨਾਜ ਦੀ ਪ੍ਰਤੀ ਯੂਨਿਟ ਵੱਖ-ਵੱਖ ਕਿੰਨੀ ਮਾਤਰਾ ਵਿਚ ਸਪਲਾਈ ਕੀਤੀ ਜਾ ਰਹੀ ਹੈ ਅਤੇ ਉਕਤ ਬਲਾਕ ਵਿਚ ਰਾਸ਼ਨ ਕਾਰਡ ਹੋਲਡਰਾ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਉਪਰੋਕਤ ਬਲਾਕ ਦੇ ਪਿੰਡਾਂ ਵਿਚ ਮਿੱਟੀ ਦੇ ਤੇਲ ਦੀ ਸਪਲਾਈ ਵਿਚ 5 ਲਿਟਰ ਤੋਂ 8 ਲਿਟਰ ਤੱਕ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਸ੍ਰੀਮਾਨ ਜੀ, ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਸ੍ਰੀਮਾਨ ਜੀ । ਜਦੋਂ ਤੱਕ ਭਾਰਤ ਸਰਕਾਰ ਵਲੋਂ ਸੂਬੇ ਦਾ ਮਿੱਟੀ ਦੇ ਤੇਲ ਦਾ ਹਿਸਟੋਰਿਕ ਕੋਟਾ ਨਹੀਂ ਵਧਾਇਆ ਜਾਂਦਾ ਉਦੋਂ ਤੱਕ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ ।

ਸਟੇਟਮੈਂਟ

(ੳ) ਜ਼ਿਲ੍ਹਾ ਗੁਰਦਾਸਪੁਰ ਦੇ ਧਾਰ ਕਲਾਂ ਬਲਾਕ ਵਿੱਚ ਜਾਰੀ ਕੀਤੇ ਜਾ ਰਹੇ ਮਿੱਟੀ ਦੇ ਤੇਲ ਅਤੇ ਅਨਾਜ ਦੀ ਮਿਕਦਾਰ:—

(1)	ਮਿੱਟੀ ਦਾ ਤੇਲ	:	5.50 ਲੀਟਰ ਪ੍ਰਤੀ ਮਹੀਨਾ ਪ੍ਰਤੀ ਕਾਰਡ ।
(2)	ਅਨਾਜ	:	10 ਕਿਲੋ ਗਰਾਮ (8.50 ਕਿਲੋ ਗਰਾਮ ਕਣਕ ਅਤੇ 1.5 ਕਿਲੋ ਗਰਾਮ ਚਾਵਲ) ਪ੍ਰਤੀ ਪਰਿਵਾਰ ਪ੍ਰਤੀ ਮਹੀਨਾ ਕੇਵਲ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨੂੰ, ਜਿਨ੍ਹਾਂ ਕੋਲ ਪੀਲੇ ਕਾਰਡ ਹਨ ਦਿੱਤਾ ਜਾਂਦਾ ਹੈ ।
(3)	ਧਾਰ ਕਲਾਂ ਬਲਾਕ ਵਿੱਚ ਰਾਸ਼ਨ ਕਾਰਡਾਂ ਦੀ ਗਿਣਤੀ	:	22,446

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਤੋਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਧਾਰ ਬਲਾਕ ਵਿਚ ਲੱਕੜੀਆਂ ਦੀ ਕਟਾਈ ਤੇ ਪਾਬੰਦੀ ਹੈ । (ਵਿਘਨ) ਧਾਰ ਬਲਾਕ ਦਾ ਨਾਂ ਸੁਣ ਕੇ ਪਤਾ ਨਹੀਂ, ਇਨ੍ਹਾਂ ਨੂੰ ਖੁਸ਼ੀ ਹੁੰਦੀ ਹੈ ਜਾਂ ਪਰੇਸ਼ਾਨੀ ਹੁੰਦੀ ਹੈ । ਮੈਂ ਕਹਿ ਰਿਹਾ ਸੀ ਕਿ ਧਾਰ ਬਲਾਕ ਵਿਚ ਲੱਕੜੀ ਦੀ ਕਟਾਈ ਤੇ ਪਾਬੰਦੀ ਹੈ ।

ਸ਼੍ਰੀ ਸਪੀਕਰ : ਲੱਕੜੀ ਦੀ ਕਟਾਈ ਨੂੰ ਛੱਡ ਕੇ ਤੁਸੀਂ ਅਸਲੀ ਸਵਾਲ ਪੁੱਛੋ ।

ਸ਼੍ਰੀ ਸੱਤਿਆ ਪਾਲ ਸੈਣੀ : ਇਹ ਇਸੇ ਸਵਾਲ ਨਾਲ ਹੀ ਸਬੰਧਤ ਹੈ ਜੀ । ਇਸ ਪਾਬੰਦੀ ਦੇ ਕਾਰਣ ਉਥੇ ਮਿੱਟੀ ਦਾ ਤੇਲ ਵਧੇਰੇ ਮਾਤਰਾ ਵਿਚ ਦਿੱਤਾ ਜਾਣਾ ਚਾਹੀਦਾ ਹੈ । ਘੱਟੋ ਘੱਟ ਸ਼ਹਿਰ ਦੇ ਬਰਾਬਰ ਦਿੱਤਾ ਜਾਣਾ ਚਾਹੀਦਾ ਹੈ । ਉਥੇ 7 ਲੀਟਰ ਦੀ ਸਪਲਾਈ ਘਟਾ ਕੇ 5 ਲੀਟਰ ਕਰ ਦਿੱਤੀ ਗਈ ਹੈ । ਸ਼ਹਿਰ ਦੇ ਵਿਚ ਇਹ ਸਪਲਾਈ 10 ਲੀਟਰ ਹੈ ਲੇਕਿਨ ਧਾਰ ਬਲਾਕ ਵਿਚ 7 ਲੀਟਰ ਹੈ ਅਤੇ ਉਹ ਘਟਾ ਕੇ ਹੁਣ 5 ਲੀਟਰ ਕਰ ਦਿੱਤੀ ਗਈ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਪ੍ਰੀਵਰਤਨ ਦੇ ਕੀ ਕਾਰਣ ਹਨ ?

ਦੂਸਰੀ ਗੱਲ ਇਹ ਹੈ ਕਿ ਨਾਲ ਜਿਹੜੀ ਲਿਸਟ ਦਿੱਤੀ ਹੈ......

ਸ਼੍ਰੀ ਸਪੀਕਰ : ਇਸ ਦੇ ਵਾਸਤੇ ਤੁਸੀਂ ਦੂਸਰੀ ਸਪਲੀਮੈਂਟਰੀ ਕਰ ਲੈਣਾ । ਪਹਿਲਾਂ ਇਸ ਗੱਲ ਦਾ ਜਵਾਬ ਲੈ ਲਓ ਕਿ ਸਪਲਾਈ 7 ਲੀਟਰ ਤੋਂ 5 ਲੀਟਰ ਕਿਉਂ ਕਰ ਦਿੱਤੀ ਗਈ ਹੈ ।

ਮੰਤਰੀ : ਸਪੀਕਰ ਸਾਹਿਬ, 5 ਲੀਟਰ ਨਹੀਂ ਬਲਕਿ 5.5 ਲੀਟਰ ਸਪਲਾਈ ਦਿੱਤੀ ਜਾਂਦੀ ਹੈ । 7 ਲੀਟਰ ਦੀ ਸਪਲਾਈ ਤਾਂ ਹੈ ਹੀ ਨਹੀਂ, 5.5 ਲੀਟਰ ਹੀ ਹੈ । I have no record to suggest that any person was delivered seven litres. ਇਹ ਸਪਲਾਈ 5.5 ਲੀਟਰ ਹੀ ਹੈ । ਜਦੋਂ ਸਾਡਾ ਹਿਸਟੋਰਿਕ ਕੋਟਾ ਸਾਨੂੰ ਮਿਲ ਗਿਆ, ਉਦੋਂ ਅਸੀਂ ਵੀ ਇਹ ਸਪਲਾਈ ਵਧਾ ਦਿਆਂਗੇ । ਮੈਂ ਇਨ੍ਹਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਨੇ ਤਾਂ ਸਾਡਾ ਕੋਟਾ ਹੋਰ ਵੀ ਘਟਾਉਣ ਦੀ ਕੋਸ਼ਿਸ਼ ਕੀਤੀ ਸੀ ਲੇਕਿਨ ਅਸੀਂ ਕਿਹਾ ਹੈ ਕਿ ਸਾਡੇ ਕੋਲ ਤਾਂ ਪ੍ਰਵਾਸੀ ਲੇਬਰ ਬਹੁਤ ਜ਼ਿਆਦਾ ਹੈ, ਇਸ ਕਰਕੇ ਸਾਡਾ ਕੋਟਾ ਵਧਾਇਆ ਜਾਵੇ । ਅਸੀਂ ਉਨ੍ਹਾਂ ਨੂੰ ਬਹੁਤ ਸਾਰੀਆਂ ਚਿੱਠੀਆਂ ਲਿਖੀਆਂ ਹਨ । ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਗਰ ਸਾਡਾ ਕੋਟਾ ਵਧਾ ਦਿੱਤਾ ਗਿਆ ਤਾਂ ਅਸੀਂ ਇਨ੍ਹਾਂ ਦਾ ਕੋਟਾ ਵੀ ਵਧਾ ਦਿਆਂਗੇ ।

ਸ਼੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਸੇ ਸਦਨ ਵਿਚ ਆਸ਼ਵਾਸਨ ਦਿੱਤਾ ਸੀ ਕਿ ਧਾਰ ਬਲਾਕ ਵਿਚ ਮਿੱਟੀ ਦੇ ਤੇਲ ਦਾ ਕੋਟਾ ਵਧਾਇਆ ਜਾਵੇਗਾ । ਉਹ ਵਧਾਇਆ ਵੀ ਗਿਆ ਸੀ ਜਿਸ ਦੇ ਲਈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਪਰ ਉਹ ਹੁਣ ਵਾਪਸ ਕਿਉਂ ਲਿਆ ਗਿਆ ਹੈ, ਇਸ ਦੇ

ਕੀ ਕਾਰਨ ਹਨ ? ਇਹ ਨਹੀਂ ਪਤਾ ਲੱਗੇ । ਦੂਸਰੀ ਗੱਲ ਹੈ ਅਨਾਜ ਦੀ ਸਪਲਾਈ ਬਾਰੇ । ਮੈਂ ਮਾਨਯੋਗ ਮੰਤਰੀ ਜੀ ਨੂੰ ਪ੍ਰਾਰਥਨਾ ਕਰਾਂਗਾ ਕਿ ਕੀ ਉਹ ਇਸ ਗੱਲ ਦੀ ਜਾਂਚ ਕਰਾਉਣਗੇ ਕਿ ਅਨਾਜ ਤੇ ਚੌਲਾਂ ਦੀ ਸਪਲਾਈ ਧਾਰ ਬਲਾਕ ਵਿਚ ਨਹੀਂ ਹੋ ਰਹੀ ? ਸਿਧਾਂਤਕ ਤੌਰ ਤੇ 10 ਕਿਲੋ ਪ੍ਰਤੀ ਜੀਅ ਅਨਾਜ ਦੀ ਸਪਲਾਈ ਕਰਨੀ ਹੈ । ਡੇਢ ਕਿਲੋ ਚਾਵਲ ਅਤੇ ਸਾਢੇ ਅੱਠ ਕਿਲੋ ਦੂਸਰਾ ਅਨਾਜ । ਪਰ ਵਿਵਹਾਰਕ ਰੂਪ ਵਿਚ ਇਹ ਸਪਲਾਈ ਨਹੀਂ ਹੋ ਰਹੀ । ਕੀ ਮੰਤਰੀ ਜੀ ਆਪਣੇ ਵਿਭਾਗ ਤੋਂ ਇਸ ਦੀ ਜਾਂਚ ਕਰਾਉਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਸਾਡੀ ਸਟੇਟ ਸਰਪਲੱਸ ਸਟੇਟ ਹੈ । ਇਹ ਸਕੀਮ ਬਿਲੋਅ ਪਾਵਰਟੀ ਲਾਈਨ ਵਾਲਿਆਂ ਲਈ ਹੈ । ਸਾਡੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਸਪਲਾਈ ਚੁੱਕ ਨਹੀਂ ਰਹੇ, ਕੋਈ ਕਲੇਮ ਕਰਨ ਵਾਲਾ ਹੀ ਨਹੀਂ ਸੀ, ਲੈਂਦਾ ਨਹੀਂ ਸੀ, ਇਸ ਕਰਕੇ ਅਸੀਂ ਉਹ ਕੋਟਾ ਐਬੰਡਨ ਕਰ ਦਿੱਤਾ । ਸਾਡੇ ਕੋਲ ਐਬੰਡਨ ਦਾ ਪ੍ਰਬੰਧ ਨਹੀਂ ਸੀ । ਜੇਕਰ ਕਿਸੇ ਜਗ੍ਹਾ ਕੋਟਾ ਚੁੱਕਿਆ ਤਾਂ ਉਥੇ ਡਿਸਟਰੀਬਿਊਟ ਨਹੀਂ ਹੋਇਆ, ਕੋਈ ਲੈਂਦਾ ਨਹੀਂ ਸੀ । ਉਸ ਬਲਾਕ ਵਿਚ ਮੈਂ ਪ੍ਰਬੰਧ ਕਰਾ ਦੇਵਾਂਗਾ ਜਿਥੇ ਜ਼ਰੂਰਤ ਹੋਈ । I will get it delivered in this block.

ਸ਼੍ਰੀ ਸੱਤਿਆ ਪਾਲ ਸੈਣੀ : ਮਿੱਟੀ ਦੇ ਤੇਲ ਬਾਰੇ ਜਾਣਕਾਰੀ ਨਹੀਂ ਮਿਲੀ ਜੀ ।

ਮੰਤਰੀ : ਅਸੀਂ ਟਾਈਮ-ਟੂ-ਟਾਈਮ ਏਰੀਏ ਦੀ ਚੈਕਿੰਗ ਕਰਦੇ ਰਹਿੰਦੇ ਹਾਂ । ਜਿੱਥੇ ਕਿਤੇ ਵੱਧ ਸਪਲਾਈ ਹੋਵੇ ਉਥੋਂ ਕੁਝ ਘਾਟ ਵਾਲੀ ਜਗ੍ਹਾ ਤੇ ਦੇ ਦਿੰਦੇ ਹਾਂ, ਡਾਈਵਰਟ ਕਰ ਦਿੰਦੇ ਹਾਂ । ਅਦਰਵਾਈਜ਼ ਕੋਟਾ 5.5 ਲੀਟਰ ਦਾ ਹੀ ਹੈ । ਹੁਣ ਅਸੀਂ ਫਿਰ ਚੈਕਿੰਗ ਕਰ ਰਹੇ ਹਾਂ । ਅਗਰ ਕਿਤੇ ਵਧ ਜਾਵੇਗਾ ਤਾਂ ਅਸੀਂ ਸੈਣੀ ਸਾਹਿਬ ਨੂੰ ਪਹਿਲ ਦੇਵਾਂਗੇ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ, ਹਰ ਬਲਾਕ ਵਿਚ ਰਾਸ਼ਨ ਦਾ ਕਾਰਡਾਂ ਤੇ ਇਕੋ ਜਿਹਾ ਕੋਟਾ ਹੈ ਜਾਂ ਕਿ ਘੱਟ ਵੱਧ ਹੈ । ਜੇਕਰ ਇਹ ਘੱਟ ਵੱਧ ਹੈ ਤਾਂ ਇਸ ਦੇ ਕੀ ਕਾਰਨ ਹਨ ?

ਸ਼੍ਰੀ ਸਪੀਕਰ : ਸੂਦ ਜੀ, ਬੈਠ ਜਾਉ । ਤੁਹਾਡੀ ਗੱਲ ਨਹੀਂ ਬਣਨੀ ।

ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*1432. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

(ੳ) ਰਾਜ ਵਿਚ ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਅਤੇ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ;

(ਅ) ਕੀ ਰਾਜ ਵਿਚ ਕੋਈ ਅਜਿਹੇ ਸਕੂਲ ਹਨ ਜਿਨ੍ਹਾਂ ਵਿਚ ਇਸ ਸਮੇਂ ਕੋਈ ਵੀ ਅਧਿਆਪਕ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੇ ਨਾਂ ਅਤੇ ਵੇਰਵੇ ਕੀ ਹਨ ?

ਸਰਦਾਰ ਤੋਤਾ ਸਿੰਘ : (ੳ) ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਇਸ ਸਮੇਂ ਜੇ. ਬੀ. ਟੀ. ਅਧਿਆਪਕਾਂ ਦੀਆਂ 2,680, ਹੈਡ ਟੀਚਰਾਂ ਦੀਆਂ 1791 ਅਤੇ ਸੈਂਟਰ ਹੈਡ ਟੀਚਰਾਂ ਦੀਆਂ 695 ਆਸਾਮੀਆਂ ਖਾਲੀ ਹਨ ।

ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਅਧਿਆਪਕਾਂ/ਲੈਕਚਰਾਰਾਂ ਦੀਆਂ 4,199 ਆਸਾਮੀਆਂ ਖਾਲੀ ਹਨ ।

(ਅ) ਨਹੀਂ ਜੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਦੱਸਿਆ ਹੈ ਕਿ ਜੇ. ਬੀ. ਟੀ. ਦੀਆਂ 2,680 ਸਾਟਾਂ, ਹੈਡ ਟੀਚਰਾਂ ਦੀਆਂ 1,791 ਸੈਂਟਰ ਹੈਡ ਟੀਚਰਾਂ ਦੀਆਂ 695 ਅਤੇ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿਚ ਅਧਿਆਪਕਾਂ/ਲੈਕਚਰਾਰਾਂ ਦੀਆਂ 4,199 ਅਸਾਮੀਆਂ ਖਾਲੀ ਪਈਆਂ ਹਨ । ਇਸ ਸਰਕਾਰ ਦੇ ਦੋ ਸਾਲ ਬੀਤ ਜਾਣ ਦੇ ਬਾਵਜੂਦ ਵੀ ਇਹ ਇਤਨੀਆਂ ਅਸਾਮੀਆਂ ਅਜੇ ਖਾਲੀ ਪਈਆਂ ਹਨ । ਇਨ੍ਹਾਂ ਨੂੰ ਨਾ ਭਰੇ ਜਾਣ ਦੇ ਕੀ ਕਾਰਨ ਹਨ ? ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ।

ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਵਿਸਥਾਰ ਵਿਚ ਦੱਸਣਾ ਚਾਹੁੰਦਾ ਹਾਂ । ਉਨ੍ਹਾਂ ਨੇ ਬਹੁਤ ਜ਼ਰੂਰੀ ਅਤੇ ਅਹਿਮ ਸਪਲੀਮੈਂਟਰੀ ਕੀਤੀ ਹੈ । 2,680 ਪ੍ਰਾਇਮਰੀ ਟੀਚਰਾਂ ਦੀ ਘਾਟ ਹੈ । ਹੁਣ ਜਿਹੜੀ ਈ.ਟੀ.ਟੀ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਉਹ 100 ਟੀਚਰਾਂ ਦੀ ਇਕ ਜ਼ਿਲ੍ਹੇ ਵਿਚ ਹੁੰਦੀ ਹੈ । ਪਹਿਲਾਂ 13 ਜ਼ਿਲ੍ਹੇ ਹੁੰਦੇ ਸਨ ਪਰ ਹੁਣ 17 ਜ਼ਿਲ੍ਹੇ ਹੋ ਗਏ ਹਨ । ਹਰੇਕ ਜ਼ਿਲ੍ਹੇ ਵਿਚ 100-100 ਦੇ ਹਿਸਾਬ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ । ਹੁਣ ਇਹ 1700 ਦੀ ਗਿਣਤੀ ਹੈ । ਪਿਛਲੇ ਵਰ੍ਹੇ 1,348 ਟੀਚਰ ਟਰੇਨਿੰਗ ਪਾਸ ਕਰਕੇ ਆਏ ਅਤੇ ਉਹ ਸਾਰੇ ਦੇ ਸਾਰੇ ਹੀ ਲਗਾ ਦਿੱਤੇ ਗਏ ਹਨ । ਕੋਈ ਵੀ ਈ.ਟੀ.ਟੀ. ਦਾ ਟਰੇਂਡ ਟੀਚਰ ਇਸ ਵੇਲੇ ਵਿਹਲਾ ਜਾਂ ਸੜਕਾਂ ਉਪਰ ਨਹੀਂ ਹੈ । ਹੈਡ ਟੀਚਰ ਜਾਂ ਸੈਂਟਰ ਹੈਡ ਟੀਚਰਾਂ ਦੀ ਪ੍ਰਮੋਸ਼ਨ ਉਤੇ

ਸੁਪਰੀਮ ਕੋਰਟ ਵੱਲੋਂ ਬੈਨ ਲੱਗਾ ਹੋਇਆ ਹੈ । ਜਿਸ ਵੇਲੇ ਵੀ ਕੋਈ ਫੈਸਲਾ ਹੋ ਗਿਆ ਜਾਂ ਬੈਨ ਖੁਲ੍ਹ ਗਿਆ ਅਸੀਂ ਪਰਮੋਸ਼ਨਾਂ ਕਰ ਦੇਵਾਂਗੇ । ਇਸ ਕਮੀ ਨੂੰ ਦੂਰ ਕਰਨ ਵਾਸਤੇ ਅਸੀਂ ਸੋਚ ਰਹੇ ਹਾਂ ਕਿ ਸ਼ਿੱਖਿਆ ਕਰਮੀਆਂ ਨੂੰ ਭੇਜੀਏ ਜਿਹੜੇ ਕਿ ਪਲੱਸ-ਟੂ ਪੜ੍ਹੇ ਹੋਣ ਜਾਂ ਹਾਇਰ-ਐਜੂਕੇਸ਼ਨ ਵਾਲੇ ਭਰਤੀ ਕੀਤੇ ਜਾਣ ਜਿਨ੍ਹਾਂ ਨੇ ਬੀ.ਐਡ ਕੀਤੀ ਹੋਵੇ । ਪ੍ਰਾਇਮਰੀ ਸਕੂਲਾਂ ਦੇ ਵਿੱਚ ਵੀ ਬੜਾ ਰੌਲਾ ਪੈ ਰਿਹਾ ਹੈ ਕਿ ਈ. ਟੀ. ਟੀ. ਟੀਚਰਜ਼ ਦੀ ਥਾਂ ਤੇ ਉਨ੍ਹਾਂ ਨੂੰ ਕਿਉਂ ਭਰਤੀ ਕੀਤਾ ਜਾ ਰਿਹਾ ਹੈ ਹਾਲਾਂ ਕਿ ਉਹ ਹਾਈਲੀ-ਐਜੂਕੇਟਿਡ ਹਨ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਈ ਜ਼ਿਲ੍ਹੇ ਬੜੇ ਛੋਟੇ ਹਨ ਜਿਵੇਂ ਮੋਗਾ, ਮੁਕਤਸਰ ਅਤੇ ਮਾਨਸਾ ਆਦਿ ਅਤੇ ਕਈ ਜ਼ਿਲ੍ਹੇ ਬਹੁਤ ਵੱਡੇ ਹਨ ਜਿਵੇਂ ਅੰਮ੍ਰਿਤਸਰ, ਫ਼ੀਰੋਜ਼ਪੁਰ, ਹੁਸ਼ਿਆਰਪੁਰ ਅਤੇ ਜਲੰਧਰ ਆਦਿ । ਇਨ੍ਹਾਂ ਨੇ ਦੱਸਿਆ ਹੈ ਕਿ ਹਰ ਜ਼ਿਲ੍ਹੇ ਵਿੱਚ 100-100 ਸੀਟਾਂ ਈ.ਟੀ.ਟੀ. ਟਰੇਨਿੰਗ ਦੀਆਂ ਹਨ । ਕੀ ਵੱਡਿਆਂ ਜ਼ਿਲ੍ਹਿਆਂ ਵਿੱਚ ਇਨ੍ਹਾਂ ਨੂੰ ਇਹ ਵਧਾਉਣ ਦਾ ਉਪਰਾਲਾ ਕਰ ਰਹੇ ਹਨ ਜਾਂ ਨਹੀਂ ? ਦੂਸਰਾ, ਜਿਹੜੀਆਂ ਖਾਲੀ ਪੋਸਟਾਂ ਪਈਆਂ ਹਨ, ਜਿਨ੍ਹਾਂ ਨੂੰ ਕਦੋਂ ਤੱਕ ਮੇਰਾ ਖਿਆਲ ਹੈ ਕਿ ਤਿੰਨ ਸਾਲ ਨਵੀਆਂ ਇਲੈਕਸ਼ਨਾਂ ਹੋਣ ਵਿੱਚ ਰਹਿੰਦੇ ਹਨ ਅਤੇ 2,002 ਵਿੱਚ ਨਵੇਂ ਇਲੈਕਸ਼ਨ ਹੋਣੇ ਹਨ, ਕੀ ਉਦੋਂ ਤੱਕ ਇਹ ਪੋਸਟਾਂ ਭਰ ਦਿਤੀਆਂ ਜਾਣਗੀਆਂ ਜਾਂ ਨਹੀਂ ? ਭਾਗ 'ਅ' ਦਾ ਇਨ੍ਹਾਂ ਨੇ ਉੱਤਰ 'ਨਹੀਂ ਜੀ' ਵਿੱਚ ਦਿੱਤਾ ਹੈ......

ਸ਼੍ਰੀ ਸਪੀਕਰ : ਪਹਿਲਾਂ ਇਕ ਸਵਾਲ ਦਾ ਉੱਤਰ ਲੈ ਲਓ, ਦੂਸਰਾ ਬਾਅਦ ਵਿੱਚ ਪੁੱਛ ਲੈਣਾ ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਭਰੋਸਾ ਦਿਵਾਉਂਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ, ਇਨ੍ਹਾਂ ਦੀ ਗੱਲ ਜਾਇਜ਼ ਹੈ ਕਿ ਕਈ ਜ਼ਿਲ੍ਹੇ ਜਿਵੇਂ ਮਾਨਸਾ, ਮੋਗਾ ਅਤੇ ਫਰੀਦਕੋਟ ਆਦਿ ਹਨ, ਛੋਟੇ ਹਨ ਅਤੇ ਕਈ ਜ਼ਿਲ੍ਹੇ ਅੰਮ੍ਰਿਤਸਰ, ਫ਼ੀਰੋਜ਼ਪੁਰ ਅਤੇ ਜਲੰਧਰ ਆਦਿ ਬੜੇ ਵੱਡੇ ਹਨ । ਇਹ 'ਡੈਟ'' ਦੀ ਪਾਲਿਸੀ ਸੈਂਟਰ ਗੌਰਮਿੰਟ ਦੀ ਹੈ ਅਤੇ ਇਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਆਦਿ ਤੇ ਅਤੇ ਹੋਰ ਜੋ ਖਰਚਾ ਆਉਂਦਾ ਹੈ, ਉਹ ਸੈਂਟਰ ਸਰਕਾਰ ਦਿੰਦੀ ਹੈ । ਇਨ੍ਹਾਂ ਨੇ ਜੋ ਕਿਹਾ ਕਿ 100 ਤੋਂ ਵੱਧ ਸੀਟਾਂ ਵੱਡੇ ਜ਼ਿਲ੍ਹਿਆਂ ਵਿੱਚ ਜਿਵੇਂ ਅੰਮ੍ਰਿਤਸਰ, ਲੁਧਿਆਣਾ ਵਿੱਚ ਕਰਨ ਦੀ ਲੋੜ ਹੈ, ਅਸੀਂ ਪਹਿਲਾਂ ਹੀ ਵੱਡੇ ਪੰਜ ਜ਼ਿਲ੍ਹਿਆਂ ਵਿੱਚ 100 ਤੋਂ 200 ਕਰਨ ਲਈ, ਪ੍ਰਵਾਨਗੀ ਭੇਜਣ ਲਈ ਕੇਂਦਰ ਸਰਕਾਰ ਨੂੰ ਲਿਖਕੇ ਭੇਜਿਆ ਹੋਇਆ ਹੈ । ਇਸ ਸਬੰਧ ਵਿੱਚ ਪਹਿਲਾਂ ਹੀ ਇਕ ਕਮੇਟੀ ਸ਼੍ਰੀ ਮੁਰਲੀ ਮਨੋਹਰ ਜੋਸ਼ੀ ਜਿਸਦੇ ਚੇਅਰਮੈਨ ਹਨ, ਬਣੀ ਹੋਈ ਹੈ । ਅਸੀਂ ਇਹ ਮਾਮਲਾ ਪਹਿਲਾਂ ਹੀ ਉਠਾਇਆ ਹੋਇਆ ਹੈ । ਇਸ ਵਿੱਚ ਅਸੀਂ ਕਿਥੋਂ ਤੱਕ ਸਫਲ ਹੁੰਦੇ ਹਾਂ, ਇਹ ਪ੍ਰਮਾਤਮਾ ਨੂੰ ਪਤਾ ਹੈ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਸੈਂਟਰ ਵਿੱਚ ਵੀ ਇਨ੍ਹਾਂ ਦੇ ਭਾਈਵਾਲਾਂ ਦੀ ਸਰਕਾਰ ਹੈ । ਇਹ ਖੁਦ ਮਨਿਸਟਰ ਹਨ, ਇਨ੍ਹਾਂ ਨੂੰ ਖੁਦ ਪਤਾ ਹੋਣਾ ਚਾਹੀਦਾ ਹੈ. ਪ੍ਰਮਾਤਮਾ ਨੂੰ ਪਤਾ ਹੋਣ ਵਾਲੀ ਕਿਹੜੀ ਗੱਲ ਹੈ । ਸਪੀਕਰ ਸਾਹਿਬ, ਦੂਜੀ ਮੇਰੀ ਸਪਲੀਮੈਂਟਰੀ ਹੈ ਕਿ ਮੇਰੇ 'ਅ' ਪਾਰਟ ਦੇ ਸਵਾਲ ਦੇ ਜਵਾਬ ਵਿੱਚ ਇਨ੍ਹਾਂ

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

ਨੇ ਕਿਹਾ ਹੈ 'ਨਹੀਂ ਜੀ'। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਜ਼ਿਆਦਾ ਲੰਮਾ ਚੌੜਾ ਤਾਂ ਨਹੀਂ ਪੁੱਛਣਾ ਚਾਹੁੰਦਾ ਮੈਂ ਇਕੱਲੇ ਜ਼ੀਰੇ ਹਲਕੇ ਬਾਰੇ ਪੁੱਛਣਾ ਚਾਹੁੰਦਾ ਹਾਂ। ਮੇਰੇ ਹਲਕੇ ਵਿੱਚ ਅਜਿਹੇ ਕਿੰਨੇ ਸਕੂਲ ਹਨ ਜਿੱਥੇ ਇਕ ਵੀ ਟੀਚਰ ਨਹੀਂ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਹਲਕੇ ਵਿੱਚ ਵੀ ਹਾਲਤ ਬੜੀ ਸੀਰੀਅਸ ਹੈ। ਜ਼ੀਰਾ ਸਾਹਿਬ ਦਾ ਏਰੀਆ ਬੇਟ ਨਾਲ ਸਬੰਧਤ ਹੈ। 201 ਸਕੂਲ ਅਜਿਹੇ ਹਨ ਜਿਹੜੇ ਬੇਟ ਅਤੇ ਕੰਢੀ ਏਰੀਏ ਵਿੱਚ ਪੈਂਦੇ ਹਨ ਅਤੇ ਉਥੇ ਕੋਈ ਵੀ ਟੀਚਰ ਜਾਣ ਲਈ ਤਿਆਰ ਨਹੀਂ ਹੁੰਦਾ ਸੀ। ਈਵਨ ਫ਼ੀਰੋਜ਼ਪੁਰ ਵਿਚ 76 ਸਕੂਲ ਅਜਿਹੇ ਹਨ ਜਿਥੇ ਕੋਈ ਜਾਣ ਲਈ ਤਿਆਰ ਨਹੀਂ ਸੀ। ਅਸੀਂ ਇਨ੍ਹਾਂ ਸਕੂਲਾਂ ਵਿੱਚ ਬਦਲਵੇਂ ਪ੍ਰਬੰਧ ਕਰਕੇ ਟੀਚਰ ਭੇਜੇ ਹਨ। ਇਸ ਗੱਲ ਦੀ ਇਨ੍ਹਾਂ ਨੂੰ ਸਾਨੂੰ ਵਡਿਆਈ ਦੇਣੀ ਚਾਹੀਦੀ ਸੀ ਕਿ ਜਿਹੜੇ ਜ਼ੇ.ਬੀ.ਟੀ. ਟੀਚਰਜ਼ ਦੀ ਜ਼ਿਲ੍ਹਾ ਪੱਧਰ ਤੇ ਹੀ ਸਿਲੈਕਸ਼ਨ ਹੁੰਦੀ ਹੈ, ਬਠਿੰਡੇ ਜ਼ਿਲ੍ਹੇ ਦੇ ਵਿੱਚ 1300 ਟੀਚਰ ਭਰਤੀ ਹੋਇਆ ਸੀ, ਅਸੀਂ ਉਥੇ ਕੇਵਲ ਲੇਡੀ ਟੀਚਰਜ਼ ਨੂੰ ਰੱਖਿਆ ਅਤੇ ਬਾਕੀ ਸਾਰੇ ਮੇਲ ਟੀਚਰਜ਼ ਨੂੰ ਫੀਰੋਜ਼ਪੁਰ ਵਿੱਚ ਭੇਜ ਦਿਤਾ ਤਾਂ ਕਿ ਸਕੂਲਾਂ ਵਿੱਚ ਪੜ੍ਹਾਈ ਪੂਰੀ ਹੋ ਸਕੇ ਅਤੇ ਕੋਈ ਸਕੂਲ ਖਾਲੀ ਨਾ ਰਹੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਉਹ ਸਾਰੇ ਵਾਪਸ ਮੁੜ ਆਏ ਹਨ ਅਤੇ ਮੰਤਰੀ ਜੀ ਨੇ ਆਪ ਹੀ ਕਿਹਾ ਹੈ ਕਿ ਅਸੀਂ ਬਦਲਵੇਂ ਪ੍ਰਬੰਧ ਕਰਕੇ ਟੀਚਰ ਭੇਜੇ ਹਨ। ਬਦਲਵੇਂ ਪ੍ਰਬੰਧ ਕਰਨ ਨਾਲ ਸਾਰੀਆਂ ਪੋਸਟਾਂ ਭਰੀਆਂ ਨਹੀਂ ਸਮਝੀਆਂ ਜਾ ਸਕਦੀਆਂ, ਇਸ ਲਈ ਉਹ ਖਾਲੀ ਹੀ ਸਮਝੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਨੂੰ ਦੋ ਸਾਲ ਹੋ ਗਏ ਹਨ ਅਤੇ ਅਜੇ ਵੀ ਕਈ ਸਕੂਲ ਅਜਿਹੇ ਹਨ ਜਿੱਥੇ ਇਕ ਵੀ ਟੀਚਰ ਨਹੀਂ ਹੈ ਅਤੇ ਸਕੂਲਾਂ ਨੂੰ ਤਾਲੇ ਲੱਗੇ ਹੋਏ ਹਨ। ਇਹ ਦੱਸਣ ਦੀ ਖੇਚਲ ਕਰਨ ਕਿ ਉਨ੍ਹਾਂ ਦੇ ਤਾਲੇ ਕਦੋਂ ਤੱਕ ਖੁਲ੍ਹਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਾਡਾ ਛੋਟਾ ਵੀਰ ਕੁਝ ਦਿਲ-ਲਗੀ ਕਰ ਰਿਹਾ ਹੈ, ਤਾਲਿਆਂ ਵਾਲੀ ਤਾਂ ਕੋਈ ਗੱਲ ਨਹੀਂ ਹੈ। 201 ਸਕੂਲਾਂ ਬਾਰੇ ਮੈਂ ਦੱਸਿਆ ਹੈ ਕਿ ਪੰਜਾਬ ਵਿਚ 13,000 ਤੋਂ ਵੱਧ ਸਕੂਲ ਹਨ। ਪ੍ਰਾਇਮਰੀ ਟੀਚਰਜ਼ ਅਸੀਂ ਭਰਤੀ ਕੀਤੇ ਸਨ ਅਤੇ ਸਾਡੇ ਕੋਲ ਹੁਣ ਕੋਈ ਵੀ ਟੀਚਰ ਵਿਹਲਾ ਨਹੀਂ ਹੈ। ਅਸੀਂ ਬੜੀ ਨੇਕ-ਨੀਤੀ ਨਾਲ ਯਤਨ ਕਰ ਰਹੇ ਹਾਂ ਕਿ ਸਕੂਲਾਂ ਵਿੱਚ ਟੀਚਰਜ਼ ਲਗਾਈਏ ਹੁਣ ਅਸੀਂ ਸਿੱਖਿਆ ਕਰਮੀ ਦੀ ਸਕੀਮ ਬਣਾ ਰਹੇ ਹਾਂ। ਜਿਥੇ ਵੀ 20 ਬੱਚੇ ਹੋਣਗੇ 20 ਬੱਚਿਆਂ ਪਿੱਛੇ 60/-ਰੁਪਏ ਪ੍ਰਤੀ ਬੱਚਾ ਸਿੱਖਿਆ ਕਰਮੀਆਂ ਨੂੰ ਅਸੀਂ ਤਨਖਾਹਾਂ ਦੇਵਾਂਗੇ। ਇਸ ਸੰਬੰਧੀ ਅਸੀਂ ਵਿਚਾਰ ਕਰ ਰਹੇ ਹਾਂ। ਜੇ ਸੈਲਰੀ ਲਿਖਾਂਗੇ ਤਾਂ ਅਦਾਲਤ ਵਿਚ ਉਹ ਜਾ ਸਕਦੇ ਹਨ। ਅਸੀਂ ਨਵੀਂ ਸਕੀਮ ਬਣਾਈ ਹੈ। ਇਹ ਆਂਧਰਾ ਪ੍ਰਦੇਸ਼ ਨੇ ਵੀ ਲਾਗੂ ਕੀਤੀ ਹੈ। ਇਸ ਸਕੀਮ ਨੂੰ ਅਸੀਂ ਨਵੇਂ ਸਾਲ ਤੋਂ ਲਾਗੂ ਕਰਨਾ ਚਾਹੁੰਦੇ ਹਾਂ। ਜਿਸ ਜਿਸ ਏਰੀਏ ਵਿੱਚ ਟੀਚਰ ਜਾਣਾ ਨਹੀਂ ਚਾਹੁੰਦੇ ਉਥੇ ਅਸੀਂ ਸਿੱਖਿਆ ਕਰਮੀ ਭੇਜ ਕੇ ਘਾਟ ਪੂਰੀ ਕਰਾਂਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਤੁਹਾਡੇ ਏਰੀਏ ਵਿੱਚ, ਵੀ ਕਾਫੀ ਸਕੂਲ ਖਾਲੀ ਪਏ ਹਨ ਪਰ ਇਹ ਜਵਾਬ ਦੇ ਰਹੇ ਹਨ ਕਿ ਸਕੂਲ ਖਾਲੀ ਨਹੀਂ ਹਨ।

ਸ਼੍ਰੀ ਸਪੀਕਰ : ਨਹੀਂ ਜੀ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਗੱਲ ਮੰਨੀ ਹੈ ਕਿ ਬਹੁਤ ਸਾਰੇ ਪ੍ਰਾਇਮਰੀ ਔਰ ਦੂਸਰੇ ਸਕੂਲਾਂ ਵਿੱਚ ਈ.ਟੀ.ਟੀ. ਟੀਚਰਾਂ ਦੀਆਂ ਪੋਸਟਾਂ ਖਾਲੀ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪ੍ਰਾਰਥਨਾ ਕਰਾਂਗਾ, ਬੇਨਤੀ ਕਰਾਂਗਾ ਔਰ ਪੁੱਛਣਾ ਵੀ ਚਾਹੁੰਦਾ ਹਾਂ ਕਿ ਬਹੁਤ ਸਾਰੇ ਟੀਚਰਜ਼ ਜਿਹੜੇ ਹੜਤਾਲ ਤੇ ਬੈਠੇ ਹਨ, ਕੀ ਉਨ੍ਹਾਂ ਨੂੰ ਭਰਤੀ ਨਹੀਂ ਕਰ ਸਕਦੇ ?

ਸ਼੍ਰੀ ਸਪੀਕਰ : ਇਹ ਸਪਲੀਮੈਂਟਰੀ ਇਸ ਸਵਾਲ ਨਾਲ ਸੰਬੰਧਤ ਨਹੀਂ ਹੈ।

ਸਬ-ਡਵੀਜ਼ਨ ਮੁਕੇਰੀਆਂ ਵਿਚ ਸੇਮ ਦੀ ਸਮੱਸਿਆ ਨੂੰ ਰੋਕਣਾ

*1562. **ਸ਼੍ਰੀ ਅਰੁਨੇਸ਼ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਬ-ਡਵੀਜ਼ਨ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਂਦੇ ਪਿੰਡ ਗੇਰਾ, ਲੁਧਿਆੜ, ਅਜਮੇਰ ਅਤੇ ਢੱਡੇ ਰੋਟਵਾਲ ਸੇਮ ਤੋਂ ਪ੍ਰਭਾਵਿਤ ਹਨ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸੇਮ ਨੂੰ ਰੋਕਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਸਿੰਚਾਈ ਰਾਜ ਮੰਤਰੀ) : (ੳ) ਹਾਂ ਜੀ।

(ਅ) ਸੇਮ ਨੂੰ ਦੂਰ ਕਰਨ ਦੇ ਉਪਾਵਾਂ ਬਾਰੇ ਸੰਭਵਤਾ ਰਿਪੋਰਟ ਵਿਚਾਰ ਅਧੀਨ ਹੈ। ਇਨ੍ਹਾਂ ਉਪਾਵਾਂ ਲਈ ਲੋੜੀਂਦੇ ਫੰਡਾਂ ਦੇ ਸਾਧਨ ਅਜੇ ਨਿਰਧਾਰਿਤ ਕੀਤੇ ਜਾਣੇ ਹਨ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਸੇਮ ਦੇ ਹਜ਼ਾਰ ਏਕੜ ਜ਼ਮੀਨ ਖਾ ਗਈ ਹੈ ਪਰ ਅਜੇ ਤੱਕ ਇਸ ਸਬੰਧੀ ਕੋਈ ਪ੍ਰਬੰਧ ਨਹੀਂ ਕੀਤਾ। ਇਨ੍ਹਾਂ ਨੇ ਕਿਹਾ ਹੈ ਕਿ ਮਾਮਲਾ ਅੰਡਰ ਕੰਸੀਡਰੇਸ਼ਨ ਹੈ। ਗੱਲ ਤਾਂ ਫਿਰ ਉਥੇ ਹੀ ਆ ਜਾਂਦੀ ਹੈ ਕਿ ਫੰਡਜ਼ ਨਹੀਂ ਹਨ।

ਦਾਗ ਏ ਦਿਲ, ਦਿਲ ਏ ਜਿਗਰ, ਦਾਗ ਏ ਤਮੰਨਾ ਹੈ ਦਿਲ ਮੇਂ,
ਇਤਨੀ ਸ਼ਮੇਂ ਕੇ ਹੋਤੇ ਹੂਏ ਵੀ ਅੰਧੇਰਾ ਹੈ ਦਿਲ ਮੇਂ।

ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨ ਕਿ ਫੰਡਜ਼ ਕਦੋਂ ਤੱਕ ਪ੍ਰਾਪਤ ਹੋ ਜਾਣਗੇ ? ਇਸ ਬਾਰੇ ਇਹ ਟਾਇਮ ਬਾਉਂਡ ਕਰਨ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ

[ਰਾਜ ਮੰਤਰੀ]

ਦੱਸਦਾ ਹਾਂ ਕਿ ਮੁਕੇਰੀਆਂ ਵਿਚ 950 ਹੈਕਟੇਅਰ ਰਕਬਾ ਸੇਮ ਅਧੀਨ ਹੈ ਜਿਸ ਵਿੱਚੋਂ 250 ਹੈਕਟੇਅਰ ਰਕਬਾ ਇਨ੍ਹਾਂ ਚਾਰ ਪਿੰਡਾਂ ਦਾ ਹੈ । ਸਕੀਮਾਂ ਸ਼ੁਰੂ ਕੀਤੀਆਂ ਹੋਈਆਂ ਹਨ । ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 275 ਕਿਲੋਮੀਟਰ ਨਵੀਆਂ ਡਰੇਨਾਂ ਪੁੱਟੀਆਂ ਜਾਣੀਆਂ ਹਨ । ਇਸ ਤੋਂ ਇਲਾਵਾ 169 ਕਿਲੋਮੀਟਰ ਮੌਜੂਦਾ ਡਰੇਨਾਂ ਦੀ ਸਫਾਈ ਕਰਨੀ ਹੈ । ਇਸ ਤੇ 16 ਕਰੋੜ 49 ਲੱਖ ਰੁਪਿਆ ਖਰਚ ਆਉਣਾ ਹੈ ਮੇਰੀ ਬੇਨਤੀ ਹੈ ਕਿ ਇਸ ਸਮੇਂ ਪੈਸੇ ਨਹੀਂ ਹਨ । ਜਦੋਂ ਪੈਸੇ ਆ ਜਾਣਗੇ ਤਾਂ ਸੇਮ ਦੀ ਸਮੱਸਿਆ ਦੂਰ ਕਰ ਦਿੱਤੀ ਜਾਵੇਗੀ ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਫੰਡਜ਼ ਕਦੋਂ ਤੱਕ ਆ ਜਾਣਗੇ ? ** ** **

Mr. Speaker: Expunged. This is not the way.

ਰਾਜ ਮੰਤਰੀ : ਸਪੀਕਰ ਸਾਹਿਬ, ਪੈਸਿਆਂ ਦਾ ਪ੍ਰਬੰਧ ਤਾਂ ਸਰਕਾਰ ਨੇ ਕਰਨਾ ਹੈ । ਇਸ ਵਿੱਚ ਕੋਈ ਸ਼ੱਕ ਨਹੀਂ ਹੈ । ਸਰਕਾਰ ਦਿੱਲੀ ਵਿੱਚ ਨਾਬਾਰਡ ਨਾਲ ਵੱਡੇ ਪੱਧਰ ਤੇ ਗੱਲ ਕਰ ਰਹੀ ਹੈ । ਜਦੋਂ ਵੀ ਪੈਸੇ ਆ ਜਾਣਗੇ, ਸੇਮ ਦੀ ਸਮੱਸਿਆ ਦੂਰ ਕਰ ਦਿੱਤੀ ਜਾਵੇਗੀ ।

ਸਘਲ ਚੋ ਤੇ ਪੁੱਲ ਦੀ ਉਸਾਰੀ

*1566. **ਸ਼੍ਰੀ ਰਮੇਸ਼ ਚੰਦਰ ਡੋਗਰਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਦਸੂਹਾ ਪਨਵਾਂ ਸੜਕ ਤੇ ਸਘਲ ਚੋ ਤੇ ਇਕ ਪੁਲ ਅਤੇ ਦਸੂਹਾ-ਖੋਖਰ ਸੜਕ ਤੇ ਪਿੰਡ ਖੋਖਰ ਵਿਖੇ ਇਕ ਹੋਰ ਪੁੱਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਵੇਰਵੇ ਕੀ ਹਨ ਅਤੇ ਇਸਨੂੰ ਕਦੋਂ ਤੱਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ(ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਨਹੀਂ ਜੀ ।

ਸ਼੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹੀ ਅਕਸਪੈਕਟ ਕਰਦਾ ਸੀ ਕਿ ਉਹ ਜਵਾਬ "ਨਹੀਂ ਜੀ" ਦੇਣਗੇ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀ ਵਜ੍ਹਾ ਸੀ ਜਿਸ ਕਰਕੇ ਇਨ੍ਹਾਂ ਨੂੰ ਜਵਾਬ "ਨਹੀਂ ਜੀ" ਵਿੱਚ ਦੇਣਾ ਪਿਆ ? ਕੀ ਇਸ ਵਿੱਚ ਕੋਈ ਪੁਲੀਟੀਕਲ ਕੰਪਲਸ਼ਨ ਹੈ ਜਾਂ ਫਿਰ ਕੋਈ ਹੋਰ ਕਾਰਨ ਹੈ ? ਮੰਤਰੀ ਜੀ ਇਸ ਬਾਰੇ ਜਵਾਬ ਦੇਣ ।

**Expunged as ordered by the Chair.

ਮੰਤਰੀ : ਸਪੀਕਰ ਸਾਹਿਬ, ਡੋਗਰਾ ਸਾਹਿਬ ਨੇ ਅੱਜ ਤੱਕ ਕੋਈ ਪਰਪੋਜ਼ਲ ਇਸ ਪੁੱਲ ਨੂੰ ਬਣਵਾਉਣ ਸਬੰਧੀ ਨਹੀਂ ਬਣਾਈ। ਕੋਈ ਐਡਮਨਿਸਟਰੇਟਿਵ ਅਪਰੂਵਲ ਨਹੀਂ ਹੋਈ। ਪਹਿਲੇ ਪੰਜ ਸਾਲ ਵਿੱਤ ਮੰਤਰੀ ਇਨ੍ਹਾਂ ਦੇ ਪੜੋਸੀ ਸਨ ਅਤੇ ਹੁਣ ਇਹ ਸਾਨੂੰ ਪੁੱਛ ਰਹੇ ਹਨ ਕਿ ਕੀ ਕਾਰਨ ਹਨ ? ਅੱਜ ਤੱਕ ਕਮੇਟੀ ਦੀ ਕੋਈ ਪਰਪੋਜ਼ਲ ਇਸ ਪੁੱਲ ਦੇ ਬਣਵਾਉਣ ਸਬੰਧੀ ਨਹੀਂ ਬਣਾਈ। ਕਿਸੇ ਮੀਟਿੰਗ ਵਿੱਚ ਪਰਪੋਜ਼ਲ ਨਹੀਂ ਬਣੀ ਔਰ ਨਾ ਹੀ ਐਡਮਨਿਸਟਰੇਟਿਵ ਅਪਰੂਵਲ ਹੋਈ ਹੈ। ਜੇ ਕੋਈ ਪੁੱਲ ਬਣਾਉਣਾ ਹੁੰਦਾ ਹੈ ਤਾਂ ਪਹਿਲਾਂ ਉਸ ਦੀ ਪਰਪੋਜ਼ਲ ਪੁੱਟ ਹੁੰਦੀ ਹੈ, ਫਿਰ ਐਡਮਨਿਸਟਰੇਟਿਵ ਅਪਰੂਵਲ ਹੁੰਦੀ ਹੈ ਅਤੇ ਫਿਰ ਪੁੱਲ ਬਣਾਇਆ ਜਾਂਦਾ ਹੈ। It is for the first time that it is brought to the notice of the House. ਇਸ ਤੋਂ ਪਹਿਲਾਂ ਇਹ ਮਾਮਲਾ ਕਦੀ ਰੇਜ਼ ਨਹੀਂ ਹੋਇਆ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮੰਤਰੀ ਜੀ ਕਹਿ ਰਹੇ ਹਨ ਕਿ ਕੋਈ ਪਰਪੋਜ਼ਲ ਨਹੀਂ ਆਈ। ਸਪੀਕਰ ਸਾਹਿਬ, ਇਸ ਪੁੱਲ ਦੀ ਪਰਪੋਜ਼ਲ ਕਈ ਵਾਰ ਪਲਾਨਿੰਗ ਬੋਰਡ ਵਿੱਚ ਡਿਸਟ੍ਰਿਕਟ ਰੋਡ ਕਮੇਟੀ ਦੇ ਥਰੂ ਆ ਚੁੱਕੀ ਹੈ। ਇਹ ਇਨ-ਕਰੈਕਟ ਕਹਿ ਰਹੇ ਹਨ ਕਿ ਕੋਈ ਪਰਪੋਜ਼ਲ ਨਹੀਂ ਆਈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਸ ਪੁੱਲ ਦੀ ਕੰਸਟਰਕਸ਼ਨ ਹਾਊਸ ਗਾਰੰਟੀ ਦੇਣਗੇ ? ਇਹ ਕੰਡੀ ਔਰ ਛੋਟ ਦਾ ਏਰੀਆ ਪੈਂਦਾ ਹੈ। ਫਲੱਡਜ਼ ਦੇ ਦਿਨਾਂ ਵਿੱਚ ਲੋਕਾਂ ਦਾ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਟ੍ਰੈਫਿਕ ਬਲਾਕ ਹੋ ਜਾਂਦਾ ਹੈ ਔਰ ਬੱਚੇ ਸਕੂਲਾਂ ਵਿੱਚ ਨਹੀਂ ਜਾ ਸਕਦੇ। ਇਸ ਵਾਸਤੇ ਕੀ ਮੰਤਰੀ ਜੀ ਇਸ ਪੁੱਲ ਨੂੰ ਬਣਾਉਣ ਵਾਸਤੇ ਕੰਸਿਡਰ ਕਰਨਗੇ ?

ਸ੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ, ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਕਣਕ ਅਤੇ ਝੋਨੇ ਨੂੰ ਸਟੋਰ ਕਰਨ ਲਈ ਪ੍ਰਬੰਧ

*1516. **ਸਰਦਾਰ ਮੱਖਣ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਮਾਲ-ਗੁਦਾਮਾਂ ਵਿਚ ਇਸ ਸਮੇਂ ਕਣਕ ਅਤੇ ਝੋਨੇ ਦਾ ਕਿੰਨਾ ਸਟਾਕ ਪਿਆ ਹੈ ;

(ਅ) ਕੀ ਆਉਣ ਵਾਲੇ ਕਟਾਈ ਸੀਜ਼ਨ ਲਈ ਅਨਾਜ ਸਟੋਰ ਕਰਨ ਲਈ ਮੁਨਾਸਬ ਪ੍ਰਬੰਧ ਕੀਤੇ ਗਏ ਹਨ ?

ਸ੍ਰੀ ਮਦਨ ਮੋਹਨ ਮਿੱਤਲ: (ੳ) ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਦੇ ਗੁਦਾਮਾਂ ਵਿਚ ਭੰਡਾਰ ਕਣਕ ਅਤੇ ਪੈਡੀ ਦਾ ਵੇਰਵਾ ਅਨੁਲੱਗ-ਏ ਤੇ ਨੱਥੀ ਕੀਤਾ ਗਿਆ ਹੈ।

(ਅ) ਜੀ ਹਾਂ।

ਅਨੁੱਲਗ-ਏ

ਰਾਜ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਪਾਸ ਗੁਦਾਮਾਂ/ਪਲਿੰਥਾਂ ਤੇ ਸਟੋਰ ਕੀਤੇ ਸਟਾਕ ਕਣਕ ਅਤੇ ਝੋਨੇ ਦੀ ਸੂਚੀ।

(ਅੰਕੜੇ ਲੱਖ ਟਨਾਂ ਵਿਚ)

ਏਜੰਸੀ ਦਾ ਨਾਂ	ਕਣਕ ਦੀ ਮਿਕਦਾਰ	ਝੋਨੇ ਦੀ ਮਿਕਦਾਰ
ਫੂਡਸੱਪ	6.98	4.38
ਪਨਸਪ	11.42	8.21
ਮਾਰਕਫੈਡ	14.40	8.06
ਪੰਜਾਬ ਰਾਜ ਗੁਦਾਮ ਕਾਰਪੋਰੇਸ਼ਨ	8.80	7.25
ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ	2.37	1.28
ਜੋੜ	43.97	29.18
ਐਫ, ਸੀ. ਆਈ.	6.93	20.03
ਕੁੱਲ ਜੋੜ	50.90	49.21

ਕਣਕ ਦੀ ਖਰੀਦ

*1401. **ਸਰਦਾਰ ਧਨਵੰਤ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲਾਂ 1996-97, 1997-98 ਅਤੇ 1998-99 ਦੀ ਫਸਲ ਨਾਲ ਸਬੰਧਤ ਅਨਾਜ ਖਰੀਦਣ ਵਾਲੀਆਂ ਵੱਖ ਵੱਖ ਏਜੰਸੀਆਂ ਦੀਆਂ ਕਣਕ ਦੀਆਂ ਲੱਖਾਂ ਬੋਰੀਆਂ ਅਜੇ ਵੀ ਧੂਰੀ ਖਰੀਦ ਕੇਂਦਰ ਵਿਖੇ ਪਾਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਬੋਰੀਆਂ ਨੂੰ ਚੁੱਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ?

ਸ੍ਰੀ ਮਦਨ ਮੋਹਨ ਮਿੱਤਲ : ਸ੍ਰੀਮਾਨ ਜੀ, ਇਸ ਸਬੰਧੀ ਇਕ ਸੂਚੀ ਸਦਨ ਦੇ ਪਟਲ ਤੇ ਰਖੀ ਜਾਂਦੀ ਹੈ।

ਕਣਕ ਦੇ ਸਟਾਕਸ ਪਿਛਲੇ ਲਗਭਗ 2 ਸਾਲਾਂ ਤੋਂ ਧੂਰੀ ਵਿਖੇ ਐਫ.ਸੀ.ਆਈ. ਲੇਬਰ ਯੂਨੀਅਨ ਅਤੇ ਪੰਜਾਬ ਪੱਲੇਦਾਰ ਯੂਨੀਅਨ ਵਿਚ ਸਟਾਕਸ ਦੀ ਲੋਡਿੰਗ ਅਤੇ ਅਣ-ਲੋਡਿੰਗ ਸਬੰਧੀ ਚਲਦੇ ਝਗੜੇ ਕਾਰਨ ਮੂਵ ਨਹੀਂ ਸਨ ਹੋ ਸਕੇ। ਹੁਣ ਦੋਵੇਂ ਯੂਨੀਅਨਾਂ ਵਿਚ ਸਰਕਾਰ ਵਲੋਂ ਸਮਝੌਤਾ ਕਰਵਾ ਦਿੱਤਾ ਗਿਆ। ਫਰਵਰੀ, 99 ਦੌਰਾਨ ਧੂਰੀ ਕੇਂਦਰ ਤੋਂ 4 ਸਪੈਸ਼ਲਾਂ ਕਣਕ ਦੀਆਂ ਲੋਡ ਹੋ ਚੁੱਕੀਆਂ ਹਨ, ਜਿਸ ਵਿਚ 8 ਹਜ਼ਾਰ ਟਨ ਕਣਕ ਮੂਵ ਹੋਈ ਹੈ। ਇਸੇ ਤਰ੍ਹਾਂ ਮਾਰਚ, 99 ਵਿਚ ਵੀ ਧੂਰੀ ਕੇਂਦਰ ਲਈ ਵੱਖ ਵੱਖ ਏਜੰਸੀਆਂ ਵਲੋਂ ਕਣਕ ਦੇ ਸਟਾਕਸ ਮੂਵ ਕਰਨ ਲਈ ਲਗਭਗ 10 ਸਪੈਸ਼ਲਾਂ ਦੀ ਪਲੈਨਿੰਗ ਕੀਤੀ ਗਈ ਹੈ। ਸਰਕਾਰ ਵਲੋਂ ਐਲਾਟ ਹੋਈਆਂ ਸਪੈਸ਼ਲਾਂ ਵਿਚ ਪੁਰਾਣੇ ਸਟਾਕਸ ਨੂੰ ਪਹਿਲ ਦੇ ਅਧਾਰ ਤੇ ਮੂਵ ਕੀਤਾ ਜਾਂਦਾ ਹੈ। ਵਿਭਾਗ ਵਲੋਂ ਭਾਰਤ ਸਰਕਾਰ ਅਤੇ ਐਫ.ਸੀ.ਆਈ. ਨੂੰ ਪੰਜਾਬ ਵਿਚੋਂ ਵੱਖ ਵੱਖ ਕੇਂਦਰਾਂ ਤੇ ਭੰਡਾਰ ਕਣਕ ਦੇ ਸਟਾਕਸ ਦੀ ਮੂਵਮੇਂਟ ਲਈ ਜ਼ੋਰ ਪਾਇਆ ਜਾ ਰਿਹਾ ਹੈ।

ਸੂਚੀ

ਧੂਰੀ ਕੇਂਦਰ ਜ਼ਿਲ੍ਹਾ ਸੰਗਰੂਰ ਵਿਖੇ ਏਜੰਸੀਵਾਰ ਅਤੇ ਸਾਲਵਾਰ ਪਏ ਕਣਕ ਦੇ ਸਟਾਕਸ ਦੀ ਸੂਚੀ

(ਅੰਕੜੇ ਟਨਾਂ ਵਿਚ)

ਲੜੀ ਨੰ:	ਏਜੰਸੀ ਦਾ ਨਾਂ	1996-97	1997-98	1998-99	ਜੋੜ
1.	ਫੂਡਸਪ	—	9,494	13,479	22,973
2.	ਪਨਸਪ	—	25,941	19,948	45,889
3.	ਮਾਰਕਫੈਡ	—	12,782	22,094	34,876
4.	ਵੇਅਰਹਾਊਸ	143	10,267	11,968	22,378
5.	ਪੰਜਾਬ ਐਗਰੋ	—	5,545	14,527	20,072
6.	ਐਫ.ਸੀ.ਆਈ.	—	—	1,122	1,122
	ਜੋੜ	143	64,029	83,138	1,47,310

ਸ੍ਰੀ ਸਪੀਕਰ : ਹੁਣ ਏਜੰਡੇ ਦੀ ਅਗਲੀ ਆਈਟਮ ਲਵਾਂਗੇ। (ਵਿਘਨ) ਪਹਿਲਾਂ ਸ਼ਾਰਟ ਨੋਟਿਸ ਕੁਐਸਚਨ ਹੈ, ਉਹ ਲੈਂਦੇ ਹਾਂ।

———

SHORT-NOTICE QUESTION AND ANSWER

ਦਫਤਰ ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ) ਨੂੰ ਬਦਲਣਾ

*1614. **ਸ੍ਰੀ ਸੱਤਿਆ ਪਾਲ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

[ਸ੍ਰੀ ਸੱਤਿਆ ਪਾਲ ਸੈਣੀ]

(ੳ) ਕੀ ਇਹ ਠੀਕ ਹੈ ਕਿ ਕਾਰਜਕਾਰੀ ਇੰਜੀਨੀਅਰ ਪੀ. ਡਬਲਿਊ. ਡੀ. (ਭਵਨ ਤੇ ਮਾਰਗ) ਦਾ ਦਫ਼ਤਰ ਜਿਹੜਾ ਪਠਾਨਕੋਟ ਸਬ-ਡਿਵੀਜ਼ਨ ਵਿੱਚ ਲਿੰਕ ਸੜਕਾਂ ਦੀ ਉਸਾਰੀ ਦੇ ਕੰਮ ਲਈ ਕਾਫ਼ੀ ਲੰਬੇ ਸਮੇਂ ਤੋਂ ਪਠਾਨਕੋਟ ਵਿਖੇ ਕੰਮ ਕਰ ਰਿਹਾ ਸੀ, ਨੂੰ ਬਟਾਲਾ ਵਿਖੇ ਬਦਲ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ;

(ਅ) ਕੀ ਸਰਕਾਰ ਦਾ ਉਪਰੋਕਤ ਦਫ਼ਤਰ ਨੂੰ ਦੁਬਾਰਾ ਪਠਾਨਕੋਟ ਬਦਲਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਬਦਲੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ)

(ੳ) ਜੀ ਨਹੀਂ, ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ ਸ਼ਾਖਾ) ਦਾ ਦਫ਼ਤਰ ਪਠਾਨਕੋਟ ਤੋਂ ਤਬਦੀਲ ਨਹੀਂ ਕੀਤਾ ਗਿਆ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਸਪੀਕਰ : ਉਹ ਕਹਿੰਦੇ ਹਨ ਕਿ ਬਦਲਿਆ ਹੀ ਨਹੀਂ।

ਸ੍ਰੀ ਸੱਤਿਆ ਪਾਲ ਸੈਣੀ : ਸਪੀਕਰ ਸਾਹਿਬ ਸਾਡੇ ਪਿਛਲੇ ਸਮੇਂ ਦੇ ਵਿੱਚ ਤਿੰਨ ਦਫ਼ਤਰ ਸ਼ਹੀਦ ਹੋ ਗਏ ਹਨ ਔਰ ਉਨ੍ਹਾਂ ਵਿੱਚੋਂ ਦੋ ਦਾ ਆਸ਼ਵਾਸਨ ਮਿਲ ਗਿਆ ਹੈ ਕਿ ਉਹ ਦੁਬਾਰਾ ਬਹਾਲ ਹੋ ਜਾਣਗੇ। ਤੀਸਰੇ ਦਫ਼ਤਰ ਦੀ ਜਾਣਕਾਰੀ ਵੀ ਮੰਤਰੀ ਜੀ ਦੇਣ, ਆਸ਼ਵਾਸਨ ਦੇਣ ਕਿ....

ਸ੍ਰੀ ਸਪੀਕਰ : ਜਾਣਕਾਰੀ ਨਹੀਂ ਕੁਐਸਚਨ ਪੁੱਛੋ।

ਸ੍ਰੀ ਸੱਤਿਆ ਪਾਲ ਸੈਣੀ ਪਹਿਲਾਂ ਇੱਕ ਪਲੈਨ ਦਾ ਔਰ ਦੂਸਰਾ ਲਿੰਕ ਰੋਡਜ਼ ਦਾ ਦਫ਼ਤਰ ਇਕੋ ਜਗ੍ਹਾ ਹੁੰਦਾ ਸੀ ਔਰ ਉਹ ਸਬ-ਡਿਵੀਜ਼ਨ ਦਾ ਪੂਰਾ ਕੰਮ ਦੇਖ ਲੈਂਦੇ ਸੀ। ਹੁਣ ਲਿੰਕ ਰੋਡਜ਼ ਔਰ ਪਲੈਨ ਨੂੰ ਅਲੱਗ ਅਲੱਗ ਕਰਕੇ ਇੱਕ ਐਕਸੀਅਨ ਦਾ ਕਾਰਜ ਖੇਤਰ 80 ਕਿਲੋਮੀਟਰ ਔਰ ਦੂਸਰੇ ਦਾ ਵੀ 80 ਕਿਲੋਮੀਟਰ ਕਰ ਦਿੱਤਾ ਹੈ। ਕੀ ਮੰਤਰੀ ਜੀ ਪਹਿਲੀ ਵਿਵਸਥਾ ਨੂੰ ਬਹਾਲ ਕਰਨ ਦਾ ਆਸ਼ਵਾਸਨ ਦੇਣ ਦੀ ਹਾਲਤ ਵਿੱਚ ਹਨ ?

ਮੰਤਰੀ : ਸਪੀਕਰ ਸਾਹਿਬ, ਹਾਲਤ ਤਾਂ ਬਿਲਕੁੱਲ ਠੀਕ ਹੈ। ਮੈਨੂੰ ਲਗਦਾ ਹੈ ਕਿ ਮੈਂਬਰ ਸਾਹਿਬ ਨੂੰ ਸਾਰੀ ਜਾਣਕਾਰੀ ਨਹੀਂ ਹੈ। ਇਹ ਨਵੇਂ ਨਵੇਂ ਮੈਂਬਰ ਬਣੇ ਹਨ, ਇਨ੍ਹਾਂ ਨੂੰ ਵਰਕਿੰਗ ਦਾ ਨਹੀਂ ਪਤਾ। ਸਰਕਾਰ ਨੇ ਕੰਮ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਵਾਸਤੇ ਲਿੰਕ ਰੋਡਜ਼ ਦਾ ਅਲੱਗ ਡਿਵੀਜ਼ਨ ਬਣਾ ਦਿੱਤਾ ਹੈ। ਉਸ ਦੇ ਵਾਸਤੇ ਐਕਸੀਅਨ ਵੀ ਅਲੱਗ ਲਗਾ ਦਿੱਤਾ। 1988 ਤੋਂ ਪਹਿਲਾਂ ਕੀ ਸੀ ? ਲਿੰਕ ਰੋਡਜ਼, ਬਿਲਡਿੰਗ ਔਰ ਪਲੈਨ ਰੋਡ ਦਾ ਇੱਕ ਐਕਸੀਅਨ ਹੁੰਦਾ ਸੀ। 1988 ਵਿੱਚ ਸਰਕਾਰ ਨੇ ਦੇਖਿਆ ਕਿ

ਲਿੰਕ ਰੋਡਜ਼ ਦਾ ਕੰਮ ਬਹੁਤ ਵੱਡਾ ਹੈ। ਇਸ ਕਰਕੇ ਸਰਕਾਰ ਨੇ ਲਿੰਕ ਰੋਡਜ਼ ਦਾ ਐਕਸੀਅਨ ਅਲੱਗ ਲਗਾ ਦਿੱਤਾ, ਪਲੈਨ ਰੋਡ ਦਾ ਅਲੱਗ ਬਣਾ ਦਿੱਤਾ ਔਰ ਬਿਲਡਿੰਗ ਦਾ ਕੰਮ ਅਲੱਗ ਐਕਸੀਅਨ ਨੂੰ ਦੇ ਦਿੱਤਾ। 1988 ਦੇ ਵਿੱਚ ਬਟਾਲੇ ਦਾ ਜੋ ਐਕਸੀਅਨ ਸੀ, ਉਸ ਨੂੰ ਲਿੰਕ ਰੋਡਜ਼ ਦਾ ਕੰਮ ਦੇ ਦਿੱਤਾ ਔਰ ਪਠਾਨਕੋਟ ਦੇ ਐਕਸੀਅਨ ਨੂੰ ਪਲੈਨ ਰੋਡਜ਼ ਦਾ ਕੰਮ ਦੇ ਦਿੱਤਾ ਔਰ ਗੁਰਦਾਸਪੁਰ ਵਾਲੇ ਨੂੰ ਉਸੇ ਤਰੀਕੇ ਨਾਲ ਬਿਲਡਿੰਗ/ਭਵਨ ਬਣਾਉਣ ਦਾ ਕੰਮ ਦੇ ਦਿੱਤਾ। 1988 ਤੋਂ ਬਾਅਦ 1992 ਦੇ ਵਿੱਚ ਜਾ ਕੇ ਇਹ ਡਿਵੀਜ਼ਨ ਜੋ ਹੈ, ਇਹ ਜਲੰਧਰ ਨਾਲ ਲੱਗ ਗਈ ਅਤੇ ਹੁਣ ਮੁੜ ਕੇ ਫਿਰ ਦੁਬਾਰਾ ਇਹ ਲਿੰਕ ਰੋਡਜ਼ ਵਾਲੀ ਡਿਵੀਜ਼ਨ ਜਿਹੜੀ ਬਟਾਲਾ ਵਾਲੀ ਹੈ, ਇਹ ਪਠਾਨਕੋਟ ਦੇ ਨਾਲ ਅਟੈਚ ਕਰ ਦਿੱਤੀ ਹੈ ਤਾਂ ਕਿ ਪਠਾਨਕੋਟ ਦਾ ਜਿਹੜਾ ਨਿਗਰਾਨ ਇੰਜਨੀਅਰ ਹੈ, ਉਹ ਇਸ ਨੂੰ ਮੋਨੀਟਰ ਕਰ ਸਕੇ। ਲਿੰਕ ਰੋਡਜ਼ ਦਾ ਕੰਮ ਕਰਨ ਵਾਸਤੇ ਦੋ ਰੂਰਲ ਵਰਕਸ ਸਬ-ਡਿਵੀਜ਼ਨ ਕੰਮ ਕਰਦੇ ਹਨ ਔਰ ਇਹ ਪਠਾਨਕੋਟ ਦੇ ਨੰਬਰ-1 ਅਤੇ ਨੰਬਰ-2 ਹਨ। ਇਹ ਇਸ ਕਰਕੇ ਕੀਤਾ ਗਿਆ ਹੈ ਤਾਂ ਕਿ ਸਾਰੇ ਲਿੰਕ ਰੋਡਜ਼ ਦਾ ਕੰਮ ਇੱਕ ਹੀ ਐਕਸੀਅਨ ਮੋਨੀਟਰ ਕਰੇ।

ਸ੍ਰੀ ਸੱਤਿਆਪਾਲ ਸੈਣੀ : ਸਪੀਕਰ ਸਾਹਿਬ, ਕੀ ਦੂਸਰੀ ਸਪਲੀਮੈਂਟਰੀ ਨਹੀਂ ਮਿਲੇਗੀ।

ਸ੍ਰੀ ਸਪੀਕਰ : ਨਹੀਂ ਜੀ, ਇੱਕ ਹੀ ਹੁੰਦੀ ਹੈ।

UNSTARRED QUESTIONS AND ANSWERS

ਰਾਜ ਵਿਚ ਦਰਜ ਕੀਤੀਆਂ ਗਈਆਂ ਫੈਕਟਰੀਆਂ ਦੀ ਗਿਣਤੀ

332. **ਕਾਮਰੇਡ ਹਰਦੇਵ ਸਿੰਘ ਅਰਸ਼ੀ** ਕੀ ਸਥਾਨਕ ਸਰਕਾਰ, ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਰਾਜ ਵਿਚ (31 ਅਕਤੂਬਰ, 1998 ਨੂੰ) ਦਰਜ ਹੋਈਆਂ ਫੈਕਟਰੀਆਂ ਦੀ ਜ਼ਿਲ੍ਹਾਵਾਰ ਸੂਚੀ ਸਦਨ ਦੀ ਮੇਜ਼ ਤੇ ਰੱਖਣਗੇ, ਜਿਸ ਵਿਚ ਇਹ ਵੀ ਦੱਸਿਆ ਜਾਵੇ ਕਿ ਕਿਹੜੀਆਂ ਕਿਹੜੀਆਂ ਫੈਕਟਰੀਆਂ ਚੱਲ ਰਹੀਆਂ ਹਨ ਅਤੇ ਕਿਹੜੀਆਂ ਬੰਦ ਪਈਆਂ ਹਨ?

ਸ੍ਰੀ ਬਲਰਾਮਜੀ ਦਾਸ ਟੰਡਨ : ਪੰਜਾਬ ਰਾਜ ਵਿੱਚ ਮਿਤੀ 31-10-98 ਤੱਕ ਜ਼ਿਲ੍ਹਾ ਵਾਰ ਫੈਕਟਰੀਜ਼ ਐਕਟ 1948 ਅਧੀਨ 12964 ਰਜਿਸਟਰਡ ਫੈਕਟਰੀਆਂ ਸਨ। ਇਨ੍ਹਾਂ ਸਾਰੀਆਂ ਫੈਕਟਰੀਆਂ ਦੇ ਨਾਵਾਂ ਦੀ ਲਿਸਟ ਸਪਲਾਈ ਕਰਨ ਵਿੱਚ ਬਹੁਤ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਲਈ ਬੰਦ ਪਈਆਂ ਅਤੇ ਚੱਲ ਰਹੀਆਂ ਫੈਕਟਰੀਆਂ ਦੀ ਜ਼ਿਲ੍ਹਾ ਵਾਰ ਗਿਣਤੀ ਹੇਠ ਦਿੱਤੀ ਜਾਂਦੀ ਹੈ —

ਲੜੀ ਨੰ	ਜ਼ਿਲ੍ਹੇ ਦਾ ਨਾਂ	ਮਿਤੀ 31-10-98 ਤੱਕ ਰਜਿਸਟਰਡ ਫੈਕਟਰੀਆਂ	ਬੰਦ ਪਈਆਂ ਫੈਕਟਰੀਆਂ	ਚੱਲ ਰਹੀਆਂ ਫੈਕਟਰੀਆਂ
1.	ਗੁਰਦਾਸਪੁਰ	732	27	705
2.	ਅੰਮ੍ਰਿਤਸਰ	1496	105	1391
3.	ਕਪੂਰਥਲਾ	389	9	380
4.	ਜਲੰਧਰ	1601	34	1567

[ਸਥਾਨਕ ਸਰਕਾਰ ਕਿਰਤ ਤੇ ਰੁਜ਼ਗਾਰ ਮੰਤਰੀ]

5.	ਨਵਾਂ ਸ਼ਹਿਰ	46	2	44
6.	ਹੁਸ਼ਿਆਰਪੁਰ	490	2	468
7.	ਰੋਪੜ	457	8	449
8.	ਲੁਧਿਆਣਾ	4,098	70	4,028
9.	ਫਿਰੋਜ਼ਪੁਰ	523	16	507
10.	ਫਰੀਦਕੋਟ	288	8	280
11.	ਮੁਕਤਸਰ	182	1	181
12.	ਮੋਗਾ	229	1	228
13.	ਬਠਿੰਡਾ	430	2	428
14.	ਮਾਨਸਾ	238	1	237
15.	ਸੰਗਰੂਰ	826	10	816
16.	ਪਟਿਆਲਾ	599	19	580
17.	ਫਤਹਿਗੜ੍ਹ ਸਾਹਿਬ	340	1	339
	ਜੋੜ	12,964	316	12,648

ਪੰਜਾਬ ਪੁਲਿਸ ਜਾਂ ਪੈਰਾ ਮਿਲਟਰੀ ਫੋਰਸਿਜ਼ ਦੇ ਕਬਜ਼ੇ ਅਧੀਨ ਰੈਸਟ ਹਾਊਸ

333. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਮੰਡੀਆਂ ਵਿਚ (ਪੰਜਾਬ ਮੰਡੀ ਬੋਰਡ ਦੇ ਅਧਿਕਾਰ ਹੇਠ) ਕਈ ਰੈਸਟ ਹਾਊਸ ਹਨ, ਜਿਨ੍ਹਾਂ ਤੇ ਇਸ ਸਮੇਂ ਪੰਜਾਬ ਪੁਲਿਸ ਜਾਂ ਪੈਰਾ ਮਿਲਟਰੀ ਫੋਰਸਿਜ਼ ਦੁਆਰਾ ਕਬਜ਼ਾ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਜ਼ਿਲ੍ਹਾਵਾਰ ਵੇਰਵੇ ਕੀ ਹਨ ਅਤੇ ਕਿਸ ਤਰੀਕ ਤੋਂ ਹਰ ਇਕ ਰੈਸਟ ਹਾਊਸ ਤੇ ਪੁਲਿਸ ਦੁਆਰਾ ਕਬਜ਼ਾ ਕੀਤਾ ਗਿਆ ਹੈ ਅਤੇ ਮੰਡੀ ਬੋਰਡ ਨੂੰ ਹਰ ਇਕ ਕੇਸ ਵਿਚ ਪੁਲਿਸ ਵਿਭਾਗ ਦੁਆਰਾ ਕਿਰਾਏ ਦੀ ਕਿੰਨੀ ਰਕਮ ਅਦਾ ਕੀਤੀ ਜਾ ਰਹੀ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : ਸੂਚਨਾ ਦਾ ਵਿਵਰਣ ਅਨੁਲੱਗ 'ੳ' ਤੇ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

ਅਨੈਕਸਚਰ-ੳ

ਲੜੀ ਨੰ	ਜ਼ਿਲ੍ਹੇ ਦਾ ਨਾਂ	ਮੰਡੀ ਦਾ ਨਾਂ ਜਿੱਥੇ ਰੈਸਟ ਹਾਊਸ ਤੇ ਕਬਜ਼ਾ ਕੀਤਾ ਹੋਇਆ ਹੈ	ਜਿਸ ਵੱਲੋਂ ਕਬਜ਼ਾ ਕੀਤਾ ਹੋਇਆ ਹੈ	ਜਿਸ ਮਿਤੀ ਤੋਂ ਕਬਜ਼ਾ ਕੀਤਾ ਹੋਇਆ ਹੈ	ਕੀ ਕਿਰਾਇਆ ਅਦਾ ਕੀਤਾ ਜਾ ਰਿਹਾ ਹੈ ਜਾਂ ਨਹੀਂ ?
1	2	3	4	5	6
1.	ਅੰਮ੍ਰਿਤਸਰ	ਪੱਟੀ	ਪੰਜਾਬ ਪੁਲੀਸ	17-12-1997	ਨਹੀਂ
		ਖਡੂਰ ਸਾਹਿਬ	ਪੰਜਾਬ ਪੁਲੀਸ	4/86	ਨਹੀਂ
2.	ਫ਼ਰੀਦਕੋਟ	ਕੋਟਕਪੂਰਾ	ਪੰਜਾਬ ਪੁਲੀਸ	1-1 1991	ਨਹੀਂ
3.	ਗੁਰਦਾਸਪੁਰ	ਬਟਾਲਾ	ਪੰਜਾਬ ਪੁਲੀਸ	20-4-1988	ਨਹੀਂ
4.	ਲੁਧਿਆਣਾ	ਜਗਰਾਂਓ	ਪੰਜਾਬ ਪੁਲੀਸ	8-4-1991	ਨਹੀਂ
		ਖੰਨਾ	ਪੰਜਾਬ ਪੁਲੀਸ	1985	ਨਹੀਂ
5.	ਮੁਕਤਸਰ	ਮਲੋਟ	ਪੰਜਾਬ ਪੁਲੀਸ	15-9-1997	ਨਹੀਂ
6.	ਸੰਗਰੂਰ	ਬਰਨਾਲਾ	ਪੰਜਾਬ ਪੁਲੀਸ	10/1996	ਨਹੀਂ
7.	ਨਵਾਂ ਸ਼ਹਿਰ	ਨਵਾਂ ਸ਼ਹਿਰ	ਪੰਜਾਬ ਪੁਲੀਸ (ਡੀ.ਐਸ.ਪੀ. ਰੈਜ਼ੀਡੈਂਸ)	2-11-1995	ਨਹੀਂ
8.	ਫਤਿਹਗੜ੍ਹ ਸਾਹਿਬ	ਅਮਲੋਹ	ਪੰਜਾਬ ਪੁਲੀਸ	12-4-1992	ਨਹੀਂ
9.	ਮੋਗਾ	ਮੋਗਾ	ਪੰਜਾਬ ਪੁਲੀਸ	3-5-1996	ਨਹੀਂ
10.	ਮਾਨਸਾ	ਸਰਦੂਲਗੜ੍ਹ	ਪੰਜਾਬ ਪੁਲੀਸ	15-11-1991	ਨਹੀਂ
11.	ਪਟਿਆਲਾ	ਪਟਿਆਲਾ	ਸੀ.ਆਰ.ਪੀ.	1-10-1998	ਨਹੀਂ

ਪ੍ਰਵਾਸੀ ਮਜ਼ਦੂਰਾਂ ਨੂੰ ਰਾਸ਼ਨ ਕਾਰਡ ਜਾਰੀ ਕਰਨੇ

334. **ਕਾਮਰੇਡ ਹਰਦੇਵ ਸਿੰਘ ਅਰਸ਼ੀ**, ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਅੰਮ੍ਰਿਤਸਰ ਅਤੇ ਬਠਿੰਡਾ ਸ਼ਹਿਰਾਂ ਵਿਚ ਰਹਿ ਰਹੇ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਰਾਸ਼ਨ ਕਾਰਡ ਜਾਰੀ ਕੀਤੇ ਗਏ ਹਨ;

(ਅ) ਉਪਰੋਕਤ ਭਾਗ (ੳ) ਵਿਚ ਦਰਜ਼ਿਤ ਸ਼ਹਿਰਾਂ ਵਿੱਚ ਅਜਿਹੇ ਮਜ਼ਦੂਰਾਂ ਦੀ ਸ਼ਹਿਰ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਦੀਆਂ ਰਾਸ਼ਨ ਕਾਰਡਾਂ ਲਈ ਅਰਜ਼ੀਆਂ ਖੁਰਾਕ ਅਤੇ ਸਪਲਾਈਜ਼ ਵਿਭਾਗ ਦੇ ਦਫਤਰਾਂ ਵਿਚ ਪੈਂਡਿੰਗ ਪਈਆਂ ਹਨ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਅਮ੍ਰਿਤਸਰ ਸ਼ਹਿਰ ਵਿੱਚ 479 ਰਾਸ਼ਨ ਕਾਰਡ ਅਤੇ ਬਠਿੰਡਾ ਸ਼ਹਿਰ ਵਿਚ 395 ਰਾਸ਼ਨ ਕਾਰਡ ਪ੍ਰਵਾਸੀ ਮਜ਼ਦੂਰਾਂ ਨੂੰ ਹੁਣ ਤੱਕ ਜਾਰੀ ਕੀਤੇ ਜਾ ਚੁੱਕੇ ਹਨ।

(ਅ) ਅੰਮ੍ਰਿਤਸਰ ਸ਼ਹਿਰ ਵਿੱਚ 80 ਪ੍ਰਵਾਸੀ ਮਜ਼ਦੂਰਾਂ ਦੀਆਂ ਅਰਜ਼ੀਆਂ ਲੰਬਿਤ ਹਨ, ਜੋ ਕਿ ਅੱਗੇ ਤਫਤੀਸ਼ ਲਈ ਖੇਤਰੀ ਅਮਲੇ ਨੂੰ ਭੇਜ ਦਿੱਤੀਆਂ ਗਈਆਂ ਹਨ, ਅਤੇ ਤਫਤੀਸ਼ ਉਪਰੰਤ ਇਨ੍ਹਾਂ ਮਜ਼ਦੂਰਾਂ ਨੂੰ ਤੁਰੰਤ ਰਾਸ਼ਨ ਕਾਰਡ ਜਾਰੀ ਕਰ ਦਿੱਤੇ ਜਾਣਗੇ ਪ੍ਰੰਤੂ ਬਠਿੰਡਾ ਸ਼ਹਿਰ ਵਿੱਚ ਪ੍ਰਵਾਸੀ ਮਜ਼ਦੂਰਾਂ ਦੇ ਰਾਸ਼ਨ ਕਾਰਡ ਬਣਾਉਣ ਸਬੰਧੀ ਕੋਈ ਵੀ ਬਿਨੈ-ਪੱਤਰ ਖੁਰਾਕ ਅਤੇ ਸਪਲਾਈ ਵਿਭਾਗ ਦੇ ਦਫਤਰ ਵਿੱਚ ਪੈਂਡਿੰਗ ਨਹੀਂ ਹੈ।

ਇਹ ਰਾਸ਼ਨ ਕਾਰਡ ਬਿਲਕੁਲ ਆਰਜ਼ੀ ਹਨ ਅਤੇ ਕੇਵਲ ਪਿਤਰੀ ਰਾਜਾਂ ਵਿੱਚੋਂ ਨਿਰਧਾਰਿਤ ਸਮੇਂ ਅੰਦਰ ਸਰੰਡਰ/ਡੀਲੀਸ਼ਨ ਸਰਟੀਫਿਕੇਟ ਪੇਸ਼ ਕਰਨ ਉਪਰੰਤ ਹੀ ਰੈਗੂਲਰ ਕੀਤੇ ਜਾਣਗੇ।

ਕੈਂਸਰ ਦੇ ਇਲਾਜ ਲਈ ਡਾਕਟਰੀ ਖਰਚੇ ਦੀ ਪ੍ਰਤੀਪੂਰਤੀ

335. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ ਕੈਂਸਰ ਦੇ ਮਰੀਜ਼ਾਂ ਨੂੰ ਕ੍ਰਿਸਚੀਅਨ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ ਨੂੰ ਭੇਜ ਰਿਹਾ ਹੈ; ਜੇਕਰ ਅਜਿਹਾ ਹੋਵੇ, ਤਾਂ ਸਾਲਾਂ 1993, 1994, 1995 ਅਤੇ 1996 ਦੇ ਦੌਰਾਨ ਇਸ ਤਰ੍ਹਾਂ ਭੇਜੇ ਗਏ ਅਜਿਹੇ ਮਰੀਜ਼ਾਂ ਦੇ ਨਾਂ ਕੀ ਹਨ ਅਤੇ ਬੀਮਾ-ਸ਼ੁਦਾ ਵਿਅਕਤੀਆਂ ਅਤੇ ਉਨ੍ਹਾਂ ਨਾਲ ਸਬੰਧਿਤ ਮਰੀਜ਼ਾਂ ਦੇ ਨਾਂ ਕੀ-ਕੀ ਹਨ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਕੁਝ ਕੇਸਾਂ ਵਿਚ, ਡਾਕਟਰੀ ਖਰਚਿਆਂ ਲਈ ਕਲੇਮਾਂ ਦੀ ਪੂਰੀ ਪ੍ਰਤੀਪੂਰਤੀ ਕੀਤੀ ਗਈ ਹੈ ਜਦ ਕਿ ਦੂਜੇ ਕੇਸਾਂ ਵਿਚ ਪ੍ਰਤੀਪੂਰਤੀ ਸਰਕਾਰੀ ਹਸਪਤਾਲਾਂ ਵਿਚ ਪ੍ਰਚਲਿਤ ਦਰਾਂ ਤੇ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ : (ੳ) ਜੀ ਹਾਂ। ਸਾਲ 1993, 1994, 1995 ਅਤੇ 1996 ਦੌਰਾਨ ਈ. ਐਸ. ਆਈ. ਹਸਪਤਾਲ, ਅੰਮ੍ਰਿਤਸਰ ਵੱਲੋਂ ਕ੍ਰਿਸ਼ਚਨ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਰੈਫਰ ਕੀਤੇ ਮਰੀਜ਼ਾਂ ਦੀ, ਬੀਮਾ ਕਰਮਚਾਰੀਆਂ ਦੇ ਨਾਵਾਂ ਅਤੇ ਮਰੀਜ਼ ਨਾਲ ਰਿਸ਼ਤੇ ਸਮੇਤ ਲਿਸਟ 'ਅਨੁਲੱਗ 'ੳ' ਤੇ ਨੱਥੀ ਕੀਤੀ ਜਾਂਦੀ ਹੈ।

(ਅ) ਇਹ ਠੀਕ ਹੈ ਕਿ ਮਿਤੀ 23-4-1998 ਤੋਂ ਪਹਿਲਾਂ ਪੂਰੀ ਪ੍ਰਤੀ-ਪੂਰਤੀ ਕੀਤੀ ਗਈ ਹੈ। ਮਿਤੀ 23-4-1998 ਤੋਂ ਬਾਦ ਪ੍ਰਤੀ-ਪੂਰਤੀ, ਪੀ.ਜੀ.ਆਈ/ ਸਰਕਾਰੀ ਹਸਪਤਾਲਾਂ ਦੇ ਰੇਟ ਦੇ ਆਧਾਰ ਤੇ, ਰੀਜ਼ਨਲ ਡਾਇਰੈਕਟਰ, ਈ.ਐਸ.ਆਈ. ਕਾਰਪੋਰੇਸ਼ਨ, ਚੰਡੀਗੜ੍ਹ ਤੋਂ ਉਨ੍ਹਾਂ ਦੇ ਪੱਤਰ ਨੰ: ਪੰਜਾਬ-ਬੈਨੀਫਿਟ-11/12/ਯੂ/11/18/97/2223, ਮਿਤੀ 23-4-98 ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਕੀਤੀ ਗਈ ਹੈ।

ਅਨੁਲੱਗ ੳ

ਸਾਲ	ਨੰ	ਨਾਮ ਬੀਮਾ ਵਰਕਰ	ਬੀਮਾ ਨੰ:	ਨਾਂ (ਮਰੀਜ਼)	ਰਿਸ਼ਤਾ
1993	1.	ਦਰਸ਼ਨ ਲਾਲ	2,52,494	ਸੰਤੋਸ਼ ਕੁਮਾਰੀ	ਪਤਨੀ
1994	1.	ਹਰਮਿੰਦਰ ਸਿੰਘ	93,39,965	ਜਸਬੀਰ ਕੌਰ	ਪਤਨੀ
	2.	ਗੁਰਭੇਜ ਸਿੰਘ	24,89,998	ਅਮਰ ਕੌਰ	ਮਾਤਾ
	3,	ਨਰਿੰਦਰ ਕੁਮਾਰ	7,56,802	ਦਰਸ਼ਨਾ ਰਾਣੀ	ਪਤਨੀ
	4.	ਕ੍ਰਿਸ਼ਨ ਸਿੰਘ	402536	ਕਸ਼ਮੀਰ ਕੌਰ	ਪਤਨੀ
	5.	ਸੁਰਿੰਦਰ ਸਿੰਘ	51,96,747	ਗੁਰਮੀਤ ਕੌਰ	ਪਤਨੀ
	6.	ਰਛਪਾਲ ਸਿੰਘ	12,88,631	ਵੀਰੋ	ਮਾਤਾ
	7.	ਹਰਦੇਵ ਸਿੰਘ	25,07.223	ਦਰਸ਼ਨ ਕੌਰ	ਪਤਨੀ
1995	1.	ਜਰਨੈਲ ਸਿੰਘ	16,78.354	—	ਖੁਦ
	2.	ਬਲਬੀਰ ਸਿੰਘ	52,29,152	ਗੁਰਚਰਨ ਸਿੰਘ	ਪਿਤਾ
	3.	ਸੁਰਿੰਦਰ ਕੁਮਾਰ	2,57,068	ਸਤਿਆ	ਪਤਨੀ
1996	1.	ਪੱਪੂ ਗੁਪਤਾ	52,32,537	ਦੇਵ ਨਾਰਾਇਣ ਗੁਪਤਾ	ਪਿਤਾ
	2.	ਨਰਿੰਦਰ ਪਾਲ	52,32,783	ਵੀਨਾ	ਪਤਨੀ
	3.	ਨਿਰਮਲ ਸਿੰਘ	52,35,455	—	ਖੁਦ
	4.	ਪਾਲ ਸਿੰਘ	52,25,370	ਨਿੰਦਰ ਕੌਰ	ਪਤਨੀ
	5.	ਪ੍ਰੀਤਮ ਸਿੰਘ	7,51,153	ਜੋਗਿੰਦਰ ਕੌਰ	ਪਤਨੀ
	6,	ਜਮਨਾ ਦਾਸ	14.66,141	—	ਖੁਦ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

REGIONAL OFFICE

EMPLOYEES STATE INSURANCE CORRPORATION

ESIC BUILDING, MADHYA MARG SECTOR 19-A,

CHANDIGARH

No. PB/Benefit-II/12/V/11/18/97/2223 Dated : 21/23 April, 1998

To

The Director, Health Services Punjab,
Sector 34,
Chandigarh

Sub: Re-imbursement of medical claims where the treatment has been undertaken in Private Hospitals/Dispensaries/ Clinics etc. by the Insured Persons/their family members,

Sir,

Kindly refer to your letter No. ESI/PBL(1)/Punjab-98 Dated 16-4-98 on the above referred subject.

It is informed that in all emergency cases where the treatment has been taken by the Insured person/family members in private Hospital in case of utter emergency and where it is confirmed that the said treatment was essential for the medical care of the patient, re-imbursement of all such cases may be made to the Insured persons subject to the ceiling fixed by PGI/Govt. Hospitals rates for taking such treatments.

Yours faithfully,
Sd/
(R.K. Pant)
Joint Director

ਮੁੱਖ ਮੰਤਰੀ/ਮੰਤਰੀਆਂ ਦਾ ਸਫ਼ਰ-ਭੱਤਾ

358. **ਸ੍ਰੀ ਰਮੇਸ਼ ਚੰਦਰ ਡੋਗਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵੱਖ-ਵੱਖ ਸਾਲਾਂ 1997-98 ਅਤੇ 1998-99 ਦੇ ਦੌਰਾਨ ਮੁੱਖ ਮੰਤਰੀ/ਹਰ ਇਕ ਮੰਤਰੀ ਦੇ ਸਫ਼ਰ ਭੱਤੇ ਵਜੋਂ ਰਾਜ ਸਰਕਾਰ ਦੁਆਰਾ ਮੰਤਰੀ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਮੁੱਖ ਮੰਤਰੀ ਅਤੇ ਦੂਜੇ ਮੰਤਰੀ ਸਾਹਿਬਾਨਾਂ ਵੱਲੋਂ ਸਾਲ 1997-98 ਅਤੇ 1998-99 (15-3-99 ਤੱਕ) ਦੌਰਾਨ ਪ੍ਰਾਪਤ ਕੀਤੇ ਗਏ ਸਫਰ ਭੱਤੇ ਦੀ ਮੰਤਰੀਵਾਰ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ ।

ਸੂਚੀ

ਲੜੀ ਨੰ	ਮੰਤਰੀ ਜੀ ਦਾ ਨਾਂ ਅਤੇ ਵਿਭਾਗ	ਵਿੱਤੀ ਸਾਲ 1997-98 ਦੌਰਾਨ ਸਫ਼ਰ ਭੱਤੇ ਵਜੋਂ ਕਢਵਾਈ ਰਾਸ਼ੀ	ਵਿੱਤੀ /ਸਾਲ 1998-99 (15-3-99 ਤੱਕ) ਸਫ਼ਰ ਭੱਤੇ ਵੱਜੋਂ ਕਢਵਾਈ ਰਾਸ਼ੀ	ਵਿਸ਼ੇਸ਼ ਕਥਨ
1	2	3	4	5
		ਰੁ:	ਰੁ:	
1,	ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ	43,258/-	ਨਿਲ	
2.	ਸ਼੍ਰੀ ਬਲਰਾਮਜੀ ਦਾਸ ਟੰਡਨ, ਸਥਾਨਕ ਸਰਕਾਰ ਮੰਤਰੀ, ਪੰਜਾਬ ।	46,563/-	51,670/-	
3.	ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸਹਿਕਾਰਤਾ ਮੰਤਰੀ, ਪੰਜਾਬ	72,710/-	54,490/-	
4.	ਸਰਦਾਰ ਪ੍ਰਕਾਸ਼ ਸਿੰਘ ਮਜੀਠਾ, ਮਾਲ ਅਤੇ ਪੁਨਰਵਾਸ ਮੰਤਰੀ, ਪੰਜਾਬ ।	25,400/-	15,900/-	
5.	ਸਰਦਾਰ ਗੁਰਦੇਵ ਸਿੰਘ ਬਾਦਲ, ਖੇਤੀਬਾੜੀ ਮੰਤਰੀ, ਪੰਜਾਬ	65,420/-	50,700/-	
6.	ਸ਼੍ਰੀ ਮਦਨ ਮੋਹਨ ਮਿੱਤਲ, ਖੁਰਾਕ ਤੇ ਸਪਲਾਈ ਮੰਤਰੀ, ਪੰਜਾਬ ।	64,010/-	60,790/-	
7.	ਕੈਪਟਨ ਕੰਵਲਜੀਤ ਸਿੰਘ, ਵਿੱਤ ਮੰਤਰੀ, ਪੰਜਾਬ ।	2,81,616/-	48,540/-	
8.	ਸਤਿਕਾਰਯੋਗੀ ਸਰਦਾਰ ਸਰੂਪ ਸਿੰਘ, ਸਾਬਕਾ ਮੰਤਰੀ, ਜਕਾਨ ਉਜਾਗੀ, ਪੰਜਾਬ ।	47,600/-	27,815/-	
9.	ਡਾਕਟਰ ਉਪਿੰਦਰਜੀਤ ਕੌਰ, ਤਕਨੀਕੀ ਸਿੱਖਿਆ ਮੰਤਰੀ, ਪੰਜਾਬ ।	38,000/-	80,950/-	

[ਮੁੱਖ ਮੰਤਰੀ]

1	2	3	4	5
10.	ਸਰਦਾਰ ਨਿਰਮਲ ਸਿੰਘ ਕਾਹਲੋਂ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ, ਪੰਜਾਬ ।	42,865/-	26,500/-	
11.	ਸਰਦਾਰ ਹਰਮੇਲ ਸਿੰਘ ਟੌਹੜਾ, ਸਾਬਕਾ ਲੋਕ ਨਿਰਮਾਣ ਮੰਤਰੀ, ਪੰਜਾਬ ।	24,600/-	52,710/-	
12.	ਬੀਬੀ ਜਗੀਰ ਕੌਰ ਸੈਰ ਸਪਾਟਾ ਮੰਤਰੀ, ਪੰਜਾਬ	21,200/-	46,600/-	
13.	ਸਰਦਾਰ ਮਹੇਸ਼ਇੰਦਰ ਸਿੰਘ ਗਰੇਵਾਲ, ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਪੰਜਾਬ ।	45,309/-	94,875/-	
14.	ਸਰਦਾਰ ਮਨਜੀਤ ਸਿੰਘ ਕਲਕੱਤਾ, ਸਾਬਕਾ ਮੰਤਰੀ ਉਚੇਰੀ ਸਿੱਖਿਆ, ਪੰਜਾਬ ।	3,35,067/-	1,07,085/-	
15.	ਸ੍ਰੀ ਮਨੋਰੰਜਨ ਕਾਲੀਆ, ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਪੰਜਾਬ ।	24,670/-	76,515/-	
16.	ਸ੍ਰੀ ਮੋਹਨ ਲਾਲ, ਜੰਗਲਾਤ ਮੰਤਰੀ, ਪੰਜਾਬ ।	25,170/-	94,671/-	
17.	ਰਾਜਾ ਨਰਿੰਦਰ ਸਿੰਘ, ਜਨ ਸਿਹਤ ਮੰਤਰੀ, ਪੰਜਾਬ ।	15,400/-	36,000/-	
18.	ਸਰਦਾਰ ਰਘਬੀਰ ਸਿੰਘ, ਟਰਾਂਸਪੋਰਟ ਮੰਤਰੀ, ਪੰਜਾਬ ।	22,400/-	50,600/-	
19	ਡਾਕਟਰ ਰਤਨ ਸਿੰਘ ਪਸ਼ੂ ਪਾਲਣ ਮੰਤਰੀ, ਪੰਜਾਬ ।	62,440/-	3,77,957/-	
20.	ਸਰਦਾਰ ਸਰਵਨ ਸਿੰਘ ਫਿਲੌਰ, ਭਲਾਈ ਮੰਤਰੀ, ਪੰਜਾਬ ।	20,000/-	35,000/-	
21.	ਸਰਦਾਰ ਤੋਤਾ ਸਿੰਘ, ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿਖਿਆ ਮੰਤਰੀ, ਪੰਜਾਬ ।	23,255/-	53,550/-	

1	2	3	4	5
22.	ਸਰਦਾਰ ਅਜੀਤ ਸਿੰਘ ਕੋਹਾੜ, ਰਾਜ ਮੰਤਰੀ ਖੇਤੀ ਬਾੜੀ, ਪੰਜਾਬ ।	26,000/-	44,600/-	
23.	ਸਰਦਾਰ ਗੋਬਿੰਦ ਸਿੰਘ ਕਾਂਝਲਾ, ਰਾਜ ਮੰਤਰੀ, ਯੁਵਕ ਸੇਵਾਵਾਂ, ਪੰਜਾਬ ।	24,200/-	72,000/-	
24.	ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸਾਬਕਾ ਰਾਜ ਮੰਤਰੀ, ਜੇਲ੍ਹਾਂ ਤੇ ਸਿਹਤ ਪੰਜਾਬ ।	16,000/-	38,400/-	
25.	ਸਰਦਾਰ ਜਨਮੇਜਾ ਸਿੰਘ ਸੇਖੋਂ ਰਾਜ ਮੰਤਰੀ, ਰੱਖਿਆ ਸੇਵਾਵਾਂ ਭਲਾਈ, ਪੰਜਾਬ ।	24,400/-	42,100/-	
26.	ਸ੍ਰੀ ਨੁਸਰਤ ਅਲੀ ਖਾਂ, ਰਾਜ ਮੰਤਰੀ, ਪਸ਼ੂ ਪਾਲਣ, ਪੰਜਾਬ ।	11,800/-	2,01,627/-	
27.	ਸਰਦਾਰ ਸੇਵਾ ਸਿੰਘ ਸੇਖਵਾਂ, ਰਾਜ ਮੰਤਰੀ ਲੋਕ ਸੰਪਰਕ, ਪੰਜਾਬ ।	21,400/-	34,245/-	
28.	ਸਰਦਾਰ ਸੁੱਚਾ ਸਿੰਘ ਲੰਗਾਹ ਰਾਜ ਮੰਤਰੀ, ਚੋਣਾਂ ਤੇ ਉਦਯੋਗ ਪੰਜਾਬ ।	9,000/-	78,230/-	
29.	ਸਰਦਾਰ ਸਿਕੰਦਰ ਸਿੰਘ ਮਲੂਕਾ, ਰਾਜ ਮੰਤਰੀ, ਸਿੰਚਾਈ, ਪੰਜਾਬ ।	10,600/-	34,100/-	
30.	ਸ੍ਰੀ ਸੁਰਜੀਤ ਕੁਮਾਰ, ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ, ਪੰਜਾਬ ।	10,400/-	68,350/-	
31.	ਸਰਦਾਰ ਸੁਰਜੀਤ ਸਿੰਘ ਕੋਹਲੀ, ਸਾਬਕਾ ਰਾਜ ਮੰਤਰੀ, ਮਕਾਨ ਉਸਾਰੀ ਪੰਜਾਬ ।	23,600/-	48,650/-	
32.	ਸ੍ਰੀ ਸਵਰਨਾ ਰਾਮ, ਰਾਜ ਮੰਤਰੀ, ਹਾਇਰ ਸੈਕੰਡਰੀ ਤੇ ਪ੍ਰਾਇਮਰੀ ਸਿੱਖਿਆ, ਪੰਜਾਬ ।	27,550/-	72,650/-	
33.	ਸ੍ਰੀ ਚਿਰੰਜੀ ਲਾਲ ਗਰਗ, ਰਾਜ ਮੰਤਰੀ, ਖੁਰਾਕ ਤੇ ਸਪਲਾਈ, ਪੰਜਾਬ ।	21,400/-	47,040/-	

ਮੰਤਰੀਆਂ ਦੁਆਰਾ ਪ੍ਰਾਈਵੇਟ ਕਾਰਾਂ ਦੀ ਵਰਤੋਂ ਕਰਨ ਵਜੋਂ ਖ਼ਰਚਾ

359. ਸ਼੍ਰੀ ਰਮੇਸ਼ ਚੰਦਰ ਡੋਗਰਾ. ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਕੋਈ ਕੈਬਨਿਟ ਮੰਤਰੀਆਂ ਨੇ ਸਰਕਾਰੀ ਗੱਡੀਆਂ ਦੀ ਬਜਾਏ ਆਪਣੀਆਂ ਪ੍ਰਾਈਵੇਟ ਕਾਰਾਂ ਵਿਚ ਯਾਤਰਾ ਕਰਨ ਲਈ ਆਪਸ਼ਨ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਮੰਤਰੀਆਂ ਦੇ ਨਾਂ ਕੀ ਹਨ, ਜਿਨ੍ਹਾਂ ਨੇ ਸਾਲਾਂ 1997-98 ਅਤੇ 1998-99 ਦੌਰਾਨ ਅਜਿਹਾ ਕਰਨ ਲਈ ਆਪਸ਼ਨ ਦਿੱਤੀ ਹੈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਹਰ ਇਕ ਮੰਤਰੀ ਦੁਆਰਾ ਯਾਤਰਾ ਖ਼ਰਚੇ ਅਤੇ ਅਜਿਹੀਆਂ ਕਾਰਾਂ ਦੀ ਸੰਭਾਲ ਵਜੋਂ ਉਕਤ ਸਮੇਂ ਦੇ ਦੌਰਾਨ ਸਾਲਵਾਰ ਕਿੰਨੀ ਰਕਮ ਲਈ ਗਈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) ਕੇਵਲ ਸਰਦਾਰ ਸਿਕੰਦਰ ਸਿੰਘ ਮਲੂਕਾ ਰਾਜ ਮੰਤਰੀ ਸਿੰਚਾਈ ਨੇ ਮਿਤੀ 12-12-1998 ਤੋਂ ਸਰਕਾਰੀ ਗੱਡੀ ਦੀ ਥਾਂ ਆਪਣੀ ਪ੍ਰਾਈਵੇਟ ਕਾਰ ਦੀ ਵਰਤੋਂ ਕਰਨ ਦੀ ਆਪਸ਼ਨ ਦਿੱਤੀ ਹੈ ।

(ਅ) ਹੁਣ ਤੱਕ ਕੋਈ ਵੀ ਰਕਮ ਨਹੀਂ ਲਈ ਗਈ ਹੈ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੀ ਅਦਾਇਗੀ

360. ਸ਼੍ਰੀ ਰਮੇਸ਼ ਚੰਦਰ ਡੋਗਰਾ: ਕੀ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ਰੇਣੀਆਂ ਦੇ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਨਾਲ ਸਬੰਧਿਤ ਵਿਦਿਆਰਥੀਆਂ ਨੂੰ ਸਾਲਾਂ 1997-98 ਲਈ ਵਜ਼ੀਫ਼ਿਆਂ ਦੀ ਅਦਾਇਗੀ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਸਾਲ-ਵਾਰ ਅਜਿਹੀ ਕੁੱਲ ਕਿੰਨੀ ਰਕਮ ਅਦਾ ਕੀਤੀ ਗਈ; ਜੇਕਰ ਨਹੀਂ, ਤਾਂ ਪੈਂਡਿੰਗ ਅਦਾਇਗੀ ਦੇ ਵੇਰਵੇ ਕੀ ਹਨ ?

ਸਰਦਾਰ ਸਰਵਣ ਸਿੰਘ ਫਿਲੌਰ ਹਾਂ ਜੀ । ਸਾਲ 1997-98 ਦੌਰਾਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ 6,53,367 ਵਿਦਿਆਰਥੀਆਂ ਨੂੰ ਵਜ਼ੀਫੇ ਦੇ ਤੌਰ ਤੇ 20,53,15,012/- ਰੁਪਏ ਦੀ ਰਾਸ਼ੀ ਵੰਡੀ ਗਈ ਸੀ ।

ਪ੍ਰਾਈਵੇਟ ਪ੍ਰਬੰਧ ਅਧੀਨ (ਸਹਾਇਤਾ ਪ੍ਰਾਪਤ) ਸਕੂਲਾਂ ਵਿਚ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਆਸਾਮੀਆਂ ਭਰਨਾ

361. ਚੌਧਰੀ ਮੋਹਨ ਲਾਲ ਬਹਿਰਾਮ. ਕੀ ਹਾਇਰ-ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪ੍ਰਾਈਵੇਟ ਪ੍ਰਬੰਧ ਅਧੀਨ (ਸਹਾਇਤਾ ਪ੍ਰਾਪਤ) ਸਕੂਲਾਂ ਵਿਚ ਇਸ ਸਮੇਂ ਕੰਮ ਕਰ ਰਹੇ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲ ਟੀਚਰਾਂ, ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੀ ਸਕੂਲਵਾਰ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਆਸਾਮੀਆਂ ਦੀ ਸਕੂਲ-ਵਾਰ ਅਤੇ ਆਸਾਮੀ-ਵਾਰ ਗਿਣਤੀ ਕਿੰਨੀ ਹੈ ਜਿਹੜੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ;

(ਅ) ਕੀ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਆਸਾਮੀਆਂ ਭਰ ਲਈਆਂ ਗਈਆਂ ਹਨ; ਜੇਕਰ ਨਹੀਂ ਤਾਂ ਬੈਕਲਾਗ ਦੇ ਵੇਰਵੇ ਕੀ ਹਨ ?

ਸਰਦਾਰ ਤੋਤਾ ਸਿੰਘ: (ੳ) ਇਸ ਸਮੇਂ ਰਾਜ ਵਿੱਚ ਪ੍ਰਾਈਵੇਟ ਪ੍ਰਬੰਧ ਅਧੀਨ (ਸਹਾਇਤਾ-ਪ੍ਰਾਪਤ) ਸਕੂਲਾਂ ਵਿੱਚ ਕੰਮ ਕਰ ਰਹੇ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਸਕੂਲ ਅਧਿਆਪਕਾਂ, ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦੀ ਕੁੱਲ ਗਿਣਤੀ 7,987 ਹੈ । ਸਕੂਲ-ਵਾਰ ਅਤੇ ਆਸਾਮੀਵਾਰ ਗਿਣਤੀ ਦੇ ਵੇਰਵੇ* ਅਨੁਲੱਗ ਵਿੱਚ ਦਰਜ ਹਨ । ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਦੀ ਨਿਯੁਕਤੀ ਸੰਬੰਧਿਤ ਸਕੂਲ ਦੀ ਪ੍ਰਾਈਵੇਟ ਮੈਨੇਜਮੈਂਟ ਵਲੋਂ ਕੀਤੀ ਜਾਂਦੀ ਹੈ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਦੀ ਪਾਲਿਸੀ ਲਾਗੂ ਨਹੀਂ ਹੁੰਦੀ ।

(ਅ) ਪ੍ਰਾਈਵੇਟ ਪ੍ਰਬੰਧ ਅਧੀਨ ਸਕੂਲਾਂ ਤੇ ਰਾਖਵਾਂਕਰਨ ਪਾਲਿਸੀ ਲਾਗੂ ਨਾ ਹੋਣ ਕਾਰਨ ਰਾਖਵੀਆਂ ਆਸਾਮੀਆਂ ਜਾਂ ਉਨ੍ਹਾਂ ਦੇ ਬੈਕਲਾਗ ਦਾ ਸਵਾਲ ਪੈਦਾ ਨਹੀਂ ਹੁੰਦਾ ।

ਜ਼ਿਲ੍ਹਾ ਮਾਨਸਾ ਵਿਚ ਕਤਲ ਕੇਸ

363. **ਸਰਦਾਰ ਸੁਖਵਿੰਦਰ ਸਿੰਘ ਔਲਖ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਦੇ ਹੋਂਦ ਵਿਚ ਆਉਣ ਤੋਂ ਮਿਤੀ ਅੰਤ ਤੱਕ ਆਈ. ਪੀ. ਸੀ. ਦੀ ਧਾਰਾ 302 ਅਧੀਨ ਦਰਜ ਕੀਤੇ ਗਏ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਕੋਈ ਅਜਿਹੇ ਕੇਸ ਵੀ ਹਨ ਜਿਨ੍ਹਾਂ ਵਿਚ ਅਪਰਾਧੀਆਂ ਦੀ ਅਜੇ ਤੱਕ ਸ਼ਨਾਖਤ ਨਹੀਂ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਗਿਣਤੀ ਕਿੰਨੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: ਜ਼ਿਲ੍ਹਾ ਮਾਨਸਾ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਮਿਤੀ 9-3-1999 ਤੱਕ 208 ਕੇਸ, ਅਧੀਨ ਧਾਰਾ 302 ਆਈ. ਪੀ. ਸੀ. ਦਰਜ ਕੀਤੇ ਗਏ ।

*Placed in the Library.

[ਮੁੱਖ ਮੰਤਰੀ]

(ਅ) ਹਾਂ ਜੀ । 208 ਕੇਸਾਂ ਵਿਚੋਂ 41 ਕੇਸਾਂ ਵਿਚ ਦੋਸ਼ੀਆਂ ਦੀ ਸ਼ਨਾਖਤ ਨਹੀਂ ਹੋ ਸਕੀ ਸੀ ।

ਓਸਵਾਲ ਚੀਨੀ ਮਿਲ, ਮੁਕੇਰੀਆਂ ਨੂੰ ਸਪਲਾਈ ਕੀਤੇ ਗਏ ਗੰਨੇ ਦੀ ਅਦਾਇਗੀ

364. **ਸ੍ਰੀ ਅਰੁਨੇਸ਼ ਕੁਮਾਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਓਸਵਾਲ ਚੀਨੀ ਮਿੱਲ ਮੁਕੇਰੀਆਂ ਦੁਆਰਾ ਉਨ੍ਹਾਂ ਕਿਸਾਨਾਂ ਜਿਨ੍ਹਾਂ ਨੇ ਸਾਲ 1998-99 ਦੌਰਾਨ ਮਿਲ ਨੂੰ ਗੰਨਾ ਸਪਲਾਈ ਕੀਤਾ ਸੀ, ਨੂੰ ਅਜੇ ਤੱਕ ਅਦਾਇਗੀ ਨਹੀਂ ਕੀਤੀ ਗਈ ਹੈ. ਜੇਕਰ ਅਜਿਹਾ ਹੋਵੇ ਤਾਂ ਕੁੱਲ ਕਿੰਨੀ ਰਕਮ ਕਿਸਾਨਾਂ ਨੂੰ ਦੇਣੀ ਰਹਿੰਦੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬਕਾਇਆਂ ਦੀ ਮੁਕੰਮਲ ਅਦਾਇਗੀ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਅਦਾਇਗੀ ਕਦੋਂ ਤੱਕ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਓਸਵਾਲ ਸ਼ੂਗਰਜ਼ ਮਿੱਲ ਲਿਮਟਿਡ ਮੁਕੇਰੀਆਂ ਵਲੋਂ ਸਾਲ 1998-99 ਦੌਰਾਨ ਗੰਨੇ ਦੀ ਭਾਰਤ ਸਰਕਾਰ ਵਲੋਂ ਮਿੱਥੀ ਘੱਟੋ-ਘੱਟ ਕੀਮਤ (ਸਟੈਚੂਟਰੀ ਮਿਨੀਮਮ ਪ੍ਰਾਈਸ) ਅਨੁਸਾਰ ਜੋ ਕਿ 8.00 ਕਰੋੜ ਰੁਪਏ ਬਣਦੀ ਹੈ ਜਿਸ ਦੀ ਸਾਰੀ ਅਦਾਇਗੀ ਖੰਡ ਮਿੱਲ ਵਲੋਂ ਕਿਸਾਨਾਂ ਨੂੰ ਕਰ ਦਿੱਤੀ ਗਈ ਪਰੰਤੂ ਸਟੇਟ ਐਡਵਾਈਜ਼ਡ ਪਰਾਈਸ ਮੁਤਾਬਿਕ 14.38 ਕਰੋੜ ਰੁਪਏ ਬਣਦੀ ਹੈ ਜਿਸ ਵਿਚੋਂ 12.65 ਕਰੋੜ ਰੁਪਏ ਦੀ ਕੀਮਤ ਦੀ ਅਦਾਇਗੀ ਮਿਤੀ 13-3-99 ਤੱਕ ਕਰ ਦਿੱਤੀ ਗਈ ਹੈ ਅਤੇ 1.73 ਕਰੋੜ ਰੁਪਏ ਦੀ ਅਦਾਇਗੀ ਕਰਨੀ ਅਜੇ ਬਾਕੀ ਹੈ ।

(ਅ) ਇਸ ਬਕਾਇਆ ਰਹਿੰਦੀ ਗੰਨੇ ਦੀ ਕੀਮਤ ਦੀ ਅਦਾਇਗੀ ਜਲਦੀ ਕਰਵਾਉਣ ਲਈ ਖੰਡ ਮਿੱਲ, ਮੁਕੇਰੀਆਂ ਨੂੰ ਲਿਖਿਆ ਗਿਆ ਹੈ ।

ਹਸਪਤਾਲਾਂ, ਡਿਸਪੈਂਸਰੀਆਂ ਅਤੇ ਸਿਹਤ ਕੇਂਦਰਾਂ ਵਿਚ ਅਮਲੇ ਦਾ ਉਪਬੰਧ

365. **ਸਰਦਾਰ ਮੱਖਣ ਸਿੰਘ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਕੰਮ ਕਰ ਰਹੇ ਸਿਵਲ ਹਸਪਤਾਲਾਂ, 50 ਬਿਸਤਰਿਆਂ ਵਾਲੇ ਹਸਪਤਾਲਾਂ, 25 ਬਿਸਤਰਿਆਂ ਵਾਲੇ ਹਸਪਤਾਲਾਂ, ਮੁੱਢਲੇ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਕਤ ਹਸਪਤਾਲਾਂ, ਡਿਸਪੈਂਸਰੀਆਂ/ਮੁੱਢਲੇ ਸਿਹਤ ਕੇਂਦਰਾਂ ਵਿਚ ਲਗੇ ਹੋਏ ਡਾਕਟਰਾਂ, ਨਰਸਾਂ ਫਾਰਮਾਸਿਸਟਾਂ ਅਤੇ ਹੋਰ ਅਮਲੇ ਦੀ ਸ਼ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੲ) ਵਿਚ ਵਰਣਿਤ ਅਮਲਾ ਰਾਜ ਦੀ ਜਨ-ਸੰਖਿਆ ਦੇ ਅਨੁਪਾਤ ਅਨੁਸਾਰ ਹੈ; ਜੇਕਰ ਅਜਿਹਾ ਹੋਵੇ, ਤਾਂ ਅਮਲੇ ਅਤੇ ਜਨ-ਸੰਖਿਆ ਦੀ ਸ਼੍ਰੇਣੀ-ਵਾਰ ਅਨੁਪਾਤ ਕੀ ਹੈ ?

ਸ਼੍ਰੀ ਮਨੋਰੰਜਨ ਕਾਲੀਆ: (ੳ) ਰਾਜ ਵਿਚ ਕੰਮ ਕਰ ਰਹੇ ਸਿਵਲ ਹਸਪਤਾਲ, 50 ਬਿਸਤਰੇ, 25 ਬਿਸਤਰੇ, ਮੁਢਲੇ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਦੀ ਗਿਣਤੀ ਨਿਮਨ ਅਨੁਸਾਰ ਹੈ :—

	ਹਸਪਤਾਲ		ਗਿਣਤੀ
	1		2
(1)	100 ਬਿਸਤਰੇ ਜਾਂ ਇਸ ਤੋਂ ਵੱਧ		33
	50 ਬਿਸਤਰੇ	..	32
	25 ਬਿਸਤਰੇ	..	53
	ਹੋਰ ਦੂਜੇ ਹਸਪਤਾਲ	..	59
(2)	ਮੁੱਢਲਾ ਸਿਹਤ ਕੇਂਦਰ	..	484
(3)	ਡਿਸਪੈਂਸਰੀਆਂ	..	1,436

ਡਾਕਟਰੀ ਸੰਸਥਾਵਾਂ ਵਿਚ ਨਿਯੁਕਤ ਅਮਲੇ ਦੀ ਸ਼੍ਰੇਣੀ ਅਨੁਸਾਰ ਗਿਣਤੀ ਨਿਮਨ-ਲਿਖਤ ਹੈ ਜੀ :—

	ਸ਼੍ਰੇਣੀ		ਗਿਣਤੀ
1.	ਡਾਕਟਰ	..	4,517
2.	ਨਰਸਾਂ	..	2,179
3.	ਫਾਰਮਾਸਿਸਟ	..	2,835
ਹੋਰ ਦੂਜਾ ਅਮਲਾ			
1.	ਰੇਡੀਓਗਰਾਫਰ	..	191
2.	ਲੇਬਾਰਟਰੀ ਟੈਕਨੀਸ਼ਨ	..	1,000
3.	ਅਪਰੇਸ਼ਨ ਥੀਏਟਰ ਸਹਾਇਕ	..	35

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਹਾਂ ਜੀ। ਡਾਕਟਰੀ ਸੰਸਥਾਵਾਂ ਪੰਜਾਬ ਸਰਕਾਰ ਵਲੋਂ ਨਿਸ਼ਚਿਤ ਆਬਾਦੀ ਨਾਰਮ ਅਨੁਸਾਰ ਹੀ ਖੋਲ੍ਹੀਆਂ ਜਾਂਦੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਮੈਡੀਕਲ ਅਮਲਾ ਡਾਕਟਰੀ ਸੰਸਥਾਵਾਂ ਦੀ ਸ਼੍ਰੇਣੀ ਦੇ ਆਧਾਰ ਤੇ ਨਿਯੁਕਤ ਕੀਤਾ ਜਾਂਦਾ ਹੈ। ਭਾਰਤ ਸਰਕਾਰ ਵਲੋਂ ਸੁਝਾਏ ਸ਼੍ਰੇਣੀ ਅਨੁਸਾਰ ਨਾਰਮ ਅਤੇ ਇਸ ਵੇਲੇ ਦੇ ਇਸ ਸਬੰਧ ਵਿਚ ਮੈਡੀਕਲ ਅਤੇ ਪੈਰਾ ਮੈਡੀਕਲ ਅਮਲੇ ਦੀ ਨਿਯੁਕਤੀ ਅਨੁਸਾਰ ਰਾਜ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :—

ਸ਼੍ਰੇਣੀ	ਭਾਰਤ ਸਰਕਾਰ ਵਲੋਂ ਸਿਹਤ ਅਮਲੇ ਲਈ ਸੁਝਾਏ ਨਾਰਮ	ਰਾਜ ਦੀ ਤਾਜ਼ਾ ਸਥਿਤੀ
1. ਡਾਕਟਰ	1 ਪ੍ਰਤੀ 3500 ਦੀ ਆਬਾਦੀ	1 ਪ੍ਰਤੀ 5281 ਆਬਾਦੀ
2. ਨਰਸਾਂ	1 ਪ੍ਰਤੀ 5000 ਦੀ ਆਬਾਦੀ	1 ਪ੍ਰਤੀ 10,947 ਆਬਾਦੀ
3. ਫਾਰਮਾ-ਸਿਸਟ	1 ਪ੍ਰਤੀ 10,000 ਦੀ ਆਬਾਦੀ	1 ਪ੍ਰਤੀ 8,414 ਆਬਾਦੀ

ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਰਾਜ ਦੀ ਉਪਰੋਕਤ ਦੱਸੀ ਸਥਿਤੀ ਕੇਵਲ ਸਰਕਾਰੀ ਡਾਕਟਰਾਂ, ਨਰਸਾਂ ਅਤੇ ਫਾਰਮਾਸਿਸਟਾਂ ਨਾਲ ਸਬੰਧਤ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਪ੍ਰਾਈਵੇਟ ਮੈਡੀਕਲ ਅਤੇ ਪੈਰਾ ਮੈਡੀਕਲ ਅਮਲੇ ਵਲੋਂ ਵੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਉਚਿਤ ਜਗ੍ਹਾ ਤੋਂ ਬਿਨਾਂ ਸਕੂਲ

366. **ਸ੍ਰੀ ਤਿਕਸ਼ਨ ਸੂਦ** ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਨਾਰਮਜ਼ ਮੁਤਾਬਿਕ ਸਰਕਾਰੀ, ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ ਨਿਰਧਾਰਿਤ ਜਗ੍ਹਾ ਦੇ ਵੇਰਵੇ ਕੀ ਹਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਜਿਹੇ ਸਕੂਲਾਂ ਦੇ ਨਾਂ ਕੀ ਹਨ ਜਿਨ੍ਹਾਂ ਦੀ ਜਗ੍ਹਾ ਨਿਰਧਾਰਤ ਜਗ੍ਹਾ ਤੋਂ ਘੱਟ ਹੈ ?

ਸਰਦਾਰ ਤੋਤਾ ਸਿੰਘ : ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਨਾਰਮ 5 ਕਮਰ, ਵਰਾਂਡਾ, ਖੇਡ ਦਾ ਮੈਦਾਨ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ 454 ਅਜਿਹੇ ਪ੍ਰਾਇਮਰੀ ਸਕੂਲ ਹਨ, ਜਿਨ੍ਹਾਂ ਵਿੱਚ ਨਾਰਮ ਤੋਂ ਘੱਟ ਥਾਂ ਹੈ। ਸੂਚੀ ਅਨਲੱਗ** 'ੳ' ਤੇ ਹੈ। ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਹੇਠ ਲਿਖੇ ਅਨੁਸਾਰ ਨਾਰਮ ਹੈ —

**Placed in the Library.

1. 14 ਕਮਰੇ
2. ਲਾਇਬ੍ਰੇਰੀ
3. ਸਾਇੰਸ ਗਰੁੱਪ ਲਈ 3 ਲੈਬਾਰਟਰੀਆ
4. ਪਿੰਡਾਂ ਵਿੱਚ 4 ਤੋਂ 5 ਏਕੜ ਜਗ੍ਹਾ ਅਤੇ ਸ਼ਹਿਰਾਂ ਵਿੱਚ 2 ਤੋਂ 3 ਏਕੜ ਥਾਂ ਖੇਡ ਦੇ ਮੈਦਾਨ ਲਈ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਉਨ੍ਹਾਂ 22 ਸੀਨੀਅਰ ਸੈਕੰਡਰੀ ਸਕੂਲਾਂ ਦੀ ਸੂਚੀ ਜਿਨ੍ਹਾਂ ਵਿੱਚ ਜਗ੍ਹਾ ਨਾਰਮ ਤੋਂ ਘੱਟ ਹੈ, *ਅਨੁਲੱਗ 'ਅ' ਤੇ ਹੈ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ 367**

ਸ੍ਰੀ ਸਪੀਕਰ: ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

D.O. No.: 11/2/98-1ਭਸ-1/260

SARWAN SINGH PHILLAUR

Welfare Minister, Punjab.
Chandigarh

Tele. No.: 742477 (O)
690784 (R)

Dated: 18-3-1999

ਪਿਆਰੇ ਸ੍. ਅਟਵਾਲ ਸਾਹਿਬ ਜੀ,

ਮਿਤੀ 18-3-1999 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਪੰਜਾਬ ਵਿਧਾਨ ਸਭਾ ਦੇ ਬਿਨਾਂ ਤਾਰਾ-ਚਿੰਨ ਅੰਕਿਤ ਪ੍ਰਸ਼ਨ ਨੰਬਰ 367 ਜੋ ਕਿ ਸ੍ਰੀ ਬਿਕਰਮਜੀਤ ਸਿੰਘ ਖ਼ਾਲਸਾ, ਐਮ. ਐਲ, ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਹੋਰ ਸਬੰਧਤ ਦਫਤਰਾਂ ਪਾਸੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਵਿੱਚ ਕਾਫ਼ੀ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ ਮਿਤੀ 24-3-1999 ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ।

ਦਿਲੋਂ ਆਪ ਦਾ
ਸਹੀ/-
(ਸਰਵਨ ਸਿੰਘ ਫਿਲੌਰ)

ਸ੍ਰੀ ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

---

*Placed in the Library.

**For UnStarred Question No. 367 and reply thereto, please see Appendix-I to this Debate.

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 368

ਸ਼੍ਰੀ ਸਪੀਕਰ: ਇਸ ਸਵਾਲ ਦੀ ਵੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿਤੀ ਹੈ।

Parkash Singh Badal

D.O. No. ਮ.ਸ.-2-99/1610
Chief Minister, Punjab
Dated 15-3-99

ਵਿਸ਼ਾ :— ਮਿਤੀ 18-3-1999 ਲਈ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਸੂਚੀ ਵਿਚ ਦਰਜ਼ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ. 368 ਮੁਲਤਵੀ ਕਰਨ ਬਾਰੇ।

ਮਾਨਯੋਗ ਸਪੀਕਰ ਸਾਹਿਬ,

ਮਿਤੀ 18-3-1999 (M) ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਬਿਨਾਂ ਤਾਰਾ ਅੰਕਿਤ ਪ੍ਰਸ਼ਨ ਨੰ 368, ਜੋ ਕਿ ਬਿਕਰਮਜੀਤ ਸਿੰਘ ਖਾਲਸਾ, ਐਮ. ਐਲ. ਏ. ਵੱਲੋਂ ਕੀਤਾ ਗਿਆ ਹੈ, ਦਾ ਉਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ ਚਾਰ ਹਫਤੇ ਤੋਂ ਮਗਰੋਂ ਕਿਸੇ ਵੀ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ.
ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸ਼੍ਰੀ ਚਰਨਜੀਤ ਸਿੰਘ ਅਟਵਾਲ
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ।

ਬੱਸ ਦੁਰਘਟਨਾ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਮੁਆਵਜ਼ੇ ਦੀ ਅਦਾਇਗੀ

369. **ਸ਼੍ਰੀ ਤਿਕਸ਼ਨ ਸੂਦ** : ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 26 ਅਪਰੈਲ, 1998 ਨੂੰ ਬੱਸ ਨੰਬਰ ਪੀ.ਬੀ. 12-ਸੀ 9762 ਦੀ (ਪਾਨੀਪਤ ਨੇੜੇ) ਹੋਈ ਬੱਸ ਦੁਰਘਟਨਾ ਵਿਚ ਮਰੇ ਜਾਂ ਜ਼ਖਮੀ ਹੋਏ ਵਿਅਕਤੀਆਂ ਦੇ ਨਾਂ ਕੀ-ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸ ਵਿਚ ਮਰੇ ਯਾਤਰੀਆਂ ਦੇ ਵਾਰਿਸਾਂ, ਆਸ਼ਰਿਤਾਂ ਅਤੇ ਜ਼ਖਮੀ ਹੋਏ ਯਾਤਰੀਆਂ ਨੂੰ ਕਿੰਨੀ ਰਕਮ ਦੇਣ ਦਾ ਐਲਾਨ ਕੀਤਾ ਗਿਆ ਸੀ;

---

*For Unstarred Question No. 368 and reply there to, please see Appendix-II to this Debate.

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਦੁਰਘਟਨਾ ਵਿਚ ਜ਼ਖਮੀ ਹੋਏ ਹਰ ਇਕ ਵਿਅਕਤੀ ਅਤੇ ਮਰੇ ਵਿਅਕਤੀਆਂ ਦੇ ਵਾਰਸਾਂ ਨੂੰ ਅਸਲ ਵਿੱਚ ਕਿੰਨੀ ਰਕਮ ਅਦਾ ਕੀਤੀ ਗਈ ?

ਸਰਦਾਰ ਰਘਬੀਰ ਸਿੰਘ: (ੳ) ਪਾਨੀਪਤ ਨੇੜੇ ਬੱਸ ਨੰਬਰ ਪੀ.ਬੀ.-12. ਸੀ-9752 ਦੀ ਦੁਰਘਟਨਾ ਹੋਈ ਸੀ ਨਾ ਕਿ ਬੱਸ ਨੰ: ਪੀ.ਬੀ.-12 ਸੀ-9762 ਦੀ । ਇਸ ਦੁਰਘਟਨਾ ਵਿੱਚ ਮਰੇ ਅਤੇ ਜ਼ਖਮੀ ਹੋਏ ਵਿਅਕਤੀਆਂ ਦੇ ਨਾਵਾਂ ਦੀ ਸੂਚੀ ਅਨੁਲੱਗ 'ਏ' ਤੇ ਨੱਥੀ ਕੀਤੀ ਜਾਂਦੀ ਹੈ ।

(ਅ) ਪੰਜਾਬ ਟਰਾਂਸਪੋਰਟ ਵਿਭਾਗ ਵਲੋਂ ਮੋਟਰ ਵਹੀਕਲ ਐਕਟ ਦੀ ਧਾਰਾ 140 ਅਧੀਨ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਰੁਪਏ 50,000/- ਅਤੇ ਜ਼ਖਮੀ ਜੋ ਸਦਾ ਲਈ ਨਕਾਰਾ ਹੋ ਗਿਆ ਹੋਵੇ, ਨੂੰ ਰੁਪਏ 25,000/- ਸਹਾਇਤਾ ਦੇਣ ਦੀ ਘੋਸ਼ਣਾ ਕੀਤੀ ਗਈ ਸੀ ।

(ੲ) 15 ਜ਼ਖਮੀਆਂ ਨੂੰ (1000/- ਰੁਪਏ ਹਰ ਜ਼ਖਮੀ) ਰੁਪਏ 15,000/- ਅਤੇ 8 ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਲੀਗਲ ਸਬੂਤਾਂ ਦੇ ਅਧਾਰ ਤੇ 4.00 ਲੱਖ ਰੁਪਏ ਦੀ ਰਾਹਤ ਦਿੱਤੀ ਜਾ ਚੁੱਕੀ ਹੈ, ਜਿਨ੍ਹਾਂ ਦੀ ਸੂਚੀ ਅਨੁਲੱਗ 'ਬੀ' ਤੇ ਨੱਥੀ ਕੀਤੀ ਜਾਂਦੀ ਹੈ । ਬਾਕੀ ਦੇ ਰਹਿੰਦੇ 11 ਮ੍ਰਿਤਕਾਂ ਦੇ ਵਾਰਸਾਂ ਨੂੰ ਲੀਗਲ ਦਸਤਾਵੇਜ਼ ਨਾ ਪੇਸ਼ ਕਰਨ ਕਰਕੇ ਬਣਦੇ ਮੁਆਵਜ਼ੇ ਦੀ ਅਦਾਇਗੀ ਨਹੀਂ ਕੀਤੀ ਹੈ ।

ANNEXURE 'A'

(The names of the persons died on 26-4-98 involving Bus No. PB.-12-C/9752 (Near Panipat.)

1. Shri Amar Singh Son of Nagina Singh Vill. Goindpur, Hoshiarpur.
2. Shri Balwant Singh Driver, PR, Hoshiarpur.
3. Shri Ram Kishan, Inspector, RTC, Jahan Khelan.
4. Shri Surinder Singh Son of Wattan Singh Vill. Kalran, Hoshiarpur.
5. Shri Jarnail Singh S/o Bishan Singh Vill. Kalran, Hoshiarpur.
6. Shri Joga Singh S/o Swaran Singh Vill. Attowal, Hoshiarpur.
7. Shri Harbhajan Singh S/o Mohinder Singh Vill. Jassowal, Hoshiarpur.
8. Shri Jaspal Singh S/o Muzail Singh Vill. Dhade P.O. Phagwara, Kapurthala.
9. Sh. Lal Chand S/o Mehnga Ram, 874-A/7B, Gobindpuri, Kalka Ji New Delhi (Resident of Attowal Hoshiarpur).

[ਟਰਾਂਸਪੋਰਟ ਮੰਤਰੀ]

10. Sh. Malkiat Singh S/o Amar Singh, 874A/7B Gobindpuri, Kalka Ji New Delhi (Resident of Vill. Attowal, Hoshiarpur).
11. Sh. Mohinder Singh S/o Kartar Singh 13 Ram Nagar, Krishan Nagar, New Delhi (Resident of H.No. 16 Guru Nanak Nagar Fatehgarh Road, Hoshiarpur.
12. Surinder Kaur W/o Mohinder Singh as above.
13. Ashok Kumar S/o Brij Lal Sharma, Virk Farm, Jahan Khelan.
14. Jasbir Singh S/o Mohinder Singh 13 Ram Nagar Krishan New Delhi (Resident of H. No. 16 Guru Nanak Nagar Fatehgarh Road, Hoshiarpur).
15. Rekha W/o Ashok Kumar, Virk Farm.
16. Bubly, daughter of Shri Ashok Kumar.
17. Badshah (Brother in Law of Ashok Kumar).
18. Balwinder Kaur D/o Tarlok Singh, Vill. Lambra, Hoshiarpur,
19. One Unidentified.

List of Injured Persons in Accident on 26-4-98.

1. Gurmit Singh S/o Resham Singh.
2. Harmail Singh S/o Gurdas Ram.
3. Gurdas Ram S/o Bikha Ram.
4. Gurmit Singh S/o Sai Dass.
5. S. Sukhvinder Singh S/o Dev Ram.
6. Mukesh Kumar S/o Hari Singh.
7. Musadi Lal.
8. Ved Ram.
9. Sukh Devi.
10. Ajit Singh.
11. Narinder Kumar S/o Lal Chand.
12. Balwinder Singh S/o Sardara Singh.
13. Rup Lal S/o Charan Singh.
14. Navtej S/o Surinderpal Singh.
15. Surinderpal Singh S/o Kartar Singh.

ANNEXURE 'B'

LIST OF DECEASED PERSONS WHOSE HEIRS HAVE BEEN GIVEN DUE COMPENSATION.

Sr. No. Name of the deceased.

1. Sh. Surinder Singh S/o Sh. Wattan Singh.
2. Sh. Ashok Kumar S/o Sh. Brij Lal.
3. Sh. Jarnail Singh S/o Shri Bishan Singh.
4. Sh. Harbhajan Singh S/o Sh. Mohinder Singh.
5. Sh. Ram Kishan, Inspector, R. T. C. Jahan Khelan.
6. Smt. Balwinder Kaur D/o Sh. Tarlok Singh.
7. Sh. Jaspal Singh S/o Sh. Muzail Singh.
8. Sh. Lal Chand S/o Shri Mehnga Ram.

ਮਾਰਕਫੈੱਡ ਦੁਆਰਾ ਡਾਇਰੀਆਂ ਅਤੇ ਕਲੰਡਰਾਂ ਦੀ ਛਪਾਈ

370. **ਸਰਦਾਰ ਗੁਰਦੀਪ ਸਿੰਘ ਭੁੱਲਰ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1999 ਦੇ ਦੌਰਾਨ ਮਾਰਕਫੈੱਡ ਦੁਆਰਾ, ਵੱਖ-ਵੱਖ ਛਪਵਾਈਆਂ ਗਈਆਂ ਡਾਇਰੀਆਂ ਅਤੇ ਕਲੰਡਰਾਂ ਦੀ ਗਿਣਤੀ ਕਿੰਨੀ ਹੈ ਅਤੇ ਪ੍ਰਤੀ ਡਾਇਰੀ ਅਤੇ ਪ੍ਰਤੀ ਕਲੰਡਰ ਕਿੰਨਾ ਖਰਚ ਆਇਆ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਸੂਚਨਾ ਹੇਠ ਲਿਖੇ ਅਨੁਸਾਰ ਹੈ ਜੀ :—

ਲੜੀ ਨੰ.	ਵੇਰਵਾ	ਮਾਤਰਾ	ਦਰ (ਰੁਪਏ)	ਰਕਮ (ਰੁਪਏ)
1.	ਛੋਟੀ ਡਾਇਰੀ	17,831	19.20	3,42,355.20
2.	ਕਾਰਜਕਾਰੀ ਡਾਇਰੀ	1,982	30.00	59,460.00
3.	ਚਾਰ ਪੰਨੇ ਦੇ ਕਲੰਡਰ	9,996	19.15	1,91,423.40
4.	ਇੱਕ ਪੰਨੇ ਦੇ ਕਲੰਡਰ	54,906	5.34	2,93,166.00
			ਕੁੱਲ ਖਰਚ	8,86,404.60

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਡਾਇਰੀਆਂ ਦੀ ਛਪਾਈ

371. **ਸਰਦਾਰ ਗੁਰਦੀਪ ਸਿੰਘ ਭੁੱਲਰ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1999 ਦੇ ਦੌਰਾਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੁਆਰਾ ਛਪਵਾਈਆਂ ਗਈਆਂ ਡਾਇਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਪ੍ਰਤੀ ਡਾਇਰੀ ਤੇ ਆਏ ਖਰਚੇ ਦੇ ਵੇਰਵੇ ਕੀ ਹਨ ?

ਸ੍ਰੀ ਮਨੋਰੰਜਨ ਕਾਲੀਆ: ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਵਲੋਂ ਹੇਠ ਲਿਖੇ ਅਨੁਸਾਰ ਸਾਲ 1999 ਦੀਆਂ ਡਾਇਰੀਆਂ ਛਪਵਾਈਆਂ ਗਈਆਂ ਹਨ :—

3,000 ਐਗਜ਼ੈਕਟਿਵ ਡਾਇਰੀਆਂ 70/- ਰੁਪਏ ਪ੍ਰਤੀ ਡਾਇਰੀ।

4,000 ਛੋਟੀਆਂ ਡਾਇਰੀਆਂ 60/- ਰੁਪਏ ਪ੍ਰਤੀ ਡਾਇਰੀ।

ਡਰਾਈਵਰਾਂ ਦੀ ਭਰਤੀ ਸਬੰਧੀ ਕਸੌਟੀ

372. **ਸਰਦਾਰ ਗੁਰਦੀਪ ਸਿੰਘ ਭੁੱਲਰ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਰਾਈਵਰਾਂ ਦੀ ਭਰਤੀ ਕਰਨ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਜਾ ਰਹੀ ਹੈ ਅਤੇ ਉਕਤ ਆਸਾਮੀਆਂ ਲਈ ਲਏ ਜਾਂਦੇ ਟੈਸਟ ਵਿਚ ਨੰਬਰ ਲਗਾਉਣ ਦੀ ਵਿਧੀ ਕੀ ਹੈ ?

ਸਰਦਾਰ ਰਘਬੀਰ ਸਿੰਘ: ਪੰਜਾਬ ਰੋਡਵੇਜ਼ ਵਿਚ ਬੱਸ ਡਰਾਈਵਰਾਂ ਦੀ ਭਰਤੀ ਕਰਨ ਲਈ ਨਿਯਮਾਂ ਅਨੁਸਾਰ ਵਿਦਿਅਕ ਯੋਗਤਾ ਮਿਡਲ ਪਾਸ ਅਤੇ ਪੰਜ ਸਾਲ ਦਾ ਭਾਰੀ ਗੱਡੀ ਚਲਾਉਣ ਦਾ ਤਜ਼ਰਬਾ ਰੱਖਿਆ ਗਿਆ ਹੈ। ਇਹ ਯੋਗਤਾਵਾਂ/ਤਜ਼ਰਬਾ ਰੱਖਣ ਵਾਲੇ ਉਮੀਦਵਾਰਾਂ ਪਾਸੋਂ ਅਖਬਾਰਾਂ ਵਿਚ ਵਿਗਿਆਪਨ ਦੇ ਕੇ ਸਿੱਧੇ ਤੌਰ ਤੇ ਬਿਨੈ-ਪੱਤਰ ਮੰਗੇ ਜਾਂਦੇ ਹਨ। ਉਮੀਦਵਾਰਾਂ ਦੇ ਦਸਤਾਵੇਜ਼ਾਂ ਦੀ ਪੜਤਾਲ ਕਰਕੇ ਯੋਗ ਉਮੀਦਵਾਰਾਂ ਦਾ ਡਰਾਈਵਿੰਗ ਟੈਸਟ ਲਿਆ ਜਾਂਦਾ ਹੈ। ਇਹ ਡਰਾਈਵਿੰਗ ਟੈਸਟ ਵਿਭਾਗ ਦੇ ਤਕਨੀਕੀ ਜਾਣਕਾਰੀ ਰੱਖਣ ਵਾਲੇ ਤਿੰਨ ਅਧਿਕਾਰੀਆਂ ਦੀ ਕਮੇਟੀ ਵਲੋਂ ਲਿਆ ਜਾਂਦਾ ਹੈ। ਡਰਾਈਵਿੰਗ ਟੈਸਟ ਵਿਚੋਂ ਸਫਲ ਹੋਏ ਉਮੀਦਵਾਰਾਂ ਦੀ ਇੰਟਰਵਿਊ ਲੈਣ ਲਈ ਇਕ ਹੋਰ ਕਮੇਟੀ ਬਣਾਈ ਜਾਂਦੀ ਹੈ। ਇੰਟਰਵਿਊ ਕਮੇਟੀ ਵਿਚ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਇਕ-ਇਕ ਅਧਿਕਾਰੀ ਸੈਨਿਕ ਭਲਾਈ ਵਿਭਾਗ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ ਅਤੇ ਪ੍ਰਸੋਨਲ ਵਿਭਾਗ ਵਿਚੋਂ ਲਿਆ ਜਾਂਦਾ ਹੈ। ਡਰਾਈਵਿੰਗ ਟੈਸਟ ਅਤੇ ਇੰਟਰਵਿਊ ਦੇ ਨੰਬਰਾਂ ਨੂੰ ਜੋੜ ਕੇ ਉਮੀਦਵਾਰਾਂ ਦੀ ਮੈਰਿਟ ਸੂਚੀ ਤਿਆਰ ਕੀਤੀ ਜਾਂਦੀ ਹੈ। ਇਸ ਮੈਰਿਟ ਦੇ ਅਧਾਰ ਤੇ ਡਰਾਈਵਰਾਂ ਦੀ ਚੋਣ ਕੀਤੀ ਜਾਂਦੀ ਹੈ। ਡਰਾਈਵਿੰਗ ਟੈਸਟ 15 ਨੰਬਰਾਂ ਦਾ ਰੱਖਿਆ ਜਾਂਦਾ ਹੈ। ਇਹ ਨੰਬਰ ਹੇਠ ਲਿਖੀ ਉਮੀਦਵਾਰ ਵਲੋਂ ਗੱਡੀ ਸਟਾਰਟ ਕਰਨ, ਕਲੱਚ ਦੀ ਵਰਤੋਂ ਕਰਨ, ਰੇਸ ਅਤੇ ਬਰੇਕ ਦਾ ਪ੍ਰਯੋਗ, ਗੀਅਰ ਲਗਾਉਣ, ਗੱਡੀ ਓਵਰਟੇਕ ਕਰਨ, ਗੱਡੀ ਮੋੜਨ, ਪਿੱਛੇ ਰੋੜਨ ਅਤੇ ਪਾਰਕਿੰਗ ਕਰਨ ਸਬੰਧੀ

ਸੂਝਬੂਝ ਅਤੇ ਵਿਸ਼ਵਾਸ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ । ਇੰਟਰਵਿਊ ਲਈ 15 ਨੰਬਰ ਰੱਖੇ ਜਾਂਦੇ ਹਨ ਜਿਸ ਵਿਚ ਵਿੱਦਿਅਕ ਯੋਗਤਾ ਲਈ 4 ਨੰਬਰ, ਤਕਨੀਕੀ ਯੋਗਤਾ ਲਈ 2 ਨੰਬਰ, ਤਕਨੀਕੀ ਤਜ਼ਰਬੇ ਲਈ 2 ਨੰਬਰ, ਤਕਨੀਕੀ ਜਾਣਕਾਰੀ ਲਈ 2 ਨੰਬਰ ਅਤੇ ਪਰਸਨੇਲਟੀ ਲਈ 5 ਨੰਬਰ ਨਿਸ਼ਚਿਤ ਕੀਤੇ ਹੋਏ ਹਨ ।

MATTER RAISED DURING ZERO HOUR

ਚੌਧਰੀ ਜਗਜੀਤ ਸਿੰਘ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਦੇ ਧਿਆਨ ਵਿੱਚ ਇਕ ਬਹੁਤ ਅਹਿਮ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਕੱਲ੍ਹ ਬਠਿੰਡਾ ਵਿਖੇ ਚੁੰਗੀਆਂ ਦੇ ਖਿਲਾਫ਼ ਬੜਾ ਭਾਰੀ ਪ੍ਰੋਟੈਸਟ ਹੋਇਆ ਹੈ ਕਿਉਂਕਿ ਜਿਹੜੀ ਸਾਡੀ ਨਵੀਂ ਸਰਕਾਰ ਬਣੀ ਹੈ ਉਸ ਨੇ ਲੋਕਾਂ ਦੇ ਨਾਲ ਵਾਇਦਾ ਕੀਤਾ ਸੀ ਕਿ ਜਿਹੜੀ ਚੁੰਗੀ ਹੈ ਉਸ ਨੂੰ ਮੁਆਫ ਕਰ ਦਿਆਂਗੇ ਔਰ ਇਸ ਸਬੰਧ ਵਿਚ ਇਕ ਸਬ-ਕਮੇਟੀ ਵੀ ਬਣੀ ਸੀ ਕਿ ਚੁੰਗੀ ਮੁਆਫ ਕਰਨੀ ਹੈ ਲੇਕਿਨ ਉਸ ਸਬ-ਕਮੇਟੀ ਦਾ ਕੋਈ ਸਿੱਟਾ ਨਹੀਂ ਨਿਕਲਿਆ......

ਸ੍ਰੀ ਸਪੀਕਰ. ਚੌਧਰੀ ਜੀ, ਇਸ ਬਾਰੇ ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਕਹਿ ਲੈਣਾ।

ਚੌਧਰੀ ਜਗਜੀਤ ਸਿੰਘ ** ** **

ਸ੍ਰੀ ਸਪੀਕਰ : ਚੌਧਰੀ ਜੀ ਨਹੀਂ, Not Allowed.

ਚੌਧਰੀ ਜਗਜੀਤ ਸਿੰਘ .. ** ** **

Mr. Speaker : Not allowed.

ਚੌਧਰੀ ਜਗਜੀਤ ਸਿੰਘ : ਇੱਥੇ ਲੋਕਲ ਬਾਡੀਜ਼ ਮਨਿਸਟਰ ਬੈਠੇ ਹਨ, ਉਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। (ਵਿਘਨ)....(ਸ਼ੋਰ)

ਖੁਰਾਕ ਅਤੇ ਸਪਲਾਈ ਦੇ ਰਾਜ ਮੰਤਰੀ : ਸਪੀਕਰ ਸਾਹਿਬ ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ, ਕਿਉਂਕਿ ਮੈਂ ਬਠਿੰਡੇ ਜ਼ਿਲ੍ਹੇ ਨਾਲ ਤਾਅੱਲੁਕ ਰੱਖਦਾ ਹਾਂ, *** *** ***......(ਵਿਘਨ)......(ਸ਼ੋਰ) ।

ਸਥਾਨਕ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰੀ : ਸਪੀਕਰ ਸਾਹਿਬ....(ਵਿਘਨ)....(ਸ਼ੋਰ) ।

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ। ਮੈਂ ਦੱਸਣਾ ਚਾਹੁੰਦਾ ਹਾਂ....(ਵਿਘਨ)....(ਸ਼ੋਰ)

ਸ੍ਰੀ ਸਪੀਕਰ : ਚਰੰਜੀ ਲਾਲ ਜੀ, ਤੁਸੀਂ ਬੈਠ ਜਾਓ । ਟੰਡਨ ਜੀ ਇਸ ਮਹਿਕਮੇ ਦੇ ਇੰਚਾਰਜ ਹਨ, ਉਨ੍ਹਾਂ ਨੂੰ ਜਵਾਬ ਦੇ ਲੈਣ ਦਿਉ ।

(ਇਸ ਸਮੇਂ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਹਾਊਸ ਵਿੱਚ ਕਾਫ਼ੀ ਸ਼ੋਰ ਸੀ ।)

**Expunged as ordered by the Chair.

***Expunged as ordered by the Speaker.

ਸ੍ਰੀ ਸਪੀਕਰ : ਚਰੰਜੀ ਲਾਲ ਜੀ, ਤੁਸੀਂ ਬੈਠ ਜਾਓ, ਜੇਕਰ ਤੁਹਾਡੀ ਤਸੱਲੀ ਨਾ ਹੋਈ ਤਾਂ ਫਿਰ ਖੜ੍ਹੇ ਹੋਣਾ । ਟੰਡਨ ਸਾਹਿਬ ਜਵਾਬ ਦੇਣ ਲਈ ਖੜ੍ਹੇ ਹਨ ।

WALK OUT

(ਇਸ ਸਮੇਂ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਦਨ ਵਿਚੋਂ ਵਾਕ-ਆਊਟ ਕਰ ਗਏ ਅਤੇ ਜਾਂਦੇ ਹੋਏ **ਨਾਹਰੇ ਲਗਾਉਂਦੇ ਹੋਏ ਜਾ ਰਹੇ ਸਨ)

ਸ੍ਰੀ ਸਪੀਕਰ : ਜੋ ਇਨ੍ਹਾਂ ਵਲੋਂ ਨਾਹਰੇ ਲਗਾਏ ਜਾ ਰਹੇ ਹਨ, ਰਿਕਾਰਡ ਨਾ ਕੀਤੇ ਜਾਣ ।

STATEMENT MADE IN REPLY TO MATTER RAISED DURING ZERO HOUR

ਸਥਾਨਕ ਸਰਕਾਰ ਤੇ ਕਿਰਤ ਅਤੇ ਰੋਜ਼ਗਾਰ ਮੰਤਰੀ (ਸ੍ਰੀ ਬਲਰਾਮਜੀ ਦਾਸ ਟੰਡਨ) : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਕਾਂਗਰਸ ਪਾਰਟੀ ਦੇ ਜਾਣ ਵਾਲੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਮੇਰਾ ਜਵਾਬ ਸੁਣ ਲੈਣ । ਜੇਕਰ ਉਹ ਮੇਰਾ ਜਵਾਬ ਸੁਣ ਲੈਣ ਤਾਂ ਅੱਛਾ ਹੋਵੇਗਾ । ਸਪੀਕਰ ਸਾਹਿਬ, ਮੈਨੂੰ ਬਹੁਤ ਹੈਰਾਨਗੀ ਹੈ ਕਿ ਚੁੰਗੀ ਠੇਕੇ ਤੇ ਦੇਣ ਦੇ ਬਾਰੇ ਵਿੱਚ ਅੱਜ ਕਾਂਗਰਸ ਪਾਰਟੀ ਦੇ ਮੈਂਬਰ ਵਾਕ-ਆਊਟ ਕਰਕੇ ਜਾ ਰਹੇ ਹਨ । ਇਹ ਪਤਾ ਨਹੀਂ ਕਿਉਂ ਇਨ੍ਹਾਂ ਨੇ ਰੋਜ਼ ਹੀ ਆਪਣਾ ਵਤੀਰਾ ਬਣਾ ਲਿਆ ਹੈ । ਕੋਈ ਛੋਟੀ ਜਿੰਨੀ ਗੱਲ ਲੈ ਕੇ ਰੋਜ਼ ਵਾਕ-ਆਊਟ ਕਰ ਜਾਂਦੇ ਹਨ, ਜਿਸ ਦਾ ਕੋਈ ਸਿਰ ਪੈਰ ਵੀ ਨਹੀਂ ਹੁੰਦਾ । ਜਿਥੋਂ ਤੱਕ ਬਠਿੰਡੇ ਦੀ ਚੁੰਗੀ ਦਾ ਤਾਅਲੁੱਕ ਹੈ, ਉਸ ਨੂੰ ਠੇਕੇ ਤੇ ਦੇਣ ਲਈ 1994 ਦੇ ਵਿੱਚ ਜਿਸ ਵੇਲੇ ਕਾਂਗਰਸ ਪਾਰਟੀ ਦੀ ਸਰਕਾਰ ਪਾਵਰ ਵਿੱਚ ਸੀ, ਉਸ ਵੇਲੇ ਇਨ੍ਹਾਂ ਨੇ ਹੀ ਫੈਸਲਾ ਲਿਤਾ ਸੀ ਕਿ ਚੁੰਗੀ ਠੇਕੇ ਤੇ ਦੇਣੀ ਹੈ ਔਰ ਇਨ੍ਹਾਂ ਨੇ ਕਈ ਚੁੰਗੀਆਂ ਠੇਕੇ ਦੇ ਉਤੇ ਦਿੱਤੀਆਂ । ਬਠਿੰਡਾ ਚੁੰਗੀ ਦੇ ਠੇਕੇ ਨੂੰ ਇਨ੍ਹਾਂ ਨੇ ਕਾਫੀ ਦੇਰ ਤੱਕ ਰੁਕਵਾਈ ਰੱਖਿਆ । ਅਸੀਂ ਪਿਛਲੇ ਸਾਲ ਬੋਲੀ ਕੀਤੀ ਔਰ ਪਿਛਲੇ ਸਾਲ ਬੋਲੀ ਕਰਨ ਉਤੇ ਉਸ ਵਿੱਚ 33% ਵਾਧਾ ਹੋਇਆ । ਐਤਕੀਂ ਬੋਲੀ ਕਰਨ ਵਿੱਚ 65% ਵਾਧਾ ਹੋਇਆ । (ਥੰਪਿੰਗ) ਦੋ ਸਾਲਾਂ ਵਿੱਚ 100% ਚੁੰਗੀ ਦੀ ਆਮਦਨ ਵੱਧ ਗਈ ਹੈ । ਹੁਣ 100% ਵਧੀ, ਚਾਰ ਕਰੋੜ ਤੋਂ ਅੱਠ ਕਰੋੜ ਤੇ 51 ਲੱਖ ਰੁਪਏ ਉਤੇ ਚੁੰਗੀ ਗਈ । ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬਿਜਲੀ ਉਤੇ ਚਾਰ ਪੈਸੇ ਪ੍ਰਤੀ ਯੂਨਿਟ ਚੁੰਗੀ ਲੱਗਦੀ ਸੀ, ਉਹ ਇਸ ਤੋਂ ਇਲਾਵਾ ਹੈ । ਐਕਸਾਈਜ਼ ਉਤੇ ਲੱਗਦੀ ਹੈ, ਸ਼ਰਾਬ ਉਤੇ ਚੁੰਗੀ ਲੱਗਦੀ ਹੈ, ਇਹ ਵੀ ਇਸ ਤੋਂ ਇਲਾਵਾ ਹੈ । ਇਸ ਤੋਂ ਇਲਾਵਾ ਜਿਹੜੇ ਠੇਕੇਦਾਰ ਹੁੰਦੇ ਹਨ, ਉਨ੍ਹਾਂ ਨੇ ਇੰਪਲਾਇਜ਼ ਦੀ ਤਨਖਾਹ ਦਾ ਵੀ ਹਿੱਸਾ ਦੇਣਾ ਹੁੰਦਾ ਹੈ । ਇਸ ਤੋਂ ਇਲਾਵਾ ਜੋ ਕਾਗਜ਼ਾਤ ਛੱਪਦੇ ਹਨ, ਉਸ ਦੇ ਵਾਸਤੇ ਪੈਸੇ ਦੇਣੇ ਹੁੰਦੇ ਹਨ । ਬਿਜਲੀ ਦੇ ਪੈਸੇ, ਟੈਲੀਫੋਨ ਦੇ ਪੈਸੇ ਦੇਣੇ ਹੁੰਦੇ ਹਨ । ਇਕ ਸ਼ਹਿਰ ਵਿੱਚ ਡਿਵੈਲਪਮੈਂਟ ਦੇ ਕੰਮਾਂ ਬਾਰ

**Not recorded as ordered by the Chair.

ਜਿਥੇ ਰੋਜ਼ ਮੈਂਬਰ ਸਾਹਿਬ ਸਵਾਲ ਆ ਕੇ ਇੱਥੇ ਪੁੱਛਦੇ ਹਨ ਕਿ ਪਾਣੀ ਸਪਲਾਈ ਬਾਰੇ ਕੀ ਪੋਜੀਸ਼ਨ ਹੈ, ਅੰਡਰਗਰਾਊਂਡ ਸੀਵਰੇਜ਼ ਬਾਰੇ ਕੀ ਪੁਜੀਸ਼ਨ ਹੈ, ਸੜਕਾਂ ਬਾਰੇ ਕੀ ਹੈ, ਸਟਰੀਟ ਲਾਈਟਾਂ ਬਾਰੇ ਕੀ ਹੈ ? ਅਗਰ 100% ਇਨਕਰੀਜ਼ ਔਰ ਇਸ ਤੋਂ ਇਲਾਵਾ ਜੋ ਕੁਝ ਮੈਂ ਦੱਸਿਆ ਹੈ ਇਹ ਵੀ ਪੈਸੇ ਸਭ ਉਸ ਤੋਂ ਇਲਾਵਾ ਹਨ ਅਗਰ ਇੰਨੀ ਇਨਕਰੀਜ਼ ਹੋ ਜਾਵੇ ਤਾਂ ਮੈਂ ਨਹੀਂ ਸਮਝਦਾ ਹਾਂ ਕਿ ਇਸ ਤੋਂ ਵੱਧ ਕੁਝ ਹੋਰ ਵੀ ਹੋ ਸਕਦਾ ਹੈ ? ਉਸ ਸ਼ਹਿਰ ਨੂੰ ਦੋ ਸਾਲਾਂ ਵਿੱਚ 4 ਕਰੋੜ ਤੋਂ ਵੱਧ ਰੁਪਿਆ ਮਿਲ ਗਿਆ ਅਤੇ ਇਸ ਤੋਂ ਇਲਾਵਾ ਇਕ ਕਰੋੜ ਰੁਪਿਆ ਹੋਰ ਹੋ ਜਾਣਾ ਹੈ। ਸੋ, ਇਸ ਨਾਤੇ ਨਾਲ ਜਿਹੜੀ ਪਾਲਿਸੀ 1994 ਤੋਂ ਇਨ੍ਹਾਂ ਨੇ ਲਾਗੂ ਕੀਤੀ ਹੈ ਉਸੇ ਦੇ ਨਾਲ ਇਨਕਮ ਇਨਕਰੀਜ਼ ਹੋਈ ਹੈ। ਇਸ ਤੋਂ ਇਲਾਵਾ ਜਿਹੜੀ ਲਾਠੀ ਚਾਰਜ ਦੀ ਗੱਲ ਕਰਦੇ ਹਨ ਇਹ ਗਲਤ ਹੈ, ਇਸ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਆਪ ਹੀ ਉਥੇ ਖੜ੍ਹੇ ਹੋ ਕੇ ਜਿਹੜੇ ਇਥੇ ਪਹਿਲਾਂ ਮੈਂਬਰ ਵੀ ਰਹੇ, ਮਨਿਸਟਰ ਵੀ ਰਹੇ, ਔਰ ਕਾਂਗਰਸ ਦੇ ਲੀਡਰ, ਜਿਨ੍ਹਾਂ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਬਠਿੰਡੇ ਤੋਂ ਉਹ ਐਮ. ਐਲ. ਏ. ਰਹੇ ਹਨ, ਤੁਸੀਂ ਅੱਜ ਦੀ ਅਖ਼ਬਾਰ ਪੜ੍ਹੋ, ਕਾਂਗਰਸ ਦੇ ਲੋਕ ਹੀ ਆਗੂ ਬਣ ਕੇ ਲੱਗੇ ਹੋਏ ਹਨ। ਉਨ੍ਹਾਂ ਨੇ ਇਹ ਕੰਮ ਕੀਤਾ, ਜਿਨ੍ਹਾਂ ਦੀ ਪਾਰਟੀ ਨੇ ਇਸ ਨੂੰ ਇਨਟਰੋਡਿਊਸ ਕੀਤਾ ਸੀ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਸ ਕਰਕੇ ਮੈਂ ਸਮਝਦਾ ਹਾਂ....

(ਇਸ ਸਮੇਂ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਸ਼੍ਰੀ ਰਮੇਸ਼ ਚੰਦਰ ਡੋਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

ਸ਼੍ਰੀ ਸਪੀਕਰ : ਡੋਗਰਾ ਜੀ, ਬੈਠ ਜਾਓ।

ਸਥਾਨਕ ਸਰਕਾਰ ਤੇ ਕਿਰਤ ਅਤੇ ਰੋਜ਼ਗਾਰ ਮੰਤਰੀ : ਰੋੜੇ-ਪੱਥਰ ਇਨ੍ਹਾਂ ਨੇ ਮਾਰੇ, ਇਨ੍ਹਾਂ ਦੀ ਪਾਰਟੀ ਦੇ ਆਗੂ ਇਸ ਕੰਮ ਵਿੱਚ ਲੱਗੇ ਰਹੇ। ਮੈਂ ਸਮਝਦਾ ਹਾਂ ਕਿ ਇਹ ਦੁੱਖਦਾਈ ਗੱਲ ਹੈ, ਕਿ ਜਿਹੜੀ ਪਾਲਿਸੀ ਨੂੰ ਖੁਦ ਐਡਾਪਟ ਕੀਤਾ ਹੋਵੇ, ਉਸ ਦੇ ਵਿਰੋਧ ਵਿੱਚ ਹੁਣ ਆਗੂ ਬਣ ਕੇ ਕ੍ਰਿਟੀਸਿਜ਼ਮ ਕਰਨਾ, ਮੈਂ ਸਮਝਦਾ ਹਾਂ ਕਿ ਉਸ ਤੋਂ ਸ਼ਰਮਨਾਕ ਗੱਲ ਹੋਰ ਕੋਈ ਨਹੀਂ। ਇਹ ਸਾਰਾ ਜੋ ਕੁਝ ਅਸੀਂ ਕੀਤਾ ਹੈ, ਇਹ ਸ਼ਹਿਰ ਦੇ ਹਿੱਤ ਵਿੱਚ ਹੈ ਔਰ ਮੈਂ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਕੋਈ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ। ਲੋਕਾਂ ਨੂੰ ਅਰਾਮ ਨਾਲ ਚੰਗੀ ਦੇਣ ਬਾਰੇ ਸਾਰਾ ਪ੍ਰਬੰਧ ਡਿਪਾਰਟਮੈਂਟ ਕਰ ਰਿਹਾ ਹੈ। ਇਸੇ ਲਈ ਹੀ ਇਕ ਸਾਲ ਵਿੱਚ ਹੀ ਮਿਊਂਸਿਪਲ ਕਮੇਟੀਆਂ ਦੀ ਆਮਦਨ 50% ਵਧੀ ਹੈ। ਇਸ ਨਾਲ ਸ਼ਹਿਰਾਂ ਵਿੱਚ ਡਿਵੈਲਪਮੈਂਟ ਹੋਵੇਗੀ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਕੋਆਪਰੇਸ਼ਨ ਦੇਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਸ਼ਹਿਰਾਂ ਨੂੰ ਅਸੀਂ ਬਿਹਤਰ ਬਣਾ ਸਕੀਏ।

(ਇਸ ਸਮੇਂ ਕਾਂਗਰਸ ਪਾਰਟੀ ਦੇ ਮਾਨਯੋਗ ਮੈਂਬਰ ਚੌਧਰੀ ਜਗਜੀਤ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਸ਼੍ਰੀ ਚਿਰੰਜੀ ਲਾਲ ਗਰਗ ਅਤੇ ਸੀ. ਪੀ. ਆਈ. ਦੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਬੋਲਣ ਲਈ ਖੜੇ ਸਨ।)

ਸ਼੍ਰੀ ਸਪੀਕਰ : ਅਰਸ਼ੀ ਜੀ, ਤੁਸੀਂ ਦੱਸੋ । ਚੌਧਰੀ ਸਾਹਿਬ, ਬੈਠ ਜਾਓ, ਉਨ੍ਹਾਂ ਦੀ ਗੱਲ ਸੁਣ ਲੈਣ ਦਿਓ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ । ਟੰਡਨ ਸਾਹਿਬ ਅਸੀਂ ਤੁਹਾਡੀ ਗੱਲ ਧਿਆਨ ਨਾਲ ਸੁਣੀ ਹੈ, ਹੁਣ ਤੁਸੀਂ ਸਾਡੀ ਗੱਲ ਵੀ ਧਿਆਨ ਨਾਲ ਸੁਣੋ । ਸਪੀਕਰ ਸਾਹਿਬ, ਕਿਰਪਾ ਕਰਕੇ ਇਸ ਗੱਲ ਤੇ ਮੈਨੂੰ ਬੈਠ ਜਾਣ ਲਈ ਨਾ ਕਹਿਣਾ ਕਿ ਇਹ ਮਾਮਲਾ ਡਿਸਕਸ ਹੋ ਗਿਆ ਹੈ । ਜੋ ਸਟੇਟਮੈਂਟ ਸਬੰਧਤ ਮੰਤਰੀ ਜੀ ਨੇ ਦਿੱਤੀ ਹੈ, ਉਸ ਨਾਲ ਸੰਤੁਸ਼ਟੀ ਨਹੀਂ ਹੋਈ । ਮਾਮਲਾ ਇਸ ਗੱਲ ਦਾ ਨਹੀਂ ਕਿ ਚੁੰਗੀ ਠੇਕੇ ਤੇ ਕਿਉਂ ਦਿੱਤੀ ਜਾ ਰਹੀ ਹੈ । ਸ਼ਾਇਦ ਮੈਨੂੰ ਵੀ ਇਸ ਵਿੱਚ ਕੋਈ ਇਤਰਾਜ਼ ਨਾ ਹੋਵੇ । ਮੇਰੇ ਆਪਣੇ ਸ਼ਹਿਰ ਵਿੱਚ ਵੀ ਚੁੰਗੀ ਠੇਕੇ ਤੇ ਦਿੱਤੀ ਗਈ ਹੈ । ਮੇਰੀ ਵੀ ਸਹਿਮਤੀ ਹੈ । ਇਤਰਾਜ਼ ਸਭ ਤੋਂ ਵੱਡਾ ਇਸ ਗੱਲ ਦਾ ਹੈ ਕਿ ਇਸ ਸਰਕਾਰ ਨੇ ਪਿਛਲੇ ਸਮੇਂ ਵਿੱਚ ਹੀ 100% ਤੋਂ ਲੈ ਕੇ 400-500% ਤੱਕ ਚੁੰਗੀ ਦੀਆਂ ਦਰਾਂ ਇਨਕਰੀਜ਼ ਕੀਤੀਆਂ ਹਨ । ਸਾਰੇ ਦਾ ਸਾਰਾ ਭਾਰ ਆਮ ਜਨ-ਸਾਧਾਰਣ ਛੋਟੇ ਟਰੇਡਰਜ਼ ਉਪਰ ਪਾਇਆ ਹੈ, ਜਿਸ ਕਰਕੇ ਲੋਕ ਵਿਰੋਧ ਕਰਦੇ ਹਨ । ਵਿਰੋਧ ਕਰਨ ਵਾਲਿਆਂ ਦੀ ਅਗਵਾਈ ਕੋਈ ਵੀ ਪਾਰਟੀ ਕਰ ਸਕਦੀ ਹੈ ਅਤੇ ਡਿਫਰੈਂਟ ਪਾਰਟੀਆਂ ਦੇ ਲੀਡਰ ਵੀ, ਕੋਈ ਛੋਟੇ ਟਰੇਡਰ ਵੀ ਹੋ ਸਕਦੇ ਹਨ । ਇਕ ਵਿਸ਼ੇਸ਼ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੀਦਾ । ਉਥੇ ਕੱਲ ਲਾਠੀ ਚਾਰਜ ਹੋਇਆ, ਔਰ ਜਿਹੜੀਆਂ ਲੇਡੀ ਮਿਊਂਸਿਪਲ ਕਮਿਸ਼ਨਰ ਹਨ ਉਹ ਜ਼ਖਮੀ ਹੋਈਆਂ ਹਨ । ਲੇਡੀ ਪੁਲਿਸ ਉਥੇ ਕੋਈ ਨਹੀਂ ਸੀ ।

(ਕੁਝ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਖੁਰਾਕ ਅਤੇ ਸਪਲਾਈ ਰਾਜ ਮੰਤਰੀ : ਪੁਆਇੰਟ ਆਫ਼ ਆਰਡਰ, ਸਪੀਕਰ ਸਾਹਿਬ ।

ਸ਼੍ਰੀ ਸਪੀਕਰ : ਗਰਗ ਜੀ, ਤੁਸੀਂ ਬੈਠ ਜਾਓ । ਤੁਸੀਂ ਆਪਣੀ ਗੱਲ ਫਿਰ ਕਰ ਲੈਣਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਇਹ ਤਾਂ ਜੀ ਆਪਣੇ ਸ਼ਹਿਰ ਦੇ ਲੋਕਾਂ ਨੂੰ ** ਦਾ ਖਿਤਾਬ ਦੇ ਰਹੇ ਸਨ ਜਿਥੋਂ ਦੀ ਇਹ ਨੁਮਾਇੰਦਗੀ ਕਰਦੇ ਹਨ । ਅਸੀਂ ਬਠਿੰਡੇ ਵਿਚ ਜਾ ਕੇ ਦੱਸਾਂਗੇ ਕਿ ਤੁਹਾਡਾ ਨੁਮਾਇੰਦਾ ਇਹ ਕਹਿ ਰਿਹਾ ਹੈ । ਸਪੀਕਰ ਸਾਹਿਬ, ਜਦੋਂ ਇਹ ਬੋਲ ਰਹੇ ਸੀ, ਅਸੀਂ ਕੋਈ ਦਖ਼ਲ ਨਹੀਂ ਦਿੱਤਾ । ਸਪੀਕਰ ਸਾਹਿਬ, ਇਨ੍ਹਾਂ ਨੂੰ ਤੁਸੀਂ ਕਹੋ ਕਿ ਇਹ ਮੈਨੂੰ ਇੰਟਰਪਟ ਨਾ ਕਰਨ । ਅਸੀਂ ਇਨ੍ਹਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ । ਬਠਿੰਡੇ ਵਿੱਚ ਬਿਨ੍ਹਾਂ ਲੇਡੀਜ਼ ਪੁਲਿਸ ਦੇ ਲੇਡੀਜ਼ ਉਤੇ ਜੋ ਤਸ਼ੱਦਦ

**Expunged as ordered by the Speaker.

ਹੋਇਆ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਜਿਸ ਕਰਕੇ ਉਥੋਂ ਦੇ ਲੋਕਾਂ ਵਿੱਚ ਬੜੀ ਵੱਡੀ ਨਰਾਜ਼ਗੀ ਹੈ। ਉਥੋਂ ਦੇ ਲੋਕ, ਚੁੰਗੀ ਵਿੱਚ ਜਿਹੜਾ ਵਾਧਾ ਕੀਤਾ ਹੈ ਉਸ ਦੇ ਪ੍ਰੋਟੈਸਟ ਵਿੱਚ ਇਕੱਠੇ ਹੋਏ ਸਨ। ਜੇਕਰ ਇਨ੍ਹਾਂ ਨੇ ਚੁੰਗੀਆਂ ਦਾ ਠੇਕਾ ਪ੍ਰਾਈਵੇਟ ਬੰਦਿਆਂ ਨੂੰ ਦੇਣਾ ਸੀ, ਫੇਰ ਇਸ ਵਿੱਚ ਇਤਨਾ ਵਾਧਾ ਕਰਨ ਦੀ ਕੀ ਲੋੜ ਸੀ।

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਵੀ ਉਸ ਇਲਾਕੇ ਨੂੰ ਬੀਲੌਂਗ ਕਰਦਾ ਹਾਂ। ਮੈਨੂੰ ਵੀ ਆਪਣੀ ਗੱਲ ਕਹਿ ਲੈਣ ਦਿਓ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਬਠਿੰਡੇ ਜ਼ਿਲ੍ਹੇ ਦੇ ਇਕ ਐਮ. ਐਲ. ਏ. ਨੇ ਆਪਣੇ ਗੰਨਮੈਨਾਂ ਨੂੰ ਨਾਲ ਲੈ ਕੇ ਰਾਤ ਨੂੰ 9-00 ਵਜੇ ਆਪਣੇ ਘਰ ਤੋਂ ਲਾਊਡ ਸਪੀਕਰ ਉਤੇ ਅਨਾਊਸਮੈਂਟ ਕੀਤੀ ਸੀ ਕਿ ਜਿਹੜਾ ਵੀ ਮੇਰੇ ਘਰ ਅਗੋਂ ਲੰਘੇਗਾ, ਉਸ ਨੂੰ ਅਸੀਂ ਨਜਿੱਠ ਲਵਾਂਗੇ। ਉਥੇ ਉਸ ਐਮ. ਐਲ. ਏ. ਦੇ ਗੰਨਮੈਨਾਂ ਨੇ ਦਹਿਸ਼ਤ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਸੀ ਅਤੇ 100 ਪਰਿਵਾਰ ਅਜੇ ਵੀ ਗੁਰਦੁਆਰੇ ਵਿੱਚ ਠਹਿਰੇ ਹੋਏ ਸਨ ਅਤੇ ਕੋਈ ਪੁਲਿਸ ਵਲੋਂ ਪ੍ਰੋਟੈਕਸ਼ਨ ਨਹੀਂ ਮਿਲ ਰਹੀ।

ਸ਼੍ਰੀ ਸਪੀਕਰ : ਅਰਸ਼ੀ ਸਾਹਿਬ, ਤੁਸੀਂ ਬੈਠੋ। ਹੁਣ ਗਰਗ ਸਾਹਿਬ ਦੀ ਗੱਲ ਸੁਣ ਲੈਣੀ ਚਾਹੀਦੀ ਹੈ, ਉਹ ਵੀ ਉਸ ਜ਼ਿਲ੍ਹੇ ਦੇ ਹਨ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਹਾਲੇ ਬੋਲ ਰਿਹਾ ਹਾਂ। ਅਗਰ ਤੁਸੀਂ ਮੈਨੂੰ ਨਹੀਂ ਬੋਲਣ ਦੇਣਾ ਤਾਂ ਮੈਂ ਬੈਠ ਜਾਂਦਾ ਹਾਂ।

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਉਥੇ ਇਹ ਲੋਕ ਵਿਰੋਧ ਕਰਵਾ ਰਹੇ ਸਨ। ਜੋ ਕੁਝ ਇਹ ਇਥੇ ਕਹਿ ਰਹੇ ਹਨ, ਇਹ ਇਥੇ ਝੂਠ ਬੋਲ ਰਹੇ ਹਨ।

(ਇਸ ਸਮੇਂ ਚੌਧਰੀ ਜਗਜੀਤ ਸਿੰਘ, ਡਾਕਟਰ ਹਰਬੰਸ ਲਾਲ, ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਸਰਦਾਰ ਤੇਜ ਪ੍ਰਕਾਸ਼ ਸਿੰਘ, ਸ੍ਰੀ ਰਮੇਸ਼ ਚੰਦਰ ਡੋਗਰਾ ਪੁਆਇੰਟ ਆਫ਼ ਆਰਡਰ ਕਰਨ ਲਈ ਖੜ੍ਹੇ ਸਨ।)

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਵਲੋਂ ਝੂਠ ਲਫਜ਼ ਦਾ ਇਸਤੇਮਾਲ ਕੀਤਾ ਗਿਆ ਹੈ, ਕੀ ਇਹ ਪਾਰਲੀਮੈਂਟਰੀ ਲਫਜ਼ ਹੈ ?

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਅਰਸ਼ੀ ਸਾਹਿਬ ਝੂਠ ਬੋਲ ਰਹੇ ਹਨ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਥੇ ਇਕ ਮਸਲਾ ਚੌਧਰੀ ਜਗਜੀਤ ਸਿੰਘ ਜੀ ਨੇ ਉਠਾਇਆ ਸੀ ਅਤੇ ਆਪਣੀ ਗੱਲ ਕਹਿ ਕੇ ਇਹ ਵਾਕ ਆਊਟ ਕਰ ਗਏ ਅਤੇ ਇਨ੍ਹਾਂ ਨੇ ਟੰਡਨ ਸਾਹਿਬ ਦਾ ਜਵਾਬ ਸੁਣੇ

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ]

ਬਗੈਰ ਹੀ ਵਾਕ ਆਊਟ ਕਰ ਦਿੱਤਾ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰੀ ਗੱਲ ਕਰਨ ਤੋਂ ਬਾਅਦ ਮਨਿਸਟਰ ਸਾਹਿਬ ਜਵਾਬ ਦੇਣ ਲਈ ਉਠੇ ਨਹੀਂ ਸਨ । ਅਗਰ ਉਸ ਵਕਤ ਮਨਿਸਟਰ ਸਾਹਿਬ ਵਲੋਂ ਕੋਈ ਜਵਾਬ ਆ ਜਾਂਦਾ ਤਾਂ ਸ਼ਾਇਦ ਅਸੀਂ ਵਾਕ ਆਊਟ ਨਾ ਕਰਦੇ । ਅਸੀਂ ਇਨ੍ਹਾਂ ਦਾ ਜਵਾਬ ਸੁਨਣ ਲਈ ਤਿਆਰ ਸੀ ਪਰ ਇਹ ਉਠੇ ਨਹੀਂ ਸਨ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਜਵਾਬ ਦੇਣ ਲਈ 2 ਵਾਰ ਉਠੇ ਸਨ ਅਤੇ ਇਨ੍ਹਾਂ ਨੂੰ ਅਵਾਜ਼ਾਂ ਵੀ ਮਾਰੀਆਂ ਪਰ ਇਨ੍ਹਾਂ ਨੇ ਮਨਿਸਟਰ ਸਾਹਿਬ ਦੀ ਕੋਈ ਗੱਲ ਨਹੀਂ ਸੁਣੀ ਅਤੇ ਇਹ ਮਨਿਸਟਰ ਸਾਹਿਬ ਦੇ ਜਵਾਬ ਦਾ ਇੰਤਜ਼ਾਰ ਕਰ ਸਕਦੇ ਸਨ (ਵਿਘਨ) । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਟੰਡਨ ਸਾਹਿਬ ਨੇ ਡੀਟੇਲ ਵਿੱਚ ਜਵਾਬ ਦਿੱਤਾ ਹੈ । ਅਸੀਂ ਕੋਈ ਗਵਰਨਰ ਸਾਹਿਬ ਦੇ ਐਡਰੈਸ ਤੇ ਡੀਬੇਟ ਨਹੀਂ ਕਰ ਰਹੇ । ਇਹ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲ ਸਕਦੇ ਹਨ । ਚੌਧਰੀ ਸਾਹਿਬ ਨੇ ਇਕ ਵਾਰ ਮਸਲਾ ਉਠਾ ਦਿੱਤਾ ਅਤੇ ਦੁਬਾਰਾ ਮਸਲਾ ਨਹੀਂ ਉਠਾਉਣਾ ਚਾਹੀਦਾ ਸੀ । ਹਾਊਸ ਦੀ ਜੋ ਮਰਿਆਦਾ ਹੈ ਉਸ ਵਿੱਚ ਸਾਨੂੰ ਸਾਰਿਆਂ ਨੂੰ ਰਹਿਣਾ ਚਾਹੀਦਾ ਹੈ । ਆਖਿਰ ਵਿੱਚ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਰ ਪਾਰਟੀ ਦੇ ਇਕ ਮੈਂਬਰ ਨੂੰ ਟਾਈਮ ਦਿੱਤਾ ਜਾਵੇ ਅਤੇ ਜਿਥੇ ਲੋੜ ਹੋਵੇਗੀ ਅਸੀਂ ਉਥੇ ਜਵਾਬ ਦੇਵਾਂਗੇ । ਸਪੀਕਰ ਸਾਹਿਬ, ਜ਼ੀਰੋ ਆਵਰ ਨੂੰ ਮਿਸਯੂਜ਼ ਨਾ ਹੋਣ ਦਿਓ ।

(ਇਸ ਵੇਲੇ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਬੋਲਣ ਲਈ ਖੜ੍ਹੇ ਹੋਏ ।)

ਸ੍ਰੀ ਸਪੀਕਰ : ਮੋਫਰ ਸਾਹਿਬ, ਤੁਸੀਂ ਬੈਠ ਜਾਓ ਅਤੇ ਵਜ਼ੀਰ ਸਾਹਿਬ ਜਵਾਬ ਦੇ ਰਹੇ ਹਨ ।

ਸਥਾਨਕ ਸਰਕਾਰ, ਕਿਰਤ ਤੇ ਰੋਜ਼ਗਾਰ ਮੰਤਰੀ (ਸ੍ਰੀ ਬਲਰਾਮਜੀ ਦਾਸ ਟੰਡਨ): ਸਪੀਕਰ ਸਾਹਿਬ, ਮੈਂ ਆਪਣੀ ਗੱਲ ਇਕ ਮਿੰਟ ਵਿੱਚ ਕਹਿਕੇ ਬੈਠ ਜਾਵਾਂਗਾ । (ਵਿਘਨ) ਜੇਕਰ ਤੁਸੀਂ ਮੇਰੀ ਗੱਲ ਸੁਨਣਾ ਚਾਹੁੰਦੇ ਤਾਂ ਸੁਣ ਲਵੋ ਨਹੀਂ ਤਾਂ ਮੈਂ ਬੈਠ ਜਾਵਾਂਗਾ । ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਹ ਗੱਲ ਕਹੀ । ਹਾਲਾਂ ਕਿ ਇਹ ਜੋਸ਼ ਵਿੱਚ ਜਾ ਰਹੇ ਸਨ ਅਤੇ ਨਾਹਰੇ ਲਗਾ ਰਹੇ ਸਨ । ਮੈਂ ਅਵਾਜ਼ ਵੀ ਮਾਰੀਆਂ ਅਤੇ ਤੁਹਾਡੇ ਰਾਹੀਂ ਵੀ ਬੇਨਤੀ ਕੀਤੀ ਕਿ ਜਵਾਬ ਸੁਣ ਕੇ ਜਾਓ । (ਥੰਪਿੰਗ) ਚਲੋ ਜੋ ਗੱਲ ਕਰਨੀ ਸੀ, ਮੈਂ ਕੀਤੀ । ਸਪੀਕਰ ਸਾਹਿਬ, ਅਰਸ਼ੀ ਜੀ ਨੇ ਕਿਹਾ ਕਿ ਚੁੰਗੀਆਂ ਦੀਆਂ ਦਰਾਂ 400-500% ਵਧਾ ਦਿੱਤੀਆਂ ਗਈਆਂ ਹਨ । ਇਸ ਸਬੰਧ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਬਿਲਕੁਲ ਨਿਰਾਧਾਰ ਹੈ ਅਤੇ ਕੋਈ ਸਚਾਈ ਨਹੀਂ ਹੈ । ਪਿਛਲੇ ਸਾਲ ਲੁਧਿਆਣਾ ਦੀ ਕਾਰਪੋਰੇਸ਼ਨ ਨੇ ਕੁਝ ਚੁੰਗੀਆਂ ਬਾਰੇ ਸਿਫਾਰਿਸ਼ ਕੀਤੀ ਸੀ । ਇਹ ਸਿਫਾਰਿਸ਼ ਸਾਰੀਆਂ ਪਾਰਟੀਆਂ ਨੇ ਮਿਲਕੇ ਕੀਤੀ ਅਤੇ ਉਹ ਲਗਜ਼ਰੀ ਗੁਡਜ਼ ਬਾਰੇ ਸੀ । ਜਿਵੇਂ ਪਹਿਲਾਂ ਕਾਰਾਂ ਤੇ ਚੁੰਗੀ 300/- ਰੁਪਏ ਸੀ ਅਤੇ ਕਾਰ ਕੋਈ ਭਾਵੇਂ 3 ਲੱਖ ਰੁਪਏ

ਦੀ ਲਿਆਵੇ ਅਤੇ ਭਾਵੇਂ ਕੋਈ 10 ਲੱਖ ਰੁਪਏ ਦੀ ਲੈ ਕੇ ਆਵੇ । ਬਾਅਦ ਵਿੱਚ 1% ਕਰ ਦਿੱਤੀ । 3 ਲੱਖ ਰੁਪਏ ਦਾ 3,000/- ਰੁਪਏ ਅਤੇ 7 ਲੱਖ ਰੁਪਏ ਦਾ 7,000/- ਰੁਪਏ ਦੇਵੇ । ਲੇਕਿਨ ਲੋਕਾਂ ਨੇ ਉਥੇ ਕਿਹਾ ਕਿ ਸਾਨੂੰ ਕੋਈ ਇਤਰਾਜ਼ ਨਹੀਂ ਜੇਕਰ ਤੁਸੀਂ 1000/- ਰੁਪਿਆ ਕਰ ਦਿਓ ਅਤੇ ਇਸੇ ਤਰ੍ਹਾਂ ਹੋਰ ਆਈਟਮਾਂ ਹਨ ਉਸ ਦੇ ਮੁਤਾਬਿਕ ਅਸੀਂ ਉਨ੍ਹਾਂ ਨੂੰ ਰੈਸ਼ਨੇਲਾਈਜ਼ ਕਰ ਦਿੱਤਾ । ਜੋ ਯੂਨੈਨੀਮਸ ਰੈਜੋਲਿਊਸ਼ਨ ਸੀ ਅਤੇ ਜੋ ਲੋਕਾਂ ਦੀ ਰਾਏ ਮੁਤਾਬਿਕ ਸੀ, ਉਸ ਨੂੰ ਅਸੀਂ ਸਾਰੇ ਪੰਜਾਬ ਵਿੱਚ ਲਾਗੂ ਕਰ ਦਿੱਤਾ । ਜਲੰਧਰ ਕਾਰਪੋਰੇਸ਼ਨ ਵਾਲਿਆਂ ਨੇ ਵੀ ਕਿਹਾ ਕਿ ਜੇਕਰ ਸਾਰੇ ਪੰਜਾਬ ਵਿੱਚ ਹੋਵੇਗਾ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਸਪੀਕਰ ਸਾਹਿਬ, ਅੰਮ੍ਰਿਤਸਰ ਵਾਲਿਆਂ ਨੇ ਵੀ ਯੂਨੈਨੀਮਸਲੀ ਰੈਜ਼ੋਲਿਊਸ਼ਨ ਪਾਸ ਕਰਕੇ ਦਿੱਤਾ ਹੈ ਕਿ ਇਹ ਲਗਜ਼ਰੀ ਚੀਜ਼ਾਂ ਹਨ ਅਤੇ ਇਨ੍ਹਾਂ ਤੇ ਇਹ ਰੇਟ ਲਾਗੂ ਕਰ ਦਿੱਤਾ ਜਾਵੇ । ਜਿਵੇਂ ਪਿਸਤੌਲ ਹੈ, ਰਿਵਾਲਵਰ ਹੈ ਜੋ ਕਿ 1 ਲੱਖ ਰੁਪਏ ਦੀ ਆਉਂਦੀ ਹੈ । ਉਸਤੇ 1% ਹੈ, 1% ਨਾਲ ਬਹੁਤ ਘੱਟ ਰਕਮ ਬਣਦੀ ਹੈ ਇਸ ਲਈ ਅਸੀਂ ਉਹ 5% ਕਰ ਦਿੱਤੀ ਹੈ । ਜੇਕਰ ਕੋਈ ਇਕ ਲੱਖ ਰੁਪਏ ਦੀ ਪਿਸਤੌਲ ਰੱਖ ਕੇ ਆਪਣੀ ਟੌਰ ਰੱਖਣਾ ਚਾਹੁੰਦਾ ਹੈ ਤਾਂ ਉਹ ਕਿਉਂ ਨਾ 5% ਦੇਵੇ । ਇਹ ਪੈਸਾ ਸ਼ਹਿਰਾਂ ਦੀ ਡਿਵੈਲਪਮੈਂਟ ਤੇ ਲੱਗਣਾ ਹੈ । ਇਹ ਪੈਸਾ ਕਿਸੇ ਦੀ ਜੇਬ ਵਿੱਚ ਨਹੀਂ ਜਾਣਾ । ਅਸੀਂ 1% ਤੋਂ 5% ਕੀਤਾ, ਇਹੋ ਜਿਹੀਆਂ ਚੀਜ਼ਾਂ ਤੇ ਕੀਤਾ ਹੋਰ ਕਿਸੇ ਤੇ ਇਕ ਤੋਂ 1½% ਕਰ ਦਿੱਤਾ ਅਤੇ ਕੋਈ ਹੋਰ ਕੁਝ ਕਰ ਦਿੱਤਾ । ਔਰ ਇਹ ਜਿਹੜਾ ਕਿਹਾ ਹੈ ਕਿ 400-500 ਗੁਣਾ ਵਾਧਾ ਕੀਤਾ, ਇਹ ਗੱਲ ਬਿਲਕੁਲ ਨਿਰਾਧਾਰ ਹੈ, ਗਲਤ ਹੈ ।(ਥੰਪਿੰਗ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਹਰ ਇਕ ਮੈਂਬਰ ਨੂੰ ਹਾਊਸ ਦੀ ਮਰਿਆਦਾ ਦੇ ਮੁਤਾਬਿਕ ਹੀ ਚਲਣਾ ਚਾਹੀਦਾ ਹੈ । ਆਪੋਜੀਸ਼ਨ ਪਾਰਟੀ ਦੇ ਲੀਡਰ ਨੇ ਬੜਾ ਅਹਿਮ ਮੁਦਾ ਉਠਾਇਆ ਸੀ, ਮੈਂ ਉਨ੍ਹਾਂ ਨੂੰ ਵੀ ਰਿਕੁਐਸਟ ਕਰਾਂਗਾ ਕਿ ਉਹ ਵੀ ਵਾਰ-ਵਾਰ ਵਾਕ-ਆਊਟ ਨਾ ਕਰਨ । ਟਰੈਜ਼ਰੀ ਬੈਂਚਿਜ਼ ਵਾਲਿਆਂ ਨੂੰ ਵੀ ਮੈਂ ਰਿਕੁਐਸਟ ਕਰਾਂਗਾ ਕਿ ਸਹੀ ਜਵਾਬ ਜ਼ਰੂਰ ਦੇਣ ਜੇਕਰ ਉਨ੍ਹਾਂ ਦੀ ਮਰਜ਼ੀ ਹੋਵੇ । ਸਪੀਕਰ ਸਾਹਿਬ, ਅਰਸ਼ੀ ਸਾਹਿਬ ਨੇ ਕਿਹਾ ਸੀ ਕਿ ਸਮਾਂ ਜਿਤਨਾ ਮਰਜ਼ੀ ਲੱਗੇ ਪਰ ਤੁਸੀਂ ਬੋਲਣ ਲਈ ਟਾਈਮ ਦਿਓ । ਜੇਕਰ ਬੋਲਣ ਲਈ ਟਾਈਮ ਨਹੀਂ ਦਿੱਤਾ ਜਾਂਦਾ ਤਾਂ ਮੈਟਰ ਬੜਾ ਹੀ ਅਹਿਮ ਹੁੰਦਾ ਹੈ ਅਤੇ ਰਹਿ ਜਾਂਦਾ ਹੈ । ਮੈਂ ਸਪੀਕਰ ਸਾਹਿਬ, ਇਕ ਬੜਾ ਹੀ ਅਹਿਮ ਮਸਲਾ ਹਾਊਸ ਦੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ ਅਤੇ ਇਸ ਦਾ ਹੋਮ ਡਿਪਾਰਟਮੈਂਟ ਦੇ ਨਾਲ ਕਨਸਰਨ ਹੈ । ਪੰਜ ਦਿਨ ਹੋਏ ਹਨ ਕਿ ਇਕ ਏ.ਐਸ.ਆਈ. ਨੇ ਥਾਣਾ ਜੋੜਕੀਆਂ, ਜ਼ਿਲ੍ਹਾ ਮਾਨਸਾ ਵਿੱਚ ਆਤਮ-ਹੱਤਿਆ ਕਰ ਲਈ । ਦੂਸਰਾ ਦੁਖਾਂਤ ਸ਼ਾਹਕੋਟ ਵਿਖੇ ਕੀ ਵਾਪਰਿਆ ਹੈ, ਇਸ ਦੇ ਕਾਰਨ ਕੀ ਹਨ ? ਜਿਸ ਨਾਲ ਸਾਡੀ ਪੁਲਿਸ ਦਾ ਮੋਰਾਲ ਡਾਊਨ ਜਾ ਰਿਹਾ ਹੈ । ਇਸ ਦੇ ਕੀ ਕਾਰਨ ਹਨ ? ਜੋ ਕਹਾਣੀ ਸ਼ਾਹਕੋਟ ਦੀ ਆਈ ਹੈ, ਮੈਨੂੰ ਬਹੁਤ ਹਮਦਰਦੀ ਹੈ ਕਿ ਸਾਡੇ ਮੰਤਰੀ ਜੀ ਦੇ ਭਾਣਜੇ ਦੀ ਇਸਦੇ ਵਿੱਚ ਡੈਥ ਹੋਈ ਹੈ । ਫੇਹ ਭੁੱਕੀ ਦੀ ਗੱਲ ਹੋਈ ਹੈ । ਸਪੀਕਰ ਸਾਹਿਬ,

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਇਹ ਪੜਤਾਲ ਕਰਨੀ ਚਾਹੀਦੀ ਹੈ ਕਿ ਪੰਜਾਬ ਵਿੱਚ ਭੁੱਕੀ ਕਿਉਂ ਵਿੱਕ ਰਹੀ ਹੈ ? ਪਹਿਲਾਂ ਤਾਂ ਸਪੈਸ਼ਲੀ ਜਲੰਧਰ ਦੇ ਏਰੀਏ ਵਿੱਚ ਪਤਾ ਨਹੀਂ ਸੀ ਕਿ ਭੁੱਕੀ ਕੀ ਚੀਜ਼ ਹੈ। ਇਸ ਤੇ ਹੁਣ ਸਰਕਾਰ ਦਾ ਕੰਟਰੋਲ ਕਿਉਂ ਨਹੀਂ ਹੈ ? ਤੀਸਰੀ ਗੱਲ ਸਪੀਕਰ ਸਾਹਿਬ, ਰਾਤ ਚੱਕਰੱਤੇ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਵਿਖੇ ਤਿੰਨ ਦਲਿਤ ਪਰਿਵਾਰਾਂ ਨੂੰ ਐਮ. ਐਲ. ਏ. ਦੇ ਗੰਨਮੈਨਾਂ ਨੇ ਕੁੱਟ ਕੇ ਘਰੋਂ ਬਾਹਰ ਕੱਢ ਦਿੱਤਾ ਅਤੇ ਉਨ੍ਹਾਂ ਨੂੰ ਗੁਰਦੁਆਰੇ ਵਿੱਚ ਜਾ ਕੇ ਸ਼ਰਨ ਲੈਣੀ ਪਈ। ਪੜਤਾਲ ਕਰ ਲਵੋ ਅਤੇ ਉਨ੍ਹਾਂ ਨੇ ਘਰ ਨੂੰ ਜੰਦਰੇ ਲਵਾ ਦਿੱਤੇ। ਕੀ ਪੁਲੀਟੀਕਲ ਦਖਲਅੰਦਾਜ਼ੀ ਏਨੀ ਵੱਧ ਗਈ ਹੈ ਜਿਸ ਕਰਕੇ ਪੁਲਿਸ ਦਾ ਮੋਰਾਲ ਵੀ ਡਾਊਨ ਹੋ ਰਿਹਾ ਹੈ। ਸਪੀਕਰ ਸਾਹਿਬ, ਸਿਆਸੀ ਦਖਲਅੰਦਾਜ਼ੀ ਬਿਲਕੁਲ ਕਬੂਲ ਨਹੀਂ ਕੀਤੀ ਜਾਵੇਗੀ। ਇਸ ਦੇ ਪ੍ਰੋਟੈਸਟ ਵਜੋਂ ਮੈਂ ਵਾਕ-ਆਊਟ ਕਰਦਾ ਹਾਂ। (ਸ਼ੋਰ)

WALK-OUTS

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਸ਼੍ਰੋਮਣੀ ਅਕਾਲੀ ਦਲ (ਮਾਨ) ਸਦਨ ਵਿਚੋਂ ਵਾਕ ਆਊਟ ਕਰ ਗਏ।)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਸਰਕਾਰ ਆਪਣੇ ਵਾਅਦੇ ਤੋਂ ਭੱਜੀ ਹੈ। ਇਸਨੇ ਲੋਕਾਂ ਤੇ ਵਾਧੂ ਭਾਰ ਪਾ ਦਿੱਤਾ ਹੈ। ਸਰਕਾਰ ਹਰ ਫਰੰਟ ਤੇ ਫੇਲ੍ਹ ਰਹੀ ਹੈ। ਅਸੀਂ ਇਸਦੇ ਪ੍ਰੋਟੈਸਟ ਵਜੋਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਵਿਚੋਂ ਵਾਕ-ਆਊਟ ਕਰ ਗਏ।)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਕਿ ਅਸੀਂ ਜਵਾਬ ਦੇਣਾ ਚਾਹੁੰਦੇ ਸੀ ਪਰ ਤੁਸੀਂ ਚਲੇ ਗਏ। ਇਨ੍ਹਾਂ ਨੇ ਸਾਡੇ ਬਾਰੇ ਇਸ ਤਰ੍ਹਾਂ ਕਿਹਾ। ਅਸੀਂ ਤਾਂ ਪਹਿਲਾਂ ਹੀ ਮਨਿਸਟਰ ਸਾਹਿਬ ਤੋਂ ਸਟੇਟਮੈਂਟ ਮੰਗੀ ਸੀ ਪਰ ਇਹ ਆਪ ਖੜ੍ਹੇ ਨਹੀਂ ਹੋਏ। ਦੂਸਰਾ ਮਨਿਸਟਰ ਖੜ੍ਹਾ ਹੋ ਕੇ ਬੋਲਣ ਲੱਗ ਪਿਆ। (ਸ਼ੋਰ)

ਸ੍ਰੀ ਸਪੀਕਰ : ਨਹੀਂ, ਨਹੀਂ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਨੂੰ ਕਹਿਣ ਦਿਓ। ਇਨ੍ਹਾਂ ਦਾ ਕਨਸਰਨਡ ਮਨਿਸਟਰ ਨਹੀਂ ਬੋਲਿਆ, ਦੂਸਰਾ ਮਨਿਸਟਰ ਬੋਲੀ ਗਿਆ। ਇਕ ਗੱਲ ਹੋਰ ਸਾਡੇ ਸਾਹਮਣੇ ਆਈ ਹੈ ਜਿਹੜੀ ਹੁਣੇ ਮੋਫਰ ਸਾਹਿਬ ਵਲੋਂ ਦਲਿਤ ਪਰਿਵਾਰਾਂ ਬਾਰੇ ਗੱਲ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਦਲਿਤ ਪਰਿਵਾਰਾਂ ਨੂੰ ਗੁਰਦੁਆਰੇ ਵਿੱਚ ਜਾ ਕੇ ਸ਼ਰਨ ਲੈਣੀ ਪਈ ਤਾਂ ਇਸ ਦੀ ਇਨਕੁਆਰੀ ਸਪੀਕਰ ਸਾਹਿਬ, ਹਾਊਸ ਦੀ ਕਮੇਟੀ ਬਣਾ ਕੇ ਜਾਂ ਕਿਸੇ ਵੱਡੇ ਅਫਸਰ ਤੋਂ ਕਰਵਾਈ ਜਾਵੇ। ਜੇ ਦਲਿਤ ਪਰਿਵਾਰ ਇਸ ਤਰ੍ਹਾਂ ਗੰਨਮੈਨਾਂ ਦੇ ਦਬਾਓ ਥੱਲੇ ਆਉਣਗੇ, ਤਾਂ ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ। (ਵਿਘਨ)

ਸ਼੍ਰੀ ਸਪੀਕਰ : ਹੁਣ ਅਗਲੀ ਆਈਟਮ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ। ਜ਼ੀਰਾ ਸਾਹਿਬ, ਬੈਠ ਜਾਉ। ਸਾਹਨੀ ਸਾਹਿਬ ਤੁਸੀਂ ਕੱਲ ਬੋਲ ਲੈਣਾ। (ਸ਼ੋਰ)

PAPERS LAID ON THE TABLE

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) : ਸ਼੍ਰੀ ਮਾਨ ਜੀ, ਮੈਂ

1. ਸਾਲ 1992-93 ਤੋਂ 1997-98 ਤੱਕ ਲਈ ਪੰਜਾਬ ਜ਼ਮੀਨ ਵਿਕਾਸ ਅਤੇ ਸੁਧਾਰ ਕਾਰਪੋਰੇਸ਼ਨ ਲਿਮਟਿਡ ਦੇ ਸਲਾਨਾ ਲੇਖੇ/ਰਿਪੋਰਟਾਂ ਮੇਜ਼ ਤੇ ਰੱਖਣ ਵਿੱਚ ਦੇਰੀ ਲਈ ਕਾਰਨ ਦਰਸਾਉਂਦਾ ਵਿਵਰਣ ਮੇਜ਼ ਤੇ ਰੱਖਦਾ ਹਾਂ।
2. ਸਾਲ 1999-2000 ਲਈ ਪੰਜਾਬ ਰਾਜ ਬਿਜਲੀ ਬੋਰਡ ਦਾ ਸਲਾਨਾ ਵਿੱਤੀ ਵਿਵਰਣ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ-61 ਅਧੀਨ ਲੋੜੀਂਦਾ ਹੈ।
3. ਸਾਲ 1990-91 ਤੋਂ 1992-93 ਤੱਕ ਲਈ ਪੰਜਾਬ ਵਿੱਤ ਕਾਰਪੋਰੇਸ਼ਨ ਦੇ ਲੇਖਿਆਂ ਤੇ ਆਡਿਟ ਰਿਪੋਰਟਾਂ ਮੇਜ਼ ਤੇ ਰੱਖਦਾ ਹਾਂ।
4. ਸਾਲ 1988-89 ਲਈ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 6ਵੀਂ ਸਾਲਾਨਾ ਰਿਪੋਰਟ ਮੇਜ਼ ਤੇ ਰੱਖਦਾ ਹਾਂ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ਏ ਅਧੀਨ ਲੋੜੀਂਦਾ ਹੈ। (ਵਿਘਨ) (ਸ਼ੋਰ)

ਸ਼੍ਰੀ ਸਪੀਕਰ : ਰਿਪੋਰਟਾਂ ਪੇਸ਼ ਕਰਨਾ। ਪ੍ਰੋਫੈਸਰ ਜਗੀਰ ਸਿੰਘ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਤੁਸੀਂ ਸਪੀਕਰ ਸਾਹਿਬ, ਸਾਨੂੰ ਬੋਲਣ ਦਾ ਟਾਈਮ ਨਹੀਂ ਦਿੱਤਾ ...(ਸ਼ੋਰ)

ਸ਼੍ਰੀ ਸਪੀਕਰ : ਚਲੋ, ਕੱਲ ਦੇ ਦਿਆਂਗੇ। ਪ੍ਰੋਫੈਸਰ ਜਗੀਰ ਸਿੰਘ ਜੀ।

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਇਹ ਨਹੀਂ ਕਿ ਜਦੋਂ ਤੁਹਾਨੂੰ ਸੂਟ ਕਰੇ, ਟਾਈਮ ਦੇ ਦਿਉ। ਤੁਹਾਨੂੰ ਸੂਟ ਨਾ ਕਰੇ, ਟਾਈਮ ਨਾ ਦਿਉ.. ..(ਸ਼ੋਰ)

ਸ਼੍ਰੀ ਸਪੀਕਰ : ਬੀਬੀ ਜੀ, ਤੁਸੀਂ ਬੈਠ ਜਾਉ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਅਸੀਂ ਵਾਕ ਆਊਟ ਨਹੀਂ ਕਰ ਸਕਦੇ। ਅਸੀਂ ਰੋਸ ਪ੍ਰਗਟ ਕਰਨ ਲਈ ਖੜ੍ਹੇ ਹੀ ਰਹਿ ਜਾਂਦੇ ਹਾਂ। (ਸ਼ੋਰ)

ਸ਼੍ਰੀ ਸਪੀਕਰ : ਮੈਂ ਕਿਹਾ ਸਾਹਨੀ ਸਾਹਿਬ, ਸੁਣੋ। ਇਨ੍ਹਾਂ ਦੀ ਗੱਲ (ਆਪੋਜ਼ੀਸ਼ਨ ਵੱਲ ਇਸ਼ਾਰਾ) ਸੁਣਨੀ ਜ਼ਰੂਰੀ ਹੁੰਦੀ ਹੈ। ਆਪੋਜ਼ੀਸ਼ਨ ਨੇ ਤਾਂ ਵਾਕ ਆਊਟ ਕਰਨਾ ਹੀ ਹੁੰਦਾ ਹੈ। ਤੁਸੀਂ ਕਿਹੜੇ ਚੱਕਰ ਵਿੱਚ ਪੈ ਰਹੇ ਹੋ....(ਸ਼ੋਰ)

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਸਾਨੂੰ ਪਹਿਲਾਂ ਟਾਇਮ ਦਿਉ ।

ਸ੍ਰੀ ਸਪੀਕਰ : ਹੁਣ ਨਹੀਂ ਜੀ । ਆਫਟਰਨੂਨ ਸਿਟਿੰਗ ਵਿੱਚ ਟਾਈਮ ਦੇ ਦਿਆਂਗੇ । ਹੁਣ ਨਹੀਂ ਜੀ । ਪ੍ਰੋਫੈਸਰ ਜਗੀਰ ਸਿੰਘ । (ਵਿਘਨ) ਬੀਬੀ ਜੀ (ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵੱਲ ਇਸ਼ਾਰਾ), ਬੈਠ ਜਾਓ । ਪ੍ਰੋਫੈਸਰ ਜਗੀਰ ਸਿੰਘ ਜੀ, ਤੁਸੀਂ ਆਪਣੀ ਰਿਪੋਰਟ ਪੇਸ਼ ਕਿਉਂ ਨਹੀਂ ਕਰਦੇ । ਰਿਪੋਰਟ ਪੇਸ਼ ਕਰੋ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ** ** ** **

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ** ** ** **

ਸ੍ਰੀ ਸਪੀਕਰ : ਇਨ੍ਹਾਂ ਨੇ ਜੋ ਕੁਝ ਬੋਲਿਆ ਹੈ, ਉਹ ਰਿਕਾਰਡ ਨਹੀਂ ਕਰਨਾ ।

WALK OUT

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਬੀ.ਜੇ.ਪੀ.), ਸਰਦਾਰ ਇੰਦਰਜੀਤ ਸਿੰਘ ਜ਼ੀਰਾ, ਸਰਦਾਰ ਹੀਰਾ ਸਿੰਘ ਗਾਬੜੀਆ, ਸਰਦਾਰ ਜਗਤਾਰ ਸਿੰਘ ਰਾਜਲਾ, ਸਰਦਾਰ ਬਿਕਰਮਜੀਤ ਸਿੰਘ ਖਾਲਸਾ ਅਤੇ ਸਰਦਾਰ ਪ੍ਰੇਮ ਸਿੰਘ ਲਾਲਪੁਰਾ, ਸ਼੍ਰੋਮਣੀ ਅਕਾਲੀ ਦਲ, ਸਦਨ ਵਿਚੋਂ ਵਾਕ-ਆਊਟ ਕਰ ਗਏ ।)

PRESENTATION OF REPORTS OF THE COMMITTEES

1. ਸਭਾਪਤੀ, ਲੋਕ ਲੇਖਾ ਕਮੇਟੀ (ਪ੍ਰੋਫੈਸਰ ਜਾਗੀਰ ਸਿੰਘ) : ਮੈਂ, ਸਿੰਜਾਈ ਵਿਭਾਗ ਨਾਲ ਸਬੰਧਤ ਸਾਲ 1993-94 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਅਤੇ ਸਾਲ 1993-94 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਤੇ ਲੋਕ ਲੇਖਾ ਕਮੇਟੀ ਦੀ 120ਵੀਂ ਰਿਪੋਰਟ ਪੇਸ਼ ਕਰਦਾ ਹਾਂ ।

2. ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ੍ਰੀ ਸੱਤਪਾਲ ਗੋਸਾਈਂ) ਮੈਂ, ਪੰਜਾਬ ਰਾਜ ਮਾਲ ਗੁਦਾਮ ਕਾਰਪੋਰੇਸ਼ਨ, ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਿਡ, ਪੰਜਾਬ ਜ਼ਮੀਨ ਵਿਕਾਸ ਅਤੇ ਸੁਧਾਰ ਕਾਰ- ਪੋਰੇਸ਼ਨ ਲਿਮਟਿਡ, ਪੰਜਾਬ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਸਾਲਾਂ 1990-91, 1992-93, 1993-94, 1994-95 ਅਤੇ 1995-96 ਲਈ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀਆਂ ਰਿਪੋਰਟਾਂ (ਵਪਾਰਕ) ਵਿਚ ਆਉਂਦੇ ਆਡਿਟ ਪੈਰਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 59ਵੀਂ ਰਿਪੋਰਟ ਪੇਸ਼ ਕਰਦਾ ਹਾਂ ।

**Not recorded as ordered by the Chair.

3. ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ (ਸਰਦਾਰ ਸੁਜਾਨ ਸਿੰਘ) ਮੈਂ, ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਸੇਵਾਵਾਂ ਅਤੇ ਅਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਸਬੰਧੀ ਸਾਲ 1998-99 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ 23ਵੀਂ ਰਿਪੋਰਟ ਪੇਸ਼ ਕਰਦਾ ਹਾਂ ।

RESOLUTION RE. THE STATE GOVERNMENT TO REVIEW ITS CURRENT WELFARE SCHEMES FOR UPLIFTMENT OF S.Cs. AND B.Cs. IN THE STATE AND TAKE STEPS FOR EFFECTIVE IMPLEMENTATION OF SUCH SCHEMES

ਸ਼੍ਰੀ ਸਪੀਕਰ : ਹੁਣ ਸ਼੍ਰੀ ਹਰਮਿੰਦਰ ਸਿੰਘ ਜੱਸੀ ਆਪਣਾ ਪ੍ਰਸਤਾਵ ਪੇਸ਼ ਕਰਨਗੇ। ਮੈਂ ਸਮਝਦਾ ਹਾਂ ਕਿ ਉਹ ਸਦਨ ਵਿੱਚ ਹਾਜ਼ਰ ਨਹੀਂ ਹਨ, ਇਸ ਕਰਕੇ ਇਸ ਤੋਂ ਅੱਗੇ ਡਾਕਟਰ ਹਰਬੰਸ ਲਾਲ ਦਾ ਵੀ ਆਪਣਾ ਵੱਖਰੇ ਤੌਰ ਤੇ ਇਹੋ ਪ੍ਰਸਤਾਵ ਹੈ । ਹੁਣ ਉਹ ਆਪਣਾ ਪ੍ਰਸਤਾਵ ਪੇਸ਼ ਕਰਨ ।

ਡਾਕਟਰ ਹਰਬੰਸ ਲਾਲ : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ :—

> ਕਿ ਇਹ ਸਦਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚਾਲੂ ਸਕੀਮਾਂ ਦੀ ਸਮੀਖਿਆ ਕਰਨ ਅਤੇ ਅਜਿਹੀਆਂ ਸਕੀਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ।

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ :—

> ਕਿ ਇਹ ਸਦਨ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਚਾਲੂ ਸਕੀਮਾਂ ਦੀ ਸਮੀਖਿਆ ਕਰਨ ਅਤੇ ਅਜਿਹੀਆਂ ਸਕੀਮਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ।

ਡਾਕਟਰ ਹਰਬੰਸ ਲਾਲ (ਸਰਹਿੰਦ) : ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਸਕੀਮਾਂ ਨੂੰ ਸੁਚਾਰੂ ਰੂਪ ਨਾਲ ਲਾਗੂ ਕਰਨ ਲਈ ਪੰਜਾਬ ਸਰਕਾਰ ਨੂੰ ਸਿਫਾਰਸ਼ ਕਰਨ ਦੇ ਸਬੰਧ ਵਿਚ ਜਿਹੜਾ ਪ੍ਰਸਤਾਵ ਮੈਂ ਰੱਖਿਆ ਹੈ, ਉਸ ਦੇ ਉਤੇ ਬੋਲਣ ਵਾਸਤੇ ਤੁਸੀਂ ਮੈਨੂੰ ਸਮਾਂ ਦਿੱਤਾ ਹੈ, ਇਸ ਦੇ ਲਈ ਮੈਂ ਤੁਹਾਡਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ। ਕੋਈ ਵੀ ਸਰਕਾਰ ਜਦੋਂ ਲੋਕ ਚੁਣ ਕੇ ਭੇਜਦੇ ਹਨ ਤਾਂ ਸਾਰੇ ਵਰਗਾਂ ਦੇ ਲੋਕ ਉਸ ਸਰਕਾਰ ਕੋਲੋਂ ਬੜੀਆਂ ਆਸਾਂ ਅਤੇ ਉਮੀਦਾਂ ਰੱਖਦੇ ਹਨ। ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਸਰਕਾਰ ਉਤੇ ਬੜੀ ਆਸ ਲਾਈ ਰੱਖਦੇ ਹਨ ਅਤੇ ਵੇਖਦੇ ਹਨ ਕਿ ਇਹ ਸਰਕਾਰ ਸਾਡੇ ਵਾਸਤੇ ਕੀ ਕਰੇਗੀ, ਸਾਨੂੰ ਕੀ ਦੇਵੇਗੀ। ਜਦੋਂ ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਲੋਕਾਂ ਤੋਂ ਵੋਟਾਂ ਲੈਣੀਆਂ ਹੁੰਦੀਆਂ ਹਨ ਤਾਂ ਅਸੀਂ ਬੜੇ ਨਾਹਰੇ ਮਾਰਦੇ ਹਾਂ। ਅਸੀਂ ਬੜਾ ਕੁਝ ਕਹਿੰਦੇ ਹਾਂ ਕਿ ਅਸੀਂ ਇਨ੍ਹਾਂ ਵਰਗਾਂ ਦੇ ਲੋਕਾਂ ਵਾਸਤੇ ਬਹੁਤ ਕੁਝ ਕਰਾਂਗੇ ਪਰ ਪ੍ਰੈਕਟੀਕਲੀ ਜੋ ਕੁਝ ਕਰਨਾ ਚਾਹੀਦਾ ਸੀ, ਉਹ ਅੱਜੇ ਤੱਕ ਨਹੀਂ ਹੋਇਆ। ਜਿਹੜੀਆਂ ਸਕੀਮਾਂ ਸਰਕਾਰ ਸਟੇਟ ਪੱਧਰ ਤੇ ਬਣਾਉਂਦੀ ਵੀ ਹੈ ਉਨ੍ਹਾਂ ਨੂੰ ਪੂਰਾ ਕਰਨ ਵਿੱਚ ਵੀ ਕੋਈ ਵਚਨਬੱਧਤਾ ਨਹੀਂ ਹੁੰਦੀ। ਜਿਹੜਾ ਪੈਸਾ ਸਟੇਟ ਗੌਰਮਿੰਟ ਬਜਟ ਦੇ ਵਿਚ ਰੱਖਦੀ ਹੈ ਉਹ ਪੈਸਾ ਵੀ ਉਨ੍ਹਾਂ ਸਕੀਮਾਂ ਉਤੇ ਪੂਰਾ ਖਰਚ ਨਹੀਂ ਕੀਤਾ ਜਾਂਦਾ। ਇਸ ਨਾਲ ਜਿਨ੍ਹਾਂ ਲੋਕਾਂ ਵਾਸਤੇ ਉਹ ਸਕੀਮਾਂ ਬਣਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਕੇਂਦਰ ਸਰਕਾਰ ਵੀ ਐਸੀਆਂ ਕੁਝ ਸਕੀਮਾਂ ਵਾਸਤੇ ਸਟੇਟ ਗੌਰਮਿੰਟ ਨੂੰ ਸਹਾਇਤਾ ਦਿੰਦੀ ਹੈ, ਪੈਸਾ ਭੇਜਦੀ ਹੈ। ਪਰ ਉਸ ਦੇ ਵਿਚ ਵੀ ਸਟੇਟ ਗੌਰਮਿੰਟ ਆਪਣਾ ਬਣਦਾ ਸ਼ੇਅਰ ਨਹੀਂ ਪਾਉਂਦੀ, ਜਿਸ ਕਰਕੇ ਉਹ ਸਕੀਮਾਂ ਵੀ ਵਿੱਚੇ ਹੀ ਰਹਿ ਜਾਂਦੀਆਂ ਹਨ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਉਨ੍ਹਾਂ ਸਕੀਮਾਂ ਦਾ ਕੋਈ ਫਾਇਦਾ ਨਹੀਂ ਪਹੁੰਚਦਾ।

*10.36 ਵਜੇ ਪੂਰਵ ਦੁਪਹਿਰ

(*ਇਸ ਸਮੇਂ ਸਰਦਾਰ ਸੁਜਾਨ ਸਿੰਘ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਾਡਾ ਸੂਬਾ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਜਿਥੇ ਖੇਤੀ ਦੇ ਵਿਚ ਸਾਡੇ ਕਈ ਛੋਟੇ ਕਿਸਾਨ ਕੰਮ ਕਰਦੇ ਹਨ, ਉਥੇ ਖੇਤ ਮਜ਼ਦੂਰ ਵੀ ਕੰਮ ਕਰਦੇ ਹਨ, ਦਿਨ-ਰਾਤ ਕੰਮ ਕਰਦੇ ਹਨ, ਅਨਾਜ ਪੈਦਾ ਕਰਦੇ ਹਨ। ਜਿਹੜੇ ਗਰੀਬ ਮਜ਼ਦੂਰ ਖੇਤੀ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਤਾਂ ਬਿਜਲੀ ਮੁਆਫ ਕਰ ਦਿੱਤੀ ਗਈ ਹੈ। ਪ੍ਰੰਤੂ ਜਿਹੜੇ ਗਰੀਬ ਮਜ਼ਦੂਰ ਦਿਨ-ਰਾਤ ਦਿਹਾੜੀ ਕਰਕੇ ਰੋਟੀ ਖਾਂਦੇ ਹਨ ਅਤੇ ਜਾਂ ਜ਼ਿਮੀਂਦਾਰਾਂ ਦੇ ਉਪਰ ਨਿਰਭਰ ਕਰਦੇ ਹਨ, ਸਰਕਾਰ ਨੇ ਉਨ੍ਹਾਂ ਦੀ ਬਿਜਲੀ ਮੁਆਫ ਨਹੀਂ ਕੀਤੀ। ਜਿਹੜੇ ਕਿਸਾਨਾਂ ਦੀਆਂ ਬਿਜਲੀ ਦੀਆਂ ਮੋਟਰਾਂ ਦੇ ਬਿੱਲ ਮੁਆਫ ਕੀਤੇ ਗਏ ਹਨ, ਉਸ

ਨਾਲ ਬਜਟ ਨੂੰ ਘਾਟਾ ਪਿਆ ਹੈ । ਉਸ ਘਾਟੇ ਨੂੰ ਪੂਰਾ ਕਰਨ ਲਈ ਦੂਸਰੇ ਗਰੀਬ ਲੋਕਾਂ ਦੇ ਬਿੱਲਾਂ ਦੀਆਂ ਦਰਾਂ ਵਧਾ ਦਿੱਤੀਆਂ ਗਈਆਂ ਹਨ । ਇਸ ਤਰ੍ਹਾਂ ਕਰਨ ਨਾਲ ਗਰੀਬ ਲੋਕਾਂ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਦਾ ਭਲਾ ਕਿਵੇਂ ਹੋ ਸਕਦਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਬਹੁਤ ਜ਼ਿਆਦਾ ਲੋਕ ਜਿਹੜੇ ਗਰੀਬ ਹਨ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ, ਉਹ ਖੇਤੀ ਦਾ ਕੰਮ ਕਰਦੇ ਹਨ, ਦਿਨ-ਰਾਤ ਕਰਦੇ ਹਨ ਅਤੇ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ । ਉਨ੍ਹਾਂ ਨੂੰ ਬੜੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ । ਉਨ੍ਹਾਂ ਦੇ ਨਾਲ ਬਹੁਤ ਜ਼ਿਆਦਤੀਆਂ ਹੁੰਦੀਆਂ ਹਨ । ਨਾ ਤਾਂ ਉਨ੍ਹਾਂ ਦੀ ਮਜ਼ਦੂਰੀ ਸਹੀ ਢੰਗ ਨਾਲ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਜਿਸ ਤਰ੍ਹਾਂ ਉਨ੍ਹਾਂ ਤੋਂ ਦਿਨ-ਰਾਤ ਕੰਮ ਲਿਆ ਜਾਂਦਾ ਹੈ, ਉਹ ਵਿਚਾਰੇ ਹਮੇਸ਼ਾ ਹੀ ਕਰਜ਼ੇ ਦੇ ਬੋਝ ਥੱਲੇ ਦਬੇ ਰਹਿੰਦੇ ਹਨ । ਨਾ ਉਹ ਆਪਣੇ ਬੱਚਿਆਂ ਨੂੰ ਚੰਗਾ ਪੜ੍ਹਾ ਸਕਦੇ ਹਨ, ਨ ਆਪਣੇ ਪਰਿਵਾਰ ਦੀ ਭਲਾਈ ਬਾਰੇ ਸੋਚ ਸਕਦੇ ਹਨ ਅਤੇ ਨਾ ਹੀ ਆਪਣਾ ਰਹਿਣ-ਸਹਿਣ ਠੀਕ ਕਰ ਸਕਦੇ ਹਨ । ਇਸ ਤਰ੍ਹਾਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ । ਇਸ ਦੇ ਨਾਲ ਹੀ ਉਨ੍ਹਾਂ ਉਤੇ ਤਸ਼ੱਦਦ ਵੀ ਕੀਤਾ ਜਾਂਦਾ ਹੈ । ਪੰਜਾਬ ਪੱਧਰ ਤੇ ਉਨ੍ਹਾਂ ਦੇ ਨਾਲ ਖਿਲਵਾੜ ਕੀਤਾ ਜਾਂਦਾ ਹੈ । ਜਦੋਂ ਉਹ ਦਫਤਰਾਂ ਵਿੱਚ ਜਾ ਕੇ ਜਾਂ ਥਾਣਿਆਂ ਵਿੱਚ ਜਾ ਕੇ ਇਨਸਾਫ ਦੀ ਮੰਗ ਕਰਦੇ ਹਨ ਤਾਂ ਦੂਸਰੇ ਪਾਸੇ ਪੈਸੇ ਦਾ ਜ਼ੋਰ ਹੁੰਦਾ ਹੈ, ਪੈਸਾ ਚੜ੍ਹ ਜਾਣ ਕਾਰਨ ਉਨ੍ਹਾਂ ਨੂੰ ਕਿਧਰੋਂ ਵੀ ਇਨਸਾਫ਼ ਨਹੀਂ ਮਿਲਦਾ । ਮੈਂ ਇਕ ਗੱਲ ਕਹਾਂਗਾ ਕਿ ਜਿਸ ਤਰ੍ਹਾਂ ਲੇਬਰ ਡਿਪਾਰਟਮੈਂਟ ਹੈ, ਉਸੇ ਤਰ੍ਹਾਂ ਇਨ੍ਹਾਂ ਖੇਤ ਮਜ਼ਦੂਰਾਂ ਦੇ ਵਾਸਤੇ ਵੀ ਇਕ ਵੱਖਰਾ ਲੇਬਰ ਡਿਪਾਰਟਮੈਂਟ ਬਣਾਇਆ ਜਾਵੇ ਜਿਥੇ ਕਿ ਲੋਕ ਆਪਣੀਆ ਸਮੱਸਿਆਵਾਂ ਸੌਖੇ ਹੀ ਲਿਜਾ ਸਕਣ । ਜੇਕਰ ਐਡਮਨਿਸਟਰੇਟਿਵ ਤੌਰ ਤੇ ਉਨ੍ਹਾਂ ਦਾ ਹੱਲ ਨਹੀਂ ਹੁੰਦਾ ਤਾਂ ਲੇਬਰ ਇੰਸਪੈਕਟਰ ਵਗੈਰਾ ਹੋਣ, ਜਿਨ੍ਹਾਂ ਕੋਲ ਉਹ ਆਪਣੀਆਂ ਸਮੱਸਿਆਵਾਂ ਲੈ ਕੇ ਜਾਣ । ਦੂਸਰੇ ਡਿਪਾਰਟਮੈਂਟ ਜਿਵੇਂ ਡਿਪਟੀ ਕਮਿਸ਼ਨਰ ਹੈ, ਐਸ. ਐਸ. ਪੀ. ਹੈ ਜਾਂ ਹੋਰ ਪੁਲਿਸ ਦਾ ਮਹਿਕਮਾ ਹੈ, ਉਨ੍ਹਾਂ ਗਰੀਬ ਮਜ਼ਦੂਰਾਂ ਦੀਆਂ ਮੁਸ਼ਕਲਾਂ ਉਨ੍ਹਾਂ ਕੋਲ ਜਾਣ ਅਤੇ ਉਨ੍ਹਾਂ ਨੂੰ ਸਹੀ ਇਨਸਾਫ ਮਿਲਣਾ ਚਾਹੀਦਾ ਹੈ । ਉਨ੍ਹਾਂ ਲੋਕਾਂ ਨਾਲ ਬੜੀਆਂ ਭਾਰੀ ਜ਼ਿਆਦਤੀਆਂ ਹੁੰਦੀਆਂ ਹਨ । ਉਨ੍ਹਾਂ ਨੂੰ ਜੇਕਰ 400/- ਰੁਪਏ ਰਿਲੀਫ ਮਿਲਦੀ ਹੈ ਤਾਂ ਅਸ਼ਟਾਮ ਤੇ ਅੰਗੂਠਾ 1000/- ਰੁਪਏ ਦਾ ਲਗਵਾ ਲਿਆ ਜਾਂਦਾ ਹੈ । ਉਹ ਵਿਚਾਰਾ ਹਮੇਸ਼ਾ ਹੀ ਕਰਜ਼ੇ ਦੇ ਬੋਝ ਥੱਲੇ ਦੱਬਿਆ ਰਹਿੰਦਾ ਹੈ । ਜਿਸ ਤਰ੍ਹਾਂ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਹੈ । ਜਦੋਂ ਕੋਈ ਖੇਤ ਮਜ਼ਦੂਰ ਮਰ ਜਾਂਦਾ ਹੈ ਤਾਂ ਉਸ ਦੇ ਪਰਿਵਾਰ ਵਿੱਚ ਪਿਛੋਂ ਰਾਖੀ ਕਰਨ ਵਾਲਾ ਕੋਈ ਵੀ ਨਹੀਂ ਰਹਿ ਜਾਂਦਾ । ਉਸ ਪਰਿਵਾਰ ਕੋਲ ਗੁਜ਼ਾਰੇ ਦਾ ਕੋਈ ਸਾਧਨ ਨਹੀਂ ਰਹਿ ਜਾਂਦਾ ਅਤੇ ਉਹ ਪਰਿਵਾਰ ਬੇਸਹਾਰਾ ਹੋ ਜਾਂਦਾ ਹੈ । ਸਰਕਾਰ ਨੂੰ ਉਸ ਬੇਸਹਾਰਾ ਪਰਿਵਾਰ ਨੂੰ ਮੱਦਦ ਦੇਣੀ ਚਾਹੀਦੀ ਹੈ ਭਾਵੇਂ ਉਹ ਕਾਰਪੋਰੇਸ਼ਨ ਵੱਲੋਂ ਹੋਵੇ ਤਾਂ ਜੋ ਉਹ ਪਰਿਵਾਰ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ ।

[ਡਾਕਟਰ ਹਰਬੰਸ ਲਾਲ]

ਅਜਿਹੇ ਪਰਿਵਾਰਾਂ ਦਾ ਸਮੁੱਚੇ ਤੌਰ ਤੇ ਬੀਮਾ ਕਰਵਾਇਆ ਜਾਵੇ ਅਤੇ ਬੀਮੇ ਦੀ ਰਕਮ ਸਰਕਾਰ ਆਪਣੇ ਕੋਲੋਂ ਭਰੇ। ਉਨ੍ਹਾਂ ਦੀ ਰਜਿਸਟਰੇਸ਼ਨ ਕੀਤੀ ਜਾਣੀ ਚਾਹੀਦੀ ਹੈ। ਜਿਹੜੇ ਖੇਤੀ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੇ ਮੁੱਖੀਆਂ ਦੇ ਮਰਨ ਤੇ ਉਸ ਪਰਿਵਾਰ ਨੂੰ ਕੀ ਕੀ ਸਹੂਲਤਾਂ ਦੇਣੀਆਂ ਹਨ, ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਬੁਢਾਪਾ ਪੈਨਸ਼ਨ ਜਾਂ ਵਿਧਵਾ ਪੈਨਸ਼ਨ ਜਿਹੜੀ 200/- ਰੁਪਏ ਮਿਲਦੀ ਹੈ, ਇਹ ਬਹੁਤ ਘੱਟ ਹੈ। ਇਹ ਘੱਟੋ ਘੱਟ 1000/- ਰੁਪਏ ਜਾਂ 1500/- ਰੁਪਏ ਤੱਕ ਹੋਣੀ ਚਾਹੀਦੀ ਹੈ ਤਾਂ ਕਿ ਉਹ ਪਰਿਵਾਰ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ, ਰੋਟੀ ਰੋਜ਼ੀ ਕਮਾ ਸਕਣ ਅਤੇ ਆਪਣਾ ਪੇਟ ਪਾਲ ਸਕਣ। ਖੇਤ ਮਜ਼ਦੂਰਾਂ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੁੰਦੀਆਂ ਹਨ, ਉਨ੍ਹਾਂ ਵਿਚੋਂ ਕੁਝ ਤਾਂ ਦਫਤਰਾਂ ਦੇ ਵਿੱਚ ਪਹੁੰਚਦੀਆਂ ਹਨ। ਅਤੇ ਕੁਝ ਪਿੰਡਾਂ ਵਿਚ ਹੀ ਵੱਟਾਂ, ਟਿੱਬਿਆਂ ਅਤੇ ਡੋਲਾਂ ਹੇਠ ਦੱਬ ਕੇ ਰਹਿ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਲੋਕਾਂ ਨੂੰ ਪਤਾ ਹੈ ਕਿ ਉਨ੍ਹਾਂ ਨੂੰ ਦਫਤਰਾਂ ਵਿਚ ਇਨਸਾਫ ਨਹੀਂ ਮਿਲਣਾ। ਇਸ ਲਈ ਇਕ ਪਾਸੇ ਅਸੀਂ ਭਲਾਈ ਦੀਆਂ ਗੱਲਾਂ ਕਰਦੇ ਹਾਂ ਅਤੇ ਦੂਸਰੇ ਪਾਸੇ ਇਹ ਗਰੀਬ ਲੋਕ ਦਿਨ-ਬ-ਦਿਨ ਦਬੇ ਜਾ ਰਹੇ ਹਨ। ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਬਣੀ ਸੀ, ਉਹ ਇਸ ਲਈ ਬਣਾਈ ਗਈ ਸੀ ਕਿ ਉਹ ਇਨ੍ਹਾਂ ਗਰੀਬ ਲੋਕਾਂ ਨੂੰ ਕਰਜ਼ੇ ਦੇਵੇਗੀ ਅਤੇ ਉਹ ਗਰੀਬ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣਗੇ। ਸਟੇਟ ਦੀ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਕਈ ਤਰ੍ਹਾਂ ਦੀਆਂ ਸਕੀਮਾਂ ਬਣਾ ਕੇ ਭੇਜਣੀਆਂ ਹੁੰਦੀਆਂ ਹਨ ਪਰ ਇਸ ਵੱਲ ਵੀ ਸਾਡੀ ਸਟੇਟ ਗੌਰਮਿੰਟ ਨੇ ਕੋਈ ਧਿਆਨ ਨਹੀਂ ਦਿਤਾ ਅਤੇ ਸਟੇਟ ਗੌਰਮਿੰਟ ਨੇ ਆਪਣਾ ਪੂਰਾ ਸ਼ੇਅਰ ਸੈਂਟਰ ਗੌਰਮਿੰਟ ਨੂੰ ਭੇਜਣਾ ਹੁੰਦਾ ਹੈ ਤਾਂ ਸਾਨੂੰ ਸੈਂਟਰ ਗੌਰਮਿੰਟ ਪੈਸੇ ਭੇਜਦੀ ਹੈ ਪਰ ਇਨ੍ਹਾਂ ਨੇ ਆਪਣਾ ਸ਼ੇਅਰ ਸੈਂਟਰ ਗੌਰਮਿੰਟ ਨੂੰ ਨਹੀਂ ਭੇਜਿਆ ਜਿਸ ਕਰਕੇ ਇਸ ਸਰਕਾਰ ਨੂੰ ਸੈਂਟਰ ਵਲੋਂ ਕੋਈ ਪੈਸਾ ਨਹੀਂ ਆਇਆ। ਜੇ ਉਹ ਪੈਸੇ ਆਉਂਦੇ ਤਾਂ ਅਸੀਂ ਇਨ੍ਹਾਂ ਗਰੀਬ ਲੋਕਾਂ ਨੂੰ ਚਾਹੇ ਉਹ ਕੋਈ ਵੀ ਧੰਦਾ ਕਰਦੇ, ਉਸ ਲਈ ਲੋਨ ਦਿੰਦੇ, ਅਤੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਅਤੇ ਉਨ੍ਹਾਂ ਗਰੀਬ ਲੋਕਾਂ ਨੂੰ ਸਬਸਿਡੀ ਵੀ ਮਿਲਦੀ। ਚੇਅਰਮੈਨ ਸਾਹਿਬ, ਜੇ ਇਨ੍ਹਾਂ ਸਕੀਮਾਂ ਲਈ ਸਬਸਿਡੀ ਆ ਵੀ ਜਾਵੇ ਤਾਂ ਉਸ ਤਹਿਤ ਵੀ ਇਨ੍ਹਾਂ ਗਰੀਬਾਂ ਨੂੰ ਸਬਸਿਡੀ ਲੈਣ ਲਈ ਛੇ-ਛੇ ਮਹੀਨੇ ਦਫਤਰਾਂ ਦੇ ਚੱਕਰ ਮਾਰਨੇ ਪੈਂਦੇ ਹਨ। ਜੇ ਸਬਸਿਡੀ ਆ ਜਾਂਦੀ ਹੈ ਤਾਂ ਫਿਰ ਬੈਂਕਾਂ ਵਾਲੇ ਰਾਹ ਨਹੀਂ ਦਿੰਦੇ ਅਤੇ ਕਹਿੰਦੇ ਹਨ ਕਿ ਕੀ ਤੁਹਾਡੇ ਕੋਲ ਕੋਈ ਜ਼ਮੀਨ ਹੈ? ਜਾਇਦਾਦ ਹੈ? ਪਲਾਟ ਹੈ? ਪਹਿਲਾਂ ਉਸ ਦੀ ਗਰੰਟੀ ਦੇਵੋ ਤਾਂ ਫਿਰ ਸਬਸਿਡੀ ਮਿਲੇਗੀ। ਜੇ ਉਹ ਸਾਰੇ ਕਾਗਜ਼ਾਤ ਰੁਲ-ਖੁਲ ਕੇ ਪੂਰੇ ਕਰ ਵੀ ਲਵੇ ਤਾਂ ਫਿਰ ਬੈਂਕਾਂ ਵਾਲੇ ਰਿਸ਼ਵਤ ਭਾਲਦੇ ਹਨ। ਇਸ ਲਈ ਮੈਂ ਕਹਾਂਗਾ ਕਿ ਜੇ ਇਨ੍ਹਾਂ ਨੂੰ ਅਸੀਂ ਪੈਰਾਂ ਤੇ ਖੜ੍ਹੇ ਕਰਨਾ ਚਾਹੁੰਦੇ ਹਾਂ ਤਾਂ ਇਨ੍ਹਾਂ ਨੂੰ ਕਰਜ਼ਾ ਦੇਣ ਦੇ ਪ੍ਰਬੰਧ ਕੀਤੇ ਜਾਣ ਅਤੇ ਇਨ੍ਹਾਂ ਨੂੰ ਬੈਂਕਾਂ ਦੇ ਧੱਕੇ ਨਾ ਖਾਣੇ ਪੈਣ। ਪਹਿਲਾਂ ਇਕ ਡੇਅਰੀ ਸਕੀਮ ਅਨੁ-ਸੂਚਿਤ ਜਾਤੀਆਂ ਦੇ ਲੋਕਾਂ ਲਈ ਬਣਾਈ ਗਈ ਸੀ, ਉਸ ਦੇ ਤਹਿਤ ਦੋ ਮੱਝਾਂ ਲੈਣ ਲਈ 10,000/- ਮਿਲਦੇ ਸਨ ਪਹਿਲਾਂ ਤਾਂ ਮੈਡੀਕਲ ਕਰਨ ਵਾਲਾ ਪੈਸੇ ਲੈਂਦਾ ਸੀ

ਅਤੇ ਫਿਰ ਬੀਮੇ ਵਾਲੇ ਪੈਸੇ ਲੈ ਜਾਂਦੇ ਸਨ ਅਤੇ ਕਰਜ਼ਦਾਰ ਨੂੰ 10 ਹਜ਼ਾਰ ਵਿਚੋਂ ਰਿਸ਼ਵਤ ਦੇ ਦੁਆ ਕੇ 5,000/- ਰੁਪਏ ਪੱਲੇ ਪੈਂਦੇ ਸਨ ਅਤੇ ਫਿਰ ਤੁਹਾਨੂੰ ਪਤਾ ਹੀ ਹੈ ਕਿ ਪੰਜ ਹਜ਼ਾਰ ਵਿਚ ਦੋ ਮੱਝਾਂ ਕਿਸ ਤਰ੍ਹਾਂ ਦੀਆਂ ਖਰੀਦੀਆਂ ਜਾ ਸਕਦੀਆਂ ਹਨ ਅਤੇ ਉਹ ਕਿੰਨਾ ਕੁ ਦੁੱਧ ਦੇਣਗੀਆਂ। ਇਸੇ ਤਰ੍ਹਾਂ ਇਕ ਪਛੜੀਆਂ ਸ੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿਨਕੋ) ਪੱਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਕਰਜ਼ ਦੇਣ ਲਈ ਬਣਾਈ ਗਈ ਸੀ, ਬੈਕਫਿਨਕ ਦਾ ਵੀ ਸਟੇਟ ਨੂੰ ਸ਼ੇਅਰ ਦੇਣਾ ਪੈਂਦਾ ਹੈ ਅਤੇ ਫਿਰ ਸੈਂਟਰ ਤੋਂ ਪੈਸਾ ਮਿਲਦਾ ਹੈ ਅਤੇ ਸਟੇਟ ਗੌਰਮਿੰਟ ਨੇ ਇਸ ਲਈ ਵੀ ਆਪਣਾ ਪੂਰਾ ਸ਼ੇਅਰ ਕੇਂਦਰ ਸਰਕਾਰ ਨੂੰ ਨਹੀਂ ਭੇਜਿਆ। ਜੇ ਘਰ ਵਾਲੇ ਪੂਰੀ ਤਵੱਜੋ ਨਹੀਂ ਦੇਣਗੇ ਤਾਂ ਪੜੋਸੀਆਂ ਨੇ ਘਰ ਦੀ ਕੀ ਸੰਭਾਲ ਕਰਨੀ ਹੈ। ਇਸ ਲਈ ਜੇ ਸਰਕਾਰ ਪੱਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਵੀ ਆਪਣੇ ਪੈਰਾਂ ਤੇ ਖੜ੍ਹਾ ਕਰਨਾ ਚਾਹੁੰਦੀ ਹੈ ਤਾਂ ਆਪਣਾ ਪੂਰਾ ਸ਼ੇਅਰ ਸੈਂਟਰ ਨੂੰ ਭੇਜਣਾ ਚਾਹੀਦਾ ਹੈ ਤਾਂ ਕਿ ਸੈਂਟਰ ਗੌਰਮਿੰਟ ਤੋਂ ਪੈਸਾ ਮਿਲ ਸਕੇ ਅਤੇ ਇਨ੍ਹਾਂ ਲੋਕਾਂ ਨੂੰ ਲੋਨ ਦੀ ਸ਼ੇਪ ਵਿਚ ਇਹ ਪੈਸਾ ਦਿਤਾ ਜਾ ਸਕੇ।

ਚੇਅਰਮੈਨ ਸਾਹਿਬ, ਪਹਿਲਾਂ ਇਕ ਮਕਾਨਾਂ ਦੀ ਸਕੀਮ ਸਵਰਗੀ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਨੇ ਬਣਾਈ ਸੀ। ਗਰੀਬ ਲੋਕ ਜਿਹੜੇ ਹਨ ਉਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਦਾ ਵੀ ਆਪਣਾ ਮਕਾਨ ਹੋਵੇ ਭਾਵੇਂ ਛੋਟਾ ਹੀ ਹੋਵੇ। ਇਸੇ ਲਈ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਵੀ ਆਪਣੇ ਮਕਾਨ ਹੋਣ ਅਤੇ ਇਹ ਵੀ ਛੱਤ ਦੇ ਥੱਲੇ ਸੌਣ। ਇਸ ਲਈ ਪਹਿਲਾਂ 7,500/- ਰੁਪਏ ਅਤੇ ਫਿਰ 15,000/- ਰੁਪਏ ਇਸ ਸਕੀਮ ਲਈ ਇਨ੍ਹਾਂ ਨੂੰ ਆਪਣੇ ਪੱਕੇ ਮਕਾਨ ਬਣਾਉਣ ਲਈ ਦਿਤੇ ਗਏ ਤਾਂ ਕਿ ਉਨ੍ਹਾਂ ਦਾ ਵੀ ਸੁਪਨਾ ਪੂਰਾ ਹੋ ਸਕੇ ਕਿਉਂਕਿ ਹਰ ਗਰੀਬ ਆਦਮੀ ਤਰਸਦਾ ਰਹਿੰਦਾ ਹੈ ਕਿ ਉਸਦਾ ਵੀ ਆਪਣਾ ਮਕਾਨ ਹੋਵੇ, ਇਹ ਸਕੀਮ ਸਰਦਾਰ ਬੇਅੰਤ ਸਿੰਘ ਜੀ ਨੇ ਬਣਾਈ ਸੀ, ਇਸੇ ਲਈ ਮੈਂ ਉਨ੍ਹਾਂ ਦਾ ਸ਼ੁਕਰੀਆ ਅਦਾ ਵੀ ਕਰਦਾ ਹਾਂ। ਪਰ ਹੁਣ ਇਨ੍ਹਾਂ ਦੀ ਅਕਾਲੀ-ਬੀ.ਜੇ.ਪੀ. ਸਰਕਾਰ ਨੇ ਕਿਹਾ ਕਿ ਅਸੀਂ 50,000/- ਰੁਪਏ ਦੇ ਕੇ ਗਰੀਬ ਵਰਗ ਦੇ ਲੋਕਾਂ ਦੇ ਮਕਾਨ ਬਣਾਵਾਂਗੇ ਅਤੇ ਇਨ੍ਹਾਂ ਨੇ ਬਜਟ ਦੇ ਵਿਚ 12,000 ਮਕਾਨ ਬਣਾਉਣ ਲਈ 60 ਕਰੋੜ ਰੁਪਿਆ ਰੱਖਿਆ ਵੀ। ਪਰ ਮੈਂ ਕਹਾਂਗਾ ਕਿ ਇਨ੍ਹਾਂ ਨੇ ਇਹ ਪੂਰਾ ਪੈਸਾ ਖਰਚ ਨਹੀਂ ਕੀਤਾ ਅਤੇ ਤਕਰੀਬਨ ਅੱਧੇ ਪੈਸੇ ਖਰਚ ਕੀਤੇ ਹਨ ਅਤੇ ਇਹ ਇਸ ਸਕੀਮ ਨੂੰ ਪੂਰਾ ਨਹੀਂ ਕਰ ਸਕੇ। ਮੈਂ ਕਹਾਂਗਾ ਕਿ ਇਸ ਸਕੀਮ ਲਈ ਵੱਧ ਤੋਂ ਵੱਧ ਪੈਸੇ ਰੱਖੇ ਜਾਣ ਕਿਉਂਕਿ ਮਕਾਨ ਹਰ ਵਿਅਕਤੀ ਲਈ ਲਾਜ਼ਮੀ ਹੈ। ਜੇ ਅਸੀਂ ਆਪਣੀ ਸਟੇਟ ਦੇ ਲੋਕਾਂ ਲਈ ਕੁਝ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਚੁਣੀ ਹੋਈ ਸਰਕਾਰ ਤੋਂ ਇਹ ਲੋਕ ਬਹੁਤ ਜ਼ਿਆਦਾ ਆਸ਼ਾਵਾਂ ਰਖਦੇ ਹਨ ਕਿ ਨਵੀਂ ਸਰਕਾਰ ਬਣੀ ਹੈ ਅਤੇ ਇਹ ਸਰਕਾਰ ਸਾਡੇ ਲਈ, ਇਹ ਲੈ ਕੇ ਆਵੇਗੀ ਉਹ ਲੈ ਕੇ ਆਵੇਗੀ। ਸਰਕਾਰਾਂ

[ਡਾਕਟਰ ਹਰਬੰਸ ਲਾਲ]

ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਦੀਆਂ ਆਸ਼ਾਵਾਂ ਢਹਿੰਦੀਆਂ ਰਹਿੰਦੀਆਂ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਅਸੀਂ ਕੋਈ ਸਕੀਮ ਬਣਾਉਂਦੇ ਹਾਂ ਤਾਂ ਉਸ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ । ਇਸੇ ਤਰ੍ਹਾਂ ਇਕ ਹੋਰ ਸ਼ਗਨ ਸਕੀਮ ਹੈ ਜਿਹੜੀ ਅੱਛੀ ਜ਼ਰੂਰ ਹੈ ਲੇਕਿਨ ਮੈਂ ਕਹਾਂਗਾ ਕਿ ਇਸ ਦੇ ਲਈ ਵੀ ਵੱਧ ਤੋਂ ਵੱਧ ਫੰਡਜ਼ ਬਜਟ ਵਿਚ ਰੱਖੇ ਜਾਣੇ ਜਾਣੇ ਚਾਹੀਦੇ ਹਨ ਕਿਉਂਕਿ ਉਪ ਮੰਡਲ ਅਫ਼ਸਰਾਂ ਦੇ ਦਫਤਰਾਂ ਵਿਚ ਤਕਰੀਬਨ 10 ਹਜ਼ਾਰ ਐਪਲੀਕੇਸ਼ਨਾਂ ਰੁਲ ਰਹੀਆਂ ਹਨ ਅਤੇ ਲੋਕ ਧੱਕੇ ਖਾ ਰਹੇ ਹਨ, ਕੁਰੱਪਸ਼ਨ ਵੱਧ ਰਹੀ ਹੈ । 5,100/- ਰੁਪਏ ਲੈਣ ਵਾਸਤੇ ਉਹ ਦਫ਼ਤਰਾਂ ਦੇ ਚੱਕਰ ਮਾਰਦੇ ਫਿਰਦੇ ਹਨ । ਜਦੋਂ ਸਰਟੀਫਿਕੇਟ ਬਣਾਉਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਮੈਂ ਕਹਿੰਦਾ ਹਾਂ ਕਿ ਬਜਟ ਵਿਚ ਫੰਡਜ਼ ਦੀ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਜ਼ਿਆਦਾ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਨੂੰ ਹੋਰ ਵੀ ਵੱਧ ਰਿਆਇਤਾਂ ਦੇਣੀਆਂ ਚਾਹੀਦੀਆਂ ਹਨ । ਉਨ੍ਹਾਂ ਨੂੰ ਕਾਗਜ਼-ਪੱਤਰ ਤਿਆਰ ਕਰਨ ਵਾਸਤੇ ਕੋਈ ਅੜਿੱਕਾ ਨਹੀਂ ਆਉਣਾ ਚਾਹੀਦਾ ਇਹ ਸਕੀਮ ਬਹੁਤ ਵਧੀਆ ਹੈ ਪਰ ਇਸ ਨੂੰ ਚੰਗੇ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਗਰੀਬਾਂ ਨੂੰ ਇਸ ਦਾ ਫਾਇਦਾ ਹੋ ਸਕੇ ।

ਇਸ ਤੋਂ ਇਲਾਵਾ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ ਅੰਬੇਦਕਰ ਭਵਨ ਬਣਾਏ ਗਏ ਸਨ । ਸਾਰੇ ਪੰਜਾਬ ਦੇ ਡਿਸਟ੍ਰਿਕਟ ਹੈਡ-ਕੁਆਰਟਰਜ਼ ਵਿਚ ਅੰਬੇਦਕਰ ਭਵਨ ਬਣਾਉਣ ਵਾਸਤੇ ਪੈਸੇ ਵੀ ਦਿੱਤੇ ਗਏ ਹਨ । ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ ਆਦਿ ਜ਼ਿਲ੍ਹਿਆਂ ਵਿਚ ਡਿਸਟ੍ਰਿਕਟ ਹੈਡ-ਕੁਆਰਟਰਾਂ ਤੇ ਅੰਬੇਦਕਰ ਭਵਨ ਬਣਾਉਣ ਵਾਸਤੇ ਪੈਸੇ ਦਿੱਤੇ ਗਏ ਹਨ ਪਰ ਉਥੇ ਫਿਰ ਵੀ ਕੋਈ ਤਵੱਜੋਂ ਨਹੀਂ ਦਿੱਤੀ ਜਾ ਰਹੀ । ਉਥੇ ਬਿਲਡਿੰਗਾਂ ਕਦੋਂ ਬਣਨਗੀਆਂ ? ਕਿਨ੍ਹਾਂ ਗੱਲਾਂ ਕਰਕੇ ਉਥੇ ਬਿਲਡਿੰਗਾਂ ਨਹੀਂ ਬਣ ਰਹੀਆਂ । ਬਿਲਡਿੰਗਾਂ ਬਣਾਉਣ ਸਬੰਧੀ ਸਕੀਮਾਂ ਲਾਗੂ ਹੋਣੀਆਂ ਚਾਹੀਦੀਆਂ ਹਨ । ਇਨ੍ਹਾਂ ਲੋਕਾਂ ਸਬੰਧੀ ਹੋਰ ਵੀ ਸਕੀਮਾਂ ਬਣਾਉਣੀਆਂ ਚਾਹੀਦੀਆਂ ਹਨ । ਇਸ ਕਰਕੇ ਅੰਬੇਦਕਰ ਭਵਨ ਜਲਦੀ ਤੋਂ ਜਲਦੀ ਬਣਾਉਣੇ ਚਾਹੀਦੇ ਹਨ । ਇਹ ਸਕੀਮਾਂ ਹੇਠਲੇ ਲੈਵਲ ਤੱਕ ਭੇਜਣੀਆਂ ਚਾਹੀਦੀਆਂ ਹਨ । ਅੱਜ 25 ਤਹਿਸੀਲਾਂ ਵਿਚ ਭਲਾਈ ਅਫ਼ਸਰ ਨਹੀਂ ਹਨ । ਇਕ ਪਾਸੇ ਤਾਂ ਅਸੀਂ ਸਕੀਮਾਂ ਬਣਾਉਣ ਦੀ ਗੱਲ ਕਰਦੇ ਹਾਂ ਪਰ ਦੂਜੇ ਪਾਸੇ ਨਾ ਤਾਂ ਫੰਡਜ਼ ਸਮੇਂ ਸਿਰ ਪਹੁੰਚਦੇ ਹਨ ਅਤੇ ਜੇ ਪਹੁੰਚਦੇ ਵੀ ਹਨ ਤਾਂ ਉਨ੍ਹਾਂ ਦੀ ਸੁਚਾਰੂ ਰੂਪ ਵਿਚ ਵਰਤੋਂ ਨਹੀਂ ਹੁੰਦੀ ਅਤੇ ਨਾ ਹੀ ਇਹ ਫੰਡਜ਼ ਲੋਕਾਂ ਤੱਕ ਠੀਕ ਢੰਗ ਨਾਲ ਪਹੁੰਚਦੇ ਹਨ । ਜੇ ਅਸੀਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਸਤੇ ਗੱਲਾਂ ਕਰਦੇ ਹਾਂ ਤਾਂ ਭਲਾਈ ਵਿਭਾਗ ਦੇ ਦਫ਼ਤਰਾਂ ਵਿਚ ਅਫ਼ਸਰ, ਮੁਲਾਜ਼ਮ ਅਤੇ ਹੋਰ ਕਰਮਚਾਰੀ ਵੀ ਪੂਰੇ ਹੋਣੇ ਚਾਹੀਦੇ ਹਨ । ਜੇ ਅਫ਼ਸਰ ਮੁਲਾਜ਼ਮ ਅਤੇ ਕਰਮਚਾਰੀ ਨਹੀਂ ਹੋਣਗੇ ਤਾਂ ਇਹ ਸਕੀਮਾਂ ਕਿਸ ਤਰ੍ਹਾਂ ਲਾਗੂ ਹੋਣਗੀਆਂ ? ਇਹ ਸਕੀਮਾਂ ਲੋਕਾਂ ਤੱਕ ਕਿਸ ਤਰ੍ਹਾਂ ਪਹੁੰਚਣਗੀਆਂ ? ਜਿਹੜੀਆਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਬਸਤੀਆਂ ਹਨ, ਉਥੇ ਹਰ ਰੋਜ਼ ਸਾਡੇ ਅਫ਼ਸਰ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ

ਜੋ ਮੁਸ਼ਕਲ ਆਉਂਦੀ ਹੈ, ਉਹ ਹੱਲ ਹੋਣੀ ਚਾਹੀਦੀ ਹੈ। ਜੇ ਅਸੀਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਬਰਾਬਰਤਾ ਲਿਆਉਣਾ ਚਾਹੁੰਦੇ ਹਾਂ ਤਾਂ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ।

ਇਸੇ ਤਰ੍ਹਾਂ ਸਰਕਾਰ ਨੇ ਪਲਾਨ ਅਤੇ ਨਾਨ-ਪਲਾਨ ਵਿਚ 193 ਕਰੋੜ ਰੁਪਿਆ ਇਨ੍ਹਾਂ ਲੋਕਾਂ ਵਾਸਤੇ ਦਿੱਤਾ ਹੈ ਪਰ ਇਸ ਵਿਚੋਂ ਸਿਰਫ 26 ਪਰਸੈਂਟ ਹੀ ਖਰਚ ਕੀਤਾ ਗਿਆ ਹੈ। ਬਾਕੀ ਪੈਸੇ ਖਰਚ ਨਹੀਂ ਕੀਤੇ ਗਏ। ਮੈਂ ਕਹਾਂਗਾ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ। ਬਜਟ ਵਿਚ ਪੈਸੇ ਤਾਂ ਰੱਖ ਦਿੱਤੇ ਕਿ ਅਸੀਂ ਉਨ੍ਹਾਂ ਤੇ ਖਰਚ ਕਰਾਂਗੇ ਪਰ ਖਰਚ ਸਿਰਫ 26% ਹੀ ਕੀਤਾ ਗਿਆ ਹੈ। ਇਸੇ ਤਰ੍ਹਾਂ ਸਪੈਸ਼ਲ ਕੰਪੋਨੈਂਟ ਸਕੀਮ ਅਧੀਨ 202 ਕਰੋੜ ਰੁਪਿਆ ਰੱਖਿਆ ਗਿਆ ਸੀ ਪਰ ਬਾਅਦ ਵਿਚ ਰਿਵਾਈਜ਼ ਕਰਕੇ ਸਿਰਫ 82 ਕਰੋੜ ਕਰ ਦਿੱਤਾ। ਉਸ ਵਿਚੋਂ ਵੀ ਸਿਰਫ 6% ਹੀ ਖਰਚ ਕੀਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਨਹੀਂ ਹੋ ਸਕਦੀ। ਜਿੰਨਾ ਪੈਸਾ ਬਜਟ ਵਿਚ ਰੱਖਿਆ ਗਿਆ ਹੈ, ਉਹ ਖਰਚ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਤੋਂ ਇਲਾਵਾ ਹੋਰ ਵੀ ਪੈਸਾ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਸਰਕਾਰ ਗਰੀਬਾਂ ਦਾ ਜੀਵਨ ਪੱਧਰ ਉਚਾ ਕਰ ਸਕੇ ਅਤੇ ਲੋਕਾਂ ਨੂੰ ਪਤਾ ਲਗ ਸਕੇ ਕਿ ਸਰਕਾਰ ਅੰਦਰ ਉਨ੍ਹਾਂ ਪ੍ਰਤੀ ਦਰਦ ਹੈ।

ਇਸੇ ਤਰ੍ਹਾਂ ਵਾਟਰ ਬੋਰਨ ਲੈਟਰੀਨ ਸਕੀਮ ਸ਼ੁਰੂ ਕੀਤੀ ਗਈ ਹੈ। ਇਹ ਸਕੀਮ ਸਾਡੀ ਸਰਕਾਰ ਵੇਲੇ ਸ਼ੁਰੂ ਹੋਈ ਸੀ। ਉਸ ਤੋਂ ਬਾਅਦ ਸਰਦਾਰ ਬਾਦਲ ਦੀ ਸਰਕਾਰ ਆਈ। ਸਾਡੀ ਸਰਕਾਰ ਨੇ ਪਿੰਡਾਂ ਵਿਚ ਵਾਟਰ ਬੋਰਨ ਲੈਟਰੀਨ ਸਕੀਮ ਐਸ. ਸੀ. ਦੇ ਘਰਾਂ ਵਿਚ ਲਾਗੂ ਕਰਨ ਲਈ ਟੀਚਾ ਮਿਥਿਆ ਸੀ। ਅਸੀਂ ਪੈਸੇ ਵੀ ਭੇਜ ਦਿੱਤੇ ਸਨ ਪਰ ਸਰਕਾਰ ਬਦਲ ਗਈ। ਪਿੰਡਾਂ ਦੇ ਸੈਕਟਰੀਆਂ ਤੋਂ ਮਤੇ ਪੁਆਏ ਗਏ ਸਨ ਕਿ ਇਨ੍ਹਾਂ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਘਰਾਂ ਵਿਚ ਲੈਟਰੀਨਾਂ ਬਣਾਉਣੀਆਂ ਹਨ। ਅਸੀਂ ਪੈਸਾ ਮਨਜ਼ੂਰ ਕਰ ਦਿਤਾ ਪਰ ਫਿਰ ਇਨ੍ਹਾਂ ਦੀ ਸਰਕਾਰ ਆ ਗਈ। ਇਨ੍ਹਾਂ ਦੀ ਸਰਕਾਰ ਨੇ ਸਾਡੇ ਪੁਆਏ ਮਤੇ ਰੱਦ ਕਰਵਾ ਕੇ ਸੈਕਟਰੀਆਂ ਤੋਂ ਨਵੇਂ ਮਤੇ ਪੁਆਏ। ਅਨੁਸੂਚਿਤ ਜਾਤੀਆਂ ਦੇ ਲੋਕਾਂ ਵਿਚ ਵੀ ਇਨ੍ਹਾਂ ਨੇ ਇਸ ਤਰ੍ਹਾਂ ਵੱਖਵਾਦ ਅਤੇ ਪੱਖਪਾਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੇ ਸਾਡੇ ਮਤੇ ਰੱਦ ਕਰਵਾਏ। ਹਾਲਾਂ ਕਿ ਪੈਸਾ ਸਾਡਾ ਮਨਜ਼ੂਰ ਕੀਤਾ ਹੋਇਆ ਸੀ ਪਰ ਚਲੋ ਕੋਈ ਗੱਲ ਨਹੀਂ ਪਰ ਅਨੁਸੂਚਿਤ ਜਾਤੀਆਂ ਦੇ ਘਰਾਂ ਵਿਚ ਲੈਟਰੀਨਾਂ ਬਣਾ ਕੇ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਇਹ ਲੈਟਰੀਨਾਂ ਬਣਾ ਕੇ ਨਹੀਂ ਦਿੱਤੀਆਂ ਜਾ ਰਹੀਆਂ। ਉਨ੍ਹਾਂ ਨਾਲ ਜ਼ਿਆਦਤੀਆਂ ਹੋ ਰਹੀਆਂ ਹਨ।

ਇਸੇ ਤਰ੍ਹਾਂ, ਮੈਂ ਰੂੜੀਆਂ ਦੀ ਗੱਲ ਕਰਨੀ ਚਾਹੁੰਦਾ ਹਾਂ। ਇਹ ਬੜੀ ਅਹਿਮ ਗੱਲ ਹੈ। ਜੇ ਅਸੀਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣਾ

[ਡਾਕਟਰ ਹਰਬੰਸ ਲਾਲ]

ਚਾਹੁੰਦੇ ਹਾਂ ਤਾਂ ਇਨ੍ਹਾਂ ਨੂੰ ਗੰਦ ਵਿਚੋਂ ਕੱਢਣਾ ਬਹੁਤ ਜ਼ਰੂਰੀ ਹੈ। ਅਸੀਂ ਉਨ੍ਹਾਂ ਨੂੰ ਗੰਦ ਵਿਚੋਂ ਤਾਂ ਹੀ ਬਾਹਰ ਕੱਢ ਸਕਦੇ ਹਾਂ, ਜੇਕਰ ਅਸੀਂ ਉਨ੍ਹਾਂ ਨੂੰ ਪਿੰਡ ਦੇ ਬਾਹਰ ਦੋ-ਦੋ ਮਰਲੇ ਜਗ੍ਹਾ ਗੰਦ ਸੁੱਟਣ ਵਾਸਤੇ ਦੇ ਦੇਈਏ। ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਉਨ੍ਹਾਂ ਵਾਸਤੇ ਵਾਕਿਆ ਹੀ ਕੁਝ ਕਰਨਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ 2-2 ਮਰਲੇ ਜਗ੍ਹਾ ਗੰਦ ਸੁੱਟਣ ਵਾਸਤੇ ਜ਼ਰੂਰ ਦੇਣੀ ਚਾਹੀਦੀ ਹੈ। ਇਸ ਤਰ੍ਹਾਂ 50% ਖਰਚਾ ਆਪ ਹੀ ਘੱਟ ਜਾਵੇਗਾ। ਪਿੰਡਾਂ ਵਿਚ ਸ਼ਾਮਲਾਟ ਅਤੇ ਲਾਲ ਲਕੀਰਾਂ ਵਾਲੀਆਂ ਜ਼ਮੀਨਾਂ ਵੀ ਪਈਆਂ ਹਨ ਅਤੇ ਇਸ ਤੋਂ ਇਲਾਵਾ ਐਸ. ਸੀਜ਼ ਦੇ ਹਿੱਸੇ ਦੀਆਂ ਜ਼ਮੀਨਾਂ ਵੀ ਪਈਆਂ ਹਨ। ਜੇ ਸਰਕਾਰ ਅੰਦਰ ਦਰਦ ਹੈ ਅਤੇ ਜੇ ਸਰਕਾਰ ਮਨ ਬਣਾ ਲਵੇ ਤਾਂ ਉਨ੍ਹਾਂ ਲੋਕਾਂ ਨੂੰ ਬਹੁਤ ਫਾਇਦਾ ਹੋ ਸਕਦਾ ਹੈ। ਪਿਛਲੇ ਸਮੇਂ ਵਿੱਚ ਇਕ ਸਕੀਮ ਬਣਾਈ ਸੀ ਕਿ ਪਿੰਡ ਦੀ ਜ਼ਮੀਨ ਖਰੀਦ ਕੇ ਉਨ੍ਹਾਂ ਨੂੰ ਦੋ-ਦੋ ਮਰਲੇ ਵੰਡਣਗੇ ਤਾਂ ਕਿ ਉਹ ਆਪਣਾ ਗੰਦ ਜਾਂ ਕੂੜਾ ਕਰਕਟ ਉਥੇ ਸੁੱਟ ਸਕਣ। ਮਗਰ ਉਸ ਦੇ ਬਾਰੇ ਹੁਣ ਨਾ ਕੋਈ ਗੱਲ ਨਾ ਕੋਈ ਬਾਤ। ਇਸ ਸਕੀਮ ਅਧੀਨ ਜਦੋਂ ਕੂੜਾ ਕਰਕਟ ਦੂਰ ਸੁੱਟਿਆ ਜਾਵੇਗਾ ਤਾਂ ਉਨ੍ਹਾਂ ਦਾ ਰਹਿਣ ਸਹਿਣ ਵੀ ਚੰਗਾ ਹੋਵੇਗਾ, ਪੜ੍ਹਾਈ ਵੱਲ ਵੀ ਉਹ ਧਿਆਨ ਦੇਣਗੇ ਔਰ ਆਪਣੇ ਸਰੀਰ ਦੀ ਸੰਭਾਲ ਵੀ ਉਹ ਕਰਨਗੇ। ਬੱਚਿਆਂ ਦੀ ਸਿਹਤ ਅੱਛੀ ਹੋਵੇਗੀ, ਇਹ ਸਾਰੀਆਂ ਗੱਲਾਂ ਇਸ ਦੇ ਨਾਲ ਹੀ ਨਿਰ-ਭਰ ਕਰਦੀਆਂ ਹਨ। ਹੈਲਥ ਚੰਗੀ ਹੋਵੇਗੀ, ਐਜੂਕੇਸ਼ਨ ਹੋਵੇਗੀ ਔਰ ਉਹ ਸਾਰੇ ਲੋਕ ਬੜੀ ਸਫ਼ਾਈ ਔਰ ਸੰਜੀਦਗੀ ਨਾਲ ਰਹਿਣਗੇ। ਇਨ੍ਹਾਂ ਲੋਕਾਂ ਵਾਸਤੇ ਬਾਹਰੋਂ ਜ਼ਮੀਨ ਲੈ ਕੇ, ਚਾਹੇ ਪੰਚਾਇਤ ਕੋਲੋਂ ਹੀ ਲਈ ਜਾਵੇ, ਲੈ ਕੇ ਇਨ੍ਹਾਂ ਨੂੰ ਦਿੱਤੀ ਜਾਵੇ। ਪਿਛੇ ਦੇਖਿਆ ਹੈ ਕਿ ਪੰਚਾਇਤਾਂ ਦੀਆਂ ਜਿਹੜੀਆਂ ਜ਼ਮੀਨਾਂ ਹਨ ਵਾਹੁਣ ਵਾਸਤੇ, ਉਸ ਦੀ ਵਾਹੀ ਵਾਸਤੇ ਉਹ ਲੋਕ ਪੈਸਾ ਖਰਚ ਕਰਦੇ ਸੀ। ਪਿਛੇ ਜਾਇੰਟ ਡਾਇਰੈਕਟਰ, ਕੰਸੋਲੀਡੇਸ਼ਨ ਨੇ ਪਿੰਡਾਂ ਦੇ ਲੋਕਾਂ ਤੋਂ ਅਰਜ਼ੀਆਂ ਲੈ ਕੇ ਉਹ ਜ਼ਮੀਨਾਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਇਸ ਬਾਰੇ ਸੈਸ਼ਨ ਵਿਚ ਵੀ ਬੜਾ ਰੌਲਾ ਪਿਆ ਸੀ, ਇਹ ਮਸਲਾ ਇਥੇ ਉਠਾਇਆ ਸੀ ਕਿ ਕਿਸ ਤਰ੍ਹਾਂ ਦੇ ਨਾਲ ਉਥੇ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਾਰਿਆ ਕੁੱਟਿਆ ਗਿਆ। ਉਨ੍ਹਾਂ ਤੇ ਬੜੇ ਤਸ਼ੱਦਦ ਹੋਏ। ਮੇਰੇ ਹਲਕੇ ਵਿਚ ਪੀਰਜਨ ਪਿੰਡ ਹੈ। ਇਸ ਜ਼ਮੀਨ ਦੇ ਮਸਲੇ ਨੂੰ ਲੈ ਕੇ ਕਾਫੀ ਰੌਲਾ ਪਿਆ ਹੈ। ਉਥੇ ਪੰਚਾਇਤ ਦੀ ਜ਼ਮੀਨ ਤੇ ਇੰਦਰਾ ਆਵਾਸ ਯੋਜਨਾ ਦੇ ਅਧੀਨ ਉਨ੍ਹਾਂ ਲੋਕਾਂ ਲਈ ਬਣਾਏ ਹੋਏ ਮਕਾਨ, ਜ਼ਿੰਮੀਂਦਾਰ ਭਰਾਵਾਂ ਨੇ ਟਰੈਕਟਰਾਂ ਨਾਲ ਢਾਹੇ। ਐਡਮਨਿਸਟ੍ਰੇਸ਼ਨ ਦੇ ਪਰੈਸ਼ਰ ਦੇ ਉਤੇ ਇਹ ਸਾਰਾ ਕੁਝ ਹੋਇਆ। ਜਦੋਂ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਮਕਾਨ ਬਣਾ ਕੇ ਦਿੱਤੇ ਹੁਣ ਸਰਕਾਰ ਨੇ ਹੀ ਉਸ ਨੂੰ ਢਾਹਿਆ ਤਾਂ ਕਿੱਥੋਂ ਉਨ੍ਹਾਂ ਲੋਕਾਂ ਦਾ ਭਲਾ ਕਰ ਸਕਦੇ ਹਾਂ। ਲਗਾਤਾਰ ਉਨ੍ਹਾਂ ਲੋਕਾਂ ਨੇ ਮੁਜ਼ਾਹਰੇ ਕੀਤੇ ਔਰ ਲਗਾਤਾਰ ਉਨ੍ਹਾਂ ਤੇ 6 ਮਹੀਨੇ ਤਸ਼ੱਦਦ ਹੁੰਦਾ ਰਿਹਾ। ਉਹ ਆਪਣੇ ਹੱਕ ਮੰਗਦੇ ਸੀ। ਜੋ ਉਨ੍ਹਾਂ ਦੇ ਆਪਣੇ ਹੱਕ ਹਨ, ਉਹ ਵੀ ਉਨ੍ਹਾਂ ਨੂੰ ਨਹੀਂ ਮਿਲ ਰਹੇ ਤਾਂ ਕੀ ਸਰਕਾਰ ਉਨ੍ਹਾਂ ਦੀ ਬਿਹ-ਤਰੀ ਕਰੇਗੀ? ਉਸ ਤੋਂ ਬਾਅਦ ਜੋ ਨੁਕਸਾਨ ਮਕਾਨ ਢਹਿਣ ਨਾਲ ਉਨ੍ਹਾਂ ਦਾ ਹੋਇਆ, ਉਸ ਬਾਰੇ ਡਿਪਟੀ ਕਮਿਸ਼ਨਰ ਨੇ ਅਰਜ਼ੀਆਂ ਮੰਗੀਆਂ ਕਿ ਜੋ ਕਿਸ ਦਾ ਨੁਕਸਾਨ

ਹੋਇਆ ਹੈ, ਉਸ ਬਾਰੇ ਅਰਜ਼ੀ ਦਿਓ ਲੇਕਿਨ ਉਨ੍ਹਾਂ ਅਰਜ਼ੀਆਂ ਤੇ ਮੁੜ ਕੇ ਕੋਈ ਕਾਰਵਾਈ ਨਹੀਂ ਹੋਈ । ਇਸੇ ਤਰ੍ਹਾਂ ਜਿਹੜੀਆਂ ਮਕਾਨ ਲੈਣ ਲਈ ਅਰਜ਼ੀਆਂ ਥੱਲੇ ਭੇਜਦੇ ਹਾਂ, ਥੱਲੇ ਮਿਲੀਭੁਗਤ ਨਾਲ ਜਿਨ੍ਹਾਂ ਦੇ ਪੱਕੇ ਮਕਾਨ ਹਨ, ਉਹ ਸ਼ੋਅ ਨਾ ਕਰਕੇ, ਕੱਚੇ ਦਿਖਾ ਕੇ ਪੈਸੇ ਬਾਹਰੋਂ ਬਾਹਰ ਹੀ ਖਾਏ ਜਾਂਦੇ ਹਨ । ਅਗਰ ਇਸ ਤਰ੍ਹਾਂ ਦੀਆਂ ਗੱਲਾਂ ਹੋਣਗੀਆਂ ਤਾਂ ਲੋਕਾਂ ਦਾ ਸਹੀ ਫਾਇਦਾ ਕਿਸ ਤਰ੍ਹਾਂ ਹੋਵੇਗਾ । ਮੇਰੇ ਹਲਕੇ ਵਿਚ ਇਕ ਪਿੰਡ ਹਿੰਦੂਪੁਰ ਹੈ, ਉਥੇ ਪੱਕੇ ਮਕਾਨ ਦੇਣ ਦੀ ਸ਼ਿਕਾਇਤ ਥੱਲੇ ਦਫਤਰ ਵਿੱਚ ਗਈ, ਪਰ ਕੋਈ ਕਾਰਵਾਈ ਨਹੀਂ ਹੋਈ । ਲੋਹਾਖੇੜੀ ਪਿੰਡ ਮੇਰੇ ਹਲਕੇ ਵਿੱਚ ਹੈ, ਉਥੇ ਪੱਕੇ ਮਕਾਨਾਂ ਨੂੰ ਕੱਚੇ ਸ਼ੋਅ ਕਰਕੇ ਪੈਸੇ ਲੈ ਲਏ ਔਰ ਗਰੀਬਾਂ ਦਾ ਪੈਸਾ ਗਰੀਬਾਂ ਨੂੰ ਨਹੀਂ ਪਹੁੰਚਿਆ ਤਾਂ ਇਸ ਤਰ੍ਹਾਂ ਉਨ੍ਹਾਂ ਦਾ ਭਲਾ ਕਿਥੋਂ ਹੋਵੇਗਾ । ਜੇਕਰ ਇਸ ਤਰ੍ਹਾਂ ਹੀ ਗਰੀਬਾਂ ਦਾ ਪੈਸਾ ਖਾਵਾਂਗੇ, ਔਰ ਜਿਨ੍ਹਾਂ ਨੂੰ ਪੈਸਾ ਮਿਲਣਾ ਚਾਹੀਦਾ ਹੈ, ਉਨ੍ਹਾਂ ਨੂੰ ਮਿਲੇਗਾ ਨਹੀਂ ਤਾਂ ਉਨ੍ਹਾਂ ਲੋਕਾਂ ਦਾ ਭਲਾ ਨਹੀਂ ਹੋ ਸਕੇਗਾ । ਜਿਸ ਵਾਸਤੇ ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ, ਉਹ ਕੰਮ ਕਿਸ ਤਰ੍ਹਾਂ ਕਰਾਂਗੇ । ਮੈਂ ਰੂੜੀਆਂ ਵਾਲੀ ਗੱਲ ਕਰਕੇ ਹੱਟਦਾ ਹਾਂ । ਆਪਣੇ ਸ਼ਡਿਊਲਡ ਕਾਸਟ ਲੋਕਾਂ ਨੂੰ 30 ਪ੍ਰਤੀਸ਼ਤ ਪੰਚਾਇਤੀ ਜ਼ਮੀਨ ਵਾਹੁਣ ਵਾਸਤੇ ਹਿੱਸਾ ਦਿੱਤਾ ਜਾਂਦਾ ਹੈ ਔਰ ਇਸ ਵਿਚ ਦੂਸਰੀ ਜਾਤ ਦੇ ਲੋਕ ਵੀ ਚਾਹੁੰਦੇ ਹਨ ਕਿ ਅਸੀਂ ਵਾਹੀਏ ਉਥੇ ਉਨ੍ਹਾਂ ਲੋਕਾਂ ਨੂੰ ਟਰੈਕਟਰ ਨਹੀਂ ਦਿੱਤੇ ਜਾਂਦੇ ਤਾਂ ਕਿ ਉਨ੍ਹਾਂ ਨੂੰ ਹਰਾਸ ਕਰੀਏ ਕਿ ਉਹ ਵਾਹੀ ਬੰਦ ਕਰ ਦੇਣ ਔਰ ਇਸ ਤਰ੍ਹਾਂ ਉਹ ਪਿਛੇ ਰਹਿ ਜਾਂਦੇ ਹਨ । ਜਿਹੜਾ ਉਨ੍ਹਾਂ ਦਾ ਹਿੱਸਾ ਬਣਦਾ ਹੈ, ਉਸ ਵਿਚੋਂ ਵੀ ਉਨ੍ਹਾਂ ਨੂੰ ਉਹ ਵਾਹੁਣ ਨਹੀਂ ਦਿੱਤਾ ਜਾਂਦਾ । ਉਹ ਇਸ ਸਬੰਧ ਵਿਚ ਸ਼ਿਕਾਇਤਾਂ ਲੈ ਕੇ ਆਉਂਦੇ ਹਨ ਲੇਕਿਨ ਉਸ ਦੀ ਇਨਕੁਆਇਰੀ ਵੀ ਪੱਖਪਾਤੀ ਰਵੱਈਏ ਨਾਲ ਹੁੰਦੀ ਹੈ । ਉਸ ਇਨਕੁਆਇਰੀ ਨੂੰ ਤਰੀਕੇ ਨਾਲ ਕਰਨਾ ਚਾਹੀਦਾ ਹੈ, ਘੋਖ ਕਰਕੇ ਜੋ ਹੱਕ ਉਨ੍ਹਾਂ ਦਾ ਬਣਦਾ ਹੈ, ਉਹ ਮਿਲਣਾ ਚਾਹੀਦਾ ਹੈ, ਜੇਕਰ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਵੇ ਤਾਂ ਹੀ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਭਲਾ ਅਸੀਂ ਕਰ ਸਕਦੇ ਹਾਂ । ਸਾਡੇ ਵੇਲੇ ਆਨ ਜਾਬ ਟਰੇਨਿੰਗ ਵਿੱਚ ਵਿਦਿਆਰਥੀਆਂ ਨੂੰ, ਮੁੰਡਿਆਂ ਨੂੰ ਫੈਕਟਰੀਆਂ ਵਿੱਚ, ਇੰਡਸਟਰੀਆਂ ਵਿੱਚ ਭੇਜ ਕੇ ਉਨ੍ਹਾਂ ਨੂੰ ਟਰੇਨਿੰਗ ਦਿੰਦੇ ਸੀ, ਤਾਂ ਕਿ ਕੰਮ ਸਿੱਖਣ ਤੋਂ ਬਾਅਦ, ਉਹ ਕਰਜ਼ਾ ਲੈ ਕੇ ਆਪਣਾ ਕੰਮ ਕਰਨ ਅਤੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ । ਉਨ੍ਹਾਂ ਨੂੰ ਅਸੀਂ ਨੌਕਰੀ ਵੀ ਦਿੰਦੇ ਸੀ, ਹੁਣ ਉਨ੍ਹਾਂ ਦੇ ਵਾਸਤੇ ਕੋਈ ਪ੍ਰੋਗਰਾਮ ਨਹੀਂ ਰੱਖਿਆ ਗਿਆ ; ਜੇਕਰ ਉਨ੍ਹਾਂ ਲੋਕਾਂ ਨੂੰ ਪੈਰਾਂ ਤੇ ਖੜ੍ਹੇ ਨਹੀਂ ਕਰ ਸਕਦੇ ਤਾਂ ਕਿਥੋਂ ਉਹ ਲੋਕ ਆਪਣਾ ਜੀਵਨ ਨਿਰਬਾਹ ਕਰਨਗੇ ।

ਇਸੇ ਤਰ੍ਹਾਂ ਬਸਤੀਆਂ ਦੇ ਵਿੱਚ ਸਾਡੇ ਵੇਲੇ ਜੋ ਗਰੀਬ ਔਰਤਾਂ ਘਰਾਂ ਦੇ ਵਿੱਚ ਗੋਹਾਕੂੜਾ ਕਰਨ ਜਾਂਦੀਆਂ ਸਨ, ਉਹ ਆਪਣੇ ਬੱਚਿਆਂ ਨੂੰ ਕਰੈਚ ਦੇ ਅੰਦਰ ਛੱਡ ਜਾਂਦੀਆਂ ਸਨ । ਕਰੈਚਾਂ ਵਿਚ ਬੱਚਿਆਂ ਦਾ ਖਿਆਲ ਰੱਖਿਆ ਜਾਂਦਾ ਸੀ, ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਿਆ ਜਾਂਦਾ ਸੀ । ਰਾਤ ਨੂੰ ਕੰਮ ਕਰਕੇ ਜਦੋਂ ਵਾਪਸ

[ਡਾਕਟਰ ਹਰਬੰਸ ਲਾਲ]

ਜਾਂਦੀਆਂ ਸਨ ਤਾਂ ਆਪਣ ਬੱਚਿਆਂ ਨੂੰ ਨਾਲ ਲੈ ਜਾਂਦੀਆਂ ਸਨ, ਹੁਣ ਉਨ੍ਹਾਂ ਕਰੈਚਾਂ ਦੇ ਸਿਸਟਮ ਨੂੰ ਬੰਦ ਕਰ ਦਿੱਤਾ ਹੈ। ਉਹ ਖੁਦ ਹੀ ਕੰਮ ਕਰਦੀਆਂ ਹਨ ਅਤੇ ਆਪ ਹੀ ਬੱਚਿਆਂ ਦੀ ਸਾਂਭ ਸੰਭਾਲ ਕਰਦੀਆਂ ਹਨ। ਤੀਸਰਾ, ਗਰੀਬ ਵਰਗ ਦੇ ਲੋਕਾਂ ਲਈ ਕੇਂਦਰ ਤੋਂ ਸਪੈਸ਼ਲ ਸੈਂਟਰਲ ਅਸਿਸਟੈਂਸ ਦੇ ਅਧੀਨ 14 ਕਰੋੜ ਰੁਪਿਆ ਮਨਜੂਰ ਹੋਇਆ ਸੀ ਔਰ 7 ਕਰੋੜ ਰੁਪਿਆ ਆਇਆ ਸੀ ... ਜੋ ਇਹ 7 ਕਰੋੜ ਰੁਪਿਆ ਆਇਆ ਹੈ, ਇਸ ਦੇ ਬਾਰੇ ਵੀ ਕੋਈ ਪਤਾ ਨਹੀਂ ਲੱਗ ਰਿਹਾ ਕਿ ਇਹ ਕਿਥੇ ਖਰਚ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਦੇ ਵਿਚ 17 ਹਜ਼ਾਰ ਧਰਮਸ਼ਾਲਾਵਾਂ ਹਨ। ਉਥੇ ਸਾਰਾ ਬੰਦੋਬਸਤ ਕੀਤਾ ਜਾਣਾ ਚਾਹੀਦਾ ਹੈ, ਉਥੇ ਪੀਣ ਦਾ ਪਾਣੀ ਹੋਵੇ, ਬੈਠਣ ਦੇ ਲਈ ਜਗ੍ਹਾ ਠੀਕ ਹੋਵੇ, ਬਿਜਲੀ ਹੋਵੇ, ਕੋਈ ਛੱਤ ਨਾ ਚੋਂਦੀ ਹੋਵੇ ਕਿਉਂਕਿ ਉਥੇ ਸਾਰੇ ਲੋਕਾਂ ਨੇ ਰਲ ਮਿਲ ਕੇ ਬੈਠਣਾ ਹੁੰਦਾ ਹੈ, ਲੇਕਿਨ ਇਸ ਸਰਕਾਰ ਨੇ ਇਨ੍ਹਾਂ ਧਰਮਸ਼ਾਲਾਵਾਂ ਦੇ ਲਈ ਸਿਰਫ 60 ਲੱਖ ਰੁਪਿਆ ਰੱਖਿਆ ਹੈ। ਜੇਕਰ ਇਕ ਧਰਮਸ਼ਾਲਾ ਦੇ ਉਤੇ ਰਿਪੇਅਰ ਦਾ ਖਰਚਾ 25 ਹਜ਼ਾਰ ਰੁਪਿਆ ਲਾ ਲਈਏ ਤਾਂ ਇਸ ਦੇ ਨਾਲ ਤਾਂ ਸਿਰਫ 240 ਧਰਮਸ਼ਾਲਾਵਾਂ ਹੀ ਰਿਪੇਅਰ ਹੋ ਸਕਦੀਆਂ ਹਨ। ਕਿਥੇ 17 ਹਜ਼ਾਰ ਧਰਮਸ਼ਾਲਾਵਾਂ ਹਨ। ਇਨ੍ਹਾਂ ਧਰਮਸ਼ਾਲਾਵਾਂ ਦੇ ਲਈ ਬਜਟ ਦੇ ਵਿੱਚ ਜ਼ਿਆਦਾ ਪੈਸੇ ਦੀ ਪ੍ਰੋਵੀਜ਼ਨ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਉਥੇ ਲੋਕ ਵਿਆਹ ਵੇਲੇ, ਬਰਾਤਾਂ ਲੈ ਕੇ ਅਤੇ ਹੋਰ ਦੁੱਖ ਸੁੱਖ ਦੇ ਵਿੱਚ ਰਲ ਮਿਲ ਕੇ ਬੈਠਦੇ ਹਨ। ਇਸ ਚੰਗੀ ਸਕੀਮ ਦੇ ਲਈ ਸਰਕਾਰ ਨੂੰ ਜ਼ਿਆਦਾ ਪੈਸੇ ਦੇਣੇ ਚਾਹੀਦੇ ਹਨ।

ਇਸੇ ਤਰ੍ਹਾਂ ਇਕ ਸਕੀਮ ਪੀਲੇ ਕਾਰਡ ਹੋਲਡਰਾਂ ਦੀ ਸੀ ਜਿਸ ਦੇ ਰਾਹੀਂ ਲੋਕਾਂ ਨੂੰ ਪੈਸੇ ਦਿੱਤੇ ਜਾਂਦੇ ਸਨ। ਇਹ ਸਾਡੀ ਸਰਕਾਰ ਨੇ ਚਾਲੂ ਕੀਤੀ ਸੀ ਪਰ ਇਨ੍ਹਾਂ ਨੇ ਤਾਂ ਇਸ ਨੂੰ ਬੰਦ ਹੀ ਕਰ ਦਿੱਤਾ ਹੈ। ਇਨ੍ਹਾਂ ਦਾ ਬਜਟ ਤਾਂ ਮੈਨੂੰ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ ਚਾਹੇ ਹਲਵਾਈਆਂ ਦੇ ਉਤੇ ਟੈਕਸ ਲਾ ਲਵੇ, ਚਾਹੇ ਤੇਲ ਦੇ ਉਤੇ ਟੈਕਸ ਲਾ ਲਵੇ। ਮੈਨੂੰ ਪਤਾ ਲੱਗਾ ਹੈ ਕਿ ਇੰਡਸਟਰੀ ਤੇ ਵੀ ਟੈਕਸ ਲਗਾ ਰਹੇ ਹਨ। ਮੈਨੂੰ ਤਾਂ ਇਹ ਡਰ ਹੈ ਕਿ ਇਹ ਤਾਂ ਹਵਾ ਦੇ ਉਤੇ ਵੀ ਟੈਕਸ ਲਗਾ ਦੇਣਗੇ ਤੇ ਸਾਨੂੰ ਹਵਾ ਵਿਚ ਸਾਹ ਲੈਣਾ ਵੀ ਔਖਾ ਹੋ ਜਾਵੇਗਾ ਪਰ ਇਨ੍ਹਾਂ ਦਾ ਬਜਟ ਫਿਰ ਵੀ ਪੂਰਾ ਨਹੀਂ ਹੋਣਾ।

ਇਸ ਤਰ੍ਹਾਂ ਮੁਲਾਜ਼ਮਾਂ ਦੀਆਂ ਦਰਜਾ-ਚਾਰ ਕਰਮਚਾਰੀਆਂ ਦੀਆਂ ਬੜੀਆਂ ਸਮੱਸਿਆਵਾਂ ਹਨ। ਮੈਂ ਕਹਾਂਗਾ ਕਿ ਉਨ੍ਹਾਂ ਨੂੰ ਰਾਖਵੇਂਕਰਨ ਦੀ ਜੋ ਨੀਤੀ ਹੈ ਉਹ ਪੂਰੀ ਮਿਲਣੀ ਚਾਹੀਦੀ ਹੈ ਤਾਂ ਕਿ ਜਿਹੜੇ ਦਰਜਾ ਚਾਰ ਮੁਲਾਜ਼ਮ ਹਨ ਉਨ੍ਹਾਂ ਨੂੰ ਧੱਕੇ ਨਾ ਖਾਣੇ ਪੈਣ। 1991 ਤੋਂ ਮੁਲਾਜ਼ਮਾਂ ਨੂੰ 25% ਤੋਂ ਵਧਾ ਕੇ 30% ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ। 7 ਮਈ, 1997 ਨੂੰ ਸੁਪਰੀਮ ਕੋਰਟ ਦੀ ਜੱਜਮੈਂਟ ਆਈ ਸੀ ਜਿਸ ਦਾ ਕੱਲ੍ਹ ਵੀ ਪਾਰਲੀਮੈਂਟ ਵਿਚ ਰੌਲਾ ਪਿਆ ਸੀ ਅਤੇ ਬਾਅਦ ਵਿਚ ਹਾਊਸ ਐਡਜਰਨ ਵੀ ਹੋਇਆ। ਉਸ ਵੱਲ ਸਟੇਟ ਗੌਰਮਿੰਟ ਨੇ ਕੋਈ ਧਿਆਨ ਨਹੀਂ ਦਿੱਤਾ, ਪਿਛਲੇ ਦੋ ਸਾਲਾਂ ਵਿਚ ਕੋਈ ਧਿਆਨ ਨਹੀਂ ਦਿੱਤਾ। ਕਾਰਪੋਰੇਸ਼ਨਾਂ, ਬੋਰਡ ਦੇ ਅਦਾਰਿਆਂ ਦੇ ਵਿਚ ਜਿਹੜਾ ਬੈਕਲਾਗ ਰਹਿੰਦਾ ਹੈ, ਉਹ ਪੂਰਾ

ਹੋਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਮੁਲਾਜ਼ਮਾਂ ਨੂੰ ਬਣਦੇ ਹੱਕ ਅਤੇ ਰਿਆਇਤਾਂ ਮਿਲ ਸਕਣ ਅਤੇ ਧੱਕੇ ਨਾ ਖਾਣੇ ਪੈਣ। ਇਸੇ ਤਰ੍ਹਾਂ ਮੰਡਲ ਕਮਿਸ਼ਨ ਦੀ ਜੋ ਰਿਪੋਰਟ ਹੈ, ਉਹ ਲਾਗੂ ਕਰਨੀ ਚਾਹੀਦੀ ਹੈ। ਇਸ ਦੇ ਵਿਚ 12% ਤੋਂ ਵਧਾ ਕੇ 27% ਰਿਜ਼ਰਵੇਸ਼ਨ ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ ਕੀਤੀ ਗਈ ਸੀ। ਇਹ 27% ਰਿਜ਼ਰਵੇਸ਼ਨ ਲਾਗੂ ਕੀਤੀ ਜਾਣੀ ਚਾਹੀਦੀ ਹੈ।

ਸ੍ਰੀ ਸਭਾਪਤੀ : ਡਾਕਟਰ ਜੀ ਵਾਈਂਡ ਅੱਪ ਕਰੋ, ਤੁਸੀਂ ਬਹੁਤ ਸਮਾਂ ਲੈ ਲਿਆ ਹੈ।

ਡਾਕਟਰ ਹਰਬੰਸ ਲਾਲ : ਸਰ, ਦੋ-ਚਾਰ ਮਿੰਟ ਹੀ ਹੋਰ ਲਵਾਂਗਾ। ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਸੁਚਾਰੂ ਰੂਪ ਵਿਚ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਵੀ ਆਪਣੇ ਪੈਰਾਂ ਦੇ ਉਤੇ ਖੜ੍ਹੇ ਹੋ ਸਕਣ। ਸਭ ਤੋਂ ਪਹਿਲਾਂ ਵਿਦਿਆ ਬਹੁਤ ਜ਼ਰੂਰੀ ਹੈ ਜਿਹੜੀ ਕਾਲਜ ਪੱਧਰ ਤੱਕ ਮੁਫ਼ਤ ਦਿੱਤੀ ਜਾਣੀ ਚਾਹੀਦੀ ਹੈ। ਇਨ੍ਹਾਂ ਨੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਦੀ ਸਕੀਮ ਸ਼ੁਰੂ ਕੀਤੀ ਸੀ ਜਿਸ ਦੇ ਲਈ 20 ਕਰੋੜ ਰੁਪਿਆ ਬਜਟ ਦੇ ਵਿਚ ਰੱਖਿਆ ਗਿਆ ਸੀ ਪਰ ਇੰਨੇ ਪੈਸਿਆਂ ਦੇ ਨਾਲ ਤਾਂ ਅੱਧੇ ਬੱਚਿਆਂ ਨੂੰ ਹੀ ਵਜ਼ੀਫ਼ੇ ਦੀ ਸਹੂਲਤ ਮਿਲ ਸਕੀ ਸੀ। ਜੇਕਰ ਇਹ ਪਹਿਲਾਂ ਹੀ ਇਸ ਬਾਰੇ 40 ਕਰੋੜ ਰੁਪਿਆ ਰੱਖਦੇ ਤਾਂ ਇਸ ਦੇ ਨਾਲ ਸਾਰੇ ਬੱਚਿਆਂ ਨੂੰ ਵਜ਼ੀਫ਼ਾ ਮਿਲ ਜਾਣਾ ਸੀ। ਜਿਹੜੇ ਸਫ਼ਾਈ ਸੇਵਕ ਹਨ ਉਨ੍ਹਾਂ ਦੀ ਦਸ਼ਾ ਸੁਧਾਰਨ ਦੀ ਬਹੁਤ ਲੋੜ ਹੈ ਕਿਉਂਕਿ ਉਹ ਵਿਚਾਰੇ ਗੰਦ-ਮੰਦ ਵਿਚ ਕੰਮ ਕਰਦੇ ਹਨ। ਇਸ ਲਈ ਉਨ੍ਹਾਂ ਦੇ ਵਾਸਤੇ ਸਪੈਸ਼ਲ ਪ੍ਰੋਗਰਾਮ ਬਣਾ ਕੇ ਉਨ੍ਹਾਂ ਦੀ ਦਸ਼ਾ ਸੁਧਾਰਨੀ ਚਾਹੀਦੀ ਹੈ। ਵਿਦਿਆ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜਿਸ ਦੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ। ਇਹ ਬੜਾ ਜ਼ਰੂਰੀ ਹੈ।

ਇਸੇ ਤਰ੍ਹਾਂ ਜਿਹੜ ਵਿਧਵਾ ਪੈਨਸ਼ਨਾਂ ਅਤੇ ਬੁਢਾਪਾ ਪੈਨਸ਼ਨਾਂ ਲੈਣ ਵਾਲੇ ਲੋਕ ਹਨ, ਉਨ੍ਹਾਂ ਦੀ ਇੱਕ ਹਜ਼ਾਰ ਰੁਪਏ ਤੋਂ ਘੱਟ ਪੈਨਸ਼ਨ ਨਾ ਹੋਵੇ। ਜਿਹੜੇ ਡੇਲੀ ਵੇਜ਼ਿਜ਼ ਕਰਮਚਾਰੀ ਹਨ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ, ਅਤੇ ਜਿਹੜੇ ਦਿਹਾੜੀਦਾਰ ਹਨ ਉਨ੍ਹਾਂ ਲਈ ਆਮ ਦਿਹਾੜੀ ਵੀ ਘੱਟੋ ਘੱਟ 150 ਤੋਂ 200 ਰੁਪਏ ਤੱਕ ਹੋਣੀ ਚਾਹੀਦੀ ਹੈ। ਜਿਹੜੇ ਵਿਚਾਰੇ ਮਜ਼ਦੂਰ ਲੋਕ ਹਨ ਉਨ੍ਹਾਂ ਦੀ ਮਜ਼ਦੂਰੀ ਘੱਟਦੀ ਜਾ ਰਹੀ ਹੈ, ਚਾਹੇ ਉਹ ਮਜ਼ਦੂਰ ਖੇਤਾਂ ਵਿਚ ਕੰਮ ਕਰਦੇ ਹਨ ਜਾਂ ਸ਼ਹਿਰਾਂ ਦੇ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦਾ ਇੰਨੀ ਘੱਟ ਦਿਹਾੜੀ ਨਾਲ ਗੁਜ਼ਾਰਾ ਨਹੀਂ ਹੁੰਦਾ। ਇਸ ਲਈ ਇਸ ਗੱਲ ਵੱਲ ਧਿਆਨ ਦੇਣ ਦੀ ਲੋੜ ਹੈ। ਇਸੇ ਤਰ੍ਹਾਂ ਜੋ ਮਕਾਨ ਬਣਾ ਕੇ ਦੇਣ ਵਾਲੀ ਸਕੀਮ ਹੈ ਇਹ ਸ਼ਹਿਰਾਂ ਦੇ ਵਿਚ ਵੀ ਲਾਗੂ ਕੀਤੀ ਜਾਣੀ ਚਾਹੀਦੀ ਹੈ। ਸ਼ਹਿਰਾਂ ਦੇ ਵਿੱਚ ਜਿਹੜੇ ਅਨੁਸੂਚਿਤ ਜਾਤੀ ਦੇ ਨਾਲ ਸਬੰਧਿਤ ਲੋਕ ਰਹਿੰਦੇ ਹਨ, ਉਨ੍ਹਾਂ ਨੂੰ ਵੀ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਕਿਉਂਕਿ ਉਹ ਕੱਚੇ ਮਕਾਨਾਂ ਵਿੱਚ ਰਹਿੰਦੇ ਹਨ। ਉਨ੍ਹਾਂ ਵਾਸਤੇ ਕੋਈ ਪੱਖਪਾਤ ਨਹੀਂ ਹੋਣਾ ਚਾਹੀਦਾ। ਵੰਡੀਆਂ ਨਹੀਂ ਪਾਉਣੀਆਂ ਚਾਹੀਦੀਆਂ। ਸ਼ਹਿਰਾਂ ਵਾਲਿਆਂ ਵਾਸਤੇ ਵੀ ਹਿੱਸਾ ਰੱਖਣਾ ਚਾਹੀਦਾ ਹੈ,

[ਡਾਕਟਰ ਹਰਬੰਸ ਲਾਲ]

ਇਹ ਜ਼ਰੂਰੀ ਹੈ । ਸ਼ਹਿਰਾਂ ਵਿੱਚ ਜੋ ਬਸਤੀਆਂ ਹਨ, ਵਾਹਾ ਕਲੋਨੀ ਹੈ, ਅਨੁਸੂਚਿਤ ਜਾਤੀ ਕਲੋਨੀ ਹੈ, ਸਹੂਲਤਾਂ ਉਨ੍ਹਾਂ ਵਿੱਚ ਵੀ ਦੇਣੀਆਂ ਚਾਹੀਦੀਆਂ ਹਨ । ਇਹ ਸਕੀਮਾਂ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ । ਇਸੇ ਤਰ੍ਹਾਂ ਦਰਜਾ-4 ਦੇ ਮੁਲਾਜ਼ਮਾਂ ਨੂੰ ਕਣਕ ਖਰੀਦਣ ਵਾਸਤੇ ਕਰਜ਼ਾ 5 ਹਜ਼ਾਰ ਰੁਪਏ ਘੱਟੋ-ਘੱਟ ਦੇਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ । ਇਨ੍ਹਾਂ ਵਰਗਾਂ ਦੇ ਜਿੰਨੇ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਹਨ, ਉਨ੍ਹਾਂ ਦੇ ਪਾਣੀ ਦੇ ਬਿਲ, ਬਿਜਲੀ ਦੇ ਬਿਲ, ਸੀਵਰੇਜ ਦੇ ਬਿਲ ਮੁਆਫ਼ ਕਰਨੇ ਚਾਹੀਦੇ ਹਨ, ਤਾਂ ਕਿ ਉਨ੍ਹਾਂ ਦੇ ਸਿਰਾਂ ਤੋਂ ਭਾਰ ਹਟਾਇਆ ਜਾ ਸਕੇ. ਇਹ ਬੋਝ ਹਟਾਇਆ ਜਾਵੇ ਜਿਸ ਦੇ ਥੱਲੇ ਉਹ ਦੱਬੇ ਰਹਿੰਦੇ ਹਨ ।

ਚੌਕੀਦਾਰਾਂ ਦੀ ਤਨਖਾਹ 1500 ਰੁਪਿਆ ਮਹੀਨਾ ਹੋਣੀ ਚਾਹੀਦੀ ਹੈ । ਉਹ ਦਿਨ-ਰਾਤ ਕੰਮ ਕਰਦੇ ਹਨ । ਜੇ ਕੋਈ ਥਾਣੇਦਾਰ ਆਉਂਦਾ ਹੈ, ਉਹ ਉਸ ਨੂੰ ਪੁੱਛਦਾ ਹੈ । ਜੇ ਕੋਈ ਬੀ. ਡੀ. ਓ. ਆਉਂਦਾ ਹੈ । ਉਹ ਉਸ ਨੂੰ ਪੁੱਛਦਾ ਹੈ । ਇਸ ਤੋਂ ਇਲਾਵਾ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸ ਦੀਆਂ ਜਥੇਬੰਦੀਆਂ ਦੇ ਆਗੂ ਹਾਈ ਪਾਵਰ ਕਮੇਟੀ ਵਿਚ ਰੱਖਣੇ ਚਾਹੀਦੇ ਹਨ । ਸ਼ਿਕਾਇਤ ਨਿਵਾਰਨ ਕਮੇਟੀ ਵਿਚ ਵੀ ਰੱਖਣੇ ਚਾਹੀਦੇ ਹਨ ਤਾਂ ਕਿ ਉਹ ਇਸ ਵਰਗ ਦੇ ਲੋਕਾਂ ਦੇ ਭਲੇ ਦੀ ਗੱਲ ਕਰ ਸਕਣ ।

ਸ੍ਰੀ ਸਭਾਪਤੀ : ਤੁਹਾਡਾ ਟਾਈਮ ਹੋ ਗਿਆ ਹੈ ।

ਡਾਕਟਰ ਹਰਬੰਸ ਲਾਲ : ਇਨ੍ਹਾਂ ਸਕੀਮਾਂ ਦਾ ਫਾਇਦਾ ਲੋਕਾਂ ਤੱਕ ਪਹੁੰਚਾਇਆ ਜਾ ਸਕੇ । ਮੈਂ ਜ਼ਿਆਦਾ ਸਮਾਂ ਨਾ ਲੈਂਦੇ ਹੋਏ ਇਹ ਕਹਿਣਾ ਚਾਹਾਂਗਾ ਕਿ ਆਂਗਨਵਾੜੀ ਵਰਕਰਾਂ, ਸਿਹਤ ਵਿਭਾਗ ਵਿੱਚ ਕੰਮ ਕਰਦੇ ਮਲਟੀਪਰਪਜ਼ ਮੁਲਾਜ਼ਮਾਂ, ਭਲਾਈ ਵਿਭਾਗ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਸਰਕਾਰੀ ਗਰੇਡਾਂ ਵਿੱਚ ਤਨਖਾਹਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਅੰਤ ਵਿੱਚ ਮੈਂ ਇਹੋ ਕਹਾਂਗਾ ਕਿ ਸਿਰੇ ਤੋਂ ਹੀ ਅਨੁਸੂਚਿਤ ਜਾਤੀਆਂ ਅਤੇ ਪੱਛੜੇ ਵਰਗਾਂ, ਸ਼੍ਰੇਣੀਆਂ ਦੇ ਲੋਕਾਂ ਦਾ ਭਲਾ ਕਰੀਏ ਅਤੇ ਜੋ ਸਕੀਮਾਂ ਬਣਾਈਆਂ ਗਈਆਂ ਹਨ, ਉਨ੍ਹਾਂ ਨੂੰ ਹੇਠਾਂ ਤੱਕ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ, ਇਨ੍ਹਾਂ ਬਾਰੇ ਟਾਈਮ ਬਾਊਂਡ ਕੀਤਾ ਜਾਵੇ । ਜੋ ਪੈਸਾ ਇਨਾਂ ਸਕੀਮਾਂ ਵਾਸਤੇ ਆਉਂਦਾ ਹੈ, ਉਹ ਇਨ੍ਹਾਂ ਨੂੰ ਹੀ ਦਿੱਤਾ ਜਾਵੇ । ਇਹ ਦੇਖਿਆ ਜਾਵੇ ਕਿ ਇਹ ਪੈਸਾ ਕਿਥੇ ਗਿਆ ਹੈ ਤੇ ਕਿਸ ਨੇ ਖਰਚ ਕੀਤਾ । ਇਹ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਪੈਸਾ ਸਹੀ ਢੰਗ ਨਾਲ ਖਰਚ ਹੋਣਾ ਚਾਹੀਦਾ ਹੈ । ਮੈਂ ਇਸ ਸਦਨ ਦੇ ਵਿੱਚ ਸਿਫਾਰਸ਼ ਕਰਦਾ ਹਾਂ ਕਿ ਇਹ ਦੇਖਿਆ ਜਾਵੇ ਕਿ ਵਾਕਿਆ ਹੀ ਇਹ ਹੇਠਲੇ ਪੱਧਰ ਦੇ ਲੋਕਾਂ ਤੱਕ ਪੈਸਾ ਪਹੁੰਚ ਰਿਹਾ ਹੈ । ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ । ਜੈ ਹਿੰਦ । ਧੰਨਵਾਦ ।

ਕਾਮਰੇਡ ਅਜੈਬ ਸਿੰਘ ਰੌਂਤਾ (ਨਿਹਾਲ ਸਿੰਘ ਵਾਲਾ, ਐਸ. ਸੀ.) : ਸਤਿਕਾਰਯੋਗ ਚੇਅਰਮੈਨ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਹਾਊਸ ਦੇ ਮਾਨਯੋਗ ਸਾਥੀ ਹਰਬੰਸ ਲਾਲ ਜੀ ਵਲੋਂ ਜੋ ਮਤਾ ਲਿਆਂਦਾ ਗਿਆ ਹੈ ਜਿਸ ਅਨੁਸਾਰ ਅਨੁਸੂਚਿਤ

ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਵਾਲੀਆਂ ਸਕੀਮਾਂ ਦੀ ਸਮੀਖਿਆ ਕਰੀਏ, ਅਜਿਹੀਆਂ ਸਕੀਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰੀਏ, ਉਤੇ ਬੋਲਣ ਦਾ ਸਮਾਂ ਦਿੱਤਾ ਹੈ। ਮਾਨਯੋਗ ਚੇਅਰਮੈਨ ਸਾਹਿਬ, ਲਗਾਤਾਰ 50 ਸਾਲ ਦੇਸ਼ ਨੂੰ ਆਜ਼ਾਦ ਹੋਣ ਤੋਂ ਬਾਅਦ ਵੀ ਅੱਜ ਜੋ ਦਲਿਤ ਪਰਿਵਾਰ ਹਨ, ਸਾਡੇ ਜੋ ਪੇਂਡੂ ਖੇਤੀ ਮਜ਼ਦੂਰ ਤੇ ਕਾਮੇ ਹਨ, ਉਨ੍ਹਾਂ ਦੀ ਹਾਲਤ ਦਿਨੋ-ਦਿਨ ਅੱਛੀ ਹੋਣ ਦੀ ਜਗ੍ਹਾ ਵਿਗੜਦੀ ਗਈ ਹੈ ਅਤੇ ਉਨ੍ਹਾਂ ਨੂੰ ਸਮੇ-ਸਮੇਂ ਉਤੇ ਅਜਿਹੇ ਲਾਰੇ ਤੇ ਨਾਹਰੇ ਦਿੱਤੇ ਗਏ ਕਿ ਤੁਹਾਡਾ ਰਾਜ ਆਉਣ ਤੋਂ ਬਾਅਦ ਤੁਹਾਡੇ ਅੱਛੇ ਘਰ ਬਣਾਕੇ ਦੇਵਾਂਗੇ ਅਤੇ ਤੁਸੀਂ ਆਪਣੀ ਬਣਦੀ ਪੈਨਸ਼ਨ ਦੇ ਹੱਕਦਾਰ ਹੋਵੋਗੇ, ਬੱਚਿਆਂ ਲਈ ਰੋਜ਼ਗਾਰ ਦੇ ਸਾਧਨ ਮੁਹੱਈਆ ਕੀਤੇ ਜਾਣਗੇ, ਗਰੀਬ ਲੋਕਾਂ ਦੇ ਘਰਾਂ ਵਿਚ ਲੈਟਰੀਨਾਂ ਬਣਾਈਆਂ ਜਾਣਗੀਆਂ ਅਤੇ ਬੱਚਿਆਂ ਲਈ ਵਜ਼ੀਫੇ ਅਤੇ ਹੋਰ ਸਾਰੀਆਂ ਸਕੀਮਾਂ ਬਣਾਈਆਂ ਜਾਣਗੀਆਂ। ਇਨ੍ਹਾਂ ਨੇ ਆਪਣੇ ਲਾਰਿਆਂ ਤੇ ਨਾਹਰਿਆਂ ਦੇ ਨਾਲ ਉਨ੍ਹਾਂ ਸਾਰਿਆਂ ਨੂੰ ਆਪਣੇ ਨਾਲ ਲਗਾਈ ਰੱਖਿਆ। ਇਹ ਉਨ੍ਹਾਂ ਨਾਲ ਖਿਲਵਾੜ ਹੈ। ਉਹ ਲੋਕ ਜਿਹੜੇ ਨੀਲੀ ਛੱਤ ਥੱਲੇ ਅੱਜ ਵੀ 50 ਸਾਲ ਤੋਂ ਬਾਅਦ ਸੌਂਦੇ ਹਨ, ਉਨ੍ਹਾਂ ਤੋਂ ਤਾਕਤ ਲੈ ਕੇ ਰਾਜ ਪ੍ਰਬੰਧ ਸੰਭਾਲਣ ਤੱਕ ਅਤੇ ਆਪਣਾ ਰਾਜ ਪ੍ਰਬੰਧ ਠੀਕ ਢੰਗ ਨਾਲ ਚਲਾਉਣ ਤੇ ਆਪਣੀ ਰਾਜ ਸੱਤਾ ਨੂੰ ਬਚਾਉਣ ਦੇ ਕੰਮ ਤੋਂ ਬਿਨਾਂ ਇਨ੍ਹਾਂ ਨੇ ਉਨ੍ਹਾਂ ਗਰੀਬ ਲੋਕਾਂ ਦਾ ਕੁਝ ਨਹੀਂ ਕੀਤਾ। ਮਾਨਯੋਗ ਚੇਅਰਮੈਨ ਸਾਹਿਬ, ਉਨ੍ਹਾਂ ਗਰੀਬ ਵਰਗ ਦੇ ਲੋਕਾਂ ਦੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਜਿਨ੍ਹਾਂ ਦੀ ਪਿੰਡਾਂ ਦੇ ਵਿੱਚ ਹਾਲਤ ਬਹੁਤ ਮਾੜੀ ਹੈ ਅਤੇ ਇਨ੍ਹਾਂ ਵਰਗਾਂ ਦੇ ਲੋਕਾਂ ਨੂੰ ਮਦਦ ਦੇਣ ਲਈ ਸਰਕਾਰ ਨੂੰ ਐਕਟ ਰਾਹੀਂ ਕੋਈ ਵਿਵਸਥਾ ਕਰਨੀ ਚਾਹੀਦੀ ਹੈ। ਇਹ ਸਰਬਪੱਖੀ ਕੇਂਦਰੀ ਕਾਨੂੰਨ ਦੇ ਰਾਹੀਂ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। ਸਾਡੇ ਪਿੰਡਾਂ ਦੇ ਕਿਸਾਨਾਂ ਨੇ ਪੰਜਾਬ ਦੇ ਵਿੱਚ ਇਤਨਾ ਅਨਾਜ ਪੈਦਾ ਕੀਤਾ, ਇਸ ਨੂੰ ਅੰਨਦਾਤਾ ਕਿਹਾ ਜਾਂਦਾ ਹੈ ਅਤੇ ਇਹ ਪੰਜਾਬ ਦੀ ਰੀੜ ਦੀ ਹੱਡੀ ਹੈ। ਸਾਡਾ ਖੇਤ ਮਜ਼ਦੂਰ ਕਿਸਾਨ ਦੇ ਨਾਲ ਮਿਲ ਕੇ ਖੇਤਾਂ ਵਿਚ ਦਿਨ ਰਾਤ ਕੰਮ ਕਰਦਾ ਹੈ ਅਤੇ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਵਿਚ 60% ਹਿੱਸਾ ਪਾਉਂਦਾ ਹੈ ਜਿਸ ਤੇ ਸਾਨੂੰ ਸਾਰਿਆਂ ਨੂੰ ਬੜਾ ਮਾਣ ਹੈ। ਪੰਜਾਬ ਨੇ ਖੇਤੀਬਾੜੀ ਦੇ ਮਾਮਲੇ ਵਿਚ ਬੜੀ ਤਰੱਕੀ ਕੀਤੀ ਹੈ ਅਤੇ ਪੰਜਾਬ ਨੂੰ ਸ਼ਕਤੀ ਦਿੱਤੀ ਹੈ ਪਰ ਫਿਰ ਵੀ ਸਾਡੇ ਕਿਸਾਨ ਅਤੇ ਖੇਤ ਮਜ਼ਦੂਰ ਦੀ ਹਾਲਤ ਬਹੁਤ ਮਾੜੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਖੇਤ ਮਜ਼ਦੂਰਾਂ ਨੂੰ ਸਰਬਪੱਖੀ ਕੇਂਦਰੀ ਕਾਨੂੰਨ ਰਾਹੀਂ ਕੋਈ ਇਨ੍ਹਾਂ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਜਦੋਂ ਸਾਡਾ ਕਿਸਾਨ ਅਤੇ ਖੇਤ ਮਜ਼ਦੂਰ ਆਪਣੇ ਖੇਤੀਬਾੜੀ ਦੇ ਕੰਮ ਤੋਂ ਵਿਹਲਾ ਹੋਵੇ, ਉਸ ਨੂੰ ਟਾਈਮ-ਟੂ-ਟਾਈਮ ਕੰਮ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਜਿਹੜਾ ਕਿਸਾਨ ਪਹਿਲੇ ਕਈ ਏਕੜ ਜ਼ਮੀਨ ਦਾ ਮਾਲਿਕ ਹੁੰਦਾ ਸੀ, ਉਸ ਨੂੰ ਆਪਣੀਆਂ ਰੋਜ਼ਮੱਰਾ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਅਤੇ ਆਪਣੇ ਧੀਆਂ ਪੁੱਤਰਾਂ ਦੀਆਂ ਸ਼ਾਦੀਆਂ ਵਾਸਤੇ ਅਤੇ ਬਿਮਾਰੀਆਂ ਆਦਿ ਦੇ ਇਲਾਜ ਕਰਵਾਉਣ

[ਕਾਮਰੇਡ ਅਜੈਬ ਸਿੰਘ ਰੌਂਤਾ]

ਵਾਸਤੇ, ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਨੂੰ ਸਰਮਾਏਦਾਰਾਂ ਦੇ ਕੋਲ ਕਰਜ਼ੇ ਲੈਣ ਲਈ ਰਹਿਣ ਰੱਖਣੀ ਪੈਂਦੀ ਹੈ ਅਤੇ ਦਿਨ ਬਦਿਨ ਉਨ੍ਹਾਂ ਦੀ ਇਹ ਹਾਲਤ ਹੋ ਜਾਂਦੀ ਹੈ ਕਿ ਉਹ ਆਪਣੀ ਜ਼ਮੀਨ ਉੱਤੇ ਕਰਜ਼ੇ ਲੈ-ਲੈ ਕੇ, ਅੰਗੂਠੇ ਲਗਾ-ਲਗਾ ਕੇ, ਖੇਤ ਮਜ਼ਦੂਰ ਵਾਲੀ ਲਾਈਨ ਵਿਚ ਖੜ੍ਹਾ ਹੋ ਜਾਂਦਾ ਹੈ। ਉਹ ਆਪਣੀ ਜ਼ਮੀਨ ਗਵਾ ਬੈਠਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਦ ਖੇਤ ਮਜ਼ਦੂਰ ਅਤੇ ਕਿਸਾਨ ਆਪਣੀ ਖੇਤੀ ਦੇ ਕੰਮਾਂ ਤੋਂ ਵਿਹਲਾ ਹੋਵੇ, ਉਸ ਦੇ ਲਈ ਕੋਈ ਕੰਮ ਦੀ ਵਿਵਸਥਾ ਕੀਤੀ ਜਾਵੇ ਤਾਂ ਕਿ ਉਸ ਦੇ ਰਹਿਣ ਸਹਿਣ ਵਿਚ ਸੁਧਾਰ ਹੋ ਸਕੇ। ਐਸੀਆਂ ਸਕੀਮਾਂ ਸਰਕਾਰ ਨੂੰ ਚਲਾਉਣੀਆਂ ਚਾਹੀਦੀਆਂ ਹਨ ਜਿਸ ਦੇ ਨਾਲ ਖੇਤੀਬਾੜੀ ਵਿਚ ਵੀ ਵਾਧਾ ਹੋਵੇ ਅਤੇ ਆਰਥਿਕ ਤੌਰ ਤੇ ਕਿਸਾਨ ਅਤੇ ਖੇਤ ਮਜ਼ਦੂਰ ਮਜ਼ਬੂਤ ਵੀ ਹੋਵੇ। ਉਹ ਦੋ ਵਕਤ ਦੀ ਰੋਟੀ ਰੋਜ਼ੀ ਕਮਾ ਸਕੇ। ਜਿਹੜੇ ਪਿੰਡਾਂ ਦੇ ਵਿਚ ਗਰੀਬ ਪਰਿਵਾਰ ਹਨ ਉਨ੍ਹਾਂ ਦੀਆਂ ਧੀਆਂ ਵਿਆਹ ਤੋਂ ਪਹਿਲਾਂ ਵੀ ਘਰਾਂ ਵਿਚ ਗੋਹੇ ਅਤੇ ਕੂੜਾ ਕਰਕਟ ਦਾ ਕੰਮ ਕਰਦੀਆਂ ਹਨ ਅਤੇ ਸ਼ਾਦੀ ਹੋਣ ਤੋਂ ਬਾਅਦ ਵੀ ਉਹ ਆਪਣੇ ਸਹੁਰੇ ਘਰਾਂ ਵਿਚ ਗੋਹੇ ਅਤੇ ਕੂੜਾ ਕਰਕਟ ਦਾ ਕੰਮ ਕਰਦੀਆਂ ਹਨ ਯਾਨੀ ਉਨ੍ਹਾਂ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਨਹੀਂ ਆਉਂਦਾ। ਉਹ ਗਰੀਬ ਪਰਿਵਾਰ ਵਿਚ ਪੈਦਾ ਹੋਈਆਂ ਅਤੇ ਗਰੀਬੀ ਦੇ ਵਿੱਚ ਹੀ ਰਹੀਆਂ ਔਰ ਜਦੋਂ ਉਹ ਪਰੈਗਨੈਂਟ ਹੋ ਗਈਆਂ ਤਾਂ ਉਨ੍ਹਾਂ ਨੂੰ ਇਸ ਪਰੈਗਨੈਂਸੀ ਦੇ ਦੌਰਾਨ ਆਪਣੇ ਘਰਾਂ ਵਿੱਚ ਕੋਈ ਅੱਛੀ ਖੁਰਾਕ ਨਹੀਂ ਨਸੀਬ ਹੁੰਦੀ ਅਤੇ ਨਾ ਉਨ੍ਹਾਂ ਨੂੰ ਪੀਣ ਲਈ ਦੁੱਧ ਮਿਲਦਾ ਹੈ ਅਤੇ ਨਾ ਹੀ ਉਨ੍ਹਾਂ ਦਾ ਸਮੇਂ ਸਮੇਂ ਸਿਰ ਕੋਈ ਡਾਕਟਰੀ ਚੈੱਕ-ਅੱਪ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਸਮੇਂ ਸਿਰ ਦਵਾਈਆਂ ਮਿਲਦੀਆਂ ਹਨ ਅਤੇ ਨਾ ਹੀ ਪਿੰਡਾਂ ਵਿਚ ਕੋਈ ਸਰਕਾਰ ਵਲੋਂ ਪ੍ਰਬੰਧ ਹੈ। ਜਿਸ ਕਰਕੇ ਬਹੁਤ ਸਾਰੀਆਂ ਔਰਤਾਂ ਤਾਂ ਦਵਾਈਆਂ ਦੀ ਕਮੀ ਕਰਕੇ ਅਤੇ ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਰੱਬ ਨੂੰ ਪਿਆਰੀਆਂ ਹੋ ਜਾਂਦੀਆਂ ਹਨ ਅਤੇ ਕਈਆਂ ਦੇ ਬੱਚੇ ਨਕਾਰਾ ਪੈਦਾ ਹੋ ਜਾਂਦੇ ਹਨ ਜਾਂ ਕਈ ਐਸੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਜਿਹੜੀਆਂ ਬਾਅਦ ਵਿਚ ਭਿਆਨਕ ਰੂਪ ਧਾਰਨ ਕਰ ਜਾਂਦੀਆਂ ਹਨ। ਇਸ ਲਈ ਸਰਕਾਰ ਨੂੰ ਇਨ੍ਹਾਂ ਗਰੀਬ ਔਰਤਾਂ ਦੇ ਲਈ, ਬੱਚਿਆਂ ਲਈ ਅਤੇ ਜੱਚਾ-ਬੱਚਾ ਦੇਖ-ਭਾਲ ਲਈ ਪਿੰਡਾਂ ਦੇ ਵਿਚ ਹਸਪਤਾਲਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਟਾਈਮ ਸਿਰ ਮੈਡੀਕਲ ਏਡ ਮਿਲ ਸਕੇ। ਜਿਹੜੇ ਸਾਡੇ ਦਿਹਾੜੀਦਾਰ ਖੇਤ ਮਜ਼ਦੂਰ ਹਨ, ਕਈ ਵਾਰ ਤਕੜੇ ਲੋਕਾਂ ਦੇ ਘਰਾਂ ਵਿਚ ਕੰਮ ਕਰਦੇ ਹੋਏ ਉਨ੍ਹਾਂ ਦੇ ਐਕਸੀਡੈਂਟ ਹੋ ਜਾਂਦੇ ਹਨ ਅਤੇ ਉਹ ਆਪਣੇ ਸਰੀਰ ਤੋਂ ਨਕਾਰਾ ਹੋ ਜਾਂਦੇ ਹਨ। ਇਸੇ ਤਰ੍ਹਾਂ ਸਾਡੇ ਖੇਤ ਮਜ਼ਦੂਰਾਂ ਦੀਆਂ ਔਰਤਾਂ ਤਕੜੇ ਲੋਕਾਂ ਦੇ ਘਰਾਂ ਵਿਚ ਕੰਮ ਕਰਦੀਆਂ ਹਨ, ਕੂੜਾ ਕਰਕਟ ਅਤੇ ਗੋਹੇ ਦਾ ਕੰਮ ਕਰਦੀਆਂ ਹਨ ਅਤੇ ਮਸ਼ੀਨਾਂ ਉੱਤੇ ਕੰਮ ਕਰਦੀਆਂ ਹਨ, ਉਹ ਵੀ ਕਈ ਵਾਰ ਐਕਸੀਡੈਂਟ ਦਾ ਸ਼ਿਕਾਰ ਹੋ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਦਾ ਹੈ। ਸਰਕਾਰ ਨੂੰ ਪੱਕੇ ਤੌਰ ਤੇ ਇਸ ਦਾ ਇਲਾਜ ਕਰਨਾ ਚਾਹੀਦਾ ਹੈ ਅਤੇ ਦਵਾਈ ਅਤੇ ਉਸ ਦੇ ਮੁੜ-ਵਸੇਬੇ ਦਾ ਪ੍ਰਬੰਧ ਕਾਨੂੰਨ ਰਾਹੀਂ ਕਰਨਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਮੰਡੀ ਬੋਰਡ ਦੇ ਵਿਚ ਕੰਮ ਕਰਦੇ ਕਿਸੇ ਮਜ਼ਦੂਰ ਦਾ ਐਕਸੀਡੈਂਟ ਹੋ ਜਾਵੇ ਤਾਂ ਉਸ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਇਨ੍ਹਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਖੇਤ ਮਜ਼ਦੂਰਾਂ ਦੀ ਹਾਲਤ ਬਹੁਤ ਹੀ ਮਾੜੀ ਹੈ। ਕਈ ਖੇਤ ਮਜ਼ਦੂਰ ਐਕਸੀਡੈਂਟਾਂ ਕਾਰਨ ਮਰ ਗਏ ਹਨ। ਮੈਂ ਅਰਜ਼ ਕਰ ਰਿਹਾ ਸੀ ਕਿ ਕਿਸਾਨਾਂ ਕੋਲ ਨਵੀਆਂ ਮਸ਼ੀਨਾਂ ਆਉਣ ਕਰਕੇ ਕੋਈ ਕੰਮ ਨਹੀਂ ਰਿਹਾ। ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਪਿੰਡਾਂ ਵਿਚ ਕੰਮ ਘੱਟ ਗਿਆ ਹੈ। ਪਹਿਲਾਂ ਕਣਕ ਬੀਜਦੇ ਸੀ, ਫਿਰ ਕਈ ਕਈ ਮਹੀਨੇ ਗੋਡੀ ਚਲਦੀ ਸੀ, ਪਾਣੀ ਦੇਣ ਦਾ ਕੰਮ ਚਲਦਾ ਸੀ, ਕਣਕ ਦੀ ਕਟਾਈ ਹੁੰਦੀ ਸੀ ਅਤੇ ਮੇਰੀਆਂ ਧੀਆਂ, ਭੈਣਾਂ, ਖੇਤ ਮਜ਼ਦੂਰ ਖੇਤਾਂ ਵਿਚੋਂ ਸਿੱਟੇ ਚੁੱਕ ਕੇ 6-6 ਮਹੀਨੇ ਲਈ ਅਨਾਜ ਇਕੱਠਾ ਕਰ ਲੈਂਦੀਆਂ ਸਨ। ਠੇਕਿਆਂ ਤੇ ਵੀ ਕੰਮ ਹੁੰਦਾ ਸੀ। ਖੇਤ ਮਜ਼ਦੂਰ ਨੂੰ ਕੰਮ ਕਰਕੇ ਜਦੋਂ ਆਪਣਾ ਹਿੱਸਾ ਮਿਲ ਜਾਂਦਾ ਸੀ ਤਾਂ ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਪਾਲਦੇ ਸਨ। ਨਰਮੇ ਅਤੇ ਕਪਾਹ ਦਾ ਮਲੋਟ ਅਤੇ ਮੁਕਤਸਰ ਦਾ ਇਲਾਕਾ ਹੈ। ਚੇਅਰਮੈਨ ਸਾਹਿਬ, ਤੁਸੀਂ ਭਲੀ-ਭਾਂਤ ਜਾਣਦੇ ਹੋ ਕਿ ਉਥੇ ਅੱਜ ਸਾਡੇ ਕਿਸਾਨ ਤੇ ਖੇਤ ਮਜ਼ਦੂਰ ਦੀ ਕੀ ਹਾਲਤ ਹੈ। ਅੱਗੇ ਸਾਡੀਆਂ ਧੀਆਂ, ਭੈਣਾਂ ਨਰਮਾ ਅਤੇ ਕਪਾਹ ਚੁਗਦੀਆਂ ਸਨ ਅਤੇ ਕਿਸਾਨ ਤੋਂ ਮਿਲੀ ਉਜਰਤ ਨਾਲ ਉਨ੍ਹਾਂ ਦਾ ਘਰ ਦਾ ਗੁਜ਼ਾਰਾ ਹੁੰਦਾ ਸੀ ਪ੍ਰੰਤੂ ਬੜੇ ਦੁੱਖ ਦੀ ਗੱਲ ਹੈ ਕਿ ਕੁਦਰਤੀ ਆਫਤਾਂ ਦੇ ਕਾਰਨ ਅਤੇ ਸੇਮ ਦੇ ਕਾਰਨ ਉਨ੍ਹਾਂ ਕਿਸਾਨਾਂ ਦੀਆਂ 3-4 ਫਸਲਾਂ ਮਾਰੀਆਂ ਗਈਆਂ ਅਤੇ ਕਿਸਾਨਾਂ ਦੀ ਮਾੜੀ ਹਾਲਤ ਹੋਈ। ਕਿਸਾਨ ਖੁਦਕਸ਼ੀ ਕਰਨ ਲੱਗ ਪਏ ਹਨ। ਖਰਚਾ ਜੋ ਬੀਜਣ ਤੋਂ ਕੱਟਣ ਤੱਕ ਹੁੰਦਾ ਸੀ, ਉਹ ਵੀ ਪੂਰਾ ਨਹੀਂ ਹੋਇਆ। ਕਿੱਲਿਆਂ ਦੇ ਹਿਸਾਬ ਨਾਲ ਨਰਮਾ ਪੈਦਾ ਹੋਇਆ। ਉਹ ਗਰੀਬ ਜੋ ਨਰਮਾ ਚੁਗ ਕੇ ਆਪਣਾ ਗੁਜ਼ਾਰਾ ਕਰਦੇ ਸਨ ਜਦ ਫਸਲ ਹੀ ਨਹੀਂ ਰਹੀ ਤਾਂ ਉਨ੍ਹਾਂ ਦਾ ਕੰਮ ਵੀ ਮੁਕ ਗਿਆ। ਚੇਅਰਮੈਨ ਸਾਹਿਬ, ਇਸ ਨਾਲ ਬੇਰੁਜ਼ਗਾਰੀ ਤਾਂ ਵਧਣੀ ਹੀ ਸੀ। ਹੁਣ ਗਰੀਬਾਂ ਦਾ ਗੁਜ਼ਾਰਾ ਕਿਸ ਤਰ੍ਹਾਂ ਹੋਵੇ। ਚੇਅਰਮੈਨ ਸਾਹਿਬ, ਮੈਂ ਮੰਗ ਕਰਦਾ ਹਾਂ ਕਿ ਜਿਥੇ ਕਿਸਾਨ ਜੋ ਉਜੜ ਗਏ ਹਨ, ਉਨ੍ਹਾਂ ਨੂੰ ਮੁਆਵਜ਼ਾ ਦੇਣ ਦੀ ਗੱਲ ਕਰਦੇ ਹਨ ਜਿਹੜਾ ਖੇਤ ਮਜ਼ਦੂਰ ਉਨ੍ਹਾਂ ਨਾਲ ਕੰਮ ਕਰਦਾ ਸੀ ਅਤੇ ਜਿਹੜੇ ਸਾਥੀ ਸੀਰੀ ਦਾ ਕੰਮ ਕਰਦੇ ਸਨ, ਉਨ੍ਹਾਂ ਲਈ ਵੀ ਘੱਟੋ-ਘੱਟ 3,000/- ਰੁਪਏ ਦੀ ਵਿਵਸਥਾ ਕੀਤੀ ਜਾਵੇ ਤਾਂ ਕਿ ਉਹ ਇਸ ਰਕਮ ਨਾਲ ਆਪਣਾ ਪੇਟ ਪਾਲ ਸਕਣ ਅਤੇ ਉਹ ਆਪਣੇ ਪੈਰਾਂ ਤੇ ਦੁਬਾਰਾ ਖੜ੍ਹੇ ਹੋ ਸਕਣ।

ਇਕ ਬਹੁਤ ਵੱਡੀ ਸਮੱਸਿਆ ਲੈਟਰੀਨਾਂ ਦੀ ਹੈ। ਜਦੋਂ ਖੇਤਾਂ ਵਿਚ ਫਸਲਾਂ ਵੱਡੀਆਂ-ਵੱਡੀਆਂ ਹੋ ਜਾਂਦੀਆਂ ਹਨ ਤਾਂ ਗਰੀਬਾਂ ਨੂੰ ਬੜੀ ਮੁਸ਼ਕਲ ਹੁੰਦੀ ਹੈ। ਉਨ੍ਹਾਂ ਦੇ ਘਰ ਵੀ ਬਹੁਤ ਛੋਟੇ ਹੁੰਦੇ ਹਨ। ਸਰਕਾਰ ਨੂੰ ਦੋ-ਤਿੰਨ ਘਰਾਂ ਨੂੰ ਜੋੜ ਕੇ ਲੈਟਰੀਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਵਾਸਤੇ ਪੰਜਾਬ ਸਰਕਾਰ ਵਲੋਂ ਬਜਟ ਵਿਚ ਪੈਸਾ ਰੱਖਿਆ ਜਾਣਾ ਚਾਹੀਦਾ ਹੈ ਤਾਂ ਕਿ ਖੇਤ ਮਜ਼ਦੂਰਾਂ ਨੂੰ ਗਰੀਬ ਭਰਾਵਾਂ ਨੂੰ ਇਸ ਗੱਲ ਤੋਂ ਨਿਜਾਤ ਮਿਲ ਸਕੇ।

[ਕਾਮਰੇਡ ਅਜੈਬ ਸਿੰਘ ਰੋਂਤਾ]

ਚੇਅਰਮੈਨ ਸਾਹਿਬ, ਸਰਕਾਰ ਨੇ 30 ਯੂਨਿਟ ਤੱਕ ਬਿਜਲੀ ਮੁਆਫ ਕੀਤੀ ਹੈ। ਇਨ੍ਹਾਂ ਨੇ ਜ਼ਿਲ੍ਹੇਵਾਰ ਵੇਰਵਾ ਦਿੱਤਾ ਹੈ ਕਿ ਫਿਰੋਜ਼ਪੁਰ ਵਿਚ 5 ਘਰ ਹਨ ਅਤੇ ਫਤਿਹਗੜ੍ਹ ਵਿਚ ਕੋਈ ਘਰ ਨਹੀਂ ਕੁੱਲ 2538 ਘਰ ਆਏ ਹਨ। 2 ਲੱਖ ਰੁਪਏ ਦੀ ਤੁਸੀਂ ਕਹਿੰਦੇ ਹੋ ਕਿ ਮੁਆਫੀ ਦਿਤੀ ਹੈ। ਮੈਨੂੰ ਕੋਈ ਇਤਰਾਜ਼ ਨਹੀਂ ਕਿ ਵੱਡੇ-ਵੱਡੇ ਘਰਾਂ ਦੀ ਬਿਜਲੀ ਮੁਆਫ ਕਰ ਦਿਤੀ ਗਈ ਹੈ, ਜਿਹੜੇ ਲੋਕ ਹਜ਼ਾਰ-ਹਜ਼ਾਰਾਂ ਕਿਲਿਆਂ ਦੇ ਮਾਲਕ ਸਨ ਉਨ੍ਹਾਂ ਦੀ ਬਿਜਲੀ ਪੰਜਾਬ ਸਰਕਾਰ ਨੇ ਮੁਆਫ ਕਰ ਦਿਤੀ ਹੈ। ਉਨ੍ਹਾਂ ਦੇ 70-70, 80-80 ਹਜ਼ਾਰ ਰੁਪਏ ਦੇ ਬਿਲ ਮੁਆਫ ਹੋਏ। ਉਹ ਬਿਲ ਮੁਆਫ ਹੋਏ ਲੇਕਿਨ, ਚੇਅਰਮੈਨ ਸਾਹਿਬ, ਬੜੇ ਦੁੱਖ ਦੀ ਗੱਲ ਹੈ, ਅਸੀਂ ਵੀ ਪਿੰਡਾਂ ਦੇ ਰਹਿਣ ਵਾਲੇ ਹਾਂ ਅਤੇ ਤੁਸੀਂ ਵੀ ਪੇਂਡੂ ਆਦਮੀ ਹੋ, ਤੁਹਾਨੂੰ ਵੀ ਪਤਾ ਹੈ ਕਿ ਕਿਸ ਤਰ੍ਹਾਂ ਲੋਕ, ਗਰੀਬ ਖੇਤ ਮਜ਼ਦੂਰ ਤੁਹਾਡੇ ਕੋਲ ਅਤੇ ਸਾਡੇ ਕੋਲ ਆਪਣੇ ਬਿਲ ਆ ਕੇ ਦਿਖਾਉਂਦੇ ਹਨ। 2,000/-, 2,500/- ਰੁਪਏ ਅਤੇ 3,000/- ਰੁਪਏ ਦਾ ਬਿਲ ਲੈ ਕੇ ਆਉਂਦੇ ਹਨ। ਇਸ ਤਰ੍ਹਾਂ, ਚੇਅਰਮੈਨ ਸਾਹਿਬ, ਇਹ ਸਾਰੀ ਗੱਲ ਹਾਸੋਹੀਣੀ ਅਤੇ ਥੋਥੀ ਬਣ ਕੇ ਰਹਿ ਜਾਂਦੀ ਹੈ ਕਿ ਗਰੀਬ ਲੋਕਾਂ ਦੇ ਬਿਜਲੀ ਦੇ ਬਿਲ ਮੁਆਫ ਹੋਏ ਹਨ।

ਚੇਅਰਮੈਨ ਸਾਹਿਬ, ਰੂੜੀਆਂ ਦੇ ਬਾਰੇ ਮੇਰੇ ਸਾਥੀ ਨੇ ਗੱਲ ਕੀਤੀ ਹੈ। ਸਰਕਾਰ ਬਣਨ ਤੋਂ ਬਾਅਦ ਜਿਹੜੀਆਂ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਹਨ, ਉਨ੍ਹਾਂ ਤੇ ਧਨੀ ਕਿਸਾਨਾਂ ਨੇ ਕਬਜ਼ੇ ਕੀਤੇ ਹੋਏ ਹਨ। ਮੇਰੇ ਸਾਥੀ ਨੇ ਵੱਡੀ ਪੱਧਰ ਵਿੱਚ ਜੋ ਕਬਜ਼ੇ ਹੋਏ ਹਨ, ਉਨ੍ਹਾਂ ਦਾ ਜ਼ਿਕਰ ਕੀਤਾ ਹੈ ਅਤੇ ਜਿਵੇਂ ਫਤਿਹਗੜ੍ਹ ਸਾਹਿਬ ਦਾ ਮਸਲਾ ਹੈ, ਤੁਹਾਨੂੰ ਵੀ ਪਤਾ ਹੀ ਹੈ। ਜਦੋਂ ਅਸੀਂ ਇਸ ਅਸੈਂਬਲੀ ਵਿਚ, 11ਵੀਂ ਵਿਧਾਨ ਸਭਾ ਵਿਚ ਆਏ ਸੀ ਤਾਂ ਕਿਸ ਤਰ੍ਹਾਂ ਦੀਆਂ ਗੱਲਾਂ ਦੇਖਣ ਨੂੰ ਮਿਲੀਆਂ ਸਨ। ਲੋਕਾਂ ਦੇ ਘਰ ਢਹਿ ਢੇਰੀ ਹੋਏ ਅਤੇ ਲੋਕਾਂ ਤੇ ਜ਼ਿਆਦਤੀਆਂ ਹੋਈਆਂ ਪਰ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ। ਸ਼ਾਮਲਾਟ ਜ਼ਮੀਨਾਂ ਤੇ ਕਬਜ਼ੇ ਹੋਏ, ਸੁਹਾਗੇ ਮਾਰੇ ਗਏ ਅਤੇ ਕੋਈ ਵੀ ਜਗ੍ਹਾ ਨਾ ਰਹੀ। ਚੇਅਰਮੈਨ ਸਾਹਿਬ, ਸਾਡੇ ਪਿੰਡਾਂ ਦੇ ਲੋਕ ਗਰੀਬ ਹਨ, ਖੇਤ ਮਜ਼ਦੂਰ ਹਨ। ਉਹ ਰੂੜੀਆਂ ਦਾ ਸਿਸਟਮ ਕਿਸ ਤਰ੍ਹਾਂ ਚਲਾਉਣਗੇ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਮਹਿੰਗੀਆਂ, ਸਸਤੀਆਂ ਜਗ੍ਹਾ ਦੇਖ ਕੇ ਪਿੰਡਾਂ ਵਿਚ ਇਕ ਡੇਢ ਦੋ ਏਕੜ, ਜਿੰਨੀ ਆਬਾਦੀ ਹੈ, ਉਸ ਦੇ ਹਿਸਾਬ ਨਾਲ ਪਿੰਡ ਦਾ ਜਿੰਨਾ ਏਰੀਆ ਬਣਦਾ ਹੈ, ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਨ੍ਹਾਂ ਲੋਕਾਂ ਲਈ ਥੋੜ੍ਹੀ-ਥੋੜ੍ਹੀ ਜਗ੍ਹਾ ਲੈ ਕੇ ਦਿੱਤੀ ਜਾਵੇ ਤਾਂ ਕਿ ਉਹ ਲੋਕ ਜੋ ਰੂੜੀਆਂ ਸੁੱਟ ਕੇ, ਕੂੜਾ-ਕਰਕਟ ਘਰ ਦੀ ਸਫਾਈ ਕਰਕੇ ਸੁੱਟਦੇ ਹਨ, ਉਹ ਇਸ ਢੰਗ ਨਾਲ ਆਪਣੇ ਜੀਵਨ ਦਾ ਨਿਰਬਾਹ ਕਰ ਸਕਣ।

ਚੇਅਰਮੈਨ ਸਾਹਿਬ, ਅੱਗੇ ਪੈਨਸ਼ਨ ਦੀ ਸਕੀਮ ਦੇ ਤਹਿਤ 120 ਕਰੋੜ ਰੁਪਏ ਰੱਖੇ ਗਏ ਸਨ ਜਿਸ ਵਿਚੋਂ 60 ਕਰੋੜ ਰੁਪਏ ਹੀ ਖਰਚ ਕੀਤੇ। ਚੇਅਰਮੈਨ ਸਾਹਿਬ, ਕਿਸ ਤਰ੍ਹਾਂ ਦੀ ਵਿਵਸਥਾ ਪੰਜਾਬ ਸਰਕਾਰ ਨੇ ਬਣਾਈ। ਇਨ੍ਹਾਂ ਨੇ ਕਿਹਾ ਕਿ ਅਸੀਂ ਜਦੋਂ ਰਾਜ ਸੱਤਾ ਵਿਚ ਆਵਾਂਗੇ ਤਾਂ ਜਿੰਨੇ ਪੰਜਾਬ ਦੇ ਬਜ਼ੁਰਗ ਹਨ ਅਤੇ 62 ਸਾਲ ਦੀਆਂ ਬਜ਼ੁਰਗ ਮਾਵਾਂ ਹਨ, ਉਨ੍ਹਾਂ ਸਾਰਿਆਂ ਨੂੰ ਪੈਨਸ਼ਨ ਦੇਵਾਂਗੇ। ਨਾਲ ਹੀ ਸਕੀਮ ਬਣਾਈ ਕਿ ਪਿੰਡਾਂ ਦੀਆਂ ਸੱਥਾਂ ਵਿਚ ਪਹੁੰਚ ਕੇ ਪੈਨਸ਼ਨਾਂ ਦੇਵਾਂਗੇ। ਅਜਿਹੀ ਵਿਵਸਥਾ ਵਿਚ

ਤਹਿਸੀਲਦਾਰ ਹੋਵੇਗਾ, ਡਾਕਟਰ ਹੋਵੇਗਾ, ਪਿੰਡ ਦਾ ਸਰਪੰਚ ਹੋਵੇਗਾ ਅਤੇ ਨਾਲ ਹੀ ਡੀ.ਡੀ.ਪੀ.ਓ. ਅਤੇ ਬੀ.ਡੀ.ਓ. ਹੋਵੇਗਾ। ਇਸ ਵਿਵਸਥਾ ਅਧੀਨ ਇਹ ਸੱਥਾਂ ਵਿਚ ਗਏ। ਪਿੰਡਾਂ ਦੀਆਂ ਸੱਥਾਂ ਵਿਚ ਜਾ ਕੇ ਫਾਰਮ ਭਰੇ ਗਏ। ਫਾਰਮ ਭਰਨ ਤੋਂ ਬਾਅਦ ਸਾਰਿਆਂ ਲੋਕਾਂ ਵਿਚੋਂ ਕਿਸੇ ਨੂੰ ਨਹੀਂ ਕਿਹਾ ਕਿ ਤੇਰੀ ਉਮਰ ਫਿੱਟ ਨਹੀਂ, ਤੈਨੂੰ ਪੈਨਸ਼ਨ ਨਹੀਂ ਲਗਣੀ। ਇਸ ਦਾ ਕਾਰਨ ਸੀ ਕਿ ਮੂਹਰੇ ਪਾਰਲੀਮੈਂਟ ਦੀਆਂ ਚੋਣਾਂ ਸਨ ਅਤੇ ਕਿਸੇ ਨੂੰ ਕੁਝ ਨਹੀਂ ਕਿਹਾ। ਜਦੋਂ ਸਾਡੇ ਵਲੋਂ ਅਸੈਂਬਲੀ ਵਿਚ ਸਵਾਲ ਪੁੱਛਿਆ ਗਿਆ ਕਿ ਕੁੱਲ ਕਿੰਨੇ ਫਾਰਮ ਭਰੇ ਗਏ ਹਨ ਜੋ ਪੈਨਸ਼ਨ ਦੇਣ ਲਈ ਭਰੇ ਹਨ ਤਾਂ ਜਵਾਬ ਮਿਲਿਆ ਕਿ 11 ਲੱਖ ਫਾਰਮ ਭਰੇ ਗਏ ਹਨ। ਜਦੋਂ ਅਸੀਂ ਪੁੱਛਿਆ ਕਿ ਉਨ੍ਹਾਂ ਵਿਚੋਂ ਦਰੁੱਸਤ ਕਿੰਨੇ ਪਾਏ ਗਏ ਤਾਂ ਬਾਦਲ ਸਾਹਿਬ ਨੇ ਕਿਹਾ ਕਿ 1 ਲੱਖ ਦਰੁੱਸਤ ਪਾਏ ਗਏ। ਸਾਨੂੰ ਚੇਅਰਮੈਨ ਸਾਹਿਬ, ਇਸ ਗੱਲ ਦਾ ਬੜਾ ਖੇਦ ਹੈ। ਜਦੋਂ ਇਕ ਕਮੇਟੀ ਸਰਕਾਰ ਵਲੋਂ ਬਣਾ ਦਿੱਤੀ ਗਈ, ਉਸ ਦੇ ਮੈਂਬਰ ਨਾਮਜ਼ਦ ਕਰ ਦਿੱਤੇ ਗਏ, ਉਸ ਵਕਤ ਡਾਕਟਰ ਨੇ ਕਿਉਂ ਨਾ ਉਮਰ ਚੈਕ ਕੀਤੀ? ਫਾਰਮ ਭਰ-ਭਰ ਕੇ ਕਿਉਂ ਬੋਰੀਆਂ ਭਰ ਲਈਆਂ? ਹੁਣ ਉਹ ਲੋਕ ਪੁੱਛਦੇ ਹਨ ਕਿ ਸਾਨੂੰ ਪੈਨਸ਼ਨ ਕਦੋਂ ਮਿਲੇਗੀ ਤਾਂ ਇਸ ਦਾ ਜਵਾਬ ਇਨ੍ਹਾਂ ਨੇ ਇਸ ਹਾਊਸ ਵਿਚ ਦਿੱਤਾ ਕਿ ਅਜੇ ਤਾਂ ਅਸੀਂ 1988 ਦੀ ਵੋਟਰ ਲਿਸਟ ਨੂੰ ਲੈ ਕੇ ਚਲਣਾ ਹੈ। 1988 ਵਿੱਚ 62 ਸਾਲ ਦੀਆਂ ਮਾਵਾਂ ਅਤੇ 65 ਸਾਲ ਦੇ ਜੋ ਬਜ਼ੁਰਗ ਸਨ, ਉਹ ਤਾਂ 1999 ਵਿੱਚ ਕਈ ਰੱਬ ਨੂੰ ਪਿਆਰੇ ਹੋ ਗਏ ਹੋਣਗੇ। ਉਦੋਂ ਕਿਉਂ ਨਾ ਇਹ ਗੱਲ ਕੀਤੀ ਗਈ ਜਦੋਂ ਫਾਰਮ ਭਰੇ ਗਏ? ਜਦੋਂ ਸਰਕਾਰ ਬਣੀ ਸੀ, ਉਦੋਂ ਕਹਿੰਦੇ ਕਿ ਅਸੀਂ 1988 ਦੀ ਵੋਟਰ ਲਿਸਟ ਨੂੰ ਮੰਨ ਕੇ ਚੱਲਾਂਗੇ। ਉਸਦੇ ਤਹਿਤ ਲੋਕਾਂ ਨੂੰ ਫਾਰਮ ਭਰਨੇ ਚਾਹੀਦੇ ਹਨ। ਪਰ ਇਨ੍ਹਾਂ ਨੇ ਤਾਂ ਫਾਰਮ ਭਰਨ ਦੀ ਕੀਤੀ।

ਚੇਅਰਮੈਨ ਸਾਹਿਬ, ਅੱਗੇ ਸ਼ਗਨ ਸਕੀਮ ਇਕ ਅੱਛੀ ਸਕੀਮ ਹੈ। ਜੋ ਗੱਲ ਚੰਗੀ ਹੈ, ਉਹ ਠੀਕ ਕਹਿਣੀ ਚਾਹੀਦੀ ਹੈ। ਲੇਕਿਨ, ਚੇਅਰਮੈਨ ਸਾਹਿਬ, ਸਰਕਾਰ ਦੂਹਰੇ ਮਾਪ-ਦੰਡ ਕਿਉਂ ਅਪਣਾਉਂਦੀ ਹੈ। ਇਕ ਪਾਸੇ ਉਹ ਲੋਕ ਹਨ ਜਿਨ੍ਹਾਂ ਕੋਲ ਹਜ਼ਾਰਾਂ ਏਕੜ ਜ਼ਮੀਨ ਹੈ— 2 ਹਜ਼ਾਰ, 3 ਹਜ਼ਾਰ, 4 ਹਜ਼ਾਰ ਜਾਂ 5 ਹਜ਼ਾਰ ਏਕੜ ਜ਼ਮੀਨ ਹੈ, ਉਨ੍ਹਾਂ ਦਾ ਸਰਕਾਰ ਨੇ ਸਾਰਾ ਕੁਝ ਮੁਆਫ ਕਰ ਦਿੱਤਾ। ਉਨ੍ਹਾਂ ਦੀ ਕੋਈ ਪੁੱਛ ਨਹੀਂ, ਕੋਈ ਪੜਤਾਲ ਨਹੀਂ ਅਤੇ ਦੂਜੇ ਪਾਸੇ ਸਾਡੇ ਗਰੀਬਾਂ ਦੀਆਂ ਧੀਆਂ ਬਾਰੇ ਵੇਖਿਆ ਜਾਂਦਾ ਹੈ ਕਿ ਉਨ੍ਹਾਂ ਨੇ 18 ਸਾਲ ਦੀ ਉਮਰ ਦੀ ਹੱਦ ਪਾਰ ਕਰ ਲਈ ਜਾਂ ਨਹੀਂ। ਠੀਕ ਹੈ, ਮੈਂ ਵੀ ਮੰਨਦਾ ਹਾਂ ਕਿ ਇਹ ਹੱਦ ਪੂਰੀ ਕਰਨੀ ਚਾਹੀਦੀ ਹੈ ਲੇਕਿਨ ਬਹੁਤ ਸਾਰੀਆਂ ਲੜਕੀਆਂ ਜੰਮਣ ਤੋਂ ਬਾਅਦ ਸਕੂਲ ਨਹੀਂ ਜਾ ਸਕੀਆਂ। ਘਰ ਦੀ ਗਰੀਬੀ ਕਰਕੇ ਪਿੰਡ ਵਿਚ ਆਪਣੀ ਮਾਂ ਨਾਲ ਗੋਹਾ-ਕੂੜਾ ਚੁੱਕਣ ਵਾਸਤੇ ਟੋਕਰੀ ਚੁੱਕੀ ਫਿਰਦੀਆਂ ਹਨ।

ਉਹ ਲੜਕੀਆਂ ਉਸ ਟੋਕਰੀ ਦੇ ਭਾਰ ਥੱਲੇ ਦੱਬੀਆਂ ਗਈਆਂ ਹਨ। ਮਾੜੀਆਂ ਖੁਰਾਕਾਂ ਕਰਕੇ ਉਨ੍ਹਾਂ ਦੀ ਸਿਹਤ ਵੀ ਕਿਹੋ ਜਿਹੀ ਚੰਗੀ ਹੋ ਸਕਦੀ ਹੈ? ਅਸੀਂ ਸਾਰੇ ਲੋਕ ਤਕਰੀਬਨ ਪੇਂਡੂ ਏਰੀਏ ਦੇ ਹਾਂ। ਕੁਝ ਸੱਜਣ ਸ਼ਹਿਰਾਂ ਦੇ ਵੀ ਹੋਣਗੇ ਲੇਕਿਨ ਜਿਹੜੇ

[ਕਾਮਰੇਡ ਅਜੈਬ ਸਿੰਘ ਰੌਂਤਾ]

ਸਾਡੇ ਗਰੀਬ ਲੋਕ ਸ਼ਹਿਰਾਂ ਦੇ ਹਨ, ਉਨ੍ਹਾਂ ਦੀ ਹਾਲਤ ਵੀ ਬਹੁਤੀ ਚੰਗੀ ਨਹੀਂ। ਸਾਡੇ ਗਰੀਬ ਲੋਕਾਂ ਦੀਆਂ ਲੜਕੀਆਂ ਦੀ ਸਿਹਤ ਚੰਗੀ ਕਿਸ ਤਰ੍ਹਾਂ ਹੋ ਸਕਦੀ ਹੈ। ਉਨ੍ਹਾਂ ਦਾ ਕੱਦ ਵੀ ਛੋਟਾ ਹੋ ਸਕਦਾ ਹੈ, ਉਹ ਨਿਕੱਦੀਆਂ ਹੋ ਸਕਦੀਆਂ ਹਨ ਕਿਉਂਕਿ ਬਚਪਨ ਤੋਂ ਹੀ ਉਹ ਗਾਰ ਚੁੱਕੀ ਫਿਰਦੀਆਂ ਹਨ। ਵਿਆਹ ਤੋਂ ਬਾਅਦ ਉਹ ਜਿਥੇ ਜਾਂਦੀਆਂ ਹਨ, ਉਥੇ ਵੀ ਉਨ੍ਹਾਂ ਨੂੰ ਗੋਹਾ-ਕੂੜਾ ਹੀ ਚੁੱਕਣਾ ਪੈਂਦਾ ਹੈ। ਸਾਰੀ ਉਮਰ ਉਹ ਇਹੀ ਕੰਮ ਕਰਦੀਆਂ ਰਹਿੰਦੀਆਂ ਹਨ ਅਤੇ ਜਦੋਂ ਮਰਦੀਆਂ ਹਨ ਤਾਂ ਇੰਨਾ ਵੀ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਸਰਕਾਰ ਵਾਸਤੇ ਵੀ ਕੁਝ ਪਾਥੀਆਂ ਉਨ੍ਹਾਂ ਦੇ ਘਰਾਂ ਵਿਚੋਂ ਨਿਕਲਣ ਜਾਂ ਨਾ ਨਿਕਲਣ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗਰੀਬ ਲੋਕਾਂ ਦੀ ਇਹ ਕਿੰਨੀ ਮਿਹਨਤ ਹੈ ਪਰ, ਚੇਅਰਮੈਨ ਸਾਹਿਬ, ਹੁਣ ਕਾਹਦੀਆਂ ਮਿਹਨਤਾਂ ਰਹਿ ਗਈਆਂ। ਮੈਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਮਸ਼ੀਨੀਕਰਣ ਹੋਣ ਨਾਲ ਹੁਣ ਕੰਮ ਬਹੁਤ ਘੱਟ ਗਿਆ ਹੈ। ਜਿਹੜਾ ਕੰਮ ਪਹਿਲਾਂ ਮਹੀਨਿਆਂ ਵਿਚ ਹੁੰਦਾ ਸੀ, ਉਹ ਹੁਣ ਹਫਤੇ ਵਿਚ ਹੀ ਖਤਮ ਹੋ ਜਾਂਦਾ ਹੈ। ਅੱਜ ਕੋਈ ਗਰੀਬ ਆਪਣੀ ਹਿੱਕ ਤੇ ਹੱਥ ਰੱਖ ਕੇ ਇਹ ਨਹੀਂ ਕਹਿ ਸਕਦਾ ਕਿ ਉਸ ਨੇ ਹਾੜੀ ਵੱਢ ਕੇ 6-6 ਮਹੀਨਿਆਂ ਲਈ ਦਾਣੇ ਇਕੱਠੇ ਕਰ ਲਏ ਹਨ। ਸੋ, ਉਮਰ ਦੀ ਹੱਦ ਤੋਂ ਇਲਾਵਾ ਉਸ ਗਰੀਬ ਨੂੰ ਕਿਹਾ ਜਾਂਦਾ ਹੈ ਕਿ ਉਹ ਮਜ਼ਬੀ ਸਿੱਖ ਦਾ ਜਾਂ ਰਾਮਦਾਸੀਆ ਸਿੱਖ ਦਾ ਸਰਟੀਫਿਕੇਟ ਲੈ ਕੇ ਆਵੇ। ਤੁਹਾਨੂੰ ਪਤਾ ਹੀ ਹੈ ਕਿ ਸਰਟੀਫਿਕੇਟ ਲੈਣ ਵਾਸਤੇ ਕਿਹੜੀਆਂ-ਕਿਹੜੀਆਂ ਔਕੜਾਂ ਅਤੇ ਦਿੱਕਤਾਂ ਆਉਂਦੀਆਂ ਹਨ। ਫਿਰ ਵਿਆਹ ਦਾ ਕਾਰਡ ਵੀ ਨਾਲ ਲਾਓ। ਇਥੇ ਭਰੋਸਾ ਦਿੱਤਾ ਗਿਆ ਹੈ ਕਿ ਹੁਣ ਇਸ ਗੱਲ ਨੂੰ ਨਹੀਂ ਮੰਨਿਆ ਜਾਵੇਗਾ ਕਿ ਇਕ ਮਹੀਨਾ ਪਹਿਲਾਂ ਫਾਰਮ ਭਰੇ ਜਾਣ ਲੇਕਿਨ ਹਕੀਕਤ ਵਿਚ ਐਸੀ ਵਿਵਸਥਾ ਨਹੀਂ ਹੈ। ਮੈਂ ਨਿਹਾਲਸਿੰਘ ਵਾਲਾ, ਮੋਗਾ ਅਤੇ ਬਾਘਾ ਪੁਰਾਣਾ ਦੇ ਸੈਂਕੜੇ ਕੇਸ ਦੱਸ ਸਕਦਾ ਹਾਂ ਜਿਨ੍ਹਾਂ ਨੇ ਇਕ ਮਹੀਨੇ ਤੋਂ ਪਹਿਲਾਂ ਆਪਣੇ ਫਾਰਮ ਨਹੀਂ ਦਿੱਤੇ ਸਨ, ਇਸ ਕਰਕੇ ਉਨ੍ਹਾਂ ਨੂੰ ਇਹ ਪੈਸੇ ਬਿਲਕੁਲ ਨਹੀਂ ਦਿੱਤੇ ਗਏ। ਮੈਂ ਹਾਊਸ ਦੇ ਵਿਚ ਇਹ ਸਾਰੀ ਰਿਪੋਰਟ ਦੇ ਸਕਦਾ ਹਾਂ ਜਿਨ੍ਹਾਂ ਨੂੰ ਇਹ 5100/- ਰੁਪਏ ਨਹੀਂ ਮਿਲੇ। ਨਾਲ ਹੀ ਇਹ ਵੀ ਦੱਸ ਸਕਦਾ ਹਾਂ ਕਿ ਕਿਸ ਤਰੀਕੇ ਦੇ ਨਾਲ ਨੰਬਰਦਾਰ, ਤਹਿਸੀਲਦਾਰ ਅਤੇ ਐਸ.ਡੀ.ਐਮ. ਆਪਸ ਵਿਚ ਮਿਲੀ-ਭੁਗਤ ਕਰਕੇ ਰਿਸ਼ਵਤਾਂ ਖਾਂਦੇ ਹਨ। ਪੈਸੇ ਲੈਣ ਵਾਸਤੇ ਇਨ੍ਹਾਂ ਨੂੰ ਰਿਸ਼ਵਤਾਂ ਦੇਣੀਆਂ ਪੈਂਦੀਆਂ ਹਨ। ਮੈਂ ਬਕਾਇਦਾ ਉਨ੍ਹਾਂ ਲੋਕਾਂ ਦੇ ਨਾਂ ਦੱਸ ਸਕਦਾ ਹਾਂ, ਹਲਫੀਆ ਬਿਆਨ ਦੇ ਸਕਦਾ ਹਾਂ ਜਿਨ੍ਹਾਂ ਨੇ ਗਰੀਬ ਲੋਕਾਂ ਤੋਂ ਪੈਸੇ ਖਾਧੇ।

ਚੇਅਰਮੈਨ ਸਾਹਿਬ, ਸਰਕਾਰ ਨੇ ਘਰਾਂ ਦੀ ਸਕੀਮ ਬਣਾਈ। ਪਿਛਲੀ ਸਰਕਾਰ ਨੇ 15 ਹਜ਼ਾਰ ਰੁਪਿਆ ਦੇਣ ਦੀ ਗੱਲ ਕੀਤੀ ਸੀ, ਇਨ੍ਹਾਂ ਨੇ ਕਹਿ ਦਿਤਾ ਕਿ ਅਸੀਂ 50 ਹਜ਼ਾਰ ਰੁਪਿਆ ਦੇਵਾਂਗੇ। ਅਸੀਂ ਇਸ ਹਾਊਸ ਦੇ ਵਿਚ ਇਹ ਮੰਗ ਕੀਤੀ ਸੀ ਕਿ ਤੁਸੀਂ ਪੈਸੇ ਦੀ ਬਜਾਏ ਮਕਾਨ ਬਣਾ ਕੇ ਦਿਓ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪਿੰਡਾਂ ਵਿਚ ਐਸੀ ਜਗ੍ਹਾ ਚੁਣਦੇ ਹਨ ਜਿਸ ਨਾਲ ਉਥੇ ਜੱਟ ਅਤੇ ਗੈਰ-ਜੱਟ ਦੇ ਵਿਚ ਪਾੜਾ ਹੋਰ ਪੱਕਾ ਹੋ ਜਾਵੇ। ਕਿਉਂ ਨਹੀਂ ਇਹ ਮਕਾਨ ਪਿੰਡਾਂ ਦੇ ਲਾਗੇ, ਜੱਟਾਂ ਦੇ ਘਰਾਂ ਦੇ

ਲਾਗੇ ਬਣ ਕੇ ਦਿੱਤੇ ਜਾਂਦੇ । ਤੁਸੀਂ ਵੇਖੋ ਕਿ ਇਹ ਘਰ ਕਿਸ ਤਰ੍ਹਾਂ ਦੇ ਬਣਾਏ ਗਏ ਹਨ । ਮਲੂਕਾ ਸਾਹਿਬ ਦੇ ਨੇੜੇ ਜਿਹੜੇ ਮਕਾਨ ਬਣਾਏ ਗਏ ਹਨ, ਉਥੇ ਸੂਰਾਂ ਨੇ ਆਪਣੇ ਘੁਰਨੇ ਬਣਾ ਲਏ ਹਨ । ਉਥੇ ਕੋਈ ਵੀ ਬੰਦਾ ਜਾਣ ਨੂੰ ਤਿਆਰ ਨਹੀਂ ਹੈ । ਕੀ ਇਹ ਇਸ ਕਰਕੇ ਮਾੜੇ ਘਰ ਬਣਾਏ ਗਏ ਹਨ ਕਿ ਅਸੀਂ ਗਰੀਬ ਹਾਂ ? ਸਾਡੇ ਵਾਸਤੇ ਇਹੋ ਜਿਹੇ ਮਾੜੇ ਘਰ ਕਿਉਂ ਬਣਾਏ ਜਾਣ । ਉਥੇ ਮਰੇ ਬੰਦੇ ਨੂੰ ਤਾਂ ਭਾਵੇਂ ਵਾੜ ਦਿਓ ਪਰ ਜਿਉਂਦਾ ਬੰਦਾ ਤਾਂ ਉਥੇ ਵੜ ਨਹੀਂ ਸਕਦਾ ।

ਸਿੰਚਾਈ ਰਾਜ ਮੰਤਰੀ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਮੇਰੇ ਪਿੰਡ ਵਿਚ ਗਰੀਬਾਂ ਦੇ ਘਰ ਬਣਾਏ ਗਏ ਹਨ । ਮੈਂ ਹਾਊਸ ਵਿਚ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਨੂੰ ਲੈਣ ਵਾਸਤੇ ਤਾਂ ਲੜਾਈ ਲੱਗੀ ਰਹਿੰਦੀ ਹੈ । ਹਰੇਕ ਬੰਦਾ ਉਹ ਘਰ ਲੈਣਾ ਚਾਹੁੰਦਾ ਹੈ । 2-3 ਲੋਕਾਂ ਨੇ ਤਾਂ ਜ਼ਬਰੀ ਉਨ੍ਹਾਂ ਮਕਾਨਾਂ ਤੇ ਕਬਜ਼ਾ ਕਰ ਲਿਆ । ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਉਥੋਂ ਕੱਢ ਕੇ ਸਹੀ ਲੋਕਾਂ ਨੂੰ ਉਹ ਘਰ ਦਿਵਾਏ । ਘੱਟੋ-ਘੱਟ ਮੇਰੇ ਹਲਕੇ ਵਿਚ ਕੋਈ ਘਰ ਖਾਲੀ ਨਹੀਂ ਹੈ, ਬਲਕਿ ਹੋਰ ਘਰਾਂ ਦੀ ਮੰਗ ਹੈ । ਇਹ ਸਾਡੇ ਇਲਾਕੇ ਦੀ ਗਲਤ ਗੱਲ ਕਰ ਰਹੇ ਹਨ । ਬੇਸ਼ੱਕ ਹਾਊਸ ਦੀ ਇਕ ਕਮੇਟੀ ਬਣਾ ਕੇ ਇਸ ਗੱਲ ਦਾ ਪਤਾ ਕਰਵਾ ਲਓ ।

ਕਾਮਰੇਡ ਅਜੈਬ ਸਿੰਘ ਰੌਂਤਾ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਕਲੀਆ ਪਿੰਡ ਮੇਰੇ ਪਿੰਡ ਤੋਂ ਬਹੁਤੀ ਦੂਰ ਨਹੀਂ ਹੈ, ਕੇਵਲ ਦੋ ਕਿਲੋਮੀਟਰ ਹੈ । ਜੇਕਰ ਉਥੇ ਮਕਾਨ ਆਕੂਪਾਈ ਕਰ ਲਏ ਹੋਣ ਉਥੇ ਅਜੇ ਵੀ ਵਾੜਾਂ ਨਾ ਲੱਗੀਆਂ ਹੋਣ, ਜਾਲੇ ਨਾ ਲੱਗੇ ਹੋਣ, ਮਕਾਨ ਟੁੱਟੇ-ਭੱਜੇ ਨਾ ਹੋਣ, ਉਥੇ ਭਾਵੇਂ ਹਾਊਸ ਦੀ ਕਮੇਟੀ ਬਣਾ ਕੇ ਭੇਜ ਦਿਓ, ਜੇਕਰ ਇਹ ਸੱਚ ਨਾ ਹੋਵੇ ਤਾਂ ਮੈਂ ਅਸੈਂਬਲੀ ਦੀ ਸੀਟ ਤੋਂ ਅਸਤੀਫ਼ਾ ਦੇ ਦਿਆਂਗਾ ।

ਸਿੰਚਾਈ ਰਾਜ ਮੰਤਰੀ, ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਅਤੇ ਮੈਂ ਰੌਂਤਾ ਸਾਹਿਬ ਦੀ ਜਾਣਕਾਰੀ ਵਾਸਤੇ, ਨਾਲੇਜ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਦੀ ਸਰਕਾਰ ਦੀ ਪਾਲਿਸੀ ਦੇ ਤਹਿਤ ਉਥੇ 10 ਘਰ ਬਣੇ ਹਨ ਅਤੇ ਦਸ ਦੇ ਦਸ ਹੀ ਆਕੂਪਾਈ ਹੋ ਗਏ ਹਨ । ਇਨਾਂ ਘਰਾਂ ਤੋਂ ਇਲਾਵਾ ਪਹਿਲੀ ਕਾਂਗਰਸ ਸਰਕਾਰ ਦੇ ਵੇਲੇ ਵੀ 10-15 ਘਰ ਬਣੇ ਸਨ ਅਤੇ ਉਹ ਘਰ ਬਿਲਕੁਲ ਬੇਕਾਰ ਹਨ, ਲੋਕ ਉਥੇ ਜਾਣ ਨੂੰ ਤਿਆਰ ਨਹੀਂ. ਉਹ ਖਾਲੀ ਪਏ ਹਨ । ਜੇਕਰ ਮੈਂਬਰ ਸਾਹਿਬ ਉਨ੍ਹਾਂ ਮਕਾਨਾਂ ਦੀ ਗੱਲ ਕਰਦੇ ਹਨ ਤਾਂ ਮੈਂ ਜ਼ਿੰਮੇਂਵਾਰ ਨਹੀਂ ਹਾਂ । ਇਹ ਸਾਡੀ ਸਰਕਾਰ ਤੋਂ ਪਹਿਲੀ ਸਰਕਾਰ ਦੇ ਵੇਲੇ ਦੇ ਬਣੇ ਹੋਏ ਹਨ ।

ਕਾਮਰੇਡ ਅਜੈਬ ਸਿੰਘ ਰੌਂਤਾ : ਚੇਅਰਮੈਨ ਸਾਹਿਬ, ਸਰਕਾਰ ਤਾਂ ਸਰਕਾਰ ਹੀ ਹੁੰਦੀ ਹੈ ਭਾਵੇਂ ਕਾਂਗਰਸੀ ਭਰਾਵਾਂ ਦੀ ਹੋਵੇ ਅਤੇ ਭਾਵੇਂ ਅਕਾਲੀ ਵੀਰਾਂ ਦੀ। ਫੈਸਲੇ ਤਾਂ ਸਰਕਾਰ ਦੇ ਹੀ ਹੁੰਦੇ ਹਨ। ਚੇਅਰਮੈਨ ਸਾਹਿਬ, ਪੰਜਾਬ ਵਿਚ, 12000 ਮਕਾਨ ਬਣਾਉਣ ਦੀ ਵਿਵਸਥਾ ਦੀ ਗੱਲ ਕੀਤੀ ਗਈ ਸੀ ਜਦੋਂ ਕਿ ਪੰਜਾਬ ਵਿਚ 12827 ਪਿੰਡ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਵੇਲੇ ਕਿਹਾ ਗਿਆ ਕਿ 50-50 ਹਜ਼ਾਰ ਰੁਪਏ ਇਕ ਮਕਾਨ ਤੇ ਲੱਗ ਜਾਣਗੇ। ਜਦੋਂ ਇਹ ਪੁੱਛਿਆ ਗਿਆ ਕਿ ਇਹ ਮਕਾਨ ਜਗ੍ਹਾ ਮੁੱਲ ਲੈ ਕੇ ਪਾਓਗੇ ? ਤਾਂ ਇਨ੍ਹਾਂ ਨੇ ਕਿਹਾ ਕਿ ਜਿਥੇ ਸ਼ਾਮਲਾਤ ਜਗ੍ਹਾ ਨਾ ਮਿਲੀ ਉਥੇ ਮੁੱਲ ਲੈ ਕੇ, 50,000/- ਰੁਪਏ ਨੂੰ ਵਰਤਿਆ ਜਾਵੇਗਾ। ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੀ ਹੈ ਅਤੇ ਸਾਰਿਆਂ ਨੂੰ ਹੀ ਪਤਾ ਹੈ ਕਿ ਸ਼ਾਮਲਾਤਾਂ ਘੱਟ ਗਈਆਂ ਹਨ ਜਾਂ ਕੁਝ ਲੋਕਾਂ ਨੇ ਦੱਬ ਲਈਆਂ ਹਨ। ਜੇਕਰ 5 ਮਰਲੇ ਜਗ੍ਹਾ ਮੁੱਲ ਲੈਣੀ ਹੈ ਤਾਂ ਉਸ ਦਾ ਰੇਟ 50,000/- ਰੁਪਏ ਤੋਂ ਘੱਟ ਨਹੀਂ ਹੋਵੇਗਾ, ਮਕਾਨ ਵਾਸਤੇ 50,000/- ਰੁਪਏ ਵਿਚ ਪਾ ਕੇ ਇਹ ਇਕ ਲੱਖ ਰੁਪਿਆ ਬਣ ਗਿਆ। ਪਰ ਅਜਿਹੀ ਵਿਵਸਥਾ ਨਹੀਂ ਕੀਤੀ ਗਈ....

ਸ਼੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਜੋ ਰੌਂਤਾ ਸਾਹਿਬ ਨੇ ਦੱਸਿਆ ਹੈ, ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਕਿ ਹਰੇਕ ਕੰਸਟੀਚਿਉਂਐਂਸੀ ਵਿਚ ਮਿਨੀਮਮ 10 ਘਰ ਬਣ ਚੁੱਕੇ ਹਨ ਅਤੇ ਉਨ੍ਹਾਂ ਵਿਚ ਲੋਕਾਂ ਦੀ ਵਸੋਂ ਹੋ ਚੁੱਕੀ ਹੈ। ਜਿਸ ਤਰ੍ਹਾਂ ਮਲੂਕਾ ਸਾਹਿਬ ਨੇ ਦੱਸਿਆ ਹੈ, ਮੈਂਬਰ ਸਾਹਿਬ ਨੂੰ ਹਾਊਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਘਰ ਬਣ ਚੁੱਕੇ ਹਨ ਅਤੇ ਵਸੋਂ ਹੋ ਚੁੱਕੀ ਅਤੇ ਸਾਡੇ ਕੋਲ ਫਰਦਰ ਡਿਮਾਂਡ ਆਈ ਹੋਈ ਹੈ ਕਿ ਹੋਰ ਘਰ ਬਣਾ ਕੇ ਦਿਓ। Land has been donated or transferred by the Panchayat to the Punjab Government.

ਕਾਮਰੇਡ ਅਜੈਬ ਸਿੰਘ ਰੌਂਤਾ : ਚੇਅਰਮੈਨ ਸਾਹਿਬ, ਇਕ ਸਾਲ ਬਾਅਦ ਹੀ ਇਹ ਸਕੀਮ ਹੁਣ ਬੰਦ ਕਰ ਦਿਤੀ ਗਈ ਹੈ। ਕੇਵਲ ਇਕੋ ਵਾਰ ਹੀ ਸਿਰੇ ਚੜ੍ਹੀ ਹੈ। ਹੁਣ ਇਸ ਨੂੰ ਵਾਪਸ ਲੈ ਲਿਆ ਗਿਆ ਹੈ।

ਸ਼੍ਰੀ ਸਭਾਪਤੀ : ਰੌਂਤਾ ਜੀ, ਬਹੁਤ ਟਾਈਮ ਹੋ ਚੁੱਕਾ ਹੈ, ਹੋਰ ਮੈਂਬਰਾਂ ਨੇ ਵੀ ਬੋਲਣਾ ਹੈ। ਤੁਸੀਂ ਵਾਈਂਡ-ਅੱਪ ਕਰੋ।

ਕਾਮਰੇਡ ਅਜੈਬ ਸਿੰਘ ਰੌਂਤਾ : ਤਹਿਸੀਲ ਭਲਾਈ ਅਫ਼ਸਰ ਦੇ ਦਫ਼ਤਰ ਬਾਰੇ ਮੈਂ ਮੋਗਾ ਜ਼ਿਲ੍ਹੇ ਦੀ ਗੱਲ ਕਰਨੀ ਚਾਹੁੰਦਾ ਹਾਂ ਜਿਥੋਂ ਕਿ ਮੈਂ ਸਬੰਧਿਤ ਹਾਂ। ਸਕੀਮਾਂ ਅਸੀਂ ਦੇ ਦਿੱਤੀਆਂ ਪਰ ਸਟਾਫ਼ ਨਹੀਂ ਦਿੱਤਾ। ਜਦੋਂ ਸਟਾਫ਼ ਹੀ ਨਹੀਂ ਤਾਂ ਫਿਰ ਸਕੀਮਾਂ ਨੂੰ ਲਾਗੂ ਕਿਵੇਂ ਕੀਤਾ ਜਾਵੇਗਾ। ਜਦੋਂ ਭਲਾਈ ਅਫ਼ਸਰ ਨੇ ਪਾਣੀ-ਧਾਣੀ ਦੀ ਵਿਵਸਥਾ ਵੀ ਆਪ ਹੀ ਕਰਨੀ ਹੈ, ਆਏ-ਗਏ ਨੂੰ ਕੁਰਸੀ ਚੁੱਕ ਕੇ ਆਪ ਹੀ ਦੇਣੀ ਹੈ ਤਾਂ ਫਿਰ ਜਿਹੜੀਆਂ ਸਕੀਮਾਂ ਅਸੀਂ ਗਰੀਬ ਪਰਿਵਾਰਾਂ ਦੀ ਰਾਖੀ ਵਾਸਤੇ, ਭਲੇ ਵਾਸਤੇ ਬਣਾਈਆਂ ਹਨ, ਜਿਹੜੇ ਸਾਡੇ ਪਿੰਡਾਂ ਦੇ ਸਪੂਤ ਹਨ ਜਿਨ੍ਹਾਂ ਵਾਸਤੇ ਇਹ ਸਭ ਸਕੀਮਾਂ ਤਿਆਰ

ਕੀਤੀਆਂ ਹਨ, ਜਿਨ੍ਹਾਂ ਨੂੰ ਅਸੀਂ ਰਾਹਤ ਦੇਣ ਜਾ ਰਹੇ ਹਾਂ ਤਾਂ ਫਿਰ ਇਹ ਸਭ ਕੁਝ ਕਿਸ ਤਰੀਕੇ ਨਾਲ ਨੇਪਰੇ ਚੜ੍ਹੇਗਾ। ਇਸ ਵਾਸਤੇ ਸਰਕਾਰ ਨੂੰ ਆਪਣਾ ਬਣਦਾ ਯੋਗ ਹਿੱਸਾ ਪਾਉਣਾ ਚਾਹੀਦਾ ਹੈ। ਸਟਾਫ਼ ਦੀ ਭਰਤੀ ਕਰਨੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਰਾਜ ਪ੍ਰਬੰਧ ਦੇ ਦੌਰਾਨ ਖੇਤ ਮਜ਼ਦੂਰਾਂ ਦੀ ਕਿਸ ਤਰ੍ਹਾਂ ਦੀ ਹਾਲਤ ਹੋਈ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਅਬੋਹਰ ਦੇ ਇਲਾਕੇ ਵਿੱਚ ਕਿਸ ਤਰ੍ਹਾਂ ਇਕ ਮਾਂ-ਧੀ ਦੋਨਾਂ ਨੂੰ ਨਗਨ ਕੀਤਾ ਗਿਆ। ਤਹਿਸੀਲ ਨਿਹਾਲ ਸਿੰਘ ਵਾਲਾ ਵਿਚ ਬੌਰੀਆਂ ਦੇ ਬੜੇ ਘਰ ਹਨ, ਲੋਕ ਵੱਸਦੇ ਹਨ। ਉਨ੍ਹਾਂ ਦੇ ਨਾਲ ਕਿਸ ਤਰ੍ਹਾਂ ਦੀ ਗੱਲ ਕੀਤੀ ਗਈ। ਇਕ ਮਾੜਾ ਆਦਮੀ ਜਿਸ ਦੇ ਨਾਲ ਹੋਰ ਗੁੰਡੇ ਰਲੇ ਹੋਏ ਸਨ, ਉਨ੍ਹਾਂ ਨੇ ਤਿੰਨ ਧੀਆਂ ਅਗਵਾ ਕੀਤੀਆਂ ਤੇ ਬਾਹਰ ਮੋਟਰ ਤੇ ਲੈ ਗਏ ਅਤੇ ਦੋ ਰਾਤਾਂ ਉਹ ਵਾਪਸ ਨਹੀਂ ਮੁੜੀਆਂ। ਲੇਕਿਨ ਜਦੋਂ ਉਨ੍ਹਾਂ ਨੂੰ ਵਾਪਸ ਲਿਆਂਦਾ ਗਿਆ, ਉਥੇ ਕੋਈ ਡਾਕਟਰ ਉਨ੍ਹਾਂ ਦੀ ਦੇਖਭਾਲ ਕਰਨ ਲਈ ਤਿਆਰ ਨਹੀਂ ਸੀ। ਕੋਈ ਦੇਖਭਾਲ ਕਰਨ ਲਈ ਤਿਆਰ ਨਹੀਂ ਸੀ ਕਿਉਂਕਿ ਸਰਕਾਰ ਦੇ ਕੁਝ ਬੰਦੇ ਉਨ੍ਹਾਂ ਮਾੜੇ ਬੰਦਿਆਂ ਦੀ ਮਦਦ ਕਰ ਰਹੇ ਸਨ। ਉਨ੍ਹਾਂ ਮਾੜੇ ਬੰਦਿਆਂ ਨੇ ਸਾਡੀਆਂ ਧੀਆਂ ਨੂੰ ਨੰਗਿਆਂ ਕਰਕੇ, ਉਨ੍ਹਾਂ ਦੇ ਗੁਪਤ ਅੰਗਾਂ ਵਿੱਚ ਬੰਦੂਕ ਦੀਆਂ ਬੈਰਲਾਂ ਮਾਰੀਆਂ। ਇਹ ਦੁਖਾਂਤ ਵਾਪਰਿਆ। ਸਿੱਖ ਬੌਰੀਆਂ ਦੇ ਜੁਆਕਾਂ ਨੂੰ ਚੁੱਕ-ਚੁੱਕ ਕੇ ਥੱਲੇ ਸੁੱਟਿਆ ਗਿਆ ਅਤੇ ਜਿਹੜੇ ਬਜ਼ੁਰਗ ਸਨ, ਜਿਨ੍ਹਾਂ ਨੇ ਵਿਰੋਧ ਕੀਤਾ, ਉਨ੍ਹਾਂ ਨੂੰ ਕੁੱਟਿਆ ਗਿਆ। ਕੋੜਿਆਂ ਕਰਕੇ ਕੁੱਟਿਆ ਗਿਆ। ਮੈਂ ਪਿੰਡ ਸੰਤੋਹ ਦੀ ਗੱਲ ਕਰਦਾ ਹਾਂ।

ਸ੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਜੋ ਰੌਂਤਾ ਸਾਹਿਬ ਕਹਿ ਰਹੇ ਹਨ ਮੇਰੇ ਖਿਆਲ ਵਿੱਚ ਅਜਿਹੀ ਕੋਈ ਗੱਲ ਕਦੇ ਕਿਤੇ ਨਹੀਂ ਹੋਈ ਅਤੇ ਨਾ ਹੀ ਕਿਸੇ ਧੀ ਭੈਣ ਨੂੰ ਕਦੇ ਕੋਈ ਨੰਗਿਆਂ ਕੀਤਾ ਗਿਆ ਹੈ ਅਤੇ ਨਾ ਹੀ ਪੰਜਾਬ ਵਿਚ ਕਿਸੇ ਦੀ ਕੋਈ ਹਿੰਮਤ ਇਸ ਤਰ੍ਹਾਂ ਕਰਨ ਦੀ ਹੈ। ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦਾ ਰਾਜ ਹੈ। ਇਹ ਨਹੀਂ ਹੋ ਸਕਦਾ ਕਿ ਕਿਸੇ ਵੀ ਧੀ ਭੈਣ ਨੂੰ ਤਿੰਨ-ਤਿੰਨ ਦਿਨ ਇਸ ਤਰ੍ਹਾਂ ਰੱਖਿਆ ਗਿਆ ਹੋਵੇ। ਇਹ ਹੁਣ ਵੀ ਦੱਸਣ। ਅਸੀਂ ਸਰਕਾਰ ਵਲੋਂ ਦਾਅਵਾ ਕਰਦੇ ਹਾਂ ਕਿ ਮੁਜ਼ਰਮਾਂ ਦੇ ਖਿਲਾਫ਼ ਕੇਸ ਵੀ ਰਜਿਸਟਰ ਹੋਵੇਗਾ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਵੀ ਦਿਵਾਈ ਜਾਵੇਗੀ ਅਤੇ ਦੁਖੀ ਪ੍ਰੀਵਾਰ ਨੂੰ ਪੂਰਾ ਨਿਆਂ ਮਿਲੇਗਾ।

ਕਾਮਰੇਡ ਅਜੈਬ ਸਿੰਘ ਰੌਂਤਾ : ਤੁਸੀਂ ਸਾਹਨੀ ਸਾਹਿਬ, ਕਿਹੜਾ ਮਨਿਸਟਰ ਹੋ ਜਿਹੜਾ ਇਸ ਤਰ੍ਹਾਂ ਦਾ ਵਿਸ਼ਵਾਸ ਦੇ ਰਹੇ ਹੋ। ਤੁਸੀਂ ਕਿਨ੍ਹਾਂ ਦੇ ਘਰਾਂ ਵਿੱਚ ਜਾਂਦੇ ਹੋ। ਮੈਂ ਇਸ ਸਦਨ ਵਿੱਚ ਕਹਿੰਦਾ ਹਾਂ ਕਿ ਇਹ ਕੋਈ ਲੁਕੀ-ਛੁਪੀ ਗੱਲ ਨਹੀਂ ਹੈ. ਤੁਸੀਂ ਕਦੋਂ ਅਬੋਹਰ ਗਏ ਹੋ। ਮੈਂ ਦੱਸਦਾ ਹਾਂ ਕਿ ਉਹ ਮਾਵਾਂ ਧੀਆਂ ਨੰਗੀਆਂ ਕਰਕੇ ਟਰੈਕਟਰ ਤੇ ਬਿਠਾਈਆਂ ਗਈਆਂ ਅਤੇ ਉਨ੍ਹਾਂ ਦੇ ਮੂੰਹ ਕਾਲੇ ਕੀਤੇ ਗਏ....

ਸ਼੍ਰੀ ਜਗਦੀਸ਼ ਸਾਹਨੀ : ਚੇਅਰਮੈਨ ਸਾਹਿਬ, ਅਸੀਂ ਅਬੋਹਰ ਦੇ ਐਮ. ਐਲ. ਏ. ਸਾਹਿਬ ਤੋਂ ਪੁੱਛ ਲੈਂਦੇ ਹਾਂ।

ਸ਼੍ਰੀ ਸਭਾਪਤੀ : ਹਾਂ ਜੀ, ਡਾਕਟਰ ਰਾਮ ਕੁਮਾਰ ਜੀ।

ਡਾਕਟਰ ਰਾਮ ਕੁਮਾਰ ਗੋਇਲ : ਚੇਅਰਮੈਨ ਸਾਹਿਬ, ਕੋਈ ਗੱਲ ਨਹੀਂ ਹੋਈ ਹੈ। ਉਸ ਔਰਤ ਨੇ ਪਲਾਸਟਿਕ ਵਾਲਾ ਨਾਲਾ ਸਲਵਾਰ ਵਿੱਚ ਪਹਿਨਿਆ ਹੋਇਆ ਸੀ ਅਤੇ ਖਿੱਚ-ਧੂਹ ਵਿੱਚ ਢਿੱਲਾ ਹੋ ਗਿਆ ਤੇ ਉਸਦੀ ਸਲਵਾਰ ਥੱਲੇ ਹੋ ਗਈ ਜੋ ਉਸ ਨੇ ਫਿਰ ਉਪਰ ਕਰ ਲਈ। ਜਿਸ ਤਰ੍ਹਾਂ ਇਹ ਕਹਿ ਰਹੇ ਹਨ, ਇਸ ਤਰ੍ਹਾਂ ਦਾ ਕੁਝ ਨਹੀਂ ਹੋਇਆ। ਇਹ ਸਭ ਮਨ-ਘੜਤ ਗੱਲ ਹੈ, ਉਥੇ ਕੁਝ ਨਹੀਂ ਹੋਇਆ।

ਸ਼੍ਰੀ ਜਗਦੀਸ਼ ਸਾਹਨੀ : ਹੁਣ ਦੱਸੋ ਜੀ। ਚੇਅਰਮੈਨ ਸਾਹਿਬ, ਇਨ੍ਹਾਂ ਨੇ ਬੜਾ ਨਜਾਇਜ਼ ਬੋਲਿਆ ਹੈ, ਇਨ੍ਹਾਂ ਨੂੰ ਕਿਹਾ ਜਾਵੇ ਕਿ ਇਹ ਇਸ ਤਰ੍ਹਾਂ ਨਜਾਇਜ਼ ਨਾ ਬੋਲਣ।

(ਇਸ ਸਮੇਂ ਸ਼੍ਰੀ ਤ੍ਰਿਕਸ਼ਨ ਸੂਦ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।

ਸ਼੍ਰੀ ਸਭਾਪਤੀ : ਹਾਂ ਜੀ, ਤ੍ਰਿਕਸ਼ਨ ਸੂਦ ਜੀ।

ਸ਼੍ਰੀ ਤ੍ਰਿਕਸ਼ਨ ਸੂਦ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਪੰਜਾਬ ਦੇ ਵਿੱਚ ਸਵਰਗੀਯ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ ਦੇ ਵੇਲੇ ਕੇਤੀਆ ਕਾਂਡ ਹੋਇਆ ਸੀ, ਸ਼ਾਇਦ ਉਸ ਕਾਂਡ ਦਾ ਇਨ੍ਹਾਂ ਤੇ ਅਸਰ ਹੈ, ਉਹੀ ਕੈਸਟ ਭਰੀ ਹੋਈ ਹੈ। ਇਹ ਉਹੀ ਗੱਲਾਂ ਕਹੀ ਜਾਂਦੇ ਹਨ। ਇਨ੍ਹਾਂ ਕੋਲ ਕੈਸਟਾਂ ਭਰੀਆਂ ਹੋਈਆਂ ਹਨ, ਅਸਲ ਸੱਚਾਈ ਦਾ ਇਨ੍ਹਾਂ ਨੂੰ ਪਤਾ ਨਹੀਂ ਹੁੰਦਾ। ਇਹ ਹਾਊਸ ਨੂੰ ਗੁਮਰਾਹ ਕਰਦੇ ਹਨ। ਇਨਾਂ ਦਾ ਜਿਹੜਾ ਐਲੀਗੇਸ਼ਨ ਹੈ, ਉਹ ਸਦਨ ਦੀ ਕਾਰਵਾਈ ਵਿਚੋਂ ਕਢਾ ਦੇਣਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਹਾਂ ਜੀ, ਸਰਦਾਰ ਗੋਬਿੰਦ ਸਿੰਘ ਕਾਂਝਲਾ ਜੀ।

ਯੁਵਕ ਸੇਵਾਵਾਂ, ਸ਼ਿਕਾਇਤ ਨਿਵਾਰਣ ਅਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਰਾਜ ਮੰਤਰੀ :— ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਮਰੇਡ ਸਾਹਿਬ ਨੇ ਜੋ ਜ਼ਿਕਰ ਕੀਤਾ ਹੈ, ਜੇ ਪੰਜਾਬ ਵਿੱਚ ਕਿਤੇ ਵੀ ਅਜਿਹੀ ਕੋਈ ਘਟਨਾ ਸਰਕਾਰ ਦੇ ਸਾਹਮਣੇ ਆਈ, ਉਨ੍ਹਾਂ ਲੋਕਾਂ ਨੂੰ ਸਖਤ ਸਜ਼ਾ ਦੇਣ ਲਈ ਐਕਸ਼ਨ ਲਿਆ ਗਿਆ ਔਰ ਇਸ ਦੇ ਲਈ "ਆਪ ਦੇ ਦਿਨ ਭੁੱਲ ਗਈ ਅੱਗੇ ਡੇਜ਼ . . ." ਇਹ ਜਿਹੜੇ ਸੱਜਣ ਗੱਲਾ ਕਰਦੇ ਹਨ, ਇਹ ਆਪਣੇ ਬੀਤੇ ਸਮੇਂ ਦੀਆਂ ਗੱਲਾਂ ਨੂੰ ਦੁਹਰਾ ਕੇ ਸੱਚ ਕਹਿਣਾ ਚਾਹੁੰਦੇ ਹਨ ਪਰੰਤੂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸੱਭ ਨੂੰ ਇਨਸਾਫ ਦੇਣ ਲਈ, ਸੱਭ ਦੀ ਰਾਖੀ ਕਰਨ ਲਈ ਇਹ ਸਰਕਾਰ ਵਚਨਬੱਧ

ਹੈ । ਇਹ ਉਹ ਦਿਨ ਭੁੱਲ ਗਏ । ਅਸੀਂ ਖਾਸ ਕਰਕੇ ਦਲਿਤ ਵੀਰਾਂ ਦੀ ਰੱਖਿਆ ਲਈ ਖਬਰਦਾਰ ਹਾਂ ਅਤੇ ਜਿਹੜਾ ਵੀ ਦਲਿਤਾਂ ਨੂੰ ਨਜਾਇਜ਼ ਤੰਗ ਕਰੇਗਾ, ਭਾਵੇਂ ਉਹ ਕਿਸੇ ਵੀ ਜਾਤੀ ਦਾ ਹੋਵੇ, ਭਾਵੇਂ ਉਹ ਉਚੀ ਜਾਤੀ ਦਾ ਹੋਵੇ, ਉਸ ਨੂੰ ਬਖਸ਼ਿਆ ਨਹੀਂ ਜਾਵੇਗਾ, ਉਸ ਨਾਲ ਵੀ ਸਖਤੀ ਨਾਲ ਨਿਪਟਿਆ ਜਾਵੇਗਾ । ਇਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦਾ ਫੈਸਲਾ ਹੈ ਔਰ ਜਿਹੜੀ ਵੀ ਹੁਣ ਤੱਕ ਕੋਈ ਘਟਨਾ ਵਾਪਰੀ ਹੈ, ਉਨ੍ਹਾਂ ਵਿਚ ਮੁਜ਼ਰਮਾਂ ਨੂੰ ਸਜ਼ਾਵਾਂ ਦੇਣ ਲਈ ਕੇਸ ਰਜਿਸਟਰ ਕੀਤੇ ਹਨ । ਇਹ ਆਨ ਰਿਕਾਰਡ ਹੈ ।

ਕਾਮਰੇਡ ਅਜੈਬ ਸਿੰਘ ਰੌਂਤਾ : ਚੇਅਰਮੈਨ ਸਾਹਿਬ, ਕਿਰਨਜੀਤ ਕਾਂਡ ਵਾਪਰਿਆ । ਲੱਖਾਂ ਲੋਕ ਸੜਕਾਂ ਤੇ ਆਏ, ਲੋਕਾਂ ਦੇ ਸਾਹਮਣੇ ਝੁਕ ਕੇ ਤਾਂ ਤੁਸੀਂ ਲਾਸ਼ ਕਢਵਾਈ । ਤੁਸੀਂ ਕਿਹੜੀਆਂ ਗੱਲਾਂ ਕਰਦੇ ਹੋ ?

ਸ਼੍ਰੀ ਸਭਾਪਤੀ : ਰੌਂਤਾ ਜੀ, ਤੁਹਾਡੇ 32 ਮਿੰਟ ਹੋ ਗਏ ਹਨ । ਤੁਸੀਂ ਹੁਣ ਵਾਈਂਡ ਅੱਪ ਕਰੋ ।

ਕਾਮਰੇਡ ਅਜੈਬ ਸਿੰਘ ਰੌਂਤਾ : ਚੇਅਰਮੈਨ ਸਾਹਿਬ, ਖੇਤ ਮਜ਼ਦੂਰ ਜਿਹੜੇ ਪਿੰਡਾਂ ਦੇ ਹਨ, ਉਨ੍ਹਾਂ ਦੀ ਹਾਲਤ ਵੀ ਕਾਫ਼ੀ ਖਰਾਬ ਹੈ । ਉਨ੍ਹਾਂ ਕੋਲ ਬਾਲਣ ਨਹੀਂ ਹੈ ਔਰ ਨਾ ਹੀ ਕੋਈ ਹੋਰ ਰੋਟੀ ਪਕਾਉਣ ਦਾ ਸਾਧਨ ਹੈ । ਇੱਥੇ ਵਾਰ-ਵਾਰ ਇਹ ਗੱਲ ਕਹੀ ਜਾਂਦੀ ਹੈ ਕਿ ਡਿਪੂਆਂ ਤੇ ਉਨ੍ਹਾਂ ਲਈ ਮਿੱਟੀ ਦਾ ਤੇਲ 5 ਲੀਟਰ ਤੋਂ ਵਧਾ ਕੇ 7 ਲੀਟਰ ਕਰ ਦਿੱਤਾ ਗਿਆ ਹੈ ਪਰ ਉਨ੍ਹਾਂ ਨੂੰ ਤੇਲ ਨਹੀਂ ਮਿਲ ਰਿਹਾ । ਮੈਂ ਕਹਿੰਦਾ ਹਾਂ ਕਿ ਗਰੀਬ ਲੋਕਾਂ ਦੀਆਂ ਧੀਆਂ-ਭੈਣਾਂ ਇਸ ਗੱਲ ਲਈ ਮਜਬੂਰ ਹਨ ਕਿ ਉਨ੍ਹਾਂ ਨੂੰ ਦਰਖਤਾਂ ਤੇ ਚੜ੍ਹ ਕੇ ਟਾਹਣੀਆਂ ਵੱਢਣੀਆਂ ਪੈ ਰਹੀਆਂ ਹਨ । ਇਸ ਨਾਲ ਸੰਪਤੀ ਦਾ ਨੁਕਸਾਨ ਹੋ ਰਿਹਾ ਹੈ ਲੇਕਿਨ ਉਨ੍ਹਾਂ ਕੋਲ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ । ਇਸ ਲਈ ਸਰਕਾਰ ਦਾ ਫਰਜ਼ ਬਣਦਾ ਹੈ ਕਿ ਦਰਖਤਾਂ ਤੇ ਕੁਲਹਾੜੀ ਚਲਾ ਕੇ ਦਰੱਖਤ ਵੱਢਣ ਤੋਂ ਰੋਕਣ ਲਈ ਔਰ ਉਨ੍ਹਾਂ ਦੀ ਰੋਟੀ ਦਾ ਵਸੀਲਾ ਕਰਨ ਲਈ ਰਾਸ਼ਨ ਦੇ ਡਿਪੂਆਂ ਤੇ ਉਨ੍ਹਾਂ ਨੂੰ 7 ਲੀਟਰ ਤੋਂ ਵਧਾ ਕੇ 10 ਲੀਟਰ ਮਿੱਟੀ ਦਾ ਤੇਲ ਦੇਣਾ ਚਾਹੀਦਾ ਹੈ ਤਾਂ ਕਿ ਉਹ ਰੋਟੀ ਖਾ ਸਕਣ । ਚੇਅਰਮੈਨ ਸਾਹਿਬ, ਇੰਨੀਆਂ ਬੇਨਤੀਆਂ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਔਰ ਕਹਿੰਦਾ ਹਾਂ ਕਿ ਇਸ ਪਵਿੱਤਰ ਹਾਊਸ ਵਿੱਚ ਜੋ ਮਤਾ ਮਾਨਯੋਗ ਹਰਬੰਸ ਲਾਲ ਜੀ ਨੇ ਲਿਆਂਦਾ ਹੈ, ਇਸ ਨੂੰ ਪਾਸ ਕੀਤਾ ਜਾਵੇ ।

ਸਰਦਾਰ ਮੱਖਣ ਸਿੰਘ (ਪੱਕਾ ਕਲਾਂ, ਐਸ. ਸੀ.) ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਇਸ ਮਹੱਤਵਪੂਰਨ ਵਿਸ਼ੇ ਉਤੇ ਬੋਲਣ ਦਾ ਸਮਾਂ ਦਿੱਤਾ ਹੈ । ਹਿੰਦੁਸਤਾਨ ਦਾ ਇਤਿਹਾਸ ਗਵਾਹ ਹੈ ਕਿ ਦਲਿਤ ਵਰਗ ਦੇ ਲੋਕਾਂ ਨਾਲ ਬੜੀ ਮੁੱਦਤ ਤੋਂ ਹਜ਼ਾਰਾਂ ਵਰ੍ਹਿਆਂ ਤੋਂ ਅਨਿਆਂ ਹੁੰਦਾ ਰਿਹਾ ਹੈ । ਉਨ੍ਹਾਂ ਨੂੰ ਨਿਆਂ ਦੀਆਂ ਮੁਢਲੀਆਂ ਜ਼ਰੂਰਤਾਂ ਅਤੇ ਸਮਾਜ ਵਿੱਚ ਅਜ਼ਾਦੀ ਨਾਲ ਵਿਚਰਨ ਤੋਂ ਵੀ ਵਾਂਝਾ ਰੱਖਿਆ ਗਿਆ ਹੈ । ਉਨ੍ਹਾਂ ਨੂੰ ਆਰਥਿਕ

[ਸਰਦਾਰ ਮੱਖਣ ਸਿਘ]

ਸਾਧਨਾਂ ਤੋਂ ਵੀ ਬੜੇ ਲੰਬੇ ਸਮੇਂ ਤੋਂ ਵਾਂਝਾ ਰੱਖਿਆ ਗਿਆ ਹੈ। ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਤੀਰਾ ਰੱਖਿਆ ਗਿਆ ਹੈ ਜਿਸ ਤਰ੍ਹਾਂ ਉਹ ਸਮਾਜ ਵਿੱਚੋਂ ਛੇਕੇ ਹੋਏ ਬੰਦੇ ਹੋਣ। ਉਨ੍ਹਾਂ ਨੂੰ ਉਚੀਆਂ ਜਾਤਾਂ ਦੇ ਲੋਕ ਛੂਹਣ ਵਿੱਚ ਵੀ ਅਛੂਤ ਸਮਝਦੇ ਸਨ। ਉਨ੍ਹਾਂ ਨੂੰ ਨੇੜੇ ਢੁੱਕਣ ਨਹੀਂ ਦਿੱਤਾ ਜਾਂਦਾ ਸੀ। ਬੜੇ ਲੰਬੇ ਸਮੇਂ ਤੋਂ ਉਨ੍ਹਾਂ ਨੇ ਸੰਤਾਪ ਭੋਗਿਆ ਪਰ ਫਿਰ ਇੱਕ ਸਮਾਂ ਆਇਆ ਜਦੋਂ ਇੱਕ ਉਮੀਦ ਦੀ ਕਿਰਨ ਜਾਗੀ। ਪੰਜਾਬ ਦੀ ਧਰਤੀ ਉਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅਗਵਾਈ ਵਿੱਚ ਇੱਕ ਨਵੀਂ ਲਹਿਰ ਹਿੰਦੁਸਤਾਨ ਵਿੱਚ ਪ੍ਰਬਲ ਹੋਈ। ਇਸ ਲਹਿਰ ਰਾਹੀਂ ਸਮੁੱਚੀ ਮਨੁੱਖਤਾ ਨੂੰ 'ਏਕ ਨੂਰ ਤੇ ਸਭ ਜਗੁ ਉਪਜਿਆ ਕੌਨ ਭਲੇ ਕੋ ਮੰਦੇ' ਦਾ ਸੰਦੇਸ਼ ਦਿੱਤਾ ਗਿਆ। ਸਾਰੀ ਮਨੁੱਖਤਾ ਨੂੰ ਸਾਰੇ ਭਿੰਨ-ਭੇਦ ਤਿਆਗ ਕੇ ਪਰਮਾਤਮਾ ਦੀ ਸੰਤਾਨ ਹੋਣ ਦਾ ਸੰਦੇਸ਼ ਦਿੱਤਾ ਗਿਆ। ਊਚ-ਨੀਚ ਖਤਮ ਕਰਨ ਵਾਸਤੇ ਇੱਕ ਬਹੁਤ ਵੱਡਾ ਉਪਰਾਲਾ ਵਿੱਢਿਆ ਗਿਆ ਜਿਸ ਦੀ ਸਿਖਰ ਉਦੋਂ ਹੋਈ ਜਦੋਂ 13 ਅਪ੍ਰੈਲ, 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇੱਕ 'ਖੰਡੇ ਬਾਟੇ' ਦਾ 'ਅੰਮ੍ਰਿਤ' ਛਕਾ ਕੇ ਔਰ 'ਸਿੰਘ' ਸਜਾ ਕੇ ਸਾਰੇ ਭੇਦ-ਭਾਵ ਨੂੰ ਖਤਮ ਕਰ ਦਿੱਤਾ। ਲੰਗਰ ਦੇ ਵਿੱਚ ਇੱਕ ਸੰਗਤ ਔਰ ਇੱਕ ਪੰਗਤ ਵਿੱਚ ਬੈਠ ਕੇ ਖਾਣਾ ਖਾਣ ਦੀ, ਲੰਗਰ ਛਕਣ ਦੀ ਪਿਰਤ ਪਾਈ ਔਰ ਪ੍ਰਥਾ ਤੋੜੀ। ਇਸ ਤਰ੍ਹਾਂ ਇਸ ਭਿੰਨ-ਭੇਦ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ। ਜਿਹੜੇ ਪੰਜ ਪਿਆਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਹਿਣ ਤੇ ਸ਼ੀਸ ਦੇਣ ਲਈ ਹਾਜ਼ਰ ਹੋਏ, ਉਨ੍ਹਾਂ ਵਿਚੋਂ ਕੁਝ ਅਜਿਹੀਆਂ ਜਾਤਾਂ ਦੇ ਸਨ ਜਿਨ੍ਹਾਂ ਨੂੰ ਉਸ ਸਮੇਂ ਦੇ ਸਮਾਜ ਵਿੱਚ ਨਫ਼ਰਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਸੀ। ਇਸ ਲਈ ਆਸ ਦੀ ਕਿਰਨ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ, ਦਲਿਤ ਲੋਕਾਂ ਨੂੰ ਉਦੋਂ ਹੀ ਦਿਖਾਈ ਦਿੱਤੀ ਜਦੋਂ ਸਿੱਖੀ ਦੇ ਇਸ ਮਹਾਨ ਫਲਸਫੇ ਨੇ ਪੰਜਾਬ ਦੀ ਇਸ ਧਰਤੀ ਉੱਤੇ ਜਨਮ ਲਿਆ ਔਰ ਇਸ ਦਾ ਚਾਨਣ ਪੂਰੇ ਹਿੰਦੁਸਤਾਨ ਵਿੱਚ ਹੀ ਨਹੀਂ, ਦੁਨੀਆਂ ਦੇ ਕੋਨੇ-ਕੋਨੇ ਵਿੱਚ ਇਸ ਚਾਨਣ ਨਾਲ ਸਮਾਜ ਨੂੰ ਰੋਸ਼ਨੀ ਮਿਲੀ ਔਰ ਇਹ ਜਿਹੜੀ ਮਾੜੀ ਪ੍ਰਥਾ ਸੀ, ਇਸ ਦੇ ਖਿਲਾਫ ਜਹਾਦ ਹੀ ਨਹੀਂ ਛੇੜਿਆ ਬਲਕਿ ਅਮਲੀ ਰੂਪ ਵਿੱਚ ਇਸ ਨੂੰ ਖ਼ਤਮ ਕਰਨ ਦਾ ਉਪਰਾਲਾ ਕੀਤਾ। ਇਸ ਲਈ ਇਹ ਲੰਬਾ ਇਤਿਹਾਸ ਹੈ ਇਸ ਵਿਤਕਰੇ ਦਾ। ਉਸ ਤੋਂ ਬਾਅਦ ਵੀ ਸਮਾਜਿਕ ਪੱਧਰ ਉਤੇ, ਰਾਜਨੀਤਿਕ ਪੱਧਰ ਉਤੇ, ਆਰਥਿਕ ਪੱਧਰ ਉਤੇ ਦਲਿਤ ਵਰਗ ਦੇ ਲੋਕਾਂ ਦੇ ਨਾਲ ਇਸ ਤਰ੍ਹਾਂ ਅਨਿਆਏ ਹੁੰਦਾ ਰਿਹਾ। ਦੂਜਾ ਮਹਾਨ ਕਰੈਡਿਟ ਉਸ ਸਮੇਂ ਦਲਿਤ ਵਰਗ ਦੇ ਲੋਕਾਂ ਨੂੰ ਗਿਆ ਜਦੋਂ ਸੰਨ 1925 ਦੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਐਕਟ ਬਣਿਆ। ਮੇਰੇ ਕਾਂਗਰਸੀ ਵੀਰ ਚੌਧਰੀ ਸਾਹਿਬ ਵੀ ਪਰਸੋਂ ਬੜਾ ਕੂਕ-ਕੂਕ ਕੇ ਕਹਿ ਰਹੇ ਸੀ ਕਿ ਅਸੀਂ ਦਲਿਤ ਸਮਾਜ ਦੇ ਵਾਸਤੇ, ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਔਰ ਇਹ ਕਾਨੂੰਨ ਪਾਸ ਕੀਤਾ। ਜੋ ਮੈਂ ਸਮਝਦਾ ਹਾਂ, ਇਹ ਸੱਚਾਈ ਨਹੀਂ ਹੈ। ਸਭ ਤੋਂ ਪਹਿਲਾਂ ਹਿੰਦੁਸਤਾਨ ਦੇ ਵਿੱਚ ਸੰਨ 1925 ਵਿੱਚ, ਜਦੋਂ ਹਾਲੇ ਮੁਲਕ ਆਜ਼ਾਦ ਵੀ ਨਹੀਂ ਹੋਇਆ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਿਹੜੀ ਨੁਮਾਇੰਦਗੀ ਸੀ, ਉਸ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੇ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ। (ਥੰਪਿੰਗ) ਇਹ ਇਤਿਹਾਸ ਹੈ।

ਇਸ ਲਈ ਇਹ ਵਿਵਸਥਾ ਕਾਂਗਰਸ ਨੇ ਨਹੀਂ, ਸ਼੍ਰੋਮਣੀ ਅਕਾਲੀ ਦਲ ਨੇ ਸਭ ਤੋਂ ਪਹਿਲਾਂ ਰਿਜ਼ਰਵੇਸ਼ਨ ਦੀ ਵਿਵਸਥਾ ਦੀ ਪਿਰਤ ਪਾਈ । ਜਦੋਂ ਦੇਸ਼ ਆਜ਼ਾਦ ਹੋਇਆ, ਜਦੋਂ ਵਿਧਾਨ ਘੜਨੀ ਅਸੈਂਬਲੀ ਬਣਾਈ, ਜਿਸ ਵਿੱਚ ਇਕੱਲੀ ਕਾਂਗਰਸ ਪਾਰਟੀ ਨਹੀਂ ਸੀ ਬਲਕਿ ਹਿੰਦੁਸਤਾਨ ਦੀਆਂ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸਨ, ਉਸ ਵਿਧਾਨ ਘੜਨੀ ਅਸੈਂਬਲੀ ਨੇ, ਜਿਸ ਨੇ ਸਾਡਾ ਸੰਵਿਧਾਨ ਬਣਾਇਆ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਇਹ ਵਿਵਸਥਾ ਕਰ ਚੁੱਕੀ ਸੀ, ਇਸ ਲਈ ਇਹ ਸਾਰੀਆਂ ਪਾਰਟੀਆਂ ਇਸ ਗੱਲ ਲਈ ਮਜਬੂਰ ਹੋਈਆਂ ਕਿ ਹਰ ਪੱਧਰ ਦੀ ਨੁਮਾਇੰਦਗੀ ਦੇ ਵਿੱਚ ਦਲਿਤ ਵਰਗ ਦੇ ਲੋਕਾਂ ਲਈ ਵਿਵਸਥਾ ਕੀਤੀ ਜਾਵੇ । ਇਸ ਲਈ ਇਹ ਸਿਹਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਔਰ ਸ਼੍ਰੋਮਣੀ ਅਕਾਲੀ ਦਲ ਨੂੰ ਜਾਂਦਾ ਹੈ, ਜਿਨ੍ਹਾਂ ਨੇ ਹਿੰਦੁਸਤਾਨ ਦੇ ਵਿੱਚ ਪਹਿਲੀ ਵੇਰ ਦਲਿਤ ਵਰਗ ਦੇ ਲੋਕਾਂ ਦੇ ਵਾਸਤੇ ਇਸ ਕਿਸਮ ਦੀ ਵਿਵਸਥਾ ਕੀਤੀ ਔਰ ਇਸ ਪਿਰਤ ਨੂੰ ਲੈ ਕੇ ਫਿਰ ਸਾਰੇ ਪੱਧਰ ਉੱਤੇ ਇਹ ਵਿਵਸਥਾ ਕਰਨੀ ਪਈ । ਸਾਰੀਆਂ ਪਾਰਟੀਆਂ ਇਸ ਲਈ ਮਜਬੂਰ ਸਨ, ਇਸ ਲਈ ਇਹ ਸਿਹਰਾ ਸ਼੍ਰੋਮਣੀ ਅਕਾਲੀ ਦਲ ਦੇ ਸਿਰ ਜਾਂਦਾ ਹੈ । ਉਸ ਤੋਂ ਬਾਅਦ ਆਰਥਿਕ ਤੌਰ ਤੇ ਲੰਬਾ ਸਮਾਂ ਦਲਿਤ ਵਰਗ ਦੇ ਲੋਕਾਂ ਦੀ ਹਾਲਤ ਇਹ ਰਹੀ ਕਿ—

"ਇਤਨਾ ਟੂਟਾ ਹੂੰ ਕਿ ਛੂਹਨੇ ਸੇ ਬਿਖਰ ਜਾਊਂਗਾ ।
ਆਪ ਅਗਰ ਔਰ ਦੁਆ ਦੇਂਗੇ ਤੋਂ ਮਰ ਜਾਊਂਗਾ ।
ਹਰ ਤਰਫ ਧੁੰਦ ਹੈ, ਜੁਗਨੂੰ ਹੈ ਨਾ ਚਿਰਾਗ ਕੋਈ,
ਕੌਣ ਪਹਿਚਾਨੇਗਾ ਬਸਤੀ ਮੇਂ ਅਗਰ ਜਾਊਂਗਾ ।"

ਤੀਸਰਾ, ਇਸ ਤਰ੍ਹਾਂ ਦੀ ਦੁਰਦਸ਼ਾ ਦੇ ਵਿੱਚ ਇਹ ਲੋਕ ਸਮਾਂ ਕੱਢਦੇ ਰਹੇ । ਹਿੰਦੁਸਤਾਨ ਆਜ਼ਾਦ ਵੀ ਹੋ ਗਿਆ । ਆਜ਼ਾਦੀ ਤੋਂ ਮਗਰੋਂ ਪਹਿਲੇ ਸੈਸ਼ਨ ਦੇ ਵਿੱਚ ਕਾਂਗਰਸੀ ਵੀਰਾਂ ਨੇ ਕਿਹਾ ਸੀ.... ਇਹ ਹੁਣ ਸਾਰੇ ਤਾਂ ਨਹੀਂ ਬੈਠੇ, ਚੌਧਰੀ ਸਾਹਿਬ ਵੀ ਨਹੀਂ ਬੈਠੇ ਪਰ ਡਾਕਟਰ ਹਰਬੰਸ ਲਾਲ, ਜਿਨ੍ਹਾਂ ਨੇ ਇਹ ਮਤਾ ਮੂਵ ਕੀਤਾ, ਬੈਠੇ ਹਨ । ਮੈਂ ਉਨ੍ਹਾਂ ਨੂੰ ਪੁੱਛਿਆ ਸੀ ਕਿ ਤੁਸੀਂ ਹਿੰਦੁਸਤਾਨ ਦੀ ਆਜ਼ਾਦੀ ਤੋਂ ਮਗਰੋਂ ਕੋਈ ਵੀ ਇੱਕ ਕੰਮ ਦਾ, ਕਿਸੇ ਇੱਕ ਐਕਟ ਦਾ, ਕਿਸੇ ਇੱਕ ਸਹੂਲਤ ਦਾ ਜ਼ਿਕਰ ਕਰ ਸਕਦੇ ਹੋ, ਜਿਹੜੀ ਕਾਂਗਰਸ ਵੱਲੋਂ ਦਲਿਤ ਵੀਰਾਂ ਲਈ ਦਿੱਤੀ ਗਈ ਹੋਵੇ । ਇਹ ਇੱਕ ਵੀ ਨਹੀਂ ਦੱਸ ਸਕੇ ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਜੋ ਸਹੂਲਤਾਂ ਹਨ ਇਨ੍ਹਾਂ ਨੇ ਦੋ ਸਾਲ ਦੇ ਦੌਰਾਨ ਹੀ ਦਿੱਤੀਆਂ ਹਨ, ਪੂਰੇ 50 ਸਾਲਾਂ ਵਿੱਚ ਕਾਂਗਰਸ ਨੇ ਕੁਝ ਵੀ ਨਹੀਂ ਕੀਤਾ । ਕਾਂਗਰਸ ਦਾ ਕਰਾਇਆ ਹੋਇਆ ਹੀ ਇਹ ਕਰ ਰਹੇ ਹਨ ...(ਵਿਘਨ).... ਇਹ ਕਾਂਗਰਸ ਨੂੰ ਸੁਣਨ ਨੂੰ ਤਿਆਰ ਨਹੀਂ ਹਨ ।

ਸਰਦਾਰ ਮੱਖਣ ਸਿੰਘ : ਡੋਗਰਾ ਸਾਹਿਬ, ਮੈਂ ਜੋ ਕਹਾਂਗਾ, ਉਹ ਤੱਥਾਂ ਦੇ ਆਧਾਰ ਤੇ ਕਹਾਂਗਾ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਸੰਨ 1947 ਦੇ ਵਿੱਚ ਮੁਲਕ ਆਜ਼ਾਦ ਹੋਇਆ ਔਰ 1947 ਤੋਂ ਬਾਅਦ 1952 ਵਿੱਚ ਪਹਿਲੀ ਵਾਰ ਵੋਟਾਂ ਪਈਆਂ ਸਨ। ਉਸ ਤੋਂ ਪਹਿਲਾਂ ਸਾਰੀਆਂ ਸਟੇਟਾਂ ਦੇ ਵਿੱਚ ਕਾਂਗਰਸ ਦਾ ਰਾਜ ਰਿਹਾ। ਪੰਜਾਬ ਦੀ ਰਾਜ ਸੱਤਾ ਵੀ ਕਾਂਗਰਸ ਦੇ ਹੱਥ ਵਿੱਚ ਸੀ। ਪੂਰੇ 20 ਸਾਲ ਕੇਂਦਰ ਦੇ ਵਿੱਚ ਵੀ ਲਗਾਤਾਰ ਕਾਂਗਰਸ ਦਾ ਰਾਜ ਰਿਹਾ ਔਰ ਪੰਜਾਬ ਦੇ ਵਿੱਚ ਵੀ 20 ਸਾਲ ਕਾਂਗਰਸ ਦਾ ਰਾਜ ਲਗਾਤਾਰ ਰਿਹਾ ਹੈ। ਸੰਨ 1967 ਦੇ ਵਿੱਚ ਪੂਰੇ ਦੇਸ਼ ਨੇ ਕਰਵਟ ਲਈ ਜਦੋਂ ਕਾਂਗਰਸ ਦੀ ਪਿਛਲੇ 20 ਸਾਲਾਂ ਦੀ ਮਨਾਪਲੀ ਤੋੜੀ ਸੀ। ਸੰਨ 1967 ਦੇ ਵਿੱਚ ਪੰਜਾਬ ਤੋਂ ਲੈ ਕੇ ਕਲਕੱਤਾ ਤੱਕ ਰਸਤੇ ਵਿੱਚ ਕਿਤੇ ਵੀ ਕੋਈ ਸੂਬਾਈ ਸਰਕਾਰ ਕਾਂਗਰਸ ਦੀ ਨਹੀਂ ਆਉਂਦੀ ਸੀ। ਪੰਜਾਬ ਦੇ ਵਿੱਚ ਵੀ ਉਸ ਵੇਲੇ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਦੇ ਵਿੱਚ ਸਾਂਝੇ ਮੋਰਚੇ ਦੀ ਸਰਕਾਰ ਬਣੀ। ਉਹ ਸਰਕਾਰ ਕਿਉਂਕਿ ਗਰੀਬਾਂ ਦੇ ਵਿੱਚ ਰਹਿੰਦੇ ਲੋਕਾਂ ਦੀ ਸਰਕਾਰ ਬਣੀ। ਇਹ ਉਹ ਸਰਕਾਰ ਜਿਨ੍ਹਾਂ ਨੇ ਦਲਿਤਾਂ ਦੀ ਦੁਰਦਸ਼ਾ ਦੇਖੀ ਸੀ, ਉਹ ਸਰਕਾਰ ਸੀ ਜਿਹੜੀ ਦਲਿਤ ਵਰਗ ਦੇ ਲੋਕਾਂ ਨੂੰ ਆਪਣੇ ਭਰਾ ਸਮਝਦੇ ਸਨ। ਪਹਿਲੀ ਵਾਰ ਉਨ੍ਹਾਂ ਨੇ ਸੋਚਿਆ ਉਸ ਤੋਂ ਪਹਿਲਾਂ ਕੀ ਹੁੰਦਾ ਸੀ, ਚੇਅਰਮੈਨ ਸਾਹਿਬ, ਕਿ ਜਦੋਂ ਕਿਸੇ ਦਲਿਤ ਵਰਗ ਦੇ ਮੇਰੇ ਭਰਾ ਨੇ ਆਪਣੀ ਬੇਟੀ ਦੀ ਸ਼ਾਦੀ ਕਰਨੀ ਹੁੰਦੀ ਸੀ ਤਾਂ ਉਸ ਨੂੰ ਇੱਕ ਹਫਤਾ ਪਹਿਲਾਂ ਚਿੰਤਾ ਲਗ ਜਾਂਦੀ ਸੀ ਕਿ ਜਿਹੜੀ ਬਰਾਤ ਆਵੇਗੀ ਉਸ ਨੂੰ ਕਿੱਥੇ ਬਿਠਾਇਆ ਜਾਵੇਗਾ। ਜੇਕਰ ਕੋਈ ਜਗ੍ਹਾ ਹੋਵੇਗੀ ਤਾਂ ਹੀ ਉਹ ਬਰਾਤ ਬੈਠ ਸਕੇਗੀ। ਫਿਰ ਉਹ ਦਲਿਤ ਵੀਰ ਕਿਸੇ ਵੱਡੇ ਘਰ ਜਾਂਦਾ ਅਤੇ ਉਸ ਨੂੰ ਕਹਿੰਦਾ ਸੀ ਕਿ ਘਰ ਦੀ, ਜਿਸ ਨੂੰ ਵਾੜਾ ਕਹਿੰਦੇ ਹਨ, ਸਾਫ਼ ਸਫ਼ਾਈ ਕਰਵਾ ਲਈਏ ਕਿਉਂਕਿ ਉਥੇ ਬਰਾਤ ਨੇ ਆਉਣਾ ਹੈ ਔਰ ਪ੍ਰਾਹੁਣਿਆਂ ਨੇ ਬੈਠਣਾ ਹੈ। ਮੇਰੇ ਸਾਥੀ ਵੀ ਬੈਠੇ ਹਨ ਅਤੇ ਹੋਰ ਵੀ ਸਭ ਜਾਣਦੇ ਹਨ ਕਿ ਸਭ ਤੋਂ ਪਹਿਲੀ ਵਾਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਧਰਮਸ਼ਾਲਾ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਕਿ ਦਲਿਤ ਵਰਗ ਦੇ ਲੋਕਾਂ ਨੂੰ ਇਸ ਦਾ ਫ਼ਾਇਦਾ ਹੋ ਸਕੇ। ਫਿਰ 1967 ਦੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਨੇ ਪਹਿਲੀ ਵਾਰੀ ਸਰਕਾਰੀ ਗਰਾਂਟ ਦੇ ਨਾਲ ਧਰਮਸ਼ਾਲਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ। ਇਸ ਤੋਂ ਪਹਿਲਾਂ 20 ਸਾਲਾਂ ਦੇ ਵਿੱਚ ਪੰਜਾਬ ਦੇ ਵਿੱਚ ਕਾਂਗਰਸ ਵੀਰਾਂ ਨੇ ਇਕ ਵੀ ਧਰਮਸ਼ਾਲਾ ਸਰਕਾਰੀ ਗਰਾਂਟ ਨਾਲ ਬਣਾਈ ਹੋਵੇ ਤਾਂ ਇਹ ਮੈਨੂੰ ਦੱਸ ਦੇਣ। ਇਨ੍ਹਾਂ ਲੋਕਾਂ ਨੂੰ ਤਾਂ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਦਾ ਪਤਾ ਹੀ ਨਹੀਂ ਸੀ। ਉਸ ਤੋਂ ਬਾਅਦ ਵੀ ਹੋਰ ਬਹੁਤ ਸਾਰੀਆਂ ਕਾਂਗਰਸ ਦੀਆਂ ਸਰਕਾਰਾਂ ਆਈਆਂ ਪਰ ਉਨ੍ਹਾਂ ਨੇ ਇਸ ਪਾਸੇ ਕੋਈ ਖਿਆਲ ਨਹੀਂ ਕੀਤਾ। ਫਿਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਬਣੀ। ਜਿਹੜੀਆਂ ਸਹੂਲਤਾਂ ਮਿਲ ਰਹੀਆਂ ਹਨ ਇਹ ਸਾਰੀਆਂ ਸਹੂਲਤਾਂ ਸਰਦਾਰ ਬਾਦਲ ਨੇ ਦਿੱਤੀਆਂ। ਜਿਥੇ ਜ਼ਿਕਰ ਹੋਇਆ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦਾ, ਜਿਹੜੀ ਗਰੀਬਾਂ ਨੂੰ ਕਰਜ਼ੇ ਦਿੰਦੀ ਹੈ, ਸਬਸਿਡੀਆਂ ਵਾਲੇ ਕਰਜ਼ੇ ਦਿੰਦੀ ਹੈ, ਘੱਟ ਵਿਆਜ ਵਾਲੇ ਕਰਜ਼ੇ ਦਿੰਦੀ ਹੈ। ਇਸ ਦੀ ਸਥਾਪਨਾ ਵੀ ਸਰਦਾਰ ਪ੍ਰਕਾਸ਼

ਸਿੰਘ ਬਾਦਲ ਜੀ ਨੇ ਹੀ ਕੀਤੀ ਸੀ । ਉਸ ਤੋਂ ਬਾਅਦ ਵੀ ਕਾਂਗਰਸ ਦੀਆਂ ਸਰਕਾਰਾਂ ਆਈਆਂ । ਤੁਹਾਨੂੰ ਵੀ ਪਤਾ ਹੋਵੇਗਾ । ਇਨ੍ਹਾਂ ਦੀਆਂ ਸਰਕਾਰਾਂ ਨੇ ਇਸ ਦੇ ਵਿੱਚ ਇੱਕ ਨਿੱਕੇ ਪੈਸੇ ਦਾ ਵੀ ਅਸਾਸਾ ਨਹੀਂ ਕੀਤਾ । ਜਿੰਨਾ ਅਸਾਸਾ ਕੀਤਾ ਗਿਆ ਹੈ ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਕੀਤਾ ਗਿਆ ਹੈ । ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਦਾ ਬਜਟ ਜੋ ਅਸੀਂ ਪਾਸ ਕੀਤਾ ਸੀ ਉਸ ਦੀ ਰਕਮ ਵਿੱਚ 25 ਕਰੋੜ ਰੁਪਏ ਦਾ ਵਾਧਾ ਅਸੀਂ ਹੀ ਕੀਤਾ ਸੀ । ਤੁਹਾਨੂੰ ਵੀ ਪਤਾ ਹੈ ਕਿ ਇਨੇ ਵਰ੍ਹਿਆਂ ਦੇ ਵਿੱਚ ਗ਼ਰੀਬ ਲੋਕਾਂ ਦੀ ਗਿਣਤੀ ਵੱਧ ਗਈ । ਲਾਭ-ਪਾਤਰੀਆਂ ਦੀ ਗਿਣਤੀ ਵੱਧ ਗਈ, ਲੋਨ ਲੈਣ ਵਾਲਿਆਂ ਦੀ ਗਿਣਤੀ ਵੱਧ ਗਈ ਹੈ । ਸੋ, ਇਸ ਲਈ ਬਜਟ ਦੇ ਵਿੱਚ ਵਾਧਾ ਕਰਨ ਦੀ ਲੋੜ ਅਸੀਂ ਹੀ ਮਹਿਸੂਸ ਕੀਤੀ ਹੈ ਔਰ ਇਸ ਕਰਕੇ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦੇ ਵਿੱਚ ਪਿਛਲੇ ਸਾਲ ਵਾਧਾ ਕੀਤਾ ਹੈ । ਕਾਂਗਰਸ ਦੀਆਂ ਸਰਕਾਰਾਂ ਨੇ ਇੱਕ ਦੁਆਨੀ ਦਾ ਵੀ ਵਾਧਾ ਨਹੀਂ ਕੀਤਾ ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਪੈਨਸ਼ਨਾਂ ਦੀ ਗੱਲ ਕੀਤੀ ਗਈ । ਪੈਨਸ਼ਨਾਂ ਦੀ ਸਕੀਮ ਵੀ ਉਸ ਸਮੇਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਸ਼ੁਰੂ ਕੀਤੀ ਸੀ । ਉਸ ਵੇਲੇ ਪੈਨਸ਼ਨ 15/- ਰੁਪਏ ਅਤੇ ਫਿਰ ਬਾਅਦ ਵਿਚ ਇਸ ਨੂੰ 25/- ਰੁਪਏ ਕਰ ਦਿੱਤਾ ਗਿਆ ਪਰ ਅੱਜ ਇਹ ਪੈਨਸ਼ਨ 250/- ਤੋਂ 300/- ਰੁਪਏ ਤੱਕ ਸ਼੍ਰੋਮਣੀ ਅਕਾਲੀ ਦੀ ਸਰਕਾਰ ਨੇ ਕੀਤੀ ਹੈ । ਇਹ ਗੱਲ ਕਹੀ ਗਈ ਕਿ ਲੱਖਾਂ ਹਜ਼ਾਰਾਂ ਅਰਜ਼ੀਆਂ ਪੈਂਡਿੰਗ ਪਈਆਂ ਹਨ, ਇਹ ਠੀਕ ਹੈ ਕਿ ਹਜ਼ਾਰਾਂ ਅਰਜ਼ੀਆਂ ਆਈਆਂ ਸਨ । ਲੋਕਾਂ ਦੇ ਵਿੱਚ ਰੁਚੀ ਬਣ ਗਈ ਹੈ ਕਿ ਜੇ ਸਰਕਾਰ ਦਾ ਤੇਲ ਮਿਲੇ ਤਾਂ ਜੁੱਤੀ ਦੇ ਵਿਚ ਪਾ ਲਵੋ । ਮੈਂ ਆਪਣੇ ਹਲਕੇ ਦੀ ਗੱਲ ਕਰਦਾ ਹਾਂ ਕਿ ਜਿਹੜੇ ਲੋਕ ਵੱਡੇ-ਵੱਡੇ ਅਮੀਰ ਪਰਿਵਾਰਾਂ ਨਾਲ ਸਬੰਧਿਤ ਸਨ, ਉਨ੍ਹਾਂ ਨੇ ਆਪਣੀਆਂ ਜ਼ਮੀਨਾਂ ਆਪਣੇ ਬੱਚਿਆਂ ਦੇ ਨਾਮ ਕਰਵਾ ਕੇ ਇਸ ਸਕੀਮ ਦਾ ਲਾਭ ਲੈਣਾ ਸ਼ੁਰੂ ਕਰ ਦਿੱਤਾ । ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਹ ਜੋ ਸਕੀਮ ਹੈ ਇਹ ਉਨ੍ਹਾਂ ਲੋਕਾਂ ਦੇ ਲਈ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਨੇ ਰੋਟੀ ਨਹੀਂ ਦਿੱਤੀ । ਸੋ, ਇਹ ਗਰੀਬ ਲੋਕਾਂ ਨੂੰ ਰੋਟੀ ਦੇਣ ਵਾਸਤੇ ਸਕੀਮ ਚਾਲੂ ਕੀਤੀ ਗਈ ਹੈ । ਇਸ ਤਰ੍ਹਾਂ ਮੈਂ ਬਹੁਤ ਲੋਕਾਂ ਦੀਆਂ ਅਰਜ਼ੀਆਂ ਵਾਪਸ ਵੀ ਕਰਵਾਈਆਂ ਹਨ । ਜੇਕਰ ਇਸ ਦੀ ਗਿਣਤੀ ਦਾ ਪਤਾ ਲਗਾਇਆ ਜਾਵੇ ਤਾਂ ਇਸ ਵੇਲੇ ਪੰਜਾਬ ਦੇ ਵਿਚ ਪੌਣੇ ਛੇ ਲੱਖ ਲੋਕਾਂ ਨੂੰ ਇਸ ਪੈਨਸ਼ਨ ਸਕੀਮ ਦੀ ਰਾਹਤ ਦਿੱਤੀ ਜਾ ਰਹੀ ਹੈ ਜਦੋਂ ਕਿ ਕਾਂਗਰਸ ਦੀ ਸਰਕਾਰ ਦੇ ਵੇਲੇ ਇਹ ਗਿਣਤੀ ਸਵਾ ਦੋ ਲੱਖ ਸੀ । ਅਸੀਂ ਇਸ ਤੋਂ ਤਿੰਨ ਗੁਣਾਂ ਗਿਣਤੀ ਵਧਾਈ ਹੈ । (ਥੰਪਿੰਗ) ਇਹ ਗਿਣਤੀ ਕਿਸ ਨੇ ਵਧਾਈ ਹੈ, ਇਹ ਪੰਜਾਬ ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਵਧਾਈ ਹੈ ।

ਚੇਅਰਮੈਨ ਸਾਹਿਬ, ਜੋ ਮਕਾਨ ਬਣਾ ਕੇ ਦੇਣ ਦੀ ਸਕੀਮ ਸ਼ੁਰੂ ਕੀਤੀ ਗਈ ਹੈ ; ਜਿਸ ਦਾ ਜ਼ਿਕਰ ਰੌਂਤਾ ਸਾਹਿਬ ਨੇ ਘੂਰਨਾ ਕਹਿ ਕੇ ਕੀਤਾ ਹੈ । ਇਹ ਸਕੀਮ ਪਹਿਲਾਂ

[ਸਰਦਾਰ ਮੱਖਣ ਸਿੰਘ]

ਵੀ ਬਣੀ ਸੀ । ਇਸ ਬਾਰੇ ਤੁਹਾਨੂੰ ਵੀ ਪਤਾ ਹੈ ਜਦੋਂ ਕੇਂਦਰ ਦੇ ਵਿੱਚ ਅਜੈਬ ਸਿੰਘ ਰੋਤਾ ਹੁਰਾਂ ਦੀ ਪਾਰਟੀ ਭਾਈਵਾਲ ਸੀ । ਇਨ੍ਹਾਂ ਦੀ ਜਦੋਂ ਸਰਕਾਰ ਉਥੇ ਸੀ ਤਾਂ ਇਹ ਕੀ ਚੰਗਾ ਕੰਮ ਕਰਦੇ ਸਨ ਕਿ ਧਾਰਾ 356 ਦੀ ਦੁਰਵਰਤੋਂ ਕਰਕੇ ਹਮੇਸ਼ਾਂ ਸਰਕਾਰਾਂ ਨੂੰ ਤੋੜ ਦਿੰਦੇ ਸਨ ਅਤੇ ਬਾਦਲ ਸਾਹਿਬ ਦੀ ਵੀ ਸਰਕਾਰ ਤੋੜ ਦਿੱਤੀ ਸੀ । ਉਸ ਤੋਂ ਬਾਅਦ ਇਹ ਸਕੀਮ ਇਨ੍ਹਾਂ ਅਫ਼ਸਰ ਸਾਹਿਬਾਨ ਦੇ ਹੱਥਾਂ ਵਿਚ ਚਲੀ ਗਈ....

ਸ਼੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਇਹ ਕਹਿ ਰਹੇ ਹਨ ਕਿ ਬਾਦਲ ਸਾਹਿਬ ਦੀ ਉਸ ਵੇਲੇ ਸਰਕਾਰ ਤੋੜ ਦਿੱਤੀ ਗਈ । ਲੇਕਿਨ ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸੈਂਟਰ ਵਿਚੋਂ ਉਸੇ ਧਾਰਾ ਦੀ ਵਰਤੋਂ ਕਰਦੇ ਹੋਏ ਬਿਹਾਰ ਦੀ ਸਰਕਾਰ ਤੁੜਵਾਈ ਹੈ ।

ਸ਼੍ਰੀ ਜਗਦੀਸ਼ ਸਾਹਨੀ ਬੜੀ ਖੁਸ਼ੀ ਦੀ ਗੱਲ ਹੈ ਕਿ ਅੱਜ ਕਾਂਗਰਸ ਵਾਲਿਆਂ ਨੇ ਇਹ ਮੰਨਿਆ ਹੈ ਕਿ ਸਰਕਾਰ ਤੋੜੀ ਹੈ । ਇਨ੍ਹਾਂ ਨੂੰ ਪੁੱਛਿਆ ਜਾਵੇ ਕਿ ਜੋ ਅੱਜ ਇਹ ਮਤਾ ਲਿਆਂਦਾ ਹੈ ਇਸ ਮਤੇ ਦੀ ਕਿੰਨੀ ਦੁਰਵਰਤੋਂ ਉਥੋਂ ਦੀ ਸਰਕਾਰ ਕਰਦੀ ਰਹੀ ਹੈ । ਆਪਣੇ ਆਪ ਨੂੰ ਦਲਿਤ ਕਹਿ ਕੇ ਦਲਿਤਾਂ ਤੇ ਮਾਸਿਜ਼ ਕਤਲੇਆਮ ਹੋ ਰਹੇ ਹਨ ਉਨ੍ਹਾਂ ਦੀ ਮਦਦ ਇਹ ਸਰਕਾਰ ਕਰਦੀ ਰਹੀ ਹੈ । ਕਹਿੰਦੇ ਹਨ ਕਿ ਉਥੇ 356 ਨਾ ਲਾਈ ਜਾਵੇ । ਬਾਦਲ ਸਾਹਿਬ ਦੀ ਸਰਕਾਰ ਨੇ ਮਦਦ ਕਿਉਂ ਕੀਤੀ ? ਇਸ ਕਰਕੇ ਤਾਂ ਕਿ ਬਿਹਾਰ ਦੇ ਲੋਕਾਂ ਨੂੰ ਰਾਹਤ ਮਿਲ ਪਾਏ । ਇਹੋ ਜਿਹੀ ਜ਼ਾਲਮ ਹਕੂਮਤ ਤੋਂ ਛੁਟਕਾਰਾ ਪਾ ਸਕਣ, ਇਸ ਕਰਕੇ ਧਾਰਾ 356 ਦੀ ਵਰਤੋਂ ਹੋਈ ਹੈ । (ਕੁਝ ਆਵਾਜ਼ਾਂ ਸ਼ੇਮ, ਸ਼ੇਮ),

ਸ਼੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਬਿਹਾਰ ਵਿਚ ਧਾਰਾ 356 ਦੀ ਵਰਤੋਂ ਹੋਈ ਹੈ, ਅਸੀਂ ਉਸ ਦੇ ਬਰਖਿਲਾਫ ਬੋਲੇ ਹਾਂ ਨਾ ਕਿ ਦਲਿਤਾਂ ਦੇ ਵਿਰੋਧ ਵਿਚ ਰਹੇ ਹਾਂ । ਧਾਰਾ 356 ਦੀ ਬਰਖਿਲਾਫ਼ੀ ਕੀਤੀ ਹੈ ।

ਸਰਦਾਰ ਮੱਖਣ ਸਿੰਘ : ਮੈਂ ਬੇਨਤੀ ਕਰ ਰਿਹਾ ਸੀ ਕਿ ਉਸ ਸਮੇਂ ਸਰਕਾਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸੀ । ਉਸ ਸਮੇਂ ਧਾਰਾ 356 ਦੀ ਦੁਰਵਰਤੋਂ ਕਰਕੇ ਇਨ੍ਹਾਂ ਨੇ ਸਰਕਾਰ ਤੋੜ ਦਿੱਤੀ । ਜਿਹੜੀ ਸਕੀਮ ਬਾਦਲ ਸਾਹਿਬ ਦੀ ਸਰਕਾਰ ਨੇ ਗਰੀਬਾਂ ਵਾਸਤੇ ਖੂਬਸੂਰਤ ਮਕਾਨ ਦੇਣ ਦੀ ਬਣਾਈ ਸੀ ਉਹ ਵੀ ਅਫ਼ਸਰਸ਼ਾਹੀ ਦੇ ਪੇਟੇ ਚੜ੍ਹ ਗਈ । ਜਿਹੜੇ ਘਰ ਬਣਾਏ ਗਏ ਉਹ ਬੜੀ ਦੂਰ-ਦੂਰ ਬਣਾਏ ਗਏ । ਅਸੀਂ ਇਸ ਦੀ ਮੁਖਾਲਫ਼ਤ ਕਰਦੇ ਹਾਂ । ਅਸੀਂ ਇਸ ਨਾਲ ਸਹਿਮਤ ਹਾਂ ਕਿ ਉਨ੍ਹਾਂ ਵਲੋਂ ਬਹੁਤ ਛੋਟੇ-ਛੋਟੇ ਘਰ ਬਣਾ ਕੇ ਦਿੱਤੇ ਜਿਨ੍ਹਾਂ ਵਿਚ ਬੱਕਰੀਆਂ ਵੀ ਨਹੀਂ ਸੀ ਬੱਝਦੀਆਂ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਇਹ ਸੱਧਰ, ਦਲਿਤਾਂ ਨੂੰ ਖੁਸ਼ ਕਰਨ ਦੀ ਉਮੰਗ ਅਤੇ ਖਾਹਿਸ਼ ਉਨ੍ਹਾਂ ਦੇ ਮਨ ਵਿਚ ਸੀ । ਹੁਣ ਫਿਰ ਬਾਦਲ ਸਾਹਿਬ ਦੀ ਸਰਕਾਰ ਬਣੀ ਹੈ ਉਹ ਆਪਣੀ ਉਮੰਗ ਨੂੰ, ਖਾਹਿਸ਼ ਨੂੰ ਅਮਲੀ ਰੂਪ ਦੇਣ ਵਾਲੇ ਹਨ । ਜਿਵੇਂ ਦੱਸਿਆ ਗਿਆ ਹੈ ਕਿ ਹਰੇਕ ਹਲਕੇ ਵਿੱਚ 10-10, ਪਿੰਡਾਂ ਵਿੱਚ 10-10 ਮਕਾਨ ਤਿਆਰ ਹੀ ਨਹੀਂ ਕੀਤੇ ਬਲਕਿ ਉਨ੍ਹਾਂ ਦੀਆਂ ਚਾਬੀਆਂ ਲੋੜਵੰਦਾਂ ਨੂੰ ਸੌਂਪ ਦਿੱਤੀਆਂ ਗਈਆਂ

ਹਨ : (ਥੰਪਿੰਗ) ਲੋਕਾਂ ਨੂੰ ਘਰ ਦੇ ਦਿੱਤੇ ਗਏ ਹਨ। ਘਰ ਬਹੁਤ ਖੁੱਲ੍ਹੀ ਥਾਂ ਵਿੱਚ ਬਣਾਏ ਹਨ। ਪੰਚਾਇਤਾਂ ਤੋਂ ਜ਼ਮੀਨਾਂ ਲਈਆਂ ਹਨ। 50-50 ਹਜ਼ਾਰ ਰੁਪਿਆ ਉਸ ਤੇ ਲਾਇਆ ਗਿਆ ਹੈ। ਇੰਨੇ ਖੂਬਸੂਰਤ ਘਰ ਬਣਾ ਕੇ ਦਿੱਤੇ ਹਨ ਕਿ ਪਿੰਡਾਂ ਵਿੱਚ ਕਿਸਾਨਾਂ ਦੇ ਘਰ ਵੀ ਉਸ ਤਰ੍ਹਾਂ ਦੇ ਨਹੀਂ ਹੋਣਗੇ। ਇਸ ਨਾਲ ਗਰੀਬਾਂ ਨੂੰ ਕੁਝ ਰਾਹਤ ਮਿਲੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਜਦੋਂ ਬਰਨਾਲਾ ਸਾਹਿਬ ਦੀ ਸਰਕਾਰ ਬਣੀ ਸੀ ਉਨ੍ਹਾਂ ਨੇ ਸੋਚਿਆ ਕਿ. . . .

ਸ਼੍ਰੀ ਰਮੇਸ਼ ਚੰਦਰ ਡੋਗਰਾ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ। ਸਰਦਾਰ ਮੱਖਣ ਸਿੰਘ ਬਹੁਤ ਘੋੜੀਆਂ ਅਕਾਲੀ ਪਾਰਟੀ ਦੀਆਂ ਗਾ ਰਹੇ ਹਨ। ਅੱਜ ਤੋਂ ਤਿੰਨ ਸਾਲ ਪਹਿਲਾਂ ਅੱਤਵਾਦ ਦੇ ਸਮੇਂ ਇਹ ਅਕਾਲੀ ਪਾਰਟੀ ਨੂੰ ਬਹੁਤ ਗਾਲ੍ਹਾਂ ਕੱਢਦੇ ਰਹੇ ਹਨ। ਹੁਣ ਮਨਿਸਟਰ ਬਣਨ ਵਾਸਤੇ ਇਹ ਘੋੜੀਆਂ ਗਾ ਰਹੇ ਹਨ।

ਸ਼੍ਰੀ ਜਗਦੀਸ਼ ਸਾਹਨੀ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ। ਗੱਲ ਇਹ ਹੈ ਕਿ ਇਨ੍ਹਾਂ ਨੂੰ ਦਲਿਤ ਨਜ਼ਰ ਆਉਂਦੇ ਹਨ ਚੌਧਰੀ ਜਗਜੀਤ ਸਿੰਘ ਵਰਗੇ। ਉਹ ਕਾਂਟੀਨਿਊਸਲੀ ਸ਼ਡਿਊਲਡ ਕਾਸਟ ਕੋਟੇ ਵਿਚੋਂ ਆਪਣੀਆਂ ਸਾਰੀਆਂ ਸਹੂਲਤਾਂ ਲੈ ਰਹੇ ਹਨ। ਇਹੋ ਜਿਹੇ ਦਲਿਤ ਹੀ ਨਜ਼ਰ ਆਉਂਦੇ ਹਨ। ਜਿਹੜੇ ਪਿੰਡਾਂ ਵਿੱਚ ਦਲਿਤ ਹਨ ਉਹ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦੇ। ਅੱਜ ਇਹ ਇਸੇ ਕਾਰਨ 13-14 ਆਏ ਹਨ। ਹੁਣ ਇਥੇ ਬੈਠੇ ਤਿੰਨ ਹਨ। ਉਹ ਵੀ ਆਪਣੀ ਵਾਰੀ ਵਾਸਤੇ ਬੈਠੇ ਹਨ।

ਸ਼੍ਰੀ ਸਭਾਪਤੀ : ਮੈਂ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਡਿਸਕਸ਼ਨ ਚਲ ਰਹੀ ਹੈ, ਉਸ ਉਪਰ ਹੀ ਡਿਸਕਸ਼ਨ ਕੀਤੀ ਜਾਵੇ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਉਹ ਸਾਰੇ ਸਰਦਾਰ ਦਿਲਬਾਗ ਸਿੰਘ ਜੀ ਦੀ ਬਰਸੀ ਤੇ ਗਏ ਹਨ। ਅਦਰਵਾਈਜ਼ ਸਾਰੇ ਇਥੇ ਹੀ ਹੁੰਦੇ ਹਨ।

ਸਰਦਾਰ ਮੱਖਣ ਸਿੰਘ : ਮੈਂ ਕੋਈ ਖਾਹਿਸ਼ ਨਹੀਂ ਰੱਖੀ। ਜਦੋਂ ਮੈਂ ਐਮ. ਐਲ. ਏ. ਨਹੀਂ ਹੁੰਦਾ ਸੀ, ਉਦੋਂ ਵੀ ਮੈਂ ਆਪਣੇ ਆਪ ਨੂੰ ਮੰਤਰੀ ਤੋਂ ਘੱਟ ਨਹੀਂ ਸੀ ਸਮਝਿਆ। ਇਹੋ ਜਿਹੀ ਚੀਜ਼ ਲਈ ਮੈਨੂੰ ਕੋਈ ਲੋੜ ਨਹੀਂ ਘੋੜੀਆਂ ਗਾਉਣ ਦੀ। ਮੇਰੀ ਸਰਕਾਰ ਨੇ ਜੋ ਕੀਤਾ ਹੈ ਆਮ ਆਦਮੀ ਵਾਸਤੇ ਕੀਤਾ ਹੈ, ਉਹ ਹੀ ਮੈਂ ਦੱਸ ਰਿਹਾ ਹਾਂ। ਮੈਂ ਗੱਲ ਕਰ ਰਿਹਾ ਸੀ ਕਿ ਜਿਹੜੀ ਘਰਾਂ ਦ, ਸਕੀਮ ਸੀ, ਉਸ ਵੇਲੇ ਬਾਦਲ ਸਾਹਿਬ ਦੀ ਖਾਹਿਸ਼ ਪੂਰੀ ਨਹੀਂ ਸੀ ਹੋਈ। ਇਸ ਲਈ ਇਹ ਦੁਬਾਰਾ ਕੀਤੀ ਗਈ। ਇਸ ਤੋਂ ਬਾਅਦ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿੱਚ ਇਥੇ ਸਰਕਾਰ ਕਾਇਮ ਹੋਈ। ਉਸ ਸਰਕਾਰ ਨੇ ਸੋਚਿਆ ਕਿ ਗਰੀਬਾਂ

[ਸਰਦਾਰ ਮੱਖਣ ਸਿੰਘ]

ਲਈ ਧਰਮਸ਼ਾਲਾਵਾਂ ਬਣਾ ਕੇ ਦਿੱਤੀਆਂ ਜਾਣ । ਜਦੋਂ ਬਰਾਤ ਆਉਂਦੀ ਹੈ ਤਾਂ ਬਰਤਨਾਂ ਦੀ ਜ਼ਰੂਰਤ ਹੁੰਦੀ ਹੈ । ਬਰਨਾਲਾ ਸਾਹਿਬ ਦੀ ਸਰਕਾਰ ਨੇ ਇਨ੍ਹਾਂ ਗਰੀਬ ਲੋਕਾਂ ਨੂੰ ਬਰਤਨ ਦੇਣ ਦੀ ਸਕੀਮ ਲਾਗੂ ਕੀਤੀ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਇਸ ਸਕੀਮ ਨੂੰ ਬੰਦ ਕਰ ਦਿੱਤਾ । ਇਹ ਕਾਂਗਰਸ ਪਾਰਟੀ ਦਾ ਰਿਕਾਰਡ ਰਿਹਾ ਹੈ । ਇਹ ਕਾਂਗਰਸ ਪਾਰਟੀ ਵਾਲੇ ਗਰੀਬ ਲੋਕਾਂ ਦੀਆਂ ਸਕੀਮਾਂ ਨੂੰ ਬੰਦ ਤਾਂ ਕਰ ਸਕਦੇ ਹਨ ਪਰ ਇਹ ਕੋਈ ਨਵੀਂ ਸਕੀਮ ਨੂੰ ਚਾਲੂ ਨਹੀਂ ਕਰ ਸਕਦੇ । 50 ਸਾਲ ਆਜ਼ਾਦੀ ਦੇ ਬੀਤ ਗਏ ਹਨ ਪਰ ਇਹ ਮੈਨੂੰ ਦੱਸ ਦੇਣ ਕਿ ਇਨ੍ਹਾਂ ਨੇ ਇਕ ਵੀ ਸਕੀਮ ਦਲਿਤ ਵਰਗ ਵਾਸਤੇ ਚਾਲੂ ਕੀਤੀ ਹੋਵੇ ਜਾਂ ਸ਼ੁਰੂ ਕੀਤੀ ਹੋਵੇ । ਹੁਣ ਵੀ ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਕਿ ਇਹ 3 ਮੈਂਬਰ ਇਸ ਵਕਤ ਕਾਂਗਰਸ ਪਾਰਟੀ ਦੇ ਬੈਠੇ ਹਨ , ਇਹ ਕੋਈ ਸਕੀਮ ਜਿਹੜੀ ਇਨ੍ਹਾਂ ਨੇ ਚਾਲੂ ਕੀਤੀ ਹੋਵੇ, ਉਸ ਦਾ ਨਾਂ ਦੱਸ ਦੇਣ । ਜਿੰਨੀਆਂ ਵੀ ਨਵੀਆਂ ਸਕੀਮਾਂ ਨੂੰ ਚਾਲੂ ਕੀਤਾ ਗਿਆ ਹੈ, ਬਾਦਲ ਸਾਹਿਬ ਦੀ ਸਰਕਾਰ ਵੇਲੇ ਹੀ ਚਾਲੂ ਕੀਤਾ ਗਿਆ ਹੈ ।

ਦਲਿਤ ਵਰਗ ਵਾਸਤੇ ਇਕ ਹੋਰ ਨਵੀਂ ਸਕੀਮ ਬੜੀ ਖੂਬਸੂਰਤ ਸ਼ੁਰੂ ਕੀਤੀ ਗਈ ਹੈ ਕਿ ਦਲਿਤ ਵਰਗ ਦੀ ਬੇਟੀ ਦੀ ਸ਼ਾਦੀ ਦੇ ਟਾਈਮ 5100/- ਰੁਪਿਆ ਸ਼ਗਨ ਦੇ ਤੌਰ ਤੇ ਸਰਕਾਰ ਵਲੋਂ ਦਿੱਤਾ ਜਾਵੇਗਾ । ਇਹ ਬੜੀ ਖੂਬਸੂਰਤ ਸਕੀਮ ਦਲਿਤ ਵਰਗ ਦੇ ਲੋਕਾਂ ਲਈ ਬਾਦਲ ਸਾਹਿਬ ਦੀ ਸਰਕਾਰ ਨੇ ਲਿਆਂਦੀ ਹੈ ਜਿਸ ਦੀ ਸ਼ਲਾਘਾ ਸੀ. ਪੀ. ਆਈ. ਦੇ ਮੈਂਬਰਾਂ ਨੇ ਵੀ ਕੀਤੀ ਹੈ । ਸ਼ਾਦੀ ਦੇ ਵਕਤ ਕੋਈ ਉਸ ਨੂੰ 100/- ਰੁਪਿਆ ਨਹੀਂ ਦਿੰਦਾ ਹੈ ਜਦ ਕਿ ਸਰਕਾਰ ਵਲੋਂ ਉਸ ਨੂੰ 5100/- ਰੁਪਿਆ ਦਿੱਤਾ ਜਾਂਦਾ ਹੈ ਜਿਸ ਦੇ ਨਾਲ ਉਸ ਦਾ ਹੱਥ ਸੌਖਾ ਹੋ ਜਾਂਦਾ ਹੈ ਅਤੇ ਉਸ ਦੀ ਔਖੀ ਘੜੀ ਨਿਕਲ ਜਾਂਦੀ ਹੈ । ਅਸੀਂ ਇਹ ਸਾਰਾ ਕੁਝ ਅਸੀਸਾਂ ਲੈਣ ਦੀ ਖ਼ਾਤਿਰ ਨਹੀਂ ਕੀਤਾ ਹੈ ।

ਮੈਂ ਇਥੇ ਇਕ ਹੋਰ ਸਕੀਮ ਦੀ ਜਾਣਕਾਰੀ ਹਾਊਸ ਦੇ ਵਿੱਚ ਦੇਣੀ ਚਾਹੁੰਦਾ ਹਾਂ ਜਿਹੜੀ ਸਰਕਾਰ ਨੇ ਦਲਿਤ ਵਰਗ ਦੀ ਬੇਟੀ ਵਾਸਤੇ ਚਾਲੂ ਕੀਤੀ ਹੈ । ਜਿਸ ਵਕਤ ਕਿਸੇ ਦਲਿਤ ਵਰਗ ਦੇ ਘਰ ਲੜਕੀ ਪੈਦਾ ਹੁੰਦੀ ਹੈ ਤਾਂ ਸਰਕਾਰ ਵਲੋਂ ਉਸ ਦਲਿਤ ਪਰਿਵਾਰ ਦੀ ਔਰਤ ਨੂੰ 500/- ਰੁਪਿਆ ਖੁਰਾਕ ਲਈ ਦਿੱਤਾ ਜਾਂਦਾ ਹੈ ਅਤੇ ਜਿਹੜੀ ਲੜਕੀ ਪੈਦਾ ਹੁੰਦੀ ਹੈ ਉਸ ਦੇ ਲਈ 4500/- ਰੁਪਿਆ ਜਮ੍ਹਾਂ ਕੀਤਾ ਜਾਵੇਗਾ । ਇਹ 4500/- ਰੁਪਿਆ 5 ਸਾਲ ਵਾਸਤੇ ਫ਼ਿਕਸਡ ਡਿਪਾਜ਼ਿਟ ਕਰਕੇ, ਇਸਦਾ 9000/- ਰੁਪਿਆ ਬਣ ਜਾਵੇਗਾ ਅਤੇ 10 ਸਾਲਾਂ ਬਾਅਦ ਇਹ 9000/- ਰੁਪਏ ਦੇ 18000/- ਰੁਪਏ ਬਣ ਜਾਣਗੇ ਅਤੇ 15 ਸਾਲ ਬਾਅਦ ਇਹ 36000/- ਰੁਪਏ ਬਣ ਜਾਣਗੇ ਅਤੇ 20 ਸਾਲ ਬਾਅਦ ਜਦ ਉਸ ਦੀ ਸ਼ਾਦੀ ਦਾ ਵਕਤ ਆਵੇਗਾ 72000/- ਰੁਪਏ ਬਣ ਜਾਣਗੇ । (ਤਾੜੀਆਂ) ਇਤਨੇ ਪੈਸੇ ਨਾਲ ਉਸ ਲੜਕੀ ਦੇ ਮਾਂ ਬਾਪ ਨੂੰ ਇੰਨੀ ਵੱਡੀ ਸਹਾਇਤਾ ਸਰਕਾਰ ਦੀ ਤਰਫ਼ੋਂ ਹੋਵੇਗੀ ਅਤੇ ਸ਼ਾਦੀ ਬੜੇ ਅੱਛੇ ਤਰੀਕੇ ਨਾਲ ਉਹ ਕਰ ਸਕੇਗਾ ਅਤੇ ਇਸ ਸਕੀਮ ਨੂੰ ਅਸੀਂ ਚਾਲੂ ਕਰ ਦਿੱਤਾ ਹੈ ।

ਇਹ ਸਕੀਮ ਬਾਦਲ ਸਾਹਿਬ ਦੀ ਸਰਕਾਰ ਨੇ ਚਾਲੂ ਕੀਤੀ ਹੈ ਤਾਂ ਕਿ ਦਲਿਤ ਵਰਗ ਦੇ ਲੋਕਾਂ ਦਾ ਰਹਿਣ-ਸਹਿਣ ਠੀਕ ਹੋ ਸਕੇ ਅਤੇ ਉਨ੍ਹਾਂ ਨੂੰ ਬੇਟੀ ਦੀ ਸ਼ਾਦੀ ਦੇ ਮੌਕੇ ਤੇ ਕੋਈ ਚਿੰਤਾ ਨਾ ਹੋਵੇ । ਇਸ ਸਕੀਮ ਨੂੰ ਚਾਲੂ ਕਰਕੇ ਸਰਕਾਰ ਵਲੋਂ ਇਕ ਬਹੁਤ ਸ਼ਲਾਘਾਯੋਗ ਕਦਮ ਪੁੱਟਿਆ ਗਿਆ ਹੈ । ਇਸ ਤੋਂ ਇਲਾਵਾ ਇਸ ਸੂਬੇ ਦੇ ਵਿੱਚ ਦਲਿਤ ਵਰਗ ਦੇ ਲੋਕਾਂ ਦੇ ਲਈ, ਸਰਕਾਰ ਨੇ ਰਾਜਪਾਲ ਦੇ ਭਾਸ਼ਣ ਵਿੱਚ ਦੱਸਿਆ ਹੈ ਕਿ 28.31 ਕਰੋੜ ਰੁਪਏ ਇਸ ਸਾਲ ਰੱਖੇ ਗਏ ਹਨ । ਇਹ ਬਜਟ ਦਾ ਇਕ ਬਹੁਤ ਵੱਡਾ ਹਿੱਸਾ ਦਲਿਤ ਵਰਗ ਦੇ ਲੋਕਾਂ ਵਾਸਤੇ ਰੱਖਿਆ ਗਿਆ ਹੈ । ਇਨ੍ਹਾਂ ਦਲਿਤ ਵਰਗ ਦੇ ਲੋਕਾਂ ਦੀ ਸੇਵਾ ਕਰਨਾ ਸਾਡੀ ਸਰਕਾਰ ਦਾ ਫਰਜ਼ ਬਣਦਾ ਹੈ । ਵੈਲਫੇਅਰ ਸਕੀਮਾਂ ਦੇ ਲਈ ਸਰਕਾਰ ਨੇ ਟੋਟਲ 57 ਕਰੋੜ 27 ਲੱਖ ਰੁਪਿਆ ਰੱਖਿਆ ਹੈ । ਜਿਸ ਦੇ ਨਾਲ ਦਲਿਤ ਵਰਗ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇਗਾ, ਸਟਾਈਪੈਂਡ ਦਾ ਇੰਤਜ਼ਾਮ ਕੀਤਾ ਜਾਵੇਗਾ, ਉਨ੍ਹਾਂ ਨੂੰ ਪੜ੍ਹਾਈ ਕਰਨ ਵਾਸਤੇ ਕਿਤਾਬਾਂ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਹੋਸਟਲਾਂ ਦੇ ਵਿੱਚ ਰਹਿਣ ਵਾਸਤੇ ਖ਼ਰਚਾ ਸਰਕਾਰ ਖੁਦ ਦੇਵੇਗੀ । ਇਹ ਸਾਰਾ ਕੁਝ ਡਾਊਨ-ਟਰੌਡਨ ਲੋਕਾਂ ਦੇ ਵਾਸਤੇ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ ਤਾਂ ਕਿ ਇਨ੍ਹਾਂ ਦਲਿਤ ਪਰਿਵਾਰ ਦੇ ਬੱਚਿਆਂ ਨੂੰ ਪੜ੍ਹਾਈ ਦਿੱਤੀ ਜਾ ਸਕੇ, ਤਾਲੀਮ ਦਿੱਤੀ ਜਾ ਸਕੇ ਅਤੇ ਉਨ੍ਹਾਂ ਬੱਚਿਆਂ ਦੇ ਵਿੱਚ ਚੇਤਨਾ ਪੈਦਾ ਕੀਤੀ ਜਾ ਸਕੇ । ਇਸ ਦੇ ਲਈ ਸਾਡੀ ਸਰਕਾਰ ਦਲਿਤ ਵਰਗ ਦੇ ਲਈ ਵਚਨ-ਬੱਧ ਹੈ । ਇਹ ਜਿਹੜਾ ਟੋਟਲ 57 ਕਰੋੜ 27 ਲੱਖ ਰੁਪਿਆ ਇਨ੍ਹਾਂ ਦਲਿਤ ਪਰਿਵਾਰਾਂ ਦੀ ਭਲਾਈ ਲਈ ਰੱਖਿਆ ਗਿਆ ਹੈ ਅਤੇ ਇਸ ਦੀ ਵਿਵਸਥਾ ਇਸ ਸਾਲ ਦੇ ਬਜਟ ਵਿੱਚ ਕੀਤੀ ਗਈ ਹੈ ਤਾਂ ਕਿ ਸਰਕਾਰ ਵਲੋਂ ਚਲਾਈਆਂ ਗਈਆਂ ਸਾਰੀਆਂ ਸਕੀਮਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਦੀ ਜਾਣਕਾਰੀ ਲਈ, ਇਨਫਰਮੇਸ਼ਨ ਦੇਣੀ ਚਾਹੁੰਦਾ ਹਾਂ ਕਿ ਇਹ ਜਿਹੜਾ 57 ਕਰੋੜ 27 ਲੱਖ ਰੁਪਿਆ ਰੱਖਿਆ ਗਿਆ ਦੱਸ ਰਹੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਸ਼ਡਿਊਲਡ ਕਾਸਟਸ ਦੇ ਬੱਚਿਆਂ ਨੂੰ ਨਾ ਵਜ਼ੀਫੇ ਮਿਲੇ ਹਨ ਅਤੇ ਨਾ ਪੜ੍ਹਾਈ ਕਰਨ ਵਾਸਤੇ ਕਿਤਾਬਾਂ ਮਿਲੀਆਂ ਸਨ ਅਤੇ ਨਾ ਹੀ ਹੋਸਟਲ ਵਿੱਚ ਰਹਿਣ ਵਾਸਤੇ ਖ਼ਰਚਾ ਮਿਲਿਆ ਸੀ । ਇਹ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਹੈ ।

ਸਰਦਾਰ ਮੱਖਣ ਸਿੰਘ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਡੋਗਰਾ ਸਾਹਿਬ ਕਹਿ ਰਹੇ ਹਨ ਪਿਛਲੇ ਇਕ-ਦੋ ਸਾਲ ਤੋਂ ਅਤੇ ਪਿਛਲੇ ਸਾਲ ਚੌਧਰੀ ਸਾਹਿਬ ਕਹਿ ਰਹੇ ਸਨ ਕਿ 5-6 ਸਾਲਾਂ ਤੋਂ ਇਹ ਸਹੂਲਤਾਂ ਨਹੀਂ ਮਿਲੀਆਂ, ਮੈਂ ਜਵਾਬ ਦਿੱਤਾ ਸੀ ਕਿ ਸਾਡਾ ਤਾਂ ਇਕ ਸਾਲ ਹੀ ਹੈ, ਬਾਕੀ ਸਮਾਂ ਤਾਂ ਤੁਹਾਡਾ ਹੀ ਹੈ, ਇਹ ਦਰੁੱਸਤੀ ਕਰ ਲੈਣ ।

ਯੁਵਕ ਸੇਵਾਵਾਂ, ਸ਼ਿਕਾਇਤ ਨਿਵਾਰਣ ਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਰਾਜ ਮੰਤਰੀ : ਚੇਅਰਮੈਨ ਸਾਹਿਬ, ਡੋਗਰਾ ਸਾਹਿਬ ਨੇ ਜੋ ਗੱਲ ਕਹੀ ਹੈ ਕਿ ਕਿਤਾਬਾਂ ਇਨ-ਟਾਈਮ ਨਹੀਂ ਮਿਲਦੀਆਂ, ਵਜ਼ੀਫੇ ਇਨ ਟਾਈਮ ਨਹੀਂ ਮਿਲਦੇ। 45 ਸਾਲਾਂ ਦੇ ਰਾਜ ਵਿੱਚ ਇਹ ਪਹਿਲਾ ਮੌਕਾ ਹੈ। ਸਭ ਤੋਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਿਤਾਬਾਂ ਛਪਵਾ ਕੇ, ਮੁਕੰਮਲ ਕਰਵਾ ਕੇ ਸਕੂਲਾਂ ਵਿੱਚ, ਜੇ ਕੋਈ ਬੱਚਾ ਸਕੂਲ ਵਿਚੋਂ ਛੁੱਟੀ ਤੇ ਸੀ ਤਾਂ ਉਸ ਦੇ ਘਰ ਤੱਕ ਪਹੁੰਚਾਈਆਂ ਗਈਆਂ ਹਨ। ਇਨ੍ਹਾਂ ਦੇ ਰਾਜ ਸਮੇਂ ਤਾਂ ਵਜ਼ੀਫੇ ਨਹੀਂ ਦਿੱਤੇ ਗਏ, ਅਸੀਂ ਪਹਿਲੀ ਪੁਲਾਂਘ ਪੁੱਟੀ ਹੈ ਕਿ ਬੱਚਿਆਂ ਨੂੰ ਇਨ-ਟਾਈਮ ਵਜ਼ੀਫੇ ਦਿੱਤੇ ਜਾਣ। ਡੋਗਰਾ ਸਾਹਿਬ ਫਿਕਰ ਨਾ ਕਰਨ, ਇਨ੍ਹਾਂ ਦੀ ਸਿਹਤ ਕਮਜ਼ੋਰ ਹੋ ਰਹੀ ਹੈ। ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੂਜੀਆਂ ਸਕੀਮਾਂ ਦੇ ਨਾਲ-ਨਾਲ ਜੋ ਦਲਿਤ ਵਰਗਾਂ ਲਈ ਸਕੀਮਾਂ ਹਨ ਉਨ੍ਹਾਂ ਨੂੰ ਅਪਲਿਫਟ ਕਰਨ ਲਈ ਜਿਹੜੀਆਂ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਉਹ ਸਮੇਂ ਸਿਰ ਪਹੁੰਚਾ ਰਹੇ ਹਾਂ।

(ਡੋਗਰਾ ਸਾਹਿਬ ਵਲੋਂ ਬੈਠੇ-ਬੈਠੇ ਵਿਘਨ)

ਸ਼੍ਰੀ ਸਭਾਪਤੀ : ਡੋਗਰਾ ਸਾਹਿਬ, ਤੁਸੀਂ ਇੰਟਰਪਟ ਨਾ ਕਰੋ। ਮੰਤਰੀ ਜੀ ਨੇ ਠੀਕ ਕਿਹਾ ਹੈ ਕਿ ਪਹਿਲੀ ਦਫਾ ਹੈ ਕਿ ਕਿਤਾਬਾਂ ਸਮੇਂ ਸਿਰ ਮਿਲੀਆਂ ਹਨ। ਵਜ਼ੀਫਿਆ ਦਾ ਤੁਹਾਡਾ ਜੋ ਬੈਕਲਾਗ ਸੀ ਉਹ ਪੂਰਾ ਕੀਤਾ। ਮੈਂ ਭਲਾਈ ਕਮੇਟੀ ਦਾ ਦੋ ਸਾਲ ਚੇਅਰਮੈਨ ਰਿਹਾ ਹਾਂ ਅਤੇ ਮੈਨੂੰ ਪਤਾ ਹੈ ਕਿ ਪੱਛੜੀਆਂ ਸ਼੍ਰੇਣੀਆਂ ਦਾ ਬੈਕਲਾਗ ਵੀ ਪੂਰਾ ਕੀਤਾ ਹੈ ਕਿਉਂਕਿ ਮੈਂ ਇਸ ਨਾਲ ਇਨ-ਟੱਚ ਰਿਹਾ ਹਾਂ। ਹੁਣ ਮੱਖਣ ਸਿੰਘ ਜੀ ਤੁਸੀਂ ਵਾਈਂਡ ਅਪ ਕਰੋ।

ਸਰਦਾਰ ਮੱਖਣ ਸਿੰਘ : ਚੇਅਰਮੈਨ ਸਾਹਿਬ, ਇਥੇ ਸਰਦਾਰ ਅਜੈਬ ਸਿੰਘ ਹੁਰਾਂ ਨੇ ਹਾਊਸ ਵਿੱਚ ਕਿਹਾ ਸੀ ਕਿ ਘਰਾਂ ਵਾਲੀ ਸਕੀਮ ਬੰਦ ਕਰ ਦਿੱਤੀ ਗਈ ਹੈ। ਪੰਜਾਬ ਸਰਕਾਰ ਨੇ ਕੋਈ ਸਕੀਮ ਬੰਦ ਨਹੀਂ ਕੀਤੀ। ਸਰਕਾਰ ਨੂੰ ਕੁਝ ਅਮਲੀ ਦਿੱਕਤਾਂ ਪੇਸ਼ ਆਈਆਂ ਹਨ। ਪਿਛਲੇ ਸਾਲ 10 ਪਿੰਡਾਂ ਨੂੰ ਜਿਹੜੇ 10-10 ਘਰ ਦਿੱਤੇ, ਉਹ ਉਥੇ ਦਿੱਤੇ ਜਿਨ੍ਹਾਂ ਪੰਚਾਇਤਾਂ ਕੋਲ ਜ਼ਮੀਨ ਸੀ। ਕਈ ਪੰਚਾਇਤਾਂ ਕੋਲ ਜ਼ਮੀਨ ਨਹੀਂ ਸੀ। ਉਥੇ ਪਿੰਡਾਂ ਵਿੱਚ ਜ਼ਮੀਨ ਮਿਲ ਨਹੀਂ ਸਕਦੀ। ਫੇਰ ਬਹੁਤ ਦਲਿਤ ਵੀਰਾਂ ਨੇ ਬੇਨਤੀ ਕੀਤੀ ਕਿ ਮੇਰੇ ਕੋਲ ਜ਼ਮੀਨ ਪਈ ਹੈ ਅਤੇ ਜੇਕਰ ਸਰਕਾਰ ਮੈਨੂੰ ਪੈਸੇ ਦੇ ਦੇਵੇ ਤਾਂ ਮੈਂ ਆਪਣੀ ਜ਼ਮੀਨ ਤੇ ਆਪਣਾ ਪੱਕਾ ਘਰ ਬਣਾ ਲਵਾਂਗਾ। ਇਸ ਲਈ ਸਕੀਮ ਬੰਦ ਨਹੀਂ ਕੀਤੀ, ਅਮੈਂਡ ਕੀਤੀ ਹੈ। ਹੁਣ ਲੋੜਵੰਦਾਂ ਨੂੰ ਪੰਜਾਬ ਸਰਕਾਰ 25,000/- ਰੁਪਿਆ ਦੇਵੇਗੀ ਤਾਂਕਿ ਉਹ ਆਪਣਾ ਘਰ ਬਣਾ ਸਕਣ। ਇਸ ਸਕੀਮ ਨੂੰ ਬੰਦ ਨਹੀਂ ਕੀਤਾ ਬਲਕਿ ਅਮੈਂਡ ਕੀਤਾ ਹੈ। ਹੁਣ ਜ਼ਿਆਦਾ ਗਰੀਬ ਲੋਕ ਆਪਣਾ ਘਰ ਪਿੰਡਾਂ ਦੇ ਵਿੱਚ ਹੀ ਪਾ ਸਕਦੇ ਹਨ।

ਚੇਅਰਮੈਨ ਸਾਹਿਬ, ਇਹ ਗ਼ਲਤ ਫ਼ਹਿਮੀ ਵਿੱਚ ਹਨ ਕਿ ਵੱਡਿਆਂ-ਵੱਡਿਆਂ ਦੀ ਬਿਜਲੀ ਮੁਆਫ ਕਰ ਦਿੱਤੀ ਹੈ ਅਤੇ ਛੋਟਿਆਂ ਦੀ ਮੁਆਫ਼ ਨਹੀਂ ਕੀਤੀ। ਬਿਜਲੀ ਕਿਸੇ ਦੀ ਮੁਆਫ਼ ਨਹੀਂ ਕੀਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਨੇ ਕਿਸਾਨ ਨਾਲ ਵਾਇਦਾ ਕੀਤਾ ਸੀ ਕਿਉਂਕਿ ਸਾਡਾ ਹਿੰਦੋਸਤਾਨ ਪਹਿਲਾਂ ਅਨਾਜ ਬਾਹਰੋਂ ਮੰਗਵਾਉਂਦਾ ਸੀ ਅਤੇ ਆਤਮ ਨਿਰਭਰ ਨਹੀਂ ਸੀ। ਸਾਨੂੰ ਪੀ. ਐਲ. 480 ਵਰਗੇ ਬਦਨਾਮ ਸਮਝੌਤਿਆਂ ਦੇ ਤਹਿਤ ਅਮਰੀਕਾ ਤੋਂ ਕਣਕ ਮੰਗਵਾਉਣੀ ਪੈਂਦੀ ਸੀ। ਪੰਜਾਬ ਦੇ ਕਿਸਾਨਾਂ ਨੇ ਬਹੁਤ ਮਿਹਨਤ ਕੀਤੀ। ਜ਼ਹਿਰੀਲੀਆਂ ਦਵਾਈਆਂ ਦੀਆਂ ਸਪਰੇਆਂ ਕੀਤੀਆਂ। ਪੋਹ-ਮਾਘ ਵਿੱਚ ਕਿਸਾਨ ਨੇ ਸੱਪਾਂ-ਦੀਆਂ ਸਿਰੀਆਂ ਤੇ ਚੱਲ ਕੇ ਪਾਣੀ ਲਗਾਏ ਅਤੇ ਕਈਆਂ ਕਿਸਾਨਾਂ ਨੇ ਥਰੈਸ਼ਰ ਨਾਲ ਬਾਹਾਂ ਵੱਢਾਈਆਂ। ਪੰਜਾਬ ਦੇ ਕਿਸਾਨਾਂ ਨੇ ਅਤੇ ਸਰਕਾਰ ਨੇ ਇਤਨੀ ਮਿਹਨਤ ਕੀਤੀ ਕਿ ਇਕੱਲੇ ਪੰਜਾਬ ਨੇ ਹਿੰਦੋਸਤਾਨ ਨੂੰ ਅਨਾਜ ਦੇ ਖੇਤਰ ਵਿੱਚ ਆਤਮ ਨਿਰਭਰ ਕਰ ਦਿੱਤਾ। ਸਰਦਾਰ ਬਾਦਲ ਦਾ ਇਹ ਵਾਇਦਾ ਸੀ ਕਿ ਜਿਸ ਕਿਸਾਨ ਨੇ ਮੁਲਕ ਦੀ ਡਿੱਗੀ ਹੋਈ ਪੱਗ ਉਸ ਦੇ ਸਿਰ ਉੱਤੇ ਰੱਖੀ ਹੈ ਮੈਂ ਉਸ ਪੰਜਾਬ ਦੇ ਕਿਸਾਨ ਨੂੰ ਇਨਾਮ ਦੇਣਾ ਹੈ ਅਤੇ ਉਹ ਹੈ ਮੁਫ਼ਤ ਪਾਣੀ ਦੇਣਾ। (ਥੰਪਿੰਗ) ਚਾਹੇ ਪਾਣੀ ਬਿਜਲੀ ਦੇ ਨਾਲ ਮਿਲਦਾ ਹੋਵੇ ਜਾਂ ਨਹਿਰਾਂ ਦੇ ਨਾਲ ਮਿਲਦਾ ਹੋਵੇ। ਕਿਸੇ ਨੂੰ ਕੋਈ ਚੀਜ਼ ਮੁਫ਼ਤ ਨਹੀਂ ਦਿੱਤੀ ਬਲਕਿ ਇਨਾਮ ਦਿੱਤਾ ਹੈ। ਬਾਦਲ ਸਾਹਿਬ ਦੀ ਸਰਕਾਰ ਨੇ ਬਿਜਲੀ ਮੁਆਫ਼ ਨਹੀਂ ਕੀਤੀ ਬਲਕਿ ਕਿਸਾਨ ਨੂੰ ਇਨਾਮ ਦਿੱਤਾ। ਖੇਤੀ ਕੋਈ ਵੀ ਕਰਦਾ ਹੈ ਉਸ ਦੇ ਲਈ ਇਹ ਇਨਾਮ ਹੈ। ਜਾਤ ਕੋਈ ਵੀ ਹੋਵੇ ਉਸ ਦਾ ਧਰਮ ਕੋਈ ਵੀ ਹੋਵੇ, ਉਹ ਕੋਈ ਬੜਾ ਅਮੀਰ ਹੋਵੇ ਜਾਂ ਗਰੀਬ ਹੋਵੇ, ਉਹ ਇਨਾਮ ਦਿੱਤਾ ਹੈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ। ਕਿਸੇ ਦੀ ਬਿਜਲੀ ਕੋਈ ਮੁਆਫ਼ ਨਹੀਂ ਕੀਤੀ। 30 ਕਰੋੜ ਰੁਪਏ ਦੀ ਵਿਵਸਥਾ ਰਾਜਪਾਲ ਜੀ ਦੇ ਭਾਸ਼ਣ ਵਿੱਚ ਗਰੀਬ ਲੋਕਾਂ ਦੇ ਘਰਾਂ ਵਿੱਚ ਇਕ-ਦੋ ਬਲਬ ਮੁਫ਼ਤ ਜਿਹੜ ਦਣੇ ਹਨ, ਉਨ੍ਹਾਂ ਲਈ ਵਿਵਸਥਾ ਕੀਤੀ ਗਈ ਹੈ। ਚੇਅਰਮੈਨ ਸਾਹਿਬ, ਅਗਲੀ ਗੱਲ ਮੈਂ ਕਰਨੀ ਚਾਹੁੰਦਾ ਹਾਂ ਧਰਮਸ਼ਾਲਾਵਾਂ ਬਾਰੇ। ਚੇਅਰਮੈਨ ਸਾਹਿਬ, ਧਰਮਸ਼ਾਲਾਵਾਂ ਪਹਿਲਾਂ ਵੀ ਬਣੀਆਂ ਹਨ, ਪਰ ਨਾਲ ਦੀ ਨਾਲ ਆਬਾਦੀ ਵੀ ਵਧਦੀ ਜਾਂਦੀ ਹੈ ਅਤੇ ਹੋਰ ਨਵੀਆਂ ਦੀ ਲੋੜ ਹੈ। ਰਾਜਪਾਲ ਜੀ ਦੇ ਭਾਸ਼ਣ ਵਿੱਚ ਹੀ 6.20 ਕਰੋੜ ਰੁਪਏ ਦੀ ਵਿਵਸਥਾ ਹੋਰ ਨਵੀਆਂ ਧਰਮਸ਼ਾਲਾਵਾਂ ਬਣਾਉਣ ਵਾਸਤੇ ਕੀਤੀ ਗਈ ਹੈ। ਉਹ ਇਸ ਲਈ ਕਿ ਕਦਮ-ਕਦਮ ਤੇ ਖਿਆਲ ਰੱਖਿਆ ਜਾਵੇ ਕਿ ਦਲਿਤ ਵਰਗੇ ਦੀਆਂ ਇਹ ਲੋੜਾਂ ਹਨ, ਇਹ ਥੁੜ੍ਹਾਂ ਹਨ ਅਤੇ ਇਨ੍ਹਾਂ ਦੀ ਪੂਰਤੀ ਵਾਸਤੇ ਕੰਮ ਕੀਤਾ ਜਾਵੇ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 230 ਕਰੋੜ ਰੁਪਿਆ, ਰਾਜਪਾਲ ਜੀ ਨੇ ਦਸਿਆ ਹੈ ਕਿ ਸਮਾਜਕ ਅਤੇ ਆਰਥਿਕ ਤੌਰ ਤੇ ਜਿਹੜੇ ਦਲਿਤ ਪਰਿਵਾਰ ਹਨ, ਉਨ੍ਹਾਂ ਨੂੰ ਤਕੜੇ ਕਰਨ ਵਾਸਤੇ ਰੱਖਿਆ ਗਿਆ ਹੈ। ਇਸ ਦੇ ਨਾਲ 72,000 ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਇਕ ਸਾਲ ਵਿੱਚ ਹੀ ਆਰਥਕ ਅਤੇ ਸਮਾਜਕ ਤੌਰ ਤੇ ਦਲਿਤ

[ਸਰਦਾਰ ਮੱਖਣ ਸਿੰਘ]

ਪਰਿਵਾਰਾਂ ਨੂੰ ਉਚਾ ਚੁੱਕਣ ਵਾਸਤੇ ਰਾਜਪਾਲ ਜੀ ਦੇ ਭਾਸ਼ਣ ਵਿੱਚ ਵਿਵਸਥਾ ਕੀਤੀ ਗਈ ਹੈ। ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਇਸ ਸਾਲ ਵਿੱਚ ਹੀ 68 ਕਰੋੜ 45 ਲੱਖ ਰੁਪਿਆ ਸ਼ਡਿਊਲਡ ਕਾਸਟ ਵੈਲਫੇਅਰ ਕਾਰਪੋਰੇਸ਼ਨ ਵਲੋਂ ਲਾਭਪਾਤਰਾਂ ਨੂੰ ਦਿੱਤਾ ਜਾਣਾ ਹੈ ਜਿਹੜੇ ਆਪਣਾ ਕਾਰੋਬਾਰ ਚਲਾਉਣਾ ਚਾਹੁੰਦੇ ਹਨ। ਅਸੀਂ ਜਾਣਦੇ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ, ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਜਾਣਦੀ ਹੈ ਕਿ ਪੰਜਾਬ ਦੀ ਜ਼ਮੀਨ ਜਿਹੜੀ ਹੈ, ਉਹ ਥੋੜ੍ਹੀ ਹੈ ਅਤੇ ਜ਼ਮੀਨ ਨੇ ਕੋਈ ਰਬੜ ਦੀ ਤਰ੍ਹਾਂ ਵੱਧ ਨਹੀਂ ਜਾਣਾ। ਆਬਾਦੀ ਵਧ ਰਹੀ ਹੈ ਅਤੇ ਇਸ ਵੱਧਦੀ ਆਬਾਦੀ ਦਾ ਭਾਰ ਇਕੱਲੀ ਜ਼ਮੀਨ ਨਹੀਂ ਝੱਲ ਸਕਦੀ....

ਸ੍ਰੀ ਸਭਾਪਤੀ : ਤੁਸੀਂ ਵਾਈਂਡ ਅੱਪ ਕਰੋ ਜੀ।

ਸਰਦਾਰ ਮੱਖਣ ਸਿੰਘ : ਇਸ ਲਈ ਸਾਨੂੰ ਸਹਾਇਕ ਧੰਦੇ ਅਪਨਾਉਣੇ ਪੈਣਗੇ। ਉਨ੍ਹਾਂ ਵਾਸਤੇ ਦਲਿਤ ਵਰਗ ਦੇ ਲੋਕਾਂ ਦੇ ਬੱਚਿਆਂ ਨੂੰ ਪੈਸੇ ਦੀ ਜ਼ਰੂਰਤ ਹੈ। ਇਹ ਪੈਸਾ ਸ਼ਡਿਊਲਡ ਕਾਸਟ ਵੈਲਫੇਅਰ ਕਾਰਪੋਰੇਸ਼ਨ ਰਾਹੀਂ ਉਨ੍ਹਾਂ ਨੂੰ ਦੇਣ ਦੀ ਵਿਵਸਥਾ ਕੀਤੀ ਗਈ ਹੈ ਤਾਂਕਿ ਵੱਧ ਤੋਂ ਵੱਧ ਬੰਦੇ ਆਪਣਾ ਕਾਰੋਬਾਰ ਕਰ ਸਕਣ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ, ਬੈਠੇ) : ਇਨ੍ਹਾਂ ਨੂੰ ਘੋੜੀਆਂ ਗਾਈ ਜਾਣ ਦਿਉ ਜੀ।

ਸਰਦਾਰ ਮੱਖਣ ਸਿੰਘ : ਚੇਅਰਮੈਨ ਸਾਹਿਬ, ਡੋਗਰਾ ਜੀ ਨੂੰ ਚੰਗੀਆਂ ਗੱਲਾਂ ਘੋੜੀਆਂ ਲੱਗਦੀਆਂ ਹਨ। ਇਹ ਨਹੀਂ ਕਿ ਇਹ ਸਕੀਮ ਇਕੱਲੇ ਦਲਿਤ ਵਰਗ ਦੇ ਲੋਕਾਂ ਵਾਸਤੇ ਹੈ। ਇਹ ਸਕੀਮ ਖੇਤੀ ਨਾਲ ਸਬੰਧਤ ਸਾਰੇ ਲੋਕਾਂ ਵਾਸਤੇ ਹੈ। ਚੇਅਰਮੈਨ ਸਾਹਿਬ, ਮੰਡੀ ਬੋਰਡ ਜਿਹੜਾ ਕਿਸਾਨਾਂ ਦੀ ਜਿਣਸ ਦੀ ਖਰੀਦ ਕਰਦਾ ਹੈ, ਉਸ ਬਾਰੇ ਕਾਮਰੇਡ ਅਜੈਬ ਸਿੰਘ ਰੌਂਤਾ ਵਲੋਂ ਜ਼ਿਕਰ ਆਇਆ ਸੀ ਕਿ ਖੇਤੀ ਮਜ਼ਦੂਰਾਂ ਨਾਲ ਕਈ ਹਾਦਸੇ ਹੋ ਜਾਂਦੇ ਹਨ। ਕੰਮ ਕਰਦਿਆਂ-ਕਰਦਿਆਂ ਉਨ੍ਹਾਂ ਦੀਆਂ ਥਰੈਸ਼ਰ ਵਿੱਚ ਬਾਹਾਂ ਆ ਜਾਂਦੀਆਂ ਹਨ, ਟ੍ਰੈਕਟਰ ਨਾਲ ਐਕਸੀਡੈਂਟ ਹੋ ਜਾਂਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਲਈ ਮੰਡੀ ਬੋਰਡ ਨੇ ਮੁਆਵਜ਼ਾ ਦੇਣ ਦੀ ਵਿਵਸਥਾ ਕੀਤੀ ਹੈ ਅਤੇ ਮੁਆਵਜ਼ਾ ਦਿੱਤਾ ਜਾਂਦਾ ਹੈ। ਇਸ ਸਬੰਧੀ ਕੋਈ ਵੀ ਕੇਸ ਪੈਂਡਿੰਗ ਨਹੀਂ, ਇਸ ਦੀਆਂ ਸਾਰੀਆਂ ਗੱਲਾਂ ਪੂਰੀਆਂ ਕਰਕੇ ਰੂਲਜ਼ ਦੇ ਮੁਤਾਬਿਕ ਮੁਆਵਜ਼ਾ ਜੋ ਬਣਦਾ ਹੈ, ਉਹ ਦੇ ਦਿੱਤਾ ਜਾਂਦਾ ਹੈ।

ਅੱਗੇ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬੁਢਾਪਾ ਪੈਨਸ਼ਨਾਂ ਬਾਰੇ ਸ਼ਾਇਦ ਅਜੈਬ ਸਿੰਘ ਰੌਂਤਾ ਨੂੰ ਸਮਝ ਨਹੀਂ ਆਈ ਕਿ 1988 ਦੀ ਵੋਟਰ ਲਿਸਟ ਨੂੰ ਆਧਾਰ ਕਿਉਂ ਬਣਾਇਆ ਗਿਆ ਹੈ। ਚੇਅਰਮੈਨ ਸਾਹਿਬ, ਕਿਸੇ ਵੀ ਪ੍ਰਾਂਤ ਨਾਲ ਦੂਸਰਾ ਪ੍ਰਾਂਤ ਲੱਗਦਾ ਹੁੰਦਾ ਹੈ, ਘਰਾਂ ਨਾਲ ਘਰ ਲੱਗਦੇ ਹਨ ਅਤੇ ਪਿੰਡਾਂ ਨਾਲ ਪਿੰਡ ਲਗਦੇ

ਹਨ । ਸਾਡੇ ਪੰਜਾਬ ਰਾਜ ਨਾਲ ਵੀ ਹਰਿਆਣਾ ਅਤੇ ਰਾਜਸਥਾਨ ਰਾਜਾਂ ਦੀ ਸਰਹੱਦ ਲਗਦੀ ਹੈ। ਜਦੋਂ ਸਰਕਾਰ ਨੇ ਪੈਨਸ਼ਨਾਂ ਦੀ ਸਕੀਮ ਸ਼ੁਰੂ ਕੀਤੀ ਤਾਂ ਨਾਲ ਦੇ ਸੂਬੇ ਦੇ ਲੋਕ ਇਥੇ ਆ ਕੇ ਬੈਠ ਗਏ ਤਾਂ ਕਿ ਇਸ ਸਕੀਮ ਤੋਂ ਲਾਭ ਲਿਆ ਜਾ ਸਕੇ । 1988 ਦੀ ਸਕੀਮ ਨੂੰ ਆਧਾਰ ਤਾਂ ਬਣਾਇਆ ਸੀ, ਇਸ ਦਾ ਕਾਰਨ ਇਹ ਸੀ। ਇਸ ਦਾ ਮਤਲਬ ਇਹ ਨਹੀਂ ਸੀ ਕਿ 1988 ਵੇਲੇ ਜਿਹੜੇ 60 ਸਾਲ ਦੇ ਸੀ, ਉਨਾਂ ਨੂੰ ਪੈਨਸ਼ਨ ਦੇਣੀ ਹੈ । ਇਸਦਾ ਕਾਰਨ ਸੀ ਕਿ ਕੋਈ ਐਸੇ ਬੰਦੇ ਇਸਦਾ ਲਾਭ ਨਾ ਲੈ ਜਾਣ ਜਿਹੜੇ ਇਸ ਸੂਬੇ ਦੇ ਨਾ ਹੋਣ । ਚੇਅਰਮੈਨ ਸਾਹਿਬ, ਮੈਂ ਏਨੀਆਂ ਬੇਨਤੀਆਂ ਕਰਨੀਆਂ ਹਨ । ਬਾਕੀ ਮੇਰੇ ਭਰਾਵਾਂ ਨੂੰ ਪਤਾ ਨਹੀਂ ਕਿਉਂ ਮੁਸ਼ਕਲ ਪੇਸ਼ ਆਈ ਕਿ ਇਸ ਤਰ੍ਹਾਂ ਦਾ ਮਤਾ ਪੇਸ਼ ਕਰਨਾ ਪਿਆ । ਇਸ ਮਤੇ ਦੀ ਤਾਂ ਲੋੜ ਹੀ ਨਹੀਂ । ਇਨ੍ਹਾਂ ਮਤਿਆਂ ਤੋਂ ਪਹਿਲਾਂ ਹੀ ਸਰਕਾਰ ਜਾਗਰੂਕ ਹੈ, ਚੇਤੰਨ ਹੈ ਅਤੇ ਜਾਣਦੀ ਹੈ ਕਿ ਸ਼ਡਿਊਲਡ ਕਾਸਟ ਲੋਕਾਂ ਦੀਆਂ ਲੋੜਾਂ ਕੀ ਹਨ। ਸਰਕਾਰ ਇਨ੍ਹਾਂ ਲੋਕਾਂ ਦੇ ਅੰਗਸੰਗ ਰਹਿੰਦੀ ਹੈ ਅਤੇ ਜਾਣਦੀ ਹੈ ਕਿ ਇਨ੍ਹਾਂ ਲੋਕਾਂ ਦੇ ਭਲੇ ਵਾਸਤੇ ਯਤਨ ਕਰੀਏ । ਇਨ੍ਹਾਂ ਨੂੰ ਮਤੇ ਪੇਸ਼ ਕਰਨ ਦੀ ਲੋੜ ਨਹੀਂ ਅਸੀਂ ਵੈਸੇ ਹੀ ਇਸ ਪਿਆਰੇ ਵਰਗ, ਇਸ ਮਹੱਤਵਪੂਰਨ ਵਰਗ ਲਈ ਸੁਚੇਤ ਹਾਂ ਅਤੇ ਇਸ ਦੇ ਨਾਲ ਹੀ ਸਮੁੱਚੇ ਖੇਤ ਮਜ਼ਦੂਰਾਂ ਦਾ ਖਿਆਲ ਰੱਖਣਾ ਪੰਜਾਬ ਸਰਕਾਰ ਲਈ ਪਰਮਅਗੇਤ ਵਿਸ਼ਾ ਹੈ । ਏਸੇ ਤਰ੍ਹਾਂ ਅਜੈਬ ਸਿੰਘ ਹੋਰਾਂ ਨੇ ਜ਼ਿਕਰ ਕੀਤਾ ਕਿ ਮਜ਼ਦੂਰਾਂ ਵਾਸਤੇ ਸਰਬ-ਪੱਖੀ ਕੇਂਦਰੀ ਕਾਨੂੰਨ ਬਣੇ। ਚੇਅਰਮੈਨ ਸਾਹਿਬ, ਇਹ ਕਾਨੂੰਨ ਪੰਜਾਬ ਸਰਕਾਰ ਨੇ ਤਾਂ ਬਣਾਉਣਾ ਨਹੀਂ । ਇਹ ਤਾਂ ਕੇਂਦਰ ਸਰਕਾਰ ਨੇ ਬਣਾਉਣਾ ਹੈ। ਜੇ ਕੇਂਦਰ ਵਿਚ ਸਰਕਾਰ ਬਣਾ ਦੇਵੇ ਤਾਂ ਅਸੀਂ ਤਾਂ ਆਪ ਬੜੇ ਖੁਸ਼ ਹੋਵਾਂਗੇ । ਜੇ ਪੰਜਾਬ ਸਰਕਾਰ ਕੋਲੋਂ ਕੁਝ ਕਹਾਉਣ ਦੀ ਲੋੜ ਹੈ ਤਾਂ ਉਹ ਅਸੀਂ ਜ਼ਰੂਰ ਕਹਾ ਦੇਵਾਂਗੇ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਤਾ ਹਾਂ ਕਿ ਤੁਸੀਂ ਮੈਨੂੰ ਅਨੁਸੂਚਿਤ ਜਾਤੀਆਂ ਦੀਆਂ ਸਮੱਸਿਆਵਾਂ ਸਬੰਧੀ ਇਸ ਮਹੱਤਪੂਰਣ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ । ਬਹੁਤ-ਬਹੁਤ ਧੰਨਵਾਦ ।

ਸਰਦਾਰ ਸੁਖਵਿੰਦਰ ਸਿੰਘ ਔਲਖ (ਮਾਨਸਾ) ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਉਸ ਮਤੇ ਤੇ ਬੋਲਣ ਦਾ ਮਕਾ ਦਿੱਤਾ ਹੈ ਜੋ ਗਰੀਬ ਲੋਕਾਂ ਦੇ ਹੱਕਾਂ ਦੀ ਗੱਲ ਕਰਦਾ ਹੈ । ਸਾਡੇ ਪੰਜਾਬ ਦੇ ਵਿਚ ਗਰੀਬ ਲੋਕਾਂ ਦੀ ਆਬਾਦੀ 28.1% ਹੈ । ਗਰੀਬ ਲੋਕ ਤਾਂ ਸਾਰੇ ਦੇਸ਼ ਵਿਚ ਹਨ ਲੇਕਿਨ ਪੰਜਾਬ ਦੇ ਜਿਹੜੇ ਗਰੀਬ ਲੋਕ ਹਨ, ਉਹ ਖਾਸ ਕਰਕੇ ਆਪਣੇ ਹੱਥਾਂ ਨਾਲ ਕਿਰਤ ਕਰਕੇ ਖਾਣ ਵਾਲੇ ਲੋਕ ਹਨ। ਆਪਣੇ ਹੱਥਾਂ ਨਾਲ ਕਮਾਈ ਕਰਨੀ ਅਤੇ ਮਿਹਨਤ ਕਰਨੀ ਇਨ੍ਹਾਂ ਦਾ ਕੰਮ ਹੈ । ਮਿਹਨਤ ਕਰਕੇ ਇਹ ਆਪਣਾ ਪੇਟ ਪਾਲਦੇ ਹਨ । ਚੇਅਰਮੈਨ ਸਾਹਿਬ, ਤੁਸੀਂ ਵੀ ਜਾਣਦੇ ਹੋ ਕਿ ਸਾਡਾ ਦੇਸ਼ ਗਰੀਬ ਹੈ। ਇਹ ਗਰੀਬ ਮੁਲਕਾਂ ਵਿਚੋਂ ਇਕ ਹੈ । ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ

[ਸਰਦਾਰ ਸੁਖਵਿੰਦਰ ਸਿੰਘ ਔਲਖ]

50 ਸਾਲ ਦੀ ਆਬਾਦੀ ਤੋਂ ਬਾਅਦ ਵੀ ਸਾਡਾ ਦੇਸ਼ ਅਜੇ ਤੱਕ ਗਰੀਬ ਹੈ ਬਲਕਿ ਇਹ ਗਰੀਬ ਦੇਸ਼ਾਂ ਵਿਚੋਂ ਸਭ ਤੋਂ ਮੂਹਰੇ ਹੈ ਇਹ ਗੱਲ ਮੈਨੂੰ ਬੜੇ ਅਫਸੋਸ ਨਾਲ ਕਹਿਣੀ ਪੈ ਰਹੀ ਹੈ । ਮੈਂ ਇਕ ਗੱਲ ਹੋਰ ਕਰਨ ਲੱਗਾ ਹਾਂ ਕਿ ਇਹ ਜਿਹੜਾ ਮਤਾ ਵਿਰੋਧੀ ਬੈਂਚਾਂ ਵਾਲੇ ਮੇਰੇ ਵੀਰਾਂ ਵੱਲੋਂ ਵੀ ਅਤੇ ਡਾਕਟਰ ਸਾਹਿਬ ਵਲੋਂ ਲਿਆਂਦਾ ਗਿਆ ਹੈ ,ਇਸ ਮਤੇ ਦੀ ਭਾਵਨਾ ਤਾਂ ਕੁਝ ਠੀਕ ਲਗਦੀ ਹੈ ਲੇਕਿਨ ਮੈਂ ਇਸ ਦੇ ਪਿਛੋਕੜ ਵੱਲ ਕੁਝ ਜਾਣਾ ਚਾਹੁੰਦਾ ਹਾਂ । ਸਾਰੇ ਦੇਸ਼ ਵਿਚ ਪਿਛਲੇ 50 ਸਾਲਾਂ ਵਿਚੋਂ ਤਕਰੀਬਨ 45-46 ਸਾਲ ਇਕੋ ਪਾਰਟੀ ਨੇ ਰਾਜ ਕੀਤਾ ਹੈ। ਇਨ੍ਹਾਂ ਦਾ ਰਾਜ ਕਰਨ ਦਾ ਢੰਗ ਤਰੀਕਾ ਵੀ ਨਿਵੇਕਲੀ ਕਿਸਮ ਦਾ ਰਿਹਾ ਹੈ । ਇਨ੍ਹਾਂ ਨੇ ਹਮੇਸ਼ਾ ਗਰੀਬ ਲੋਕਾਂ ਨੂੰ ਲਾਰੇ ਲਾਏ ਅਤੇ ਵੋਟਾਂ ਲਈਆਂ ਅਤੇ ਰਾਜ ਕੀਤਾ । ਜਿਹੜੀ ਵੀ ਪਾਰਟੀ ਦੇਸ਼ ਤੇ ਰਾਜ ਕਰਦੀ ਹੈ, ਉਸਦਾ ਇਹ ਫਰਜ ਬਣਦਾ ਹੈ, ਉਸ ਨੂੰ ਇਹ ਵੇਖਣਾ ਹੁੰਦਾ ਹੈ ਕਿ ਗਰੀਬ ਲੋਕਾਂ ਦੀ ਭਲਾਈ ਕਿਸ ਤਰ੍ਹਾਂ ਕਰਨੀ ਹੈ । ਗਰੀਬ ਲੋਕ ਅਸਮਾਨ ਦੀ ਛੱਤ ਥੱਲੇ ਸੌਂਦੇ ਹਨ । ਉਨ੍ਹਾਂ ਦੇ ਸੌਣ ਵਾਸਤੇ ਕੋਈ ਛੱਤ ਨਹੀਂ ਅਤੇ ਖਾਣ ਵਾਸਤੇ ਰੋਟੀ ਨਹੀਂ । ਸਰਕਾਰ ਦਾ ਫ਼ਰਜ਼ ਹੋਇਆ ਕਰਦਾ ਹੈ ਕਿ ਇਨ੍ਹਾਂ ਗਰੀਬ ਲੋਕਾਂ ਨੂੰ ਉਪਰ ਚੁੱਕਣ ਲਈ ਯਤਨ ਕਰੇ ਲੇਕਿਨ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਸ ਪਾਰਟੀ ਨੇ ਇੰਨਾ ਲੰਮਾ ਸਮਾਂ ਰਾਜ ਕੀਤਾ, ਉਸ ਪਾਰਟੀ ਨੇ ਇਨ੍ਹਾਂ ਗਰੀਬ ਲੋਕਾਂ ਬਾਰੇ ਸੋਚਿਆ ਨਹੀਂ ਅਤੇ ਇਨ੍ਹਾਂ ਨੂੰ ਗਰੀਬੀ ਦੀ ਜਿੱਲਣ ਵਿਚੋਂ ਕੱਢਣ ਵਾਸਤੇ ਕੋਈ ਯਤਨ ਨਹੀਂ ਕੀਤਾ । ਇਨ੍ਹਾਂ ਨੇ ਸਿਰਫ ਇਹੀ ਵੇਖਿਆ ਕਿ ਇਨ੍ਹਾਂ ਦੀਆਂ ਵੋਟਾਂ ਕਿਸ ਤਰ੍ਹਾਂ ਲੈਣੀਆਂ ਹਨ । ਇਨ੍ਹਾਂ ਨੂੰ ਕਦੀ ਕਿਹਾ ਗਿਆ ਕਿ ਤੁਹਾਨੂੰ ਜ਼ਮੀਨ ਦਿਆਂਗੇ, ਕਦੀ ਕਿਹਾ ਗਿਆ ਕਿ ਤੁਹਾਨੂੰ ਕਾਲੋਨੀਆਂ ਬਣਾ ਕੇ ਦਿਆਂਗੇ । ਇਨ੍ਹਾਂ ਨੂੰ ਬੜੇ ਲਾਰੇ ਲਾਏ ਗਏ ਅਤੇ ਰਾਜ ਕੀਤਾ ਗਿਆ ਲੇਕਿਨ ਇਨ੍ਹਾਂ ਨੂੰ ਨਾ ਕੋਈ ਜ਼ਮੀਨ ਦਿੱਤੀ ਗਈ, ਨਾ ਕੋਈ ਪਲਾਟ ਦਿੱਤਾ ਗਿਆ ਅਤੇ ਨਾ ਹੀ ਕਾਲੋਨੀਆਂ ਬਣਾ ਕੇ ਦਿੱਤੀਆਂ ਗਈਆਂ । ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਦਿੱਤੀ ਗਈ, ਇਹ ਮੇਰੇ ਵੀਰ ਹੁਣ ਦੀ ਗੱਲ ਕਰ ਰਹੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਗਰੀਬ ਲੋਕਾਂ ਨੂੰ ਉਤਾਂਹ ਚੁੱਕਣ ਲਈ ਬਹੁਤ ਵੱਡੀਆਂ-ਵੱਡੀਆਂ ਮੱਲਾਂ ਮਾਰੀਆਂ ਹਨ । ਗਰੀਬ ਲੋਕਾਂ ਦੇ ਬੱਚਿਆਂ ਨੂੰ ਵਜ਼ੀਫੇ ਦਿੱਤੇ ਹਨ ਅਤੇ ਹੋਰ ਵੀ ਕਈ ਕਿਸਮ ਦੀਆਂ ਸਹੂਲਤਾਂ ਦਿੱਤੀਆਂ ਹਨ । ਮੈਂ ਇਕ ਵੱਡੀ ਗੱਲ ਕਰਨਾ ਚਾਹੁੰਦਾ ਹਾਂ । ਉਹ ਹੈ ਬੇਰੋਜ਼ਗਾਰੀ ਦੀ ਗੱਲ । ਇਹ ਬੇਰੋਜ਼ਗਾਰੀ ਦੀ ਗੱਲ ਇਨ੍ਹਾਂ ਗਰੀਬ ਲੋਕਾਂ ਤੇ ਸਭ ਤੋਂ ਜ਼ਿਆਦਾ ਅਸਰ ਕਰਦੀ ਹੈ । ਚੇਅਰਮੈਨ ਸਾਹਿਬ, ਇਹ ਇਕ ਐਸੀ ਬਿਮਾਰੀ ਹੈ, ਲਾਹਨਤ ਹੈ ਜਿਸਦੀ ਵਜ੍ਹਾ ਕਰਕੇ ਗਰੀਬ ਲੋਕ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਤਾਲੀਮ ਦੇਣ ਦੇ ਯੋਗ ਨਹੀਂ ਬਣਾ ਸਕਦੇ । ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਗਰੀਬ ਲੋਕ ਆਪਣੇ ਬੱਚਿਆਂ ਨੂੰ ਚੰਗੀ ਤਾਲੀਮ ਨਹੀਂ ਦੇ ਸਕਦੇ । ਜੇ ਕੋਈ ਮਾੜੀ-ਮੋਟੀ ਤਾਲੀਮ ਲੈਂਦਾ ਵੀ ਹੈ ਜਾਂ ਕੋਈ ਛੋਟੇ-ਮੋਟੇ ਸਕੂਲ ਵਿਚ ਜਾਂਦਾ ਵੀ ਹੈ ਤਾਂ ਫਿਰ ਉਸ ਨੂੰ ਰੋਜ਼ਗਾਰ ਨਹੀਂ ਮਿਲਦਾ । ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ 1979 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਨ੍ਹਾਂ ਗਰੀਬ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਇਕ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਦਾ ਬੰਦੋਬਸਤ ਕੀਤਾ ਸੀ।

ਇਸ ਦੇ ਬਾਰੇ ਸ਼ਾਇਦ ਇਥੇ ਪਹਿਲਾਂ ਵੀ ਕਿਸੇ ਮੈਂਬਰ ਨੇ ਜ਼ਿਕਰ ਕੀਤਾ ਹੋਵੇ ਉਸ ਕਾਰਪੋਰੇਸ਼ਨ ਵਾਸਤੇ 5 ਕਰੋੜ ਰੁਪਏ ਦੀ ਰਾਸ਼ੀ, ਚੇਅਰਮੈਨ ਸਾਹਿਬ, ਰੱਖੀ ਗਈ ਸੀ । ਜਿਸ ਵਿਚ ਦੱਸਿਆ ਗਿਆ ਹੈ ਕਿ ਹੁਣ ਵਾਲੀ ਸਰਕਾਰ, ਸਾਡੀ ਵਰਤਮਾਨ ਸਰਕਾਰ ਜਿਹੜੀ ਚੱਲ ਰਹੀ ਹੈ, ਨੂੰ ਗਰੀਬਾਂ ਦੇ ਨਾਲ ਮੋਹ ਹੈ, ਪਿਆਰ ਹੈ। ਇਸ ਨੇ ਉਸ ਕਾਰਪੋਰੇਸ਼ਨ ਦੇ ਵਿਚ ਹੁਣ ਤੱਕ 25 ਕਰੋੜ ਰੁਪਿਆ ਪਾਇਆ ਹੈ ਤਾਂ ਕਿ ਗਰੀਬ ਲੋਕ, ਬੇਰੁਜ਼ਗਾਰ ਨੌਜਵਾਨ ਉਸ ਤੋਂ ਕਰਜ਼ਾ ਲੈ ਕੇ ਆਪਣੇ ਕਾਰੋਬਾਰ ਦਾ ਇੰਤਜ਼ਾਮ ਕਰ ਸਕਣ, ਆਪਣੇ ਜੀਵਨ ਨੂੰ ਸਧਾਰ ਸਕਣ ।

ਚੇਅਰਮੈਨ ਸਾਹਿਬ, ਮੇਰੇ ਤੋਂ ਪਹਿਲਾਂ ਵੀ ਜ਼ਿਕਰ ਆਇਆ ਹੋਵੇਗਾ, ਮੈਂ ਧਰਮਸ਼ਾਲਾਵਾਂ ਬਾਰੇ ਗੱਲ ਕਰਨ ਲੱਗਾ ਹਾਂ । ਜਿਹੜੀ ਧਰਮਸ਼ਾਲਾਵਾਂ ਬਣਾਉਣ ਦੀ ਗੱਲ ਕੀਤੀ ਗਈ ਹੈ, ਇਹ ਕੰਮ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਹੀ ਸ਼ੁਰੂ ਕੀਤਾ ਸੀ । ਇਸ ਨੇ ਵੇਖਿਆਕਿ ਸਾਡੇ ਪਿੰਡਾਂ ਵਿਚ ਦਲਿਤ ਵੀਰਾਂ ਦੇ ਪਿੰਡਾਂ ਵਿਚ ਜਦੋਂ ਬਰਾਤਾਂ ਆਉਂਦੀਆਂ ਹਨ ਤਾਂ ਉਨ੍ਹਾਂ ਕੋਲ ਬਰਾਤ ਨੂੰ ਬਿਠਾਉਣ ਵਾਸਤੇ ਕੋਈ ਜਗ੍ਹਾ ਨਹੀਂ ਸੀ ਹੁੰਦੀ, ਇੰਤਜ਼ਾਮ ਨਹੀਂ ਸੀ ਹੁੰਦਾ । ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸੋਚਿਆ ਕਿ ਇਨ੍ਹਾਂ ਗਰੀਬ ਲੋਕਾਂ ਨੂੰ ਇਹੋ ਜਿਹੀ ਥਾਂ ਬਣਾ ਕੇ ਦੇਈਏ ਜਿਥੇ ਉਹ ਆਪਣੇ ਅਜਿਹੇ ਮਹਿਮਾਨਾਂ ਨੂੰ ਠਹਿਰਾ ਸਕਣ । ਇਸੇ ਕਰਕੇ ਹੀ 1967 ਵਿਚ ਧਰਮਸ਼ਾਲਾਵਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਪਿੰਡਾਂ ਵਿਚ ਬਣਾਈਆਂ ਗਈਆਂ ਹਨ । ਚੇਅਰਮੈਨ ਸਾਹਿਬ, ਧਰਮ-ਸ਼ਾਲਾਵਾਂ ਦੀ ਮੁਰੰਮਤ ਵਾਸਤੇ 50,000 ਰੁਪਿਆ ਦਿੰਦੇ ਹਾਂ ਅਤੇ ਨਵੀਆਂ ਬਣਾਉਣ ਵਾਸਤੇ ਇਕ ਲੱਖ ਰੁਪਿਆ ਦਿੰਦੇ ਹਾਂ । ਪਰ ਮੈਨੂੰ ਇਕ ਗੱਲ ਬੜੇ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਜਿਸ ਪਾਰਟੀ ਨੇ ਲੰਮਾ ਸਮਾਂ ਇਨ੍ਹਾਂ ਗਰੀਬਾਂ ਦੇ ਸਿਰ ਤੇ ਰਾਜ ਕੀਤਾ, ਉਨ੍ਹਾਂ ਦੀਆਂ ਵੋਟਾਂ ਬਟੋਰੀਆਂ ਤੇ ਰਾਜ ਕੀਤਾ, ਉਨ੍ਹਾਂ ਨੇ ਇਨ੍ਹਾਂ ਧਰਮਸ਼ਾਲਾਵਾਂ ਨੂੰ ਬਣਾਉਣ ਦੀ ਕਦੇ ਗੱਲ ਨਹੀਂ ਕੀਤੀ, ਨਾ ਮੁਰੰਮਤ ਕਰਨ ਦੀ ਗੱਲ ਕੀਤੀ । ਕੇਵਲ ਨਾਹਰਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਦਿੱਤਾ ।

ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਜਿਹੜੀ ਇਕ ਹੋਰ ਗੱਲ ਇਤਿਹਾਸਕ ਹੋਈ ਹੈ ਸਾਰੀ ਦੁਨੀਆ ਦੇ ਵਿਚ ਅਤੇ ਮੈਂ ਬੜੇ ਮਾਨ ਦੇ ਨਾਲ ਕਹਿ ਸਕਦਾ ਹਾਂ ਅਤੇ ਸਾਰੀ ਦੁਨੀਆਂ ਵਿਚ ਉਹ ਕਿਧਰੇਵੀ ਹੋਰ ਨਹੀਂ ਹੋਈ,ਮੈਂ ਉਸ ਦਾ ਜ਼ਿਕਰ ਕਰਨ ਲੱਗਾਹਾਂ ਉਹ ਹੈ ਸ਼ਗਨ ਸਕੀਮ । ਗਰੀਬ ਲੜਕੀਆਂ ਦੀ ਸ਼ਾਦੀ ਸਮੇਂ 5,100/- ਰੁਪਏ ਸ਼ਗਨ ਦੇਣ ਦੀ ਸਕੀਮ ਸਾਡੀ ਸਰਕਾਰ ਵੱਲੋਂ ਚਲਾਈ ਗਈ ਹੈ। ਚੇਅਰਮੈਨ ਸਾਹਿਬ, ਰਿਸ਼ਤੇਦਾਰ, ਦੋਸਤ-ਮਿੱਤਰ ਜਦੋਂ ਵਿਆਹ ਤੇ ਆਉਂਦੇ ਹਨ ਤਾਂ ਉਹ 20/- 25/- ਰੁਪਏ ਤੋਂ ਵੱਧ ਸ਼ਗਨ ਨਹੀਂ ਪਾਉਂਦੇ । ਉਹ ਕੰਨੀ ਕਤਰਾਉਂਦੇ ਹਨ ਕਿ ਸਾਡੇ ਪੈਸੇ ਲੱਗ ਜਾਣਗੇ । ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਇਸ ਮਹਾਨ ਸਕੀਮ ਦਾ ਐਲਾਨ ਨਹੀਂ ਕੀਤਾ

[ਸਰਦਾਰ ਸੁਖਵਿੰਦਰ ਸਿੰਘ ਔਲਖ]

ਬਲਕਿ ਇਸ ਨੂੰ ਲਾਗੂ ਕਰਕੇ ਵਿਖਾਇਆ ਹੈ। ਇਕੱਲਾ 5,100/- ਰੁਪਏ ਦਾ ਸ਼ਗਨ ਹੀ ਨਹੀਂ ਦਿੱਤਾ ਜਾਂਦਾ ਬਲਕਿ ਉਸ ਦੇ ਨਾਲ ਇਕ ਪੱਤਰ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਦੇ ਦਸਖਤਾਂ ਹੇਠ ਵੀ ਦਿੱਤਾ ਜਾਂਦਾ ਹੈ ਕਿ ਮੈਂ ਆਪਣੀ ਬੇਟੀ, ਆਪਣੀ ਧੀ, ਨੂੰ 5,100 ਰੁਪਏ ਦਾ ਸ਼ਗਨ ਭੇਜ ਰਿਹਾ ਹਾਂ। ਇਹ ਬੜੀ ਵੱਡੀ ਗੱਲ ਹੈ ਚੇਅਰਮੈਨ ਸਾਹਿਬ ਕਿ ਪੰਜਾਬ ਦੇ ਮੁੱਖ ਮੰਤਰੀ ਵਲੋਂ ਗਰੀਬ ਲੋਕਾਂ ਦੇ ਪ੍ਰੀਵਾਰਾਂ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਜਾਣ ਕੇ ਸ਼ਗਨ ਦਿੱਤਾ ਜਾਂਦਾ ਹੈ। ਇਸ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਇਕੱਲਾ ਸ਼ਗਨ ਹੀ ਨਹੀਂ, ਜਦੋਂ ਨਾਲ ਪੱਤਰ ਲਿਖਿਆ ਵੀ ਜਾਂਦਾ ਹੈ ਲੋਕ ਬੜਾ ਫ਼ਖਰ ਮਹਿਸੂਸ ਕਰਦੇ ਹਨ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਕਰਨ ਲੱਗਾ ਹਾਂ। ਕਿਸਾਨ ਵੀਰਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਗਏ ਹਨ। ਇਸ ਬਾਰੇ ਵਿਰੋਧੀ ਬੈਂਚਾਂ ਵੱਲੋਂ ਇਹ ਰੌਲਾ ਪਾਇਆ ਗਿਆ ਅਤੇ ਲੋਕਾਂ ਨੂੰ ਗੁਮਰਾਹ ਕੀਤਾ ਗਿਆ ਕਿ ਕੇਵਲ ਜੱਟਾਂ ਦੇ ਬਿਲ ਮੁਆਫ਼ ਕੀਤੇ ਗਏ ਹਨ। ਜਦੋਂ ਕਿ ਇਹ ਬਿਲ ਕਿਸਾਨਾਂ ਦੇ ਮਾਫ਼ ਕੀਤੇ ਗਏ ਹਨ। ਕਿਸਾਨਾਂ ਵਿਚ ਚਾਹੇ ਕੋਈ ਸ਼ਡਿਊਲਡ ਕਾਸਟ ਹੈ, ਚਾਹੇ ਜੱਟ ਹੈ ਤੇ ਚਾਹੇ ਕਿਸੇ ਹੋਰ ਜਾਤੀ ਨਾਲ ਸਬੰਧ ਰੱਖਦਾ ਹੈ, ਸਾਰਿਆਂ ਦੇ ਮੁਆਫ਼ ਕੀਤੇ ਹਨ। ਲੇਕਿਨ ਇਨ੍ਹਾਂ ਨੇ ਰੌਲਾ ਪਾਇਆ ..

ਸ਼੍ਰੀ ਰਮੇਸ਼ ਚੰਦਰ ਡੋਗਰਾ * * *

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਸੁਖਵਿੰਦਰ ਸਿੰਘ ਔਲਖ ਚੇਅਰਮੈਨ ਸਾਹਿਬ, ਗਰੀਬ ਲੋਕਾਂ ਦੇ ਵੀ ਬਿਜਲੀ ਦੇ ਬਿੱਲ ਮੁਆਫ਼ ਕੀਤੇ ਹਨ। ਉਨ੍ਹਾਂ ਨੂੰ 30 ਯੂਨਿਟ ਬਿਜਲੀ ਮੁਫ਼ਤ ਦਿੱਤੀ ਗਈ ਹੈ। ਇਸ ਗੱਲ ਦਾ ਵੀ ਬਾਦਲ ਸਾਹਿਬ ਨੇ ਐਲਾਨ ਹੀ ਨਹੀਂ ਕੀਤਾ ਸਗੋਂ ਕਰਕੇ ਵੀ ਵਿਖਾਇਆ ਹੈ। ਲੇਕਿਨ ਇਕ ਗੱਲ ਮੈਂ ਬੜੇ ਅਫ਼ਸੋਸ ਦੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਵਿਰੋਧੀ ਧਿਰ ਨੂੰ ਹਮੇਸ਼ਾ ਉਸਾਰੂ ਨੁਕਤਾਚੀਨੀ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਨਹੀਂ ਚਾਹੀਦਾ ਕਿ ਜੇ ਕਿਸਾਨਾਂ ਦੀ ਬਿਜਲੀ ਮੁਆਫ਼ ਹੋ ਗਈ ਤਾਂ ਦੂਜੇ ਪਾਸੇ ਵਿਹੜੇ ਵਿਚ ਕਹਿ ਦਿਤਾ ਕਿ ਜੱਟਾਂ ਦੀ ਬਿਜਲੀ ਮੁਆਫ਼ ਕਰ ਦਿਤੀ ਹੈ ਅਤੇ ਤੁਹਾਨੂੰ ਕੁਝ ਨਹੀਂ ਦਿਤਾ। ਜੇ ਸ਼ਗਨ ਦੀ ਸਕੀਮ ਦੀ ਗੱਲ ਕੀਤੀ ਤਾਂ ਕਿਸਾਨਾਂ ਦੇ ਘਰ ਵਿਚ ਆ ਕੇ ਇਹ ਕਿ ਤੁਹਾਨੂੰ ਕੁਝ ਨਹੀਂ ਦਿਤਾ, ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ 5,100/- ਰੁਪਏ ਲੜਕੀ ਦੀ ਸ਼ਾਦੀ ਤੇ ਬਤੌਰ ਸ਼ਗਨ ਪੰਜਾਬ ਸਰਕਾਰ ਦੇ ਰਹੀ ਹੈ। ਇਸ ਲਈ ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਅਤੇ ਸਲਾਹ ਵੀ ਹੈ ਕਿ ਵਿਰੋਧੀ ਧਿਰ ਨੂੰ ਉਸਾਰੂ ਨੁਕਤਾਚੀਨੀ ਕਰਨੀ ਚਾਹੀਦੀ ਹੈ, ਜਿਸ ਦੇ ਨਾਲ ਸਰਕਾਰ ਨੂੰ ਬਲ ਮਿਲੇ ਅਤੇ ਆਉਣ ਵਾਲੇ ਦਿਨਾਂ ਵਿਚ ਪੰਜਾਬ ਸਰਕਾਰ ਉੱਨਤੀ ਦੇ ਕੰਮ ਕਰ ਸਕੇ। ਲੇਕਿਨ ਮੇਰੀ ਬੇਨਤੀ ਹੈ ਕਿ ਚੰਗੀਆਂ ਗੱਲਾਂ ਨੂੰ ਵੀ ਇਹ ਬੇਲੋੜੀ ਨੁਕਤਾਚੀਨੀ ਅਤੇ ਐਵੇਂ ਭੰਡੀ-ਪ੍ਰਚਾਰ ਦੇ ਤੌਰ ਤੇ ਲੈਂਦੇ ਹਨ ਇਹ ਨਹੀਂ ਕਰਨੀ ਚਾਹੀਦੀ। ਚੇਅਰਮੈਨ ਸਾਹਿਬ, ਬਹੁਤ ਵੱਡੀਆਂ-ਵੱਡੀਆਂ ਗੱਲਾਂ ਗਰੀਬ ਵਰਗ ਦੇ ਗਰੀਬ ਲੋਕਾਂ ਲਈ ਸਾਡੀ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ

**Expunged as ordered by the Chair.

ਨੇ ਕੀਤੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਕਰ ਰਹੀ ਹੈ । ਅੰਬੇਦਕਰ ਭਵਨ ਦੀ ਉਸਾਰੀ ਸਾਰੇ ਜ਼ਿਲ੍ਹਿਆਂ ਵਿਚ ਕਰ ਦਿੱਤੀ ਗਈ ਹੈ ਜਿਥੇ ਕਿਸੇ ਜ਼ਮੀਨ ਦਾ ਝਗੜਾ ਹੈ ਸ਼ਾਇਦ ਉਥੇ ਰਹਿ ਗਈ ਹੈ ।

ਚੇਅਰਮੈਨ ਸਾਹਿਬ, ਸਾਖਰਤਾ ਬਾਰੇ ਮੈਂ ਕਹਿ ਸਕਦਾ ਹਾਂ, ਮੇਰੇ ਤੋਂ ਪਹਿਲਾਂ ਵੀ ਇਥੇ ਗੱਲ ਹੋ ਚੁੱਕੀ ਹੈ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਗਰੀਬ ਪਰਿਵਾਰ ਦੇ ਲੋਕ ਚੰਗੇ ਸਕੂਲਾਂ ਵਿਚ ਪੜ੍ਹ ਨਹੀਂ ਸਕਦੇ ਪਰ ਪੜ੍ਹਾਈ ਤਰੱਕੀ ਲਈ ਜ਼ਰੂਰੀ ਹੈ, ਲੇਕਿਨ ਉਹ ਗਰੀਬ ਪਰਿਵਾਰਾਂ ਦੇ ਬੱਚੇ ਪੜ੍ਹ ਨਹੀਂ ਸਕਦੇ । ਇਸ ਲਈ ਸਾਖਰਤਾ ਸਕੀਮ ਜੋ ਅਧੀਨ ਸ੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪਹਿਲ ਕੀਤੀ ਹੈ ਅਤੇ ਜਿਹੜੇ ਸਕੂਲ ਚਲਾਏ ਹਨ, ਉਨ੍ਹਾਂ ਦੇ ਅਧਿਆਪਕ ਵੀ ਉਨ੍ਹਾਂ ਗਰੀਬਾਂ ਦੇ ਘਰ-2 ਵਿਚ ਜਾ ਕੇ ਵਾਰ ਵਾਰ ਚੱਕਰ ਮਾਰ ਕੇ ਪ੍ਰਚਾਰ ਕਰਦੇ ਹਨ ਕਿ ਆਓ ਤੁਹਾਨੂੰ ਪੜ੍ਹਾਈਏ, ਤੁਹਾਨੂੰ ਪੜ੍ਹਾਈ ਮੁਫਤ ਦੇਈਏ । ਮੈਨੂੰ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਇਹ ਸਾਖਰਤਾ ਸਕੀਮ ਬੜੀ ਕਾਮਯਾਬ ਹੋਈ ਹੈ ਅਤੇ ਹੋਰ ਵੀ ਇਸਦੇ ਚੰਗੇ ਸਿੱਟੇ ਨਿਕਲਣਗੇ । ਇਹ ਗਰੀਬ ਪਰਿਵਾਰਾਂ ਦੇ ਲੋਕਾਂ ਨੂੰ ਪੜ੍ਹਾਈ ਦੇਣ ਦਾ ਇਕ ਸ਼ਲਾਘਾਯੋਗ ਕਦਮ ਹੈ ।

ਇਸੇ ਤਰ੍ਹਾਂ ਪੈਨਸ਼ਨਾਂ ਦੀ ਗੱਲ ਮੇਰੇ ਤੋਂ ਪਹਿਲਾਂ ਵਿਰੋਧੀ ਪਾਰਟੀ ਵਲੋਂ ਆਈ ਕਿ ਪੈਨਸ਼ਨਾਂ ਨਹੀਂ ਲੱਗ ਰਹੀਆਂ ਹਨ, ਇਹ ਇਨ੍ਹਾਂ ਦੀ ਗੱਲ ਗਲਤ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਆਪਣਾ ਸਮਾਂ ਭੁੱਲ ਗਏ ਹਨ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਦੇ ਸਮੇਂ ਪਹਿਲਾਂ ਦਰਖਾਸਤਾਂ ਲੈਣੀਆਂ ਪਰ ਬਾਅਦ ਵਿਚ ਪਤਾ ਨਹੀਂ ਲਗਦਾ ਸੀ ਕਿ ਉਹ ਕਿੱਧਰ ਚਲੀਆਂ ਜਾਂਦੀਆਂ ਸਨ, ਲੇਕਿਨ ਸਾਡੀ ਸਰਕਾਰ ਨੇ ਯਕੀਨੀ ਬਣਾਇਆ ਕਿ ਸਾਡੇ ਅਫਸਰ ਸਾਹਿਬਾਨ ਪਿੰਡ ਪਿੰਡ ਗਏ ਹਨ ਅਤੇ ਕਿਸੇ ਤੋਂ ਵੀ ਕਿਸੇ ਕਿਸਮ ਦੀ ਕੋਈ ਰਿਸ਼ਵਤ ਜਾਂ ਪੈਸਾ ਕਿਸੇ ਨੇ ਨਹੀਂ ਲਿਆ ਅਤੇ ਵੱਧ ਤੋਂ ਵੱਧ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਹਨ । ਮੈਂ ਇਕੱਲੇ ਮਾਨਸਾ ਦੀ ਗੱਲ ਕਰਦਾ ਹਾਂ । ਮਾਨਸਾ ਵਿਚ ਪਿਛਲੇ 48 ਸਾਲਾਂ ਦੇ ਦੌਰਾਨ ਕੇਵਲ 8300 ਲੋਕਾਂ ਨੂੰ ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ ਸਨ, ਲੇਕਿਨ ਹੁਣ ਇਹ ਮਾਣ ਵਾਲੀ ਗੱਲ ਹੈ, ਚੇਅਰਮੈਨ ਸਾਹਿਬ, ਕਿ ਕੇਵਲ ਦੋ ਸਾਲਾਂ ਵਿਚ ਹੀ 10,000 ਤੋਂ ਉਪਰ ਪੈਨਸ਼ਨਾਂ ਸਾਡੀ ਸ੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਨੇ ਇਕੱਲੇ ਮਾਨਸਾ ਵਿਚ ਹੀ ਪ੍ਰਵਾਨ ਕੀਤੀਆਂ ਹਨ । ਇਸ ਸਰਕਾਰ ਨੇ ਦੋ ਸਾਲ ਵਿਚ10,000 ਅਤੇ ਪਿਛਲੀਆਂ ਸਰਕਾਰਾਂ ਨੇ 48 ਸਾਲਾਂ ਵਿਚ ਕੇਵਲ 8300 ਮਨਜ਼ੂਰ ਕੀਤੀਆਂ ਹਨ । ਚੇਅਰਮੈਨ ਸਾਹਿਬ, ਕਿਸੇ ਨੇ ਕਿਸੇ ਕਿਸਮ ਦੀ ਕੋਈ ਰਿਸ਼ਵਤ ਨਹੀਂ ਲਈ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਈ, ਕੋਈ ਬੇ-ਨਿਯਮੀ ਨਹੀਂ ਕੀਤੀ ਗਈ ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਚ ਅਜਿਹੇ ਤਿੰਨ ਪਿੰਡ ਹਨ ਜਿਨ੍ਹਾਂ ਵਿਚ ਕਿਸੇ ਨੂੰ ਕੋਈ ਪੈਨਸ਼ਨ ਨਹੀਂ ਲਗਾਈ ਗਈ । ਚੇਅਰਮੈਨ ਸਾਹਿਬ, ਕਈ ਕਿਸਮ ਦੀਆਂ ਇਹ

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਬੇਨਿਯਮੀਆਂ ਵੀ ਕੀਤੀਆਂ ਗਈਆਂ ਹਨ ਇਨਕਮ ਦੇ ਖਾਨੇ ਵਿਚ 200 ਦੇ ਨਾਲ ਤਿੰਨ ਲਗਾ ਕੇ ਆਮਦਨ 3200 ਕਰ ਦਿਤੀ ਅਤੇ ਇਸ ਤਰ੍ਹਾਂ ਫਾਰਮ ਰਿਜੈਕਟ ਕਰ ਦਿੱਤੇ। ਇਹ ਸਕੀਮ ਅਸੀਂ ਸ਼ੁਰੂ ਕੀਤੀ ਸੀ ਅਤੇ ਇਨ੍ਹਾਂ ਨੂੰ ਸਾਡੀ ਸਰਕਾਰ ਵੇਲੇ ਪ੍ਰਿੰਟ ਹੋਏ ਫਾਰਮਾਂ ਵਿਚੋਂ ਬਦਬੂ ਆਈ ਅਤੇ ਇਨ੍ਹਾਂ ਨੇ ਉਨ੍ਹਾਂ ਨੂੰ ਰਿਜੈਕਟ ਕਰਕੇ ਨਵੇਂ ਪ੍ਰਿੰਟ ਕਰਵਾਏ ਹਨ, ਕਈ ਹੇਰਾਫੇਰੀਆਂ ਕੀਤੀਆਂ ਗਈਆਂ ਹਨ।

ਸ੍ਰੀ ਸਭਾਪਤੀ : ਹਾਂ ਜੀ, ਕਾਂਝਲਾ ਜੀ।

ਯੁਵਕ ਸੇਵਾਵਾਂ, ਸ਼ਿਕਾਇਤ ਨਿਵਾਰਣ ਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਰਾਜ ਮੰਤਰੀ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਡੋਗਰਾ ਸਾਹਿਬ ਪਿੰਡਾਂ ਵਿਚ ਜਾਂਦੇ ਨਹੀਂ ਅਤੇ ਅਸੀਂ ਬਿਨਾਂ ਕਿਸੇ ਵਿਤਕਰੇ ਤੋਂ, ਬਿਨ੍ਹਾਂ ਕਿਸੇ ਪਾਰਟੀ ਦੇ ਭੇਦ-ਭਾਵ ਤੋਂ ਉਪਰ ਉਠ ਕੇ ਸਰਕਾਰ ਦੇ ਜਿਹੜੇ ਅਫਸਰ ਸਨ, ਉਹ ਪਿੰਡ ਪਿੰਡ ਗਏ ਅਤੇ ਜੋ ਵਾਜਿਬ ਕੇਸ ਸਨ ਉਨ੍ਹਾਂ ਤੇ ਨਜ਼ਰਸਾਨੀ ਕਰਕੇ ਪੈਨਸ਼ਨਾਂ ਲਗਾਈਆਂ ਗਈਆਂ ਹਨ। ਆਪਣੇ ਰਾਜ ਦੇ ਦੌਰਾਨ ਇਹ ਚੰਗੇ ਕੰਮ ਨਹੀਂ ਕਰ ਸਕੇ। ਇਨ੍ਹਾਂ ਦੇ ਰਾਜ ਸਮੇਂ ਪੈਨਸ਼ਨ ਦੇ ਫਾਰਮ ਭਰ ਕੇ ਲੈ ਜਾਂਦੇ ਸਨ ਪਰ ਇਹ ਪੈਨਸ਼ਨਾਂ ਨਹੀਂ ਲਗਾ ਸਕੇ। ਕਾਂਗਰਸੀਆਂ ਨੇ ਜਾਣ-ਬੁੱਝ ਕੇ ਅਕਾਲੀਆਂ ਨੂੰ ਬਦਨਾਮ ਕੀਤਾ। 25-25 ਸਾਲ ਦੇ ਵਿਅਕਤੀਆਂ ਨੂੰ 65-65 ਸਾਲ ਦਾ ਬਣਾ ਕੇ ਫਾਰਮ ਭਰਵਾ ਦਿੱਤੇ ਇਸ ਕਰਕੇ ਹੀ ਇਨ੍ਹਾਂ ਨੂੰ ਗਿਲਾ ਹੈ। ਇੰਨੀ ਹੀ ਮੇਰੀ ਗੁਜ਼ਾਰਿਸ਼ ਹੈ। (ਵਿਘਨ) (ਸ਼ੋਰ)

ਸਰਦਾਰ ਸੁਖਵਿੰਦਰ ਸਿੰਘ ਔਲਖ : ਚੇਅਰਮੈਨ ਸਾਹਿਬ, ਮੈਂ ਪੈਨਸ਼ਨਾਂ ਦੀ ਗੱਲ ਕਰ ਰਿਹਾ ਸੀ। ਮੈਂ ਆਪਣੇ ਮਾਨਸਾ ਜ਼ਿਲ੍ਹੇ ਦੀ ਉਦਾਹਰਣ ਦਿੱਤੀ ਹੈ। ਇਹ ਬੜੇ ਹੀ ਮਾਣ ਵਾਲੀ ਗੱਲ ਹੈ ਔਰ ਮੈਨੂੰ ਉਮੀਦ ਹੈ ਕਿ ਜੋ ਮਾਨਸਾ ਜ਼ਿਲ੍ਹੇ ਦੀ ਗੱਲ ਹੈ ਉਹ ਹੀ ਸਾਰੇ ਪੰਜਾਬ ਦੀ ਗੱਲ ਹੋਵੇਗੀ। ਇਹ ਸਾਫ ਚਿੱਟਾ ਲਿਖਿਆ ਗਿਆ ਹੈ ਕਿ ਸਾਡੀ ਸਰਕਾਰ ਵੇਲੇ, ਸਾਡੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੇਲੇ ਪੈਨਸ਼ਨਾਂ ਵਿਚ ਗਰੀਬ ਲੋਕਾਂ ਨੂੰ ਰਾਹਤ ਦਿੱਤੀ ਗਈ ਹੈ, ਇਨ੍ਹਾਂ ਦਾ ਉਸ ਵਿਚ 100 ਵਿਚੋਂ ਇਕ ਨਵਾਂ ਪੈਸਾ ਵੀ ਹਿੱਸਾ ਨਹੀਂ ਬਣਦਾ।

ਇਸ ਤੋਂ ਅਗੇ ਮੈਂ ਚੇਅਰਮੈਨ ਸਾਹਿਬ, ਮਕਾਨਾਂ ਦੀ ਗੱਲ ਕਰਨ ਲੱਗਾ ਹਾਂ। ਇਹ ਬੜੇ ਹੀ ਫਖਰ ਵਾਲੀ ਗੱਲ ਹੈ ਕਿ ਇਕ ਹਲਕੇ ਵਿਚ 100 ਮਕਾਨ ਬਣਾ ਕੇ ਦਿੱਤੇ ਜਾਣੇ ਹਨ। ਇਹ ਬੜੀ ਵਡੀ ਗੱਲ ਹੈ ਪਿੰਡਾਂ ਵਿਚ ਹਰ ਜ਼ਿਲ੍ਹੇ ਵਿਚ 100 ਮਕਾਨ ਬਣਾ ਕੇ ਦੇਣੇ ਹਨ ਔਰ ਇਸ ਵਾਸਤੇ ਜ਼ਮੀਨ ਵੀ ਦੇਣੀ ਹੈ। ਪਹਿਲਾਂ ਮਕਾਨ ਬਣਾਉਣ ਵਾਸਤੇ ਦੱਸ ਹਜ਼ਾਰ, ਪੰਦਰਾਂ ਹਜ਼ਾਰ ਰੁਪਿਆ ਦਿੱਤਾ ਜਾਂਦਾ ਸੀ। ਉਸ ਵਿਚੋਂ 7-8 ਹਜ਼ਾਰ ਰੁਪਏ ਦੀ ਰਸਤੇ ਵਿਚ ਹੀ ਕੱਟ ਲੱਗ ਜਾਂਦੀ ਸੀ। ਲੇਕਿਨ ਮੈਂ ਹੁਣ ਫਖਰ ਨਾਲ ਕਹਿ ਸਕਦਾ ਹਾਂ ਹੁਣ ਹਰ ਪਿੰਡ ਵਿਚ ਕਿਸੀ ਵਿਚ 15 ਮਕਾਨ ਬਣਾਏ ਗਏ ਹਨ ਅਤੇ ਕਿਸੇ ਵਿਚ 10 ਮਕਾਨ ਬਣਾਏ ਗਏ ਹਨ। ਭਾਵ ਹਰ ਹਲਕੇ ਵਿਚ 100 ਮਕਾਨ ਬਣਾ ਕੇ ਦੇਣੇ ਹਨ। ਮੇਰੇ ਕੋਲ ਪੂਰੇ ਪੰਜਾਬ ਦੇ ਅੰਕੜੇ ਨਹੀਂ ਹਨ ਪਰ ਚੇਅਰਮੈਨ ਸਾਹਿਬ, ਅਸੀਂ ਮਕਾਨ ਬਣਾ ਕੇ ਗਰੀਬ ਲੋਕਾਂ ਨੂੰ ਉਨ੍ਹਾਂ ਦੇ ਹੱਥ ਵਿਚ ਮਕਾਨ ਦੀਆਂ ਚਾਬੀਆਂ ਫੜਾ ਕੇ ਆਏ ਹਾਂ। ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮਕਾਨਾਂ ਦੀ ਜੋ ਵੰਡ ਹੋਈ ਹੈ, ਇਸ

ਵਿਚ ਇਹ ਨਹੀਂ ਦੇਖਿਆ ਕਿ ਇਹ ਬੰਦਾ ਕਿਸ ਪਾਰਟੀ ਦਾ ਵਿਅਕਤੀ ਹੈ, ਜਿਸ ਨੂੰ ਚਾਬੀਆਂ ਦੇ ਰਹੇ ਹਾਂ, ਇਹ ਕਿਹੜੀ ਪਾਰਟੀ ਨਾਲ ਬਿਲਾਂਗ ਕਰਦਾ ਹੈ। ਅਸੀਂ ਸਿਰਫ ਇਨਸਾਫ ਦੇ ਆਧਾਰ ਦੇ ਤੌਰ ਤੇ ਮੈਰਿਟ ਦੇ ਆਧਾਰ ਤੇ ਹੀ ਚਾਬੀਆਂ ਦਿੱਤੀਆਂ ਹਨ। ਅਸੀਂ ਪਹਿਲਾਂ ਉਨ੍ਹਾਂ ਨੂੰ ਚਾਬੀਆਂ ਦਿੱਤੀਆਂ ਹਨ ਜਿਨ੍ਹਾਂ ਕੋਲ ਕੱਚੇ ਘਰ ਵੀ ਨਹੀਂ ਹਨ ਅਤੇ ਦੂਜੇ ਨੰਬਰ ਤੇ ਜਿਨ੍ਹਾਂ ਦੇ ਕੱਚੇ ਘਰ ਹਨ ਪਰ ਵਧੀਆ ਨਹੀਂ ਹਨ ਉਨ੍ਹਾਂ ਨੂੰ ਚਾਬੀਆਂ ਦਿੱਤੀਆਂ ਹਨ। ਅੱਜ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਗਰੀਬ ਲੋਕਾਂ ਨੂੰ ਜਿੰਨੀਆਂ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਪਹਿਲਾਂ ਕਿਸੇ ਨੇ ਨਹੀਂ ਦਿੱਤੀਆਂ। ਅਸੀਂ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਜਿਹੜੇ ਗਰੀਬ ਲੋਕ ਹਨ, ਜਿਹੜੇ ਲਤਾੜੇ ਹੋਏ ਹਨ, ਉਨ੍ਹਾਂ ਨੂੰ ਹੋਰ ਸਹੂਲਤਾਂ ਦੇਵਾਂਗੇ ਕਿਉਂਕਿ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਬੜਾ ਦਰਦ ਹੈ, ਉਨ੍ਹਾਂ ਨਾਲ ਪਿਆਰ ਹੈ, ਉਨ੍ਹਾਂ ਦੇ ਅੰਦਰ ਗਰੀਬ ਲੋਕਾਂ ਪ੍ਰਤੀ ਕੁਝ ਕਰਨ ਦੀ ਚਾਹ ਹੈ। ਇੰਨਾਂ ਕੁਝ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਤੋਂ ਖਿਮਾਂ ਮੰਗਦਾ ਹਾਂ। ਬਹੁਤ ਬਹੁਤ ਧੰਨਵਾਦ ਕਿਉਂਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਤਿ ਸ੍ਰੀ ਅਕਾਲ।

ਸ੍ਰੀਮਤੀ ਰੂਪ ਰਾਣੀ (ਦੀਨਾ ਨਗਰ, ਐਸ. ਸੀ.): ਰਿਸਪੈਕਟਿਡ ਚੇਅਰਮੈਨ ਸਾਹਿਬ, ਮੈਂ ਤੁਹਾਡੀ ਬੜੀ ਅਭਾਰੀ ਹਾਂ ਕਿਉਂਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਮੈਂ ਬਹੁਤ ਕੁਝ ਦੱਸਣ ਜਾ ਰਹੀ ਹਾਂ। ਸਾਡੇ ਭਰਾਵਾਂ ਨੇ ਬੜਾ ਵਿਰੋਧ ਕੀਤਾ ਹੈ ਅਤੇ ਇਹ ਕਰਦੇ ਵੀ ਰਹਿਣਗੇ। ਇਸ ਸਰਕਾਰ ਨੇ ਐਸ. ਸੀ. ਬੀ.ਸੀ. ਦੀ ਭਲਾਈ ਵਾਸਤੇ ਬਹੁਤ ਯੋਗਦਾਨ ਪਾਇਆ ਹੈ ਪਰ ਪਿਛਲੇ ਪੰਜਾਹ ਸਾਲ ਵਿਚ ਇਨ੍ਹਾਂ ਦੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਹਕੂਮਤ ਨੇ ਕੁਝ ਨਹੀਂ ਕੀਤਾ। ਹਾਲ ਹੀ ਵਿੱਚ ਬੀਬੀ ਜਾਗੀਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਹੈ। ਮੈਂ ਇਸ ਦੀ ਪ੍ਰੋੜ੍ਹਤਾ ਕਰਦੀ ਹਾਂ। (ਥੰਪਿੰਗ)

(ਇਸ ਸਮੇਂ ਸ੍ਰੀ ਰਮੇਸ਼ ਚੰਦਰ ਡੋਗਰਾ ਅਤੇ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸ੍ਰੀ ਸਭਾਪਤੀ: ਨਵੇਂ ਮੈਂਬਰ ਬੋਲ ਰਹੇ ਹਨ। ਇਨ੍ਹਾਂ ਨੂੰ ਡਿਸਟਰਬ ਨਾ ਕਰੋ।

ਸ੍ਰੀਮਤੀ ਰੂਪ ਰਾਣੀ: ਚੇਅਰਮੈਨ ਸਾਹਿਬ, ਅੱਜ ਜੋ ਗੱਲ ਮੈਂ ਕਰ ਰਹੀ ਹਾਂ, ਇਹ ਸੁਣਨਾ ਨਹੀਂ ਚਾਹੁੰਦੇ ਪਰ ਇਨ੍ਹਾਂ ਨੂੰ ਸੁਣਨੀ ਪੈਣੀ ਹੈ। ਇਨ੍ਹਾਂ ਨੇ ਐਸ.ਸੀ./ਬੀ.ਸੀ. ਵਾਸਤੇ ਕੁਝ ਨਹੀਂ ਕੀਤਾ। ਇਨ੍ਹਾਂ ਨੇ ਵੱਧ-ਚੜ੍ਹ ਕੇ ਕਿਹਾ ਕਿ ਹੁਣ ਦੀ ਸਰਕਾਰ ਨੇ ਐਸ.ਸੀ./ ਬੀ. ਸੀ. ਵਾਸਤੇ ਕੁਝ ਨਹੀਂ ਕੀਤਾ ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਬਾਦਲ ਸਰਕਾਰ ਨੇ ਐਸ.ਸੀ./ ਬੀ. ਸੀ. ਵਾਸਤੇ ਬਹੁਤ ਕੁਝ ਕੀਤਾ ਹੈ। ਪੰਜਾਬ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਬਣਾਈ ਗਈ ਅਤੇ ਉਥੇ ਐਸ. ਸੀ. ਬੰਦੇ ਚੁਣ ਕੇ ਲਗਾਏ ਗਏ। ਚੇਅਰਮੈਨ ਬਣਾਏ, ਚੇਅਰਪਰਸਨ ਬਣਾਏ ਮੇਰਾ ਖਿਆਲ ਹੈ ਇਹ ਅੱਖਾਂ ਬੰਦ ਕਰਕੇ ਕਹਿੰਦੇ ਹਨ ਕਿ ਕੁਝ ਨਹੀਂ ਕੀਤਾ ਪਰ ਅਸੀਂ ਕੀਤਾ। ਫਿਰ ਇਨ੍ਹਾਂ ਨੇ ਕਿਹਾ ਮਕਾਨ ਨਹੀਂ ਬਣਾਏ ਅਤੇ ਕਿਹਾ ਕਿ ਬਾਦਲ

[ਸ੍ਰੀਮਤੀ ਰੂਪ ਰਾਣੀ]

ਸਰਕਾਰ ਨੇ ਬੜੇ ਝੂਠੇ ਵਾਅਦੇ ਕੀਤੇ ਅਤੇ ਕੁਝ ਨਹੀਂ ਕੀਤਾ । ਇਹ ਬਿਲਕੁਲ ਗਲਤ ਹੈ । ਕੋਈ ਝੂਠਾ ਵਾਇਦਾ ਨਹੀਂ ਕੀਤਾ । ਬਾਦਲ ਸਰਕਾਰ ਨੇ ਅੱਜ ਤੱਕ ਕੋਈ ਝੂਠਾ ਵਾਇਦਾ ਨਹੀਂ ਕੀਤਾ । ਮੈਂ ਬਚਪਨ ਤੋਂ ਦੇਖਦੀ ਹਾਂ । ਮੇਰੇ ਫਾਦਰ ਸਾਹਿਬ ਇਸ ਗੌਰਮਿੰਟ ਦੇ ਵਿੱਚ ਮੰਤਰੀ ਰਹੇ ਹਨ, ਇਸ ਲਈ ਮੈਂ ਬਚਪਨ ਤੋਂ ਦੇਖਦੀ ਰਹੀ ਹਾਂ । ਜਦੋਂ ਵੀ ਸਾਡੇ ਲੋਕਾਂ ਨੂੰ ਫਾਇਦਾ ਮਿਲਿਆ ਹੈ, ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਫਾਇਦਾ ਮਿਲਿਆ ਹੈ, ਉਹ ਬਾਦਲ ਗੌਰਮਿੰਟ ਕੋਲੋਂ ਮਿਲਿਆ ਹੈ ਨਾ ਕਿ ਕਾਂਗਰਸ ਕੋਲੋਂ ਮਿਲਿਆ ਹੈ । ਮੈਂ ਇਸ ਚੀਜ਼ ਦੀ ਪ੍ਰਸ਼ੰਸਾ ਕਰਦੀ ਹਾਂ ਔਰ ਕਰਦੀ ਰਹਾਂਗੀ ।

ਫਿਰ ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਕਿ ਕਲੋਨੀਆਂ ਦੇ ਝੂਠੇ ਨਾਹਰੇ ਮਾਰੇ । ਇਹ ਕੋਈ ਗਲਤ ਗੱਲ ਨਹੀਂ ਕੀਤੀ । ਕਲੋਨੀਆਂ ਅਸੀਂ ਇਸ ਕਰਕੇ ਬੰਦ ਕੀਤੀਆਂ, ਮੈਂ ਵੈੱਲਫੇਅਰ ਕਮੇਟੀ ਦੀ ਮੈਂਬਰ ਹਾਂ, ਚੇਅਰਮੈਨ ਸਾਹਿਬ ਵੀ ਬੈਠੇ ਹਨ । ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਕਿਹਾ ਕਿ ਕਲੋਨੀਆਂ ਦਾ ਸਿਸਟਮ ਬੰਦ ਕੀਤਾ ਜਿਹੜਾ ਕਿ ਅਸੀਂ ਬੰਦ ਨਹੀਂ ਕੀਤਾ । ਜਿਥੇ ਸਾਡੇ ਭਰਾ ਰਹਿੰਦੇ ਸੀ ਉਹ ਕਹਿੰਦੇ ਸਨ ਕਿ ਅਸੀਂ ਉਨ੍ਹਾਂ ਘਰਾਂ ਵਿੱਚ ਹੀ ਰਹਿਣਾ ਹੈ, ਜਿਥੇ ਇਸ ਵੇਲੇ ਰਹਿੰਦੇ ਹਾਂ । ਔਰ ਉਹ 20 ਹਜ਼ਾਰ ਰੁਪਏ ਤੋਂ 25 ਹਜ਼ਾਰ ਰੁਪਿਆ ਅਸੀਂ ਕੀਤਾ ਹੈ । ਉਹ ਇਨ੍ਹਾਂ ਨੂੰ ਸਮਝ ਨਹੀਂ ਆਈ ਜੋ ਅਸੀਂ ਕੀਤਾ । ਮੇਰੇ ਆਪੋਜ਼ੀਸ਼ਨ ਦੇ ਭਰਾ ਜਿਹੜੇ ਹਨ, ਇਹ ਬਿਲਕੁਲ ਗਲਤ ਕਹਿੰਦੇ ਹਨ ਔਰ ਬੜੇ ਲੰਮੇ ਲੰਮੇ ਭਾਸ਼ਣ ਦਿੰਦੇ ਹਨ । ਮੈਂ ਇਨ੍ਹਾਂ ਦਾ ਵਿਰੋਧ ਕਰਾਂਗੀ ਔਰ ਕਰਦੀ ਰਹਾਂਗੀ । ਚੇਅਰਮੈਨ ਸਾਹਿਬ, ਸਾਡੇ ਸਪੀਕਰ ਅਟਵਾਲ ਸਾਹਿਬ ਕੀ ਅਨੁਸੂਚਿਤ ਜਾਤੀ ਦੇ ਨਹੀਂ ਹਨ ਔਰ ਸਾਡੇ ਚੌਧਰੀ ਸਵਰਨਾ ਰਾਮ, ਅਨੁਸੂਚਿਤ ਜਾਤੀ ਦੇ ਨਹੀਂ ਹਨ ਔਰ ਮੇਰੇ ਫਾਦਰ ਸਾਹਿਬ ਕੀ ਅਨੁਸੂਚਿਤ ਜਾਤੀ ਦੇ ਨਹੀਂ ? ਮੈਂ ਹਮੇਸ਼ਾ ਬਾਦਲ ਸਰਕਾਰ ਦੀ ਪ੍ਰਸ਼ੰਸਾ ਕਰਦੀ ਰਹਾਂਗੀ । ਮੈਂ ਮਨਿਸਟਰ ਨਹੀਂ ਬਣਨਾ ਔਰ ਜੋ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਉਹ ਕਹਿੰਦੀ ਰਹਾਂਗੀ । (ਵਿਘਨ).. ਮੈਂ ਚੇਅਰਮੈਨ ਸਾਹਿਬ, ਇਹ ਦੱਸਣਾ ਚਾਹੁੰਦੀ ਹਾਂ ਕਿ ਜਦੋਂ ਇਹ ਬੋਲਦੇ ਹਨ ਤਾਂ ਸਾਡੇ ਭਰਾ ਟੋਕਦੇ ਨਹੀਂ ਔਰ ਜਦੋਂ ਅਸੀਂ ਬੋਲਦੇ ਹਾਂ ਤਾਂ ਇਨ੍ਹਾਂ ਵਿਚ ਸੁਣਨ ਦੀ ਹਿੰਮਤ ਨਹੀਂ ਹੁੰਦੀ ।

ਚੇਅਰਮੈਨ ਸਾਹਿਬ, ਪੈਨਸ਼ਨਾਂ ਦੀ ਗੱਲ ਕੀਤੀ ਕਿ ਕੋਈ ਪੈਨਸ਼ਨ ਨਹੀ ਲੱਗ ਰਹੀ । ਮੈਂ ਦਾਅਵੇ ਨਾਲ ਕਹਿੰਦੀ ਹਾਂ, ਡਿਸਟ੍ਰਿਕਟ ਗੁਰਦਾਸਪੁਰ ਵਿੱਚ, ਮੇਰੇ ਹਲਕੇ ਦੀਨਾ ਨਗਰ ਵਿੱਚ ਇੱਕ ਇੱਕ ਬੰਦੇ ਨੂੰ ਪੈਨਸ਼ਨ ਮਿਲਦੀ ਹੈ । ਇਹ ਵੀ ਇਨ੍ਹਾਂ ਨੂੰ ਨਾਲਿਜ ਨਹੀਂ ਹੈ..(ਵਿਘਨ) ਤੁਸੀਂ ਸੁਣਨ ਦੀ ਹਿੰਮਤ ਰੱਖੋ । ਫਿਰ ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਕਿ ਕੋਈ ਵੀ ਐਸਾ ਕੰਮ ਨਹੀਂ, ਜਿਸ ਦੀ ਪ੍ਰਸ਼ੰਸਾ ਕਰੀਏ । ਸ਼ਾਇਦ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਜਿਹੜੀ ਪੈਨਸ਼ਨ ਪਹਿਲਾ 100/- ਰੁਪਏ ਸੀ, ਉਹ ਸਾਡੀ ਬਾਦਲ ਸਰਕਾਰ ਨੇ 300/- ਰੁਪਏ ਕਰ ਦਿੱਤੀ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਹ ਨਹੀਂ ਪਤਾ ਲਗਦਾ, ਇਹ ਆਪੋਜ਼ੀਸ਼ਨ ਵਿਚ ਬੈਠੇ ਬੜੇ ਬੜੇ ਨਾਹਰੇ ਲਗਾਉਂਦੇ ਹਨ ਕਿ ਬਾਦਲ ਸਰਕਾਰ ਨੇ ਕੁਝ ਨਹੀਂ ਕੀਤਾ । ਬਾਦਲ ਸਰਕਾਰ ਨੇ ਕਿਉਂ ਨਹੀਂ ਕੀਤਾ ? ਚੇਅਰਮੈਨ ਸਾਹਿਬ, ਮੈਂ ਤੁਹਾਡੇ ਦੁਆਰਾ ਇਨ੍ਹਾਂ ਨੂੰ ਕਹਿੰਦੀ ਹਾਂ **(ਵਿਘਨ)..** ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਦੇ ਰਾਜ ਮੰਤਰੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਸਦਨ ਦੇ ਆਨਰੇਬਲ ਮੈਂਬਰ ਪਹਿਲੀ ਵਾਰ ਸਦਨ ਦੇ ਵਿੱਚ ਵਿਚਾਰ ਰੱਖ ਰਹੇ ਹਨ । ਉਨ੍ਹਾਂ ਨੂੰ ਹੌਂਸਲਾ ਦੇਣਾ ਚਾਹੀਦਾ ਹੈ ਨਾ ਕਿ ਉਨ੍ਹਾਂ ਦਾ ਹੌਂਸਲਾ ਤੋੜਨਾ ਚਾਹੀਦਾ ਹੈ । ਤੁਸੀਂ ਇਨ੍ਹਾਂ ਨੂੰ ਜ਼ਰਾ ਚੁੱਪ ਕਰਾਉ ।

ਸ੍ਰੀ ਸਭਾਪਤੀ: ਮੈਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਇਨ੍ਹਾਂ ਨੂੰ ਬੋਲਣ ਦਿਉ ।

ਸ੍ਰੀਮਤੀ ਰੂਪ ਰਾਣੀ: ਫਿਰ ਇਨ੍ਹਾਂ ਨੇ ਕਿਹਾ ਕਿ ਧਰਮਸ਼ਾਲਾਵਾਂ ਨਹੀਂ ਬਣਾਈਆਂ । ਦੇਖੋ, 50 ਸਾਲ ਦੇ ਰਾਜ ਵਿਚ ਜਿੱਥੇ ਜਿੱਥੇ ਵੀ ਧਰਮਸ਼ਾਲਾਵਾਂ ਬਣਾਈਆਂ, ਉਥੇ ਇਨ੍ਹਾਂ ਨੇ ਮੱਝਾ ਬੰਨ੍ਹੀਆਂ ਹਨ । ਇਹ ਅੱਖੀਂ ਦੇਖੀ ਹਾਲਤ ਹੈ । ਬਾਦਲ ਸਰਕਾਰ ਨੇ ਹੁਣ ਰਿਪੇਅਰ ਕਰਵਾ ਕੇ ਉਨ੍ਹਾਂ ਧਰਮਸ਼ਾਲਾਵਾਂ ਨੂੰ ਬਹੁਤ ਉਚਾ ਦਰਜਾ ਦਿੱਤਾ ਹੈ ।

ਫਿਰ ਇਨ੍ਹਾਂ ਨੇ ਕਿਹਾ ਕਿ ਫਰੀਡਮ ਫਾਈਟਰਾਂ ਦੀ ਕੋਈ ਹੈਲਪ ਨਹੀਂ ਕੀਤੀ । ਜਿਹੜੀ ਉਨ੍ਹਾਂ ਦੀ ਪੈਨਸ਼ਨ 1000/- ਰੁਪਏ ਹੁੰਦੀ ਸੀ ਉਹ ਬਾਦਲ ਸਰਕਾਰ ਨੇ 1500/- ਰੁਪਏ ਕੀਤੀ ਹੈ । ਮੇਰਾ ਖਿਆਲ ਹੈ, ਚੇਅਰਮੈਨ ਸਾਹਿਬ, ਇਹ ਵੀ ਇਨ੍ਹਾਂ ਦੀ ਨਿਗਾਹ ਵਿੱਚ ਨਹੀਂ ਹੈ । ਮੈਂ 50 ਸਾਲਾਂ ਤੋਂ ਦੇਖਿਆ ਹੈ, ਇਹ ਲੰਬੇ ਲੰਬੇ, ਚੌੜੇ ਚੌੜੇ ਭਾਸ਼ਣ ਦੇਣੇ ਜਾਣਦੇ ਹਨ ਲੇਕਿਨ ਅਸਲੀਅਤ ਵਿੱਚ ਕੁਝ ਨਹੀਂ ਕਰਦੇ । ਇਨ੍ਹਾਂ ਨੇ ** ** ਦਾ ਕੀਤਾ ਕੀ ਹੈ? ਮੈਂ ਪਿੰਡ ਪਿੰਡ ਜਾ ਕੇ ਦੇਖਿਆ ਹੈ ਕਿ ਉਨ੍ਹਾਂ ਦੀ ਕਿੰਨੀ ਬੇਬਸੀ ਗਰੀਬੀ ਅਤੇ ਲਾਚਾਰੀ ਹੈ ਔਰ ਦੇਖ ਕੇ ਪਤਾ ਲਗਦਾ ਹੈ ਕਿ ਪਿਛਲੇ ਪੰਜਾਹ ਸਾਲਾਂ ਦੇ ਰਾਜ ਵਿੱਚ ਕਾਂਗਰਸ ਨੇ ਕੀ ਕੀਤਾ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ ਬੈਠੇ) ਤੁਸੀਂ ਸਾਡੀ ਵਜ੍ਹਾ ਨਾਲ ਹੀ ਇਥੇ ਆਏ ਹੋ ।

ਸ੍ਰੀ ਸਭਾਪਤੀ: ਡੋਗਰਾ ਸਾਹਿਬ, ਇੰਝ ਨਾ ਕਰੋ ।

ਸ੍ਰੀਮਤੀ ਰੂਪ ਰਾਣੀ: ਸ਼ਾਇਦ ਮੇਰੇ ਭਰਾ ਸੁਣਨ ਨੂੰ ਤਿਆਰ ਨਹੀਂ । ਕਿਉਂਕਿ ਗਲਤੀਆਂ ਸਾਹਮਣੇ ਆ ਰਹੀਆਂ ਹਨ, ਇਸ ਲਈ ਕਿਉਂ ਸੁਣਨਗੇ । ਚੇਅਰਮੈਨ ਸਾਹਿਬ, ਫਿਰ ਇਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਨੇ ਇਹ ਕੀਤਾ, ਸਾਡੀ ਸਰਕਾਰ ਨੇ ਉਹ ਕੀਤਾ । ਮੈਂ ਬਿਲਕੁਲ ਸਾਫ ਸ਼ਬਦਾਂ ਵਿੱਚ ਕਹਾਂਗੀ ਕਿ ਮੈਂ ਪਿੰਡ ਪਿੰਡ ਜਾ ਕੇ ਦੇਖਿਆ ਹੈ ਕਿ ** ** ** ਲੋਕ, ਗਰੀਬ ਲੋਕ ਕਿੰਨੇ ਬੇਬੱਸ ਹਨ

(**ਇੱਕ ਆਵਾਜ਼**: ਇਹ ** ** ਸ਼ਬਦ ਬੋਲ ਰਹੇ ਹਨ ।)

ਸ੍ਰੀ ਸਭਾਪਤੀ: ** ** ਸ਼ਬਦ ਐਕਸਪੰਜ ਕਰ ਦਿਉ ।

ਸ੍ਰੀਮਤੀ ਰੂਪ ਰਾਣੀ: ਅਨੁਸੂਚਿਤ ਜਾਤੀ ਦੇ ਲੋਕਾਂ ਵਾਸਤੇ ਬਾਦਲ ਸਰਕਾਰ ਨੇ ਬਹੁਤ ਕੁਝ ਕੀਤਾ ਹੈ । ਕਾਂਗਰਸ ਵਾਲਿਆਂ ਨੇ ਲੰਬੇ ਲੰਬੇ ਭਾਸ਼ਣ ਕਰਕੇ ਕਿਹਾ ਸੀ

** Expunged as ordered by the Chair.

[ਸ੍ਰੀਮਤੀ ਰੂਪ ਰਾਣੀ]

ਕਿ ਹਮ ਵੋਹ ਕਰੇਂਗੇ ਲੇਕਿਨ ਕੁਝ ਨਹੀਂ ਕੀਆ । ਉਨ੍ਹਾਂ ਨੇ, ਚੇਅਰਮੈਨ ਸਾਹਿਬ, ਇਹ ਲੰਬੇ ਲੰਬੇ ਭਾਸ਼ਣ ਹੀ ਦਿੱਤੇ ਹਨ, ਹੋਰ ਕੁਝ ਨਹੀਂ ਕੀਤਾ । ਮੈਂ ਜੋ ਵੀ ਦੇਖਿਆ ਹੈ, ਉਹੀ ਕਹਾਂਗੀ । ਜਦੋਂ ਦੀ ਬਾਦਲ ਸਰਕਾਰ ਆਈ ਹੈ, ਉਦੋਂ ਦੀ ਸਾਡੀ ਬੜੀ ਤਰੱਕੀ ਹੋਈ ਹੈ ਔਰ ਡਿਸਟ੍ਰਿਕਟ ਗੁਰਦਾਸਪੁਰ ਦੇ ਵਿੱਚ ਸਭ ਤੋਂ ਜ਼ਿਆਦਾ ਤਰੱਕੀ ਹੋਈ ਹੈ । ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਆਪਣੇ ਜ਼ਿਲ੍ਹਿਆਂ ਦੇ ਵਿੱਚ ਤਰੱਕੀ ਕੀਤੀ ਕਿ ਨਹੀਂ ਲੇਕਿਨ ਅਸੀਂ ਆਪਣੇ ਗੁਰਦਾਸਪੁਰ ਜ਼ਿਲ੍ਹੇ ਦੇ ਵਿੱਚ ਜ਼ਰੂਰ ਤਰੱਕੀ ਕੀਤੀ ਹੈ । ਚੇਅਰਮੈਨ ਸਾਹਿਬ, ਫਿਰ ਇਨ੍ਹਾਂ ਨੇ ਕਿਹਾ ਕਿ ਲਓ ਜੀ ਇਹ ਤਾਂ ਕਹਿੰਦੇ ਸੀ ਕਿ ਪੈਨਸ਼ਨਾਂ ਲੈਣ ਵਾਸਤੇ ਘੰਟੀਆਂ ਵਜਾਵਾਂਗੇ ਲੇਕਿਨ ਪੈਨਸ਼ਨਾਂ ਲੈਣ ਵਾਲਿਆਂ ਨੂੰ ਘੰਟੀ ਤਾਂ ਵੱਜੀ ਨਹੀਂ, ਘੰਟੀਆਂ ਜ਼ਰੂਰ ਵਜੀਆਂ ਹਨ ਲੇਕਿਨ ਇਨ੍ਹਾਂ ਨੂੰ ਇਹ ਨਹੀਂ ਸੁਣੀਆਂ, ਬਿਲਕੁਲ ਨਹੀਂ ਸੁਣੀਆਂ ।

ਸਾਡੀ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਲਈ ਬਹੁਤ ਕੰਮ ਕੀਤੇ ਹਨ । ਹਰੇਕ ਗਰੀਬ ਲੜਕੀ ਦੀ ਸ਼ਾਦੀ ਦੇ ਉਤੇ 5100/- ਰੁਪਏ ਦਾ ਸ਼ਗਨ ਦਿੱਤਾ ਜਾਂਦਾ ਹੈ, ਇਹ ਬੜੇ ਪਿਆਰ ਦੇ ਨਾਲ ਪੰਜਾਬ ਸਰਕਾਰ ਦੇ ਨੁਮਾਇੰਦੇ ਦੇ ਕੇ ਆਉਂਦੇ ਹਨ । ਅਸੀਂ 5100/ ਪੂਰਾ ਦਿੰਦੇ ਹਾਂ ਜੇਕਰ ਇਹ ਇਨ੍ਹਾਂ ਵਲੋਂ ਦਿੱਤਾ ਜਾਂਦਾ ਹੁੰਦਾ ਤਾਂ ਇਸ ਦੇ ਵਿੱਚੋਂ ਜ਼ਿਆਦਾ ਪੈਸਾ ਇਹ ਬਤੌਰ ਰਿਸ਼ਵਤ ਖਾਣਾ ਪਸੰਦ ਕਰਨਗੇ । ਸਾਡੀ ਸਰਕਾਰ ਤਰੱਕੀ ਕਰ ਰਹੀ ਹੈ ਔਰ ਹਮੇਸ਼ਾਂ ਤਰੱਕੀ ਕਰੇਗੀ ।

ਇਹ ਤਿੰਨ ਸੌ ਸਾਲਾ ਅਸੀਂ ਮਨਾਉਣ ਜਾ ਰਹੇ ਹਾਂ । ਇਹ ਬੜੀ ਨਿਸ਼ਕਾਮ ਭਾਵਨਾ ਦੇ ਨਾਲ ਮਨਾਉਣ ਜਾ ਰਹੇ ਹਾਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਸਾਰੇ ਭੇਦ-ਭਾਵ, ਊਚ-ਨੀਚ ਆਦਿ ਸਾਰੀਆਂ ਚੀਜ਼ਾਂ ਨੂੰ ਦੂਰ ਕਰਕੇ ਸਾਰਿਆਂ ਨੂੰ ਇੱਕ ਮੁੱਠ ਕਰਕੇ ਸਿੱਖਿਆ ਦਿੱਤੀ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" । ਅੱਜ ਅਸੀਂ ਉਨ੍ਹਾਂ ਦੇ ਦਰਸਾਏ ਮਾਰਗ ਦੇ ਉਤੇ ਚਲਦੇ ਹੋਏ ਇਹ ਤਿੰਨ ਸੌ ਸਾਲਾ ਖਾਲਸੇ ਦਾ ਜਨਮ ਦਿਵਸ ਮਨਾਉਣ ਜਾ ਰਹੇ ਹਾਂ । ਸੋ, ਮੈਂ ਅੰਤ ਵਿੱਚ ਇਹ ਕਹਾਂਗੀ ਕਿ

"ਕੁਛ ਹੋਗਾ ਤੋ ਡੂਬੋ ਲੇਂਗੇ ਸਫ਼ੀਨਾ ਆਪਣਾ ।

ਲੇਕਿਨ ਕਸਮ ਹੈ ਸਾਹਿਲ ਕੀ ਮਿੰਨਤਾ, ਭਰਾਂ ਨਾ ਕਰੇਂਗੇ । ਧੰਨਵਾਦ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੜੇ ਹੀ ਇੰਪਾਰਟੈਂਟ ਮਤੇ, ਜੋ ਵੈਲਫੇਅਰ ਸਕੀਮਾਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਾਸਤੇ ਹਨ, ਦੀ ਇੰਪਲੀ-ਮੈਂਟੇਸ਼ਨ ਬਾਰੇ ਹੈ ਉਸ ਤੇ ਬੋਲਣ ਦਾ ਸਮਾਂ ਦਿੱਤਾ ਹੈ । ਹਾਊਸ ਦੇ ਵਿਚ ਜਿੰਨੇ ਵੀ ਰਿਸਪੈਕਟਿਡ ਸਪੀਕਰ ਸਾਹਿਬ ਹਨ, ਉਨ੍ਹਾਂ ਨੇ ਇਸ ਦੀ ਆਪਣੇ ਆਪਣੇ ਤਰੀਕੇ ਦੇ ਨਾਲ ਬੜੀ ਪ੍ਰਸ਼ੰਸਾ ਕੀਤੀ ਹੈ । ਇਹ ਬੜਾ ਇੰਪਾਰਟੈਂਟ ਰੈਜ਼ੋਲਿਊਸ਼ਨ ਹੈ । ਜਿੰਨੀਆਂ ਵੀ ਸਰਕਾਰਾਂ ਆਈਆਂ ਹਨ, ਚਾਹੇ ਸੈਂਟਰ ਦੀ ਸਰਕਾਰ ਹੈ, ਉਨ੍ਹਾਂ ਨੇ ਲੋਕਾਂ ਦੇ ਨਾਲ ਬੜੇ ਵੱਡੇ ਵੱਡੇ ਵਾਅਦੇ ਕੀਤੇ ਹਨ । ਜਿੰਨੇ ਮੇਰੇ ਦਲਿਤ ਵੀਰ ਹਨ ਉਨ੍ਹਾਂ ਪ੍ਰਤੀ ਸਕੀਮਾਂ ਦੀ ਬਹੁਤ ਵੱਡੀਆਂ ਰੱਖੀਆਂ ਹਨ ਲੇਕਿਨ ਉਨ੍ਹਾਂ ਦੇ ਉਤੇ ਅਮਲ ਸਿਰਫ 2-3% ਹੀ ਹੋਇਆ ਹੈ ਔਰ ਅਮਲ ਵੀ ਉਦੋਂ ਹੁੰਦਾ ਹੈ ਜਦੋਂ ਇਲੈਕਸ਼ਨ ਨੇੜੇ ਆਉਂਦੀ ਹੈ ।

ਇਕ ਕਹਾਵਤ ਹੈ "ਬੜੇ ਮੀਆਂ, ਬੜੇ ਮੀਆਂ, ਛੋਟੇ ਮੀਆਂ ਸੁਭਾਨ ਅੱਲਾ" ਪਹਿਲਾਂ ਤਾਂ 50 ਸਾਲਾਂ ਦੇ ਵਿੱਚ ਕਾਂਗਰਸ ਨੇ ਬੜੇ ਨਾਅਰੇ ਲਾਏ ਕਿ ਗਰੀਬਾਂ ਨੂੰ ਇਹ ਦਿਆਂਗੇ। ਬੜੀਆਂ ਸਕੀਮਾ ਬਣੀਆਂ ਲੇਕਿਨ ਉਹ ਹਵਾ ਵਿੱਚ ਹੀ ਖਤਮ ਹੋ ਜਾਂਦੀਆਂ ਰਹੀਆਂ। ਹੁਣ ਬਾਦਲ ਸਰਕਾਰ ਦੀਆਂ ਸਕੀਮਾਂ ਬੜੀਆਂ ਸੋਹਣੀਆਂ ਹਨ ਪਰ ਜਿਹੜਾ ਅਮਲ ਇਨ੍ਹਾਂ ਸਕੀਮਾਂ ਦੇ ਉਤੇ ਹੋ ਰਿਹਾ ਹੈ ਉਸ ਦੇ ਵਿਚ ਲੋਕਾਂ ਦੇ ਨਾਲ ਬਹੁਤ ਫਰਾਡ ਹੋ ਰਿਹਾ ਹੈ। ਮੈਨੂੰ ਹੈਰਾਨੀ ਹੈ ਕਿ ਮਾਨਯੋਗ ਮੈਂਬਰ ਸਾਹਿਬਾਨ ਕਿਵੇਂ ਦਾਅਵਾ ਕਰ ਰਹੇ ਹਨ ਕਿ ਇੰਨੀਆਂ ਪੈਨਸ਼ਨਾਂ ਲਗਾਈਆਂ ਗਈਆਂ, ਇੰਨਾ ਕੁਝ ਹੋ ਰਿਹਾ ਹੈ। ਇਹ ਬਿਲਕੁਲ ਹਾਊਸ ਨੂੰ ਮਿਸਲੀਡ ਕਰਨ ਵਾਲੀ ਗੱਲ ਹੈ। ਅੱਜ ਲੋੜ ਹੈ ....।

ਸ਼੍ਰੀ ਰਾਮ ਲਾਲ: ਮੇਰਾ ਪੁਆਇੰਟ ਆਫ਼ ਆਰਡਰ ਹੈ ਕਿ ਮੇਰੇ ਗੁਰਦਾਸਪੁਰ ਜ਼ਿਲ੍ਹੇ ਦੇ ਅੰਦਰ, ਇਹ ਬੈਠੇ ਨੇ ਮੇਰੇ ਵੀਰ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਦੇ ਜ਼ਮਾਨੇ ਦੇ ਅੰਦਰ 15 ਹਜ਼ਾਰ ਪੈਨਸ਼ਨਾਂ ਲੱਗੀਆਂ ਹਨ ਜਦਕਿ ਬਾਦਲ ਸਾਹਿਬ ਦੀ ਸਰਕਾਰ ਦੇ ਵੇਲੇ 32 ਹਜ਼ਾਰ ਲੋਕਾਂ ਨੂੰ ਪੈਨਸ਼ਨਾਂ ਲੱਗੀਆਂ ਹਨ। ਅਜੇ ਵੀ ਗੱਲਾਂ ਕਰੀ ਜਾਂਦੇ ਹਨ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ: ਚੇਅਰਮੈਨ ਸਾਹਿਬ, ਜੋ ਇਹ ਵੈਲਫੇਅਰ ਦੀਆਂ ਸਕੀਮਾਂ ਹਨ, ਇਨ੍ਹਾਂ ਲਈ ਜੋ ਕੇਂਦਰ ਦੀ ਸਰਕਾਰ ਤੋਂ ਏਡ ਆਉਂਦੀ ਹੈ, ਜੇ ਉਸ ਨੂੰ ਸੁਹਿਰਦਤਾ ਦੇ ਨਾਲ ਰਾਜ ਸਰਕਾਰ ਖਰਚ ਕਰੇ ਤਾਂ ਇਸ ਦੇ ਨਾਲ ਤਕਰੀਬਨ 50-60 % ਲੋਕਾਂ ਨੂੰ, ਦਲਿਤ ਪਰਿਵਾਰਾਂ ਨੂੰ ਬੜਾ ਫਾਇਦਾ ਹੋ ਸਕਦਾ ਹੈ। ਅੱਜ ਜੇ ਪਿੰਡਾਂ ਦੇ ਵਿਚ ਵੇਖੀਏ, ਦਲਿਤ ਪਰਿਵਾਰਾਂ ਦੀ ਜੋ ਹਾਲਤ ਹੈ, ਜੋ ਉਨ੍ਹਾਂ ਦੀ ਰਹਿਣੀ ਸਹਿਣੀ ਹੈ, ਗੱਲਾਂ ਤਾਂ ਬੜੀਆਂ ਵੱਡੀਆਂ ਵੱਡੀਆਂ ਕੀਤੀਆਂ ਜਾਂਦੀਆਂ ਹਨ ਲੇਕਿਨ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਕਰਦਾ। ਸਿਰਫ ਜਦੋਂ ਇਲੈਕਸ਼ਨ ਆਉਂਦੀ ਹੈ ਉਸ ਤੋਂ ਪਹਿਲਾਂ ਬੜੇ ਵੱਡੇ ਵੱਡੇ ਵਾਇਦੇ ਕੀਤੇ ਜਾਂਦੇ ਹਨ ਕਿ ਤੁਹਾਨੂੰ ਵਧੀਆ ਐਜੂਕੇਸ਼ਨ ਦਿੱਤੀ ਜਾਵੇਗੀ, ਤੁਹਾਨੂੰ ਮਜ਼ਦੂਰੀ ਵੱਧ ਦਿੱਤੀ ਜਾਵੇਗੀ, ਤੁਹਾਡੇ ਘਰਾਂ ਨੂੰ ਵਧੀਆ ਬਣਾਇਆ ਜਾਵੇਗਾ, ਹਰ ਸਹੂਲਤ ਤੁਹਾਡੇ ਦਰਵਾਜ਼ੇ ਤੇ ਆਉਣਗੀਆਂ। ਫਿਰ ਸਾਡੇ ਭੈਣ, ਭਰਾ, ਬੀਬੀਆਂ ਇਨ੍ਹਾਂ ਗੱਲਾਂ ਤੋਂ ਪ੍ਰਭਾਵਤ ਹੋ ਜਾਂਦੀਆਂ ਹਨ ਅਤੇ ਵੋਟਾਂ ਪਾ ਕੇ ਸਰਕਾਰ ਬਣਾ ਦਿੰਦੇ ਹਨ ਲੇਕਿਨ ਉਸ ਤੋਂ ਬਾਅਦ ਉਨ੍ਹਾਂ ਨੂੰ ਖੱਜਲ-ਖੁਆਰੀ ਹੀ ਮਿਲਦੀ ਹੈ। ਅੱਜ ਲੋੜ ਹੈ ਇਸ ਰੈਜ਼ੋਲਿਊਸ਼ਨ ਉਤੇ ਪੂਰੀ ਗੌਰ ਕਰਕੇ, ਸਰਕਾਰ ਕੋਈ ਵੀ ਹੋਵੇ, ਲੇਕਿਨ ਜੇ ਅੱਜ ਅਸੀਂ ਆਪਣੇ ਤੌਰ ਤੇ, ਸਾਡੇ ਦਲਿਤ ਭਰਾਵਾਂ ਵਾਸਤੇ ਕੋਈ ਵੀ ਸਹਾਇਤਾ ਤੇ ਨਜ਼ਰ ਅੰਦਾਜ਼ੀ ਕਰਾਂਗੇ ਤਾਂ ਅਸੀਂ ਆਪਣੇ ਧਰਮ ਤੋਂ ਝੂਠੇ ਹੋਵਾਂਗੇ। ਦਸਵੇਂ ਪਾਤਸ਼ਾਹ ਨੇ ਸਾਨੂੰ ਇਸ ਪਾਸੇ ਤੋਰਿਆ :

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ"

ਫਿਰ ਅਸੀਂ ਉਨ੍ਹਾਂ ਨਾਲ ਕੋਈ ਵਿਤਕਰਾ ਕਰੀਏ। ਵਿਤਕਰਾ ਜਦੋਂ ਇੰਨੀਆਂ ਵੱਡੀਆਂ ਵੱਡੀਆਂ ਸਹੂਲਤਾਂ ਆਉਂਦੀਆਂ ਹਨ, ਸਰਕਾਰਾਂ ਪ੍ਰੋਗਰਾਮ ਰੱਖਦੀਆਂ ਹਨ, ਸਰਕਾਰਾਂ ਉਨ੍ਹਾਂ ਨੂੰ ਲਾਗੂ ਕਰਨ ਲਈ ਜੇ ਦ੍ਰਿੜ੍ਹਤਾ ਨਾਲ ਚੱਲਣ ਦੀ ਕੋਸ਼ਿਸ਼ ਕਰੇ ਤਾਂ ਅਜਿਹੀ ਕੋਈ ਗੱਲ ਨਹੀਂ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਕਿ ਇਹ ਸਹੂਲਤਾਂ ਨਾ ਦਿੱਤੀਆਂ ਜਾ ਸਕਣ । ਜਦੋਂ ਸਾਡੇ ਪਿੰਡਾਂ ਵਿਚ ਦਲਿਤ ਭਰਾਵਾਂ ਤੇ ਕੋਈ ਔਕੜ ਆ ਜਾਵੇ, ਕੋਈ ਬਿਮਾਰੀ ਆ ਜਾਵੇ, ਪਹਿਲੀ ਗੱਲ ਪਿੰਡਾਂ ਵਿੱਚ ਕੋਈ ਡਾਕਟਰ ਨਹੀਂ, ਹਸਪਤਾਲ ਨਹੀਂ, ਜੇ ਕੋਈ 10-15-20 ਕਿਲੋਮੀਟਰ ਜਾ ਕੇ ਦਵਾਈ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਜੇਬ ਵਿਚ ਪੈਸਾ ਨਹੀਂ ਹੁੰਦਾ । ਮੈਂ ਐਗਜ਼ਾਂਪਲ ਦੇਣਾ ਚਾਹੁੰਦਾ ਹਾਂ ਆਪਣੇ ਇਲਾਕੇ ਦੀ, ਸਾਡਾ ਇਕ ਦਲਿਤ ਭਰਾ, ਉਸ ਦੀ ਉਮਰ ਕੋਈ 40-50 ਸਾਲ ਸੀ । ਉਸ ਨੂੰ ਇਕਦਮ ਗੁਰਦੇ ਵਿਚ ਦਰਦ ਹੋਇਆ । ਮਾਨਸਾ ਹਸਪਤਾਲ ਦਿਖਾਇਆ ਗਿਆ । ਤਿੰਨ ਦਿਨ ਬਾਅਦ ਪਟਿਆਲੇ ਰੈਫਰ ਕੀਤਾ ਗਿਆ । ਮੈਂ ਖੁਦ ਉਸ ਨਾਲ ਸੀ ਕੋਸ਼ਿਸ਼ ਕੀਤੀ ਕਿ ਡਾਇਲਸਿਸ ਹੋ ਜਾਵੇ । ਪਰ ਮਸ਼ੀਨ ਖਰਾਬ ਪਈ ਸੀ । ਫਿਰ ਪੀ.ਜੀ.ਆਈ. ਚੰਡੀਗੜ੍ਹ ਲਿਆਂਦਾ ਗਿਆ । ਪੈਸਾ ਉਸ ਕੋਲ ਨਾਂ ਮਾਤਰ 200/- ਰੁਪਿਆ ਸੀ । ਲੇਕਿਨ ਇਹ ਇਕ ਬੜੀ ਚੰਗੀ ਗੱਲ ਹੋਈ ਕਿ ਉਥੇ ਪੀ.ਜੀ.ਆਈ. ਵਿਚ ਸਟਰਾਈਕ ਨਹੀਂ ਸੀ । ਡਾਇਲਸਿਸ ਕਰਵਾਇਆ ਗਿਆ । ਪੈਸਾ ਲੋਕਾਂ ਨੇ ਕੁਲੈਕਟ ਕਰਕੇ ਦਿੱਤਾ ਤਾਂ ਉਸ ਦੀ ਜਾਨ ਬਚੀ । ਇਸ ਲਈ ਅੱਜ ਲੋੜ ਹੈ, ਸਰਕਾਰ ਜਿਹੜੀ ਵੀ ਕੋਈ ਆਉਂਦੀ ਹੈ, ਜੋ ਵੀ ਐਲਾਨ ਕਰੇ ਉਸ ਉਤੇ ਪੂਰਨ ਤੌਰ ਤੇ ਪਹਿਰਾ ਦੇਣਾ ਚਾਹੀਦਾ ਹੈ । ਚੰਗੀ ਗੱਲ ਕੀਤੀ ਗਈ ਹੈ ਜੋ ਮੌਕੇ ਦੀ ਸਾਡੀ ਸਰਕਾਰ ਆਈ । ਇਨ੍ਹਾਂ ਨੇ ਸ਼ਗਨ ਸਕੀਮ ਦੀ ਗੱਲ ਕੀਤੀ । ਇਹ ਬੜੀ ਚੰਗੀ ਸਕੀਮ ਹੈ । ਲੇਕਿਨ ਇਸ ਸਕੀਮ ਨੂੰ ਲਾਗੂ ਕਰਨ ਵਾਸਤੇ ਜੋ ਭਾਈ-ਭਤੀਜਾਵਾਦ ਚਲ ਰਿਹਾ ਹੈ, ਮੈਂ ਆਪਣੇ ਜ਼ਿਲ੍ਹੇ ਮਾਨਸਾ ਵਿਚ ਦੇਖਿਆ ਹੈ ਕਿ ਕਿਵੇਂ ਐਸ. ਡੀ. ਐਮ. ਨੂੰ ਹਦਾਇਤਾਂ ਹੋਈਆਂ ਹਨ ਕਿ ਸਪੈਸਿਫਿਕਲੀ ਕਿਹੜੇ ਪਿੰਡ ਵਿਚ ਫਲਾਣੇ ਬੰਦੇ ਨੂੰ ਨਮੂਨਾ ਬਣਾ ਕੇ ਪੈਨਸ਼ਨ ਦੇ ਪੈਸੇ ਦਿੱਤੇ, ਉਸ ਦਾ ਪ੍ਰਚਾਰ ਕਰਿਆ । ਚੋਣ ਹਾਰੇ ਹੋਏ ਬੰਦੇ ਆ ਕੇ ਚੈਕ ਫੜਾਉਣ ਲੱਗ ਪੈਂਦੇ ਹਨ । ਲੋਕਾਂ ਨੂੰ ਬੜਾ ਵੱਡਾ ਭੁਲੇਖਾ ਦਿੱਤਾ ਜਾਂਦਾ ਹੈ ਕਿ ਬੜੀ ਵੱਡੀ ਸਕੀਮ ਉਤੇ ਹਰ ਇਕ ਬੰਦੇ ਨੂੰ ਪੈਨਸ਼ਨ ਦਿੱਤੀ ਜਾ ਰਹੀ ਹੈ ।

ਸਰਦਾਰ ਸੁਖਵਿੰਦਰ ਸਿੰਘ ਔਲਖ ਪੁਆਇੰਟ ਆਫ ਆਰਡਰ । ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਦੱਸ ਰਹੇ ਹਨ ਕਿ ਮਾਨਸਾ ਵਿਚ ਭਾਈ-ਭਤੀਜਾਵਾਦ ਚਲ ਰਿਹਾ ਹੈ । ਸ਼ਗਨ ਸਕੀਮ ਦੀ ਅਦਾਇਗੀ ਬਾਰੇ ਜੋ ਗੱਲ ਕਰ ਰਹੇ ਹਨ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਕੰਪਲੇਂਟ ਹੈ ? ਇਨ੍ਹਾਂ ਕੋਲ ਕੋਈ ਅਜਿਹੀ ਕੰਪਲੇਂਟ ਹੈ 2-1 ਕੋਈ ਨਾਂ ਜੋ ਭਾਈ-ਭਤੀਜਾ ਵਾਦ ਤੇ ਅਧਾਰਿਤ ਹੋਣ । ਇਹ ਦੱਸ ਦੇਣ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ ਚੇਅਰਮੈਨ ਸਾਹਿਬ, ਇਹ ਇਕ ਦੋ ਦੀ ਗੱਲ ਕਰਦੇ ਹਨ ਮੈਂ ਇਨ੍ਹਾਂ ਨੂੰ ਸੌ ਦੀ ਲਿਸਟ ਦਿੰਦਾ ਹਾਂ । ਲੇਕਿਨ ਵਿਚਾਰੇ ਲੋੜਵੰਦ ਹਨ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਤੂੰ ਕਾਰਡ ਲੇਟ ਦਿੱਤਾ ਹੈ । ਕਿਸੇ ਨੂ ਕਿਹਾ ਜਾਂਦਾ ਹੈ ਤਹਿਸੀਲਦਾਰ ਤੋਂ ਰਿਪੋਰਟ ਸਹੀ ਨਹੀਂ ਆਈ । ਜਿਸ ਨੂੰ ਗਰਾਂਟ ਦੇਣੀ ਹੁੰਦੀ ਹੈ, ਉਸ ਦੀ ਸਕੀਮ ਪਹਿਲਾਂ ਹੀ ਆਟੋਮੈਟੀਕਲੀ ਤਿਆਰ ਹੋ ਜਾਂਦੀ ਹੈ । ਉਸ ਦਾ ਵਿਆਹ ਦਾ ਕਾਰਡ ਤਿਆਰ ਹੋ ਜਾਂਦਾ ਹੈ । ਚੈਕ ਤਿਆਰ ਕਰਵਾ ਕੇ ਸਬੰਧਤ ਐਮ. ਐਲ. ਏ. ਨੂੰ ਪੁਛਿਆ ਨਹੀਂ ਜਾਂਦਾ ਕਿ ਫਲਾਣੀ ਥਾਂ ਜਾ ਕੇ ਗਰਾਂਟ ਦੇਣੀ ਹੈ, ਤੇ ਕੋਈ ਹੋਰ ਹੀ ਜਾ ਕੇ ਦੇ ਆਉਂਦਾ ਹੈ । 2-4 ਦੀ ਗੱਲ ਨਹੀਂ ਮੈਂ ਐਗਜ਼ਾਂਪਲ ਦੇ ਦੇਵਾਂਗਾ । ਪਿੰਡ ਵਿਚ ਜਿਥੇ

ਕਿਤੇ ਗਲਤੀ ਨਾਲ ਕੋਈ ਸਹੀ ਆਦਮੀ ਜੇ ਇਹ ਪੈਸੇ ਲੈਣ ਵਿਚ ਕਾਮਯਾਬ ਹੋ ਜਾਵੇ ਤਾਂ ਉਥੇ ਸਰਕਾਰ ਦੇ ਬੰਦੇ, ਜੋ ਜੱਥੇਦਾਰ ਬਣੇ ਹੋਏ ਹਨ, ਜੇ ਉਨ੍ਹਾਂ ਨੂੰ ਪਤਾ ਲੱਗ ਜਾਵੇ ਤਾਂ ਉਹ ਉਸ ਦੀ ਇਨਕੁਆਇਰੀ ਕਰਵਾ ਦਿੰਦੇ ਹਨ ਅਤੇ ਇਨਕੁਆਇਰੀ ਕਰਕੇ ਕੋਈ ਨਾ ਕੋਈ ਢੰਗ ਕੱਢ ਕੇ ਚੈਕ ਵਾਪਸ ਕਰਵਾਇਆ ਜਾਂਦਾ ਹੈ। ਅੱਗੋਂ ਵਾਸਤੇ ਉਸ ਨੂੰ ਧਮਕਾਇਆ ਜਾਂਦਾ ਹੈ। ਇਸ ਲਈ ਲੋੜ ਹੈ ਜੋ ਸਕੀਮਾਂ ਆਉਂਦੀਆਂ ਹਨ, ਹਰ ਗੱਲ ਤੋਂ ਉਪਰ ਉਠ ਕੇ, ਪਾਰਟੀ ਹਿੱਤਾਂ ਤੋਂ ਉਪਰ ਉਠ ਕੇ, ਉਨ੍ਹਾਂ ਨੂੰ ਲਾਗੂ ਕਰਨ ਲਈ ਅਸੀਂ ਸੋਚੀਏ। ਇਹ ਨਾ ਸੋਚ ਲਈਏ ਕਿ ਚਾਰ ਬੰਦਿਆਂ ਨੂੰ ਗਰਾਂਟ ਦੇ ਦਿੱਤੀ, ਉਹ ਵੋਟ ਪਾਉਣਗੇ। ਜੇ ਤੁਹਾਡਾ ਨਜ਼ਰੀਆ ਸਹੀ ਤੌਰ ਤੇ ਹੋਵੇਗਾ ਤਾਂ ਲੋਕਾਂ ਵਿਚ ਤੁਹਾਡੀ ਚੰਗੀ ਗੱਲ ਜਾਣੀ ਹੈ।

ਅੱਜ ਪੈਨਸ਼ਨਾਂ ਦੀ ਗੱਲ ਹੋਈ ਮੈਂ ਦੱਸਣਾ ਚਾਹਾਂਗਾ ਜ਼ਿਲ੍ਹਾ ਮਾਨਸਾ ਵਿਚ ਮੈਂ ਤੁਹਾਨੂੰ ਪਿੰਡਾਂ ਦੇ ਨਾ ਦੱਸ ਦਿੰਦਾ ਹਾਂ, ਝੁਨੀਰ ਬਾਮਾ, ਜਟਾਣਾ ਕਲਾਂ, ਪਿੰਡ ਹਨ ਜਿਥੇ ਇਕ ਪੈਨਸ਼ਨ ਨਹੀਂ ਜਾ ਰਹੀ। ਸਾਰੇ ਕੇਸ ਇਕੱਠੇ ਕਰਕੇ ਮਹਿਕਮੇ ਵਿਚ ਪਏ ਹਨ ਮੈਂ, ਖੁਦ ਜਾ ਕੇ ਪੜਤਾਲ ਕੀਤੀ, ਪੁੱਛਿਆ ਤੇ ਕਹਿੰਦੇ ਪੈਸੇ ਨਹੀਂ। ਪਹਿਲਾਂ ਦਬਾਦਬ ਐਪਲੀਕੇਸ਼ਨਾਂ ਮੰਗ ਲਈਆਂ ਜਦੋਂ ਸਕੀਮ ਸਰਕਾਰ ਨੇ ਲਾਗੂ ਕਰਨੀ ਹੈ ਤਾਂ ਮਾਨਯੋਗ ਵਿੱਤ ਮੰਤਰੀ ਜੀ ਦੇਖਣ ਕਿ ਅਸੀਂ ਕਿੰਨਾ ਪੈਸਾ ਦੇਣਾ ਹੈ। ਜੇ ਪੂਰਾ ਪੈਸਾ ਰੱਖਿਆ ਜਾਵੇਗਾ ਤਾਂ ਸਕੀਮਾਂ ਲਾਗੂ ਹੋਣਗੀਆਂ, ਪੈਨਸ਼ਨਾਂ ਦਿੱਤੀਆਂ ਜਾ ਸਕਣਗੀਆਂ। ਇਨ੍ਹਾਂ ਦੇ ਕੋਲ 11 ਲੱਖ ਦੇ ਕਰੀਬ ਐਪਲੀਕੇਸ਼ਨਾਂ ਆਈਆਂ ਸਨ ਜਿਨ੍ਹਾਂ ਵਿਚੋਂ 1 ਲੱਖ ਐਪਲੀਕੇਸ਼ਨਾਂ ਨੂੰ ਮਨਜ਼ੂਰ ਕੀਤਾ ਗਿਆ ਅਤੇ ਬਾਕੀ ਦੀਆਂ ਨੂੰ ਰਿਜੈਕਟ ਕਰ ਦਿੱਤਾ ਗਿਆ। ਪਿਛਲੀਆਂ ਸਰਕਾਰਾਂ ਦੇ ਸਮੇਂ ਜਿਹੜੀਆਂ ਦਲਿਤ ਵਰਗ ਦੇ ਲੋਕਾਂ ਨੂੰ ਪੈਨਸ਼ਨਾਂ ਮਿਲਦੀਆਂ ਸਨ, ਉਸ ਨਾਲੋਂ ਹੁਣ 1/4 ਹਿੱਸਾ ਹੀ ਪੈਨਸ਼ਨਾਂ ਮਿਲ ਰਹੀਆਂ ਹਨ। ਮੇਰੇ ਪਿੰਡ ਦੇ 70 ਲੋਕਾਂ ਨੂੰ ਪੈਨਸ਼ਨ ਪਹਿਲੀ ਸਰਕਾਰ ਵੇਲੇ ਮਿਲਦੀ ਸੀ ਜਿਹੜੀ ਹੁਣ ਘੱਟ ਕੇ 18 ਲੋਕਾਂ ਨੂੰ ਮਿਲ ਰਹੀ ਹੈ। ਯਾਨੀ 1/4 ਹਿੱਸਾ ਹੀ ਪੈਨਸ਼ਨਾਂ ਮਿਲ ਰਹੀਆਂ ਹਨ।

ਸ੍ਰੀ ਤਿਕਸ਼ਨ ਸੂਦ : ਚੇਅਰਮੈਨ ਸਾਹਿਬ, ਸਾਡੇ ਮਾਨਯੋਗ ਮੈਂਬਰ ਇਥੇ ਕਹਿ ਰਹੇ ਹਨ ਕਿ ਪਿਛਲੀਆਂ ਸਰਕਾਰਾਂ ਨਾਲੋਂ ਹੁਣ ਘੱਟ ਪੈਨਸ਼ਨਾਂ ਮਿਲ ਰਹੀਆਂ ਹਨ। ਇਹ ਸਦਨ ਨੂੰ ਗੁੰਮਰਾਹ ਕਰ ਰਹੇ ਹਨ। ਜਦਕਿ ਹਰ ਜ਼ਿਲ੍ਹੇ ਦਾ ਸਵਾਲ ਹਾਊਸ ਵਿਚ ਆ ਚੁੱਕਾ ਹੈ ਅਤੇ ਸਰਕਾਰ ਵਲੋਂ ਪਿਛਲੇ 5 ਸਾਲਾਂ ਦੀਆਂ ਫਿਗਰਜ਼ ਦਿੱਤੀਆਂ ਗਈਆਂ ਹਨ ਅਤੇ ਬਾਦਲ ਸਾਹਿਬ ਦੇ ਟਾਈਮ ਦੀਆਂ ਫਿਗਰਜ਼ ਆਈਆਂ ਹਨ ਅਤੇ ਸਾਰਾ ਡਾਟਾ ਹਾਊਸ ਦੇ ਵਿਚ ਆ ਚੁੱਕਾ ਹੈ ਕਿ ਇਤਨੀਆਂ ਵੱਧ ਪੈਨਸ਼ਨਾਂ ਦਿੱਤੀਆਂ ਗਈਆਂ ਹਨ। ਫੇਰ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਪੈਨਸ਼ਨਾਂ ਘੱਟ ਮਿਲ ਰਹੀਆਂ ਹਨ ?

ਸ੍ਰੀ ਸਭਾਪਤੀ : ਇਹ ਆਪਣੇ ਪਿੰਡ ਦੀ ਗੱਲ ਕਰ ਰਹੇ ਹਨ। ਸਾਰੇ ਪੰਜਾਬ ਦੀ ਗੱਲ ਨਹੀਂ ਕਰ ਰਹੇ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਚੇਅਰਮੈਨ ਸਾਹਿਬ, ਤੁਸੀਂ ਝੁਨੀਰ ਪਿੰਡ ਦੀ ਇਨਕੁਆਇਰੀ ਕਰਵਾ ਕੇ ਵੇਖ ਲਵੋ, ਤੁਹਾਨੂੰ ਪਤਾ ਲੱਗ ਜਾਵੇਗਾ ਉਥੇ ਇਕ ਵੀ ਪੈਨਸ਼ਨ ਨਹੀਂ ਲੱਗੀ। ਜੇਕਰ ਇਕ ਪਿੰਡ ਦੇ ਵਿਚ ਪੈਨਸ਼ਨਾਂ ਨਹੀਂ ਮਿਲ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਰਹੀਆਂ। ਇਸ ਦਾ ਮਤਲਬ ਹੈ ਕਿ ਸਾਰੇ ਪਿੰਡਾਂ ਦੇ ਵਿਚ ਵੀ ਇਹੀ ਹਾਲ ਹੈ। ਕਿਸੇ ਨੂੰ ਕੁਝ ਨਹੀਂ ਮਿਲ ਰਿਹਾ। ਤੁਸੀਂ ਆਪਣੀ ਸਰਕਾਰ ਨੂੰ ਪ੍ਰੋਟੈਕਟ ਕਿਉਂ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਤੁਹਾਨੂੰ ਵਿਸ਼ਾਲ ਹਿਰਦਾ ਰੱਖਣਾ ਚਾਹੀਦਾ ਹੈ ਅਤੇ ਆਪੋਜ਼ੀਸ਼ਨ ਦੇ ਮੈਂਬਰ ਨੂੰ ਧਿਆਨ ਪੂਰਵਕ ਸੁਣਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਅਸਲੀਅਤ ਦਾ ਪਤਾ ਲੱਗ ਸਕੇ। ਸਾਨੂੰ ਇਥੇ ਕੋਈ ਲੈਕਚਰ ਕਰਨ ਦਾ ਸ਼ੌਕ ਨਹੀਂ ਹੈ। ਅਸੀਂ ਹਰ ਮੈਂਬਰ ਇਥੇ 1 ਲੱਖ 20 ਹਜ਼ਾਰ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਵੋਟਾਂ ਲੈ ਕੇ ਇਥੇ ਆਏ ਹਾਂ ਅਤੇ ਉਨ੍ਹਾਂ ਦੀਆਂ ਤਕਲੀਫਾਂ ਦਾ ਜ਼ਿਕਰ ਹਾਊਸ ਵਿਚ ਕਰਕੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ। ਇਥੇ ਸਰਕਾਰ ਨੇ ਕਿਹਾ ਕਿ ਅਸੀਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਪੱਕੇ ਮਕਾਨ ਬਣਾ ਕੇ ਦੇਵਾਂਗੇ ਜਦ ਕਿ ਪਿਛਲੀ ਸਰਕਾਰ 15 ਹਜ਼ਾਰ ਰੁਪਏ ਪੱਕੇ ਮਕਾਨ ਬਣਾਉਣ ਲਈ ਦਿੰਦੀ ਸੀ ਅਤੇ ਇਸ ਸਰਕਾਰ ਨੇ ਐਲਾਨ ਕੀਤਾ ਹੈ ਕਿ ਅਸੀਂ ਦਲਿਤ ਵਰਗ ਦੇ ਲੋਕਾਂ ਲਈ 50 ਹਜ਼ਾਰ ਰੁਪਿਆ ਖਰਚ ਕਰਕੇ ਪੱਕੇ ਮਕਾਨ ਬਣਾ ਕੇ ਅਲਾਟ ਕਰਾਂਗੇ। ਇਹ ਕਿੰਨੇ ਪੱਕੇ ਮਕਾਨ ਬਣਾ ਕੇ ਸਰਕਾਰ ਨੇ ਦਿੱਤੇ ਹਨ ? ਤੁਸੀਂ ਇਕ ਬਲਾਕ ਦੇ 4-5 ਪਿੰਡਾਂ ਨੂੰ ਚੁਣ ਲਿਆ ਅਤੇ ਹਰ ਪਿੰਡ ਵਿਚ 10-15 ਮਕਾਨ ਬਣਾ ਕੇ ਦਿੱਤੇ ਹਨ, ਜਦ ਕਿ ਉਥੇ ਦਲਿਤ ਵਰਗ ਦੇ 100 ਘਰ ਰਹਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਸਕੀਮ ਠੀਕ ਲਾਗੂ ਨਹੀਂ ਹੁੰਦੀ, ਅਤੇ ਫੇਰ ਜਿਨ੍ਹਾਂ ਕੋਲ ਪੱਕੇ ਮਕਾਨ ਰਹਿਣ ਵਾਸਤੇ ਹਨ ਉਨ੍ਹਾਂ ਨੂੰ ਇਹ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ ਅਤੇ ਜਿਨ੍ਹਾਂ ਕੋਲ ਰਹਿਣ ਵਾਸਤੇ ਮਕਾਨ ਨਹੀਂ ਹਨ ਅਤੇ ਦੂਜਿਆਂ ਦੇ ਘਰਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਇਸ ਸਕੀਮ ਰਾਹੀਂ ਮਕਾਨ ਅਲਾਟ ਨਹੀਂ ਕੀਤੇ ਜਾ ਰਹੇ। ਇਹ ਤੁਸੀਂ ਚੁਣੇਵਾਲਾ ਪਿੰਡ ਵਿਚ ਦੇਖ ਸਕਦੇ ਹੋ। ਇਸ ਨੂੰ ਅਸੀਂ ਚੈਕ ਕਰ ਸਕਦੇ ਹਾਂ। ਇਸ ਸਬੰਧ ਵਿਚ ਮੈਂ ਵਾਰ ਵਾਰ ਐਡਮਨਿਸ-ਟ੍ਰੇਸ਼ਨ ਨੂੰ ਲਿਖ ਕੇ ਵੀ ਦਿੱਤਾ ਹੈ ਅਤੇ ਮੇਰੇ ਮਾਨਸਾ ਜ਼ਿਲ੍ਹੇ ਦੀ ਐਡਮਨਿਸਟ੍ਰੇਸ਼ਨ ਸੁੱਤੀ ਪਈ ਹੈ। 2 ਸਾਲ ਹੋ ਗਏ ਹਨ ਇਸ ਬਾਰੇ ਮੈਨੂੰ ਕਹਿੰਦੇ ਹੋਏ ਕਿ ਮੇਰੇ ਮਾਨਸਾ ਜ਼ਿਲ੍ਹੇ ਦੇ ਵਿਚ ਕੋਈ ਕੰਮ ਨਹੀਂ ਹੁੰਦਾ ਹੈ ਅਤੇ ਨਾ ਹੀ ਕੋਈ ਸਕੀਮ ਨੂੰ ਲਾਗੂ ਕੀਤਾ ਜਾਂਦਾ ਹੈ। ਇਸ ਬਾਰੇ ਸਰਕਾਰ ਨੂੰ ਡੀਟੇਲਜ਼ ਵਿਚ ਇਨਫਰਮੇਸ਼ਨ ਲੈਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਹਾਊਸ ਦੇ ਵਿਚ ਮਾਨਸਾ ਜ਼ਿਲ੍ਹੇ ਬਾਰੇ ਰਿਪੋਰਟ ਦੇਣੀ ਚਾਹੀਦੀ ਹੈ ਤਾਂਕਿ ਲੋਕਾਂ ਨੂੰ ਸਹੂਲਤਾਂ ਮਿਲ ਸਕਣ ਅਤੇ ਲੋਕਾਂ ਦਾ ਫਾਇਦਾ ਹੋ ਸਕੇ। ਇਹ ਠੀਕ ਹੈ ਕਿ ਦਲਿਤ ਵਰਗ ਦੇ ਲੋਕਾਂ ਨੂੰ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਰਾਹੀਂ ਅਤੇ/ਬੈਕਫਿੰਕੋ ਰਾਹੀਂ ਕਰਜ਼ਾ ਦਿੱਤਾ ਜਾਂਦਾ ਹੈ ਪਰ ਐਮ.ਐਲ. ਏ. ਨੂੰ ਥੱਲੇ ਤੋਂ ਲੈ ਕੇ ਉਪਰ ਤੱਕ ਖੁਦ ਅਫਸਰਾਂ ਨੂੰ ਜਾ ਕੇ ਰਿਕੁਐਸਟ ਕਰਨੀ ਪੈਂਦੀ ਹੈ ਤਦ ਜਾ ਕੇ ਲੋਨ ਮੰਨਜ਼ੂਰ ਹੁੰਦਾ ਹੈ। ਸਰਕਾਰ ਦੀਆਂ ਪਾਲਿਸੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ। ਜੇਕਰ ਕੋਈ ਅਫਸਰ ਗਲਤ ਹੈ ਅਤੇ ਉਹ ਪਾਲਿਸੀ ਦੀ ਇੰਪਲੀਮੈਂਟੇਸ਼ਨ ਨਹੀਂ ਕਰ ਰਿਹਾ ਤਾਂ ਉਸ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਅਫਸਰਸ਼ਾਹੀ ਦੇ ਖਿਲਾਫ ਫਾਲੋਅੱਪ ਐਕਸ਼ਨ ਹੋਣਾ ਚਾਹੀਦਾ ਹੈ। ਪਰ ਦੇਖਣ ਵਿਚ ਆਇਆ ਹੈ

ਕਿ ਸਰਕਾਰ ਵਲੋਂ ਪਿੱਕ ਐਂਡ ਚੂਜ਼ ਦੀ ਪਾਲਿਸੀ ਦੇ ਮੁਤਾਬਿਕ ਲੋਕਾਂ ਨੂੰ ਲੋਨ ਦਿੱਤਾ ਜਾਂਦਾ ਹੈ ਅਤੇ ਇਨ੍ਹਾਂ ਨੂੰ 10-15 ਹਜ਼ਾਰ ਰੁਪਿਆ ਲੋਨ ਲੈਣ ਲਈ ਬੜੀ ਖੱਜਲ-ਖੁਆਰੀ ਕਰਨੀ ਪੈਂਦੀ ਹੈ, ਫੇਰ ਜਾ ਕੇ ਲੋਨ ਮਨਜ਼ੂਰ ਹੁੰਦਾ ਹੈ। ਚੇਅਰਮੈਨ ਸਾਹਿਬ, ਦੋ-ਦੋ ਸਾਲ ਉਨ੍ਹਾਂ ਗਰੀਬਾਂ ਨੂੰ ਧੱਕੇ ਖਾਣੇ ਪੈਂਦੇ ਹਨ ਅਤੇ ਲੋਨ ਲੈਣ ਤੋਂ ਪਹਿਲਾਂ ਹੀ ਉਹ ਕਰਜ਼ਾਈ ਹੋ ਜਾਂਦੇ ਹਨ। ਪੈਸਾ ਮੰਗ-ਮੰਗ ਕੇ ਕਰਜ਼ਾ ਉਨ੍ਹਾਂ ਦੇ ਸਿਰ ਤੇ ਖੜ੍ਹਾ ਹੁੰਦਾ ਹੈ। ਕੀ ਇਹ ਪੰਜਾਬ ਸਰਕਾਰ ਦਾ ਫਰਜ਼ ਨਹੀਂ ਬਣਦਾ ਕਿ ਜੋ ਦਲਿਤ ਭਰਾਵਾਂ ਵਾਸਤੇ ਫਾਇਦਾ ਪਹੁੰਚਾਉਣ ਵਾਸਤੇ ਸਕੀਮਾਂ ਹਨ, ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਹਰ ਇਕ ਐਮ.ਐਲ.ਏ. ਦਾ ਵੀ ਫਰਜ਼ ਬਣਦਾ ਹੈ ਕਿ ਇਸ ਤੇ ਗੌਰ ਕਰੇ। ਚੇਅਰਮੈਨ ਸਾਹਿਬ, ਇਸ ਵੇਲੇ ਦਲਿਤ ਵਰਗ ਦੇ ਲੋਕ, ਖੇਤਾਂ ਵਿਚ ਕੰਮ ਕਰਨ ਵਾਲੇ ਲੋਕ, ਦਿਹਾੜੀਦਾਰ ਲੋਕ ਜਾਂ ਕੋਈ ਹੋਰ ਜੋ ਉਸਾਰੀ ਦਾ ਕੰਮ ਕਰਦੇ ਹਨ ਅਤੇ ਦਿਹਾੜੀ ਕਰਨ ਲਈ ਸ਼ਹਿਰਾਂ ਵਿਚ ਜਾਂਦੇ ਹਨ, ਉਨ੍ਹਾਂ ਸਾਰਿਆਂ ਨੂੰ ਜੋ ਮੁਸ਼ਕਲਾਂ ਆਉਂਦੀਆਂ ਹਨ, ਉਨ੍ਹਾਂ ਔਕੜਾਂ ਨੂੰ ਦੂਰ ਕਰਨਾ, ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ। ਜਿਹੜੇ ਗਰੀਬ ਲੋਕ ਕੰਮ ਕਰਦੇ ਹਨ, ਚਾਹੇ ਪ੍ਰਾਈਵੇਟ ਤੌਰ ਤੇ ਕੰਮ ਕਰਦੇ ਹਨ ਜਾ ਡੇਅਲੀ ਵੇਜਿਜ਼ ਤੇ ਕੰਮ ਕਰਦੇ ਹਨ ਜਾਂ ਖੇਤਾਂ ਵਿੱਚ ਕੰਮ ਕਰਦੇ ਹਨ ਉਨ੍ਹਾਂ ਨੂੰ ਕੰਮ ਦੇ ਮੁਤਾਬਿਕ ਹੀ ਪੈਸੇ ਮਿਲਣੇ ਚਾਹੀਦੇ ਹਨ। ਕਮ-ਜ਼-ਕਮ ਉਹ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ ਅਤੇ ਦੋ ਵੇਲੇ ਦੀ ਰੋਟੀ ਖਾ ਸਕਣ।

ਤੀਸਰੀ ਸਕੀਮ ਐਜੂਕੇਸ਼ਨ ਦੀ ਆਉਂਦੀ ਹੈ। ਹਰ ਇਕ ਦਲਿਤ ਪਰਿਵਾਰ ਦੇ ਬੱਚਿਆਂ ਲਈ ਪੜ੍ਹਾਈ ਲਾਜ਼ਮੀ ਕਰਨੀ ਚਾਹੀਦੀ ਹੈ। ਮਾਨਯੋਗ ਮੈਂਬਰਾਂ ਨੇ ਹਾਊਸ ਵਿਚ ਦੱਸਿਆ ਹੈ ਕਿ ਪੰਜ ਸਾਲ ਤੋਂ ਬਾਅਦ ਜਦੋਂ ਬੱਚਾ ਵੱਡਾ ਹੁੰਦਾ ਹੈ ਤਾਂ ਬੱਚੀ ਆਪਣੀ ਮਾਂ ਦੇ ਨਾਲ ਕੰਮ ਕਰਾਉਂਦੀ ਹੈ ਅਤੇ ਲੜਕਾ ਪਿਉ ਦੇ ਨਾਲ ਖੇਤਾਂ ਵਿੱਚ ਕੰਮ ਕਰਾਉਣ ਜਾਂਦਾ ਹੈ ਅਤੇ ਪੜ੍ਹਾਈ ਵਿਚੇ ਹੀ ਰਹਿ ਜਾਂਦੀ ਹੈ। ਪੰਜਾਬ ਸਰਕਾਰ ਦਾ ਫਰਜ਼ ਬਣਦਾ ਹੈ ਕਿ ਦਲਿਤ ਵਰਗਾਂ ਦੇ ਹਰ ਪਰਿਵਾਰ ਦੇ ਬੱਚਿਆਂ ਨੂੰ 5 ਸਾਲ ਤੋਂ ਵੱਧ ਦਾ ਜਦੋਂ ਬੱਚਾ ਹੋਵੇ ਤਾਂ ਲਾਜ਼ਮੀ ਸਿੱਖਿਆ ਦਿੱਤੀ ਜਾਵੇ। ਕੋਈ ਪੜ੍ਹਾਈ ਤੋਂ ਵਾਂਝਾ ਨਾ ਰਹੇ। ਪੰਜਾਬ ਸਰਕਾਰ ਨੂੰ ਇਸ ਤੇ ਗੌਰ ਕਰਨਾ ਚਾਹੀਦਾ ਹੈ। ਜੇਕਰ ਅਸੀਂ ਬੱਚਿਆਂ ਨੂੰ ਸਿੱਖਿਆ ਨਹੀਂ ਦੇਵਾਂਗੇ ਤਾਂ ਸਾਡੀ ਸਟੇਟ ਦੇ ਹਾਲਾਤ ਨਹੀਂ ਸੁਧਰਨਗੇ। ਜੇਕਰ ਅਸੀਂ ਪਰਾਪਰ ਐਜੂਕੇਸ਼ਨ ਨਹੀਂ ਦੇਵਾਂਗੇ ਤਾਂ ਪਾਪੂਲੇਸ਼ਨ ਵਰਗੀ ਜੋ ਵੱਡੀ ਸਮੱਸਿਆ ਹੈ ਉਸ ਨੂੰ ਕਿਸ ਤਰ੍ਹਾਂ ਦੂਰ ਕਰਾਂਗੇ। ਸਹੀ ਪੜ੍ਹਾਈ ਹੋਵੇ ਅਤੇ ਹਰ ਇਕ ਨੂੰ ਸਿੱਖਿਆ ਦਿੱਤੀ ਜਾਵੇ। ਇਸ ਕੰਮ ਵੱਲ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਰਕਾਰ ਆਪ ਧਿਆਨ ਦੇਵੇ।

ਫੈਮਿਲੀ ਪਲਾਨਿੰਗ ਦੀ ਇਕ ਬਹੁਤ ਵੱਡੀ ਸਮੱਸਿਆ ਹੈ ਅਤੇ ਉਸ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਚੇਅਰਮੈਨ ਸਾਹਿਬ, ਜੋ ਰੈਜ਼ੋਲਿਊਸ਼ਨ ਆਇਆ ਹੈ ਵੈਲਫੇਅਰ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ, ਸਰਕਾਰ ਦਾ ਫਰਜ਼ ਬਣਦਾ ਹੈ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਕਿ ਇਸ ਨੂੰ ਪਾਸ ਕੀਤਾ ਜਾਵੇ । ਪਲਾਨਿੰਗ ਬੋਰਡ ਦੀ ਮੀਟਿੰਗ ਵਿਚ ਮੈਂ ਵੀ ਗਿਆ ਸੀ ਅਤੇ ਡਾਕਟਰ ਰਤਨ ਸਿੰਘ ਵੀ ਗਏ ਸਨ ਅਤੇ ਸਾਨੂੰ ਪਤਾ ਹੈ ਕਿ ਕਿਤਨੇ ਪੈਸੇ ਵਾਪਿਸ ਚਲੇ ਗਏ ਜੋ ਕਿ ਸਕੀਮਾਂ ਤੇ ਸਮੇਂ ਸਿਰ ਖਰਚ ਨਹੀਂ ਹ ਸਕੇ । ਇਹ ਐਡਮਨਿਸਟ੍ਰੇਸ਼ਨ ਅਤੇ ਸਰਕਾਰ ਦੀ ਜ਼ਿੰਮੇਂਵਾਰੀ ਹੈ ਕਿ ਪੈਸੇ ਵਾਪਿਸ ਨਾ ਜਾਣ ਅਤੇ ਦਲਿਤ ਵਰਗਾਂ ਦੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਖਰਚ ਕੀਤੇ ਜਾਣ । ਅੰਤ ਵਿਚ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ । ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ । ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਚਾਹੇ ਆਪੋਜ਼ੀਸ਼ਨ ਦੇ ਐਮ. ਐਲ.ਏ ਸਾਹਿਬਾਨ ਹਨ, ਜਾਂ ਟਰੇਜ਼ਰੀ ਬੈਂਚਿਜ਼ ਦੇ ਐਮ. ਐਲ. ਏ. ਸਾਹਿਬਾਨ ਹਨ ਕਿ ਉਹ ਇਸਤੇ ਪੂਰਾ ਪਹਿਰਾ ਦੇਣ । ਅਸੀਂ ਆਪਣੇ ਜ਼ਿਲ੍ਹਾ ਮਾਨਸਾ ਵਿਚ ਪੂਰਾ ਪਹਿਰਾ ਦੇਵਾਂਗੇ ਤਾਂਕਿ ਜੋ ਵੀ ਵੈਲਫੇਅਰ ਦੀਆਂ ਸਕੀਮਾਂ ਹਨ, ਉਨ੍ਹਾਂ ਨੂੰ ਸਹੀ ਢੰਗ ਨਾਲ ਲਾਗੂ ਕਰਕੇ ਹਰ ਇਕ ਨੂੰ ਸਹੂਲਤਾਂ ਮਿਲ ਸਕਣ । ਹਰ ਇਕ ਨੂੰ ਆਪਣਾ ਆਪਣਾ ਹਿੱਸਾ ਮਿਲੇ । ਸਾਡਾ ਵੀ ਫਰਜ਼ ਬਣਦਾ ਹੈ ਅਤੇ ਸਰਕਾਰ ਦਾ ਵੀ ਫਰਜ਼ ਬਣਦਾ ਹੈ । ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

ਸ੍ਰੀਮਤੀ ਮਹਿੰਦਰ ਕੌਰ (ਸ਼ਾਮ ਚੁਰਾਸੀ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਮੌਕਾ ਦਿਤਾ ਹੈ । ਸਭ ਤੋਂ ਪਹਿਲਾਂ ਮੈਂ ਇਕ ਸ਼ੇਅਰ ਅਰਜ਼ ਕਰਦੀ ਹਾਂ । ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਸ਼ਡਿਊਲਡ ਕਾਸਟਾਂ, ਪਛੜੀਆਂ ਸ਼੍ਰੇਣੀਆਂ ਅਤੇ ਦਲਿਤ ਵਰਗਾਂ ਦੇ ਗਰੀਬ ਲੋਕਾਂ ਨੂੰ ਜੋ ਸਹੂਲਤਾਂ ਦਿੱਤੀਆਂ ਹਨ, ਉਸ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦੀ ਹਾਂ ਕਿ ਉਹ ਇਕ ਮਹਾਨ ਯੋਧਾ ਜੋ ਪੈਦਾ ਹੋਇਆ ਹੈ, ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਨ । (ਥੈਂਪਿੰਗ) ਸ਼ੇਅਰ ਹੈ ਕਿ:—

"ਏਕ ਬਾਪ ਕੇ ਦੋ ਬੇਟੇ, ਕਿਸਮਤ ਜੁਦਾ ਜੁਦਾ ਹੈ,
ਏਕ ਸ਼ਹਿਨਸ਼ਾਹ-ਏ-ਆਲਮ, ਏਕ ਫਿਰ ਰਹਾ ਗਧਾ ਹੈ,
ਚਾਂਦੀ ਤੋ ਏਕ ਹੈ, ਬਣੇ ਹੈ ਉਸਕੇ ਦੋ ਜ਼ੇਵਰ
ਏਕ ਪਾਂਵ ਕਾ ਕੜਾ, ਏਕ ਤਾਜ ਮੇਂ ਜੜਾ ।" (ਥੰਪਿੰਗ)

ਬਾਦਲ ਸਾਹਿਬ, ਤਾਜ ਵਿਚ ਜੜਨ ਵਾਲੇ ਹੀਰੇ ਹਨ । ਚੇਅਰਮੈਨ ਸਾਹਿਬ, ਮੈਂ ਜੋ ਸਾਡੀ ਅਕਾਲੀ ਸਰਕਾਰ ਨੇ ਸਾਡੇ ਗਰੀਬ ਵਰਗ ਦੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਹਨ, ਉਨ੍ਹਾਂ ਦੇ ਬਾਰੇ ਵਿਚ ਡਿਟੇਲ ਵਿਚ ਬੋਲਣਾ ਚਾਹੁੰਦੀ ਸੀ ਪਰ ਤੁਸੀਂ ਮੈਨੂੰ 5 ਮਿੰਟ ਹੀ ਦਿੱਤੇ ਹਨ । ਮੈਂ ਬੇਨਤੀ ਕਰਾਂਗੀ ਕਿ ਮੈਨੂੰ 10 ਮਿੰਟ ਦਿੱਤੇ ਜਾਣ ਕਿਉਂਕਿ ਮੈਂ ਬੜੀ ਦੇਰ ਤੋਂ ਇੰਤਜ਼ਾਰ ਕਰ ਰਹੀ ਸੀ ਕਿ ਮੈਨੂੰ ਬੋਲਣ ਦਾ ਮੌਕਾ ਦਿੱਤਾ ਜਾਵੇ ।

ਚੇਅਰਮੈਨ ਸਾਹਿਬ, ਅੱਜ ਵਿਰੋਧੀ ਧਿਰ ਬਹੁਤ ਹੀ ਗੱਲਾਂ ਕਰ ਰਿਹਾ ਹੈ ਕਿ ਅਸੀਂ ਗਰੀਬਾਂ ਵਾਸਤੇ ਇਹ ਕੀਤਾ,ਅਸੀਂ ਗਰੀਬਾਂ ਵਾਸਤੇ ਉਹ ਕੀਤਾ ਲੇਕਿਨ ਮੈਂ ਇਨ੍ਹਾਂ ਨੂੰ ਪੁੱਛਣਾ ਚਾਹਵਾਂਗੀ ਕਿ ਇਨ੍ਹਾਂ ਨੇ ਐਸਾ ਕੀ ਕੀਤਾ ? ਇਨ੍ਹਾਂ ਨੇ ਤਾਂ ਗਰੀਬ ਵਰਗ ਦੇ ਲੋਕਾਂ ਤੋਂ ਸਿਰਫ ਸ਼ਰਾਬ ਦੇ ਲਾਲਚ ਵਿਚ ਵੋਟਾਂ ਲੈਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਭੈੜੀਆਂ ਆਦਤਾਂ ਪਾਉਣ ਦੀ ਕੋਸ਼ਿਸ਼ ਕੀਤੀ ਕਿਉਂਕਿ ਅੱਜ ਤੁਸੀਂ ਦੇਖੋ ਕਿ ਇਨ੍ਹਾਂ ਨੇ ਕੀ ਕੀਤਾ ਹੈ । ਇਨ੍ਹਾਂ ਨੇ ਇਹੋ ਜਿਹੀਆਂ ਗੱਲਾਂ ਕਰਕੇ, ਗੁੰਮਰਾਹ ਕਰਕੇ ਵੋਟਾਂ ਲੈਣ ਦੀ ਕੋਸ਼ਿਸ਼ ਕੀਤੀ ਹੈ । ਇਹ ਹਰ ਘਰ ਵਿਚ ਜਾ ਕੇ ਇਹ ਗੱਲ ਕਰਦੇ ਰਹੇ ਕਿ ਇਹ ਕਰਾਂਗੇ, ਉਹ ਕਰਾਂਗੇ ਲੇਕਿਨ ਕੀਤਾ ਕੁਝ ਨਹੀਂ ਪਰ ਇਨ੍ਹਾਂ ਨੇ ਉਨ੍ਹਾਂ ਨੂੰ ਭੈੜੀਆਂ ਆਦਤਾਂ ਪਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ । ਪਰ ਅੱਜ ਉਹ ਗਰੀਬ ਲੋਕ ਇਨ੍ਹਾਂ ਦੀਆਂ ਗੱਲਾਂ ਉਤੇ ਨਹੀਂ ਤੁਰਨਗੇ । ਸਾਡੀ ਸਰਕਾਰ ਨੇ, ਅਕਾਲੀ ਦਲ ਸਰਕਾਰ ਨੇ,ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਸਾਡੀਆਂ ਗਰੀਬ ਭੈਣਾਂ ਨੂੰ ਬੱਚੀਆਂ ਨੂੰ 5100/- ਰੁਪਏ ਦੀ ਸ਼ਗਨ ਦੀ ਸਕੀਮ ਦਿੱਤੀ ਹੈ । ਅੱਜ ਤੱਕ ਜਿਨ੍ਹਾਂ ਦੀ ਸਰਕਾਰ ਏਥੇ 50 ਸਾਲ ਰਾਜ ਕਰਦੀ ਰਹੀ, ਉਨ੍ਹਾਂ ਨੇ ਕਿਸੇ ਵੀ ਗਰੀਬ ਨੂੰ 2/- ਰੁਪਏ ਵੀ ਸ਼ਗਨ ਨਹੀਂ ਦਿੱਤਾ । ਇਹ ਕਿੰਨੀ ਮਾੜੀ ਗੱਲ ਹੈ ਕਿ ਗਰੀਬ ਲੋਕਾਂ ਦੀਆਂ ਵੋਟਾਂ ਤੇ ਰਾਜ ਕਰਦੇ ਰਹੇ ਲੇਕਿਨ ਅੱਜ ਤੱਕ ਉਨ੍ਹਾਂ ਦੇ ਘਰ ਜਾ ਕੇ ਵਿਆਹ ਸ਼ਾਦੀ ਤੇ ਕੋਈ ਸ਼ਗਨ ਨਹੀਂ ਦੇ ਸਕੇ । ਕਿੰਨੇ ਅਫਸੋਸ ਦੀ ਗੱਲ ਹੈ । ਗੱਲਾਂ ਕਰਦੇ ਹਨ ਕਿ ਅਸੀਂ ਇਹ ਕੀਤਾ ਹੈ ਉਹ ਕੀਤਾ ਹੈ । ਕਿੰਨੀ ਪਰਸੈਂਟੇਜ ਹੈ, ਔਰਤਾਂ ਦੀ ਲੇਡੀਜ਼ ਦੀ ਪਰ ਉਨ੍ਹਾਂ ਵਾਸਤੇ ਇਨ੍ਹਾਂ ਕਦੇ ਕੁਝ ਨਹੀਂ ਕੀਤਾ । ਅੱਜ ਔਰਤਾਂ ਵਾਸਤੇ ਜੋ ਕੁਝ ਵੀ ਕੀਤਾ ਹੈ, ਅਕਾਲੀ,ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ । 5100/-ਰੁਪਏ ਦੀ ਸ਼ਗਨ ਦੀ ਸਕੀਮ ਵੀ ਬਾਦਲ ਸਾਹਿਬ ਨੇ ਹੀ ਦਿੱਤੀ ਹੈ।

ਚੇਅਰਮੈਨ ਸਾਹਿਬ, ਬੇਘਰਿਆਂ ਨੂੰ ਘਰ ਦੇਣ ਵਾਸਤੇ ਜੋ ਸਕੀਮ ਦਿੱਤੀ ਗਈ ਹੈ ਉਹ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਸਰਕਾਰ ਦੇ ਸਮੇਂ ਵਿਚ ਦਿੱਤੀ ਗਈ ਹੈ । ਜਿੰਨੇ ਵੀ ਬੇਘਰੇ ਲੋਕ ਹਨ, ਉਨ੍ਹਾਂ ਬਾਰੇ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਸਰਕਾਰ ਨੇ 100 ਘਰ ਬਣਾ ਦਿੱਤੇ, ਬਾਕੀ ਕਿਸ ਤਰ੍ਹਾਂ ਕੀਤਾ ਜਾਵੇਗਾ । ਚੇਅਰਮੈਨ ਸਾਹਿਬ, 100 ਘਰ ਹਰ ਕਾਂਸਟੀਚੂਐਂਸੀ ਵਿਚ ਬਣਾਏ ਗਏ ਹਨ ਲੇਕਿਨ ਇਨ੍ਹਾਂ ਨੇ ਤਾਂ 100 ਘਰ ਬਣਾਏ ਨਹੀਂ, ਉਜਾੜੇ ਹਨ ਅਤੇ ਇਨ੍ਹਾਂ ਵਲੋਂ ਗਰੀਬਾਂ ਨੂੰ ਕੋਈ ਵੀ ਰਾਹਤ ਨਹੀਂ ਦਿੱਤੀ ਗਈ । ਇਨ੍ਹਾਂ ਵਲੋਂ ਗਰੀਬਾਂ ਨੂੰ ਅੱਜ ਤੱਕ ਕੋਈ ਵੀ ਇਹੋ ਜਿਹੀ ਸਕੀਮ ਨਹੀਂ ਦਿੱਤੀ ਗਈ । ਸਾਡੀ ਸਰਕਾਰ ਵਲੋਂ 50,000/- ਰੁਪਏ ਦੇ ਨਾਲ ਸ਼ਾਨੋ-ਸ਼ੌਕਤ ਨਾਲ ਰਹਿਣ ਵਾਸਤੇ ਗਰੀਬ ਨੂੰ ਘਰ ਦਿੱਤਾ ਗਿਆ ਹੈ ਕਿਉਂਕਿ ਉਸ ਘਰ ਵਿਚ ਇਨਸਾਨ ਨੇ ਜਾਣਾ ਹੈ, ਥੱਕ ਟੁੱਟ ਕੇ ਜਾਣਾ ਹੈ । ਜਿਹੜੇ ਇਨ੍ਹਾਂ ਨੇ ਘਰ ਬਣਾਏ ਸੀ, ਉਨ੍ਹਾਂ ਵਿਚ ਕੁਝ ਨਹੀਂ ਸੀ । ਲੇਕਿਨ ਅੱਜ ਜੋ ਘਰ ਬਣਾਏ ਗਏ ਹਨ, ਉਸ ਵਿਚ ਨਾ ਗਰੀਬ ਨੂੰ ਸੀਮਿੰਟ ਲਾਉਣ ਦੀ ਲੋੜ ਪਈ, ਨਾ ਕੋਈ ਹੋਰ ਚੀਜ਼ ਲਾਉਣ ਦੀ ਲੋੜ ਪਈ । ਸਰਕਾਰ ਨੇ ਉਨ੍ਹਾਂ ਗਰੀਬਾਂ ਨੂੰ ਆਪ ਘਰ ਬਣਾ ਕੇ ਦਿੱਤੇ ਅਤੇ ਉਨ੍ਹਾਂ ਨੂੰ ਕਿਸੇ ਕਿਸਮ

[ਸ੍ਰੀਮਤੀ ਮਹਿੰਦਰ ਕੌਰ]

ਦੀ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਿਆ ਅਤੇ ਉਨ੍ਹਾਂ ਨੂੰ ਆਪ ਜਾ ਕੇ ਘਰਾਂ ਦੀਆਂ ਚਾਬੀਆਂ ਦਿੱਤੀਆਂ ਗਈਆਂ । ਮੈਂ ਇਸ ਗੱਲ ਦੀ ਬੜੀ ਪ੍ਰਸ਼ੰਸਾ ਕਰਦੀ ਹਾਂ ਲੇਕਿਨ ਇਨ੍ਹਾਂ ਨੇ ਜੋ ਘਰ ਬਣਾਏ ਸਨ, ਉਨ੍ਹਾਂ ਦੇ ਅੱਧੇ ਪੈਸੇ ਇਨ੍ਹਾਂ ਦੇ ਆਪਣੇ ਘਰਾਂ ਵਿਚ ਚਲੇ ਜਾਂਦੇ ਸਨ । ਕਿੰਨੀ ਮਾੜੀ ਗੱਲ ਹੈ । ਮੈਂ ਇਨ੍ਹਾਂ ਨੂੰ ਜਾਣਦੀ ਹਾਂ ਚੰਗੀ ਤਰ੍ਹਾਂ ਕਿ ਇਨ੍ਹਾਂ ਨੇ ਕੀ ਕੁਝ ਕੀਤਾ ਹੈ । ਕੀ ਕਰਨਾ ਹੈ ਅਤੇ ਜੋ ਇਸ ਵੇਲੇ ਇਹ ਕਰ ਰਹੇ ਹਨ, ਉਹ ਵੀ ਮੈਂ ਬਹੁਤ ਚੰਗੀ ਤਰ੍ਹਾਂ ਜਾਣਦੀ ਹਾਂ । ਅਗਰ ਮੈਂ ਸਾਰਾ ਕੁਝ ਬੋਲਾਂਗੀ ਤਾਂ ਫਿਰ ਬਹੁਤ ਕੁਝ ਬੋਲਿਆ ਜਾਵੇਗਾ । ਇਨ੍ਹਾਂ ਨੇ ਗਰੀਬ ਲੋਕਾਂ ਦਾ ਖੂਨ ਚੂਸ ਕੇ ਰਾਜ ਕੀਤਾ ਹੈ । ਇਸ ਕਰਕੇ ਅੱਗੇ ਨੂੰ ਇਨ੍ਹਾਂ ਦੀ ਕਦੀ ਵੀ ਸਰਕਾਰ ਨਹੀਂ ਬਣੇਗੀ । (ਵਿਘਨ) ਜੇਕਰ ਮੈਂ ਸਾਰਾ ਕੁਝ ਬੋਲ ਦਿਆਂਗੀ ਤਾਂ ਤੁਹਾਡਾ ਇਕ ਵੀ ਬੰਦਾ ਇਸ ਹਾਊਸ ਵਿਚ ਨਹੀਂ ਰਹੇਗਾ । ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਜੇਕਰ ਤੁਸੀਂ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਤੇ ਨਹੀਂ ਜਾ ਸਕਦੇ ਤਾਂ ਫਿਰ ਤੁਹਾਨੂੰ ਉਨ੍ਹਾਂ ਦੀਆਂ ਵੋਟਾਂ ਲੈਣ ਦਾ ਵੀ ਕੋਈ ਹੱਕ ਨਹੀਂ ।

ਜੱਚਾ ਤੇ ਬੱਚਾ ਦੀ ਭਲਾਈ ਵਾਸਤੇ ਇਹ ਜਿਹੜੀ 4500/- ਰੁਪਏ ਦੇਣ ਦੀ ਸਕੀਮ ਸਾਡੀ ਸਰਕਾਰ ਨੇ ਚਲਾਈ ਹੈ, ਇਹ ਵੀ ਅੱਜ ਤੱਕ ਕਦੀ ਕਿਸੇ ਨੇ ਨਹੀਂ ਸੀ ਚਲਾਈ । ਇਹ ਮੇਰੇ ਕਾਂਗਰਸੀ ਵੀਰ ਇਨ੍ਹਾਂ ਦੀਆਂ ਵੋਟਾਂ ਤਾਂ ਲੈਣੀਆਂ ਜਾਣਦੇ ਹਨ ਲੇਕਿਨ ਇਨ੍ਹਾਂ ਦੀ ਭਲਾਈ ਦਾ ਖਿਆਲ ਕਦੇ ਇਨ੍ਹਾਂ ਦੇ ਮਨਾ ਵਿਚ ਨਹੀਂ ਸੀ ਆਇਆ । ਨਾ ਹੀ ਅੱਜ ਤੱਕ ਕੋਈ ਖਿਆਲ ਇਨ੍ਹਾਂ ਨੇ ਕੀਤਾ ਹੈ । ਜਦੋਂ ਕੋਈ ਬੱਚੀ ਦਲਿਤ ਪਰਿਵਾਰ ਵਿਚ ਜੰਮਦੀ ਹੈ ਤਾਂ ਉਸ ਦੇ ਵਾਸਤੇ 4500/- ਰੁਪਿਆ ਸਾਡੀ ਸਰਕਾਰ ਦਿੰਦੀ ਹੈ । ਹਮੇਸ਼ਾ ਅਕਾਲੀ ਸਰਕਾਰ ਨੇ ਹੀ ਔਰਤਾਂ ਦੀ ਭਲਾਈ ਵਾਸਤੇ ਕੰਮ ਕੀਤਾ ਹੈ ਅਤੇ ਇਸ ਸਰਕਾਰ ਨੇ ਹੀ ਔਰਤਾਂ ਦੇ ਹੱਕ ਵਿਚ ਕੰਮ ਕੀਤਾ ਹੈ । ਜਦੋਂ ਵੀ ਅਕਾਲੀ ਸਰਕਾਰ ਆਈ ਹੈ, ਉਸ ਨੇ ਔਰਤਾਂ ਦੀ ਭਲਾਈ ਵਾਸਤੇ ਬਹੁਤ ਵਧੀਆ ਕੰਮ ਕੀਤੇ ਹਨ । 1980 ਇਸ ਵਿਚ ਸਰਕਾਰ ਨੇ ਮਹਿਲਾ ਮੰਡਲ ਰਜਿਸਟਰਡ ਕਰਵਾਏ ਸਨ ਅਤੇ ਉਨ੍ਹਾਂ ਨੂੰ ਰਾਹਤ ਦਿੱਤੀ ਸੀ ਲੇਕਿਨ ਕਾਂਗਰਸ ਸਰਕਾਰ ਨੇ ਉਹ ਮਹਿਲਾ ਮੰਡਲ ਇਹ ਕਹਿ ਕੇ ਠੱਪ ਕਰ ਦਿੱਤੇ ਸਨ ਕਿ ਇਹ ਤਾਂ ਵਿਹਲੇ ਮੰਡਲ ਹਨ । ਇਹ ਉਨ੍ਹਾਂ ਦੀਆਂ ਵੋਟਾਂ ਜ਼ਰੂਰ ਬਟੋਰਦੇ ਹਨ ਲੇਕਿਨ ਉਨ੍ਹਾਂ ਦੇ ਹੱਕਾਂ ਵਾਸਤੇ ਕਦੀ ਕੋਈ ਗੱਲ ਨਹੀਂ ਕਰਦੇ । ਅੱਜ ਅਕਾਲੀ ਸਰਕਾਰ ਨੇ ਬੀਬੀ ਜਾਗੀਰ ਕੌਰ ਨੂੰ ਬਹੁਤ ਵੱਡੀ ਪਦਵੀ ਤੇ ਬਿਠਾਇਆ ਹੈ । ਇਨ੍ਹਾਂ ਕਾਂਗਰਸੀਆਂ ਨੇ ਅੱਜ ਤੱਕ ਇਸਤਰੀ ਜਾਤੀ ਨੂੰ ਐਨੀ ਉਚੀ ਪੱਦਵੀ ਤੇ ਜਾਣ ਦਾ ਕਦੀ ਕੋਈ ਮੌਕਾ ਨਹੀਂ ਦਿੱਤਾ । (ਥੰਪਿੰਗ) ਇਸ ਦੇ ਵਾਸਤੇ ਮੈਂ ਅੱਜ ਦੀ ਅਕਾਲੀ ਸਰਕਾਰ ਨੂੰ ਵਧਾਈ ਦਿੰਦੀ ਹਾਂ ਕਿ ਇਹ ਉਨ੍ਹਾਂ ਨੇ ਬਹੁਤ ਹੀ ਵਧੀਆ ਕੰਮ ਕੀਤਾ ਹੈ ।

ਇਕ ਹੋਰ ਬਹੁਤ ਵਧੀਆ ਗੱਲ ਹੈ ਜੋ ਮੈਂ ਤੁਹਾਨੂੰ ਦੱਸਣ ਦੀ ਕੋਸ਼ਿਸ਼ ਕਰਾਂਗੀ । ਇਨ੍ਹਾਂ ਦੇ ਸਮੇਂ ਵਿਚ ਇਕ ਦੁਆਕਰਾ ਸਕੀਮ ਲਾਗੂ ਕੀਤੀ ਗਈ ਸੀ ਜਿਸ ਵਿਚ 10 ਹਜ਼ਾਰ ਤੋਂ 15 ਹਜ਼ਾਰ ਰੁਪਿਆ ਔਰਤਾਂ ਨੂੰ ਦਿੱਤਾ ਜਾਂਦਾ ਸੀ ਜਿਸ ਵਿਚ ਇਕ ਗਰੁੱਪ ਤਿਆਰ ਕੀਤਾ ਜਾਂਦਾ ਸੀ । ਇਸ ਦੇ ਵਿਚ 10 ਔਰਤਾਂ ਨੂੰ, ਗਰੀਬ

ਤੇ ਦਲਿਤ ਔਰਤਾਂ ਨੂੰ 15 ਹਜ਼ਾਰ ਰੁਪਿਆ ਇਨ੍ਹਾਂ ਨੇ ਦਿੱਤਾ ਸੀ ਲੇਕਿਨ ਬਾਦਲ ਸਾਹਿਬ ਦੀ ਸਰਕਾਰ ਨੇ 25 ਹਜ਼ਾਰ ਰੁਪਿਆ ਦੇ ਕੇ ਇਸ ਸਕੀਮ ਨੂੰ ਅੱਗੇ ਵਧਾਇਆ ਹੈ । ਫਿਰ ਕਿਉਂ ਨਾ ਇਸ ਸਰਕਾਰ ਦੀ ਪ੍ਰਸ਼ੰਸਾ ਕਰੀਏ ਜਿਸ ਨੇ 10 ਹਜ਼ਾਰ ਰੁਪਏ ਤੋਂ ਵਧਾ ਕੇ 25 ਹਜ਼ਾਰ ਰੁਪਿਆ ਕਰ ਦਿੱਤਾ ਹੈ । ਇਹ ਸਮਝਦੇ ਸੀ ਕਿ 10 ਹਜ਼ਾਰ ਰੁਪਏ ਦੇ ਵਿਚ ਔਰਤਾਂ ਨੂੰ ਰਾਹਤ ਦੇ ਦਿਆਂਗੇ ਲੇਕਿਨ 10 ਹਜ਼ਾਰ ਰੁਪਏ ਦੇ ਨਾਲ 10 ਔਰਤਾਂ ਕਿਵੇਂ ਕੰਮ ਕਰ ਸਕਦੀਆਂ ਹਨ । ਬਾਦਲ ਸਾਹਿਬ ਨੇ ਇਸ ਸਕੀਮ ਅਧੀਨ 25 ਹਜ਼ਾਰ ਰੁਪਿਆ ਇਨ੍ਹਾਂ ਗਰੀਬ ਔਰਤਾਂ ਨੂੰ ਦਿੱਤਾ ਹੈ ਜਿਸ ਨਾਲ ਕਰੋੜਾਂ ਰੁਪਏ ਦਾ ਖਰਚਾ ਆ ਚੁੱਕਾ ਹੈ । ਮੇਰੀ ਸਰਕਾਰ ਇਸ ਦੇ ਲਈ ਬਹੁਤ ਬਹੁਤ ਵਧਾਈ ਦੀ ਪਾਤਰ ਹੈ ।

ਇਸ ਤੋਂ ਇਲਾਵਾ ਆਸਾਮੀਆਂ ਅਤੇ ਸੇਵਾਵਾਂ ਵਿਚ ਇਨ੍ਹਾਂ ਦੀ ਸਰਕਾਰ ਦੇ ਵੇਲੇ ਤੋਂ ਜਿਹੜਾ ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦਾ ਰਿਜ਼ਰਵੇਸ਼ਨ ਦਾ ਬੈਕਲਾਗ ਤੁਰਿਆ ਆਉਂਦਾ ਸੀ, ਉਸ ਨੂੰ ਪੂਰਾ ਕਰਨ ਲਈ ਬਾਦਲ ਸਾਹਿਬ ਦੀ ਸਰਕਾਰ ਨੇ ਇਕ ਸੈੱਲ ਕਾਇਮ ਕੀਤਾ ਹੈ । ਇਨ੍ਹਾਂ ਨੇ ਅੱਜ ਤੱਕ ਇਸ ਤਰ੍ਹਾਂ ਦਾ ਕੋਈ ਸੈੱਲ ਕਾਇਮ ਨਹੀਂ ਸੀ ਕੀਤਾ । ਇਨ੍ਹਾਂ ਦੇ ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਜੋ ਕਰਮਚਾਰੀ ਸਨ, ਉਨ੍ਹਾਂ ਨੂੰ ਡੀਗਰੇਡ ਕੀਤਾ ਗਿਆ । ਕਦੀ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ ਗਈ । ਜਦੋਂ ਤੋਂ ਰਿਜ਼ਰਵੇਸ਼ਨ ਲਾਗੂ ਹੋਈ ਹੈ, ਉਦੋਂ ਤੋਂ ਇਨ੍ਹਾਂ ਨੇ ਗਰੀਬ ਲੋਕਾਂ ਦੇ ਕਰਮਚਾਰੀਆਂ ਤੋਂ ਉਨ੍ਹਾਂ ਦਾ ਬਣਦਾ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਰਿਜ਼ਰਵੇਸ਼ਨ ਦੇਣ ਤੋਂ ਨਾਂਹ ਕਰ ਦਿੱਤੀ । ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਪ੍ਰਸੈਂਟੇਜ ਬਹੁਤ ਜ਼ਿਆਦਾ ਹੈ ਲੇਕਿਨ ਇਨ੍ਹਾਂ ਨੇ ਕਦੀ ਵੀ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਪੂਰਾ ਹਿੱਸਾ ਨਹੀਂ ਦਿਵਾਇਆ । ਮੈਂ ਇਸ ਗੱਲ ਦੀ ਪ੍ਰਸ਼ੰਸਾ ਕਰਦੀ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਇਹ ਸੈੱਲ ਵੀ ਕਾਇਮ ਕਰ ਦਿੱਤਾ ਹੈ । ਬਾਕੀ ਮੈਂ ਬਹੁਤਾ ਕੁਝ ਨਾ ਕਹਿੰਦੀ ਇਹੋ ਕਹਿਣਾ ਚਾਹੁੰਦੀ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਬਹੁਤ ਚੰਗੇ ਕੰਮ ਕੀਤੇ ਹਨ । ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਇਸ ਰੇਜ਼ੋਲਿਊਸ਼ਨ ਤੇ ਬੋਲਣ ਲਈ ਸਮਾਂ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ । ਜੈ ਹਿੰਦ ।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਤੁਸੀਂ ਇਸ ਨੂੰ ਪਾਸ ਕਰਾਉਣਾ ਚਾਹੁੰਦੇ ਹੋ ਜਾਂ ਨਹੀਂ ।

ਸ੍ਰੀ ਸਭਾਪਤੀ : ਅਸੀਂ ਬਹਿਸ ਕਰਾਉਣੀ ਹੈ ਅਤੇ ਸਾਰਿਆਂ ਦੇ ਵਿਚਾਰ ਸੁਣਨੇ ਹਨ । (ਸ਼ੋਰ . . . . . ਵਿਘਨ . .)

श्रीमती लक्ष्मी कान्ता चावला (अमृतसर केन्द्रीय) : चेयरमैन साहिब, आज सदन के सामने जो प्रस्ताव है उस पर बात करने से पहले मैं एक प्रार्थना करूंगी कि राम नौमी का त्योहार है उस दिन सभी घरों में बड़ा काम होता

[श्रीमती लक्ष्मी कांता चावला]

है । उस के पहले दिन दुर्गा अष्टमी है उस दिन भी घरों में पूजा होती है, ज्यादा काम होता है । राम नौमी के दूसरे दिन हाऊस में 11 बजे पहुंचना मुशकिल है । कृप्या उस दिन समय को देख लें । विचार करें ।

सदन के सामने प्रस्ताव है कि अनुसूचित जातियों, पिछड़ी श्रेणियों के जो हमारे लोग हैं, परिवार हैं उनके उत्थान के लिये प्रभावी स्कीमें बनाई जायें और लागू भी की जायें । मेरा यह निवेदन है कि जो लोग भारत की संस्कृति को मूल रूप में जानते हैं, उनको पता है कि यहां का सिधांत है वो वैदिक काल से :

सर्वे भवन्तु सुखीना का सिधांत है । वैदिक काल से हमने यह माना : कि

ईशावास्यमिदं सर्व यत्किंचित जगत्यांजगत्

उसको हमारे सतों ने यह कह दिया कि (विघ्न . . .)

(कुझ आवाज़ां : पंजाबी विच बोलो जी ।)

जब कोई यहां पर अंग्रेजी बोलता है तो आपको समझ आ जाती है । हिन्दुस्तान की भाषा से क्यों चिढ़ है । जिनको समझ आती है । वह समझ जायें । आपको क्या लगता है कि आपकी सारी बातें हमें समझ आती हैं । यहां समझदारों को ही सुनना चाहिये । हमारा यह सिधांत रहा । रामायण काल से हमने यह कहा कि :

सिया राम मय सब जग जानहि
करहूँ प्रणाम जोरि जुग पानिहिं ।

संत कबीर जी ने कहा :—

लाली मेरे लाल की जित देखहूँ तित लाल
लाली देखन मैं गई, मैं भी हो गई लाल ।

उसके बाद संतों ने कहा कि;

"अवलि अलह नूरु उपाइआ कुदरति के सभ बंदे
एक नूर ते सभु जगु उपजिआ कउन भले को मंदे"

जब हम सब कुदरत के हैं तो ये मानवता के नाते कोई भूखा न रहे, कोई अनपढ़ न रहे, कोई गंदगी में न रहे, कोई बदबू में न रहे । सबका एक जैसा उत्थान करना और होना भी चाहिये । भारत की संस्कृति है । अगर ऐसा नहीं होता तो भगवान राम शबरी के आश्रम में जा के प्यार से दिये झूठे बेर न खाते । भगवान राम निशाद को गले लगा कर उसको अपना भरत से भी ज्यादा प्यारा भाई न कहते । ये भारत की संस्कृति है । गीता में भगवान कृष्ण जी ने कहा है ।

विद्या विनय सम्पन्ने ब्राह्मणे गवि: कवी हास्तिनी

शुनि जैव श्वपाकेश्च पंडिता । समदर्शिन : ।

पंडित उस को कहते हैं जो सबको बराबर की दृष्टि से देखें । मेरा यह निवेदन है कि हमारे जो विदेशी आक्रमणों के कारण, गुलामी के कारण, सदियों से पीछे छूट गये, उनको बराबर लाना लेकिन उनकी एक अलग क्लास पैदा कर देनी नहीं । कुछ लोग जिनमें गांधी जी जैसे भी थे जिनके मन में दर्द था, लेकिन राजनीति की लड़ाई में आजादी के बाद यह चुनाव लड़ने का मुद्दा बन गया । इनके लिये इतनी योजना दे दो लेकिन शराब सबसे ज्यादा पिला दो । अब भी क्या हो गया । मैं इधर, उधर की बात नहीं करती जो सच है वही बात करती हूँ । मेरे हलके में एक बहुत अच्छी बात हुई । अमृतसर में 1972 की बात है । एक व्यक्ति शराब ले के गरीब बस्ती में गया । वहाँ इक समझदार व्यक्ति ने शराब की बोतल तोड़ी और उसने कहा कि जिस को कुत्ता भी नहीं पीता वह तू मेरे घर में लेकर क्यों आया है । मैं वोट अपनी मर्जी से डालूगा । मेरा यह निवेदन है कि सदन में कि हम इस सदन मे वाकयुद्ध करते हैं, जुबानी लड़ाई करते हैं । एक कहता है कि बड़ा कुछ दे दिया तो दूसरा कहता है कि कुछ नहीं दिया । वास्तविकता यह है कि योजनाएं बनीं, 1947 के बाद से लगातार बन रही हैं और 1997 के बाद भी बन रही हैं । प्रश्न यह है कि जिनके लाभ के लिए हम योजनाएं बनाते हैं उन तक वह नहीं पहुंचती हैं । प्रश्न यह है कि बीच में दलाल खड़े हो जाते हैं और वह पैसे लेकर काम करते है । यह सन् 1992 में भी करते थे और सन् 1999 में भी करते हैं । मेरा एक निवेदन है कि अगर यह विशेष सुविधाएं और आरक्षण देने से बिसाखियों के सहारे कोई उपर उठ सकता होता तो पिछले 50 साल में सारा देश उपर उठा होता । छूट से हो गया होता आरक्षण से हो गया होता । स्पैशल घर बना कर हो गया होता, लेकिन हुआ नहीं । मैं लम्बी बात नहीं करना चाहती । मैं कहना चाहती हूँ कि किसी को हमेशा के लिए बिसाखियाँ मत दे दीजिए कि तूँ उमीद कर, तूँ योगता में बराबर न आ तुम्हें इस से छूट दे देंगे तुम ऊपर आ जाओगे । मेरा एक निवेदन हैं ——

ਸ਼੍ਰੀ ਸਭਾਪਤੀ ਮੈਡਮ ਜੀ, ਸਰਦਾਰ ਮੱਖਣ ਸਿੰਘ ਜੀ, ਪੁਆਇੰਟ ਆਫ ਆਰਡਰ ਤੇ ਹਨ । ਤੁਸੀਂ ਬੈਠ ਜਾਉ ।

ਸਰਦਾਰ ਮੱਖਣ ਸਿੰਘ ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਟੇਢੇ ਢੰਗ ਦੇ ਨਾਲ ਰਿਜ਼ਰਵੇਸ਼ਨ ਦੀ ਮੁਖਾਲਫਤ ਕੀਤੀ ਜਾ ਰਹੀ ਹੈ ਜਿਹੜੀ ਕਿ ਹਿੰਦੁਸਤਾਨ ਦੇ ਕੰਸਟੀਚੂਸ਼ਨ ਦੀ ਹੀ ਵਿਰੋਧਤਾ ਹੈ । ਮੇਰੇ ਖਿਆਲ ਦੇ ਵਿੱਚ ਚੇਅਰਮੈਨ ਸਾਹਿਬ, ਨੂੰ ਮੈਂਬਰ ਸਾਹਿਬ ਨੂੰ ਇਸ ਗੱਲ ਤੋਂ ਰੋਕਣਾ ਚਾਹੀਦਾ ਹੈ ।

श्रीमती लक्ष्मी कांता चावला: आपको क्या लगता है कि क्या मैं संविधान पढ़े बिना ही यहाँ आ गई। मैंने पुलीटीकल साईंस में B. A. की है और L.L.B. की है। चेयरमैन साहिब, मेरा निवेदन है कि अगर 80-82 अमैंडमैंटस संविधान में हो गई हैं तो कुछ बदलने वाला था। मैं रिजर्वेशन की विरोधी नहीं। मैं यह नहीं चाहती कि रिजर्वेशन का डंडा देकर उनको कहो के हमेशा रिजर्व होकर चलते रहो। मेरा कहना है कि जिन परिवारों को रिजर्वेशन का लाभ मिल गया है, एक I.A.S के परिवार में 6 I.A.S. हो गए, एक मंत्री के पोते; दोहते उसी रिजर्वेशन के बल पर मनिस्टर हो गए उन को उतार के जो आज भी गरीब हैं, दलित हैं और गन्दे कपड़ों में हैं, उनको लाभ दिया जाए। और अब क्या किया। अब एक भाईचारा और शामिल कर लिया। लाभ पात्रियों में ताकि लाभ लेने वालों की संख्या ज्यादा हो जाए और लाभ देने वाले कम। मेरा निवेदन है कि यह जो हमारे भाई बहिन दौड़ में पिछड़ गए हैं, उन को ट्रेनिंग ज्यादा दे दीजिए। उनके लिए स्कूल फी, Education फी, लोडिंग फी, फूड फी, सब कुछ उनको फ्री दे दीजिए। उनको डाक्टर और इन्जनियर बनते समय यह वेट न करें कि अगर हम खुले में गए तो मार खा जाएंगे। हम रिजर्व कैटेगरी का इन्ट्रवयु (Interview) दें तो डाक्टर और इन्जनियर बन पाएँगे। एक हीन भाव हम उनके दिल में भर रहे हैं। सब से ज्यादा हिन्दुस्तान की लड़कियां पछड़ी हुई हैं उनके लिए कौन तय करता है कि वह ससुराल जा के पढ़ेंगी या नहीं पढ़ेंगी। ससुराल में जाकर घर से बाहर निकलेंगी या नहीं निकलेंगी और अगर शादी के टाईम पर गरीब लड़की, गरीब लड़की, कहा जाता है मुझे तो लगता है कि वह लड़के महाँ गरीब हैं जिनको दहेज न मिले तो वह शादी नहीं करते। वह लड़का महाँ गरीब है जिनको ससुराल के घर की रोटी न मिले तो वह शादी नहीं करते। तो जो लड़कियाँ बिचारी पड़ी हैं चाहे ब्राहमन की बेटी है, चाहे वहजाट की है वह पिछड़ी जाती की है। जब घर में पिटाई होती है तो वह हर लड़की की होती है। जाती देखकर नहीं होती। अगर आपने भला करना है तो यह 5000-4500 पर मत रखिए, उनको पढ़ाई लिखाई और योग्यता बराबर की दीजिए और लड़कियां जो सब से ज्यादा पछड़ी हैं, उनके दुःख को दूर करने वाला दहेज देने वालों को नहीं, लेने वालों को दंड योग्य मानिए। धन्यवाद।

ਸ੍ਰੀ ਰਮੇਸ਼ ਚੰਦਰ ਡੋਗਰਾ : ਚੇਅਰਮੈਨ ਸਾਹਿਬ, ਇਸ ਮਤੇ ਤੇ ਕਾਫੀ ਬਹਿਸ ਹੋ ਚੁੱਕੀ ਹੈ, ਕਾਫੀ ਸਮਾਂ ਹੋ ਗਿਆ ਹੈ ...

ਸ੍ਰੀ ਸਭਾਪਤੀ : ਅਜੇ ਬਹੁਤ ਮੈਂਬਰ ਬੋਲਣ ਵਾਲੇ ਹਨ।

ਸ੍ਰੀ ਰਮੇਸ਼ ਚੰਦਰ ਡੋਗਰਾ : ਅਗਰ ਇਹ ਸਮਝਦੇ ਹਨ ਕਿ ਜਿਹੜੀ ਇਨ੍ਹਾਂ ਦੀ ਸਰਕਾਰ ਹੈ, ਇਹ ਉਨ੍ਹਾਂ ਦੇ ਵਾਸਤੇ ਬੜੀ ਵੈੱਰੀਡ ਹੈ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਚਾਹੁੰਦੀ ਹੈ ਤਾਂ ਇਹ ਰੈਜ਼ੋਲਿਊਸ਼ਨ ਪਾਸ ਹੋ ਜਾਣਾ ਚਾਹੀਦਾ ਹੈ।

WALK-OUT

ਸ੍ਰੀ ਸਭਾਪਤੀ: ਬੋਲਣ ਵਾਲਿਆਂ ਦੀ ਲਿਸਟ ਬਹੁਤ ਵੱਡੀ ਹੈ ਜੀ। ਹਾਂ ਜੀ ਭੁੱਲਰ ਸਾਹਿਬ।

(ਇਸ ਸਮੇਂ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਉਚੀ ਉਚੀ ਬੋਲ ਰਹੇ ਸਨ ———ਇੱਕ ਆਵਾਜ਼——ਸਾਨੂੰ ਵਾਕ ਆਊਟ ਕਰਨਾ ਪਵੇਗਾ।)

............ਵਾਕ ਆਊਟ ਕਰਨਾ ਤੁਹਾਡਾ ਅਧਿਕਾਰ ਹੈ ਅਤੇ ਇਸ ਨੂੰ ਕੋਈ ਰੋਕ ਨਹੀਂ ਸਕਦਾ।

ਸ੍ਰੀ ਰਮੇਸ਼ ਚੰਦਰ ਡੋਗਰਾ: ਅਸੀਂ ਪ੍ਰੋਟੈਸਟ ਵਜੋਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਹਾਜ਼ਰ ਮੈਂਬਰ ਅਤੇ ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ, ਸ਼੍ਰੋਮਣੀ ਅਕਾਲੀ ਦਲ (ਮਾਨ) ਸਦਨ ਵਿਚੋਂ ** ** ਨਾਹਰੇ ਮਾਰਦੇ ਹੋਏ ਵਾਕ ਆਊਟ ਕਰ ਗਏ।)

ਸ੍ਰੀ ਸਭਾਪਤੀ ਨਾਹਰੇ ਰਿਕਾਰਡ ਨਾ ਕੀਤੇ ਜਾਣ। ਸਰਦਾਰ ਗੁਰਦੀਪ ਸਿੰਘ ਜੀ ਭੁੱਲਰ।

RESOLUTION RE. THE STATE GOVERNMENT TO REVIEW ITS CURRENT WELFARE SCHEMES FOR UPLIFTMENT OF S.Cs. AND B. Cs. IN THE STATE AND TAKE STEPS FOR EFFECTIVE IMPLEMENTATION OF SUCH SCHEMES (*Resumption*)

ਸਰਦਾਰ ਗੁਰਦੀਪ ਸਿੰਘ ਭੁੱਲਰ (ਨੂਰ ਮਹਿਲ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਦੇ ਰਾਜ ਮੰਤਰੀ (ਚੌਧਰੀ ਸਵਰਨਾ ਰਾਮ): ** ** ** ** **

ਸ੍ਰੀ ਸਭਾਪਤੀ: ਇਹ ਐਕਸਪੰਜ ਕਰ ਦਿਓ।

*1.16 ਵਜੇ ਬਾਅਦ ਦੁਪਹਿਰ

(ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਰਦਾਰ ਗੁਰਦੀਪ ਸਿੰਘ ਭੁੱਲਰ ਸਪੀਕਰ ਸਾਹਿਬ, ਜਿਹੜਾ ਮਤਾ ਡਾਕਟਰ ਸਾਹਿਬ ਨੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਵਾਸਤੇ ਲਿਆਂਦਾ ਹੈ, ਬੜੇ ਅਫਸੋਸ ਦੀ

**Expunged not recorded as ordered by the Chair.

[ਸਰਦਾਰ ਗੁਰਦੀਪ ਸਿੰਘ ਭੁੱਲਰ]

ਗੱਲ ਹੈ ਕਿ ਉਹ ਚਲੇ ਗਏ ਹਨ । ਜਿਨ੍ਹਾਂ ਨੇ ਮਤਾ ਰੱਖਿਆ, ਉਹ ਬੜੀਆਂ ਗੱਲਾਂ ਕਰਦੇ ਸਨ, ਬੜੇ ਉਨ੍ਹਾਂ ਨੇ ਮਗਰਮੱਛ ਦੇ ਹੰਝੂ ਵਹਾਏ ਸਨ । ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਸਾਡੀ ਗੱਲ ਸੁਣ ਕੇ ਜਾਂਦੇ । ਹਾਊਸ ਦੀ ਮਰਿਆਦਾ ਮੁਤਾਬਿਕ ਜੋ ਡਿਸੀਜ਼ਨ ਹੋਣਾ ਸੀ, ਉਹ ਸੁਣ ਕੇ ਜਾਂਦੇ ਪਰ ਉਹ ਸੱਚ ਸੁਣ ਨਹੀਂ ਸਕੇ ਕਿਉਂਕਿ ਸੱਚ ਕੌੜਾ ਹੁੰਦਾ ਹੈ । ਇਨ੍ਹਾਂ ਨੇ ਪਿਛਲੇ 45 ਸਾਲ ਤੋਂ ਰਾਜ ਕੀਤਾ ਪਰ ਇਹ ਦਲਿਤ ਵੀਰਾਂ ਵਾਸਤੇ ਕੁਝ ਨਹੀਂ ਕਰ ਸਕੇ । ਇਨ੍ਹਾਂ ਨੇ ਪੱਛੜੀਆਂ ਸ਼੍ਰੇਣੀਆਂ ਲਈ ਕੋਈ ਸਕੀਮ ਨਹੀਂ ਬਣਾਈ । ਇਸ ਕਰਕੇ ਇਹ ਸਾਡੇ ਕੋਲੋਂ ਸੱਚ ਨਹੀਂ ਸੁਣ ਸਕੇ ਅਤੇ ਭੱਜ ਗਏ । ਸਪੀਕਰ ਸਾਹਿਬ, ਇਹ ਲਾਰੇ ਲਗਾ ਕੇ ਦਲਿਤ ਵੀਰਾਂ, ਅਨੁਸੂਚਿਤ ਜਾਤੀਆਂ ਦੇ ਲੋਕਾਂ ਕੋਲੋਂ ਵੋਟਾਂ ਬਟੋਰਦੇ ਰਹੇ । ਅੱਜ ਦੇ ਮਤੇ ਦੀ ਭਾਵਨਾ ਵੀ ਇਹੋ ਜਿਹੀ ਹੀ ਹੈ । ਇਨ੍ਹਾਂ ਨੇ ਆਪ ਤਾਂ ਕੁਝ ਨਹੀਂ ਕੀਤਾ । ਇਹ ਚਾਰ ਨਾਅਰੇ ਲਗਾ ਕੇ ਲੋਕਾਂ ਨੂੰ ਗੁੰਮਰਾਹ ਕਰਨਾ ਚਾਹੁੰਦੇ ਹਨ । ਇਨ੍ਹਾਂ ਨੇ ਆਪਣੇ ਸਮੇਂ ਦਲਿਤ ਵੀਰਾਂ ਨੂੰ ਲਾਰੇ ਲਗਾਏ ਕਿ ਅਸੀਂ ਤੁਹਾਨੂੰ ਜ਼ਮੀਨ ਦੇਵਾਂਗੇ ਅਤੇ ਤੁਸੀਂ ਸਾਨੂੰ ਵੋਟਾਂ ਦਿਓ । ਜੇ ਸਾਡਾ ਰਾਜ ਆ ਗਿਆ ਤਾਂ ਅਸੀਂ ਤੁਹਾਨੂੰ ਕਿੱਲੇ ਦੇ ਦੇਵਾਂਗੇ ਅਤੇ ਫਿਰ ਇਹ ਕਿੱਲੇ ਤੋਂ ਪਲਾਟਾਂ ਤੇ ਆ ਗਏ । ਫਿਰ ਜਦੋਂ ਇਨ੍ਹਾਂ ਦੀ ਸਰਕਾਰ ਆਈ....

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) ਸਪੀਕਰ ਸਾਹਿਬ, ਜਿਸ ਮੂਵਰ ਨੇ ਇਹ ਮਤਾ ਲਿਆਂਦਾ, ਉਹ ਇੱਥੋਂ ਚਲੇ ਗਏ ਹਨ । ਇਹ ਬੜਾ ਅੱਛਾ ਡਿਬੇਟੇਬਲ ਪੁਆਇੰਟ ਸੀ ਪਰ ਜੇ ਮੂਵਰ ਹੀ ਦੌੜ ਜਾਵੇ ਤਾਂ ਬੜੇ ਅਫ਼ਸੋਸ ਦੀ ਗੱਲ ਹੈ । ਇਨ੍ਹਾਂ ਨੇ ਨਾ ਤਾਂ ਜਵਾਬ ਦੇਣ ਦਾ ਮੌਕਾ ਦਿੱਤਾ ਅਤੇ ਨਾ ਹੀ ਬਹਿਸ ਸੁਣੀ । ਸਭ ਨੂੰ ਪਤਾ ਹੈ ਕਿ ਇਹ ਅਨੁਸੂਚਿਤ ਜਾਤੀਆਂ ਅਤੇ ਦਲਿਤ ਵੀਰਾਂ ਤੋਂ ਵੋਟ ਬੈਂਕ ਬਣਾਉਂਦੇ ਹਨ । ਜਦੋਂ ਅਸੀਂ ਰਿਐਲਟੀ ਕਹਿ ਰਹੇ ਹਾਂ ਤਾਂ ਇਹ ਕੁਝ ਵੀ ਸੁਨਣਾ ਨਹੀਂ ਚਾਹੁੰਦੇ । ਇਸ ਤਰ੍ਹਾਂ ਨਾਨ-ਆਫੀਸ਼ੀਅਲ ਡੇਅ ਤੇ ਰੈਜ਼ੋਲਿਊਸ਼ਨ ਰੱਖਣ ਦਾ ਮੰਤਵ ਨਹੀਂ ਰਹਿ ਜਾਂਦਾ । ਜੇ ਅਸੀਂ ਕਹਿੰਦੇ ਹਾਂ ਕਿ ਇਸ ਦਿਨ ਕੋਈ ਹੋਰ ਬਿਜ਼ਨਸ ਕਰ ਲਈਏ ਤਾਂ ਇਹ ਪ੍ਰੋਟੈਸਟ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਾਡਾ ਹੱਕ ਮਾਰਿਆ ਜਾਂਦਾ ਹੈ । ਇਹ ਬੀ. ਏ. ਸੀ. ਦੁਆਰਾ ਅਲਾਓ ਕੀਤੇ ਗਏ ਦਿਨ ਨੂੰ ਠੀਕ ਤਰ੍ਹਾਂ ਯੂਟੇਲਾਈਜ਼ ਨਹੀਂ ਕਰ ਰਹੇ । ਇਨ੍ਹਾਂ ਕੋਲ ਕਾਫੀ ਟਾਈਮ ਹੈ, ਪਲੈਂਟੀ ਆਫ ਟਾਈਮ ਹੈ । ਪਰ ਇਹ ਉਸ ਦਾ ਠੀਕ ਤਰ੍ਹਾਂ ਯੂਜ਼ ਨਹੀਂ ਕਰ ਰਹੇ । ਇਸ ਤਰ੍ਹਾਂ ਦਾ ਤਰੀਕਾ ਠੀਕ ਨਹੀਂ । ਇਸ ਤਰ੍ਹਾਂ ਹਾਊਸ ਦਾ ਟਾਈਮ ਜ਼ਾਇਆ ਹੋ ਰਿਹਾ ਹੈ । ਜੇ ਮੂਵਰ ਹੀ ਨਹੀਂ ਹੈ ਤਾਂ ਫਿਰ ਮਤੇ ਦਾ ਕੋਈ ਅਰਥ ਨਹੀਂ । ਬਹਿਸ ਦੋਵੇਂ ਪਾਸੇ ਤੋਂ ਹੋਣੀ ਚਾਹੀਦੀ ਹੈ । ਆਪੋਜ਼ੀਸ਼ਨ ਤਾਂ ਹੈ ਨਹੀਂ । ਮੂਵਰ ਨਹੀਂ । ਇਸ ਤਰ੍ਹਾਂ ਰੈਜ਼ੋਲਿਊਸ਼ਨ ਦੀ ਇੰਪਾਰ-ਟੈਂਸ ਨਹੀਂ ਰਹੀ । ਇਨ੍ਹਾਂ ਨੇ ਸੁਜੈਸ਼ਨਾਂ ਦੇ ਦਿੱਤੀਆਂ ਅਤੇ ਕਾਫੀ ਟਾਈਮ ਲੈ ਲਿਆ ਪਰ ਸਾਡਾ ਜਵਾਬ ਵੀ ਸੁਣਨ । ਇਨ੍ਹਾਂ ਨੂੰ ਰਾਜ ਕਰਦੇ ਨੂੰ ਪੰਜਾਹ ਸਾਲ ਹੋ ਗਏ ਹਨ ਪਰ ਜਦੋਂ ਹੁਣ ਸੁਣਨ ਦਾ ਮੌਕਾ ਆਇਆ ਤਾਂ ਇਹ ਭੱਜ ਗਏ । ਸ਼ਾਇਦ ਇਨ੍ਹਾਂ ਨੂੰ ਜਲਦੀ ਭੁੱਖ ਲੱਗ ਗਈ ਹੈ । ਇਸ ਕਰਕੇ ਹਾਊਸ ਐਡਜਰਨ ਕਰ ਦਿਓ ।

ਸ਼੍ਰੀ ਸਪੀਕਰ: ਇਹ ਵਿਦਡਰਾਅ ਨਹੀਂ ਹੋ ਸਕਦਾ । ਹਾਂ ਜੀ ਭੁੱਲਰ ਸਾਹਿਬ ।

ਸਰਦਾਰ ਗੁਰਦੀਪ ਸਿੰਘ ਭੁੱਲਰ: ਸਪੀਕਰ ਸਾਹਿਬ, ਮੈਂ ਪਹਿਲਾਂ ਦੱਸਦਾ ਹਾਂ ਕਿ ਸਾਡੀ ਸਰਕਾਰ ਨੇ ਕੀ ਕੀਤਾ । ਮੈਂ ਦੂਰ ਨਹੀਂ ਜਾਂਦਾ । ਜਦੋਂ ਪਿਛਲੀ ਵਾਰੀ ਇਨ੍ਹਾਂ

ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਲੋਕਾਂ ਨੂੰ ਲਾਰੇ ਲਗਾਏ ਅਤੇ ਵੋਟਾਂ ਲੈਣ ਵਾਸਤੇ ਕਿਹਾ ਕਿ ਦਲਿਤ ਵੀਰਾਂ ਦੇ ਪੰਜ-ਪੰਜ ਹਜ਼ਾਰ ਕਰਜ਼ੇ ਮੁਆਫ ਕਰਾਂਗੇ ਪਰ ਕਿਸੇ ਦਾ ਕਰਜ਼ਾ ਮੁਆਫ ਨਹੀਂ ਹੋਇਆ। ਲੋਕੀਂ ਚਾਰ ਸਾਲ ਰੌਲਾ ਪਾਉਂਦੇ ਰਹੇ, ਜਿਸ ਦਾ ਕਰਜ਼ਾ 1500-1500 ਰੁਪਏ ਸੀ ਉਹ ਵੱਧ ਕੇ 7-7 ਹਜ਼ਾਰ ਹੋ ਗਿਆ। ਸੋ, ਜਿਵੇਂ ਸਿਆਣੇ ਕਹਿੰਦੇ ਹਨ, ਕਹਾਵਤ ਹੈ ਕਿ "ਮਾਂ ਨਾਲੋਂ ਹੇਜਲੀ ਫੱਫੇ ਕੁੱਟਣੀ।" ਉਹ ਹਾਲਤ ਇਨ੍ਹਾਂ ਦੀ ਹੈ। ਪਿਛਲੇ 40-45 ਸਾਲਾਂ ਵਿੱਚ ਆਪ ਕੁਝ ਨਹੀਂ ਕੀਤਾ, ਇੱਕ ਵੀ ਸਕੀਮ ਨਹੀਂ ਬਣਾਈ।

ਧਰਮਸ਼ਾਲਾਵਾਂ ਦੀ ਗੱਲ ਹੈ, ਬੜੀਆ ਫਿੱਗਰਾਂ ਕੱਢ ਕੇ ਦੱਸ ਰਹੇ ਸੀ ਡਾਕਟਰ ਸਾਹਿਬ ਕਿ ਪੰਜਾਬ ਦੇ ਵਿੱਚ ਇੰਨੀਆਂ ਧਰਮਸ਼ਾਲਾਵਾਂ ਹਨ। ਪੰਜਾਬ ਸਰਕਾਰ ਨੇ ਇੰਨਾ ਪੈਸਾ ਰੱਖਿਆ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਹੈ ਕਿ ਪੰਜਾਬ ਸਰਕਾਰ ਨੇ ਇਸ ਲਈ 6.20 ਕਰੋੜ ਰੁਪਿਆ ਰੱਖਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਦਲਿਤ ਵੀਰਾਂ ਨਾਲ ਬੜੀ ਹਮਦਰਦੀ ਰੱਖਦੇ ਹਨ, ਪਿਛਲੇ ਸਮੇਂ ਵਿੱਚ ਇਨ੍ਹਾਂ ਨੇ 15 ਹਜ਼ਾਰ ਰੁਪਿਆ ਕੇਵਲ ਰਿਪੇਅਰ ਲਈ ਰੱਖਿਆ ਸੀ। 15 ਹਜ਼ਾਰ ਦਾ ਮੈਂ ਸਮਝਦਾ ਹਾਂ ਕਿ ਕਮਰੇ ਨੂੰ ਰੰਗ ਵੀ ਨਹੀਂ ਹੁੰਦਾ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਉਸ ਸਕੀਮ ਵਿੱਚ ਵਾਧਾ ਕਰਕੇ ਰਿਪੇਅਰ ਲਈ 50 ਹਜ਼ਾਰ ਰੁਪਿਆ ਅਤੇ ਨਵੀਂ ਬਣਾਉਣ ਲਈ ਇੱਕ ਲੱਖ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਸੋ, ਇਸੇ ਤਰ੍ਹਾਂ ਹੀ ਸਪੀਕਰ ਸਾਹਿਬ, ਜਿਹੜੀ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਹੈ, ਜਿਹੜੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਵੇਲੇ ਬਣਾਈ ਸੀ, ਜਦੋਂ ਇਨ੍ਹਾਂ ਨੂੰ 1977 ਦੇ ਵਿੱਚ ਆਉਣ ਦਾ ਮੌਕਾ ਮਿਲਿਆ ਸੀ ਤਾਂ ਉਦੋਂ ਇਹ ਸਕੀਮ ਚਾਲੂ ਕੀਤੀ ਸੀ ਤਾਂ ਕਿ ਦਲਿਤ ਵੀਰਾਂ ਨੂੰ ਘੱਟ ਵਿਆਜ ਤੇ ਪੈਸੇ ਮਿਲ ਸਕਣ ਅਤੇ ਉਹ ਆਪਣੇ ਰੁਜ਼ਗਾਰ ਦੇ ਸਾਧਨ ਚਲਾ ਸਕਣ ਅਤੇ ਆਪਣੇ ਪਰਿਵਾਰ ਦੀ ਪਰਵਰਿਸ਼ ਲਈ ਕੋਈ ਉਪਰਾਲਾ ਕਰ ਸਕਣ। ਸੋ, ਇਨ੍ਹਾਂ ਦੀ ਸਰਕਾਰ ਨੇ ਇਸ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ। ਮੈਨੂੰ ਇਹ ਦੱਸਣ ਵਿੱਚ ਬੜੀ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੇ 1992 ਤੋਂ ਲੈ ਕੇ ਪੰਜਾਂ ਸਾਲਾਂ ਦੇ ਵਿਚ 1997 ਤੱਕ ਉਸ ਦੇ ਵਿਚ ਨਾ ਤਾਂ 1992-93 ਦੇ ਵਿਚ ਪੈਸਾ ਪਾਇਆ, ਨਾ 1993-94 ਵਿਚ ਪੈਸਾ ਪਾਇਆ 1994-95 ਦੇ ਵਿਚ ਕੇਵਲ ਇਕ ਕਰੋੜ ਰੁਪਿਆ ਪਾਇਆ ਅਤੇ ਪੰਜਾਂ ਸਾਲਾਂ ਦੇ ਵਿਚ ਜਿਹੜਾ ਅਗਲਾ ਸਾਲ ਹੈ, ਉਹ ਦੱਸਦਿਆਂ ਬੜੀ ਸ਼ਰਮ ਮਹਿਸੂਸ ਹੁੰਦੀ ਹੈ ਕਿ 1995-96 ਦੇ ਵਿਚ ਇਨ੍ਹਾਂ ਨੇ ਕੇਵਲ ਇਕ ਲੱਖ ਰੁਪਿਆ ਪਾਇਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਪਿਛਲੇ ਦੋ ਸਾਲਾਂ ਦੇ ਵਿਚ ਦੋ ਕਰੋੜ ਰੁਪਏ ਦੀ ਉਸ ਵਿਚ ਵਿਵਸਥਾ ਕੀਤੀ ਹੈ। ਸੋ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨੀ ਕੁ ਦਲਿਤਾਂ ਪ੍ਰਤੀ ਇਨ੍ਹਾਂ ਦੀ ਸਹਾਨੁਭੂਤੀ ਹੈ, ਕਿੰਨੀ ਕੁ ਉਨ੍ਹਾਂ ਪ੍ਰਤੀ ਇਹ ਹਮਦਰਦੀ ਰੱਖਦੇ ਹਨ। ਮਗਰਮੱਛ ਦੇ ਹੰਝੂ ਵਹਾਉਣ ਤੋਂ ਬਿਨਾਂ ਇਨ੍ਹਾਂ ਕੋਲ ਹੋਰ ਕੁਝ ਨਹੀਂ ਹੈ।

[ਸਰਦਾਰ ਗੁਰਦੀਪ ਸਿੰਘ ਭੁੱਲਰ]

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸ਼ਗਨ ਸਕੀਮ ਜਿਹੜੀ ਹੈ, ਜਿਸ ਦੇ ਲਈ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਮਾਣ ਕਰਨਾ ਚਾਹੀਦਾ ਸੀ ਇਨ੍ਹਾਂ ਨੂੰ ਚਾਹੀਦਾ ਸੀ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਜੋ ਦਲਿਤ ਲੋਕਾਂ ਦੇ ਲਈ, ਪੱਛੜੀਆਂ ਸ਼੍ਰੇਣੀਆਂ ਦੇ ਲਈ ਕੀਤਾ ਹੈ, ਉਸ ਦੇ ਲਈ ਇਹ ਧੰਨਵਾਦ ਦਾ ਮਤਾ ਲਿਆਉਂਦੇ ਔਰ ਸਾਰਾ ਹਾਊਸ, ਮੈਂ ਸਮਝਦਾ ਹਾਂ ਕਿ ਖੁਸ਼ੀ ਦੇ ਨਾਲ, ਉਸ ਨੂੰ ਪਾਸ ਕਰਦਾ। ਆਪ ਇਨ੍ਹਾਂ ਨੇ ਮੇਰਾ ਖਿਆਲ ਹੈ ਕਿ ਪਿਛਲੇ 40-50 ਸਾਲਾਂ ਦੇ ਵਿਚ ਇਸ ਸਕੀਮ ਨੂੰ ਚਾਲੂ ਤਾਂ ਕੀ ਕਰਨਾ ਸੀ, ਇਨ੍ਹਾਂ ਦੇ ਧਿਆਨ ਦੇ ਵਿਚ ਨਹੀਂ ਆਈ। ਇਨ੍ਹਾਂ ਨੇ ਇਸ ਦੇ ਬਾਰੇ ਸੋਚਿਆ ਹੀ ਨਹੀਂ। ਬੜੇ ਮਾਣ ਦੀ ਗੱਲ ਹੈ ਕਿ ਸ਼ਗਨ ਸਕੀਮ ਦੇ ਤਹਿਤ 20 ਕਰੋੜ ਰੁਪਏ ਦੀ ਇਸ ਬਜਟ ਦੇ ਵਿਚ ਵਿਵਸਥਾ ਕੀਤੀ ਗਈ ਹੈ। ਸੋ, ਸਪੀਕਰ ਸਾਹਿਬ, ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਮੈਂ ਸਮਝਦਾ ਹਾਂ ਕਿ ਲੋਕਾਂ ਨੂੰ ਭੰਬਲਭੂਸੇ ਪਾਉਣਾ, ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਮੈਂ ਇਹ ਬੜੇ ਮਾਣ ਨਾਲ ਆਖ ਸਕਦਾ ਹਾਂ ਕਿ ਜਿਹੜੀ ਸ਼ਗਨ ਸਕੀਮ ਹੈ, ਉਸ ਬਾਰੇ ਇਹ ਬਾਹਰ ਤਾਂ ਕਹਿ ਦਿੰਦੇ ਹਨ ਕਿ ਸਕੀਮ ਤਾਂ ਚੰਗੀ ਹੈ ਪਰ ਲਾਗੂ ਕਰਨ ਲਈ ਕੁਝ ਸਮਾਂ ਲੱਗ ਜਾਂਦਾ ਹੈ। ਸੋ, ਪੰਜਾਬ ਕੀ, ਹਿੰਦੁਸਤਾਨ ਕੀ, ਦੁਨੀਆਂ ਦੇ ਕਿਸੇ ਵੀ ਸੂਬੇ ਦੇ ਵਿਚ ਇਸ ਤਰ੍ਹਾਂ ਦੀ ਸਕੀਮ ਲਾਗੂ ਨਹੀਂ ਹੋਣੀ ਜੋ ਕਿ ਦਲਿਤਾਂ ਨੂੰ ਆਪਣੀ ....

ਜੰਗਲਾਤ, ਕਾਨੂੰਨੀ ਅਤੇ ਵਿਧਾਨਕ ਮਾਮਲੇ ਮੰਤਰੀ : ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਮੈਂ ਇਕ ਲਾਈਨ ਦਾ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ ....

ਸ਼੍ਰੀ ਸਪੀਕਰ : ਇਸ ਤਰ੍ਹਾਂ ਦਾ ਨਾ ਹੋਵੇ ਕਿ ਬਾਅਦ ਵਿਚ ਐਕਸਪੰਜ ਕਰਨਾ ਪਵੇ।

ਜੰਗਲਾਤ, ਕਾਨੂੰਨੀ ਅਤੇ ਵਿਧਾਨਿਕ ਮਾਮਲੇ ਮੰਤਰੀ : ** ** **

Mr. Speaker: Not allowed. This is no Point of Order.

ਸਰਦਾਰ ਗੁਰਦੀਪ ਸਿੰਘ ਭੁੱਲਰ ਜੋ ਇਹ ਸ਼ਗਨ ਸਕੀਮ ਹੈ ਇਹ ਦੁਨੀਆਂ ਦੇ ਵਿਚ ਕਿਤੇ ਵੀ ਨਹੀਂ ਚਾਲੂ ਹੋਈ। ਸੋ, ਇਹ ਸ਼ਗਨ ਸਕੀਮ ਬਹੁਤ ਵਧੀਆ ਸਕੀਮ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਕਾਮਰੇਡ ਵੀਰਾਂ ਨੇ ਜਿਨ੍ਹਾਂ ਨੇ ਮਤੇ ਦੀ ਪ੍ਰੋੜ੍ਹਤਾ ਕੀਤੀ ਹੈ, ਰੌਲਾ ਪਾਇਆ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਜਿਹੜੇ ਬਿਜਲੀ ਦੇ ਬਿਲ ਸੀ ਉਹ ਤਕੜੇ ਘਰਾਂ ਦੇ ਮੁਆਫ ਕਰਕੇ, ਉਸਦਾ ਬੋਝ ਗਰੀਬਾਂ ਤੇ ਪਾ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੀ ਜਨਤਾ ਨੂੰ, ਸਾਡੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਬਹੁਤ ਵੱਡੀ ਡੂੰਘੀ ਚਾਲ ਹੈ। ਇਸ ਸਬੰਧੀ ਮੈਂ ਕਹਿ ਸਕਦਾ ਹਾਂ ਕਿ ਮੇਰਾ ਜਿਹੜਾ ਏਰੀਆ ਹੈ, ਉਸ ਦੇ ਵਿਚ 25% ਦਲਿਤ ਵੀਰ ਹਨ ਜਿਨ੍ਹਾਂ

* Expunged as ordered by the Chair.

ਦੀਆਂ ਜ਼ਮੀਨਾਂ ਹਨ ਔਰ ਉਨ੍ਹਾਂ ਦੀਆਂ ਜ਼ਮੀਨਾਂ ਦੇ ਵਿਚ ਮੋਟਰਾਂ ਲੱਗੀਆਂ ਹੋਈਆਂ ਹਨ। ਕਿਸੇ ਦਲਿਤ ਵੀਰ ਕੋਲ 2-3 ਏਕੜ ਜ਼ਮੀਨ ਹੈ, ਕਿਸੇ ਕੋਲ 4-5 ਏਕੜ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ 20 ਏਕੜ ਵਾਲੇ ਦੀ ਮੋਟਰ ਦੇ ਬਿੱਲ ਮੁਆਫ ਹੋਏ ਉਥੇ ਜਿਹੜੇ ਦਲਿਤ ਵੀਰ ਜਿਨ੍ਹਾਂ ਕੋਲ 2-4 ਏਕੜ ਜ਼ਮੀਨ ਹੈ, ਉਨ੍ਹਾਂ ਦੀਆਂ ਬਿਜਲੀ ਦੀਆਂ ਮੋਟਰਾਂ ਦੇ ਬਿੱਲ ਵੀ ਮੁਆਫ ਹੋਏ ਹਨ। ਸੋ, ਇਸ ਤਰ੍ਹਾਂ ਇਹ ਕੋਈ ਦਲਿਤ ਵੀਰਾਂ ਦੇ ਉਤੇ ਬੋਝ ਨਹੀਂ ਪਾਇਆ ਗਿਆ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਦਲਿਤ ਲੋਕਾਂ ਦੇ ਲਈ 30 ਕਰੋੜ ਰੁਪਿਆ ਰੱਖਿਆ ਹੈ ਤਾਂ ਕਿ ਜਿਹੜੇ ਲੋਕ ਗਰੀਬੀ ਦੀ ਰੇਖਾ ਵਿਚ ਰਹਿੰਦੇ ਹਨ ਉਨ੍ਹਾਂ ਦੇ 30 ਯੂਨਿਟ ਤੱਕ ਬਿਜਲੀ ਦੇ ਬਿੱਲ ਵੀ ਮੁਆਫ ਕਰਕੇ ਉਹ ਜਿਹੜਾ ਖਰਚਾ ਹੈ ਉਹ ਪੰਜਾਬ ਸਰਕਾਰ ਦੇ ਸਕੇ। ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਨੇ ਦਲਿਤਾਂ ਲਈ ਕਰੋੜ ਤਾਂ ਕੀ ਇਕ ਦੁਆਨੀ ਵੀ ਨਹੀਂ ਰੱਖੀ, ਇਕ ਦਮੜੀ ਦੀ ਵੀ ਸਹਾਇਤਾ ਨਹੀਂ ਕੀਤੀ। ਇਸੇ ਤਰ੍ਹਾਂ ਸਪੀਕਰ ਸਾਹਿਬ, ਪੀਲੇ ਕਾਰਡਾਂ ਦੇ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ। ਅੱਜ ਡਾਕਟਰ ਸਾਹਿਬ, ਬੜੇ ਜ਼ੋਰ ਨਾਲ ਰੌਲਾ ਪਾ ਰਹੇ ਸਨ ਕਿ ਪੀਲੇ ਕਾਰਡ ਦੀ ਸਕੀਮ ਜੋ ਸੀ, ਉਸ ਦੇ ਤਹਿਤ ਗ਼ਰੀਬਾਂ ਨੂੰ ਕਾਂਗਰਸ ਸਰਕਾਰ ਵੇਲੇ ਰਾਸ਼ਨ ਖਰੀਦਣ ਲਈ ਨਕਦ ਪੈਸੇ ਦਿੱਤੇ ਜਾਂਦੇ ਸਨ। ਮੈਂ ਉਸ ਦੀ ਰਾਸ਼ੀ ਦੱਸਣੀ ਚਾਹੁੰਦਾ ਹਾਂ, ਉਨ੍ਹਾਂ ਨੇ ਰਾਸ਼ੀ ਆਪ ਤਾਂ ਨਹੀਂ ਦੱਸੀ ਕਿਉਂਕਿ ਉਨ੍ਹਾਂ ਨੂੰ ਇਹ ਦੱਸਣ ਵਿਚ ਸ਼ਰਮ ਆਉਣੀ ਸੀ। ਸਪੀਕਰ ਸਾਹਿਬ, ਉਸ ਵੇਲੇ ਇਕ ਬੰਦੇ ਨੂੰ ਇਕ ਮਹੀਨੇ ਦੇ 28 ਰੁਪਏ ਮਿਲਦੇ ਸਨ। ਉਸ ਵਿਅਕਤੀ ਦੇ ਤਿੰਨ ਤਿੰਨ ਚੱਕਰ ਬਲਾਕ ਵਿਚ ਲੱਗ ਜਾਂਦੇ ਸਨ, ਦੋ ਦਿਨ ਬੈਂਕ ਦੇ ਵਿਚ ਲੱਗ ਜਾਂਦੇ ਸਨ ਅਤੇ ਇਸ ਤਰ੍ਹਾਂ ਕਰਨ ਨਾਲ ਉਸ ਦਾ 60-70 ਰੁਪਿਆ ਖਰਚਾ ਆ ਜਾਂਦਾ ਸੀ ਇਹ ਤਾਂ ਉਹ ਗੱਲ ਹੈ ** ** ** ਸੋ ਇਹ ਇਸ ਤਰ੍ਹਾਂ ਲੋਕਾਂ ਨੂੰ ਗੁੰਮ-ਰਾਹ ਕਰ ਰਹੇ ਸਨ।

ਸ੍ਰੀ ਸਪੀਕਰ : ** ** ** ਵਾਲੇ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

ਸਰਦਾਰ ਗੁਰਦੀਪ ਸਿੰਘ ਭੁੱਲਰ ਸਪੀਕਰ ਸਾਹਿਬ, ਇਸੇ ਤਰ੍ਹਾਂ ਅੰਬੇਦਕਰ ਭਵਨ ਬਣਾਉਣ ਦੀ ਗੱਲ ਹੈ। ਮੈਂ ਦੱਸਦਾ ਹਾਂ ਕਿ ਇਸ ਵੇਲੇ ਪੰਜਾਬ ਦੇ ਵਿਚ 7 ਜ਼ਿਲ੍ਹਿਆਂ ਦੇ ਵਿਚ ਅੰਬੇਦਕਰ ਭਵਨ ਬਣ ਚੁੱਕੇ ਹਨ, 6 ਜ਼ਿਲ੍ਹਿਆਂ ਦੇ ਵਿਚ ਅੰਡਰ ਕੰਸਟ੍ਰਕਸ਼ਨ ਹਨ ਅਤੇ 4 ਜ਼ਿਲ੍ਹਿਆਂ ਦੇ ਵਿਚ ਬਣਨ ਵਾਲੇ ਰਹਿੰਦੇ ਹਨ। ਜਿਹੜਾ ਜਲੰਧਰ ਜ਼ਿਲ੍ਹੇ ਦੇ ਵਿਚ ਅੰਬੇਦਕਰ ਭਵਨ ਬਣ ਰਿਹਾ ਹੈ, ਸਪੀਕਰ ਸਾਹਿਬ, ਉਹ ਜਗ੍ਹਾ ਡਿਪਟੀ ਕਮਿਸ਼ਨਰ ਦੇ ਦਫਤਰ ਦੇ ਅੱਗੇ ਹੈ, ਉਥੇ ਬਣਨਾ ਹੈ ਜਿਥੇ ਕਿ ਐਡਮਨਿਸਟਰੇਟਰ ਬਲਾਕ ਵੀ ਬਣਨਾ ਹੈ। ਜਿਹੜੀ ਕਿ ਮੈਂ ਸਮਝਦਾ ਹਾਂ ਕਿ ਇਕ ਬਹੁਤ ਵੱਡੀ ਸ਼ਲਾਘਾਯੋਗ ਗੱਲ

**Expunged as ordered by the Chair.

[ਸਰਦਾਰ ਗੁਰਦੀਪ ਸਿੰਘ ਭੁੱਲਰ]

ਹੈ । ਜਿਹੜੀ ਇਨ੍ਹਾਂ ਨੇ ਜਗ੍ਹਾ ਚੁਣੀ ਸੀ ਉਹ ਸ਼ਹਿਰ ਤੋਂ ਦੂਰ ਸੀ ਜਿਥੇ ਆਮ ਗਰੀਬ ਬੰਦੇ ਨੂੰ ਜਾਣ ਵਾਸਤੇ ਆਟੋ ਵਾਲੇ ਨੂੰ 40-50 ਰੁਪਏ ਦੇਣੇ ਪੈਣੇ ਸਨ । ਲੇਕਿਨ ਹੁਣ ਡੀ. ਸੀ. ਦਫਤਰ ਦੇ ਸਾਹਮਣੇ ਲੋਕੀਂ ਇਸ ਨੂੰ ਦੇਖਣਗੇ ਕਿ ਕਿੰਨੀ ਵਧੀਆ ਜਗ੍ਹਾ ਤੇ ਬਣਿਆ ਹੈ ।

ਸ੍ਰੀ ਸਪੀਕਰ: ਵਾਈਂਡ ਅੱਪ ਕਰੋ । ਦੋ ਮਿੰਟ ਰਹਿ ਗਏ ਹਨ ।

ਸਰਦਾਰ ਗੁਰਦੀਪ ਸਿੰਘ ਭੁੱਲਰ: ਸੋ, ਇਨ੍ਹਾਂ ਦੇ ਕੋਲ ਲੋਕਾਂ ਨੂੰ ਗੁਮਰਾਹ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਹੈ । ਇੱਥੇ ਇਨ੍ਹਾਂ ਨੇ ਬਹੁਤ ਰੌਲਾ ਪਾਇਆ ਲੇਕਿਨ ਜੋ ਇਨ੍ਹਾਂ ਨੇ ਪੰਜਾਂ ਸਾਲਾਂ ਦੇ ਵਿਚ ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਲਈ ਰੱਖਿਆ ਸੀ, ਉਹ ਸਿਰਫ 2.43 ਕਰੋੜ ਰੁਪਿਆ ਸੀ । ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ 2 ਸਾਲਾਂ ਦੇ ਵਿਚ ਬਹੁਤ ਥੋੜ੍ਹੇ ਅਰਸੇ ਵਿਚ ਭਾਵੇਂ ਹਾਲਾਤ ਵੀ ਕੁਝ ਠੀਕ ਨਹੀਂ ਸੀ ਪਰ ਫਿਰ ਵੀ ਬਾਦਲ ਸਾਹਿਬ ਦੀ ਸਰਕਾਰ ਨੇ 315 ਕਰੋੜ ਰੁਪਿਆ ਰੱਖਿਆ ਹੈ । (ਥੰਪਿੰਗ) ਮੈਂ ਸਮਝਦਾ ਹਾਂ ਕਿ ਇਸ ਵੱਡੀ ਗੱਲ ਤੋਂ ਤਾਂ ਪਤਾ ਲਗਣਾ ਚਾਹੀਦਾ ਹੈ ਕਿ ਸਰਕਾਰ ਇਨ੍ਹਾਂ ਪ੍ਰਤੀ ਕਿੰਨੀ ਸੁਹਿਰਦ ਹੈ । ਛੋਟੀਆਂ ਛੋਟੀਆਂ ਗੱਲਾਂ ਕਰਕੇ ਕਿ ਕਿਤਾਬਾਂ ਨਹੀਂ ਦਿੱਤੀਆਂ ਜਾਂਦੀਆਂ ਪਰ ਇਨ੍ਹਾਂ ਨੇ ਪੰਜਾਂ ਸਾਲਾ ਦੇ ਵਿਚ ਕਿੰਨੀਆਂ ਕੁ ਕਿਤਾਬਾਂ ਸਮੇਂ ਸਿਰ ਭੇਜੀਆਂ ਹਨ ਅਸੀਂ ਇਹ ਗੱਲ ਮਾਣ ਨਾਲ ਕਹਿ ਸਕਦੇ ਹਾਂ ਕਿ ਐਤਕੀਂ ਅਸੀਂ ਸਾਰੀਆਂ ਕਿਤਾਬਾਂ ਸਮੇਂ ਸਿਰ ਭੇਜੀਆਂ ਹਨ ਤਾਂ ਕਿ ਜਿਹੜੇ ਵਿਦਿਆਰਥੀ ਹਨ ਉਹ ਇਨ੍ਹਾਂ ਤੋਂ ਪੂਰਾ ਲਾਭ ਉਠਾ ਸਕਣ । ਜੇਕਰ ਕਿਤਾਬਾਂ ਹੀ 5-6 ਮਹੀਨੇ ਬਾਅਦ ਜਾਣਗੀਆਂ ਤਾਂ ਉਨ੍ਹਾਂ ਦਾ ਕੀ ਫਾਇਦਾ ਹੋਵੇਗਾ । ਸੋ, ਸਪੀਕਰ ਸਾਹਿਬ, ਇਹ ਜੋ ਮਤਾ ਲਿਆਂਦਾ ਗਿਆ ਹੈ ਇਹ ਲੋਕਾਂ ਨੂੰ ਗੁਮਰਾਹ ਕਰਨ ਵਾਲਾ ਮਤਾ ਹੈ ਅਤੇ ਹੋਰ ਇਸਦੇ ਵਿਚ ਕੁਝ ਨਹੀਂ ਦਿੱਸਦਾ.....

ਸ੍ਰੀ ਸਪੀਕਰ: ਹੁਣ ਸਦਨ ਵੀਰਵਾਰ, 18 ਮਾਰਚ, 1999 ਦੇ 2.30 ਵਜੇ ਬਾਅਦ ਦੁਪਹਿਰ ਤਕ ਸਥੱਗਿਤ ਕੀਤਾ ਜਾਂਦਾ ਹੈ ।

(ਇਸ *ਉਪਰੰਤ ਸਦਨ ਵੀਰਵਾਰ, 18 ਮਾਰਚ, 1999 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ ।)

*1.30 ਵਜੇ ਬਾਅਦ ਦੁਪਹਿਰ

APPENDIX-I
TO
PUNJAB VIDHAN SABHA DEBATES

Dated the 18th March, 1999 (M.S.)

Vol. VII—No. 6

STARRED QUESTION AND ANSWER

ਪੰਜਾਬ ਅਨੁਸੂਚਿਤ ਜਾਤੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਫੰਡਾਂ ਦੀ ਐਲੋਕੇਸ਼ਨ

367. ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1996-97, 1997-98 ਅਤੇ 1998-99 ਦੌਰਾਨ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਦੁਆਰਾ ਪੰਜਾਬ ਅਨੁਸੂਚਿਤ ਜਾਤੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਵੱਖ-ਵੱਖ ਕਿੰਨੇ ਫੰਡ ਐਲੋਕੇਟ ਕੀਤੇ ਗਏ ਅਤੇ ਉਕਤ ਸਮੇਂ ਦੌਰਾਨ ਉਕਤ ਕਾਰਪੋਰੇਸ਼ਨ ਨੂੰ ਕਿੰਨੇ ਫੰਡ ਜਾਰੀ ਕੀਤੇ ਗਏ ;

(ਅ) ਕੀ ਰਾਜ ਸਰਕਾਰ ਨੇ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਾਰਪੋਰੇਸ਼ਨ ਨੂੰ ਇਸ ਦੇ ਹਿੱਸੇ ਦੀ ਸਾਰੀ ਰਕਮ ਜਾਰੀ ਕਰ ਦਿੱਤੀ ਹੈ ; ਜੇਕਰ ਨਹੀਂ, ਤਾਂ ਇਸ ਦੇ ਕਾਰਨ ਕੀ ਹਨ ?

ਸਰਦਾਰ ਸਰਵਣ ਸਿੰਘ ਫਿਲੌਰ : (ੳ) ਨੱਥੀ ਅਨੁਲੱਗ-I ਅਨੁਸਾਰ ।

(ਅ) ਨਹੀਂ ਜੀ । ਨੱਥੀ ਅਨੁਲੱਗ-II ਅਨੁਸਾਰ ।

ਅਨੁਲੱਗ-I

(ਰਕਮ ਲੱਖਾਂ ਵਿੱਚ)

ਲੜੀ ਨੰ:	ਸਾਲ	ਸਕੀਮ ਦਾ ਨਾਮ		ਫੰਡਜ਼ ਦਾ ਉਪਬੰਧ		ਰਲੀਜ਼ ਕੀਤੇ ਫੰਡਜ਼	
				ਰਾਜ ਸਰਕਾਰ ਵਲੋਂ	ਕੇਂਦਰ ਸਰਕਾਰ ਵਲੋਂ	ਰਾਜ ਸਰਕਾਰ ਵਲੋਂ	ਕੇਂਦਰ ਸਰਕਾਰ ਵਲੋਂ
1	2	3		4	5	6	7
1.	1996-97	(i)	ਬੈਂਕ ਟਾਈ ਅਪ ਸਕੀਮ	570-00	630-00	138-62	ਨਿੱਲ
		(ii)	ਇਕਨਾਮਿਕ ਵੈਂਚਰ ਸਕੀਮ	ਨਹੀਂ ਕੀਤਾ ਜਾਣਾ	500-00	ਨਿੱਲ	313-00

1	2	3		4	5	6	7
		(iii)	ਸ਼ੇਅਰ ਕੈਪੀ-ਟਲ ਕੰਟਰੀ-ਬਿਊਸ਼ਨ ਟੂ ਪੀ. ਐਸ. ਸੀ. ਐਫ. ਸੀ.	100-00	100-60	ਨਿੱਲ	40.16
2.	1997-98	(i)	ਬੈਂਕ ਟਾਈ-ਅਪ ਸਕੀਮ	ਨਹੀਂ ਕੀਤਾ ਜਾਣਾ	600-00	ਨਿੱਲ	100-00
		(ii)	ਇਕਨਾਮਿਕਸ ਵੈਂਚਰ ਸਕੀਮ	,,	500-00	ਨਿੱਲ	ਨਿੱਲ
		(iii)	ਸ਼ੇਅਰ ਕੈਪੀ-ਟਲ ਕੰਟਰੀ-ਬਿਊਸ਼ਨ ਟੂ ਪੀ. ਐਸ. ਸੀ. ਐਫ. ਸੀ.	200-00	500-00	200-00	240.19
3.	1998-99	(i)	ਬੈਂਕ ਟਾਈ-ਅਪ ਸਕੀਮ	ਨਹੀਂ ਕੀਤਾ ਜਾਣਾ	650-00	ਨਿੱਲ	ਨਿੱਲ
		(ii)	ਇਕਨਾਮਿਕ ਵੈਂਚਰ ਸਕੀਮ	,,	500-00	ਨਿੱਲ	ਨਿੱਲ
		(iii)	ਸ਼ੇਅਰ ਕੈਪੀ-ਟਲ ਕੰਟਰੀ-ਬਿਊਸ਼ਨ ਟੂ ਪੀ. ਐਸ. ਸੀ. ਐਫ. ਸੀ.	250-00	479-59	178-67	175-17

ਇਸ ਤੋਂ ਇਲਾਵਾ ਸਾਲ 1998-99 ਦੌਰਾਨ 235.29 ਲੱਖ ਰੁਪਏ ਕਾਰਪੋਰੇਸ਼ਨ ਦੀ ਅਣਵਰਤੀ ਰਾਸ਼ੀ ਵਿਚੋਂ ਕੰਨਵਰਟ ਕਰਕੇ ਕਾਰਪੋਰੇਸ਼ਨ ਨੂੰ ਬਤੌਰ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਰਲੀਜ਼ ਕੀਤੇ ਗਏ ਹਨ।

1 ਸਾਲ 1998-99 ਦੌਰਾਨ 239.39 ਲੱਖ ਰੁਪਏ ਭਾਰਤ ਸਰਕਾਰ ਦੇ ਹਿੱਸੇ ਵਜੋਂ ਸ਼ੇਅਰ ਵਜੋਂ ਵੀ ਕਾਰਪੋਰੇਸ਼ਨ ਨੂੰ ਰਲੀਜ਼ ਕੀਤੇ ਗਏ।

ਅਨੁਲੱਗ-II

(1) ਸਾਲ 1996-97 ਦੌਰਾਨ ਭਾਰਤ ਸਰਕਾਰ ਵਲੋਂ ਕੇਵਲ 40.16 ਲੱਖ ਰੁਪਏ ਕਾਰਪੋਰੇਸ਼ਨ ਕੋਲ ਸਿੱਧਿਆਂ ਹੀ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਵਜੋਂ ਮਿਤੀ 31-12-96 ਨੂੰ ਪ੍ਰਾਪਤ ਹੋਏ ਸਨ । ਰਾਜ ਸਰਕਾਰ ਦੇ 100.00 ਲੱਖ ਰੁਪਏ ਦੇ ਉਪਬੰਧ ਨੂੰ ਮੁੱਖ ਰੱਖਦਿਆਂ ਹੋਇਆਂ ਕੇਂਦਰੀ ਸਰਕਾਰ ਦੇ ਬਣਦੇ ਹਿੱਸੇ 98.00 ਲੱਖ ਰੁਪਏ ਸਬੰਧੀ ਸਥਿਤੀ ਸਮੇਂ ਸਿਰ ਸਪਸ਼ਟ ਨਾ ਹੋਣ ਕਰਕੇ ਉਪਬੰਧ ਅਨੁਸਾਰ ਰਾਜ ਸਰਕਾਰ ਵਲੋਂ ਇਹ ਰਕਮ ਰਲੀਜ਼ ਨਹੀਂ ਕੀਤੀ ਜਾ ਸਕੀ ।

(2) ਸਾਲ 1998-99 ਦੌਰਾਨ ਭਾਰਤ ਸਰਕਾਰ ਵਲੋਂ ਪ੍ਰਾਪਤ ਹੋਏ 175.17 ਲੱਖ ਰੁਪਏ ਦੇ ਵਿਰੁੱਧ ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਦੇ 178.67 ਲੱਖ ਰੁਪਏ ਬਤੌਰ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਕਾਰਪੋਰੇਸ਼ਨ ਨੂੰ ਰਲੀਜ਼ ਕੀਤੇ ਗਏ ਹਨ ।

APPENDIX-II

TO

PUNJAB VIDHAN SABHA DEBATES

Dated the 18th March 1999 (M. S.)

Vol. VII- No. 6

STARRED QUESTION AND ANSWER

ਰੇਲਗੱਡੀਆਂ ਵਿਚ ਅਪਰਾਧਾਂ ਦੇ ਕੇਸ

*1371. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 1 ਜਨਵਰੀ, 1997 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਚਲਦੀਆਂ ਰੇਲ ਗੱਡੀਆਂ ਵਿਚ ਚੋਰੀਆਂ/ਕਤਲਾਂ ਦੀਆਂ ਕਿੰਨੀਆਂ ਵਾਰਦਾਤਾਂ ਵਾਪਰੀਆਂ ਅਤੇ ਰੇਲਵੇ ਪੁਲਿਸ ਸਟੇਸ਼ਨ-ਵਾਰ ਉਨ੍ਹਾਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਵੇਰਵਾ ਕੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਦੁਰਘਟਨਾਵਾਂ ਨਾਲ ਸਬੰਧਤ ਅਦਾਲਤਾਂ ਵਿੱਚ ਕਿੰਨੇ ਕੇਸ ਦਾਇਰ ਕੀਤੇ ਗਏ ਅਤੇ ਦੋਸ਼ੀਆਂ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਦੇ ਵੇਰਵੇ ਕੀ-ਕੀ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) 1 ਜਨਵਰੀ, 1997 ਤੋਂ ਮਿਤੀ ਅਤ ਤੱਕ ਦੇ ਦੌਰਾਨ ਰਾਜ ਵਿਚ ਚਲਦੀਆਂ ਰੇਲ ਗੱਡੀਆਂ ਵਿਚ 2 ਕਤਲ ਅਤੇ 14 ਚੋਰੀਆਂ ਦੀਆਂ ਵਾਰਦਾਤਾਂ ਵਾਪਰੀਆਂ ਰੇਲਵੇ ਪੁਲਿਸ ਸਟੇਸ਼ਨ ਵਾਰ ਵੇਰਵਾ (ਅਨੁਲੱਗ ਅਨੁਸਾਰ) ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ਜੀ ।

(ਅ) ਕਤਲ ਦੇ ਇੱਕ ਕੇਸ ਅਤੇ ਚੋਰੀ ਦੇ ਦੋ ਕੇਸਾਂ ਵਿਚ ਚਲਾਨ ਕੋਰਟ ਵਿਚ ਪੇਸ਼ ਕੀਤੇ ਗਏ । ਚੋਰੀ ਦੇ ਕੇਸ ਵਿਚ ਦੋਸ਼ੀ ਨੂੰ 4 ਮਹੀਨੇ ਦੀ ਸਜ਼ਾ ਹੋ ਗਈ ਜਦਕਿ ਦੂਜੇ ਕੇਸ ਹਾਲੇ ਤੱਕ ਕੋਰਟ ਵਿਚ ਲੰਬਿਤ ਹਨ ।

ਅਨੁਲੱਗ

ਸਾਲ 1997 ਦੌਰਾਨ 2 ਕਤਲ ਅਤੇ 9 ਚੋਰੀਆਂ ਦੀਆਂ ਵਾਰਦਾਤਾਂ ਰੇਲ ਗੱਡੀਆਂ ਵਿਚ ਵਾਪਰੀਆਂ । ਇਨ੍ਹਾਂ ਕੇਸਾਂ ਦੇ ਵੇਰਵੇ ਰੇਲਵੇ ਪੁਲਿਸ ਸਟੇਸ਼ਨ ਵਾਰ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ.	ਜੁਰਮ ਦੀ ਕਿਸਮ	ਮੁਕੱਦਮਿਆਂ ਦੀ ਗਿਣਤੀ	ਪੁਲਿਸ ਸਟੇਸ਼ਨ	
1	2	3		4
1	ਕਤਲ	2	ਸੀ. ਆਰ. ਪੀ. ਬਠਿੰਡਾ	
2.	ਚੋਰੀਆਂ	9	ਜਲੰਧਰ	3
			ਫਰੀਦਕੋਟ	1
			ਅੰਮ੍ਰਿਤਸਰ	2
			ਲੁਧਿਆਣਾ	1
			ਪਟਿਆਲਾ	1
			ਸਰਹੰਦ	1

ਸਾਲ 1998 ਦੌਰਾਨ 4 ਘਟਨਾਵਾਂ ਚੋਰੀ ਦੀਆਂ ਰੇਲ ਗੱਡੀਆਂ ਵਿਚ ਵਾਪਰੀਆਂ । ਇਨ੍ਹਾਂ ਮੁਕੱਦਮਿਆਂ ਦਾ ਵੇਰਵਾ ਰੇਲਵੇ ਪੁਲਿਸ ਸਟੇਸ਼ਨ ਵਾਰ ਹੇਠ ਲਿਖੇ ਅਨੁਸਾਰ ਹੈ :—

1	ਕਤਲ	—		—
			ਅਬੋਹਰ	1
2	ਚੋਰੀਆਂ	4	ਪਟਿਆਲਾ	1
			ਲੁਧਿਆਣਾ	1
			ਫਰੀਦਕੋਟ	1

ਸਾਲ 1999 ਦੌਰਾਨ ਇੱਕ ਘਟਨਾ ਚੋਰੀ ਦੀ ਵਾਪਰੀ । ਵੇਰਵਾ ਹੇਠ ਲਿਖੇ ਅਨੁਸਾਰ ਹੈ :—

1,	ਕਤਲ	—	—
2.	ਚੋਰੀ	1	ਸੀ. ਆਰ. ਪੀ. ਜਲੰਧਰ ।

— —

UNSTARRED QUESTION AND ANSWER

ਪੀ. ਪੀ. ਐਸ. ਅਫ਼ਸਰਾਂ ਦੀ ਤਰੱਕੀ

368. **ਸਰਦਾਰ ਬਿਕਰਮਜੀਤ ਸਿੰਘ ਖਾਲਸਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਪੀ. ਪੀ. ਐਸ. ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪਿਛਲੇ ਦੋ ਸਾਲਾਂ ਦੌਰਾਨ ਸੀਨੀਅਰ ਸੁਪਰਡੰਟ ਆਫ ਪੁਲਿਸ ਜਾਂ ਸੁਪਰਡੰਟ ਆਫ ਪੁਲਿਸ ਵਜੋਂ ਤਰੱਕੀ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ। ਜਿਹੜੇ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਹਨ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਪੀ.ਪੀ.ਐਸ. ਅਫ਼ਸਰਾਂ ਦੀ ਬਤੌਰ ਸੀਨੀਅਰ ਸੁਪਰਡੰਟ ਆਫ ਪੁਲਿਸ ਪ੍ਰੋਮੋਸ਼ਨ ਨਹੀਂ ਕੀਤੀ ਜਾਂਦੀ। ਪ੍ਰੰਤੂ ਪੀ. ਪੀ. ਐਸ. ਅਫਸਰ/ਸੁਪਰਡੰਟ ਆਫ ਪੁਲਿਸ ਨੂੰ ਜਦੋਂ ਜ਼ਿਲ੍ਹਾ ਪੁਲਿਸ ਮੁੱਖੀ ਤਾਇਨਾਤ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਸੀਨੀਅਰ ਸੁਪਰਡੰਟ ਆਫ ਪੁਲਿਸ ਦਾ ਅਹੁਦਾ ਦਿੱਤਾ ਜਾਂਦਾ ਹੈ। ਪਿਛਲੇ 2 ਸਾਲਾਂ ਵਿੱਚ 65 ਪੀ.ਪੀ. ਐਸ. (ਡਿਪਟੀ ਸੁਪਰਡੰਟ ਆਫ ਪੁਲਿਸ) ਅਫ਼ਸਰਾਂ ਨੂੰ ਸੁਪਰਡੰਟ ਆਫ ਪੁਲਿਸ ਦੀ ਆਸਾਮੀ ਤੇ ਆਫ਼ਿਸ਼ੀਏਟ ਕਰਨ ਲਈ ਲਗਾਇਆ ਗਿਆ ਸੀ, ਜਿਨ੍ਹਾਂ ਵਿਚੋਂ 13 ਪੀ.ਪੀ.ਐਸ. ਅਫਸਰ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਦੇ ਹਨ ਅਤੇ ਕੋਈ ਵੀ ਅਨੁਸੂਚਿਤ ਜਨ-ਜਾਤੀਆਂ ਨਾਲ ਸਬੰਧ ਨਹੀਂ ਰੱਖਦਾ।

1072—1-7-99—305 ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।

2-7-99

14981
19
45000

Published under the authority of the Punjab Vidhan Sabha and printed by the Controller, Printing & Stationery, Punjab at the Govt. Press, Patiala.

PUNJAB VIDHAN SABHA

DEBATES

18th March, 1999

(Afternoon Sitting)

Vol. VII-No. 7

Official Report

Contents

Thursday, the 18th March, 1999

(Afternoon Sitting)

Punjab Vidhan Sabha Secretariat, Chandigarh.

Price : Rs.

FINANCIAL BUSINESS

PUNJAB VIDHAN SABHA

Thursday, the 18th March, 1999

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.30 P.M. Mr. Speaker (Sardar Charnjit Singh Atwal) in the Chair.

STARRED QUESTIONS AND ANSWERS

ਕੰਜ਼ਿਊਮਰ ਫੋਰਮਾਂ ਦੇ ਸਭਾਪਤੀ ਅਤੇ ਮੈਂਬਰਾਂ ਦੀਆਂ ਤਨਖਾਹਾਂ

***1589. ਸ੍ਰੀ ਭਗਵਾਨ ਦਾਸ ਅਰੋੜਾ :** ਕੀ ਜੰਗਲਾਤ, ਕਾਨੂੰਨ ਵਿਧਾਨਿਕ ਮਾਮਲਿਆਂ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਕੰਜ਼ਿਊਮਰ ਫੋਰਮ ਦੇ ਸਭਾਪਤੀ ਅਤੇ ਮੈਂਬਰਾਂ ਵਜੋਂ ਕੰਮ ਕਰ ਰਹੇ ਜੱਜਾਂ ਨੂੰ ਪ੍ਰਤੀ ਮਹੀਨਾ ਕੁਲ ਕਿੰਨੀ ਤਨਖਾਹ ਅਦਾ ਕੀਤੀ ਜਾ ਰਹੀ ਹੈ;

(ਅ) ਕੀ ਰਾਜ ਵਿਚ ਕੰਜ਼ਿਊਮਰ ਫੋਰਮਾਂ ਦੇ ਸਭਾਪਤੀਆਂ ਅਤੇ ਮੈਂਬਰਾਂ ਦੀਆਂ ਤਨਖਾਹਾਂ ਨੂੰ ਸੋਧਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਸ੍ਰੀਮਾਨ ਜੀ

(ੳ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਹਾਂ, ਸ੍ਰੀਮਾਨ ਜੀ । ਕਿਉਂਕਿ ਇਹ ਪਾਲਿਸੀ ਮਾਮਲਾ ਹੈ । ਇਸ ਲਈ ਇਸ ਦਾ ਵਿੱਤ ਵਿਭਾਗ ਦੀ ਸਲਾਹ ਨਾਲ ਢੁੱਕਵੇਂ ਸਮੇਂ ਵਿਚ ਫੈਸਲਾ ਕੀਤਾ ਜਾਵੇਗਾ ।

ਸਟੇਟਮੈਂਟ

(ੳ) ਪ੍ਰਧਾਨ

(i) **ਵਕੀਲਾਂ ਤੋਂ ਸਿੱਧੀ ਭਰਤੀ ਰਾਹੀਂ :**
ਉਨ੍ਹਾਂ ਦੀ ਅਦਾਲਤ ਵਿਚ ਕੀਤੀ ਗਈ ਸੇਵਾ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਜੱਜ ਨੂੰ ਮਿਲਣ ਵਾਲਾ ਤਨਖਾਹ ਸਕੇਲ ਦਿੱਤਾ ਜਾਂਦਾ ਹੈ ।

(ii) **ਸੇਵਾ ਕਰ ਰਹੇ ਅਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ**
ਉਨ੍ਹਾਂ ਨੂੰ ਤਨਖਾਹ, ਸਪੈਸ਼ਲ ਤਨਖਾਹ ਅਤੇ ਭੱਤੇ ਉਨ੍ਹਾਂ ਦੇ ਪਿੱਤਰੀ ਵਿਭਾਗ ਵਿਚ ਉਨ੍ਹਾਂ ਵੱਲੋਂ ਲਈ ਜਾਂਦੀ ਤਨਖਾਹ ਅਨੁਸਾਰ ਦਿੱਤੇ ਜਾਂਦੇ ਹਨ ।

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

(iii) **ਸੇਵਾ ਨਵਿਰਤ ਐਡੀਸ਼ਨਲ/ਜ਼ਿਲ੍ਹਾ ਅਤੇ ਸ਼ੈਸ਼ਨ ਜੱਜ**

ਉਨ੍ਹਾਂ ਵੱਲੋਂ ਲਈ ਜਾ ਰਹੀ ਆਖਰੀ ਤਨਖਾਹ ਵਿਚੋਂ ਪੈਨਸ਼ਨ ਘਟਾ ਕੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਤਨਖਾਹ ਦਿੱਤੀ ਜਾਂਦੀ ਹੈ ।

ਮੈਂਬਰਜ਼

ਜੇਕਰ ਪੂਰੇ ਸਮੇਂ ਲਈ ਨਿਯੁਕਤ ਕੀਤੇ ਜਾਂਦੇ ਹਨ ਤਾਂ 4000/- ਰੁ: ਪ੍ਰਤੀ ਮਹੀਨਾ ਬੱਝਵਾਂ ਮਾਨ-ਭੱਤਾ ਦਿੱਤਾ ਜਾਂਦਾ ਹੈ ।

ਜੇਕਰ ਪਾਰਟ-ਟਾਈਮ ਆਧਾਰ ਤੇ ਨਿਯੁਕਤ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਨੂੰ 150/- ਰੁ: ਪ੍ਰਤੀ ਦਿਨ/ਬੈਠਕ ਮਾਨ ਭੱਤਾ ਦਿੱਤਾ ਜਾਂਦਾ ਹੈ ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਕਲਾਸ-1 ਅਫ਼ਸਰਾਂ ਬਰਾਬਰ ਟੀ. ਏ/ਡੀ. ਏ. ਦਿੱਤਾ ਜਾਂਦਾ ਹੈ ।

ਸ੍ਰੀ ਭਗਵਾਨ ਦਾਸ ਅਰੋੜਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੰਜਿਉਮਰ ਕੋਰਟ ਦੇ ਜੱਜਾਂ ਦੀਆਂ ਤਨਖਾਹਾਂ ਦੂਸਰੀਆਂ ਸਟੇਟਾਂ ਜਿਵੇਂ ਹਰਿਆਣਾ, ਚੰਡੀਗੜ੍ਹ, ਹਿਮਾਚਲ ਦੇ ਬਰਾਬਰ ਹਨ ? ਜੇ ਨਹੀਂ ਤਾਂ ਇਹ ਕਦੋਂ ਤੱਕ ਬਰਾਬਰ ਕਰ ਦਿੱਤੀਆਂ ਜਾਣਗੀਆਂ ?

ਮੰਤਰੀ : ਤੁਸੀਂ ਕਿਸ ਦੀਆਂ ਤਨਖਾਹਾਂ ਪੁੱਛੀਆਂ ਹਨ ?

ਸ੍ਰੀ ਸਪੀਕਰ : ਸਪਲੀਮੈਂਟਰੀ ਦੁਬਾਰਾ ਰਿਪੀਟ ਕਰ ਦਿਓ ।

ਸ੍ਰੀ ਭਗਵਾਨ ਦਾਸ ਅਰੋੜਾ : ਕੰਜ਼ਿਉਮਰ ਕੋਰਟ ਦੇ ਜੱਜਾਂ ਦੀਆਂ ਜੀ ।

ਮੰਤਰੀ : ਤੁਸੀਂ ਜੱਜ ਕਹਿ ਰਹੇ ਹੋ, ਇਹ ਜੱਜ ਨਹੀਂ, ਚੇਅਰਮੈਨ ਹਨ । ਮੈਂ ਦੱਸ ਦਿੰਦਾ ਹਾਂ, ਐਕਸਪਲੇਨ ਕਰ ਦਿੰਦਾ ਹਾਂ । ਸਪੀਕਰ ਸਾਹਿਬ, ਜਿਹੜੇ ਸਰਵਿੰਗ ਡਿਸਟ੍ਰਿਕਟ ਜੱਜ ਜਾਂ ਅਡੀਸ਼ਨਲ ਜੱਜ ਲਗਦੇ ਹਨ ਜੋ ਤਨਖਾਹ ਉਸ ਵਕਤ ਉਨ੍ਹਾਂ ਦੀ ਹੁੰਦੀ ਹੈ, ਜੋ ਵੀ ਅਲਾਊਂਸ ਉਨ੍ਹਾਂ ਦੇ ਹੁੰਦੇ ਹਨ ਉਸੇ ਤਰ੍ਹਾਂ ਰੱਖ ਕੇ ਉਸੇ ਤਨਖਾਹ ਤੇ ਉਨ੍ਹਾਂ ਨੂੰ ਚੇਅਰਮੈਨ ਡਿਸਟ੍ਰਿਕਟ ਕੰਜਿਊਮਰ ਫੋਰਮ ਐਪੁਆਇੰਟ ਕਰ ਦਿੱਤਾ ਜਾਂਦਾ ਹੈ । ਜੋ ਰਿਟਾਇਰਡ ਹਨ ਉਨ੍ਹਾਂ ਦੀ ਲਾਸਟ ਤਨਖਾਹ ਹੁੰਦੀ ਹੈ ਅਲਾਊਂਸਿਜ਼ ਦੇ ਸਮੇਤ ਉਸ ਵਿਚੋਂ ਪੈਨਸ਼ਨ ਮਾਈਨਸ ਕਰਕੇ ਉਨ੍ਹਾਂ ਨੂੰ ਦੇ ਦਿੱਤੀ ਜਾਂਦੀ ਹੈ । ਇਹੀ ਪਾਲਿਸੀ ਹੈ ।

ਸ੍ਰੀ ਭਗਵਾਨ ਦਾਸ ਅਰੋੜਾ : ਮੈਂ ਇਹ ਪੁੱਛਣਾ ਚਾਹੁੰਦਾ ਸੀ ਕਿ ਡਿਸਟ੍ਰਿਕਟ ਕੰਜਿਊ-ਮਰ ਕੋਰਟ ਦੇ ਜੱਜਾਂ ਦੀਆਂ ਜਾਂ ਪ੍ਰਧਾਨ ਦੀਆਂ ਤਨਖਾਹਾਂ ਜਿਵੇਂ ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਵਿੱਚ ਹਨ, ਕੀ ਪੰਜਾਬ ਵਿਚ ਤਨਖਾਹਾਂ ਉਨ੍ਹਾਂ ਦੇ ਬਰਾਬਰ ਹਨ ? ਜੇ ਨਹੀਂ ਤਾਂ ਇਹ ਕਦੋਂ ਤੱਕ ਬਰਾਬਰ ਕੀਤੀਆਂ ਜਾਣਗੀਆਂ ?

ਮੰਤਰੀ : ਮੈਂ ਤਾਂ ਆਲਰੇਡੀ 'ਅ' ਜਵਾਬ ਵਿਚ ਕਿਹਾ ਹੈ ਕਿ ਇਹ ਪਾਲਿਸੀ ਮੈਟਰ ਹੈ । ਉਨ੍ਹਾਂ ਦੀਆਂ ਕੁਝ ਰਿਪ੍ਰੇਜ਼ੈਂਟੇਸ਼ਨਜ਼ ਆਈਆਂ ਸਨ ਅਤੇ ਪਿਛੇ ਸੈਮੀਨਾਰ ਵਿਚ

ਵੀ ਕਹਿ ਦਿੱਤਾ ਸੀ ਕਿ ਰਿਵਾਈਜ਼ ਕੀਤੀਆਂ ਜਾਣ । ਰਿਵਾਇਜ਼ ਕਰਨ ਵਾਸਤੇ, ਇਸ ਨੂੰ ਕੰਸੀਡਰ ਕਰਨ ਵਾਸਤੇ ਕਿਉਂਕਿ ਇਹ ਪਾਲਿਸੀ ਮੈਟਰ ਹੈ, ਫਾਈਨਾਂਸ ਡਿਪਾਰਟਮੈਂਟ ਨਾਲ ਗੱਲ ਕਰਨ ਤੋਂ ਬਾਅਦ ਅਸੀਂ ਇਹ ਰਿਵਾਈਜ਼ ਕਰ ਸਕਦੇ ਹਾਂ । ਡਿਪਾਰਟਮੈਂਟ ਇਸ ਨੂੰ ਸਿੰਪੇਥੈਟੀਕਲੀ ਕੰਸਿਡਰ ਕਰ ਰਿਹਾ ਹੈ । ਅਗਰ ਕੋਈ ਰਿਵੀਜ਼ਨ ਹੋਵੇਗੀ ਤਾਂ ਉਹ ਕੀਤੀ ਜਾਵੇਗੀ ।

ਸ਼੍ਰੀ ਭਗਵਾਨ ਦਾਸ ਅਰੋੜਾ : ਗੱਲ ਕੋਈ ਬਣੀ ਨਹੀਂ । ਮੈਂ ਪੁੱਛਿਆ ਸੀ ਕਿ ਕੀ ਤਨਖਾਹਾਂ ਬਰਾਬਰ ਹਨ ? ਜੇ ਘੱਟ ਹਨ ਤਾਂ ਵਧਾ ਦਿਉ ।

ਸ਼੍ਰੀ ਸਪੀਕਰ : ਇਹ ਪਤਾ ਨਹੀਂ ਲੱਗ ਸਕਦਾ ।

ਮੰਤਰੀ : ਘੱਟ ਵੱਧ ਵਾਲਾ ਸਵਾਲ ਨਹੀਂ ਸੀ । ਜੇ ਵਧਾਉਣ ਦਾ ਸਕੋਪ ਹੈ ਤਾਂ ਕੰਸੀਡਰ ਹੋ ਜਾਵੇਗਾ ।

ਸ਼੍ਰੀ ਸਪੀਕਰ : ਤੁਸੀਂ ਹਰਿਆਣੇ, ਹਿਮਾਚਲ ਦਾ ਤਾਂ ਕੁਐਸਚਨ ਵਿਚ ਵੀ ਮੈਨਸ਼ਨ ਨਹੀਂ ਕੀਤਾ ।

ਸ਼੍ਰੀ ਭਗਵਾਨ ਦਾਸ ਅਰੋੜਾ : ਮੈਂ ਮੈਨਸ਼ਨ ਕੀਤਾ ਸੀ । ਕਿਸੇ ਵਜ੍ਹਾ ਕਰਕੇ ਕੱਟ ਦਿੱਤਾ ਗਿਆ ਹੈ ।

ਮੰਤਰੀ : ਇਸ ਵਿਚ ਇਹ ਲਿਖਿਆ ਹੋਇਆ ਹੈ— Whether there is any proposal under consideration of the Government to revise emoluments of the Chairmen and Members of the Consumer Forums in the State ? Speaker Sahib, as compared to the adjoining State, is not mentioned. ਫਿਰ ਤਾਂ ਅਸੀਂ ਉਨ੍ਹਾਂ ਦਾ ਡਾਟਾ ਲੈ ਲੈਂਦੇ ।

ਸ਼੍ਰੀ ਭਗਵਾਨ ਦਾਸ ਅਰੋੜਾ : ਮੈਂ ਪੁੱਛਿਆ ਤਾਂ ਇਹੀ ਹੈ ਜੀ ।

ਮੰਤਰੀ : ਜੋ ਤੁਸੀਂ ਪੁੱਛਿਆ ਹੈ ਮੈਂ ਤਾਂ ਤੁਹਾਨੂੰ ਦੱਸ ਦਿੱਤਾ ਹੈ ।

ਰਾਜ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆ ਅਤੇ ਹਸਪਤਾਲ ਖੋਲ੍ਹਣੇ

*1526 **ਡਾਕਟਰ ਹਰਬੰਸ ਲਾਲ** : ਕੀ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1992 ਤੋਂ 1999 ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਸਾਲ ਵਾਰ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਅਤੇ ਹਸਪਤਾਲ ਖੋਲ੍ਹੇ ਗਏ ਅਤੇ ਇਸ ਸਮੇਂ ਰਾਜ ਵਿਚ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ/ਹਸਪਤਾਲ ਚਲ ਰਹੇ ਹਨ ?

ਡਾਕਟਰ ਰਤਨ ਸਿੰਘ : ਪੰਜਾਬ ਰਾਜ ਵਿਚ 1992 ਤੋਂ 1998-99 ਤੱਕ ਮਨਜ਼ੂਰ/ਕੰਮ ਕਰ ਰਹੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ ਸੂਚੀ ਸਦਨ ਦੀ ਮੇਜ਼ ਤੇ ਬਤੌਰ ਅਨੁਲੱਗ 'ੳ' ਰੱਖੀ ਜਾਂਦੀ ਹੈ ।

[ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ]

ਅਨੁਲੱਗ 'ੳ'

ਸੂਚੀ

ਲੜੀ ਨੰਬਰ	ਸਾਲ	ਪਸ਼ੂ ਹਸਪਤਾਲ		ਪਸ਼ੂ ਡਿਸਪੈਂਸਰੀ	
		ਮੰਨਜ਼ੂਰ	ਕੰਮ ਕਰ ਰਹੇ	ਮੰਨਜ਼ੂਰ	ਕੰਮ ਕਰ ਰਹੇ
1	2	3	4	5	6
1.	1992-93	5	5	—	—
2.	1993-94	5	5	200	171
3.	1994-95	5	4	300	254
4.	1995-96	5	3	300	122
5.	1996-97	—	—	—	—
6.	1997-98	60	60	—	—
7.	1998-99	—	—	—	—
	ਕੁੱਲ :	80	77	800	547

ਡਾਕਟਰ ਹਰਬੰਸ ਲਾਲ : ਮਾਨਯੋਗ ਮੰਤਰੀ ਜੀ ਪਾਸੋਂ ਲਿਸਟ ਆਈ ਹੈ ਕਿ 1993-94 ਵਿਚ 200 ਡਿਸਪੈਂਸਰੀਆਂ ਮਨਜ਼ੂਰ ਹੋਈਆਂ । 171 ਚਲ ਰਹੀਆਂ ਹਨ । 1994-95 ਵਿਚ 300 ਡਿਸਪੈਂਸਰੀਆਂ ਮਨਜ਼ੂਰ ਹੋਈਆਂ ਤੇ 254 ਚੱਲ ਰਹੀਆਂ ਹਨ । 1995-96 ਵਿਚ 300 ਮਨਜ਼ੂਰ ਹੋਈਆਂ ਤੇ 122 ਚਲ ਰਹੀਆਂ ਹਨ । ਸਾਡੇ ਪੰਜਾਬ ਦੇ ਸੂਬੇ ਵਿਚ 50% ਲੋਕ ਪਸ਼ੂਆਂ ਤੇ ਨਿਰਭਰ ਹਨ । ਹਰ ਪਿੰਡ ਵਿਚ ਪਸ਼ੂ ਹਨ ਅਤੇ ਲੋਕ ਆਸਾਂ ਰੱਖ ਰਹੇ ਹਨ ਕਿ ਨਵੀਂ ਸਰਕਾਰ ਆਈ ਹੈ ਇਹ ਕੁਝ ਦੇਵੇਗੀ । ਕੀ ਜਿਹੜੀਆਂ ਮਨਜ਼ੂਰ ਕੀਤੀਆਂ ਹੋਈਆਂ ਡਿਸਪੈਂਸਰੀਆਂ ਹਨ, ਮਾਨਯੋਗ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਹ ਕਦੋਂ ਤੱਕ ਚਾਲੂ ਕਰ ਦਿੱਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਪੰਜਾਬ ਵਿਚ ਪਹਿਲੇ ਗੰਦ ਪਾਇਆ ਹੋਇਆ ਸੀ ਉਸ ਨੂੰ ਹੀ ਪਹਿਲੇ ਅਸੀਂ ਸਾਫ ਨਹੀਂ ਕਰ ਸਕੇ । ਨਾ ਕਿਸੇ ਪਿੰਡ ਵਿਚ ਡਿਸਪੈਂਸਰੀ ਲਈ ਇਨ੍ਹਾਂ ਨੇ ਬਿਲਡਿੰਗ ਦਾ ਇੰਤਜ਼ਾਮ

ਕੀਤਾ ਸੀ ਅਤੇ ਨਾ ਹੀ ਕੋਈ ਥਾਂ ਦਾ ਇੰਤਜ਼ਾਮ ਕੀਤਾ ਸੀ । ਸਪੀਕਰ ਸਾਹਿਬ, ਮੈਂ ਮਾਨਸਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਗਿਆ ਉਥੇ ਇਹ ਛੱਪਰ ਵਿਚ ਪੱਥਰ ਲਗਾ ਕੇ ਆਏ ਹੋਏ ਸਨ । ਹੁਣ 250 ਬੱਚਿਆਂ ਨੂੰ ਅਸੀਂ ਟਰੇਨਿੰਗ ਦੇ ਰਹੇ ਹਾਂ । ਪਿਛਲੇ 14 ਸਾਲਾਂ ਦੇ ਵਿਚ ਇਹ ਫਾਰਮਾਸਿਸਟਾਂ ਨੂੰ ਟਰੇਨਿੰਗ ਨਹੀਂ ਦੇ ਸਕੇ ਹਨ । ਸਾਡੀ ਇਹ ਪਹਿਲੀ ਸਰਕਾਰ ਹੈ ਜਿਸ ਨੇ 14 ਸਾਲਾਂ ਬਾਅਦ ਇਨ੍ਹਾਂ ਫਾਰਮਾਸਿਸਟਾਂ ਨੂੰ ਟਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਹੈ ਅਤੇ ਕੋਰਸ ਚਾਲੂ ਕੀਤੇ ਹਨ । 250 ਬੱਚੇ ਟਰੇਨਿੰਗ ਲੈ ਰਹੇ ਹਨ ਅਤੇ ਪਹਿਲੀ ਅਪ੍ਰੈਲ ਨੂੰ ਉਨ੍ਹਾਂ ਦਾ ਕੋਰਸ ਕੰਪਲੀਟ ਹੋ ਜਾਵੇਗਾ । ਸਾਰੀਆਂ ਡਿਸਪੈਂਸਰੀਆਂ ਅਸੀਂ ਚੰਗੀ ਹਾਲਤ ਵਿਚ ਚਾਲੂ ਕਰਾਂਗੇ, ਇਨ੍ਹਾਂ ਵਾਂਗ ਪੱਥਰ ਨਹੀਂ ਲਾਵਾਂਗੇ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਗੱਲ ਕਾਫੀ ਗੁੱਸੇ ਵਿਚ ਕਰ ਦਿੱਤੀ ਹੈ । ਜਿਹੜੀਆਂ ਡਿਸਪੈਂਸਰੀਆਂ ਮੰਜ਼ੂਰ ਕੀਤੀਆਂ ਹੋਈਆਂ ਹਨ, ਉਨ੍ਹਾਂ ਨੂੰ ਕਦੋਂ ਤੱਕ ਚਾਲੂ ਕਰ ਦਿੱਤਾ ਜਾਵੇਗਾ ? ਇਹ ਸਾਨੂੰ 2-4 ਮਹੀਨੇ ਦਾ ਟਾਈਮ ਦੱਸ ਦੇਣ । ਕੀ ਇਹ ਹਾਊਸ ਦੇ ਵਿਚ ਆਸ਼ਵਾਸਨ ਦੇਣ ਲਈ ਤਿਆਰ ਹਨ ਕਿ ਇਤਨੀ ਡੇਟ ਨੂੰ ਇਹ ਡਿਸਪੈਂਸਰੀਆਂ ਨੂੰ ਚਾਲੂ ਕਰ ਦਿੱਤਾ ਜਾਵੇਗਾ ਕਿਉਂਕਿ ਪੰਜਾਬ ਦੀ 50% ਆਬਾਦੀ ਪਸ਼ੂ ਪਾਲਣ ਉਤੇ ਗੁਜ਼ਾਰਾ ਕਰਦੀ ਹੈ ਅਤੇ ਪੰਜਾਬ ਵਿਚ ਕਿੰਨੀਆਂ ਹੀ ਡਿਸਪੈਂਸਰੀਆਂ ਬਣੀਆਂ ਹੋਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਡਿਸਪੈਂਸਰੀਆਂ ਨੂੰ ਛੇਤੀ ਹੀ ਚਾਲੂ ਕਰ ਦਿੱਤਾ ਜਾਵੇਗਾ । ਪਹਿਲੇ ਮੈਨੂੰ ਇਹ ਦੱਸਣ ਕਿ ਇਹ ਡਾਕਟਰ ਹੈ ਵੀ ਜਾਂ ਉਸੇ ਤਰ੍ਹਾਂ ਹੀ ਲਿਖਦੇ ਹਨ । (ਹਾਸਾ)

ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਕਮੀ

***1470, 1. ਸਰਦਾਰ ਸੁਖਵਿੰਦਰ ਸਿੰਘ ਔਲਖ :**

2. ਸਰਦਾਰ ਗੁਰਦੀਪ ਸਿੰਘ ਭੁੱਲਰ : ਕੀ ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਰਕਾਰੀ ਹਾਈ ਅਤੇ ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੀ ਜ਼ਿਲ੍ਹਾ ਵਾਰ ਕਮੀ ਕਿੰਨੀ ਹੈ ;

(ਅ) ਕੀ ਰਾਜ ਦੇ ਹੋਰ ਹਿੱਸਿਆਂ ਦੇ ਮੁਕਾਬਲੇ ਬੇਟ ਇਲਾਕੇ ਵਿਚ ਅਧਿਆਪਕਾਂ ਦੀ ਕਮੀ ਜ਼ਿਆਦਾ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਕਮੀ ਨੂੰ ਪੂਰਾ ਕਰਨ ਲਈ ਕੀ ਨੀਤੀ ਅਪਨਾਈ ਜਾ ਰਹੀ ਹੈ ?

ਸਰਦਾਰ ਤੋਤਾ ਸਿੰਘ : (ੳ) ਉਨ੍ਹਾਂ ਪ੍ਰਾਇਮਰੀ ਸਕੂਲਾਂ ਦੀ ਜ਼ਿਲ੍ਹਾਵਾਰ ਸੂਚਨਾ, ਜਿਥੇ ਅਧਿਆਪਕਾਂ ਦੀ ਘਾਟ ਹੈ, ਨਾਲ ਨੱਥੀ ਅਨੁਲੱਗ 'ੳ' ਤੇ ਹੈ ;

ਰਾਜ ਦੇ ਸਰਕਾਰੀ ਹਾਈ ਸਕੂਲਾਂ ਵਿੱਚ ਮਾਸਟਰਾਂ ਦੀ ਘਾਟ ਦੀ ਸੂਚੀ ਅਨੁਲੱਗ 'ਅ' ਤੇ ਹੈ ।

(ਅ) ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੋਰ ਹਿੱਸਿਆਂ ਦੇ ਮੁਕਾਬਲੇ ਬੇਟ ਇਲਾਕੇ ਵਿੱਚ ਜ਼ਿਆਦਾ ਹੈ ਪਰ ਹਾਈ ਸਕੂਲਾਂ ਵਿਚ ਅਜਿਹੀ ਕਮੀ ਜ਼ਿਆਦਾ ਨਹੀਂ ਹੈ । ਬੇਟ ਏਰੀਆ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਪੂਰੀ ਕਰਨ ਲਈ ਸਿਖਿਆ ਕਰਮੀ ਸਕੀਮ ਲਾਗੂ ਕਰਨ ਤੇ ਵਿਚਾਰ ਕੀਤਾ ਜਾ ਰਿਹਾ ਹੈ ।

[ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ]

ਅਨੁਲੱਗ 'ੳ'

ਪ੍ਰਾਇਮਰੀ ਸਕੂਲ ਜਿਥੇ ਟੀਚਰਾਂ ਦੀ ਘਾਟ ਹੈ ।

ਲੜੀ ਨੰ:	ਜ਼ਿਲ੍ਹਾ	ਜੇ.ਬੀ.ਟੀ.	ਹੈੱਡ ਟੀਚਰ	ਸੈਂਟਰ ਹੈੱਡ ਟੀਚਰ
1.	ਅੰਮ੍ਰਿਤਸਰ	140	207	—
2.	ਬਠਿੰਡਾ	12	44	18
3.	ਫਿਰੋਜ਼ਪੁਰ	488	110	70
4.	ਫਰੀਦਕੋਟ	44	16	5
5.	ਫਤਿਹਗੜ੍ਹ ਸਾਹਿਬ	190	26	19
6.	ਗੁਰਦਾਸਪੁਰ	33	210	104
7.	ਹੁਸ਼ਿਆਰਪੁਰ	69	129	112
8.	ਜਲੰਧਰ	369	197	64
9.	ਕਪੂਰਥਲਾ	71	24	11
10.	ਲੁਧਿਆਣਾ	269	262	105
11.	ਮਾਨਸਾ	29	184	34
12.	ਮੋਗਾ	90	38	14
13.	ਮੁਕਤਸਰ	130	103	28
14.	ਨਵਾਂ ਸ਼ਹਿਰ	208	55	45
15.	ਪਟਿਆਲਾ	285	102	55
16.	ਰੋਪੜ	117	82	11
17.	ਸੰਗਰੂਰ	136	—	—
	ਜੋੜ :	2680	1789	695

ਅਨੁਲੱਗ 'ਅ'

ਅਜ ਦੇ ਹਾਈ ਸਕੂਲਾਂ ਵਿੱਚ ਜ਼ਿਲ੍ਹਾ-ਵਾਈਜ਼ ਅਧਿਆਪਕਾਂ ਦੀ ਕਮੀ ਹੇਠ ਲਿਖੇ ਅਨੁਸਾਰ ਹੈ :—

ਲੜੀ ਨੰ:	ਜ਼ਿਲ੍ਹਾ	ਗਿਣਤੀ
1.	ਲੁਧਿਆਣਾ	42
2.	ਰੋਪੜ	5
3.	ਸੰਗਰੂਰ	40
4.	ਪਟਿਆਲਾ	30
5.	ਫਤਿਹਗੜ੍ਹ ਸਾਹਿਬ	14
6.	ਅੰਮ੍ਰਿਤਸਰ	131
7.	ਗੁਰਦਾਸਪੁਰ	31
8.	ਹੁਸ਼ਿਆਰਪੁਰ	38
9.	ਕਪੂਰਥਲਾ	104
10.	ਜਲੰਧਰ	115
11.	ਨਵਾਂ ਸ਼ਹਿਰ	59
12.	ਮੁਕਤਸਰ	28
13.	ਫਰੀਦਕੋਟ	10
14.	ਮੋਗਾ	50
15,	ਫਿਰੋਜ਼ਪੁਰ	102
16.	ਬਠਿੰਡਾ	33
17.	ਮਾਨਸਾ	66
	ਕੁੱਲ :	898

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਦਸਿਆ ਹੈ ਕਿ 1789 ਹੈੱਡ ਟੀਚਰਜ਼ ਪ੍ਰਾਇਮਰੀ ਦੇ ਘੱਟ ਹਨ । ਫੇਰ ਇਹ 1789 ਸਕੂਲਾਂ ਵਿੱਚ ਬਗੈਰ ਹੈੱਡ ਟੀਚਰਜ਼ ਦੇ ਕਿਸ ਤਰ੍ਹਾਂ ਕੰਮ ਚਲਦਾ ਹੈ ?

ਮੰਤਰੀ : ਸਪੀਕਰ ਸਾਹਿਬ, ਅਸੀਂ ਹੈੱਡ ਟੀਚਰਜ਼ ਦੀ ਪਰਮੋਸ਼ਨ ਨਹੀਂ ਕਰ ਸਕਦੇ ਕਿਉਂਕਿ ਇਨ੍ਹਾਂ ਦਾ ਰਿਜ਼ਰਵ ਅਤੇ ਜਨਰਲ ਕੈਟੇਗਰੀ ਦਾ ਕੇਸ ਸੁਪ੍ਰੀਮ ਕੋਰਟ ਵਿਚ ਚਲ ਰਿਹਾ ਹੈ । ਇਨ੍ਹਾਂ ਵਿਚ ਜਿਹੜਾ ਸੀਨੀਅਰ ਟੀਚਰ ਹੁੰਦਾ ਹੈ ਉਸ ਨੂੰ ਕਰੰਟ ਚਾਰਜ ਦੇ ਦਿੱਤਾ ਜਾਂਦਾ ਹੈ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਬੇਟ ਦੇ ਏਰੀਏ ਵਿਚ ਪ੍ਰਾਇਮਰੀ ਤੇ ਹਾਈ ਸਕੂਲਾਂ ਵਿਚ ਟੀਚਰਜ਼ ਦੀ ਬਹੁਤ ਘਾਟ ਹੈ । ਕੀ ਇਹ ਆਉਣ ਵਾਲੇ ਵਿਦਿਅਕ ਸਾਲ ਵਿਚ ਨਵੀਂ ਪਾਲਿਸੀ ਦੇ ਮੁਤਾਬਿਕ ਇਨ੍ਹਾਂ ਪੋਸਟਾਂ ਨੂੰ ਭਰ ਦੇਣਗੇ ਅਤੇ ਪਾਲਿਸੀ ਲਾਗੂ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਨਵੀਂ ਪਾਲਿਸੀ ਦੇ ਮੁਤਾਬਿਕ ਵਿਚਾਰ ਚਲ ਰਿਹਾ ਹੈ । ਪਹਿਲੇ 3 ਮਹੀਨੇ ਛੁੱਟੀਆਂ ਹੁੰਦੀਆਂ ਹਨ । ਹੁਣ 31 ਮਾਰਚ ਨੂੰ ਟੀਚਰ ਰਿਟਾਇਰ ਹੋਇਆ ਕਰਨਗੇ । ਛੇਤੀ ਹੀ ਇਹ ਗੱਲ ਵਿਚਾਰ ਅਧੀਨ ਆ ਗਈ ਹੈ । ਕਿਉਂਕਿ ਹਰ ਮਹੀਨੇ 400-500 ਟੀਚਰਾਂ ਦੀ ਰਿਟਾਇਰਮੈਂਟ ਹੋ ਜਾਂਦੀ ਹੈ, ਉਹ ਨਾ ਹੋਇਆ ਕਰੇ ਅਤੇ 1 ਜੁਲਾਈ ਤੋਂ 31 ਮਾਰਚ ਤੱਕ 9 ਮਹੀਨੇ ਲਗਾਤਾਰ ਪੜ੍ਹਾਈ ਹੋਵੇ । ਇਹ ਨਵੀਂ ਸਕੀਮ ਬਹੁਤ ਵਧੀਆ ਹੈ । ਇਸ ਸਕੀਮ ਨੂੰ ਪਹਿਲੀ ਜੁਲਾਈ ਤੋਂ ਲਾਗੂ ਕਰਨ ਦਾ ਵਿਚਾਰ ਹੈ । ਬੇਟ ਏਰੀਏ ਦੇ ਜਿਸ ਸਕੂਲ ਵਿਚ 20 ਬੱਚੇ ਹੋਣਗੇ ਉਥੇ 60 ਰੁਪਏ ਪ੍ਰਤੀ ਬੱਚੇ ਦੇ ਹਿਸਾਬ ਨਾਲ ਟੀਚਰ ਰੱਖ ਕੇ ਦਿਆਂਗੇ ਜਾਂ ਉਸ ਪਿੰਡ ਦੀ ਪੰਚਾਇਤ ਜਾਂ ਵਿਕਾਸ ਕਮੇਟੀ 1200 ਰੁਪਿਆ ਦੇ ਕੇ ਕਿਸੇ ਨੂੰ ਵੀ ਸਿਖਿਆ ਕਰਮੀ ਵਜੋਂ ਰੱਖ ਲਵੇ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਮੰਤਰੀ ਜੀ ਦੱਸਣ ਕਿ ਇਸ ਸਕੀਮ ਨੂੰ ਲਾਗੂ ਕਰਨ ਲਈ ਕਿਤਨਾ ਸਮਾਂ ਲਗੇਗਾ ਅਤੇ ਕੀ ਘੱਟੋ-ਘੱਟ ਕੋਈ ਸਮਾਂ ਨਿਸ਼ਚਿਤ ਕੀਤਾ ਜਾਵੇਗਾ ?

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ)

ਮਾਹਿਲਪੁਰ ਵਿਖੇ ਫੁੱਟਬਾਲ ਅਕਾਦਮੀ ਸਥਾਪਿਤ ਕਰਨਾ

*1515. **ਸਰਦਾਰ ਸੋਹਨ ਸਿੰਘ ਠੰਡਲ :** ਕੀ ਖੇਡਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਫੁੱਟਬਾਲ ਅਕਾਦਮੀ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਸਨੂੰ ਕਦੋਂ ਤਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਨੁਸਰਤ ਅਲੀ ਖਾਨ : ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਫੁੱਟਬਾਲ ਅਕੈਡਮੀ ਪਹਿਲਾਂ ਹੀ ਜੁਲਾਈ 1997 ਤੋਂ ਚੱਲ ਰਹੀ ਹੈ ।

ਸਰਦਾਰ ਸੋਹਨ ਸਿੰਘ ਠੰਡਲ : ਮੰਤਰੀ ਜੀ ਦਾ ਮੈਂ ਬਹੁਤ ਧੰਨਵਾਦੀ ਹਾਂ ਕਿ ਇਨ੍ਹਾਂ ਕਿਹਾ ਹੈ ਕਿ ਮਾਹਿਲਪੁਰ ਵਿਖੇ ਫੁੱਟਬਾਲ ਅਕੈਡਮੀ 1997 ਤੋਂ ਚਲ ਰਹੀ ਹੈ । ਉਥੇ ਹਾਲੇ ਤਕ ਬਿਲਡਿੰਗ ਨਹੀਂ ਬਣੀ ਹਾਲਾਂਕਿ ਉਸ ਲਈ ਨੀਂਹ ਪੱਥਰ ਵੀ ਰੱਖਿਆ ਗਿਆ ਸੀ । ਹੁਣ ਇਹ ਬਿਲਡਿੰਗ ਕਦੋਂ ਤੱਕ ਬਣਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਉਥੇ ਹਾਇਰ ਸੈਕੰਡਰੀ ਸਕੂਲ ਵਿਚ ਕਲਾਸਾਂ ਲਗ ਰਹੀਆਂ ਹਨ ਅਤੇ ਉਥੇ ਹੀ ਬੱਚੇ ਸਟੇਅ ਕਰ ਰਹੇ ਹਨ । ਫੰਡਜ਼ ਆਉਣ ਤੇ ਇਹ ਕੰਮ ਚਾਲੂ ਕਰ ਦਿੱਤਾ ਜਾਵੇਗਾ ।

ਸਰਦਾਰ ਸੋਹਨ ਸਿੰਘ ਠੰਡਲ : ਕੀ ਇਹ ਟਾਈਮ ਬਾਊਂਡ ਕਰਨਗੇ ਕਿ ਇਹ ਬਿਲਡਿੰਗ ਲਈ ਫੰਡ ਕਦੋਂ ਤਕ ਜਾਰੀ ਕਰ ਦਿੱਤੇ ਜਾਣਗੇ ?

ਸ਼੍ਰੀ ਸਪੀਕਰ : ਕੀ ਇਹ ਬਿਲਡਿੰਗ ਬਣਾ ਦਿਤੀ ਜਾਵੇਗੀ ਅਤੇ ਇਹ ਬਿਲਡਿੰਗ ਕਦੋਂ ਤੱਕ ਬਣਾ ਦਿੱਤੀ ਜਾਵੇਗੀ ?

ਰਾਜ ਮੰਤਰੀ : ਫੰਡਜ਼ ਅਗਲੇ ਮਹੀਨੇ ਉਪਲਬਧ ਹੋ ਜਾਣ ਤਾਂ ਬਿਲਡਿੰਗ ਬਣਾ ਦਿਤੀ ਜਾਵੇਗੀ । (ਵਿਘਨ)

ਸਰਦਾਰ ਸੋਹਨ ਸਿੰਘ ਠੰਡਲ : ਕੀ ਇਹ ਬਿਲਡਿੰਗ ਇਸੇ ਸਾਲ ਵਿਚ ਬਣਾਉਣੀ ਚਾਲੂ ਕਰ ਦਿਤੀ ਜਾਵੇਗੀ ਜਾਂ ਹੋਰ ਕਿਤਨਾ ਸਮਾਂ ਲਗੇਗਾ ?

ਸ਼੍ਰੀ ਸਪੀਕਰ : ਕੀ ਤੁਸੀਂ ਬਿਲਡਿੰਗ ਇਸੇ ਸਾਲ ਵਿਚ ਬਣਾ ਦਿਉਗੇ ?

ਰਾਜ ਮੰਤਰੀ : ਜੇ ਫੰਡਜ਼ ਇਸੇ ਸਾਲ ਵਿਚ ਆ ਗਏ ਅਤੇ ਐਫ. ਐਮ. ਸਾਹਿਬ ਨੇ ਸਾਨੂੰ ਫੰਡਜ਼ ਦੇ ਦਿਤੇ ਤਾਂ ਇਸੇ ਸਾਲ ਬਿਲਡਿੰਗ ਬਣਾ ਦਿਆਂਗੇ । (ਹਾਸਾ)

ਸਰਦਾਰ ਸੋਹਨ ਸਿੰਘ ਠੰਡਲ : ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਹਿਲਪੁਰ ਨੇ ਫੁੱਟਬਾਲ ਦੇ ਬਹੁਤ ਚੰਗੇ ਖਿਡਾਰੀ ਪੈਦਾ ਕੀਤੇ ਹਨ ਅਤੇ ਇਹ ਬਹੁਤ ਮਾਣ ਵਾਲੀ ਗੱਲ ਹੈ । ਉਨ੍ਹਾਂ ਨੇ ਖੇਡਾਂ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ । ਇਸ ਬਿਲਡਿੰਗ ਲਈ ਫੰਡਜ਼ ਕਦੋਂ ਤੱਕ ਆ ਜਾਣਗੇ ਅਤੇ ਇਹ ਕਦੋਂ ਤਕ ਤਿਆਰ ਕਰ ਦਿਤੀ ਜਾਵੇਗੀ ?

ਸ਼੍ਰੀ ਸਪੀਕਰ : ਜਦੋਂ ਪੈਸੇ ਅਵੇਲੇਬਲ ਹੋਣਗੇ । ਹਾਂ ਜੀ, ਸ਼੍ਰੀ ਤਿਕਸ਼ਨ ਸੂਦ ।

ਸ਼੍ਰੀ ਤਿਕਸ਼ਨ ਸੂਦ : ਸਪੀਕਰ ਸਾਹਿਬ, ਜਦੋਂ ਇਹ ਫੁੱਟਬਾਲ ਅਕੈਡਮੀ ਦਾ ਉਦਘਾਟਨ ਦਾ ਸਮਾਰੋਹ ਹੋਇਆ ਸੀ ਤਾਂ ਮੈਂ ਵੀ ਉਥੇ ਹਾਜ਼ਰ ਸੀ ਅਤੇ ਮੁੱਖ ਮੰਤਰੀ ਸਾਹਿਬ ਨੇ ਉਥੇ ਫੰਡਜ਼ ਅਨਾਊਂਸ ਕੀਤੇ ਸਨ । ਕੀ ਮੰਤਰੀ ਜੀ ਇਹ ਦੱਸਣਗੇ ਕਿ ਮੁੱਖ ਮੰਤਰੀ ਜੀ ਨੇ ਕਿਤਨੇ ਫੰਡਜ਼ ਅਨਾਊਂਸ ਕੀਤੇ ਸਨ ਅਤੇ ਕਿਤਨੇ ਕੰਮ ਤੇ ਲਗ ਚੁਕੇ ਹਨ ਅਤੇ ਕੁੱਲ ਕਿਤਨਾ ਪੈਸਾ ਲੱਗਣਾ ਹੈ ਅਤੇ ਕਦੋਂ ਤੱਕ ਜਾਰੀ ਹੋ ਜਾਵੇਗਾ ?

ਸ਼੍ਰੀ ਸਪੀਕਰ : ਕੀ ਕੋਈ ਇਸ ਬਾਰੇ ਐਸਟੀਮੇਟ ਲਗਾਇਆ ਹੈ ਕਿ ਕਿੰਨਾ ਅਮਾਊਂਟ ਲਗਣਾ ਹੈ ਜੋ ਸੀ. ਐਮ. ਸਾਹਿਬ ਨੇ ਅਨਾਊਂਸ ਕੀਤਾ ਹੈ ?

ਰਾਜ ਮੰਤਰੀ : ਅਨਾਊਂਸ ਮੁੱਖ ਮੰਤਰੀ ਸਾਹਿਬ ਨੇ ਕੀਤਾ ਹੈ ਅਤੇ ਪੁੱਛ ਮੈਨੂੰ ਰਹੇ ਹਨ । (ਹਾਸਾ)

MR. SPEAKER : No, No. This is not the reply. ਸੀਰੀਅਸਲੀ ਰਿਪਲਾਈ ਦਿਓ ਜੋ ਇਹ ਕੁਐਸਚਨ ਪੁੱਛ ਰਹੇ ਹਨ ।

ਰਾਜ ਮੰਤਰੀ : ਇਹ ਅਲੱਗ ਕੁਐਸਚਨ ਕਰ ਦੇਣ ਤਾਂ ਜਵਾਬ ਦੇ ਦੇਵਾਂਗਾ ।

ਸ਼੍ਰੀ ਸਪੀਕਰ : ਜੋ ਪੁੱਛਿਆ ਹੈ, ਉਸ ਦਾ ਜਵਾਬ ਦਿਓ । ਇਹ ਅਲੱਗ ਕੁਐਸਚਨ ਨਹੀਂ ਹੈ ।

ਸ਼੍ਰੀ ਤਿਕਸ਼ਨ ਸੂਦ : ਜਦੋਂ ਇਹ ਫੁੱਟਬਾਲ ਅਕੈਡਮੀ ਦੇ ਉਦਘਾਟਨ ਦਾ ਸਮਾਰੋਹ ਹੋ ਰਿਹਾ ਸੀ ਤਾਂ ਸੀ. ਐਮ. ਸਾਹਿਬ ਵੀ ਆਏ ਸਨ ਅਤੇ ਉਨ੍ਹਾਂ ਨੇ ਫੰਡਜ਼ ਅਨਾਊਂਸ ਕੀਤੇ ਸਨ । ਉਹ ਫੰਡਜ਼ ਕਿਤਨੇ ਅਨਾਊਂਸ ਹੋਏ ਅਤੇ ਕਿਤਨੇ ਪੈਸੇ ਲਗ ਚੁਕੇ ਹਨ ? ਕੁਲ ਅਮਾਊਂਟ ਕਿਤਨੀ ਲੱਗਣੀ ਹੈ ਅਤੇ ਇਹ ਬਿਲਡਿੰਗ ਕਦੋਂ ਤਕ ਤਿਆਰ ਹੋ ਜਾਵੇਗੀ ?

ਰਾਜ ਮੰਤਰੀ : ਕੱਲ ਦੱਸ ਦੇਵਾਂਗਾ ।

ਸ਼੍ਰੀ ਸਪੀਕਰ : ਕੱਲ ਪਤਾ ਕਰਕੇ ਦੱਸ ਦੇਣਾ । Supplementaries will continue.

ਵਿੱਤ ਅਤੇ ਯੋਜਨਾ ਮੰਤਰੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜੋ ਰਕਮ ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤੀ ਸੀ ਉਸ ਦਾ ਅਸੀਂ ਭੁਗਤਾਨ ਕਰਾਂਗੇ । We are committed to it. ਔਰ ਅਗਲੇ ਵਿੱਤੀ ਸਾਲ ਦੇ ਸ਼ੁਰੂ ਵਿਚ ਹੀ ਇਹ ਪੈਸੇ ਰਿਲੀਜ਼ ਕਰ ਦਿਆਂਗੇ । (ਥੰਪਿੰਗ)

ਸ਼੍ਰੀ ਸਪੀਕਰ : ਇਸ ਕੁਐਸਚਨ ਦੀ ਸਪਲੀਮੈਂਟਰੀ ਕੱਲ ਨੂੰ ਕੰਟੀਨਿਊ ਨਹੀਂ ਰਹੇਗੀ । ਅਗਲਾ ਸਵਾਲ ।

ਅਸਲੇ ਦੀ ਨਿਲਾਮੀ

*1489 1. **ਸਰਦਾਰ ਗੁਰਦੀਪ ਸਿੰਘ ਭੁੱਲਰ**
2. **ਸਰਦਾਰ ਸੁਖਵਿੰਦਰ ਸਿੰਘ ਔਲਖ**] ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਪਿਛਲੇ ਪੰਜ ਸਾਲਾਂ ਦੇ ਦੌਰਾਨ ਕੁੱਲ ਕਿੰਨੇ ਅਤੇ ਕਿਸ-ਕਿਸ ਕਿਸਮ ਦੇ ਅਸਲੇ ਦੀ ਨੀਲਾਮੀ ਕੀਤੀ ਗਈ ਅਤੇ ਰਾਜ ਸਰਕਾਰ ਨੂੰ ਇਸ ਤੋਂ ਕਿੰਨੀ ਆਮਦਨ ਹੋਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਅਸਲੇ ਦੀ ਨੀਲਾਮੀ ਲਈ ਕੀ ਕਸੌਟੀ ਅਪਣਾਈ ਗਈ ਸੀ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : (ੳ) ਸ੍ਰੀਮਾਨ ਜੀ, ਪਿਛਲੇ ਪੰਜ ਸਾਲਾਂ ਤੋਂ ਨਾ ਤਾਂ ਕਿਸੇ ਵੀ ਪਕੜੇ/ਜ਼ਬਤ ਕੀਤੇ ਗਏ ਅਸਲੇ ਦੀ ਨੀਲਾਮੀ ਹੋਈ ਹੈ ਅਤੇ ਨਾ ਹੀ ਆਮਦਨ ।

(ਅ) ਉਪਰੋਕਤ 'ੳ' ਦੇ ਸਨਮੁੱਖ ਕੋਈ ਕਸੌਟੀ ਨਹੀਂ ਅਪਣਾਈ ਗਈ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਇਸ ਕਰਕੇ ਮੈਂ ਇਨ੍ਹਾਂ ਦਾ ਧੰਨਵਾਦ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਪਿਛਲੀ ਸਰਕਾਰ ਦੀ ਤਰ੍ਹਾਂ ਅਸਲੇ ਦੀ ਲੁੱਟ ਨਹੀਂ ਪੁਆਈ । ਇਸਦੇ ਨਾਲ ਹੀ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਅਸਲੇ ਦਾ ਏਨਾ ਭੰਡਾਰ ਜਮ੍ਹਾਂ ਹੋ ਰਿਹਾ ਹੈ, ਉਸ ਨੂੰ ਡਿਸਪੋਜ਼ ਆਫ ਕਰਨ ਲਈ ਇਨ੍ਹਾਂ ਨੂੰ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ । ਉਸ ਲਈ ਕੋਈ ਕਸੌਟੀ ਨਿਰਧਾਰਤ ਕਰਨੀ ਚਾਹੀਦੀ ਹੈ ਤਾਂ ਕਿ ਇਹ ਅਸਲਾ ਡਿਸਪੋਜ਼ ਆਫ ਕੀਤਾ ਜਾਵੇ ਨਹੀਂ ਤਾਂ.........

ਸ੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਮੈਂ ਜੀ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਕਸੌਟੀ, ਕੋਈ ਸਕੀਮ, ਕੋਈ ਕਮੇਟੀ ਇਸ ਅਸਲੇ ਨੂੰ ਡਿਸਪੋਜ਼ ਆਫ ਕਰਨ ਲਈ ਇਹ ਬਣਾ ਰਹੇ ਹਨ ?

ਮੰਤਰੀ : ਇਸ ਦੇ ਵਾਸਤੇ, ਸਪੀਕਰ ਸਾਹਿਬ, ਭਾਰਤ ਸਰਕਾਰ ਨੇ 1993 ਵਿਚ ਪਹਿਲਾਂ ਪਾਲਿਸੀ ਬਣਾਈ ਸੀ । ਉਸ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੱਜਮੈਂਟ ਦੇ ਕੇ ਪਾਲਿਸੀ ਨਿਰਧਾਰਤ ਕੀਤੀ ਅਤੇ ਫੇਰ ਭਾਰਤ ਸਰਕਾਰ ਤੋਂ ਕਲੀਅਰੈਂਸ ਲੈ ਕੇ ਪੰਜਾਬ ਸਰਕਾਰ ਨੇ, ਮੁੱਖ ਮੰਤਰੀ ਜੀ ਨੇ ਕਮੇਟੀ ਬਣਾਈ ਜਿਸਨੇ ਇਸ ਦੀਆਂ ਪ੍ਰਾਈ- ਸਿਜ਼ ਫਿਕਸ ਕਰ ਦਿੱਤੀਆਂ ਹਨ ਅਤੇ ਹਥਿਆਰਾਂ ਦੀ ਅਲਾਟਮੈਂਟ ਲਈ ਕੋਟਾ ਫਿਕਸ ਕਰ ਦਿੱਤਾ ਹੈ । ਜਿਵੇਂ ਮੈਂਬਰਜ਼ ਆਫ ਯੂਨੀਅਨ ਕੌਂਸਲ ਆਫ ਮਨਿਸਟਰਜ਼ ਲਈ 20% ਅਤੇ ਏਸੇ ਤਰ੍ਹਾਂ ਐਮ. ਪੀਜ਼ ਅਤੇ ਐਮ. ਐਲ. ਏਜ਼ ਵਾਸਤੇ ਵੀ ਕੈਟੇਗਰੀਜ਼ ਬਣਾ ਦਿੱਤੀਆਂ ਹਨ । ਸਰਕਾਰ ਨੇ ਹਾਲੇ ਤੱਕ ਇਨ੍ਹਾਂ ਦੀ ਕੋਈ ਅਲਾਟਮੈਂਟ ਨਹੀਂ ਕੀਤੀ ਅਤੇ ਪਾਲਿਸੀ ਦੇ ਅੰਤਰਗਤ ਹੀ ਅਲਾਟਮੈਂਟ ਕੀਤੀ ਜਾਵੇਗੀ ।

ਰਾਜ ਮੰਤਰੀ, ਖੇਤੀਬਾੜੀ, (ਸਰਦਾਰ ਅਜੀਤ ਸਿੰਘ ਕੋਹਾੜ) : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁਦਾ ਹਾਂ ਕਿ ਜਿਹੜੀ ਕੱਲ ਦੀ ਘਟਨਾ...

ਸ੍ਰੀ ਸਪੀਕਰ : ਕੋਹਾੜ ਸਾਹਿਬ, ਤੁਸੀਂ ਹਾਲੇ ਬੈਠ ਜਾਓ । ਇਹ ਕੁਐਸਚਨ ਆਵਰ ਹੈ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1490*

ਸ਼੍ਰੀ ਸਪੀਕਰ : ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1490 ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਇਕ ਹਫਤੇ ਲਈ ਗਰਾਂਟ ਕਰ ਦਿੱਤੀ ਗਈ ਹੈ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਮੇਰਾ ਸਵਾਲ ਐਕਸਟੈਂਡ ਕਰ ਦਿੱਤਾ ਗਿਆ ਹੈ । ਕੀ ਇਸ ਦਾ ਜਵਾਬ ਇਸ ਸੈਸ਼ਨ ਦੇ ਵਿਚ ਵਿਚ ਮਿਲ ਜਾਵੇਗਾ ?

ਸ਼੍ਰੀ ਸਪੀਕਰ : ਮੈਂ ਇਕ ਹਫਤੇ ਲਈ ਐਕਸਟੈਂਸ਼ਨ ਗਰਾਂਟ ਕੀਤੀ ਹੈ ਜੀ ।

ਅ. ਸ. ਪ. ਨੰ : 14/10/99-3ਏਸ/1451

ਮਦਨ ਮੋਹਨ ਮਿੱਤਲ

ਖੁਰਾਕ ਤੇ ਸਪਲਾਈ ਮੰਤਰੀ
(ਇਮਾਰਤਾਂ ਤੇ ਸੜਕਾਂ-3)

ਮਿਤੀ, ਚੰਡੀਗੜ੍ਹ 16-3-99

ਵਿਸ਼ਾ :—ਤਾਰਾ ਅੰਕਿਤ ਵਿਧਾਨ ਸਭਾ ਪ੍ਰਸ਼ਨ ਨੰ: 1490 ਵੱਲੋਂ ਸ: ਗੁਰਦੀਪ ਸਿੰਘ ਭੁੱਲਰ, ਐਮ. ਐਲ. ਏ. ਅਤੇ ਸ: ਸੁਖਵਿੰਦਰ ਸਿੰਘ ਔਲਖ, ਐਮ. ਐਲ. ਏ. ਬਾਬਤ ਲਿੰਕ ਸੜਕਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਬਾਰੇ ।

ਪਿਆਰੇ ਅਟਵਾਲ ਜੀ,

ਕਿਰਪਾ ਕਰਕੇ ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨੀ ।

2. ਸਰਦਾਰ ਗੁਰਦੀਪ ਸਿੰਘ ਭੁੱਲਰ, ਐਮ. ਐਲ. ਏ. ਅਤੇ ਸਰਦਾਰ ਸੁਖਵਿੰਦਰ ਸਿੰਘ ਔਲਖ, ਐਮ. ਐਲ. ਏ. ਵੱਲੋਂ ਬਾਬਤ ਲਿੰਕ ਸੜਕਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਸਬੰਧੀ ਪੁੱਛਿਆ ਗਿਆ ਹੈ । ਇਹ ਸੂਚਨਾ ਜੋ ਕਿ ਬਹੁਤ ਹੀ ਵਿਸਥਾਰਤ ਕਿਸਮ ਦੀ ਹੈ । ਇਸ ਕਰਕੇ ਵਿਭਾਗ ਨੂੰ ਇਹ ਸੂਚਨਾ ਇਕੱਤਰ ਕਰਨ ਵਿੱਚ ਕਾਫੀ ਸਮਾਂ ਲੱਗਣ ਦੀ ਸੰਭਾਵਨਾ ਹੈ । ਫਲਸਰੂਪ ਇਸ ਸਵਾਲ ਦਾ ਉੱਤਰ ਨਿਸ਼ਚਿਤ ਮਿਤੀ 18-3-99 (ਬਾ. ਦੂ.) ਦੇਣਾ ਸੰਭਵ ਨਹੀਂ ਹੈ ।

ਮੈਂ ਧੰਨਵਾਦੀ ਹੋਵਾਂਗਾ ਜੇਕਰ ਆਪ ਕਿਰਪਾ ਕਰਕੇ ਇਸ ਸਵਾਲ ਦਾ ਉੱਤਰ ਦੇਣ ਲਈ 15 ਦਿਨ ਦਾ ਸਮਾਂ ਦੇਣ ਦੀ ਖੇਚਲ ਕਰੋਗੇ ।

ਆਦਰ ਸਹਿਤ,

ਹਿਤੂ
ਸਹੀ/-
(ਮਦਨ ਮੋਹਨ ਮਿੱਤਲ)

ਸ : ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ ।

*For Starred Question No. 1490 and reply thereto, please see P.V.S. Debates dated 30-3-1999.

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1543

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਪਟਿਆਲਾ ਵਿਚ ਪੋਪਲਰ ਦੇ ਪੌਦੇ ਲਗਾਉਣੇ

*1534. **ਸਰਦਾਰ ਜਗਤਾਰ ਸਿੰਘ ਰਾਜਲਾ** : ਕੀ ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲ 1997-98 ਅਤੇ 1998-99 ਮਿਤੀ ਅੰਤ ਤੱਕ ਦੇ ਦੌਰਾਨ ਮਿਉਂਸਪਲ ਕਾਰਪੋਰੇਸ਼ਨ, ਪਟਿਆਲਾ ਦੁਆਰਾ ਪੋਪਲਰ ਦਰਖਤਾਂ ਦੇ ਬੂਟੇ ਕਿਸ ਦਰ ਤੇ ਖਰੀਦੇ ਗਏ ਸਨ ਅਤੇ ਖਰੀਦੇ ਗਏ ਬੂਟਿਆਂ ਦੀ ਸਾਲ-ਵਾਰ ਗਿਣਤੀ ਕਿੰਨੀ-ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਬੂਟਿਆਂ ਵਿਚੋਂ ਕਿੰਨੇ ਬੂਟੇ ਲਗਾ ਦਿੱਤੇ ਗਏ ਹਨ ਅਤੇ ਉਨ੍ਹਾਂ ਥਾਵਾਂ ਦੇ ਨਾਂ ਕੀ ਹਨ ਜਿਥੇ ਇਹ ਬੂਟੇ ਲਗਾਏ ਗਏ ਹਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਸਾਲ 1997-98 ਵਿਚ ਕੋਈ ਖਰੀਦ ਨਹੀਂ ਕੀਤੀ ਗਈ । ਸਾਲ 1998-99 ਤੋਂ ਹੁਣ ਤੱਕ ਪੋਪਲਰ ਦੇ 2000 ਪਲਾਂਟਸ, ਕਿਸਮ ਜੀ-48, 15 ਰੁਪਏ ਪ੍ਰਤੀ ਬੂਟਾ ਖਰੀਦ ਕੀਤੇ ਗਏ ।

(ਅ) ਜੀ-48 ਕਿਸਮ ਦੇ ਇਹ 2000 ਬੂਟੇ ਮਾਡਲ ਟਾਊਨ ਦੇ 7 ਪਾਰਕਾਂ ਅਤੇ ਸਟਰੀਟਸ ਵਿਕਾਸ ਕਲੋਨੀ ਦੇ 3 ਪਾਰਕਾਂ, ਨਹਿਰੂ ਰੋਜ਼ ਗਾਰਡਨ, ਹਕੀਕਤ ਰਾਏ ਪਾਰਕ, ਤਫਜ਼ਲਪੁਰਾ ਪਾਰਕ, ਤੇਜ਼ ਬਾਗ ਕਲੋਨੀ ਪਾਰਕ, ਇੰਡਸਟਰੀਅਲ ਏਰੀਆ ਦੇ 2 ਪਾਰਕ ਅਤੇ ਨਿਊ ਮੇਹਰ ਸਿੰਘ ਕਲੋਨੀ ਪਾਰਕ ਵਿਚ ਲਗਾਏ ਗਏ ਹਨ ।

ਸਰਦਾਰ ਜਗਤਾਰ ਸਿੰਘ ਰਾਜਲਾ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 15 ਰੁਪਏ ਦੇ ਹਿਸਾਬ ਨਾਲ ਜੀ-48 ਕਿਸਮ ਦੇ ਬੂਟੇ ਖਰੀਦੇ ਹਨ, ਇਹ ਕਿਹੜੀ ਏਜੰਸੀ ਤੋਂ ਖਰੀਦੇ ਹਨ ਅਤੇ ਜਿਹੜੀਆਂ ਕਲੋਨੀਆਂ ਇਨ੍ਹਾਂ ਨੇ ਦੱਸੀਆਂ ਹਨ, ਉਨ੍ਹਾਂ ਵਿਚ ਕਿੰਨੇ ਕਿੰਨੇ ਬੂਟੇ ਲਗਾਏ ਹਨ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਅਗਰ ਅਲੱਗ ਅਲੱਗ ਪੁਛਿਆ ਹੁੰਦਾ ਕਿ ਕਿਹੜੀ ਕਲੋਨੀ ਵਿਚ ਕਿੰਨੇ ਕਿੰਨੇ ਬੂਟੇ ਲਗਾਏ ਹਨ ਤਾਂ ਮੈਂ ਜਵਾਬ ਦੇ ਦਿੰਦਾ । ਟੋਟਲ ਬੂਟਿਆਂ ਦਾ ਜਵਾਬ ਮੈਂ ਦੇ ਦਿੱਤਾ ਹੈ । ਅਲੱਗ ਅਲੱਗ ਇਨ੍ਹਾਂ ਨੇ ਪੁਛਿਆ ਨਹੀਂ ।

ਸ੍ਰੀ ਸਪੀਕਰ : ਕਿਹੜੀ ਏਜੰਸੀ ਤੋਂ ਖਰੀਦੇ ਹਨ, ਉਹ ਦੱਸ ਦਿਓ ।

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਮੰਤਰੀ : ਸਪੀਕਰ ਸਾਹਿਬ, ਇਹ ਵੀ ਕੁਐਸਚਨ ਵਿਚ ਇਨ੍ਹਾਂ ਨੇ ਪੁੱਛਿਆ ਨਹੀਂ ਕਿ ਕਿਹੜੀ ਏਜੰਸੀ ਤੋਂ ਖਰੀਦੇ ਹਨ । ਅਗਰ ਪੁੱਛਿਆ ਹੁੰਦਾ, ਮੈਂ ਜਵਾਬ ਦੇ ਦਿੰਦਾ ।

ਸਰਦਾਰ ਜਗਤਾਰ ਸਿੰਘ ਰਾਜਲਾ : ਸਪੀਕਰ ਸਾਹਿਬ, ਇਸ ਗੱਲ ਦਾ ਸਬੰਧ ਕੁਐਸਚਨ ਨਾਲ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਜ਼ਰੂਰ ਜਵਾਬ ਦਿੰਦਾ । ਅਗਰ ਇਹ ਵੈਸੇ ਵੀ ਚਾਹੁੰਣ ਤਾਂ ਮੇਰੇ ਦਫਤਰ ਵਿਚ ਆ ਜਾਣ, ਮੈਂ ਇਨ੍ਹਾਂ ਨੂੰ ਇਨਫਰਮੇਸ਼ਨ ਲੈ ਕੇ ਦੇ ਦਿਆਂਗਾ । ਅਗਰ ਇਨ੍ਹਾਂ ਨੂੰ ਇਹ ਜਾਣਕਾਰੀ ਚਾਹੀਦੀ ਹੈ ਤਾਂ ਕੋਈ ਛੁਪਾਉਣ ਵਾਲੀ ਗੱਲ ਹੀ ਨਹੀਂ ਹੈ ।

ਸਰਦਾਰ ਜਗਤਾਰ ਸਿੰਘ ਰਾਜਲਾ : ਸਪੀਕਰ ਸਾਹਿਬ. ਇਹ ਕਦੋਂ ਤੱਕ ਇਸ ਦਾ ਜਵਾਬ ਦੇ ਦੇਣਗੇ ?

ਸ੍ਰੀ ਸਪੀਕਰ : ਤੁਸੀਂ ਭਾਵੇਂ 2 ਦਿਨ ਵਿਚ ਇਨ੍ਹਾਂ ਕੋਲੋਂ ਜਵਾਬ ਲੈ ਲਵੋ ।

ਮੰਤਰੀ : ਹਾਂ ਜੀ, ਠੀਕ ਹੈ ਜੀ ।

ਗੰਨਾ ਉਤਪਾਦਕਾਂ ਨੂੰ ਸਬਸਿਡੀ

***1469.** (1) ਸਰਦਾਰ ਸੁਖਵਿੰਦਰ ਸਿੰਘ ਔਲਖ]
(2) ਸਰਦਾਰ ਗੁਰਦੀਪ ਸਿੰਘ ਭੁੱਲਰ] ਕੀ ਸਹਿਕਾਰਤਾ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਹਿਕਾਰੀ ਖੰਡ ਮਿਲਾਂ ਰਾਹੀਂ ਸਰਕਾਰ ਦੁਆਰਾ ਕਿਸਾਨਾਂ ਨੂੰ ਕੋਈ ਸਬਸਿਡੀ ਤੇ ਗੰਨੇ ਦੇ ਬੀਜ ਅਤੇ ਕੀੜੇ-ਮਾਰ ਦਵਾਈਆਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਦਿੱਤੀ ਜਾ ਰਹੀ ਸਬਸਿਡੀ ਦੇ ਵੇਰਵੇ ਕੀ ਹਨ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : ਨਹੀਂ, ਸ੍ਰੀ ਮਾਨ ਜੀ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਨ੍ਹਾਂ ਨੇ "ਨਹੀਂ ਜੀ" ਜਵਾਬ ਦੇ ਦਿੱਤਾ ਹੈ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਸਬਸਿਡੀ ਦਿੱਤੀ ਜਾਂਦੀ ਸੀ, ਉਸ ਨੂੰ ਹੁਣ ਬੰਦ ਕਰਨ ਦੇ ਕੀ ਕਾਰਣ ਹਨ ? ਇਹ ਸਬਸਿਡੀ ਹੁਣ ਕਿਉਂ ਬੰਦ ਕੀਤੀ ਗਈ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਬਸਿਡੀ ਅਸੀਂ ਗੌਰਮਿੰਟ ਦੇ ਰਾਹੀਂ ਨਹੀਂ ਦਿੰਦੇ । ਜਿਹੜੀਆਂ ਸਾਡੀਆਂ ਮਿੱਲਾਂ

ਹਨ, ਉਨ੍ਹਾ ਰਾਹੀਂ ਇਨਸੈਕਟੀਸਾਈਡਜ਼ ਵਾਸਤੇ ਅਤੇ ਕੇਨ ਸੀਡ ਵਾਸਤੇ ਅਸੀਂ ਸਬਸਿਡੀ ਦਿੰਦੇ ਹਾਂ। ਇਨ੍ਹਾਂ ਨੇ ਗੌਰਮਿੰਟ ਬਾਰੇ ਪੁੱਛਿਆ ਸੀ ਅਤੇ ਉਹ ਮੈਂ ਦੱਸ ਦਿੱਤਾ ਹੈ ਕਿ ਗੌਰਮਿੰਟ ਕੋਈ ਸਬਸਿਡੀ ਨਹੀਂ ਦਿੰਦੀ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਅੱਜ ਕਲ੍ਹ ਗੰਨੇ ਦੀ ਬੜੀ ਪ੍ਰਾਬਲਮ ਹੈ। ਗੰਨੇ ਦੀ ਕਮੀ ਕਾਰਣ ਮਿੱਲਾਂ ਪੂਰੀਆਂ ਚੱਲਦੀਆਂ ਨਹੀਂ ਹਨ। ਕਿਸਾਨਾਂ ਨੂੰ ਗੰਨਾ ਬੀਜਣ ਵਾਸਤੇ ਉਤਸ਼ਾਹਿਤ ਕਰਨ ਲਈ ਕੀ ਸਰਕਾਰ ਦੀ ਉਨ੍ਹਾਂ ਨੂੰ ਸਬਸਿਡੀ ਦੇਣ ਦੀ ਕੋਈ ਸਕੀਮ ਹੈ ਤਾਂ ਕਿ ਗੰਨਾ ਜ਼ਿਆਦਾ ਬੀਜਿਆ ਜਾਵੇ ਅਤੇ ਮਿੱਲਾਂ ਪੂਰੀ ਤਰ੍ਹਾਂ ਨਾਲ ਚੱਲਣ ? ਮੈਂ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਸਬਸਿਡੀ ਦੇਣ ਲਈ ਕੀ ਇਹ ਕੋਈ ਸਕੀਮ ਬਣਾ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਬੀਜ ਸੋਧਕ ਦਵਾਈ ਦੀ ਕੀਮਤ 48.75 ਰੁਪਏ ਪ੍ਰਤੀ ਕਿੱਲੋ ਤੇ 25% ਸਬਸਿਡੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਜ਼ਮੀਨ ਸੋਧਕ ਦਵਾਈ ਗਾਮਾ ਬੀ. ਐਚ. ਸੀ. 240 ਰੁਪਏ ਪ੍ਰਤੀ ਏਕੜ ਤੇ 25% ਸਬਸਿਡੀ ਆਲਰੈਡੀ ਦਿੱਤੀ ਜਾਂਦੀ ਹੈ। ਇਹ ਸਬਸਿਡੀ ਮਿੱਲਾਂ ਵੱਲੋਂ ਦਿੱਤੀ ਜਾਂਦੀ ਹੈ। ਹਰੇਕ ਮਿੱਲ ਇਹ ਸਬਸਿਡੀ ਦਿੰਦੀ ਹੈ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਸਬਸਿਡੀ ਨਹੀਂ ਦਿੱਤੀ ਜਾਂਦੀ ਹੈ। ਹੁਣ ਇਹ ਆਪ ਹੀ ਕਹਿ ਰਹੇ ਹਨ ਕਿ ਦਿੱਤੀ ਜਾਂਦੀ ਹੈ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਮਿੱਲਾਂ ਸਬਸਿਡੀ ਦਿੰਦੀਆਂ ਹਨ, ਗੌਰਮਿੰਟ ਨਹੀਂ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ।

ਮੰਤਰੀ : ਸਪੀਕਰ ਸਾਹਿਬ, ਮਿੱਲਾਂ ਵੱਲੋਂ ਜਿਹੜੀ ਸਬਸਿਡੀ ਦਿੱਤੀ ਜਾਂਦੀ ਹੈ, ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸ ਦਿੱਤਾ ਹੈ। ਮੈਂ ਦੁਬਾਰਾ ਫਿਰ ਦੱਸ ਦਿੰਦਾ ਹਾਂ, ਇਹ ਧਿਆਨ ਨਾਲ ਸੁਣ ਲੈਣ। ਬੀਜ ਸੋਧਕ ਦਵਾਈ ਦੀ ਕੀਮਤ 48.75 ਤੇ 25% ਸਬਸਿਡੀ ਦਿੱਤੀ ਜਾਂਦੀ ਹੈ ਅਤੇ ਜਿਹੜੀ ਜ਼ਮੀਨ ਸੋਧਕ ਦਵਾਈ ਹੈ, ਗਾਮਾ ਬੀ. ਐਚ. ਸੀ. ਅਤੇ ਜਿਸਦੀ ਕੀਮਤ 240 ਰੁਪਏ ਪ੍ਰਤੀ ਏਕੜ ਹੈ, ਉਸ ਤੇ 25% ਸਬਸਿਡੀ ਦਿੱਤੀ ਜਾਂਦੀ ਹੈ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਜਵਾਬ ਨਹੀਂ ਦਿੱਤਾ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਗੰਨਾ ਬੀਜਣ ਵਾਸਤੇ ਉਤਸ਼ਾਹਿਤ ਕਰਨ ਲਈ ਉਨ੍ਹਾਂ ਨੂੰ ਸਬਸਿਡੀ ਦੇਣ ਵਾਸਤੇ ਸਰਕਾਰ ਦੀ ਕੋਈ ਸਕੀਮ ਹੈ ਜਾਂ ਨਹੀਂ ?

ਸ਼੍ਰੀ ਸਪੀਕਰ : ਉਨ੍ਹਾਂ ਜਵਾਬ ਦੇ ਦਿੱਤਾ ਹੈ ਕਿ ਨਹੀਂ ਜੀ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਮੈਂ ਸਵਾਲ ਪੁੱਛਿਆ ਸੀ ਕਿ ਕੀ ਖੰਡ ਮਿੱਲਾਂ ਰਾਹੀਂ ਕੋਈ ਸਬਸਿਡੀ ਦਿੱਤੀ ਜਾ ਰਹੀ ਹੈ ਜਾਂ ਨਹੀਂ ? ਇਨ੍ਹਾਂ ਨੇ ਪਹਿਲਾਂ 'ਨਹੀ ਜੀ' ਕਹਿ ਦਿੱਤਾ, ਹੁਣ ਕਹਿ ਰਹੇ ਹਨ ਕਿ ਦਿੱਤੀ ਜਾ ਰਹੀ ਹੈ ।

ਸ਼੍ਰੀ ਸਪੀਕਰ : ਮੰਤਰੀ ਜੀ ਠੀਕ ਕਹਿ ਰਹੇ ਹਨ । ਤੁਹਾਡਾ ਸਵਾਲ ਸੀ ਕਿ ਗੌਰਮਿੰਟ ਵੱਲੋਂ ਕੋਈ ਸਬਸਿਡੀ ਦਿੱਤੀ ਜਾ ਰਹੀ ਹੈ ਜਾਂ ਨਹੀਂ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਮੈਂ ਕੁਐਸ਼ਚਨ ਪੜ੍ਹ ਦਿੰਦਾ ਹਾਂ ਜੀ ।

ਸ਼੍ਰੀ ਸਪੀਕਰ : ਕੁਐਸ਼ਚਨ ਤਾਂ ਮੇਰੇ ਸਾਹਮਣੇ ਪਿਆ ਹੈ । ਇਸ ਚੋ ਵਿਚ ਲਿਖਿਆ ਹੈ by the Government.

ਸਰਦਾਰ ਸੁਖਵਿੰਦਰ ਸਿੰਘ ਔਲਖ : ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ ਜੀ । ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਹਿਕਾਰੀ ਖੰਡ ਮਿੱਲਾਂ ਰਾਹੀਂ ਸਰਕਾਰ ਦੁਆਰਾ ਕਿਸਾਨਾਂ ਨੂੰ ਕੋਈ ਸਬਸਿਡੀ ਤੇ ਗੰਨੇ ਦੇ ਬੀਜ ਅਤੇ ਕੀੜੇ-ਮਾਰ ਦਵਾਈਆਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਦਿੱਤੀ ਜਾ ਰਹੀ ਸਬਸਿਡੀ ਦੇ ਵੇਰਵੇ ਕੀ ਹਨ ? ਮੈਂ ਸਹਿਕਾਰੀ ਖੰਡ ਮਿੱਲਾਂ ਕਿਹਾ ਹੈ ਜੀ । 'ਸਰਕਾਰ ਵੱਲੋਂ' ਲਫਜ਼ ਹੀ ਨਹੀਂ ਪਾਇਆ ਗਿਆ ਕਿਤੇ ।

ਸ਼੍ਰੀ ਸਪੀਕਰ : ਮੇਰੇ ਕੋਲ ਜਿਹੜਾ ਇੰਗਲਿਸ਼ ਵਿਚ ਕੁਐਸਚਨ ਹੈ, ਉਹ ਇਸ ਤਰ੍ਹਾਂ ਹੈ– Will the Cooperation Minister be pleased to state whether any sugarcane seed and insecticides are being provided to the farmers on subsidy by the Government through Cooperative Sugar Mills ? ਇਹ through co-operative Sugar Mills ਹੈ ਅਤੇ by the Government ਹੈ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਅੱਜ ਕਲ੍ਹ ਸਾਡੀਆਂ ਸ਼ੂਗਰ ਮਿੱਲਾਂ ਦੀ ਬੁਰੀ ਹਾਲਤ ਹੈ । ਪ੍ਰਾਈਵੇਟ ਮਿੱਲਾਂ ਵਾਲੇ ਕੰਪੀਟੀਸ਼ਨ ਵਿਚ ਚੰਗਾ ਕੰਮ ਕਰਨ ਲਗੇ ਹੋਏ ਹਨ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਐਸਾ ਪ੍ਰੋਗਰਾਮ ਹੈ ਜਿਸ ਨਾਲ ਕਿਸਾਨਾਂ ਨੂੰ ਕੋਈ ਸਬਸਿਡੀ ਦੇ ਕੇ ਉਤਸ਼ਾਹਿਤ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸ਼ੂਗਰ ਮਿੱਲਾਂ ਵੱਲ ਆਕਰਸ਼ਿਤ ਕੀਤਾ ਜਾ ਸਕੇ ?

ਮੰਤਰੀ : ਸਰਕਾਰ ਦੀ ਕੋਈ ਐਸੀ ਪਾਲਿਸੀ ਨਹੀਂ ਕਿ ਇਨ੍ਹਾਂ ਮਿੱਲਾਂ ਨੂੰ ਕੋਈ ਪੈਸਾ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ । ਕੁਝ ਮਿੱਲਾਂ ਬਹੁਤ ਘਾਟੇ ਵਿਚ ਹਨ ਅਤੇ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਉਨ੍ਹਾਂ ਮਿੱਲਾਂ ਨੂੰ ਬੰਦ ਕਰ ਦਿੱਤਾ ਜਾਵੇ । ਇਹ ਜ਼ਰੂਰ ਵਿਚਾਰ ਅਧੀਨ ਹੈ ।

ਸ਼੍ਰੀ ਜਗਦੀਸ਼ ਸਾਹਨੀ : ਜਿਸ ਤਰ੍ਹਾਂ ਮੰਤਰੀ ਜੀ ਨੇ ਕਿਹਾ ਹੈ ਕਿ ਕੁਝ ਮਿੱਲਾਂ ਘਾਟੇ ਵਿਚ ਜਾ ਰਹੀਆਂ ਹਨ । ਸਰਕਾਰ ਦੀ ਕੋਈ ਦਖਲ ਅੰਦਾਜ਼ੀ ਨਹੀਂ ਹੈ । ਕੀ ਇਹ ਵੀ ਸਰਕਾਰ ਦੇ

ਵਿਚਾਰ ਅਧੀਨ ਹੈ ਕਿ ਉਨ੍ਹਾਂ ਮਿੱਲਾਂ ਨੂੰ ਵੇਚ ਦਿੱਤਾ ਜਾਵੇ ? ਇਸ ਬਾਰੇ ਵੀ ਦੱਸ ਦਿੱਤਾ ਜਾਵੇ ।

ਸ਼੍ਰੀ ਸਪੀਕਰ : ਉਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਹੈ ।

ਸ਼੍ਰੀ ਜਗਦੀਸ਼ ਸਾਹਨੀ : ਪਹਿਲਾਂ ਵੀ ਪਿਛਲੀ ਸਰਕਾਰ ਵੇਲੇ ਇਕ ਮਿੱਲ ਵੇਚੀ ਗਈ ਸੀ ਪ੍ਰੰਤੂ ਬੜਾ ਹੀ ਥੋੜ੍ਹਾ ਟੈਂਡਰ ਹੋਇਆ ਸੀ । ਜੇਕਰ ਵਿਚਾਰ ਅਧੀਨ ਹੈ ਤਾਂ ਦੱਸ ਦਿੱਤਾ ਜਾਵੇ ਤਾਂ ਕਿ ਲੋਕਾਂ ਨੂੰ ਪਤਾ ਲਗ ਸਕੇ ਕਿ ਫਲਾਣੀ ਫਲਾਣੀ ਮਿੱਲ ਸਰਕਾਰ ਨੇ ਵੇਚਣੀ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 15 ਸਹਿਕਾਰੀ ਮਿੱਲਾਂ ਹਨ , ਉਨ੍ਹਾਂ ਵਿਚੋਂ ਇਕ ਮਿੱਲ ਬੁਢਲਾਡੇ ਵਾਸਤੇ ਪਹਿਲਾਂ ਹੀ ਲਿਕੁਡੇਟਰ ਨਿਯੁਕਤ ਕੀਤਾ ਹੋਇਆ ਹੈ । ਬਾਕੀ 14 ਮਿੱਲਾਂ ਹਨ । ਇਨ੍ਹਾਂ ਵਿਚੋਂ 4 ਮਿੱਲਾਂ ਪਰਾਫਿਟ ਵਿਚ ਚਲ ਰਹੀਆਂ ਹਨ । 5 ਮਿੱਲਾਂ ਐਸੀਆਂ ਹਨ ਜਿਹੜੀਆਂ ਤਕਰੀਬਨ ਬਰਾਬਰ ਚਲ ਰਹੀਆਂ ਹਨ ਅਤੇ ਚਾਰ ਮਿੱਲਾਂ ਘਾਟੇ ਵਿਚ ਚਲ ਰਹੀਆਂ ਹਨ ਅਤੇ ਉਹ ਬਿਲਕੁਲ ਨਹੀਂ ਚਲ ਸਕਦੀਆਂ ।

ਸ਼੍ਰੀ ਜਗਦੀਸ਼ ਸਾਹਨੀ : ਉਨ੍ਹਾਂ ਦੇ ਨਾਂ ਦੱਸ ਦਿਓ ਕਿ ਕਿਹੜੀਆਂ ਕਿਹੜੀਆਂ ਹਨ ।

ਮੰਤਰੀ : ਉਹ ਹਨ, ਅਜਨਾਲਾ, ਭੋਗਪੁਰ, ਫਰੀਦਕੋਟ, ਜਗਰਾਓਂ ਅਤੇ ਜ਼ੀਰਾ । ਸੌਰੀ ਇਹ ਚਾਰ ਦੀ ਬਜਾਏ ਪੰਜ ਮਿੱਲਾਂ ਹਨ ।

ਨਵੇਂ ਖਰੀਦ ਕੇਂਦਰ ਖੋਲ੍ਹਣੇ

*1533. **ਸਰਦਾਰ ਜਗਤਾਰ ਸਿੰਘ ਰਾਜਲਾ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਸਮਾਣਾ ਅਤੇ ਪਟਿਆਲਾ ਬਲਾਕਾਂ ਵਿਚ ਝੋਨੇ ਅਤੇ ਕਣਕ ਲਈ ਵੱਖ-ਵੱਖ ਪੱਕੇ/ਕੱਚੇ ਖਰੀਦ ਕੇਂਦਰਾਂ ਦੀ ਗਿਣਤੀ ਕਿੰਨੀ ਹੈ ।

(ਅ) ਕੀ ਸਰਕਾਰ ਦੀ ਉਪਰੋਕਤ ਭਾਗ (ੳ) ਵਿਚ ਵਰਣਿਤ ਬਲਾਕਾਂ ਵਿਚ ਕੋਈ ਹੋਰ ਖਰੀਦ ਕੇਂਦਰ ਖੋਲ੍ਹਣ ਦੀ ਤਜਵੀਜ਼ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਪੱਕੇ ਅਤੇ ਕੱਚੇ ਖਰੀਦ ਕੇਂਦਰਾਂ ਦਾ ਵੇਰਵਾ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ;

(ਅ) ਅਨੁਲੱਗ 'ੳ' ਵਿਚ ਦਰਸਾਈਆਂ ਮੰਡੀਆਂ ਤੋਂ ਇਲਾਵਾ ਇਸ ਸਮੇਂ ਹੋਰ ਕੋਈ ਨਵਾਂ ਖਰੀਦ ਕੇਂਦਰ ਖੋਲ੍ਹਣ ਦੀ ਤਜਵੀਜ਼ ਨਹੀਂ ਹੈ ।

[ਖੇਤੀਬਾੜੀ ਮੰਤਰੀ]

ਅਨੁਲੱਗ 'ੳ'

ਕਣਕ ਅਤੇ ਝੋਨੇ ਦੇ ਸੀਜ਼ਨ ਦੌਰਾਨ ਪਟਿਆਲਾ ਅਤੇ ਸਮਾਣਾ ਬਲਾਕ ਵਿੱਚ ਆਉਂਦੀਆਂ ਮਾਰਕਿਟ ਕਮੇਟੀਆਂ ਅਤੇ ਉਨ੍ਹਾਂ ਅਧੀਨ ਆਉਂਦੀਆਂ ਪੱਕੀਆਂ ਅਤੇ ਕੱਚੀਆਂ ਮੰਡੀਆਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ :—

ਲੜੀ ਨੰ :	ਬਲਾਕ ਦਾ ਨਾਂ	ਮਾਰਕਿਟ ਕਮੇਟੀ ਦਾ ਨਾਂ	ਪੱਕੀਆਂ ਮੰਡੀਆਂ ਦੇ ਨਾਂ	ਕੱਚੀਆ ਮੰਡੀਆਂ ਦੇ ਨਾਂ
1.	ਸਮਾਣਾ	ਸਮਾਣਾ	ਸਮਾਣਾ	ਮਿਆਨ ਕਲਾਂ
			ਲੁਟਕੀ ਮਾਜਰਾ	
			ਮਵੀ ਕਲਾਂ	
			ਕਾਦਰਾ ਬਾਦ	
			ਅਮਰਪੁਰ	
			ਲਲੌਛੀ	
			ਗਾਜੇਵਾਸ	
			ਗੱਜੂ ਮਾਜਰਾ	
			ਕਕਰਾਲਾ	
			ਕੁਲਾਰ	
			ਮਾਜਰੀ ਫੱਤਾ	
			ਧਨੇਠਾ	
2.	ਪਟਿਆਲਾ	ਪਟਿਆਲਾ	ਪਟਿਆਲਾ	ਮਹਿਮੂਦਪੁਰ
			ਸਨੌਰ ਰੋਡ ਮੰਡੀ	ਚੱਪੜ
			ਧਬਲਾਨ	ਮੰਜੋਲੀ
			ਬਖਸ਼ੀਵਾਲਾ	ਭੇੜੇ
			ਬਹਾਦਰਗੜ੍ਹ	ਸੁਲਤਾਨ ਪੁਰ ਛੰਨਾਂ
			ਦੌਣ ਕਲਾਂ	
			ਸਨੌਰ	

1	2	3	4	5
		ਘਨੌਰ	ਘਨੌਰ	
			ਸੀਲ	
			ਜੰਗ ਮੰਗੋਲੀ	
			ਕਪੂਰੀ	
		ਡਕਾਲਾ	ਡਕਾਲਾ	
			ਸ਼ੇਰਮਾਜਰਾ	
			ਅਮਾਮਨ ਨਗਰ	
			ਕੁਰਹਾਲੀ	
			ਡਰੌਲਾ ਡਰੌਲੀ	
			ਭਾਨਰਾ	

ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ...

ਸ਼੍ਰੀ ਸਪੀਕਰ : ਮੰਤਰੀ ਜੀ, ਪਹਿਲਾਂ ਮੈਂਬਰ ਸਾਹਿਬ ਨੂੰ ਸਪਲੀਮੈਂਟਰੀ ਤਾਂ ਪੁੱਛ ਲੈਣ ਦਿਓ । ਤੁਸੀਂ ਬਾਅਦ ਵਿਚ ਜਵਾਬ ਦੇਣਾ ।

ਮੰਤਰੀ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਦੇ ਤੌਰ ਤੇ ਹੀ ਜਵਾਬ ਨਾਲ ਦੇਣ ਲੱਗਾ ਹਾਂ ।

ਸ਼੍ਰੀ ਸਪੀਕਰ : ਚੰਗਾ, ਦੱਸ ਲਵੋ ।

ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਮੰਡੀਆਂ ਵਿਚ 10,000 ਬੋਰੀਆਂ ਤੋਂ ਘੱਟ ਆਉਂਦੀਆਂ ਹਨ ਉਹ ਅਸੀਂ ਬੰਦ ਕਰਨੀਆਂ ਹਨ ਅਤੇ ਜਿਥੇ 10,000 ਬੋਰੀਆਂ ਜਾਂ ਇਸ ਤੋਂ ਵੱਧ ਜਿਣਸ ਆਉਂਦੀ ਹੈ ਉਨ੍ਹਾਂ ਨੂੰ ਅਸੀਂ ਪੱਕਾ ਕਰਨਾ ਹੈ । ਰਾਜਲਾ ਸਾਹਿਬ ਨੇ ਦੋ ਥਾਵਾਂ ਬਾਰੇ ਪੁੱਛਿਆ ਹੈ । ਸਮਾਣਾ ਵਿਚ ਪੰਜ ਮੰਡੀਆਂ ਹਨ, ਖੇੜੀ ਟੋਡਰਪੁਰ, ਰਾਜਲਾ, ਖੇੜੀ-ਛੱਤਣ, ਦੇਵੀ ਨਗਰ ਅਤੇ ਪੰਜੋਲਾ । ਡਕਾਲਾ ਵਿਚ ਵੀ ਪੰਜ ਮੰਡੀਆਂ ਹਨ, ਨਾਭਾ ਵਿਚ ਇਕ ਅਤੇ ਪਾਤੜਾਂ ਵਿਚ ਇਕ ਮੰਡੀ ਹੈ । ਇਹ ਸਾਰੀਆਂ ਮੰਡੀਆਂ ਪੱਕੀਆਂ ਕੀਤੀਆਂ ਜਾਣਗੀਆਂ ।

ਸਰਦਾਰ ਜਗਤਾਰ ਸਿੰਘ ਰਾਜਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਜਲਾ ਅਤੇ ਖੇੜੀ ਫੱਤਣ ਮੰਡੀਆਂ ਪਿਛਲੇ ਕਈ ਸਾਲਾਂ ਤੋਂ ਚਲ ਰਹੀਆਂ ਹਨ ਅਤੇ ਉਥੇ ਜਿਣਸ ਵੀ 10,000 ਬੋਰੀਆਂ ਤੋਂ ਵੱਧ ਆਉਂਦੀ ਹੈ । ਇਨ੍ਹਾਂ ਨੇ ਦੋਵੇਂ ਮੰਡੀਆਂ ਕੱਚੀਆਂ ਦੱਸੀਆਂ ਹਨ । ਰਾਜਲਾ ਤੇ ਟੋਡਰਪੁਰ ਵਿਚ ਫੋਕਲ ਪੁਆਇੰਟ ਵੀ ਵਿਚਾਰ-ਅਧੀਨ ਹਨ । ਜਦੋਂ ਫੋਕਲ ਪੁਆਇੰਟ ਵਾਸਤੇ ਪੈਸੇ ਦੇਣੇ ਹਨ ਤਾਂ ਉਥੇ ਪਹਿਲਾਂ ਮੰਡੀਆਂ ਪੱਕੀਆਂ ਬਣਾਉਣੀਆਂ ਚਾਹੀਦੀਆਂ ਹਨ । ਪਰ ਮੰਤਰੀ ਜੀ ਨੇ ਕਿਹਾ ਹੈ ਕਿ ਬੰਦ ਕਰਨੀਆਂ ਹਨ । ਇਸ ਤੋਂ ਇਲਾਵਾ ਸੁਲਤਾਨਪੁਰ ਛੰਨਾ ਪਟਿਆਲਾ ਮਾਰਕੀਟ ਕਮੇਟੀ ਅਧੀਨ ਆਉਂਦੀ ਹੈ । ਉਥੇ ਫੋਕਲ ਪੁਆਇੰਟ ਹੈ ਤੇ ਮੰਡੀ ਪੱਕੀ ਹੈ ਪਰ ਇਥੇ ਕੱਚੀਆਂ ਵਿਚ ਲਿਖੀ ਹੋਈ ਹੈ । ਕੀ ਕਿਰਪਾ ਕਰਕੇ ਮੰਤਰੀ ਜੀ ਦੱਸਣਗੇ ਕਿ ਜਿਥੇ ਫੋਕਲ ਪੁਆਇੰਟ ਬਣਨੇ ਹਨ, ਜਿਵੇਂ ਰਾਜਲਾ ਵਿਚ ਬਣਨਾ ਹੈ, ਉਥੇ ਮੰਡੀ ਕਦੋਂ ਤੱਕ ਪੱਕੀ ਕਰ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਸਮਝ ਨਹੀਂ ਸਕੇ ਜਾਂ ਮੈਂ ਠੀਕ ਤਰ੍ਹਾਂ ਸਮਝਾ ਨਹੀਂ ਸਕਿਆ । ਮੈਂ ਕਿਹਾ ਹੈ ਕਿ ਜਿਥੇ 10,000 ਬੋਰੀਆਂ ਤੋਂ ਘੱਟ ਜਿਣਸ ਆਉਂਦੀ ਹੈ ਉਹ ਅਸੀਂ ਬੰਦ ਕਰਨੀਆਂ ਹਨ ਅਤੇ ਜਿਥੇ 10,000 ਜਾਂ ਵੱਧ ਬੋਰੀਆਂ ਆਉਂਦੀਆਂ ਹਨ ਉਨ੍ਹਾਂ ਨੂੰ ਅਸੀਂ ਪੱਕਾ ਕਰਨਾ ਹੈ । ਜਿਹੜੀਆਂ ਪੱਕੀਆਂ ਕਰਨੀਆਂ ਹਨ ਉਨ੍ਹਾਂ ਵਿੱਚ ਸਮਾਣਾ ਵਿਚ ਪੰਜ ਮੰਡੀਆਂ, ਡਕਾਲਾ ਵਿਚ ਵੀ ਪੰਜ ਮੰਡੀਆਂ, ਨਾਭਾ ਵਿਚ ਇਕ ਅਤੇ ਪਾਤੜਾਂ ਵਿਚ ਇਕ ਮੰਡੀ ਹੈ । ਇਹ ਅਸੀਂ ਸਾਰੀਆਂ ਪੱਕੀਆਂ ਕਰਨੀਆਂ ਹਨ ।

ਸਰਦਾਰ ਜਗਤਾਰ ਸਿੰਘ ਰਾਜਲਾ : ਸਪੀਕਰ ਸਾਹਿਬ, ਰਾਜਲਾ ਵਿਖੇ 10,000 ਤੋਂ ਵੱਧ ਬੋਰੀ ਆਉਂਦੀ ਹੈ । ਪਤਾ ਨਹੀਂ ਇਨ੍ਹਾਂ ਨੂੰ ਕਿਥੋਂ ਰਿਕਾਰਡ ਦਿੱਤਾ ਗਿਆ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਦਿੱਤਾ ਹੈ ਕਿ ਜਿਹੜੀਆਂ ਰਾਜਲਾ ਜੀ ਕਹਿੰਦੇ ਹਨ, ਉਹ ਪੱਕੀਆਂ ਕਰ ਦੇਵਾਂਗੇ ਜੀ ।

ਸਰਦਾਰ ਜਗਤਾਰ ਸਿੰਘ ਰਾਜਲਾ : ਧੰਨਵਾਦ ਜੀ ।

ਜਲਾਲਾਬਾਦ ਤੋਂ ਕਣਕ ਅਤੇ ਚਾਵਲ ਦੇ ਸਟਾਕ ਨੂੰ ਚੁੱਕਣਾ

*1476. **ਸਰਦਾਰ ਸ਼ੇਰ ਸਿੰਘ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦੀ ਜਲਾਲਾਬਾਦ ਸਬ-ਡਿਵੀਜ਼ਨ ਵਿਚ ਕਣਕ ਅਤੇ ਚਾਵਲ ਦੀ ਕੁੱਲ ਕਿੰਨੀ ਮਾਤਰਾ ਸਟੋਰ ਕੀਤੀ ਗਈ ਹੈ ਅਤੇ ਗੁਦਾਮਾਂ ਵਿਚ ਸਟਾਕ ਕਿੰਨੇ ਸਮੇਂ ਤੋਂ ਪਿਆ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਣਕ ਅਤੇ ਚਾਵਲ ਦਾ ਸਟਾਕ ਚੁੱਕਣ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਨਾਈ ਜਾ ਰਹੀ ਹੈ ਅਤੇ ਇਸ ਨੂੰ ਕਦੋਂ ਤੱਕ ਚੁੱਕ ਲਏ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ : (ੳ) ਸ੍ਰੀਮਾਨ ਜੀ, ਇਸ ਸਬੰਧੀ ਇਕ ਸੂਚੀ ਸਦਨ ਦੇ ਪਟਲ ਤੇ ਰੱਖੀ ਜਾਂਦੀ ਹੈ ।

(ਅ) ਕਣਕ ਅਤੇ ਚਾਵਲਾਂ ਦੇ ਸਟਾਕ ਐਫ. ਸੀ. ਆਈ. ਦੁਆਰਾ ਮੰਗ ਅਤੇ ਰੇਲਵੇ ਸਪੇਸ਼ਲਾਂ ਦੀ ਉਪਲਬਧੀ ਅਨੁਸਾਰ ਹੀ ਡਿਸਪੈਚ ਕੀਤੇ ਜਾਂਦੇ ਹਨ । ਜਿਥੋਂ ਤੀਕ ਜਲਾਲਾਬਾਦ ਵਿਖੇ ਸਟਾਕ ਦੇ ਨਿਪਟਾਰੇ ਦਾ ਸਬੰਧ ਹੈ, ਇਹ ਐਫ.ਸੀ.ਆਈ. ਮੁੱਖ ਦਫ਼ਤਰ ਵੱਲੋਂ ਦਿੱਤੀ ਜਾਣ ਵਾਲੀ ਮੂਵਮੈਂਟ ਦੀ ਐਲੋਕੇਸ਼ਨ ਅਤੇ ਰੇਲਵੇ ਵਲੋਂ ਖਾਲੀ ਰੈਕਸ/ਵੈਗਨਾਂ ਉਪਲਬਧ ਕਰਵਾਏ ਜਾਣ ਤੇ ਨਿਰਭਰ ਹੈ ।

ਸੂਚੀ

(ਅੰਕੜੇ ਟਨਾਂ ਵਿਚ)

ਕਣਕ

ਸਬ–ਡਵੀਜ਼ਨ	93-94	94–95	95–96	96–97	97–98	98–99
ਜਲਾਲਾਬਾਦ	23	474	ਨਿਲ	1955	12118	1,79,219

ਕੁੱਲ ਮਿਕਦਾਰ : 1,93,789

ਚਾਵਲ

ਚਾਵਲਾਂ ਦੇ ਸਟਾਕਸ ਐਫ. ਸੀ. ਆਈ. ਕੋਲ ਹੁੰਦੇ ਹਨ ਕਿਉਂ ਕਿ ਸਾਰੇ ਚਾਵਲ ਉਹਨਾਂ ਨੂੰ ਸੈਂਟਰਲ ਪੂਲ ਲਈ ਡਲਿਵਰ ਕਰ ਦਿੱਤੇ ਜਾਂਦੇ ਹਨ ।

ਪੈਡੀ

ਖਰੀਫ 1997-98	ਖਰੀਫ 1998-99	ਜੋੜ
12,580	89,361	1,01,941

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੀ ਡੀਟੇਲ ਵ੍ਹੀਟ ਦੀ ਦਿੱਤੀ ਹੈ, ਉਹ 1,93,789 ਟਨ ਹੈ । ਤਿੰਨ ਸਾਲਾਂ ਦੇ ਵਿੱਚ ਇਥੋਂ ਕੋਈ ਵੀ ਕਣਕ ਨਹੀਂ ਚੁੱਕੀ ਗਈ ਔਰ ਇਹ ਜਿਹੜਾ ਵਿਸ਼ਾ ਹੈ, ਕਿਸਾਨਾਂ ਨੂੰ ਪ੍ਰਭਾਵਤ ਕਰ ਸਕਦਾ ਹੈ ਕਿਉਂਕਿ ਹੁਣ ਦੋਬਾਰਾ ਕਣਕ ਆਉਣੀ ਹੈ ਅਤੇ ਜਲਾਲਾਬਾਦ ਦੇ ਸਾਰੇ ਗੁਦਾਮ ਭਰੇ ਹੋਏ ਹਨ । ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਨਵੀਂ ਕਣਕ ਆਉਣ ਤੋਂ ਪਹਿਲਾਂ ਪਹਿਲਾਂ ਉਥੋਂ ਦਾ ਸਟਾਕ ਚੁੱਕ ਲਿਆ ਜਾਵੇਗਾ ਅਤੇ ਸਟੋਰਾਂ ਵਿੱਚ ਨਵੀਂ ਕਣਕ ਲਗਾ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਕਈ ਵੇਰ, ਕੱਲ੍ਹ ਵੀ ਇਸਦੇ ਬਾਰੇ ਦੱਸਿਆ ਸੀ ਕਿ ਪੰਜਾਬ ਸਰਕਾਰ ਇਸਦੇ ਬਾਰੇ ਚਿੰਤਤ ਹੈ ਔਰ ਇਸ ਦੇ ਬਾਰੇ ਸਾਰੇ ਪ੍ਰਬੰਧ ਕੀਤੇ ਹੋਏ ਹਨ । ਮੈਂ ਮੈਂਬਰ ਸਾਹਿਬ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਨ੍ਹਾਂ ਦੀ ਸਬ-ਡਵੀਜ਼ਨ ਵਿੱਚ ਸਾਰੀ ਖਰੀਦ ਵੀ ਕੀਤੀ ਜਾਵੇਗੀ ਅਤੇ ਉਸਦੇ ਸਟੋਰ ਦਾ ਵੀ ਪ੍ਰਬੰਧ ਕੀਤਾ ਜਾਵੇਗਾ । ਕੁਝ ਸਪੈਸ਼ਲਜ਼ ਸਾਡੇ ਕੋਲ ਆ ਗਈਆਂ ਹਨ । ਜਿੱਥੇ ਜਿੱਥੇ ਸਾਨੂੰ ਲਗਦਾ ਹੈ ਕਿ ਸਾਨੂੰ ਸਟਾਕ ਮੂਵ ਕਰਨ ਦੀ ਲੋੜ ਹੈ, ਉਥੋਂ ਮੂਵ ਕਰਾਂਗੇ । We are putting further pressure on the Government of India so that they may accept the wheat and space is made for that.

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਨਵੀਂ ਕਣਕ ਆਉਣ ਤੋਂ ਪਹਿਲਾਂ ਪਹਿਲਾਂ ਮੂਵ ਕਰਨਗੇ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਸਪੈਸ਼ਲਜ਼ ਜਲਾਲਾਬਾਦ ਦੇ ਸਟੇਸ਼ਨ ਨੂੰ ਦੇ ਰਹੇ ਹਨ ਔਰ ਕਿੰਨੀ ਦੇਰ ਵਿੱਚ ਇਹ ਮਾਲ ਚੁਕਿਆ ਜਾਵੇਗਾ ?

ਸ੍ਰੀ ਸਪੀਕਰ : ਸ਼ੇਰ ਸਿੰਘ ਜੀ ਜਵਾਬ ਤਾਂ ਆ ਚੁਕਿਆ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, 'ਅ' ਭਾਗ ਦਾ ਜਵਾਬ ਰਹਿ ਗਿਆ ਹੈ । ਮੇਰੀ ਬੇਨਤੀ ਹੈ ਕਿ ਮੰਤਰੀ ਜੀ ਨੇ ਦੱਸਿਆ ਹੈ ਕਿ ਚਾਵਲ ਰੇਲਵੇ ਸਪੈਸ਼ਲਾਂ ਦੀ ਉਪ-ਲਭਧੀ ਅਨੁਸਾਰ ਹੀ ਡਿਸਪੈਚ ਕੀਤੇ ਜਾਂਦੇ ਹਨ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ 8-10 ਸਾਲ ਤੋਂ ਚਾਵਲ ਉਥੇ ਜਮ੍ਹਾਂ ਹੋਇਆ ਪਿਆ ਹੈ ਔਰ ਉਹ ਖਾਣ ਦੇ ਵੀ ਕਾਬਲ ਨਹੀਂ ਰਿਹਾ, ਕੀ ਉਹ ਚਾਵਲ, ਸਰਕਾਰ ਦੀ ਕੋਈ ਪਾਲਿਸੀ ਹੈ, ਕਿ ਉਸ ਨੂੰ ਓਪਨ ਆਕਸ਼ਨ ਕਰਕੇ ਵੇਚਿਆ ਜਾਵੇਗਾ ਜਾਂ ਸਰਕਾਰ ਉਸ ਨੂੰ ਉਥੋਂ ਚੁੱਕ ਕੇ ਸੈਂਟਰਲ ਪੂਲ ਵਿੱਚ ਭੇਜੇਗੀ ?

ਮੰਤਰੀ : ਸਪੀਕਰ ਸਾਹਿਬ, ਚਾਵਲਾਂ ਦੇ ਬਾਰੇ ਤਾਂ ਮੈਂ ਸੁਜੈਸ਼ਨ ਨਹੀਂ ਦਿੱਤਾ ਕਿਉਂਕਿ ਚਾਵਲ ਪੰਜਾਬ ਸਟੇਟ ਦੇ ਪ੍ਰਵਿਯੂ ਵਿੱਚ ਨਹੀਂ ਆਉਂਦੇ । ਕੇਵਲ ਪੈਡੀ, ਸਰਕਾਰ ਦੀਆਂ ਜੋ ਪ੍ਰੋਕਿਉਰਿੰਗ ਏਜੰਸੀਆਂ ਹਨ, ਉਨ੍ਹਾਂ ਦੁਆਰਾ ਖਰੀਦੀ ਜਾਂਦੀ ਹੈ ਅਤੇ ਰਾਈਸ-ਮਿਲਿੰਗ ਤੋਂ ਬਾਅਦ ਐਫ. ਸੀ. ਆਈ. ਕੋਲ ਚਾਵਲ ਚਲਾ ਜਾਂਦਾ ਹੈ । ਇਸ ਤੋਂ ਬਾਅਦ ਐਫ. ਸੀ. ਆਈ. ਦੀ ਜ਼ਿੰਮੇਵਾਰੀ ਹੈ, ਜਦੋਂ ਮਰਜ਼ੀ ਉਹ ਚੁੱਕੇ, ਵੇਚੇ । ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ । After rice milling, it is handed over to the Food Corporation of India.

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਚਾਵਲਾਂ ਬਾਰੇ ਪੁਛਿਆ ਸੀ । ਪੈਡੀ ਦਾ ਜਵਾਬ ਤਾਂ ਇਨ੍ਹਾਂ ਨੇ ਵੈਸੇ ਹੀ ਦੇ ਦਿੱਤਾ ਹੈ ।

ਸ੍ਰੀ ਸਪੀਕਰ : ਇਨ੍ਹਾਂ ਨੇ ਜਵਾਬ ਤਾਂ ਦੇ ਦਿੱਤਾ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਜੇਕਰ ਚੌਲ ਚੁੱਕਿਆ ਨਹੀਂ ਜਾਂਦਾ ਤਾਂ ਫਿਰ ਕਿਸਾਨਾਂ ਦਾ ਚੌਲ ਵਿਕਣ ਦੀ ਬਜਾਏ ਰੁਲਦਾ ਰਹਿੰਦਾ ਹੈ । ਇਸ ਨਾਲ ਕਾਫੀ ਨੁਕਸਾਨ ਹੁੰਦਾ ਹੈ । ਇਸ ਲਈ ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਣਗੇ ਕਿ ਇਸ ਸਾਲ ਪੈਡੀ ਆਉਣ ਤੋਂ ਪਹਿਲਾਂ ਪਹਿਲਾਂ ਇਹ ਚੌਲ ਚੁੱਕ ਲਿਆ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਚੌਲ ਚੁੱਕਣ ਦਾ ਸਵਾਲ ਨਹੀਂ ਹੈ । ਮੈਂਬਰ ਸਾਹਿਬ ਦਾ ਕੁਐਸਚਨ ਬੜਾ ਕਲੀਅਰ ਹੈ । ਮੇਰਾ ਖਿਆਲ ਹੈ ਕਿ ਜਾਂ ਤਾਂ ਮੈਨੂੰ ਪੜ੍ਹਨ ਵਿੱਚ ਗਲਤੀ ਲਗਦੀ ਹੈ ਅਤੇ ਜਾਂ ਫਿਰ ਮੈਂਬਰ ਸਾਹਿਬ ਨੂੰ ਗਲਤੀ ਲਗਦੀ ਹੈ । ਮੈਂ ਪੰਜਾਬੀ ਵਿੱਚ ਕੁਐਸਚਨ ਪੜ੍ਹ ਦਿੰਦਾ ਹਾਂ । ਇਸ ਵਿੱਚ ਲਿਖਿਆ ਹੈ—ਇਸ ਸਮੇਂ ਜ਼ਿਲ੍ਹਾ ਫਿਰੋਜ਼ਪੁਰ ਦੀ ਜਲਾਲਾਬਾਦ ਸਬ-ਡਵੀਜ਼ਨ ਵਿੱਚ ਕਣਕ ਅਤੇ ਝੋਨੇ ਦੀ ਕੁਲ ਕਿੰਨੀ ਮਾਤਰਾ ਸਟੋਰ ਕੀਤੀ ਗਈ ਹੈ ਅਤੇ ਗੁਦਾਮਾਂ ਵਿੱਚ ਕਿੰਨੇ ਸਮੇਂ ਤੋਂ ਸਟਾਕ ਪਿਆ ਹੈ ? ਇਸ ਦੀ ਮੈਂ ਸਟੇਟਮੈਂਟ ਦੇ ਦਿੱਤੀ ਹੈ । 'ਅ' ਭਾਗ ਵਿੱਚ ਕਿਹਾ ਗਿਆ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਕਣਕ ਅਤੇ ਝੋਨੇ ਦਾ ਸਟਾਕ ਚੁੱਕਣ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਣਾਈ ਜਾ ਰਹੀ ਹੈ ਅਤੇ ਇਸ ਨੂੰ ਕਦੋਂ ਤੱਕ ਚੁੱਕ ਲਏ ਜਾਣ ਦੀ ਸੰਭਾਵਨਾ ਹੈ ? ਇਸ ਬਾਰੇ ਵੀ ਮੈਂ ਦੱਸ ਦਿੱਤਾ ਹੈ । ਮੈਂ ਫਿਰ ਕਹਿੰਦਾ ਹਾਂ ਕਿ ਰਾਈਸ ਸਾਡੇ ਕੋਲ ਨਹੀਂ ਹੈ । ਇਹ ਐਫ. ਸੀ. ਆਈ. ਕੋਲ ਹੈ । ਰਾਈਸ ਨੂੰ ਚੁੱਕਣ ਦੀ ਜ਼ਿੰਮੇਵਾਰੀ ਐਫ. ਸੀ. ਆਈ. ਕੋਲ ਹੈ । Rice is delivered to them. We are paid the price by the Food Corporation of India.

ਸ੍ਰੀ ਸਪੀਕਰ : ਉਨ੍ਹਾਂ ਦਾ ਕੁਐਸ਼ਚਨ ਸੀ ਕਿ ਕਿਉਂਕਿ ਝੋਨਾ ਕਾਫੀ ਰੁਲ ਰਿਹਾ ਹੈ, ਇਸ ਲਈ ਕੀ ਤੁਸੀਂ ਉਸ ਨੂੰ ਚੁੱਕਣ ਦੀ ਕੋਸ਼ਿਸ਼ ਕਰੋਗੇ ?

ਮੰਤਰੀ : ਝੋਨੇ ਬਾਰੇ ਦੋ ਮਹੀਨੇ ਪਹਿਲਾਂ ਗੌਰਮਿੰਟ ਆਫ ਇੰਡੀਆ ਕੋਲ ਰਿਲੈਕਸੇਸ਼ਨ ਵਾਸਤੇ ਕੇਸ ਗਿਆ ਹੈ । ਪੰਜ ਮਾਰਚ ਨੂੰ ਵਿੱਤ ਮੰਤਰੀ, ਮੈਂ ਅਤੇ ਰਾਈਸ ਸ਼ੈਲਰ ਵਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਪ੍ਰਾਈਮ ਮਨਿਸਟਰ ਨੂੰ ਮਿਲੇ । We met the Prime Minister and the Prime Minister was pleased to accede to our request. ਉਨ੍ਹਾਂ ਨੇ ਰਿਲੈਕਸੇਸ਼ਨਜ਼ ਦੇ ਦਿੱਤੀਆਂ ਹਨ । ਅਸੀਂ ਫਿਰ ਡਿਪਾਰਟ-ਮੈਂਟ ਦੀ ਮੀਟਿੰਗ ਕੀਤੀ ਔਰ ਕੰਮ ਨੂੰ ਸਪੀਡ ਅੱਪ ਕਰਨ ਲਈ ਕਿਹਾ । I have already assured the House that we will make all the arrangements.

ਜ਼ੀਰਾ ਸਬ-ਡਿਵੀਜ਼ਨ ਵਿਚ ਆਈ. ਟੀ. ਆਈ. ਖੋਲ੍ਹਣਾ

*1433. **ਸਰਦਾਰ ਇੰਦਰਜੀਤ ਸਿੰਘ ਜ਼ੀਰਾ** : ਕੀ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਜ਼ੀਰਾ ਸਬ-ਡਿਵੀਜ਼ਨ ਵਿਚ ਆਈ. ਟੀ. ਆਈ. ਖੋਲ੍ਹਣ ਦਾ ਵਿਚਾਰ ਰੱਖਦੀ ਹੈ ;

[ਸਰਦਾਰ ਇੰਦਰਜੀਤ ਸਿੰਘ ਜ਼ੀਰਾ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਉਕਤ ਮੰਤਵ ਲਈ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ । ਜੇਕਰ ਅਜਿਹਾ ਹੋਵੇ, ਤਾਂ ਕਿੱਥੇ ?

ਡਾਕਟਰ ਉਪਿੰਦਰਜੀਤ ਕੌਰ : (ੳ) ਹਾਂ, ਸ੍ਰੀਮਾਨ ਜੀ ।

(ਅ) ਹਾਂ, ਸ੍ਰੀ ਮਾਨ ਜੀ, ਪਿੰਡ ਬਹਿਕ ਗੁਜਰਾਂ ਬਲਾਕ ਜ਼ੀਰਾ ਵਿਖੇ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ ਪਰ ਵਿੱਤੀ ਔਕੜਾਂ ਕਰਕੇ ਅਜੇ ਉਸਾਰੀ ਸ਼ੁਰੂ ਨਹੀਂ ਕੀਤੀ ਜਾ ਸਕੀ ਜੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਆਈ. ਟੀ. ਆਈ. ਨੂੰ ਬਣਾਉਣ ਲਈ ਪਰਪੋਜ਼ਲ ਕਦੋਂ ਬਣੀ ਸੀ ਅਤੇ ਇਸ ਦੀ ਜ਼ਮੀਨ ਕਦੋਂ ਪ੍ਰਾਪਤ ਕੀਤੀ ਗਈ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਇਤਿਹਾਸ ਮੰਗ ਲਿਆ ਹੈ । ਇਸ ਲਈ ਇਹ ਸਮਾਂ ਦੇ ਦੇਣ, ਮੈਂ ਇਨ੍ਹਾਂ ਨੂੰ ਦੱਸ ਦੇਵਾਂਗੀ ਜਾਂ ਫਿਰ ਇਹ ਮੇਰੇ ਚੈਂਬਰ ਵਿੱਚ ਆ ਜਾਣ ਅਤੇ ਜਾਂ ਵੱਖਰਾ ਸਵਾਲ ਦੇ ਦੇਣ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਵੱਖਰਾ ਨਹੀਂ ਹੈ ਬਲਕਿ ਮੈਂ ਤਾਂ ਆਪਣੇ ਕੁਐਸਚਨ ਵਿਚੋਂ ਹੀ ਸਪਲੀਮੈਂਟਰੀ ਪੁੱਛੀ ਹੈ । ਇਨ੍ਹਾਂ ਕੋਲ ਸਾਰਾ ਰਿਕਾਰਡ ਹੋਣਾ ਚਾਹੀਦਾ ਹੈ । ਮੈਂ ਪੁੱਛਿਆ ਸੀ ਕਿ ਇਸ ਆਈ. ਟੀ. ਆਈ. ਨੂੰ ਬਣਾਉਣ ਸਬੰਧੀ ਪਰਪੋਜ਼ਲ ਕਦੋਂ ਬਣੀ ਸੀ ? ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਅੱਠਵੀਂ ਯੋਜਨਾ ਅਰਥਾਤ 1995-96 ਵਿੱਚ ਇਹ ਸਕੀਮ ਬਣੀ ਸੀ । ਹੁਣ 1999 ਆ ਗਿਆ ਹੈ ਅਤੇ ਜਵਾਬ ਵਿੱਚ ਕਿਹਾ ਗਿਆ ਹੈ ਕਿ ਜ਼ਮੀਨ ਤਾਂ ਅਸੀਂ ਲੈ ਲਈ ਹੈ ਪਰ ਵਿੱਤੀ ਔਕੜਾਂ ਕਰਕੇ ਅਜੇ ਇਸ ਦੀ ਉਸਾਰੀ ਸ਼ੁਰੂ ਨਹੀਂ ਕੀਤੀ ਜਾ ਸਕਦੀ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਵਿੱਤੀ ਔਕੜਾਂ ਕਿੰਨਾ ਚਿਰ ਰਹਿਣਗੀਆਂ ? ਸਪੀਕਰ ਸਾਹਿਬ, ਚਾਰ ਸਾਲ ਪਰਪੋਜ਼ਲ ਬਣੇ ਨੂੰ ਹੋ ਗਏ ਹਨ । ਇਸ ਲਈ ਕੀ ਮੰਤਰੀ ਜੀ ਦੱਸਣਗੇ ਕਿ ਇਹ ਵਿੱਤੀ ਔਕੜਾਂ ਕਦੋਂ ਦੂਰ ਹੋ ਜਾਣਗੀਆਂ ਅਤੇ ਕੰਮ ਕਦੋਂ ਤੋਂ ਸ਼ੁਰੂ ਕਰ ਦਿੱਤਾ ਜਾਵੇਗਾ ?

ਸ੍ਰੀ ਸਪੀਕਰ : ਇਨ੍ਹਾਂ ਨੇ ਕੀ ਦੱਸਣਾ ਹੈ ?

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੰਤਰੀ ਜੀ ਮੈਨੂੰ ਭਰੋਸਾ ਦੇਣ ਕਿ ਇਹ ਕੰਮ ਕਦੋਂ ਸ਼ੁਰੂ ਹੋ ਜਾਵੇਗਾ ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿੱਥੇ ਤੱਕ ਆਈ. ਟੀ. ਆਈ. ਲਈ ਜ਼ਮੀਨ ਦਾ ਤਾਅਲੁੱਕ ਹੈ, ਇਸ ਲਈ ਸਥਾਨ ਨਿਸਚਿਤ ਨਹੀਂ ਹੋਇਆ ਸੀ ਅਤੇ ਪਿਛਲੇ ਸਾਲ ਹੀ ਇਸ ਦੀ ਪਰਪੋਜ਼ਲ ਆਈ ਸੀ ।

ਗੌਰਮਿੰਟ ਨੇ ਜ਼ਮੀਨ ਡਿਪਾਰਟਮੈਂਟ ਨੂੰ ਟਰਾਂਸਫਰ ਕਰ ਦਿੱਤੀ ਹੈ । ਜਦੋਂ ਬਜਟ ਸਾਨੂੰ ਇਸ ਆਈ. ਟੀ. ਆਈ. ਲਈ ਮਿਲ ਜਾਵੇਗਾ ਤਾਂ ਅਸੀਂ ਇਸ ਦੀ ਉਸਾਰੀ ਦਾ ਕਾਰਜ ਤੁਰੰਤ ਸ਼ੁਰੂ ਕਰ ਦੇਵਾਂਗੇ । ਇਥੇ ਵਿੱਤ ਮੰਤਰੀ ਜੀ ਬੈਠੇ ਹਨ । ਇਹ ਬਜਟ ਵਿੱਚ ਪ੍ਰੋਵੀਜ਼ਨ ਕਰ ਦੇਣ । ਅਸੀਂ ਆਈ. ਟੀ. ਆਈ. ਦਾ ਕਾਰਜ ਸ਼ੁਰੂ ਕਰ ਦੇਵਾਂਗੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੇਰੀ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ ।

ਸ੍ਰੀ ਸਪੀਕਰ ; ਇਸ ਤੋਂ ਵੱਧ ਉਹ ਜਵਾਬ ਨਹੀਂ ਦੇ ਸਕਦੇ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਵਿੱਤੀ ਔਕੜਾਂ ਬਾਰੇ ਹਾਲੇ ਪਤਾ ਨਹੀਂ ਲੱਗ ਸਕਿਆ ਕਿੰਨਾ ਸਮਾਂ ਲੱਗੇਗਾ, 6 ਸਾਲ ਜਾਂ 5 ਸਾਲ । ਚਾਰ-ਪੰਜ ਸਾਲ ਤਾਂ ਹੋ ਗਏ ਹਨ । ਤੁਸੀਂ ਭਰੋਸਾ ਦਿਉ ਕਿ ਕਿੰਨੇ ਸਮੇਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ । ਇੰਨਾ ਕੁ ਕਰਵਾ ਦਿਉ ।

ਸ੍ਰੀ ਸਪੀਕਰ : ਨਹੀਂ ਜੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਇਹ ਦੱਸ ਦੇਣ ਕਿ ਸਾਲ 2000 ਤੱਕ ਕੀ ਇਹ ਕਰ ਦਿੱਤਾ ਜਾਵੇਗਾ ?

ਸ੍ਰੀ ਸਪੀਕਰ : ਨਹੀਂ ਜੀ ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਫਿਰ ਤਾਂ ਨਾ ਵਿੱਤੀ ਔਕੜ ਦੂਰ ਹੋਵੇਗੀ ਅਤੇ ਨਾ ਇਹ ਬਣਨਗੀਆਂ ।

ਸ੍ਰੀ ਸਪੀਕਰ : ਜ਼ੀਰਾ ਸਾਹਿਬ, ਬੈਠ ਜਾਉ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1500

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1527

ਸ੍ਰੀ ਸਪੀਕਰ : ਅਗਲਾ ਸਵਾਲ ਨੰਬਰ 1527, ਡਾਕਟਰ ਹਰਬੰਸ ਲਾਲ, ਡਾਕਟਰ ਹਰਬੰਸ ਲਾਲ ।

(ਇਸ ਵੇਲੇ ਮਾਨਯੋਗ ਮੈਂਬਰ ਇਹ ਪ੍ਰਸ਼ਨ ਪੁਟ ਕਰਨ ਲਈ ਨਹੀਂ ਉਠੇ ।)

ਅਗਲਾ ਸਵਾਲ, ਸਰਦਾਰ ਸ਼ੇਰ ਸਿੰਘ । (ਵਿਘਨ)

ਡਾਕਟਰ ਹਰਬੰਸ ਲਾਲ : ਸੌਰੀ, ਸਪੀਕਰ ਸਾਹਿਬ ।

ਸ਼੍ਰੀ ਸਪੀਕਰ : ਮੈਂ ਕਿਹਾ ਜੀ ਬੈਠ ਜਾਉ । ਗੱਪਾਂ ਹੀ ਨਹੀਂ ਮਾਰਨੀਆਂ ਖਿਆਲ ਰੱਖਿਆ ਕਰੋ ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਵਜ਼ੀਰ ਸਾਹਿਬ ਤਿਆਰ ਕਰਕੇ ਲਿਆਏ ਹਨ । ਇਹ ਬਹੁਤ ਇੰਪਾਰਟੈਂਟ ਸਵਾਲ ਹੈ ।

ਸ਼੍ਰੀ ਸਪੀਕਰ : ਬਾਅਦ ਵਿੱਚ ਲੈ ਲਵਾਂਗੇ ।

ਡਾਕਟਰ ਹਰਬੰਸ ਲਾਲ : ਮੈਂ ਇਸ ਦੀ ਸਪਲੀਮੈਂਟਰੀ ਕਰਾਂ ਜੀ ?

ਸ਼੍ਰੀ ਸਪੀਕਰ : ਨਹੀਂ ਜੀ । ਕਿੰਨੀ ਵਾਰ ਮੈਂ ਉਸ ਸਮੇਂ ਪੁੱਛਿਆ ਸੀ, ਪਰ ਉਦੋਂ ਤੁਸੀਂ ਉਠੇ ਨਹੀਂ । ਹੁਣ ਲਾਸਟ ਤੇ ਦੇਖ ਲਵਾਂਗੇ ।

———

ਫਾਜ਼ਿਲਕਾ-ਫਿਰੋਜ਼ਪੁਰ ਸੜਕ ਤੇ ਪੁਲੀਆਂ ਨੂੰ ਚੌੜਾ ਕਰਨਾ

*1477. **ਸਰਦਾਰ ਸ਼ੇਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਫਾਜ਼ਿਲਕਾ-ਫਿਰੋਜ਼ਪੁਰ ਸੜਕ ਤੇ ਕੁੱਲ ਕਿੰਨੀਆਂ ਪੁਲੀਆਂ ਹਨ ਜਿਹੜੀਆਂ ਸੜਕਾਂ ਦੀ ਚੌੜਾਈ ਦੇ ਮੁਕਾਬਲੇ ਘੱਟ ਚੌੜੀਆਂ ਹਨ ;

(ਅ) ਕੀ ਸਰਕਾਰ ਦਾ ਉਪਰੋਕਤ ਭਾਗ (ੳ) ਵਿਚ ਵਰਣਿਤ ਪੁਲੀਆਂ ਨੂੰ ਚੌੜਾ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੇ ਕਦੋਂ ਤੱਕ ਚੌੜਾ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ): (ੳ) ਫਿਰੋਜ਼ਪੁਰ-ਫਾਜ਼ਿਲਕਾ ਸੜਕ ਉਪਰ 2 ਪੁਲ ਅਤੇ 8 ਪੁਲੀਆਂ ਅਜਿਹੀਆਂ ਹਨ ਜੋ ਸੜਕ ਦੀ ਚੌੜਾਈ ਦੇ ਮੁਕਾਬਲੇ ਘੱਟ ਚੌੜੀਆਂ ਹਨ ।

(ਅ) ਹਾਲ ਦੀ ਘੜੀ ਇਹਨਾਂ ਪੁਲਾਂ/ ਪੁਲੀਆਂ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਫਾਜ਼ਿਲਕਾ-ਫਿਰੋਜ਼ਪੁਰ ਰੋਡ ਜਿਹੜੀ ਹੈ, ਉਸ ਦੀ 85 ਕਿਲੋਮੀਟਰ ਦੀ ਦੂਰੀ ਹੈ । ਇਸ ਦੇ ਵਿੱਚ 8 ਪੁਲੀਆਂ ਹਨ ਅਤੇ 2 ਪੁਲ ਹਨ । ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਇਹ ਜਿਹੜੀਆਂ 8 ਛੋਟੀਆਂ ਪੁਲੀਆਂ ਹਨ ਅਤੇ 2 ਪੁਲ ਹਨ, ਇਨ੍ਹਾਂ ਦੇ ਵਿੱਚੋਂ 5 ਛੋਟੀਆਂ ਪੁਲੀਆਂ ਔਰ 2 ਵੱਡੇ ਪੁਲ ਮੇਰੇ ਏਰੀਏ ਵਿੱਚ ਪੈਂਦੇ ਹਨ । ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਤਾਂ ਸਾਨੂੰ 50 ਸਾਲ ਕੁੱਝ ਨਹੀਂ ਦਿੱਤਾ, ਕੀ ਤੁਸੀਂ ਜੋ ਰੋਜ਼

ਐਕਸੀਡੈਂਟ ਹੁੰਦੇ ਹਨ ਔਰ ਕਈ ਦਫਾ ਦੁਰਘਟਨਾਵਾਂ ਵੀ ਹੁੰਦੀਆਂ ਹਨ, ਕਈ ਹੋਈਆਂ ਵੀ ਹਨ, ਕੀ ਇਹ ਐਸ਼ਿਓਰ ਕਰਨਗੇ ਕਿ ਜਿਹੜੇ ਪੁਲ ਹਨ, ਉਹ ਆਉਂਦੇ ਵਿੱਤੀ ਸਾਲ ਦੇ ਵਿੱਚ ਚੌੜੇ ਬਣਾ ਦਿੱਤੇ ਜਾਣਗੇ ?

ਮੰਤਰੀ : ਆਨਰੇਬਲ ਮੈਂਬਰ ਦਾ ਦਰਦ ਦੇਖ ਕੇ ਇਹ ਗੱਲ ਮੈਨੂੰ ਕਹਿਣੀ ਪਵੇਗੀ ਕਿ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਨ੍ਹਾਂ ਨੂੰ ਵਾਈਡਨਿੰਗ ਕਰਨ ਦੀ ਹੀ ਲੋੜ ਨਹੀਂ ਹੈ ਬਲਕਿ ਉਨ੍ਹਾਂ ਦੀ ਰੀਕੰਸਟ੍ਰਕਸ਼ਨ ਵੀ ਫੰਡਜ਼ ਆਉਣ ਤੇ ਦਿਵਾਈ ਜਾਵੇਗੀ । ਇਨ੍ਹਾਂ ਦੀ ਡਿਫੀਕਲਟੀ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਭਾਗ 'ਅ' ਦੇ ਵਿੱਚ ਕਿਹਾ ਹੈ ਕਿ ਸਰਕਾਰ ਦੀ ਤਜਵੀਜ਼ ਵਿੱਚ ਨਹੀਂ ਹੈ । ਕੀ ਇਹ ਸਾਨੂੰ ਦੱਸਣਗੇ ਕਿ ਕਿੰਨੇ ਸਮੇਂ ਦੇ ਵਿੱਚ ਇਹ ਬਣਾ ਦਿੱਤੇ ਜਾਣਗੇ ?

ਮੰਤਰੀ : ਇਹ ਤਾਂ ਇਨ੍ਹਾਂ ਦੇ ਕਹਿਣ ਤੇ ਹੀ ਕਿਹਾ ਹੈ ਕਿ ਅਸੀਂ ਵਿਚਾਰ ਕਰ ਲਵਾਂਗੇ ਔਰ ਹੁਣ ਇਹ ਕਹਿੰਦੇ ਹਨ ਕਿ ਟਾਈਮ ਵੀ ਦੱਸੀਏ । ਮੈਂ ਇਨ੍ਹਾਂ ਨਾਲ ਹਮਦਰਦੀ ਦਿਖਾ ਕੇ ਐਸ਼ੋਰੈਂਸ ਦੇ ਦਿੱਤੀ ਹੈ ਕਿ ਵਿਚਾਰ ਕਰ ਲਵਾਂਗੇ । ਇਨ੍ਹਾਂ ਦੀ ਤਕਲੀਫ਼ ਦੱਸਣ ਤੋਂ ਬਾਅਦ ਮੈਂ ਬਿਆਨ ਦਿੱਤਾ ਇਸ ਤੇ ਵਿਚਾਰ ਕਰਾਂਗੇ । ਫੰਡਜ਼ ਉਪਲੱਬਧ ਕਰਕੇ ਜੋ ਵੀ ਪਾਸੀਬਲ ਹੋਵੇਗਾ, ਅਸੀਂ ਕਰਾਂਗੇ ।

ਸਰਦਾਰ ਸ਼ੇਰ ਸਿੰਘ : ਸਪੀਕਰ ਸਾਹਿਬ, ਏਨਾ ਹੀ ਮਾਨਯੋਗ ਮੰਤਰੀ ਜੀ ਦੱਸ ਦੇਣ......

ਸ੍ਰੀ ਸਪੀਕਰ : ਤੁਸੀਂ ਬੈਠ ਜਾਓ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1501

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ ।)

ਪਿੰਡ ਮਾਲਿਕਪੁਰ, ਜ਼ਿਲ੍ਹਾ ਲੁਧਿਆਣਾ ਵਿਚ 66 ਕੇ.ਵੀ. ਗ੍ਰਿਡ ਸਬ-ਸਟੇਸ਼ਨ ਸਥਾਪਿਤ ਕਰਨਾ

*1510. ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਿੰਡ ਮਾਲਕਪੁਰ, ਜ਼ਿਲ੍ਹਾ ਲੁਧਿਆਣਾ ਵਿਚ 66 ਕੇ.ਵੀ. ਸਬ-ਸਟੇਸ਼ਨ ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਦੋਂ ਤਕ ਸਥਾਪਿਤ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : ਹਾਂ ਜੀ ।

[ਰਾਜ ਮੰਤਰੀ, ਸਿੰਚਾਈ]

ਪਿੰਡ ਮਾਲਿਕਪੁਰ, ਜ਼ਿਲ੍ਹਾ ਲੁਧਿਆਣਾ ਵਿਖੇ ਨੌਂਵੀਂ ਪੰਜ ਸਾਲਾ ਯੋਜਨਾ ਦੌਰਾਨ 2000-1 ਵਿਚ ਗ੍ਰਿਡ ਸਬ-ਸਟੇਸ਼ਨ ਸਥਾਪਿਤ ਕਰਨ ਦੀ ਯੋਜਨਾ ਹੈ ।

ਸਰਦਾਰ ਬਿਕਰਮਜੀਤ ਸਿੰਘ ਖਾਲਸਾ : ਧੰਨਵਾਦ ਜੀ ।

ਗੜ੍ਹਸ਼ੰਕਰ-ਆਦਮਪੁਰ ਸੜਕ ਨੂੰ ਪਲੈਨ ਸੜਕ ਵਿਚ ਤਬਦੀਲ ਕਰਨਾ

*1514. **ਸਰਦਾਰ ਸੋਹਨ ਸਿੰਘ ਠੰਡਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਗੜ੍ਹ-ਸ਼ੰਕਰ ਤੋਂ ਆਦਮਪੁਰ ਤੱਕ ਨਹਿਰ ਦੇ ਨਾਲ ਲਗਦੀ ਸੜਕ ਨੂੰ ਇਕ ਪਲੈਨ ਸੜਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਨੂੰ ਕਦੋਂ ਤਕ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਮਦਨ ਮੋਹਨ ਮਿੱਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਨਹੀਂ ਜੀ ।

ਸਰਦਾਰ ਸੋਹਨ ਸਿੰਘ ਠੰਡਲ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ 'ਨਹੀਂ ਜੀ' ਵਿੱਚ ਦਿੱਤਾ ਹੈ । ਇਹ ਸੜਕਾਂ ਜਿਹੜੀਆਂ ਹਨ, ਇਹ ਦੋਆਬੇ ਦੇ ਪੰਜ ਹਲਕਿਆਂ ਨੂੰ ਲਗਦੀਆਂ ਹਨ, ਅਤੇ ਇਨ੍ਹਾਂ ਸੜਕਾਂ ਦੇ ਉਤੇ ਬਹੁਤ ਸਾਰੇ ਬੱਸ ਰੂਟ ਚਲਦੇ ਹਨ । ਆਨੰਦਪੁਰ ਸਾਹਿਬ, ਆਦਮਪੁਰ ਅਤੇ ਕਰਤਾਰਪੁਰ ਨੂੰ ਜਿਹੜਾ ਰੂਟ ਬਣ ਰਿਹਾ ਹੈ, ਪੰਜਾਬ ਦੇ ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਇਸ ਨੂੰ ਜਲਦੀ ਬਣਾ ਦਿੱਤਾ ਜਾਵੇਗਾ । ਮੇਰੀ ਬੇਨਤੀ ਹੈ ਕਿ ਸਰਕਾਰ ਇਸ ਨੂੰ ਕਦੋਂ ਤੱਕ ਬਣਾਉਣ ਦਾ ਵਿਚਾਰ ਰੱਖਦੀ ਹੈ ?

ਮੰਤਰੀ : ਸਰ, ਇਨ੍ਹਾਂ ਨੇ ਕਿਹਾ ਹੈ ਕਿ ਇਸ ਸੜਕ ਨੂੰ ਪਲੈਨ ਰੋਡ ਦੇ ਵਿੱਚ ਕਨਵਰਟ ਕਰ ਲਿਆ ਜਾਵੇ । ਇਹ ਤਾਂ ਲਿੰਕ ਰੋਡ ਹੈ । ਇਸ ਦੀ ਟੋਟਲ ਲੰਬਾਈ 43.20 ਕਿਲੋਮੀਟਰ ਹੈ ਔਰ ਡਿਸਟ੍ਰਿਕਟ ਹੁਸ਼ਿਆਰਪੁਰ ਵਿੱਚ 36.80 ਕਿਲੋਮੀਟਰ ਅਤੇ ਜ਼ਿਲ੍ਹਾ ਜਲੰਧਰ ਦੇ ਵਿੱਚ 6.10 ਕਿਲੋਮੀਟਰ ਪੈਂਦੀ ਹੈ । ਇਸ ਵਿਚ ਕੁਝ ਪੋਰਸ਼ਨ ਕੱਚਾ ਵੀ ਹੈ ਔਰ ਇਸ ਨੂੰ ਟੇਕ-ਓਵਰ ਨਹੀਂ ਕੀਤਾ ਜਾ ਸਕਦਾ । ਇਸ ਦੇ ਕੁਝ ਪੋਰਸ਼ਨ ਨੂੰ ਆਦਮਪੁਰ ਤੋਂ ਕਾਲੜਾ, ਜ਼ਿਲ੍ਹਾ ਜਲੰਧਰ ਕੈਨਾਲ ਵਾਲੇ ਪਾਸੇ 6.40 ਕਿਲੋਮੀਟਰ ਆਲਰੈਡੀ 10 ਫੁੱਟ ਪੱਕਾ ਕਰ ਦਿੱਤਾ ਗਿਆ ਹੈ ।

ਸਰਦਾਰ ਸੋਹਨ ਸਿੰਘ ਠੰਡਲ : ਸਪੀਕਰ ਸਾਹਿਬ, ਜਿਹੜੀ ਸੜਕ ਆਦਮਪੁਰ ਤੋਂ ਗੜ੍ਹ-ਸ਼ੰਕਰ ਤੱਕ ਹੈ, ਇਸ ਵੇਲੇ ਉਸ ਦਾ ਕੋਈ ਵੀ ਟੋਟਾ ਕੱਚਾ ਨਹੀਂ ਹੈ, ਤਕਰੀਬਨ ਪੱਕਾ ਹੈ । ਉਸ ਦੇ ਇਕ ਪਾਸੇ ਨਹਿਰ ਹੈ ਅਤੇ ਦੂਜੇ ਪਾਸੇ ਦਰੱਖਤ ਹਨ ਜਿਨ੍ਹਾਂ ਕਰਕੇ ਉਥੇ ਬਹੁਤ ਘਟਨਾਵਾਂ ਹੁੰਦੀਆਂ ਹਨ । ਇਨ੍ਹਾਂ ਚੀਜ਼ਾਂ ਨੂੰ ਧਿਆਨ ਵਿੱਚ ਰਖਦੇ ਹੋਏ ਕੀ ਇਹ ਸੜਕ ਜਲਦੀ ਬਣਾ ਦਿੱਤੀ ਜਾਵੇਗੀ ?

ਸ੍ਰੀ ਸਪੀਕਰ : ਨਹੀਂ ਜੀ, ਤੁਸੀਂ ਬੈਠੋ ।

ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1544

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ)

ਬਿਆਸ ਦਰਿਆ ਦੇ ਨਾਲ ਧੁੱਸੀ ਬੰਧ ਬਣਾਉਣਾ

*1563. **ਸ੍ਰੀ ਅਰੁਨੇਸ਼ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਿਵੀਜ਼ਨ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਪਿੰਡਾਂ ਕੋਲੀਆਂ, ਕਲੌਤਾ ਆਦਿ ਵਿਚ ਬਿਆਸ ਦਰਿਆ ਨਾਲ ਜ਼ਮੀਨ ਖੁਰ ਰਹੀ ਹੈ ; ਜੇਕਰ ਅਜਿਹਾ ਹੋਵੇ ਤਾਂ ਕੀ ਪਿੰਡਾਂ ਨੂੰ ਜ਼ਮੀਨ ਖੁਰਨ ਤੋਂ ਬਚਾਉਣ ਲਈ ਉਕਤ ਦਰਿਆ ਨਾਲ ਧੁੱਸੀ ਬੰਧ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : ਹਾਂ ਜੀ । ਜ਼ਿਲ੍ਹਾ ਹੁਸ਼ਿਆਰਪੁਰ ਦੇ ਉਪ ਮੰਡਲ ਮੁਕੇਰੀਆਂ ਵਿਚ ਪੈਂਦੇ ਪਿੰਡ ਕੋਹਲੀਆਂ ਅਤੇ ਕਾਲੋਟਾ ਦੀ ਜ਼ਮੀਨ ਦਰਿਆ ਬਿਆਸ ਵੱਲੋਂ ਖੋਰੀ ਜਾ ਰਹੀ ਹੈ । ਇਸ ਸਮੇਂ ਇਨ੍ਹਾਂ ਪਿੰਡਾਂ ਦੇ ਸਾਹਮਣੇ ਦਰਿਆ ਬਿਆਸ ਤੇ ਕੋਈ ਧੁੱਸੀ ਬੰਧ ਉਸਾਰਨ ਦੀ ਤਜਵੀਜ਼ ਨਹੀਂ ਹੈ ।

ਸ੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਪਿੰਡਾਂ ਨੂੰ ਸੇਮ ਦੀ ਮਾਰ ਤੋਂ ਬਚਾਉਣ ਲਈ ਕੋਈ ਉਪਰਾਲਾ ਕੀਤਾ ਜਾ ਸਕਦਾ ਹੈ ਬਾਵਜੂਦ ਫੰਡਾਂ ਦੀ ਘਾਟ ਨੂੰ ਮੱਦੇਨਜ਼ਰ ਰੱਖਦੇ ਹੋਏ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਨਾਲੋਂ ਜ਼ਮੀਨ ਨੂੰ ਖੁਰਨ ਤੋਂ ਬਚਾਉਣ ਲਈ, ਆਉਣ ਵਾਲੀਆਂ ਬਰਸਾਤਾਂ ਤੋਂ ਪਹਿਲਾਂ ਪਹਿਲਾਂ, 30-6-99 ਤੋਂ ਪਹਿਲਾਂ ਪਹਿਲਾਂ ਜਿਥੇ-ਜਿਥੇ ਸਪੱਰ/ਸਟੱਡ ਲਗਾਉਣ ਦੀ ਲੋੜ ਪਈ, ਉਹ ਲਗਾ ਦਿੱਤੇ ਜਾਣਗੇ ।

ਸ੍ਰੀ ਸਪੀਕਰ : ਹੁਣ ਡਾਕਟਰ ਹਰਬੰਸ ਲਾਲ ਜੀ ਤੁਸੀਂ ਆਪਣਾ ਪ੍ਰਸ਼ਨ ਪੁੱਛ ਲਓ । (ਵਿਘਨ)

ਡਾਕਟਰ ਹਰਬੰਸ ਲਾਲ : ਸਵਾਲ ਨੰਬਰ 1537 (ਵਿਘਨ) Sorry, Sir, 1527 ਜੀ ।

ਬਲਾਕ ਦਫਤਰਾਂ ਖੇੜਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਲਈ ਇਮਾਰਤ ਦੀ ਉਸਾਰੀ

*1527. **ਡਾਕਟਰ ਹਰਬੰਸ ਲਾਲ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਕ ਖੇੜਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਦਫਤਰਾਂ ਲਈ ਇਮਾਰਤ ਉਸਾਰੀ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਕਤ ਇਮਾਰਤ ਦੀ ਉਸਾਰੀ ਦਾ ਕੰਮ ਕਦੋਂ ਤਕ ਮੁਕੰਮਲ ਕਰ ਲਏ ਜਾਣ ਦੀ ਸੰਭਾਵਨਾ ਹੈ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਲ ਦੀ ਘੜੀ ਬਲਾਕ ਖੇੜਾ ਦੀ ਦਫਤਰੀ ਇਮਾਰਤ ਉਸਾਰੀ ਅਧੀਨ ਨਹੀਂ ਹੈ ਜੀ।

ਡਾਕਟਰ ਹਰਬੰਸ ਲਾਲ : ਸਪੀਕਰ ਸਾਹਿਬ, ਇਹ ਖੇੜਾ ਬਲਾਕ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਚ 1996 ਦੇ ਵਿਚ ਹੋਂਦ ਵਿਚ ਆਇਆ। ਉਥੇ ਇੱਕ ਕਮਿਊਨਿਟੀ ਹੈਲਥ ਸੈਂਟਰ ਹੈ ਜਿਸ ਦਾ ਸਟਾਫ਼ ਇਸੇ ਪਿੰਡ ਖੇੜਾ ਵਿੱਚ ਬੈਠਦਾ ਹੈ। ਜ਼ਿਲ੍ਹਾ ਪ੍ਰੀਸ਼ਦ ਨੇ ਮਤਾ ਪਾ ਕੇ ਪੰਚਾਇਤ ਨੂੰ ਜਗ੍ਹਾ ਦੇ ਦਿੱਤੀ ਹੈ ਪਰ ਉਥੇ ਹਾਲੇ ਤੱਕ ਬਲਾਕ ਦੀ ਬਿਲਡਿੰਗ ਨਹੀਂ ਬਣਾਈ ਗਈ। ਅਸੀਂ ਤਾਂ ਡਿਵੈਲਪਮੈਂਟ ਦੀਆਂ ਗੱਲਾਂ ਕਰਦੇ ਹਾਂ। ਇਹ ਬਿਲਡਿੰਗ ਕਦੋਂ ਤੱਕ ਬਣਾ ਦਿੱਤੀ ਜਾਵੇਗੀ ? ਇਸਦੇ ਬਾਰੇ ਮੰਤਰੀ ਜੀ ਭਰੋਸਾ ਦਿਵਾਉਣ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਪੰਜਾਬ ਦੇ ਵਿਚ 138 ਬਲਾਕ ਹਨ ਔਰ ਜ਼ਿਆਦਾਤਰ ਪਿੰਡਾਂ ਦੇ ਵਿਚ ਹੀ ਹਨ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਕੋਈ ਵੀ ਬਲਾਕ ਅਜਿਹਾ ਨਾ ਰਹੇ ਜਿੱਥੇ ਬਿਲਡਿੰਗ ਨਾ ਹੋਵੇ। ਇਨ੍ਹਾਂ ਸੱਜਣਾਂ ਦੇ ਸਮੇਂ ਦੇ ਵਿੱਚ ਤਾਂ ਰੈਸਟ ਹਾਊਸ ਹੀ ਬਣਦੇ ਰਹੇ ਹਨ। ਇਨ੍ਹਾਂ ਨੇ ਤਾਂ ਬਲਾਕਾਂ ਵੱਲ ਧਿਆਨ ਹੀ ਨਹੀਂ ਦਿੱਤਾ। ਮੈਂ ਤੁਹਾਡੇ ਨੋਟਿਸ ਵਿੱਚ ਲਿਆਉਂਦਾ ਹਾਂ ਕਿ ਰੈਸਟ ਹਾਊਸ ਇਨ੍ਹਾਂ ਵੇਲੇ ਲੋਹੀਆਂ, ਮਲਸੀਆਂ, ਉਘੀ, ਖਡੂਰ ਸਾਹਿਬ ਵਿਖੇ ਬਣਾਏ ਗਏ ਅਤੇ ਵਿਕਾਸ ਦੇ ਪੈਸਿਆਂ ਦੇ 15 ਲੱਖ 67 ਹਜ਼ਾਰ ਰੁਪਏ ਰੈਸਟ ਹਾਊਸਾਂ ਤੇ ਲਗਾਏ ਗਏ ਪਰ ਬਲਾਕ ਉਥੇ ਹੀ ਪਏ ਰਹੇ। ਮੈਂ ਦੱਸਣਾ ਚਾਹੁੰਦਾ ਹਾਂ ਕਿ 19 ਬਲਾਕਾਂ ਦੀਆਂ ਬਿਲਡਿੰਗਾਂ ਜਿਥੇ ਨਹੀਂ ਸਨ, ਅਸੀਂ ਉਨ੍ਹਾਂ ਨੂੰ ਤੁਰੰਤ ਬਣਾਉਣ ਵਾਸਤੇ ਉਪਰਾਲਾ ਕੀਤਾ ਹੈ ਅਤੇ ਹਰ ਇਕ ਵਾਸਤੇ 13 ਲੱਖ ਰੁਪਿਆ ਰਿਲੀਜ਼ ਕਰ ਦਿੱਤਾ ਹੈ। ਜਦੋਂ ਟਰੈਜ਼ਰੀਆਂ ਖੁੱਲ੍ਹਣਗੀਆਂ ਤਾਂ ਪੈਸੇ ਦੇ ਦਿੱਤੇ ਜਾਣਗੇ।

ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹਾਂਗਾ ਕਿ ਇਹ 19 ਬਲਾਕ ਕਹਿ ਰਹੇ ਹਨ। ਇਹ ਉਨ੍ਹਾਂ ਬਲਾਕਾਂ ਦਾ ਵੇਰਵਾ ਦੇ ਦੇਣ ਕਿ ਕਿਹੜੇ-ਕਿਹੜੇ ਹਨ ਜਿਨ੍ਹਾਂ ਦੀਆਂ ਬਿਲਡਿੰਗਾਂ ਬਣਾਉਣ ਵਾਸਤੇ ਪੈਸਾ ਰੱਖਿਆ ਗਿਆ ਹੈ ?

ਮੰਤਰੀ : ਸਪੀਕਰ ਸਾਹਿਬ, ਵੈਸੇ ਤਾਂ ਖੇੜਾ ਬਲਾਕ ਦੀ ਗੱਲ ਹੀ ਸੀ। ਮੈਂ ਦੱਸ ਦਿੰਦਾ ਹਾਂ ਇਨ੍ਹਾਂ ਦੇ ਮਤਲਬ ਦਾ ਜੋ ਕੋਈ ਬਲਾਕ ਹੈ, ਜਿਥੇ ਬਿਲਡਿੰਗ ਬਣਾਉਣੀ ਅਸੀਂ ਸ਼ੁਰੂ ਕਰ ਰਹੇ ਹਾਂ, ਇਹ ਮੈਨੂੰ ਦੱਸ ਦੇਣ ਕਿ ਇਹ ਕਿਹੜੇ ਬਲਾਕ ਨਾਲ ਤਾਅਲੁੱਕ ਰੱਖਦੇ ਹਨ। ਤੁਹਾਡਾ ਬਲਾਕ ਮਖੂ ਵੀ ਇਸ ਵਿਚ ਹੈ।

ਡਾਕਟਰ ਹਰਬੰਸ ਲਾਲ : ਸਾਡੇ ਸਵਾਲ ਦਾ ਜਵਾਬ ਨਹੀਂ ਆਇਆ ਕਿ ਖੇੜਾ ਬਲਾਕ ਨੂੰ ਇਸ ਪ੍ਰੋਪੋਜ਼ਲ ਵਿਚ ਰੱਖਿਆ ਹੈ ਜਾਂ ਨਹੀ ?

ਸ੍ਰੀ ਸਪੀਕਰ : ਇਹ ਆ ਗਿਆ ਹੈ।

ਮੰਤਰੀ : ਪਤਾ ਨਹੀਂ ਇਹ ਐਬਸੈਂਟ ਮਾਈਂਡਿਡ ਹਨ । ਪਹਿਲਾਂ ਸਵਾਲ ਸਮੇਂ ਸਿਰ ਪੇਸ਼ ਨਹੀਂ ਕੀਤਾ, ਸਵਾਲ ਦਾ ਗਲਤ ਨੰਬਰ ਦੇ ਦਿੱਤਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 13 ਲੱਖ ਰੁਪਏ ਖੇੜਾ ਬਲਾਕ ਲਈ ਜਾਰੀ ਕਰ ਦਿੱਤੇ ਹਨ । ਜਦੋਂ ਟਰੈਜ਼ਰੀਆਂ ਖੁੱਲ੍ਹਦੀਆਂ ਹਨ ਤਾਂ ਪੈਸੇ ਨਾਲ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ ।

ਸ੍ਰੀ ਸਪੀਕਰ : ਪ੍ਰਸ਼ਨ ਖ਼ਤਮ ਹੁੰਦੇ ਹਨ । ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ । ਸ਼ਾਰਟ ਨੋਟਿਸ ਕੁਐਸਚਨ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ** ** **

Mr. Speaker : This is no Point of Order.

SHORT NOTICE QUESTION AND ANSWER

SHIFTING THE HARE AND SHEEP BREEDING FARM

*1600. **SHRI SATYA PAL SAINI** : Will the Animal Husbandry, Dairy Development and Fisheries Minister be pleased to state :—

a) Whether it is a fact that the Hare and Sheep Breeding Farm located in Dhar Block of Tehsil Pathankot is being shifted to district Jalandhar, if so, the reasons therefor ;

b) Whether it is also a fact that ownership of more than 500 acres of land belonging to the said Farm is being transferred to some other districts, if so, the names of districts to which the said land is proposed to be transferred.

ਡਾਕਟਰ ਰਤਨ ਸਿੰਘ : (ੳ) ਭੇਡ ਨਸਲਕਸ਼ੀ ਫ਼ਾਰਮ ਕਾਫੀ ਸਮਾਂ ਪਹਿਲਾਂ ਸਤੰਬਰ, 1993 ਵਿੱਚ ਬੰਦ ਕਰ ਦਿੱਤਾ ਗਿਆ ਸੀ । ਰੈਬਿਟ ਨਸਲਕਸ਼ੀ ਫ਼ਾਰਮ 22.9.1998 ਨੂੰ ਜਲੰਧਰ ਵਿੱਖੇ ਸ਼ਿਫਟ ਕਰ ਦਿੱਤਾ ਗਿਆ ਸੀ । ਇਸ ਫ਼ਾਰਮ ਨੂੰ ਜਲੰਧਰ ਵਿਖੇ ਸ਼ਿਫਟ ਕਰਨ ਦਾ ਕਾਰਣ ਇਹ ਸੀ ਕਿ ਵਿਦੇਸ਼ੀ ਅੰਗੋਰਾ ਨਸਲ ਦੇ ਖਰਗੋਸ਼ ਜਿਹੜੇ ਧਾਰ ਰੱਖੇ ਹੋਏ ਸਨ, ਚੰਗੀ ਤਰ੍ਹਾਂ ਵੱਧ-ਫੁੱਲ ਨਹੀਂ ਰਹੇ ਸਨ ਅਤੇ ਇਹਨਾਂ ਨੂੰ ਬਿਮਾਰੀਆਂ ਲਗਦੀਆਂ ਸਨ । ਕਿਉਂਕਿ ਬਿਮਾਰੀਆਂ ਦੀ ਖੋਜ ਲਈ ਜਲੰਧਰ ਵਿੱਖੇ ਸਹੂਲਤਾਂ ਉਪਲੱਬਧ ਹਨ, ਇਸ ਲਈ ਉਥੇ ਇਹਨਾਂ ਦੀ ਸੰਭਾਲ ਕਾਫੀ ਚੰਗੀ ਤਰ੍ਹਾਂ ਕੀਤੀ ਜਾ ਸਕੇਗੀ । ਉਥੇ ਇਹ ਚੰਗੀ ਤਰ੍ਹਾਂ ਵੱਧਣ ਫੁੱਲਣਗੇ ਅਤੇ ਸਕੀਮ ਦਾ ਮੰਤਵ ਪੂਰਾ ਕੀਤਾ ਜਾ ਸਕੇਗਾ ।

** Expunged as ordered by the Chair.

[ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ]

(ਅ) ਜ਼ਮੀਨ ਦਾ ਕੋਈ ਵੀ ਹਿੱਸਾ ਕਿਸੇ ਹੋਰ ਮਹਿਕਮੇ ਨੂੰ ਤਬਦੀਲ ਕਰਨ ਬਾਰੇ ਵਿਭਾਗ ਦੀ ਕੋਈ ਤਜ਼ਵੀਜ਼ ਨਹੀਂ ਹੈ ।

ਅਸੀਂ ਜ਼ਿਲ੍ਹੇ ਸ਼ਿਫਟ ਕੀਤੇ ਸੀ ਅਤੇ ਬਿਮਾਰੀਆਂ ਦੀਆਂ ਖੋਜ਼ ਸੇਵਾਵਾਂ ਕਰਕੇ ਸ਼ਿਫਟ ਕੀਤੇ ਸੀ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਮੈਂਬਰ ਸਾਹਿਬ ਨੂੰ ਕਿ ਜ਼ਮੀਨ ਅਸੀਂ ਬਿਲਕੁਲ ਟਰਾਂਸਫਰ ਨਹੀਂ ਕਰ ਰਹੇ । 1993 ਵਿਚ ਕਾਂਗਰਸੀ ਵੀਰਾਂ ਨੇ ਭੇਡਾਂ ਦਾ ਫਾਰਮ ਬੰਦ ਕਰ ਦਿੱਤਾ ਸੀ । ਉਹ ਅਸੀਂ ਚਾਲੂ ਕੀਤਾ ਹੈ ਤਾਂ ਕਿ ਜੋ ਪਹਾੜੀ ਏਰੀਏ ਦੇ ਲੋਕ ਹਨ, ਉਨ੍ਹਾਂ ਨੂੰ ਮੱਦਦ ਕਰ ਸਕੀਏ । ਇਹ ਜ਼ਮੀਨ ਅਸੀਂ ਬਿਲਕੁਲ ਤਬਦੀਲ ਨਹੀਂ ਕਰ ਰਹੇ ਹਾਂ ।

ਸ਼੍ਰੀ ਸੱਤਿਆ ਪਾਲ ਸੈਣੀ : ਧੰਨਵਾਦ, ਮੰਤਰੀ ਜੀ ਤੁਸੀਂ ਅੱਧੀ ਗੱਲ ਸਵੀਕਾਰ ਕਰ ਲਈ ਹੈ ਪਰ ਅੱਧੀ ਖਰਗੋਸ਼ਾਂ ਬਾਰੇ ਗੱਲ ਹੈ । ਉਸ ਬਾਰੇ ਮੈਂ ਬੇਨਤੀ ਕਰਾਂਗਾ ਕਿ ਦੁਬਾਰਾ ਜਾਂਚ ਕਰਾਓ । ਉਸ ਥਾਂ ਦਾ ਵਾਤਾਵਰਣ ਖ਼ਰਗੋਸ਼ਾਂ ਦੇ ਅਨੁਕੂਲ ਹੈ । ਹੁਣ ਆਰ.ਐਸ.ਡੀ. ਬਨਣ ਨਾਲ ਹੋਰ ਠੰਡਾ ਹੋ ਗਿਆ ਹੈ । ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਜਾਣਕਾਰੀ ਲੈਣੀ ਚਾਹਾਂਗਾ ਕਿ ਇਹ ਜਿਹੜਾ ਖਰਗੋਸ਼ਾਂ ਦਾ ਫਾਰਮ ਹੈ ਅਗਰ ਇਹ ਚੰਬੇ ਵਿਚ ਚਲ ਸਕਦਾ ਹੈ ਅਤੇ ਉਥੇ ਇਨ੍ਹਾਂ ਦੇ ਰਹਿਣ ਲਈ ਤਾਪਮਾਨ ਵੀ ਠੀਕ ਹੈ ਤਾਂ ਇਨ੍ਹਾਂ ਨੇ ਇਸ ਨੂੰ 2-3 ਮਹੀਨੇ ਪਹਿਲਾਂ ਟਰਾਂਸਫਰ ਕਿਉਂ ਕੀਤਾ ਹੈ ? ਮੈਨੂੰ ਇਹ ਇਸ ਨੂੰ ਟਰਾਂਸਫਰ ਕਰਨ ਦੇ ਕਾਰਨ ਦੱਸ ਦੇਣ । ਮੈਨੂੰ ਪਤਾ ਲਗਾ ਹੈ ਕਿ ਇਨ੍ਹਾਂ ਖਰਗੋਸ਼ਾਂ ਦੇ ਲਈ ਜਿਹੜੀ ਲੈਬ ਹੈ, ਉਹ ਜਲੰਧਰ ਵਿਚ ਹੈ ਜਿਸ ਕਰਕੇ ਇਨ੍ਹਾਂ ਨੂੰ ਉਥੇ ਟਰਾਂਸਫਰ ਕੀਤਾ ਗਿਆ ਹੈ । ਪਰ ਮੈਨੂੰ ਇਹ ਗੱਲ ਇਨ੍ਹਾਂ ਦੀ ਸਮਝ ਨਹੀਂ ਆਈ ਕਿ ਜਿਥੇ ਲੈਬਾਰਟਰੀ ਹੋਵੇ, ਉਥੇ ਹੀ ਇਨ੍ਹਾਂ ਦੇ ਸੈਂਟਰ ਨੂੰ ਟਰਾਂਸਫ਼ਰ ਕਰ ਦਿੱਤਾ ਜਾਵੇ । ਕੀ ਇਹ ਇਸ ਫਾਰਮ ਨੂੰ ਫਿਰ ਵਾਪਸ ਉਸੇ ਜਗ੍ਹਾ ਤੇ ਸ਼ਿਫਟ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਅਸੀਂ ਖਰਗੋਸ਼ ਵੀ ਉਥੇ ਰੱਖ ਦੇਵਾਂਗੇ ।

UNSTARRED QUESTIONS AND ANSWERS

ਰਾਜ ਵਿਚ ਰਜਿਸਟਰਡ ਫੈਕਟਰੀਆਂ/ਉਦਯੋਗਿਕ ਅਦਾਰਿਆਂ ਦੀ ਗਿਣਤੀ

339. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਦੇ ਦੱਸਣਗੇ ਕਿ :—

(ੳ) ਰਾਜ ਵਿਚ 1 ਅਪਰੈਲ, 1997, 1 ਅਪਰੈਲ, 1998 ਅਤੇ 1 ਫਰਵਰੀ, 1999 ਨੂੰ ਫੈਕਟਰੀਜ਼ ਐਕਟ ਹੇਠ ਰਜਿਸਟਰਡ ਫੈਕਟਰੀਆਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਫੈਕਟਰੀਆਂ ਦੀ ਗਿਣਤੀ ਕਿੰਨੀ ਹੈ ਜਿਹੜੀਆਂ ਇਸ ਸਮੇਂ ਬੰਦ ਪਈਆਂ ਹਨ ;

(ਅ) ਉਨ੍ਹਾਂ ਉਦਯੋਗਿਕ ਅਦਾਰਿਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਰਾਜ ਵਿਚ 1 ਅਪਰੈਲ, 1997, 1 ਅਪਰੈਲ, 1998 ਅਤੇ 1 ਫਰਵਰੀ, 1999 ਨੂੰ ਸ਼ਾਪਸ ਐਕਟ ਹੇਠ ਰਜਿਸਟਰਡ ਹਨ ਅਤੇ ਅਜਿਹੇ ਅਦਾਰਿਆਂ ਦੀ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਬੰਦ ਪਏ ਹਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਰਾਜ ਵਿੱਚ ਫੈਕਟਰੀਜ਼ ਐਕਟ ਅਧੀਨ ਰਜਿਸਟਰਡ ਫੈਕਟਰੀਆਂ ਦੀ ਗਿਣਤੀ 1.4.97, 1.4.98 ਅਤੇ 1.2.99 ਨੂੰ ਹੇਠ ਅਨੁਸਾਰ ਹੈ :—

ਸਮਾਂ	ਫੈਕਟਰੀਜ਼ ਐਕਟ ਅਧੀਨ ਰਜਿਸਟਰਡ ਫੈਕਟਰੀਆਂ ਦੀ ਗਿਣਤੀ
1.4.97	13274
1.4.98	13334
1.2.99	13545

ਇਸ ਤੋਂ ਇਲਾਵਾ ਜੋ ਫੈਕਟਰੀਆਂ ਇਸ ਸਮੇਂ ਬੰਦ ਹਨ ਉਨ੍ਹਾਂ ਦੀ ਗਿਣਤੀ 316 ਹੈ ।

(ਅ) ਰਾਜ ਵਿੱਚ ਸ਼ਾਪਸ ਐਕਟ ਅਧੀਨ ਰਜਿਸਟਰਡ ਉਦਯੋਗਿਕ ਅਦਾਰਿਆਂ (ਦੁਕਾਨਾਂ ਅਤੇ ਤਜ਼ਾਰਤੀ ਅਦਾਰਿਆਂ) ਦੀ ਗਿਣਤੀ 1.4.97, 1.4.98 ਅਤੇ 1.2.99 ਨੂੰ ਹੇਠ ਅਨੁਸਾਰ ਹੈ :—

ਸਮਾਂ	ਸ਼ਾਪਸ ਐਕਟ ਅਧੀਨ ਰਜਿਸਟਰਡ ਉਦਯੋਗਿਕ ਅਦਾਰਿਆਂ ਦੀ ਗਿਣਤੀ
1.4.97	2,94,647
1.4.98	2,96,224
1.2.99	2,97,660

ਇਸ ਤੋਂ ਇਲਾਵਾ ਸ਼ਾਪਸ ਐਕਟ ਅਧੀਨ ਇਸ ਸਮੇਂ ਬੰਦ ਪਏ ਅਦਾਰਿਆਂ ਦੀ ਗਿਣਤੀ 315 ਹੈ ।

———

ਉਦਯੋਗਿਕ ਕਾਮਿਆਂ ਦੇ ਲਈ ਮਕਾਨਾਂ ਦੀ ਉਸਾਰੀ

340. ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕਿਰਤ ਵਿਭਾਗ ਦੁਆਰਾ ਉਦਯੋਗਿਕ ਕਾਮਿਆਂ ਲਈ ਬਣਾਏ ਗਏ ਜਾਂ ਬਣਵਾਏ ਗਏ ਮਕਾਨਾਂ ਵਿਚੋਂ ਅਜਿਹੇ ਮਕਾਨਾਂ ਦੀ ਕਸਬੇ-ਵਾਰ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਉਦਯੋਗਿਕ ਕਾਮਿਆਂ ਤੋਂ ਇਲਾਵਾ ਹੋਰ ਵਿਅਕਤੀਆਂ ਨੂੰ ਅਲਾਟ ਕੀਤੇ ਹੋਏ ਹਨ ਅਤੇ ਜੋ ਅਜੇ ਵੀ ਕਿਰਤ ਵਿਭਾਗ ਦੇ ਕਬਜ਼ੇ ਹੇਠ ਹਨ ;

(ਅ) ਕੀ ਸਰਕਾਰ ਰਾਜ ਵਿਚ ਉਦਯੋਗਿਕ ਕਾਮਿਆਂ ਲਈ ਕੋਈ ਹੋਰ ਮਕਾਨ ਬਣਾਉਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿਥੇ ਕਿਥੇ ਬਣਾਏ ਜਾ ਰਹੇ ਹਨ ?

ਸ੍ਰੀ ਬਲਰਾਮਜੀ ਦਾਸ ਟੰਡਨ : (ੳ) ਇੰਟੈਗਰੇਟਿਡ ਇੰਡਸਟਰੀਅਲ ਹਾਊਸਿੰਗ ਸਕੀਮ ਅਧੀਨ ਉਦਯੋਗਿਕ ਕਾਮਿਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਕਿਰਤੀ ਵਰਗ ਲਈ 1969 ਤੋਂ ਪਹਿਲਾਂ 1216 ਮਕਾਨ ਅਤੇ 1969 ਤੋਂ ਬਾਅਦ 1950 ਮਕਾਨ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਵਲੋਂ ਬਣਾਏ ਗਏ ਸਨ । ਇਹ 3166 ਮਕਾਨ ਉਦਯੋਗਿਕ ਕਾਮਿਆਂ ਨੂੰ ਅਲਾਟ ਕੀਤੇ ਗਏ ਸਨ । ਕੋਈ ਵੀ ਮਕਾਨ ਉਦਯੋਗਿਕ ਕਾਮੇ ਤੋਂ ਇਲਾਵਾ ਕਿਸੇ ਹੋਰ ਨੂੰ ਅਲਾਟ ਨਹੀਂ ਕੀਤਾ ਗਿਆ ਸੀ । 1969 ਤੋਂ ਪਹਿਲਾਂ ਬਣੇ 1216 ਮਕਾਨਾਂ ਵਿਚੋਂ 769 ਮਕਾਨ ਯੋਗ ਉਦਯੋਗਿਕ ਕਾਮਿਆਂ ਨੂੰ ਵੇਚ ਦਿੱਤੇ ਗਏ ਸਨ ਅਤੇ ਸਰਕਾਰ ਦੀਆਂ ਹਦਾਇਤਾਂ ਮਿਤੀ 20.3.98 ਅਨੁਸਾਰ 172 ਮਕਾਨ ਮੌਜੂਦਾ ਕਾਬਜ਼ਕਾਰਾਂ ਨੂੰ ਵੇਚ ਦਿੱਤੇ ਗਏ ਹਨ । ਬਾਕੀ ਦੇ ਰਹਿੰਦੇ 75 ਮਕਾਨਾਂ ਨੂੰ ਵੇਚਣ ਬਾਰੇ ਕਾਰਵਾਈ ਚਲ ਰਹੀ ਹੈ । ਇਨ੍ਹਾਂ ਉਦਯੋਗਿਕ ਕਾਮਿਆਂ ਨੂੰ ਵੇਚੇ ਮਕਾਨਾਂ ਅਤੇ ਕਿਰਤ ਵਿਭਾਗ ਦੇ ਕਬਜ਼ੇ/ਅਧਿਕਾਰ ਅਧੀਨ ਆਉਂਦੇ ਮਕਾਨਾਂ ਦਾ ਸ਼ਹਿਰਵਾਰ ਵੇਰਵਾ ਅਨੁਲਗ-1 ਅਤੇ 2 ਤੇ ਹੈ ।

(ਅ) ਇਸ ਸਮੇਂ ਉਦਯੋਗਿਕ ਕਾਮਿਆਂ ਵਾਸਤੇ ਹੋਰ ਨਵੇਂ ਮਕਾਨ ਬਣਾਉਣ ਬਾਰੇ ਸਰਕਾਰ ਦੀ ਕੋਈ ਸਕੀਮ ਨਹੀਂ ਹੈ ।

ਅਨੁਲੱਗ-1

ਯੋਗ ਉਦਯੋਗਿਕ ਕਾਮਿਆਂ ਨੂੰ ਅਲਾਟ ਕੀਤੇ ਅਤੇ ਉਹ ਮਕਾਨਾਂ ਦੀ ਕਸਬਾਵਾਰ ਲਿਸਟ ਜੋ ਅਜੇ ਕਿਰਤ ਵਿਭਾਗ ਦੇ ਅਧਿਕਾਰ/ਕਬਜੇ ਵਿੱਚ ਹਨ।

1) 1969 ਤੋਂ ਪਹਿਲਾਂ ਬਣੇ ਮਕਾਨਾਂ ਦੀ ਲਿਸਟ :

ਲੜੀ ਨੰ:	ਕਸਬੇ ਦਾ ਨਾਂ	ਉਸਾਰੇ ਗਏ ਮਕਾਨਾਂ ਦੀ ਗਿਣਤੀ/ਯੋਗ ਕਿਰਤੀਆਂ ਨੂੰ ਅਲਾਟ ਕੀਤੇ ਮਕਾਨਾਂ ਦੀ ਗਿਣਤੀ।	ਉਦਯੋਗਿਕ ਕਿਰਤੀਆਂ ਨੂੰ ਵੇਚੇ ਗਏ ਮਕਾਨਾਂ ਦੀ ਗਿਣਤੀ।	ਮੌਜੂਦਾ ਕਾਬਜ਼ਾਕਾਰਾਂ ਨੂੰ ਵੇਚੇ ਗਏ ਮਕਾਨਾਂ ਦੀ ਗਿਣਤੀ।	ਕਿਰਤ ਵਿਭਾਗ ਦੇ ਕਬਜ਼ੇ/ਮਲਕੀਅਤ ਅਧੀਨ ਮਕਾਨਾਂ ਦੀ ਗਿਣਤੀ।	ਟਿੱਪਣੀ
1.	ਰਾਜਪੁਰਾ	40	36	—	4	
2.	ਗੋਬਿੰਦਗੜ੍ਹ	100	77	14	9	
3.	ਗਿੱਲ ਰੋਡ, ਲੁਧਿਆਣਾ	250	157	92	1	
4.	ਇਸਲਾਮਾਬਾਦ, ਅੰਮ੍ਰਿਤਸਰ	300	268	30	2	
5.	ਛੇਹਰਟਾ, ਅੰਮ੍ਰਿਤਸਰ	108	100	7	1	
6.	ਅਲੀਵਾਲ ਰੋਡ, ਬਟਾਲਾ	58	29	29	—	
7.	ਮਾਡਲ ਟਾਊਨ ਧਾਰੀਵਾਲ	60	2	—	58	
8.	ਫਗਵਾੜਾ	100	100	—	—	
9.	ਭੋਗਪੁਰ	200	—	—	200*	*(ਇਹ ਮਕਾਨ ਮਿੱਲ ਮੈਨੇਜ਼ਮੈਂਟ ਦੀ ਜ਼ਮੀਨ ਤੇ ਬਣਾਏ ਗਏ ਸਨ ਜਿਸ ਬਾਰੇ ਕਾਰਵਾਈ ਸਰਕਾਰ ਦੀ ਪੱਧਰ ਤੇ ਵਿਚਾਰ ਅਧੀਨ ਹੈ।)
		1216	769	172	275	

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਅਨੁਲੱਗ-2

2. 1969 ਤੋਂ ਬਾਅਦ ਬਣੇ 1950 ਮਕਾਨਾਂ ਦਾ ਵੇਰਵਾ ਜੋ ਅਜੇ ਕਿਰਤ ਵਿਭਾਗ ਦੇ ਅਧਿਕਾਰ/ਕਬਜੇ ਵਿਚ ਹਨ।

ਲੜੀ ਨੰ:	ਕਸਬੇ ਦਾ ਨਾਂ	ਉਸਾਰੇ ਗਏ ਮਕਾਨਾਂ ਦੀ ਗਿਣਤੀ/ਯੋਗ ਕਿਰਤੀਆਂ ਨੂੰ ਮਕਾਨਾਂ ਦੀ ਅਲਾਟਮੈਂਟ
1.	ਢੰਡਾਰੀ ਕਲਾਂ, ਲੁਧਿਆਣਾ	264
2.	ਢੰਡਾਰੀ ਕਲਾਂ, ਲੁਧਿਆਣਾ	264
3.	ਡੁਗਰੀ ਰੋਡ, ਲੁਧਿਆਣਾ	210
4.	ਛੇਹਰਟਾ ਅੰਮ੍ਰਿਤਸਰ	120
5.	ਛੇਹਰਟਾ, ਅੰਮ੍ਰਿਤਸਰ	402
6.	ਕਾਦੀਆਂ ਰੋਡ, ਬਟਾਲਾ	192
7.	ਕਾਦੀਆਂ ਰੋਡ, ਬਟਾਲਾ	72
8.	ਗੜ੍ਹਾ ਰੋਡ, ਜਲੰਧਰ	108
9.	ਗੜ੍ਹਾ ਰੋਡ, ਜਲੰਧਰ	72
10.	ਫੇਜ਼ 6, ਮੋਹਾਲੀ	114
11.	ਫੇਜ਼ 9, ਮੋਹਾਲੀ	132
		1950

ਰਾਜ ਵਿਚ ਬੇਰੋਜ਼ਗਾਰਾਂ ਦੀ ਗਿਣਤੀ

341. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ 1 ਜਨਵਰੀ, 1994, 1 ਜਨਵਰੀ, 1995, 1 ਜਨਵਰੀ, 1996, 1 ਜਨਵਰੀ, 1997, 1 ਜਨਵਰੀ, 1998 ਅਤੇ 1 ਜਨਵਰੀ, 1999 ਨੂੰ ਵੱਖ-ਵੱਖ ਰੁਜ਼ਗਾਰ ਕੇਂਦਰਾਂ ਵਿਚ ਦਰਜ ਬੇਰੋਜ਼ਗਾਰ ਵਿਅੱਕਤੀਆਂ (ਮਰਦਾਂ ਅਤੇ ਔਰਤਾਂ) ਦੀ ਵੱਖ-ਵੱਖ ਜ਼ਿਲ੍ਹਾ-ਵਾਰ ਅਤੇ ਸ੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

ਸ੍ਰੀ ਬਲਰਾਮਜੀ ਦਾਸ ਟੰਡਨ :

ਲੋੜੀਂਦੀ ਸੂਚਨਾਂ ਅਨੁਲੱਗ ਤੇ ਹੈ।

ਅਨੁਲੱਗ

1.1.94, 1.1.95. 1.1.96, 1.1.97, 1.1.98 ਅਤੇ 1.1.99 ਨੂੰ ਵੱਖ ਵੱਖ ਰੋਜ਼ਗਾਰ ਕੇਂਦਰਾਂ ਵਿਚ ਦਰਜ਼ ਬੇਰੋਜ਼ਗਾਰ ਵਿਅਕਤੀਆਂ (ਮਰਦਾਂ ਅਤੇ ਔਰਤਾਂ), ਦੀ ਵੱਰ ਵੱਖ ਜ਼ਿਲ੍ਹਾਵਾਰ ਅਤੇ ਸ਼੍ਰੇਣੀ ਵਾਰ ਗਿਣਤੀ ।

		ਸਾਲ 1.1.94	ਸਾਲ 1.1.95	ਸਾਲ 1.1.96	ਸਾਲ 1.1.97	ਸਾਲ 1.1.98	ਸਾਲ 1.1.99
1	ਰਾਜ ਵਿਚ ਬੇਰੋਜ਼ਗਾਰ ਵਿਅਕਤੀਆਂ ਦੀ ਕੁੱਲ ਸੰਖਿਆ	645822	558232	506236	542695	581018	568212
2.	ਰਾਜ ਵਿੱਚ ਬੇਰੋਜ਼ਗਾਰ ਪੁਰਸ਼ਾਂ ਦੀ ਕੁੱਲ ਸੰਖਿਆ	502989	430645	38688	403646	437425	426529
8.	ਰਾਜ ਵਿੱਚ ਬੇਰੋਜ਼ਗਾਰ ਇਸਤਰੀਆਂ ਦੀ ਕੁੱਲ ਸੰਖਿਆ	142833	127587	119348	139049	143593	141683
4.	ਰਾਜ ਵਿਚ ਬੇਰੋਜ਼ਗਾਰ ਪੱਛੜੀਆਂ ਸ਼੍ਰੇਣੀਆਂ ਦੇ ਪ੍ਰਾਰਥੀਆਂ ਦੀ ਕੁੱਲ ਸੰਖਿਆ	4012	1181	1321	2570	3879	5467
5.	ਰਾਜ ਵਿੱਚ ਬੇ-ਰੋਜ਼ਗਾਰ ਅਨੁਸੂਚਿਤ ਜਾਤੀਆਂ ਦੀ ਕੁੱਲ ਸੰਖਿਆ	180542	165511	153938	165499	175328	173133
6.	ਰਾਜ ਵਿੱਚ ਬੇਰੋਜ਼ਗਾਰ ਸਾਬਕਾ ਫੌਜੀਆਂ ਦੀ ਕੁੱਲ ਸੰਖਿਆ ।	36233	28576	21549	21614	20628	19816

ਸਾਲ 1.1.94, 1.1.95, 1.1.96, 1.1.97, 1.1.98 ਅਤੇ 1.1.99 ਦੀ ਉਪਰ ਦਿੱਤੀ ਗਈ ਸੂਚਨਾ ਹਰ ਜ਼ਿਲੇਵਾਰ ਵੇਰਵਾ ਇਸ ਪ੍ਰਕਾਰ ਹੈ :—

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1.1.94

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1.	ਅੰਮ੍ਰਿਤਸਰ	85214	67750	17464	18946	376	7413
2.	ਗੁਰਦਾਸਪੁਰ	79873	64094	15779	18145	753	4564
3.	ਜਲੰਧਰ	51863	39014	12849	20139	225	3942
4.	ਕਪੂਰਥਲਾ	25945	19985	5960	9505	117	1320
5.	ਹੁਸ਼ਿਆਰਪੁਰ	39626	31165	8461	13401	325	3914
6.	ਲੁਧਿਆਣਾ	47715	35941	11774	16078	172	3456
7.	ਫਿਰੋਜ਼ਪੁਰ	42408	34070	8338	8314	252	1102
8.	ਪਟਿਆਲਾ	55893	44296	11597	13572	313	1933
9.	ਫਤਿਹਗੜ੍ਹ ਸਾਹਿਬ	14816	12043	2773	7240	264	631
10.	ਰੂਪ ਨਗਰ (ਸਮੇਤ ਮੋਹਾਲੀ)	71657	55056	16601	19764	253	3820

11.	ਸੰਗਰੂਰ	38117	29033	9084	11138	200	1359
12.	ਬਠਿੰਡਾ	28441	22078	6363	6738	164	703
13.	ਮਾਨਸਾ	11874	9105	2769	3183	98	337
14.	ਫਰੀਦਕੋਟ	52380	39359	13021	14379	500	1739
	ਜੋੜ :	645822	502989	142833	180542	4012	36233

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1.1.1995

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1.	ਅੰਮ੍ਰਿਤਸਰ	71742	55664	16078	18442	7	5539
2.	ਗੁਰਦਾਸਪੁਰ	64964	51117	13847	16998	35	4267
3.	ਜਲੰਧਰ	41885	31506	10379	17307	93	2213
4.	ਕਪੂਰਥਲਾ	24157	18669	5488	8367	124	741
5.	ਹੁਸ਼ਿਆਰਪੁਰ	31921	24733	7188	12438	94	3020
6.	ਲੁਧਿਆਣਾ	40463	30395	10068	14115	6	2617
7.	ਫ਼ਿਰੋਜ਼ਪੁਰ	32372	25651	6721	6237	10	552
8.	ਪਟਿਆਲਾ	55320	42737	12583	13926	227	1968
9.	ਫਤਹਿਗੜ੍ਹ ਸਾਹਿਬ	12718	10201	2517	6087	253	495
0,	ਰੋਪੜ (ਸਮੇਤ ਮੋਹਾਲੀ)	70586	54821	15765	20212	229	3699

11.	ਸੰਗਰੂਰ	29327	22308	7019	8276	97	1003
12.	ਬਠਿੰਡਾ	23108	17932	5176	6325	4	539
13.	ਮਾਨਸਾ	12113	9270	2843	3288	—	298
14.	ਫਰੀਦਕੋਟ	47556	35641	11915	13493	2	1625
	ਜੋੜ :	558232	430645	127587	165511	1181	28576

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1.1.96

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1.	ਅੰਮ੍ਰਿਤਸਰ	59048	43662	15386	16010	120	2984
2.	ਗੁਰਦਾਸਪੁਰ	54976	42124	12852	15789	112	3397
3.	ਜਲੰਧਰ	34809	25977	9832	16117	71	1803
4.	ਕਪੂਰਥਲਾ	18935	14518	4417	6786	99	579
5.	ਹੁਸ਼ਿਆਰਪੁਰ	27047	20429	6618	12111	56	1968
6.	ਲੁਧਿਆਣਾ	36272	26552	9720	13359	53	1808
7.	ਫਿਰੋਜ਼ਪੁਰ	30434	24429	6005	5997	105	483
8.	ਪਟਿਆਲਾ	57173	43842	13331	13914	172	1843
9.	ਫਤਹਿਗੜ੍ਹ ਸਾਹਿਬ	11655	9356	2299	4785	8	458
10.	ਰੋਪੜ (ਸਮੇਤ ਮੋਹਾਲੀ)	69347	54488	14859	20031	275	3569

11.	ਸੰਗਰੂਰ	24911	19082	5829	6403	48	709
12.	ਬਠਿੰਡਾ	22539	17412	5127	6288	80	430
13.	ਮਾਨਸਾ	12301	9552	2749	3116	24	213
14.	ਫਰੀਦਕੋਟ	46789	35465	11324	13232	98	1305
	ਜੋੜ	506236	386888	119348	153938	1321	21549

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1-1-1997

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7	8
1.	ਅੰਮ੍ਰਿਤਸਰ	60907	43066	17841	16825	215	3159
2.	ਗੁਰਦਾਸਪੁਰ	57718	42825	14893	15734	179	1849
3.	ਜਲੰਧਰ	31479	22250	9230	14670	107	1466
4.	ਨਵਾਂ ਸ਼ਹਿਰ	8702	6610	2092	4286	53	368
5.	ਕਪੂਰਥਲਾ	20640	15352	5294	7483	98	521
6.	ਹੁਸ਼ਿਆਰਪੁਰ	28864	20753	8111	13870	129	1988
7.	ਲੁਧਿਆਣਾ	39119	27202	11917	12960	78	1493
8.	ਫਿਰੋਜ਼ਪੁਰ	36493	28890	7603	7142	285	502
9.	ਪਟਿਆਲਾ	59136	44835	14301	14004	401	2715
10.	ਫਤਹਿਗੜ੍ਹ ਸਾਹਿਬ	11585	9090	2495	4696	223	482

11.	ਰੋਪੜ (ਸਮੇਤ ਮੋਹਾਲੀ)	69318	54080	15238	19386	353	3404
12.	ਸੰਗਰੂਰ	27090	19775	7315	7155	168	670
13.	ਬਠਿੰਡਾ	27426	20655	6771	7505	188	451
14.	ਮਾਨਸਾ	14802	11388	3414	3733	72	231
15.	ਫਰੀਦਕੋਟ	16884	13226	3658	5432	108	236
16.	ਮੋਗਾ	14428	9845	4583	3529	67	644
17.	ਮੁਕਤਸਰ	18098	13805	4293	6589	39	435
	ਕੁੱਲ ਜੋੜ	542695	403646	139049	165499	2570	21614

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1-1-1998

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੋਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7	8
1.	ਅੰਮ੍ਰਿਤਸਰ	64797	45121	19676	18591	257	3221
2.	ਗੁਰਦਾਸਪੁਰ	67861	51958	15903	17389	261	2901
3.	ਜਲੰਧਰ	32749	23670	9079	15723	133	1505
4.	ਨਵਾਂ ਸ਼ਹਿਰ	9021	6943	2078	4633	46	348
5.	ਕਪੂਰਥਲਾ	21447	16087	5360	7642	120	468
6.	ਹੁਸ਼ਿਆਰਪੁਰ	29393	21056	8337	14361	158	1974
7.	ਲੁਧਿਆਣਾ	42522	30352	12170	13758	150	1610
8.	ਫਿਰੋਜ਼ਪੁਰ	39598	31560	8038	7467	476	501
9.	ਪਟਿਆਲਾ	61801	47940	13861	13667	584	1545
10.	ਫਤਿਹਗੜ੍ਹ ਸਾਹਿਬ	11095	8834	2261	4402	35	483

11.	ਰੋਪੜ (ਸਮੇਤ ਮੁਹਾਲੀ)	70847	54748	10099	20433	503	3305
12.	ਸੰਗਰੂਰ	30420	22908	7512	8206	282	663
13.	ਬਠਿੰਡਾ	32659	25031	7628	8413	434	461
14.	ਮਾਨਸਾ	15770	12262	3508	4005	112	225
15.	ਫਰੀਦਕੋਟ	17304	13811	3493	5598	169	254
16.	ਮੋਗਾ	15477	10659	4818	3948	68	726
17.	ਮੁਕਤਸਰ	18275	14485	3772	7092	89	438
	ਕੁੱਲ ਜੋੜ :	581018	437425	143593	175328	3879	20628

[ਸਥਾਨਕ ਸਰਕਾਰ ਅਤੇ ਕਿਰਤ ਅਤੇ ਰੁਜ਼ਗਾਰ ਮੰਤਰੀ]

ਸਾਲ 1-1-1999

ਲੜੀ ਨੰ:	ਜ਼ਿਲ੍ਹੇ ਦਾ ਨਾਂ	ਕੁੱਲ ਬੇਰੁਜ਼ਗਾਰ	ਪੁਰਸ਼	ਇਸਤਰੀ	ਅਨੁਸੂਚਿਤ ਜਾਤੀ	ਪੱਛੜੀ ਸ਼੍ਰੇਣੀ	ਸਾਬਕਾ ਫੌਜੀ
1	2	3	4	5	6	7	8
1.	ਅੰਮ੍ਰਿਤਸਰ	53869	36398	17471	16841	319	3140
2.	ਗੁਰਦਾਸਪੁਰ	66467	51042	15425	17117	427	2905
3.	ਜਲੰਧਰ	35099	24994	10105	17309	181	1402
4.	ਨਵਾਂ ਸ਼ਹਿਰ	8296	6284	2012	4045	34	375
5.	ਕਪੂਰਥਲਾ	21465	15954	5508	7458	141	452
6.	ਹੁਸ਼ਿਆਰਪੁਰ	27872	19738	8134	13960	161	1949
7.	ਲੁਧਿਆਣਾ	43338	30632	12706	14109	249	1667
8.	ਫਿਰੋਜ਼ਪੁਰ	40579	32165	8414	7486	637	511
9.	ਪਟਿਆਲਾ	61713	48276	13437	13498	718	1338
10.	ਫਤਹਿਗੜ੍ਹ ਸਾਹਿਬ	11366	9305	2061	4433	281	465

11.	ਰੋਪੜ (ਸਮੇਤ ਮੁਹਾਲੀ)	70299	54676	15623	20721	554	2956
12.	ਸੰਗਰੂਰ	28138	21250	6888	57475	336	607
13.	ਬਠਿੰਡਾ	34933	26779	8154	8786	537	456
14.	ਮਾਨਸਾ	14765	11210	3555	3797	125	206
15.	ਫਰੀਦਕੋਟ	17132	13405	3647	5606	573	282
16.	ਮੋਗਾ	14468	9706	4762	3476	75	721
17.	ਮੁਕਤਸਰ	18413	14632	3781	7016	119	384
	ਕੁੱਲ ਜੋੜ	568212	426529	141683	173133	5467	19816

ਗਰੀਬੀ ਰੇਖਾ ਤੋਂ ਹੇਠਾਂ ਜਨ-ਸੰਖਿਆ

342. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਵਿੱਤ ਅਤੇ ਯੋਜਨਾਬੰਦੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਕਿੰਨੇ ਪ੍ਰਤੀਸ਼ਤ ਦਿਹਾਤੀ ਅਤੇ ਸ਼ਹਿਰੀ ਵਸੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ;

(ਅ) ਗਰੀਬੀ ਦੀ ਰੇਖਾ ਨਿਰਧਾਰਤ ਕਰਨ ਲਈ ਅਪਣਾਈ ਜਾ ਰਹੀ ਕਸੌਟੀ ਦੇ ਵੇਰਵੇ ਕੀ ਹਨ ?

ਕੈਪਟਨ ਕੰਵਲਜੀਤ ਸਿੰਘ : (ੳ) ਭਾਰਤ ਸਰਕਾਰ, ਪਲੈਨਿੰਗ ਕਮਿਸ਼ਨ ਵੱਲੋਂ ਭੇਜੀ ਸੂਚਨਾ ਅਨੁਸਾਰ 1993-94 ਦੌਰਾਨ ਪੰਜਾਬ ਵਿੱਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੀ ਦਿਹਾਤੀ ਅਤੇ ਸ਼ਹਿਰੀ ਜਨ-ਸੰਖਿਆ ਦੀ ਪ੍ਰਤੀਸ਼ਤਤਾ ਕ੍ਰਮਵਾਰ 11.95 ਅਤੇ 11.35 ਹੈ।

(ਅ) ਪਲੈਨਿੰਗ ਕਮਿਸ਼ਨ ਮਾਰਚ, 1997 ਤੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਵਸੋਂ ਦਾ ਅਨੁਮਾਨ ਲਾਉਣ ਲਈ ਰਾਜ ਵਿਸ਼ੇਸ਼ ਗਰੀਬੀ ਰੇਖਾਵਾਂ ਵਰਤੋਂ ਵਿੱਚ ਲਿਆ ਰਿਹਾ ਹੈ ਜੋ ਕਿ "ਗਰੀਬ ਵੱਸੋਂ ਦੀ ਗਿਣਤੀ ਅਤੇ ਅਨੁਪਾਤ", ਵਿਸ਼ੇ ਤੇ ਗਠਤ ਕੀਤੇ ਗਏ ਐਕਸਪਰਟ ਗਰੁੱਪ ਦੀਆਂ ਸਿਫਾਰਸ਼ਾਂ ਤੇ ਅਧਾਰਤ ਹੈ। ਇਸ ਗਰੁੱਪ ਨੇ ਰਾਸ਼ਟਰੀ ਪੱਧਰ ਤੇ ਜੋ ਗਰੀਬੀ ਰੇਖਾ ਦੀ ਵਿਧੀ ਅਪਨਾਈ ਉਹ ਮਾਂਹਵਾਰ ਉਪਭੋਗ ਖਰਚੇ ਤੇ ਅਧਾਰਤ ਸੀ ਜੋ ਕਿ ਸਾਲ 1973-74 ਦੀਆਂ ਕੀਮਤਾਂ ਦੇ ਅਧਾਰ ਤੇ ਪੇਂਡੂ ਖੇਤਰ ਲਈ 49.09 ਰੁਪਏ ਅਤੇ ਸ਼ਹਿਰੀ ਖੇਤਰ ਲਈ 56.64 ਰੁਪਏ ਬਣਦਾ ਸੀ ਅਤੇ ਇਸ ਦੇ ਸਨਮੁੱਖ ਵਸਤਾਂ ਅਤੇ ਸੇਵਾਵਾਂ ਦੀ ਪ੍ਰਤੀ ਜੀਅ ਰੋਜ਼ਾਨਾ ਲੋੜੀਂਦੀ ਕੈਲੋਰੀ ਖਪਤ ਪੇਂਡੂ ਖੇਤਰ ਵਿੱਚ 2400 ਅਤੇ ਸ਼ਹਿਰੀ ਖੇਤਰ ਵਿੱਚ 2100 ਸੀ। ਰਾਜ ਵਿਸ਼ੇਸ਼ ਕੀਮਤ ਸੂਚਕ ਅੰਕਾਂ ਅਤੇ ਅੰਤਰ ਰਾਜੀ ਕੀਮਤਾਂ ਦੇ ਫਰਕ ਅਨੁਸਾਰ ਰਾਸ਼ਟਰ ਪੱਧਰ ਤੇ ਸਾਲ 1973-74 ਦੀਆਂ ਪੇਂਡੂ ਅਤੇ ਸ਼ਹਿਰੀ ਗਰੀਬੀ ਰੇਖਾਵਾਂ ਦੀ ਰਾਜ ਵਿਸ਼ੇਸ਼ ਗਰੀਬੀ ਰੇਖਾਵਾਂ ਵਿੱਚ ਵੰਡ ਕੀਤੀ ਗਈ ਹੈ। ਸਾਲ 1973-74 ਤੋਂ ਅਗਲੇ ਸਾਲਾਂ ਲਈ ਗਰੀਬੀ ਰੇਖਾ ਲਈ ਪੇਂਡੂ ਖੇਤਰ ਲਈ ਖੇਤੀਬਾੜੀ ਕਾਮਿਆਂ ਦਾ ਖਪਤਕਾਰ ਸੂਚਕ ਅੰਕ ਅਤੇ ਸ਼ਹਿਰੀ ਖੇਤਰ ਲਈ ਉਦਯੋਗਿਕ ਕਾਮਿਆਂ ਦਾ ਖਪਤਕਾਰ ਸੂਚਕ ਅੰਕਾਂ ਦੀ ਵਰਤੋਂ ਕੀਤੀ ਗਈ ਹੈ। ਪੰਜਾਬ ਵਿੱਚ ਸਾਲ 1993-94 ਦੀ ਗਰੀਬੀ ਰੇਖਾ ਪੇਂਡੂ ਖੇਤਰ ਵਿੱਚ ਪ੍ਰਤੀ ਜੀਅ ਮਾਂਹਵਾਰ 233.79 ਰੁਪਏ ਉਪਭੋਗ ਖਰਚੇ ਦੇ ਅਧਾਰ ਤੇ ਬਣਾਈ ਗਈ ਹੈ ਅਤੇ ਸ਼ਹਿਰੀ ਖੇਤਰ ਲਈ ਇਹ ਅਧਾਰ 253.61 ਰੁਪਏ ਹੈ। ਸਾਲ 1996-97 ਵਿੱਚ ਪੰਜਾਬ ਦੀ ਇਹ ਗਰੀਬੀ ਰੇਖਾ ਪ੍ਰਤੀ ਜੀਅ ਮਾਂਹਵਾਰ ਉਪਭੋਗ ਖਰਚਾ ਪੇਂਡੂ ਖੇਤਰ ਲਈ 289.31 ਰੁਪਏ ਦੇ ਅਧਾਰ ਤੇ ਅਤੇ ਸ਼ਹਿਰੀ ਖੇਤਰ ਲਈ 300.91 ਰੁਪਏ ਦੇ ਅਧਾਰ ਤੇ ਅਨੁਮਾਨਤ ਕੀਤੀ ਗਈ ਹੈ।

ਰਾਜ ਵਿਚ ਪਾਲੀਟੈਕਨਿਕਾਂ ਅਤੇ ਉਦਯੋਗਿਕ ਸੰਸਥਾਵਾਂ ਦੀ ਗਿਣਤੀ

373. ਸਰਦਾਰ ਮੱਖਣ ਸਿੰਘ : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪੋਲੀਟੈਕਨਿਕਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਹੈ ਅਤੇ ਅਜਿਹੇ ਸਿਖਿਆਰਥੀਆਂ ਜਿਨ੍ਹਾਂ ਨੂੰ ਸਾਲ 1996-97 ਅਤੇ 1997-98 ਦੌਰਾਨ ਉਕਤ ਸੰਸਥਾਵਾਂ ਵਿਚ ਸਿਖਲਾਈ ਦਿੱਤੀ ਗਈ, ਦੀ ਵੱਖ-ਵੱਖ ਗਿਣਤੀ ਕਿੰਨੀ ਹੈ ?

ਡਾਕਟਰ ਉਪਿੰਦਰਜੀਤ ਕੌਰ : (ੳ) ਰਾਜ ਵਿਚ ਜ਼ਿਲ੍ਹੇਵਾਰ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪੋਲੀਟੈਕਨਿਕਾਂ ਦੀ ਗਿਣਤੀ ਅਤੇ ਇਹਨਾਂ ਸੰਸਥਾਵਾਂ ਵਿਚ ਟ੍ਰੇਨਿੰਗ ਪ੍ਰਾਪਤ ਕੀਤੇ ਸਿਖਿਆਰਥੀਆਂ ਦੀ ਗਿਣਤੀ :—

(1) **ਉਦਯੋਗਿਕ ਸਿਖਲਾਈ ਸੰਸਥਾਵਾਂ**

ਲੜੀ ਨੰ:	ਜ਼ਿਲ੍ਹਾ	ਸੰਸਥਾਵਾਂ ਦੀ ਗਿਣਤੀ		ਜਿੰਨੇ ਸਿਖਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਗਈ ਉਨ੍ਹਾਂ ਦੀ ਗਿਣਤੀ	
		1996-97	1997-98	1996-97	1997-98
1	2	3	4	5	6
1.	ਅੰਮ੍ਰਿਤਸਰ	11	13	1725	1995
2.	ਫ਼ਤਹਿਗੜ੍ਹ ਸਾਹਿਬ	01	01	385	452
3.	ਫਰੀਦਕੋਟ	04	04	404	507
4.	ਮੁਕਤਸਰ	04	05	222	295
5.	ਨਵਾਂ ਸ਼ਹਿਰ	03	03	402	388
6.	ਕਪੂਰਥਲਾ	07	07	548	588
7.	ਰੋਪੜ	07	07	1279	1348
8.	ਸੰਗਰੂਰ	08	10	924	1026
9.	ਮੋਗਾ	03	03	651	598
10.	ਫ਼ਿਰੋਜ਼ਪੁਰ	06	07	979	1106

[ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ]

11.	ਗੁਰਦਾਸਪੁਰ	11	11	2234	2202
12.	ਲੁਧਿਆਣਾ	09	10	1731	1596
13.	ਜਲੰਧਰ	12	12	1340	1260
14.	ਪਟਿਆਲਾ	10	13	1882	2003
15.	ਬਠਿੰਡਾ	03	04	669	653
16.	ਹੁਸ਼ਿਆਰਪੁਰ	05	06	939	1136
17.	ਮਾਨਸਾ	04	04	393	397
		108	120	16707	17550

(2) ਪੋਲੀਟੈਕਨਿਕ ਸੰਸਥਾਵਾਂ

ਲੜੀ ਨੰ:	ਜ਼ਿਲ੍ਹਾ	ਸੰਸਥਾਵਾਂ ਦੀ ਗਿਣਤੀ		ਜਿਨ੍ਹਾਂ ਸਿਖਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਗਈ ਉਨ੍ਹਾਂ ਦੀ ਗਿਣਤੀ	
		1996-97	1997-98	1996-97	1997-98
1	2	3	4	5	6
1.	ਅੰਮ੍ਰਿਤਸਰ	06	06	810	790
2.	ਗੁਰਦਾਸਪੁਰ	02	02	530	530
3.	ਬਠਿੰਡਾ	01	01	180	180
4.	ਫਿਰੋਜ਼ਪੁਰ	03	03	880	880
5.	ਫਰੀਦਕੋਟ	02	02	400	485
6.	ਹੁਸ਼ਿਆਰਪੁਰ	01	02	345	425

7.	ਜਲੰਧਰ	03	03	365	365
8.	ਪਟਿਆਲਾ	02	02	350	350
9.	ਲੁਧਿਆਣਾ	04	04	480	480
10.	ਕਪੂਰਥਲਾ	01	01	120	120
11.	ਰੋਪੜ	02	02	200	200
12.	ਮੁਕਤਸਰ	01	01	180	180
13.	ਸੰਗਰੂਰ	01	01	30**	30**
14.	ਮੋਗਾ	00	01	00	180
		29	31	4870	5195

ਸ੍ਰੀ ਸਪੀਕਰ : ਹੁਣ ਵਿੱਤ ਮੰਤਰੀ ਸਾਹਿਬ ਸਾਲ 1998-99 ਲਈ ਪੰਜਾਬ ਸਰਕਾਰ ਦੇ ਖਰਚੇ ਸਬੰਧੀ ਗਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ ।

FINANCIAL BUSINESS

(i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1998-99

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮੈਂ ਸਾਲ 1998–99 ਲਈ ਪੰਜਾਬ ਸਰਕਾਰ ਦੇ ਖਰਚੇ ਸਬੰਧੀ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ ।

ਸ਼੍ਰੀ ਸਪੀਕਰ : ਹੁਣ ਚੇਅਰਮੈਨ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨ ।

(ii) PRESENTATION OF REPORT OF ESTIMATES COMMITTEE ON THE SUPPLEMENTARY DEMANDS FOR GRANTS FOR THE YEAR 1998-99

ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹੀਰਾ ਸਿੰਘ ਗਾਬੜੀਆ) : ਮਾਨਯੋਗ ਸਪੀਕਰ ਸਾਹਿਬ, ਮੈਂ ਸਾਲ 1998-99 ਲਈ ਪੰਜਾਬ ਸਰਕਾਰ ਦੇ ਖਰਚੇ ਸਬੰਧੀ ਗਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ ।

SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 1998-99

(i) DISCUSSION ON THE ESTIMATES OF THE EXPENDITURE CHARGED ON REVENUE OF THE STATE

ਸ਼੍ਰੀ ਸਪੀਕਰ : ਜੇਕਰ ਕੋਈ ਮਾਨਯੋਗ ਮੈਂਬਰ ਰਾਜ ਦੇ ਮਾਲੀਏ ਤੇ ਭਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ ਕਰਨੀ ਚਾਹੁੰਦਾ ਹੈ ਤਾਂ ਉਹ ਕਰ ਸਕਦਾ ਹੈ ।

(ਕੋਈ ਵੀ ਮਾਨਯੋਗ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ ।)

(ii) DISCUSSION AND VOTING ON DEMANDS FOR SUPPLEMENTARY GRANTS

ਸ਼੍ਰੀ ਸਪੀਕਰ : ਅੱਜ ਦੇ ਏਜੰਡੇ ਤੇ 25 ਮੰਗਾਂ ਹਨ ਜਿਨ੍ਹਾਂ ਤੇ ਅੱਜ ਬਹਿਸ ਅਤੇ ਵੋਟਿੰਗ ਹੋਣੀ ਹੈ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵਿਤ ਹੋਈਆਂ ਸਮਝੀਆਂ ਜਾਣ ।

(ਆਵਾਜ਼ਾਂ : ਹਾਂ ਜੀ, ਹਾਂ ਜੀ) ।

ਮੰਗ ਨੰ: 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 173564000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 2

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 253875000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾ- ਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ-ਪਾਲਣ ਅਤੇ ਮੱਛੀ- ਪਾਲਣ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 3

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 120950000 ਰੁਪਏ ਅਤੇ ਪੂੰਜੀਗਤ ਲੇਖੇ ਤੇ 27528000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 4

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26881000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਦੀ ਭਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 5

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2803966000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 7

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 252089000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇਗੀ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਸਬੰਧੀ ਕੀਤੀ ਜਾਵੇਗੀ ।

ਮੰਗ ਨੰ. 8

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 176087000 ਰੁਪਏ ਅਤੇ ਪੂੰਜੀਗਤ ਲੇਖੇ ਤੇ 21636643000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਸਬੰਧੀ ਕੀਤੀ ਜਾਵੇਗੀ ।

[ਸ਼੍ਰੀ ਸਪੀਕਰ]

ਮੰਗ ਨੰ 9

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 39465000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪ-ਲਾਈਜ਼ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 10

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 110481000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ-ਪ੍ਰਸ਼ਾਸਨ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 11

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 688499000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2398004000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11273000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8202000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾ-ਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 15

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 93908000 ਰੁਪਏ ਅਤੇ ਪੂੰਜੀਗਤ ਲੇਖੇ ਤੇ 1918495000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਚਾਈ ਅਤੇ ਬਿਜਲੀ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 16

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 24535000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ, ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 281533000 ਰੁਪਏ ਅਤੇ ਪੂੰਜੀਗਤ ਲੇਖੇ ਤੇ 458692000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਲਈ ਕੀਤੀ ਜਾਵੇਗੀ ।

ਮੰਗ ਨੰ: 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7912000 ਰੁਪਏ ਅਤੇ ਪੂੰਜੀਗਤ ਲੇਖੇ ਤੇ 25000000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਕਰਮਚਾਰੀ ਵਰਗ ਅਤੇ ਪ੍ਰਬੰਧਕੀ ਸੁਧਾਰ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 19

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 400000 ਰੁਪਏ ਅਤੇ ਪੂੰਜੀਗਤ ਲੇਖੇ ਤੇ 377356000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਸਬੰਧੀ ਕੀਤੀ ਜਾਵੇਗੀ ।

[ਸ੍ਰੀ ਸਪੀਕਰ]

ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 147481000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖ਼ਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 141370000 ਰੁਪਏ ਅਤੇ ਪੂੰਜੀਗਤ ਲੇਖੇ ਤੇ 83959000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰ-ਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 13225000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖ਼ਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾ-ਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51996000 ਰੁਪਏ ਅਤੇ ਪੂੰਜੀ-ਗਤ ਲੇਖੇ ਤੇ 18300000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਸਬੰਧੀ ਕੀਤੀ ਜਾਵੇਗੀ ।

ਮੰਗ ਨੰ: 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3138000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾ-ਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਕਸੀ ਸਬੰਧੀ ਕੀਤੀ ਜਾਵੇਗੀ ।

ਸ਼੍ਰੀ ਸਪੀਕਰ : ਹੁਣ ਮੈਂ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਮੰਗ ਤੇ ਉਹ ਬੋਲਣਾ ਚਾਹੁੰਦੇ ਹੋਣ, ਉਹ ਉਸ ਮੰਗ ਦਾ ਨੰਬਰ ਦੱਸ ਦੇਣ । ਕਾਮਰੇਡ ਹਰਦੇਵ ਸਿੰਘ ਅਰਸ਼ੀ ।

ਕਾਮਰੇਡ ਹਰਦੇਵ ਸਿੰਘ ਅਰਸ਼ੀ (ਬੁਢਲਾਡਾ) : ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਪੂਰੀ ਤਰ੍ਹਾਂ ਖ਼ਿਆਲ ਰੱਖਾਂਗਾ ਕਿ ਜਿਹੜੀਆਂ ਅਨੁਪੂਰਕ ਮੰਗਾਂ ਪੇਸ਼ ਕੀਤੀਆਂ ਗਈਆਂ ਹਨ, ਮੈਂ ਆਪਣੀ ਗੱਲ ਉਨ੍ਹਾਂ ਤੱਕ ਹੀ ਸੀਮਿਤ ਰੱਖਾਂ ਤਾਂਕਿ ਸਮੇਂ ਦੀ ਬੱਚਤ ਵੀ ਹੋ ਸਕੇ ਅਤੇ ਮੈਂ ਆਪਣੀ ਗੱਲ ਵੀ ਕਹਿ ਸਕਾਂ । ਮੈਨੂੰ ਇਸ ਗੱਲ ਦੀ ਹੈਰਾਨਗੀ ਹੈ, ਵਾਰ ਵਾਰ ਫਾਈਨੈਂਸ ਮਨਿਸਟਰ ਸਾਹਿਬ ਨੇ ਪਬਲੀਕਲੀ ਅਤੇ ਹਾਊਸ ਦੇ ਵਿਚ ਦੋ ਵਾਰ ਬਜਟ ਇਨ੍ਹਾਂ ਨੇ ਪੇਸ਼ ਕੀਤਾ ਹੈ ਅਤੇ ਬਜਟ ਉਤੇ ਬਹਿਸ ਦਾ ਜਵਾਬ ਦਿੰਦੇ ਹੋਏ ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਅਸੀਂ ਗੈਰ ਯੋਜਨਾ ਖਰਚੇ ਨੂੰ ਘਟਾਉਣ ਲਈ ਪੂਰੀ ਕੋਸ਼ਿਸ਼ ਕਰਾਂਗੇ ਅਤੇ ਵੱਧ ਤੋਂ ਵੱਧ ਘੱਟ ਕਰਾਂਗੇ ਅਤੇ ਯੋਜਨਾ ਖਰਚੇ ਨੂੰ ਵਧਾਉਣ ਦੇ ਯਤਨ ਕਰਾਂਗੇ ਤਾਂਕਿ ਪੰਜਾਬ ਵਿਚ ਵਿਕਾਸ ਹੋ ਸਕੇ ਅਤੇ ਸੂਬੇ ਦੀ ਤਰੱਕੀ ਹੋ ਸਕੇ । ਪਰ ਜਿਹੜੀਆਂ ਸਪਲੀਮੈਂਟਰੀ ਗ੍ਰਾਂਟਾਂ ਇਥੇ ਰੱਖੀਆਂ ਗਈਆਂ ਹਨ ਇਹ ਪਿਛਲੇ ਸਾਲ ਨਾਲੋਂ ਵੀ ਜ਼ਿਆਦਾ ਹਨ । ਇਹ ਪਿਛਲੇ ਸਾਲ 26 ਅਰਬ 71 ਕਰੋੜ ਰੁਪਏ ਦੀਆਂ ਸਨ ਜਦੋਂ ਕਿ ਹੁਣ 33,95,95,09 ਰੁਪਏ ਦੀਆਂ ਹਨ ਅਤੇ ਗੈਰ ਯੋਜਨਾ ਖਰਚੇ ਨੂੰ ਘਟਾਉਣ ਵੱਲ ਸਰਕਾਰ ਵਲੋਂ ਜਿਹੜੀ ਪ੍ਰਤੀਬੱਧਤਾ ਸੀ, ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ । ਅਸੀਂ ਚਾਹੁੰਦੇ ਸੀ ਕਿ ਇਹ ਗ੍ਰਾਂਟਾਂ, ਗੈਰ ਯੋਜਨਾ ਖਰਚੇ ਦੀਆਂ, ਪਿਛਲੇ ਸਾਲ ਨਾਲੋਂ ਘੱਟ ਹੋਣ । ਅਗਰ ਇਸ ਤਰ੍ਹਾਂ ਹੁੰਦਾ ਤਾਂ ਮੈਨੂੰ ਕੋਈ ਕਿੰਤੂ ਪ੍ਰੰਤੂ ਕਰਨ ਦੀ ਲੋੜ ਨਹੀਂ ਸੀ ਪੈਣੀ । ਇਸ ਦੇ ਵਿਚ ਬਹੁਤ ਸਾਰੀਆਂ ਮੰਗਾਂ ਐਸੀਆਂ ਰੱਖੀਆਂ ਗਈਆਂ ਹਨ ਜਿਨ੍ਹਾਂ ਦੇ ਨਾਲ ਗੈਰ ਯੋਜਨਾ ਖਰਚੇ ਵਿਚ ਵਾਧਾ ਹੋਇਆ ਹੈ । ਇਸ ਨਾਲ ਪੰਜਾਬ ਦੀ ਤਰੱਕੀ ਰੁਕੇਗੀ ਅਤੇ ਡਿਵੈਲਪਮੈਂਟ ਨਹੀਂ ਹੋਵੇਗੀ ਔਰ ਇਨ੍ਹਾਂ ਨੇ ਇਸ ਸਾਲ ਫਿਰ ਮੰਗਾਂ ਉਤੇ ਖਰਚੇ ਨੂੰ ਵਧਾ ਦਿੱਤਾ ਹੈ । ਇਹ ਪਿਛਲੇ ਸਾਲ ਨਾਲੋਂ ਘੱਟ ਨਹੀਂ ਹੈ । ਹਰ ਸਾਲ ਫਾਈਨੈਂਸ ਮਨਿਸਟਰ ਸਾਹਿਬ ਬਹਿਸ ਦਾ ਜਵਾਬ ਦਿੰਦੇ ਹੋਏ ਕਹਿੰਦੇ ਹਨ ਕਿ ਅਗਲੀ ਵਾਰ ਇਸ ਨੂੰ ਘਟਾਉਣ ਦੀ ਕੋਸ਼ਿਸ਼ ਕਰਾਂਗੇ ਤਾਂਕਿ ਇਸ ਖਰਚੇ ਨੂੰ ਘਟਾ ਸਕੀਏ ।

*3.30 ਵਜੇ ਬਾਅਦ ਦੁਪਹਿਰ

(ਇਸ ਸਮੇਂ* ਸਰਦਾਰ ਸੁਜਾਨ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰਿਆਂ ਤੋਂ ਪਹਿਲਾਂ ਖੇਤੀਬਾੜੀ ਲਈ 17 ਕਰੋੜ 35 ਲੱਖ 64 ਹਜ਼ਾਰ ਰੁਪਿਆ ਮੰਗਿਆ ਜਾ ਰਿਹਾ ਹੈ । ਇਥੇ ਜੋ ਪੈਸਾ ਮੰਗਿਆ ਜਾ ਰਿਹਾ ਹੈ, ਇਕ ਗੱਲ ਦੀ ਮੈਨੂੰ ਸਮਝ ਨਹੀਂ ਆਈ ਕਿ ਕੁਝ ਸਕੀਮਾਂ ਤਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਕੁਝ ਪੈਸਾ ਤਾਂ ਕੇਂਦਰ ਦੀ ਸਰਕਾਰ ਨੇ 50% ਸ਼ੇਅਰ ਦੇਣਾ ਹੈ ਅਤੇ 50% ਪੰਜਾਬ ਸਰਕਾਰ ਨੇ ਦੇਣਾ ਹੁੰਦਾ ਹੈ ਅਤੇ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨਾ ਹੁੰਦਾ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹੈ । ਲੇਕਿਨ ਸਾਨੂੰ ਖੁਸ਼ੀ ਹੁੰਦੀ ਅਤੇ ਅਸੀਂ ਇਸ ਦੀ ਹਮਾਇਤ ਵੀ ਕਰਦੇ ਅਗਰ ਪੰਜਾਬ ਸਰਕਾਰ ਦਾ ਖੇਤੀਬਾੜੀ ਵਿਭਾਗ ਕੁਝ ਕਰਦਾ ਕਿਉਂਕਿ ਜਿਹੜੀ ਪੰਜਾਬ ਦੀ ਖੇਤੀਬਾੜੀ ਹੈ ਉਹ ਪੂਰੀ ਖੜੋਤ ਵਿਚ ਹੈ ਅਤੇ ਜਿਸਦੀ ਪੈਦਾਵਾਰ ਘੱਟ ਰਹੀ ਹੈ ਅਤੇ ਪੈਦਾਵਾਰ ਦੇ ਖਰਚੇ ਵੱਧ ਰਹੇ ਹਨ, ਕੁਦਰਤੀ ਆਫਤਾਂ ਕਰਕੇ ਵੀ ਨੁਕਸਾਨ ਹੋ ਰਿਹਾ ਹੈ, ਔਰ ਮੰਡੀ ਦੇ ਵਿਚ ਉਨ੍ਹਾਂ ਕਿਸਾਨਾਂ ਨੂੰ ਯੋਗ ਭਾਅ ਦੇ ਕੇ ਬਾਂਹ ਨਹੀਂ ਫੜੀ ਜਾ ਰਹੀ ਉਸ ਕਰਕੇ ਵੀ ਕਿਸਾਨ ਦੀ ਬੜੀ ਲੁੱਟ ਹੋ ਰਹੀ ਹੈ ਔਰ ਪਿਛਲੇ ਸਮੇਂ ਵਿਚ 4,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਔਰ ਉਸ ਨੁਕਸਾਨ ਕਾਰਨ ਕਿਸਾਨੀ ਨੂੰ ਆਰਥਿਕ ਤੌਰ ਤੇ ਜੋ ਮਾਰ ਪਈ ਹੈ ਉਸ ਦੀ ਕਿਸੇ ਨੇ ਬਾਂਹ ਨਹੀਂ ਫੜੀ ਅਤੇ ਨਾ ਹੀ ਕੋਈ ਉਨ੍ਹਾਂ ਨੂੰ ਆਪਣੇ ਵਲੋਂ ਪੈਸਾ ਦਿੱਤਾ ਗਿਆ । ਅਗਰ ਕੇਂਦਰ ਦੀ ਸਰਕਾਰ ਨੇ ਕੋਈ ਪੈਸਾ ਨਹੀਂ ਦਿੱਤਾ ਤਾਂ ਤੁਸੀਂ ਵੀ ਤਾਂ ਆਪਣੇ ਬਜਟ ਵਿਚੋਂ ਕੋਈ ਪ੍ਰੋਵੀਜ਼ਨ ਨਹੀਂ ਸੀ ਕੀਤੀ । ਕੀ ਤੁਸੀਂ ਆਪਣੀਆਂ ਵਾਧੂ ਮੰਗਾਂ ਵਿਚ ਉਸ ਦੇ ਲਈ ਕੋਈ ਖਰਚਾ ਪਾਇਆ ਤਾਂ ਕਿ ਖੇਤੀਬਾੜੀ ਦੇ ਜਿਹੜੇ ਪੀੜਤ ਕਿਸਾਨ ਹਨ ਉਨ੍ਹਾਂ ਦੀ ਮਦਦ ਹੋ ਸਕੇ ? ਬਜਟ ਵਿਚ ਪਹਿਲਾਂ ਕੋਈ ਪੈਸਾ ਨਹੀਂ ਰੱਖਿਆ । ਕੋਈ ਬਜਟ ਦੀ ਪਹਿਲਾਂ ਪਰੋਵੀਜ਼ਨ ਨਹੀਂ ਕੀਤੀ ਗਈ । ਆਰਥਿਕਤਾ ਤਬਾਹ ਹੋ ਰਹੀ ਹੈ, ਉਨ੍ਹਾਂ ਦੀ ਆਪਾਂ ਨੇ ਬਾਂਹ ਪਕੜਨੀ ਹੈ । ਮੈਨੂੰ ਖੁਸ਼ੀ ਹੁੰਦੀ ਜੇ ਸਰਕਾਰ ਇਸ ਗੱਲ ਦੀ ਹਮਾਇਤ ਕਰਦੀ ਕਿ ਖੇਤੀਬਾੜੀ ਵਾਸਤੇ ਅਸੀਂ ਇਹ ਪ੍ਰਬੰਧ ਕੀਤਾ ਹੈ, ਕਿਸਾਨਾਂ ਵਾਸਤੇ ਅਸੀਂ ਇਹ ਪ੍ਰਬੰਧ ਕੀਤਾ ਹੈ । ਇਧਰ ਉਧਰ ਵਾਸਤੇ ਪੈਸੇ ਰੱਖੇ ਗਏ ਹਨ । ਨਰਮਾ ਪਹਿਲਾਂ ਨਾਲੋਂ ਘੱਟ ਗਿਆ ਹੈ । 1993 ਵਿੱਚ 27 ਲੱਖ ਗੰਢਾਂ ਹੁੰਦੀਆਂ ਸਨ ਪਰ ਇਸ ਸਾਲ ਕੇਵਲ 6 ਲੱਖ ਹੋਈਆਂ ਹਨ । ਨਰਮੇ ਦਾ ਜ਼ਿਕਰ ਹੋ ਗਿਆ । ਮੈਂ ਵਾਰ ਵਾਰ ਨਹੀਂ ਕਹਿਣਾ ਚਾਹੁੰਦਾ, ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ । ਇਹ ਸਵਾਲ ਵੀ ਡਿਸਕਸ ਹੋ ਗਿਆ ਹੈ ਅਤੇ ਮੈਂ ਦੋਬਾਰਾ ਡਿਸਕਸ ਨਹੀਂ ਕਰਨਾ ਚਾਹੁੰਦਾ । ਇਸੇ ਨਾਲ ਜੁੜਦਾ ਸਵਾਲ, ਚਾਹੇ ਉਹ ਇਰੀਗੇਸ਼ਨ ਅਤੇ ਪਾਵਰ ਸਮੇਂ ਡਿਸਕਸ ਕਰ ਸਕਦੇ ਸੀ, ਲੇਕਿਨ ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਸੇਮ ਦੇ ਨਾਲ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ । ਜਿਥੇ ਮੁਕਤਸਰ ਵਾਸਤੇ ਯਤਨ ਕੀਤੇ ਗਏ ਹਨ ਉਥੇ ਬਾਕੀ ਪੰਜਾਬ ਦੇ ਜਿਹੜੇ ਇਲਾਕੇ ਸੇਮ ਦੇ ਨਾਲ ਪ੍ਰਭਾਵਤ ਹੋ ਰਹੇ ਹਨ ਅਤੇ ਬੜੀ ਤੇਜ਼ੀ ਨਾਲ ਉਸ ਵਿਚ ਵਾਧਾ ਹੋ ਰਿਹਾ ਹੈ, ਉਸ ਦੇ ਬਾਰੇ ਅਗਰ ਬਜਟ ਵਿਚ ਅਸੀਂ ਪ੍ਰੋਵੀਜ਼ਨ ਨਹੀਂ ਸੀ ਕਰ ਸਕੇ ਤਾਂ ਇਨ੍ਹਾਂ ਅਨੁਪੂਰਕ ਮੰਗਾਂ ਵਿਚ ਉਸ ਦੇ ਵਾਸਤੇ ਅਗਰ ਪੈਸਾ ਰੱਖਿਆ ਹੁੰਦਾ ਤਾਂ ਮੈਨੂੰ ਖੁਸ਼ੀ ਹੋਣੀ ਸੀ । ਮੈਂ ਇਥੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਗਰ ਮੁਕਤਸਰ ਵਿਖੇ ਐਫਰਟਸ ਕੀਤੀ ਜਾ ਰਹੀ ਹੈ ਤਾਂ ਉਸ ਤੇ ਮੇਰਾ ਕੋਈ ਕਿੰਤੂ ਪ੍ਰੰਤੂ ਨਹੀਂ । ਉਨ੍ਹਾਂ ਦੀ ਬਾਂਹ ਫੜਨੀ ਅਤੇ ਆਰਥਿਕ ਮੱਦਦ ਕਰਨੀ ਸਰਕਾਰ ਦੀ ਜ਼ਿੰਮੇਂਵਾਰੀ ਹੈ । ਅਗਰ ਸਰਕਾਰ ਉਨ੍ਹਾਂ ਨੂੰ ਬਚਾ ਰਹੀ ਹੈ ਤਾਂ ਸ਼ਲਾਘਾ ਕਰਨੀ ਬਣਦੀ ਹੈ । ਲੇਕਿਨ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਸਰਕਾਰ ਜਦੋਂ ਫੰਡਜ਼ ਦਿੰਦੀ ਹੈ ਤਾਂ ਉਨ੍ਹਾਂ ਤੇ ਚੈੱਕ ਰੱਖਣ ਦੀ ਜ਼ਿੰਮੇਂਵਾਰੀ ਵੀ ਸਰਕਾਰ ਦੀ ਬਣਦੀ ਹੈ । ਕੀ ਇਹ ਪੈਸਾ ਠੀਕ ਢੰਗ ਨਾਲ ਖਰਚ ਹੋ ਰਿਹਾ ਹੈ ਜਾਂ ਨਹੀਂ ? ਚੇਅਰਮੈਨ ਸਾਹਿਬ, ਜਿਥੋਂ ਤਕ ਮੇਰੀ ਜਾਣਕਾਰੀ ਹੈ, ਉਹ ਪੈਸੇ ਠੀਕ ਢੰਗ ਨਾਲ

ਖਰਚ ਨਹੀਂ ਹੋਏ ਔਰ ਇਸ ਗੱਲ ਦੇ ਵੀ ਚਰਚੇ ਹਨ ਕਿ 300 ਟਿਊਬਵੈਲ ਜੋ ਲਗਾਏ ਗਏ, ਉਨ੍ਹਾਂ ਵਾਸਤੇ ਜਿਸ ਸਪੈਸੀਫਿਕੇਸ਼ਨਜ਼ ਦੀਆਂ ਪਾਈਪ ਲਾਈਨਾਂ ਲੇਅ ਕਰਨੀਆਂ ਸਨ, ਉਹ ਸ਼ਾਇਦ 'ਬੀ' ਗਰੇਡ ਦੀਆਂ ਸਨ । ਪਰ ਚਰਚਾ ਹੈ ਕਿ ਉਹ 'ਏ' ਗਰੇਡ ਦੀਆਂ ਪਾ ਦਿਤੀਆਂ ਔਰ ਮੇਰੀ ਜਾਣਕਾਰੀ ਮੁਤਾਬਿਕ 'ਬੀ' ਗਰੇਡ ਦੀਆਂ ਪਾਈਪ ਲਾਈਨਜ਼ ਜ਼ਿਆਦਾ ਅੱਛੀਆਂ ਹੁੰਦੀਆਂ ਹਨ । ਇਸ ਲਈ ਜਦੋਂ ਅਸੀਂ ਫੰਡਜ਼ ਰਿਲੀਜ਼ ਕਰਦੇ ਹਾਂ ਤਾਂ ਇਨ੍ਹਾਂ ਗੱਲਾਂ ਨੂੰ ਵੀ ਚੈਕ ਕਰਨਾ ਚਾਹੀਦਾ ਹੈ । ਇੰਨੇ ਪੈਸੇ ਦੇਣ ਦੇ ਬਾਵਜੂਦ ਵੀ ਬਹੁਤ ਸਾਰੀਆਂ ਥਾਵਾਂ ਤੇ ਡਰੇਨਾਂ ਅਸੀਂ ਪੁਟ ਦਿੱਤੀਆਂ ਪਰ ਉਨ੍ਹਾਂ ਦੇ ਕੁਝ ਥੋੜ੍ਹੇ ਥੋੜ੍ਹੇ ਹਿੱਸੇ ਐਸੇ ਹਨ ਜਿਥੇ ਉਹ ਪੁੱਟੀਆਂ ਨਹੀਂ ਗਈਆਂ । ਸੋ, ਜਿੰਨੀਆਂ ਅਸੀਂ ਡਰੇਨਾਂ ਪੁੱਟੀਆਂ ਹਨ, ਉਨ੍ਹਾਂ ਨੇ ਆਪਣਾ ਪੂਰਾ ਫੰਕਸ਼ਨ ਸਟਾਰਟ ਨਹੀਂ ਕੀਤਾ । ਉਹ ਪੂਰੀ ਤਰ੍ਹਾਂ ਚੈਨਲਾਂ ਵਿਚ ਨਹੀਂ ਹੋ ਸਕੀਆਂ । ਜਿਸ ਮਕਸਦ ਵਾਸਤੇ ਪੈਸਾ ਦਿੱਤਾ ਗਿਆ ਸੀ, ਉਹ ਮਕਸਦ ਪੂਰਾ ਨਹੀਂ ਹੋ ਰਿਹਾ । ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਇਸ ਗੱਲ ਵੱਲ ਚੈਕ ਰੱਖਣਾ ਚਾਹੀਦਾ ਹੈ । ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਹੜੇ ਬਾਕੀ ਇਲਾਕੇ ਪ੍ਰਭਾਵਤ ਹੋ ਰਹੇ ਹਨ, ਉਧਰ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੀ ਮੰਗ ਨੰਬਰ 2 ਹੈ । ਇਸ ਦੇ ਬਾਰੇ ਮੇਰਾ ਕੋਈ ਮੱਤ ਭੇਦ ਨਹੀਂ ਪਰ ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕੀ ਤੁਹਾਡੇ ਨੋਟਿਸ ਵਿਚ ਇਹ ਮਾਮਲਾ ਹੈ ਕਿ ਪਸ਼ੂ-ਪਾਲਣ ਵਿਭਾਗ ਨੇ ਬਿਨਾਂ ਥੱਲੇ ਕਿਸੇ ਪਲੈਨਿੰਗ ਤੋਂ, ਬਿਨਾਂ ਕੋਈ ਡਸੀਜ਼ਨ ਕੀਤੇ ਕੁਝ ਬੇ-ਲੋੜਾ ਖਰਚ ਕੀਤਾ ਹੈ ? ਤੁਹਾਡਾ ਕੋਈ ਟੂਰ ਇਜ਼ਰਾਇਲ ਵਿਖੇ ਗਿਆ ਹੋਵੇਗਾ । ਪੰਜਾਬ ਸਰਕਾਰ ਦੀ ਪਤਾ ਨਹੀਂ ਉਥੇ ਕੋਈ ਰਿਟਨ ਕਮਿਟਮੈਂਟ ਹੋਈ ਹੈ ਜਾਂ ਵਰਬਲ ਗੱਲ ਹੋ ਗਈ ਹੈ । ਇਥੇ ਐਗਰੋ-ਟੈਕ ਦੀ ਪ੍ਰਦਰਸ਼ਨੀ ਹੋਈ ਔਰ ਇਜ਼ਰਾਇਲ ਵਾਲਿਆਂ ਨੇ ਆਪਣਾ ਇਕ ਡੇਅਰੀ ਯੂਨਿਟ ਭੇਜ ਦਿੱਤਾ । ਸਾਡੀ ਕੋਈ ਮੰਗ ਨਹੀਂ ਸੀ ਔਰ ਜਦੋਂ ਭੇਜ ਦਿੱਤਾ ਤਾਂ 1 ਕਰੋੜ ਰੁਪਏ ਦੀ ਪੇਮੈਂਟ ਪਸ਼ੂ-ਪਾਲਣ ਵਿਭਾਗ ਪੰਜਾਬ ਨੂੰ ਕਰਨੀ ਪਈ ਅਤੇ ਬਾਅਦ ਵਿਚ ਉਸ ਦੀ ਪ੍ਰਦਰਸ਼ਨੀ ਵੀ ਕਰ ਦਿਤੀ ਪਰ ਬਾਅਦ ਵਿਚ ਬਹੁਤ ਵੱਡੀ ਪਰਾਬਲਮ ਆ ਗਈ ਕਿ ਅਸੀਂ ਇਸ ਨੂੰ ਰੱਖੀਏ ਕਿਥੇ । ਮੇਰੀ ਜਾਣਕਾਰੀ ਵਿਚ ਹੈ ਕਿ ਇਸ ਨੂੰ ਦਾਨ ਦੇ ਰੂਪ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਸੌਂਪ ਦਿੱਤਾ ਗਿਆ । ਇਸ ਤਰ੍ਹਾਂ ਦੇ ਬਿਨਾਂ ਪਲਾਨਿੰਗ ਦੇ ਫੈਸਲੇ ਹੋ ਜਾਂਦੇ ਹਨ ਜਿਹੜੇ ਕਿ ਸਾਡੇ ਖਰਚਿਆਂ ਨੂੰ ਵਧਾਉਂਦੇ ਹਨ । ਮੇਰੀ ਇਨ੍ਹਾਂ ਨੂੰ ਬੇਨਤੀ ਹੈ ਕਿ ਜਦੋਂ ਵੀ ਪੈਸਾ ਲੈਣਾ ਹੈ, ਘੱਟੋ ਘੱਟ ਸੋਚ ਸਮਝ ਕੇ ਲੈਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਅੱਗੇ ਮੰਗ ਨੰਬਰ-3 ਦਾ ਜਿਥੋਂ ਤੱਕ ਸਬੰਧ ਹੈ, ਇਹ ਕੋ-ਆਪਰੇਸ਼ਨ ਡਿਪਾਰਟਮੈਂਟ ਨਾਲ ਤਾਅਲੁੱਕ ਰਖਦੀ ਹੈ । ਚੇਅਰਮੈਨ ਸਾਹਿਬ, ਤੁਸੀਂ ਹੈਰਾਨ ਹੋਵੋਗੇ, ਕਿ ਪਿਛਲੇ ਸਾਲ ਦੀ ਸਪਲੀਮੈਂਟਰੀ ਗ੍ਰਾਂਟਸ ਦੀ ਰਿਪੋਰਟ ਦੀ ਕਾਪੀ ਮੇਰੇ ਕੋਲ ਪਈ ਹੈ । ਤੁਸੀਂ ਕੰਪੇਅਰ ਕਰਕੇ ਦੇਖੋ, ਇਸ ਵਿਚ ਵੀ ਇਕ ਮੱਦ ਹੈ ਜਿਹੜੀ 300 ਲੱਖ ਰੁਪਏ ਯਾਨੀ 3 ਕਰੋੜ ਰੁਪਏ ਦੀ ਸੇਮ ਵਰਡਿੰਗ ਦੀ ਅਤੇ ਏਨੀ ਹੀ ਅਮਾਊਂਟ ਦੀ ਹੈ, ਤੇ ਲਿਖਿਆ ਹੈ ਕਿ ਮਾਨਸਾ ਅਤੇ ਮਲੋਟ ਦੀਆਂ ਧਾਗਾ ਮਿੱਲਾਂ ਨੂੰ ਵਾਈਂਡ ਅੱਪ ਕਰ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਰਹੇ ਹਾਂ ਅਤੇ ਮੁਲਾਜ਼ਮਾਂ ਨੂੰ ਕੰਪਨਸੇਸ਼ਨ ਦੇਣ ਵਾਸਤੇ 3 ਕਰੋੜ ਰੁਪਿਆ ਰਖਿਆ ਜਾ ਰਿਹਾ ਹੈ । ਇਹ ਰੁਪਿਆ ਹੁਣ ਵੀ ਅਤੇ 1997-98 ਵਿਚ ਵੀ ਰਖਿਆ ਗਿਆ । ਇਸ ਦੀ ਪਿਛਲੀ ਕਾਪੀ ਮੈਂ ਕੰਪੇਅਰ ਕਰਨ ਵਾਸਤੇ ਵਿਧਾਨ ਸਭਾ ਵਿਚੋਂ ਕਢਵਾਈ ਸੀ । ਇਸ ਵਾਰ ਵੀ ਏਨੀ ਹੀ ਅਮਾਊਂਟ ਰਖੀ ਹੈ । ਹੋ ਸਕਦਾ ਹੈ ਕਿ ਪਿਛਲੀ ਵਾਰੀ ਇਹ ਅਮਾਊਂਟ ਕਿਸੇ ਹੋਰ ਕੰਮ ਲਈ ਵਰਤੀ ਹੋਵੇ ਪਰ ਇਹ ਦੋਨੋਂ ਵਾਰੀ ਰਖੀ ਗਈ ਹੈ । ਜੇ ਉਸੇ ਕੰਮ ਤੇ ਪਿਛਲੀ ਵਾਰ 3 ਕਰੋੜ ਰੁਪਿਆ ਖਰਚ ਦਿੱਤਾ ਤਾਂ ਇਸ ਵਾਰ ਇਸ ਦੀ ਕੀ ਜ਼ਰੂਰਤ ਹੈ ? ਬਾਕੀ ਜੇ ਉਸੇ ਕੰਮ ਲਈ ਪਿਛੇ ਘੱਟ ਰਕਮ ਰਖੀ ਗਈ ਅਤੇ ਹੁਣ ਵੱਧ ਰੱਖ ਲਈ ਜਾਂ ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਸਾਡੇ ਵਿਭਾਗ ਐਵੇਂ ਹੀ ਲੱਖਾਂ ਦੇ ਵਿਚ ਪੈਸੇ ਲਈ ਜਾਂਦੇ ਹਨ, ਇਸ ਗੱਲ ਦੀ ਕੁਝ ਸਮਝ ਨਹੀਂ ਪਈ । ਪਿਛਲੀ ਵਾਰੀ ਮਾਨਸਾ ਅਤੇ ਮਲੋਟ ਵਾਸਤੇ 3 ਕਰੋੜ ਦਾ ਉਪਬੰਧ ਹੋ ਗਿਆ । ਇਸੇ ਤਰ੍ਹਾਂ ਦੀਆਂ ਹੀ ਦੋ ਸ਼ੂਗਰ ਮਿੱਲਾਂ ਬੁਢਲਾਡਾ ਤੇ ਅਜਨਾਲਾ ਦੀਆਂ ਹਨ ਜਿਨ੍ਹਾਂ ਦੇ ਵਰਕਰਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਨੂੰ 3-4 ਸਾਲ ਹੋ ਗਏ ਹਨ ਪਰ ਹਾਲੇ ਤੱਕ ਵੀ ਉਨ੍ਹਾਂ ਨੂੰ ਕੋਈ ਪੈਸਾ, ਏਰੀਅਰ ਤਨਖਾਹਾਂ ਦੇ, ਕੋਈ ਪੇਮੈਂਟ ਨਹੀਂ ਕੀਤੀ ਗਈ । ਸਾਨੂੰ ਬਹੁਤ ਖੁਸ਼ੀ ਹੁੰਦੀ ਜੇ ਡਬਲ ਐਂਟਰੀ ਕਰਨ ਦੀ ਬਜਾਏ ਬੁਢਲਾਡਾ ਦੇ ਵਰਕਰਾਂ ਨੂੰ ਸੰਤੁਸ਼ਟ ਕਰਦੇ । ਮੈਂ ਬੇਨਤੀ ਕਰਾਂਗਾ ਕਿ ਬਹਿਸ ਦਾ ਉੱਤਰ ਦੇਣ ਸਮੇਂ ਖਜ਼ਾਨਾ ਮੰਤਰੀ ਜੀ ਪਿਛਲੀ ਵਾਰ ਵੀ ਜੋ ਪੈਸਾ ਰਖਿਆ ਗਿਆ ਅਤੇ ਹੁਣ ਵੀ ਰਖਿਆ ਗਿਆ ਹੈ, ਇਸ ਦਾ ਉੱਤਰ ਜ਼ਰੂਰ ਦੇਣ ਦੀ ਖੇਚਲ ਕਰਨ ।

ਅੱਗੇ ਮੈਂ ਚੇਅਰਮੈਨ ਸਾਹਿਬ, ਤੁਹਾਡੀ ਆਗਿਆ ਦੇ ਰਾਹੀਂ ਵਿੱਤ ਵਿਭਾਗ ਦੇ ਸਬੰਧ ਵਿਚ ਕਹਿਣਾ ਚਾਹਵਾਂਗਾ । ਤੁਹਾਡੇ ਕੋਲ ਵੀ ਕਾਪੀ ਹੋਵੇਗੀ । ਇਸ ਦੇ ਲਾਸਟ ਵਿਚ ਹਰ ਮੱਦ ਦੀ ਵਿਆਖਿਆ ਕੀਤੀ ਹੈ ਕਿ ਜਿਹੜਾ ਪੈਸਾ ਰਖਿਆ ਸੀ, ਉਹ ਕਿਸ ਪਰਪਜ਼ ਵਾਸਤੇ ਚਾਹੀਦਾ ਹੈ । ਵਿੱਤ ਵਿਭਾਗ ਵਾਸਤੇ ਬਹੁਤ ਵੱਡੀ ਮੇਜਰ ਅਮਾਊਂਟ ਹੈ, ਅਰਬਾਂ ਵਿਚ ਹੈ ਜਿਹੜੀ ਇਹ ਮੰਗ ਰਹੇ ਹਨ । ਇਹ ਠੀਕ ਹੈ ਕਿ ਪੰਜਾਬ ਦੇ ਫਾਈਨਾਂਸ ਡਿਪਾਰਟਮੈਂਟ ਤੇ ਸਮੁੱਚੇ ਪੰਜਾਬ ਦੇ ਪ੍ਰਤੀ ਪੂਰੀ ਜ਼ਿੰਮੇਂਵਾਰੀ ਹੈ । ਇਸੇ ਨੇ ਦੂਸਰੇ ਵਿਭਾਗਾਂ ਦੇ ਖਰਚੇ ਦਾ ਭਾਰ ਚੁੱਕਣਾ ਹੈ ਅਤੇ ਇਸ ਦੇ ਵਿਚ ਪ੍ਰੋਕਿਓਰਮੈਂਟ ਜਿਸ ਤਰ੍ਹਾਂ ਕਰਨੀ ਹੈ, ਸੂਬੇ ਦੀਆਂ ਏਜੰਸੀਆਂ ਨੂੰ ਪੈਸਾ ਲੈ ਕੇ ਦੇਣਾ ਹੈ ਉਹ ਸਭ ਕੁਝ ਹੈ । ਹੋਇਆ ਇਹ ਕਿ ਇਹ ਲਗਾਤਾਰ ਲੈ ਕੇ ਦਈ ਗਏ ਪਰ ਵਾਪਸ ਦੇਣਾ ਕਿਸ ਤਰ੍ਹਾਂ ਹੈ, ਇਹ ਨਹੀਂ ਵੇਖਿਆ । ਫੇਰ ਭਾਰਤ ਸਰਕਾਰ ਤੋਂ ਲਏ ਗਏ ਕਰਜ਼ੇ ਹਨ, ਸਾਧਨ ਜਾਂ ਪੇਸ਼ਗੀਆਂ ਵਾਸਤੇ ਪੈਸਾ, ਫੇਰ ਰਾਸ਼ਟਰੀ ਰਿਜ਼ਰਵ ਬੈਂਕ ਤੋਂ ਪੈਸੇ ਲਏ ਹਨ, ਉਨ੍ਹਾਂ ਵਾਸਤੇ ਵਿੱਤੀ ਘਾਟਾ ਪੂਰਾ ਕਰਨ ਲਈ ਭਾਰਤ ਸਰਕਾਰ ਤੋਂ ਪੈਸੇ ਲਏ, ਹੋਇਆ ਕੀ, ਕਿ ਆਮਦਨ ਅਤੇ ਖਰਚ ਦੇ ਖਾਤੇ ਵਿਚ ਪਿਛਲੇ ਸਮੇਂ ਵਿਚ ਲਗਾਤਾਰ ਕਾਫੀ ਗੜਬੜ ਰਹੀ ਹੈ । ਖਰਚਾ ਲਗਾਤਾਰ ਵਧਦਾ ਰਿਹਾ ਹੈ ਅਤੇ ਆਮਦਨ ਜੋ ਹੈ, ਰੈਵੇਨਿਊ ਰਿਸੀਟ ਜੋ ਹੈ ਉਹ ਪੰਜਾਬ ਸਰਕਾਰ ਦੀ ਘਟਦੀ ਜਾ ਰਹੀ ਹੈ । 7 ਅਰਬ ਰੁਪਿਆ ਲਾਸਟ ਵਿਚ ਰਖਿਆ ਹੈ, ਜੋ ਦੇਣਾ ਹੈ । ਸਾਡੀ ਜਾਣਕਾਰੀ ਵਿਚ ਹੈ ਕਿ ਪੰਜਾਬ ਸਰਕਾਰ ਨੇ ਕੇਂਦਰ ਤੋਂ ਗਰਾਂਟਾਂ ਦੇ ਰੂਪ ਵਿਚ ਲਿਆ ਹੈ । ਹਾਲਤ ਤਾਂ ਇਥੋਂ ਤੱਕ ਖਰਾਬ ਹੈ ਕਿ

ਰੋਜ਼ਮਰ੍ਹਾ ਦਾ ਕੰਮ ਚਲਾਉਣ ਵਾਸਤੇ ਵੀ ਪੰਜਾਬ ਸਰਕਾਰ ਨੂੰ ਪਰੇਸ਼ਾਨੀ ਆ ਰਹੀ ਹੈ ਅਤੇ ਦੂਜੇ ਪਾਸੇ ਇਹ ਸਾਰਾ ਪੈਸਾ 31 ਮਾਰਚ ਤੱਕ ਵਾਪਸ ਕਰਨਾ ਜ਼ਰੂਰੀ ਹੈ । ਜਿਥੋਂ ਤੱਕ ਪੰਜਾਬ ਸਰਕਾਰ ਦੀ ਸਥਿਤੀ ਹੈ, ਮੈਂ ਨਹੀਂ ਸਮਝਦਾ ਕਿ ਇਹ ਏਡੀ ਵੱਡੀ ਮੇਜਰ ਅਮਾ-ਉਂਟ ਵਾਪਸ ਕਰ ਸਕੇਗੀ । ਇਹ ਵਾਪਸ ਨਹੀਂ ਕਰ ਸਕੇਗੀ ਤਾਂ ਸਾਡੇ ਵਾਸਤੇ ਆਉਣ ਵਾਲੇ ਸਮੇਂ ਵਿਚ ਗੰਭੀਰ ਪਰੇਸ਼ਾਨੀਆਂ ਪੈਦਾ ਹੋ ਸਕਦੀਆਂ ਹਨ । ਮੈਂ ਇਸ ਦੇ ਵਿਚ ਇਹ ਜ਼ਿਕਰ ਕਰਕੇ ਕਹਿਣਾ ਚਾਹਵਾਂਗਾ ਕਿ ਸਾਰਿਆਂ ਤੋਂ ਪਹਿਲਾਂ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅਸੀਂ ਜਿਹੜੀਆਂ ਵਾਰ ਵਾਰ ਕਮਿਟਮੈਂਟਸ ਲੋਕਾਂ ਨਾਲ ਪਿਛੇ ਵੀ ਕਰਦੇ ਰਹੇ ਹਾਂ ਕਿ ਗੈਰ ਯੋਜਨਾ ਖਰਚੇ ਨੂੰ ਘਟਾਵਾਂਗੇ, with due respect, ਮੈਂ ਅਫਸਰਾਂ ਦੀ ਫੰਕਸ਼ਨਿੰਗ ਤੇ, ਉਨ੍ਹਾਂ ਦੀ ਕਾਰਗੁਜ਼ਾਰੀ ਤੇ ਕਿੰਤੂ ਪਰੰਤੂ ਨਹੀਂ ਕਰਦਾ ਕਿਉਂਕਿ ਉਨ੍ਹਾਂ ਦੇ ਕੰਮ ਸਦਕਾ ਪੰਜਾਬ ਦੀ ਡਿਵੈਲਪਮੈਂਟ ਵਿਚ ਬੜਾ ਯੋਗਦਾਨ ਉਨ੍ਹਾਂ ਦਾ ਹੈ, ਉਹ ਸਾਰੀ ਸਟੇਟ ਦਾ ਕੰਮ ਚਲਾਉਂਦੇ ਹਨ ਪਰ ਜੋ ਸੱਚ ਹੈ, ਹਕੀਕਤ ਹੈ, ਇਸ ਪਵਿੱਤਰ ਸਦਨ ਵਿਚ ਅਸੀਂ ਨਾ ਕਹੀਏ ਤਾਂ ਆਪਣੀ ਪੂਰੀ ਜ਼ਿੰਮੇਂਵਾਰੀ, ਪੂਰੀ ਵਫਾਦਾਰੀ ਨਹੀਂ ਨਿਭਾ ਰਹੇ ਹੋਵਾਂਗੇ । ਇਹ ਠੀਕ ਹੈ ਕਿ ਪੇ ਕਮਿਸ਼ਨ ਕਰਕੇ ਵੀ ਸਰਕਾਰ ਤੇ ਕਾਫੀ ਬੋਝ ਪਿਆ ਹੈ । ਮੈਂ ਤਾਂ ਪਾਰਟੀ ਹਿਤਾਂ ਤੋਂ ਉਪਰ ਉਠ ਕੇ ਇਹ ਗੱਲ ਆਖੀ ਸੀ ਅਤੇ ਸਰਕਾਰ ਨੂੰ ਵਧਾਈ ਵੀ ਦਿੱਤੀ ਸੀ ਕਿ ਤੁਸੀਂ ਪੇ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕੀਤਾ ਜਿਸ ਨਾਲ ਸਰਕਾਰ ਨੂੰ ਇਕ ਹਜ਼ਾਰ ਕਰੋੜ ਰੁਪਏ ਤੋਂ ਉਪਰ ਖਰਚਾ ਬਰਦਾਸ਼ਤ ਕਰਨਾ ਪਿਆ ਪਰ ਇਹ ਗੱਲ ਠੀਕ ਨਹੀਂ ਕਿ ਇਕੱਲੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਕਰਕੇ ਹੀ ਸਰਕਾਰ ਤੇ ਇਹ ਵਿੱਤੀ ਬਰਡਨ ਪਿਆ ਹੈ । ਮੈਂ ਕਹਿਣਾ ਇਹ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਸ ਵੇਲੇ ਜਿੰਨੇ ਆਈ.ਏ.ਐਸ. ਅਫਸਰ ਹਨ, ਉਨ੍ਹਾਂ ਨਾਲੋਂ ਅੱਧਿਆਂ ਨਾਲ ਵੀ ਸਾਡਾ ਕੰਮ ਵਧੀਆ ਸਰ ਸਕਦਾ ਹੈ । ਇਹ ਠੀਕ ਹੈ ਕਿ ਜਿੰਨਾ ਸਾਡਾ ਅਲਾਟਿਡ ਕਾਡਰ ਹੈ, ਉਹ ਅਸੀਂ ਵਾਪਸ ਨਹੀਂ ਕਰ ਸਕਦੇ ਲੇਕਿਨ ਸਾਡੇ ਤਕਰੀਬਨ 57 ਟੋਟਲ ਡਿਪਾਰਟਮੈਂਟਸ ਹਨ ਅਤੇ ਇਸ ਤੋਂ ਡਬਲ ਤੋਂ ਵੀ ਜ਼ਿਆਦਾ ਸਾਡੇ ਕੋਲ ਆਈ.ਏ.ਐਸ. ਅਫਸਰ ਹਨ । ਮੈਂ ਆਈ.ਏ.ਐਸ. ਅਫਸਰਾਂ ਦੇ ਖਿਲਾਫ ਨਹੀਂ ਹਾਂ, ਉਹ ਮੈਨੂੰ ਮੁਆਫ ਕਰਨਗੇ ਜੇਕਰ ਮੈਂ ਇਹ ਕਹਾਂ ਕਿ ਬਹੁਤ ਸਾਰੇ ਆਈ.ਏ.ਐਸ. ਅਫਸਰ ਐਸੇ ਹਨ ਜਿਨ੍ਹਾਂ ਕੋਲ ਕੋਈ ਕੰਮ ਹੈ ਹੀ ਨਹੀਂ । ਉਹ ਦਫਤਰ ਜਾਂਦੇ ਹਨ, ਹਾਜ਼ਰੀ ਲਗਾਉਂਦੇ ਹਨ ਅਤੇ ਮੁੜ ਕੇ ਸਾਰਾ ਦਿਨ ਗੋਲਫ ਕਲੱਬ ਵਿਚ ਬਿਤਾਉਂਦੇ ਹਨ । ਇਸ ਵੇਲੇ ਵੀ ਕੁਝ ਕੁ ਦੇ ਦਰਸ਼ਨ ਉਥੇ ਹੋ ਸਕਦੇ ਹਨ । ਇਸ ਤੋਂ ਇਲਾਵਾ ਇਕ ਪਾਸੇ ਤਾਂ ਸਾਡੇ ਆਪਣੇ ਆਈ.ਏ.ਐਸ. ਅਫਸਰ ਬਹੁਤ ਜ਼ਿਆਦਾ ਹਨ, ਉਪਰੋਂ ਡੈਪੂਟੇਸ਼ਨ ਤੇ ਬਾਹਰੋਂ ਹੋਰ ਮੰਗ-ਵਾਉਣ ਦੀ ਦੌੜ ਵੀ ਲੱਗੀ ਹੋਈ ਹੈ, ਕੇਵਲ ਆਪਣੀ ਲਿਹਾਜ਼ਦਾਰੀ ਤੇ ਰਿਸ਼ਤੇਦਾਰੀ ਪਾਲਣ ਖਾਤਰ । ਇਸ ਤਰੀਕੇ ਦੇ ਨਾਲ ਪੰਜਾਬ ਇਕ ਸੀਰੀਅਸ ਫਾਈਨਾਂਸ਼ੀਅਲ ਕਰਾਈ-ਸਿਜ਼ ਦੇ ਵਿਚ ਜਾ ਰਿਹਾ ਹੈ । ਇਸੇ ਤਰ੍ਹਾਂ ਆਈ.ਪੀ.ਐਸ. ਅਫਸਰਾਂ ਦੀ ਗੱਲ ਹੈ । ਮੈਂ ਐਫ. ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਪਾਸੇ ਧਿਆਨ ਦੇਣ । ਸ਼ਾਇਦ 31-32 ਪੰਜਾਬ ਕਾਡਰ ਦੇ ਅਫਸਰਾਂ ਦੀਆਂ ਪੋਸਟਾਂ ਕੇਂਦਰ ਸਰਕਾਰ ਦੇ ਕੋਲ ਡੈਪੂਟੇਸ਼ਨ ਵਾਸਤੇ ਹਨ ਲੇਕਿਨ ਉਥੇ ਮੁਸ਼ਕਲ ਨਾਲ 5 ਜਾਂ 6 ਅਫਸਰ ਹੀ ਗਏ ਹੋਣਗੇ । ਬਾਕੀ ਦੇ ਸਾਰੇ ਅਫਸਰ ਇਥੇ ਹੀ ਬੈਠੇ ਹੋਏ ਹਨ । ਮੈਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਦੀ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਮਰਜ਼ੀ ਨਾਲ ਚਲੇਗੀ ਜਾਂ ਉਹ ਸਰਕਾਰ ਦੀ ਮਰਜ਼ੀ ਦੇ ਨਾਲ ਚਲਣਗੇ । ਜੇਕਰ ਉਹ ਡੈਪੂਟੇਸ਼ਨ ਤੇ ਸੈਂਟਰ ਵਿਚ ਜਾਣਗੇ ਤਾਂ ਕੁਝ ਉਨ੍ਹਾਂ ਦੀ ਜਾਣਕਾਰੀ ਵਿਚ ਵੀ ਵਾਧਾ ਹੋਵੇਗਾ ਅਤੇ ਇਸ ਦੇ ਨਾਲ ਸੈਂਟਰ ਦੇ ਵਿੱਚ ਪੰਜਾਬ ਦੇ ਹਿਤਾਂ ਦੀ ਰਾਖੀ ਵੀ ਹੋਵੇਗੀ । ਇਹ ਜਿਹੜੇ ਅਫਸਰ ਡੈਪੂਟੇਸ਼ਨ ਤੇ ਸੈਂਟਰ ਵਿਚ ਜਾਣੇ ਚਾਹੀਦੇ ਸਨ ਲੇਕਿਨ ਨਹੀਂ ਗਏ, ਇਨ੍ਹਾਂ ਦਾ ਖਰਚਾ ਵੀ ਸਾਨੂੰ ਬਰਦਾਸ਼ਤ ਕਰਨਾ ਪੈ ਰਿਹਾ ਹੈ । ਜੇ ਇਹ ਅਫਸਰ ਡੈਪੂਟੇਸ਼ਨ ਤੇ ਭੇਜੇ ਜਾਣ ਤਾਂ ਇਨ੍ਹਾਂ ਦਾ ਖਰਚਾ ਵੀ ਸਾਨੂੰ ਕੇਂਦਰ ਕੋਲੋਂ ਮਿਲ ਜਾਵੇਗਾ । ਕਹਿਣ ਨੂੰ ਤਾਂ ਕਿਹਾ ਜਾ ਸਕਦਾ ਹੈ ਕਿ 23-24 ਅਫਸਰਾਂ ਦੇ ਡੈਪੂਟੇਸ਼ਨ ਤੇ ਨਾ ਜਾਣ ਕਾਰਨ ਕਿੰਨਾ ਕੁ ਫਰਕ ਪੈ ਜਾਵੇਗਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਆਈ.ਏ.ਐਸ./ ਆਈ.ਪੀ.ਐਸ. ਅਫਸਰ ਤੇ ਡੇਢ ਲੱਖ ਰੁਪਏ ਤੋਂ ਲੈ ਕੇ ਦੋ ਲੱਖ ਰੁਪਏ ਪ੍ਰਤੀ ਮਹੀਨਾ ਖਰਚਾ ਹੋ ਰਿਹਾ ਹੈ । ਇਕੱਲੀ ਤਨਖਾਹ ਹੀ ਤਾਂ ਨਹੀਂ, ਕਾਰਾਂ ਦਾ ਖਰਚਾ, ਏ.ਸੀ. ਦਾ ਖਰਚਾ, ਨੌਕਰਾਂ ਦਾ ਖਰਚਾ ਅਤੇ ਟੈਲੀਫੋਨ ਵਗੈਰਾ ਦਾ ਖਰਚਾ ਵੀ ਬਹੁਤ ਹੁੰਦਾ ਹੈ । ਟੈਲੀਫੋਨ ਦੀ ਤਾਂ ਕੋਈ ਲਿਮਟ ਹੀ ਨਹੀਂ ਹੈ । ਇਨ੍ਹਾਂ ਗੱਲਾਂ ਕਰਕੇ ਸਾਡੇ ਤੇ ਬਹੁਤ ਬਰਡਨ ਪੈ ਰਿਹਾ ਹੈ । ਮੈਂ ਐਫ.ਐਮ. ਸਾਹਿਬ ਦਾ ਬਹੁਤ ਰਿਗਾਰਡ ਕਰਦਾ ਹਾਂ । ਮੇਰੀ ਪਾਰਟੀ ਵੀ ਇਨ੍ਹਾਂ ਦਾ ਬਹੁਤ ਰਿਗਾਰਡ ਕਰਦੀ ਹੈ । ਇਹ ਪ੍ਰੋਗਰੈਸਿਵ ਫੈਮਿਲੀ ਵਿਚੋਂ ਹਨ ਅਤੇ ਆਨੈਸਟ ਵੀ ਹਨ ਪਰ ਮੈਂ ਇਸ ਦੇ ਨਾਲ ਹੀ ਇਨ੍ਹਾਂ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਸ ਪਾਸੇ ਥੋੜ੍ਹਾ ਸਖਤੀ ਨਾਲ ਸਟੈਪ ਲੈਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਤੁਸੀਂ ਵੀ ਅਤੇ ਹਾਊਸ ਵੀ ਇਸ ਗੱਲ ਵਿਚ ਮੇਰੇ ਨਾਲ ਸਹਿਮਤ ਹੋਵੇਗਾ ਕਿ ਅਸੀਂ ਧੜਾਧੜ ਕਾਰਾਂ ਖਰੀਦੀ ਜਾ ਰਹੇ ਹਾਂ । ਹੋਰ ਕਾਰਾਂ ਖਰੀਦਣ ਦੀ ਬਜਾਏ ਅਸੀਂ ਇੱਕ ਪੂਲ ਵਿਚ ਕਾਰਾਂ ਰੱਖ ਸਕਦੇ ਹਾਂ । ਜੇ ਕਿਸੇ ਅਫਸਰ ਨੂੰ ਕਾਰ ਦੀ ਲੋੜ ਹੋਵੇ ਉਹ ਉਸ ਪੂਲ ਵਿਚੋਂ ਕਾਰ ਲਿਜਾ ਸਕਦਾ ਹੈ । ਇਕ ਦੋ ਕਾਰਾਂ ਨੂੰ ਛੱਡ ਕੇ ਬਾਕੀ ਦੀਆਂ ਕਾਰਾਂ ਪੂਲ ਵਿਚ ਪਾਈਆਂ ਜਾ ਸਕਦੀਆਂ ਹਨ । ਇਸ ਤੋਂ ਅੱਗੇ ਅਫਸਰਾਂ ਨੂੰ ਕਾਰਾਂ ਖਰੀਦਣ ਵਾਸਤੇ ਲੋਨ ਵਗੈਰਾ ਦੇ ਦਿੱਤੇ ਜਾਣ ਅਤੇ ਉਨ੍ਹਾਂ ਨੂੰ ਕਿਹਾ ਜਾਵੇ ਕਿ ਆਪਣੀਆਂ ਕਾਰਾਂ ਦੀ ਮੇਨਟੀਨੈਂਸ ਤੁਸੀਂ ਆਪ ਕਰਾਓ, ਟੀ. ਏ./ਡੀ.ਏ. ਤੁਹਾਨੂੰ ਅਸੀਂ ਦੇ ਦੇਵਾਂਗੇ । ਕਾਰਾਂ ਦਾ ਬਹੁਤ ਜ਼ਿਆਦਾ ਮਿਸਯੂਜ਼ ਹੋ ਰਿਹਾ ਹੈ । ਕਈ ਕਾਰਾਂ ਸਬਜ਼ੀ ਖਰੀਦਣ ਜਾ ਰਹੀਆਂ ਹਨ ਅਤੇ ਕਈ ਕਾਰਾਂ ਪੱਪੂਆਂ ਨੂੰ ਸਕੂਲ ਛੱਡਣ ਜਾ ਰਹੀਆਂ ਹਨ । ਕਾਰਾਂ ਦਾ ਇਸ ਤਰੀਕੇ ਦੇ ਨਾਲ ਬਹੁਤ ਜ਼ਿਆਦਾ ਮਿਸਯੂਜ਼ ਹੋ ਰਿਹਾ ਹੈ ਅਤੇ ਇਹ ਸਾਡੇ ਵਾਸਤੇ ਬਹੁਤ ਵੱਡਾ ਐਕਸਪੈਂਡੀਚਰ ਹੈ । ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਨੂੰ ਚੈੱਕ ਕਰਨ ਦੀ ਕੋਸ਼ਿਸ਼ ਕਰੀਏ । ਸਾਡਾ ਫਾਈਨਾਂਸ਼ੀਅਲ ਕਰਾਈਸਿਜ਼ ਲਗਾਤਾਰ ਵਧ ਰਿਹਾ ਹੈ । ਇਸ ਸੰਕਟ ਦਾ ਸ਼ਿਕਾਰ ਤਾਂ, ਚੇਅਰਮੈਨ ਸਾਹਿਬ, ਅਸੀਂ ਆਪ ਵੀ ਹੋਏ ਹਾਂ । ਪੰਜ਼ਾਬ ਦੇ ਇਤਿਹਾਸ ਵਿਚ ਇਹ ਫਸਟ ਟਾਈਮ ਹੋਇਆ ਹੈ ਕਿ ਐਮ. ਐਲ. ਏਜ਼ ਦੇ ਟੀ.ਏ./ਡੀ. ਏ. ਵਗੈਰਾ ਦੇ ਬਿੱਲ ਰੁਕੇ ਹੋਣ । ਇਹ ਤਾਂ ਇਕ ਛੋਟੀ ਜਿਹੀ ਝਲਕ ਹੈ ਕਿ ਸਾਡੇ ਤੇ ਕਿੰਨੀ ਸੀਰੀਅਸ ਫਾਈਨਾਂਸ਼ੀਅਲ ਕਰਾਈਸਿਜ਼ ਹੈ ।

ਚੇਅਰਮੈਨ ਸਾਹਿਬ, ਮੈਂ ਨਹੀਂ ਕਹਿੰਦਾ ਕਿ ਮੰਤਰੀ ਸਾਹਿਬਾਨ ਦੇ ਵਿਦੇਸ਼ੀ ਦੌਰਿਆਂ ਤੇ ਪਾਬੰਦੀ ਲਗਾ ਦਿੱਤੀ ਜਾਵੇ । ਪੰਜਾਬ ਦੇ ਵਿਕਾਸ ਵਾਸਤੇ ਜਾਂ ਪੰਜਾਬ ਵਿਚ ਨਵੀਂ

ਟੈਕਨਾਲੋਜੀ ਲਿਆਉਣ ਵਾਸਤੇ, ਇਸ ਤਰ੍ਹਾਂ ਦੇ ਅੱਛੇ ਪਰਪਜ਼ ਵਾਸਤੇ ਜੇ ਉਹ ਵਿਦੇਸ਼ੀ ਦੌਰਿਆਂ ਤੇ ਜਾਂਦੇ ਤਾਂ ਮੈਂ ਇਸ ਦਾ ਵਿਰੋਧ ਨਹੀਂ ਕਰਦਾ ਲੇਕਿਨ ਪਿਛਲੇ ਸਾਰੇ ਸਾਲ ਵਿਚ 2 ਕਰੋੜ ਦਾ ਵਿਦੇਸ਼ੀ ਦੌਰਿਆਂ ਤੇ ਖਰਚ ਹੋਇਆ ਹੈ, ਉਸ ਦੇ ਵਿਚੋਂ ਬਹੁਤ ਸਾਰਾ ਖਰਚਾ ਰੋਕਿਆ ਜਾ ਸਕਦਾ ਸੀ । ਜੇ ਕਿਤੇ ਜਾਣਾ ਪੈ ਹੀ ਜਾਵੇ ਤਾਂ ਉਨ੍ਹਾਂ ਨੇ ਆਪ ਤਾਂ ਜਾਣਾ ਹੀ ਹੈ, ਨਾਲ 5-6 ਬੰਦੇ ਹੋਰ ਵੀ ਉਹ ਲੈ ਜਾਂਦੇ ਹਨ । ਕਈਆਂ ਨੂੰ ਅਟੈਂਡੈਂਟ ਬਣਾ ਕੇ ਲਿਜਾਇਆ ਜਾ ਰਿਹਾ ਹੈ । ਇਸ ਖਰਚੇ ਤੇ ਵੀ ਚੈੱਕ ਅਸੀਂ ਕਰ ਸਕਦੇ ਹਾਂ । ਆਫਟਰ ਆਲ ਅਸੀਂ ਲੋਕਾਂ ਦੇ ਇਲੈਕਟਿਡ ਰੀਪ੍ਰੈਜ਼ੈਂਟੇਟਿਵ ਹਾਂ ਅਤੇ ਲੋਕਾਂ ਪ੍ਰਤੀ ਸਾਡੀ ਵੀ ਜ਼ਿੰਮੇਂਵਾਰੀ ਹੈ । ਇਸ ਕਰਕੇ ਸਾਨੂੰ ਇਨ੍ਹਾਂ ਸਾਰੇ ਖਰਚਿਆਂ ਤੇ ਚੈੱਕ ਰੱਖਣਾ ਚਾਹੀਦਾ ਹੈ ।

ਮੇਰੇ ਸਾਥੀ ਮਨਪ੍ਰੀਤ ਸਿੰਘ ਜੀ ਗੁੱਸੇ ਨਾ ਹੋਣ, ਜਿੰਨਾ ਸਾਡਾ ਪੰਜਾਬ ਛੋਟਾ ਹੈ ਅਤੇ ਜਿੰਨੀ ਇਸ ਦੀ ਸਟਰੈਂਥ ਟੋਟਲ ਮੈਂਬਰਾਂ ਦੀ ਹੈ, ਉਹ 117 ਹੈ । ਉਸ ਸਟਰੈਂਥ ਦੇ ਹਿਸਾਬ ਨਾਲ 10 ਜਮ੍ਹਾਂ ਇਕ 11, ਇਕ ਸੀ. ਐਮ. ਸਾਹਿਬ ਅਤੇ 10 ਹੋਰ ਮੰਤਰੀਆਂ ਦੇ ਨਾਲ ਬੜਾ ਵਧੀਆ ਕੰਮ ਚਲ ਸਕਦਾ ਹੈ, ਜੇਕਰ ਅਸੀਂ ਚਲਾਉਣਾ ਚਾਹੀਏ ਤਾਂ । ਪਿਛਲੀ ਸਰਕਾਰ ਨੇ ਵੀ ਇਸੇ ਤਰ੍ਹਾਂ ਕੀਤਾ ਸੀ ਅਤੇ ਕੋਈ ਕਸਰ ਨਹੀਂ ਸੀ ਛੱਡੀ ।

ਸਰਦਾਰ ਮੱਖਣ ਸਿੰਘ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਹੁਣ ਸਰਕਾਰਾਂ ਦਾ ਯੁੱਗ ਬਦਲ ਗਿਆ ਹੈ । ਕੇਂਦਰ ਵਿਚ ਵੀ ਰਲੀਆਂ-ਮਿਲੀਆਂ ਸਰਕਾਰਾਂ ਹਨ ਅਤੇ ਸਟੇਟਾਂ ਵਿਚ ਵੀ ਹਨ । ਇਕ-ਦੋ ਥਾਵਾਂ ਤੇ ਅਰਸ਼ੀ ਸਾਹਿਬ ਦੀ ਪਾਰਟੀ ਵਾਲੀਆਂ ਸਰਕਾਰਾਂ ਵੀ ਹਨ, ਕੇਰਲਾ ਅਤੇ ਬੰਗਾਲ ਵਿਚ । ਕੀ ਉਥੇ 10% ਮਨਿਸਟਰੀ ਵਾਲੀ ਗੱਲ ਲਾਗੂ ਕੀਤੀ ਹੋਈ ਹੈ ? (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਜੇਕਰ ਕੋਈ ਰਾਏ ਹੋਵੇ ਤਾਂ ਉਸ ਨੂੰ ਮੰਨ ਲੈਣਾ ਚਾਹੀਦਾ ਹੈ । ਜੋ ਕੋਈ ਦੂਸਰਾ ਖੂਹ ਵਿਚ ਡਿੱਗਦਾ ਹੈ ਤਾਂ ਉਸ ਨੂੰ ਵੇਖ ਕੇ ਆਪ ਵੀ ਖੂਹ ਵਿਚ ਡਿੱਗਣਾ ਕੋਈ ਚੰਗੀ ਗੱਲ ਨਹੀਂ ਹੈ । ਇਹ ਤਾਂ ਸਾਨੂੰ ਇਕ ਐਗਜ਼ੈਂਪਲ ਸੈਟ ਕਰਨੀ ਚਾਹੀਦੀ ਹੈ, ਆਪਾਂ ਨੂੰ ਉਨ੍ਹਾਂ ਨੂੰ ਰਾਹ ਦਿਖਾਉਣ ਦਾ ਕੰਮ ਕਰਨਾ ਚਾਹੀਦਾ ਹੈ । ਫੇਰ ਵੀ ਜੇਕਰ ਮੰਤਰੀ ਇਸੇ ਤਰ੍ਹਾਂ ਹੀ ਰੱਖਣੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ । ਮੈਂ ਛੋਟੀਆਂ ਗੱਲਾਂ ਨੂੰ ਛੱਡਦਾ ਹੋਇਆ ਥੋੜ੍ਹੇ ਲਫਜ਼ਾਂ ਵਿਚ ਹੀ ਬੰਦ ਕਰਾਂਗਾ । ਟੈਲੀਫੂਨਾਂ ਦਾ ਖਰਚਾ ਹੈ ਜਿਸ ਵਾਸਤੇ ਬਾਰ ਬਾਰ ਪੈਸਾ ਮੰਗਿਆ ਜਾ ਰਿਹਾ ਹੈ.........

ਸ੍ਰੀ ਸਭਾਪਤੀ : ਅਰਸ਼ੀ ਜੀ, ਤੁਸੀਂ ਖੁੱਲ੍ਹ ਕੇ ਬੋਲੋ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਇਸ ਹਾਊਸ ਦੇ ਇਕ ਸਵਾਲ ਦੇ ਜਵਾਬ ਵਿਚ ਮੰਤਰੀ ਜੀ ਨੇ ਕਿਹਾ ਸੀ ਕਿ 1,71,07,670 ਰੁਪਏ ਕੇਵਲ ਮੰਤਰੀਆਂ ਦੇ ਟੈਲੀਫੂਨਾਂ ਦੇ ਬਿੱਲਾਂ ਦਾ ਖਰਚਾ ਹੈ । ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਇਹ ਵੀ ਜਵਾਬ ਦਿੱਤਾ ਕਿ ਉਹ ਕੋਈ ਲਿਮਟ ਲਗਾਉਣ ਦੀ ਸੋਚ ਰਹੇ ਹਨ ਤਾਂ ਕਿ ਖਰਚਾ ਘੱਟ ਤੋਂ ਘੱਟ ਹੋ ਸਕੇ । ਵੇਖਣ ਨੂੰ ਤਾਂ ਚੀਜ਼ਾਂ ਬੜੀਆਂ ਥੋੜ੍ਹੀਆਂ ਥੋੜ੍ਹੀਆਂ ਲਗਦੀਆਂ ਹਨ, ਪਰ ਜੇਕਰ ਅਸੀਂ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਇਸੇ ਤਰ੍ਹਾਂ ਹੀ ਹਰੇਕ ਚੀਜ਼ ਤੇ ਥੋੜ੍ਹਾ ਥੋੜ੍ਹਾ ਚੈੱਕ ਜਾਂ ਕੱਟ ਲਾਵਾਂਗੇ ਤਾਂ ਅਸੀਂ ਕਾਫੀ ਮਾਮਲੇ ਹੱਲ ਕਰ ਸਕਦੇ ਹਾਂ । ਇਸੇ ਤਰ੍ਹਾਂ ਦੀ ਮੈਂ ਇਕ ਦਿਲਚਸਪ ਮਿਸਾਲ ਦੇਣਾ ਚਾਹੁੰਦਾ ਹਾਂ । ਇਸ ਬਾਰੇ ਮੈਂ ਸੀ. ਐਮ. ਸਾਹਿਬ ਅਤੇ ਸੀ. ਐਸ. ਸਾਹਿਬ ਨੂੰ ਵੀ ਲਿਖਿਆ ਸੀ ਪਰ ਮੈਨੂੰ ਤਾਂ ਅਜੇ ਤੱਕ ਉਸ ਦਾ ਕੋਈ ਜਵਾਬ ਤਕ ਨਹੀਂ ਮਿਲਿਆ । ਸਾਡੇ ਆਨਰੇਬਲ ਡੀ. ਸੀ. ਸਾਹਿਬ ਹਨ ਅਤੇ ਉਨ੍ਹਾਂ ਦੇ ਵਾਸਤੇ ਉਨ੍ਹਾਂ ਦੇ ਸਟੇਟਸ ਦੇ ਮੁਤਾਬਿਕ ਜੇਕਰ ਬੈਟਰ ਅਕਾਮੋਡੇਸ਼ਨ ਦਿੱਤੀ ਜਾਵੇ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ਹੈ । ਮਾਨਸਾ ਜ਼ਿਲ੍ਹਾ ਨਵਾਂ ਬਣਿਆ ਹੈ । ਮੈਂ ਐਫ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਥੇ ਨਵਾਂ ਰਿਹਾਇਸ਼ੀ ਕੰਪਲੈਕਸ ਬਣਨਾ ਸੀ । ਉਸ ਵਾਸਤੇ ਪੈਸਾ ਆਇਆ, ਉਸਾਰੀ ਕੀਤੀ ਗਈ । ਤਿੰਨ ਕੋਠੀਆਂ ਤਿਆਰ ਕੀਤੀਆਂ ਗਈਆਂ । ਇਕ ਐਸ. ਐਸ. ਪੀ. ਵਾਸਤੇ, ਇਕ ਐਡੀਸ਼ਨਲ ਸੈਸ਼ਨ ਜੱਜ ਵਾਸਤੇ ਅਤੇ ਤੀਸਰੀ ਡੀ. ਸੀ. ਮਾਨਸਾ ਵਾਸਤੇ ਬਣਾਈਆਂ ਗਈਆਂ । ਦੋ ਕੋਠੀਆਂ ਤਾਂ ਸਬੰਧਤ ਅਫਸਰਾਂ ਐਸ. ਐਸ. ਪੀ. ਤੇ ਐਡੀਸ਼ਨਲ ਸੈਸ਼ਨ ਜੱਜ ਨੇ ਆਪਣੀ ਰਿਹਾਇਸ਼ ਲਈ ਵਰਤ ਲਈਆਂ ਹਨ । ਪ੍ਰੰਤੂ ਡੀ. ਸੀ. ਸਾਹਿਬ ਅਜੇ ਤੱਕ ਉਸ ਕੋਠੀ ਵਿਚ ਨਹੀਂ ਗਏ । ਉਥੇ ਪੀ. ਡਬਲਿਯੂ. ਡੀ. ਦੇ ਰੈਸਟ ਹਾਊਸ ਨੂੰ ਡੀ. ਸੀ. ਸਾਹਿਬ ਨੇ ਸਾਂਭਿਆ ਹੋਇਆ ਹੈ ਅਤੇ ਉਥੇ ਹੀ ਕੈਂਪ ਆਫਿਸ ਬਣਾਇਆ ਹੋਇਆ ਹੈ । ਉਥੋਂ ਪੰਜਾਬ ਸਰਕਾਰ ਨੂੰ ਇਕ ਪਰਪੋਜ਼ਲ ਭੇਜੀ ਗਈ । ਮੈਨੂੰ ਤਾਂ ਸਰਦਾਰ ਤੋਤਾ ਸਿੰਘ ਜੀ ਸਮਝ ਨਹੀਂ ਆਉਂਦੀ ਕਿ ਐਜੂਕੇਸ਼ਨ ਡਿਪਾਰਟਮੈਂਟ ਵਾਲਿਆਂ ਨੇ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਕੋਲੋਂ 6 ਕਨਾਲ ਜਗ੍ਹਾ ਲੈ ਲਈ ਕਿ ਉਥੇ ਦੋ-ਦੋ ਕਨਾਲ ਦੀਆਂ ਤਿੰਨ ਨਵੀਆਂ ਕੋਠੀਆਂ ਬਣਾਉਣੀਆਂ ਹਨ । ਉਥੋਂ ਦੇ ਇਸ ਤੋਂ ਪਹਿਲਾਂ ਵਾਲੇ ਡੀ. ਸੀ. ਨੇ ਪਬਲਿਕਲੀ ਕਹਿ ਦਿੱਤਾ ਕਿ ਡੀ.ਸੀ. ਦਾ ਸਟੇਟੱਸ ਬੜਾ ਹਾਈ ਹੁੰਦਾ ਹੈ ਅਤੇ ਉਸ ਦਾ ਆਪਣੇ ਸੁਬਾਰਡੀਨੇਟ ਸਟਾਫ ਵਿਚ ਰਹਿਣਾ ਠੀਕ ਨਹੀਂ । ਜੇਕਰ ਡੀ. ਸੀ. ਦੀ ਸਥਿਤੀ ਇਹ ਹੈ ਕਿ ਉਹ ਛੋਟੇ ਅਧਿਕਾਰੀਆਂ ਵਿਚ ਰਹਿਣਾ ਪਸੰਦ ਨਹੀਂ ਕਰਦਾ ਤਾਂ ਉਹ ਲੋਕਾਂ ਦੇ ਵਿਚ ਰਹਿਣਾ ਜਾਂ ਉਨ੍ਹਾਂ ਨੂੰ ਮਿਲਣਾ ਕਿੰਨਾਂ ਕੁ ਪਸੰਦ ਕਰੇਗਾ ? ਉਥੇ ਨਹਿਰੂ ਮੈਮੋਰੀਅਲ ਕਾਲਜ ਦੀ ਜਗ੍ਹਾ ਜਿਹੜੀ ਕੁੱਲ 6 ਕਨਾਲ ਹੈ, ਉਸ ਵਿਚੋਂ ਦੋ ਕਨਾਲ ਜਗ੍ਹਾ ਤੇ ਨਵੀਂ ਕੋਠੀ ਬਣਾਈ ਗਈ ਹੈ ਜਿਸ ਉਤੇ ਪੰਜਾਬ ਸਰਕਾਰ ਦੇ 22 ਲੱਖ ਰੁਪਏ ਖਰਚ ਹੋਏ ਹਨ । ਉਹ ਡੀ. ਸੀ. ਸਾਹਿਬ ਵਾਸਤੇ ਬਣਾਈ ਗਈ ਹੈ, ਨਵੀਂ ਬੇਸ਼ੱਕ ਬਣਾ ਦਿਓ ਪਰ ਜਿਹੜੀ ਪਹਿਲੀ ਕੋਠੀ ਉਨ੍ਹਾਂ ਵਾਸਤੇ ਬਣਾਈ ਗਈ ਹੈ, ਜੇਕਰ ਉਹ ਸਪੈਸੀਫਿਕੇਸ਼ਨਾਂ ਜਾਂ ਡਿਜ਼ਾਇਨ ਦੇ ਮੁਤਾਬਿਕ ਨਹੀਂ ਬਣਾਈ ਗਈ, ਤਾਂ ਮੈਂ ਐਫ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਨਾ ਕਿਸੇ ਅਫਸਰ ਦੀ ਜ਼ਿੰਮੇਂਵਾਰੀ ਤਾਂ ਫਿਕਸ ਕਰੋ । ਜੇਕਰ ਦੂਸਰੇ ਅਫਸਰ ਉਨ੍ਹਾਂ ਕੋਠੀਆਂ ਵਿਚ ਰਹਿ ਸਕਦੇ ਹਨ ਤਾਂ ਡੀ. ਸੀ. ਸਾਹਿਬ ਕਿਉਂ ਨਹੀਂ ਰਹਿ ਸਕਦੇ । ਜਦੋਂ ਮੈਨੂੰ ਇਸ ਗੱਲ ਦਾ ਪਤਾ ਲੱਗਾ ਕਿ ਫਜ਼ੂਲ ਖਰਚੀ ਹੋ ਰਹੀ ਹੈ ਤਾਂ ਮੈਂ ਉਸੇ ਵੇਲੇ ਸਰਕਾਰ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ ਸੀ ਕਿ ਇਸ ਫਜ਼ੂਲ ਖਰਚੀ ਨੂੰ ਰੋਕਿਆ ਜਾਵੇ । ਪਰ ਚੇਅਰਮੈਨ ਸਾਹਿਬ, ਮੈਨੂੰ ਤਾਂ ਅਜੇ ਤੱਕ ਉਸ ਦਾ ਜਵਾਬ ਨਹੀਂ ਦਿੱਤਾ ਗਿਆ । ਇਸ ਤਰ੍ਹਾਂ ਚੇਅਰਮੈਨ ਸਾਹਿਬ, ਮੈਂ ਛੋਟੇ ਮੁੱਦਿਆਂ ਨੂੰ ਛੱਡਦਾ ਹੋਇਆ ਅਗਲੀ ਮੰਗ ਤੇ ਬੇਨਤੀ ਕਰਨਾ ਚਾਹੁੰਦਾ ਹਾਂ ।

ਚੇਅਰਮੈਨ ਸਾਹਿਬ, ਹੁਣ ਮੈਂ ਮੰਗ ਨੰਬਰ 12 ਜਿਹੜੀ ਕਿ ਹੋਮ ਡਿਪਾਰਟਮੈਂਟ ਨਾਲ ਸਬੰਧਤ ਹੈ ਇਸਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹੈ। ਸਾਰਿਆਂ ਤੋਂ ਪਹਿਲਾਂ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਿੱਚ 10-12 ਪੁਆਇੰਟ ਰੱਖੇ ਹੋਏ ਹਨ। ਇਕ ਜਿਹੜੀ ਵਿਸ਼ੇਸ਼ ਆਈਟਮ ਹੈ ਉਸਦੇ ਵਿਚ ਲਾਅ ਕਮਿਸ਼ਨ ਦੇ ਚੇਅਰਮੈਨ ਅਤੇ ਮੈਂਬਰਾਂ ਦੀਆਂ ਤਨਖਾਹਾਂ ਦੇ ਵਾਸਤੇ ਪੈਸਾ ਮੰਗਿਆ ਜਾ ਰਿਹਾ ਹੈ। ਇਹ ਮੈਂ ਸਿਰਫ ਇਕ ਮਿੰਟ ਵਿੱਚ ਹੀ ਵਿਆਖਿਆ ਕਰਨੀ ਚਾਹੁੰਦਾ ਹਾਂ ਕਿਉਂਕਿ ਮੈਂ ਇਸ ਨੂੰ ਸਾਰਪਲੀ ਅਪੋਜ਼ ਕਰਦਾ ਹਾਂ। ਜੇਕਰ ਵਿੱਤ ਵਿਭਾਗ ਵਲੋਂ ਜੋ ਹੋਮ ਵਿਭਾਗ ਤੋਂ ਪ੍ਰੋਪੋਜ਼ਲ ਆਈ ਸੀ ਉਸ ਨੂੰ ਪ੍ਰਵਾਨ ਕਰ ਲਿਆ ਜਾਂਦਾ ਤਾਂ ਫਿਰ ਇਸਦਾ ਕੋਈ ਚੈੱਕ ਨਹੀਂ ਸੀ ਹੋਣਾ। ਤੁਹਾਡੇ ਕੋਲ ਐਲ. ਆਰ. ਹੈ, ਉਨ੍ਹਾਂ ਤੋਂ ਇਹ ਕੰਮ ਲਿਆ ਜਾ ਸਕਦਾ ਸੀ। ਜਿਹੜੀ ਨੋਟੀਫਿਕੇਸ਼ਨ ਲਾਅ ਕਮਿਸ਼ਨ ਦੀ ਕੀਤੀ ਗਈ ਹੈ ਉਸਦੇ ਵਿੱਚ ਇਕ ਰਿਟਾਇਰਡ ਜੱਜ ਹਨ, ਉਨ੍ਹਾਂ ਨੂੰ ਚੇਅਰਮੈਨ ਬਣਾਇਆ ਗਿਆ ਹੈ ਅਤੇ ਇਕ ਡਾਇਰੈਕਟਰ ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ ਨੂੰ ਉਸ ਦਾ ਮੈਂਬਰ ਬਣਾਇਆ ਗਿਆ ਹੈ। ਇਨ੍ਹਾਂ ਦੋਵਾਂ ਨੂੰ ਹੀ ਹਾਈਕੋਰਟ ਦੇ ਜੱਜ ਦੇ ਬਰਾਬਰ ਦਾ ਸਟੇਟਸ ਅਤੇ ਅਹੁਦਾ ਦਿੱਤਾ ਗਿਆ ਹੈ ਜਿਸਦੇ ਲਈ ਕਿ ਸ਼ਾਇਦ ਡਾਇਰੈਕਟਰ ਤਾਂ ਫਿੱਟ ਹੀ ਨਹੀਂ। ਚੇਅਰਮੈਨ ਸਾਹਿਬ, ਪਹਿਲਾਂ ਤਾਂ ਸਾਨੂੰ ਇਹੋ ਜਿਹੀਆਂ ਚੀਜ਼ਾਂ ਨੂੰ ਰੋਕਣਾ ਚਾਹੀਦਾ ਹੈ ਪਰ ਫਿਰ ਵੀ ਜੇ ਬਹੁਤ ਮਜ਼ਬੂਰੀ ਵਿੱਚ ਬਣਾਉਣਾ ਪੈ ਵੀ ਜਾਵੇ ਤਾਂ ਫਿਰ ਜਿਹੜਾ ਅਹੁਦਾ ਦੇਣ ਲਈ ਸਾਰੇ ਰੂਲਾਂ ਅਤੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਹੈ, ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਮੈਂ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਮਿਸਾਲਾਂ ਦੇ ਸਕਦਾ ਹਾਂ ਪਰ ਮੈਂ ਜ਼ਿਆਦਾ ਡੀਟੇਲ ਵਿੱਚ ਨਹੀਂ ਜਾਣਾ ਚਾਹੁੰਦਾ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਲਾਅ ਕਮਿਸ਼ਨ ਲਈ ਪੈਸਾ ਨਹੀਂ ਦਿੱਤਾ ਜਾਣਾ ਚਾਹੀਦਾ। ਹੁਣ ਜੇ ਦੇ ਦਿਤਾ ਤਾਂ ਅੱਗੇ ਨੂੰ ਰਿਵਿਊ ਕੀਤਾ ਜਾ ਸਕਦਾ ਹੈ।

ਅਖੀਰ ਵਿੱਚ ਇਕ ਆਈਟਮ ਹੈ, ਲਾਸਟ ਵਿੱਚ ਲਿਖਿਆ ਹੈ ਕਿ ਪ੍ਰਾਈਵੇਟ ਵਕੀਲਾਂ ਦੀਆਂ ਫੀਸਾਂ ਦੀ ਅਦਾਇਗੀ ਅਤੇ ਉਸਦੇ ਲਈ 28,92,000 ਰੁਪਏ ਦੀ ਮੰਗ ਕੀਤੀ ਗਈ ਹੈ। ਮੈਂ, ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਮੇਰੇ ਨੋਟਿਸ ਵਿਚ ਨਹੀਂ; ਪਰ ਪੰਜਾਬ ਦੇ ਬਹੁਤ ਸਾਰੇ ਇਸ਼ੂ ਹਨ, ਜਿਹੜੇ ਕਿ ਕੋਰਟਾਂ ਵਿੱਚ ਚਲ ਰਹੇ ਹਨ ਜਿਵੇਂ ਕਿ ਪਾਣੀ ਦਾ ਮਾਮਲਾ ਵੀ ਸ਼ਾਇਦ ਕੋਰਟ ਵਿੱਚ ਚੱਲ ਰਿਹਾ ਹੈ। ਇਸ ਲਈ ਮੇਰੀ ਜਾਣਕਾਰੀ ਵਿੱਚ ਨਹੀਂ ਕਿ ਪੰਜਾਬ ਸਰਕਾਰ ਨੇ ਕਦੇ ਪੰਜਾਬ ਦੇ ਖਜ਼ਾਨੇ ਵਿਚੋਂ ਪੈਸੇ ਲੈ ਕੇ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਲਈ ਬਾਹਰੋਂ ਕੋਈ ਪ੍ਰਾਈਵੇਟ ਵਕੀਲ ਹਾਇਰ ਕਰਕੇ ਉਥੇ ਭੇਜਿਆ ਹੋਵੇ। ਲੇਕਿਨ ਇਹ ਜਿਹੜਾ ਖਰਚਾ ਕੀਤਾ ਗਿਆ ਹੈ, ਜਿਸ ਕੇਸ ਲਈ ਕੀਤਾ ਗਿਆ ਹੈ, ਉਸਦੇ ਬਾਰੇ ਪੰਜਾਬ ਦੇ ਐਡਵੋਕੇਟ ਜਨਰਲ ਸਾਹਿਬ ਨੇ ਜ਼ਬਾਨੀ ਵੀ ਅਤੇ ਲਿਖਤੀ ਵੀ ਪੰਜਾਬ ਸਰਕਾਰ ਨੂੰ ਕਿਹਾ ਕਿ ਤੁਹਾਡਾ ਕੇਸ ਬੜਾ ਵੀਕ ਹੈ ਇਸ ਲਈ ਇਸ ਤੇ ਜ਼ਿਆਦਾ ਖਰਚਾ ਨਹੀਂ ਕਰਨਾ ਚਾਹੀਦਾ। ਇਹ ਕੇਸ ਜਿਹੜਾ ਸੀ ਇਹ ਸੀ ਵੀ. ਕੇ. ਖੰਨਾ ਵਰਸਿਜ਼ ਪੰਜਾਬ ਸਰਕਾਰ। ਇਸ ਸਬੰਧ ਵਿੱਚ ਖਬਰਾਂ ਸਾਰੀਆਂ ਅਖਬਾਰਾਂ ਵਿੱਚ ਆਉਂਦੀਆਂ ਰਹੀਆਂ ਹਨ ਔਰ ਇਸ ਕੇਸ ਨੂੰ ਲੜਨ ਵਾਸਤੇ ਪੰਜਾਬ ਸਰਕਾਰ ਕੋਰਟ ਵਿੱਚ ਗਈ ਜਿਸ ਦੇ ਵਿੱਚ ਸ਼ਾਇਦ ਪੰਜਾਬ ਸਰਕਾਰ ਦਾ ਔਰ ਪੰਜਾਬ ਦੇ ਲੋਕਾਂ ਦਾ ਕੋਈ ਬਹੁਤਾ ਇੰਟਰੈਸਟ ਨਹੀਂ ਸੀ। ਹੋ ਸਕਦਾ ਹੈ ਕਿ ਦੋ ਚਾਰ ਅਫਸਰਾਂ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਦਾ ਇਸ ਵਿੱਚ ਇੰਟਰੱਸਟ ਹੋਵੇ । ਇਸ ਕੇਸ ਲਈ ਦਿੱਲੀ ਤੋਂ ਇਕ ਪ੍ਰਾਈਵੇਟ ਵਕੀਲ ਹਾਇਰ ਕੀਤਾ ਗਿਆ । ਚੇਅਰਮੈਨ ਸਾਹਿਬ, ਉਸ ਵਕੀਲ ਨੂੰ ਇਕ ਲੱਖ ਰੁਪਿਆ ਪ੍ਰਤੀ ਹੀਅਰਿੰਗ ਪੇਮੈਂਟ ਕੀਤੀ ਗਈ ਅਤੇ ਉਸ ਨੂੰ ਬਾਈ ਏਅਰ ਆਉਣ ਦਾ ਕਿਰਾਇਆ ਦਿੱਤਾ ਗਿਆ ਅਤੇ ਫਾਈਵ ਸਟਾਰ ਹੋਟਲ ਵਿਚ ਰਹਿਣ ਦਾ ਖਰਚਾ ਦਿੱਤਾ ਗਿਆ । ਮੇਰਾ ਖਿਆਲ ਹੈ ਕਿ ਵਿੱਤ ਮੰਤਰੀ ਸਾਹਿਬ ਥੱਲਿਉਂ ਇਸ ਦੀ ਇਨਵੈਸਟੀਗੇਸ਼ਨ ਜ਼ਰੂਰ ਕਰਵਾ ਲੈਣਗੇ ਕਿ ਇਸ ਤਰ੍ਹਾਂ ਦੇ ਕੇਸ ਵਿੱਚ ਕੀ ਅਸੀਂ ਪ੍ਰਾਈਵੇਟ ਵਕੀਲ ਹਾਇਰ ਕਰ ਸਕਦੇ ਹਾਂ ? ਤੁਹਾਡੇ ਕੋਲ ਐਡਵੋਕੇਟ ਜਨਰਲ ਹੈ । ਜੇ ਕੰਮ ਦਾ ਜ਼ਿਆਦਾ ਭਾਰ ਹੋ ਜਾਵੇ, ਫਿਰ ਵੀ ਪ੍ਰਾਈਵੇਟ ਵਕੀਲਾਂ ਦਾ ਪੈਨਲ ਬਣਿਆ ਹੁੰਦਾ ਹੈ, ਵਕੀਲ ਉਥੋਂ ਲੈ ਸਕਦੇ ਸੀ । ਸਾਰੇ ਨਾਰਮ ਤੋੜ ਕੇ ਇਸ ਤਰ੍ਹਾਂ ਦਾ ਫ਼ਜ਼ੂਲ ਖਰਚਾ ਕਰਨਾ ਠੀਕ ਨਹੀਂ ਹੈ, ਜਸਟੀਫਾਈਡ ਨਹੀਂ ਹੈ । ਪੰਜਾਬ ਦੇ ਖਜ਼ਾਨੇ ਤੇ ਇਹ ਖਰਚਾ, ਮੈਂ ਕਹਿੰਦਾ ਹਾਂ ਕਿ ਇਕ ਤਰ੍ਹਾਂ ਨਾਲ ਭਾਰ ਹੈ । ਜੇ ਉਹ ਅਫਸਰ ਇਮਾਨਦਾਰ ਹੈ ਅਤੇ ਉਸ ਤੇ ਕਿਸੇ ਨੇ ਗਲਤ ਉਂਗਲ ਉਠਾਈ ਹੈ ਤਾਂ ਜਦੋਂ ਇਹ ਸਾਰਾ ਮਾਮਲਾ ਇਨਵੈਸਟੀਗੇਟ ਹੋ ਜਾਵੇਗਾ ਤਾਂ ਫਿਰ ਨਿਤਾਰਾ ਹੋ ਜਾਵੇਗਾ । ਮੈਂ ਸਮਝਦਾ ਹਾਂ ਕਿ ਉਸ ਅਫਸਰ ਨੂੰ ਛਾਤੀ ਚੌੜੀ ਕਰਕੇ ਇਸ ਨੂੰ ਫੇਸ ਕਰਨਾ ਚਾਹੀਦਾ ਹੈ । ਇਸ ਲਈ ਪੰਜਾਬ ਸਰਕਾਰ ਦਾ ਇਹ ਖਰਚਾ ਠੀਕ ਨਹੀਂ । ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਗਰ ਇਸ ਨੂੰ ਅਗਲੀ ਸਟੇਜ ਤੇ ਚੈਕ ਕਰ ਲੈਣ ਤਾਂ ਠੀਕ ਹੈ । ਜਦੋਂ ਫੈਸਲਾ ਹਾਈਕੋਰਟ ਵਿੱਚ ਪੰਜਾਬ ਸਰਕਾਰ ਦੇ ਉਲਟ ਹੋ ਗਿਆ ਤਾਂ ਫਿਰ ਹੁਣ ਸੁਪਰੀਮ ਕੋਰਟ ਵਿਚ ਅਪੀਲ ਕਰਨ ਦੀ ਕੀ ਜ਼ਰੂਰਤ ਹੈ ?

ਸਰਦਾਰ ਮੱਖਣ ਸਿੰਘ : ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ.....

ਸ਼੍ਰੀ ਸਭਾਪਤੀ : ਹਾਂ ਜੀ, ਸਰਦਾਰ ਮੱਖਣ ਸਿੰਘ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

ਸਰਦਾਰ ਮੱਖਣ ਸਿੰਘ : ਚੇਅਰਮੈਨ ਸਾਹਿਬ, ਬੜੀ ਅੱਛੀ ਗੱਲ ਹੈ, ਖਰਚੇ ਘਟਾਉਣੇ ਚਾਹੀਦੇ ਹਨ ਅਤੇ ਕਈ ਥਾਵਾਂ ਤੇ ਪੈਸਾ ਮਿਸਯੂਜ਼ ਵੀ ਹੋ ਸਕਦਾ ਹੈ ਅਤੇ ਪੰਜਾਬ ਸਰਕਾਰ ਨੂੰ ਇਸ ਤੇ ਗੌਰ ਵੀ ਕਰਨੀ ਚਾਹੀਦੀ ਹੈ । ਪਰ ਮੈਂ ਇਕ ਬੇਨਤੀ ਕਰਾਂਗਾ, ਪਿਛੇ ਜਿਹੇ ਟਰਾਂਸਪੋਰਟ ਡਿਪਾਰਟਮੈਂਟ ਨੇ ਐਮ. ਐਲ. ਏ. ਸਾਹਿਬਾਨ ਦੀਆਂ ਪੈਟਰੋਲ ਵਾਲੀਆਂ ਗੱਡੀਆਂ ਬੰਦ ਕਰ ਦਿੱਤੀਆਂ ਔਰ ਕਿਹਾ ਕਿ ਡੀਜ਼ਲ ਵਾਲੀਆਂ ਲੈ ਲਓ ਪਰ ਮਾਨਯੋਗ ਮੈਂਬਰ ਸਾਹਿਬ ਨੇ ਹਾਲੇ ਤੱਕ ਪੈਟਰੋਲ ਵਾਲੀ ਜਿਪਸੀ ਰੱਖੀ ਹੋਈ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਵੈਸੇ ਤਾਂ ਹਰ ਛੋਟੀ ਗੱਲ ਦਾ ਉੱਤਰ ਦੇਣਾ ਸਾਡੇ ਗਰੁੱਪ ਦੀ ਆਦਤ ਨਹੀਂ ਪਰ ਇਸ ਗੱਲ ਦਾ ਉੱਤਰ ਮੈਂ ਜ਼ਰੂਰ ਦੇ ਦਿੰਦਾ ਹਾਂ । ਇਹ ਪੁਆਇੰਟ ਮੈਂ ਭੁੱਲ ਗਿਆ ਸੀ ਪਰ ਆਨਰੇਬਲ ਮੈਂਬਰ ਸਾਹਿਬ ਨੇ ਯਾਦ ਕਰਵਾ ਦਿੱਤਾ ਹੈ । ਮੈਂ ਐਫ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਹਿਲੀਆਂ ਗੱਡੀਆਂ ਭਾਵ ਜਿਪਸੀਆਂ ਜਿਹੜੀਆਂ ਦਿੱਤੀਆਂ ਹੋਈਆਂ ਸਨ, ਉਹ ਹਾਲੇ ਕੰਡਮ ਨਹੀਂ ਹੋਈਆਂ ਸਨ ਅਤੇ ਹਾਲੇ ਚਾਲੀ, ਪੰਜਾਹ ਹਜ਼ਾਰ ਕਿਲੋਮੀਟਰ ਹੀ ਚਲੀਆਂ ਸਨ । ਜਿੰਨਾਂ ਚਿਰ ਇਹ ਗੱਡੀਆਂ ਕੰਡਮ ਨਹੀਂ ਹੁੰਦੀਆਂ ਸਨ ਜਾਂ ਇਨ੍ਹਾਂ ਦੀ ਐਕਸਪਾਇਰੀ ਡੇਟ ਖਤਮ ਹੁੰਦੀ ਸੀ, ਇਹ ਸਾਰੀਆਂ ਸੂਮੋ ਗੱਡੀਆਂ ਖਰੀਦ ਕੇ ਕਰੋੜਾਂ ਰੁਪਏ ਦਾ ਖਰਚ ਕਰਨ ਦੀ

ਕੀ ਲੋੜ ਸੀ ? ਇਨ੍ਹਾਂ ਨੇ ਜਿਪਸੀਆਂ ਵਰਕਸ਼ਾਪ ਵਿਚ ਖੜ੍ਹਾ ਦਿੱਤੀਆਂ ਅਤੇ ਮਗਰੋਂ ਡਿਸਟ੍ਰਿਕਟ ਲੈਵਲ ਤੇ ਅਫਸਰਾਂ ਨੂੰ ਵੰਡ ਦਿੱਤੀਆਂ ਔਰ ਐਕਸਟਰਾ ਖਰਚ ਪੰਜਾਬ ਦੇ ਖਜ਼ਾਨੇ ਤੇ ਪਾ ਦਿੱਤਾ । ਇਹ ਸੂਮੋ ਗੱਡੀਆਂ ਉਦੋਂ ਦਿੰਦੇ ਜਦੋਂ ਜਿਪਸੀਆਂ ਦੀ ਡੇਟ ਐਕਸਪਾਇਰ ਹੋ ਜਾਂਦੀ ਜਾਂ ਇਹ ਪੂਰੇ ਕਿਲੋਮੀਟਰ ਰੱਨ ਕਰ ਲੈਂਦੀਆਂ । ਫਿਰ ਤਾਂ ਮੈਂ ਸਮਝਦਾ ਸੀ ਕਿ ਇਹ ਬੱਚਤ ਹੋ ਸਕਦੀ ਹੈ । ਸੈਕੰਡਲੀ, ਇਸ ਬਾਰੇ ਮੈਂ ਡੀ. ਜੀ. ਪੀ. ਸਾਹਿਬ ਨੂੰ ਲਿਖਿਆ ਕਿ ਪੰਜਾਬ ਵਿੱਚ ਪੀਸ ਰਿਸਟੋਰ ਹੋ ਗਈ ਹੈ, ਇਸ ਵੇਲੇ ਕਿਸੀ ਕਿਸਮ ਦਾ ਕੋਈ ਖਤਰਾ ਨਹੀਂ ਹੈ, ਤਾਂ ਕੀ ਇਹ ਗੱਡੀਆਂ ਵਾਪਸ ਕੀਤੀਆਂ ਜਾ ਸਕਦੀਆਂ ਹਨ ? ਉਨ੍ਹਾਂ ਨੇ ਕਿਹਾ ਕਿ ਸਾਡੀ ਇੰਟੈਲੀਜੈਂਸ ਦੀ ਰਿਪੋਰਟ ਹੈ ਕਿ ਹਾਲ ਦੀ ਘੜੀ ਇਨ੍ਹਾਂ ਨੂੰ ਵਾਪਸ ਨਾ ਕਰੋ । ਇਸ ਤੇ ਮੈਂ ਦੁਬਾਰਾ ਪਰਪੋਜ਼ਲ ਭੇਜੀ ਕਿ ਜੇ ਤੁਸੀਂ ਸਮਝਦੇ ਹੋ ਕਿ ਸਾਡੇ ਵਿਧਾਇਕ ਅੰਡਰ ਥਰੈਟ ਹਨ ਅਤੇ ਉਨ੍ਹਾਂ ਵਾਸਤੇ ਸੂਮੋ ਗੱਡੀਆਂ ਸਕਿਉਰਟੀ ਪਰਪਜ਼ ਲਈ ਠੀਕ ਨਹੀਂ ਤਾਂ ਇਸ ਬਾਰੇ ਤੁਸੀਂ ਰਿਵਿਊ ਕਰੋ । ਚੇਅਰਮੈਨ ਸਾਹਿਬ ਸੂਮੋ ਗੱਡੀਆਂ ਨਾਲੋਂ ਜਿਪਸੀਆਂ ਸਿਕਿਉਰਟੀ ਪਰਪਜ਼ ਲਈ ਜ਼ਿਆਦਾ ਬੈਟਰ ਹਨ । ਮੈਂ ਇਹ ਗੱਲ ਡਿਸਕਲੋਜ਼ ਕਰ ਰਿਹਾ ਹਾਂ ਕਿ ਛੇ ਮਹੀਨੇ ਸੂਮੋ ਗੱਡੀਆਂ ਦੇਣ ਵਿੱਚ ਡਿਲੇਅ ਹੋਈ ਕਿਉਂਕਿ ਡੀ.ਜੀ.ਪੀ. ਸਾਹਿਬ ਆਪਣੇ ਸਟੈਂਡ ਤੇ ਅੜੇ ਰਹੇ ਔਰ ਸੂਮੋ ਗੱਡੀਆਂ ਉਹ ਅਲਾਓ ਨਹੀਂ ਕਰ ਰਹੇ ਸਨ । ਫਿਰ ਆਖਰਕਾਰ ਪੁਲੀਟੀਕਲ ਪ੍ਰੈਸ਼ਰ ਪਾਇਆ ਕੇ ਅਲਟੀਮੇਟਲੀ ਇਹ ਡਿਸੀਜ਼ਨ ਲੈਣਾ ਪਿਆ । ਚੇਅਰਮੈਨ ਸਾਹਿਬ, ਮੈਂ ਹੋਰ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਪਰ ਜਿਹੜਾ ਸਮਾਂ ਮੈਂਬਰ ਸਾਹਿਬ ਨੇ ਲੈ ਲਿਆ ਹੈ, ਉਸ ਕਰਕੇ ਮੇਰੇ ਸਮੇਂ ਵਿੱਚ ਕੱਟ ਨਾ ਲਗਾਈ ਜਾਵੇ । ਚੇਅਰਮੈਨ ਸਾਹਿਬ, ਹੁਣ ਜਿਪਸੀ ਅਤੇ ਸੂਮੋ ਦੋਨਾਂ ਦੀ ਰਿਪੇਅਰ ਵਾਸਤੇ ਖਰਚ ਦੇਖੋ ਔਰ ਫਿਰ ਫੈਸਲਾ ਦਿਓ । ਜੇ ਇਥੇ ਮੈਂ ਗਲਤ ਹੋਵਾਂਗਾ ਤਾਂ ਮੰਨ ਲਵਾਂਗਾ ।

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਹੀ ਨੂੰ ਸਹੀ ਕਹਿਣਾ ਚਾਹੀਦਾ ਹੈ । ਸੂਮੋ ਗੱਡੀਆਂ ਐਮ. ਐਲ. ਏਜ਼. ਵਾਸਤੇ ਬਹੁਤ ਬੇਹਤਰ ਸਨ ਅਤੇ ਇਸੇ ਕਰਕੇ ਫੈਸਲਾ ਲਿਆ ਗਿਆ ਸੀ ਅਤੇ ਜ਼ੋਰ ਪਾਇਆ ਗਿਆ ਸੀ । ਜਿਸ ਵੇਲੇ ਜਿਪਸੀਆਂ ਐਮ. ਐਲ. ਏ. ਸਾਹਿਬਾਨ ਨੂੰ ਮਿਲੀਆਂ ਸਨ ਤਾਂ ਉਸ ਸਮੇਂ ਉਨ੍ਹਾਂ ਨੂੰ ਸੱਤ ਹਜ਼ਾਰ ਰੁਪਏ ਮਹੀਨਾ ਮਿਲਦਾ ਸੀ ਔਰ ਫਿਰ ਐਮ. ਐਲ. ਏ. ਸਾਹਿਬਾਨ ਆਪਣਾ ਖਰਚ ਆਪ ਕਰਦੇ ਸੀ । ਐਮ.ਐਲ.ਏ. ਦੀਆਂ ਕਈ ਮਜਬੂਰੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੇ ਗੱਡੀ ਆਪਣੇ ਕੰਮ ਵਾਸਤੇ ਤਾਂ ਵਰਤਣੀ ਨਹੀਂ ਹੁੰਦੀ, ਸਗੋਂ ਲੋਕਾਂ ਦੀ ਸੇਵਾ ਕਰਨੀ ਹੁੰਦੀ ਹੈ । ਇਸ ਲੋੜ ਨੂੰ ਪੂਰਾ ਕਰਨ ਲਈ ਹੀ ਇਹ ਗੱਡੀਆਂ ਲਈਆਂ ਗਈਆਂ ਸਨ । ਹੁਣ ਹਰੇਕ ਐਮ. ਐਲ. ਏ. ਨੂੰ 5000/- ਰੁਪਏ ਪ੍ਰਤੀ ਮਹੀਨਾ ਡੀਜ਼ਲ ਵਾਸਤੇ ਮਿਲਦੇ ਹਨ ਤਾਂ ਕਿ ਉਹ ਆਪਣੀ ਲੋੜ ਪੂਰੀ ਕਰ ਸਕੇ । ਇਸ ਤਰ੍ਹਾਂ ਦੋ ਹਜ਼ਾਰ ਰੁਪਿਆ ਮਹੀਨੇ ਦਾ ਬਚਾਇਆ ਗਿਆ ਹੈ । ਸੂਮੋ ਗੱਡੀ ਜਦੋਂ ਕੰਡਮ ਹੋਵੇਗੀ ਤਾਂ ਉਸ ਦੀ ਰੀ ਸੇਲ ਵੈਲਿਊ ਕਾਫੀ ਵੱਧ ਹੈ । ਜਿਪਸੀ ਦੀ ਰੀ ਸੇਲ ਵੈਲਿਊ ਨਹੀਂ ਹੈ । (ਥੰਪਿੰਗ)

ਕਾਮਰੇਡ ਹਰਦੇਵ ਸਿੰਘ ਅਰਸ਼ੀ : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਪਰ ਇਨ੍ਹਾਂ ਦੀ ਗੱਲ ਠੀਕ ਹੈ ਪਰ ਇਹ ਐਜੂਕੇਸ਼ਨ ਬੋਰਡ ਦੀਆਂ ਕਾਰਾਂ ਦੀ ਵੀ ਘੱਟ-ਦੁਰਵਰਤੋਂ ਕਰਿਆ ਕਰਨ ਕਿਉਂਕਿ ਇਨ੍ਹਾਂ ਕੋਲ ਸਰਕਾਰੀ ਕਾਰ ਹੈ ।

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਚੇਅਰਮੇਨ ਸਾਹਿਬ, ਦੋ ਨੁਕਤੇ ਰਹਿ ਗਏ ਹਨ ਜਿਨ੍ਹਾਂ ਤੇ ਮੈਂ ਧਿਆਨ ਕੇਂਦਰਿਤ ਕਰਨਾ ਚਾਹੁੰਦਾ ਹਾਂ। ਚੇਅਰਮੈਨ ਸਾਹਿਬ, ਪੁਲਿਸ ਦਾ ਮਹਿਕਮਾ ਹੈ। ਇਸ ਵਿੱਚ ਬਹੁਤ ਸਾਰਾ ਖਰਚ ਘੱਟ ਕੀਤਾ ਜਾ ਸਕਦਾ ਹੈ। ਮੈਂ ਐਫ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਥੋੜ੍ਹਾ ਜਿਹਾ ਕੰਸਲਟ ਕਰ ਲੈਣ। ਇਸ ਵਿੱਚ ਬਹੁਤ ਸਾਰੇ ਲੋਕਾਂ ਨੂੰ ਸਿਕਿਉਰਟੀ ਦਿੱਤੀ ਹੋਈ ਹੈ। ਇਨ੍ਹਾਂ ਵਿਚੋਂ ਕਈ ਐਸੇ ਲੋਕਾਂ ਨੂੰ ਸਿਕਿਉਰਟੀ ਦਿੱਤੀ ਹੋਈ ਹੈ ਜਿਹੜੇ ਕਿ ਡਿਜ਼ਰਵ ਨਹੀਂ ਕਰਦੇ। ਤੁਸੀਂ ਇਸ ਨੂੰ ਰਿਵਿਊ ਕਰ ਲਓ। ਕਈ ਜਗ੍ਹਾ ਤੇ ਕਾਕਿਆਂ ਨੂੰ ਸਿਕਿਉਰਟੀ ਦਿੱਤੀ ਹੋਈ ਹੈ, ਕਿਤੇ ਪੁਲੀਟੀਕਲ ਬੰਦੇ ਦੇ ਰਿਸ਼ਤੇਦਾਰ ਨੂੰ ਸਿਕਿਉਰਟੀ ਦਿੱਤੀ ਹੋਈ ਹੈ। ਕਿਸੇ ਜਗ੍ਹਾ ਤੇ ਐਮ.ਐਲ.ਏ. ਕੋਲ ਤਾਂ ਤਿੰਨ ਗੰਨਮੈਨ ਹਨ ਅਤੇ ਕਾਕਿਆਂ ਕੋਲ 8-8 ਗੰਨਮੈਨ ਹਨ। ਇਹ ਤਾਂ ਜੰਗਲ ਦਾ ਰਾਜ ਹੈ। ਕੋਈ ਪੁੱਛ ਪੜਤਾਲ ਕਰਨ ਵਾਲਾ ਨਹੀਂ ਹੈ। ਇਹ ਸਾਰਾ ਕੁਝ ਰਿਵਿਊ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਹੈਰਾਨੀ ਹੋਵੇਗੀ ਕਿ ਕਿਸੇ ਜਗ੍ਹਾਂ ਤੇ ਡਿਪਟੀ ਕਮਿਸ਼ਨਰ ਕੋਲ ਛੇ ਸਿਕਿਉਰਟੀ ਗਾਰਡ ਹਨ ਅਤੇ ਕਿਸੇ ਜਗ੍ਹਾ ਤੇ 22 ਸਿਕਿਉਰਟੀ ਗਾਰਡ ਹਨ। ਇਨ੍ਹਾਂ ਨੂੰ ਇਹ ਗੱਲ ਪੁੱਛੋ ਕਿ ਬਈ ਇਸ ਦਾ ਲਾਜਿਕ ਕੀ ਹੈ ? ਡਿਪਟੀ ਕਮਿਸ਼ਨਰ ਸਾਰੀ ਸਟੇਟ ਵਿੱਚ ਇੱਕ ਤਰ੍ਹਾਂ ਦਾ ਹੈ। ਸਾਰੇ ਆਈ. ਏ. ਐਸ. ਅਫਸਰ ਹਨ ਪਰ ਕੋਈ ਛੇ ਗੰਨਮੈਨਾਂ ਨਾਲ ਸਾਰ ਰਿਹਾ ਹੈ, ਕੋਈ ਅਠਾਰ੍ਹਾਂ ਨਾਲ ਸਾਰ ਰਿਹਾ ਹੈ ਅਤੇ ਕੋਈ 22 ਨਾਲ ਸਾਰ ਰਿਹਾ ਹੈ। ਅਲਟੀਮੇਟਲੀ ਇਹ ਖਰਚ ਤਾਂ ਸਰਕਾਰ ਤੇ ਹੀ ਪੈ ਰਿਹਾ ਹੈ। ਕਿਸੇ ਨੂੰ ਗੱਡੀਆਂ ਵੀ ਬਹੁਤ ਦਿੱਤੀਆਂ ਹੋਈਆਂ ਹਨ। ਇਹ ਸਭ ਕੁਝ ਕਿਸ ਵਾਸਤੇ ਦਿੱਤਾ ਹੋਇਆ ਹੈ ? ਇਹ ਗੰਨਮੈਨ ਪੰਜਾਬ ਦੇ ਵਿਚ ਕੋਈ ਬਹੁਤ ਚੰਗਾ ਰੋਲ ਪਲੇਅ ਨਹੀਂ ਕਰ ਰਹੇ। ਜਿਸੇ ਵੇਲੇ ਇਨ੍ਹਾਂ ਨੇ ਰੋਲ ਪਲੇਅ ਕੀਤਾ ਔਰ ਉਸ ਵੇਲੇ ਉਸ ਰੋਲ ਦੇ ਮੁਤਾਬਿਕ ਜਾਂ ਉਨ੍ਹਾਂ ਹਾਲਾਤ ਦੇ ਮੁਤਾਬਿਕ ਅੱਜ ਅਸੀਂ ਜੋ ਏਡਾ ਵੱਡਾ ਖਰਚ ਕਰ ਰਹੇ ਹਾਂ, ਇਸ ਤੇ ਅਸੀਂ ਰਿਵਿਊ ਕਰ ਸਕਦੇ ਹਾਂ।

ਚੇਅਰਮੈਨ ਸਾਹਿਬ, ਮੈਂ ਦੋ ਬੇਨਤੀਆਂ ਹੋਰ ਕਰਕੇ ਸਮਾਪਤੀ ਕਰਨੀ ਚਾਹਾਂਗਾ। ਤੁਸੀਂ ਹੈਰਾਨ ਹੋਵੋਗੇ ਔਰ ਇਸ ਨੂੰ ਵੀ ਐਫ. ਐਮ. ਸਾਹਿਬ ਚੈਕ ਕਰਨ, ਮੈਂ ਇਸ ਵਿੱਚ ਇਹ ਨਹੀਂ ਕਹਿਣਾ ਚਾਹੁੰਦਾ ਕਿ ਪੁਲਿਸ ਦਾ ਕੋਈ ਰੋਲ ਨਹੀਂ ਸੀ। ਪੁਲਿਸ ਦਾ ਬਹੁਤ ਦੇਸ਼ ਭਗਤੀ ਦਾ ਰੋਲ ਰਿਹਾ ਹੈ। ਐਸ. ਪੀ. ਓ. ਤੋਂ ਲੈ ਕੇ ਆਈ. ਪੀ. ਐਸ., ਡੀ. ਆਈ. ਜੀ., ਆਈ. ਜੀ. ਤੱਕ ਸਾਰਿਆਂ ਨੇ ਆਪਣਾ ਸੈਕਰੀਫਾਈਸ ਕੀਤਾ ਹੈ। ਬਹੁਤ ਸਾਰੀਆਂ ਐਂਟਾਇਰ ਫੈਮਲੀਜ਼ ਨੂੰ ਸੈਕਰੀਫ਼ਾਇਸ ਕਰਨਾ ਪਿਆ ਹੈ। ਉਨ੍ਹਾਂ ਦੇ ਅੱਗੇ ਸਾਡਾ ਸਿਰ ਸ਼ਰਧਾ ਦੇ ਨਾਲ ਝੁੱਕਦਾ ਹੈ। ਜਿਸ ਤਰ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਹਨ, ਉਸੇ ਤਰ੍ਹਾਂ ਸਾਡੀ ਪੁਲਿਸ ਦਾ ਸਾਡੇ ਮਨਾਂ ਵਿੱਚ ਸਤਿਕਾਰ ਹੈ। ਲੇਕਿਨ ਪੁਲਿਸ ਦੀ ਜੇਕਰ ਕੋਈ ਗੱਲ ਗਲਤ ਹੋ ਰਹੀ ਹੈ ਤਾਂ ਉਸ ਨੂੰ ਬਾਈਪਾਸ ਨਹੀਂ ਕਰਨਾ ਚਾਹੀਦਾ। ਚੇਅਰਮੈਨ ਸਾਹਿਬ, ਪੁਲਿਸ ਦਾ ਜਿਹੜਾ 50 ਕਰੋੜ ਰੁਪਏ ਦਾ ਖਰਚਾ ਸੀ, ਉਹ ਅੱਜ 800 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਹ 800 ਕਰੋੜ ਰੁਪਿਆ ਉਸ ਵੇਲੇ ਸੀ, ਜਿਸ ਵੇਲੇ ਅੱਤਵਾਦ ਆਪਣੀ ਚਰਮ ਸੀਮਾ ਤੇ ਸੀ। ਹੁਣ ਤਾਂ ਅੱਤਵਾਦ ਪੰਜਾਬ ਦੇ ਵਿੱਚ ਹੈ ਨਹੀਂ। ਜਿਹੜਾ ਇਸ ਵੇਲੇ ਖਰਚ ਹੁੰਦਾ ਹੈ, ਮੈਂ ਸਮਝਦਾ ਹਾਂ, ਹੁਣ ਤਾਂ ਪੰਜਾਬ ਦੇ ਵਿੱਚ ਨਾਰਮੇਲੇਸੀ ਹੈ,

ਸਿਰਫ ਚੌਕਸੀ ਰੱਖਣ ਦੀ ਜ਼ਰੂਰਤ ਹੈ । ਇਸ ਖਰਚ ਨੂੰ ਕਿਸ ਤਰ੍ਹਾਂ ਘੱਟ ਕਰ ਸਕਦੇ ਹਾਂ ਇਸ ਨੂੰ ਥੋੜ੍ਹਾ ਜਿਹਾ ਰਿਵਿਊ ਕਰ ਲਵੋ । ਥੋੜ੍ਹੀ ਜਿਹੀ ਨਰਾਜ਼ਗੀ ਮਿਲੇਗੀ ਲੇਕਿਨ ਕੋਈ ਨਾ ਕੋਈ ਡਾਕਟਰ ਤਾਂ ਆਵੇਗਾ ਹੀ । ਕਿਸੇ ਨੇ ਤਾਂ ਬਿਮਾਰੀ ਦਾ ਅਪ੍ਰੇਸ਼ਨ ਕਰਨਾ ਹੀ ਹੈ । ਅਪ੍ਰੇਸ਼ਨ ਦਰਦ ਜ਼ਰੂਰ ਕਰਦਾ ਹੈ ਲੇਕਿਨ ਅਪ੍ਰੇਸ਼ਨ ਕਰਨ ਤੋਂ ਬਾਅਦ ਜਦੋਂ ਬਿਮਾਰੀ ਜਾਂਦੀ ਰਹਿੰਦੀ ਹੈ ਤਾਂ ਮਰੀਜ਼ ਵੀ ਜਾਨ ਬਚਾਉਣ ਵਾਸਤੇ ਡਾਕਟਰ ਦਾ ਧੰਨਵਾਦ ਕਰਦਾ ਹੈ ਕਿ ਡਾਕਟਰ ਨੇ ਮੈਨੂੰ ਦੁਖੀ ਕਰਨ ਵਾਸਤੇ ਨਹੀਂ ਠੀਕ ਕਰਨ ਵਾਸਤੇ ਅਪ੍ਰੇਸ਼ਨ ਕੀਤਾ ਹੈ । ਇਸ ਵਾਸਤੇ ਥੋੜ੍ਹਾ ਜਿਹਾ ਸਖਤ ਤਾਂ ਹੋਣਾ ਹੀ ਪਵੇਗਾ । ਮੈਂ ਕੁਝ ਹੈਰਾਨੀਜਨਕ ਤੱਥ ਦੱਸਣਾ ਚਾਹੁੰਦਾ ਹਾਂ । ਪੁਲਿਸ ਕੋਲ ਇਸ ਵੇਲੇ ਇੰਨ ਰਨਿੰਗ ਕੰਡੀਸ਼ਨ ਚਾਰ ਹਜ਼ਾਰ ਤੋਂ ਉਪਰ ਗੱਡੀਆਂ ਹਨ । ਇਨ੍ਹਾਂ ਵਿੱਚ ਡਿਫਰੈਂਟ ਤਰ੍ਹਾਂ ਦੀਆਂ ਗੱਡੀਆਂ ਹਨ, ਮੋਟਰ ਸਾਇਕਲ ਵੀ ਹਨ, ਟਰੱਕ ਵੀ ਹਨ, ਬੱਸਾਂ ਵੀ ਹਨ, ਜੀਪਾਂ ਵੀ ਹਨ ਅਤੇ ਕਾਰਾਂ ਵੀ ਹਨ । ਚੇਅਰਮੈਨ ਸਾਹਿਬ, ਤੁਸੀਂ ਹੈਰਾਨ ਹੋਵੋਗੇ ਲੇਕਿਨ ਇਸ ਨੂੰ ਚੈਕ ਕੌਣ ਕਰੇ । ਆਪਾਂ ਪੈਸੇ ਫਟਾਫਟ ਦੇਈ ਜਾਂਦੇ ਹਾਂ ਲੇਕਿਨ ਚੈਕ ਕਰਨ ਵੱਲ ਧਿਆਨ ਨਹੀਂ ਦੇ ਰਹੇ । ਪਿਛਲੇ ਪੰਜ ਸਾਲਾਂ ਵਿਚ 1993–94 ਦੇ ਫਾਈਨਾਂਸ਼ੀਅਲ ਯੀਅਰ ਤੋਂ ਲੈ ਕੇ 1997–98 ਦੇ ਫਾਈਨਾਂਸ਼ੀਅਲ ਯੀਅਰ ਤੱਕ ਇਨ੍ਹਾਂ ਚਾਰ ਹਜ਼ਾਰ ਗੱਡੀਆਂ ਦੀ ਰਿਪੇਅਰ ਦਾ ਜਿਹੜਾ ਖਰਚਾ ਹੈ, ਉਹ 57 ਕਰੋੜ ਤੋਂ ਉਪਰ ਹੈ । ਇਹ ਮੇਰੇ ਕੋਲ ਫਿੱਗਰਾਂ ਹਨ, ਮੈਂ ਗਲਤ ਨਹੀਂ ਬੋਲ ਰਿਹਾ । ਮੈਂ ਜ਼ਿਮੇਂਵਾਰੀ ਨਾਲ ਇਹ ਦੱਸ ਰਿਹਾ ਹਾਂ । ਇਨ੍ਹਾਂ ਗੱਡੀਆਂ ਤੇ 57,95,25,317 ਰੁਪਏ ਖਰਚ ਹੋਏ ਹਨ । ਮੇਰਾ ਖਿਆਲ ਹੈ ਇੰਨੀ ਵੱਡੀ ਅਮਾਊਂਟ ਨਾਲ ਤਾਂ ਨਵੀਆਂ ਗੱਡੀਆਂ ਲੈ ਸਕਦੇ ਸੀ । ਇੰਨਾਂ ਰਿਪੇਅਰ ਤੇ ਖਰਚ ਹੋਇਆ, ਜਾਂ ਨਹੀਂ ਇਹ ਬਿੱਲ ਡੁਪਲੀਕੇਟ ਬਣਾਏ, ਨਜਾਇਜ਼ ਪੈਸੇ ਖਰਚੇ, ਕਿਸ ਨੇ ਇਹ ਖਰਚ ਕੀਤਾ ਹੈ ਜਾਂ ਕਿਸੇ ਵਿਸ਼ੇਸ਼ ਮਜਬੂਰੀ ਦੇ ਵਿੱਚ ਕੀਤਾ, ਮੇਰੀ ਬੇਨਤੀ ਹੈ ਕਿ ਘੱਟੋ ਘੱਟ ਇਸ ਨੂੰ ਚੈਕ ਤਾਂ ਕਰ ਲਈਏ । ਹੋਰ ਇੰਟਰੱਸਟਿੰਗ ਗੱਲ ਹੈ, ਲਿਖਿਆ ਗਿਆ ਹੈ ਕਿ ਚਾਰ ਕਰੋੜ ਰੁਪਏ ਦਾ ਬਕਾਇਆ ਹੈ ਜਿਹੜਾ ਕਿ ਪੈਟਰੋਲ ਵਗੈਰਾ ਦਾ ਹੈ ਲੇਕਿਨ ਸਾਡੀ ਜਾਣਕਾਰੀ ਵਿੱਚ ਇਹ 2,91,14,377 ਰੁਪਏ ਦਾ ਬਕਾਇਆ ਹੈ । ਤੁਸੀਂ ਬੜੇ ਹੈਰਾਨ ਹੋਵੋਂਗੇ ਕਿ ਇੱਕ ਦਮ ਇੰਨਾ ਪੈਸਾ ਕਿਵੇਂ ਵਧ ਗਿਆ । ਇੱਕ ਗੱਲ ਕਹਿਣੀ ਮੈਂ ਭੁੱਲ ਗਿਆ ਸੀ, ਚੇਅਰਮੈਨ ਸਾਹਿਬ, ਜਿਹੜਾ 57 ਕਰੋੜ ਰੁਪਿਆ ਰਿਪੇਅਰ ਦਾ ਹੈ, ਇਸ ਵਿੱਚ ਤੁਸੀਂ ਦੇਖੋਗੇ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ 214 ਗੱਡੀਆਂ ਹਨ । ਇਹ ਕੰਡਮ ਕੱਢ ਕੇ ਰਨਿੰਗ ਕੰਡੀਸ਼ਨ ਵਿੱਚ ਜੋ ਹਨ, ਇਨ੍ਹਾਂ ਤੇ ਪੰਜ ਸਾਲ ਦੀ ਰਿਪੇਅਰ 3,43,16,936 ਰੁਪਏ ਹੈ । ਤੁਸੀਂ ਦੇਖੋ ਕਿ ਕੀ ਇਹ ਜਸਟੀਫਾਈਡ ਹੈ ਕਿ ਇੰਨੀਂ ਵੱਡੀ ਮਾਤਰਾ ਵਿੱਚ ਖਰਚ ਹੋ ਸਕਦਾ ਹੈ । ਜਲੰਧਰ ਕੋਲ 240 ਗੱਡੀਆਂ ਹਨ । ਇਹ ਅੰਮ੍ਰਿਤਸਰ ਨਾਲੋਂ ਥੋੜ੍ਹੇ ਜਿਹੇ ਨੰਬਰਾਂ ਦਾ ਹੀ ਫਰਕ ਹੈ, ਕੋਈ ਸੈਂਕੜੇ ਨੰਬਰਾਂ ਦਾ ਫਰਕ ਨਹੀਂ ਹੈ । ਇਥੇ 240 ਗੱਡੀਆਂ ਦੀ ਰਿਪੇਅਰ ਦਾ ਖਰਚਾ 5,67,75,932 ਰੁਪਏ ਹੈ । ਇਹ ਲਿਸਟ ਤਾਂ ਬਹੁਤ ਲੰਬੀ ਹੈ । ਮੈਂ ਹੋਰ ਹੈਰਾਨੀਜਨਕ ਜਾਣਕਾਰੀ ਦਿੰਦਾ ਹਾਂ ਕਿ ਕਈ ਜਗ੍ਹਾ ਗੱਡੀਆਂ ਦਰਜਨਾਂ ਤੋਂ ਵੀ ਘੱਟ ਹਨ ਲੇਕਿਨ ਖਰਚ ਬਹੁਤ ਜ਼ਿਆਦਾ ਹੈ । ਉਨ੍ਹਾਂ ਨੂੰ ਕਿਸੇ ਨਾ ਕਿਸੇ ਸਟੇਜ ਤੇ ਆਪਾਂ ਚੈਕ ਕਰੀਏ । ਟੈਲੀਫੂਨਾਂ ਨੂੰ ਚੈਕ ਕਰੀਏ ਜਿਹੜਾ ਇਸ ਤਰ੍ਹਾਂ ਪੈਟਰੋਲ ਤੇ ਖਰਚ ਹੋ ਰਿਹਾ ਹੈ, ਉਸ ਨੂੰ ਚੈਕ ਕਰਨ ਦੀ ਕੋਸ਼ਿਸ਼ ਕਰੀਏ ।

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਆਖਰ ਦੇ ਵਿੱਚ ਇੱਕ ਅੱਧਾ ਨੁਕਤਾ ਰਹਿ ਗਿਆ ਹੈ। ਇਹ ਬੜੀ ਛੋਟੀ ਜਿਹੀ ਅਮਾਉਂਟ ਹੈ। ਇੱਕ ਹੀ ਵਿਭਾਗ ਹੈ ਜਿਸ ਦਾ ਸਾਨੂੰ ਸਮੁੱਚੇ ਸਦਨ ਨੂੰ ਧੰਨਵਾਦ ਕਰਨਾ ਚਾਹੀਦਾ ਹੈ। ਇਹ ਹੈ ਕਿਰਤ ਅਤੇ ਰੁਜ਼ਗਾਰ। ਇਸ ਦੀ 16 ਨੰਬਰ ਮੰਗ ਹੈ। ਇਨ੍ਹਾਂ ਦੀ ਇੱਕ ਹੀ ਮੰਗ ਰੱਖੀ ਹੈ ਕਿ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਹੈ ਔਰ ਇਸ ਨਾਲ ਸੋਧੇ ਪੇ ਸਕੇਲਾਂ ਵਾਸਤੇ ਏਰੀਅਰਜ਼ ਦੇਣੇ ਪਏ ਹਨ। ਬਾਕੀ ਹੋਰ ਕੋਈ ਪੈਸਾ ਨਹੀਂ ਹੈ। ਜਿੱਥੇ ਇਸ ਦਾ ਮੈਂ ਧੰਨਵਾਦ ਕਰਦਾ ਹਾਂ, ਉਥੇ ਐਫ. ਐਮ. ਸਾਹਿਬ ਇਸ ਦੀ ਨੁਕਤਾਚੀਨੀ ਵੀ ਹੈ। ਮੈਨੂੰ ਤਾਂ ਲਗਦਾ ਹੈ ਕਿ ਜੇ ਵਿਭਾਗ ਹੋਰ ਮਾੜਾ ਮੋਟਾ ਵੀ ਖਰਚ ਨਹੀਂ ਕਰ ਰਿਹਾ ਹੈ ਤਾਂ ਇਸ ਦਾ ਮਤਲਬ ਹੈ ਕਿ ਇਹ ਕੰਮ ਨਹੀਂ ਕਰ ਰਿਹਾ ਮੈਨੂੰ ਲਗਦਾ ਹੈ ਕਿ ਉਹ ਉਥੇ ਹੋਰ ਕੋਈ ਖਰਚ ਨਹੀਂ ਕਰ ਰਹੇ। ਲੇਕਿਨ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ, ਲੇਬਰ ਇੰਸਪੈਕਟਰਾਂ ਦੇ ਬਾਰੇ ਵਿੱਚ, ਜਿਹੜੀ ਇਨ੍ਹਾਂ ਦੀ ਡਿਊਟੀ ਬਣਦੀ ਹੈ ਉਹ ਕਰ ਰਹੇ ਹਨ ਜਾਂ ਨਹੀਂ ਪਰ ਇਹ ਵਿਜ਼ਿਟ ਕਰਨ ਜਾਂਦੇ ਹਨ ਮਹੀਨੇ ਦੇ ਵਿਚ ਇਕ ਵਾਰੀ। ਸ਼ਿਕਾਇਤ ਸਿਰਫ਼ ਇਹੋ ਹੀ ਹੈ ਕਿ ਜਿਹੜੇ ਲੇਬਰ ਇੰਸਪੈਕਟਰ ਫੈਕਟਰੀਆਂ ਵਿੱਚ ਜਾਂਦੇ ਹਨ, ਇਹ ਮਹੀਨੇ ਬਾਅਦ ਤਾਂ ਫੈਕਟਰੀਆਂ ਵਿਚ ਜਾਂਦੇ ਹਨ, ਹੋਰ ਮੈਂ ਜ਼ਿਆਦਾ ਨਹੀਂ ਕਹਿੰਦਾ। ਲੇਕਿਨ ਜਿਹੜਾ ਫੈਕਟਰੀ ਨੂੰ ਰੋਜ਼ਾਨਾ ਚੈਕ ਕਰਨਾ ਹੈ ਕਿ ਕੀ ਗੌਰਮਿੰਟ ਵਲੋਂ ਡਿਕਲੇਅਰਡ ਮਿਨੀਮਮ ਵੇਜਿਜ਼ ਉਥੇ ਲਾਗੂ ਹੋ ਰਹੇ ਹਨ, ਕੀ ਡੀ. ਸੀ. ਰੇਟ ਲਾਗੂ ਹੋ ਰਹੇ ਹਨ? ਕਾਰਖਾਨੇ ਦਾ ਮਾਲਕ ਹੈ? ਵਰਕਰ ਹਨ ਉਨ੍ਹਾਂ ਦੀ ਹਾਜ਼ਰੀ ਲਗ ਰਹੀ ਹੈ? ਉਨ੍ਹਾਂ ਦਾ ਜੀ. ਪੀ. ਫੰਡ ਕੱਟਿਆ ਜਾ ਰਿਹਾ ਹੈ ਜਾਂ ਨਹੀਂ? ਇਹ ਸਭ ਕੁਝ ਉਥੇ ਨਹੀਂ ਹੋ ਰਿਹਾ। ਅਗਰ ਲੇਬਰ ਵਿਭਾਗ ਇਨਾ ਸੁਚੇਤ ਤੇ ਜ਼ਿੰਮੇਂਵਾਰੀ ਨਿਭਾਉਣ ਵਾਲਾ ਹੁੰਦਾ ਤਾਂ ਜਿਹੜੀ ਓ. ਸੀ. ਐਮ. ਮਿੱਲ ਵਿਚ ਹੜਤਾਲ ਚਲ ਰਹੀ ਹੈ, ਉਹ ਮੇਰਾ ਖਿਆਲ ਹੈ ਕਿ ਮੁੱਕ ਗਈ ਹੁੰਦੀ। ਇਸ ਵਿਭਾਗ ਨੂੰ ਬੇਨਤੀ ਕਰੀਏ ਕਿ ਸਾਡੇ ਕੋਲੋਂ ਥੋੜ੍ਹਾ ਬਹੁਤਾ ਖਰਚਾ ਲੈ ਲਵੋ, ਬਜਾਏ ਇਧਰ ਉਧਰ ਕਰਨ ਦੇ। ਲੇਕਿਨ ਜੋ ਇਸਦੀ ਜ਼ਿੰਮੇਂਵਾਰੀ ਲਾਈ ਹੈ ਉਸ ਨੂੰ ਨਿਭਾਣ ਦਾ ਯਤਨ ਕਰੇ।

ਅਗਲੀ ਗੱਲ ਚੇਅਰਮੈਨ ਸਾਹਿਬ, ਸਥਾਨਿਕ ਸਰਕਾਰਾਂ ਬਾਰੇ ਹੈ। ਇਹ ਦੋ ਵਿਭਾਗ ਆਪਸ ਵਿਚ ਜੁੜੇ ਹੋਏ ਹਨ। ਸਥਾਨਕ ਸਰਕਾਰ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ। ਇਨ੍ਹਾਂ ਦੋਨਾਂ ਦੀ ਮੰਗ ਇੱਕਠੀ ਹੈ, ਕਿਸੇ ਵੇਲੇ ਦੋਨੋਂ ਇਕੱਠੇ ਹੁੰਦੇ ਸਨ, ਹੁਣ ਸੈਪਰੇਟ ਸੈਪਰੇਟ ਹਨ। ਲੇਕਿਨ ਹੁਣ ਮੰਗ ਦੋਨਾਂ ਵਿਭਾਗਾਂ ਦੀ ਇਕੱਠੀ ਕੀਤੀ ਜਾ ਰਹੀ ਹੈ। ਇਸ ਦੇ ਬਾਰੇ ਚੇਅਰਮੈਨ ਸਾਹਿਬ, ਸਵੇਰੇ ਵੀ ਇਥੇ ਕਾਫ਼ੀ ਵਾਦ ਵਿਵਾਦ ਹੋਇਆ, ਕਾਫੀ ਗਰਮਾ ਗਰਮੀ ਹੋਈ ਅਤੇ ਸਬੰਧਤ ਮੰਤਰੀ ਲੋਕਲ ਬਾਡੀਜ਼ ਜੋ ਹਨ, ਉਨ੍ਹਾਂ ਨੇ ਕਿਹਾ ਕਿ ਸ਼ਹਿਰਾਂ ਦੀ ਡਿਵੈਲਪਮੈਂਟ ਰੁਕੀ ਹੋਈ ਹੈ, ਇਸ ਦੇ ਵਾਸਤੇ ਪੈਸਾ ਚਾਹੀਦਾ ਹੈ। ਲੋਕ ਵਾਰ ਵਾਰ ਆਉਂਦੇ ਹਨ ਕਿ ਸਾਡੇ ਸੀਵਰੇਜ਼ ਠੀਕ ਨਹੀਂ ਹਨ, ਸਟਰੀਟ ਲਾਈਟਾਂ ਠੀਕ ਨਹੀਂ ਹਨ, ਸਾਡੀ ਰੋਡਜ਼ ਦੀ ਕੰਡੀਸ਼ਨ ਠੀਕ ਨਹੀਂ ਹੈ, ਵਾਟਰ ਸਪਲਾਈ ਠੀਕ ਨਹੀਂ ਹੈ, ਉਸ ਦੇ ਵਾਸਤੇ ਜੇਕਰ ਅਸੀਂ ਚੁੰਗੀ ਵਧਾਉਂਦੇ ਹਾਂ ਤਾਂ ਫਿਰ ਇਹ ਅਸੀਂ ਆਪਣੇ ਕੋਲ ਤਾਂ ਲੈ ਕੇ ਨਹੀਂ ਜਾਂਦੇ, ਬਲਕਿ ਉਸੇ ਸ਼ਹਿਰ ਦੇ ਵਿਕਾਸ ਦੇ ਕੰਮਾਂ ਦੇ ਉਤੇ ਖਰਚ ਕਰਦੇ ਹਾਂ। ਚੇਅਰਮੈਨ ਸਾਹਿਬ, ਇਕ ਇੰਟਰਸਟਿੰਗ ਗੱਲ ਹੈ ਜਿਸ ਤੇ ਤੁਸੀਂ ਵੀ ਹੈਰਾਨ ਹੋਵੋਗੇ। ਮੈਂ ਐਫ. ਐਮ. ਸਾਹਿਬ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿਉਂਕਿ ਇਨ੍ਹਾਂ ਦੇ ਕੋਲ

ਤਾਂ ਖਜ਼ਾਨੇ ਦੀਆਂ ਚਾਬੀਆਂ ਹਨ ਔਰ ਇਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਹੈ । ਫਿਰ ਮਜਬੂਰੀ ਕੀ ਹੈ ? ਇਹ ਪਵਿੱਤਰ ਸੋਦਨ ਸਭ ਤੋਂ ਵੱਡਾ ਹੈ । ਇਸ ਦਾ ਕੀਤਾ ਹੋਇਆ ਫੈਸਲਾ, ਜਿਸਦੀ ਕੋਈ ਵੀ ਸਰਕਾਰ ਕੋਈ ਵੀ ਮੰਤਰੀ ਉਲੰਘਣਾ ਕਰੇ ਤਾਂ ਫਿਰ ਇਸ ਪਵਿੱਤਰ ਸਦਨ ਦੀ ਉਲੰਘਣਾ ਹੈ ਔਰ ਇਹ ਉਲੰਘਣਾ ਲਗਾਤਾਰ ਪੰਜਾਬ ਸਰਕਾਰ ਕਰ ਰਹੀ ਹੈ ਔਰ ਆਪਣੀ ਜ਼ਿੰਮੇਵਾਰੀ ਨਿਭਾ ਨਹੀਂ ਰਹੀ । ਦੂਸਰੇ ਪਾਸੇ ਜਿਹੜਾ ਭਾਰ ਚੁੰਗੀ ਵਧਾ ਕੇ 100% ਤੋਂ 200%, 300% ਤੱਕ ਇਨਕਰੀਜ਼ ਕਰਕੇ ਗਰੀਬ ਲੋਕਾਂ ਤੇ ਪਾਇਆ ਜਾ ਰਿਹਾ ਹੈ, ਜਿਹੜੀ 73/74 ਵੀਂ ਅਮੈਂਡਮੈਂਟ ਸੰਵਿਧਾਨ ਵਿਚ ਕੀਤੀ ਸੀ ਉਸ ਨੂੰ ਸਾਰਿਆਂ ਨੇ ਵੈਲਕਮ ਕੀਤਾ ਸੀ । ਉਹ ਸਰਵਸੰਮਤੀ ਨਾਲ ਪਾਸ ਹੋਈ ਸੀ । ਉਸ ਵਿਚ ਲੋਕਲ ਬਾਡੀਜ਼ ਨੂੰ ਵੱਧ ਅਧਿਕਾਰ ਦੇਣ ਦਾ ਸਵਾਲ ਸੀ, ਵੱਧ ਫਾਈਨੈਂਸ਼ੀਅਲ ਅਧਿਕਾਰ ਦੇਣ ਦਾ ਸਵਾਲ ਸੀ, ਉਸੇ ਅਮੈਂਡਮੈਂਟ ਦੇ ਤਹਿਤ 5 ਸਾਲ ਲਈ ਫਾਈਨਾਂਸ ਕਮਿਸ਼ਨ ਬਣਾਇਆ ਗਿਆ ਸੀ । ਉਹ ਪੰਜਾਬ ਦੀ ਪਿਛਲੀ ਸਰਕਾਰ ਨੇ ਬਣਾਇਆ ਸੀ । ਸ਼ਾਇਦ ਦਸੰਬਰ, ਸ਼ਾਇਦ ਤਾਂ ਵਰਤ ਰਿਹਾ ਹਾਂ ਕਿਉਂਕਿ ਮੈਨੂੰ ਐਗਜ਼ੈਕਟ ਡੇਟ ਮੰਥ ਯਾਦ ਨਹੀਂ ਪਰ ਦਸੰਬਰ 1996 ਯੀਅਰ ਯਾਦ ਹੈ, ਉਸ ਦੀ ਰਿਪੋਰਟ ਇਸ ਹਾਊਸ ਦੇ ਵਿਚ ਲੇਅ ਹੋਈ ਸੀ । ਸਾਡਾ ਆਪੋਜ਼ੀਸ਼ਨ ਵਾਲਿਆਂ ਦਾ ਇਤਰਾਜ਼ ਸੀ ਕਿ ਉਸ ਦੇ ਜਿਹੜੇ 5 ਟੈਕਸ ਹਨ, ਫੈਸਲਾ ਕੀਤਾ ਗਿਆ ਸੀ ਕਿ 5 ਟੈਕਸਾਂ ਦਾ 20% ਸ਼ੇਅਰ ਮਿਊਂਸਪੈਲਟੀਆਂ ਨੂੰ ਦਿੱਤਾ ਜਾਵੇ ਔਰ ਅਸੀਂ ਮੰਗ ਕਰਦੇ ਸੀ ਕਿ ਇਹ ਘੱਟ ਹੈ ਇਹ 50 % ਹੋਵੇ ਜਾਂ ਫਿਰ 40% ਤਾਂ ਹੋਣਾ ਚਾਹੀਦਾ ਹੈ । ਇਸ ਹਾਊਸ ਨੇ ਸਾਡੀ ਬੇਨਤੀ ਪ੍ਰਵਾਨ ਨਾ ਕਰਦੇ ਹੋਏ ਇਹ ਕਹਿ ਦਿੱਤਾ ਕਿ ਤੁਸੀਂ ਇਸ ਨੂੰ ਸਰਬਸੰਮਤੀ ਨਾਲ ਪਾਸ ਹੋਣ ਦਿਉ, ਘੱਟੋ ਘੱਟ ਕੁਝ ਤਾਂ ਦੇ ਹੀ ਰਹੇ ਹਾਂ । ਅਸੀਂ ਸਰਬਸੰਮਤੀ ਨਾਲ ਪਾਸ ਕਰ ਦਿਤਾ । ਇਸ ਦੇ ਪਾਸ ਕਰਨ ਦਾ ਨਤੀਜਾ ਕੀ ਨਿਕਲਿਆ ? ਇਹ ਮੈਂ ਐਫ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਸ ਬਾਰੇ ਕੀ ਕਹਿਣਗੇ ? ਜਦੋਂ ਹਾਊਸ ਨੇ ਕਿਸੇ ਚੀਜ਼ ਤੇ ਮੋਹਰ ਲਗਾ ਦਿੱਤੀ ਤਾਂ ਤੁਸੀਂ ਫਿਰ ਉਸ ਨੂੰ ਕਿਵੇਂ ਰੋਕ ਸਕਦੇ ਹੋ ? ਹੁਣ 1998-99 ਦਾ ਫਾਈਨੈਂਸ਼ੀਅਲ ਯੀਅਰ ਖਤਮ ਹੋਣ ਜਾ ਰਿਹਾ ਹੈ । ਜਿਹੜੇ 5 ਟੈਕਸ ਹਨ, ਇਸ ਫਾਇਨਾਂਸ ਕਮਿਸ਼ਨ ਦੀ ਰਿਪੋਰਟ ਦੇ ਅਨੁਸਾਰ, ਇਸ ਹਾਊਸ ਦੀ ਮੋਹਰ ਲੱਗੀ ਹੈ, ਉਸ ਅਨੁਸਾਰ ਲੋਕਲ ਬਾਡੀਜ਼ ਨੂੰ ਮਿਊਂਸਪੈਲਟੀਆਂ, ਕਾਰਪੋਰੇਸ਼ਨਾਂ ਨੂੰ ਉਨ੍ਹਾਂ ਦਾ 20% ਸ਼ੇਅਰ ਬਣਦਾ ਹੈ । ਉਹ ਰਕਮ 78 ਕਰੋੜ ਰੁਪਏ ਬਣਦੀ ਹੈ । ਇਹ ਤੁਹਾਡਾ ਹੀ ਫੈਸਲਾ ਹੈ, ਹਾਊਸ ਦਾ ਫੈਸਲਾ ਹੈ । ਸਰਕਾਰਾਂ ਆਉਂਦੀਆਂ ਹਨ, ਚਲੀਆਂ ਜਾਂਦੀਆਂ ਹਨ ਲੇਕਿਨ ਜੋ ਇਸ ਹਾਊਸ ਨੇ ਕੋਈ ਚੀਜ਼ ਅਡਾਪਟ ਕਰ ਲਈ ਉਸ ਦੇ ਉੱਤੇ ਪਹਿਰਾ ਦੇਣ ਦਾ ਫਰਜ਼ ਹਰ ਸਰਕਾਰ ਦਾ ਬਣਦਾ ਹੈ । ਇਹ 78 ਕਰੋੜ ਰੁਪਿਆ ਬਣਦਾ ਸੀ । ਅਸੀਂ ਵਾਰ ਵਾਰ ਮੰਤਰੀਆਂ ਕੋਲ ਜਾਂਦੇ ਹਾਂ ਕਿ ਸਾਡੇ ਸ਼ਹਿਰ ਦੀਆਂ ਗਲੀਆਂ ਠੀਕ ਨਹੀਂ, ਸੜਕਾਂ ਠੀਕ ਨਹੀਂ । ਪਰ ਹੁਣ ਤੁਸੀਂ ਹੈਰਾਨ ਹੋਵੋਗੇ ਕਿ ਇਨ੍ਹਾਂ ਦਿੱਤਾ 20 ਕਰੋੜ ਰੁਪਿਆ । ਹੁਣ ਤਾਂ ਇਹ ਫਾਇਨਾਂਸ਼ੀਅਲ ਸਾਲ ਖਤਮ ਹੋਣ ਵਾਲਾ ਹੈ । 78 ਕਰੋੜ ਰੁਪਏ ਵਿਚੋਂ ਸਿਰਫ 20 ਕਰੋੜ ਰੁਪਿਆ । ਇਸ ਦੇ ਲਈ ਤੁਹਾਡੇ ਕੋਲ ਕੀ ਲਾਜਿਕ ਹੈ, ਤੁਸੀਂ ਸਾਨੂੰ ਕਿਸ ਤਰਾਂ ਕੰਨਵਿੰਸ ਕਰੋਗੇ ? ਸਾਰੇ ਸ਼ਹਿਰਾਂ ਦੇ ਡਿਵੈਲਪਮੈਂਟ ਦੇ ਕੰਮ ਰੁਕੇ ਪਏ ਹਨ । ਅਗਰ ਸਬੰਧਤ ਅਫਸਰਾਂ ਦੇ ਨਾਲ ਗੱਲ ਕਰੀਏ ਤਾਂ ਉਹ ਕਹਿੰਦੇ ਹਨ ਕਿ ਸ਼ਹਿਰਾਂ ਦੇ ਵਿੱਚ ਪ੍ਰੈਸ਼ਰ ਬੜਾ ਵਧ ਗਿਆ ਹੈ ਔਰ ਪਾਪੂਲੇਸ਼ਨ ਬਹੁਤ ਵਧ ਗਈ ਹੈ, 27% ਤੋਂ 36% ਤੱਕ ਇਨਕਰੀਜ਼ ਹੋ ਗਈ ਹੈ । ਅਗਰ ਅਸੀਂ ਟੋਟਲ ਪ੍ਰਾਜੈਕਟ ਰਿਪੋਰਟ ਨੂੰ ਲਾਗੂ ਕਰੀਏ, ਤਾਂ ਉਹ ਕਹਿੰਦੇ ਹਨ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਕਿ ਇਸ ਦੇ ਲਈ 25 ਹਜ਼ਾਰ ਕਰੋੜ ਰੁਪਿਆ ਮੇਜਰ ਸ਼ਹਿਰਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਾਸਤੇ ਚਾਹੀਦਾ ਹੈ ।

ਇਹ ਬਹੁਤ ਵੱਡੀ ਅਮਾਊਂਟ ਹੈ । ਪਤਾ ਨਹੀਂ ਮਿਲੇ ਜਾਂ ਨਾ ਮਿਲੇ । ਚਲੋ ਕੁਝ ਬੋਝ ਲੋਕਾਂ ਤ ਵੀ ਪੈਣਾ ਚਾਹੀਦਾ ਹੈ । ਪਰ ਤੁਹਾਨੂੰ ਵੀ ਦੇਣਾ ਚਾਹੀਦਾ ਹੈ । ਸ਼ਾਇਦ ਅਸੀਂ ਲੋਕਾਂ ਨੂੰ ਕਹਿ ਸਕੀਏ ਕਿ ਪੰਜਾਬ ਸਰਕਾਰ ਇਹ ਦੇ ਰਹੀ ਹੈ । ਲਿਆ ਤਾਂ ਤੁਸੀਂ ਲੋਕਾਂ ਤੋਂ ਟੈਕਸਾਂ ਦੇ ਰੂਪ ਵਿਚ ਹੀ ਹੈ, ਉਹੀ ਦੇਣਾ ਹੈ । ਪਿਛਲੇ ਸਾਲ ਦੀਆਂ ਜੋ ਪ੍ਰਾਪਤੀਆਂ ਬਣੀਆਂ ਹਨ, ਪਿਛਲੇ ਸਾਲ ਬਣਦਾ ਸੀ ਦੇਣਾ 58 ਕਰੋੜ, ਉਸ ਮੁਕਾਬਲੇ 35 ਕਰੋੜ ਦਿੱਤਾ ਹੈ । ਉਹ ਵੀ ਵੱਧ ਮਿਲਣਾ ਚਾਹੀਦਾ ਸੀ । ਉਗਰਾਹੀ ਜ਼ਿਆਦਾ ਕੀਤੀ ਗਈ ਹੈ, 20% ਦਾ ਸ਼ੇਅਰ ਤਾਹੀਓਂ ਵਧਿਆ ਹੈ । ਪੰਜ ਟੈਕਸਾਂ ਤੋਂ ਰੈਵੀਨਿਊ ਰਿਸੀਟ ਇਨਕਰੀਜ਼ ਹੋਏ ਹਨ । ਦਿਲਚਸਪੀ ਵਾਲੀ ਗੱਲ ਹੈ ਕਿ ਸ਼ਰਾਬ ਵਗੈਰਾ ਵਿੱਕਦੀ ਹੈ, ਇਸ ਤੇ ਐਕਸਾਈਜ਼ ਟੈਕਸ ਲਗਦਾ ਹੈ । ਇਸ ਵਿਚ ਕੁਝ ਪਰਸੈਂਟ ਮਿਊਂਸਪੈਲਟੀਆਂ ਦਾ ਸ਼ੇਅਰ ਹੁੰਦਾ ਹੈ, ਇਹ ਮੇਰੀ ਜਾਣਕਾਰੀ ਵਿਚ ਨਹੀਂ । ਇਸ ਮੁਤਾਬਿਕ ਜਿੰਨਾ ਪੈਸਾ ਉਨ੍ਹਾਂ ਦੇ ਨਾਂ ਤੇ ਇਕੱਠਾ ਕੀਤਾ ਜਾ ਰਿਹਾ ਹੈ ਉਹ 75 ਕਰੋੜ ਰੁਪਿਆ ਹੈ ਜਿਹੜਾ ਦਿੱਤਾ ਜਾਣਾ ਬਣਦਾ ਹੈ ਪਰ ਉਹ ਵੀ 45 ਕਰੜ ਦਿੱਤਾ ਜਾ ਰਿਹਾ ਹੈ । ਇਸ ਤਰ੍ਹਾਂ 26 ਕਰੋੜ ਸਮਥਿੰਗ 27 ਕਰੋੜ ਦੇ ਬਿੱਲ ਇਨ੍ਹਾਂ ਨੇ ਝੱਟ ਮੰਨਜ਼ੂਰ ਕਰ ਲਏ । ਜਿਸ ਵੇਲੇ ਸਥਾਨਕ ਸਰਕਾਰ ਵਾਲੇ ਇਨ੍ਹਾਂ ਨੂੰ ਕੈਸ਼ ਕਰਾਉਣ ਲਈ ਖਜ਼ਾਨੇ ਵਿਚ ਲੈ ਕੇ ਗਏ ਤਾਂ ਚਿੱਟਾ ਜਵਾਬ ਦੇ ਦਿੱਤਾ ਕਿ ਸਾਡੇ ਕੋਲ ਪੈਸੇ ਨਹੀਂ, ਪਾਈਪ ਲਾਈਨ ਵਿਚ ਹਨ । ਮੇਰਾ ਖਿਆਲ ਹੈ ਕਿ ਪੈਸੇ ਪਾਈਪ ਲਾਈਨ ਵਿਚ ਹੀ ਰਹਿਣੇ ਹਨ । ਇਹ ਗੱਲ ਵੀ ਠੀਕ ਨਹੀਂ । ਤੁਸੀਂ ਲੋਕਾਂ ਤੇ ਭਾਰ ਪਾਉਣ ਦੀ ਬਜਾਏ ਕਿਰਪਾ ਕਰਕੇ ਹਾਊਸ ਦਾ ਫੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕਰੋ । ਮੈਂ ਜਿਹੜੀਆਂ ਜਿਹੜੀਆਂ ਬੇਨਤੀਆਂ ਕੀਤੀਆਂ ਹਨ, ਚੇਅਰਮੈਨ ਸਾਹਿਬ, ਮੈਨੂੰ ਆਸ ਹੈ ਕਿ ਉਨ੍ਹਾਂ ਵੱਲ ਐਫ. ਐਮ. ਸਾਹਿਬ ਸਾਰੀਆਂ ਵੱਲ, ਧਿਆਨ ਦੇਣਗੇ । ਜੇ ਡਿਪਾਰਟਮੈਂਟ ਦੀ ਮਜਬੂਰੀ ਹੈ ਤਾਂ ਘੱਟੋ-ਘੱਟ ਤੁਸੀਂ ਉਸ ਨੂੰ ਕੰਸਲੀਟ ਕਰ ਸਕਦੇ ਹੋ ।ਤਿੰਨ ਇਨਸਟਾਲਮੈਂਟਾਂ ਨੂੰ ਤੁਹਾਡੀ ਮਨਜ਼ੂਰੀ ਦੀ ਕੋਈ ਜ਼ਰੂਰਤ ਨਹੀਂ । ਤੁਸੀਂ ਡਿਪਾਰਟਮੈਂਟ ਨੂੰ ਐਲੋਕੇਸ਼ਨ ਦੇ ਦਿੱਤੀ । ਉਨ੍ਹਾਂ ਦੇ ਸਬੰਧਤ ਅਫਸਰ, ਜਿਨ੍ਹਾਂ ਕੋਲ ਡੀ. ਡੀ. ਪਾਵਰਜ਼ ਹਨ, ਉਹ ਤਿੰਨ ਇਨਸਟਾਲਮੈਂਟਾਂ ਨਿਕਲਵਾ ਸਕਦੇ ਹਨ । ਚੌਥੀ ਇਨਸਟਾਲਮੈਂਟ ਵਾਸਤੇ ਵਿੱਤ ਵਿਭਾਗ ਤੋਂ ਮੰਨਜ਼ੂਰੀ ਲੈਣੀ ਪੈਂਦੀ ਹੈ । ਇਸ ਬਾਰੇ ਲੋਕਾਂ ਵਿਚ ਇਕ ਰੌਲਾ ਉਠਦਾ ਹੈ ਕਿ ਪੀ. ਡਬਲਿਊ. ਡੀ. ਵਿਭਾਗ ਨੂੰ 20-25 ਕਰੋੜ ਰੁਪਿਆ ਦੇ ਦਿੱਤਾ ਹੈ । ਇਨ੍ਹਾਂ ਦੇਣ ਦਾ ਕੀ ਲਾਜਿਕ ਹੈ ? ਇਸੇ ਤਰ੍ਹਾਂ ਕਈ ਹੋਰ ਵਿਭਾਗਾਂ ਨੂੰ ਵੀ ਪੈਸੇ ਦਿੱਤੇ ਹਨ । ਆਪਸ ਵਿਚ ਤਾਅਨੇ ਦਿੱਤੇ ਜਾ ਰਹੇ ਹਨ । ਉਧਰ ਵਿੱਤ ਵਿਭਾਗ ਵਾਲੇ ਆਪਣੇ ਵਲੋਂ ਸੱਚੇ ਹੋ ਰਹੇ ਹਨ ਕਿ ਪੈਸਾ ਨਹੀਂ ਹੈ । ਇਹ ਕੰਮਿਊਨਿਕੇਸ਼ਨ ਗੈਪ ਕਿਉਂ ਹੈ ? ਉਹ ਸਮੇਂ ਸਿਰ ਨਹੀਂ ਦਿੰਦੇ ਜਾਂ ਤੁਸੀਂ ਸਮੇਂ ਸਿਰ ਨਹੀਂ ਦਿੰਦੇ । ਫਾਈਨਾਂਸ਼ੀਅਲ ਯੀਅਰ ਖ਼ਤਮ ਹੋ ਰਿਹਾ ਹੈ । ਹੁਣ ਕਰੋੜਾਂ-ਅਰਬਾਂ ਰੁਪਏ ਇਕੱਠੇ ਦੇ ਦਿੱਤੇ । ਸਹੀ ਗੱਲ ਇਹ ਹੈ ਐਫ. ਐਮ. ਸਾਹਿਬ, ਕਿ ਪੈਸਾ ਠੀਕ ਨਹੀਂ ਵਰਤਿਆ ਜਾਂਦਾ । ਉਹ ਲੈਪਸ ਹੋਣ ਦਾ ਡਰ ਰਹਿੰਦਾ ਹੈ । ਜਿਸ ਤਰ੍ਹਾਂ ਉਹ ਖਰਚ ਕੀਤਾ ਜਾਂਦਾ ਹੈ, ਮੈਨੂੰ ਕਹਿਣ ਦੀ ਲੋੜ ਨਹੀਂ ਇਸ਼ਾਰਾ ਹੀ ਕਾਫੀ ਹੈ ।

* 4.13 ਵਜੇ ਸ਼ਾਮ

(ਇਸ *ਸਮੇਂ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਹੋਣਾ ਇਹ ਚਾਹੀਦਾ ਹੈ ਕਿ ਪੈਸੇ ਕਿਸੇ ਨਾ ਕਿਸੇ ਸਟੇਜ ਤੇ ਜਾ ਕੇ ਰੈਵੀਨਿਊ ਕੁਲੈਕਟ ਕਰ ਕੇ ਲਾਸਟ ਸਟੇਜ ਤੇ ਨਾ ਖਰਚੇ ਜਾਣ ਬਲਕਿ ਸਮੁੱਚੀ ਅਮਾਊਂਟ ਤਿੰਨ ਮਹੀਨੇ ਰਹਿਣ ਤੋਂ ਪਹਿਲਾਂ ਪਹਿਲਾਂ ਖ਼ਤਮ ਹੋ ਜਾਵੇ । ਇੰਨਾ ਕਹਿੰਦਾ ਹੋਇਆ ਮੈਂ ਆਸ ਕਰਦਾ ਹਾਂ ਕਿ ਜਿਸ ਵੇਲੇ ਐਫ. ਐਮ. ਸਾਹਿਬ ਬਹਿਸ ਦਾ ਜਵਾਬ ਦੇਣਗੇ, ਇਹ ਜੋ ਨੁਕਤੇ ਮੈਂ ਉਠਾਏ ਹਨ, ਇਨ੍ਹਾਂ ਬਾਰੇ ਇਹ ਸਾਡੀ ਸੰਤੁਸ਼ਟੀ ਕਰਵਾ ਦੇਣਗੇ । ਇਨ੍ਹਾਂ ਦਾ ਮੈਂ ਬਹੁਤ-ਬਹੁਤ ਧੰਨਵਾਦੀ ਹੋਵਾਂਗਾ ।

ਸ੍ਰੀ ਸਪੀਕਰ : ਇਸ ਤੋਂ ਪਹਿਲਾਂ ਕਿ ਮੈਂ ਅਗਲੇ ਸਪੀਕਰ ਦਾ ਨਾਂ ਅਨਾਊਂਸ ਕਰਾਂ, ਮੈਂ ਕੋਹਾੜ ਸਾਹਿਬ ਨੂੰ ਕਹਾਂਗਾ ਕਿ ਉਹ ਜੋ ਕੁਝ ਕਹਿਣਾ ਚਾਹੁੰਦੇ ਹਨ, ਉਹ ਜੋ ਵੀ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹਨ ਉਹ ਕਹਿ ਲੈਣ ।

PERSONAL EXPLANATION BY MINISTER OF STATE FOR AGRICULTURE

ਰਾਜ ਮੰਤਰੀ, **ਖੇਤੀਬਾੜੀ (ਸਰਦਾਰ ਅਜੀਤ ਸਿੰਘ ਕੋਹਾੜ)** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਸਵੇਰੇ ਸਦਨ ਵਿਚੋਂ ਗੈਰ ਹਾਜ਼ਰ ਸੀ । ਕੱਲ੍ਹ ਦੀ ਵਾਰਦਾਤ ਮੇਰੇ ਹਲਕੇ ਲੋਹੀਆਂ ਵਿਚ ਵਾਪਰੀ ਹੈ । ਉਸ ਬਾਰੇ ਅਖਬਾਰਾਂ ਵਿਚ ਆਇਆ ਹੈ ਕਿ ਉਹ ਜੱਥੇਦਾਰ ਕੋਹਾੜ ਦੇ ਰਿਸ਼ਤੇਦਾਰ ਹਨ । ਮੇਰੀ ਉਨ੍ਹਾਂ ਨਾਲ ਦੂਰ ਦੀ ਵੀ ਰਿਸ਼ਤੇਦਾਰੀ ਨਹੀਂ । ਉਹ ਮੇਰੇ ਰਿਸ਼ਤੇਦਾਰ ਕੇਵਲ ਉਨੇ ਹੀ ਹਨ ਜਿੰਨੇ ਆਪਣੇ ਸਾਰੇ ਪੰਜਾਬੀਆਂ ਦੇ ਹਨ । ਮੇਰੇ ਕੋਲੋਂ ਜਿੰਨਾਂ ਸੰਭਵ ਹੋ ਸਕਿਆ, ਮੈਂ ਉਨ੍ਹਾਂ ਦੀ ਹਮਦਰਦੀ ਵਿਚ ਜਿੰਨਾਂ ਕਰ ਸਕਿਆ, ਕੀਤਾ ਹੈ । ਮੈਂ ਇੰਨਾਂ ਭਰੋਸਾ ਦੇਣਾ ਚਾਹੁੰਦਾ ਸੀ ਕਿ ਮੇਰਾ ਉਨ੍ਹਾਂ ਨਾਲ ਕੋਈ ਵਾਸਤਾ ਨਹੀਂ । ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਵਾਸਤੇ ਟਾਈਮ ਦਿੱਤਾ ਹੈ ।

DISCUSSION AND VOTING ON DEMANDS FOR SUPPLEMENTARY GRANTS (*Resumption*)

ਸ੍ਰੀ ਰਮੇਸ਼ ਚੰਦਰ ਡੋਗਰਾ (ਦਸੂਹਾ) : ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਪਲੀਮੈਂਟਰੀ ਗਰਾਂਟਾਂ ਤੇ ਗੱਲ ਕਰਨ ਦਾ ਸਮਾਂ ਦੇ ਰਹੇ ਹੋ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ.........

ਸ੍ਰੀ ਸਪੀਕਰ : ਤੁਸੀਂ ਕਿਹੜੀਆਂ ਡਿਮਾਂਡਾਂ ਤੇ ਬੋਲਣਾ ਹੈ ?

ਸ੍ਰੀ ਰਮੇਸ਼ ਚੰਦਰ ਡੋਗਰਾ : ਮੈਂ ਐਜੂਕੇਸ਼ਨ, ਫੂਡ ਐਂਡ ਸਪਲਾਈਜ਼ ਅਤੇ ਜਨਰਲ ਐਡਮਨਿਸਟ੍ਰੇਸ਼ਨ ਤੇ ਥੋੜ੍ਹਾ-ਥੋੜ੍ਹਾ ਬੋਲਾਂਗਾ ।

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਸਪੀਕਰ ਸਾਹਿਬ, ਇਹ ਜਿਹੜੇ ਸਪਲੀਮੈਂਟਰੀ ਐਸਟੀਮੇਟਸ ਪੇਸ਼ ਕੀਤੇ ਗਏ ਹਨ, ਇਨ੍ਹਾਂ ਨੂੰ ਨਾਰਮਲੀ ਬਜਟ ਐਸਟੀਮੇਟਸ ਦੇ ਵਿਚ ਹੀ ਲਿਆਉਣਾ ਚਾਹੀਦਾ ਹੈ। ਹਰ ਸਾਲ ਇਹ ਸਪਲੀਮੈਂਟਰੀ ਐਸਟੀਮੇਟ ਡੀਮਾਂਡਜ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਹੜਾ ਕੋਈ ਐਮਰਜੈਂਸੀ ਦਾ ਖਰਚਾ ਹੋਵੇ ਉਹ ਵੀ ਲਿਮਿਟ ਵਿਚ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਕਿਸੇ ਨੈਚੂਰਲ ਕਲੈਮਿਟੀ ਦਾ ਖਰਚਾ ਹੋਵੇ, ਇਸ ਖਰਚੇ ਨੂੰ ਮੰਨਿਆ ਜਾ ਸਕਦਾ ਹੈ। ਇਨ੍ਹਾਂ ਖਰਚਿਆਂ ਨੂੰ ਫੋਰਸੀ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਖਰਚਿਆਂ ਨੂੰ ਸਪਲੀਮੈਂਟਰੀ ਐਸਟੀਮੇਟਸ ਦੇ ਵਿਚ ਲਿਆਂਦਾ ਜਾ ਸਕਦਾ ਹੈ। ਹਾਲਾਂਕਿ ਐਕਸਪੀਰੀਐਂਸ ਨਾਲ ਇਨ੍ਹਾਂ ਖਰਚਿਆਂ ਨੂੰ ਵੀ ਫੋਰਸੀ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਖਰਚਿਆਂ ਨੂੰ ਵੀ ਰੈਗੂਲਰ ਬਜਟ ਦੇ ਵਿਚ ਲਿਆਉਣਾ ਚਾਹੀਦਾ ਹੈ। ਪਰ ਇਥੇ ਹਾਊਸ ਦੇ ਵਿਚ ਹਰ ਸਾਲ ਖਰਚੇ ਵਧਾ ਕੇ ਸਪਲੀਮੈਂਟਰੀ ਐਸਟੀਮੇਟਸ ਲਿਆਂਦੇ ਜਾਂਦੇ ਹਨ।

ਸਪੀਕਰ ਸਾਹਿਬ, ਇਥੇ ਹਾਊਸ ਦੇ ਵਿਚ 25 ਮੰਗਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੇ ਵਿਚੋਂ ਪਹਿਲੇ ਮੈਂ ਕੁਆਪਰੇਸ਼ਨ ਡਿਪਾਰਟਮੈਂਟ ਦੀ ਗੱਲ ਕਰਾਂਗਾ ਕਿਉਂਕਿ ਇਸ ਦਾ ਸਿੱਧਾ ਸਬੰਧ ਪਿੰਡਾਂ ਦੇ ਨਾਲ ਹੈ ਅਤੇ ਖਾਸ ਤੌਰ ਤੇ ਇਸ ਮਹਿਕਮੇ ਦੇ ਰਾਹੀਂ ਜਿਹੜੀਆਂ ਸ਼ੂਗਰ ਮਿੱਲਾਂ ਚਲ ਰਹੀਆਂ ਹਨ, ਉਹ ਸਾਰੀਆਂ ਹੀ ਘਾਟੇ ਵਿਚ ਚਲ ਰਹੀਆਂ ਹਨ ਪਰ ਇਸ ਘਾਟੇ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਕੋਈ ਯਤਨ ਨਹੀਂ ਕੀਤੇ ਗਏ। ਇਸ ਘਾਟੇ ਨੂੰ ਦੂਰ ਕਰਨ ਵਾਸਤੇ ਕਿਸੇ ਸੋਚ ਦੀ ਲੋੜ ਹੈ ਅਤੇ ਇਸ ਮਹਿਕਮੇ ਵਿੱਚ ਦੂਰਦ੍ਰਿਸ਼ਟੀ ਤੋਂ ਕੰਮ ਲੈਣ ਵਾਲੇ ਪ੍ਰੋਫੈਸ਼ਨਲ ਅਫਸਰ ਲਗਾਉਣੇ ਚਾਹੀਦੇ ਹਨ। ਇੰਡਸਟਰੀ ਅਤੇ ਕੁਆਪਰੇਸ਼ਨ ਮਹਿਕਮੇ ਵਿਚ ਇਸ ਤਰ੍ਹਾਂ ਦੇ ਅਫਸਰ ਲਗਾਏ ਜਾਣ ਜੋ ਇਸ ਮਹਿਕਮੇ ਦੇ ਵਾਸਤੇ ਕੁਝ ਕਰ ਸਕਣ। ਜਿਥੋਂ ਤੱਕ ਇਸ ਮਹਿਕਮੇ ਵਿਚ ਧਾਂਦਲੀਆਂ ਦਾ ਸਬੰਧ ਹੈ, ਇਸ ਮਹਿਕਮੇ ਵਿਚ ਬਹੁਤ ਵੱਡੀ ਧਾਂਦਲੀ ਇਹ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਧੱਕੇ ਨਾਲ ਕਰ ਰਹੇ ਹਨ। ਮੈਂ ਵੇਖਿਆ ਹੈ ਕਿ ਕੋਆਪਰੇਟਿਵ ਦੀਆਂ ਇਲੈਕਸ਼ਨਾਂ ਦੇ ਵਕਤ ਇਨ੍ਹਾਂ ਦੀ ਪਾਰਟੀ ਦੇ 4 ਡਾਇਰੈਕਟਰ ਸਨ ਅਤੇ ਸਾਡੀ ਪਾਰਟੀ ਦੇ 5 ਡਾਇਰੈਕਟਰ ਸਨ, ਪਰ ਇਨ੍ਹਾਂ ਨੇ ਧੱਕੇ ਨਾਲ ਆਪਣੀ ਪਾਰਟੀ, ਜਿਸ ਕੋਲ 4 ਡਾਇਰੈਕਟਰ ਸਨ, ਉਸ ਦਾ ਪ੍ਰੈਜ਼ੀਡੈਂਟ ਲਗਾ ਦਿੱਤਾ। ਉਸ ਤੋਂ ਬਾਅਦ ਸਾਡੇ ਵਲੋਂ ਪਟੀਸ਼ਨਾਂ ਏ. ਆਰ. ਅਤੇ ਡੀ. ਆਰ. ਲੈਵਲ ਤੇ ਕੀਤੀਆਂ ਗਈਆਂ ਪਰ ਉਹ ਰਿਜੈਕਟ ਕਰ ਦਿੱਤੀਆਂ ਗਈਆਂ ਯਾਨੀ ਸਾਡੀਆਂ ਪਟੀਸ਼ਨਾਂ ਨੂੰ ਸਰਕਾਰ ਨੇ ਡਿਸਮਿਸ ਕਰ ਦਿੱਤਾ ਜਦ ਕਿ ਉਥੇ ਧੱਕੇ ਨਾਲ ਸਾਰਾ ਕੁਝ ਕੀਤਾ ਗਿਆ ਸੀ। ਇਥੇ ਮਹਿਕਮੇ ਵਲੋਂ ਬਹੁਤ ਵੱਡੀ ਧਾਂਦਲੀ ਕੀਤੀ ਗਈ। ਇਹ ਸਾਰੀਆਂ ਧਾਂਦਲੀਆਂ ਮੌਜੂਦਾ ਸਰਕਾਰ ਦੇ ਆਉਣ ਤੋਂ ਬਾਅਦ ਸ਼ੁਰੂ ਹੋਈਆਂ ਹਨ ਜਿਹੜੀਆਂ ਕਿ ਨਹੀਂ ਹੋਣੀਆਂ ਚਾਹੀਦੀਆਂ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਇਹ ਮੈਨੂੰ ਨਾਂ ਦੱਸ ਦੇਣ ਤਾਂ ਕਿ ਮੈਂ ਉਸ ਮਾਮਲੇ ਦੀ ਘੋਖ ਕਰਵਾ ਸਕਾਂ।

ਸ਼੍ਰੀ ਸਪੀਕਰ : ਇਹ ਨਾਂ ਨਹੀਂ ਲੈ ਸਕਦੇ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਪਿੰਡ ਕੋਗਰਾ ਦੀ ਗੱਲ ਕਰਦਾ ਹਾਂ। ਇਥੇ ਸਾਡੀ ਪਾਰਟੀ ਦੇ 5 ਡਾਇਰੈਕਟਰ ਸਨ ਅਤੇ ਦੂਜੀ ਪਾਰਟੀ ਦੇ

4 ਡਾਇਰੈਕਟਰ ਸਨ ਪਰ ਇਨ੍ਹਾਂ ਦੇ ਮਹਿਕਮੇ ਨੇ ਜਿਸ ਤੇ 4 ਡਾਇਰੈਕਟਰ ਸਨ, ਉਨ੍ਹਾਂ ਦਾ ਪ੍ਰੈਜ਼ੀਡੈਂਟ ਲਗਾ ਦਿੱਤਾ ਅਤੇ ਇਹ ਸਾਰਾ ਕੁਝ ਧੱਕੇ ਨਾਲ ਕੀਤਾ ਗਿਆ । ਇਸੇ ਤਰ੍ਹਾਂ ਪਾਸੀਕੰਡੀ ਪਿੰਡ ਵਿਚ ਵੀ ਹੋਇਆ ਅਤੇ ਅਗਲਾ ਪਿੰਡ ਜੋਲਣਾ ਦਾ ਕੇਸ ਹੈ । ਇਸ ਪਿੰਡ ਦੇ ਵਿਚੋਂ ਸਾਰੀਆਂ ਕਿਤਾਬਾਂ ਹੀ ਚੁੱਕ ਕੇ ਲੈ ਗਏ । ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਮੈਂ ਦੇ ਸਕਦਾ ਹਾਂ ।

ਸਪੀਕਰ ਸਾਹਿਬ, ਅੱਗੇ ਮੈਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ । ਸਰਦਾਰ ਤੋਤਾ ਸਿੰਘ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਜਿਸ ਢੰਗ ਨਾਲ ਇਹ ਆਪਣੇ ਮਹਿਕਮੇ ਵਿਚ ਕੰਮ ਕਰ ਰਹੇ ਹਨ, ਮਹਿਕਮੇ ਨੂੰ ਚਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਬੜੀ ਮਿਹਨਤ ਨਾਲ ਕੰਮ ਕਰ ਰਹੇ ਹਨ, ਮੈਂ ਇਨ੍ਹਾਂ ਦੀ ਸ਼ਲਾਘਾ ਕਰਦਾ ਹਾਂ । ਪਰ ਮੈਂ ਇਨ੍ਹਾਂ ਦੇ ਨੋਟਿਸ ਵਿਚ ਇਕ ਗੱਲ ਲਿਆਉਣਾ ਚਾਹੁੰਦਾ ਹਾਂ ਜੋ ਮੈਂ ਪਹਿਲੇ ਵੀ ਇਨ੍ਹਾਂ ਦੇ ਨੋਟਿਸ ਵਿਚ ਲਿਆ ਚੁੱਕਾ ਹਾਂ ਕਿ ਇਕ ਜਾਹਲਪੁਰ ਕਾਮਲੂ ਸਕੂਲ ਹੈ ਜਿਸ ਨੂੰ ਸਾਡੀ ਸਰਕਾਰ ਦੇ ਵੇਲੇ ਟੇਕਓਵਰ ਕਰਨ ਦਾ ਫੈਸਲਾ ਹੋਇਆ ਸੀ ਪਰ ਉਹ ਇਨ੍ਹਾਂ ਦੇ ਵੇਲੇ ਟੇਕਓਵਰ ਹੋਇਆ ਹੈ । ਇਹ ਮਿਡਲ ਦਾ ਗੌਰਮਿੰਟ ਏਡਿਡ ਸਕੂਲ ਸੀ ਜਿਸ ਵਿਚ ਮਹਿਕਮੇ ਵਲੋਂ ਬਹੁਤ ਵੱਡੀ ਧਾਂਦਲੀ ਕੀਤੀ ਗਈ । ਪਹਿਲੇ ਇਹ ਸਕੂਲ ਮਿਡਲ ਤੱਕ ਸੀ । ਇਸ ਵਿਚ 8 ਟੀਚਰਜ਼ ਏਡਿਡ ਸਨ । ਫੇਰ ਇਹ ਸਕੂਲ ਦਸਵੀਂ ਤੱਕ ਦਾ ਹੋ ਗਿਆ ਔਰ ਇਨ੍ਹਾਂ 8 ਏਡਿਡ ਟੀਚਰਜ਼ ਦੇ ਵਿਚੋਂ 3 ਟੀਚਰਜ਼ ਨੂੰ ਕੱਢ ਦਿੱਤਾ ਗਿਆ ਯਾਨੀ ਡਰਾਪ ਕਰ ਦਿੱਤਾ ਗਿਆ ਜਿਹੜੇ ਕਿ ਗੌਰਮਿੰਟ ਏਡਿਡ ਸਨ ਅਤੇ ਕੰਮ ਕਰ ਰਹੇ ਸਨ ਅਤੇ ਬਾਹਰੋਂ ਹੋਰ ਟੀਚਰਜ਼ ਰੱਖ ਲਏ ਗਏ । ਫੇਰ ਉਹ 3 ਟੀਚਰਜ਼ ਹਾਈਕੋਰਟ ਦੇ ਵਿਚ ਚਲੇ ਗਏ ਅਤੇ ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ ਟੀਚਰਜ਼ ਨੂੰ ਸਰਵਿਸ ਤੋਂ ਨਾ ਹਟਾਇਆ ਜਾਵੇ । ਇਹ ਕੰਮ ਜਿਹੜੇ ਅਫਸਰਾਂ ਨੇ ਜਾਂ ਮੁਲਾਜ਼ਮਾਂ ਨੇ ਕੀਤਾ ਹੈ, ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ । ਜਿਨ੍ਹਾਂ ਨੇ ਇਹ ਧਾਂਦਲੀ ਕੀਤੀ, ਬਾਹਰੋਂ 3 ਟੀਚਰਜ਼ ਦੀ ਭਰਤੀ ਕੀਤੀ, ਜਿਹੜੇ 3 ਏਡਿਡ ਟੀਚਰਜ਼ ਸਨ ਉਨ੍ਹਾਂ ਨੂੰ ਕੱਢ ਦਿੱਤਾ, ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਹੋਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਅੱਗੇ ਫੂਡ ਐਂਡ ਸਪਲਾਈ ਵਿਭਾਗ ਦੀ ਗੱਲ ਹੈ । ਇਸ ਸਮੇਂ 3500 ਕਰੋੜ ਰੁਪਏ ਦੀ ਪੈਡੀ ਸੜ ਰਹੀ ਹੈ ।

ਰਾਜ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਡੋਗਰਾ ਸਾਹਿਬ ਨੇ ਪਹਿਲਾਂ ਜੋ ਮੇਰੇ ਧਿਆਨ ਵਿਚ ਲਿਆਂਦਾ ਹੈ, ਮੈਂ ਉਸ ਦੀ ਇਨਕੁਆਇਰੀ ਕਰਵਾਵਾਂਗਾ । ਜੋ ਕਾਰਵਾਈ ਬਣਦੀ ਹੈ, ਜ਼ਰੂਰ ਕਰਾਂਗਾ ਅਤੇ ਇਨ੍ਹਾਂ ਦੀ ਤਸੱਲੀ ਕਰਵਾਵਾਂਗਾ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਧੰਨਵਾਦ ਜੀ । ਅੱਗੇ ਫੂਡ ਐਂਡ ਸਪਲਾਈ ਡਿਪਾਰਟ-ਮੈਂਟ ਦੀ ਗੱਲ ਹੈ ਔਰ ਸਭ ਤੋਂ ਪਹਿਲਾਂ ਮੈਂ ਇਹ ਗੱਲ ਕਹਾਂਗਾ ਕਿ ਡਿਪੂ ਸਿਸਟਮ ਜੋ ਹੈ, ਉਹ ਠੀਕ ਨਹੀਂ ਹੈ । ਡਿਪੂ ਵਾਲੇ ਹੇਰਾ ਫੇਰੀਆਂ ਕਰਦੇ ਹਨ ਅਤੇ ਡਿਪਾਰਟਮੈਂਟ ਦਾ ਕੋਈ ਅਰੇਂਜਮੈਂਟ ਠੀਕ ਨਹੀਂ ਹੈ । ਇਸ ਡਿਪਾਰਟਮੈਂਟ ਵਿਚ ਧਾਂਦਲੀ ਮਚੀ ਹੋਈ ਹੈ, ਕੁਰਪਸ਼ਨ ਚਲਦੀ ਹੈ ਅਤੇ ਅਸੀਂ ਦੇਖਿਆ ਹੈ ਕਿ ਦਸੂਹਾ ਵਿਖੇ ਡਿਪੂ 30,30 ਹਜ਼ਾਰ ਰੁਪਿਆ ਦੇ ਕੇ ਲਏ ਗਏ ਹਨ । ਮੈਂ ਇਸ ਗੱਲ ਦੀ ਗਰੰਟੀ ਦਿੰਦਾ ਹਾਂ ਅਤੇ ਬੰਦਿਆਂ

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਨੂੰ ਵੀ ਪੇਸ਼ ਕਰ ਸਕਦਾ ਹਾਂ । ਮੈਂ ਸਮਝਦਾ ਹਾਂ ਕਿ ਉਨ੍ਹਾਂ ਅਫਸਰਾਂ ਦੇ ਖਿਲਾਫ ਜਿਨ੍ਹਾਂ ਨੇ ਇਹ ਧਾਂਦਲੀ ਮਚਾਈ ਹੈ, ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ । ਫੂਡ ਐਂਡ ਸਪਲਾਈ ਡਿਪਾਰਟਮੈਂਟ ਵਿਚ 3500 ਕਰੋੜ ਰੁਪਏ ਦੀ ਪੈਡੀ ਸੜ ਰਹੀ ਹੈ । ਪੈਡੀ ਰਿਲੀਜ਼ ਨਹੀਂ ਕੀਤੀ ਜਾਂਦੀ । ਪੰਜਾਬ ਗੌਰਮਿੰਟ ਨੂੰ ਸੈਂਟਰਲ ਗੌਰਮਿੰਟ ਨੂੰ ਅਪਰੋਚ ਕਰਨਾ ਚਾਹੀਦਾ ਹੈ । ਝੋਨਾ ਖਰਾਬ ਹੋ ਰਿਹਾ ਹੈ, ਸਟੋਰ ਖਾਲੀ ਨਹੀਂ ਹੋ ਰਹੇ ਅਤੇ ਆਉਣ ਵਾਲੀ ਵ੍ਹੀਟ ਰੱਖਣ ਲਈ ਜਗ੍ਹਾ ਨਹੀਂ ਹੈ । ਜੇਕਰ ਸਟੋਰ ਖਾਲੀ ਹੋ ਜਾਣ ਤਾਂ ਆਉਣ ਵਾਲੀ ਵ੍ਹੀਟ ਲਈ ਜਗ੍ਹਾ ਬਣ ਸਕੇਗੀ ।

ਜਨਰਲ ਐਡਮਨਿਸਟ੍ਰੇਸ਼ਨ ਬਾਰੇ ਡਿਮਾਂਡ ਨੰਬਰ 10 ਹੈ । ਅਰਸ਼ੀ ਸਾਹਿਬ ਨੇ ਇਸ ਡਿਮਾਂਡ ਦਾ ਕਾਫੀ ਜ਼ਿਕਰ ਕੀਤਾ ਹੈ । ਜੋ ਆਈ. ਏ. ਐਸ. ਅਫਸਰ ਹਨ, ਮੈਂ ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ । ਹੁਣ ਸਾਡੇ ਬਹੁਤ ਸਾਰੇ ਆਈ. ਏ. ਐਸ. ਅਫਸਰ ਹੋ ਗਏ ਹਨ ਅਤੇ ਬਹੁਤ ਸਾਰੇ ਫਾਈਨੈਂਸ਼ਲ ਕਮਿਸ਼ਨਰ ਹੋ ਗਏ ਹਨ । 1985 ਵਿਚ ਇਕ ਫਾਈਨੈਂਸ਼ਲ ਕਮਿਸ਼ਨਰ ਹੁੰਦਾ ਸੀ ਜਦ ਕਿ ਹੁਣ ਫਾਈਨੈਂਸ਼ਲ ਕਮਿਸ਼ਨਰਾਂ ਦੀ ਬਹੁਤ ਵੱਡੀ ਲਿਸਟ ਬਣ ਗਈ ਹੈ । ਡਾਇਰੀ ਵਿਚ ਤਕਰੀਬਨ ਦੋ ਪੇਜ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਤੇ 20-25 ਫਾਈਨੈਂਸ਼ਲ ਕਮਿਸ਼ਨਰਾਂ ਦੇ ਨਾਂ ਹੋਣਗੇ । ਜੋ ਵੀ ਆਈ. ਏ. ਐਸ. ਅਫਸਰ ਕਿਸੇ ਇਕ ਮਹਿਕਮੇ ਦੇ ਤਹਿਤ ਟ੍ਰੇਨਿੰਗ ਲਈ ਭੇਜਿਆ ਜਾਂਦਾ ਹੈ, ਜਦੋਂ ਉਹ ਟ੍ਰੇਨਿੰਗ ਤੋਂ ਮੁੜਕੇ ਆਉਂਦਾ ਹੈ ਤਾਂ ਉਸ ਨੂੰ ਕਿਸੇ ਹੋਰ ਮਹਿਕਮੇ ਵਿਚ ਟਰਾਂਸਫਰ ਕਰ ਦਿੱਤਾ ਜਾਂਦਾ ਹੈ । ਇਸ ਤਰ੍ਹਾਂ ਆਈ.ਏ.ਐਸ. ਅਫਸਰਾਂ ਦੀ ਟ੍ਰੇਨਿੰਗ ਦਾ ਕੋਈ ਫਾਇਦਾ ਨਹੀਂ ਉਠਾਇਆ ਜਾਂਦਾ । ਅਫਸਰਾਂ ਦੀ ਨਿਯੁਕਤੀ ਵਾਸਤੇ ਸਰਕਾਰ ਨੂੰ ਪਹਿਲਾਂ ਹੀ ਸੋਚ ਲੈਣਾ ਚਾਹੀਦਾ ਹੈ ਅਤੇ ਟ੍ਰੇਨਿੰਗ ਤੋਂ ਬਾਅਦ ਮੁੜਕੇ ਅਫਸਰ ਨੂੰ ਉਸੇ ਮਹਿਕਮੇ ਵਿਚ ਲਗਾਉਣਾ ਚਾਹੀਦਾ ਹੈ ਤਾਂ ਕਿ ਜਿਹੜਾ ਸਰਕਾਰ ਦਾ ਖਰਚਾ ਹੋਇਆ ਹੈ, ਉਸ ਦੀ ਯੂਟੇਲਾਈਜ਼ੇਸ਼ਨ ਉਸੇ ਡਿਪਾਰਟਮੈਂਟ ਵਿਚ ਕੀਤੀ ਜਾ ਸਕੇ ।

ਹੋਮ ਅਫੇਅਰਜ਼ ਅਤੇ ਜਸਟਿਸ ਦੇ ਬਾਰੇ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਦੇ ਮਨੋਬਲ ਨੂੰ ਉੱਚਾ ਕਰਨਾ ਜ਼ਰੂਰੀ ਹੈ । ਪਿਛਲੇ ਦਿਨਾਂ ਵਿਚ ਟੈਰੋਰਿਜ਼ਮ ਦਾ ਪੁਲਿਸ ਨੇ ਮੁਕਾਬਲਾ ਕੀਤਾ ਸੀ ਨਹੀਂ ਤਾਂ ਮੁਸ਼ਕਲ ਹੋ ਜਾਣੀ ਸੀ । ਪੁਲਿਸ ਡਿਪਾਰਟਮੈਂਟ ਨੂੰ ਨਵੀਂ ਤਕਨਾਲੌਜੀ ਦੇ ਇਕੁਇਪਮੈਂਟਸ ਦੇ ਦਿੱਤੇ ਜਾਣ ਤਾਂ ਕਿ ਅਗਰ ਕੋਈ ਸਮੱਸਿਆ ਆਵੇ ਤਾਂ ਉਸ ਨੂੰ ਉਹ ਜਲਦੀ ਤੋਂ ਜਲਦੀ ਹੱਲ ਕਰ ਸਕਣ । ਸਪੀਕਰ ਸਾਹਿਬ, ਹੋਮ ਗਾਰਡਜ਼ ਅਤੇ ਐਸ.ਪੀ.ਓਜ਼ ਜਿਹੜੇ ਨਿਯੁਕਤ ਕੀਤੇ ਹੋਏ ਹਨ, ਉਹ ਸਭ ਤੋਂ ਵੱਧ ਕੰਮ ਕਰਦੇ ਹਨ ਪਰ ਪੇਅ ਉਨ੍ਹਾਂ ਨੂੰ ਸਭ ਤੋਂ ਘੱਟ ਦਿਤੀ ਜਾਂਦੀ ਹੈ । ਹੋਮ ਗਾਰਡਜ਼ ਅਤੇ ਐਸ.ਪੀ.ਓਜ਼. ਜਿਹੜੇ ਨੌਕਰੀ ਤੇ ਨਹੀਂ ਲਗੇ ਹੋਏ ਹਨ ਅਤੇ ਉਹ ਜਿਹੜੇ ਟਰਮਜ਼ ਐਂਡ ਕੰਡੀਸ਼ਨਜ਼ ਫੁਲ-ਫਿਲ ਕਰਦੇ ਹਨ, ਉਨ੍ਹਾਂ ਨੂੰ ਪੁਲਿਸ ਵਿਭਾਗ ਵਿਚ ਰੱਖਣਾ ਚਾਹੀਦਾ ਹੈ । ਹੋਮ ਗਾਰਡਜ਼ ਅਤੇ ਐਸ.ਪੀ.ਓਜ਼. ਦੀ ਪੇਅ 3000 ਰੁਪਏ ਮਹੀਨਾ ਕਰ ਦੇਣੀ ਚਾਹੀਦੀ ਹੈ । ਅੱਜ ਕੱਲ੍ਹ ਦੀ ਮਹਿੰਗਾਈ ਦੇ ਜ਼ਮਾਨੇ ਵਿਚ ਉਨ੍ਹਾਂ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੈ । ਜੇਕਰ ਤਨਖਾਹ ਵਧਾ ਦਿਤੀ ਜਾਵੇ ਤਾਂ ਉਹ ਆਪਣਾ ਗੁਜ਼ਾਰਾ ਠੀਕ ਤਰ੍ਹਾਂ ਨਾਲ ਕਰ ਸਕਣਗੇ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਤਨਖਾਹ ਇਨਕਰੀਜ਼ ਕੀਤੀ ਜਾਵੇ ।

ਸਪੀਕਰ ਸਾਹਿਬ, ਹੈਲਥ ਐਂਡ ਫੈਮਿਲੀ ਵੈਲਫੇਅਰ ਡਿਪਾਰਟਮੈਂਟ ਰਹਿ ਗਿਆ ਹੈ । ਹੈਲਥ ਸਿਸਟਮਜ਼ ਕਾਰਪੋਰੇਸ਼ਨ ਸਾਡੇ ਟਾਇਮ ਵਿਚ ਸ਼ੁਰੂ ਹੋਈ ਸੀ ਅਤੇ ਉਸ ਦੇ ਵਾਸਤੇ

ਤਕਰੀਬਨ 421 ਕਰੋੜ ਰੁਪਏ ਵਰਲਡ ਬੈਂਕ ਤੋਂ ਵਸੂਲ ਹੋ ਗਏ ਸਨ ਕਿਉਂਕਿ ਵਰਲਡ ਬੈਂਕ ਤੋਂ ਸਹਾਇਤਾ ਲੈਣ ਵਾਸਤੇ ਫੈਸਲਾ ਹੋ ਗਿਆ ਸੀ। ਇਸ ਵਾਸਤੇ ਹੁਣ ਹਸਪਤਾਲਾਂ ਵਿਚ ਕੰਮ ਹੋ ਰਹੇ ਹਨ। ਹਸਪਤਾਲਾਂ ਨੂੰ ਵਧਾਇਆ ਜਾ ਰਿਹਾ ਹੈ ਅਤੇ ਇਸਦੇ ਨਾਲ ਹੀ ਬਹੁਤ ਸਾਰੀਆਂ ਜਗ੍ਹਾ ਤੇ ਪੁਰਾਣੀ ਫਲੋਰਿੰਗ, ਪੁਰਾਣੇ ਪਲਾਸਟਰ ਨੂੰ ਪੁੱਟ ਕੇ ਟਾਈਲਾਂ ਲਗਾਈਆਂ ਜਾ ਰਹੀਆਂ ਹਨ ਅਤੇ ਉਸ ਪੈਸੇ ਨੂੰ ਇਸ ਤਰ੍ਹਾਂ ਯੂਟੇਲਾਈਜ਼ ਕੀਤਾ ਜਾ ਰਿਹਾ ਹੈ। ਅੱਛਾ ਹੁੰਦਾ ਜੇ ਇਸ ਪੈਸੇ ਨਾਲ ਦੋ ਅੱਛੇ ਹਸਪਤਾਲ ਬਣਾ ਲਏ ਜਾਂਦੇ ਜਿਹੜੇ ਡੀ. ਐਮ. ਸੀ. ਜਾਂ ਪੀ. ਜੀ. ਆਈ. ਦੇ ਲੈਵਲ ਦੇ ਹੁੰਦੇ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਵੀ ਪਰਾਪਰ ਉਪਚਾਰ ਮਿਲ ਜਾਂਦਾ, ਬਜਾਏ ਇਸ ਦੇ ਕਿ ਇਸ ਤਰ੍ਹਾਂ ਪੈਸਾ ਛੋਟੇ ਛੋਟੇ ਕੰਮਾਂ ਤੇ ਖਰਚ ਕੀਤਾ ਜਾਵੇ।

ਅੱਗੇ, ਸਪੀਕਰ ਸਾਹਿਬ, ਮੈਂ ਇਰੀਗੇਸ਼ਨ ਐਂਡ ਪਾਵਰ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਹਲਕੇ ਦੇ ਵਿਚ ਜਿਥੇ ਕਿ ਇਰੀਗੇਸ਼ਨ ਪੁਟੈਂਸ਼ਲ ਕੋਈ ਨਹੀਂ ਹੈ, ਖਾਸ ਕਰਕੇ ਜਿਹੜਾ ਸਾਡਾ ਪਹਾੜੀ ਏਰੀਆ ਹੈ, ਉਸਦੇ ਬਾਰੇ ਪਿਛਲੀ ਵਾਰੀ ਵੀ ਫਾਈਨਾਂਸ ਮਨਿਸਟਰ ਸਾਹਿਬ ਜਦੋਂ ਬਜਟ ਤੇ ਜਵਾਬ ਦੇ ਰਹੇ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਉਥੇ ਬਹੁਤ ਸਾਰੇ ਡੀਪ ਟਿਊਬਵੈਲ ਦੇਣਗੇ, ਕੰਡੀ ਏਰੀਏ ਵਿਚ ਦੇਣਗੇ। ਪਰ ਪਿਛਲੇ 2 ਸਾਲਾਂ ਵਿਚ ਸਾਡੇ ਏਰੀਏ ਵਿਚ ਕਿਸੇ ਡੀਪ ਟਿਊਬਵੈੱਲ ਦਾ ਪ੍ਰਾਵਧਾਨ ਨਹੀਂ ਕੀਤਾ ਗਿਆ ਅਤੇ ਕੋਈ ਟਿਊਬਵੈਲ ਨਹੀਂ ਦਿੱਤਾ ਗਿਆ। ਜਿਹੜੇ ਪਹਿਲਾਂ ਲਗੇ ਹੋਏ ਸਨ, ਉਨ੍ਹਾਂ ਨਾਲ ਹੀ ਸਾਡਾ ਕੰਮ ਚਲ ਰਿਹਾ ਹੈ। ਇਨ੍ਹਾਂ ਨੂੰ ਚਾਹੀਦਾ ਸੀ ਕਿ ਹਰ ਖੇਤ ਨੂੰ ਕੰਡੀ ਏਰੀਏ ਵਿਚ, ਪਹਾੜੀ ਏਰੀਏ ਵਿਚ ਪਾਣੀ ਦੇਣ ਵਾਸਤੇ ਇੰਤਜ਼ਾਮ ਕੀਤਾ ਜਾਵੇ। ਮੈਂ ਹੁਣ ਆਸ ਰਖਦਾ ਹਾਂ ਕਿ ਕੰਡੀ ਏਰੀਏ ਦਾ ਖਾਸ ਧਿਆਨ ਰੱਖਦੇ ਹੋਏ ਇਸ ਆਉਣ ਵਾਲੇ ਬਜਟ ਵਿਚ ਇਸ ਦੀ ਪ੍ਰੋਵੀਜ਼ਨ ਵਿੱਤ ਮੰਤਰੀ ਸਾਹਿਬ ਜ਼ਰੂਰ ਕਰਨਗੇ ਤਾਂਕਿ ਇਸ ਦਾ ਲਾਭ ਪਹਾੜੀ ਏਰੀਏ ਦੇ ਲੋਕਾਂ ਨੂੰ ਵੀ ਮਿਲ ਸਕੇ।

ਅੱਗੇ, ਸਪੀਕਰ ਸਾਹਿਬ, ਪਬਲਿਕ ਵਰਕਸ ਡਿਪਾਰਟਮੈਂਟ ਦੀ ਗੱਲ ਆਈ। ਸੜਕਾਂ ਦਾ ਪੰਜਾਬ ਵਿਚ ਮਾੜਾ ਹਾਲ ਹੈ। ਮੈਂ ਸਮਝਦਾ ਹਾਂ ਕਿ ਇਸਦੇ ਵਾਸਤੇ ਜਿਥੇ ਪੈਸਾ ਘੱਟ ਖਰਚ ਹੋ ਰਿਹਾ ਹੈ, ਉਥੇ ਇਸ ਦੀ ਰਿਪੇਅਰ ਵੀ ਨਹੀਂ ਹੋ ਰਹੀ। ਕਿਸੇ ਵੀ ਲਿੰਕ ਰੋਡ ਨੂੰ ਰਿਪੇਅਰ ਕਰਨ ਦਾ ਪਰਾਪਰ ਟਾਈਮ 5 ਸਾਲ ਹੁੰਦਾ ਹੈ। ਪਰ ਹੁਣ 7-7 ਸਾਲ ਤੱਕ ਵੀ ਰਿਪੇਅਰ ਨਹੀਂ ਹੋ ਰਹੀ ਅਤੇ ਕਈ ਸੜਕਾਂ ਨੂੰ 8 ਸਾਲ ਹੋ ਗਏ ਹਨ, ਪਰ ਉਨ੍ਹਾਂ ਦੀ ਕੋਈ ਰਿਪੇਅਰ ਨਹੀਂ ਕੀਤੀ ਗਈ......

ਸ੍ਰੀ ਸਪੀਕਰ : ਮੇਰੇ ਹਲਕੇ ਵਿਚ 15-15 ਸਾਲ ਦੀਆਂ ਸੜਕਾਂ ਬਿਨਾਂ ਰਿਪੇਅਰ ਦੇ ਹਨ।

ਸ੍ਰੀ ਰਮੇਸ਼ ਚੰਦਰ ਡੋਗਰਾ : ਨਹੀਂ ਜੀ, ਸਾਡੇ ਹਲਕੇ ਵਿਚ ਏਨੇ ਸਾਲ ਤਾਂ ਨਹੀਂ ਹੋਏ। ਸਾਡੀ ਸਰਕਾਰ ਵੇਲੇ ਇਕ ਰਿਪੇਅਰ 1992, 1996 ਵਿਚ ਹੋ ਗਈ ਸੀ ਅਤੇ ਇਸ ਤੋਂ ਪਹਿਲਾਂ ਵੀ ਇਕ ਰਿਪੇਅਰ ਹੋ ਗਈ ਸੀ ਗਵਰਨਰੀ ਰਾਜ ਸਮੇਂ ਪਰ

[ਸ੍ਰੀ ਰਮੇਸ਼ ਚੰਦਰ ਡੋਗਰਾ]

ਹੁਣ ਦੇਖਿਆ ਹੈ ਕਿ ਪਿਛਲੇ 2 ਸਾਲ ਤੋਂ ਸੜਕਾਂ ਦੀ ਰਿਪੇਅਰ ਵਿਚ ਕਾਫੀ ਕਮੀ ਆਈ ਹੈ, ਕਾਫੀ ਘਾਟ ਆਈ ਹੈ ਜਿਸ ਕਰਕੇ ਸੜਕਾਂ ਕਾਫੀ ਖਰਾਬ ਹੋ ਗਈਆਂ ਹਨ । ਜਦੋਂ ਵੀ ਅਸੀਂ ਕਹਿੰਦੇ ਹਾਂ, ਕਿਹਾ ਜਾਂਦਾ ਹੈ ਕਿ ਫਾਈਨਾਂਸ਼ਲ ਪੁਜ਼ੀਸ਼ਨ ਠੀਕ ਨਹੀਂ ਇਹ ਇਸ ਕਰਕੇ ਹੋਇਆ ਹੈ । ਹੁਣ ਵੈਸੇ ਇਨ੍ਹਾਂ ਨੇ ਲੋਨ ਦਾ ਇੰਤਜ਼ਾਮ ਕੀਤਾ ਹੈ । ਵੈਸੇ ਇਹ ਪਹਿਲੀ ਵਾਰ ਹੋਇਆ ਹੈ ਕਿ ਨਵੀਆਂ ਸੜਕਾਂ ਨੂੰ ਬਣਾਉਣ ਵਾਸਤੇ ਅਤੇ ਰਿਪੇਅਰ ਕਰਨ ਵਾਸਤੇ ਲੋਨ ਲੈਣਾ ਪਵੇ । ਮੈਂ ਇਸ ਗੱਲ ਦੀ ਸ਼ਲਾਘਾ ਵੀ ਨਹੀਂ ਕਰਦਾ ਕਿਉਂਕਿ ਇਹ ਕੰਮ ਆਪਣੇ ਸਾਧਨ ਤੋਂ ਰੇਜ਼ ਕਰਨੇ ਚਾਹੀਦੇ ਹਨ, ਫੰਡਜ਼ ਰੇਜ਼ ਕਰਨੇ ਚਾਹੀਦੇ ਹਨ ਅਤੇ ਇਸ ਲਈ ਪ੍ਰੋਗਰਾਮ ਬਣਾਏ ਜਾਣੇ ਚਾਹੀਦੇ ਸੀ । ਪਰ ਹੁਣ ਜਦ ਇਨ੍ਹਾਂ ਨੇ ਅਰੇਂਜਮੈਂਟ ਕਰ ਲਿਆ ਹੈ ਤਾਂ ਮੈਂ ਏਨੀ ਪ੍ਰਾਰਥਨਾਂ ਜ਼ਰੂਰ ਕਰਾਂਗਾ ਕਿ ਜਦ ਤੁਸੀਂ ਕਿਸੇ ਇੰਜੀਨੀਅਰ ਨੂੰ ਪੈਸਾ ਸੜਕ ਬਣਾਉਣ ਵਾਸਤੇ ਦੇਂਦੇ ਹੋ, ਜਦ ਉਹ ਐਸਟੀਮੇਟ ਭੇਜਦੇ ਹਨ, ਤਾਂ ਇਕ ਉਮਰ ਮੁਕੱਰਰ ਕਰ ਲੈਣੀ ਚਾਹੀਦੀ ਹੈ ਕਿ ਇੰਨੀ ਉਮਰ ਇਸ ਸੜਕ ਦੀ ਹੋਣੀ ਚਾਹੀਦੀ ਹੈ । ਹੁੰਦਾ ਇਹ ਹੈ ਕਿ ਇਕ ਸਾਲ ਵੀ ਨਹੀਂ ਲੰਘਦਾ ਅਤੇ ਸੜਕ ਪਹਿਲਾਂ ਹੀ ਖਰਾਬ ਹੋ ਜਾਂਦੀ ਹੈ । ਕਿਉਂਕਿ ਉਸਦੀ ਇੰਸਪੇਕਸ਼ਨ ਪਰਾਪਰ ਨਹੀਂ ਕੀਤੀ ਜਾਂਦੀ, ਸਪੈਸੀਫਿਕੇਸ਼ਨਜ਼ ਪਰਾਪਰ ਨਹੀਂ ਰੱਖੀਆਂ ਜਾਂਦੀਆਂ ਅਤੇ ਚੈਕਿੰਗ ਪਰਾਪਰ ਨਹੀਂ ਕੀਤੀ ਜਾਂਦੀ ।

ਇਕ ਇਨ੍ਹਾਂ ਨੇ ਨਵੀਆਂ ਸੜਕਾਂ ਦੇ ਅਰਥ ਵਰਕ ਵਾਸਤੇ ਨਵੀਂ ਗੱਲ ਰਖ ਦਿੱਤੀ ਹੈ ਜਿਸ ਦਾ ਕਿ ਮੈਂ ਵਿਰੋਧ ਕਰਦਾ ਹਾਂ । ਇਨ੍ਹਾਂ ਨੇ ਇਹ ਕਰ ਦਿੱਤਾ ਹੈ ਕਿ ਨਵੀਆਂ ਸੜਕਾਂ ਬਣਾਉਣ ਵਾਸਤੇ ਅਤੇ ਰਿਪੇਅਰ ਕਰਨ ਵਾਸਤੇ ਸੜਕ ਤੇ ਮਿੱਟੀ ਪਾਉਣ ਦਾ ਕੰਮ ਪਿੰਡਾਂ ਦੇ ਲੋਕਾਂ ਨੇ ਕਰਨਾ ਹੈ । ਸਪੀਕਰ ਸਾਹਿਬ, ਪਲੇਨ ਦੇ ਵਿਚ ਬੇਸ਼ਕ ਲੋਕ ਅਮੀਰ ਹੋ ਸਕਦੇ ਹਨ, ਉਹ ਆਪਣੇ ਟਰੈਕਟਰ, ਪੈਸਾ ਲਗਾ ਲੈਣਗੇ ਪਰ ਪਹਾੜੀ ਏਰੀਏ ਦੀ ਸਥਿਤੀ ਹੋਰ ਹੈ । ਉਹ ਲੋਕ ਬਹੁਤ ਗਰੀਬ ਹਨ ਅਤੇ ਉਨ੍ਹਾਂ ਵਾਸਤੇ ਇਹ ਗੱਲ ਬੜੀ ਮੁਸ਼ਕਲ ਹੈ । ਉਨ੍ਹਾਂ ਪਾਸ ਕੋਈ ਸਾਧਨ ਨਹੀਂ । ਇਨ੍ਹਾਂ ਸੜਕਾਂ ਦੀ ਮੇਨਟੀਨੈਂਸ ਵੇਲੇ ਵੀ ਅਤੇ ਨਵੀਆਂ ਸੜਕਾਂ ਬਣਾਉਣ ਵੇਲੇ ਵੀ ਮਿੱਟੀ ਉਨ੍ਹਾਂ ਲੋਕਾਂ ਤੋਂ ਨਹੀਂ ਪੈਣੀ । ਮੇਰੀ ਪੁਰਜ਼ੋਰ ਅਪੀਲ ਹੈ, ਫਾਈਨਾਂਸ ਮਨਿਸਟਰ ਸਾਹਿਬ ਨੂੰ ਅਤੇ ਚੀਫ ਮਨਿਸਟਰ ਸਾਹਿਬ ਨੂੰ ਅਤੇ ਮੈਂ ਸਮਝਦਾ ਹਾਂ ਕਿ ਇਹ ਕੰਮ ਅਗਰ ਸਾਰੇ ਪੰਜਾਬ ਵਿਚ ਰੱਖਣਾ ਹੈ ਤਾਂ ਰੱਖੋ ਪਰ ਸਾਡੇ ਏਰੀਆ ਵਿਚ ਇਸ ਤੋਂ ਛੋਟ ਮਿਲਣੀ ਚਾਹੀਦੀ ਹੈ । ਵੈਸੇ ਵੀ ਇਸ ਤਰ੍ਹਾਂ ਤਾਂ ਨਾ ਕੋਈ ਸੜਕ ਬਣਨੀ ਹੈ ਅਤੇ ਨਾ ਹੀ ਮੇਨਟੀਨੈਂਸ ਠੀਕ ਹੋਣੀ ਹੈ । ਮਿੱਟੀ ਕੋਈ ਪਾਵੇਗਾ, ਉਪਰੋਂ ਕੋਈ ਬਣਾਵੇਗਾ । ਇਹ ਗੱਲ ਅੱਗੇ ਕਦੇ ਨਹੀਂ ਹੋਈ । ਸਾਡੇ ਟਾਈਮ ਵਿਚ ਵੀ ਇਸ ਤਰ੍ਹਾਂ ਕਦੇ ਨਹੀਂ ਹੋਇਆ । ਇਸ ਸਾਰੇ ਕੰਮ ਨੂੰ ਕੰ-ਰਿਲੇਟ ਕਰਨ ਵਾਸਤੇ ਗੌਰਮਿੰਟ ਸਾਰਾ ਕੰਮ ਆਪ ਕਰੇ । ਸਾਡੇ ਵੇਲੇ ਵੀ ਗੌਰਮਿੰਟ ਹੀ ਪੇਮੈਂਟ ਕਰਦੀ ਰਹੀ ਹੈ । ਸਰਕਾਰ ਜਿਹੜੀਆਂ ਨਵੀਆਂ ਸੜਕਾਂ ਬਣਾਉਣ ਜਾ ਰਹੀ ਹੈ ......

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਜਿਹੜੀ ਇਨ੍ਹਾਂ ਨੇ ਅਰਥ ਵਰਕ ਦੀ ਗੱਲ ਕੀਤੀ ਹੈ, ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੈਂ ਮੰਡੀਕਰਨ ਬੋਰਡ ਦਾ ਚੇਅਰਮੈਨ ਸੀ ਤਾਂ ਉਦੋਂ ਅਸੀਂ ਹੀ ਇਹ ਫੈਸਲਾ ਕੀਤਾ ਸੀ ਕਿ ਅਰਥ ਵਰਕ ਲੋਕਾਂ ਕੋਲੋਂ ਕਰਵਾਇਆ ਜਾਵੇ । ਪੁਰਾਣੇ ਐਸਟੀਮੇਟ ਕਢਾ ਕੇ ਵੇਖ ਲਓ, ਲੱਖਾਂ ਕਰੋੜਾਂ ਰੁਪਏ ਪਹਿਲਾਂ ਇਸ ਕੰਮ

ਤੇ ਬਰਬਾਦ ਹੋ ਜਾਂਦੇ ਸਨ । ਅਰਥ ਵਰਕ ਵਿਚ ਜਿਹੜੀ ਬਹੁਤ ਕੁਰੱਪਸ਼ਨ ਹੁੰਦੀ ਸੀ, ਉਹ ਅਸੀਂ ਬੰਦ ਕੀਤੀ ਸੀ । ਰਿਕਾਰਡ ਵਿਚ ਲੱਖਾਂ ਰੁਪਏ ਦੀ ਮਿੱਟੀ ਪਾ ਦਿੱਤੀ ਜਾਂਦੀ ਸੀ ਅਤੇ ਬਾਦ ਵਿਚ ਕਹਿ ਦਿੱਤਾ ਜਾਂਦਾ ਸੀ ਕਿ ਬਾਰਸ਼ ਦਾ ਪਾਣੀ ਉਸ ਨੂੰ ਰੋੜ੍ਹ ਕੇ ਲੈ ਗਿਆ ਹੈ । ਜੇ ਇਹ ਅਰਥ ਵਰਕ ਲੋਕੀਂ ਆਪ ਕਰਦੇ ਹਨ ਤਾਂ ਇਸ ਦਾ ਫਾਇਦਾ ਵੀ ਤਾਂ ਉਨ੍ਹਾਂ ਨੂੰ ਹੀ ਹੋਣਾ ਹੈ । ਪਿੰਡਾਂ ਦੇ ਲੋਕ ਤਾਂ ਆਪ ਕਹਿੰਦੇ ਹਨ ਕਿ ਅਸੀਂ ਮਿੱਟੀ ਪਾਉਣ ਵਾਸਤੇ ਤਿਆਰ ਹਾਂ, ਤੁਸੀਂ ਸੜਕਾਂ ਬਣਾਓ । ਇਸ ਤਰੀਕੇ ਦੇ ਨਾਲ ਅਸੀਂ ਕਰੋੜਾਂ ਰੁਪਿਆ ਬਚਾਇਆ ਸੀ । ਕੇਵਲ ਇੱਟਾਂ ਦਾ ਪੈਸਾ ਦਿੱਤਾ ਜਾਂਦਾ ਸੀ । ਇਹੀ ਕਾਰਣ ਸੀ ਕਿ ਹਜ਼ਾਰਾਂ ਕਿਲੋਮੀਟਰ ਸੜਕਾਂ ਅਸੀਂ ਬਣਾਈਆਂ ਸਨ । ਇਨ੍ਹਾਂ ਨੇ ਰਿਪੇਅਰ ਦੀ ਵੀ ਗੱਲ ਕੀਤੀ ਹੈ । ਉਸ ਵੇਲੇ ਅਸੀਂ ਇਹ ਫੈਸਲਾ ਲਿਆ ਸੀ ਕਿ 27 ਹਜ਼ਾਰ ਕਿਲੋਮੀਟਰ ਸੜਕਾਂ ਦੀ ਅਸੀਂ ਰਿਪੇਅਰ ਕਰਨੀ ਹੈ ਅਤੇ ਆਏ ਸਾਲ 9 ਹਜ਼ਾਰ ਕਿਲੋਮੀਟਰ ਸੜਕਾਂ ਦੀ ਮੁਰੰਮਤ ਹੋਵੇਗੀ । ਇਸ ਤਰ੍ਹਾਂ ਨਾਲ ਜੇਕਰ ਹਰੇਕ ਤਿੰਨਾਂ ਸਾਲਾਂ ਮਗਰੋਂ ਸੜਕਾਂ ਦੀ ਰਿਪੇਅਰ ਹੁੰਦੀ ਰਹੇ ਤਾਂ ਸੜਕਾਂ ਕਦੀ ਖਰਾਬ ਹੀ ਨਾ ਹੋਣ ਲੇਕਿਨ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਇਨ੍ਹਾਂ ਨੇ ਸਾਡੀ ਬਣਾਈ ਹੋਈ ਉਹ ਰੋਟੇਸ਼ਨ ਤੋੜ ਦਿੱਤੀ । ਇਸ ਬਾਰੇ ਅਸੀਂ ਕੁਐਸਚੰਨ ਵੀ ਦਿੱਤਾ ਸੀ ਜਿਸ ਦਾ ਮੰਤਰੀ ਨੇ ਜਵਾਬ ਵੀ ਦਿੱਤਾ ਸੀ । ਇਨ੍ਹਾਂ ਦੀ ਸਰਕਾਰ ਨੇ ਉਹ ਤਿੰਨ ਸਾਲ ਦਾ ਸਮਾਂ ਵਧਾ ਕੇ 5 ਸਾਲ ਕਰ ਦਿੱਤਾ । ਇਸ ਦਾ ਨਤੀਜਾ ਇਹ ਹੋਇਆ ਕਿ 10–10 ਸਾਲ ਤੋਂ ਸੜਕਾਂ ਰਿਪੇਅਰ ਹੋਣ ਵਾਲੀਆਂ ਪਈਆਂ ਹਨ । ਜੇ ਇਹ ਸਾਡੇ ਵਾਲੀ ਰੋਟੇਸ਼ਨ ਨਾ ਤੋੜਦੇ ਤਾਂ ਇਹ ਸੜਕਾਂ ਖਰਾਬ ਹੀ ਨਾ ਹੁੰਦੀਆਂ ।

ਸ਼੍ਰੀ ਸਪੀਕਰ : ਇਹ ਤਾਂ ਗੱਲ ਠੀਕ ਹੈ । ਮੇਰੇ ਹਲਕੇ ਵਿਚ ਵੀ 10–15 ਸਾਲ ਤੋਂ ਸੜਕਾਂ ਦੀ ਰਿਪੇਅਰ ਨਹੀਂ ਹੋਈ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਮੇਰੀ ਬੇਨਤੀ ਹੈ ਕਿ ਸੜਕਾਂ ਦੀ ਮੇਨਟੀਨੇਂਸ ਜ਼ਰੂਰ ਹੋਣੀ ਚਾਹੀਦੀ ਹੈ ਲੇਕਿਨ ਜਿਥੋਂ ਤੱਕ ਮਿੱਟੀ ਪਾਉਣ ਦੇ ਕੰਮ ਦਾ ਸਵਾਲ ਹੈ, ਪਲੇਨਜ਼ ਦੇ ਵਿਚ ਜੇ ਇਹ ਕੰਮ ਲੋਕਾਂ ਤੋਂ ਕਰਾ ਸਕਦੇ ਹੋਨ ਤਾਂ ਕਰਾ ਲੈਣ ਲੇਕਿਨ ਪਹਾੜੀ ਅਤੇ ਕੰਡੀ ਏਰੀਆ ਦੇ ਲੋਕਾਂ ਨੂੰ ਇਸ ਕੰਮ ਤੋਂ ਸਪੇਅਰ ਕਰ ਦੇਣ । ਫਸਟ ਟਾਈਮ ਸਾਡੇ ਵਾਸਤੇ ਇਹ ਕੰਮ ਲਾਜ਼ਮੀ ਕੀਤਾ ਗਿਆ ਹੈ । ਇਸ ਨੂੰ ਵਾਪਸ ਲੈ ਲਿਆ ਜਾਵੇ । ਐਫ. ਐਮ. ਸਾਹਿਬ ਇਸ ਤੇ ਗੌਰ ਕਰਨ ਅਤੇ ਇਸ ਸ਼ਰਤ ਨੂੰ ਵਾਪਸ ਲੈਣ । ਮੈਂ ਗਰੰਟੀ ਨਾਲ ਕਹਿੰਦਾ ਹਾਂ ਕਿ ਜੇ ਇਹ ਸ਼ਰਤ ਵਾਪਸ ਨਾ ਲਈ ਗਈ ਤਾਂ ਸਾਡੇ ਪਹਾੜੀ ਅਤੇ ਕੰਡੀ ਏਰੀਏ ਵਿਚ ਕੋਈ ਵੀ ਸੜਕ ਨਹੀਂ ਬਣੇਗੀ ਅਤੇ ਅਸੀਂ ਹਮੇਸ਼ਾ ਇਸ ਸਮੱਸਿਆ ਵਿਚ ਘਿਰੇ ਰਹਾਂਗੇ । ਪਹਾੜੀ ਏਰੀਏ ਵਿਚ ਸੜਕਾਂ ਆਮ ਤੌਰ ਤੇ ਹਰ ਸਾਲ ਖਰਾਬ ਹੋ ਜਾਂਦੀਆਂ ਹਨ । ਅਸੀਂ ਆਪਣੇ ਟਾਈਮ ਤੇ ਇਹ ਚੀਜ਼ ਕੀਤੀ ਸੀ ਕਿ ਉਥੇ ਸੀਮਿੰਟ ਅਤੇ ਕੰਕਰੀਟ ਦੀਆਂ ਸੜਕਾਂ ਬਣਾਈਆਂ ਜਾਣ । ਇਨ੍ਹਾਂ ਨੇ ਉਸ ਨੂੰ ਚੇਂਜ ਕਰਕੇ ਇਹ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਬ੍ਰਿਕ ਵੀਵਨ ਕਰ ਦਿੱਤਾ ਜਾਵੇ । ਲੇਕਿਨ ਬਾਰਸ਼ਾਂ ਦੇ ਨਾਲ ਇਸ ਤਰ੍ਹਾਂ ਦੀਆਂ ਸੜਕਾਂ ਰੁੜ੍ਹ ਜਾਂਦੀਆਂ ਹਨ । ਉਥੇ ਸੀਮਿੰਟ ਅਤੇ ਕੰਕਰੀਟ ਲਾਉਣਾ ਚਾਹੀਦਾ ਹੈ ਤਾਂ ਕਿ ਹਮੇਸ਼ਾ ਵਾਸਤੇ ਸੜਕਾਂ ਠੀਕ ਰਹਿਣ । ਇਸ ਤਰ੍ਹਾਂ ਦੀਆਂ ਸੜਕਾਂ ਤਕਰੀਬਨ 50 ਸਾਲ ਖਰਾਬ ਨਹੀਂ ਹੋਣਗੀਆਂ ਅਤੇ ਉਨ੍ਹਾਂ ਦੀ ਰਿਪੇਅਰ ਦੀ

[ਸ੍ਰੀ ਰਮੇਸ਼ ਚੰਦਰ ਡੋਗਰਾ]

ਲੌੜ ਵੀ ਨਹੀਂ ਪਵੇਗੀ। ਸ਼ੁਰੂ ਵਿਚ ਜ਼ਰੂਰ ਖਰਚਾ ਜ਼ਿਆਦਾ ਆਵੇਗਾ ਲੇਕਿਨ ਸਾਰੀ ਪੁਜ਼ੀਸ਼ਨ ਨੂੰ ਦੇਖਦੇ ਹੋਏ ਇਹ ਖਰਚਾ ਬੀਅਰ ਕਰ ਲੈਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਰੂਰਲ ਡਿਵੈਲਪਮੈਂਟ ਦੀ ਗੱਲ ਕਰਕੇ ਆਪਣਾ ਸਥਾਨ ਲਵਾਂਗਾ। ਹੁਣ ਬਲਾਕ ਸੰਮਤੀਆਂ ਦੇ ਇਲੈਕਸ਼ਨ ਵੀ ਆ ਰਹੇ ਹਨ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਸਨ ਤਾਂ ਬੜੀਆਂ ਧਾਂਦਲੀਆਂ ਹੋਈਆਂ ਸਨ। ਇਹ ਮਾਮਲਾ ਹਾਊਸ ਵਿਚ ਵੀ ਬਾਰ ਬਾਰ ਆਇਆ। ਅਸੀਂ ਅਤੇ ਕੁਝ ਦੂਸਰੇ ਭਰਾਵਾਂ ਨੇ ਵੀ ਇਹ ਮਸਲਾ ਉਠਾਇਆ। ਹੁਣ ਬਲਾਕ ਸੰਮਤੀਆਂ ਦੇ ਇਲੈਕਸ਼ਨਾਂ ਦੀ ਸ਼ੁਰੂਆਤ ਵੀ ਗਲਤ ਹੀ ਲੱਗਦੀ ਹੈ। ਜਿਹੜਾ ਵਾਰਡ ਸਿਸਟਮ ਇਹ ਬਣਾ ਰਹੇ ਹਨ, ਉਸ ਦੇ ਵਿਚ ਸਾਨੂੰ ਤਾਂ ਪੁੱਛਿਆ ਹੀ ਨਹੀਂ ਜਾ ਰਿਹਾ। ਕਿੰਨੇ ਕਿੰਨੇ ਪਿੰਡਾਂ ਦੇ ਜ਼ੋਨ ਬਣਾਉਣੇ ਹਨ, ਜਾਂ ਕੀ ਸਿਸਟਮ ਅਡਾਪਟ ਕਰਨਾ ਹੈ, ਇਸ ਮਾਮਲੇ ਵਿਚ ਸਾਨੂੰ ਪੂਰੀ ਤਰ੍ਹਾਂ ਇਗਨੋਰ ਕੀਤਾ ਜਾ ਰਿਹਾ ਹੈ। ਮੇਰੀ ਬੇਨਤੀ ਇਹ ਹੈ ਕਿ ਜੇਕਰ ਸਾਨੂੰ, ਅਪੋਜ਼ੀਸ਼ਨ ਵਾਲਿਆਂ ਨੂੰ ਇਗਨੋਰ ਵੀ ਕਰਨਾ ਹੈ ਤਾਂ ਕੋਈ ਜੁਡੀਸ਼ੀਅਸ ਸਿਸਟਮ ਬਣਾਇਆ ਜਾਵੇ ਤਾਂ ਕਿ ਲੋਕਾਂ ਨਾਲ ਇਨਸਾਫ ਹੋ ਸਕੇ। ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਵਿਚ ਜਿਹੜੀ ਧਾਂਦਲੀ ਹੋਈ ਸੀ, ਉਹ ਦੁਬਾਰਾ ਨਾ ਹੋਵੇ। ਇਸ ਸਬੰਧ ਵਿਚ ਪੂਰੀ ਚੌਕਸੀ ਰੱਖੀ ਜਾਵੇ ਅਤੇ ਪੂਰਾ ਧਿਆਨ ਰੱਖਿਆ ਜਾਵੇ। ਨਾਲ ਹੀ ਅਪੋਜ਼ੀਸ਼ਨ ਦੇ ਮੈਂਬਰਾਂ ਨੂੰ ਵੀ ਕਾਨਫੀਡੈਂਸ ਵਿਚ ਰੱਖਿਆ ਜਾਵੇ।

ਰਾਜ ਮੰਤਰੀ, ਖੇਤੀਬਾੜੀ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਕਿਸੇ ਹੋਰ ਮੈਂਬਰ ਸਾਹਿਬ ਨੇ ਬੋਲਣਾ ਹੈ ? (ਇਸ ਸਮੇਂ ਹੋਰ ਕੋਈ ਮਾਨਯੋਗ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ) ਹਾਂ ਜੀ ,ਐਫ ਐਮ. ਸਾਹਿਬ।

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਬੜੀ ਉਸਾਰੂ ਬਹਿਸ ਹੋਈ ਹੈ ਔਰ ਮੈਂ ਇਹ ਭਰੋਸਾ ਦੇਣਾ ਚਾਹੁੰਦਾ ਹਾਂ, ਖਾਸ ਕਰਕੇ ਅਰਸ਼ੀ ਸਾਹਿਬ ਨੂੰ ਕਿ ਜਿਹੜੀ ਵੀ ਸਾਡੀ ਉਸਾਰੂ ਨੁਕਤਾਚੀਨੀ ਹੈ, ਕਮ-ਜ਼ ਕਮ ਮੈਂ ਉਸ ਨੂੰ ਵੈਲਕਮ ਕਰਦਾ ਹਾਂ। ਕਿਉਂਕਿ ਇਸ ਢੰਗ ਨਾਲ ਜੇ ਕੋਈ ਸਰਕਾਰ ਦੇ ਬਜਟ ਵਿਚ ਜਾਂ ਕੰਮਕਾਰ ਵਿਚ ਊਣਤਾਈਆਂ ਹੋਣ ਤਾਂ ਉਨ੍ਹਾਂ ਵਿਚ ਸੁਧਾਰ ਲਿਆਂਦਾ ਜਾ ਸਕਦਾ ਹੈ। ਬਾਕੀ ਜਿਹੜੇ ਮੁੱਦੇ ਉਠਾਏ ਗਏ ਹਨ, ਸਪੀਕਰ ਸਾਹਿਬ, ਜਿਹੜੀਆਂ ਸਪਲੀਮੈਂਟਰੀਜ਼ ਮੈਂ ਪੇਸ਼ ਕੀਤੀਆਂ ਹਨ ਉਨ੍ਹਾਂ ਦੇ ਵਿਚ ਮੈਂ ਇਕ ਗੱਲ ਕਹਾਂਗਾ ਕਿ 2116 ਕਰੋੜ ਰੁਪਏ ਤਾਂ ਵੇਜ਼ ਐਂਡ ਮੀਨਜ਼ ਦੇ ਹਨ ਜਿਹੜੇ ਕਿ ਰਿਜ਼ਰਵ ਬੈਂਕ ਆਫ ਇੰਡੀਆ ਅਤੇ ਕੇਂਦਰ ਸਰਕਾਰ ਦਾ ਪੰਜਾਬ ਸਰਕਾਰ ਦੇ ਨਾਲ ਸਿੱਧੇ ਰੂਪ ਵਿਚ ਲੈਣ-ਦੇਣ ਬਣਿਆ ਹੋਇਆ ਹੈ, ਉਹ ਪੈਸਾ ਚਲਾ ਜਾਂਦਾ ਹੈ, ਵਾਪਸ ਹੋ ਜਾਂਦਾ ਹੈ। ਇਸ ਕਰਕੇ ਇਸ ਦੀ ਬਹੁਤੀ ਅਹਿਮੀਅਤ ਨਹੀਂ ਹੈ। ਲੇਕਿਨ ਇਸ ਤੋਂ ਅੱਗੇ ਜਿਹੜੇ 604 ਕਰੋੜ ਰੁਪਏ ਹਨ,

**Expunged as ordered by the Chair.

ਜਿਨ੍ਹਾਂ ਦੀ ਮੈਂ ਮੰਗ ਕਰ ਰਿਹਾ ਹਾਂ, ਉਹ ਸਿਰਫ ਤਨਖਾਹਾਂ ਤੇ ਪੈਨਸ਼ਨਾਂ ਦੇਣ ਵਾਸਤੇ ਮੰਗ ਕੀਤੀ ਗਈ ਹੈ ਜਿਹੜੀ ਕਿ ਪੇ-ਕਮਿਸ਼ਨ ਕਾਰਨ ਵੱਧ ਤਨਖਾਹਾਂ ਦੇਣ ਕਰਕੇ ਬਜਟ ਵੇਲੇ ਉਨ੍ਹਾਂ ਦਾ ਅਨੁਮਾਨ ਨਹੀਂ ਸੀ ਲਗਾਇਆ ਜਾ ਸਕਿਆ। ਲੇਕਿਨ ਬਾਕੀ ਮੰਗਾਂ ਬਾਰੇ, ਸਪੀਕਰ ਸਾਹਿਬ, ਮੈਂ ਆਪ ਨੂੰ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ 192 ਕਰੋੜ ਰੁਪਏ ਅਸੀਂ ਰਣਜੀਤ ਸਾਗਰ ਡੈਮ ਦੀ ਪੂਰਤੀ ਵਾਸਤੇ ਮੰਗ ਰਹੇ ਹਾਂ। ਰਣਜੀਤ ਸਾਗਰ ਡੈਮ, ਸਪੀਕਰ ਸਾਹਿਬ, 1985-86 ਵਿਚ ਸ਼ੁਰੂ ਹੋਇਆ ਸੀ। ਜਦੋਂ ਸਾਡੀ ਸਰਕਾਰ ਨੇ ਦੋ ਸਾਲ ਪਹਿਲਾਂ ਆਪਣਾ ਕੰਮਕਾਜ ਸੰਭਾਲਿਆ ਸੀ ਉਸ ਵੇਲੇ ਡੈਮ ਦਾ ਕੰਮ ਅਧੂਰਾ ਸੀ। ਅਸੀਂ ਉਸ ਸਾਰੇ ਪ੍ਰੋਜੈਕਟ ਦੀ ਨਵੀਂ ਰੂਪ-ਰੇਖਾ ਖੜ੍ਹੀ ਕੀਤੀ ਅਤੇ ਪ੍ਰਸ਼ਾਸਕੀ ਤੇ ਵਿੱਤੀ, ਦੋਨਾਂ ਪਹਿਲੂਆਂ ਤੇ ਪਹਿਰਾ ਦੇ ਕੇ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਰਣਜੀਤ ਸਾਗਰ ਡੈਮ ਅਸੀਂ ਪੂਰਾ ਕਰਨ ਵਿਚ ਪਿਛਲੇ ਮਹੀਨੇ ਕਾਮਯਾਬ ਹਏ ਹਾਂ। ਰਣਜੀਤ ਸਾਗਰ ਡੈਮ ਇਸ ਸਾਲ ਸਾਡੇ ਪੀਕ ਸੀਜ਼ਨ ਵਿਚ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ। ਇਸ ਤਰ੍ਹਾਂ ਹੀ 120 ਕਰੋੜ ਰੁਪਏ ਗਰਾਂਟ-ਇਨ-ਏਡ ਟੂ ਦਿ ਯੂਨੀਵਰਸਿਟੀਜ਼ ਹੈ। 23 ਕਰੋੜ ਰੁਪਏ ਜਿਸ ਦਾ ਇਥੇ ਬਾਰ ਬਾਰ ਜ਼ਿਕਰ ਆਇਆ ਹੈ, ਉਹ ਮੈਂ ਸੜਕਾਂ ਦੇ ਬਾਰੇ ਅਤੇ ਬ੍ਰਿਜਿਜ਼ ਵਾਸਤੇ ਮੰਗ ਕੀਤੀ ਹੈ। ਜ਼ਿਕਰ ਆਇਆ ਹੈ, ਅਰਸ਼ੀ ਸਾਹਿਬ ਨੇ ਕਿਸਾਨਾਂ ਦੀ ਗੱਲ ਕੀਤੀ ਹੈ ਅਤੇ ਉਨ੍ਹਾਂ ਨੂੰ ਪੇਸ਼ ਆਏ ਸੰਕਟ ਬਾਰੇ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਮੈਂ ਇਹ ਗੱਲ ਬੜੇ ਸੋਚ-ਵਿਚਾਰ ਦੇ ਨਾਲ ਕਹਿ ਸਕਦਾ ਹਾਂ ਕਿ ਇਸ ਸਾਲ ਝੋਨੇ ਦੀ ਫਸਲ ਦੌਰਾਨ ਸਾਡੀ ਸਰਕਾਰ ਹੀ ਸੀ ਜਿਸ ਨੇ ਕਿਸਾਨਾਂ ਦੇ ਮੰਡੀਆਂ ਵਿਚੋਂ ਭਿੱਜੇ ਹੋਏ ਝੋਨੇ ਦੀ ਖਰੀਦ ਕਰਵਾ ਦਿਤੀ। ਪਹਿਲੀ ਫਸਲ ਜਦੋਂ ਆਉਣੀ ਸ਼ੁਰੂ ਹੋਈ ਤਾਂ ਉਸ ਵੇਲੇ ਝੋਨਾ ਭਿੱਜ ਗਿਆ। ਉਸ ਦੇ ਵਾਸਤੇ ਪ੍ਰਬੰਧਕੀ ਸੁਧਾਰ ਕਰਕੇ ਉਸ ਦੀ ਖਰੀਦ ਸ਼ੁਰੂ ਕੀਤੀ। ਦੂਸਰੀ ਵਾਰ 25 ਲੱਖ ਟਨ ਝੋਨਾ ਪੰਜਾਬ ਦੀਆਂ ਮੰਡੀਆਂ ਵਿਚ ਪਿਆ ਸੀ। ਜਦੋਂ ਦੂਸਰੀ ਬਾਰਸ਼ ਹੋ ਗਈ ਔਰ ਉਹ ਸਾਰਾ ਪੂਰਨ ਤੌਰ ਤੇ ਭਿੱਜ ਗਿਆ। ਅਸੀਂ ਬੜੇ ਉਪਰਾਲੇ ਕੀਤੇ। ਕੇਂਦਰ ਸਰਕਾਰ ਨਾਲ ਸੰਪਰਕ ਕੀਤਾ। ਮੁੱਖ ਮੰਤਰੀ ਜੀ, ਫੂਡ ਅਤੇ ਸਪਲਾਈ ਮੰਤਰੀ ਅਤੇ ਮੈਂ ਪ੍ਰਧਾਨ ਮੰਤਰੀ ਜੀ ਨੂੰ ਮਿਲੇ ਔਰ ਮਿਲ ਕੇ ਵਿਸ਼ੇਸ਼ ਰੂਪ ਵਿਚ ਪੈਡੀ ਦੀ ਪਰਚੇਜ਼ ਲਈ ਝੋਨੇ ਦੀਆਂ ਸਪੈਸੀਫਿਕੇਸ਼ਨਾਂ ਦੇ ਵਿਚ ਅਸੀਂ ਛੋਟਾਂ ਲੈ ਕੇ ਆਏ ਜਿਸ ਦੇ ਨਾਲ ਦੁਬਾਰਾ ਖਰੀਦ ਸ਼ੁਰੂ ਹੋਈ ਔਰ ਫਿਰ ਭਿੱਜੇ ਹੋਏ ਝੋਨੇ ਵਿੱਚ ਮਾਇਸਚਰ ਜ਼ਿਆਦਾ ਹੋਣ ਕਰਕੇ ਮਿੱਲਰਜ਼ ਨੂੰ ਮੁਸ਼ਕਲ ਆ ਗਈ। ਪੰਜਾਬ ਦੇ ਰਾਈਸ ਮਿੱਲਰਜ਼ ਦੇ ਸਾਹਮਣੇ ਸਮੱਸਿਆ ਖੜ੍ਹੀ ਹੋਈ। ਸਪੀਕਰ ਸਾਹਿਬ, ਪਿਛਲੇ ਹਫਤੇ ਫਿਰ ਦੋਬਾਰਾ ਤੀਸਰੀ ਵਾਰ ਅਸੀਂ ਪ੍ਰਧਾਨ ਮੰਤਰੀ ਜੀ ਨਾਲ ਮੁਲਾਕਾਤ ਕੀਤੀ ਅਤੇ ਅਸੀਂ ਚੌਲਾਂ ਦੀ ਖਰੀਦ ਦੇ ਵਿੱਚ ਦਿੱਤੀਆਂ ਸਪੈਸੀਫਿਕੇਸ਼ਨਜ਼ ਵਿਚ ਛੂਟ ਲਈ ਔਰ ਇਸ ਛੂਟ ਦਾ ਸਿੱਟਾ ਇਹ ਹੋਇਆ ਕਿ ਅੱਜ ਦੋਬਾਰਾ ਉਸ ਝੋਨੇ ਦੀ ਮਿਲਿੰਗ ਪੰਜਾਬ ਦੇ ਅੰਦਰ ਸ਼ੁਰੂ ਹੋਈ ਹੈ ਔਰ ਬੜੀ ਤੇਜ਼ੀ ਦੇ ਨਾਲ ਦੋ ਤਿੰਨ ਮਹੀਨੇ ਦੇ ਅੰਦਰ ਇਹ ਸਾਰਾ ਪਿਆ ਝੋਨਾ ਮਿੱਲ ਹੋ ਜਾਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਬਾਰੇ ਨੁਕਤਾਚੀਨੀ ਕਰਨ ਦੀ ਬਜਾਏ ਸਾਡੀ ਸਰਕਾਰ ਦੀ ਔਰ ਸਾਡੇ ਉਪਰਾਲਿਆਂ ਦੀ ਇਨ੍ਹਾਂ ਨੂੰ ਸ਼ਲਾਘਾ ਕਰਨੀ ਚਾਹੀਦੀ ਸੀ। ਅੱਗੇ ਨਰਮੇ ਦਾ ਜ਼ਿਕਰ ਆਇਆ। ਨਰਮੇ ਦੀ ਗੱਲ ਕੋਈ ਅੱਜ ਦੀ ਨਹੀਂ ਹੈ, ਪਿਛਲੀਆਂ ਚਾਰ ਫਸਲਾਂ ਨਰਮੇ ਦੀਆਂ ਬਰਬਾਦ ਹੋ ਗਈਆਂ ਹਨ, ਜ਼ਿਆਦਾ ਕਰਕੇ ਉਨ੍ਹਾਂ ਇਲਾਕਿਆਂ

[ਵਿੱਤ ਅਤੇ ਯੋਜਨਾ ਮੰਤਰੀ]

ਵਿੱਚ ਜਿੱਥੇ ਨਰਮੇ ਦੀ ਜ਼ਿਆਦਾ ਕਾਸ਼ਤ ਕੀਤੀ ਜਾਂਦੀ ਹੈ ਅਤੇ ਉਥੇ ਸੇਮ ਦੀ ਸਮੱਸਿਆ ਆਈ ਹੈ। ਸਪੀਕਰ ਸਾਹਿਬ, ਪਿਛਲੇ ਸਮੇਂ ਵੀ ਸਰਕਾਰਾਂ ਆਈਆਂ ਹਨ। ਸਾਡੇ ਡੋਗਰਾ ਸਾਹਿਬ ਦੀ ਸਰਕਾਰ ਵੀ ਆਈ, ਚੌਧਰੀ ਸਾਹਿਬ ਦੀ ਵੀ ਆਈ ਲੇਕਿਨ ਇਨ੍ਹਾਂ ਇਲਾਕਿਆਂ ਦੇ ਵਿਚੋਂ ਸੇਮ ਦਾ ਪ੍ਰਬੰਧ ਕਰਨ ਲਈ ਇਨ੍ਹਾਂ ਨੇ ਕੋਈ ਉਪਰਾਲਾ ਨਹੀਂ ਕੀਤਾ। ਮੈਂ ਖੁਸ਼ੀ ਨਾਲ ਕਹਾਂਗਾਂ ਕਿ ਸਾਡੀ ਸਰਕਾਰ ਨੇ ਬੜੀ ਵੱਡੀ ਰਾਸ਼ੀ ਖਰਚ ਕਰਕੇ ਇਨ੍ਹਾਂ ਇਲਾਕਿਆਂ ਦੇ ਵਿਚੋਂ ਸੇਮ ਦਾ ਪਰਮਾਨੈਂਟ ਬੇਸਿਜ਼ ਤੇ ਹੱਲ ਕੱਢਣ ਲਈ ਬਹੁਤ ਸਾਰੀਆਂ ਸਕੀਮਾਂ ਚਾਲੂ ਕੀਤੀਆਂ ਹਨ ਅਤੇ ਪੈਸੇ ਵੀ ਦਿੱਤੇ ਹਨ, ਜਿਸ ਦੇ ਬਾਰੇ ਮੈਂ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਹਲਕਿਆਂ ਵਿੱਚ ਸੇਮ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ।

ਅਰਸ਼ੀ ਸਾਹਿਬ ਨੇ ਮੈਂਬਰ ਸਾਹਿਬਾਨ ਦੇ ਟੀ.ਏ.ਡੀ.ਏ. ਦੇ ਬਿੱਲਾਂ ਬਾਰੇ ਜ਼ਿਕਰ ਕੀਤਾ ਹੈ। ਉਹ ਕੁਝ ਪ੍ਰੋਸੀਜ਼ਰਲ ਮੈਟਰ ਵਿਚ ਪ੍ਰਾਬਲਮ ਹੋਣ ਕਾਰਨ ਡੀਲੇਅ ਹੋ ਸਕਦੀ ਹੈ ਜਿਸ ਦੇ ਲਈ ਮੈਨੂੰ ਖੇਦ ਹੈ, ਪਰ ਉਹ ਪੈਸੇ ਰਿਲੀਜ਼ ਹੋ ਚੁੱਕੇ ਹਨ। ਇਕਾਨਮੀ ਮਈਅਰਜ਼ ਦਾ ਜ਼ਿਕਰ ਕੀਤਾ, ਮੈਂ ਇਸ ਗੱਲ ਨੂੰ ਪ੍ਰਵਾਨ ਕਰਦਾ ਹਾਂ। ਸਾਡੀ ਸਰਕਾਰ ਦੇ ਖਰਚਿਆਂ ਵਿੱਚ ਕਮੀ ਲਿਆਉਣ ਦੀ ਲੋੜ ਹੈ। ਮੈਂ ਇਕ ਗੱਲ ਕਹਾਂਗਾ ਕਿ ਸਾਡੇ ਵਿੱਤ ਵਿਭਾਗ ਵਲੋਂ ਇਕ ਵਿਸ਼ੇਸ਼ ਯੋਜਨਾ ਬਣਾ ਕੇ ਕੈਬਨਿਟ ਵਿੱਚ ਪੇਸ਼ ਕੀਤੀ ਗਈ ਹੈ ਜਿਸਦੇ ਨਾਲ ਖਰਚਿਆਂ ਨੂੰ ਘਟਾਉਣ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਉਸਦੀ ਪ੍ਰਵਾਨਗੀ ਕੈਬਨਿਟ ਵਲੋਂ ਮਿਲਣ ਤੇ ਮੈਂ ਉਸਨੂੰ ਇਸ ਮਹਾਨ ਸਦਨ ਵਿੱਚ ਪੇਸ਼ ਕਰਾਂਗਾ।

ਡਿਪਟੀ ਕਮਿਸ਼ਨਰ, ਮਾਨਸਾ ਦੇ ਬਾਰੇ ਜ਼ਿਕਰ ਕੀਤਾ ਗਿਆ ਹੈ। ਉਸਦੇ ਬਾਰੇ ਜ਼ਰੂਰ ਅਸੀਂ ਇਨਕੁਆਇਰੀ ਕਰਵਾ ਲਵਾਂਗੇ। ਇਕ ਪ੍ਰਾਈਵੇਟ ਵਕੀਲ ਬਾਰੇ ਜ਼ਿਕਰ ਆਇਆ ਹੈ। ਸਪੀਕਰ ਸਾਹਿਬ, ਮੈਂ ਇਹ ਗੱਲ ਕਹਾਂਗਾ ਕਿ ਸੁਪਰੀਮ ਕੋਰਟ ਦੇ ਵਿੱਚ ਔਰ ਸਤਲੁੱਜ-ਬਿਆਸ ਦੇ ਪਾਣੀਆਂ ਦੇ ਸਬੰਧੀ ਜਿਹੜਾ ਕਮਿਸ਼ਨ ਦਿੱਲੀ ਵਿੱਚ ਬਣਿਆ ਹੈ, ਉਨ੍ਹਾਂ ਦੋਹਾਂ ਦੇ ਸਾਹਮਣੇ ਪੰਜਾਬ ਦੀਆਂ ਸਮੱਸਿਆਵਾਂ ਅਤੇ ਕੇਸ ਚਲ ਰਹੇ ਹਨ। ਪੰਜਾਬ ਦਾ ਪੱਖ ਪੂਰਨ ਲਈ ਤੁਹਾਡੀ ਸਰਕਾਰ ਨੇ ਬਹੁਤ ਸਾਰੇ ਵੱਡੇ ਅਤੇ ਵਧੀਆ ਵਕੀਲਾਂ ਨੂੰ ਹਾਇਰ ਕਰਕੇ ਭੇਜਿਆ ਹੈ ਤਾਂ ਕਿ ਪੰਜਾਬ ਦੇ ਜਿਹੜੇ ਹੱਕ ਹਨ, ਉਨ੍ਹਾਂ ਦੀ ਰੱਖਿਆ ਕੀਤੀ ਜਾ ਸਕੇ। ਉਨ੍ਹਾਂ ਵਾਸਤੇ ਪੈਸੇ ਆਪ ਜੀ ਤੋਂ ਮੰਗੇ ਗਏ ਹਨ। ਸਿਕਿਉਰਟੀ ਦੇ ਬਾਰੇ ਵੀ ਜ਼ਿਕਰ ਆਇਆ ਹੈ। ਦੋ ਵਾਰ, ਸਾਡੀ ਜਿਸ ਦਿਨ ਤੋਂ ਸਰਕਾਰ ਨੇ ਜ਼ਿੰਮੇਵਾਰੀ ਸੰਭਾਲੀ ਹੈ, ਸਪੀਕਰ ਸਾਹਿਬ, ਜਿਨ੍ਹਾਂ ਸੱਜਣਾਂ ਨੂੰ ਸਿਕਿਉਰਟੀ ਦਿੱਤੀ ਹੈ, ਉਨ੍ਹਾਂ ਦਾ ਟੋਟਲ ਰਿਵਿਊ ਕਰ ਚੁੱਕੇ ਹਾਂ ਅਤੇ ਪੁਲਿਸ ਵਿਭਾਗ ਨੂੰ ਹਦਾਇਤਾਂ ਵੀ ਹਨ ਕਿ ਉਨ੍ਹਾਂ ਸੱਜਣਾਂ ਨੂੰ ਹੀ ਸਿਕਿਉਰਟੀ ਪ੍ਰੋਵਾਈਡ ਕੀਤੀ ਜਾਵੇ ਜਿਨ੍ਹਾਂ ਨੂੰ ਅਤਿਅੰਤ ਜਰੂਰੀ ਹੈ। ਪਿਛਲੀਆਂ ਸਰਕਾਰਾਂ ਵੇਲੇ ਇਹ ਰਿਵਾਜ਼ ਬਣ ਗਿਆ ਸੀ ਅਤੇ ਇਕ ਸਟੇਟਸ ਸਿੰਬਲ ਬਣ ਗਿਆ ਸੀ ਕਿ ਪਿਛੇ ਸਿਕਿਉਰਟੀ ਦੀਆਂ ਜੀਪਾਂ ਦੇ ਨਾਲ ਗੰਨਮੈਨ ਚਲੇ ਆਉਣ, ਲੇਕਿਨ ਅਸੀਂ ਉਸ ਚੀਜ਼ ਨੂੰ ਖਤਮ ਕੀਤਾ ਹੈ। ਇਸਦੇ ਵਿੱਚ ਉਹ ਸੱਜਣ ਜਿਨ੍ਹਾਂ ਨੂੰ ਸਿਕਿਉਰਟੀ ਅਤਿਅੰਤ ਜ਼ਰੂਰੀ ਹੈ, ਪ੍ਰੋਵਾਈਡ ਕਰਨ ਦਾ ਜ਼ਿਕਰ ਕੀਤਾ ਹੈ। ਪੁਲਿਸ ਦੇ ਖ਼ਰਚੇ ਵਿੱਚ ਜੋ ਵਾਧਾ ਹੋਇਆ ਹੈ, ਉਹ ਇਸ ਕਰਕੇ ਹੋਇਆ ਹੈ ਕਿ ਇਸ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਲਈ ਰਾਸ਼ਟਰਪਤੀ ਰਾਜ ਦੇ ਦੌਰਾਨ ਅਤੇ ਪਿਛਲੀ ਸਰਕਾਰ ਦੇ ਦੌਰਾਨ ਪੰਜਾਬ ਦੀ ਪੁਲਿਸ ਦੀ ਗਿਣਤੀ ਵਿੱਚ ਬਹੁਤ ਵੱਡਾ ਵਾਧਾ ਹੋਇਆ ਹੈ। ਅਰਸ਼ੀ

ਸਾਹਿਬ ਨੇ ਠੀਕ ਕਿਹਾ ਹੈ । ਇਨ੍ਹਾਂ ਨੇ ਆਖਿਆ ਹੈ ਕਿ 55 ਕਰੋੜ ਰੁਪਏ ਤੋਂ 500 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਪਰ ਮੈਂ ਕਹਿੰਦਾ ਹਾਂ ਕਿ ਜਦੋਂ ਮੈਂ ਅਗਲੇ ਸਾਲ ਦਾ ਬਜਟ ਪੇਸ਼ ਕਰਾਂਗਾ ਉਦੋਂ ਦੱਸਾਂਗਾ ਕਿ ਅਸੀਂ ਤਾਂ ਇਸ ਤੋਂ ਬਹੁਤ ਅੱਗੇ ਵੱਧ ਚੁੱਕੇ ਹਾਂ । ਲੇਕਿਨ ਇਹ ਸਾਰੇ ਦਾ ਸਾਰਾ ਖਰਚਾ 90 % ਤਨਖਾਹਾਂ ਔਰ ਅਲਾਊਂਸਿਜ਼ ਵਿੱਚ ਹੀ ਚਲਾ ਜਾਂਦਾ ਹੈ । ਇਸ ਵਿੱਚ ਕਟੌਤੀ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ । ਕਟੌਤੀ ਤਾਂ ਹੀ ਹੋ ਸਕਦੀ ਹੈ ਜੇਕਰ ਹੌਲੀ ਹੌਲੀ ਪੁਲਿਸ ਫੋਰਸ ਦਾ ਸਾਈਜ਼ ਘਟਾਇਆ ਜਾਵੇ ਲੇਕਿਨ ਸਰਕਾਰੀ ਮੁਲਾਜ਼ਮਾਂ ਨੂੰ ਇਸ ਪੱਖੋਂ ਵਿਧਾਨਿਕ ਰੱਖਿਆ ਪ੍ਰਾਪਤ ਹੈ । ਉਨ੍ਹਾਂ ਨੂੰ ਪ੍ਰੋਟੈਕਸ਼ਨ ਪ੍ਰਾਪਤ ਹੈ ਕਿ ਸਰਕਾਰ ਉਨ੍ਹਾਂ ਨੂੰ ਹਟਾ ਨਹੀਂ ਸਕਦੀ । ਇਸ ਕਰਕੇ ਪੁਲਿਸ ਦਾ ਖਰਚਾ ਭਾਵੇਂ ਹਾਲਾਤ ਠੀਕ ਹੋ ਗਏ ਹਨ, ਭਾਵੇਂ ਹਾਲਾਤ ਸੁਧਰ ਗਏ ਹਨ, ਭਾਵੇਂ ਪੰਜਾਬ ਅੰਦਰ ਸਾਡੀ ਸਰਕਾਰ ਦੀ ਮਿਹਨਤ ਸਦਕਾ, ਸਾਡੀ ਸਰਕਾਰ ਦੀ ਦੂਰਅੰਦੇਸ਼ੀ ਸਦਕਾ ਔਰ ਸਾਡੀ ਸਰਕਾਰ ਦੀਆਂ ਸਹੀ ਦਿਸ਼ਾ ਨਿਰਦੇਸ਼ਾਂ ਸਦਕਾ ਸ਼ਾਂਤੀ ਕਾਇਮ ਹੋਈ ਹੈ, ਅਸੀਂ ਉਸ ਨੂੰ ਘਟਾ ਨਹੀਂ ਸਕਦੇ ਔਰ ਨਾ ਹੀ ਘਟਾਉਣ ਦਾ ਕੋਈ ਜ਼ਿਕਰ ਹੈ ।

ਸਪੀਕਰ ਸਾਹਿਬ, ਐਕਸਾਈਜ਼ ਦੇ ਫੰਡਾਂ ਬਾਰੇ ਜ਼ਿਕਰ ਹੋਇਆ ਹੈ । ਇਸ ਬਾਰੇ ਮੈਂ ਕਹਾਂਗਾ ਕਿ ਨਵੀਂ ਪਾਲਿਸੀ ਬਣ ਚੁੱਕੀ ਹੈ । ਐਕਸਾਈਜ਼ ਫੰਡਾਂ ਦਾ ਡੇਵੋਲਿਊਸ਼ਨ ਕਰਕੇ, ਨਗਰ ਪੰਚਾਇਤਾਂ, ਨਗਰ ਕੌਂਸਲਾਂ, ਮਿਊਂਸਿਪਲ ਕਮੇਟੀਆਂ ਔਰ ਮਿਊਂਸਿਪਲ ਕਾਰਪੋਰੇਸ਼ਨਾਂ ਨੂੰ ਪੈਸੇ ਜਾਣੇ ਹਨ, ਉਸ ਵਿੱਚ ਸੁਧਾਰ ਕੀਤਾ ਹੈ । ਹੁਣ ਇਹ ਪੈਸੇ ਪੰਜਾਬ ਦੇ ਕੰਸੋਲੀਡੇਟਿਡ ਫੰਡ ਵਿੱਚੋਂ ਨਹੀਂ, ਪੰਜਾਬ ਦੇ ਖਜ਼ਾਨੇ ਵਿੱਚੋਂ ਨਹੀਂ ਬਲਕਿ ਐਕਸਾਈਜ਼ ਡਿਪਾਰਟਮੈਂਟ ਤੋਂ ਕੁਲੈਕਟ ਕਰਕੇ ਸਿੱਧੇ ਦੇ ਸਿੱਧੇ ਡਿਵਾਲਵ ਕਰ ਦਿੱਤੇ ਜਾਇਆ ਕਰਨਗੇ । ਇਸ ਨਾਲ ਲੰਬਾ ਚੱਕਰ ਖਤਮ ਹੋਵੇਗਾ ਔਰ ਅਦਾਇਗੀ ਵੀ ਠੀਕ ਢੰਗ ਨਾਲ ਬੜੀ ਜਲਦੀ ਹੋ ਸਕੇਗੀ । ਸਪੀਕਰ ਸਾਹਿਬ, ਇਹ ਬਾਕੀ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਹਨ ਅਤੇ ਮੈਂਬਰ ਸਾਹਿਬਾਨ ਅਗੇ ਪੇਸ਼ ਹੋ ਚੁੱਕੀਆਂ ਹਨ, ਮੈਂ ਮਹਾਨ ਸਦਨ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਪ੍ਰਵਾਨਗੀ ਦਿੱਤੀ ਜਾਵੇ ।

ਸ਼੍ਰੀ ਸਪੀਕਰ : ਜੇ ਸਦਨ ਦੀ ਸਹਿਮਤੀ ਹੋਵੇ ਤਾਂ ਸਾਰੀਆਂ ਮੰਗਾਂ ਸਦਨ ਦੀ ਵੋਟ ਲਈ ਇਕੱਠੀਆਂ ਹੀ ਰੱਖ ਦਿੱਤੀਆਂ ਜਾਣ ?

(ਆਵਾਜ਼ਾਂ : ਹਾਂ ਜੀ, ਹਾਂ ਜੀ)

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਮੰਗ ਨੰ : 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 173564000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਸਬੰਧੀ ਕੀਤੀ ਜਾਵੇਗੀ ।

ਮੰਗ ਨੰ : 2

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 253875000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਸਬੰਧੀ ਕੀਤੀ ਜਾਵੇਗੀ ।

[ਸ੍ਰੀ ਸਪੀਕਰ]

ਮੰਗ ਨੰ : 3

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 120950000 ਰੁਪਏ ਅਤੇ ਪੂੰਜੀਗਤ ਲੇਖੇ ਤੇ 27528000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜ਼ਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 4

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26881000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਦੀ ਭਲਾਈ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 5

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2803966000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 7

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 252089000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇਗੀ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 8

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1760787000 ਰੁਪਏ ਅਤੇ ਪੂੰਜੀਗਤ ਲੇਖੇ ਤੇ 21636643000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 9

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 39465000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 10

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 110481000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ-ਪ੍ਰਸ਼ਾਸਨ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 11

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 688499000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2398004000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11273000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8202000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 15

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 93908000 ਰੁਪਏ ਅਤੇ ਪੂੰਜੀਗਤ ਲੇਖੇ ਤੇ 1918495000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਚਾਈ ਅਤੇ ਬਿਜਲੀ ਸਬੰਧੀ ਕੀਤੀ ਜਾਵੇਗੀ।

[ਸ਼੍ਰੀ ਸਪੀਕਰ]

ਮੰਗ ਨੰ: 16

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 24535000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਅਤੇ ਰੋਜ਼ਗਾਰ ਸਬੰਧੀ ਕੀਤੀ ਜਾਵੇਗੀ।

ਮੰਗ ਨੰ: 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 281533000 ਰੁਪਏ ਅਤੇ ਪੂੰਜੀਗਤ ਲੇਖੇ ਤੇ 458692000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਲਈ ਕੀਤੀ ਜਾਵੇਗੀ।

ਮੰਗ ਨੰ: 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7912000 ਰੁਪਏ ਅਤੇ ਪੂੰਜੀਗਤ ਲੇਖੇ ਤੇ 25000000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਕਰਮਚਾਰੀ ਵਰਗ ਅਤੇ ਪ੍ਰਬੰਧਕੀ ਸੁਧਾਰ ਸਬੰਧੀ ਕੀਤੀ ਜਾਵੇਗੀ।

ਮੰਗ ਨੰ: 19

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਸਬੰਧੀ ਕੀਤੀ ਜਾਵੇਗੀ।

ਮੰਗ ਨੰ: 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 400000 ਰੁਪਏ ਅਤੇ ਪੂੰਜੀਗਤ ਲੇਖੇ ਤੇ 377356000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਕਾਰਜ ਸਬੰਧੀ ਕੀਤੀ ਜਾਵੇਗੀ।

ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 147481000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਸਬੰਧੀ ਕੀਤੀ ਜਾਵੇਗੀ।

ਮੰਗ ਨੰ : 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 141370000 ਰੁਪਏ ਅਤੇ ਪੂੰਜੀਗਤ ਲੇਖੇ ਤੇ 83959000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜ ਅਤੇ ਇਸਤਰੀਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ : 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 13225000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਸਬੰਧੀ ਕੀਤੀ ਜਾਵੇਗੀ ।

ਮੰਗ ਨੰ : 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51996000 ਰੁਪਏ ਅਤੇ ਪੂੰਜੀਗਤ ਲੇਖੇ ਤੇ 183000000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਸਬੰਧੀ ਕੀਤੀ ਜਾਵੇਗੀ ।

ਮੰਗ ਨੰ : 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਸਬੰਧੀ ਕੀਤੀ ਜਾਵੇਗੀ ।

ਮੰਗ ਨੰ : 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3138000 ਰੁਪਏ ਤੋਂ ਵੱਧ ਨਾ ਹੋਵੇ, ਰਾਜਪਾਲ ਨੂੰ ਉਨ੍ਹਾਂ ਖਰਚਿਆਂ ਦੇ ਭੁਗਤਾਨ ਲਈ ਦਿੱਤੀ ਜਾਵੇ ਜਿਨ੍ਹਾਂ ਦੀ ਅਦਾਇਗੀ 31 ਮਾਰਚ, 1999 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਸਬੰਧੀ ਕੀਤੀ ਜਾਵੇਗੀ ।

ਸ੍ਰੀ ਸਪੀਕਰ : ਪ੍ਰਸਤਾਵ ਪ੍ਰਵਾਨ ਹੋਇਆ ।

ਸ੍ਰੀ ਸਪੀਕਰ : ਹੁਣ ਐਫ. ਐਮ. ਸਾਹਿਬ ਪੰਜਾਬ ਨਮਿੱਤਣ (ਨੰ : 1) ਬਿਲ ਪੇਸ਼ ਕਰਨਗੇ ਅਤੇ ਪ੍ਰਸਤਾਵ ਕਰਨਗੇ ਕਿ ਪੰਜਾਬ ਨਮਿੱਤਣ (ਨੰ: 1) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

THE PUNJAB APPROPRIATION (NO. 1) BILL, 1999

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮੈਂ ਪੰਜਾਬ ਨਮਿੱਤਣ (ਨੰ : 1) ਬਿਲ ਪੇਸ਼ ਕਰਦਾ ਹਾਂ ।

ਸ੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਵੀ ਕਰਦਾ ਹਾਂ :

ਕਿ ਪੰਜਾਬ ਨਮਿੱਤਣ (ਨੰ : 1) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ :

ਕਿ ਪੰਜਾਬ ਨਮਿੱਤਣ (ਨੰ : 1) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਕੀ ਇਸ ਤੇ ਕੋਈ ਮਾਨਯੋਗ ਮੈਂਬਰ ਬੋਲਣ ਵਾਲਾ ਹੈ ?

(ਕੋਈ ਵੀ ਮਾਨਯੋਗ ਮੈਂਬਰ ਬੋਲਣ ਵਾਸਤੇ ਖੜ੍ਹਾ ਨਹੀਂ ਹੋਇਆ ।)

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਪੰਜਾਬ ਨਮਿੱਤਣ (ਨੰ : 1) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਪ੍ਰਸਤਾਵ ਪ੍ਰਵਾਨ ਹੋਇਆ ।

ਸ੍ਰੀ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

ਕਲਾਜ਼ 2

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਕਲਾਜ਼ 3

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਕਲਾਜ਼ 3 ਬਿਲ ਦਾ ਹਿੱਸਾ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਸ਼ਡਿਊਲ

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : ਵਿੱਤ ਮੰਤਰੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ ਅਤੇ ਯੋਜਨਾ ਮੰਤਰੀ (ਕੈਪਟਨ ਕੰਵਲਜੀਤ ਸਿੰਘ) : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ :—

ਕਿ ਪੰਜਾਬ ਨਮਿੱਤਣ (ਨੰ : 1) ਬਿਲ ਪਾਸ ਕੀਤਾ ਜਾਵੇ।

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ :

ਕਿ ਪੰਜਾਬ ਨਮਿੱਤਣ (ਨੰ: 1) ਬਿਲ ਪਾਸ ਕੀਤਾ ਜਾਵੇ।

ਸ੍ਰੀ ਸਪੀਕਰ : ਪ੍ਰਸ਼ਨ ਹੈ :

ਕਿ ਪੰਜਾਬ ਨਮਿੱਤਣ (ਨੰ : 1) ਬਿਲ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ ।

ਸ੍ਰੀ ਸਪੀਕਰ : ਹੁਣ ਸਦਨ ਸ਼ੁੱਕਰਵਾਰ, ਮਿਤੀ 19 ਮਾਰਚ, 1999, 9.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ ।

*4.58 ਵਜੇ ਸ਼ਾਮ

*(ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 19 ਮਾਰਚ, 1999 ਦੇ 9.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।)

ਪੰਜਾਬ ਸਰਕਾਰ ਪ੍ਰੈਸ, ਮੁਹਾਲੀ—3811—7/99—320 ਕਾਪੀਆਂ ।

Published under the authority of the Punjab Vidhan Sabha Secretariat and printed by the Controller, Printing & Stationery Punjab at S.A.S. Nagar (Mohali).

PUNJAB VIDHAN SABHA

DEBATES

19th March, 1999

Vol. VII—No. 8

OFFICIAL REPORT

CONTENTS

Friday, the 19th March, 1999

Punjab Vidhan Sabha Secretariat, Chandigarh

Price Rs.......

Rea

Sec

ਮੰਤਰ

ਉਧਰ

ਫੈਸਲੇ

You

ਉਲਝ

ਮੌਕੇ

ਤੁਕਾਂ

Chai

ਸ੍ਰੀ ਰ

ਸ੍ਰੀ ਸ

ਉਨ੍ਹਾਂ

ਵਿਚ

ਦਸੂਹਾ

ਮੁੱਖ ਮ

ਪ੍ਰਧਾਨ

ਮੁੱਖ ਮੰ

ਸ੍ਰੀ ਸ

ERRATA
To
PUNJAB VIDHAN SABHA DEBATES
Dated 19th March, 1999
VOL. VII-No. 8

Read	For	Page	Line
Secretariat	Secre aria	Title	last line
ਮੰਤਰੀ	ਮਤਰੀ	2	ਹੇਠੋਂ ਸੱਤਵੀਂ ਲਾਈਨ
ਉਧਰਲੇ	ਉਰਪਲੇ	55	6
ਫੈਸਲੇ	ਫਸਲੇ	58	5
You	Y u	66	10
ਉਲਝ	ਉਲਸ	70	ਆਖਰੀ ਲਾਈਨ
ਮੌਕੇ	ਮਕਾ	71	ਹੇਠੋਂ ਸੱਤਵੀਂ
ਤੁਕਾਂ	ਤਕਾਂ	72	7
Chair	Khair	74	Last
ਸ੍ਰੀ ਰਮੇਸ਼ ਚੰਦਰ ਡੋਗਰਾ	ਸ੍ਰੀ ਰਮੇਸ਼ ਚੰਦਰ ਡੋਗਰਾਾ	81	ਹੇਠੋਂ ਸੱਤਵੀਂ
ਸ੍ਰੀ ਸਪੀਕਰ	ਸ਼ੀ ਸਪੀਕਰ	93	6 (ਹੈਡਿੰਗ)
ਉਨ੍ਹਾਂ ਨੂੰ	______	98	ਹੇਠੋਂ ਛੇਵੀਂ
ਵਿਚ	ਿ ਚ	99	9
ਦਸੂਹਾ	ਦਸਹਾ	100	18
ਮੁੱਖ ਮੰਤਰੀ	ਮੱਖ ਮੰਤਰੀ	104	ਹੈਡਿੰਗ
ਪ੍ਰਧਾਨ ਦੇ ਲਾਲੇ	ਪਧਾਨ ਵਿ ਲਾਲੇ	104	2
ਮੁੱਖ ਮੰਤਰੀ	ਮੱਖ ਮੰਤਰੀ	110	ਹੈਡਿੰਗ
ਸ੍ਰੀ ਸਪੀਕਰ	ਸ਼ੀ ਸਪੀਕਰ	129	ਹੇਠੋਂ ਚੌਥੀ

PUNJAB VIDHAN SABHA

Friday, the 19th March, 1999

The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Sardar Charnjit Singh Atwal) in the Chair.

—0—

STARRED QUESTIONS AND ANSWERS

Supplementaries to Starred Question No. 1552*

ਸ਼੍ਰੀ ਸਪੀਕਰ: ਸਭ ਤੋਂ ਪਹਿਲਾਂ ਮਿਤੀ 18 ਮਾਰਚ, 1999 (ਸਵੇਰ ਦੀ ਬੈਠਕ) ਵਿਚ ਹੋਏ ਨਿਰਣੇ ਅਨੁਸਾਰ ਨਿਸ਼ਾਨ ਵਾਲੇ ਪ੍ਰਸ਼ਨ ਨੰ: 1552 ਤੇ ਸਪਲੀਮੈਂਟਰੀਜ਼ ਹੋਣਗੀਆਂ। ਉਸ ਤੋਂ ਬਾਅਦ ਰੈਗੂਲਰ ਲਿਸਟ ਟੇਕ ਅੱਪ ਕੀਤੀ ਜਾਵੇਗੀ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ: ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੜਕਾਂ ਦਾ ਜਿਹੜਾ ਨੀਂਹ ਪੱਥਰ ਹੈ, ਉਹ ਕਦੋਂ ਰੱਖਿਆ ਗਿਆ ਸੀ ?

ਖੇਤੀਬਾੜੀ ਮੰਤਰੀ (ਸਰਦਾਰ ਗੁਰਦੇਵ ਸਿੰਘ ਬਾਦਲ): ਜੋਰਾਰ ਖੇੜਾ ਤੋਂ ਘੱਟਵਾਂ ਸੜਕ ਦਾ ਨੀਂਹ ਪੱਥਰ ਮਿਤੀ 19-8-97 ਨੂੰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੇ ਰੱਖਿਆ ਸੀ। ਬਹਾਦਰ ਖੇੜਾ ਤੋਂ ਮਲਕਪੁਰ ਸੜਕ ਦਾ ਨੀਂਹ ਪੱਥਰ ਮਿਤੀ 8-8-97 ਨੂੰ ਸ਼੍ਰੀ ਸੁਰਜੀਤ ਕੁਮਾਰ ਜਿਆਣੀ ਸਾਹਿਬ ਨੇ ਰੱਖਿਆ ਸੀ। ਘੱਟਵਾਂ ਤੋਂ ਸ਼ੇਰਵਾਲਾ ਦਾ ਨੀਂਹ ਪੱਥਰ ਸਰਦਾਰ ਇੰਦਰਜੀਤ ਸਿੰਘ ਜ਼ੀਰਾ ਨੇ ਮਿਤੀ 1-9-97 ਨੂੰ ਰੱਖਿਆ ਸੀ। ਇਹ ਇਨ੍ਹਾਂ ਤਿੰਨਾਂ ਸੜਕਾਂ ਬਾਰੇ ਜਵਾਬ ਹੈ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਸੜਕਾਂ ਪਲਾਨਿੰਗ ਬੋਰਡ ਤੋਂ ਪਾਸ ਹੋ ਗਈਆਂ ਸਨ ?

ਮੰਤਰੀ: ਇਹ ਤਿੰਨੇ ਸੜਕਾਂ ਪਲਾਨਿੰਗ ਬੋਰਡ ਵਿਚ ਪਾਸ ਹੋ ਗਈਆਂ ਸਨ। ਇਹ ਪਾਸ ਇਸ ਕਰਕੇ ਹੋਈਆਂ ਸਨ ਕਿਉਂਕਿ ਮਾਰਕੀਟ ਕਮੇਟੀ ਅਬੋਹਰ ਨੇ ਇਹ ਵਿਸ਼ਵਾਸ ਦਿਵਾਇਆ ਸੀ ਕਿ ਸਾਡੇ ਕੋਲ 75 ਲੱਖ ਰੁਪਿਆ ਰਾਖਵਾਂ ਪਿਆ ਹੈ ਅਤੇ ਅਸੀਂ ਇਨ੍ਹਾਂ ਸੜਕਾਂ ਦਾ ਪ੍ਰਬੰਧ ਮਾਰਕੀਟ ਕਮੇਟੀ ਵੱਲੋਂ ਕਰਾਂਗੇ। ਇਸ ਕਰਕੇ ਇਨ੍ਹਾਂ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਮਾਰਕੀਟ ਕਮੇਟੀ ਨੇ ਜਿਹੜੇ ਫੰਡ ਸੀ, ਉਹ ਹੋਰ ਕਿਤੇ ਵਰਤ ਲਏ ਸੀ ਜਿਸ ਕਾਰਨ ਸੜਕਾਂ ਬਣ ਨਹੀਂ ਸਕੀਆਂ। ਜੇ ਮਾਰਕੀਟ ਕਮੇਟੀ ਅੱਜ ਵੀ ਬਣਵਾਏ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਜਿਹੜੀ ਘੱਲੋ ਵਾਲੀ ਸੜਕ ਹੈ, ਪਲਾਨਿੰਗ ਬੋਰਡ ਨੇ ਜਿਹੜੀ ਪਲੈਨ ਬਣਾਈ ਹੈ ਕਿ ਹਲਕੇ ਨੂੰ 20-20 ਕਿਲੋਮੀਟਰ ਸੜਕ ਦੇਣੀ ਹੈ, ਉਸ ਪਲੈਨ ਵਿਚ ਇਹ ਸੜਕ ਆ ਚੁੱਕੀ ਹੈ। ਇਹ ਸੰਨ 2000 ਤੱਕ ਮੁਕੰਮਲ ਹੋ ਜਾਵੇਗੀ।

*For Starred Question No. 1552 and reply thereto, please see P.V.S. Debates dated 18th March, 1999 (M.S.)

ਸਰਦਾਰ ਗੁਰਤੇਜ ਸਿੰਘ ਘੁੜਿਆਣਾ. ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ....

ਸ਼੍ਰੀ ਸਪੀਕਰ. ਬੇਨਤੀ ਨਹੀਂ, ਕੁਐਸ਼ਚਨ ਕਰੋ।

ਸਰਦਾਰ ਗੁਰਤੇਜ ਸਿੰਘ ਘੁੜਿਆਣਾ. ਇਹ ਜਿਹੜਾ ਸੜਕਾਂ ਦਾ ਉਦਘਾਟਨ ਹੋਇਆ ਸੀ, ਇਹ 20 ਕਿਲੋਮੀਟਰ ਸੜਕਾਂ ਦੇ ਐਲਾਨ ਤੋਂ ਪਹਿਲਾਂ ਹੋਇਆ ਸੀ। ਕੀ ਇਹ ਦੋ ਸੜਕਾਂ 20 ਕਿਲੋਮੀਟਰ ਤੋਂ ਇਲਾਵਾ ਦੇਣ ਦੀ ਕਿਰਪਾਲਤਾ ਕਰਨਗੇ ?

ਮੰਤਰੀ: ਸਪੀਕਰ ਸਾਹਿਬ, ਇਹ ਦੋ ਸੜਕਾਂ ਜਦੋਂ ਪਹਿਲਾਂ ਪਈਆਂ ਸਨ, ਉਸ ਵੇਲੇ ਸੜਕਾਂ ਬਾਰੇ ਇਕ ਕੇਸ ਹਾਈਕੋਰਟ ਵਿਚ ਚੱਲ ਰਿਹਾ ਸੀ। ਹਾਈਕੋਰਟ ਵਿਚ ਇਸ ਕੇਸ ਦੇ ਚਲਦਿਆਂ-ਚਲਦਿਆਂ, ਮਾਰਕੀਟ ਕਮੇਟੀ ਨੇ ਇਹ ਪੈਸਾ ਵਰਤ ਲਿਆ। ਹਾਈਕੋਰਟ ਨੇ ਫੈਸਲਾ ਕਰ ਦਿੱਤਾ ਕਿ ਸਰਕਾਰ ਕੋਈ ਐਸੀ ਸਕੀਮ ਬਣਾਵੇ ਜਿਸ ਨਾਲ ਸਾਰੀਆਂ ਸੜਕਾਂ ਦਾ ਕੋਈ ਇਸ ਤਰ੍ਹਾਂ ਦਾ ਢੰਗ ਸੋਚਿਆ ਜਾਵੇ ਕਿ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ, ਵਾਧਾ ਘਾਟਾ ਨਾ ਹੋਵੇ ਅਤੇ ਕਿਸੇ ਸਕੀਮ ਦੇ ਨਾਲ ਇਹ ਬਣਾਈਆਂ ਜਾਣ। ਬਾਦਲ ਸਾਹਿਬ ਦੀ ਸਰਕਾਰ ਨੇ ਇਹ ਸਕੀਮ ਬਣਾਈ ਅਤੇ 20-20 ਕਿਲੋਮੀਟਰ ਸੜਕਾਂ ਦੇਣ ਦਾ ਫੈਸਲਾ ਕੀਤਾ ਜੋ ਲਾਗੂ ਹੋ ਚੱਲਿਆ ਹੈ। ਗੁਰਤੇਜ ਸਿੰਘ ਮੈਂਬਰ ਸਾਹਿਬ ਦੇ 20 ਕਿਲੋਮੀਟਰ ਦੇ ਕੋਟੇ ਵਿਚ ਇਕ ਸੜਕ ਲਿਖੀ ਗਈ ਹੈ ਅਤੇ ਪਾ ਦਿੱਤੀ ਹੈ। ਜੇ ਇਹ ਚਾਹੁੰਦੇ ਹਨ ਤਾਂ ਦੂਸਰੀਆਂ ਸੜਕਾਂ ਕੱਟ ਕੇ ਇਹ ਦੋਵੇਂ ਵਿੱਚ ਪਾ ਦਿੰਦੇ ਹਾਂ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 20 ਕਿਲੋਮੀਟਰ ਲੰਮੀਆਂ ਸੜਕਾਂ ਹਰ ਹਲਕੇ ਨੂੰ ਦਿੱਤੀਆਂ ਜਾਣਗੀਆਂ। ਕੀ ਇਹ ਵਿਧਾਇਕਾਂ ਦੀਆਂ ਸਿਫਾਰਸ਼ਾਂ ਤੇ ਪਾ ਦਿੱਤੀਆਂ ਜਾਣਗੀਆਂ ਜਾਂ ਕਿ ਕੋਈ ਹੋਰ ਪਾਲਿਸੀ ਹੈ ?

ਮੰਤਰੀ. ਸਪੀਕਰ ਸਾਹਿਬ, ਇਹ ਸਵਾਲ ਹੈ ਅਬੋਹਰ ਹਲਕੇ ਦਾ। ਉਥੇ ਤਿੰਨ ਸੜਕਾਂ ਬਾਰੇ ਸਵਾਲ ਹੈ। ਜੇ ਮੈਂਬਰ ਸਾਹਿਬ ਕੋਈ ਆਪਣੀਆਂ ਸੜਕਾਂ ਬਾਰੇ ਪੁੱਛਣਾ ਚਾਹੁੰਦੇ ਹਨ ਤਾਂ ਇਹ ਇਸ ਬਾਰੇ ਵੱਖਰਾ ਸਵਾਲ ਦੇ ਦੇਣ।

ਸ਼੍ਰੀ ਸਪੀਕਰ: ਹੁਣ ਰੈਗੂਲਰ ਲਿਸਟ ਟੇਕ ਅੱਪ ਕੀਤੀ ਜਾਵੇਗੀ।

ਦਿਹਾੜੀਦਾਰਾਂ ਅਤੇ ਵਰਕ ਚਾਰਜਡ ਕਰਮਚਾਰੀਆਂ ਦੀਆਂ ਸੇਵਾਵਾਂ ਨਿਯਮਿਤ ਕਰਨਾ

*1519. ਸਰਦਾਰ ਮੱਖਣ ਸਿੰਘ : ਕੀ ਜਨ ਸਿਹਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਦਿਹਾੜੀਦਾਰ ਅਤੇ ਵਰਕ ਚਾਰਜਿਡ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਲਈ ਆਸਾਮੀਆਂ ਦੀ ਉਚਿਤ ਗਿਣਤੀ ਦੀ ਸਿਰਜਣਾ ਕਰਨ ਸਬੰਧੀ ਜਨਵਰੀ, 1997 ਦੇ ਮਹੀਨੇ ਵਿਚ ਕੋਈ ਪੱਤਰ ਜਾਰੀ ਕੀਤਾ ਸੀ । ਜੇਕਰ ਅਜਿਹਾ ਹੋਵੇ ਤਾਂ ਇਸ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨ ਲਈ ਜਨ ਸਿਹਤ ਵਿਭਾਗ ਦੁਆਰਾ, ਸਰਕਾਰ ਦੁਆਰਾ ਜਾਰੀ ਹਦਾਇਤਾਂ ਦੀ ਪਾਲਣਾ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਰਾਜਾ ਨਰਿੰਦਰ ਸਿੰਘ: (ੳ) ਹਾਂ ਜੀ, ਹਦਾਇਤਾਂ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ;

(ਅ) ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਦੇ ਸਨਮੁੱਖ ਜਨ ਸਿਹਤ ਵਿਭਾਗ ਵੱਲੋਂ 330 ਕਾਮੇ ਅਰਥਾਤ 324 ਦਿਹਾੜੀਦਾਰ ਅਤੇ 6 ਵਰਕਚਾਰਜ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਗਈਆਂ ਹਨ ।

Government of Punjab

Department of Personnel & Administrative Reforms

(P. P. III Branch)

Subject: Regularisation of Services of work charged and Daily wages/Casual Labour.

1. All the Financial Commissioners, Principal Secretaries and Administrative Secretaries to Government of Punjab may kindly refer to the subject cited above.

2. The matter regarding regularisation of services of work charged, Daily Wages/Casual Labour had been under the consideration of Government. Some of the eligible employees could not be regularised for want of regular posts in some of the Departments of Government. It has, therefore, been decided that in order to regularise the services of eligible employees belonging to Work Charged and Daily Wages/Casual Labour, the requisite number of posts should be created by the Finance Department as a measure personal to them. They are, therefore, requested to take immediate steps for sending a proposal in regard to the creation of posts for those eligible employees belonging to Work Charged and Daily Wages/Casual Labour in their subordinate Departments/Offices, whose Services are required to be regularised as per instructions letter

[ਜਲ ਸਿਹਤ ਮੰਤਰੀ]

No. 11/35/94-4PP-III/1790, dated 23-1-1995, No 11/35/94-4PP. III 20872, dated 13-10-1995 and No. 11/35/94-4PP. III/18402, dated 29-10-1996 of the Departments of Personnel and Administrative Reforms. Action taken report may also please be sent to this Department (P. P.-III Branch).

This may be treated as most urgent.

Sd/-

Under Secretary, Personnel

To

All the Financial Commissioners,
Principal Secretaries and
Administrative Secretaries to
Govt. of Punjab.

I. D. No. 11/35/94-4PP. III/634 Dated, Chandigarh, the 7-1-97.

I. D. No 11/35/94-4PP. III/635 Dated, Chd., the 7-1-1997

A copy is forwarded to the Finance Department (Shri Manjit Singh, Joint Secretary, Finance) for information and n/a.

Sd/-

Under Secretary, Personnel

ਸਰਦਾਰ ਮੱਖਣ ਸਿੰਘ ਸਪੀਕਰ ਸਾਹਿਬ, ਕੁਝ ਦਿਹਾੜੀਦਾਰ ਅਤੇ ਵਰਕ ਚਾਰਜਡ ਬੰਦੇ ਰੈਗੂਲਰ ਹੋਣ ਦੇ ਵਾਸਤੇ ਇਲੀਜੀਬਲ ਸਨ ਪਰ ਪੋਸਟਾਂ ਖਾਲੀ ਨਾ ਹੋਣ ਕਰਕੇ ਉਸ ਵਕਤ ਉਹ ਰੈਗੂਲਰ ਨਹੀਂ ਕੀਤੇ ਗਏ ਸਨ। ਕੀ ਉਨ੍ਹਾਂ ਵਰਕਚਾਰਜਡ ਅਤੇ ਡੇਲੀਵੇਜਿਜ਼ ਵਾਲੇ ਕਰਮਚਾਰੀਆਂ ਨੂੰ ਹੁਣ ਸਰਕਾਰ ਐਡਜਸਟ ਕਰੇਗੀ ?

ਮੰਤਰੀ: ਸਪੀਕਰ ਸਾਹਿਬ, ਜਿਨ੍ਹਾਂ ਕਾਮਿਆਂ ਦੀ 10 ਸਾਲ ਦੀ ਸਰਵਿਸ 1992 ਦੀਆਂ ਹਦਾਇਤਾਂ ਦੇ ਮੁਤਾਬਿਕ ਕੰਪਲੀਟ ਹੋ ਚੁੱਕੀ ਹੈ, ਉਨ੍ਹਾਂ ਨੂੰ ਅਸੀਂ ਰੈਗੂਲਰਾਈਜ਼ ਕਰ ਚੁੱਕੇ ਹਾਂ ਅਤੇ ਉਸ ਤੋਂ ਬਾਅਦ 1994 ਦੀਆਂ ਹਦਾਇਤਾਂ ਦੇ ਮੁਤਾਬਿਕ ਜਿਨ੍ਹਾਂ ਦੀ 10 ਸਾਲ ਦੀ ਸਰਵਿਸ ਕੰਪਲੀਟ ਹੋ ਗਈ ਸੀ, ਉਨ੍ਹਾਂ ਨੂੰ ਵੀ ਰੈਗੂਲਰਾਈਜ਼ ਕਰ ਦਿੱਤਾ ਗਿਆ ਹੈ।

ਸਰਦਾਰ ਮੱਖਣ ਸਿੰਘ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 1994 ਤੱਕ ਦੇ ਕਾਮਿਆਂ ਨੂੰ ਰੈਗੂਲਰਾਈਜ਼ ਕਰ ਦਿੱਤਾ ਗਿਆ ਹੈ ਪਰ ਜਿਹੜੇ ਹੋਰ ਇਲੀਜੀਬਲ ਕਾਮੇ ਸਨ, ਜਿਨ੍ਹਾਂ ਨੂੰ ਜਨਵਰੀ, 1997 ਨੂੰ ਰੈਗੂਲਰਾਈਜ਼ ਕਰਨਾ ਸੀ ਪਰ ਪੋਸਟਾਂ ਖਾਲੀ ਨਾ ਹੋਣ ਕਰਕੇ ਰੈਗੂਲਰਾਈਜ਼ ਨਹੀਂ ਕੀਤਾ ਗਿਆ ਸੀ ਅਤੇ ਉਹ ਜਨਵਰੀ, 1997 ਤੋਂ ਬਾਅਦ ਰਿਟਾਇਰ ਹੋ ਗਏ ਸਨ, ਕੀ ਉਨ੍ਹਾਂ ਇਲੀਜੀਬਲ ਕਰਮਚਾਰੀਆਂ ਨੂੰ ਰੈਗੂਲਰਾਈਜ਼ ਕਰਨ ਲਈ ਸਰਕਾਰ ਵਿਚਾਰ ਕਰੇਗੀ ਤਾਂ ਕਿ ਉਨ੍ਹਾਂ ਨੂੰ ਰੈਗੂਲਰਾਈਜ਼ ਕੀਤਾ ਜਾ ਸਕੇ ?

ਮੰਤਰੀ: ਸਪੀਕਰ ਸਾਹਿਬ, ਬਾਅਦ ਦੇ ਕਰਮਚਾਰੀਆਂ ਨੂੰ ਰੈਗੂਲਰਾਈਜ਼ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਇਨ੍ਹਾਂ ਲਈ ਹਦਾਇਤਾਂ ਹੋਈਆਂ ਹਨ ।

ਸਰਦਾਰ ਮੱਖਣ ਸਿੰਘ: ਸਪੀਕਰ ਸਾਹਿਬ, ਇਹ ਇਕੋ ਕੈਟੇਗਰੀ ਦੇ ਬੰਦੇ ਹਨ । ਕੀ ਸਰਕਾਰ ਵੱਲੋਂ ਉਨ੍ਹਾਂ ਨੂੰ ਰੈਗੂਲਰਾਈਜ਼ ਕਰਨ ਵਾਸਤੇ ਕੋਈ ਵਿਚਾਰ ਕੀਤਾ ਜਾਵੇਗਾ ?

ਮੰਤਰੀ: ਸਪੀਕਰ ਸਾਹਿਬ, ਇਹ ਦੋ ਕੈਟੇਗਰੀਜ਼ 'ਦੇ ਬੰਦੇ ਹਨ । ਇਕ ਡੇਲੀ ਵੇਜਿਜ਼ ਅਤੇ ਦੂਜੇ ਵਰਕਚਾਰਜ ਕਰਮਚਾਰੀ ਹਨ । ਜਿੰਨੀਆਂ ਪੋਸਟਾਂ ਸਾਡੇ ਕੋਲ ਖਾਲੀ ਪਈਆਂ ਹਨ, ਉਨ੍ਹਾਂ ਪੋਸਟਾਂ ਤੇ ਇਨ੍ਹਾਂ ਕਾਮਿਆਂ ਨੂੰ ਰੇਗੂਲਰਾਈਜ਼ ਕਰ ਦਿੱਤਾ ਜਾਵੇਗਾ ।

ਸਰਦਾਰ ਮੱਖਣ ਸਿੰਘ: ਧੰਨਵਾਦ ਜੀ ।

ਹੁਸ਼ਿਆਰਪੁਰ ਵਿਚ ਪਸ਼ੂ-ਚਕਿਤਸਾ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣਾ

*1539. **ਸ਼੍ਰੀ ਤਿਕਸ਼ਨ ਸੂਦ**: ਕੀ ਪਸ਼ੂ-ਪਾਲਣ ਅਤੇ ਡੇਅਰੀ ਵਿਕਾਸ ਅਤੇ ਮੱਛੀ-ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਹੁਸ਼ਿਆਰਪੁਰ ਬਲਾਕ ਨੰਬਰ-11 ਵਿਚ ਇਸ ਸਮੇਂ ਚਲ ਰਹੇ ਪਸ਼ੂ-ਚਿਕਿਤਸਾ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੇ ਨਾਂ ਕੀ-ਕੀ ਹਨ;

(ਅ) ਕੀ ਪਸ਼ੂ-ਪਾਲਣ ਵਿਭਾਗ ਨਵੇਂ ਪਸ਼ੂ-ਚਿਕਿਤਸਾ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਲਈ ਸਮੇਂ ਸਮੇਂ ਤੇ ਕੋਈ ਸਰਵੇ ਕਰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਪਿਛਲੀ ਵਾਰ ਅਜਿਹਾ ਸਰਵੇ ਕਦੋਂ ਕੀਤਾ ਗਿਆ ਸੀ ਅਤੇ ਉਨ੍ਹਾਂ ਪਿੰਡਾਂ ਦੇ ਨਾਂ ਕੀ-ਕੀ ਹਨ, ਜਿਹੜੇ ਨਵੇਂ ਹਸਪਤਾਲ ਅਤੇ ਡਿਸਪੈਂਸਰੀਆਂ ਖੋਲ੍ਹਣ ਲਈ ਚੁਣੇ ਗਏ ਹਨ;

(ੲ) ਨਵੇਂ ਪਸ਼ੂ-ਚਿਕਿਤਸਾ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਲਈ ਅਪਣਾਈ ਗਈ ਕਸੌਟੀ ਦੇ ਵੇਰਵੇ ਕੀ ਹਨ ?

ਡਾਕਟਰ ਰਤਨ ਸਿੰਘ: (ੳ) ਹੁਸ਼ਿਆਰਪੁਰ ਜ਼ਿਲ੍ਹੇ ਦੇ ਬਲਾਕ-2 ਵਿੱਚ ਪਸ਼ੂ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਸੂਚੀ ਸਦਨ ਦੇ ਮੇਜ਼ ਤੇ ਬਤੌਰ ਅਨੁਲੱਗ 'ੳ' ਰੱਖੀ ਗਈ ਹੈ ।

(ਅ) ਪਹਿਲੀ ਸਰਕਾਰ ਵੱਲੋਂ ਨਵੇਂ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਲਈ ਕੋਈ ਸਰਵੇ ਨਹੀਂ ਸੀ ਕੀਤਾ ਜਾਂਦਾ । ਮੌਜੂਦਾ ਸਰਕਾਰ ਹੋਰ ਪਸ਼ੂ ਹਸਪਤਾਲ ਡਿਸਪੈਂਸਰੀਆਂ ਖੋਲ੍ਹਣ ਦੀ ਬਜਾਏ ਪਹਿਲਾ ਖੁਲ੍ਹੇ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਦਾ ਮਜ਼ਬੂਤੀਕਰਣ ਕਰਨਾ ਚਾਹੁੰਦੀ ਹੈ ਤਾਂ ਜੋ ਚੰਗੇਰੀਆਂ ਪਸ਼ੂ ਸੇਵਾਵਾਂ, ਪਸ਼ੂ ਸੰਸਥਾਵਾਂ ਤੋਂ ਉਪਲਬਧ ਕਰਵਾਈਆਂ ਜਾ ਸਕਣ ।

(ੲ) ਪਸ਼ੂ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਲਈ ਕਰਾਈਟੇਰੀਏ ਦੀ ਡਿਟੇਲ ਸਦਨ ਦੇ ਮੇਜ਼ ਤੇ ਬਤੌਰ ਅਨੁਲਗ 'ਅ' ਰੱਖੀ ਗਈ ਹੈ ।

[ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ]

ਅਨੁਲੱਗ 'ੳ'

ਹੁਸ਼ਿਆਰਪੁਰ ਬਲਾਕ-2 ਵਿੱਚ ਪਸ਼ੂ ਹਸਪਤਾਲਾਂ ਅਤੇ ਪਸ਼ੂ ਡਿਸਪੈਂਸਰੀਆਂ ਦੇ ਨਾਂ

ਬਲਾਕ/ਤਹਿਸੀਲ	ਹਸਪਤਾਲ	ਡਿਸਪੈਂਸਰੀ
ਹੁਸ਼ਿਆਰਪੁਰ-2	1. ਹੁਸ਼ਿਆਰਪੁਰ	1. ਨਾਰੂ ਨੰਗਲ
(ਹੁਸ਼ਿਆਰਪੁਰ)	2. ਬਿਹਾਲਾ	2. ਬੱਹਾ
	3. ਅਰਚਨਾ ਕਲਾਂ	3. ਬਜੀ ਗੁਲਾਮ ਹੁਸੈਨ
	4. ਮੁਖਲਿਆਣਾ	4. ਨਾਰਾ
	5. ਚੱਬੇਵਾਲ	5. ਹਰਮੋਹੀ
	6. ਖਰਕੁਨ	6. ਧਾਮੀਆਂ
	7. ਫਗਲਾਨਾ	7. ਮੱਗੂਵਾਲ ਨਾਰੀ
	8. ਹਰਤਾ ਬਾਦਲਾ	8. ਬਜਵਾੜਾ
	9. ਮਹਿਲਾਂਵਾਲੀ	9. ਜੱਟਪੁਰ
	10. ਚੌਹਾਲ	10. ਸੀਨ੍ਹਾ
	11. ਮਹਿਮੋਵਾਲ	11. ਲਹਿਲੀ ਖੁਰਦ

ਅਨੁਲੱਗ 'ਅ'

ਨਵੇਂ ਪਸ਼ੂ ਹਸਪਤਾਲ/ਪਸ਼ੂ ਡਿਸਪੈਂਸਰੀਆਂ ਖੋਲ੍ਹਣ ਸਬੰਧੀ ਕਰਾਈਟੇਰੀਏ ਦੀ ਡਿਟੇਲ

(1) ਪਸ਼ੂ ਹਸਪਤਾਲ

ਸਬੰਧਤ ਪਿੰਡ ਅਤੇ ਉਸ ਦੇ ਨਾਲ ਲੱਗਦੇ ਪਿੰਡਾਂ ਵਿੱਚ ਪਸ਼ੂਆਂ ਦੀ ਗਿਣਤੀ 4,000 ਤੋਂ ਘੱਟ ਨਹੀਂ ਹੋਣੀ ਚਾਹੀਦੀ ਅਤੇ ਨੇੜੇ ਦੇ ਪਸ਼ੂ ਹਸਪਤਾਲ ਤੋਂ 3 ਕਿਲੋਮੀਟਰ ਤੋਂ ਫਾਸਲਾ ਘੱਟ ਨਹੀਂ ਹੋਣਾ ਚਾਹੀਦਾ। ਪਿੰਡ ਦੀ ਪੰਚਾਇਤ ਵੱਲੋਂ ਸੰਸਥਾ ਲਈ 1/2 ਏਕੜ ਜ਼ਮੀਨ ਢੁੱਕਵੀਂ ਥਾਂ ਤੇ ਮੁਫ਼ਤ ਦੇਣੀ ਚਾਹੀਦੀ ਹੈ।

(2) ਪਸ਼ੂ ਡਿਸਪੈਂਸਰੀ

ਸਬੰਧਤ ਪਿੰਡ ਅਤੇ ਨਾਲ ਲੱਗਦੇ ਪਿੰਡਾਂ ਦੀ ਪਸ਼ੂਆਂ ਦੀ ਗਿਣਤੀ 3,000 ਤੋਂ ਘੱਟ ਨਹੀਂ ਹੋਣੀ ਚਾਹੀਦੀ। ਪਸ਼ੂ ਸੰਸਥਾਵਾਂ ਦਾ ਆਪਸੀ ਫ਼ਾਸਲਾ 3 ਕਿਲੋਮੀਟਰ ਤੋਂ

ਘੱਟ ਨਹੀਂ ਹੋਣਾ ਚਾਹੀਦਾ । ਪੰਚਾਇਤ ਵੱਲੋਂ ਅੱਧਾ ਏਕੜ ਜ਼ਮੀਨ ਢੁੱਕਵੀਂ ਥਾਂ ਤੇ ਦਿੰਦੇ ਹੋਏ ਉਸ ਉਪਰ ਵਿਭਾਗੀ ਨਕਸ਼ੇ ਅਨੁਸਾਰ ਯੋਗ ਇਮਾਰਤ ਆਪਣੇ ਖਰਚੇ ਤੇ ਬਣਾਈ ਜਾਵੇਗੀ । ਇਮਾਰਤ ਵਿੱਚ ਕੈਟਲ ਕਰੱਸ਼ ਵੀ ਲਗਾਇਆ ਜਾਵੇਗਾ ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਨੇ ਡਿਸਪੈਂਸਰੀਆਂ ਅਤੇ ਹਸਪਤਾਲ ਖੋਲ੍ਹਣ ਤੋਂ ਪਹਿਲਾਂ ਇਨ੍ਹਾਂ ਦਾ ਸਰਵੇ ਨਹੀਂ ਕੀਤਾ ਸੀ । ਬਹੁਤ ਸਾਰੇ ਐਸੇ ਡਿਪਾਰਟਮੈਂਟ ਹਨ ਜਿਵੇਂ ਕਿ ਐਜੂਕੇਸ਼ਨ ਬਾਰੇ ਅਤੇ ਪਸ਼ੂ ਪਾਲਣ ਵਿਭਾਗ ਬਾਰੇ ਜਿਨ੍ਹਾਂ ਬਾਰੇ ਇਥੇ ਹਾਊਸ ਵਿਚ ਜਵਾਬ ਦਿੱਤਾ ਜਾਂਦਾ ਹੈ ਕਿ ਪਿਛਲੀ ਸਰਕਾਰ ਨੇ ਕੁਝ ਨਹੀਂ ਕੀਤਾ ਹੈ ਜਦ ਕਿ ਅਸੀਂ ਵਾਈਟ ਰੈਵੋਲਿਊਸ਼ਨ ਦੀ ਗੱਲ ਕਰਦੇ ਹਾਂ......।

ਸ਼੍ਰੀ ਸਪੀਕਰ: ਤੁਸੀਂ ਭਾਸ਼ਣ ਨਾ ਕਰੋ ਬਲਕਿ ਆਪਣਾ ਸਵਾਲ ਪੁੱਟ ਕਰਨ ਦੀ ਕੋਸ਼ਿਸ਼ ਕਰੋ । ਤੁਸੀਂ ਆਪਣਾ ਸਵਾਲ ਦੱਸੋ ਕੀ ਹੈ ?

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਇਨ੍ਹਾਂ ਨੇ ਕਰਾਈਟੇਰੀਆ ਫਿਕਸ ਕੀਤਾ ਹੋਇਆ ਹੈ ਕਿ ਜਿਸ ਪਿੰਡ ਵਿਚ 4,000 ਦੀ ਆਬਾਦੀ ਹੋਵੇਗੀ, ਉਥੇ ਹਸਪਤਾਲ ਖੋਲ੍ਹਿਆ ਜਾਵਗਾ ਅਤੇ 3,000 ਦੀ ਆਬਾਦੀ ਵਾਲੇ ਪਿੰਡ ਵਿਚ ਪਸ਼ੂ ਪਾਲਣ ਲਈ ਡਿਸਪੈਂਸਰੀ ਖੋਲ੍ਹੀ ਜਾਵੇਗੀ ਪਰ ਜਿਸ ਪਿੰਡ ਦੀ ਆਬਾਦੀ ਥੋੜ੍ਹੀ ਜਿਹੀ ਘੱਟ ਹੋਵੇਗੀ, ਕੀ ਉਥੇ ਵੀ ਇਹ ਡਾਕਟਰ ਭੇਜਣ ਦਾ ਇੰਤਜ਼ਾਮ ਕਰਨਗੇ ਜਾਂ ਫਾਰਮਾਸਿਸਟ ਨੂੰ ਭੇਜਣਗੇ ? ਕੀ ਇਹ ਇਸ ਦਾ ਸਰਵੇ ਕਰਵਾਉਣਗੇ ?

ਮੰਤਰੀ: ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਠੀਕ ਹੈ । ਕਈ ਡਿਸਪੈਂਸਰੀਆਂ ਬਿਨਾਂ ਕਿਸੇ ਸਰਵੇ ਦੇ ਖੋਲ੍ਹੀਆਂ ਹੋਈਆਂ ਹਨ । ਹੁਣ ਸਬੰਧਤ ਐਮ. ਐਲ. ਏ. ਨਾਲ ਕਾਂਟੈਕਟ ਕਰਕੇ ਜਿਥੇ 4 ਹਜ਼ਾਰ ਦੀ ਆਬਾਦੀ ਹੋਵੇਗੀ, ਉਥੇ ਹਸਪਤਾਲ ਖੋਲ੍ਹ ਦਿੱਤਾ ਜਾਵੇਗਾ ਅਤੇ ਜਿਥੇ 3 ਹਜ਼ਾਰ ਦੀ ਆਬਾਦੀ ਹੋਵੇਗੀ, ਉਥੇ ਡਿਸਪੈਂਸਰੀ ਖੋਲ੍ਹ ਦਿੱਤੀ ਜਾਵੇਗੀ । ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਦੇ ਵਿਚ ਅਸੀਂ ਕਰ ਦਿੱਤਾ ਹੈ, ਬਾਕੀ ਦੇ ਜ਼ਿਲ੍ਹਿਆਂ ਦਾ ਵੀ ਸਰਵੇ ਕਰ ਲਿਆ ਜਾਵੇਗਾ ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਮੈਂ ਪੁੱਛਿਆ ਹੈ ਕਿ ਜਿਹੜਾ ਇਨ੍ਹਾਂ ਨੇ ਕਰਾਈਟੇਰੀਆ ਫਿਕਸ ਕੀਤਾ ਹੈ, ਉਸ ਦੇ ਮੁਤਾਬਿਕ ਜੇ ਕਿਸੇ ਪਿੰਡ ਵਿਚ ਕੈਟਲ ਦੀ ਅਤੇ ਪਿੰਡ ਦੀ ਆਬਾਦੀ ਥੋੜ੍ਹੀ ਹੈ, ਕੀ ਉਥੇ ਵਿਜ਼ਿਟਿੰਗ ਡਾਕਟਰ ਅਤੇ ਫਾਰਮਾਸਿਸਟ ਭੇਜਣ ਦਾ ਇਹ ਕੋਈ ਪ੍ਰਬੰਧ ਕਰਨਗੇ ?

ਸ਼੍ਰੀ ਸਪੀਕਰ. ਜਿਥੇ ਪਾਪੂਲੇਸ਼ਨ ਥੋੜ੍ਹੀ ਘੱਟ ਹੈ, ਉਸ ਬਾਰੇ ਦੱਸੋ ।

ਮੰਤਰੀ: ਸਪੀਕਰ ਸਾਹਿਬ, ਜਿਹੜਾ ਕਰਾਈਟੇਰੀਆ ਅਸੀਂ ਫਿਕਸ ਕੀਤਾ ਹੈ, ਉਸ ਨੂੰ ਪਹਿਲੇ ਪੂਰਾ ਕਰਾਂਗੇ । ਉਸ ਤੋਂ ਬਾਅਦ ਜੇਕਰ ਮੈਂਬਰ ਸਾਹਿਬ ਕਹਿਣਗੇ ਤਾਂ ਉਸ ਪਿੰਡ ਵਿਚ ਸਪੈਸੇਫਿਕ ਪ੍ਰਬੰਧ ਕਰ ਦਿੱਤਾ ਜਾਵੇਗਾ ।

—0—

ਨਿਸ਼ਾਨ ਵਾਲਾ ਪ੍ਰਸ਼ਨ ਨੰ: 1572*

ਸ੍ਰੀ ਸਪੀਕਰ: ਪ੍ਰਸ਼ਨ ਨੰਬਰ 1572 ਦੀ 10 ਦਿਨਾਂ ਵਾਸਤੇ ਐਕਸਟੈਨਸ਼ਨ ਦਿੱਤੀ ਗਈ ਹੈ।

ਅ. ਸ. ਪ. ਨੰ: 6/12/99 ਐਸ: ਏ. 2/660

ਸਰਵਨ ਸਿੰਘ ਫਿਲੌਰ

ਭਲਾਈ ਮੰਤਰੀ, ਪੰਜਾਬ,
ਚੰਡੀਗੜ੍ਹ।

ਟੈਲੀਫੂਨ ਨੰ: 742477 (ਦਫਤਰ)
690784 (ਰਿਹਾਇਸ਼)

ਮਿਤੀ : 18-3-99

ਪਿਆਰੇ ਅਟਵਾਲ ਸਾਹਿਬ ਜੀ,

ਮਿਤੀ 19-3-99 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਪੰਜਾਬ ਵਿਧਾਨ ਸਭਾ ਦੇ ਤਾਰਾ ਚਿੰਨ ਅੰਕਿਤ ਪ੍ਰਸ਼ਨ ਨੰ: 1572 ਜੋ ਕਿ ਸ੍ਰੀ ਰਮੇਸ਼ ਚੰਦਰ ਡੋਗਰਾ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 3 ਹਫ਼ਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇ।

ਆਦਰ ਸਹਿਤ,

ਹਿੱਤੂ,

ਸਹੀ/-

(ਸਰਵਨ ਸਿੰਘ ਫਿਲੌਰ)

ਸਰਦਾਰ ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

—0—

*For Starred Question No. 1572 and reply thereto, please see P.V.S. Debates dated 30-3-1999.

ਨਿਸ਼ਾਨ ਵਾਲਾ ਪ੍ਰਸ਼ਨ ਨੰ: 1444*

ਸ਼੍ਰੀ ਸਪੀਕਰ: ਪ੍ਰਸ਼ਨ ਨੰਬਰ 1444 ਦੀ ਦੋ ਹਫਤੇ ਵਾਸਤੇ ਐਕਸਟੈਨਸ਼ਨ ਦਿੱਤੀ ਗਈ ਹੈ ।

D. O. No. ਲ. ਸ. 2-99/1634
ਅ. ਸ. ਪ. ਨੰ:
Dated : 17-3-99

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ
Chief Minister, Punjab.

ਵਿਸ਼ਾ: ਮਿਤੀ 19-3-99 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1444 ਮੁਲਤਵੀ ਕਰਨ ਬਾਰੇ ।

ਮਾਨਯੋਗ ਸਪੀਕਰ ਸਾਹਿਬ,

ਮਿਤੀ 19-3-99 ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1444, ਜੋ ਕਿ ਕਾਮਰੇਡ ਅਜਾਇਬ ਸਿੰਘ ਰੌਂਤਾ, ਐਮ. ਐਲ. ਏ. ਅਤੇ ਕਾਮਰੇਡ ਹਰਦੇਵ ਸਿੰਘ ਅਰਸ਼ੀ, ਐਮ. ਐਲ. ਏ., ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤ,

ਸਹੀ -/

(ਪਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

— 0 —

---

*For Starred Question No. 1444 and reply thereto, please see Appendix to this Debates.

ਨਿਸ਼ਾਨ ਵਾਲਾ ਪ੍ਰਸ਼ਨ ਨੰ: 1372*

ਸ੍ਰੀ ਸਪੀਕਰ : ਇਸ ਪ੍ਰਸ਼ਨ ਦੀ ਦੋ ਹਫ਼ਤੇ ਵਾਸਤੇ ਐਕਸਟੇਨਸ਼ਨ ਦਿਤੀ ਗਈ ਹੈ।

ਅ. ਜ. ਪ. ਨੰ: 8-ਸ-2/99/1626

ਪ੍ਰਕਾਸ਼ ਸਿੰਘ ਬਾਦਲ

ਮੁੱਖ ਮੰਤਰੀ, ਪੰਜਾਬ

ਮਿਤੀ 16-3-99

ਵਿਸ਼ਾ —ਮਿਤੀ 19-3-99 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1372 ਮੁਲਤਵੀ ਕਰਨ ਬਾਰੇ।

———

ਮਾਨਯੋਗ ਸਪੀਕਰ ਸਾਹਿਬ,

ਮਿਤੀ 19-3-99 ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿੱਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1372, ਜੋ ਕਿ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇ।

ਆਦਰ ਸਹਿਤ,

ਮਿੱਤ੍ਰ,

ਸਹੀ/-

(ਪਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਇਕ ਹਫ਼ਤੇ ਦੇ ਅੰਦਰ ਅੰਦਰ ਜਵਾਬ ਦੇ ਦੇਣਗੇ?

---

*For Starred Question No. 1372 and reply thereto, Please see Appendix to this Debates.

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਸੇ ਸੈਸ਼ਨ ਵਿਚ ਜਵਾਬ ਆ ਜਾਣਾ ਚਾਹੀਦਾ ਹੈ ਜੀ ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬਗੈਰ ਇਜਾਜ਼ਤ ਬੋਲ ਰਹੇ ਸਨ**)

ਸ਼੍ਰੀ ਸਪੀਕਰ : ਮੈਂ ਦੇਖ ਲੈਂਦਾ ਹਾਂ । ਇਹ ਜੋ ਬਗੈਰ ਪਰਮਿਸ਼ਨ ਤੋਂ ਬੋਲਿਆ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । Next Question.

ਕਿਸਾਨਾਂ ਨੂੰ ਲਾਭ-ਅੰਸ਼ ਦੀ ਅਦਾਇਗੀ

*1578. ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਵਿੱਤੀ ਸਾਲ 1996-97 ਅਤੇ 1997-98 ਦੇ ਦੌਰਾਨ ਰਾਜ ਵਿਚ ਸੈਂਟਰਲ ਕੋਆਪਰੇਟਿਵ ਬੈਂਕਾਂ ਦੁਆਰਾ ਪਿੰਡਾਂ ਦੀਆਂ ਸਹਿਕਾਰੀ ਸੋਸਾਇਟੀਆਂ ਤੋਂ ਹਿੱਸਾ ਪੂੰਜੀ ਦੀ ਕਿੰਨੀ ਰਕਮ ਵਸੂਲ ਕੀਤੀ ਗਈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਕਤ ਬੈਂਕਾਂ ਦੁਆਰਾ ਕਿਸਾਨਾਂ ਨੂੰ ਕੋਈ ਲਾਭ-ਅੰਸ਼ ਦੀ ਅਦਾਇਗੀ ਕੀਤੀ ਗਈ ਸੀ ?

ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ : (ੳ) ਰਾਜ ਵਿੱਚ ਸੈਂਟਰਲ ਕੋਆਪਰੇਟਿਵ ਬੈਂਕਾਂ ਦੁਆਰਾ ਪਿੰਡਾਂ ਦੀਆਂ ਸਹਿਕਾਰੀ ਸੋਸਾਇਟੀਆਂ ਤੋਂ ਹੇਠ ਲਿਖੇ ਅਨੁਸਾਰ ਹਿੱਸਾ ਪੂੰਜੀ ਇਕੱਠੀ ਕੀਤੀ ਗਈ :—

(i)	1996-97	..	457.65 ਲੱਖ ਰੁਪਏ
(ii)	1997-98	..	872.80 ਲੱਖ ਰੁਪਏ

(ਅ) ਹਾਂ ਜੀ, ਵੇਰਵਾ ਹੇਠ ਲਿਖੇ ਅਨੁਸਾਰ ਹੈ :—

(i)	1996-97	..	75.84 ਲੱਖ ਰੁਪਏ
(ii)	1997-98	..	96.06 ਲੱਖ ਰੁਪਏ

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਜੋ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਉਹ ਬਿਲਕੁਲ ਠੀਕ ਦਿੱਤਾ ਹੈ ਪਰ ਮੈਂ ਇਨ੍ਹਾਂ ਤੋਂ ਇਹ ਪੁੱਛਿਆ ਸੀ ਕਿ ਪ੍ਰਤੀ ਮੈਂਬਰ ਉਨ੍ਹਾਂ ਨੂੰ ਕੀ ਫਾਇਦਾ ਹੋਇਆ ਹੈ ਅਤੇ ਕੀ ਉਹ ਫਾਇਦਾ ਉਨ੍ਹਾਂ ਨੂੰ ਦਿੱਤਾ ਗਿਆ ਹੈ ਜਾਂ ਨਹੀਂ ? ਮੈਂ ਪ੍ਰਤੀ ਮੈਂਬਰ ਪੁੱਛਿਆ ਸੀ ।

ਮੰਤਰੀ : ਮਾਫ ਕਰਨਾ, ਮੈਂਬਰ ਨੇ ਪ੍ਰਤੀ ਮੈਂਬਰ ਬਾਰੇ ਸਵਾਲ ਨਹੀਂ ਪੁੱਛਿਆ ਸੀ ।

ਸ਼੍ਰੀ ਸਪੀਕਰ : ਪ੍ਰਤੀ ਮੈਂਬਰ ਇਸ ਵਿਚ ਨਹੀਂ ਹੈ ।

**Not recorded as ordered by the Chair.

ਮੰਤਰੀ : ਲੱਖਾਂ, ਕਰੋੜਾਂ ਦੇ ਹਿਸਾਬ ਨਾਲ ਮੈਂਬਰ ਹੁੰਦੇ ਹਨ ਅਤੇ ਪ੍ਰਤੀ ਮੈਂਬਰ ਦਾ ਜਵਾਬ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸੁਸਾਇਟੀਆਂ ਨੂੰ ਜਿਹੜਾ ਲਾਭ ਹੁੰਦਾ ਹੈ, ਕੀ ਉਹ ਲਾਭ ਮੈਂਬਰਾਂ ਨੂੰ ਪਹੁੰਚਿਆ ਹੈ ?

ਮੰਤਰੀ : ਲਾਭ ਦਿੱਤਾ ਗਿਆ ਹੈ, ਜਵਾਬ ਦੇਖ ਲਓ। ਸੁਸਾਇਟੀਆਂ ਨੇ ਮੈਂਬਰਾਂ ਨੂੰ ਪ੍ਰਾਫਿਟ ਵੰਡਣਾ ਹੁੰਦਾ ਹੈ। ਸੁਸਾਇਟੀਆਂ ਨੂੰ ਪ੍ਰਾਫਿਟ ਜਾਂਦਾ ਹੈ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਮੈਂ ਫੇਰ ਬੇਨਤੀ ਕਰਾਂਗਾ ਕਿ ਮੰਤਰੀ ਜੀ ਚੈੱਕ ਕਰ ਲੈਣ। ਮੈਂਬਰਾਂ ਨੂੰ ਪਿਛਲੇ ਤਿੰਨ ਸਾਲਾਂ ਵਿਚ ਤਾਂ ਕੁਝ ਨਹੀਂ ਮਿਲਿਆ, ਹੁਣ ਇਹ ਦੇ ਦੇਣ ਤਾਂ ਮੈਂ ਧੰਨਵਾਦ ਕਰਾਂਗਾ।

ਮੰਤਰੀ : 19 ਸਹਿਕਾਰੀ ਬੈਂਕ ਹਨ, ਜਿਨ੍ਹਾਂ ਵਿਚੋਂ 1996-97 ਵਿਚ ਨਵਾਂ ਸ਼ਹਿਰ ਨੇ 12 ਲੱਖ 88 ਹਜ਼ਾਰ ਰੁਪਏ ਵੰਡੇ ਹਨ ਅਤੇ 1997-98 ਵਿਚ 27 ਲੱਖ 98 ਹਜ਼ਾਰ ਰੁਪਏ ਵੰਡੇ ਹਨ। ਜਲੰਧਰ, ਰੋਪੜ ਅਤੇ ਹੁਸ਼ਿਆਰਪੁਰ ਵੀ ਇਸੇ ਤਰ੍ਹਾਂ 4 ਬੈਂਕਾਂ ਨੇ ਪ੍ਰਾਫਿਟ ਵੰਡੇ ਹਨ।

ਸਪੀਕਰ ਸਾਹਿਬ, ਲੁਧਿਆਣਾ, ਕਪੂਰਥਲਾ, ਫਰੀਦਕੋਟ, ਮੁਕਤਸਰ ਅਤੇ ਮੋਗਾ ਦੇ ਬੈਂਕਾਂ ਨੇ ਵੀ ਪ੍ਰਾਫਿਟ ਕੀਤਾ ਹੈ। ਕੁਝ ਬੈਂਕ ਪਹਿਲਾਂ ਘਾਟੇ ਵਿਚ ਸਨ। ਮੈਨੂੰ ਹਾਊਸ ਵਿਚ ਇਹ ਗੱਲ ਦੱਸਣ ਦੀ ਖੁਸ਼ੀ ਹੁੰਦੀ ਹੈ ਕਿ ਜਦੋਂ ਤੋਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਆਈ ਹੈ, ਉਸ ਤੋਂ ਬਾਅਦ ਤਕਰੀਬਨ 19 ਬੈਂਕਾਂ ਵਿਚੋਂ 17 ਬੈਂਕ ਪ੍ਰਾਫਿਟ ਵਿਚ ਜਾ ਰਹੇ ਹਨ ਅਤੇ ਪਹਿਲਾਂ ਕੇਵਲ 7 ਅਜਿਹੇ ਬੈਂਕ ਸਨ। (ਥੰਪਿੰਗ)

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਕੋਆਪਰੇਟਿਵ ਬੈਂਕਾਂ ਕੋਲ ਲੋਕਾਂ ਦਾ ਪੈਸਾ ਪਿਆ ਹੋਇਆ ਹੈ। ਜਿਹੜਾ ਪੈਸਾ ਬੈਂਕਾਂ ਨੇ ਸੁਸਾਇਟੀਆਂ ਨੂੰ ਦਿੱਤਾ ਹੈ, ਉਹ ਪੈਸਾ ਲੋਕਾਂ ਕੋਲ ਪਹੁੰਚੇਗਾ ਜਾਂ ਨਹੀਂ ? ਸੋਸਾਇਟੀ ਤੋਂ ਮੈਂਬਰ ਤੱਕ ਉਹ ਪੈਸਾ ਜਾਂਦਾ ਹੈ ਜਾਂ ਨਹੀਂ ਜਾਂਦਾ। ਇਸ ਦੀ ਪੜਤਾਲ ਮੰਤਰੀ ਜੀ ਕਰਾ ਲੈਣ ਅਤੇ ਹਾਊਸ ਨੂੰ ਦੱਸ ਦੇਣ।

ਮੰਤਰੀ : ਸਪੀਕਰ ਸਾਹਿਬ, ਇਹ ਮੈਂ ਜਿਹੜੇ ਸਾਰੇ ਅੰਕੜੇ ਦੱਸੇ ਹਨ, ਇਹ ਲੋਕਾਂ ਨੂੰ ਹੀ ਪੈਸੇ ਵੰਡੇ ਗਏ ਹਨ। ਇਹ ਪੈਸੇ ਸਰਕਾਰ ਦੇ ਨਹੀਂ, ਲੋਕਾਂ ਨੂੰ ਹੀ ਕੋਆਪਰੇਟਿਵ ਬੈਂਕਾਂ ਦੁਆਰਾ ਵੰਡੇ ਗਏ ਹਨ।

ਸ੍ਰੀ ਸਪੀਕਰ : ਜੇ ਕੋਈ ਇਨ੍ਹਾਂ ਦੀ ਸਪੈਸਿਫਿਕ ਕੰਪਲੇਂਟ ਹੈ ਤਾਂ ਲੈ ਲੈਣਾ। ਅਗਲਾ ਸਵਾਲ, ਅਰਸ਼ੀ ਜੀ।

ਰਾਜ ਵਿਚ ਝੋਨੇ ਦੀ ਪੈਦਾਵਾਰ

*1405. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਾਲ 1998 ਲਈ ਝੋਨੇ ਦੀ ਪੈਦਾਵਾਰ ਲਈ ਕੁੱਲ ਕਿਨਾ ਟੀਚਾ ਮਿਥਿਆ ਗਿਆ ਅਤੇ ਉਕਤ ਟੀਚੇ ਦੇ ਮੁਕਾਬਲੇ ਅਸਲ ਵਿਚ ਝੋਨੇ ਦੀ ਕੁੱਲ ਕਿੰਨੀ ਪੈਦਾਵਾਰ ਹੋਈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਝੋਨੇ ਦੀ ਮਾਤਰਾ ਵਿਚੋਂ ਜ਼ਿਲ੍ਹੇਵਾਰ ਕਿੰਨਾ ਕਿੰਨਾ ਝੋਨਾ ਵਿਕਰੀ ਲਈ ਮੰਡੀਆਂ/ਖਰੀਦ ਕੇਂਦਰਾਂ ਵਿਚ ਆਇਆ ?

ਸਰਦਾਰ ਗੁਰਦੇਵ ਸਿੰਘ ਬਾਦਲ : (ੳ) ਖਰੀਫ 1998 ਲਈ ਝੋਨੇ ਦੀ ਪੈਦਾਵਾਰ ਦਾ ਟੀਚਾ 115.50 ਲੱਖ ਮੀਟਰਕ ਟਨ ਮਿਥਿਆ ਗਿਆ ਸੀ ਪਰ ਝੋਨੇ ਹੇਠ ਰਕਬਾ ਵਧਣ ਕਰਕੇ ਪੈਦਾਵਾਰ ਦੀ ਉਮੀਦ 130.50 ਲੱਖ ਮੀਟਰਕ ਟਨ ਕੀਤੀ ਗਈ ਸੀ। ਇਸ ਦੇ ਮੁਕਾਬਲੇ ਝੋਨੇ ਦੀ ਕੁੱਲ ਪੈਦਾਵਾਰ 117.38 ਲੱਖ ਮੀਟਰਕ ਟਨ ਹੋਈ ਹੈ।

(ਅ) ਭਾਗ 'ੳ' ਉਪਰੋਕਤ ਅਨੁਸਾਰ ਹੋਈ ਝੋਨੇ ਦੀ ਪੈਦਾਵਾਰ ਦੀ ਮੰਡੀਆਂ/ਖਰੀਦ ਕੇਂਦਰਾਂ ਵਿੱਚ ਪਹੁੰਚ ਦਾ ਜ਼ਿਲ੍ਹਾਵਾਰ ਵੇਰਵਾ ਅੰਤਿਕਾ 'ਅ' ਅਨੁਸਾਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

ਅੰਤਿਕਾ 'ਅ'

ਝੋਨੇ ਦੀ ਕੁੱਲ 117.38 ਲੱਖ ਟਨ ਪੈਦਾਵਾਰ ਵਿਚੋਂ ਜ਼ਿਲ੍ਹਾਵਾਰ ਮੰਡੀਆਂ ਵਿਚ ਆਮਦ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਜ਼ਿਲ੍ਹਾ	ਝੋਨੇ ਦੀ ਮੰਡੀਆਂ ਵਿਚ ਆਮਦ 10.12.1998 ਤੱਕ (ਮਾਤਰਾ ਮੀਟ੍ਰਿਕ ਟਨਾਂ ਵਿਚ)
1	2
1. ਅੰਮ੍ਰਿਤਸਰ	.. 6,86,034 ਮੀ. ਟਨ
2. ਬਠਿੰਡਾ	.. 2,39,539 ਮੀ. ਟਨ
3. ਫਰੀਦਕੋਟ	.. 3,59,476 ਮੀ. ਟਨ
4. ਫਤਹਿਗੜ੍ਹ ਸਾਹਿਬ	.. 2,81,398 ਮੀ. ਟਨ
5. ਫਿਰੋਜ਼ਪੁਰ	.. 10,66,249 ਮੀ. ਟਨ
6. ਗੁਰਦਾਸਪੁਰ	.. 4,02,041 ਮੀ. ਟਨ
7. ਹੁਸ਼ਿਆਰਪੁਰ	.. 1,68,605 ਮੀ. ਟਨ

[ਖੇਤੀਬਾੜੀ ਮੰਤਰੀ]

1		2
8. ਜਲੰਧਰ	..	4,51,823 ਮੀ. ਟਨ
9. ਕਪੂਰਥਲਾ	..	3,75,153 ਮੀ. ਟਨ
10. ਲੁਧਿਆਣਾ	..	10,26,872 ਮੀ. ਟਨ
11. ਮੁਕਤਸਰ	..	3,56,945 ਮੀ. ਟਨ
12. ਮੋਗਾ	..	5,59,313 ਮੀ. ਟਨ
13. ਮਾਨਸਾ	..	3,42,717 ਮੀ. ਟਨ
14. ਨਵਾਂ ਸ਼ਹਿਰ	..	1,48,987 ਮੀ. ਟਨ
15. ਪਟਿਆਲਾ	..	9,89,827 ਮੀ. ਟਨ
16. ਰੋਪੜ	..	1,36,430 ਮੀ. ਟਨ
17. ਸੰਗਰੂਰ	..	16,00,877 ਮੀ. ਟਨ
ਕੁੱਲ	..	92,92,286 ਮੀ. ਟਨ

ਮੰਤਰੀ : ਸਪੀਕਰ ਸਾਹਿਬ, ਅਰਸ਼ੀ ਜੀ ਨੇ ਪੁੱਛਿਆ ਹੈ ਜੀ......

ਸ਼੍ਰੀ ਸਪੀਕਰ : ਬਾਦਲ ਸਾਹਿਬ, ਹਾਲੇ ਅਰਸ਼ੀ ਜੀ ਨੇ ਕੁਐਸਚਨ ਪੇਸ਼ ਕੀਤਾ ਹੈ। ਉਨ੍ਹਾਂ ਨੂੰ ਪਹਿਲਾਂ ਸਪਲੀਮੈਂਟਰੀ ਪੁੱਛ ਲੈਣ ਦਿਉ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜੋ ਟੀਚਾ ਇਨ੍ਹਾਂ ਨੇ ਮਿਥਿਆ ਸੀ............(ਵਿਘਨ)

ਸ਼੍ਰੀ ਸਪੀਕਰ : ਸੇਖਵਾਂ ਸਾਹਿਬ, ਆਪਸ ਵਿਚ ਗੱਲਾਂ ਨਾ ਕਰੋ। ਇਧਰ ਗੱਲ ਕਰੋ ਜਿਹੜੀ ਕਰਨੀ ਹੈ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੋ ਟਾਰਗੇਟ ਸਰਕਾਰ ਨੇ ਮਿਥਿਆ ਸੀ, ਉਹ 115.50 ਲੱਖ ਮੀਟਰਕ ਟਨ ਦਾ ਸੀ ਅਤੇ ਜਿਹੜੀ ਮੰਡੀਆਂ ਵਿਚ ਅਰਾਈਵਲ ਆਈ, ਉਹ ਅਨੈਕਸਚਰ-ਏ ਵਿਚ ਜਿਸ ਤਰ੍ਹਾਂ ਦਸਿਆ ਗਿਆ ਹੈ, 92.92 ਸਮਥਿੰਗ, ਲੱਖ ਮੀਟਰਕ ਟਨ ਹੈ। ਇਹ ਜਿਹੜੀ ਏਨੀ ਘੱਟ ਪੈਦਾਵਾਰ ਹੋਈ, ਇਸਦਾ ਨੁਕਸਾਨ ਕਿਸਾਨਾਂ ਨੂੰ ਹੋਇਆ ਅਤੇ ਉਸ ਨੁਕਸਾਨ ਦਾ ਅੰਦਾਜ਼ਾ ਸਰਕਾਰ ਨੇ 1000 ਕਰੋੜ ਰੁਪਏ ਦਾ ਲਾਇਆ ਸੀ ਜਿਹੜਾ ਕਿ ਝੋਨਾ ਗਰੋਅਰ ਕਿਸਾਨਾਂ ਦਾ ਨੁਕਸਾਨ ਹੋਇਆ। ਕੀ ਇਨ੍ਹਾਂ ਦਾ ਜਿਹੜਾ 1000 ਕਰੋੜ ਰੁਪਏ ਨੁਕਸਾਨ ਹੋਇਆ ਹੈ, ਉਸਦੀ ਪੂਰਤੀ ਵਾਸਤੇ ਸਰਕਾਰ ਨੇ ਕੋਈ ਮਾਲੀ ਮਦਦ ਦਿੱਤੀ ਹੈ, ਜੇ ਦਿੱਤੀ ਹੈ ਤਾਂ ਕਿੰਨੀ ਦਿੱਤੀ ਹੈ ਅਤੇ ਜੇ ਨਹੀਂ ਦਿੱਤੀ ਤਾਂ ਕੀ ਇਹ ਦੇਣ ਵਾਸਤੇ ਵਿਚਾਰ ਹੋ ਰਹੀ ਹੈ? ਇਸਦੇ ਨਾਲ ਇਹ ਵੀ ਦੱਸਿਆ ਜਾਵੇ ਕਿ ਇਹ ਵਿਚਾਰ ਕਰਕੇ ਕਦੋਂ ਤੱਕ ਕਿਸਾਨਾਂ ਨੂੰ ਕੰਪਨਸੇਟ ਕਰ ਦਿੱਤਾ ਜਾਵੇਗਾ?

ਮੰਤਰੀ : ਸਪੀਕਰ ਸਾਹਿਬ, ਜਿਹੜੀ ਮੇਰੇ ਕੋਲ ਲੇਟ ਇਤਲਾਹ ਪੁੱਜੀ ਹੈ, ਉਸ ਮੁਤਾਬਿਕ 93 ਲੱਖ 74 ਹਜ਼ਾਰ 929 ਲੱਖ ਮੀਟਰਕ ਟਨ ਝੋਨੇ ਦੀ ਅਰਾਈਵਲ ਹੋਈ ਹੈ ਅਤੇ ਜੋ ਅਰਸ਼ੀ ਜੀ ਨੇ ਪੁੱਛਿਆ ਹੈ, ਸਪੀਕਰ ਸਾਹਿਬ, ਕੁਦਰਤੀ ਆਫ਼ਤਾਂ ਦੇ ਕਾਰਨ ਲਗਾਤਾਰ ਬਾਰਸ਼ ਪੈਣ ਕਰਕੇ ਜਿਹੜਾ ਝੋਨਾ ਖੜ੍ਹਾ ਸੀ, ਉਹ ਥੱਲੇ ਗਿਰ ਗਿਆ ਅਤੇ ਥੱਲੇ ਗਿਰਨ ਦੀ ਵਜ੍ਹਾ ਕਰਕੇ ਇਹ ਝਾੜ ਘੱਟ ਹੋਇਆ । ਕੁਝ ਝੋਨਾ ਜਿਹੜਾ ਖੜ੍ਹਾ ਸੀ, ਉਹ ਬੈਠ ਗਿਆ ਅਤੇ ਜ਼ਮੀਨ ਵਿਚ ਉਗ ਗਿਆ, ਇਸ ਕਰਕੇ ਝੋਨੇ ਦੀ ਘੱਟ ਪੈਦਾਵਾਰ ਹੋਈ । ਸਾਡੀ ਸਰਕਾਰ ਅਤੇ ਬਾਦਲ ਸਾਹਿਬ ਦੀ ਸਰਕਾਰ ਕਿਸਾਨਾਂ ਵਾਸਤੇ 24 ਘੰਟੇ ਤਤਪਰ ਰਹਿੰਦੀ ਹੈ । ਅਸੀਂ ਕੋਸ਼ਿਸ਼ ਕੀਤੀ ਸੀ, ਬਾਦਲ ਸਾਹਿਬ ਨੇ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਵਾਸਤੇ ਸਾਢੇ ਤਿੰਨ ਸੌ ਕਰੋੜ ਰੁਪਏ ਦੀ ਡਿਮਾਂਡ ਕੀਤੀ ਸੀ ਅਤੇ ਅਜੇ ਤੱਕ ਅਸੀਂ ਪੂਰਾ ਯਤਨ ਕਰ ਰਹੇ ਹਾਂ ਕਿ ਉਨ੍ਹਾਂ ਕਿਸਾਨਾਂ ਨੂੰ ਸਰਕਾਰ ਕੋਲੋਂ ਮੁਆਵਜ਼ਾ ਦਿਵਾਇਆ ਜਾਵੇ ਅਤੇ ਪੂਰੀ ਵਾਹ ਲਾ ਕੇ ਦੁਆਇਆ ਜਾਵੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਜੋ ਡਿਟੇਲ ਮੰਡੀਆਂ ਵਿਚ ਅਰਾਈਵਲ ਦੀ ਆਈ ਹੈ, ਪਰਚੇਜ਼ ਸੈਂਟਰਾਂ ਵਿਚ ਆਈ ਹੈ, ਉਸਦੀ ਇਕੱਠੀ ਫਿਗਰ ਦੱਸੀ ਹੋਈ ਹੈ ਕਿ ਕਿੰਨੀ ਅਰਾਈਵਲ ਆਈ ਹੈ । ਇਸ ਵਿਚੋਂ ਐਫ. ਸੀ. ਆਈ. ਅਤੇ ਹੋਰ ਸਰਕਾਰੀ ਏਜੰਸੀਆਂ ਨੂੰ ਕੱਢ ਕੇ ਪ੍ਰਾਈਵੇਟ ਏਜੰਸੀਆਂ ਨੇ ਟੋਟਲ ਅਰਾਈਵਲ ਵਿਚੋਂ ਕਿੰਨੇ ਲੱਖ ਮੀਟਰਕ ਟਨ ਦੀ ਪਰਚੇਜ਼ ਕੀਤੀ ਹੈ, ਉਸਦੇ ਬਾਰੇ ਮੰਤਰੀ ਜੀ ਦੱਸ ਦੇਣ ।

ਮੰਤਰੀ : ਇਹ ਮੈਂ ਸਾਰੀ ਡਿਟੇਲ ਦਿੱਤੀ ਹੈ ਅਤੇ ਸਦਨ ਦੀ ਮੇਜ਼ ਤੇ ਰੱਖ ਦਿੱਤੀ ਹੈ ।

ਸ੍ਰੀ ਸਪੀਕਰ : ਬਾਦਲ ਸਾਹਿਬ, ਇਨ੍ਹਾਂ ਦਾ ਪ੍ਰਸ਼ਨ ਸਮਝੋ । ਇਹ ਪੁੱਛਦੇ ਹਨ ਕਿ ਐਫ. ਸੀ. ਆਈ. ਨੂੰ ਕੱਢ ਕੇ ਦੂਸਰੀਆਂ ਪ੍ਰਾਈਵੇਟ ਏਜੰਸੀਆਂ ਨੇ ਜਿੰਨੀ ਖਰੀਦ ਕੀਤੀ ਹੈ, ਉਹ ਕਿੰਨੀ ਕੀਤੀ ਹੈ ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਮੈਂ ਪੁੱਛਿਆ ਹੈ ਕਿ ਪ੍ਰਾਈਵੇਟ ਏਜੰਸੀਆਂ ਨੇ ਕਿੰਨੀ ਖਰੀਦ ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਪੁੱਛਿਆ ਸੀ ਕਿ ਕਿੰਨੇ ਝੋਨੇ ਦੀ ਖਰੀਦ ਹੋਈ ਹੈ । ਉਹ ਮੈਂ ਇਨ੍ਹਾਂ ਨੂੰ ਦੱਸ ਦਿੱਤਾ ਹੈ । ਬਾਕੀ ਜੇ ਇਹ ਹੋਰ ਕੁਝ ਜਾਣਨਾ ਚਾਹੁੰਦੇ ਹਨ ਤਾਂ ਇਹ ਵੱਖਰਾ ਸਵਾਲ ਦੇ ਦੇਣ, ਉਸ ਦਾ ਜਵਾਬ ਦੇ ਦਿੱਤਾ ਜਾਵੇਗਾ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਵੱਖਰਾ ਸਵਾਲ ਤਾਂ ਬਣਦਾ ਨਹੀਂ, ਫਿਰ ਵੀ ਮੈਂ ਇਨ੍ਹਾਂ ਦੀ ਬਜ਼ੁਰਗੀ ਦਾ ਸਤਿਕਾਰ ਕਰਦਾ ਹੋਇਆ ਅਗਲੀ ਗੱਲ ਪੁੱਛ ਲੈਂਦਾ ਹਾਂ । ਕੀ ਇਹ ਠੀਕ ਹੈ ਕਿ ਝੋਨੇ ਦੀ ਖਰੀਦ ਵਿਚ ਕੋਈ ਧਾਂਦਲੀਆਂ ਹੋਈਆਂ ?, ਭਾਅ ਘੱਟ ਦਿੱਤਾ ਗਿਆ ਜਾਂ ਮਾਰਕੀਟ ਫੀਸ ਦੀ ਅਦਾਇਗੀ ਕੀਤੇ ਬਿਨਾਂ ਕੱਟੀ ਪ੍ਰਚੇਜ਼ ਕੀਤੀ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਗਈ ? ਇਸ ਸਾਰੇ ਕੁਝ ਦੀ ਇਨਵੈਸਟੀਗੇਸ਼ਨ ਕਰਨ ਵਾਸਤੇ ਕੀ ਕੋਈ ਸੀਨੀਅਰ ਅਫਸਰਾਂ ਦੀ ਕਮੇਟੀ ਬਣਾਈ ਗਈ ਹੈ ? ਜੇ ਬਣਾਈ ਹੈ ਤਾਂ ਕੀ ਉਸ ਨੇ ਆਪਣੀ ਪੜਤਾਲ ਮੁਕੰਮਲ ਕਰ ਲਈ ਹੈ ? ਜੇ ਕਰ ਲਈ ਹੈ ਤਾਂ ਉਸ ਦੇ ਨਤੀਜੇ ਕੀ ਹਨ ?

ਮੰਤਰੀ : ਸਪੀਕਰ ਸਾਹਿਬ, ਸੀਨੀਅਰ ਅਫਸਰਾਂ ਦੀ ਇਕ ਤਿੰਨ ਮੈਂਬਰੀ ਕਮੇਟੀ ਸਰਕਾਰ ਨੇ ਬਣਾਈ ਹੋਈ ਹੈ । ਉਸ ਕਮੇਟੀ ਨੇ ਪੰਜਾਬ ਵਿਚ ਚੱਕਰ ਵੀ ਲਾਇਆ ਅਤੇ ਵੱਖ ਵੱਖ ਥਾਵਾਂ ਤੇ ਜਾ ਕੇ ਪੁੱਛ ਪੜਤਾਲ ਵੀ ਕੀਤੀ ਲੇਕਿਨ ਕਿਸਾਨ ਕਿਸੇ ਦਾ ਨਾਂ ਲੈ ਕੇ ਦੱਸਣ ਨੂੰ ਤਿਆਰ ਨਹੀਂ ਕਿ ਮੇਰੇ ਝੋਨੇ ਦੀ ਖਰੀਦ ਵਿਚ ਕੋਈ ਧਾਂਦਲੀ ਹੋਈ ਹੈ । ਉਸ ਕਮੇਟੀ ਦੀ ਰਿਪੋਰਟ ਹਾਲੇ ਆਉਣੀ ਹੈ । ਜਦੋਂ ਰਿਪੋਰਟ ਆ ਜਾਵੇਗੀ ਤਾਂ ਉਸ ਦੇ ਸਾਰੇ ਵੇਰਵੇ ਦੱਸ ਦਿੱਤੇ ਜਾਣਗੇ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਇਸ ਨੂੰ ਟਾਈਮ ਬਾਊਂਡ ਕਰ ਦਿਓ ਕਿ ਐਨੇ ਸਮੇਂ ਦੇ ਵਿਚ ਇਹ ਰਿਪੋਰਟ ਆ ਜਾਵੇਗੀ ।

ਮੰਤਰੀ : ਇਹ ਜਲਦੀ ਹੀ ਆ ਜਾਵੇਗੀ ।

ਸਬ-ਤਹਿਸੀਲ ਬੰਗਾ ਦੀਆਂ ਲਿੰਕ ਸੜਕਾਂ ਦੀ ਮੁਰੰਮਤ/ਉਸਾਰੀ

*1423. **ਚੌਧਰੀ ਮੋਹਨ ਲਾਲ ਬਹਿਰਾਮ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1998-99 (ਮਿਤੀ ਅੰਤ ਤੱਕ) ਦੇ ਦੌਰਾਨ ਸਬ-ਤਹਿਸੀਲ ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਕਿੰਨੀਆਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ/ਕਿੰਨੀਆਂ ਨਵੀਆਂ ਬਣਾਈਆਂ ਗਈਆਂ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਬ-ਤਹਿਸੀਲ, ਬੰਗਾ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸਾਲ 1998-99 ਦੌਰਾਨ, ਮਿਤੀ ਅੰਤ ਤੱਕ, 42 ਸੜਕਾਂ ਜਿਨ੍ਹਾਂ ਦੀ ਲੰਬਾਈ 88 ਕਿ. ਮੀ. ਹੈ, ਦੀ ਮੁਰੰਮਤ ਕੀਤੀ ਗਈ ਹੈ । ਇਸ ਸਮੇਂ ਦੌਰਾਨ ਕੋਈ ਵੀ ਨਵੀਂ ਸੜਕ ਨਹੀਂ ਬਣਾਈ ਗਈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੰਤਰੀ ਜੀ ਨੇ ਮੇਰੇ ਸਵਾਲ ਦਾ ਜਵਾਬ ਅਧੂਰਾ ਦਿੱਤਾ ਹੈ । ਜਿਨ੍ਹਾਂ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਮੁਰੰਮਤ ਕੀਤੀ ਗਈ ਹੈ, ਉਨ੍ਹਾਂ ਦੀ ਲਿਸਟ ਨਹੀਂ ਦਿੱਤੀ ਗਈ ਹੈ । ਮੇਰਾ ਅਗਲਾ ਸਵਾਲ ਇਹ ਹੈ ਕਿ ਸਾਲ 1998-99 ਦੌਰਾਨ ਜਿੰਨਾ ਟੀਚਾ ਇਸ ਸਬੰਧ ਵਿਚ ਸਰਕਾਰ ਵੱਲੋਂ ਰੱਖਿਆ ਗਿਆ ਸੀ, ਕੀ ਉਹ ਪੂਰਾ ਕਰ ਲਿਆ ਗਿਆ ਹੈ ਜਾਂ ਨਹੀਂ ?

ਮੰਤਰੀ : ਜੇ ਪੂਰੀ ਡਿਟੇਲ ਮੈਂਬਰ ਸਾਹਿਬ ਪੁੱਛਣਾ ਚਾਹੁੰਦੇ ਹਨ ਤਾਂ ਮੈਂ ਦੱਸ ਦਿੰਦਾ ਹਾਂ ।

ਸ੍ਰੀ ਸਪੀਕਰ : ਜਿਹੜਾ ਸਪੈਸੇਫਿਕ ਕੁਐਸਚਨ ਹੈ, ਉਸ ਦਾ ਹੀ ਜਵਾਬ ਤੁਸੀਂ ਦਿਓ । ਇਹ ਦੱਸੋ ਕਿ ਪਿਛਲੇ ਸਾਲ ਜਿੰਨਾ ਟੀਚਾ ਰੱਖਿਆ ਗਿਆ ਸੀ, ਉਹ ਪੂਰਾ ਕਰ ਲਿਆ ਗਿਆ ਹੈ ਜਾਂ ਨਹੀਂ ?

ਮੰਤਰੀ : ਪਹਿਲੀਆਂ ਸੜਕਾਂ ਮੁਕੰਮਲ ਕਰ ਦਿੱਤੀਆਂ ਗਈਆਂ ਹਨ—88 ਕਿਲੋਮੀਟਰ ।

ਚੌਧਰੀ ਮੋਹਨ ਲਾਲ ਬਹਿਰਾਮ : ਮੇਰਾ ਸਵਾਲ ਇਹ ਹੈ ਕਿ ਪਿਛਲੇ ਸਾਲ ਜਿਹੜਾ ਟੀਚਾ ਰੱਖਿਆ ਗਿਆ ਸੀ, ਉਹ ਪੂਰਾ ਹੋਇਆ ਹੈ ਜਾਂ ਨਹੀਂ ?

ਸ੍ਰੀ ਸਪੀਕਰ : ਚੌਧਰੀ ਸਾਹਿਬ, ਇਸ ਕੁਐਸਚਨ ਨਾਲ ਰਿਲੇਟਿਡ ਜਿਹੜੀ ਗੱਲ ਹੈ, ਉਹੀ ਤੁਸੀਂ ਪੁੱਛੋ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਂ ਸਬ-ਤਹਿਸੀਲ, ਬੰਗਾ ਬਾਰੇ ਪੁੱਛ ਰਿਹਾ ਹਾਂ ਕਿ ਉਥੇ ਜਿੰਨਾ ਟੀਚਾ ਰੱਖਿਆ ਗਿਆ ਸੀ, ਉਹ ਪੂਰਾ ਕਰ ਲਿਆ ਗਿਆ ਹੈ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਨਵੀਆਂ ਸੜਕਾਂ ਬਣਾਉਣ ਦੀ ਪਹਿਲਾਂ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਸੀ । ਹੁਣ ਸਰਕਾਰ ਨੇ ਨਵੀਆਂ ਸੜਕਾਂ ਬਣਾਉਣ ਵਾਸਤੇ 570 ਕਰੋੜ ਰੁਪਿਆ ਰਾਖਵਾਂ ਰੱਖਿਆ ਹੈ । ਮੇਰਾ ਖਿਆਲ ਹੈ ਕਿ ਸੰਨ 2000 ਤੱਕ ਕੋਈ ਵੀ ਐਸੀ ਸੜਕ ਨਹੀਂ ਹੋਵੇਗੀ, ਜਿਸ ਦੀ ਮੁਰੰਮਤ ਨਾ ਹੋਵੇ । ਕੱਚੀਆਂ ਸੜਕਾਂ ਨੂੰ ਪੱਕੀਆਂ ਬਣਾਉਣ ਵਾਸਤੇ ਵੀ ਸਰਕਾਰ ਆਪਣਾ ਟੀਚਾ ਪੂਰਾ ਕਰੇਗੀ । ਇਨ੍ਹਾਂ ਨੇ ਸਵਾਲ ਤਾਂ ਬੰਗੇ ਬਾਰੇ ਪੁੱਛਿਆ ਸੀ । ਮੈਂ ਇਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਇਹ 42 ਸੜਕਾਂ ਸੀ, 88 ਕਿਲੋਮੀਟਰ ਲੰਮੀਆਂ ਅਤੇ ਇਨ੍ਹਾਂ ਦੀ ਮੁਰੰਮਤ ਹੋ ਚੁੱਕੀ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸੜਕਾਂ ਅਜੇ ਵੀ ਟੁੱਟੀਆਂ ਹੋਈਆਂ ਹਨ ਜਿਵੇਂ ਕਿ ਬੰਗਾ-ਚੇਤਾ, ਜੰਡਿਆਲੀ-ਕੋਟਲੀ ਖੱਖੀਆਂ, ਚੱਕ ਰਾਮ-ਤਾਹਰਪੁਰ, ਬਹਿਰਾਮ-ਸਰਹਾਲ ਕਾਜ਼ੀਆਂ ਅਤੇ ਕਈ ਹੋਰ ਵੀ ਸੜਕਾਂ ਹਨ ਜਿਨ੍ਹਾਂ ਦੀ ਹਾਲਤ ਬੜੀ ਖਰਾਬ ਹੈ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਰਿਪੇਅਰ ਹੋਣ ਵਾਲੀਆਂ ਸੜਕਾਂ ਰਹਿੰਦੀਆਂ ਹਨ, ਕੀ ਇਹ ਵੀ ਇਸ ਸਾਲ ਦੇ ਵਿਚ ਬਣਾ ਦਿੱਤੀਆਂ ਜਾਣਗੀਆਂ ?

ਮੰਤਰੀ : ਸਪੀਕਰ ਸਾਹਿਬ, 20 ਕਿਲੋਮੀਟਰ ਸੜਕਾਂ ਮੋਹਨ ਲਾਲ ਜੀ ਨੂੰ ਦਿੱਤੀਆਂ ਗਈਆਂ ਹਨ । ਜਿਹੜੀਆਂ ਇਹ ਕਹਿਣਗੇ, ਉਹ ਅਸੀਂ ਬਣਾ ਦਿਆਂਗੇ ।

ਸ੍ਰੀ ਸਪੀਕਰ : ਉਹ ਤਾਂ ਰਿਪੇਅਰ ਦੀ ਗੱਲ ਕਰ ਰਹੇ ਹਨ ।

ਮੰਤਰੀ : ਉਹ ਮੈਂ ਦੱਸ ਦਿੱਤਾ ਹੈ ਕਿ 88 ਕਿਲੋਮੀਟਰ ਲੰਮੀਆਂ ਸੜਕਾਂ ਦੀ ਰਿਪੇਅਰ ਕਰ ਦਿੱਤੀ ਹੈ ।

ਚੌਧਰੀ ਮੋਹਨ ਲਾਲ ਬਹਿਰਾਮ : ਸਪੀਕਰ ਸਾਹਿਬ, ਮੈਂ ਆਉਣ ਵਾਲੇ ਵਿੱਤੀ ਸਾਲ ਦੀ ਗੱਲ ਕਰਦਾ ਹਾਂ । ਮੈਂ ਇਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਰਹਿ ਗਈਆਂ ਹਨ, ਉਨ੍ਹਾਂ ਦੀ ਮੁਰੰਮਤ ਕਰ ਦਿੱਤੀ ਜਾਵੇਗੀ ਜਾਂ ਨਹੀਂ ?

ਸ੍ਰੀ ਸਪੀਕਰ : ਤੁਹਾਡੇ ਸਵਾਲ ਦਾ ਜਵਾਬ ਆ ਗਿਆ ਹੈ। ਅਗਲਾ ਸਵਾਲ, ਸਰਦਾਰ ਮੱਖਣ ਸਿੰਘ ਜੀ।

ਦਿਹਾਤੀ ਫੋਕਲ ਪੁਆਇੰਟ ਸਥਾਪਿਤ ਕਰਨਾ

*1518. ਸਰਦਾਰ ਮੱਖਣ ਸਿੰਘ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਨੇੜੇ ਦੇ ਭਵਿੱਖ ਵਿੱਚ ਕੋਈ ਨਵੇਂ ਦਿਹਾਤੀ ਫੋਕਲ ਪੁਆਇੰਟ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਰਾਜ ਵਿਚ ਇਸ ਸਮੇਂ ਦਿਹਾਤੀ ਫੋਕਲ ਪੁਆਇੰਟਾਂ ਦੀ ਗਿਣਤੀ ਕਿੰਨੀ ਹੈ?

ਸਰਦਾਰ ਨਿਰਮਲ ਸਿੰਘ ਕਾਹਲੋਂ : ਹਾਂ ਜੀ, ਸਾਲ 1997-98 ਤੱਕ 491 ਫੋਕਲ ਪੁਆਇੰਟ ਵਿਕਸਤ ਕਰਨ ਤੋਂ ਇਲਾਵਾ ਇਸ ਸਮੇਂ 108 ਹੋਰ ਫੋਕਲ ਪੁਆਇੰਟ ਬਣਾਉਣ ਦੀ ਤਜਵੀਜ਼ ਹੈ।

ਸਰਦਾਰ ਮੱਖਣ ਸਿੰਘ : ਸਪੀਕਰ ਸਾਹਿਬ, ਕਾਫੀ ਵਾਰ ਕਿਹਾ ਗਿਆ ਹੈ ਕਿ ਜਿਹੜੇ ਨਵੇਂ ਫੋਕਲ ਪੁਆਇੰਟ ਬਣਾਏ ਜਾ ਰਹੇ ਹਨ, ਉਨ੍ਹਾਂ ਵਿਚ ਬਹੁਤ ਹੀ ਆਧੁਨਿਕ ਕਿਸਮ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਉਹ ਕਿਹੜੀਆਂ ਕਿਹੜੀਆਂ ਨਵੀਆਂ ਸਹੂਲਤਾਂ ਹਨ ਜਿਹੜੀਆਂ ਉਨ੍ਹਾਂ ਫੋਕਲ ਪੁਆਇੰਟਾਂ ਤੇ ਇਹ ਦੇ ਰਹੇ ਹਨ?

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਫੋਕਲ ਪੁਆਇੰਟ ਬਣਾਏ ਜਾ ਰਹੇ ਹਨ ਜਾਂ ਬਣਾਏ ਗਏ ਹਨ ਉਨ੍ਹਾਂ ਵਿਚ ਮਾਰਕੀਟਿੰਗ ਯਾਰਡ, 25 ਬਿਸਤਰਿਆਂ ਦਾ ਹਸਪਤਾਲ, ਪਸ਼ੂਆਂ ਦਾ ਹਸਪਤਾਲ, ਕਮਿਊਨਟੀ ਸੈਂਟਰ, ਦੁਕਾਨਾਂ, ਬੈਂਕ, ਪੈਟਰੋਲ ਪੰਪ, ਗੈਸ ਏਜੰਸੀ, ਡਾਕਖਾਨੇ ਦੀ ਸਹੂਲਤ, ਸਸਤੇ ਅਨਾਜ ਦੀ ਦੁਕਾਨ, ਬਿਜਲੀ ਦਾ ਦਫਤਰ, ਟਰੈਕਟਰ ਵਰਕਸ਼ਾਪ, ਪਟਵਾਰਖਾਨਾ ਦੀਆਂ ਸਹੂਲਤਾਂ ਹਨ। ਇਸ ਤੋਂ ਇਲਾਵਾ ਜੋ ਅਨ-ਇੰਪਲਾਇਮੈਂਟ ਦਾ ਮਸਲਾ ਹੈ, ਉਸ ਵਾਸਤੇ ਆਪਣੇ ਬੱਚਿਆਂ ਨੂੰ ਟ੍ਰੇਨਿੰਗ ਦੇਣ ਲਈ ਦੋ ਸੈਂਟਰ ਕਾਲ ਝਰਾਨੀ ਅਤੇ ਪਧਰੀ ਕਲਾਂ ਚਾਲੂ ਹੋ ਚੁੱਕੇ ਹਨ। ਉਥੇ ਟਰੇਨਿੰਗ ਅਸੀਂ ਦੇਵਾਂਗੇ। ਉਸ ਤੋਂ ਪਿਛੋਂ ਉਨ੍ਹਾਂ ਬੱਚਿਆਂ ਨੂੰ ਆਪਣੇ ਰੁਜ਼ਗਾਰ ਚਲਾਉਣ ਵਾਸਤੇ ਬੈਂਕਾਂ ਵੱਲੋਂ ਪੈਸੇ ਵੀ ਦਿੱਤੇ ਜਾਣਗੇ।

ਸਰਦਾਰ ਮੱਖਣ ਸਿੰਘ : ਸਪੀਕਰ ਸਾਹਿਬ, ਕਾਫੀ ਸਾਰੀਆਂ ਸਹੂਲਤਾਂ ਮੰਤਰੀ ਜੀ ਨੇ ਦੱਸੀਆਂ ਹਨ ਪਰੰਤੂ ਪੈਟਰੋਲ ਪੰਪ ਅਤੇ ਗੈਸ ਏਜੰਸੀ ਦਾ ਉਨ੍ਹਾਂ ਨੇ ਬਿਲਕੁਲ ਜ਼ਿਕਰ ਹੀ ਨਹੀਂ ਕੀਤਾ।

ਸ੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦਿੱਤਾ ਹੈ। ਤੁਸੀਂ ਸੁਣਿਆ ਨਹੀਂ।

ਸਰਦਾਰ ਮੱਖਣ ਸਿੰਘ : ਕੀ ਉਥੇ ਪੈਟਰੋਲ ਪੰਪ ਅਤੇ ਗੈਸ ਏਜੰਸੀ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਜਾਂ ਨਹੀਂ?

ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸ਼ਹਿਰੀ ਸਹੂਲਤਾਂ ਪਿੰਡਾਂ ਵਿਚ ਦੇਣ ਵਾਸਤੇ ਫੋਕਲ ਪੁਆਇੰਟਾਂ ਵਿਚ ਬੜੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਕਰਕੇ ਪਿੰਡਾਂ ਵਿਚ ਸਾਰੀਆਂ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿਸ ਦੇ ਵਿਚ ਪੈਟਰੋਲ ਪੰਪ ਅਤੇ ਗੈਸ ਏਜੰਸੀ ਦਾ ਪ੍ਰੋਗਰਾਮ ਵੀ ਸ਼ਾਮਲ ਹੈ। ਮਾਨਯੋਗ ਬਾਦਲ ਸਾਹਿਬ ਨੇ ਸੈਂਟਰ ਸਰਕਾਰ ਨਾਲ ਇਹ ਸਾਰੀ ਗੱਲ ਕੀਤੀ ਹੈ ਅਤੇ ਮੈਂ ਤੁਹਾਡੇ ਰਾਹੀਂ ਇਹ ਖੁਸ਼ੀ ਦੀ ਖਬਰ ਦੇਣੀ ਚਾਹੁੰਦਾ ਹਾਂ ਕਿ ਸਰਵੇ ਕੀਤਾ ਗਿਆ ਹੈ ਅਤੇ ਉਸ ਸਰਵੇ ਦੇ ਅਨੁਸਾਰ ਫੋਕਲ ਪੁਆਇੰਟਾਂ ਤੇ 42 ਪੈਟਰੋਲ ਪੰਪ ਦੇਣ ਦਾ ਪ੍ਰੋਗਰਾਮ ਚੱਲ ਰਿਹਾ ਹੈ।

ਸ੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਫੋਕਲ ਪੁਆਇੰਟ ਸਨ, ਪਹਿਲਾਂ ਦੇ ਬਣੇ ਹੋਏ ਸਨ, ਉਹ ਆਲਮੋਸਟ ਖਤਮ ਹੋ ਗਏ ਸਨ। ਉਨ੍ਹਾਂ ਦੀ ਰਿਵਾਈਵਲ • ਵੱਲ ਵੀ ਸਰਕਾਰ ਕੋਈ ਉਪਰਾਲੇ ਕਰ ਰਹੀ ਹੈ ਜਾਂ ਨਹੀਂ?

ਸ੍ਰੀ ਸਪੀਕਰ: ਮੈਂਬਰ ਸਾਹਿਬ ਨੇ ਪੁੱਛਿਆ ਹੈ ਕਿ ਜਿਹੜੇ ਪੁਰਾਣੇ ਫੋਕਲ ਪੁਆਇੰਟ ਸਨ, ਉਨ੍ਹਾਂ ਦੀ ਰਿਵਾਈਵਲ ਤੁਸੀਂ ਕਰ ਰਹੇ ਹੋ ਜਾਂ ਨਹੀਂ?

ਮੰਤਰੀ: ਸਪੀਕਰ ਸਾਹਿਬ, ਪੁਰਾਣੇ ਫੋਕਲ ਪੁਆਇੰਟਾਂ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਵਿਚ ਜਿਹੜੀਆਂ ਪਹਿਲਾਂ ਸਹੂਲਤਾਂ ਦਿੱਤੀਆਂ ਗਈਆਂ ਸਨ, ਉਨ੍ਹਾਂ ਵਿਚ ਦੁਕਾਨਾਂ ਵੀ ਸਨ, ਪਸ਼ੂਆਂ ਦਾ ਹਸਪਤਾਲ, ਸਿਵਲ ਹਸਪਤਾਲ, ਮਾਰਕੀਟਿੰਗ ਯਾਰਡ, ਗੁਦਾਮ ਅਤੇ ਸਹਿਕਾਰੀ ਬੈਂਕ ਵੀ ਸਨ। 1977-78 ਵਿਚ ਬਾਦਲ ਸਾਹਿਬ ਦੀ ਸਰਕਾਰ ਨੇ ਇਹ ਪ੍ਰੋਗਰਾਮ ਚਾਲੂ ਕੀਤਾ ਸੀ। ਮੁੜ ਕੇ ਸਾਡੇ ਸਾਹਮਣੇ ਬੈਠੇ ਸਾਥੀਆਂ ਦੀ ਸਰਕਾਰ ਆਈ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੇ ਉਪਰਾਲੇ ਕੀਤੇ। ਉਨ੍ਹਾਂ ਦੀ ਰਿਪੇਅਰ ਨਹੀਂ ਕੀਤੀ। ਅਸੀਂ ਹੁਣ ਪੁਰਾਣੇ ਫੋਕਲ ਪੁਆਇੰਟਾਂ ਦੀ ਰਿਪੇਅਰ ਵੀ ਕੀਤੀ ਹੈ ਔਰ ਉਨ੍ਹਾਂ ਨੂੰ ਬਕਾਇਦਾ ਤੌਰ ਤੇ ਸਹੂਲਤਾਂ ਦੇਣ ਦਾ ਵੀ ਸਾਰਾ ਪ੍ਰੋਗਰਾਮ ਤਿਆਰ ਕਰ ਰਹੇ ਹਾਂ। ਇਹ ਉਨ੍ਹਾਂ ਨੂੰ ਦੇਣੀਆਂ ਹਨ।

ਸ੍ਰੀ ਜਗਦੀਸ਼ ਸਾਹਨੀ: ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪੁਰਾਣੇ ਫੋਕਲ ਪੁਆਇੰਟ ਬਿਲਕੁਲ ਖੰਡਰ ਹੋ ਚੁੱਕੇ ਹਨ ਅਤੇ ਕੋਈ ਵੀ ਸਹੂਲਤ ਉਥੇ ਨਹੀਂ ਹੈ, ਜਿਵੇਂ ਦਿਆਲਗੜ੍ਹ ਦਾ ਫੋਕਲ ਪੁਆਇੰਟ ਹੈ, ਉਨ੍ਹਾਂ ਦੀ ਸਰਵਾਈਵਲ ਕਰਨ ਦੀ ਗੱਲ ਨਹੀਂ ਹੋ ਰਹੀ ਹੈ। ਉਨ੍ਹਾਂ ਨੂੰ ਸਹੂਲਤਾਂ ਦੇ ਕੇ ਦੁਬਾਰਾ ਸ਼ੁਰੂ ਕਰਨ ਦੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ। ਕਿਰਪਾ ਕਰਕੇ ਮੰਤਰੀ ਜੀ ਇਹ ਦੱਸਣ ਕਿ ਜਿਹੜੇ ਫੋਕਲ ਪੁਆਇੰਟ ਬਿਲਕੁਲ ਹੀ ਖੰਡਰ ਬਣ ਚੁੱਕੇ ਹਨ, ਉਨ੍ਹਾਂ ਨੂੰ ਚਾਲੂ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

ਮੰਤਰੀ: ਮਾਨਯੋਗ ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਬੇਨਤੀ ਕੀਤੀ ਹੈ ਕਿ ਸਾਡੇ ਸੱਜਣਾਂ ਦੇ ਉਪਰਾਲਿਆਂ ਨਾਲ ਉਹ ਖੰਡਰ ਬਣੇ ਹਨ। ਅਸੀਂ ਉਨ੍ਹਾਂ ਨੂੰ ਰਿਪੇਅਰ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਬਹੁਤ ਸਾਰੇ ਰਿਪੇਅਰ ਹੋ ਚੁੱਕੇ ਹਨ ਅਤੇ ਬਾਕੀ ਕਰ ਦੇਣੇ ਹਨ। ਸਪੀਕਰ ਸਾਹਿਬ, ਸਾਰੇ ਫੋਕਲ-ਪੁਆਇੰਟ ਅਸੀਂ ਚਲਾਉਣੇ ਹਨ।

ਖਾਲਸਾ ਵਿਰਾਸਤ ਯਾਦਗਾਰੀ (ਹੈਰੀਟੇਜ ਮੈਮੋਰੀਅਲ) ਕੰਪਲੈਕਸ ਦੀ ਉਸਾਰੀ

*1443, (1) ਕਾਮਰੇਡ ਅਜੈਬ ਸਿੰਘ ਰੋਂਤਾ
(2) ਕਾਮਰੇਡ ਹਰਦੇਵ ਸਿੰਘ ਅਰਸ਼ੀ } : ਕੀ ਸੈਰ ਸਪਾਟਾ ਅਤੇ

ਸਭਿਆਚਾਰਕ ਮਾਮਲਿਆਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਨੇ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤੇ ਜਾ ਰਹੇ ਖਾਲਸਾ ਵਿਰਾਸਤ ਯਾਦਗਾਰੀ (ਹੈਰੀਟੇਜ ਮੈਮੋਰੀਅਲ) ਕੰਪਲੈਕਸ ਦੀ ਕੁੱਲ ਅਨੁਮਾਨਤ ਲਾਗਤ ਵਿਚ ਕਿੰਨੀ ਰਕਮ ਦੇਣ ਦਾ ਫੈਸਲਾ ਕੀਤਾ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੰਪਲੈਕਸ ਵਿਚ ਸਿੱਖ ਇਤਿਹਾਸ ਦਰਸਾਉਂਦਾ ਅਜਾਇਬ-ਘਰ ਬਣਾਉਣ ਦੀ ਕੋਈ ਤਜਵੀਜ਼ ਹੈ ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਕੀ ਸਿੱਖ ਇਤਿਹਾਸ ਦੇ ਵਿਸ਼ਿਆਂ ਬਾਰੇ ਫੈਸਲਾ ਕਰਨ ਲਈ ਕੋਈ ਕਮੇਟੀ ਬਣਾਈ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ?

ਸ੍ਰੀ ਚਰੰਜੀ ਲਾਲ ਗਰਗ (ਖੁਰਾਕ ਤੇ ਸਪਲਾਈ ਰਾਜ ਮੰਤਰੀ) ਪੰਜਾਬ ਸਰਕਾਰ ਨੇ ਖਾਲਸਾ ਹੈਰੀਟੇਜ ਕੰਪਲੈਕਸ, ਜੋ ਕਿ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤਾ ਜਾਣਾ ਹੈ, ਵਾਸਤੇ ਅਨੁਮਾਨਤ ਲਾਗਤ ਦਾ 160 ਕਰੋੜ ਰੁਪਏ ਤੱਕ ਗਰਾਂਟ ਲੋੜਾਂ ਅਨੁਸਾਰ ਦੇਣ ਦਾ ਫੈਸਲਾ ਕੀਤਾ ਹੈ ।

(ਅ) ਹਾਂ ਜੀ ।

(ੲ) ਇਸ ਲਈ ਕੋਈ ਰਸਮੀ ਕਮੇਟੀ ਤਾਂ ਸਥਾਪਿਤ ਨਹੀਂ ਕੀਤੀ ਗਈ, ਫਿਰ ਵੀ ਸਿੱਖ ਇਤਿਹਾਸ, ਸਭਿਆਚਾਰ ਅਤੇ ਸੁਭਾਵਿਕ ਵਿਸ਼ਿਸ਼ਟਤਾ ਵਿੱਚ ਚੰਗੀ ਜਾਣਕਾਰੀ ਰੱਖਣ ਵਾਲੇ ਉੱਘੇ ਵਿਦਵਾਨਾਂ ਅਤੇ ਇਤਿਹਾਸਕਾਰਾਂ ਦਾ ਕੋਰ ਗਰੁੱਪ ਬਣਾਇਆ ਗਿਆ ਹੈ, ਜਿਸ ਵੱਲੋਂ ਤਜਵੀਜ਼ ਅਧੀਨ ਅਜਾਇਬ ਘਰ ਕੰਪਲੈਕਸ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਵਸਤਾਂ ਨੂੰ ਪ੍ਰਦਰਸ਼ਤ/ਪ੍ਰਸਤੁਤ ਕਰਨ ਸਬੰਧੀ ਅਜਾਇਬ ਘਰ ਦੇ ਆਰਕੀਟੈਕਟ ਅਤੇ ਐਗਜ਼ੀਬਿਟ ਡਿਜ਼ਾਈਨ ਐਕਸਪਰਟ ਨਾਲ ਚਾਰ ਵਾਰ ਤਾਲਮੇਲ ਕੀਤਾ ਗਿਆ ਹੈ । ਕੋਰ ਗਰੁੱਪ ਵਿੱਚ ਸ਼ਾਮਲ ਵਿਅਕਤੀਆਂ ਦੇ ਨਾਂ ਇਸ ਪ੍ਰਕਾਰ ਹਨ :—

1. ਡਾ: ਜਸਬੀਰ ਸਿੰਘ ਆਹਲੂਵਾਲੀਆ
2. ਡਾ: ਖੜਕ ਸਿੰਘ
3. ਡਾ: ਕਿਰਪਾਲ ਸਿੰਘ
4. ਡਾ: ਬਲਕਾਰ ਸਿੰਘ
5. ਗਿਆਨੀ ਗੁਰਦਿੱਤ ਸਿੰਘ
6. ਡਾ. ਗੁਰਚਰਨ ਸਿੰਘ ਨੱਯਰ
7. ਡਾ. ਜੇ. ਐਸ. ਗਰੇਵਾਲ
8. ਡਾ. ਕਰਮ ਸਿੰਘ ਰਾਜੂ

Comrade Ajaib Singh Raunta : No Supplementary, Sir.

ਸਰਦਾਰ ਮੱਖਣ ਸਿੰਘ: ਸਪੀਕਰ ਸਾਹਿਬ, ਕੀ ਉਥੇ ਕੋਈ ਮਾਰਸ਼ਲ ਆਰਟ ਦਾ ਸਟੇਡੀਅਮ ਵੀ ਕਾਇਮ ਕੀਤਾ ਜਾ ਰਿਹਾ ਹੈ ?

ਰਾਜ ਮੰਤਰੀ: ਮਾਨਯੋਗ ਸਪੀਕਰ ਸਾਹਿਬ, ਉਥੇ ਮਾਰਸ਼ਲ ਆਰਟ ਦਾ ਸਟੇਡੀਅਮ ਕਾਇਮ ਕੀਤਾ ਜਾ ਰਿਹਾ ਹੈ ।

ਵਿੱਤ ਅਤੇ ਯੋਜਨਾ ਮੰਤਰੀ: ਸਪੀਕਰ ਸਾਹਿਬ ਪਿਛਲੇ ਸਾਲ ਜਦੋਂ ਮੁੱਖ ਮੰਤਰੀ ਸਾਹਿਬ ਅਤੇ ਮੈਂ ਪਲੈਨਿੰਗ ਕਮਿਸ਼ਨ ਦੇ ਨਾਲ ਸਾਲਾਨਾ ਪਲੈਨਿੰਗ ਬਾਰੇ ਡਿਸਕਸ਼ਨ ਕਰਨ ਲਈ ਗਏ ਸੀ, ਉਦੋਂ ਡਿਪਟੀ ਚੇਅਰਮੈਨ, ਪਲੈਨਿੰਗ ਕਮਿਸ਼ਨ ਨਾਲ ਇਹ ਵੀ ਡਿਸਕਸ ਕੀਤਾ ਗਿਆ ਸੀ ਕਿ ਜਿਹੜੀਆਂ ਪੰਜਾਬ ਦੀਆਂ ਮਾਰਸ਼ਲ ਸਪੋਰਟਸ ਹਨ, ਉਨ੍ਹਾਂ ਨੂੰ ਨਵੇਂ ਸਿਰੇ ਤੋਂ ਉਜਾਗਰ ਕਰਨ ਦੀ ਲੋੜ ਹੈ । ਇਸ ਲਈ ਢੁਕਵਾਂ ਸਥਾਨ ਜਿਹੜਾ ਹੈ, ਉਹ ਅਨੰਦਪੁਰ ਸਾਹਿਬ ਹੀ ਬਣਦਾ ਹੈ । ਇਸ ਲਈ ਦਸ਼ਮੇਸ਼ ਅਕੈਡਮੀ ਦੇ ਨਾਲ ਮਾਰਸ਼ਲ ਆਰਟ ਗੈਲਰੀ ਬਣਾਈ ਜਾਵੇ ਅਤੇ ਉਥੇ ਪੁਰਾਣੀਆਂ ਖੇਡਾਂ ਜਿਹੜੀਆਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਅਨੰਦਪੁਰ ਸਾਹਿਬ ਦੀ ਧਰਤੀ ਤੇ ਖੇਡੀਆਂ ਜਾਂਦੀਆਂ ਸਨ, ਦੀ ਪੇਸ਼ਕਸ਼ ਕੀਤੀ ਗਈ । 8.50 ਕਰੋੜ ਰੁਪਏ ਪਲੈਨਿੰਗ ਕਮਿਸ਼ਨ ਵੱਲੋਂ ਇਸ ਗੈਲਰੀ ਲਈ ਦਿੱਤੇ ਗਏ । ਇਹ ਮਾਰਸ਼ਲ ਆਰਟ ਗੈਲਰੀ ਲੱਗਭੱਗ ਤਿਆਰ ਹੋ ਚੁੱਕੀ ਹੈ । ਸ਼ਾਇਦ ਦੋ ਮਹੀਨੇ ਦੇ ਅੰਦਰ ਇਸ ਦੀ ਸਾਰੀ ਬਣਤਰ ਤਿਆਰ ਹੋ ਕੇ ਚਾਲੂ ਹੋ ਜਾਵੇਗੀ । ਅਸੀਂ ਪਲੈਨਿੰਗ ਕਮਿਸ਼ਨ ਨੂੰ, ਸਪੀਕਰ ਸਾਹਿਬ, ਥੋੜ੍ਹੇ ਬਹੁਤ ਪੈਸੇ ਦੀ ਕਿਉਂਕਿ ਲਾਗਤ ਸ਼ਾਇਦ 10 ਕਰੋੜ ਰੁਪਏ ਆਵੇ, ਹੋਰ ਮੰਗ ਕੀਤੀ ਹੈ ਜਿਹੜੀ ਕਿ ਸ਼ਾਇਦ ਉਹ ਮਨਜ਼ੂਰ ਕਰ ਲੈਣ । ਇਸ ਦੇ ਨਾਲ ਬੱਚਿਆਂ ਨੂੰ ਰਿਹਾਇਸ਼ ਮੁਫਤ, ਸਿੱਖਿਆ ਮੁਫਤ ਹੋਵੇਗੀ । ਐਜੂਕੇਸ਼ਨ ਦਸ਼ਮੇਸ਼ ਅਕਾਡਮੀ ਦੇ ਵਿੱਚ ਦਿੱਤੀ ਜਾਵੇਗੀ ਅਤੇ ਖੇਡਾਂ ਦੀ ਸਿਖਲਾਈ ਮਾਰਸ਼ਲ ਆਰਟ ਗੈਲਰੀ ਵਿੱਚ ਮਿਲੇਗੀ । ਤੀਰ ਅੰਦਾਜ਼ੀ, ਗੱਤਕਾ ਅਤੇ ਘੋੜ ਸਵਾਰੀ ਆਦਿ ਦੀ ਸਿਖਲਾਈ ਉਥੇ ਦਿੱਤੀ ਜਾਇਆ ਕਰੇਗੀ ।

ਸ਼੍ਰੀ ਸਪੀਕਰ — ਅਗਲਾ ਸਵਾਲ । ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ।

ਨਿਸ਼ਾਨ ਵਾਲਾ ਪ੍ਰਸ਼ਨ ਨੰ 1393

ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ: ਸਪੀਕਰ ਸਾਹਿਬ, ਮੈਨੂੰ ਪ੍ਰਸ਼ਨ ਪੁੱਛਣ ਲਈ ਦੋ ਹਫਤੇ ਦੀ ਐਕਸਟੈਨਸ਼ਨ ਦਿੱਤੀ ਜਾਵੇ ਜੀ ।

(ਮਾਨਯੋਗ ਮੈਂਬਰ ਵਲੋਂ ਇਹ ਪ੍ਰਸ਼ਨ ਪੇਸ਼ ਨਹੀਂ ਕੀਤਾ ਗਿਆ ।)

ਸ਼੍ਰੀ ਸਪੀਕਰ ਅਗਲਾ ਸਵਾਲ । ਸ਼੍ਰੀ ਤਿਕਸ਼ਨ ਸੂਦ ਜੀ ।

ਸਿਵਲ ਹਸਪਤਾਲ, ਹੁਸ਼ਿਆਰਪੁਰ ਲਈ ਦਵਾਈ ਦੀ ਖਰੀਦ

*1523. **ਸ਼੍ਰੀ ਤਿਕਸ਼ਨ ਸੂਦ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਸਾਲ 1993-94, 1994-95, 1995-96 ਅਤੇ 1996-97 ਦੌਰਾਨ ਸਿਵਲ ਸਰਜਨ, ਹੁਸ਼ਿਆਰਪੁਰ ਰਾਹੀਂ ਦਵਾਈਆਂ ਅਤੇ ਸਟੋਰਾਂ ਦੀ ਖਰੀਦ ਲਈ ਸਿਵਲ ਹਸਪਤਾਲ, ਹੁਸ਼ਿਆਰਪੁਰ ਨੂੰ ਸਾਲ-ਵਾਰ ਕਿੰਨੀ ਰਕਮ ਜਾਰੀ ਕੀਤੀ ਗਈ ;

[ਸ੍ਰੀ ਤਿਕਸ਼ਨ ਸੂਦ]

(ਅ) ਕੀ ਉਪਰੋਕਤ ਭਾਗ(ੳ) ਵਿਚ ਵਰਣਿਤ ਫੰਡ ਪੂਰੇ ਦੇ ਪੂਰੇ ਉਸੇ ਮੰਤਵ ਲਈ ਵਰਤੇ ਗਏ ਸਨ ਜਿਸ ਲਈ ਇਹ ਜਾਰੀ ਕੀਤੇ ਗਏ ਸਨ ਅਤੇ ਕੀ ਉਕਤ ਹਸਪਤਾਲ ਦੇ ਲੇਖਿਆਂ ਦਾ ਆਡਿਟ ਕੀਤਾ ਗਿਆ ਸੀ ਅਤੇ ਸਰਕਾਰ ਨੂੰ ਆਡਿਟ ਰਿਪੋਰਟ ਭੇਜੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ ;

(ੲ) ਕੀ ਸਰਕਾਰ ਦੀ ਦਵਾਈਆਂ ਦੀ ਖਰੀਦ ਲਈ ਸਿਵਲ ਸਰਜਨਾਂ ਦੇ ਅਖਤਿਆਰੀ ਫੰਡਾਂ ਦੀ ਰਕਮ ਨੂੰ ਵਧਾਉਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਕਿਸ ਹੱਦ ਤੱਕ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਸਿਵਲ ਹਸਪਤਾਲ ਹੁਸ਼ਿਆਰਪੁਰ ਨੂੰ ਵੱਖਰੇ ਤੌਰ ਤੇ ਕੋਈ ਬਜਟ ਅਲਾਟ ਨਹੀਂ ਕੀਤਾ ਜਾਂਦਾ । ਸਿਵਲ ਸਰਜਨ ਵੱਲੋਂ ਵੱਖੋ ਵੱਖਰੀਆਂ ਸਕੀਮਾਂ ਅਧੀਨ ਅਲਾਟ ਕੀਤੇ ਬਜਟ ਵਿਚੋਂ ਹੀ ਸਿਵਲ ਹਸਪਤਾਲ ਲਈ ਦਵਾਈਆਂ/ਸਟੋਰੇਜ ਦੀ ਖਰੀਦ ਕੀਤੀ ਜਾਂਦੀ ਹੈ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

ਸਾਲ		ਦਵਾਈਆਂ/ਸਟੋਰਜ਼ ਦੀ ਕੁਲ ਲਾਗਤ ਜੋ ਸਿਵਲ ਹਸਪਤਾਲ ਨੂੰ ਦਿੱਤੀਆਂ ਗਈਆਂ
1993-94	..	10,50,335-00
1994-95	..	8,70,173-00
1995-96	..	5,26,200-00
1996-97	..	10,25,800-00

(ਅ) ਉਪਰੋਕਤ 'ੳ' ਅਨੁਸਾਰ ਸਿਵਲ ਹਸਪਤਾਲ ਹੁਸ਼ਿਆਰਪੁਰ ਨੂੰ ਵੱਖਰੇ ਤੌਰ ਤੇ ਕੋਈ ਬਜਟ ਅਲਾਟ ਨਹੀ ਕੀਤਾ ਜਾਂਦਾ। ਸਿਵਲ ਸਰਜਨ ਵੱਲੋਂ ਦਵਾਈਆਂ/ਸਟੋਰਜ਼ ਲਈ ਖਰਚ ਕੀਤੀ ਰਾਸ਼ੀ ਮਰੀਜ਼ਾਂ ਦੇ ਇਲਾਜ ਲਈ ਹੀ ਵਰਤੀ ਗਈ ਹੈ। ਸਾਲ 1993-94, 1994-95, 1995-96 ਦਾ ਆਡਿਟ ਏ. ਜੀ. ਪੰਜਾਬ ਵੱਲੋਂ ਕੀਤਾ ਗਿਆ ਸੀ । ਇਸ ਸਮੇਂ ਦਾ ਕੋਈ ਆਡਿਟ ਇਤਰਾਜ਼ ਪੈਂਡਿੰਗ ਨਹੀਂ ਹੈ । ਸਾਲ 1996-97 ਦਾ ਆਡਿਟ ਏ. ਜੀ. ਪੰਜਾਬ ਵੱਲੋਂ ਅਜੇ ਨਹੀਂ ਕੀਤਾ ਗਿਆ ।

(ੲ) ਸਿਵਲ ਸਰਜਨਾਂ ਨੂੰ ਦਵਾਈਆਂ ਦੀ ਖਰੀਦ ਕਰਨ ਲਈ ਕੋਈ ਅਖਤਿਆਰੀ ਫੰਡਜ਼ ਨਹੀਂ, ਇਸ ਲਈ ਕੋਈ ਤਜਵੀਜ਼ ਨਹੀਂ ਹੈ ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਪਿਛਲੀ ਸਰਕਾਰ ਵੇਲੇ ਇਹ ਦਵਾਈਆਂ ਖਰੀਦੀਆਂ ਗਈਆਂ ਸਨ । ਇਸ ਸਬੰਧੀ ਘਪਲਾ ਵੀ ਹੋਇਆ ਸੀ, ਰੌਲਾ ਵੀ ਪਿਆ ਸੀ ਅਤੇ ਅਖਬਾਰਾਂ ਵਿੱਚ ਖਬਰਾਂ ਵੀ ਆਈਆਂ ਸਨ । ਕੁਝ ਕੰਪਲੇਟਾਂ ਵੀ ਹੋਈਆਂ ਸਨ । ਮੈਂ ਆਪਣੇ ਸਵਾਲ ਵਿੱਚ ਵੱਖ-ਵੱਖ ਪੀਰੀਅਡਜ਼ ਦਾ ਪੁੱਛਿਆ ਸੀ ਕਿ ਕਿਹੜੇ ਕਿਹੜੇ ਸਾਲ ਵਿੱਚ ਕਿੰਨੀ ਦਵਾਈ ਖਰੀਦੀ ਗਈ ? ਇਸ ਤੇ ਮੰਤਰੀ ਜੀ ਨੇ ਕਿਹਾ ਹੈ ਕਿ ਸਾਲ 1993-94 ਵਿੱਚ ਰੁ. 10,50,335/-, 1994-95 ਵਿੱਚ ਰੁ: 8,70,173/-, 1995-96 ਵਿੱਚ ਰੁ: 5,26,200/- ਅਤੇ 1996-97 ਵਿੱਚ ਰੁ: 10,25,800/- ਦੀਆਂ ਦਵਾਈਆਂ ਖਰੀਦੀਆਂ ਗਈਆਂ.......

ਸ਼੍ਰੀ ਸਪੀਕਰ ਇਹ ਸਭ ਕੁਝ ਆਨ ਰਿਕਾਰਡ ਹੈ । ਤੁਸੀਂ ਕੁਐਸਚਨ ਪੁੱਛੋ ।

ਸ਼੍ਰੀ ਤਿਕਸ਼ਨ ਸੂਦ ਸਪੀਕਰ ਸਾਹਿਬ, ਇਕ ਪਾਸੇ ਤਾਂ ਮੰਤਰੀ ਜੀ ਕਹਿ ਰਹੇ ਹਨ ਕਿ ਸਿਵਲ ਸਰਜਨ ਨੂੰ ਡਿਸਕਰੀਸ਼ਨਰੀ ਫੰਡ ਨਹੀਂ ਦਿੱਤੇ ਜਾਂਦੇ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਫੰਡਜ਼ ਐਲੋਕੇਟ ਕੀਤੇ ਗਏ ਹਨ ਤਾਂ ਕਿ ਉਹ ਮਰਜ਼ੀ ਨਾਲ ਦਵਾਈਆਂ ਖਰੀਦ ਸਕਣ । ਇਸ ਲਈ ਕੀ ਮੰਤਰੀ ਜੀ ਦੱਸਣਗੇ ਕਿ ਇਨ੍ਹਾਂ ਸਾਲਾਂ ਵਿੱਚ ਸਿਵਲ ਸਰਜਨਾਂ ਨੂੰ ਕਿੰਨੇ ਫੰਡ ਮਿਲੇ ਅਤੇ ਉਸ ਵਿੱਚ ਕਿੰਨੇ ਪੈਸਿਆਂ ਦੀਆਂ ਦਵਾਈਆਂ ਖਰੀਦੀਆਂ ਗਈਆਂ ?

ਮੰਤਰੀ ਸਪੀਕਰ ਸਾਹਿਬ, ਸਿਵਲ ਸਰਜਨਾ ਨੂੰ ਕੋਈ ਡਾਇਰੈਕਟ ਬਜਟ ਐਲੋਕੇਟ ਨਹੀਂ ਹੁੰਦਾ । ਜਿੰਨਾ ਬਜਟ ਸਿਹਤ ਵਿਭਾਗ ਨੂੰ ਅਲਾਟ ਕੀਤਾ ਜਾਂਦਾ ਹੈ, ਉਸ ਵਿੱਚ 20% ਸਿਵਲ ਸਰਜਨ ਖਰਚ ਕਰਦੇ ਹਨ । ਇਸ ਬਜਟ ਵਿੱਚੋਂ ਉਹ ਦਵਾਈਆ ਅਤੇ ਮੈਟੀਰੀਅਲ ਖਰੀਦਦੇ ਹਨ ।

ਸ਼੍ਰੀ ਤਿਕਸ਼ਨ ਸੂਦ: ਸਪੀਕਰ ਸਾਹਿਬ, ਫਿਰ ਤਾਂ ਇਹ ਮੰਨ ਲਿਆ ਜਾਵੇ ਕਿ 20% ਦਾ ਬਜਟ ਉਨ੍ਹਾਂ ਦਾ ਡਿਸਕਰੀਸ਼ਨਰੀ ਕੋਟਾ ਹੋ ਗਿਆ ਅਤੇ ਉਹ ਆਪਣੀ ਮਰਜ਼ੀ ਨਾਲ ਜਿਹੋ ਜਿਹੀਆਂ ਮਰਜ਼ੀ ਦਵਾਈਆਂ ਖਰੀਦ ਲੈਣ ।

ਮੰਤਰੀ: ਸਪੀਕਰ ਸਾਹਿਬ, ਡਿਸਕਰੀਸ਼ਨ ਕੋਈ ਨਹੀਂ ਹੈ ਉਨ੍ਹਾਂ ਨੂੰ 20% ਬਜਟ ਅਲਾਟ ਕੀਤਾ ਜਾਂਦਾ ਹੈ ਅਤੇ ਜਿੰਨੀਆਂ ਦਵਾਈਆਂ ਵਿਭਾਗ ਵੱਲੋਂ ਭੇਜੀਆਂ ਜਾਂਦੀਆਂ ਹਨ, ਉਸ ਤੋਂ ਇਲਾਵਾ ਜਿੰਨੀਆਂ ਦਵਾਈਆਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ, ਉਹ ਉਸ ਬਜਟ ਵਿੱਚੋਂ ਖਰੀਦ ਲੈਂਦੇ ਹਨ ।

ਸ਼੍ਰੀ ਤਿਕਸ਼ਨ ਸੂਦ ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਬਾਕੀ 80% ਬਜਟ ਇਹ ਕਿਹੜੇ ਕਿਹੜੇ ਹੈਡਜ਼ ਵਿੱਚ ਖਰਚਦੇ ਹਨ ?

Mr. Speaker: No. this is no supplementary. Next question.

ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਡਾਇਆਲਸਿਸ ਮਸ਼ੀਨ ਦੀ ਮੁਰੰਮਤ

*1577. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਡਾਇਅਲਸਿਸ ਮਸ਼ੀਨ ਕੰਮ ਕਰ ਰਹੀ ਹੈ ; ਜੇਕਰ ਨਹੀਂ, ਤਾਂ ਇਹ ਕਿਸ ਤਰੀਕ ਤੋਂ ਖਰਾਬ ਪਈ ਹੈ ਅਤੇ ਇਸ ਦੇ ਕਦੋਂ ਤਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

ਕੈਪਟਨ ਕੰਵਲਜੀਤ ਸਿੰਘ (ਵਿੱਤ ਅਤੇ ਯੋਜਨਾ ਮੰਤਰੀ) : ਸਰਕਾਰੀ ਰਾਜਿੰਦਰਾ ਹਸਪਤਾਲ, ਪਟਿਆਲਾ ਲਈ ਸਾਲ 1982-83 ਦੌਰਾਨ ਮਰੀਜ਼ਾਂ ਦੇ ਇਲਾਜ ਲਈ 2 ਡਾਇਲਾਸਿਸ ਮਸ਼ੀਨਾਂ ਖਰੀਦੀਆਂ ਗਈਆਂ ਸਨ । ਇਕ ਮਸ਼ੀਨ ਸਾਲ 1993 ਵਿਚ ਖਰਾਬ ਹੋ ਗਈ ਸੀ ਅਤੇ ਦੂਜੀ ਨੇ ਜਨਵਰੀ, 1995 ਵਿਚ ਕੰਮ ਕਰਨਾ ਬੰਦ ਕਰ ਦਿੱਤਾ । ਸਬੰਧਤ ਵਿਭਾਗ, ਜਿਸ ਵਿਚ ਇਹ ਮਸ਼ੀਨਾਂ ਲਗਾਈਆਂ ਹੋਈਆਂ ਹਨ, ਨੇ ਰਿਪੋਰਟ ਕੀਤੀ ਹੈ ਕਿ ਹੁਣ ਇਨ੍ਹਾਂ ਮਸ਼ੀਨਾਂ ਦੀ ਉਮਰ ਪੁੱਗ ਚੁੱਕੀ ਹੈ ਅਤੇ ਇਹਨਾਂ ਨੂੰ ਬਦਲਣ ਦੀ ਲੋੜ ਹੈ । ਇਸ ਤਰ੍ਹਾਂ ਇਸ ਸਮੇਂ ਕੋਈ ਮਸ਼ੀਨ ਕੰਮ ਨਹੀਂ ਕਰ ਰਹੀ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਇਹ ਬੜਾ ਹੀ ਗੰਭੀਰ ਮਾਮਲਾ ਹੈ। ਮੈਂ ਆਪਣੇ ਇੱਕ ਪਰਸਨਲ ਐਕਸਪੀਰੀਐਂਸ ਦਾ ਜ਼ਿਕਰ ਕਰਦਾ ਹਾਂ। ਮੇਰੇ ਇਲਾਕੇ ਦੇ ਇੱਕ ਮਰੀਜ਼ ਨੂੰ ਮਾਨਸੇ ਤੋਂ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਲਿਆਂਦਾ ਗਿਆ। ਤਿੰਨ ਦਿਨ ਹਸਪਤਾਲ ਰੱਖਣ ਤੋਂ ਬਾਅਦ ਉਸ ਨੂੰ ਜਵਾਬ ਮਿਲ ਗਿਆ ਕਿਉਂਕਿ ਡਾਇਲਾਸਿਸ ਮਸ਼ੀਨ ਉਥੇ ਨਹੀਂ ਸੀ। ਫਿਰ ਉਸ ਨੂੰ ਚੰਡੀਗੜ੍ਹ ਲਿਆਂਦਾ ਗਿਆ ਅਤੇ ਕੁਦਰਤੀ ਉਥੇ ਸਟਰਾਈਕ ਨਾ ਹੋਣ ਕਾਰਨ ਉਸ ਦੀ ਜ਼ਿੰਦਗੀ ਬਚ ਗਈ। ਇਸ ਲਈ, ਸਪੀਕਰ ਸਾਹਿਬ, ਕੀ ਮੰਤਰੀ ਜੀ ਦੱਸਣਗੇ ਕਿ ਨਵੀਂ ਮਸ਼ੀਨ ਕਦੋਂ ਤੱਕ ਆ ਜਾਵੇਗੀ ਕਿਉਂਕਿ ਐਮਰਜੰਸੀ ਦੀ ਗੱਲ ਹੈ? ਬਠਿੰਡਾ ਔਰ ਮਾਨਸਾ ਦਾ ਏਰੀਆ ਵੀ ਇਸ ਹਸਪਤਾਲ ਨਾਲ ਹੀ ਲੱਗਦਾ ਹੈ ਅਤੇ ਉਥੋਂ ਦੇ ਕੇਸ ਇਥੇ ਹੀ ਰੈਫਰ ਹੁੰਦੇ ਹਨ। ਇਸ ਲਈ ਕੀ ਮੰਤਰੀ ਜੀ ਹਾਊਸ ਨੂੰ ਸ਼ੋਅਰਟੀ ਦੇਣਗੇ ਕਿ ਇਹ ਮਸ਼ੀਨ ਉਥੇ ਕਿੰਨੇ ਦਿਨਾਂ ਵਿਚ ਲੱਗ ਜਾਵੇਗੀ, ਕੁਝ ਦਿਨਾਂ ਵਿਚ ਜਾਂ ਮਹੀਨਿਆਂ ਵਿਚ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਮਸ਼ੀਨਾਂ ਨੂੰ ਰੀਪਲੇਸ ਕਰਨ ਵਾਸਤੇ ਨਵੀਆਂ ਮਸ਼ੀਨਾਂ ਖਰੀਦਣ ਲਈ 18-8-1998 ਨੂੰ ਟੈਂਡਰ ਫਲੋਟ ਕੀਤੇ ਗਏ ਸੀ ਲੇਕਿਨ ਅਫ਼ਸੋਸ ਦੀ ਗੱਲ ਇਹ ਹੋਈ ਕਿ ਕਿਸੇ ਪਾਰਟੀ ਨੇ ਵੀ ਇਨ੍ਹਾਂ ਮਸ਼ੀਨਾਂ ਦੀ ਸਪਲਾਈ ਲਈ ਟੈਂਡਰ ਨਹੀਂ ਭਰਿਆ ਹੈ। ਇਸ ਕਰਕੇ ਮਹਿਕਮੇ ਵੱਲੋਂ ਫੈਸਲਾ ਹੋਇਆ ਕਿ ਇਹ ਮਸ਼ੀਨਾਂ ਇੰਪੋਰਟ ਕੀਤੀਆਂ ਜਾਣ। ਇੰਪੋਰਟ ਦੀ ਪ੍ਰਮਿਸ਼ਨ ਲੈਣ ਵਾਸਤੇ ਔਰ ਪ੍ਰਬੰਧ ਕਰਨ ਵਾਸਤੇ ਕੰਟਰੋਲਰ ਆਫ ਸਟੋਰਜ਼, ਪੰਜਾਬ ਕੋਲ ਕੇਸ ਗਿਆ ਹੋਇਆ ਹੈ। ਮੈਂ ਮੈਂਬਰ ਸਾਹਿਬ ਨੂੰ ਆਪ ਜੀ ਦੇ ਰਾਹੀਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਕਾਰਵਾਈ ਜਲਦੀ ਖਤਮ ਕਰਕੇ ਇਹ ਮਸ਼ੀਨਾਂ ਪ੍ਰੋਵਾਈਡ ਕਰ ਦੇਵਾਂਗੇ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਇਹ ਬੜਾ ਅਹਿਮ ਮਾਮਲਾ ਹੈ ਕਿਉਂਕਿ ਇਸ ਦੇ ਨਾਲ ਲੋਕਾਂ ਦੀ ਜ਼ਿੰਦਗੀ ਜੁੜੀ ਹੋਈ ਹੈ। ਸਰਕਾਰ ਦਾ ਫਰਜ਼ ਹੈ ਕਿ ਉਹ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰੇ। ਇਸ ਦੇ ਲਈ ਸਰਕਾਰ ਸਮਾਂ ਦੱਸੇ ਕਿ 2 ਮਹੀਨੇ ਲੱਗਣਗੇ ਜਾਂ 6 ਮਹੀਨੇ ਲੱਗਣਗੇ। ਪੰਜਾਬ ਦੇ ਵਿਚ ਕਿਸੇ ਹੋਰ ਹਸਪਤਾਲ ਵਿਚ ਐਕਸਟਰਾ ਮਸ਼ੀਨਾਂ ਹੋਣਗੀਆਂ, ਇਹ ਤੁਰੰਤ ਉਨ੍ਹਾਂ ਦਾ ਇੰਤਜ਼ਾਮ ਕਰਨ ਜਾਂ ਜੋ ਪ੍ਰਾਈਵੇਟ ਐਸੀਆਂ ਡਾਇਲਾਸਿਸ ਮਸ਼ੀਨਾਂ ਹਨ, ਸਰਕਾਰ ਉਥੇ ਮਰੀਜ਼ ਭੇਜੇ ਔਰ ਖਰਚਾ ਉਨ੍ਹਾਂ ਮਰੀਜ਼ਾਂ ਦਾ ਸਰਕਾਰ ਆਪ ਦੇਵੇ। ਪਟਿਆਲੇ ਵਿਚ ਇਹ ਪ੍ਰਾਈ-ਵੇਟ ਮਸ਼ੀਨਾਂ ਚਲ ਰਹੀਆਂ ਹਨ। ਕੀ ਸਰਕਾਰ ਵਿਸ਼ਵਾਸ ਦੇਵੇਗੀ ਕਿ ਜਿਹੜਾ ਵੀ ਮਰੀਜ਼ ਉਥੇ ਆਵੇ, ਉਸ ਨੂੰ ਪ੍ਰਾਈਵੇਟ ਮਸ਼ੀਨਾਂ ਕੋਲ ਭੇਜਿਆ ਜਾਵੇਗਾ ਔਰ ਉਸ ਦਾ ਖਰਚਾ ਸਰਕਾਰ ਦੇਵੇਗੀ?

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਸੁਝਾਅ ਵਿਚਾਰ ਕਰ ਲਿਆ ਜਾਵੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1452*

ਸ੍ਰੀ ਸਪੀਕਰ : ਪ੍ਰਸ਼ਨ ਨੰ: 1452 ਦੀ ਦੋ ਹਫਤਿਆਂ ਦੀ ਐਕਸਟੇਨਸ਼ਨ ਦਿੱਤੀ ਗਈ ਹੈ ।

ਅ.ਸ.ਪ. ਨੰ: ਲ ਗ 2-99/1631
ਮਿਤੀ 17-3-99
ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ ।

ਵਿਸ਼ਾ :—ਮਿਤੀ 19-3-1999 ਲਈ ਪੰਜਾਬ ਵਿਧਾਨ ਸਭਾ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਪ੍ਰਸ਼ਨ ਨੰ: 1452 ਮੁਲਤਵੀ ਕਰਨ ਬਾਰੇ ।

* * *

ਮਾਨਯੋਗ ਸਪੀਕਰ ਸਾਹਿਬ,

ਮਿਤੀ 19-3-1999 ਲਈ ਪ੍ਰਸ਼ਨਾਂ ਦੀ ਸਵੇਰ ਦੀ ਸੂਚੀ ਵਿਚ ਦਰਜ ਵਿਧਾਨ ਸਭਾ ਤਾਰਾ ਅੰਕਿਤ ਪ੍ਰਸ਼ਨ ਨੰ: 1452 ਜੋ ਕਿ ਸ੍ਰੀ ਧਨਵੰਤ ਸਿੰਘ, ਐਮ. ਐਲ. ਏ. ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ । ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਮਾਂ ਵਧਾ ਦਿੱਤਾ ਜਾਵੇ ਅਤੇ ਇਹ ਪ੍ਰਸ਼ਨ 4 ਹਫਤੇ ਤੋਂ ਮਗਰੋਂ ਕਿਸੇ ਮਿਤੀ ਦੇ ਪ੍ਰਸ਼ਨਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ।

ਆਦਰ ਸਹਿਤ,

ਹਿਤੂ,
ਸਹੀ/-
(ਪ੍ਰਕਾਸ਼ ਸਿੰਘ ਬਾਦਲ)

ਸ. ਚਰਨਜੀਤ ਸਿੰਘ ਅਟਵਾਲ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੇਰੇ ਕੋਲ ਜਵਾਬ ਆ ਚੁੱਕਾ ਹੈ ਜਿਸ ਦੀ ਤੁਸੀਂ ਐਕਸਟੈਨਸ਼ਨ ਦੇ ਰਹੇ ਹੋ ।

ਸ੍ਰੀ ਸਪੀਕਰ : ਉਹ ਜਵਾਬ ਤਾਂ ਵਿਦਡਰਾਅ ਹੋ ਗਿਆ ਹੈ ।

ਸਰਦਾਰ ਧਨਵੰਤ ਸਿੰਘ : ਕੋਈ ਰੂਲ ਹੈ ਕਿ ਜਵਾਬ ਵਿਦਡਰਾਅ ਕੀਤਾ ਜਾ ਸਕਦਾ ਹੈ ?

ਸ੍ਰੀ ਸਪੀਕਰ : ਗੌਰਮਿੰਟ ਵਿਦਡਰਾਅ ਕਰ ਸਕਦੀ ਹੈ ।

* For Starred Question No. 1452 and reply thereto, Please see Appendix to this Debates

ਸਰਦਾਰ ਧਨਵੰਤ ਸਿੰਘ : ਮੈਨੂੰ ਜਿਹੜਾ ਜਵਾਬ ਦਿੱਤਾ ਗਿਆ ਹੈ, ਉਹ ਕਿਹੜੇ ਰੂਲ ਦੇ ਤਹਿਤ ਵਿਦਡਰਾਅ ਕੀਤਾ ਗਿਆ ਹੈ ?

ਸ੍ਰੀ ਸਪੀਕਰ : ਸਰਕਾਰ ਉਸ ਨੂੰ ਹੋਰ ਕਲੀਅਰ ਕਰਨਾ ਚਾਹੁੰਦੀ ਹੈ ਅਤੇ ਉਹ ਕਰ ਸਕਦੀ ਹੈ । ਸਰਕਾਰ ਇਸ ਦਾ ਜਵਾਬ ਦੁਬਾਰਾ ਦੇਣਾ ਚਾਹੁੰਦੀ ਹੈ ਅਤੇ ਉਹ ਦੁਬਾਰਾ ਦੇ ਸਕਦੀ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਕੀ ਪਹਿਲੀ ਜਾਣਕਾਰੀ ਗਲਤ ਸੀ ?

ਸ੍ਰੀ ਸਪੀਕਰ : ਗਲਤ ਨਹੀਂ ਸੀ, ਉਹ ਜਵਾਬ ਨੂੰ ਹੋਰ ਕਲੀਅਰ ਕਰਨਾ ਚਾਹੁੰਦੀ ਹੈ । ਇਸ ਵਿਚ ਤੁਹਾਡਾ ਤਾਂ ਫਾਇਦਾ ਹੀ ਹੈ, ਨੁਕਸਾਨ ਤਾਂ ਨਹੀਂ ਹੈ ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਕਿਸ ਵਾਸਤੇ ਐਕਸਟੈਨਸ਼ਨ ਮੰਗੀ ਗਈ ਹੈ ? ਇਹ ਇਸ ਤਰ੍ਹਾਂ ਦਾ ਫਸਟ ਇੰਸੀਡੈਂਟ ਹੈ । ਕੀ ਇਹ ਰੂਲਾਂ ਦੇ ਅਨੁਸਾਰ ਹੈ ?

Mr. Speaker: That has been done according to the rules. ਇਹ ਗੱਲ ਤਾਂ ਸਮਝ ਲਓ ।

ਚੌਧਰੀ ਜਗਜੀਤ ਸਿੰਘ : ਸਪਲੀਮੈਂਟਰੀਜ਼ ਤੋਂ ਬਾਅਦ ਸਰਕਾਰ ਹੋਰ ਕਲੀਅਰ ਜਵਾਬ ਦੇ ਸਕਦੀ ਸੀ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਰਕਾਰ ਉਹ ਜਵਾਬ ਵਿਦਡਰਾਅ ਕਿਸ ਤਰ੍ਹਾਂ ਕਰ ਸਕਦੀ ਹੈ ?

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਹੈ ਕਿ ਅਜੇ ਇਸ ਨੂੰ ਹੋਰ ਕਲੈਰੀਫਾਈ ਕਰਨਾ ਹੈ । ਚੌਧਰੀ ਸਾਹਿਬ, ਵਿਦਡਰਾਅ ਹੋ ਸਕਦਾ ਹੈ । ਇਹ ਰੂਲਾਂ ਅਨੁਸਾਰ ਹੋਇਆ ਹੈ । ਕੋਈ ਧੱਕੇ ਨਾਲ ਨਹੀਂ ਹੋਇਆ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਇਹ ਗਲਤ ਹੋਇਆ ਹੈ । ਪਹਿਲਾਂ ਤਾਂ ਉੱਤਰ ਦੇ ਦਿਉ, ਫਿਰ ਵਿਦਡਰਾਅ ਕਰ ਲਉ । ਇਹ ਕੰਮ ਕਿਸ ਲੈਵਲ ਤੋਂ ਸ਼ੁਰੂ ਹੋਇਆ ਹੈ ?

ਸ੍ਰੀ ਸਪੀਕਰ : ਅਸਲ ਵਿਚ ਇਹ ਜਵਾਬ ਬਿਜਲੀ ਬੋਰਡ ਵੱਲੋਂ ਆ ਗਿਆ ਹੈ ਜਦੋਂ ਕਿ ਦੇਣਾ ਹੋਮ ਡਿਪਾਰਟਮੈਂਟ ਨੇ ਸੀ । ਇਸ ਕਰਕੇ ਉਨ੍ਹਾਂ ਨੇ ਉਧਰੋਂ ਕਲੀਅਰ ਕਰਕੇ ਫਿਰ ਜਵਾਬ ਦੇਣਾ ਹੈ ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਫਿਰ ਛੁੱਟੀਆਂ ਤੋਂ ਬਾਅਦ ਦੇਣਾ ਹੈ ? ਹੋਮ ਡਿਪਾਰਟਮੈਂਟ ਕਿਹੜਾ ਦੂਰ ਹੈ, ਨੇੜੇ ਹੀ ਹੈ ।

ਸ਼੍ਰੀ ਸਪੀਕਰ : ਚਲੋ, ਉਹ ਦੇ ਦੇਣਗੇ ਜੀ ।

ਸਰਦਾਰ ਧਨਵੰਤ ਸਿੰਘ : ਐਕਸਟੈਨਸ਼ਨ ਕਿੰਨੇ ਚਿਰ ਦੀ ਹੈ ਜੀ ?

Mr. Speaker: It is only for two weeks. ਜਵਾਬ ਇਸੇ ਸੈਸ਼ਨ ਵਿਚ ਆ ਜਾਵੇਗਾ ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਡੂੰਘੇ ਟਿਊਬਵੈਲ ਲਗਾਉਣਾ

*1564. **ਸ਼੍ਰੀ ਅਰੁਨੇਸ਼ ਕੁਮਾਰ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਲਵਾੜਾ, ਹਾਜ਼ੀਪੁਰ ਅਤੇ ਮੁਕੇਰੀਆਂ ਬਲਾਕਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਡੂੰਘੇ ਟਿਊਬਵੈਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਲਗਾਏ ਜਾਣ ਵਾਲੇ ਤਜਵੀਜ਼ਤ ਟਿਊਬਵੈਲਾ ਦੇ ਬਲਾਕ-ਵਾਰ ਵੇਰਵੇ ਕੀ ਹਨ ਅਤੇ ਇਨ੍ਹਾਂ ਨੂੰ ਕਦੋਂ ਤਕ ਅਮਲੀ ਰੂਪ ਦਿਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : ਹਾਂ ਜੀ । ਹੁਸ਼ਿਆਰ-ਪੁਰ ਜ਼ਿਲ੍ਹੇ ਦੇ ਮੁਕੇਰੀਆਂ ਬਲਾਕਾਂ ਵਿਚ 15 ਅਤੇ ਤਲਵਾੜਾ ਬਲਾਕ ਵਿਚ 15 ਟਿਊਬਵੈਲ ਲਗਾਉਣ ਦੀ ਤਜਵੀਜ਼ ਹੈ । ਇਨ੍ਹਾਂ ਟਿਊਬਵੈਲਾਂ ਦਾ ਕੰਮ ਲੋੜੀਂਦੇ ਫੰਡਜ਼/ਬਜਟ ਉਪਲਬਧ ਹੋਣ ਉਪਰੰਤ ਹੀ ਸ਼ੁਰੂ ਕੀਤਾ ਜਾਵੇਗਾ ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛੇ ਦੋ ਤਿੰਨ ਦਿਨ ਤੋਂ ਹਾਊਸ ਵਿਚ ਇਹੀ ਕਿਹਾ ਜਾ ਰਿਹਾ ਹੈ । ਅੱਜ ਮੁੱਖ ਮੰਤਰੀ ਜੀ ਬੈਠੇ ਹਨ ਅਤੇ ਵਿੱਤ ਮੰਤਰੀ ਜੀ ਵੀ ਬੈਠੇ ਹਨ । ਮੇਰੀ ਹਾਲਤ ਇਹ ਹੋ ਗਈ ਹੈ ਕਿ ਆਪਣੀ ਗੱਲ ਦੱਸੀਏ ਕਿਸ ਨੂੰ—

ਮੁਝੇ ਗਰਦਸ਼ੋਂ ਨੇ ਕੁਛ ਐਸਾ ਸਤਾਇਆ ਹੈ......

ਸ਼੍ਰੀ ਸਪੀਕਰ : ਅਰੁਨੇਸ਼ ਕੁਮਾਰ ਜੀ, ਸਵਾਲ ਪੁੱਛੋ ।

ਸ਼੍ਰੀ ਅਰੁਨੇਸ਼ ਕੁਮਾਰ : ਕਿਸ ਨੂੰ ਆਪਣੀ ਗੱਲ ਕਹੀਏ । ਇਹ ਫੰਡਜ਼ ਕਦੋਂ ਤਕ ਉਪਲਬਧ ਹੋ ਜਾਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮਾਨਯੋਗ ਮੈਂਬਰ ਨੂੰ ਯਕੀਨ ਦਿਵਾਉਂਦਾ ਹਾਂ ਕਿ ਬੜੀ ਛੇਤੀ ਸਰਕਾਰ ਫੰਡਾਂ ਦਾ ਪ੍ਰਬੰਧ ਕਰਕੇ ਇਨ੍ਹਾਂ ਟਿਊਬਵੈਲਾਂ ਨੂੰ ਲਾਉਣ ਦੀ ਕੋਸ਼ਿਸ਼ ਕਰੇਗੀ ।

ਸ਼੍ਰੀ ਅਰੁਨੇਸ਼ ਕੁਮਾਰ : ਛੇਤੀ ਕਦੋਂ ਹੋਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਬੜੀ ਛੇਤੀ ਹੀ ਇਨਾਂ ਨੂੰ ਲਾਉਣ ਦੀ ਕੋਸ਼ਿਸ਼ ਕਰਾਂਗੇ ।

ਸ਼੍ਰੀ ਅਰੁਨੇਸ਼ ਕੁਮਾਰ : ਮੇਰੇ ਇਲਾਕੇ ਵਿਚ ਇਕ ਰੇਲੀ ਪਿੰਡ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ......

ਸ਼੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ, ਉਹ ਇੰਨਾ ਹੀ ਦੱਸ ਸਕਦੇ ਹਨ ।

ਸ਼੍ਰੀ ਅਰੁਨੇਸ਼ ਕੁਮਾਰ : ਸਪੀਕਰ ਸਾਹਿਬ, ਉਥੇ ਨਾ ਕੋਈ ਹੋਰ ਨਹਿਰ ਹੈ, ਨਾ ਡੂੰਘਾ ਟਿਊਬਵੈਲ ਹੈ, ਸਿਰਫ ਕੰਡੀ ਕੈਨਾਲ ਹੈ । ਇਹ ਉਥੇ ਡੂੰਘਾ ਟਿਊਬਵੈਲ ਲਗਾ-ਉਣ ਲਈ ਕੋਈ ਟਾਈਮ-ਬਾਊਂਡ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਰ ਕੋਈ ਇੱਕ ਅੱਧਾ ਪਿੰਡ ਅਜਿਹਾ ਹੈ ਉਸ ਬਾਰੇ ਇਹ ਲਿਖ ਕੇ ਦੇ ਦੇਣ । ਉਸ ਦੇ ਉਤੇ ਵਿਚਾਰ ਕਰਕੇ ਛੇਤੀ ਤੋਂ ਛੇਤੀ ਲੋੜੀਂਦਾ ਪ੍ਰਬੰਧ ਕਰ ਦਿਆਂਗੇ ।

ਸਰਦਾਰ ਮੱਖਣ ਸਿੰਘ : ਸਪੀਕਰ ਸਾਹਿਬ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਇਕ ਪਿੰਡ ਮੈਤਵਾਈਂ ਹੈ, ਉਥੇ ਡੂੰਘੇ ਟਿਊਬਵੈਲ ਦੀ....

ਸ਼੍ਰੀ ਸਪੀਕਰ : ਕਿਹੜੇ ਬਲਾਕ ਦਾ ਹੈ ?

ਸਰਦਾਰ ਮੱਖਣ ਸਿੰਘ : ਸਰ, ਗੜ੍ਹ ਸ਼ੰਕਰ ਦਾ ਹੈ।

ਸ਼੍ਰੀ ਸਪੀਕਰ : ਜੇਕਰ ਉਸੇ ਬਲਾਕ ਦੇ ਨਾਲ ਸਬੰਧਤ ਹੈ ਤਾਂ ਸਪਲੀਮੈਂਟਰੀ ਕਰ ਲਵੋ ਨਹੀਂ ਤਾਂ ਨਾ ਕਰੋ ।

ਸਰਦਾਰ ਮੱਖਣ ਸਿੰਘ : ਠੀਕ ਹੈ ਜੀ ।

ਪਰਿਵਾਰ ਭਲਾਈ ਪ੍ਰੋਗਰਾਮਾਂ ਨੂੰ ਲਾਗੂ ਕਰਨਾ

*1478. ਸਰਦਾਰ ਧਨਵੰਤ ਸਿੰਘ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਪਰਿਵਾਰ ਭਲਾਈ ਪ੍ਰੋਗਰਾਮਾਂ ਨੂੰ ਲਾਗੂ ਕਰਨ...

ਲਈ ਵੱਖ ਵੱਖ ਸਾਲਾਂ 1997-98 ਅਤੇ 1998-99 ਤੋਂ ਮਿਤੀ ਅੰਤ ਤਕ ਦੇ ਦੌਰਾਨ ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਦੇ ਵੇਰਵੇ ਕੀ ਹਨ ਅਤੇ ਉਕਤ ਮੰਤਵ ਲਈ ਸਰਕਾਰ ਦੁਆਰਾ ਸਾਲ-ਵਾਰ ਕਿੰਨੀ ਰਕਮ ਖਰਚ ਕੀਤੀ ਗਈ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਸਰਕਾਰ ਵੱਲੋਂ ਚੁੱਕੇ ਗਏ ਕਦਮ ਅਤੇ ਕੀਤਾ ਖਰਚ ਅਨੁਲੱਗ ਵਜੋਂ ਨੱਥੀ ਹੈ ।

ਅਨੁਲੱਗ

ਪੰਜਾਬ ਸਰਕਾਰ ਵੱਲੋਂ ਰਾਜ ਵਿਚ ਪਰਿਵਾਰ ਭਲਾਈ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਚੁੱਕੇ ਗਏ ਕਦਮ ਅਤੇ ਕੀਤਾ ਖਰਚ ਹੇਠ ਲਿਖੇ ਅਨੁਸਾਰ ਹੈ :—

				ਸਾਲ 1997-98	ਸਾਲ 1998-99 (31-1-99)
(1)	1.	ਬਾਂਝਬੰਦੀ ਅਪਰੇਸ਼ਨ	..	1,08,625	71,804
	2.	ਆਈ. ਯੂ. ਡੀ.	..	3,72,731	2,92,393
	3.	ਸੀ. ਸੀ. ਯੂਜ਼ਰਜ਼	..	5,38,471	3,49,682
	4.	ਓਰਲ ਪਿਲਜ਼ ਯੂਜ਼ਰਜ਼	..	98,402	74,483

(2) ਮਾਂ ਬੱਚੇ ਦੀ ਸਿਹਤ ਸੰਭਾਲ ਅਤੇ ਟੀਕਾ ਕਰਨ ਸੇਵਾਵਾਂ

(ੳ) ਮਾਵਾਂ ਲਈ
1. ਗਰਭਵਤੀ ਮਾਵਾਂ ਲਈ ਟੈਟਨਸ ਦੇ ਟੀਕੇ
2. ਖੂਨ ਦੀ ਘਾਟ ਪੂਰੀ ਕਰਨ ਲਈ ਗੋਲੀਆਂ ਦੀ ਵੰਡ

(ਅ) ਬੱਚਿਆਂ ਲਈ
1. ਬੀ. ਸੀ. ਜੀ.
2. ਡੀ. ਪੀ. ਟੀ.
3. ਪੋਲੀਓ
4. ਖਸਰਾ

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਖਰਚਾ	ਸਾਲ	1997-98	1998-99
1	2	3	4
ਪੰਜਾਬ ਸਰਕਾਰ ਵਲੋਂ	..	12,01,92,509/- ਰੁ:	12,35,87,000/- ਰੁ:
ਭਾਰਤ ਸਰਕਾਰ ਵਲੋਂ	..	24,73,60,181/- ਰੁ:	18,02,76,000/- ਰੁ:

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਅਨੁਲੱਗ ਮੈਂ ਪੜ੍ਹ ਲਿਆ ਹੈ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੀ ਅਤੇ ਸਾਡੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਪਾਪੂਲੇਸ਼ਨ ਦੀ ਹੈ । ਇਸ ਪਾਪੂਲੇਸ਼ਨ ਨੂੰ ਰੋਕਣ ਲਈ ਇਨ੍ਹਾਂ ਨੇ ਕੀ ਕੀ ਪ੍ਰਬੰਧ ਕੀਤੇ ਹਨ ਅਤੇ ਉਸ ਦੇ ਉਤੇ ਕਿੰਨਾ ਖ਼ਰਚਾ ਕਰ ਰਹੇ ਹਨ, ਇਸ ਬਾਰੇ ਇਹ ਦੱਸ ਦੇਣ ।

ਮੰਤਰੀ : ਸਪੀਕਰ ਸਾਹਿਬ, ਟੋਟਲ ਖਰਚਾ ਜੋ ਕੀਤਾ ਗਿਆ ਹੈ, ਉਹ ਸਾਰਾ ਅਨੁਲੱਗ ਵਿਚ ਲਿਖਿਆ ਗਿਆ ਹੈ । ਸਰਕਾਰ ਵੱਲੋਂ, ਸਟੇਟ ਗੌਰਮਿੰਟ ਵੱਲੋਂ 12 ਕਰੋੜ 35 ਲੱਖ 87 ਹਜ਼ਾਰ ਰੁਪਏ 1998-99 ਦੇ ਵਿੱਚ ਅਤੇ ਗੌਰਮਿੰਟ ਆਫ ਇੰਡੀਆ ਦੇ ਵੱਲੋਂ 18 ਕਰੋੜ, 2 ਲੱਖ 76 ਹਜ਼ਾਰ ਰੁਪਿਆ ਖਰਚ ਕੀਤਾ ਗਿਆ ਹੈ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਮੈਂ ਜਵਾਬ ਪੜ੍ਹ ਲਿਆ ਹੈ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਬਾਦੀ ਨੂੰ ਕੰਟਰੋਲ ਕਰਨ ਲਈ ਜਾਂ ਕੋਈ ਨਲਬੰਦੀ ਜਾਂ ਨਸਬੰਦੀ ਦੇ ਉਤੇ ਕਿੰਨਾ ਖਰਚਾ ਕੀਤਾ ਹੈ ਅਤੇ ਉਸ ਦੇ ਲਈ ਕੀ ਕੀ ਉਪਰਾਲੇ ਕੀਤੇ ਗਏ ਹਨ ? ਇਸ ਦੇ ਲਈ ਕੋਈ ਕੈਂਪ ਵਗੈਰਾ ਲਾਇਆ ਗਿਆ ਹੈ ਤਾਂ ਉਸ ਦੇ ਬਾਰੇ ਦੱਸ ਦੇਣ ।

ਮੰਤਰੀ : ਸਪੀਕਰ ਸਾਹਿਬ, ਆਬਾਦੀ ਨੂੰ ਕੰਟਰੋਲ ਕਰਨ ਲਈ ਬਾਂਝਬੰਦੀ ਆਪਰੇਸ਼ਨਜ਼ 1998-99 ਵਿਚ 71,804 ਕੀਤੇ ਗਏ, ਆਈ. ਯੂ. ਡੀ. ਇਨਸਰਸ਼ਨਜ਼ 2,92,393, ਸੀ. ਸੀ. ਯੂਸਰਜ਼ 3,49,682 ਅਤੇ ਓਰਲ ਪਿਲਜ਼ ਯੂਜ਼ਰਜ਼ 74,483 ਉਪ-ਲਬਧ ਕਰਵਾਏ ਗਏ ।

ਸਰਦਾਰ ਧਨਵੰਤ ਸਿੰਘ : ਸਪੀਕਰ ਸਾਹਿਬ, ਇਕ ਬੜਾ ਹੀ ਅਹਿਮ ਮਸਲਾ ਹੈ । ਇਹ ਕੈਪਟਨ ਸਾਹਿਬ ਦੇ ਨਾਲ ਸਬੰਧਤ ਨਹੀਂ ਹੈ । ਜਿਥੇ ਆਈ. ਸੀ. ਸੀਜ਼ ਦੀਆਂ ਮਸ਼ੀਨਾਂ ਹਨ, ਉਥੇ ਡਾਕਟਰ ਨਹੀਂ ਹਨ । ਅਗਰ ਡਾਕਟਰ ਨਾ ਹੋਣ ਤਾਂ

ਉਸ ਮਸ਼ੀਨ ਦਾ ਕੀ ਫਾਇਦਾ ਹੈ। ਲੋਕੀਂ ਇਸ ਤਰ੍ਹਾਂ ਮਰ ਰਹੇ ਹਨ। ਮੇਰੇ ਪਿਤਾ ਜੀ ਵੀ ਰਾਜਿੰਦਰਾ ਹਸਪਤਾਲ ਦੇ ਵਿਚ ਦਾਖਲ ਰਹੇ ਹਨ, ਉਥੇ ਡਾਈਲੈਸਿਸ ਦੀ ਮਸ਼ੀਨ ਹੈ ਪਰ ਡਾਕਟਰ ਨਹੀਂ ਹੈ। ਇਨ੍ਹਾਂ ਮਸ਼ੀਨਾਂ ਦਾ ਕੀ ਫਾਇਦਾ ਹੈ ਜੇਕਰ ਡਾਕਟਰ ਹੀ ਨਹੀਂ ਹੈ।

ਸ਼੍ਰੀ ਸਪੀਕਰ : ਅਗਲਾ ਸਵਾਲ।

ਮੁਹਾਲੀ ਵਿਖੇ ਈ. ਐਸ. ਆਈ. ਹਸਪਤਾਲ/ਡਿਸਪੈਂਸਰੀਆਂ ਲਈ ਅਮਲਾ

*1545. **ਸ਼੍ਰੀ ਸੱਤਿਆ ਪਾਲ ਸੈਣੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਾਲਾਂ 1995 ਤੋਂ 1998 ਤੱਕ ਦੇ ਦੌਰਾਨ ਐਸ. ਏ. ਐਸ. ਨਗਰ, ਜ਼ਿਲ੍ਹਾ ਰੋਪੜ ਵਿਖੇ ਈ. ਐਸ. ਆਈ. ਹਸਪਤਾਲ ਅਤੇ ਦੋ ਈ. ਐਸ. ਆਈ. ਡਿਸਪੈਂਸਰੀਆਂ ਵਿਚ ਮਨਜ਼ੂਰਸ਼ੁਦਾ ਆਸਾਮੀਆਂ ਦੀ ਸ਼੍ਰੇਣੀ-ਵਾਰ ਅਤੇ ਸਾਲ-ਵਾਰ ਗਿਣਤੀ ਕਿੰਨੀ ਹੈ ਅਤੇ ਮਨਜ਼ੂਰਸ਼ੁਦਾ ਆਸਾਮੀਆਂ ਵਿਰੁੱਧ ਕੰਮ ਕਰ ਰਹੇ ਅਮਲੇ ਦੇ ਸ਼੍ਰੇਣੀ-ਵਾਰ ਵੇਰਵੇ ਕੀ ਹਨ ਅਤੇ ਉਕਤ ਹਸਪਤਾਲ/ਡਿਸਪੈਂਸਰੀਆਂ ਲਈ ਲੋੜੀਂਦੀਆਂ ਆਸਾਮੀਆਂ ਨੂੰ ਮਨਜ਼ੂਰ ਕਰਨ ਲਈ ਸਰਕਾਰ ਦੁਆਰਾ ਕੀ ਕਸੌਟੀ ਅਪਨਾਈ ਜਾ ਰਹੀ ਹੈ;

(ਅ) ਉਕਤ ਸਮੇਂ ਦੇ ਦੌਰਾਨ ਮਨਜ਼ੂਰਸ਼ੁਦਾ ਅਮਲੇ ਤੋਂ ਇਲਾਵਾ ਉਪਰੋਕਤ ਭਾਗ (ੳ) ਵਿਚ ਵਰਣਿਤ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿਚ ਡੈਪੂਟੇਸ਼ਨ ਤੇ ਕੰਮ ਕਰ ਰਹੇ ਅਮਲੇ ਦੇ ਵੇਰਵੇ ਕੀ ਹਨ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਉਪਰੋਕਤ ਡਿਸਪੈਂਸਰੀਆਂ ਅਤੇ ਹਸਪਤਾਲਾਂ ਵਿਚ ਚੈਕ ਕੀਤੇ ਗਏ ਮਰੀਜ਼ਾਂ ਦੀ ਸਾਲ-ਵਾਰ ਵਖ-2 ਗਿਣਤੀ ਕਿੰਨੀ ਹੈ?

ਸ਼੍ਰੀ ਮਨੋਰੰਜਨ ਕਾਲੀਆ : (ੳ) ਈ. ਐਸ. ਆਈ. ਹਸਪਤਾਲ, ਮੁਹਾਲੀ ਅਤੇ ਈ. ਐਸ. ਆਈ. ਡਿਸਪੈਂਸਰੀ ਨੰ: 1 ਅਤੇ 2 ਮੁਹਾਲੀ ਵਿਖੇ ਮਨਜ਼ੂਰਸ਼ੁਦਾ ਆਸਾਮੀਆਂ ਦੀ ਸੂਚਨਾ ਅਨੁਲੱਗ 'ਕ' ਤੇ ਹੈ।

(ਅ) ਈ. ਐਸ. ਆਈ. ਹਸਪਤਾਲ, ਮੁਹਾਲੀ ਅਤੇ ਈ. ਐਸ. ਆਈ. ਡਿਸਪੈਂਸਰੀ ਨੰ: 1 ਅਤੇ 2 ਮੁਹਾਲੀ ਵਿਖੇ ਡੈਪੂਟੇਸ਼ਨ ਤੇ ਕੰਮ ਕਰ ਰਹੇ ਸਟਾਫ ਦਾ ਵੇਰਵਾ ਅਨੁਲੱਗ 'ਖ' ਤੇ ਹੈ।

(ੲ) ਈ. ਐਸ. ਆਈ. ਹਸਪਤਾਲ, ਮੁਹਾਲੀ ਅਤੇ ਈ. ਐਸ. ਆਈ. ਡਿਸਪੈਂਸਰੀ ਨੰ: 1 ਤੇ 2 ਮੁਹਾਲੀ ਵਿਖੇ ਸਾਲ-ਵਾਰ ਚੈਕ ਕੀਤੇ ਗਏ ਮਰੀਜ਼ਾਂ ਦੀ ਗਿਣਤੀ ਸਬੰਧੀ ਸੂਚਨਾ ਅਨੁਲੱਗ 'ਗ' ਤੇ ਹੈ।

ਅਨੁਲੱਗ 'ਕ'

ਆਸਾਮੀ ਦਾ ਨਾਂ	ਸਾਲ	ਈ. ਐਸ. ਆਈ. ਹਸਪਤਾਲ, ਮੁਹਾਲੀ		ਈ. ਐਸ. ਆਈ. ਡਿਸਪੈਂਸਰੀ, ਨੰ: 1, ਮੁਹਾਲੀ		ਈ. ਐਸ. ਆਈ. ਡਿਸਪੈਂਸਰੀ ਨੰ: 2, ਮੁਹਾਲੀ	
		ਮਨਜ਼ੂਰਸ਼ੁਦਾ ਆਸਾਮੀਆਂ	ਭਰੀਆਂ ਆਸਾਮੀਆਂ	ਮਨਜ਼ੂਰਸ਼ੁਦਾ ਆਸਾਮੀਆਂ	ਭਰੀਆਂ ਆਸਾਮੀਆਂ	ਮਨਜ਼ੂਰਸ਼ੁਦਾ ਆਸਾਮੀਆਂ	ਭਰੀਆਂ ਆਸਾਮੀਆਂ
1	2	3	4	5	6	7	8
ਮੈਡੀਕਲ ਅਫਸਰ	1995 ਤੋਂ 1998	11	11	2	2	4	3
ਸੀਨੀਅਰ ਸਹਾਇਕ	-ਉਹੀ-	1	1	ਨਿੱਲ	ਨਿੱਲ	ਨਿੱਲ	ਨਿੱਲ
ਕੈਸ਼ੀਅਰ	-ਉਹੀ-	1	1	ਨਿੱਲ	ਨਿੱਲ	ਨਿੱਲ	ਨਿੱਲ
ਕਲਰਕ	-ਉਹੀ-	1	1	2	2	3	3
ਫਾਰਮਾਸਿਸਟ	-ਉਹੀ-	2	2	2	2	4	4
ਰੇਡੀਓਗ੍ਰਾਫਰ	-ਉਹੀ-	1	1	ਨਿੱਲ	ਨਿੱਲ	ਨਿੱਲ	ਨਿੱਲ

ਲੈਬ: ਸਹਾਇਕ	-ਉਹੀ-	1	1	1	1	ਨਿੱਲ	ਨਿੱਲ
ਐਲ. ਟੀ. ਏ.	-ਉਹੀ-	1	1	ਨਿੱਲ	ਨਿੱਲ	ਨਿੱਲ	ਨਿੱਲ
ਨਰਸਿੰਗ ਸਿਸਟਰ	-ਉਹੀ-	1	1	ਨਿੱਲ	ਨਿੱਲ	ਨਿੱਲ	ਨਿੱਲ
ਸਟਾਫ ਨਰਸ	-ਉਹੀ-	12	12	ਨਿੱਲ	ਨਿੱਲ	ਨਿੱਲ	ਨਿੱਲ
ਐਲ. ਐਚ. ਵੀ.	-ਉਹੀ-	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ	ਨਿੱਲ
ਦਰਜਾ-4 (ਸੇਵਾਦਾਰ)	1995 ਤੋਂ 1997	15	15	4	4	4	4
ਦਰਜਾ-4 (ਸੇਵਾਦਾਰ)	1998	15	13	4	4	4	4
ਚੌਕੀਦਾਰ	1995 ਤੋਂ 1998	2	2	ਨਿੱਲ	ਨਿੱਲ	ਨਿੱਲ	ਨਿੱਲ
ਕੁੱਕ	-ਉਹੀ-	2	2	ਨਿੱਲ	ਨਿੱਲ	ਨਿੱਲ	ਨਿੱਲ
ਧੋਬੀ	-ਉਹੀ-	2	2	ਨਿੱਲ	ਨਿੱਲ	ਨਿੱਲ	ਨਿੱਲ
ਮਾਲੀ	1995 ਤੋਂ 1996	2	2	ਨਿੱਲ	ਨਿੱਲ	ਨਿੱਲ	ਨਿੱਲ
ਮਾਲੀ	1997 ਤੋਂ 1998	2	1	ਨਿੱਲ	ਨਿੱਲ	ਨਿੱਲ	ਨਿੱਲ
ਸਫ਼ਾਈ ਸੇਵਕ	1995 ਤੋਂ 1998	4	2	1	1	1	1

ਅਨੁਲੱਗ 'ਖ'

ਆਸਾਮੀ ਦਾ ਨਾਂ	ਸਾਲ	ਈ. ਐਸ. ਆਈ. ਹਸਪਤਾਲ, ਮੁਹਾਲੀ — ਡਾਕਟਰ ਦਾ ਨਾਂ	ਈ. ਐਸ. ਆਈ. ਡਿਸਪੈਂਸਰੀ ਨੰ: 1, ਮੁਹਾਲੀ — ਡਾਕਟਰ ਦਾ ਨਾਂ	ਈ. ਐਸ. ਆਈ. ਡਿਸਪੈਂਸਰੀ ਨੰ: 2, ਮੁਹਾਲੀ — ਡਾਕਟਰ ਦਾ ਨਾਂ
1	2	3	4	5
ਮੈਡੀਕਲ ਅਫ਼ਸਰ	1995	ਨਿੱਲ	ਨਿੱਲ	ਨਿੱਲ
-ਉਹੀ-	1996	ਡਾ: ਫੈਰਿਸ ਅੰਲਗੀ	ਨਿੱਲ	ਨਿੱਲ
-ਉਹੀ-	1997	ਡਾ: ਜਸਪਾਲ ਸਿੰਘ	ਨਿੱਲ	ਨਿੱਲ
-ਉਹੀ-	1997	ਡਾ: ਜਤਿੰਦਰ ਸਿੰਘ ਬੋਪਾਰਾਏ	ਨਿੱਲ	ਨਿੱਲ
-ਉਹੀ-	1997	ਡਾ: ਤੁਜਿੰਦਰ ਕੌਰ	ਨਿੱਲ	ਨਿੱਲ
-ਉਹੀ-	1997	ਡਾ: ਵੀਨਾ ਬਾਂਸਲ	ਨਿੱਲ	ਨਿੱਲ
-ਉਹੀ-	1997	ਡਾ: ਕੁਲਜੀਤ ਸਿੰਘ	ਨਿੱਲ	ਨਿੱਲ
-ਉਹੀ-	1998	ਡਾ: ਸਤਪਾਲ ਸਿੰਗਲਾ	ਨਿੱਲ	ਨਿੱਲ
-ਉਹੀ-	1998	ਡਾ: ਪਰਦੀਪ ਕੌਰ	ਨਿੱਲ	ਨਿੱਲ
-ਉਹੀ-	1998	ਡਾ: ਜਸਵੰਤ ਕੌਰ	ਨਿੱਲ	ਨਿੱਲ
-ਉਹੀ-	1998	ਡਾ: ਵੀਨਾ ਬਾਂਸਲ	ਨਿੱਲ	ਨਿੱਲ
-ਉਹੀ-	1998	ਡਾ: ਤੁਜਿੰਦਰ ਕੌਰ	ਨਿੱਲ	ਨਿੱਲ
-ਉਹੀ-	1998	ਡਾ: ਕੁਲਜੀਤ ਸਿੰਘ	ਨਿੱਲ	ਨਿੱਲ
-ਉਹੀ-	1998	ਡਾ: ਜਤਿੰਦਰ ਸਿੰਘ ਬੋਪਾਰਾਏ	ਨਿੱਲ	ਨਿੱਲ

ਨੋਟ :—ਕੇਵਲ ਮੈਡੀਕਲ ਅਫ਼ਸਰ ਹੀ ਡੈਪੂਟੇਸ਼ਨ ਤੇ ਲੱਗੇ ਹੋਏ ਹਨ ।

ਅਨੁਲੱਗ 'ਗ'

ਸਾਲ	ਈ. ਐਸ. ਆਈ. ਹਸਪਤਾਲ, ਮੁਹਾਲੀ	ਈ. ਐਸ. ਆਈ. ਡਿਸਪੈਂਸਰੀ ਨੰ: 1, ਮੁਹਾਲੀ	ਈ. ਐਸ. ਆਈ. ਡਿਸਪੈਂਸਰੀ ਨੰ: 2, ਮੁਹਾਲੀ
	ਮਰੀਜ਼ਾਂ ਦੀ ਗਿਣਤੀ	ਮਰੀਜ਼ਾਂ ਦੀ ਗਿਣਤੀ	ਮਰੀਜ਼ਾਂ ਦੀ ਗਿਣਤੀ
1	2	3	4
1995	20,066	38,995	31,678
1996	17,564	38,452	32,731
1997	25,132	47,842	33,544
1998	30,677	53,428	38,924

ਸ਼੍ਰੀ ਸੱਤਿਆ ਪਾਲ ਸੈਣੀ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਮੰਤਰੀ ਜੀ ਦਾ, ਇਨ੍ਹਾਂ ਨੇ ਵਿਸਥਾਰ ਪੂਰਵਕ ਵੇਰਵਾ ਦਿੱਤਾ ਹੈ। ਇਸ ਵੇਰਵੇ ਵਿਚ ਦੱਸਿਆ ਗਿਆ ਹੈ ਕਿ ਈ. ਐਸ. ਆਈ. ਹਸਪਤਾਲ ਵਿਚ 76 ਕਰਮਚਾਰੀ ਹਨ, ਅਲੱਗ-ਅਲੱਗ ਦਰਜਿਆਂ ਦੇ ਅਤੇ ਦੋ ਡਿਸਪੈਂਸਰੀਆਂ ਹਨ ਜਿਨ੍ਹਾਂ ਵਿਚ 16-16, 20-19 ਇਸ ਤਰ੍ਹਾਂ ਕਰਮਚਾਰੀਆਂ ਦੀ ਸੰਖਿਆ ਹੈ ਪਰ ਇਕ ਸੂਚਨਾ ਜਿਸ ਵਿਚ ਇਹ ਨੀ ਦਿੱਤੀ ਹੋਈ ਹੈ ਕਿ ਇਸ ਈ. ਐਸ. ਆਈ. ਹਸਪਤਾਲ ਵਿਚ, ਮੇਰੇ ਵੱਲ ਧਿਆਨ ਦੇਣਾ ਪਲੀਜ਼, ਸਪੀਕਰ ਸਾਹਿਬ, 24 ਡਾਕਟਰ ਡੈਪੂਟੇਸ਼ਨ ਤੇ ਲੱਗੇ ਹੋਏ ਹਨ ਅਤੇ ਮੇਰੀ ਸੂਚਨਾ ਅਨੁਸਾਰ ਇਹ 24 ਦੇ 24 ਪਹਿਲੇ ਕੰਮ ਤੇ ਨਹੀਂ ਗਏ। ਇਨ੍ਹਾਂ ਨੇ ਦੂਸਰਾ . . .

ਸ਼੍ਰੀ ਸਪੀਕਰ: ਕੁਐਸਚਨ ਵੀ ਪੁੱਛੋ।

ਸ਼੍ਰੀ ਸੱਤਿਆ ਪਾਲ ਸੈਣੀ ਦੂਸਰਾ ਵੇਰਵਾ ਇਹ ਦਿੱਤਾ ਹੈ ਕਿ ਹਸਪਤਾਲ ਵਿਚ 1998 ਵਿਚ 30,677 ਮਰੀਜ਼ ਦੇਖੇ ਗਏ ਅਤੇ ਡਿਸਪੈਂਸਰੀ ਵਿਚ ਜਿਥੇ ਦੋ ਮੈਡੀਕਲ ਅਫਸਰ ਹਨ, ਉਥੇ ਤਕਰੀਬਨ 53 ਹਜ਼ਾਰ ਮਰੀਜ਼ ਦੇਖੇ ਗਏ। ਜਿਸ ਹਸਪਤਾਲ ਵਿਚ 24 ਮੈਡੀਕਲ ਅਫਸਰ ਹਨ, ਉਨ੍ਹਾਂ ਦੁਆਰਾ ਤੀਹ ਹਜ਼ਾਰ ਮਰੀਜ਼ ਦੇਖੇ ਗਏ। ਇਸ ਤੋਂ ਮੁਲਾਂਕਣ ਕਰ ਸਕਦੇ ਹੋ ਕਿ ਤੀਹ ਹਜ਼ਾਰ ਮਰੀਜ਼ਾਂ ਨੂੰ ਦੇਖਣ ਵਾਸਤੇ 24 ਡਾਕਟਰ ਬੈਠੇ ਹਨ। ਇਸ ਤੋਂ ਇਲਾਵਾ ਦੂਸਰੇ ਦਰਜੇ ਦੇ ਕਰਮਚਾਰੀਆਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਇਹ ਜੋ ਘਟਨਾ ਹੋਈ, ਇਹ ਜੋ ਕਾਲਾ ਅਧਿਆਏ ਲਿਖਿਆ ਗਿਆ, ਇਹ ਪਿਛਲੀ ਸਰਕਾਰ ਦੇ ਵੇਲੇ ਹੋਇਆ। ਸਾਡੇ ਜੋ ਮੰਤਰੀ ਹਨ, ਕੀ ਮੈਂ ਉਨ੍ਹਾਂ ਤੋਂ ਪੁੱਛ ਸਕਦਾ ਹਾਂ ਕਿ ਇਹ ਜਿਹੜਾ 1996 ਵਿਚ ਕਾਲਾ ਅਧਿਆਏ ਲਿਖਿਆ ਗਿਆ ਸੀ, ਇਸ ਨੂੰ ਹੁਣ ਕਿਧਰੇ ਚਿੱਟੇ ਰੰਗ ਨਾਲ ਪੋਚਣ ਦਾ ਕੋਈ ਪ੍ਰੋਗਰਾਮ ਹੈ ?

ਮੰਤਰੀ : ਸਪੀਕਰ ਸਾਹਿਬ, ਕਾਲੇ ਅਧਿਆਏ ਬਾਰੇ ਇਹ ਕਲੀਅਰ ਕਰ ਦੇਣ।

ਸ਼੍ਰੀ ਸੱਤਿਆ ਪਾਲ ਸੈਣੀ : ਮੈਂ ਕਹਿ ਰਿਹਾ ਹਾਂ ਕਿ 1995 ਤੋਂ ਲੈ ਕੇ 1997 ਤੱਕ ਜਿਹੜੇ ਭਰਤੀ ਹੋਏ ਸੀ, ਮੇਰਾ ਮਤਲਬ ਡੈਪੂਟੇਸ਼ਨ ਤੇ ਗਏ ਸੀ, ਉਨ੍ਹਾਂ ਵਿੱਚੋਂ 6 ਅਧਿਕਾਰੀ ਅਜੇ ਤੱਕ ਡੈਪੂਟੇਸ਼ਨ ਤੇ ਬੈਠੇ ਹਨ। ਉਨ੍ਹਾਂ ਵਿਚ ਐਡੀਸ਼ਨ 7 ਦੀ ਹੋਰ ਕਰ ਦਿੱਤੀ ਹੈ। ਇਹ 13 ਅਧਿਕਾਰੀ ਉਥੇ ਬੈਠੇ ਹਨ। ਡਿਸਪੈਂਸਰੀ ਅਤੇ ਹਸਪਤਾਲ ਦੇ ਇਹ ਅੰਕੜੇ ਕੀ ਦੱਸ ਰਹੇ ਹਨ। ਹਸਪਤਾਲ ਵਿਚ ਮਰੀਜ਼ਾਂ ਦੀ ਸੰਖਿਆ 30 ਹਜ਼ਾਰ ਹੈ ਅਤੇ ਡਿਸਪੈਂਸਰੀਆਂ ਵਿਚ ਵੱਧ ਮਰੀਜ਼ ਹੋਣ ਦੇ ਬਾਵਜੂਦ ਵੀ ਸ਼ਾਨਦਾਰ ਕੰਮ ਹੋ ਰਿਹਾ ਹੈ। ਜਦ ਕਿ ਸਿਰਫ ਦੋ ਡਾਕਟਰ ਹਨ ਤੇ 53 ਹਜ਼ਾਰ ਮਰੀਜ਼ ਹਨ। ਅੰਕੜਿਆਂ ਨਾਲ ਤਾਂ ਨਿਆ ਕਰੋ।

ਮੰਤਰੀ : ਈ.ਐਸ.ਆਈ. ਹਸਪਤਾਲ ਵਿਚ ਜਦੋਂ ਇਹ ਬਣਿਆ ਸੀ, ਉਸ ਵੇਲੇ ਸੈਂਕਸ਼ਨਡ ਸਟਰੈਂਥ ਘੱਟ ਸੀ। ਉਸ ਨਾਲ ਇਹ ਹੁੰਦਾ ਹੈ ਕਿ ਇਨਸ਼ੋਰਡ ਪਰਸਨਜ਼ ਦੇ ਹਿਸਾਬ ਨਾਲ ਜਿੰਨੇ ਡਾਕਟਰ ਦੇਣੇ ਬਣਦੇ ਹਨ, ਉਹ ਅਸੀਂ ਮੁਹੱਈਆ ਕਰਦੇ ਹਾਂ। ਉਹ ਇਨਸ਼ੋਰਡ ਪਰਸਨਜ਼ ਅਤੇ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ

ਇਲਾਜ ਕਰਦੇ ਹਨ । 30 ਹਜ਼ਾਰ ਮਰੀਜ਼ਾਂ ਦਾ ਇਲਾਜ ਹੋਇਆ । ਇਨਸ਼ੋਰਡ ਪਰਸਨਜ਼ ਦੀ ਵਧੀ ਗਿਣਤੀ ਮੁਤਾਬਿਕ ਉਥੇ ਡੈਪੂਟੇਸ਼ਨ ਤੇ ਡਾਕਟਰ ਰੱਖਣੇ ਪਏ । ਇਨਸ਼ੋਰਡ ਪਰਸ਼ਨਜ਼ ਦੀ ਸਟਰੈਂਥ ਵਧਦੀ ਗਈ ਪਰ ਸੈਂਕਸ਼ਨਡ ਸਟਰੈਂਥ ਉਨੀ ਹੀ ਰਹੀ ਜਿਸ ਕਾਰਨ ਡਾਕਟਰ ਡੈਪੂਟੇਸ਼ਨ ਤੇ ਲਾਉਣੇ ਪਏ। ਇਨਸ਼ੋਰਡ ਪਰਸਨਜ਼ ਦੀ ਸਟਰੈਂਥ 5 ਹਜ਼ਾਰ ਹੈ ਤਾਂ ਕੇਂਦਰੀ ਸਰਕਾਰ ਦੀ ਹਦਾਇਤ ਮੁਤਾਬਿਕ ਪੰਜ ਡਾਕਟਰ ਹੋਣੇ ਚਾਹੀਦੇ ਹਨ । ਸਪਸ਼ਟ ਹੈ ਕਿ ਇਨਸ਼ੋਰਡ ਪਰਸਨਜ਼ ਦੀ ਗਿਣਤੀ ਦੇ ਨਾਰਮ ਮੁਤਾਬਿਕ ਡਾਕਟਰ ਡੈਪੂਟੇਸ਼ਨ ਤੇ ਲਾਉਣ ਉਪਰੰਤ ਵੀ ਉਨ੍ਹਾਂ ਦੀ ਗਿਣਤੀ ਘੱਟ ਹੈ । ਇਹ ਕਹਿ ਰਹੇ ਹਨ ਕਿ 1 ਤੇ 2 ਡਿਸਪੈਂਸਰੀਆਂ ਹਨ । ਇਹ ਦੋਵੇਂ ਡਿਸਪੈਂਸਰੀਆਂ ਈ. ਐਸ. ਆਈ. ਹਸਪਤਾਲ, ਮੁਹਾਲੀ ਥੱਲੇ ਕੰਮ ਕਰ ਰਹੀਆਂ ਹਨ । ਸਪੈਸ਼ਲਿਸਟ ਡਾਕਟਰ ਸਿਰਫ ਹਸਪਤਾਲਾਂ ਵਿਚ ਲਗਾਏ ਜਾਂਦੇ ਹਨ ਨਾ ਕਿ ਡਿਸਪੈਂਸਰੀਆਂ ਵਿਚ ।

ਸ਼੍ਰੀ ਸੱਤਿਆ ਪਾਲ ਸੈਣੀ : ਮੰਤਰੀ ਜੀ ਨੇ ਜਸਟੀਫਾਈ ਕੀਤਾ ਹੈ ਬੜੇ ਸ਼ਾਨਦਾਰ ਢੰਗ ਨਾਲ, ਮੈਂ ਧੰਨਵਾਦੀ ਹਾਂ । ਪਰ ਕੀ ਇਹ ਜਿਹੜਾ ਕਰਾਈਟੇਰੀਆ ਹਸਪਤਾਲ ਤੇ ਲਾਗੂ ਹੁੰਦਾ ਹੈ ਤੇ ਡਿਸਪੈਂਸਰੀਆਂ ਵਿਚ ਦੋ ਡਾਕਟਰ ਬੈਠੇ ਹਨ ਤੇ ਅੱਛਾ ਕੰਮ ਹੋ ਰਿਹਾ ਹੈ ਇਹ ਅਨੁਪਾਤ ਅਨੁਸਾਰ ਕਿਉਂ ਨਹੀਂ ਹੋ ਰਿਹਾ । ਕੀ ਇਸ ਬਾਰੇ ਆਸ਼ਵਾਸਨ ਮਿਲ ਸਕਦਾ ਹੈ ਕਿ ਜਿਹੜੇ ਡਾਕਟਰ ਡੈਪੂਟੇਸ਼ਨ ਤੇ ਬੈਠੇ ਹਨ ਜੇ ਉਨ੍ਹਾਂ ਦੀ ਜਸਟੀਫਿਕੇਸ਼ਨ ਨਹੀਂ ਬਣਦੀ ਤਾਂ ਉਨ੍ਹਾਂ ਨੂੰ ਪਿੰਡਾਂ ਵਿਚ ਡਿਪਿਊਟ ਕਰ ਦਿੱਤਾ ਜਾਵੇਗਾ ? ਇਸ ਵਾਸਤੇ ਕੋਈ ਜਾਂਚ ਕਿਉਂ ਨਹੀਂ ਹੋਈ ? ਕਿਨ੍ਹਾਂ ਵਿਵਸਥਾਵਾਂ ਕਰਕੇ ਇਹ ਹੋਇਆ ਅਤੇ ਉਹ ਵਿਵਸਥਾਵਾਂ ਕਿੰਨੀ ਜਲਦੀ ਖ਼ਤਮ ਹੋ ਜਾਣਗੀਆਂ, ਇਸ ਦੀ ਜਾਂਚ ਕੀਤੀ ਜਾ ਸਕਦੀ ਹੈ ? ਕੀ ਇਸ ਬਾਰੇ ਆਸ਼ਵਾਸਨ ਦਿੱਤਾ ਜਾ ਸਕਦਾ ਹੈ ? ਕੀ ਇਹ ਨਾਰਮਜ਼ ਦੇ ਮੁਤਾਬਿਕ ਜਾਂ ਸੈਂਕਸ਼ਨਡ ਪੋਸਟਾਂ ਦੇ ਮੁਤਾਬਿਕ ਡਾਕਟਰ ਉਥੇ ਰੱਖਣਗੇ ਅਤੇ ਬਾਕੀ ਪਿੰਡਾਂ ਦੇ ਵਿਚ ਭੇਜਣਗੇ ?

ਮੰਤਰੀ : ਸਪੀਕਰ ਸਾਹਿਬ, ਗੌਰਮਿੰਟ ਆਫ ਇੰਡੀਆ ਦੀਆਂ ਹਦਾਇਤਾਂ ਦੇ ਮੁਤਾਬਿਕ ਡਾਕਟਰਜ਼ ਦੀ ਸੈਂਕਸ਼ਨਡ ਸਟਰੈਂਥ ਮਿੱਥੀ ਜਾਂਦੀ ਹੈ ਅਤੇ ਉਸ ਦੇ ਮੁਤਾਬਿਕ ਹੀ ਡਿਸਪੈਂਸਰੀਆਂ ਦੇ ਵਿੱਚ, ਈ.ਐਸ.ਆਈ. ਹਸਪਤਾਲਾਂ ਦੇ ਵਿਚ ਉਨ੍ਹਾਂ ਨੂੰ ਡੈਪੂਟੇਸ਼ਨਾਂ ਤੇ ਲਗਾਇਆ ਜਾਂਦਾ ਹੈ ।

ਸ਼੍ਰੀ ਸਪੀਕਰ : ਅਗਲਾ ਸਵਾਲ ।

ਜ਼ਿਲ੍ਹਾ ਮਾਨਸਾ ਵਿਖੇ ਸੇਮ ਦੀ ਸਮੱਸਿਆ ਨੂੰ ਰੋਕਣਾ

*1382 **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ (ਮਾਛੀਵਾੜਾ ਬਲਾਕ) ਅਤੇ ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਸਬ-ਡਿਵੀਜ਼ਨ-ਵਾਰ ਕਿੰਨਾ-ਕਿੰਨਾ ਰਕਬਾ ਸੇਮ ਨਾਲ ਪ੍ਰਭਾਵਿਤ ਹੋਇਆ ਅਤੇ ਸਰਕਾਰ ਦੁਆਰਾ ਉਕਤ ਇਲਾਕਿਆਂ ਵਿਚ ਸੇਮ ਦੀ ਸਮੱਸਿਆ ਨੂੰ ਦੂਰ ਕਰਨ ਲਈ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਸਿਕੰਦਰ ਸਿੰਘ ਮਲੂਕਾ (ਰਾਜ ਮੰਤਰੀ, ਸਿੰਚਾਈ) : ਜ਼ਿਲ੍ਹਾ ਲੁਧਿਆਣਾ ਦੇ ਮਾਛੀਵਾੜਾ ਬਲਾਕ ਵਿਚ 6750 ਹੈਕਟਰ, ਜ਼ਿਲ੍ਹਾ ਮਾਨਸਾ ਦੀਆਂ ਸਬ-ਡਵੀਜ਼ਨਾਂ, ਸਰਦੂਲਗੜ੍ਹ ਵਿਚ 1570 ਹੈਕਟਰ, ਬੁਢਲਾਡਾ ਵਿਚ 725 ਹੈਕਟਰ ਅਤੇ ਮਾਨਸਾ ਵਿਚ 625 ਹੈਕਟੇਅਰ ਰਕਬਾ ਸੇਮ ਤੋਂ ਪ੍ਰਭਾਵਿਤ ਹੈ । ਮਾਛੀਵਾੜਾ ਬਲਾਕ ਵਿਚ ਸੇਮ ਨੂੰ ਨਜਿਠਣ ਲਈ ਨਵੀਆਂ ਡਰੇਨਾਂ ਦੀ ਉਸਾਰੀ ਅਤੇ ਮੌਜੂਦਾ ਡਰੇਨਾਂ ਦੀ ਭੱਲ ਸਫਾਈ ਲਈ ਇੱਕ ਸਕੀਮ ਤਿਆਰ ਕੀਤੀ ਗਈ ਹੈ ਜਦੋਂ ਕਿ ਜ਼ਿਲ੍ਹਾ ਮਾਨਸਾ ਵਿੱਚ ਸੇਮ ਦੀ ਸਮੱਸਿਆ ਨੂੰ ਨਜਿਠਣ ਲਈ ਨਬਾਰਡ ਵੱਲੋਂ ਵਿਤੀ ਸਹਾਇਤਾ ਨਾਲ ਇੱਕ ਪ੍ਰਾਜੈਕਟ ਅਮਲ ਅਧੀਨ ਹੈ ।

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਪਹਿਲੇ ਪਾਰਟ ਵਿਚ ਲੁਧਿਆਣਾ ਦੀ ਸਬ-ਡਿਵੀਜ਼ਨ ਦੇ ਮਾਛੀਵਾੜਾ ਬਲਾਕ ਦੀ ਫਿਗਰ ਦਿੱਤੀ ਗਈ ਹੈ ਅਤੇ ਇਸ ਨੂੰ ਨਜਿਟਣ ਲਈ ਇਕ ਸਕੀਮ ਸਰਕਾਰ ਵੱਲੋਂ ਤਿਆਰ ਕੀਤੀ ਗਈ ਹੈ ਜਿਸ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਤਾਂਕਿ ਨਵੀਆਂ ਡਰੇਨਾਂ ਦੀ ਉਸਾਰੀ ਅਤੇ ਮੌਜੂਦਾ ਡਰੇਨਾਂ ਦੀ ਭੱਲ ਸਫਾਈ ਕੀਤੀ ਜਾ ਸਕੇ । ਇਸ ਦੇ ਲਈ ਜੋ ਟੋਟਲ ਫੰਡਜ਼ ਸਰਕਾਰ ਨੂੰ ਚਾਹੀਦੇ ਹਨ, ਕੀ ਉਸ ਦਾ ਪ੍ਰਬੰਧ ਕਰ ਲਿਆ ਗਿਆ ਹੈ ? ਇਨ੍ਹਾਂ ਫੰਡਜ਼ ਦਾ ਇੰਤਜ਼ਾਮ ਨਾਬਾਰਡ ਜਾਂ ਸਰਕਾਰ ਨੇ ਆਪਣੇ ਰੀਸੋਰਸਿਜ਼ ਤੋਂ ਕਰ ਲਿਆ ਹੈ ਜਾਂ ਫੇਰ ਕਦੋਂ ਤੱਕ ਇਸ ਦਾ ਪ੍ਰਬੰਧ ਕਰ ਲਿਆ ਜਾਵੇਗਾ ਤਾਂਕਿ ਰੇਨੀ ਸੀਜ਼ਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਹ ਕੰਮ ਪੂਰਾ ਹੋ ਸਕੇ ? ਕੀ ਇਸ ਕੰਮ ਨੂੰ ਸਰਕਾਰ ਜੰਗੀ ਪੱਧਰ ਤੇ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ 192 ਲੱਖ ਰੁਪਏ ਦੀ ਸਕੀਮ ਹੈ ਅਤੇ ਇਹ ਸਕੀਮ ਪਹਿਲੇ ਤਿਆਰ ਕਰ ਲਈ ਗਈ ਹੈ । 1999 ਦੇ ਹੜ੍ਹਾਂ ਦੇ ਆਉਣ ਤੋਂ ਪਹਿਲਾਂ ਇਹ ਕੰਮ ਸ਼ੁਰੂ ਕਰਵਾਉਣ ਦੀ ਤਜਵੀਜ਼ ਹੈ । ਇਸ ਦੀ ਪਰਪੋਜ਼ਲ ਬਣ ਗਈ ਹੈ ਪਰ ਰੁਪਏ ਆਉਣੇ ਹਾਲੇ ਬਾਕੀ ਹਨ ?

ਕਾਮਰੇਡ ਹਰਦੇਵ ਸਿੰਘ ਅਰਸ਼ੀ : ਸਪੀਕਰ ਸਾਹਿਬ, ਹੁਣ ਮੈਂ ਮਾਨਸਾ ਜ਼ਿਲ੍ਹੇ ਦੀ ਜਾਣਕਾਰੀ ਲੈਣੀ ਚਾਹੁੰਦਾ ਹਾਂ । ਇਸ ਜ਼ਿਲ੍ਹੇ ਦਾ ਸੇਮ ਦੀ ਮਾਰ ਥੱਲੇ ਕਾਫੀ ਰਕਬਾ ਆ ਰਿਆ ਹੈ ਔਰ ਇਹ ਰਕਬਾ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ । ਜਿਸ ਤਰ੍ਹਾਂ ਮੁਕਤਸਰ ਜ਼ਿਲ੍ਹੇ ਨੂੰ ਨਾਬਾਰਡ ਸਕੀਮ ਅਧੀਨ ਲਿਆਂਦਾ ਗਿਆ ਹੈ, ਇਸੇ ਤਰ੍ਹਾਂ ਇਕ ਪ੍ਰਾਜੈਕਟ ਮਾਨਸਾ ਜ਼ਿਲ੍ਹੇ ਵਿਚ ਸੇਮ ਦੀ ਸਮੱਸਿਆ ਨੂੰ ਨਜਿਠਣ ਲਈ ਨਬਾਰਡ ਵੱਲੋਂ ਵਿੱਤੀ ਸਹਾਇਤਾ ਤਹਿਤ ਅਮਲ ਅਧੀਨ ਹੈ । ਕੀ ਇਹ ਉਥੇ ਡਰੇਨ ਜਾਂ ਟਿਊਬਵੈੱਲ ਲਗਾਉਣਗੇ ਜਾਂ ਕੋਈ ਹੋਰ ਤਰੀਕਾਕਾਰ ਅਖਤਿਆਰ ਕਰਕੇ ਇਸ ਸਮੱਸਿਆ ਨੂੰ ਨਜਿਠਣਗੇ ? ਸਰਕਾਰ ਨਾਬਾਰਡ ਤੋਂ ਕਦੋਂ ਤੱਕ ਫੰਡਜ਼ ਦਾ ਪ੍ਰਬੰਧ ਕਰ ਲਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਮਾਨਸਾ ਜ਼ਿਲ੍ਹੇ ਦਾ ਬਹੁਤ ਵੱਡਾ ਰਕਬਾ ਸੇਮ ਦੀ ਮਾਰ ਥੱਲੇ ਆ ਗਿਆ ਹੈ । ਇਸ ਨੂੰ ਬੜੀ ਗੰਭੀਰਤਾ ਨਾਲ ਸਾਡੇ ਮੁੱਖ ਮੰਤਰੀ ਸਾਹਿਬ ਨੇ ਲਿਆ ਹੈ ਅਤੇ ਇਸ ਸਬੰਧ ਵਿਚ ਫੈਸਲਾ

ਕੀਤਾ ਹੈ । ਇਕ ਨਵੀਂ ਡਿਵੀਜ਼ਨ ਮਾਨਸਾ ਵਿਚ ਸ਼ਿਫਟ ਕੀਤੀ ਗਈ ਹੈ ਅਤੇ ਬੁਢਲਾਡਾ ਵਿਚ ਵੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ । ਸਰਕਾਰ ਵੱਲੋਂ 16 ਕਰੋੜ ਰੁਪਿਆ ਦਿੱਤਾ ਵੀ ਗਿਆ ਹੈ । ਇਸ ਵਿਚੋਂ 10 ਕਰੋੜ 74 ਲੱਖ ਰੁਪਿਆ ਪਹਿਲੇ ਦਿੱਤਾ ਗਿਆ ਸੀ ਤਾਂਕਿ ਉਥੇ ਕੰਮ ਹੋ ਸਕੇ ਅਤੇ 5 ਕਰੋੜ ਰੁਪਿਆ ਲੋਕਾਂ ਤੋਂ ਜ਼ਮੀਨ ਲੈਣ ਲਈ ਦਿੱਤਾ ਗਿਆ ਹੈ, ਮੁਆਵਜ਼ੇ ਦੀ ਸ਼ਕਲ ਵਿਚ ਤਾਂਕਿ ਉਥੇ ਕੰਮ ਸਟਾਰਟ ਹੋ ਸਕੇ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਜਿਸ ਤਰੀਕੇ ਨਾਲ ਮੁਕਤਸਰ ਦੇ ਕਿਸਾਨਾਂ ਨੂੰ 8 ਹਜ਼ਾਰ ਰੁਪਿਆ ਪਰ ਕਿੱਲਾ ਜ਼ਮੀਨ ਦਾ ਮੁਆਵਜ਼ਾ ਦਿੱਤਾ ਗਿਆ ਸੀ । ਕੀ ਉਸੇ ਤਰ੍ਹਾਂ ਇਹ ਮਾਨਸਾ ਜ਼ਿਲ੍ਹੇ ਦੇ ਸਰਦੂਲਗੜ੍ਹ ਦੇ ਇਲਾਕੇ ਦੇ ਕਿਸਾਨਾਂ ਨੂੰ ਵੀ 8 ਹਜ਼ਾਰ ਰੁਪਿਆ ਪਰ ਏਕੜ ਮੁਆਵਜ਼ਾ ਦੇਣ ਦਾ ਫੈਸਲਾ ਕਰਨਗੇ ਜਿਨ੍ਹਾਂ ਦੀਆਂ ਜ਼ਮੀਨਾਂ ਵਿਚ 6 ਫੁੱਟ ਤੱਕ ਦਾ ਪਾਣੀ ਖੜ੍ਹਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਮਾਲ ਵਿਭਾਗ ਦੇ ਨਾਲ ਸਬੰਧਤ ਹੈ, ਮੇਰੇ ਨਾਲ ਨਹੀਂ ਹੈ ਪਰ ਫੇਰ ਵੀ ਸਰਕਾਰ ਇਸ ਗੱਲ ਤੇ ਵਿਚਾਰ ਕਰ ਲਵੇਗੀ ।

ਸ਼੍ਰੀ ਸਪੀਕਰ : ਪ੍ਰਸ਼ਨ ਕਾਲ ਖਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਸਬ-ਡਿਵੀਜ਼ਨ ਸਦਰ ਮੁਕਾਮਾਂ ਵਿਖੇ ਪ੍ਰਬੰਧਕੀ ਕੰਪਲੈਕਸਾਂ ਲਈ ਇਮਾਰਤਾਂ ਦੀ ਉਸਾਰੀ

*1573. **ਸ਼੍ਰੀ ਰਮੇਸ਼ ਚੰਦਰ ਡੋਗਰਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਦਫਤਰਾਂ ਲਈ ਰਾਜ ਵਿਚ ਸਾਰੇ ਸਬ-ਡਿਵੀਜ਼ਨ ਸਦਰ ਮੁਕਾਮਾਂ ਵਿਖੇ ਪ੍ਰਬੰਧਕੀ ਕੰਪਲੈਕਸਾਂ ਦੀਆਂ ਇਮਾਰਤਾਂ ਬਣਾਈਆਂ ਗਈਆਂ ਹਨ ; ਜੇਕਰ ਨਹੀਂ, ਤਾਂ ਅਜਿਹੇ ਸ਼ਹਿਰਾਂ ਦੇ ਨਾਂ ਕੀ-ਕੀ ਹਨ ਜਿਥੇ ਅਜੇ ਤਕ ਇਹ ਇਮਾਰਤਾਂ ਨਹੀਂ ਬਣਾ-ਈਆਂ ਗਈਆਂ ਹਨ ਅਤੇ ਇਨ੍ਹਾਂ ਸ਼ਹਿਰਾਂ ਵਿਚ ਉਕਤ ਇਮਾਰਤਾਂ ਬਣਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ?

ਸ਼੍ਰੀ ਮਦਨ ਮੋਹਨ ਮਿਤਲ (ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ) : ਨਹੀਂ ਜੀ । ਜਿਨ੍ਹਾਂ ਸ਼ਹਿਰਾਂ ਵਿੱਚ ਸਬ-ਡਵੀਜ਼ਨਲ ਹੈਡਕੁਆਰਟਰ ਤੇ ਦਫਤਰਾਂ ਦੀ ਉਸਾਰੀ ਰਹਿੰਦੀ ਹੈ, ਉਨ੍ਹਾਂ ਦੇ ਨਾਵਾਂ ਦੀ ਸੂਚੀ ਨੱਥੀ ਹੈ ਜਦੋਂ ਇਨ੍ਹਾਂ ਥਾਵਾਂ ਦੀ ਉਸਾਰੀ ਕਰਨ ਲਈ ਮਾਲ ਵਿਭਾਗ, ਪੰਜਾਬ ਵੱਲੋਂ ਕੋਈ ਤਜਵੀਜ਼ ਸਮੇਤ ਪ੍ਰਸ਼ਾਸਨਿਕ ਪ੍ਰਵਾਨਗੀ ਅਤੇ ਧਨ ਰਾਸ਼ੀ ਉਪਲਬਧ ਕਰਵਾਈ ਜਾਵੇਗੀ, ਉਸਾਰੀ ਦਾ ਕੰਮ ਹੱਥਾਂ ਵਿੱਚ ਲੈ ਲਿਆ ਜਾਵੇਗਾ ।

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਸੂਚੀ

ਸਬ-ਡਵੀਜ਼ਨਾਂ ਦੀ ਸੂਚੀ ਜਿੱਥੇ ਪ੍ਰਬੰਧਕੀ ਕੰਪਲੈਕਸ ਲਈ ਇਮਾਰਤਾਂ ਬਣਾਉਣੀਆਂ ਰਹਿੰਦੀਆਂ ਹਨ ;

ਲੜੀ ਨੰ:	ਜ਼ਿਲ੍ਹਾ		ਸਬ-ਡਵੀਜ਼ਨ ਦਾ ਨਾਮ
1	2		3
1.	ਅੰਮ੍ਰਿਤਸਰ	..	ਖਡੂਰ ਸਾਹਿਬ
2.	ਫਿਰੋਜ਼ਪੁਰ	..	ਜਲਾਲਾਬਾਦ
3.	ਫਰੀਦਕੋਟ	..	ਜੈਤੋਂ
4.	ਫਤਹਿਗੜ੍ਹ ਸਾਹਿਬ	..	ਬਸੀ ਪਠਾਣਾਂ
5.	ਫਤਹਿਗੜ੍ਹ ਸਾਹਿਬ	..	ਅਮਲੋਹ
6.	ਗੁਰਦਾਸਪੁਰ	..	ਡੇਰਾ ਬਾਬਾ ਨਾਨਕ
7.	ਗੁਰਦਾਸਪੁਰ	..	ਨਰੋਟ ਜੈਮਲ ਸਿੰਘ
8.	ਗੁਰਦਾਸਪੁਰ	..	ਧਾਰ ਕਲਾਂ
9.	ਹੁਸ਼ਿਆਰਪੁਰ	..	ਮੁਕੇਰੀਆਂ
10.	ਜਲੰਧਰ	..	ਸ਼ਾਹਕੋਟ
11.	ਕਪੂਰਥਲਾ	..	ਭੁੱਲਥ
12.	ਲੁਧਿਆਣਾ	..	ਰਾਇਕੋਟ
13.	ਮਾਨਸਾ	..	ਬੁਢਲਾਡਾ.
14.	ਮੋਗਾ	..	ਬਾਘਾ ਪੁਰਾਣਾ
15.	ਰੋਪੜ	..	ਐਸ.ਏ.ਐਸ. ਨਗਰ, ਮੁਹਾਲੀ
16.	ਸੰਗਰੂਰ	..	ਮਲੇਰਕੋਟਲਾ
17.	ਸੰਗਰੂਰ	..	ਮੂਨਕ
18.	ਸੰਗਰੂਰ	..	ਧੂਰੀ

ਸੜੋਆ ਅਤੇ ਬਲਾਚੌਰ ਬਲਾਕਾਂ ਵਿਚ ਟਿਊਬਵੈੱਲਾਂ ਦੀ ਮੁਰੰਮਤ

*1571. **ਚੌਧਰੀ ਨੰਦ ਲਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ---

(ੳ) ਜ਼ਿਲ੍ਹਾ ਨਵਾਂ ਸ਼ਹਿਰ ਵਿਚ ਸੜੋਆ ਅਤੇ ਬਲਾਚੌਰ ਬਲਾਕਾਂ ਵਿਚ ਟਿਊਬਵੈੱਲਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਖਰਾਬ ਪਏ ਹਨ ;

(ਅ) ਉਕਤ ਟਿਊਬਵੈੱਲਾਂ ਦੀ ਮੁਰੰਮਤ ਕਰਵਾਉਣ ਲਈ ਸਰਕਾਰ ਦੁਆਰਾ ਕੀਤੀ ਜਾ ਰਹੀ ਕਾਰਵਾਈ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਟਿਊਬਵੈੱਲਾਂ ਦੇ ਕਦੋਂ ਤਕ ਚਾਲੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : (ੳ) 94 ਨੰਬਰ ਟਿਊਬਵੈੱਲ ਜੋ ਕਿ ਨਵਾਂ ਸ਼ਹਿਰ ਜ਼ਿਲ੍ਹੇ ਦੇ ਸੜੋਆ ਅਤੇ ਬਲਾਚੌਰ ਬਲਾਕਾਂ ਵਿੱਚ ਚਲਾਏ ਜਾ ਰਹੇ ਹਨ, ਇਨ੍ਹਾਂ ਵਿੱਚੋਂ 9 ਨੰਬਰ ਟਿਊਬਵੈੱਲ ਖਰਾਬ ਹਨ ।

(ਅ) 8 ਨੰਬਰ ਟਿਊਬਵੈੱਲ ਜੋ ਕਿ ਆਰਜ਼ੀ ਤੌਰ ਤੇ ਖਰਾਬ ਹਨ, ਮੁਰੰਮਤ ਕਰਨ ਉਪਰੰਤ ਇੱਕ ਮਹੀਨੇ ਦੇ ਅੰਦਰ ਅੰਦਰ ਚਾਲੂ ਕਰ ਦਿੱਤੇ ਜਾਣਗੇ ਅਤੇ ਬਾਕੀ ਇੱਕ ਟਿਊਬਵੈੱਲ ਵੱਡੇ ਨੁਕਸ ਕਰਕੇ ਖਰਾਬ ਹੈ ਜਿਸ ਦੀ ਬੋਰ ਦੀ ਮੁਰੰਮਤ ਕਰਵਾਈ, ਟਿਊਬਵੈੱਲ ਦਾ ਮੁੜ ਵਿਕਾਸ, ਘੱਟ ਵਿਆਸ ਦਾ ਫਿਲਟਰ ਪਾਉਣਾ ਅਤੇ ਮੋਟਰ ਪੰਪ ਬਦਲਣ ਦੀ ਲੋੜ ਹੈ ।

UNSTARRED QUESTIONS AND ANSWERS

ਰਾਜ ਵਿਚ ਪੀਲੇ ਕਾਰਡ ਹੋਲਡਰਾਂ ਦੀ ਗਿਣਤੀ

343. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਵਿਅਕਤੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ 1 ਜਨਵਰੀ, 1995, 1 ਜਨਵਰੀ, 1996, 1 ਜਨਵਰੀ, 1997, 1 ਜਨਵਰੀ, 1998, ਅਤੇ 1 ਜਨਵਰੀ, 1999, ਨੂੰ ਰਾਜ ਵਿਚ ਪੀਲੇ ਕਾਰਡ ਜਾਰੀ ਕੀਤੇ ਗਏ ਹਨ ?

ਸਰਦਾਰ ਨਿਰਮਲ ਸਿੰਘ ਕਾਹਲੋਂ : ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਹੈ ।

[ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ]

ਵਿਵਰਣ

ਲੜੀ ਨੰ:	ਜ਼ਿਲ੍ਹੇ ਦਾ ਨਾਂ	1/1/95	1/1/96	1/1/97	1/1/98	1/1/99
1	2	3	4	5	6	7
1.	ਅੰਮ੍ਰਿਤਸਰ	1,98,736	1,91,843	2,14,349	1,70,385	1,70,337
2.	ਬਠਿੰਡਾ	50,826	54,063	63,630	63,962	63,962
3.	ਫਿਰੋਜ਼ਪੁਰ	1,31,742	1,43,858	1,49,967	1,52,508	1,52,508
4.	ਫਰੀਦਕੋਟ	37,461	38,149	38,490	38,490	38,490
5.	ਫਤਹਿਗੜ੍ਹ ਸਾਹਿਬ	26,053	27,859	32,232	32,696	32,696
6.	ਗੁਰਦਾਸਪੁਰ	1,30,595	1,54,807	1,70,392	1,70,536	1,69,224
7.	ਹੁਸ਼ਿਆਰਪੁਰ	69,013	71,064	72,814	73,521	73,514
8.	ਜਲੰਧਰ	1,04,746	96,209	1,11,112	1,10,733	1,03.128
9.	ਕਪੂਰਥਲਾ	37,156	39,447	43,910	44,060	43,494
10.	ਲੁਧਿਆਣਾ	77,267	86,483	92,086	88,067	88,742
11.	ਮੋਗਾ	10,548	19,404	22,509	23,584	23,504
12.	ਮੁਕਤਸਰ	47,061	49,945	55,048	60,016	60,143
13.	ਮਾਨਸਾ	46,600	50,172	52,563	52,563	52,563
14.	ਨਵਾਂ ਸ਼ਹਿਰ	42,542	44,751	47,855	49,477	49,477
15.	ਪਟਿਆਲਾ	1,03,173	1,87,850	1,92,295	1,91,995	1,91,967
16.	ਰੋਪੜ	62,273	59,088	72,317	72,641	72,641
17.	ਸੰਗਰੂਰ	1,33,531	1,49,013	1,62,307	1,63,601	1,63.611

ਦਿਹਾਤੀ ਵਿਕਾਸ ਬੋਰਡ ਦੁਆਰਾ ਖਰਚਾ

346. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਪਹਿਲੀ ਜਨਵਰੀ, 1997 ਨੂੰ ਦਿਹਾਤੀ ਵਿਕਾਸ ਬੋਰਡ ਪਾਸ ਕੁੱਲ ਕਿੰਨੇ ਫੰਡ ਉਪਲੱਬਧ ਸਨ ਅਤੇ ਵਿੱਤੀ ਸਾਲਾਂ 1997-98 ਅਤੇ 1998-99 ਦੌਰਾਨ ਬੋਰਡ ਪਾਸ ਕੁੱਲ ਕਿੰਨੇ ਫੰਡ ਜਮ੍ਹਾਂ ਕਰਵਾਏ ਗਏ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਵਿਚੋਂ ਹੁਣ ਤਕ ਖਰਚ ਕੀਤੀ ਗਈ ਰਕਮ ਦੇ ਜ਼ਿਲ੍ਹਾ-ਵਾਰ ਵੇਰਵੇ ਕੀ ਹਨ ਅਤੇ ਉਨ੍ਹਾਂ ਮੁੱਖ ਕੰਮਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੇ ਉਕਤ ਰਕਮ ਖਰਚ ਕੀਤੀ ਗਈ ਹੈ ?

ਸਰਦਾਰ ਗੁਰਦੇਵ ਸਿੰਘ ਬਾਦਲ (ੳ) ਪਹਿਲੀ ਜਨਵਰੀ, 1997 ਨੂੰ ਪੰਜਾਬ ਦਿਹਾਤੀ ਵਿਕਾਸ ਬੋਰਡ ਕੋਲ 28.20 ਕਰੋੜ ਰੁਪਏ ਦੇ ਫੰਡਜ਼ ਮੌਜੂਦ ਸਨ ਅਤੇ ਸਾਲ 1997-98 ਅਤੇ 1998-99 (ਮਿਤੀ 28-2-99 ਤੱਕ) ਦੌਰਾਨ 180.82 ਕਰੋੜ ਅਤੇ 186.00 ਕਰੋੜ ਰੁਪਏ ਕ੍ਰਮਵਾਰ ਜਮ੍ਹਾਂ ਹੋਏ ਸਨ ।

(ਅ) ਉਪਰੋਕਤ ਰਕਮਾਂ ਵਿਚੋਂ ਰਿਲੀਜ਼ ਕੀਤੀਆਂ ਰਕਮਾਂ ਦਾ ਜ਼ਿਲ੍ਹਾਵਾਰ ਵੇਰਵਾ ਇਸ ਪ੍ਰਕਾਰ ਹੈ :—

ਲੜੀ ਨੰ:	ਜ਼ਿਲ੍ਹੇ ਦਾ ਨਾਂ	ਰਿਲੀਜ਼ ਕੀਤੀ ਰਕਮ (ਲੱਖਾਂ ਵਿਚ)
1	2	3
1	ਅੰਮ੍ਰਿਤਸਰ ..	ਰੁ: 1,586.80
2.	ਬਠਿੰਡਾ ..	ਰੁ. 1,630.08
3.	ਫਿਰੋਜ਼ਪੁਰ ..	ਰੁ. 623.13
4.	ਫਰੀਦਕੋਟ ..	ਰੁ. 235.79
5.	ਫਤਹਿਗੜ੍ਹ ਸਾਹਿਬ ..	ਰੁ. 1,091.00
6.	ਗੁਰਦਾਸਪੁਰ ..	ਰੁ. 1,300.38
7.	ਹੁਸ਼ਿਆਰਪੁਰ ..	ਰੁ. 2,127.70
8.	ਜਲੰਧਰ ..	ਰੁ. 1,127.50
9.	ਕਪੂਰਥਲਾ ..	ਰੁ. 831.85
10.	ਲੁਧਿਆਣਾ ..	ਰੁ. 1,622.72
11.	ਮੁਕਤਸਰ ..	ਰੁ. 826.46
12.	ਮੋਗਾ ..	ਰੁ. 457.80
13.	ਨਵਾਂ ਸ਼ਹਿਰ ..	ਰੁ. 232.38
14.	ਪਟਿਆਲਾ ..	ਰੁ. 836.26
15.	ਸੰਗਰੂਰ ..	ਰੁ. 1,071.85
16.	ਰੋਪੜ ..	ਰੁ. 2,254.95
		ਰੁ. 17,856.65

[ਖੇਤੀਬਾੜੀ ਮੰਤਰੀ]

ਉਪਰੋਕਤ ਤੋਂ ਇਲਾਵਾ ਇਨ੍ਹਾਂ ਸਾਲਾਂ ਦੌਰਾਨ ਹੇਠਾਂ ਲਿਖੀਆਂ ਰਕਮਾਂ ਵੀ ਰਲੀਜ਼ ਕੀਤੀਆਂ ਗਈਆਂ ਸਨ :—

1	2	3
		(ਰਕਮ ਲੱਖਾਂ ਵਿਚ)
1.	ਸਕੱਤਰ, ਪੰਜਾਬ ਮੰਡੀ ਬੋਰਡ	ਰੁਪਏ 750.00
2.	ਚੇਅਰਮੈਨ, ਪੰਜਾਬ ਬਿਜਲੀ ਬੋਰਡ	ਰੁਪਏ 1500.00
3.	ਪੰਜਾਬ ਐਗਰੋ, ਚੰਡੀਗੜ੍ਹ	ਰੁਪਏ 25.00
4.	ਡਾਇਰੈਕਟਰ, ਖੇਤੀਬਾੜੀ ਪੰਜਾਬ	ਰੁਪਏ 205.00
5.	ਮੁੱਖ ਇੰਜੀਨੀਅਰ, ਸਿੰਚਾਈ	ਰੁਪਏ 2,462.00
6.	ਮੁੱਖ ਇੰਜੀਨੀਅਰ, ਪਬਲਿਕ ਹੈਲਥ	ਰੁਪਏ 120.00
7.	ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ	ਰੁਪਏ 200.00
		ਰੁਪਏ 5262.00 ਲੱਖ

ਮੁੱਖ ਕੰਮਾਂ, ਜਿਨ੍ਹਾਂ ਲਈ ਉਪਰੋਕਤ ਰਕਮਾਂ ਰਿਲੀਜ਼ ਕੀਤੀਆਂ ਗਈਆਂ ਸਨ, ਦਾ ਵੇਰਵਾ ਨਿਮਨ ਅਨੁਸਾਰ ਹੈ :—

1. ਫੋਕਲ ਪੁਆਇੰਟ ਸਕੀਮ ਲਈ।
2. ਪੇਂਡੂ ਲਿੰਕ ਸੜਕਾਂ ਦੀ ਮੁਰੰਮਤ ਉਸਾਰੀ ਕਰਨ ਅਤੇ ਚੌੜਾ ਕਰਨ ਲਈ।
3. ਖੇਤੀਬਾੜੀ ਦੇ ਵਿਕਾਸ ਲਈ।
4. ਹੜ੍ਹਾਂ ਦੀ ਰੋਕਥਾਮ ਲਈ।
5. ਡਰੇਨੇਜ਼ ਕੰਮਾਂ ਲਈ।
6. ਪਿੰਡਾਂ ਵਿਚ 24 ਘੰਟੇ ਬਿਜਲੀ ਸਪਲਾਈ ਲਈ।

ਬੀਮਾਸ਼ੁਦਾ ਵਿਅਕਤੀਆਂ ਦੇ ਪੈਂਡਿੰਗ ਮੈਡੀਕਲ ਕਲੇਮਜ਼

348. **ਕਾਮਰੇਡ ਹਰਦੇਵ ਸਿੰਘ ਅਰਸ਼ੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, 1995 ਤੋਂ ਦਸੰਬਰ, 1998 ਤੱਕ ਮੁਹਾਲੀ ਵਿਖੇ ਈ. ਐਸ. ਆਈ. ਹਸਪਤਾਲ ਅਤੇ ਦੋਹਾਂ ਈ. ਐਸ. ਆਈ. ਡਿਸਪੈਂਸਰੀਆਂ ਵਿਚ ਪ੍ਰਤਿ-ਪੂਰਤੀ ਲਈ ਪੈਂਡਿੰਗ ਪਏ ਡਾਕਟਰੀ ਖਰਚਿਆਂ ਦੇ ਕਲੇਮਜ਼ ਦੇ ਸਾਲ-ਵਾਰ ਅਤੇ ਬੀਮਾ-ਸ਼ੁਦਾ ਵਿਅਕਤੀਆਂ ਵਾਰ ਵੇਰਵੇ ਕੀ ਹਨ ਅਤੇ ਹਰ ਇਕ ਕੇਸ ਵਿਚ ਕਲੇਮਜ ਦੀ ਰਕਮ ਕਿੰਨੀ-ਕਿੰਨੀ ਹੈ ਅਤੇ ਹਰ ਇਕ ਮੈਡੀਕਲ ਕਲੇਮਜ਼ ਕਿਸ ਸਮੇਂ ਨਾਲ ਸਬੰਧਿਤ ਹੈ ;

(ਅ) ਉਨ੍ਹਾਂ ਡਾਕਟਰੀ ਖਰਚਿਆਂ ਦੇ ਕਲੇਮਜ਼ ਦੇ ਵੇਰਵੇ ਕੀ ਹਨ ਜਿਨ੍ਹਾਂ ਲਈ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਲਾਂ ਦੌਰਾਨ ਬੀਮਾ-ਸ਼ੁਦਾ ਵਿਅਕਤੀਆਂ ਨੂੰ ਪ੍ਰਤਿਪੂਰਤੀ ਕੀਤੀ ਗਈ ਹੈ ;

(ੲ) ਉਪਰੋਕਤ ਭਾਗ (ੳ) ਵਿਚ ਵਰਣਿਤ ਕਲੇਮਜ਼ ਵਿਚੋਂ ਬਾਕੀ ਰਹਿੰਦੇ ਕਲੇਮਜ਼ ਦੀ ਪ੍ਰਤਿਪੂਰਤੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਮਨੋਰੰਜਨ ਕਾਲੀਆ : (ੳ) ਲੰਬਿਤ ਪਏ ਕਲੇਮਾਂ ਦੀ ਕੁੱਲ ਗਿਣਤੀ 3546 ਹੈ । ਕਿਉਂਕਿ ਇਹ ਸੂਚਨਾ ਬਹੁਤ ਵਿਸਥਾਰਮਈ ਹੈ, ਇਸ ਲਈ ਇਹ ਸਦਨ ਦੀ ਮੇਜ਼ ਤੇ ਨਹੀਂ ਰੱਖੀ ਜਾ ਰਹੀ ।

(ਅ) ਅਦਾਇਗੀ ਕੀਤੇ ਜਾ ਚੁੱਕੇ ਕਲੇਮਾਂ ਦੀ ਕੁੱਲ ਗਿਣਤੀ 9157 ਹੈ । ਇਹ ਸੂਚਨਾ ਵਿਸਥਾਰਮਈ ਹੋਣ ਕਰਕੇ ਸਦਨ ਦੀ ਮੇਜ਼ ਤੇ ਨਹੀਂ ਰੱਖੀ ਜਾ ਰਹੀ ।

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਲੇਮਾਂ ਵਿਚੋਂ ਬਾਕੀ ਰਹਿੰਦੇ ਕਲੇਮਾਂ ਦੀ ਪ੍ਰਤੀਪੂਰਤੀ ਤਰੁੱਟੀ-ਰਹਿਤ ਕਲੇਮ ਪ੍ਰਾਪਤ ਹੋਣ ਤੇ ਅਤੇ ਸਾਲ 1999-2000 ਵਿਚ ਬਜਟ ਉਪਲਬਧ ਹੋਣ ਉਪਰੰਤ ਕਰ ਦਿੱਤੀ ਜਾਵੇਗੀ ।

ਆਈ. ਟੀ. ਆਈ. (ਇਸਤਰੀਆਂ) ਗੁਰਦਾਸਪੁਰ ਵਿਚ ਦਾਖਲਾ

362. **ਕਾਮਰੇਡ ਹਰਦੇਵ ਸਿੰਘ ਅਰਸ਼ੀ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜਨਵਰੀ, ਫਰਵਰੀ, 1999 ਦੌਰਾਨ ਗੁਰਦਾਸਪੁਰ ਵਿਚ ਆਈ. ਟੀ. ਆਈ. (ਇਸਤਰੀਆਂ) ਵਿਚ ਅਧਿਆਪਕ ਟ੍ਰੇਨਿੰਗ ਕੋਰਸ ਦੇ ਭਾਗ-III ਵਿਚ ਦਾਖਲੇ ਲਈ ਖੇਡ ਕੋਟੇ ਹੇਠ ਰਾਖਵੀਆਂ ਸੀਟਾਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਉਨ੍ਹਾਂ ਉਮੀਦਵਾਰਾਂ ਦੇ ਨਾਂ ਅਤੇ ਪਤੇ ਕੀ-ਕੀ ਹਨ, ਜਿਨ੍ਹਾਂ ਨੇ ਉਕਤ ਸੰਸਥਾ ਵਿਚ ਉਕਤ ਕੋਰਸ ਲਈ ਦਾਖਲੇ ਲਈ ਦਰਖਾਸਤ ਦਿੱਤੀ ਸੀ ;

(ੲ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਉਮੀਦਵਾਰਾਂ ਪਾਸ ਡਾਇਰੈਕਟਰ, ਸਪੋਰਟਸ, ਪੰਜਾਬ ਦੁਆਰਾ ਜਾਰੀ ਕੀਤਾ ਗਿਆ ਗਰੇਡੇਸ਼ਨ ਸਰਟੀਫਿਕੇਟ ਸੀ ;

(ਸ) ਕੀ ਇਹ ਠੀਕ ਹੈ ਕਿ ਚੋਣ ਕਮੇਟੀ ਦੁਆਰਾ ਖੇਡਾਂ (ਇਸਤਰੀਆਂ) ਲਈ ਰਾਖਵੀਆਂ ਰੱਖੀਆਂ ਗਈਆਂ ਸੀਟਾਂ ਆਮ-ਸ਼੍ਰੇਣੀ ਨੂੰ ਤਬਦੀਲ ਕਰ ਦਿੱਤੀਆਂ ਗਈਆਂ ਸਨ ; ਜੇਕਰ ਅਜਿਹਾ ਹੋਵੇ ਤਾਂ ਅਜਿਹਾ ਕਰਦੇ ਸਮੇਂ ਕਮੇਟੀ ਦੁਆਰਾ ਕੀ ਕਸੌਟੀ ਅਪਣਾਈ ਗਈ ?

ਡਾਕਟਰ ਉਪਿੰਦਰਜੀਤ ਕੌਰ : (ੳ) ਸ੍ਰੀਮਾਨ ਜੀ, ਇੱਕ ।

(ਅ) 1. ਮਿਸ ਇਕਬਾਲਜੀਤ ਕੌਰ ਪੁੱਤਰੀ ਸ੍ਰੀ ਦੁਰਗਾ ਸਿੰਘ, .. ਪਿੰਡ ਗਾਲੋਵਾਲ, ਡਾਕਖਾਨਾ ਸ੍ਰੀ ਹਰਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ।

2. ਮਿਸ ਬਲਵਿੰਦਰ ਕੌਰ ਪੁੱਤਰੀ ਸ੍ਰੀ ਗੁਰਦਿਆਲ ਸਿੰਘ .. ਨੇੜੇ ਪੰਜਾਬ ਨੈਸ਼ਨਲ ਪਬਲਿਕ ਸਕੂਲ, ਮਹਿਤਾ ਚੌਂਕ, ਜ਼ਿਲ੍ਹਾ ਗੁਰਦਾਸਪੁਰ ।

3. ਮਿਸ ਜਤਿੰਦਰ ਕੌਰ ਪੁੱਤਰੀ ਸ੍ਰੀ ਗੁਰਜੀਤ ਸਿੰਘ .. ਪਿੰਡ ਬੱਲ, ਡਾਕਖਾਨਾ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ।

4. ਮਿਸ ਮਨਿੰਦਰ ਕੌਰ ਪੁੱਤਰੀ ਸ੍ਰੀ ਕੰਵਲਜੀਤ ਸਿੰਘ .. ਮਕਾਨ ਨੰ: 22/12, ਨੰਗਲ ਕੋਟਲੀ ਮੰਡੀ, ਗੁਰਦਾਸਪੁਰ ।

5. ਮਿਸ ਅਨੁਰਾਧਾ ਪੁੱਤਰੀ ਸ੍ਰੀ ਸਤਪਾਲ ਸ਼ਰਮਾ .. ਮਕਾਨ ਨੰ: 343/4, ਮੁਹੱਲਾ ਪ੍ਰੇਮ ਨਗਰ, ਗੁਰਦਾਸਪੁਰ ।

6. ਮਿਸ ਸੁਖਜਿੰਦਰ ਕੌਰ ਪੁੱਤਰੀ ਸ੍ਰੀ ਸੁਰਜੀਤ ਸਿੰਘ .. ਪਿੰਡ ਅਤੇ ਡਾਕਖਾਨਾ ਰਾਜਾਤਾਲ, ਜ਼ਿਲ੍ਹਾ ਅੰਮ੍ਰਿਤਸਰ ।

(ੲ) ਜੀ ਸ੍ਰੀਮਾਨ ਜੀ, ਸਿਰਫ ਇਕ ਉਮੀਦਵਾਰ ਮਿਸ ਮਨਿੰਦਰ ਕੌਰ ਪੁੱਤਰੀ ਸ੍ਰੀ ਕੰਵਲਜੀਤ ਸਿੰਘ (ਉਪਰੋਕਤ ਪੈਰ੍ਹਾ-ਅ ਦੇ ਲੜੀ ਨੰ: 4 ਅਨੁਸਾਰ) ।

(ਸ) ਜੀ ਸ੍ਰੀਮਾਨ ਜੀ, ਕਿਉਂਕਿ ਮਿਸ ਮਨਿੰਦਰ ਕੌਰ ਪੁੱਤਰੀ ਸ੍ਰੀ ਕੰਵਲਜੀਤ ਸਿੰਘ ਇੰਟਰਵਿਊ ਲਈ ਹਾਜ਼ਰ ਨਹੀਂ ਹੋਈ ਅਤੇ ਹੋਰ ਕੋਈ ਯੋਗ ਉਮੀਦਵਾਰ ਇਸ ਕੈਟਾਗਰੀ ਅਧੀਨ ਉਪਲਬਧ ਨਹੀਂ ਸੀ ।

ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 374*

(ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 374 ਦੀ ਐਕਸਟੈਨਸ਼ਨ ਮੰਗੀ ਗਈ ਹੈ ।)

D.O. No. 2/30/99-2FD2/Spl.

MADAN MOHAN MITTAL

Minister,
Food & Supplies Department, Punjab,
Chandigarh.

18th March, 1999.

Subject :—Unstarred question No. 374 listed for 19-3-1999.

Dear Shri Atwal ji

Unstarred question No. 374 raised by Smt. Laxmi Kanta Chawla, M.L.A. has been listed for 19-3-1999. The question has been received on 15-3-1999 and requires collection of data from

*For Unstarred Question No. 374 and Reply thereto. Please see Appendix to this Debate.

all the districts with respect to details of depots allotted in the state since 1-4-1997. Keeping in view the voluminous nature of data, it is difficult for the Department to collect and tabulate the same within the prescribed period. It is requested that the extension of atleast two weeks may please be granted for submitting the reply to the said question.

With regards,

Yours sincerely,

Sd/-

(Madan Mohan Mittal)

S. Charnjit Singh Atwal,
Speaker,
Punjab Vidhan Sabha,
Chandigarh.

STATEMENT MADE IN REPLY TO MATTER RAISED DURING ZERO HOUR

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਸਦਨ ਦਾ ਧਿਆਨ ਇਕ ਬੜੇ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਜੀ ਵੱਲੋਂ ਇੰਡੀਅਨ ਐਕਸਪ੍ਰੈਸ ਵਿਚ ਇਕ ਸਟੇਟਮੈਂਟ ਆਈ ਹੈ--POWER FROM PUNJAB TO KEEP ** HAPPY—Badal promises 100 MW of power annually to Tamil Nadu. ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਬਿਜਲੀ ਸਰਪਲਸ ਨਹੀਂ ਹੈ ਔਰ ਪੰਜਾਬ ਦੇ ਲੋਕਾਂ ਨੂੰ ਬਿਜਲੀ ਦੀ ਬਹੁਤ ਲੋੜ ਹੈ। ਅੱਜ ਪੰਜਾਬ ਵਿਚ ਬਹੁਤ ਸਾਰੀ ਇੰਡਸਟਰੀ ਬਿਜਲੀ ਨਾ ਮਿਲਣ ਕਰਕੇ ਬੰਦ ਹੋ ਚੁੱਕੀ ਹੈ ਅਤੇ ਬਿਜਲੀ ਦੀ ਬਹੁਤ ਪਰਾਬਲਮ ਹੈ। ਬਿਜਲੀ ਦੀ ਕੱਟ ਵੀ ਬਹੁਤ ਲੱਗਦੀ ਹੈ। ਕਿਸਾਨਾਂ ਨੂੰ ਫਸਲ ਪਾਲਣ ਲਈ ਬਿਜਲੀ ਨਹੀਂ ਮਿਲ ਰਹੀ। ਸਪੀਕਰ ਸਾਹਿਬ, ਇਹ ਇਕ ਬੜਾ ਹੀ ਅਹਿਮ ਮਸਲਾ ਹੈ ਕਿਉਂਕਿ ਆਪਣੀ ਸਟੇਟ ਕੋਲ 100 ਮੈਗਾਵਾਟ ਬਿਜਲੀ ਸਰਪਲਸ ਨਹੀਂ ਹੈ।

**Expunged as orders by the Chair.

ਸ਼੍ਰੀ ਸਪੀਕਰ : ਇਸ ਬਾਰੇ ਤੁਸੀਂ ਗਵਰਨਰ ਐਡਰੈਸ ਤੇ ਬੋਲਦੇ ਸਮੇਂ ਕਹਿ ਸਕਦੇ ਹੋ । (ਵਿਘਨ) ਇਰੀਗੇਸ਼ਨ ਐਂਡ ਪਾਵਰ ਤੇ ਜਿਹੜੀ ਸਪਲੀਮੈਂਟਰੀ ਡੀਮਾਂਡ ਹੈ ਉਸ ਉਤੇ ਕਲ੍ਹ ਸਪੈਸੇਫਿਕਲੀ ਡਿਸਕਸ਼ਨ ਹੋ ਚੁੱਕੀ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਸਾਡਾ ਹੱਕ ਹੈ ਜ਼ੀਰੋ ਆਵਰ ਵਿਚ ਬੋਲਣ ਦਾ ਅਤੇ ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵੱਡੀ ਗੱਲ ਹੈ । 100 ਮੈਗਾਵਾਟ ਬਿਜਲੀ ਨਾਲ ਸੈਂਟਰ ਦੀ ਸਰਕਾਰ ਨੂੰ ਕਾਇਮ ਰੱਖਣ ਵਾਸਤੇ ....

ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ ਮੰਤਰੀ : ** ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਚੌਧਰੀ ਜਗਜੀਤ ਸਿੰਘ : ** ** ** **

Mr. Speaker : Not allowed.

ਕਾਮਰੇਡ ਅਜੈਬ ਸਿੰਘ ਰੌਂਤਾ : ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ ।......(ਵਿਘਨ)

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਨਕੋਦਰ ਦੇ ਮਾਹਿਤਪੁਰ ਥਾਣੇ ਵਿਚ ਇਕ ਦਲਿਤ ਨੂੰ ਕੁੱਟਿਆ ਗਿਆ ਅਤੇ ਨੰਗਾ ਕਰਕੇ ਉਸਦਾ ਜਲੂਸ ਕੱਢਿਆ ਗਿਆ । ਦਲਿਤ ਵਰਗਾਂ ਦੇ ਲੋਕਾਂ ਨਾਲ ਅਤਿਆਚਾਰ ਹੋ ਰਿਹਾ ਹੈ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਕਹਾਂਗਾ ਕਿ ਆਪੋਜ਼ੀਸ਼ਨ ਦਾ ਰੁਤਬਾ ਬਹੁਤ ਵੱਡਾ ਹੁੰਦਾ ਹੈ । ਜਦੋਂ ਤੁਹਾਡੀ ਰੂਲਿੰਗ ਆ ਗਈ ਕਿ ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ਤਾਂ ਬਾਕੀ ਕੋਈ ਗੱਲ ਨਹੀਂ ਰਹਿ ਜਾਂਦੀ । At least the Leader of the Opposition must obey it.

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮਹਿਤਪੁਰ ਥਾਣੇ ਵਿਚ, ਗੁਰਦਿਆਲ ਰਾਮ ਨਾਮ ਦਾ ਇਕ ਵਿਅਕਤੀ ਹੈ ਉਸ ਦੇ ਭਰਾ ਨੇ ਕਿਸੇ ਤੋਂ ਉਧਾਰੇ ਪੈਸੇ ਲਏ ਸੀ । ਉਸਦਾ ਜਿਹੜਾ ਭਰਾ ਹੈ, ਉਹ ਬਾਹਰ ਚਲਾ ਗਿਆ । ਗੁਰਦਿਆਲ ਰਾਮ ਨੂੰ ਥਾਣੇ ਵਿਚ ਬੁਲਾਇਆ ਗਿਆ ਅਤੇ ਨੰਗਾ ਕੀਤਾ ਗਿਆ ਤੇ ਫੇਰ ਕੁੱਟਿਆ ਗਿਆ, ਉਸ ਦਾ ਜਲੂਸ ਕੱਢਿਆ ਗਿਆ । ਨੰਗਾ ਕਰਕੇ ਉਸਦਾ ਜਲੂਸ ਕੱਢਿਆ ਗਿਆ । ਇਹ ਦਲਿਤਾਂ ਨਾਲ ਏਨਾ ਧੱਕਾ ਪੁਲਿਸ ਵੱਲੋਂ ਕੀਤਾ ਜਾ ਰਿਹਾ ਹੈ । ਉਸ ਨੂੰ ਥਾਣੇ ਵਿਚ ਬੁਲਾ ਕੇ ਇਸ ਤਰ੍ਹਾਂ ਦੀ ਗੱਲ ਕੀਤੀ ਜਾਵੇ, ਤਾਂ ਬਹੁਤ ਵੱਡਾ ਧੱਕਾ ਹੈ ।

**Expunged as ordered by the Chair.

ਸ਼੍ਰੀ ਸਪੀਕਰ : ਰੰਧਾ ਜੀ ।

ਕਾਮਰੇਡ ਅਜੈਬ ਸਿੰਘ ਰੰਧਾਵਾ : ਸਪੀਕਰ ਸਾਹਿਬ, 11 ਫਰਵਰੀ ਤੋਂ 3000 ਵਰਕਰ ਓ. ਸੀ. ਐਮ. ਮਿੱਲ, ਅੰਮ੍ਰਿਤਸਰ ਦੇ ਹੜਤਾਲ ਤੇ ਹਨ ਅਤੇ ਉਥੇ ਜੰਗਲ ਦਾ ਰਾਜ ਹੈ । ਉਥੇ ਕੋਈ ਲੇਬਰ ਲਾਅ ਲਾਗੂ ਨਹੀਂ ਹੋ ਰਿਹਾ । ਅਸੀਂ ਆਪਣੀ ਪਾਰਟੀ ਦੇ ਸਾਥੀ ਕਾਮਰੇਡ ਅਰਸ਼ੀ ਅਤੇ ਜੋਗਿੰਦਰ ਦਿਆਲ ਦੇ ਨਾਲ ਮੁੱਖ ਮੰਤਰੀ ਜੀ ਨੂੰ ਮਿਲੇ ਸੀ ਅਤੇ ਇਨ੍ਹਾਂ ਨੇ ਸਾਨੂੰ ਭਰੋਸਾ ਦਿਵਾਇਆ ਸੀ ਕਿ ਜਲਦੀ ਹੀ ਡਿਪਟੀ ਕਮਿਸ਼ਨਰ ਅਤੇ ਲੇਬਰ ਕਮਿਸ਼ਨਰ ਨੂੰ ਭੇਜ ਕੇ ਮਿੱਲ ਦੇ ਵਰਕਰ ਜੋ ਹੜਤਾਲ ਤੇ ਹਨ ਅਤੇ ਮੈਨੇਜਮੈਂਟ ਵਿਚਕਾਰ ਆਪਸ ਵਿਚ ਗੱਲ ਕਰਾਈ ਜਾਵੇਗੀ । ਉਥੇ ਡੀ. ਸੀ. ਸਾਹਿਬ ਦੀ ਡਿਊਟੀ ਲਾਈ ਗਈ ਪਰ ਬੜੇ ਦੁੱਖ ਦੀ ਗੱਲ ਹੈ ਕਿ ਉਹ ਉਥੇ ਨਹੀਂ ਆਏ । ਉਨ੍ਹਾਂ ਅੱਗੋਂ ਐਸ. ਡੀ. ਐਮ. ਦੀ ਡਿਊਟੀ ਲਾ ਦਿੱਤੀ ਪਰ ਉਥੇ ਐਸ. ਡੀ. ਐਮ. ਵੀ ਨਹੀਂ ਗਿਆ । ਉਥੇ ਹਾਲਾਤ ਕਾਫੀ ਤਨਾਅਪੂਰਨ ਹਨ ਅਤੇ ਵਰਕਰਾਂ ਵਿਚ ਕਾਫੀ ਰਿਜ਼ੈਂਟਮੈਂਟ ਹੈ । ਇਸ ਲਈ ਸਰਕਾਰ ਵਿਚ ਪੈ ਕੇ ਵਰਕਰਜ਼ ਅਤੇ ਮੈਨੇਜਮੈਂਟ ਦੇ ਵਿਚ ਆਪਸੀ ਤਾਲਮੇਲ ਕਰਕੇ ਫੈਸਲਾ ਕਰਾਏ ।

ਸ਼੍ਰੀ ਸਪੀਕਰ : ਰੰਧਾ ਜੀ, ਬੈਠ ਜਾਓ । ਹੁਣ ਮੁੱਖ ਮੰਤਰੀ ਜੀ ਬੋਲਣਗੇ ।

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਜੋ ਮਿੱਲ ਦੇ ਵਰਕਰਜ਼ ਦੇ ਝਗੜੇ ਬਾਰੇ ਕਿਹਾ ਹੈ, ਮੈਨੂੰ ਇਹ ਸਾਰੇ ਇਕ ਦਿਨ ਆ ਕੇ ਮਿਲੇ ਸਨ ਡੈਪੂਟੇਸ਼ਨ ਦੇ ਤੌਰ ਤੇ ਅਤੇ ਮੈਂ ਲੇਬਰ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਦੋਵਾਂ ਦੀ ਡਿਊਟੀ ਲਾਈ ਸੀ । ਉਥੇ ਲੇਬਰ ਕਮਿਸ਼ਨਰ ਹੋ ਆਇਆ ਹੈ ਅਤੇ ਲੇਬਰ ਕਮਿਸ਼ਨਰ ਨੇ ਕਿਹਾ ਹੈ ਕਿ ਮੇਰੀ ਮਦਦ ਵਾਸਤੇ ਡੀ. ਸੀ. ਨੂੰ ਵੀ ਨਾਲ ਭੇਜੋ । ਅੱਜ ਮੈਂ ਹੁਣੇ ਹੀ ਵਿਹਲਾ ਹੋ ਕੇ ਡੀ. ਸੀ. ਨੂੰ ਟੈਲੀਫੋਨ ਕਰਾਂਗਾ ਅਤੇ ਲੇਬਰ ਕਮਿਸ਼ਨਰ ਕੋਲ ਭੇਜਾਂਗਾ ਤਾਂ ਕਿ ਦੋਵੇਂ ਸਮਝੌਤਾ ਕਰਾ ਸਕਣ । ਇਸ ਦੇ ਨਾਲ ਹੀ ਮੈਂ ਇਨ੍ਹਾਂ ਨੂੰ, ਇਨ੍ਹਾਂ ਵੀਰਾਂ ਨੂੰ ਵੀ ਕਹਾਂਗਾ ਕਿ ਤੁਸੀਂ ਵੀ ਸਹਿਯੋਗ ਦਿਉ । ਇਕ ਪਾਸਿਉਂ ਸਹਿਯੋਗ ਨਾ ਮਿਲੇ ਤਾਂ ਇਸ ਦਾ ਹੱਲ ਨਹੀਂ ਹੁੰਦਾ । ਇਨ੍ਹਾਂ ਦੇ ਸਹਿਯੋਗ ਨਾਲ ਤੇ ਲੇਬਰ ਕਮਿਸ਼ਨਰ ਅਤੇ ਡੀ. ਸੀ. ਦੀ ਮਦਦ ਨਾਲ ਮਸਲਾ ਹੱਲ ਹੋ ਜਾਵੇਗਾ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਬਿਜਲੀ ਬਾਰੇ ਕੋਈ ਸਟੇਟਮੈਂਟ ਨਹੀਂ ਕੀਤੀ ਅਤੇ ਦਲਿਤਾਂ ਦੇ ਬਾਰੇ ਵੀ ਕੁਝ ਨਹੀਂ ਕਿਹਾ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਦੋਵੇਂ ਗੱਲਾਂ ਦੱਸ ਦੇਂਦਾ ਹਾਂ । ਗੱਲ ਇਕੱਲੀ ਇਹ ਨਹੀਂ ਕਿ ਅਸੀਂ ਤਾਮਿਲਨਾਡੂ ਨੂੰ ਬਿਜਲੀ ਦੇਂਦੇ ਹਾਂ । ਜਦੋਂ ਸਰ ਪਲੱਸਬਿਜਲੀ ਹੁੰਦੀ ਹੈ, ਉਦੋਂ ਕਈ ਵਾਰੀ ਦਿੱਤੀ ਵੀ ਜਾਂਦੀ ਹੈ ਜਾਂ ਕਿਸੇ ਹੋਰ ਕੋਲੋਂ ਸਰਪਲੱਸ ਬਿਜਲੀ ਲੈਂਦੇ ਵੀ ਹਾਂ । ਹੁਣ ਜਿਵੇਂ ਹਿਮਾਚਲ ਅਤੇ ਕਸ਼ਮੀਰ ਨੂੰ ਸਰਦੀਆਂ ਵਿਚ

[ਮੁੱਖ ਮੰਤਰੀ]

ਬਿਜਲੀ ਦੀ ਜ਼ਿਆਦਾ ਲੋੜ ਹੁੰਦੀ ਹੈ। ਅਸੀਂ ਸਰਦੀਆਂ ਵਿਚ ਉਨ੍ਹਾਂ ਨੂੰ ਬਿਜਲੀ ਦੇ ਦੇਂਦੇ ਹਾਂ ਅਤੇ ਗਰਮੀਆਂ ਵਿਚ ਜਦੋਂ ਸਾਨੂੰ ਝੋਨੇ ਲਈ ਬਿਜਲੀ ਦੀ ਲੋੜ ਹੁੰਦੀ ਹੈ, ਅਸੀਂ ਲੈ ਲੈਂਦੇ ਹਾਂ। (ਥੰਪਿੰਗ) ਮੈਂ ਇਸ ਦੇ ਨਾਲ ਇਹ ਜ਼ਰੂਰ ਕਹਾਂਗਾ ਕਿ ਜਦੋਂ ਵੀ ਕੋਈ ਬਿਜਲੀ ਦਿੱਤੀ ਜਾਵੇਗੀ, ਉਹ ਸਰਪਲੱਸ ਦਿੱਤੀ ਜਾਵੇਗੀ, ਪੰਜਾਬ ਦੇ ਲੋਕਾਂ ਦੀ ਜ਼ਰੂਰਤ ਨੂੰ ਕੱਟ ਕਰਕੇ ਨਹੀਂ ਦਿੱਤੀ ਜਾਵੇਗੀ।

ਸਰਦਾਰ ਅਜੀਤ ਇੰਦਰ ਸਿੰਘ ਮੋਫ਼ਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੜਾ ਅਹਿਮ ਮਸਲਾ ਮੁੱਖ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਗਿਦੜਬਾਹਾ/ਗਾਹਕੋਟ ਵਿਚ ਜੋ ਵਾਪਰਿਆ, ਉਸਦੇ ਪਿੱਛੇ ਅਸਲੀਅਤ ਇਹ ਹੈ ਕਿ ਭੁੱਕੀ ਦੀ ਸਮਗਲਿੰਗ ਬਹੁਤ ਜ਼ਿਆਦਾ ਹੋ ਰਹੀ ਹੈ ਅਤੇ ਕਿਸਾਨ ਮਰੇ ਪਏ ਹਨ। ਹਰੇਕ ਕਿਸਾਨ ਭੁੱਕੀ ਖਾ ਰਿਹਾ ਹੈ। ਇਕ ਇਹ ਨਵਾਂ ਪ੍ਰੋਗਰਾਮ ਚਲਿਆ ਹੈ ਕਿ ਕਿਸਾਨ ਆਪਣੇ ਘਰ ਦੇ ਭਾਂਡੇ ਵੇਚਦੇ ਹਨ, ਸਾਈਕਲ ਵੇਚਦੇ ਹਨ ਅਤੇ ਸੱਟੇ ਤੇ ਪੈਸੇ ਲਾਉਂਦੇ ਹਨ। ਇਸ ਦੀ ਇਨਕੁਆਇਰੀ ਕਰਾਉ ਕਿਉਂਕਿ ਜ਼ਿਮੀਂਦਾਰ ਤਾਂ ਪਹਿਲਾਂ ਹੀ ਮਰਿਆ ਪਿਆ ਹੈ। ਭੁੱਕੀ ਦੀ ਸਮਗਲਿੰਗ ਰੋਕੀ ਜਾਣੀ ਚਾਹੀਦੀ ਹੈ ਅਤੇ ਜੋ ਪਿੰਡਾਂ ਵਿਚ ਸੱਟਾ ਬਜ਼ਾਰੀ ਚੱਲ ਰਹੀ ਹੈ, ਜਿਸ ਨਾਲ ਲੋਕਾਂ ਦਾ ਬੜਾ ਬੁਰਾ ਹਾਲ ਹੈ, ਉਸਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ।

ਸ਼੍ਰੀ ਸਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਮੈਂ ਇਕ ਅਹਿਮ ਮਸਲੇ ਵੱਲ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਜੋ ਸਾਡੇ ਲੀਡਰ ਆਫ਼ ਦਿ ਆਪੋਜ਼ੀਸ਼ਨ ਨੇ ਵੀ ਉਠਾਇਆ ਹੈ ਕਿ ਮਹਿਤਪੁਰ ਥਾਣੇ ਵਿਚ ਇਕ ਗਰੀਬ ਮਜ਼ਦੂਰ ਨੂੰ ਨੰਗਾ ਕਰਕੇ ਜ਼ਲੀਲ ਕੀਤਾ ਗਿਆ। ਇਕੱਲਾ ਇਹੀ ਨਹੀਂ, ਅਬੋਹਰ ਵਿਚ ਪਿੰਡ ਭੰਗਰ ਖੇੜਾ ਵਿਚ ਇਕ ਗਰੀਬ ਦਲਿਤ ਔਰਤ ਔਰ ਉਸਦੀ ਲੜਕੀ ਨੂੰ ਨੰਗਾ ਕਰਕੇ, ਟ੍ਰੈਕਟਰ ਤੇ ਬਿਠਾ ਕੇ ਮੂੰਹ ਕਾਲਾ ਕਰਕੇ ਪਿੰਡ ਵਿਚ ਘੁਮਾਇਆ ਗਿਆ। ਮੈਂ ਸਮਝਦਾ ਹਾਂ ਕਿ ਇਹ ਸਾਡੇ ਲਈ ਬਹੁਤ ਵੱਡੀ ਸ਼ਰਮਨਾਕ ਗੱਲ ਹੈ ਜੋ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸਰਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਿਹੜੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਪੰਜਾਬ ਵਿਚ ਹੋ ਰਹੀਆਂ ਹਨ, ਉਹ ਨਾ ਹੋਣ ਔਰ ਇਨ੍ਹਾਂ ਘਟਨਾਵਾਂ ਦੇ ਉਤੇ ਸਰਕਾਰ ਸਖਤੀ ਨਾਲ ਐਕਸ਼ਨ ਲਵੇ। ਜਿਹੜੇ ਸਬੰਧਤ ਅਧਿਕਾਰੀ ਹਨ, ਉਨ੍ਹਾਂ ਨੂੰ ਮੁਅੱਤਲ ਕਰਕੇ ਬਾਕਾਇਦਾ ਉਨ੍ਹਾਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ। ਸਰਕਾਰ ਇਸ ਬਾਰੇ ਹਾਊਸ ਵਿਚ ਵਿਸ਼ਵਾਸ ਦਿਵਾਏ।

ਸਰਦਾਰ ਗੁਰਦੀਪ ਸਿੰਘ ਭੁੱਲਰ : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਮਹਿਤਪੁਰ ਦੀ ਘਟਨਾ ਦੀ ਗੱਲ ਕੀਤੀ ਹੈ, ਉਸ ਦੇ ਬਾਰੇ ਮੈਂ ਦੱਸਦਾ ਹਾਂ ਕਿ ਅਖਬਾਰਾਂ ਦੀ ਉਹ ਖਬਰ ਬਿਲਕੁਲ ਝੂਠੀ ਹੈ। ਜਿਹੜੇ ਬੰਦਿਆਂ ਨੇ ਦਰਖਾਸਤ ਦਿੱਤੀ ਹੈ ਕਿ ਉਸ ਨੇ ਬੰਦਾ ਥਾਣੇ ਵਿਚ ਕੁਟਵਾਇਆ..... ਉਥੇ ਇਕ ਨਿਹੰਗ ਚੈਨ ਸਿੰਘ ਹੈ। ਉਸ

ਨੇ ਆਪ ਹੀ ਬੰਦਾ ਭਜਾ ਦਿੱਤਾ ਅਤੇ ਉਨ੍ਹਾਂ ਬੰਦਿਆਂ ਨੇ ਹੀ ਦਰਖਾਸਤ ਦੇ ਦਿੱਤੀ ਕਿ ਇਸ ਨੇ ਬੰਦਾ ਅਗਵਾ ਕਰ ਲਿਆ ਹੈ । ਉਸ ਦੇ ਘਰ ਦਿਆਂ ਨੇ ਐਫੀਡੇਵਿਟ ਦੇ ਦਿੱਤਾ ਹੈ ਕਿ ਸਾਡਾ ਬੰਦਾ ਉਸ ਨੇ ਨਹੀਂ ਚੁਕਵਾਇਆ ਅਤੇ ਬੰਦਾ ਫਲਾਣੀ ਫਲਾਣੀ ਥਾਂ ਤੇ ਰਿਹਾ ਹੈ......

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਸ ਦਾ ਜਵਾਬ ਇਹ ਕਿਉਂ ਦੇ ਰਹੇ ਹਨ ? ਇਸ ਦਾ ਜਵਾਬ ਤਾਂ ਸਰਕਾਰ ਨੂੰ ਦੇਣਾ ਚਾਹੀਦਾ ਹੈ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਇਹ ਮੇਰੇ ਹਲਕੇ ਦਾ ਮਸਲਾ ਹੈ, ਇਸ ਕਰਕੇ ਮੈਨੂੰ ਪਤਾ ਹੈ । (ਵਿਘਨ)

ਸ਼੍ਰੀ ਸਪੀਕਰ : ਉਹ ਪੁਆਇੰਟ ਆਫ ਆਰਡਰ ਤੇ ਹਨ ।

ਸਰਦਾਰ ਗੁਰਦੀਪ ਸਿੰਘ ਭੁੱਲਰ : ਜਦੋਂ ਸਾਰੇ ਮਸਲੇ ਦੀ ਪੜਤਾਲ ਹੋਈ, ਉਲਟਾ 482 ਦਾ ਕੇਸ ਉਨ੍ਹਾਂ ਸਾਰਿਆਂ ਤੇ ਬਣਦਾ ਸੀ । ਉਸ ਕੇਸ ਤੋਂ ਬਚਣ ਲਈ ਉਨ੍ਹਾਂ ਨੇ ਇਹ ਸਾਰਾ ਡਰਾਮਾ ਰਚਿਆ ਸੀ । ਬੇਸ਼ੱਕ ਇਨਕੁਆਇਰੀ ਕਰਾ ਲਓ । ਇਹ ਬਿਲਕੁਲ ਝੂਠੀ ਖਬਰ ਹੈ । ਕਿਸੇ ਦਲਿਤ ਨੂੰ ਕੁੱਟਿਆ ਨਹੀਂ ਗਿਆ । ਉਲਟਾ ਉਨ੍ਹਾਂ ਤੇ 482 ਦਾ ਕੇਸ ਬਣਦਾ ਹੈ ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਹ ਹਾਊਸ ਨੂੰ ਗੁਮਰਾਹ ਕਰ ਰਹੇ ਹਨ । "ਟ੍ਰਿਬਿਊਨ" ਵਿਚ ਐਡੀ ਵੱਡੀ ਖਬਰ ਲੱਗੀ ਹੈ । ਇਹ ਇਨਕੁਆਇਰੀ ਕਰਾ ਲੈਣ ਅਤੇ ਸੀ. ਐਮ. ਸਾਹਿਬ ਇਸ ਦਾ ਜਵਾਬ ਦੇਣ । ਮੈਂਬਰ ਸਾਹਿਬ ਦਾ ਵੀ ਇਸ ਘਟਨਾ ਨਾਲ ਕੋਈ ਲਿੰਕ ਹੋਣਾ ਹੈ ਜਿਸ ਕਰਕੇ ਇਨ੍ਹਾਂ ਨੂੰ ਇਸ ਦੀ ਜ਼ਿਆਦਾ ਜਾਣਕਾਰੀ ਹੈ । ਸਾਡੀ ਮੰਗ ਹੈ ਕਿ ਸੀ. ਐਮ. ਸਾਹਿਬ ਇਸ ਬਾਰੇ ਹਾਊਸ ਵਿਚ ਸਟੇਟਮੈਂਟ ਦੇਣ । ਇਹ ਠੀਕ ਵਾਕਿਆ ਹੈ, ਬੇਸ਼ੱਕ ਇਹ ਇਸ ਦੀ ਇਨਕੁਆਇਰੀ ਕਰਾ ਲੈਣ । ਜੇ ਦਲਿਤਾਂ ਨਾਲ ਇਸੇ ਤਰ੍ਹਾਂ ਧੱਕਾ ਹੋਣਾ ਹੈ ਤਾਂ ਕੋਈ ਵੀ ਦਲਿਤ ਸੇਫ ਨਹੀਂ ਹੋਵੇਗਾ । ਸੀ. ਐਮ. ਸਾਹਿਬ ਬਹੁਤ ਵਾਰ ਕਹਿੰਦੇ ਰਹਿੰਦੇ ਹਨ ਕਿ ਅਸੀਂ ਦਲਿਤਾਂ ਦਾ ਬਹੁਤ ਖਿਆਲ ਰੱਖਦੇ ਹਾਂ ਲੇਕਿਨ ਇਥੇ ਤਾਂ ਦਲਿਤਾਂ ਨਾਲ ਧੱਕਾ ਹੋ ਰਿਹਾ ਹੈ । ਇਹ ਇਨਕੁਆਇਰੀ ਕਰਾ ਲੈਣ, ਜੇ ਕਿਸੇ ਦਲਿਤ ਦਾ ਕਸੂਰ ਹੋਇਆ, ਸਾਬਤ ਹੋ ਜਾਵੇ ਤਾਂ ਉਸ ਨੂੰ ਵੀ ਸਜ਼ਾ ਦੇ ਦੇਣ । ਜਿਹੜਾ ਵੀ ਦੋਸ਼ੀ ਸਾਬਤ ਹੋਵੇ, ਉਸ ਨੂੰ ਸਜ਼ਾ ਦਿੱਤੀ ਜਾਵੇ ਲੇਕਿਨ ਗੌਰਮਿੰਟ ਇਸ ਤੇ ਐਕਸ਼ਨ ਜ਼ਰੂਰ ਲਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਵੀ ਇਹੋ ਜਿਹੀਆਂ ਖਬਰਾਂ ਅਖਬਾਰਾਂ ਵਿਚ ਆਉਂਦੀਆਂ ਹਨ, ਉਨ੍ਹਾਂ ਬਾਰੇ ਮੈਂ ਫੌਰਨ ਐਸ. ਐਸ. ਪੀਜ਼. ਨੂੰ ਕਹਿੰਦਾ ਹਾਂ ਕਿ ਇਸ ਦੀ ਇਨਕੁਆਇਰੀ ਕਰਕੇ ਮੁਕੰਮਲ ਵਾਕਫੀਅਤ ਮੇਰੇ ਧਿਆਨ ਵਿਚ ਲਿਆਓ । ਇਹ ਜਿਹੜਾ ਸਵਾਲ ਉਠਾਇਆ ਗਿਆ ਹੈ, ਇਸ ਦੇ ਬਾਰੇ ਮੈਂ ਪਹਿਲਾਂ ਹੀ ਐਸ.

[ਮੁੱਖ ਮੰਤਰੀ]

ਐਸ. ਪੀ. ਨੂੰ ਆਖ ਦਿੱਤਾ ਹੈ ਕਿ ਸਾਰੇ ਫੈਕਟਸ ਜਾ ਕੇ ਪਤਾ ਕਰੋ ਅਤੇ ਮੇਰੇ ਧਿਆਨ ਵਿਚ ਲਿਆਓ । ਜਦੋਂ ਮੈਨੂੰ ਸਾਰੀ ਗੱਲ ਦਾ ਪਤਾ ਲੱਗ ਜਾਵੇਗਾ ਤਾਂ ਮੈਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੂੰ ਪਰਸਨਲੀ ਜਾਂ ਟੈਲੀਫੋਨ ਕਰਕੇ ਦੱਸ ਦਿਆਂਗਾ । (ਥੰਪਿੰਗ)

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਇਕ ਰਿਕੁਐਸਟ ਕਰਨੀ ਚਾਹੁੰਦਾ ਹਾਂ । ਬੀ. ਏ. ਸੀ. ਦੀ ਰਿਪੋਰਟ ਵਿਚ ਜਿਹੜਾ ਹਾਊਸ ਦਾ ਬਿਜ਼ਨਿਸ ਸੈਟਲ ਹੋਇਆ ਹੈ, ਉਸ ਮੁਤਾਬਿਕ 24 ਤਰੀਕ ਨੂੰ ਬਜਟ ਪੇਸ਼ ਕਰਨ ਦਾ ਸਮਾਂ 10-00 ਵਜੇ ਰੱਖਿਆ ਗਿਆ ਹੈ ਲੇਕਿਨ ਮੇਰੀ ਬੇਨਤੀ ਇਹ ਹੈ ਕਿ 24 ਤਰੀਕ ਨੂੰ ਨੌਰਾਤਿਆਂ ਦੀ ਪੂਜਾ ਹੈ ਅਤੇ ਮੇਰਾ ਖਿਆਲ ਹੈ ਕਿ ਸਾਡੇ ਵਿਚੋਂ ਬਹੁਤ ਸਾਰਿਆਂ ਨੇ ਇਸ ਵਜ੍ਹਾ ਕਰਕੇ ਲੇਟ ਆਉਣਾ ਹੈ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ 10-00 ਵਜੇ ਦਾ ਸਮਾਂ ਬਦਲ ਕੇ 2-00 ਵਜੇ ਕਰ ਦਿੱਤਾ ਜਾਵੇ ਤਾਂ ਕਿ ਅਸੀਂ ਸਾਰੇ ਆਪਣੀ ਪੂਜਾ ਪਾਠ ਕਰਕੇ ਇਥੇ ਆਈਏ ।

ਸ੍ਰੀ ਸਪੀਕਰ : ਇਹ ਬਿਜ਼ਨਿਸ ਹਾਊਸ ਨੇ ਅਡਾਪਟ ਕਰ ਲਿਆ ਹੈ, ਇਸ ਕਰਕੇ ਹੁਣ ਇਸ ਦੇ ਵਿਚ ਅਸੀਂ ਕੋਈ ਚੇਂਜ ਨਹੀਂ ਕਰ ਸਕਦੇ ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਪੰਜਾਬ ਵਿਚ ਪੰਜਾਬੀ ਲਾਗੂ ਹੈ । ਵਿਧਾਨ ਸਭਾ ਵਿਚ ਵੀ ਪੰਜਾਬੀ ਲਾਗੂ ਹੈ । ਇਸ ਕਰਕੇ ਵਿਧਾਨ ਸਭਾ ਵਿਚ ਜਿਹੜੇ ਮੈਂਬਰ ਨੇ ਪੰਜਾਬੀ ਵਿਚ ਕਾਗਜ਼ ਲੈਣਾ ਹੈ ਲਿਖ ਕੇ ਦੇਣ, ਉਸੇ ਭਾਸ਼ਾ ਵਿਚ ਉਨ੍ਹਾਂ ਨੂੰ ਮੈਟੀਰੀਅਲ ਦਿੱਤਾ ਜਾਵੇ, ਦੂਜੀਆਂ ਭਾਸ਼ਾਵਾਂ ਵਿਚ ਨਾ ਦਿੱਤਾ ਜਾਵੇ । ਜੇ ਕੋਈ ਮੈਂਬਰ ਕਿਸੇ ਇਕ ਭਾਸ਼ਾ ਵਿਚ ਮੈਟੀਰੀਅਲ ਲੈਂਦਾ ਹੈ ਤਾਂ ਉਸ ਨੂੰ ਹੋਰ ਭਾਸ਼ਾ ਵਿਚ ਮੈਟੀਰੀਅਲ ਨਾ ਦਿੱਤਾ ਜਾਵੇ । ਮਤਲਬ ਇਕੋ ਹੀ ਭਾਸ਼ਾ ਵਿਚ ਮੈਟੀਰੀਅਲ ਦਿੱਤਾ ਜਾਣਾ ਚਾਹੀਦਾ ਹੈ । ਇਹ ਜੋ ਦੋ-ਦੋ ਭਾਸ਼ਾਵਾਂ ਵਿਚ ਮੈਟੀਰੀਅਲ ਤਿਆਰ ਹੁੰਦਾ ਹੈ, ਇਸ ਨਾਲ ਖਰਚਾ ਵੀ ਜ਼ਿਆਦਾ ਹੁੰਦਾ ਹੈ ਅਤੇ ਮਿਹਨਤ ਵੀ ਜ਼ਿਆਦਾ ਹੁੰਦੀ ਹੈ । ਇਸ ਕਰਕੇ ਇਕੋ ਹੀ ਭਾਸ਼ਾ ਵਿਚ ਮੈਟੀਰੀਅਲ ਤਿਆਰ ਕੀਤਾ ਜਾਵੇ ਅਤੇ ਖਰਚਾ ਘਟਾਇਆ ਜਾਵੇ ।

ਸ੍ਰੀ ਸਪੀਕਰ : ਰਿਪੋਰਟਾਂ ਪੇਸ਼ ਕਰਨਾ । ਗੁਸਾਈਂ ਜੀ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਸਪੀਕਰ ਸਾਹਿਬ, ਇਕ ਕਲੈਰੀਫਿਕੇਸ਼ਨ ਹੈ. . . . . .

ਸ੍ਰੀ ਸਪੀਕਰ : ਇਹ ਡਿਊ ਨਹੀਂ ਹੈ । ਜੇ ਡਿਊ ਹੁੰਦੀ ਤਾਂ ਮੈਂ ਜ਼ਰੂਰ ਇਸ ਤੇ ਵਿਚਾਰ ਕਰ ਲੈਣਾ ਸੀ । ਸ੍ਰੀ ਸੱਤ ਪਾਲ ਗੋਸਾਈਂ ਜੀ ।

PRESENTATION OF REPORTS OF COMMITTEES

(i) Committee on Public Undertakings

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ੍ਰੀ ਸੱਤਪਾਲ ਗੋਸਾਈਂ) : ਸ੍ਰੀਮਾਨ ਜੀ, ਮੈਂ ਪੰਜਾਬ ਵਿੱਤ ਕਾਰਪੋਰੇਸ਼ਨ ਦੇ ਆਮ ਕੰਮ-ਕਾਰ ਸਬੰਧੀ ਸਾਲ 1998-99 ਲਈ ਸਰਕਾਰੀ ਕਾਰੋਬਾਰ ਕਮੇਟੀ ਦੀ 60ਵੀਂ ਰਿਪੋਰਟ ਪੇਸ਼ ਕਰਦਾ ਹਾਂ ।

(ii) **Committee on Subordinate Legislation**

ਸਭਾਪਤੀ, ਅਧੀਨ ਵਿਧਾਨ ਕਮੇਟੀ (ਸ੍ਰੀ ਸੱਤਿਆ ਪਾਲ ਸੈਣੀ) : ਸ੍ਰੀਮਾਨ ਜੀ, ਮੈਂ ਸਾਲ 1998-99 ਲਈ ਅਧੀਨ ਵਿਧਾਨ ਕਮੇਟੀ ਦੀ 28ਵੀਂ ਰਿਪੋਰਟ ਪੇਸ਼ ਕਰਦਾ ਹਾਂ ।

(iii) **Committee on Papers Laid/to be Laid on the Table**

ਸਭਾਪਤੀ, ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਕਮੇਟੀ (ਸਰਦਾਰ ਤਾਰਾ ਸਿੰਘ ਲਾਡਲ) : ਸ੍ਰੀਮਾਨ ਜੀ, ਮੈਂ ਸਾਲ 1998-99 ਲਈ ਮੇਜ਼ ਤੇ ਰੱਖੇ ਗਏ/ਰੱਖੇ ਜਾਣ ਵਾਲੇ ਕਾਗਜ਼-ਪੱਤਰਾਂ ਸਬੰਧੀ ਕਮੇਟੀ ਦੀ 10ਵੀਂ ਰਿਪੋਰਟ ਪੇਸ਼ ਕਰਦਾ ਹਾਂ ।

(iv) **Committee on Government Assurances**

ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਨੱਥਾ ਸਿੰਘ ਦਾਲਮ) :

ਸ੍ਰੀਮਾਨ ਜੀ, ਮੈਂ ਸਾਲ 1998-99 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 32ਵੀਂ ਰਿਪੋਰਟ ਪੇਸ਼ ਕਰਦਾ ਹਾਂ ।

RESUMPTION OF DISCUSSION ON THE GOVERNOR'S ADDRESS AND VOTING ON MOTION OF THANKS

ਸ੍ਰੀ ਸਪੀਕਰ : ਰਾਜਪਾਲ ਦੇ ਭਾਸ਼ਣ ਤੇ ਮੁੜ ਬਹਿਸ ਆਰੰਭ ਹੋਵੇਗੀ । ਕਾਮਰੇਡ ਹਰਦੇਵ ਸਿੰਘ ਅਰਸ਼ੀ ਅਤੇ ਕਾਮਰੇਡ ਅਜੈਬ ਸਿੰਘ ਰੋਂਤਾ ਵੱਲੋਂ ਰਾਜਪਾਲ ਜੀ ਦੇ ਧੰਨਵਾਦ ਦੇ ਪ੍ਰਸਤਾਵ ਤੇ ਸੋਧ ਦਾ ਜੋ ਨੋਟਿਸ ਦਿੱਤਾ ਗਿਆ ਹੈ, ਉਸ ਨੂੰ ਪੜ੍ਹਿਆ ਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ ।

1. **ਕਾਮਰੇਡ ਹਰਦੇਵ ਸਿੰਘ ਅਰਸ਼ੀ** :
2. **ਕਾਮਰੇਡ ਅਜੈਬ ਸਿੰਘ ਰੋਂਤਾ** :

} ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ

ਪ੍ਰਸਤਾਵ ਵਿੱਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ, ਅਰਥਾਤ :— "ਜਿਥੇ ਤ੍ਰੈ-ਸ਼ਤਾਬਦੀ ਜਸ਼ਨਾਂ ਲਈ ਰੱਖੇ ਫੰਡ ਇਸ ਦੇ ਉਦੇਸ਼ਾਂ ਦੇ ਪਰਚਾਰ ਲਈ ਵਰਤੇ ਜਾਣਗੇ, ਉਥੇ ਨਾਲ

[ਕਾਮਰੇਡ ਹਰਦੇਵ ਸਿੰਘ ਅਰਸ਼ੀ]

ਹੀ ਸਰਬੱਤ ਦੇ ਭਲੇ ਨੂੰ ਸਾਕਾਰ ਕਰਨ ਹਿੱਤ ਨਰੋਏ ਉਦਮਾਂ ਲਈ ਵੀ ਵਰਤੇ ਜਾਣਗੇ । ਅੱਜ ਵਕਤ ਦਾ ਤਕਾਜ਼ਾ ਹੈ ਕਿ ਸਭ ਸੂਬਿਆਂ ਤੋਂ ਅਮੀਰ ਪੰਜਾਬ "ਵਿਦਿਆ ਵਿਚਾਰੀ ਪਰਉਪਕਾਰੀ" ਦੀ ਦਾਤ ਘਰ-ਘਰ ਪਹੁੰਚਾਏ । ਇਸ ਲਈ ਅੱਠਵੀਂ ਤੱਕ ਦੀ ਵਿਦਿਆ ਅਮਲੀ ਰੂਪ ਵਿੱਚ ਮੁਫਤ ਤੇ ਲਾਜ਼ਮੀ ਕੀਤੀ ਜਾਵੇਗੀ, ਤੇ ਹਰ ਵਰਗ ਦੇ ਗਰੀਬ ਬੱਚਿਆਂ ਨੂੰ ਸਕੂਲਾਂ ਵਿੱਚ ਲਿਆਉਣ/ਪ੍ਰੇਰਤ ਕਰਨ ਲਈ ਵਜ਼ੀਫੇ ਦਿੱਤੇ ਜਾਣਗੇ । ਸਮੂਹ ਵਰਗਾਂ ਲਈ ਜਮ੍ਹਾਂ ਦੋ ਤੱਕ ਦੀ ਤਾਲੀਮ ਤੇ ਇਸਤਰੀਆਂ ਲਈ ਗਰੇਜੂਏਸ਼ਨ ਤੱਕ ਦੀ ਤਾਲੀਮ ਅਮਲੀ ਰੂਪ ਵਿੱਚ ਮੁਫਤ ਕੀਤੀ ਜਾਵੇਗੀ ।

ਤ੍ਰੈਸ਼ਤਾਬਦੀ ਦੇ ਸਨਮਾਨ ਹਿੱਤ ਇਕ ਸਾਲ ਦੇ ਵਿੱਚ ਪੰਜਾਬ ਦੇ ਇਕ ਹਜ਼ਾਰ ਦੀ ਵਸੋਂ ਵਾਲੇ ਸਾਰੇ ਪਿੰਡਾਂ ਵਿੱਚ ਘੱਟੋ-ਘੱਟ ਇਕ ਡਾਕਟਰ ਵਾਲੀ ਡਿਸਪੈਂਸਰੀ ਜ਼ਰੂਰ ਸਥਾਪਤ ਕੀਤੀ ਜਾਵੇਗੀ ।

ਬਜਟਾਂ ਦਾ ਵਡੇਰਾ ਹਿੱਸਾ ਸਰਬਤ ਦੇ ਭਲੇ ਦੇ ਕਾਰਜਾਂ ਜਿਵੇਂ :—

ਤਾਲੀਮ, ਸਿਹਤ ਸਹੂਲਤਾਂ, ਗਰੀਬਾਂ ਲਈ ਘਰ ਆਦਿ ਲਈ ਰਾਖਵਾਂ ਕੀਤਾ ਜਾਵੇਗਾ । ਆਉਂਦਾ ਤ੍ਰੈਸ਼ਤਾਬਦੀ ਵਰ੍ਹਾ "ਸੰਕਟ ਵਿੱਚ ਫਸੀ ਖੇਤੀ ਤੇ ਕਿਸਾਨੀ" ਤੇ ਹੋਰ ਮਿਹਨਤਕਸ਼ਾਂ ਦੀਆਂ ਆਸਾਂ-ਉਮੀਦਾਂ ਪੂਰੀਆਂ ਕਰਨ ਵੱਲ ਵਿਸ਼ੇਸ਼ ਯਤਨਾਂ ਵਾਲਾ ਹੋਵੇਗਾ । ਇਸ ਤਰ੍ਹਾਂ ਸਮਾਜਕ, ਆਰਥਕ ਤੇ ਸਿਆਸੀ ਸਮਾਨਤਾ ਯਕੀਨੀ ਬਣਾਈ ਜਾਵੇਗੀ ਅਤੇ ਜਾਤਪਾਤ ਤੇ ਧਰਮ ਨੂੰ ਫਿਰਕੂ ਰਾਖਸ਼ ਦਾ ਰੂਪ ਦੇਣ ਵਿਰੁੱਧ ਜ਼ੋਰਦਾਰ ਚੇਤਨਾ ਲਹਿਰ ਲਾਮਬੰਦ ਕੀਤੀ ਜਾਵੇਗੀ । ਸਮੂਹ ਦੇਸ਼ ਵਾਸੀਆਂ ਨੂੰ ਇਸ ਇਤਿਹਾਸਕ ਤ੍ਰੈਸ਼ਤਾਬਦੀ ਉਤੇ ਵਧਾਈਆਂ ਅਰਪਤ ਕਰਦੇ ਹੋਏ ਸੱਦਾ ਦਿੰਦੇ ਹਾਂ ਕਿ ਗੁਰੂ ਸਾਹਿਬਾਨ ਦੀਆਂ ਇਨ੍ਹਾਂ ਸਮਾਜਕ ਸਿਖਿਆਵਾਂ ਨੂੰ ਘਰ-ਘਰ ਪਹੁੰਚਾਉਣ ਤੇ ਅਮਲੀ ਜਾਮਾਂ ਪੁਆਉਣ ਲਈ ਪੂਰੀ ਤਰ੍ਹਾਂ ਵਾਹ ਲਾਉਣ ।"

ਸ਼੍ਰੀ ਸਪੀਕਰ: ਮਿਤੀ 17 ਮਾਰਚ, 1999 ਨੂੰ ਜਦੋਂ ਸਦਨ ਸਥੱਗਿਤ ਕੀਤਾ ਗਿਆ ਸੀ, ਉਸ ਵੇਲੇ ਕੈਪਟਨ ਬਲਬੀਰ ਸਿੰਘ ਬਾਠ ਬੋਲ ਰਹੇ ਸੀ । ਉਹ ਆਪਣਾ ਭਾਸ਼ਨ ਮੁੜ ਆਰੰਭ ਕਰਨਗੇ । ਬਾਠ ਸਾਹਿਬ, ਤੁਹਾਡੇ ਇਕ ਦੋ ਮਿੰਟ ਹੀ ਬਾਕੀ ਸਨ ।

ਕੈਪਟਨ ਬਲਬੀਰ ਸਿੰਘ ਬਾਠ: (ਸ੍ਰੀ ਹਰਗੋਬਿੰਦਪੁਰ) ਠੀਕ ਹੈ ਜੀ, ਮੈਂ ਆਪਣੇ ਵਿਚਾਰਾਂ ਨੂੰ ਸਮੇਟਦਾ ਹੋਇਆ ਸਮਾਪਤੀ ਦੇ ਨੇੜੇ ਲਿਆਉਣ ਦਾ ਯਤਨ ਕਰਾਂਗਾ । ਕਿਸਾਨਾਂ ਨੂੰ ਜਿਹੜੀ ਨੈਗੇਟਿਵ ਸਬਸਿਡੀ ਦਿੱਤੀ ਜਾਂਦੀ ਹੈ, ਉਸ ਬਾਰੇ ਮੈਂ ਵਿਸਥਾਰਪੂਰਵਕ ਦੱਸਣ ਦੀ ਕੋਸ਼ਿਸ਼ ਕੀਤੀ ਸੀ । ਮੈਂ ਫਿਰ ਇਹ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸਾਨ ਨੂੰ ਇਸ ਦੇ ਨਾਲ ਤਕਰੀਬਨ 3000 ਕਰੋੜ ਰੁਪਏ ਦਾ ਹਰ ਸਾਲ ਘਾਟਾ ਪੈਂਦਾ ਹੈ । ਇਸ ਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ।

ਸ਼੍ਰੀ ਸਪੀਕਰ: ਬਾਠ ਸਾਹਿਬ, ਇਕ ਮਿੰਟ । ਮੇਰੇ ਨੋਟਿਸ ਵਿਚ ਨਹੀਂ ਆਇਆ । ਇਥੇ** ਦਾ ਨਾਂ ਲਿਆ ਗਿਆ ਹੈ । ਉਹ ਇਸ ਹਾਊਸ ਵਿਚ ਹਾਜ਼ਰ ਨਹੀਂ ਹਨ । ਇਸ ਲਈ ਉਨ੍ਹਾਂ ਦਾ ਨਾਂ ਐਕਸਪੰਜ ਕਰ ਦਿੱਤਾ ਜਾਵੇ ।

**Expunged as ordered by the Chair.

ਕੈਪਟਨ ਬਲਬੀਰ ਸਿੰਘ ਬਾਠ : ਸਪੀਕਰ ਸਾਹਿਬ, ਮੈਂ ਕੁਝ ਵਿਚਾਰ ਜੰਗਲਾਤ ਦੇ ਬਾਰੇ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਪੰਜਾਬ ਵਿਚ ਪਿਛਲੇ ਸਮੇਂ ਵਿਚ ਬਹੁਤ ਦੁਖਦਾਈ ਘਟਨਾਵਾਂ ਵਾਪਰੀਆਂ ਹਨ। ਪੰਜਾਬ ਦਾ ਬਹੁਤ ਸਾਰਾ ਉਪਜਾਊ ਹਿੱਸਾ, ਬਹੁਤ ਸਾਰੀ ਜ਼ਮੀਨ ਪਾਕਿਸਤਾਨ ਦਾ ਹਿੱਸਾ ਬਣਕੇ ਉਰਪਲੇ ਪੰਜਾਬ ਵਿਚ ਚਲੀ ਗਈ। ਬਾਕੀ ਜੋ ਪਹਾੜੀ ਏਰੀਆ ਸੀ ਜਿਹੜਾ ਪਹਿਲਾਂ ਪੰਜਾਬ ਦਾ ਹਿੱਸਾ ਸੀ, ਉਸ ਵਿਚੋਂ ਬਹੁਤ ਸਾਰਾ ਹਿੱਸਾ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਨੂੰ ਚਲਾ ਗਿਆ ਅਤੇ ਇਥੇ ਹੁਣ ਸਾਡੇ ਪਾਸ ਟੋਟਲ ਉਪਜਾਊ ਜ਼ਮੀਨ ਦਾ ਕੇਵਲ 6% ਹੀ ਜੰਗਲਾਤ ਹੇਠਾਂ ਹੈ। ਸਪੀਕਰ ਸਾਹਿਬ, ਜੇਕਰ ਇਸ ਵਿਚੋਂ ਥੀਨ ਡੈਮ ਦੇ ਹਲਕੇ ਦਾ ਰਕਬਾ ਕੱਢ ਦਿੱਤਾ ਜਾਵੇ ਤਾਂ ਢਾਈ ਪ੍ਰਤੀਸ਼ਤ ਰਕਬਾ ਹੀ ਜੰਗਲਾਤ ਦਾ ਸਾਡੇ ਕੋਲ ਬਚਦਾ ਹੈ। ਇਸ ਦਾ ਮਤਲਬ ਹੈ ਕਿ ਸਾਡੇ ਕੋਲ ਕੋਈ ਚੰਗਾ ਜੰਗਲ ਨਹੀਂ ਹੈ। ਹੁਣ ਕੇਵਲ ਖੈਰ, ਟਾਹਲੀ ਅਤੇ ਕਿੱਕਰ ਹੀ ਰਹਿ ਜਾਂਦੇ ਹਨ।

*10-19 ਵਜੇ ਪੂਰਵ ਦੁਪਹਿਰ	(ਇਸ ਸਮੇਂ* ਸ਼੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਕਿਸਾਨਾਂ ਨੇ ਆਪਣੇ ਢੰਗ ਨਾਲ ਜੰਗਲ ਪੈਦਾ ਕਰ ਲਏ ਹਨ। ਮੇਰੇ ਕਹਿਣ ਦਾ ਭਾਵ ਹੈ ਕਿ ਉਨ੍ਹਾਂ ਨੇ ਪਾਪੂਲਰ ਦੀ ਖੇਤੀ ਕਰ ਲਈ ਹੈ। ਪਾਪੂਲਰ ਪੈਦਾ ਤਾਂ ਕਰ ਲਏ ਹਨ ਪਰ ਉਨ੍ਹਾਂ ਦੀ ਮਾਰਕੀਟਿੰਗ ਠੀਕ ਢੰਗ ਨਾਲ ਨਹੀਂ ਹੋ ਰਹੀ। ਪੰਜਾਬ ਦਾ ਪਾਪੂਲਰ ਹਰਿਆਣਾ ਦੇ ਕਾਰਖਾਨਿਆਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨੂੰ ਸੰਜੀਦਾ ਢੰਗ ਨਾਲ ਇਸ ਬਾਰੇ ਸੋਚਣਾ ਚਾਹੀਦਾ ਹੈ ਤਾਂ ਜੋ ਕਿਸਾਨਾਂ ਨੂੰ ਇਸ ਦਾ ਸਹੀ ਰੇਟ ਮਿਲ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਸਮੇਂ ਨੂੰ ਮੱਦੇਨਜ਼ਰ ਰੱਖਦਾ ਹੋਇਆ ਦੁੱਧ ਅਤੇ ਦੁੱਧ ਤੋਂ ਬਣਨ ਵਾਲੀਆਂ ਵਸਤਾਂ ਬਾਰੇ ਜਿਹੜੀਆਂ ਗੱਲਾਂ ਮੈਂ ਕਰਨੀਆਂ ਸਨ, ਉਨ੍ਹਾਂ ਨੂੰ ਛੱਡਦਾ ਹਾਂ ਪਰ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਪਸ਼ੂ ਧੰਨ ਦੇ ਮਾਮਲੇ ਵਿਚ ਦੇਸ਼ ਵਿਚ 19% ਹਿੱਸਾ ਪੰਜਾਬ ਦਾ ਹੈ ਅਤੇ ਦੁੱਧ ਦਾ ਹਿੱਸਾ ਹਿੰਦੁਸਤਾਨ ਵਿੱਚ 10% ਪੰਜਾਬ ਦਾ ਹੈ।

ਡਿਪਟੀ ਸਪੀਕਰ ਸਾਹਿਬ, ਸਮੇਂ ਨੂੰ ਧਿਆਨ ਵਿਚ ਰੱਖਦਾ ਹੋਇਆ ਮੈਂ ਕੁਝ ਗੱਲਾਂ ਵਿਦਿਆ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਵੀ ਉਸਾਰੂ ਗੱਲ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਐਤਕੀਂ ਬਜਟ ਵਿੱਚ ਕਾਫੀ ਇਜ਼ਾਫਾ ਕੀਤਾ ਗਿਆ ਹੈ ਜੋ ਤਕਰੀਬਨ 140 ਲੱਖ ਰੁਪਏ ਦੇ ਕਰੀਬ ਹੈ ਪਰ ਇਹ ਫਿਰ ਵੀ ਕਾਫੀ ਨਹੀਂ। ਮੈਂ ਸਮਝਦਾ ਹਾਂ ਕਿ ਵਿਦਿਆ ਦੇ ਖੇਤਰ ਵਿੱਚ ਹੋਰ ਵੀ ਇਜ਼ਾਫੇ ਦੀ ਲੋੜ ਹੈ। ਸਕੂਲਾਂ ਦੀਆ ਜੋ ਇਮਾਰਤਾਂ ਹਨ, ਉਨ੍ਹਾਂ ਦੀ ਹਾਲਤ ਬਹੁਤ ਵਧੀਆ ਨਹੀਂ ਹੈ। ਪ੍ਰਾਇਮਰੀ ਵਿਦਿਆ ਦੇ ਨਾਲ-ਨਾਲ ਅੰਗਰੇਜ਼ੀ ਪੜ੍ਹਾਉਣ ਦੀ ਜਿਹੜੀ ਸ਼ੁਰੂਆਤ ਕੀਤੀ ਗਈ ਹੈ, ਮੈਂ ਉਸਦੀ ਸ਼ਲਾਘਾ ਕਰਦਾ ਹਾਂ ਅਤੇ ਜੋ ਨਕਲ ਦੇ ਰੁਝਾਣ ਨੂੰ ਰੋਕਿਆ ਗਿਆ ਹੈ, ਮੈਂ ਉਸ ਦੀ ਵੀ ਸ਼ਲਾਘਾ ਕਰਦਾ ਹਾਂ। ਇਹ ਇਨ੍ਹਾਂ ਨੇ ਬੜਾ ਉਸਾਰੂ ਕਦਮ ਕੀਤਾ ਹੈ ਪਰ ਇਸਦੇ ਨਾਲ-ਨਾਲ ਹੀ ਮੈਂ

[ਕੈਪਟਨ ਬਲਬੀਰ ਸਿੰਘ ਬਾਠ]

ਮਹਿਸੂਸ ਕਰਦਾ ਹਾਂ ਕਿ ਵਿਦਿਆ ਦੇ ਖੇਤਰ ਵਿੱਚ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ । ਕੋਸ਼ਿਸ਼ ਕਰਕੇ ਪ੍ਰਾਇਮਰੀ ਸਿਖਿਆ ਦੇ ਖੇਤਰ ਵਿਚ ਹੋਰ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਬੱਚਿਆਂ ਦੀ ਮੁਢਲੀ ਸਿਖਿਆ ਦੀ ਨੀਂਹ ਕਮਜ਼ੋਰ ਨਾ ਰਹੇ ਕਿਉਂਕਿ ਕੱਚੀ ਨੀਂਹ ਤੇ ਚੰਗੇ ਮਹਿਲ ਦੀ ਉਸਾਰੀ ਨਹੀਂ ਹੋ ਸਕਦੀ । ਜਿਹੜੇ ਪਬਲਿਕ ਸਕੂਲ ਖੁੰਬਾਂ ਵਾਂਗ ਉਭਰ ਰਹੇ ਹਨ ਉਸ ਦਾ ਇਹ ਵੀ ਇਕ ਕਾਰਣ ਹੈ । ਬਦਲਦੇ ਹਾਲਾਤ ਵਿੱਚ ਪ੍ਰਾਇਮਰੀ ਸਕੂਲਾਂ ਦੇ ਅਧਿਆਪਕ ਵਰਗ ਦੀ ਅਕਾਊਂਟੇਬਿਲਟੀ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਵਿਦਿਆ ਦੇ ਖੇਤਰ ਵਿੱਚ ਖਾਲਸਾ ਸਕੂਲਾਂ ਅਤੇ ਡੀ. ਏ. ਵੀ. ਸਕੂਲਾਂ ਦਾ ਬਹੁਤ ਵੱਡਾ ਰੋਲ ਹੈ । ਜੇ ਇਹ ਨਾ ਹੁੰਦੇ ਤਾਂ ਹੋ ਸਕਦਾ ਹੈ ਕਿ ਸਾਡੇ ਵਿਚੋਂ ਬਹੁਤ ਸਾਰੇ ਸੱਜਣ ਇਸ ਪਵਿੱਤਰ ਸਦਨ ਦੇ ਮੈਂਬਰ ਨਾ ਹੁੰਦੇ । ਇਸ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ।

ਇਕ ਹੋਰ ਗੱਲ ਮੈਂ ਫੌਜੀ ਜਵਾਨਾਂ ਬਾਰੇ ਕਹਾਂਗਾ । ਮੈਨੂੰ ਮਾਣ ਹੈ ਕਿ ਮੈਂ ਵੀ ਇਕ ਫੌਜੀ ਅਫਸਰ ਹੋਣ ਦੇ ਨਾਤੇ ਦੇਸ਼ ਦੀ ਸੇਵਾ ਕੀਤੀ ਹੈ । ਸਾਡੇ ਦੇਸ਼ ਨੇ 13% ਨੌਕਰੀਆਂ ਇਨ੍ਹਾਂ ਲਈ ਰਾਖਵੀਆਂ ਰੱਖੀਆਂ ਹਨ, ਪਰ ਅਫਸੋਸ ਦੀ ਗੱਲ ਹੈ ਕਿ 13% ਨੌਕਰੀਆਂ ਜਦੋਂ ਦੇਣ ਦਾ ਮਸਲਾ ਆਉਂਦਾ ਹੈ ਤਾਂ ਉਨ੍ਹਾਂ ਲਈ ਪੋਸਟਾਂ ਠੀਕ ਢੰਗ ਨਾਲ ਐਡਵਰ-ਟਾਈਜ਼ ਨਹੀਂ ਕੀਤੀਆਂ ਜਾਂਦੀਆਂ, ਜਿਸ ਕਾਰਨ ਬਹੁਤ ਸਾਰੇ ਫੌਜੀ ਜਵਾਨ ਅਤੇ ਅਫਸਰ ਉਸਦਾ ਫਾਇਦਾ ਨਹੀਂ ਉਠਾ ਸਕਦੇ ਅਤੇ ਕਈ ਵੇਰ ਉਹ ਪੋਸਟਾਂ ਫਿਰ ਜਨਰਲ ਕੋਟੇ ਵਿੱਚ ਟਰਾਂਸਫਰ ਕਰ ਦਿੱਤੀਆਂ ਜਾਂਦੀਆਂ ਹਨ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਮੁੜ ਵਿਚਾਰਿਆ ਜਾਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਜਵਾਨਾਂ ਦੇ ਹੱਕਾਂ ਤੇ ਛਾਪਾ ਨਾ ਵੱਜੇ । ਇਹ ਮੇਰੀ ਆਪਣੀ ਸਰਕਾਰ ਨੂੰ ਬੇਨਤੀ ਹੈ ।

ਇੰਡਸਟਰੀ ਬਾਰੇ ਮੈਂ ਕੁਝ ਨਹੀਂ ਕਹਾਂਗਾ, ਸਮੇਂ ਨੂੰ ਮੱਦੇ-ਨਜ਼ਰ ਰੱਖਦੇ ਹੋਏ । ਪਰ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਭਾਵੇਂ ਇਸ ਨੂੰ ਸਮਾਲ ਸਕੇਲ ਇੰਡਸਟਰੀ ਕਹਿ ਲਵੋ, ਰਾਈਸ ਸ਼ੈਲਰ ਜਿਹੜੇ ਹਨ, ਉਹ ਤਕਰੀਬਨ ਬੰਦ ਹੋਣ ਤੇ ਹਨ ਅਤੇ ਜੇ ਉਹ ਬੰਦ ਹੋ ਗਏ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਕਿਸਾਨ ਦਾ ਬਹੁਤ ਨੁਕਸਾਨ ਹੋਵੇਗਾ, ਪੰਜਾਬ ਦਾ ਬਹੁਤ ਨੁਕਸਾਨ ਹੋਵੇਗਾ । ਪੰਜਾਬ ਦੇ ਕਿਸਾਨ ਦਾ ਜਿਸ ਨੂੰ ਅਸੀਂ ਦੇਸ਼ ਦੀ ਰੀੜ ਦੀ ਹੱਡੀ ਕਹਿੰਦੇ ਹਾਂ, ਬਹੁਤ ਨੁਕਸਾਨ ਹੋਵੇਗਾ ।

ਇਸ ਤੋਂ ਅੱਗੇ ਆਬਾਦੀ, ਜਿਸ ਨੂੰ ਅਸੀਂ ਪਾਪੂਲੇਸ਼ਨ ਕਹਿੰਦੇ ਹਾਂ, ਬਾਰੇ ਮੈਂ ਕੁਝ ਸ਼ਬਦ ਕਹਿਣ ਦਾ ਯਤਨ ਕਰਾਂਗਾ ਕਿਉਂਕਿ ਸਾਡਾ ਇਸ ਤੇ ਕੰਟਰੋਲ ਨਹੀਂ ਅਤੇ ਨਾ ਹੀ ਸੈਂਟਰ ਗੌਰਮਿੰਟ ਦਾ ਇਸ ਤੇ ਕੰਟਰੋਲ ਹੈ । ਇਹ ਬੜੀ ਗੰਭੀਰਤਾ ਦਾ ਮਸਲਾ ਹੈ । ਇਸ ਕਰਕੇ ਜਿੰਨੇ ਵੀ ਆਮਦਨੀ ਦੇ ਜ਼ਰੀਏ ਹਨ, ਜੇਕਰ ਉਹ ਆਬਾਦੀ ਦੇ ਅਨੁਪਾਤ ਦੇ ਨਾਲ ਨਾ ਹੋਣ ਤਾਂ ਕੋਈ ਵੀ ਦੇਸ਼ ਤਰੱਕੀ ਨਹੀਂ ਕਰ ਸਕਦਾ । ਇਸਦੇ ਬਾਰੇ ਵੀ ਬੜੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਸਮੇਂ ਨੂੰ ਮੱਦੇ-ਨਜ਼ਰ ਰੱਖਦੇ ਹੋਏ ਕੁਝ ਹੋਰ ਗੱਲਾਂ ਵੀ ਕਰਨੀਆਂ ਚਾਹੁੰਦਾ ਹਾਂ। ਉਹ ਇਹ ਹਨ ਕਿ ਅਨਪ੍ਰੋਡੱਕਟਿਵ ਖਰਚੇ ਜਿਨ੍ਹਾਂ ਦੇ ਬਾਰੇ ਇਸ ਹਾਊਸ ਵਿੱਚ ਪਹਿਲਾਂ ਵੀ ਬਹਿਸ ਹੋ ਚੁੱਕੀ ਹੈ, ਬਾਰੇ ਡਿਸਕਸ਼ਨ ਹੋਣੀ ਜ਼ਰੂਰੀ ਹੈ। ਸਾਡੇ ਬਜਟ ਦਾ 65% ਹਿੱਸਾ, ਜਿਹੜੀ ਕਿ ਇਕ ਬਹੁਤ ਵੱਡੀ ਰਕਮ ਹੈ, ਕਰਮਚਾਰੀਆਂ ਦੀ ਤਨਖਾਹ ਤੇ ਖਰਚ ਹੁੰਦਾ ਹੈ, ਜਿਸ ਵਿਚ ਕਿਫਾਇਤ ਦੀ ਲੋੜ ਹੈ। ਸਾਡੇ ਆਮਦਨ ਦੇ ਵਸੀਲੇ ਬਹੁਤ ਘੱਟ ਹਨ ਅਤੇ ਟੈਕਸਾਂ ਦੀ ਰਿਕਵਰੀ ਸਿਰਫ 2-3% ਹੈ ਜਦਕਿ ਬਾਕੀ ਸੂਬਿਆਂ ਵਿੱਚ 18-20% ਰਿਕਵਰੀ ਹੈ। ਸਾਨੂੰ ਵੀ ਉਨ੍ਹਾਂ ਦੇ ਮੁਕਾਬਲੇ ਤੇ ਰਿਕਵਰੀ ਵਧਾਉਣੀ ਚਾਹੀਦੀ ਹੈ। ਉਨ੍ਹਾਂ ਦੇ ਨਾਲ ਸਾਨੂੰ ਆਪਣੇ ਆਪ ਨੂੰ ਕੰਪੇਅਰ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਕੁਝ ਬੋਰਡ, ਕਾਰਪੋਰੇਸ਼ਨਾਂ ਅਤੇ ਹੋਰ ਸੰਸਥਾਵਾਂ ਹਨ। ਇਨ੍ਹਾਂ ਦੇ ਵਿਸਥਾਰ ਵਿੱਚ ਮੈਂ ਨਹੀਂ ਜਾਵਾਂਗਾ ਪਰ ਇਨ੍ਹਾਂ ਦੀ ਕਾਰਗੁਜ਼ਾਰੀ ਅਤੇ ਮਲਟੀਪਲ ਰੋਲ ਨੂੰ ਵੀ ਵਿਚਾਰਨ ਦੀ ਲੋੜ ਹੈ। ਇਨ੍ਹਾਂ ਦੇ ਖਰਚਿਆਂ ਨੂੰ ਘਟਾਉਣ ਦੀ ਲੋੜ ਹੈ ਤਾਂ ਕਿ ਅਨਪ੍ਰੋਡਕਟਿਵਿਟੀ ਘਟਾਈ ਜਾ ਸਕੇ। ਇਸ ਤਰ੍ਹਾਂ ਇਨ੍ਹਾਂ ਤੇ ਕੰਟਰੋਲ ਬੇਹਤਰ ਹੋ ਸਕਦਾ ਹੈ। ਇਹ ਮੇਰੀ ਤਜਵੀਜ਼ ਹੈ।

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਮੈਂ ਸੜਕਾਂ ਦੀ ਗੱਲ ਕਰਦਾ ਹਾਂ। ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ 1999 ਦੇ ਸਾਲ ਨੂੰ ਇਸ ਸਰਕਾਰ ਵਲੋਂ ਸੜਕਾਂ ਦਾ ਸਾਲ ਮਨਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਲਈ 570 ਕਰੋੜ ਰੁਪਏ ਵੀ ਰੱਖੇ ਗਏ ਹਨ। ਇੰਨੇ ਪੈਸੇ ਪਹਿਲਾਂ ਕਿਸੇ ਵੀ ਸਰਕਾਰ ਨੇ ਨਹੀਂ ਰੱਖੇ। ਪਹਿਲਾਂ ਸੜਕਾਂ ਨਵੀਆਂ ਨਹੀਂ ਬਣੀਆਂ ਸਨ ਅਤੇ ਜੇ ਰਿਪੇਅਰ ਵੀ ਹੋਈਆਂ ਸਨ ਤਾਂ ਉਹ ਬਹੁਤ ਵਧੀਆ ਰਿਪੇਅਰ ਨਹੀਂ ਸਨ ਹੋਈਆਂ। ਮੈਨੂੰ ਮਾਣ ਹੈ ਕਿ ਅੱਜ ਪੰਜਾਬ ਵਿੱਚ ਸਭ ਤੋਂ ਵੱਧ ਟਰੈਕਟਰ ਹਨ, ਸਭ ਤੋਂ ਵੱਧ ਸਕੂਟਰ, ਗੱਡੀਆਂ ਅਤੇ ਕਾਰਾਂ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋ ਜਾਵੋਗੇ ਕਿ ਇੰਡੀਕਾ ਕਾਰ ਦੀ ਬੁਕਿੰਗ ਹੋਈ ਹੈ ਅਤੇ ਸਾਰੇ ਹਿੰਦੁਸਤਾਨ ਵਿੱਚੋਂ ਇਕੱਲੇ ਲੁਧਿਆਣੇ ਸ਼ਹਿਰ ਦੇ ਵਿੱਚ 43% ਬੁਕਿੰਗ ਹੋਈ ਹੈ। ਇਹ ਬੜੇ ਹੀ ਮਾਣ ਵਾਲੀ ਗੱਲ ਹੈ ਪਰ ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਸੜਕਾਂ ਘੱਟ ਚੌੜੀਆਂ ਹਨ। ਇਨ੍ਹਾਂ ਸੜਕਾਂ ਤੇ ਟ੍ਰੈਫਿਕ ਕੰਟਰੋਲ ਨਹੀਂ ਹੋ ਸਕਦਾ। ਇਸ ਕਰਕੇ ਇਨ੍ਹਾਂ ਸੜਕਾਂ ਨੂੰ ਵੱਡਾ ਕਰਨ ਦੀ ਲੋੜ ਹੈ। ਐਕਸੀਡੈਂਟਸ ਨਿੱਤ ਦਿਹਾੜੇ ਹੋ ਰਹੇ ਹਨ। ਅਰਸ਼ੀ ਸਾਹਿਬ ਅਤੇ ਮੈਂ ਐਕਸੀਡੈਂਟਸ ਤੇ ਬੋਲਣਾ ਚਾਹੁੰਦੇ ਸੀ ਪਰ ਟਾਈਮ ਨਹੀਂ ਮਿਲਿਆ। ਇਸ ਕਰਕੇ ਟ੍ਰੈਫਿਕ ਨੂੰ ਕੰਟਰੋਲ ਕਰਨ ਲਈ ਅਤੇ ਐਕਸੀਡੈਂਟਸ ਤੋਂ ਬਚਣ ਲਈ ਸੜਕਾਂ ਨੂੰ ਚੌੜਿਆਂ ਕਰਨ ਦੀ ਲੋੜ ਹੈ। ਇਸ ਸਬੰਧੀ ਬਾਦਲ ਸਾਹਿਬ ਉਪਰਾਲਾ ਕਰ ਰਹੇ ਹਨ ਅਤੇ ਛੇਤੀ ਤੋਂ ਛੇਤੀ ਹੀ ਇਹ ਸੜਕਾਂ ਚੌੜੀਆਂ ਹੋ ਜਾਣਗੀਆਂ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕੋਆਪ੍ਰੇਟਿਵ ਸੈਕਟਰ ਵਿੱਚ ਖੰਡ ਮਿੱਲਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਕੋਆਪ੍ਰੇਸ਼ਨ ਡਿਪਾਰਟਮੈਂਟ ਵੱਲੋਂ ਜੋ ਖੰਡ ਮਿੱਲਾਂ ਠੀਕ ਕੰਮ ਨਹੀਂ ਕਰ ਰਹੀਆਂ, ਉਨ੍ਹਾਂ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ। ਪਰ ਮੈਂ ਸ਼ਿੱਦਤ ਨਾਲ ਕਹਿੰਦਾ ਹਾਂ ਕਿ ਜੇ ਕੋਆਪ੍ਰੇਟਿਵ ਖੰਡ ਮਿੱਲਾਂ ਬੰਦ

[ਕੈਪਟਨ ਬਲਬੀਰ ਸਿੰਘ ਬਾਠ]

ਕਰ ਦਿੱਤੀਆਂ ਗਈਆਂ ਤਾਂ ਸਾਡਾ ਪ੍ਰਾਈਵੇਟ ਸੈਕਟਰ ਨਾਲ ਮੁਕਾਬਲਾ ਬੰਦ ਹੋ ਜਾਵੇਗਾ ਜਿਸ ਨੂੰ ਹੈਲਦੀ ਕੰਪੀਟੀਸ਼ਨ ਕਿਹਾ ਜਾਂਦਾ ਹੈ । ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਫੈਸਲੇ ਨੂੰ ਦੁਬਾਰਾ ਵਿਚਾਰਿਆ ਜਾਵੇ ਅਤੇ ਕੋਆਪ੍ਰੇਟਿਵ ਖੰਡ ਮਿੱਲਾਂ ਨੂੰ ਬੰਦ ਨਾ ਕੀਤਾ ਜਾਵੇ ਬਲਕਿ ਉਨ੍ਹਾਂ ਦੇ ਕੰਮ ਨੂੰ ਸੁਧਾਰਿਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਆਪਣੇ ਹਲਕੇ ਦੀਆਂ 2-4 ਗੱਲਾਂ ਕਹਿ ਕੇ ਖਿਮਾਂ ਮੰਗਾਂਗਾ । ਮੇਰੇ ਹਲਕੇ ਦਾ ਤਕਰੀਬਨ 1/10 ਹਿੱਸਾ ਦਰਿਆ ਬਿਆਸ ਨਾਲ ਲੱਗਦਾ ਹੈ ਅਤੇ ਉਥੇ ਦਰਿਆ ਬਿਆਸ ਨੇ ਮੇਰੇ ਹਲਕੇ ਨੂੰ ਕਾਫੀ ਢਾਹ ਲਗਾਈ ਹੈ । ਮੈਂ ਸਮਝਦਾ ਹਾਂ ਕਿ ਇਸ ਵਿੱਚ ਬਹੁਤਾ ਕਸੂਰ ਦਰਿਆ ਬਿਆਸ ਦਾ ਨਹੀਂ ਹੈ ਬਲਕਿ ਗਲਤ ਪਲਾਨਿੰਗ ਦਾ ਹੈ । ਇਰੀਗੇਸ਼ਨ ਡਿਪਾਰਟਮੈਂਟ ਅਤੇ ਡਰੇਨੇਜ ਡਿਪਾਰਟਮੈਂਟ ਦੇ ਅਫਸਰਾਂ ਦੀ ਕਾਰ-ਗੁਜ਼ਾਰੀ ਮਾੜੀ ਹੈ ਅਤੇ ਅਜਿਹਾ ਪੁਲੀਟੀਕਲ ਲੀਡਰਾਂ ਦੀ ਬਦੌਲਤ ਹੋਇਆ ਹੈ । ਹੁਸ਼ਿਆਰਪੁਰ ਦੀ ਸਾਈਡ ਤੋਂ ਆਉਂਦੇ ਦਰਿਆ ਬਿਆਸ ਨੂੰ ਮੇਰੇ ਹਲਕੇ ਵੱਲ ਸਪੱਰ ਅਤੇ ਸਟੱਡ ਲਗਾ ਕੇ ਮੋੜਿਆ ਗਿਆ । ਪ੍ਰਿੰਸੀਪਲ ਸੈਕਟਰੀ ਸਾਹਿਬ ਥੋੜ੍ਹੇ ਦਿਨ ਪਹਿਲਾਂ ਉਥੇ ਗਏ ਸਨ । ਦਰਿਆ ਬਿਆਸ ਰੋਜ਼ਾਨਾ 40-50 ਏਕੜ ਜ਼ਮੀਨ ਖਰਾਬ ਕਰ ਰਿਹਾ ਹੈ । ਇਸ ਕਰਕੇ ਇਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ । ਇਸ ਬਾਰੇ ਮੈਂ ਪਹਿਲਾਂ ਵੀ ਬੋਲ ਚੁੱਕਾ ਹਾਂ । ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨਾਲ ਲੋਕਾਂ ਨੂੰ ਕਾਫੀ ਤਕਲੀਫ ਹੋਈ ਹੈ ਅਤੇ ਉਨ੍ਹਾਂ ਨੂੰ ਉਜੜਨ ਤੋਂ ਬਚਾਇਆ ਜਾਵੇ । ਇਸ ਤੇ ਵਿਚਾਰ ਕੀਤੀ ਜਾਵੇ ।

ਵਿਦਿਆ ਦੇ ਸਬੰਧ ਵਿੱਚ ਵੀ ਮੇਰੇ ਹਲਕੇ ਦਾ ਮਾੜਾ ਹਾਲ ਹੈ । ਅੱਤਵਾਦ ਦੇ ਦਿਨਾਂ ਵਿੱਚ ਗੁਰਦਾਸਪੁਰ ਹਲਕੇ ਵਿੱਚ ਜੇ ਸਭ ਤੋਂ ਵੱਧ ਕਿਸੇ ਹਲਕੇ ਦਾ ਨੁਕਸਾਨ ਹੋਇਆ ਹੈ ਤਾਂ ਉਹ ਸ੍ਰੀ ਹਰਗੋਬਿੰਦਪੁਰ ਹਲਕੇ ਦਾ ਹੋਇਆ ਹੈ । ਉਥੇ ਪ੍ਰਾਇਮਰੀ ਅਤੇ ਹੋਰ ਸਕੂਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ । ਉਥੇ ਕੋਈ ਕਾਲਜ ਨਹੀਂ ਹੈ, ਕੋਈ ਆਈ. ਟੀ. ਆਈ. ਨਹੀਂ ਹੈ । ਇੱਕ ਆਈ. ਟੀ. ਆਈ, ਜੋ ਮੇਰਾ ਗੁਆਂਢੀ ਹਲਕਾ ਕਾਹਨੂੰਵਾਨ ਹੈ ਜੋ ਕਿ ਸੇਖਵਾਂ ਸਾਹਿਬ ਦਾ ਹਲਕਾ ਹੈ, ਉਥੇ ਹੈ ਪਰ ਉਹ ਹਾਲੇ ਤੱਕ ਚਾਲੂ ਨਹੀਂ ਹੋਈਆਂ । ਇਸ ਕਰਕੇ ਉਸ ਆਈ. ਟੀ. ਆਈ, ਨੂੰ ਚਾਲੂ ਕੀਤਾ ਜਾਵੇ ਅਤੇ ਮੇਰੇ ਹਲਕੇ ਵਿੱਚ ਕਾਲਜ ਦੀ ਵੀ ਵਿਵਸਥਾ ਕੀਤੀ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਮੈਡੀਕਲ ਸਹੂਲਤਾਂ ਵੀ ਬਿਲਕੁਲ ਨਹੀਂ ਹਨ । ਉਥੇ 25 ਡਾਕਟਰ ਹੋਣੇ ਚਾਹੀਦੇ ਹਨ ਪਰ ਉਥੇ ਸਿਰਫ ਚਾਰ ਡਾਕਟਰ ਹਨ । ਇਸ ਤਰ੍ਹਾਂ ਇਹ ਆਪਣੇ ਆਪ ਵਿੱਚ ਬੜੀ ਕਲੀਅਰ ਪਿਕਚਰ ਹੈ । ਇਹ ਪਿਕਚਰ ਹਾਲਾਤ ਬਾਰੇ ਆਪਣੇ ਆਪ ਦੱਸ ਰਹੀ ਹੈ ।

ਸ਼ੈਲਰ ਇੰਡਸਟਰੀ ਦੀ ਮੈਂ ਗੱਲ ਕਰਦਾ ਹਾਂ । ਮੇਰੇ ਹਲਕੇ ਵਿੱਚ 24 ਸ਼ੈਲਰ ਸਨ ਜਿਨ੍ਹਾਂ ਵਿੱਚੋਂ 20 ਬੰਦ ਹੋ ਚੁੱਕੇ ਹਨ ਅਤੇ ਉਮੀਦ ਹੈ ਕਿ ਚਾਰ ਇਸ ਸਾਲ ਬੰਦ ਹੋ ਜਾਣਗੇ ।

ਡਿਪਟੀ ਸਪੀਕਰ ਸਾਹਿਬ, ਮੈਂ ਬਹੁਤਾ ਨਾ ਕਹਿੰਦਾ ਹੋਇਆ ਅਤੇ ਆਪਣੇ ਵਿਚਾਰਾਂ ਨੂੰ ਸਮਾਪਤ ਕਰਦਾ ਹੋਇਆ ਮਹਿਸੂਸ ਕਰਦਾ ਹਾਂ ਕਿ ਇਹ ਹਾਊਸ ਲੋਕਾਂ ਦੀ ਕਿਸਮਤ ਘੜਨ ਵਾਲਾ ਹਾਊਸ ਹੈ, ਪੰਜਾਬ ਦੀ ਕਿਸਮਤ ਘੜਨ ਵਾਲਾ ਹਾਊਸ ਹੈ ।

ਤੇ ਮੈਂ ਬੜੇ ਮਾਣ ਨਾਲ ਮਹਿਸੂਸ ਕਰਦਾ ਹਾਂ ਕਿ ਇਸ ਹਾਊਸ ਦੇ ਵਿੱਚ ਬੜੇ ਸਿਆਣੇ ਵਿਦਵਾਨ ਅਤੇ ਚਿੰਤਕ ਸੱਜਣ ਬੈਠੇ ਹਨ, ਜਿਨ੍ਹਾਂ ਨੇ ਪੰਜਾਬ ਦੀ ਕਿਸਮਤ ਘੜਨ ਦਾ ਯਤਨ ਕਰਨਾ ਹੈ। ਚਾਹੇ ਇਸ ਬੰਨੇ ਹਨ ਅਤੇ ਭਾਵੇਂ ਉਸ ਬੰਨੇ ਹਨ, ਉਸਾਰੂ ਤੇ ਚੰਗੀ ਗੱਲ ਕਹਿਣ ਵਾਲੇ ਲੋਕ ਸਾਹਮਣੇ ਆਏ ਹਨ। ਮੈਂ ਸਾਰਿਆਂ ਨੂੰ ਪਾਰਟੀ ਲੈਵਲ ਤੋਂ ਉਪਰ ਉਠ ਕੇ ਅਪੀਲ ਕਰਨੀ ਚਾਹੁੰਦਾ ਹਾਂ, ਜੋ ਬਾਰ-ਬਾਰ ਮੋਫਰ ਸਾਹਿਬ ਨੇ ਕੀਤੀ, ਆਜ਼ਮੀ ਸਾਹਿਬ ਵੀ ਕਰਦੇ ਹਨ, ਚੌਧਰੀ ਜਗਜੀਤ ਸਿੰਘ ਵੀ ਕਰਦੇ ਰਹੇ ਹਨ ਕਿ ਸਾਨੂੰ ਪੰਜਾਬ ਦੀ ਬਿਹਤਰੀ ਲਈ ਪਾਰਟੀ ਲੈਵਲ ਤੋਂ ਉਪਰ ਉਠ ਕੇ ਉਸਾਰੂ ਗੱਲਾ ਕਰਨੀਆਂ ਚਾਹੀਦੀਆਂ ਹਨ। ਮੈਂ ਆਪਣੇ ਵਿਚਾਰ ਬਾਬਾ ਫਰੀਦ ਦੇ ਉਨ੍ਹਾਂ ਸਲੋਕਾਂ, ਜੋ ਉਨ੍ਹਾਂ ਨੇ ਕਦੇ ਫਰੀਦਕੋਟ ਬਹਿ ਕੇ ਲਿਖੇ ਹੋਣਗੇ, ਨੂੰ ਦੁਹਰਾ ਕੇ ਸਮਾਪਤ ਕਰਦਾ ਹਾਂ। ਮਹਾਂਪੁਰਸ਼ਾਂ ਨੇ ਕਿਹਾ ਹੈ —

ਫਰੀਦਾ ਜੇ ਤੂ ਅਕਲਿ ਲਤੀਫੁ ਹੈ, ਕਾਲੇ ਲਿਖੁ ਨਾ ਲੇਖ।
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ।

ਪੰਜਾਬ ਬਾਰੇ ਲੋਕਾਂ ਨੇ ਬੜਾ ਉਸਾਰੂ ਲਿਖਿਆ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਥੋੜ੍ਹੇ ਦਿਨ ਪਹਿਲਾਂ 'ਅਜੀਤ' ਵਿੱਚ ਅਰਬਿੰਦੋ ਘੋਸ਼ ਦਾ ਬਹੁਤ ਵਧੀਆ ਵਿਚਾਰ ਵੀ 'ਥਾਟ ਆਫ ਦਾ ਡੇਅ' ਸਿਰਲੇਖ ਹੇਠ ਆਇਆ ਸੀ। ਜੋ ਸਾਡੀ ਅਕਾਲੀ ਪਾਰਟੀ ਦੀਆਂ ਪ੍ਰਾਪਤੀਆਂ ਹਨ, ਉਸ ਦੇ ਬਾਰੇ ਮੈਂ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਜੋ ਪ੍ਰਾਪਤੀਆਂ ਇਨ੍ਹਾਂ ਦੋ ਸਾਲਾਂ ਵਿੱਚ ਹੋਈਆਂ ਹਨ, ਉਹ ਪਿਛਲੇ 10-15 ਸਾਲਾਂ ਦੇ ਬਰਾਬਰ ਹਨ। ਪਰ ਮੈਂ ਸਮਝਦਾ ਹਾਂ ਇਹ ਸਾਡੀ ਮੰਜ਼ਿਲ ਨਹੀਂ ਸਾਨੂੰ ਇਸ ਤੋਂ ਵੀ ਅੱਗੇ ਵਧਣ ਦੀ ਲੋੜ ਹੈ।

ਸ਼੍ਰੀ ਡਿਪਟੀ ਸਪੀਕਰ: ਜਲਦੀ ਕਲੋਜ਼ ਕਰੋ।

ਕੈਪਟਨ ਬਲਬੀਰ ਸਿੰਘ ਬਾਠ: ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡੇ ਕੋਲੋਂ ਖਿਮਾ ਮੰਗਦਾ ਹਾਂ। ਜੋ ਵਿਚਾਰ ਮਨਪ੍ਰੀਤ ਸਿੰਘ ਬਾਦਲ ਨੇ ਕਹੇ ਹਨ, ਉਨ੍ਹਾਂ ਦੀ ਪ੍ਰੋੜਤਾ ਕਰਦਾ ਹੋਇਆ ਮੈਂ ਖਿਮਾ ਮੰਗਦਾ ਹਾਂ। ਤੁਹਾਡਾ ਬਹੁਤ-ਬਹੁਤ ਧੰਨਵਾਦ।

ਸ਼੍ਰੀ ਭਗਵਾਨ ਦਾਸ ਅਰੋੜਾ (ਸੁਨਾਮ). ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਗਵਰਨਰ ਸਾਹਿਬ ਦੇ ਦਿੱਤੇ 9 ਤਰੀਕ ਦੇ ਭਾਸ਼ਣ ਤੇ ਬੋਲਣ ਦਾ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਭਾਸ਼ਣ ਭਾਵੇਂ ਉਹ ਮਾਰਚ, 1997 ਦਾ ਹੈ ਜਾਂ 9 ਮਾਰਚ, 1999 ਦਾ ਹੈ, ਮੈਂ ਸਮਝਦਾ ਹਾਂ ਕਿ ਇਹ ਭਾਸ਼ਣ, ਭਾਸ਼ਣ ਹੀ ਹੈ। ਕੋਈ ਵੀ ਉਸ ਦੇ ਵਿੱਚ ਕਿਸੇ ਤਰ੍ਹਾਂ ਦੀ ਸਚਾਈ ਨਹੀਂ ਹੈ। ਸਰਕਾਰ ਨੇ ਪਹਿਲਾਂ ਕਿਹਾ ਸੀ ਕਿ ਅਸੀਂ ਸੰਗਤ ਦਰਸ਼ਨ ਕਰਿਆ ਕਰਾਂਗੇ ਅਤੇ ਲੋਕਾਂ ਨੂੰ ਇਨਸਾਫ ਦਿਆ ਕਰਾਂਗੇ। ਪਰ ਸੰਗਤ ਦਰਸ਼ਨ ਸ਼ੁਰੂ ਦੋ ਕੁ ਮਹੀਨੇ ਹੀ ਹੋਏ ਹਨ। ਸੀ. ਐਮ. ਸਾਹਿਬ 25.3.1997 ਨੂੰ ਮੇਰੇ ਹਲਕੇ ਸੁਨਾਮ ਵਿਖੇ ਸੰਗਤ ਦਰਸ਼ਨ ਕਰਨ ਆਏ ਸੀ ਜਿਥੇ ਇਨ੍ਹਾਂ ਦੇ ਜਥੇਦਾਰ ਸਾਹਿਬਾਨ ਨੇ ਰਲ ਕੇ ਕਿਹਾ ਸੀ ਕਿ ਦੋ ਟੀਚਰਾਂ ਨੂੰ ਸਸਪੈਂਡ ਕਰੋ ਕਿਉਂਕਿ ਇਹ ਕਾਂਗਰਸ ਦੇ ਬੰਦੇ ਹਨ। ਉਸ ਤੋਂ ਬਾਅਦ ਸਾਰੇ ਪੰਜਾਬ ਵਿੱਚ ਅਚਾਨਕ ਸੰਗਤ ਦਰਸ਼ਨ ਅਲੋਪ ਹੋ ਗਿਆ। ਸਮਾਜਿਕ ਇਨਸਾਫ, ਭ੍ਰਿਸ਼ਟਾਚਾਰ, ਮੁਕਤ ਸਮਾਜ, ਪੰਚਾਇਤਾਂ ਦੀਆਂ ਨਿਰਪੱਖ ਚੋਣਾਂ, ਨਗਰਪਾਲਿਕਾਵਾਂ ਦੀਆਂ ਨਿਰਪਖ ਚੋਣਾਂ ਅਤੇ

[ਸ੍ਰੀ ਭਗਵਾਨ ਦਾਸ ਅਰੋੜਾ]

ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀਆਂ ਗੱਲਾਂ ਗਵਰਨਰ ਸਾਹਿਬ ਨੇ ਕੀਤੀਆਂ ਸਨ। ਸੜਕਾਂ ਦੀ ਗੱਲ ਵੀ ਇਨ੍ਹਾਂ ਨੇ ਕੀਤੀ ਸੀ। ਸੜਕਾਂ ਬਾਰੇ ਤਾਂ ਸਾਰਾ ਪੰਜਾਬ ਜਾਣਦਾ ਹੈ ਕਿ ਨਵੀਂ ਤਾਂ ਕੀ ਜੋ ਪਿਛਲੀ ਸਰਕਾਰ ਨੇ ਕੋਈ ਸੜਕ ਬਣਾਈ ਸੀ, ਕਿਸੇ ਉਤੇ ਵੀ ਪ੍ਰੀਮਿਕਸ ਨਹੀਂ ਪਿਆ। 20-20 ਕਿਲੋਮੀਟਰ ਸੜਕ ਦੋ ਸਾਲਾਂ ਵਿੱਚ ਘੱਟੋ-ਘੱਟ ਬਣਨੀ ਸੀ, ਜਿਸ ਬਾਰੇ ਇਨ੍ਹਾਂ ਨੇ ਲਿਸਟਾਂ ਵੀ ਮੰਗੀਆਂ ਸਨ ਕਿ ਲਿਸਟਾਂ ਲੈ ਲਉ, ਸੜਕਾਂ ਬਣਾਵਾਂਗੇ। ਇਸ ਦਫਾ ਮਦਨ ਮੋਹਨ ਮਿੱਤਲ ਜੀ, ਫੂਡ ਸਪਲਾਈ ਮਨਿਸਟਰ ਸਾਡੇ ਪਲੈਨਿੰਗ ਬੋਰਡ ਦੇ ਚੇਅਰਮੈਨ ਹਨ ਔਰ ਐਤਕੀਂ ਸੜਕਾਂ 20 ਕਿਲੋਮੀਟਰ ਤੋਂ ਘੱਟ ਕੇ 5 ਕਿਲੋਮੀਟਰ ਤੇ ਆ ਗਈਆਂ ਹਨ। ਸੜਕਾਂ ਸਬੰਧੀ ਇੱਕ ਮਿਸਾਲ ਮੈਂ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਦੇਣੀ ਚਾਹੁੰਦਾ ਹਾਂ, ਜੋ ਕਿ ਸੀ. ਐਮ. ਸਾਹਿਬ ਦਾ ਲੜਕਾ ਹੈ। ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਤੇ ਅਸੀਂ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਣ ਦਾ ਕੰਮ ਸ਼ੁਰੂ ਕੀਤਾ ਸੀ। 26 ਦਸੰਬਰ, 1998 ਨੂੰ ਸਰਦਾਰ ਸੁਖਬੀਰ ਸਿੰਘ ਜੀ ਆਏ। ਉਥੇ ਟੋਏ ਇੰਨੇ ਪਏ ਸੀ ਕਿ ਸੜਕ ਰਾਹੀਂ ਸ਼ਹਿਰ ਵਿੱਚ ਵੜਨ ਵਾਸਤੇ ਪ੍ਰੀਮਿਕਸ ਪਾਉਣ ਦੀ ਬਜਾਏ ਮਿੱਟੀ ਨਾਲ ਟੋਏ ਬੰਦ ਕਰਕੇ ਉਹ ਸੜਕ ਬਣਾਈ ਗਈ। ਉਨ੍ਹਾਂ ਨਾਲ ਚਾਰ ਮਨਿਸਟਰ ਹੋਰ ਵੀ ਸਨ। ਇਹ ਉਸ ਸੜਕ ਦੀ ਹਾਲਤ ਹੈ। ਅੱਜ ਵੀ ਅਗਰ ਕਿਸੇ ਮੌਕੇ ਜੇ ਸੀ. ਐਮ. ਸਾਹਿਬ ਉਧਰੋਂ ਲੰਘਣ ਤਾਂ ਉਹ ਵੀ ਇਹ ਨਹੀਂ ਕਹਿਣਗੇ ਕਿ ਪੰਜਾਬ ਦੀਆਂ ਸੜਕਾਂ ਚੰਗੀਆਂ ਹਨ। ਦੂਸਰੀ ਗੱਲ, ਮੈਂਬਰ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਪਿਛਲੀ ਸਰਕਾਰ ਨੇ ਸੜਕਾਂ ਨਹੀਂ ਬਣਾਈਆਂ। ਮੈਂ ਹੋਰ ਪੰਜਾਬ ਦੀ ਗੱਲ ਤਾਂ ਨਹੀਂ ਕਰ ਸਕਦਾ ਪਰ ਸਾਡੇ ਜ਼ਿਲ੍ਹੇ ਸੰਗਰੂਰ ਦੀਆਂ ਸੜਕਾਂ ਦਾ ਪਤਾ ਕੀਤਾ ਜਾਵੇ। 100-125 ਕਿਲੋਮੀਟਰ ਸੜਕਾਂ ਮੈਂ ਇਕੱਲੇ ਨੇ ਆਪਣੇ ਹਲਕੇ ਦੇ ਵਿੱਚ ਬਣਾਈਆਂ ਸਨ। ਸਰਦਾਰ ਧਨਵੰਤ ਸਿੰਘ ਜੀ ਹਾਜ਼ਰ ਹਨ, ਠੀਕ ਹੈ ਸਾਡੀ ਪਾਰਟੀ ਨੇ ਉਨ੍ਹਾਂ ਨੂੰ ਟਿਕਟ ਨਹੀਂ ਦਿੱਤਾ, ਉਹ ਆਜ਼ਾਦ ਜਿੱਤੇ ਹਨ, ਇਸ ਦੇ ਹਲਕੇ ਵਿਚ ਪਤਾ ਕਰ ਲਓ ਕਿ ਮੈਂ ਕਿੰਨੀਆਂ ਸੜਕਾਂ ਬਣਾਈਆਂ ਹਨ। ਜਦੋਂ ਵੀ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਸਰਕਾਰ ਵੱਲੋਂ ਮਨਾਉਂਦੇ ਸੀ: (ਸ਼ੋਰ)

Mr. Deputy Speaker: Listen to the speaker.

ਸ੍ਰੀ ਭਗਵਾਨ ਦਾਸ ਅਰੋੜਾ: ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੜਤਾਲ ਕਰਾ ਲਓ ਕਿ ਕਿੰਨੀਆਂ ਸੜਕਾਂ ਬਣਾਈਆਂ ਹਨ ਤੇ ਉਨ੍ਹਾਂ ਤੇ ਪ੍ਰੀ-ਮਿਕਸ ਕਿਸ ਨੇ ਪਾਇਆ। 4-5 ਸਾਲ ਹੋ ਗਏ ਕਿਸੇ ਤੇ ਨਹੀਂ ਪਿਆ। ਅਸੀਂ ਜਦੋਂ ਵੀ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾਉਂਦੇ ਸੀ, ਕਿਉਂਕਿ ਸ਼ੁਰੂ ਮੈਂ ਹੀ ਕਹਿ ਕੇ ਸਰਦਾਰ ਬੇਅੰਤ ਸਿੰਘ ਤੋਂ ਕਰਵਾਇਆ ਸੀ, ਅਸੀਂ ਸਾਰੇ ਸ਼ਹਿਰ ਦੀਆਂ ਸੜਕਾਂ, ਆਲੇ-ਦੁਆਲੇ ਦੀਆਂ ਸੜਕਾਂ ਛੇ ਮਹੀਨੇ ਬਾਅਦ ਦੁਲਹਨ ਵਾਂਗ ਸਜਾ ਦਿੰਦੇ ਸੀ ਅਤੇ ਕਦੇ ਕਿਸੇ ਹੋਰ ਪਾਰਟੀ ਦਾ ਜਾਂ ਸਾਡੀ ਪਾਰਟੀ ਦਾ ਲੀਡਰ ਭੇਜ ਕੇ ਕਿਸੇ ਨੂੰ ਵੀ ਭੇਜ ਕੇ ਛੇ ਮਹੀਨਿਆਂ ਬਾਅਦ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਅਤੇ ਸ਼ਹੀਦੀ ਦਿਹਾੜਾ ਮਨਾਉਂਦੇ ਸੀ। ਸਾਰੇ ਸ਼ਹਿਰ ਦੀਆਂ ਸੜਕਾਂ ਤੇ ਪ੍ਰੀ-ਮਿਕਸ ਪੈਂਦਾ ਸੀ।

ਦੂਸਰੀ ਗੱਲ ਸਕੂਲਾਂ ਤੇ ਸਿੱਖਿਆ ਦੀ ਹੈ। ਸਰਦਾਰ ਤੋਤਾ ਸਿੰਘ ਨੂੰ ਇਕ ਦੂਜੇ ਤੇ ਭੱਜ ਕੇ ਪੈਣ ਤੋਂ ਬਿਨਾ ਹੋਰ ਕੋਈ ਕੰਮ ਨਹੀਂ। ਜੇਕਰ ਕੋਈ ਬੋਲਦਾ ਹੈ ਝਪਟ ਕੇ ਪੈਂਦਾ

ਹੈ, ਚੁੱਪ ਕਰਾ ਦਿੰਦਾ ਹੈ। ਸਿਰਫ਼ 4 ਸਕੂਲ ਦੋ ਸਾਲਾਂ ਅੰਦਰ ਇਨ੍ਹਾਂ ਨੇ ਅਪਗ੍ਰੇਡ ਕੀਤੇ ਹਨ। ਤਿੰਨ ਪ੍ਰਾਇਮਰੀ ਤੋਂ ਮਿਡਲ ਅਤੇ ਇਕ ਮਿਡਲ ਤੋਂ ਹਾਈ ਸਕੂਲ ਬਣਾਇਆ ਹੈ। ਜਿਹੜਾ ਕਿਹਾ ਕਿ ਮਾਡਲ ਸਕੂਲ ਬਣਾਵਾਂਗੇ, ਉਸ ਬਾਰੇ ਮੈਂ ਸਮਝਦਾ ਹਾਂ ਕਿ ਉਨ੍ਹਾਂ ਦਾ ਕੋਈ ਨਾਂ-ਥੇਹ ਨਹੀਂ ਜ਼ਿਲ੍ਹਿਆਂ ਵਿਚ। ਜ਼ਿਲ੍ਹਾ ਸੰਗਰੂਰ ਵਿਚ 2-4 ਮਾਡਲ ਸਕੂਲ ਬਣਾਏ ਹੋਣਗੇ। ਤੀਸਰੀ ਬਿਜਲੀ ਦੀ ਗੱਲ ਕੀਤੀ ਹੈ। ਬੜੀ ਮੇਹਰਬਾਨੀ ਸੀ. ਐਮ. ਸਾਹਿਬ ਦੀ ਕਿ ਇਨ੍ਹਾਂ ਨੇ ਕਿਸਾਨਾਂ ਦੀਆਂ ਮੋਟਰਾਂ ਦੇ ਬਿਲ ਮਾਫ ਕੀਤੇ ਹਨ ਪਰੰਤੂ ਉਸ ਮੁਆਫ ਕਰਨ ਤੋਂ ਇਲਾਵਾ ਉਹੀ ਗਰੀਬ ਕਿਸਾਨਾਂ, ਉਹੀ ਦਲਿਤਾਂ ਤੇ ਮਜ਼ਦੂਰਾਂ, ਜੋ ਦਿਹਾੜੀ ਤੇ ਕੰਮ ਕਰਦੇ ਹਨ, ਸਾਰਿਆ ਤੋਂ ਚਾਰ ਗੁਣਾਂ ਬਿਜਲੀ ਦੇ ਬਿਲ ਵਾਧੂ ਭਰਵਾਏ ਹਨ। ਇੰਡਸਟਰੀ ਪਹਿਲਾਂ ਹੀ ਮਰੀ ਪਈ ਹੈ। 250/- ਰਪਏ ਬਿਜਲੀ ਦਾ ਬਿਲ ਮਾਫ ਕਰਾਇਆ ਪਰ ਜਿਨ੍ਹਾਂ ਨੂੰ 15-15 ਸਾਲ ਹੋ ਗਏ, ਮੋਟਰਾਂ ਅਪਲਾਈ ਕੀਤਿਆਂ ਨੂੰ, ਉਨ੍ਹਾਂ ਤੋਂ 50 ਹਜ਼ਾਰ ਰੁਪਏ ਭਰਵਾਉਣ ਲੱਗ ਪਏ ਹਨ ਜਿਸ ਦਾ ਇਕ ਮਹੀਨੇ ਦਾ ਵਿਆਜ ਇਕ ਹਜ਼ਾਰ ਰੁਪਿਆ ਬਣਦਾ ਹੈ। ਮਾਫ ਕਰਾਇਆ 250/- ਰੁਪਿਆ ਤੇ ਇਕ ਹਜ਼ਾਰ ਰੁਪਿਆ ਵਾਧੂ ਭਰਵਾਉਣਾ ਪੈਂਦਾ ਹੈ। ਇਸ ਤਰ੍ਹਾਂ ਇਹ ਬਿਜਲੀ ਦੀ ਗੱਲ ਹੈ। ਹਸਪਤਾਲਾਂ ਦੀ ਗੱਲ ਤੁਹਾਨੂੰ ਪਤਾ ਹੈ, ਨਾ ਡਾਕਟਰ ਤੇ ਨਾ ਕੋਈ ਮਰੀਜ਼ ਉਥੇ ਜਾਂਦਾ ਹੈ। ਸਾਰੇ ਬੰਦ ਪਏ ਹਨ। (ਵਿਘਨ) ਸੀ. ਐਮ. ਸਾਹਿਬ, ਆਪਣੇ ਮਨਿਸਟਰ ਨੂੰ ਸਮਝਾ ਲਓ। ਇਹ ਮੇਰੀ ਗੱਲ ਟੋਕੀ ਜਾਂਦੇ ਹਨ। ਮੇਰੇ ਹਲਕੇ ਵਿਚ ਇਕ ਪਿੰਡ ਹੈ ਗਦਰਿਆਨੀ ਜੋ ਸੰਤ ਹਰਚੰਦ ਸਿੰਘ ਦਾ ਪਿੰਡ ਹੈ ਇਹ ਉਥੇ ਖੇਡਾਂ ਤੇ ਗਏ ਅਤੇ ਚਾਰ ਘੰਟੇ ਬੋਲੀ ਗਏ। ਹੋਰ ਜਥੇਦਾਰਾਂ (ਸਰਦਾਰ ਗੋਬਿੰਦ ਸਿੰਘ ਕਾਂਝਲਾ ਵੱਲ ਇਸ਼ਾਰਾ) ਅਤੇ ਇਲਾਕੇ ਨੂੰ ਵੀ ਸੱਦ ਲਿਆ।

Mr. Deputy Speaker: Please conclude. Time is very short.

ਇਕ ਮਿੰਟ ਬੈਠ ਜਾਓ।

ਰਾਜ ਮੰਤਰੀ, ਯੁਵਕ ਸੇਵਾਵਾਂ, ਸ਼ਿਕਾਇਤ ਨਿਵਾਰਣ ਅਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਇਹ ਜਾਣ-ਬੁੱਝ ਕੇ ਸਾਰੇ ਤੱਥ ਗਲਤ ਦੇ ਰਹੇ ਹਨ। ਮੈਂ ਉਥੇ 10 ਮਿੰਟ ਲਈ ਗਿਆ ਸੀ। ਢੀਂਡਸਾ ਸਾਹਿਬ 10 ਮਿੰਟ ਲਈ ਬੋਲ ਕੇ ਗਏ। ਤਕਲੀਫ਼ ਇਨ੍ਹਾਂ ਨੂੰ ਕੀ ਹੈ ਸੰਤ ਲੌਂਗੋਵਾਲ ਦਾ ਦਿਨ ਅਸੀਂ ਮਨਾਉਣਾ ਹੈ। ਤੁਸੀਂ ਤਾਂ ਗਏ ਨਹੀਂ ਇਹ ਤੱਥ ਸਹੀ ਦੱਸਣ। ਕਦੇ ਕਹਿੰਦੇ ਮੈਂ ਸੜਕਾਂ ਬਣਾ ਦਿੱਤੀਆਂ। ਬੁਲਡੋਜ਼ਰ ਇਨ੍ਹਾਂ ਦਾ ਸੀ, ਸਾਰਾ ਕੁਝ ਆਪਣਾ ਖਰੀਦਿਆ ਹੋਇਆ ਸੀ। ਸਾਰੀਆਂ ਰਿਕਵਰੀਜ਼ ਹੋ ਰਹੀਆਂ ਹਨ। ਸਾਰੇ ਅਫਸਰ ਸਸਪੈਂਡ ਕਰਾ ਦਿੱਤੇ। ਇਹ ਕਹਿੰਦੇ ਮੈਂ ਸਾਰੇ ਪੰਜਾਬ ਵਿਚ ਸਭ ਤੋਂ ਵੱਧ ਸੜਕਾਂ ਬਣਾ ਦਿੱਤੀਆਂ. ਅਸੀਂ ਤਾਂ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਨਿਸ਼ਚਾ ਕੀਤਾ ਹੈ ਕਿ ਪ੍ਰਤੀ ਹਲਕਾ 20-20 ਕਿਲੋਮੀਟਰ ਸੜਕ ਬਣਾਉਣੀ ਹੈ। ਪ੍ਰੀ-ਮਿਕਸ ਸਾਰੀਆ ਤੇ ਮੁਕੰਮਲ ਹੋ ਗਿਆ ਹੈ। ਇਸ ਲਈ ਇਹ ਤੱਥਾਂ ਤੇ ਬੋਲਣ। ਐਂਵੇਂ ਚਿੰਤਾ ਨਾ ਕਰਨ ਕਿ ਕਾਂਝਲਾ ਫਲਾਣੀ-ਫਲਾਣੀ ਥਾਂ ਤੇ ਬੋਲਿਆ। ਅਸੀਂ ਤਾਂ ਪੰਜਾਬ ਦੇ ਮੰਤਰੀ ਹਾਂ, ਸਭ ਥਾਂ ਬੋਲਣਾ ਹੈ।

Mr. Deputy Speaker: Bhagwan Dass Ji, time is very short. Only two minutes are left. (Interruption) No interruption. Listen to the speaker.

ਸ਼੍ਰੀ ਭਗਵਾਨ ਦਾਸ ਅਰੋੜਾ : ਇਨ੍ਹਾਂ ਦੇ ਜਵਾਬ ਬਾਰੇ ਕਹਿੰਦਾ ਹਾਂ ... (ਸ਼ੋਰ) (ਵਿਘਨ)

Mr. Deputy Speaker: No interruption.

ਸ਼੍ਰੀ ਭਗਵਾਨ ਦਾਸ ਅਰੋੜਾ : ਮੇਰੇ ਤੇ ਐਲੀਗੇਸ਼ਨ ਲਾਇਆ ਹੈ ਕਿ ਮੇਰਾ ਸਭ ਕੁਝ ਹੈ। ਬੁਲਡੋਜ਼ਰ ਸੀ, ਮੈਂ ਮੰਨਦਾ ਹਾਂ। ਲੁੱਕ-ਬੱਜਰੀ—ਟਰੱਕ ਸਭ ਕੁਝ ਮੇਰਾ ਸੀ। ਜੋ ਮੇਰੀ ਸੜਕ ਬਣੀ ਹੈ ਸੌ-ਸਵਾ ਸੌ ਕਿਲੋਮੀਟਰ ਇਹ ਪੰਜ ਸਾਲਾਂ ਵਿਚ ਬਣਾਈ ਹੈ। ਇਸ ਨੇ ਪੰਜ ਸੜਕਾਂ ਬਣਾਈਆਂ। ਮੇਰੀਆਂ 10 ਸੜਕਾਂ ਮਿਲਾ ਲਓ। ਜੇ ਮੇਰੀ ਸੜਕ ਮਾੜੀ ਹੋਈ ਮੈਂ ਅਸਤੀਫਾ ਦੇਵਾਂਗਾ ਜਾਂ ਇਹ ਵਜ਼ੀਰੀ ਤੋਂ ਅਸਤੀਫਾ ਦੇ ਦੇਵੇ (ਵਿਘਨ).. ਮੈਂ ਕਿਉਂ ਦੇਵਾਂ। ਜਿਹੋ ਜਿਹਾ ਦੀਂਡਸਾ ਆ ਗਿਆ, ਐਤਕੀ ਤੂੰ ਵੀ ਆ ਜਾਵੀਂ।

Mr. Deputy Speaker: Bhagwan Dass Ji, please sit down. Not in the House please.

ਸਰਦਾਰ ਸੁਖਵਿੰਦਰ ਸਿੰਘ ਔਲਖ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਪਣੇ ਹਲਕੇ ਵਿਚ ਬਣਾਈਆਂ ਸੜਕਾਂ ਜੇ ਸਹੀ ਬਣੀਆਂ ਹੋਈਆਂ ਹੁੰਦੀਆਂ ਸਹੀ ਲੁੱਕ ਪਈ ਹੁੰਦੀ ਤਾਂ ਜਿਹੜੇ ਅਫਸਰ ਸਸਪੈਂਡ ਹੋਏ ਹਨ, ਜਿਹੜੇ ਜੇਲ੍ਹਾਂ ਵਿਚ ਜਾਣ ਨੂੰ ਤਿਆਰ ਹਨ, ਉਨ੍ਹਾਂ ਵਿਚਾਰਿਆਂ ਨਾਲ ਇਸ ਤਰ੍ਹਾਂ ਕਿਉਂ ਹੁੰਦਾ, ਜੋ ਵਧੀਆ ਬਣਾਈਆਂ ਹਨ ?

ਸ਼੍ਰੀ ਡਿਪਟੀ ਸਪੀਕਰ : ਮਿੱਤਲ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ?

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਮੈਂ ਇਸ ਬਹਿਸ ਵਿਚ ਐਂਟਰ ਨਹੀਂ ਕਰਨਾ ਚਾਹੁੰਦਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਨਾਂ ਲੈ ਕੇ ਕਿਹਾ ਗਿਆ ਹੈ ਕਿ ਮੈਂ Chairman of the Planning Board Road Construction Committee ਹਾਂ 15 ਕਿਲੋਮੀਟਰ ਰੋਡ ਬਾਰੇ ਮੈਂ ਦੱਸਣਾ ਚਾਹਾਂਗਾ ਕਿ ਇਹ ਫਿਗਰਜ਼ ਜਿਹੜੀਆਂ ਦੇ ਰਹੇ ਹਨ, ਇਹ 1992 ਤੋਂ ਲੈ ਕੇ 1997 ਤੱਕ ਹਨ। ਹਰ ਸਾਲ ਸਾਡੇ ਕੋਲੋਂ 20 ਕਿਲੋਮੀਟਰ ਦੀ ਲਿਸਟ ਪਿਛਲੀ ਸਰਕਾਰ ਮੰਗਦੀ ਰਹੀ ਕਿ ਪ੍ਰਾਇਰਟੀ ਬੇਸਿਜ਼ ਤੇ ਹਰ ਐਮ.ਐਲ. ਏ. ਉਹ ਦੇਵੇ। ਉਹ ਨਹੀਂ ਬਣੀਆਂ ਤੇ ਰਿਵਾਈਜ਼ ਹੁੰਦੀਆਂ ਰਹੀਆਂ। ਲਿਸਟਾਂ ਆਉਂਦੀਆਂ ਰਹੀਆਂ, ਜਾਂਦੀਆਂ ਰਹੀਆਂ। ਹੁਣ ਸਾਰੇ ਐਮ.ਐਲ. ਏਜ਼. ਨੂੰ ਮੁੱਖ ਮੰਤਰੀ ਵੱਲੋਂ ਜਿੰਨੀਆਂ 20 ਕਿਲੋਮੀਟਰ ਦੀਆਂ ਲਿਸਟਾਂ ਅਪਰੂਵ ਹੋਈਆਂ ....(ਵਿਘਨ) ਡੋਗਰਾ ਸਾਹਿਬ ਸੁਣ ਲਓ, ਧਿਆਨ ਨਾਲ ਸੁਣ ਲਓ, ਸਾਰੇ ਹਲਕਿਆਂ ਵਿਚ 20 ਕਿਲੋਮੀਟਰ ਸੜਕਾਂ ਅਪਰੂਵ ਹੋ ਗਈਆਂ ਹਨ। ਉਨ੍ਹਾਂ ਬਾਰੇ ਹਦਾਇਤ ਕਰ ਦਿੱਤੀ ਗਈ ਹੈ। ਮਿੱਟੀ ਪਾ ਦਿੱਤੀ ਗਈ ਹੈ। ਟਾਪ ਪ੍ਰਾਇਰਟੀ ਤੇ ਸੜਕਾਂ ਬਣਾਉਣ ਦਾ ਟੀਚਾ ਜੂਨ ਤੱਕ ਮੁੱਖ ਮੰਤਰੀ ਜੀ ਨੇ ਨਿਸ਼ਚਿਤ ਕੀਤਾ ਹੈ। ਇਹ ਸੜਕਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। 5 ਕਿਲੋਮੀਟਰ ਦੀ ਫਿੱਗਰ ਬਾਰੇ ਮੈਂ ਕਹਿ ਰਿਹਾ ਹਾਂ।

Mr. Deputy Speaker: Please conclude in two minutes, Arora ji.

ਸ੍ਰੀ ਭਗਵਾਨ ਦਾਸ ਅਰੋੜਾ : ਲੋਕਤੰਤਰ ਦੀ ਗੱਲ ਕੀਤੀ ਹੈ ਗਵਰਨਰ ਸਾਹਿਬ ਨੇ। ਇਥੇ ਕੀ ਹੈ ਕਿ ਜੋ ਹਾਰਿਆ ਹੋਇਆ ਹੈ, ਉਨ੍ਹਾਂ ਨੂੰ ਤਾਂ ਤਿੰਨ-ਚਾਰ ਨੂੰ ਚੇਅਰਮੈਨ ਪਲਾਨਿੰਗ ਬੋਰਡ ਤੇ ਕਦੇ ਖਿਜਲੀ ਬੋਰਡ ਦਾ ਜਾਂ ਕਦੇ ਰਾਜ ਸਭਾ ਦਾ ਮੈਂਬਰ ਬਣਾਇਆ। ਜੋ ਵਿਚਾਰੇ ਜਿੱਤੇ ਹੋਏ ਹਨ, ਉਹ ਕਿਸੇ ਨੇ ਸਿਆਣੇ ਨਹੀਂ। ਪਾਰਟੀ ਦੇ ਐਡਵਾਈਜ਼ਰ ਰੱਖੇ ਤੇ ਪਾਲਿਸੀ ਮੇਕਰ ਬਣਾਏ। ਇਹ ਬਾਦਲ ਸਾਹਿਬ ਲੋਕਤੰਤਰ ਤੇ ਚੱਲ ਰਹੇ ਹਨ ?

ਸ੍ਰੀ ਡਿਪਟੀ ਸਪੀਕਰ : ਬੈਠ ਜਾਓ, ਭਗਵਾਨ ਦਾਸ ਜੀ।

ਰਾਜ ਮੰਤਰੀ, ਸਿੰਚਾਈ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ। ਇਨ੍ਹਾਂ ਨੂੰ ਪਤਾ ਨਹੀਂ, ਇਹ ਦੂਜੀ ਵਾਰ ਐਮ.ਐਲ.ਏ. ਬਣ ਕੇ ਆ ਗਏ, ਕਿ ਜਿਹੜੀਆਂ ਪੋਸਟਾਂ ਦੇਣੀਆਂ ਹੁੰਦੀਆਂ ਹਨ, ਉਹ ਸੰਵਿਧਾਨ ਦੇ ਮੁਤਾਬਿਕ ਪਾਰਟੀ ਪ੍ਰਧਾਨ ਨੇ ਸੋਚ ਕੇ ਦੇਣੀਆਂ ਹੁੰਦੀਆਂ ਹਨ ਕਿ ਕਿਸ ਨੂੰ ਦੇਣੀਆਂ ਹਨ ਤੇ ਕਿਹੜਾ ਬੰਦਾ ਕੰਮ ਕਰ ਸਕਦਾ ਹੈ। ਕਈ ਵਾਰ ਹੋ ਜਾਂਦਾ ਹੈ ਕਿ ਅੱਛੇ ਬੰਦੇ ਰਹਿ ਜਾਂਦੇ ਹਨ ਪਰ ਇਨ੍ਹਾਂ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ। ਇਹ ਸਾਡੀ ਪਾਰਟੀ ਦਾ ਮਸਲਾ ਹੈ ਕਿ ਕਿਸ ਨੂੰ ਪੋਸਟ ਦੇਣੀ ਹੈ ਤੇ ਕਿਸ ਨੂੰ ਨਹੀਂ। ਇਹ ਖਾਹ-ਮਖਾਹ ਦੀਆਂ ਗੱਲਾਂ ਹਾਊਸ ਵਿਚ ਕਰੀ ਜਾਂਦੇ ਹਨ। (ਸ਼ੋਰ)

ਸ੍ਰੀ ਡਿਪਟੀ ਸਪੀਕਰ : ਇਨ੍ਹਾਂ ਨੂੰ ਕਨਕਲੂਡ ਕਰ ਲੈਣ ਦਿਓ। ਟਾਈਮ ਹੋ ਰਿਹਾ ਹੈ, ਬਾਕੀ ਮੈਂਬਰਜ਼ ਨੇ ਵੀ ਬੋਲਣਾ ਹੈ।

ਰਾਜ ਮੰਤਰੀ, ਹਾਇਰ ਸੈਕੰਡਰੀ ਅਤੇ ਪ੍ਰਾਇਮਰੀ ਸਿੱਖਿਆ : ਜੇ ਕੋਈ ਬੰਦਾ ਕਿਸੇ ਨੂੰ ਹਰਾ ਕੇ ਐਮ.ਐਲ.ਏ. ਬਣ ਜਾਏ, ਇਨ੍ਹਾਂ ਨੂੰ ਤਾਂ ਖੁਸ਼ੀ ਹੋਣੀ ਚਾਹੀਦੀ ਹੈ ਕਿ ਮੇਰਾ ਵਿਰੋਧੀ ਹਾਰ ਗਿਆ ਤੇ ਮੈਂ ਜਿੱਤ ਕੇ ਆ ਗਿਆ ਪਰ ਇਨ੍ਹਾਂ ਨੂੰ ਜਿੱਤਣ ਤੋਂ ਬਾਅਦ ਤਕਲੀਫ ਹੈ ਕਿ ਢੀਂਡਸਾ ਸਾਹਿਬ ਚੇਅਰਮੈਨ ਬਣ ਗਏ।

ਸ੍ਰੀ ਜਗਦੀਸ਼ ਸਾਹਨੀ : ਡਿਪਟੀ ਸਪੀਕਰ ਸਾਹਿਬ, ਬੜੀ ਹਾਸੇ ਦੀ ਗੱਲ ਹੈ। ਲਾਲਾ ਭਗਵਾਨ ਦਾਸ ਨੇ ਕਿਹਾ ਕਿ ਹਾਰੇ ਹੋਏ ਨੂੰ ਚੇਅਰਮੈਨ ਬਣਾ ਦਿੱਤਾ। ਅਸੀਂ ਤਾਂ ਹਾਰੇ ਹੋਏ ਨੂੰ ਬਣਾ ਦਿੱਤਾ ਪਾਰਟੀ ਸੰਵਿਧਾਨ ਮੁਤਾਬਿਕ ਪਰ ਇਨ੍ਹਾਂ ਨੇ ਤਾਂ ਜਿੱਤੇ ਹੋਏ ਨੂੰ ਵਿਧਾਨ ਸਭਾ ਵਿਚ ਆਉਣਾ ਬੰਦ ਕਰਾ ਦਿੱਤਾ। ਲੀਡਰ ਆਫ ਦੀ ਆਪੋਜ਼ੀਸ਼ਨ ਕਾਂਗਰਸ ਦੀ ਹੁਣ ਇਥੇ ਕਦੇ ਆਉਂਦੀ ਹੀ ਨਹੀਂ। ਇਨ੍ਹਾਂ ਦੀ ਇਹ ਪੁਜ਼ੀਸ਼ਨ ਹੋ ਗਈ ਹੈ।

Mr. Deputy Speaker: Bhagwan Dass ji, Please try to finish it.

ਸ੍ਰੀ ਭਗਵਾਨ ਦਾਸ ਅਰੋੜਾ : ਬਾਦਲ ਸਾਹਿਬ ਨੂੰ ਪਤਾ ਨਹੀਂ, ਕੀ ** ** ** ** ਨੂੰ ਜ਼ਿਲ੍ਹੇ ਦਾ ਜਥੇਦਾਰ ਬਣਾਇਆ। ਉਸ ਦੀ ਪਿਛਲੀ ਹਿਸਟਰੀ ਇਹ ਹੈ

**Expunged as ordered by the Chair.

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਜੋ ਇਸ ਹਾਊਸ ਦਾ ਮੈਂਬਰ ਨਹੀਂ, ਉਸ ਦਾ ਨਾਂ ਨਾ ਲਵੋ । ਤੁਸੀਂ ਤਾਂ ਸੀਨੀਅਰ ਆਦਮੀ ਹੋ ਮੰਤਰੀ ਰਹੇ ਹੋ, ਇਵੇਂ ਨਾ ਕਹੋ । ਜਿਹੜਾ ਹਾਊਸ ਦਾ ਮੈਂਬਰ ਨਹੀਂ, ਉਸ ਦਾ ਨਾਂ ਨਹੀਂ ਲੈਣਾ ਚਾਹੀਦਾ ।

ਸ਼੍ਰੀ ਡਿਪਟੀ ਸਪੀਕਰ : ਇਹ ਜੋ ਨਾਮ ਲੈ ਕੇ ਕਹਿ ਰਹੇ ਹਨ ਐਕਸਪੰਜ ਕਰ ਦਿੱਤਾ ਜਾਵੇ । ਅਰੋੜਾ ਜੀ, ਤੁਸੀਂ ਆਪਣੀ ਗੱਲ ਕਰੋ। Please speak on the Governor's Address.

ਸ਼੍ਰੀ ਭਗਵਾਨ ਦਾਸ ਅਰੋੜਾ : ਡਿਪਟੀ ਸਪੀਕਰ ਸਾਹਿਬ, ਮੇਰੇ ਕੋਲ ਐਫੀਡੇਵਿਟ ਹਨ ।ਐਸ.ਐਚ.ਓ. ਸਰਦਾਰਾ ਸਿੰਘ ਦੇ ਹਲਕੇ ਵਿਚ ਰੇਪ ਹੋਏ ਅਤੇ ਚੋਰੀਆਂ ਵੀ ਹੋਈਆਂ ਪਰੰਤੂ ਮੁਲਜ਼ਮਾਂ ਨਾਲ ਮਿਲਕੇ ਕੇਸ ਰਜਿਸਟਰ ਨਹੀਂ ਕੀਤੇ ਗਏ । ਫਿਰ ਕਿਉਂ ਨਾ ਅਸੀਂ ਬੋਲਦੇ ਸਮੇਂ ਆਪਣੇ ਇਲਾਕੇ ਦੀ ਗੱਲ ਕਰੀਏ । ਦੂਸਰੀ ਗੱਲ ਇਹ ਹੈ ਕਿ ਲਾਲੀ ਨਾਲ ਧੱਕਾ ਹੋਇਆ ਅਤੇ ਮਹੇਸ਼ ਇੰਦਰ ਸਿੰਘ ਜੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ ਗਿਆ । ਸੀ. ਐਮ. ਸਾਹਿਬ ਕਹਿੰਦੇ ਹਨ ਕਿ ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਸਤਿਕਾਰ ਕਰਦਾ ਹਾਂ ਪਰ ਉਨ੍ਹਾਂ ਨੂੰ ਬੋਲਣ ਤੱਕ ਨਹੀਂ ਦਿਤਾ । ਕੀ ਇਹ ਲੋਕਤੰਤਰ ਹੈ ?

ਸ਼੍ਰੀ ਡਿਪਟੀ ਸਪੀਕਰ : ਤੁਸੀਂ ਦੋ ਮਿੰਟ ਵਿਚ ਖਤਮ ਕਰੋ । Come to the point and conclude your speech. I am going to call upon the other speaker. Please conclude within two minutes.

ਸ਼੍ਰੀ ਭਗਵਾਨ ਦਾਸ ਅਰੋੜਾ : ਡਿਪਟੀ ਸਪੀਕਰ ਸਾਹਿਬ, ਸੀ.ਐਮ. ਸਾਹਿਬ ਕਹਿੰਦੇ ਹਨ ਕਿ ਉਹ ਅਤੇ ਉਨ੍ਹਾਂ ਦੀ ਸਰਕਾਰ ਕਿਸਾਨਾਂ ਦੀ ਹਮਦਰਦ ਹੈ । 1998 ਵਿਚ ਝੋਨਾ ਖਰਾਬ ਹੋਇਆ । ਸੈਂਟਰਲ ਸਰਕਾਰ ਨੇ ਕਿਹਾ ਕਿ ਅਸੀਂ ਇਸ ਦੇ ਵਾਸਤੇ 850 ਕਰੋੜ ਰੁਪਿਆ ਦੇਵਾਂਗੇ ਪਰ ਉਸ ਨੇ ਸਿਰਫ 300 ਕਰੋੜ ਰੁਪਿਆ ਮਨਜ਼ੂਰ ਕੀਤਾ । ਉਹ ਵੀ ਕਾਗਜ਼ਾਂ ਵਿਚ ਹੀ ਮਨਜ਼ੂਰ ਕੀਤਾ, ਹਾਲੇ ਤੱਕ ਕੋਈ ਪੈਸਾ ਨਹੀਂ ਆਇਆ । ਉਧਰ ਆਂਧਰਾ ਪ੍ਰਦੇਸ਼ ਵਿਚ 350 ਕਰੋੜ ਰੁਪਏ ਦਾ ਨੁਕਸਾਨ ਹੋਇਆ ਅਤੇ 250 ਕਰੋੜ ਰੁਪਿਆ ਮਨਜ਼ੂਰ ਹੋਇਆ, ਉਹ ਪੈਸਾ ਮਿਲ ਵੀ ਗਿਆ ਅਤੇ ਵੰਡ ਵੀ ਦਿੱਤਾ । ਪੰਜਾਬ ਵਿਚ ਕਿਸਾਨਾਂ ਦੀ ਕੀ ਹਾਲਤ ਹੈ ਕਿ ਗੰਨਾ, ਗੁੜ, ਆਲੂ, ਰੁਲ ਰਿਹਾ ਹੈ ਅਤੇ ਕਿਸਾਨਾਂ ਦੀ ਬੁਰੀ ਹਾਲਤ ਹੈ । . . . (ਵਿਘਨ)

Mr. Deputy Speaker: Please, no interruption......

ਸ਼੍ਰੀ ਭਗਵਾਨ ਦਾਸ ਅਰੋੜਾ : ਡਿਪਟੀ ਸਪੀਕਰ ਸਾਹਿਬ, ਜਦੋਂ 1992 ਵਿਚ ਸਾਡੀ ਕਾਂਗਰਸ ਦੀ ਸਰਕਾਰ ਬਣੀ ਸੀ, ਉਸ ਵੇਲੇ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਸਨ ਅਤੇ ਸਰਦਾਰ ਦਿਲਬਾਗ ਸਿੰਘ ਖੇਤੀਬਾੜੀ ਮੰਤਰੀ ਸਨ । ਉਸ ਵੇਲੇ ਜਿਪਸਮ ਦਾ ਬੈਗ 17/-ਰੁਪਏ ਦਾ ਮਿਲਦਾ ਸੀ ਉਹ ਸਾਡੀ ਸਰਕਾਰ ਨੇ 5/-ਰੁਪਏ ਦਾ ਕਰਦਿੱਤਾ ਸੀ, ਹੁਣ ਫਿਰ ਉਹ 21/-

ਰੁਪਏ ਦਾ 50 ਕਿਲੋ ਦਾ ਬੈਗ ਹੋ ਗਿਆ ਹੈ । ਕੀ ਇਹ ਕਿਸਾਨਾਂ ਦੇ ਨਾਲ ਧੱਕਾ ਨਹੀਂ ਹੈ ਤਾਂ ਹੋਰ ਕੀ ਹੈ ? ਜੇਕਰ ਸੀ.ਐਮ. ਸਾਹਿਬ ਅੱਜ ਵੀ ਕਹਿਣ ਤਾਂ ਮੈਂ ਅਜਿਹੇ ਬੰਦੇ ਨੂੰ ਮਿਲਾ ਸਕਦਾ ਹਾਂ ਬੋਲੋ, ਬੋਲੋ ਤਾਂ ਇਨ੍ਹਾਂ ਦੀ ਹੋਣੀ ਹੈ । ਜਿਤਨੀ ਸਬਸਿਡੀ ਸੈਂਟਰ ਸਰਕਾਰ ਦਿੰਦੀ ਹੈ ਉਤਨੀ ਜਗਜਿਤੀ ਉਹ ਬੰਦੇ ਨੂੰ ਦੇ ਦੇਣ । ਪੰਜਾਬ ਆਪਦੇ ਕੋਲੋਂ ਪੈਸਾ ਨਾ ਦੇਵੇ ਅਤੇ ਕਿਸਾਨਾਂ ਨੂੰ 1997-98 ਦਾ ਅਤੇ 1998-99 ਦਾ ਜਿੰਨਾ ਟਾਰਗੇਟ ਹੈ ਉਸ ਤੋਂ ਵੱਧ ਉਹ ਫਰੀ ਜਿਪਸਮ ਦੇਵੇਗਾ । ਕਿਸਾਨਾਂ ਤੋਂ ਇੱਕ ਨਵਾਂ ਪੈਸਾ ਨਹੀਂ ਲਵੇਗਾ । ਕਹੋ ਤਾਂ ਮੈਂ ਬਾਦਲ ਸਾਹਿਬ ਨੂੰ ਮਿਲ ਲਵਾਂਗਾ ।

ਸ੍ਰੀ ਡਿਪਟੀ ਸਪੀਕਰ : ਸਰਦਾਰ ਸਾਧੂ ਸਿੰਘ ਬਾਘਾ ਪੁਰਾਣਾ ।

ਸਰਦਾਰ ਸਾਧੂ ਸਿੰਘ (ਬਾਘਾ ਪੁਰਾਣਾ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਅੱਜ ਮੈਨੂੰ ਤੁਸੀਂ ਇਸ ਪਵਿੱਤਰ ਹਾਊਸ ਵਿਚ ਬੋਲਣ ਦਾ ਸਮਾਂ ਦਿੱਤਾ ਹੈ, ਇਸ ਦੇ ਲਈ ਮੈਂ ਤੁਹਾਡਾ ਧੰਨਵਾਦੀ ਹਾਂ । ਡਿਪਟੀ ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ । ਇਸ ਪਾਰਟੀ ਨੇ ਦੇਸ਼ ਲਈ ਪੰਜਾਬ ਲਈ, ਬਹੁਤ ਕੁਰਬਾਨੀਆਂ ਕੀਤੀਆਂ ਅਤੇ ਤਸੀਹੇ ਝੱਲੇ । ਸ਼੍ਰੋਮਣੀ ਅਕਾਲੀ ਦਲ ਨੇ ਧਾਰਮਿਕ ਖੇਤਰ ਵਿਚ, ਸਮਾਜਿਕ ਖੇਤਰ ਵਿਚ ਅਤੇ ਰਾਜਨੀਤਿਕ ਖੇਤਰ ਵਿਚ ਅਣਗਿਣਤ ਨਵੀਆਂ ਪਿਰਤਾਂ ਪਾਈਆਂ ਹਨ ਜਿਨ੍ਹਾਂ ਵਿਚੋਂ ਮੈਂ ਇਕ ਹੀ ਪਿਰਤ ਬਾਰੇ ਦੱਸਣ ਦਾ ਮਾਣ ਮਹਿਸੂਸ ਕਰਦਾ ਹਾਂ । ਦੁਨੀਆਂ ਸਾਲ 1999 ਨੂੰ ਇਸਤਰੀ ਵਰ੍ਹੇ ਵਜੋਂ ਮਨਾ ਰਹੀ ਹੈ ਅਤੇ ਅਕਾਲੀ ਦਲ ਨੇ ਉਸ ਰੋਸ਼ਨੀ ਵਿਚ ਇਕ ਸੱਚੀ-ਸੁੱਚੀ, ਨਿੱਡਰ ਅਤੇ ਧਾਰਮਿਕ ਰੁਚੀਆਂ ਵਾਲੀ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਧਾਨ ਸਰਬ-ਸੰਮਤੀ ਨਾਲ ਚੁਣ ਕੇ ਇਕ ਮਿਸਾਲ ਪੈਦਾ ਕੀਤੀ ਹੈ ਅਤੇ ਇਹ ਇਕ ਬਹੁਤ ਵੱਡਾ ਮੀਲ-ਪੱਥਰ ਹੈ । ਇਸ ਚੋਣ ਦੇ ਸਬੰਧ ਵਿਚ ਇਕ ਕਿਸਮ ਦੀ ਝਲਕ ਸਾਫ ਦਿਖਾਈ ਦੇ ਰਹੀ ਹੈ ਕਿਉਂਕਿ ਬੀਬੀ ਜਗੀਰ ਕੌਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ 33ਵਾਂ ਨੰਬਰ ਹੈ ਅਤੇ ਦੇਸ਼ ਦੀ ਸਰਕਾਰ ਵੀ 33 ਫੀਸਦੀ ਬੀਬੀਆਂ ਲਈ ਰਾਖਵਾਂ ਕਰਨ ਕਰਨ ਲਈ ਸੰਜੀਦਗੀ ਨਾਲ ਵਿਚਾਰ ਕਰ ਰਹੀ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਡੀ ਪੰਜਾਬ ਸਰਕਾਰ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਜੋ ਪ੍ਰਾਪਤੀਆਂ ਕੀਤੀਆਂ ਹਨ ਉਹ ਲਾਮਿਸਾਲ ਹਨ । ਸਾਹਮਣੇ ਬੈਠੇ ਵੀਰੋ, ਤੁਹਾਡੀਆਂ ਸਰਕਾਰਾਂ ਨੇ 45 ਸਾਲਾਂ ਦੇ ਲੰਬੇ ਅਰਸੇ ਵਿਚ ਪੰਜਾਬ ਦਾ ਜਿੰਨਾ ਸੰਵਾਰਿਆ ਹੈ, ਉਸ ਤੋਂ ਵੱਧ ਮੌਜੂਦਾ ਸਰਕਾਰ ਨੇ, ਸੰਵਾਰਿਆ ਹੈ । ਕਾਂਗਰਸ ਨੇ ਹੁਣ ਤੱਕ ਉਦਯੋਗ ਤੇ 14,000 ਕਰੋੜ ਰੁਪਏ ਖਰਚ ਕੀਤੇ ਹਨ ਜਦ ਕਿ ਸਾਡੀ ਸਰਕਾਰ ਨੇ ਹੁਣ ਤੱਕ ਉਦਯੋਗਾਂ ਵਿਚ ਇਕੱਲੇ ਤੇਲ ਸੋਧਕ ਕਾਰਖਾਨੇ ਤੇ ਹੀ 16,000 ਕਰੋੜ ਰੁਪਏ ਕੇਂਦਰ ਤੋਂ ਖਰਚ ਕਰਵਾਏ ਹਨ । ਗਰੀਬ ਅਤੇ ਮੱਧ ਵਰਗ ਦੇ ਲੋਕਾਂ ਨੂੰ ਕਾਂਗਰਸ ਵੱਲੋਂ ਦਿੱਤੀ ਗਈ "ਰੋਡਵੇਜ਼ ਦੀ ਲਾਰੀ, ਨਾ ਬੂਹਾ ਨਾ ਬਾਰੀ" ਦੀ ਲਾਹਨਤ ਤੋਂ ਕੱਢ ਕੇ ਸਾਡੀ ਸਰਕਾਰ ਵੱਲੋਂ ਨਵੀਆਂ ਰੋਡਵੇਜ਼ ਦੀਆਂ ਅਤੇ ਪੈਪਸੂ ਰੋਡਵੇਜ਼ ਦੀਆਂ ਬੱਸਾਂ-ਪਨਬੱਸ ਵਿਚ ਲੋਕਾਂ ਨੂੰ ਸਫਰ ਕਰਵਾਇਆ ਗਿਆ ਹੈ । ਇਸ ਤੋਂ ਵੱਧ ਅਨੇਕਾਂ ਜਨ-ਜੀਵਨ ਲਈ ਸਹੂਲਤਾਂ ਦਿੱਤੀਆਂ

[ਸਰਦਾਰ ਸਾਧੂ ਸਿੰਘ]

ਗਈਆਂ ਹਨ ਜਿਨ੍ਹਾਂ ਦੀ ਹੋਰ ਕੋਈ ਮਿਸਾਲ ਨਹੀਂ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਗਏ ਮਤੇ ਦੀ ਮੈਂ ਪੁਰਜ਼ੋਰ ਹਮਾਇਤ ਕਰਦਾ ਹਾਂ । ਧੰਨਵਾਦ ।

Mr Deputy Speaker: Thank you very much. Next, Sardar Ajit Inder Singh Mofar. ਮੋਫਰ ਜੀ, ਤੁਸੀਂ 5-6 ਮਿੰਟ ਵਿਚ ਹੀ ਫਿਨਿਸ਼ ਕਰਨਾ । ਤੁਹਾਡਾ ਅੱਗੇ ਟਾਈਮ ਆ ਚੁੱਕਾ ਹੈ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) : 10 ਮਿੰਟ ਤੋਂ ਘੱਟ ਜੀ Thank you, Mr. Deputy Speaker, You have allowed me to take part in Governer's Address. (Voices: Speak in Punjabi). You can't interrupt.

ਸ਼੍ਰੀ ਡਿਪਟੀ ਸਪੀਕਰ : ਪੰਜਾਬੀ ਵਿਚ ਬੋਲ ਦਿਉ, ਮੋਫਰ ਸਾਹਿਬ । ਮੈਂ ਵੀ ਪੰਜਾਬੀ ਵਿਚ ਬੋਲਦਾ ਹਾਂ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੰਜਾਬ ਦੇ ਬਾਰੇ, ਪੰਜਾਬ ਦੇ ਸਭਿਆਚਾਰ ਬਾਰੇ, ਪੰਜਾਬ ਦੀ ਆਰਥਿਕਤਾ ਬਾਰੇ, ਸਰਕਾਰ ਦੀਆਂ ਪਾਲਿਸੀਆਂ ਬਾਰੇ ਕਿਹਾ ਹੈ ਅਤੇ ਬੜੇ ਹੇਰ-ਫੇਰ ਨਾਲ ਰੇਸ਼ਮੀ ਸ਼ਬਦਜਾਲ ਵਿਚ ਹਰ ਗੱਲ ਕੀਤੀ ਗਈ ਹੈ । ਗੱਲਾਂ ਕਰਨ ਨਾਲ ਕੁਝ ਨਹੀਂ ਹੋਣਾ ਜਦ ਕਿ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੈ । ਜੋ ਵੀ ਸਰਕਾਰ ਨੇ ਇਕਰਾਰ ਕੀਤੇ ਹਨ, ਉਹ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਏ ਹਨ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਬੜੇ ਲੰਬੇ ਸਮੇਂ ਤੋਂ ਸੰਘਰਸ਼ ਕੀਤਾ ਅਤੇ 1973 ਵੇਲੇ ਅਨੰਦਪੁਰ ਸਾਹਿਬ ਦਾ ਮਤਾ ਆਇਆ । ਉਸਦੇ ਤਹਿਤ ਪੰਜਾਬ ਦੇ ਬੜੇ ਵੱਡੇ ਲਮਕਦੇ ਮਸਲੇ ਵਿਚਾਰੇ ਗਏ । ਹਰ ਵਾਰ ਅਕਾਲੀ ਦਲ ਨੇ ਉਨ੍ਹਾਂ ਤੇ ਪਹਿਰਾ ਦੇਣ ਦੀ ਗੱਲ ਕੀਤੀ । ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਪੰਜਾਬ ਨੂੰ ਦੁਆਉਣਾ, ਦਰਿਆਈ ਪਾਣੀਆਂ ਤੇ ਹੱਕ, ਇਨ੍ਹਾਂ ਸਾਰਿਆਂ ਮਸਲਿਆਂ ਬਾਰੇ ਬਾਦਲ ਸਾਹਿਬ ਨੇ ਬਹੁਤ ਜ਼ੋਰ ਲਾਇਆ ਔਰ ਹੁਣ ਬੜਾ ਢੁਕਵਾਂ ਸਮਾਂ ਮਿਲਿਆ ਸੀ । ਪਰ ਸਰਕਾਰ ਬਣੀ ਨੂੰ 2 ਸਾਲ ਹੋ ਗਏ ਹਨ, ਸੈਂਟਰ ਵਿਚ ਵੀ ਭਾਜਪਾ ਦੀ ਸਰਕਾਰ ਹੈ ਅਤੇ ਮੈਨੂੰ ਇਹ ਨਹੀਂ ਪਤਾ ਕਿ ਫਿਰ ਵੀ ਦੇਰ ਕਿਉਂ ਹੋ ਰਹੀ ਹੈ ? ਇਹ ਬੜੇ ਵੱਡੇ ਮਸਲੇ ਹਨ, ਅਤੇ ਅਸੀਂ ਦੇਖ ਰਹੇ ਹਾਂ ਕਿ ਕਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਇਨ੍ਹਾਂ ਮਸਲਿਆਂ ਤੇ ਤੁਰੰਤ ਕਾਰਵਾਈ ਕਰਕੇ ਪੰਜਾਬ ਦੀਆਂ ਇਹ ਜੋ ਅਹਿਮ ਗੱਲਾਂ ਹਨ, ਉਹ ਤੁਰੰਤ ਸੈਂਟਰ ਤੋਂ ਮਨਵਾ ਕੇ ਦਿੱਲੀ ਤੋਂ ਪੰਜਾਬ ਦੇ ਲੋਕਾਂ ਲਈ ਖੁਸ਼ੀ ਦੀ ਲਹਿਰ ਲਿਆਉਣਗੇ । ਪਿਛਲੀ ਕਾਂਗਰਸ ਸਰਕਾਰ ਨੇ ਅਤੇ ਮੌਜੂਦਾ ਅਕਾਲੀ ਸਰਕਾਰ ਨੇ ਸਿੱਖਿਆ, ਸਿਹਤ, ਖੇਤੀਬਾੜੀ, ਪਿੰਡਾਂ ਤੇ ਸ਼ਹਿਰਾਂ ਦੀ ਭਲਾਈ, ਸੜਕਾਂ ਅਤੇ ਉਦਯੋਗ ਦੀ ਪ੍ਰਗਤੀ ਬਾਰੇ ਜਨਤਾ ਨੂੰ ਸਿਰਫ ਮਿੱਠੀਆਂ ਗੋਲੀਆਂ ਹੀ ਦਿੱਤੀਆਂ ਹਨ ਪਰ ਪੰਜਾਬ ਦੀ ਅੰਦਰੂਨੀ ਤੇ ਅਸਲੀ ਤਸਵੀਰ ਕੁਝ ਹੋਰ ਹੈ ਜੋ ਕਿ ਮੈਂ ਜਨਤਾ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੋਇਆ ਹਾਊਸ ਦੇ ਅੱਗੇ ਪੇਸ਼ ਕਰਦਾ ਹਾਂ ।

ਮਾਨਯੋਗ ਗਵਰਨਰ ਸਾਹਿਬ ਇਹ ਭੁੱਲੇ ਹੋਏ ਨਹੀਂ ਹਨ ਕਿ ਸਿੱਖਿਆ, ਸਿਹਤ, ਸੜਕਾਂ ਅਤੇ ਹਸਪਤਾਲਾਂ ਦੀ ਪੰਜਾਬ ਵਿਚ ਹਾਲਤ ਕਿੰਨੀ ਤਰਸਯੋਗ ਹੈ । ਪਿੰਡਾਂ ਦੇ ਪਿੰਡ ਸੇਮ ਦੀ ਲਪੇਟ ਵਿਚ ਆ ਰਹੇ ਹਨ । ਸਾਨੂੰ ਪਤਾ ਹੈ ਕਿ ਕਿੰਨੀ ਬੁਰੀ ਤਰ੍ਹਾਂ ਨਾਲ ਮੁਕਤਸਰ ਜ਼ਿਲ੍ਹੇ ਵਿਚ ਸੇਮ ਨਾਲ ਬਰਬਾਦੀ ਹੋਈ ਹੈ । ਸਰਕਾਰ ਨੇ ਬੜੇ ਚੰਗੇ ਯਤਨ ਕੀਤੇ ਹਨ ਅਤੇ ਕਰ ਰਹੀ ਹੈ । ਸਰਕਾਰ ਉਥੇ ਲੋਕਾਂ ਨੂੰ 8 ਹਜ਼ਾਰ ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਵੀ ਦੇ ਰਹੀ ਹੈ । ਇਸੇ ਤਰ੍ਹਾਂ ਜ਼ਿਲ੍ਹਾ ਮਾਨਸਾ ਅਤੇ ਦੂਜੇ ਜ਼ਿਲ੍ਹਿਆਂ ਵਿਚ ਜਿਥੇ ਸੇਮ ਬੜੀ ਤੇਜ਼ੀ ਨਾਲ ਵੱਧ ਰਹੀ ਹੈ, ਉਥੇ ਵੀ ਸਾਨੂੰ ਉਮੀਦ ਹੈ ਕਿ ਸਰਕਾਰ ਪੂਰੀ ਕੋਸ਼ਿਸ਼ ਕਰਕੇ ਸੇਮ ਕੱਢਣ ਦਾ ਯਤਨ ਕਰੇਗੀ ਅਤੇ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਇਕ ਏਕੜ ਤੋਂ ਵੀ ਘੱਟ ਹੈ, ਉਨ੍ਹਾਂ ਨੂੰ ਵੀ 8 ਹਜ਼ਾਰ ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਲਈ ਵਚਨਬੱਧ ਹੋਵੇਗੀ ।

ਬਹੁਤ ਸਾਰੇ ਪਿੰਡਾਂ ਵਿਚ ਵਰਤੇ ਗਏ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਹੈ । ਇਸ ਵਜ੍ਹਾ ਕਰਕੇ ਪਿੰਡਾਂ ਦੇ ਆਲੇ ਦੁਆਲੇ ਪਾਣੀ ਬੜੀ ਵੱਡੀ ਮਾਤਰਾ ਵਿਚ ਖੜ੍ਹਾ ਹੋ ਜਾਂਦਾ ਹੈ । ਉਥੇ ਮੱਛਰ ਪੈਦਾ ਹੋ ਰਿਹਾ ਹੈ ਅਤੇ ਬਹੁਤ ਹੀ ਭਿਆਨਕ ਬਿਮਾਰੀਆਂ ਜਿਵੇਂ ਡੇਂਗੂ ਬੁਖਾਰ ਅਤੇ ਪੀਲੀਆ ਆਦਿ ਫੈਲ ਰਹੀਆਂ ਹਨ ਜਿਨ੍ਹਾਂ ਨਾਲ ਹਰ ਸਾਲ ਕਈ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ । ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਬਾਦ ਹੁਣ ਮੈਂ ਇਕ ਬਹੁਤ ਹੀ ਅਹਿਮ ਅਤੇ ਜ਼ਰੂਰੀ ਮਸਲਾ ਜੋ ਕਿ ਕਿਸਾਨਾਂ ਨਾਲ ਸਬੰਧਤ ਹੈ, ਉਸ ਵੱਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ । ਪਿਛਲੇ 3 ਸਾਲਾਂ ਤੋਂ ਕਿਸਾਨੀ ਬਹੁਤ ਬੁਰੀ ਤਰ੍ਹਾਂ ਬਰਬਾਦ ਹੋ ਰਹੀ ਹੈ । ਨਰਮੇ ਅਤੇ ਕਪਾਹ ਦੀ ਫਸਲ ਨਹੀਂ ਹੋ ਰਹੀ । ਝੋਨੇ ਦੀ ਫਸਲ ਮੰਡੀਆਂ ਵਿਚ ਰੁਲਦੀ ਰਹੀ ਹੈ ਅਤੇ ਉਸ ਦਾ ਪੂਰਾ ਮੁੱਲ ਕਿਸਾਨ ਨੂੰ ਨਹੀਂ ਮਿਲਿਆ । ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਏ ਕਿਸਾਨਾਂ ਨੇ ਬੈਂਕਾਂ ਦਾ ਆਸਰਾ ਤੱਕਿਆ ਲੇਕਿਨ ਦਲਾਲਾਂ ਅਤੇ ਬੈਂਕਾਂ ਦੇ ਕਰਮ-ਚਾਰੀਆਂ ਨੇ ਉਹ ਰਕਮ ਵੀ ਅੱਧੀ ਖੁਰਦ-ਬੁਰਦ ਕਰਕੇ ਹੀ ਕਿਸਾਨਾਂ ਤੱਕ ਪਹੁੰਚਣ ਦਿੱਤੀ । ਕਿਸਾਨ ਅੱਜ ਟਰੈਕਟਰ ਵੇਚਣ ਤੇ ਮਜਬੂਰ ਹੋ ਰਹੇ ਹਨ । ਉਹ ਆਪਣੇ ਜੰਦ ਵੀ ਵੇਚ ਰਹੇ ਹਨ ਜਿਹੜਾ ਕਿਸਾਨ ਦਾ ਪਸ਼ੂ ਧਨ ਹੈ, ਆਪਣੀਆਂ ਨਿੱਤਾਪ੍ਰਤੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਚਲਾਉਣ ਲਈ ਕਿਸਾਨ ਉਹ ਵੀ ਵੇਚੀ ਜਾ ਰਿਹਾ ਹੈ । ਇਸ ਸਬੰਧ ਵਿਚ ਮੈਂ ਇਕ ਅਹਿਮ ਗੱਲ ਹਾਊਸ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਵੀ ਇਕ ਵਾਰ ਕਿਸਾਨ ਦੇ ਸਿਰ ਤੇ ਇਸੇ ਤਰ੍ਹਾਂ ਦੀ ਆਰਥਿਕ ਮੰਦਹਾਲੀ ਦੀ ਤਲਵਾਰ ਲਟਕ ਗਈ ਸੀ । ਉਸ ਵੇਲੇ ਸਰ ਛੋਟੂ ਰਾਮ ਨੇ ਕਿਸਾਨ ਦੀ ਬਾਂਹ ਫੜੀ ਸੀ । ਅੱਜ ਲੋੜ ਹੈ ਕਿ ਸਾਡੇ ਮੁੱਖ ਮੰਤਰੀ ਜੀ ਸਰ ਛੋਟੂ ਰਾਮ ਵਾਂਗ ਕਿਸਾਨ ਦੀ ਬਾਂਹ ਫੜਨ । ਕਿਸਾਨ ਦਿਨੋ-ਦਿਨ ਕਰਜ਼ੇ ਥੱਲੇ ਦੱਬਿਆ ਜਾ ਰਿਹਾ ਹੈ । ਸਾਡੇ ਮੁੱਖ ਮੰਤਰੀ ਜੀ ਨੂੰ ਚਾਹੀਦਾ ਹੈ ਕਿ ਉਹ ਵਰਲਡ

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਬੈਂਕ ਅਤੇ ਆਈ.ਐਮ.ਐਫ. ਨਾਲ ਗੱਲ ਕਰਕੇ ਉਨ੍ਹਾਂ ਨੂੰ ਸਾਡੇ ਕਿਸਾਨਾਂ ਦੀਆਂ ਤਕਲੀਫਾਂ ਦੱਸ ਕੇ ਕੋਈ ਪੈਸੇ ਦਾ ਇੰਤਜ਼ਾਮ ਕਰਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਪੰਜਾਬ ਦੇ ਲੋਕਾਂ ਵੱਲ ਨਿਗਾਹ ਮਾਰਨ ਅਤੇ ਪੰਜਾਬ ਦੇ ਲੋਕਾਂ ਦੇ ਸਿਰ ਤੇ ਜਿਹੜਾ 8,500 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਉਸ ਨੂੰ ਮੁਆਫ ਕਰਾ ਕੇ ਇਸ ਕਰਜ਼ੇ ਤੋਂ ਨਿਜਾਤ ਦਿਵਾਉਣ ਤਾਂ ਕਿ ਪੰਜਾਬ ਦੇ ਲੋਕ ਨਵੀਂ ਜ਼ਿੰਦਗੀ ਜੀਅ ਸਕਣ ਅਤੇ ਉਨ੍ਹਾਂ ਵਾਸਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕੇ।

ਅਗਲੀ ਗੱਲ ਹੈ ਭ੍ਰਿਸ਼ਟਾਚਾਰ ਦੀ। ਇਸ ਦੇ ਬਾਰੇ ਮੁੱਖ ਮੰਤਰੀ ਜੀਅ ਨੇ ਬੜੇ ਵੱਡੇ ਦਾਅਵੇ ਕੀਤੇ ਸਨ। ਸਾਨੂੰ ਵੀ ਬੜੀ ਖੁਸ਼ੀ ਹੋਈ ਸੀ ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਭ੍ਰਿਸ਼ਟਾਚਾਰ ਨੂੰ ਜੜ੍ਹ ਤੋਂ ਪੁੱਟ ਕੇ ਰੱਖ ਦਿਆਂਗੇ। ਜਿਹੜਾ ਵੀ ਕੋਈ ਕਿਸੇ ਸਰਕਾਰੀ ਅਫਸਰ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਫੜਾਵੇਗਾ, ਇਨ੍ਹਾਂ ਨੇ ਉਸ ਦੇ ਲਈ 25 ਹਜ਼ਾਰ ਅਤੇ 50 ਹਜ਼ਾਰ ਰੁਪਏ ਦੇ ਇਨਾਮ ਰੱਖੇ ਸਨ ਲੇਕਿਨ ਅਫਸੋਸ ਦੀ ਗੱਲ ਹੈ ਕਿ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਲਾਲ ਫੀਤਾਸ਼ਾਹੀ ਦੇ ਮਾਮਲੇ ਵਿਚ ਇਸ ਸਰਕਾਰ ਨੇ ਸਾਰੀਆਂ ਹੱਦਾਂ ਬੰਨੇ ਪਾਰ ਕਰਕੇ ਪਿਛਲੀ ਕਾਂਗਰਸ ਸਰਕਾਰ ਨੂੰ ਮਾਤ ਕਰ ਦਿੱਤਾ ਹੈ ਹਾਲਾਂ ਕਿ ਘੱਟ ਪਿਛਲੀ ਸਰਕਾਰ ਵੀ ਨਹੀਂ ਸੀ। ਇਸ ਸਰਕਾਰ ਦੇ ਦੋ ਸਾਲ ਪੂਰੇ ਹੋ ਗਏ ਹਨ ਲੇਕਿਨ ਅੱਜ ਵੀ ਦਫਤਰਾਂ ਵਿਚ ਲਾਲ ਫੀਤਾਸ਼ਾਹੀ ਦਾ ਬੋਲ-ਬਾਲਾ ਹੈ। ਹਜ਼ਾਰ ਨੌਜਵਾਨ ਨੌਕਰੀਆਂ ਲਈ ਦਰ ਦਰ ਭਟਕ ਰਹੇ ਹਨ ਅਤੇ ਲੱਖਾਂ ਰੁਪਏ ਨੌਕਰੀਆਂ ਵਾਸਤੇ ਮੰਗੇ ਜਾ ਰਹੇ ਹਨ। ਮੈਂ ਇਸ ਮਾਮਲੇ ਵੱਲ ਸਰਕਾਰ ਦਾ ਧਿਆਨ ਦੁਆ ਰਿਹਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਸਰਕਾਰ ਇਸ ਸਬੰਧ ਵਿਚ ਕੁਝ ਕਰੇਗੀ। ਸਰਕਾਰ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਵਿਚ ਬਿਲਕੁਲ ਫੇਲ੍ਹ ਹੋਈ ਹੈ। ਇਸ ਸਬੰਧ ਵਿਚ ਬੜੀ ਸਖਤੀ ਨਾਲ ਕਦਮ ਚੁੱਕਣੇ ਚਾਹੀਦੇ ਹਨ। ਮੈਨੂੰ ਡਰ ਹੈ ਕਿ ਕਿਤੇ ਇਹ ਨਾ ਹੋਵੇ ਕਿ ਕੁਰੱਪਸ਼ਨ ਸਰਕਾਰ ਦੀਆਂ ਟੇਬਲਾਂ ਦੇ ਥੱਲੇ ਪਲਦੀ ਪਈ ਹੋਵੇ।

ਰਾਜ ਮੰਤਰੀ, ਸਿੰਚਾਈ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਹਾਊਸ ਵਿਚ ਕੁਰੱਪਸ਼ਨ ਦੀ ਗੱਲ ਕਰ ਰਹੇ ਹਨ। ਪਤਾ ਨਹੀਂ ਇਹ ਗੱਲਾਂ ਜਾਣ ਬੁੱਝ ਕੇ ਕਿਉਂ ਕਰ ਰਹੇ ਹਨ। ਸਾਡੇ ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਆਉਂਦਿਆਂ ਸਾਰ ਹੀ ਇਹ ਫੈਸਲਾ ਕੀਤਾ ਸੀ ਕਿ ਜਿਹੜਾ ਕਲਾਸ-1 ਨੂੰ ਕੁਰੱਪਸ਼ਨ ਦੇ ਕੇਸ ਵਿਚ ਫੜਾਵੇਗਾ, ਉਸ ਨੂੰ 50,000 ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਦੂਸਰੇ ਕਰਮਚਾਰੀਆਂ ਨੂੰ ਫੜਾਉਣ ਤੇ 25,000 ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਵੱਧ ਸਾਡੇ ਮੁੱਖ ਮੰਤਰੀ ਜੀ ਕੀ ਕਰ ਸਕਦੇ ਹਨ। ਹੁਣ ਇਨ੍ਹਾਂ ਦਾ ਫਰਜ਼ ਬਣਦਾ ਹੈ ਕਿ ਇਹ ਕੁਰੱਪਸ਼ਨ ਦੇ ਕੇਸ ਫੜਵਾਉਣ। ਜਿਥੇ ਕਿਤੇ ਵੀ ਇਨ੍ਹਾਂ ਨੂੰ ਕੁਰੱਪਸ਼ਨ ਦੇ ਕੋਈ ਠੋਸ ਕੇਸ ਮਿਲਦੇ ਹਨ, ਫੜਾਉਣ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਜਿਥੇ ਮੇਰਾ ਫਰਜ਼ ਬਣਦਾ ਹੈ, ਉਥੇ ਇਹ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਕੁਰੱਪਸ਼ਨ ਦੇ ਕੇਸ ਫੜੇ ਹੁਣ ਤੱਕ ਕਿੰਨੇ ਕੁ ਅਫਸਰ ਫੜੇ ਹਨ ਅਤੇ ਕਿੰਨਿਆਂ ਨੂੰ 50,000 ਰੁਪਏ ਜਾਂ 25,000 ਰੁਪਏ ਦੇ ਇਨਾਮ ਦਿੱਤੇ ਗਏ ਹਨ ...

ਸ੍ਰੀ ਡਿਪਟੀ ਸਪੀਕਰ : ਮੋਫਰ ਸਾਹਿਬ, ਮਲੂਕਾ ਜੀ ਪੁਆਇੰਟ ਆਫ਼ ਆਰਡਰ ਤੇ ਹਨ। ਪਹਿਲਾਂ ਉਨ੍ਹਾਂ ਨੂੰ ਸੁਣ ਲਉ।

ਰਾਜ ਮੰਤਰੀ, ਸਿੰਚਾਈ : ਡਿਪਟੀ ਸਪੀਕਰ ਸਾਹਿਬ, ਇਹ ਗਲਤ ਜਾਣਕਾਰੀ ਦੇ ਕੇ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ। ਕਿਨੇ ਕੁ ਕੰਮ ਰਿਸ਼ਵਤ ਦੇ ਕੇ ਹੁੰਦੇ ਹਨ, ਇਹ ਕੋਈ ਇਕ ਵੀ ਉਦਾਹਰਣ ਐਸੀ ਪੇਸ਼ ਕਰ ਦੇਣ। ਜਿੰਨੇ ਵੀ ਬੰਦੇ ਫੜਾਏ ਗਏ ਹਨ ਨਥਾਣੇ ਵਿੱਚ ਉਨ੍ਹਾਂ ਸਾਰਿਆਂ ਨੂੰ ਇਨਾਮ ਦੇ ਦਿੱਤੇ ਗਏ ਹਨ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਹੁਣ ਫਿਰ ਘਰ ਵਿਚ ਬੈਠ ਕੇ ਪੁਰਾਣਾ ਭ੍ਰਿਸ਼ਟਾਚਾਰ ਦਾ ਤਰੀਕਾ ਚਲ ਪਿਆ ਹੈ ਕਿ ਪੈਸੇ ਦਿਓ ਅਤੇ ਕੰਮ ਕਰਵਾਉ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਐਂਵੇਂ ਜਨਰਲ ਐਲੀਗੇਸ਼ਨ ਲਗਾਈ ਜਾ ਰਹੇ ਹਨ। ਅਸੀਂ ਤਾਂ ਇਸ ਵਾਸਤੇ ਲੋਕਪਾਲ ਵੀ ਬਣਾ ਦਿੱਤਾ ਹੈ। ਜੇਕਰ ਇਨ੍ਹਾਂ ਕੋਲ ਕੋਈ ਸਬਸਟੈਂਟਿਵ ਕੇਸ ਹਨ ਤਾਂ ਉਹ ਦੇਣ। ਅਗਰ ਇਹ ਲੋਕਪਾਲ ਕੋਲ ਨਹੀਂ ਜਾਣਾ ਚਾਹੁੰਦੇ ਤਾਂ ਮੁੱਖ ਮੰਤਰੀ ਸਾਹਿਬ ਨੂੰ ਦੇ ਦੇਣ। ਜੇਕਰ ਕੋਈ ਇੰਡੀਵਿਜੂਅਲ ਕੇਸ ਹੈ ਤਾਂ ਉਹ ਦੱਸ ਦੇਣ। ਐਵੇਂ ਇਕੋ ਡੰਡੇ ਸਾਰਿਆਂ ਨੂੰ ਨਾ ਹੱਕੀ ਜਾਣ। To play to the Press Gallery is not proper.

ਸ੍ਰੀ ਡਿਪਟੀ ਸਪੀਕਰ : ਮੋਫਰ ਸਾਹਿਬ, ਜੇਕਰ ਤੁਹਾਡੇ ਕੋਲ ਕੋਈ ਇਸ ਤਰ੍ਹਾਂ ਦਾ ਕੇਸ ਹੈ ਤਾਂ ਬਾਅਦ ਵਿਚ ਦੇ ਦੇਣਾ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਮੈਂ ਮਾਨਯੋਗ ਮੰਤਰੀ ਜੀ ਦਾ ਬੜਾ ਆਦਰ ਕਰਦਾ ਹਾਂ। ਜੇਕਰ ਮੇਰੇ ਕੋਲ ਕੋਈ ਇੰਡੀਵਿਜੂਅਲ ਕੇਸ ਹੋਇਆ ਤਾਂ ਮੈਂ ਉਹ ਦੇ ਦੇਵਾਂਗਾ। ਮੈਂ ਤਾਂ ਗਵਰਨਰ ਸਾਹਿਬ ਦੇ ਭਾਸ਼ਨ ਉਤੇ ਬੋਲ ਰਿਹਾ ਹਾਂ। ਇਸ ਵਿਚ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਗੱਲ ਕੀਤੀ ਗਈ ਹੈ। ਜੇਕਰ ਇੰਡੀਵਿਜੂਅਲ ਕੇਸ ਹੋਇਆ ਤਾਂ it will take time, ਮੈਂ ਤਾਂ ਗੱਲ ਕਰ ਰਿਹਾ ਸੀ ਕਿ ਅਜੇ ਅਸੀਂ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਜੋਗੇ ਨਹੀਂ ਹੋਏ।

ਡਿਪਟੀ ਸਪੀਕਰ ਸਾਹਿਬ ਸਿਆਸੀ ਦਖਲ-ਅੰਦਾਜ਼ੀ ਲੋੜ ਤੋਂ ਵੱਧ ਗਈ ਹੈ। ਜੋ ਲੋਕ ਇਲੈਕਸ਼ਨਾਂ ਵਿਚ ਜਿੱਤ ਨਹੀਂ ਸਕੇ, ਉਹ ਅੱਜ ਲੋਕਾਂ ਵਿਚ ਜਾ ਕੇ ਇੰਨੀ ਦਖਲ-ਅੰਦਾਜ਼ੀ ਕਰ ਰਹੇ ਹਨ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਪੁੱਛਿਆ ਤੱਕ ਨਹੀਂ ਜਾ ਰਿਹਾ ...

ਸ੍ਰੀ ਡਿਪਟੀ ਸਪੀਕਰ : ਮੋਫਰ ਸਾਹਿਬ, ਜਲਦੀ ਕਨਕਲੂਡ ਕਰੋ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਜਿਹੜੇ ਹਾਰੇ ਹੋਏ ਹਨ, ਉਹ ਨੀਂਹ ਪੱਥਰ ਰੱਖ ਰਹੇ ਹਨ ਅਤੇ ਐਲਾਨਾਂ ਤੇ ਲੱਗੇ ਹੋਏ ਹਨ। ਪ੍ਰਸ਼ਾਸਨ ਸਰਕਾਰ ਤੋਂ ਬੇਕਾਬੂ ਹੋ ਕੇ ਕੁਝ ਲੋਕਾਂ ਦੇ ਹੱਥਾਂ ਵਿਚ ਖੇਲ ਰਿਹਾ ਹੈ। ਇਕ ਕਹਾਵਤ ਕਹਿੰਦੇ ਹਨ ਕਿ:

[ਸਰਦਾਰ ਅਜੀਤ ਇੰਦਰ ਸਿੰਘ ਮੋਫਰ]

ਬੜੇ ਮੀਆਂ ਸੋ ਬੜੇ ਮੀਆਂ, ਛੋਟੇ ਮੀਆਂ ਸੁਬਹਾਨ ਅੱਲਾ ।

ਦਿੱਲੀ ਤਾਂ ਮੁਜ਼ਾਹਰਿਆਂ ਵਾਸਤੇ ਪਹਿਲਾਂ ਹੀ ਮਸ਼ਹੂਰ ਸੀ ਪਰ ਹੁਣ ਚੰਡੀਗੜ੍ਹ ਦਿੱਲੀ ਨਾਲੋਂ ਵੀ ਅੱਗੇ ਨਿਕਲ ਗਿਆ ਹੈ । ਇਹ ਇਕ ਬੜਾ ਵੱਡਾ ਮੁਜ਼ਾਹਰਾ ਮੰਚ ਬਣ ਕੇ ਰਹਿ ਗਿਆ ਹੈ । ਪੰਜਾਬ ਦੇ ਸਮੁੱਚੇ ਮੁਲਾਜ਼ਮ ਵਰਗ ਵਿਚ ਵਿਆਪਕ ਰੋਸ ਲਹਿਰ ਅਤੇ ਬੇਚੈਨੀ ਫੈਲ ਗਈ ਹੈ ਅਤੇ ਉਹ ਸਾਰੇ ਸੜਕਾਂ ਤੇ ਨਿਕਲ ਆਏ ਹਨ । ਪੁਲਿਸ ਅੱਗੋਂ ਲਾਠੀਆਂ ਨਾਲ ਸਵਾਗਤ ਕਰਦੀ ਹੈ । ਮਰਨ ਵਰਤ ਜਾਰੀ ਹਨ । ਸਰਕਾਰ ਮੁਲਾਜ਼ਮਾਂ ਨੂੰ ਸੰਤੁਸ਼ਟ ਕਰਨ ਵਾਸਤੇ ਕੋਈ ਠੋਸ ਕਦਮ ਨਹੀਂ ਚੁੱਕ ਰਹੀ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਬੇਸਹਾਰਾ ਬੱਚੇ, ਅਪਾਹਜ ਅਤੇ ਬਜ਼ੁਰਗ, ਵਿਧਵਾਵਾਂ ਆਪਣੀਆਂ ਪੈਨਸ਼ਨਾਂ ਦੀ ਉਡੀਕ ਕਰ ਰਹੀਆਂ ਹਨ ਪਰ ਸਰਕਾਰ ਦਾ ਖਜ਼ਾਨਾ ਖਾਲੀ ਹੈ। 'ਦੀ ਟ੍ਰਿਬਿਊਨ' ਦੇ ਸੰਪਾਦਕ ਹਰੀ ਜੈ ਸਿੰਘ ਨੇ ਆਪਣੇ ਇਕ ਐਡੀਟੋਰੀਅਲ ਵਿਚ ਵੀ ਪੰਜਾਬ ਦੇ ਮਾਲੀ ਸੰਕਟ ਦੀ ਖੁਲ੍ਹ ਕੇ ਪੁਸ਼ਟੀ ਕੀਤੀ ਹੈ । ਵਿਕਾਸ ਦੇ ਸਾਰੇ ਕੰਮਾਂ ਵਿਚ ਪੂਰੀ ਤਰ੍ਹਾਂ ਖੜੋਤ ਆ ਗਈ ਹੈ ਅਤੇ ਲੋਕਾਂ ਵਿਚ ਸਰਕਾਰ ਦੀ ਭਰੋਸੇ ਯੋਗਤਾ ਬਾਰੇ ਸ਼ੰਕੇ ਪੈਦਾ ਹੋ ਗਏ ਹਨ ।

ਡਿਪਟੀ ਸਪੀਕਰ ਸਾਹਿਬ, ਮੇਰੇ ਨੌਜਵਾਨ ਸਾਥੀ, ਸਤਿਕਾਰਯੋਗ ਸਾਥੀ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਸਾਰਿਆਂ ਨੂੰ ਪਾਰਟੀ ਤੋਂ ਉਪਰ ਉਠ ਕੇ ਗਿਲੇ-ਸ਼ਿਕਵੇ ਭੁਲਾ ਕੇ ਇਕ ਹੋਣ ਦਾ ਜੋ ਸੱਦਾ ਦਿੱਤਾ ਹੈ, ਮੈਂ ਉਸ ਦਾ ਸਵਾਗਤ ਕਰਦਾ ਹਾਂ ਕਿਉਂਕਿ ਪੰਜਾਬ ਦੇ ਵਿਕਾਸ ਅਤੇ ਅਮਨ ਵਿਚ ਯੋਗਦਾਨ ਪਾਉਣਾ ਸਦਾ ਸਾਰਿਆ ਦਾ ਹੀ ਪਹਿਲਾ ਫ਼ਰਜ਼ ਹੈ ।

ਤੇਰੇ ਵਾਅਦੇ ਪੇ ਜੀਏਂ ਹਮ, ਤੋ ਯਹ ਜਾਨ ਝੂਠ ਜਾਨਾ,
ਕਿ ਖੁਸ਼ੀ ਸੇ ਮਰ ਨਾ ਜਾਤੇ, ਅਗਰ ਐਤਬਾਰ ਹੋਤਾ ।

ਸਾਡੇ ਮਾਨਯੋਗ ਮੁੱਖ ਮੰਤਰੀ ਜੋ ਪੰਜਾਬ ਨੂੰ ਸਵਿਟਜ਼ਰਲੈਂਡ ਬਣਾਉਣ ਦਾ ਵਾਰ-ਵਾਰ ਪ੍ਰਚਾਰ/ਦਾਅਵਾ ਕਰਦੇ ਰਹਿੰਦੇ ਹਨ ਉਹ ਇਸ ਕੰਮ ਲਈ ਸੱਚੇ ਦਿਲੋਂ ਯਤਨਸ਼ੀਲ ਵੀ ਹਨ । ਬਿਜਲੀ-ਪਾਣੀ ਮੁਫਤ, ਬੁਢਾਪਾ ਪੈਨਸ਼ਨ ਅਤੇ ਸ਼ਗਨ ਸਕੀਮ ਵੱਲ ਸ਼ਲਾਘਾਯੋਗ ਉਪਰਾਲੇ ਇਨ੍ਹਾਂ ਨੇ ਕੀਤੇ ਹਨ ਪਰ ਅਸਲੀ ਸੁਪਨੇ ਸਾਕਾਰ ਕਰਨ ਲਈ ਅਜੇ ਹੋਰ ਉਪਰਾਲਿਆਂ ਦੀ ਲੋੜ ਹੈ । ਇਸਦੇ ਬਾਰੇ ਵੀ ਮੈਂ ਮੁੱਖ ਮੰਤਰੀ ਸਾਹਿਬ ਨੂੰ ਦੋ ਲਾਈਨਾਂ ਕਹਾਂਗਾਂ :

ਹਮੇਂ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ,
ਦਿਲ ਕੋ ਖੁਸ਼ ਰਖਨੇ ਕੋ ਗ਼ਾਲਿਬ ਯਹ ਖਿਆਲ ਅੱਛਾ ਹੈ ।

ਸ੍ਰੀ ਡਿਪਟੀ ਸਪੀਕਰ : ਮੋਫਰ ਜੀ, ਤੁਸੀਂ ਵਾਈਂਡ ਅੱਪ ਕਰੋ ।

ਸਰਦਾਰ ਅਜੀਤ ਇੰਦਰ ਸਿੰਘ ਮੋਫਰ : ਡਿਪਟੀ ਸਪੀਕਰ ਸਾਹਿਬ, ਬੱਸ 'ਜਸਟ-ਏ-ਮਿੰਟ' ਸਰ । ਸਰਕਾਰ ਵੱਲੋਂ ਖਾਲਸੇ ਦੇ ਤਿੰਨ ਸੌ ਸਾਲਾ ਜਨਮ ਸ਼ਤਾਬਦੀ ਮਨਾਏ ਜਾਣ ਦਾ ਮੈਂ ਸੁਆਗਤ ਕਰਦਾ ਹਾਂ ਪਰ ਕੀ ਪੰਜਾਬ ਦੀ ਅੰਤਰ ਆਤਮਾ ਇਸ ਨਾਲ ਝੰਜੋੜੀ ਨਹੀਂ ਜਾ ਰਹੀ ਜਦ ਕਿ ਅਸੀਂ ਆਪਸੀ ਵਿਵਾਦ ਵਿੱਚ ਉਲਝ ਕੇ ਇਸ

ਨੂੰ ਵੱਖੋ ਵੱਖਰੇ ਤੌਰ ਤੇ ਮਨਾ ਰਹੇ ਹਾਂ ਅਤੇ ਸਾਰੇ ਸੰਸਾਰ ਦੀਆਂ ਨਜ਼ਰਾਂ ਅੱਜ ਸਾਡੇ ਵੱਲ ਲੱਗੀਆਂ ਹੋਈਆਂ ਹਨ ? ਸਾਡੇ ਬਾਰੇ ਲੋਕਾਂ ਦਾ ਗਲਤ ਨਿਰਣਾ ਸਮੁੱਚੇ ਪੰਜਾਬ ਦੇ ਹਿੱਤ ਵਿੱਚ ਨਹੀਂ ਹੋਵੇਗਾ । ਜੇ ਇਸ ਨਾਲ ਸਿੱਖ ਕੌਮ ਦਾ ਸਨਮਾਨ ਜਾਂਦਾ ਰਿਹਾ ਤਾਂ ਸਮਝੋ ਸਮੁੱਚੇ ਪੰਜਾਬ ਦਾ ਮਾਣ ਜਾਂਦਾ ਰਹੇਗਾ ।

ਮਾਨਯੋਗ ਡਿਪਟੀ ਸਪੀਕਰ ਸਾਹਿਬ, ਮਨਸ਼ੇ ਦੇ ਮੰਤਵ ਪੂਰੇ ਕਰਨ ਲਈ ਈਮਾਨਦਾਰੀ ਤੇ ਮਿਹਨਤ ਨਾਲ ਕੰਮ ਕਰਨਾ ਪੈਂਦਾ ਹੈ । ਲੋਕਰਾਜ ਅਤੇ ਸਮਾਜਿਕ ਕਦਰਾਂ ਕੀਮਤਾਂ ਤੇ ਪਹਿਰਾ ਦੇ ਕੇ ਹੀ ਚੰਗੇ ਸਮਾਜ ਦੀ ਉਸਾਰੀ ਹੁੰਦੀ ਹੈ ਪਰ ਇਨ੍ਹਾਂ ਗੱਲਾਂ ਤੋਂ ਅਸੀਂ ਕੋਹੇ ਹਾਂ, ਕਿਉਂਕਿ ਸਾਡੇ ਵਿੱਚ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਕੁੱਟ-ਕੁੱਟ ਕੇ ਭਰਿਆ ਹੋਇਆ ਹੈ । ਇਸ ਲਈ ਅਫਸੋਸ ਹੈ ਕਿ ਅਸੀਂ ਠੰਡੀ ਆਹ ਭਰਕੇ ਰਹੀ ਜਾਂਦੇ ਹਾਂ, ਲਾਲਸਾਵਾਂ ਨੂੰ ਪੂਰਾ ਕਰਨ ਦੇ ਅਸੀਂ ਯੋਗ ਨਹੀਂ ਅਤੇ ਨਾ ਹੀ ਇਨ੍ਹਾਂ ਤੇ ਕਾਬੂ ਪਾ ਸਕਦੇ ਹਾਂ । ਜਿਸ ਕਰਕੇ ਅਸੀਂ ਅੱਜ ਤੋਂ ਜਿੱਥੇ 50 ਸਾਲ ਪਹਿਲਾਂ ਸੀ, ਉਥੇ ਹੀ ਖੜ੍ਹੇ ਹਾਂ, ਜਿਸ ਲਈ ਨਾ ਕੇਵਲ ਇਸ ਸਰਕਾਰ ਦਾ ਹੀ ਕਸੂਰ ਹੈ ਪਰ ਇਸ ਤੋਂ ਪਹਿਲਾਂ ਜਿਹੜੀ ਬੜੀ ਭਾਰੀ ਭਾਈਵਾਲ ਸਰਕਾਰ ਰਹੀ ਹੈ, ਉਸਦਾ ਵੀ ਹੈ । ਮੈਂ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਲਈ ਦੋ ਲਾਈਨਾਂ ਕਹਿਣੀਆਂ ਚਾਹੁੰਦਾ ਹਾਂ । ਜਿਹੜਾ ਕੋਈ ਕਦਰ ਕਰਦਾ ਹੈ ਉਸਨੂੰ ਕਹਿਣਾ ਸਾਡਾ ਫਰਜ਼ ਬਣਦਾ ਹੈ । ਮੈਂ ਦੋ ਲਾਈਨਾਂ ਲਾਸਟ ਵਿੱਚ ਕਹਿੰਦਾ ਹਾਂ :

ਫਿਰ ਉਸੀ ਬੇਵਫਾ ਪੇ ਮਰਤੇ ਹੈਂ,
ਫਿਰ ਵਹੀ ਜ਼ਿੰਦਗੀ ਹਮਾਰੀ ਹੈ ।

ਬਾਦਲ ਸਾਹਿਬ, ਤੁਹਾਡੀ ਸਰਕਾਰ ਨੂੰ ਦੋ ਸਾਲ ਹੋ ਗਏ ਹਨ ਅਤੇ ਤਿੰਨ ਸਾਲ ਰਹਿੰਦੇ ਹਨ ਕੋਸ਼ਿਸ਼ ਕਰੋ ਲੋਕਾਂ ਨੂੰ ਚੰਗਾ ਪ੍ਰਸ਼ਾਸਨ ਦਿਓ, ਭ੍ਰਿਸ਼ਟਾਚਾਰ ਨੂੰ ਹਟਾਓ ਅਤੇ ਪੰਜਾਬ ਦੇ ਹੱਕਾਂ ਤੇ ਪਹਿਰਾ ਦੇਣ ਦਾ ਯਤਨ ਕਰੋ । ਧੰਨਵਾਦ ।

ਸ਼੍ਰੀ ਡਿਪਟੀ ਸਪੀਕਰ : ਮਾਨਯੋਗ ਮੈਂਬਰਜ਼ ਨੂੰ ਬੇਨਤੀ ਹੈ ਕਿ ਰਿਟਨ ਸਟੇਟਮੈਂਟ ਅੱਗੋਂ ਲਈ ਸਦਨ ਵਿੱਚ ਨਾ ਪੜ੍ਹੀ ਜਾਵੇ ਬਲਕਿ ਜ਼ਬਾਨੀ ਬਹਿਸ ਵਿੱਚ ਹਿੱਸਾ ਲਿਆ ਜਾਇਆ ਕਰੇ । ਹਾਂ ਜੀ, ਅੱਗੇ ਸ਼੍ਰੀ ਸ਼ਿੰਗਾਰਾ ਰਾਮ ਜੀ ਸਹੂੰਗੜਾ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ (ਗੜ੍ਹਸ਼ੰਕਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪਵਿੱਤਰ ਸਦਨ ਦੇ ਵਿੱਚ ਮਾਨਯੋਗ ਗਵਰਨਰ ਸਾਹਿਬ ਵੱਲੋਂ 9 ਤਰੀਕ ਨੂੰ ਦਿੱਤੇ ਆਪਣੇ ਭਾਸ਼ਣ ਤੇ ਆਪਣੀ ਗੱਲ ਕਹਿਣ ਦਾ ਮੌਕਾ ਦਿੱਤਾ ਹੈ । ਸਭ ਤੋਂ ਪਹਿਲਾਂ ਮੈਂ ਖਾਲਸੇ ਦੇ ਸਿਰਜਣਾ ਦਿਵਸ ਦੇ ਬਾਰੇ ਵਿੱਚ ਕਹਾਂਗਾ ਕਿਉਂਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਆਰੰਭ ਦੇ ਵਿੱਚ ਖਾਲਸੇ ਦੇ 300 ਸਾਲਾ ਜਨਮ ਦਿਵਸ ਤੇ ਸਮੁੱਚੇ ਪੰਜਾਬ ਨੂੰ, ਸਮੂਹ ਰਾਸ਼ਟਰ ਨੂੰ ਮੁਬਾਰਕਬਾਦ ਦਿੱਤੀ ਹੈ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਸਾਹਿਬੇ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 13 ਅਪ੍ਰੈਲ, 1699 ਨੂੰ ਅਨੰਦਪੁਰ ਸਾਹਿਬ ਦੀ ਧਰਤੀ ਦੇ ਅੰਦਰ ਲਿਤਾੜੇ, ਪਛਾੜੇ, ਦੱਬੇ ਕੁਚਲੇ ਲੋਕਾਂ ਨੂੰ ਮਾਨ-ਸਨਮਾਨ

[ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ]

ਬਖਸਿਆ ਸੀ ਜਿਨ੍ਹਾਂ ਨੂੰ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਕੀਤਾ ਗਿਆ ਸੀ, ਜਿਨ੍ਹਾਂ ਨੂੰ ਪੜ੍ਹਣ ਦੇ, ਸੁਣਨ ਦੇ, ਰੱਬ ਦਾ ਨਾਮ ਲੈਣ ਦੇ, ਚੰਗੇ ਕੱਪੜੇ ਪਾਉਣ ਦੇ ਅਤੇ ਹਥਿਆਰ ਰੱਖਣ ਦੇ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਹੋਇਆ ਸੀ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਪਰਿਵਰਤਨ 13 ਅਪ੍ਰੈਲ, 1699 ਨੂੰ ਵਿਸਾਖੀ ਦੇ ਮੌਕੇ ਤੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਕੀਤਾ ਸੀ । ਉਨ੍ਹਾਂ ਨੇ ਇਨ੍ਹਾਂ ਤੁਕਾਂ ਦੇ ਨਾਲ ਆਪਣੀ ਗੱਲ ਕਹੀ ਸੀ :

"ਜਿਨ ਕੀ ਜਾਤ ਬਰਨ ਕੁਲ ਮਾਹੀ ।
ਸਰਦਾਰੀ ਨੇ ਭਈ ਕਦਾਹੀ ।
ਤਿਨ ਹੀ ਕੋ ਸਰਦਾਰ ਬਨਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ ।"

ਮਾਨਯੋਗ ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਿੰਨ ਕਨਸੈਪਟ ਆਪਣੇ ਜੀਵਨ ਵਿੱਚ ਦਿੱਤੇ । ਸਭ ਤੋਂ ਪਹਿਲਾਂ ਇਹ ਸੀ ਕਿ ਉਨ੍ਹਾਂ ਨੇ ਲਿਤਾੜੇ, ਪਛੜੇ ਲੋਕਾਂ ਵੱਲ ਹੱਥ ਉਠਾ ਕੇ ਕਿਹਾ ਸੀ :

"ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ ।"

ਮੁੱਦਤਾਂ ਤੋਂ ਬਾਅਦ ਕੋਈ ਐਸਾ ਮਹਾਨ ਮਨੁੱਖ ਪੈਦਾ ਹੋਇਆ । ਗੁਰੂ ਰਵਿਦਾਸ ਜੀ ਨੇ ਕਿਹਾ ਹੈ :

"ਸੋ ਕਤੁ ਜਾਨੈ ਪੀਰ ਪਰਾਈ ਜਾ ਕੈ ਅੰਤਰ ਦਰਦ ਨਾ ਕਾਈ ।"

ਜੇ ਕਿਸੇ ਇਨਸਾਨ ਅੰਦਰ ਦਰਦ ਨਹੀਂ ਤਾਂ ਉਹ ਕਿਸੇ ਦਾ ਦਰਦ ਨਹੀਂ ਸਮਝ ਸਕਦਾ । ਗੁਰੂ ਗੋਬਿੰਦ ਸਿੰਘ ਜੀ ਨੇ ਲਿਤਾੜੇ ਪਛਾੜੇ ਲੋਕਾਂ ਦੇ ਸਬੰਧ ਵਿੱਚ ਕਿਹਾ ਸੀ :

"ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹਿ ਮੋ ਸੇ ਗਰੀਬ ਕਰੋਰ ਪਰੇ ।"

ਲੇਕਿਨ ਮੈਂ, ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਅੱਜ ਦੇਸ਼ ਨੂੰ ਅਜ਼ਾਦ ਹੋਇਆਂ ਪੰਜਾਹ ਸਾਲ ਹੋ ਚੁੱਕੇ ਹਨ । ਅੱਜ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਖਾਲਸੇ ਨੂੰ ਸਾਜਿਆਂ 300 ਸਾਲ ਹੋ ਚੁੱਕੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਜਿਹੜਾ ਕੰਸੈਪਟ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਮਾਨਸ ਕੀ ਜਾਤੁ ਸਬੈ ਏਕੈ ਪਹਿਚਾਨਬੋ ਕੋਈ ਨ ਦਿਸੈ ਬਾਹਰਾ ਜੀਉ' ਦੇ ਰੂਪ ਵਿੱਚ ਦਿੱਤਾ ਸੀ, ਉਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੀ ਉਪਰਾਲੇ ਕੀਤੇ ਹਨ । ਮੈਂ ਸਮਝਦਾ ਹਾਂ ਕਿ ਕੋਈ ਉਪਰਾਲੇ ਨਹੀਂ ਕੀਤੇ ਗਏ । ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਜੋ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਵਿੱਚ ਜੋ ਮਨੁੱਖਤਾ ਲਈ ਕਰਨਾ ਚਾਹੁੰਦੇ ਸੀ, ਉਸਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਮਿਸਟਰ ਮੈਕਾਲਫ ਇੱਕ ਅੰਗਰੇਜ਼ ਸੀ ਅਤੇ ਉਹ ਨਾਭੇ ਜ਼ਿਲ੍ਹੇ ਦਾ ਡੀ.ਸੀ. ਸੀ । ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ

ਬਾਰੇ ਪੜ੍ਹਿਆ, ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਿੱਤਰ ਬਾਰੇ ਪੜ੍ਹਿਆ, ਉਸ ਨੇ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਪਰ ਉਸ ਨੂੰ ਬੜਾ ਦੁੱਖ ਲੱਗਾ ਅਤੇ ਉਸਨੇ ਕਿਹਾ ਕਿ ਅਗਰ ਗੁਰੂ ਗੋਬਿੰਦ ਸਿੰਘ ਯੂਰਪ ਵਿੱਚ ਪੈਦਾ ਹੁੰਦੇ ਤਾਂ ਅੱਜ ਸਿੱਖਇਜ਼ਮ ਪੂਰੀ ਦੁਨੀਆਂ ਵਿੱਚ ਹੁੰਦਾ । ਮੈਂ ਕਹਿਣਾ ਚਾਹੁੰਦਾ ਹਾਂ ਕਿ ਦਲਿਤ ਪਛੜੇ ਵਰਗ ਦੇ ਲੋਕਾਂ ਦੀ ਖਾਤਰ ਗੁਰੂ ਸਾਹਿਬ ਨੇ ਕੁਰਬਾਨੀ ਦਿੱਤੀ । ਉਨ੍ਹਾਂ ਨੇ ਕਿਹਾ ਸੀ ਕਿ ਜਿਨ੍ਹਾਂ ਗੋਤਾਂ ਅੰਦਰ, ਜਿਨ੍ਹਾਂ ਖਾਨਦਾਨਾਂ ਅੰਦਰ ਸਰਦਾਰੀ ਨਹੀਂ ਸੀ, ਮੈਂ ਉਨ੍ਹਾਂ ਨੂੰ ਸਰਦਾਰ ਬਣਾਵਾਂਗਾ । ਪਰ ਅੱਜ ਜਿਨ੍ਹਾਂ ਲੋਕਾਂ ਨੇ ਸਿੱਖਇਜ਼ਮ ਲਈ ਕੁਰਬਾਨੀਆਂ ਕੀਤੀਆਂ, ਜਿਨ੍ਹਾਂ ਲੋਕਾਂ ਨੇ ਸਿੱਖਇਜ਼ਮ ਲਈ ਸ਼ਹੀਦੀਆਂ ਦਿੱਤੀਆਂ, ਅੱਜ ਉਨ੍ਹਾਂ ਲੋਕਾਂ ਦਾ ਮੁਲਕ ਵਿੱਚੋਂ ਨਾਮੋ-ਨਿਸ਼ਾਨ ਮਿੱਟ ਗਿਆ ਹੈ । ਬਾਬਾ ਜੀਵਨ ਸਿੰਘ, ਬਾਬਾ ਬਚਿੱਤਰ ਸਿੰਘ ਅਤੇ ਬਾਬਾ ਸੰਗਤ ਸਿੰਘ ਜਿਨ੍ਹਾਂ ਨੇ ਮਨੁੱਖਤਾ ਲਈ ਲੜਾਈ ਲੜੀ ਅਤੇ ਜਿਨ੍ਹਾਂ ਦੇ ਘਰ ਦੇ 40-45 ਜੀਆਂ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਅੱਜ ਉਨ੍ਹਾਂ ਦਾ ਨਾਮੋ-ਨਿਸ਼ਾਨ ਨਹੀਂ ਹੈ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ ਸੀ :

"ਖਾਲਸਾ ਮੇਰੋ ਰੂਪ ਹੈ ਖਾਸ ।
ਖਾਲਸੇ ਮਹਿ ਹਉ ਕਰਉ ਨਿਵਾਸ ॥
ਖਾਲਸਾ ਮੇਰੋ ਮੁਖ ਹੈ ਅੰਗਾ
ਖਾਲਸੇ ਕੇ ਹਉ ਸਦ ਸਦ ਸੰਗਾ
ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸਜਨ ਸੂਰਾ ।
ਜਬ ਇਹ ਗਹਿ ਬਿਪਰਨ ਕੀ ਰੀਤ
ਮੈਂ ਨਾ ਕਰਉ ਇਨ ਕੀ ਪਰਤੀਤ ॥"

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਇੱਥੇ ਕਿਹਾ ਜਾਂਦਾ ਹੈ ਕਿ ਸਰਦਾਰ ਬਾਦਲ ਦਾ ਰਾਜ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ ਪਰ ਮੈਂ ਸਮਝਦਾ ਹਾਂ ਕਿ ਅਜਿਹਾ ਨਹੀਂ ਹੈ । ਮੈਂ ਇਸ ਪਵਿੱਤਰ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਨਾਨਕ ਜੀ ਨੇ ਮਲਕ ਭਾਗੋ ਅਤੇ ਭਾਈ ਲਾਲੋ ਦੇ ਸਬੰਧ ਵਿੱਚ ਸਾਨੂੰ ਇੱਕ ਕੰਸੈਪਟ ਦਿੱਤਾ ਸੀ । ਉਨ੍ਹਾਂ ਨੇ ਕਿਹਾ ਸੀ ਕਿ ਜਿਹੜੇ ਮਿਹਨਤਕਸ਼ ਲੋਕ ਹਨ, ਗਰੀਬ ਲੋਕ ਹਨ, ਮਿਹਨਤੀ ਹਨ, ਉਨ੍ਹਾਂ ਨੂੰ ਦਬੌਣ ਵਾਲੇ ਮਲਕ ਭਾਗੋ ਹਨ । ਉਨ੍ਹਾਂ ਨੇ ਮਲਕ ਭਾਗੋ ਦੀ ਰੋਟੀ ਵਿਚੋਂ ਲਹੂ ਕੱਢਿਆ ਅਤੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਕੱਢਿਆ ਸੀ । ਬਾਬਾ ਨਾਨਕ ਜੀ ਨੇ ਮਲਕ ਭਾਗੋ ਦੇ ਸੋਨੇ ਚਾਂਦੀ ਦੇ ਬਰਤਨ ਛੱਡ ਕੇ ਭਾਈ ਲਾਲੋ ਦੇ ਘਰ ਖਾਣਾ ਖਾਧਾ ਅਤੇ ਉਸ ਦੀ ਝੁੱਗੀ ਵਿੱਚ ਰਹੇ, ਉਥੇ ਨਿਵਾਸ ਕੀਤਾ । ਇਸ ਕਰਕੇ ਅੱਜ ਮੈਂ ਕਹਿ ਸਕਦਾ ਹਾਂ ਕਿ ਇਹ ਜੋ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਹਿ ਰਹੇ ਹਨ, ਇਹ ਮਲਕ ਭਾਗੋ ਦਾ ਰਾਜ ਹੈ । ਇਹ ਭਾਈ ਲਾਲੋ ਦਾ ਰਾਜ ਨਹੀਂ ਹੈ ।

ਰਾਜ ਮੰਤਰੀ ਭਲਾਈ ਯੁਵਕ ਸੇਵਾਵਾਂ, ਸ਼ਕਾਇਤ ਨਿਵਾਰਨ ਅਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਡਿਪਟੀ ਸਪੀਕਰ ਸਾਹਿਬ, ਬੇਨਤੀ ਹੈ ਕਿ ਅੱਜ ਇੱਥੇ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕਿਹਾ ਗਿਆ ਹੈ । ਉਨ੍ਹਾਂ ਨੇ ਆਪਾ ਕੁਰਬਾਨ ਕੀਤਾ ਸੀ । ਉਨ੍ਹਾਂ ਦੇ ਸਿਧਾਂਤ ਤੇ ਚੱਲ ਕੇ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੀ ਸਰਕਾਰ ਆਈ ਅਤੇ ਇਹ ਸਾਰੇ ਭਾਰਤ ਵਿੱਚ ਇੱਕ ਅਜਿਹੀ ਸਰਕਾਰ ਹੈ ਜਿਸ ਨੇ ਸਭ ਤੋਂ ਵੱਧ ਸਹੂਲਤਾਂ ਦਲਿਤਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਦਿੱਤੀਆਂ ਹਨ । ਸ਼੍ਰੋਮਣੀ ਅਕਾਲੀ ਦਲ ਨੇ ਦਲਿਤਾਂ ਦੀ ਭਲਾਈ ਲਈ ਸਭ ਤੋਂ ਵੱਧ ਸੰਘਰਸ਼ ਕੀਤਾ । ਬਾਬਾ ਜੀਵਨ ਸਿੰਘ ਜੀ, ਭਾਈ ਜੈਤਾ ਜੀ ਅਤੇ ਹੋਰ ਮਹਾਨ ਸ਼ਹੀਦਾਂ ਅੱਗੇ ਸ਼੍ਰੋਮਣੀ ਅਕਾਲੀ ਦਲ ਸੀਸ ਝੁਕਾਉਂਦਾ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜੋ ਸਿਧਾਂਤ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਦੇ ਮਨ ਵਿੱਚ ਹੈ, ਉਸ ਤੇ ਅਸੀਂ ਅੱਗੇ ਵੱਧ ਰਹੇ ਹਾਂ । ਮਾਨਯੋਗ ਮੈਂਬਰ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤ ਦੀ ਗੱਲ ਕੀਤੀ ਹੈ, ਜੋ ਗੁਰੂ ਗੋਬਿੰਦ ਸਿੰਘ ਦੇ ਸਿਧਾਂਤਾਂ ਵਿੱਚ ਹੈ, ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਉਸ ਅਨੁਸਾਰ ਇਹ ਆਪਣੇ ਸਰੂਪ ਨੂੰ ਠੀਕ ਕਰਨ ਤਾਂ ਕਿ ਅਸੀਂ ਸਾਰੇ ਗੁਰੂ ਗੋਬਿੰਦ ਸਿੰਘ ਦੇ ਸਿਧਾਂਤਾਂ ਨੂੰ ਪ੍ਰਣਾਏ ਹੋ ਸਕੀਏ । ਇਹ ਦੇਖ ਲੈਣ ਕਿ ਸ਼੍ਰੋਮਣੀ ਅਕਾਲੀ ਦਲ ਇਸ ਸਿਧਾਂਤ ਦੇ ਮੁਤਾਬਿਕ ਮਾਨਵਤਾ ਦੇ ਭਲੇ ਲਈ 300 ਸਾਲਾ ਸਾਜਨਾ ਦਿਵਸ ਮਨਾ ਰਹੀ ਹੈ । ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਪ੍ਰੋਗਰਾਮ ਇਸੇ ਨੂੰ ਸਮਰਪਤ ਹਨ, ਔਰ ਇਹੀ ਸਾਡੀ ਸੋਚ ਹੈ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਮੈਂ ਇਨ੍ਹਾਂ ਦੇ ਇਸ ਪ੍ਰਸਤਾਵ ਦਾ ਧੰਨਵਾਦ ਕਰਦਾ ਹਾਂ ਔਰ ਵੈਲਕਮ ਕਰਦਾ ਹਾਂ । ਜਿਹੜਾ ਮੈਂਬਰ ਸਾਹਿਬ ਨੇ ਆਪਣਾ ਸਰੂਪ ਸਹੀ ਕਰਨ ਬਾਰੇ ਕਿਹਾ ਹੈ, ਮੈਂ ਇਨ੍ਹਾਂ ਦੀ ਜਾਣਕਾਰੀ ਲਈ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਦੋਂ ਸਿੰਘ ਸਜਾਂਗਾ ਜਦੋਂ ਅਸੀਂ ਇਸ ਦੇਸ਼ ਦੇ 65 ਕਰੋੜ ਗਰੀਬ ਤੇ ਦਲਿਤ ਲੋਕਾਂ ਨੂੰ ਸਿੱਖ ਧਰਮ ਅਪਨਾਉਣ ਲਈ ਤਿਆਰ ਕਰ ਲਵਾਂਗੇ ।

ਸ੍ਰੀ ਡਿਪਟੀ ਸਪੀਕਰ: ਤੁਸੀਂ ਆਪਣੀ ਗੱਲ ਕਹੋ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਇਨ੍ਹਾਂ ਨੂੰ ਤਕਲੀਫ ਇਸ ਕਰਕੇ ਹੋਈ ਹੈ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਕਿ ਅਗਰ ਬਾਬਾ ਸਾਹਿਬ ਡਾਕਟਰ ਅੰਬੇਦਕਰ ਦੀ ਕਿਰਪਾ ਨਾ ਹੋਂਦੀ ਤਾਂ ** ** **

ਸ੍ਰੀ ਡਿਪਟੀ ਸਪੀਕਰ : ਇਸ ਤਰ੍ਹਾਂ ਦੀ ਗੱਲ ਨਹੀਂ ਕਰਨੀ । ਇਹ ਐਕਸਪੰਜ ਕਰ ਦਿਉ ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਮੇਰੀ ਗੱਲ ਨਾ ਕੱਟਣ ।

ਸ੍ਰੀ ਡਿਪਟੀ ਸਪੀਕਰ ਤੁਸੀਂ ਆਪਣੀ ਗੱਲ ਕਹੋ ।

**Expunged as ordered by the Khair.

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ. ਡਿਪਟੀ ਸਪੀਕਰ ਸਾਹਿਬ, ਇਹ ਐਕਸਪੰਜ ਕਰਵਾ ਦੇਵੋ ।

ਸ਼੍ਰੀ ਡਿਪਟੀ ਸਪੀਕਰ: ਉਹ ਮੈਂ ਕਰਵਾ ਦਿੱਤੇ ਹਨ । ਸ਼ਿੰਗਾਰਾ ਰਾਮ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ, ਇਧਰ ਉਧਰ ਗੱਲਾਂ ਨਾ ਕਰੋ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਫਜ਼ੂਲ ਗੱਲ ਨਹੀਂ ਕਰ ਰਿਹਾ । ਮੈਂ ਬਿਲਕੁਲ ਟੂ ਦੀ ਪੁਆਇੰਟ ਗੱਲ ਕਰਾਂਗਾ ਤਾਂ ਕਿ ਹਾਊਸ ਦਾ ਸਮਾਂ ਖਰਾਬ ਨਾ ਹੋਵੇ ।

ਸ਼੍ਰੀ ਡਿਪਟੀ ਸਪੀਕਰ. ਟਾਈਮ ਦਾ ਵੀ ਖਿਆਲ ਰੱਖੋ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ ਮੈਂ ਆਪਣੀ ਗੱਲ ਕਰਕੇ....

ਸ਼੍ਰੀ ਡਿਪਟੀ ਸਪੀਕਰ 11.20 ਤੇ ਤੁਸੀਂ ਕਨਕਲੂਡ ਕਰਨਾ ਹੈ । ਇਸ ਕਰਕੇ ਆਪਣੀ ਗੱਲ ਛੋਟੀ ਕਰ ਲਉ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ: ਅੱਛਾ ਜੀ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਅੰਦਰ ਗਵਰਨਰ ਸਾਹਿਬ ਦੇ ਭਾਸ਼ਣ ਦੇ ਵਿੱਚ ਬਹੁਤ ਕੁਝ ਕਿਹਾ ਗਿਆ ਹੈ ਲੇਕਿਨ ਜਿਹੜਾ ਹਜ਼ਾਰਾਂ ਸਾਲਾਂ ਤੋਂ ਲਿਤਾੜਿਆ ਅਤੇ ਪਛੜਿਆ ਸਮਾਜ ਹੈ, ਜਿਹੜੇ ਲੋਕ ਦੱਬੇ ਕੁਚਲੇ ਹਨ, ਅੱਜ ਅਸੀਂ ਜਦੋਂ ਉਨ੍ਹਾਂ ਲੋਕਾਂ ਵੱਲ ਝਾਤੀ ਮਾਰ ਕੇ ਦੇਖਦੇ ਹਾਂ, ਉਨ੍ਹਾਂ ਦੀਆਂ ਬਸਤੀਆਂ ਵਿੱਚ ਜਾਂਦੇ ਹਾਂ ਤਾਂ ਅਸੀਂ ਉਨ੍ਹਾਂ ਦਾ ਕਿੰਨਾ ਬੁਰਾ ਹਾਲ ਵੇਖਦੇ ਹਾਂ । ਮੈਂ ਖੁਦ ਵੀ ਇਸ ਤਰ੍ਹਾਂ ਦੀ ਬਸਤੀ ਦੇ ਵਿੱਚ ਪੈਦਾ ਹੋਇਆ ਹਾਂ । ਉਨ੍ਹਾਂ ਦੀ ਹਾਲਤ ਜਿਉਂ ਦੀ ਤਿਉਂ ਹੈ । 50 ਸਾਲਾਂ ਵਿੱਚ ਉਨ੍ਹਾਂ ਦੀਆਂ ਗਲੀਆਂ ਨਾਲੀਆਂ ਮੁਕੰਮਲ ਨਹੀਂ ਹੋਈਆਂ । ਜੰਝ ਘਰ ਮੁਕੰਮਲ ਨਹੀਂ ਹੋਏ । ਜੇ ਪਿਛਲੇ 50 ਸਾਲਾਂ ਦੇ ਵਿੱਚ ਅਸੀਂ ਉਨ੍ਹਾਂ ਦੱਬੇ ਕੁਚਲੇ ਲੋਕਾਂ ਦੀਆਂ ਗਲੀਆਂ ਨਾਲੀਆਂ ਜਾਂ ਉਨ੍ਹਾਂ ਦੇ ਜੰਝ ਘਰ ਮੁਕੰਮਲ ਨਹੀਂ ਕਰ ਸਕੇ ਤਾਂ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਜਨਰੇਸ਼ਨ ਦਾ ਭਵਿੱਖ ਕੀ ਹੋਵੇਗਾ । ਮਾਨਯੋਗ ਡਿਪਟੀ ਸਪੀਕਰ ਸਾਹਿਬ, ਇਹ ਚਿੰਤਾ ਦਾ ਵਿਸ਼ਾ ਹੈ । ਦਲਿਤ ਭਰਾਵਾਂ ਦੇ ਹਿੱਤਾਂ ਵਿੱਚ ਜੋ ਮਾਨਯੋਗ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਕੀਤਾ ਹੈ, ਉਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਇਸ ਨੂੰ ਮੈਂ ਵੈਲਕਮ ਵੀ ਕਰਦਾ ਹਾਂ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਏਨਾ ਕਾਫੀ ਨਹੀਂ ਹੈ । ਇੱਕ ਪਾਸੇ ਆਪਾਂ ਸੌ ਦੀ ਸਪੀਡ ਨਾਲ ਗੱਡੀ ਦੌੜਾਂਦੇ ਹਾਂ ਅਤੇ ਇੱਕ ਪਾਸੇ ਜਿਹੜੀ ਗੱਡੀ ਹੈ, ਉਹ ਨਿਊਟ੍ਰਲ ਗੇਅਰ ਵਿੱਚ ਖੜ੍ਹੀ ਹੈ ਪਿਛਲੇ 50 ਸਾਲਾਂ ਤੋਂ । ਕਿਸ ਤਰ੍ਹਾਂ ਬਰਾਬਰੀ ਹੋਵੇਗੀ ? ਕਿਸ ਤਰ੍ਹਾਂ ਸਮਾਨਤਾ ਦੇ ਵਿੱਚ ਲੈ ਕੇ ਆਵਾਂਗੇ । ਜਿਸ ਤਰ੍ਹਾਂ ਸ਼ਗਨ ਦੀ ਸਕੀਮ ਬਾਰੇ ਮੈਂ ਪਹਿਲੇ ਸਮੇਂ ਦੇ ਵਿੱਚ ਵੀ ਮਾਨਯੋਗ ਡਿਪਟੀ ਸਪੀਕਰ ਸਾਹਿਬ, ਕਿਹਾ ਸੀ, ਇਹ ਜਿਹੜੀ ਸ਼ਗਨ ਦੀ ਸਕੀਮ ਹੈ, ਮੈਂ ਇਸ ਨੂੰ ਕੋਈ ਭਲਾਈ ਸਕੀਮ ਨਹੀਂ ਸਮਝਦਾ । ਮੈਂ ਸਮਝਦਾ ਹਾਂ ਕਿ ਜੇ ਦਲਿਤ ਸਮਾਜ ਦੀਆਂ ਲੜਕੀਆਂ ਦੀ ਇੱਜ਼ਤ ਮਹਿਫੂਜ਼ ਨਹੀਂ ਹੈ ਤਾਂ ਸ਼ਗਨ ਸਕੀਮ ਦਾ ਕੋਈ ਮਤਲਬ ਨਹੀਂ । ਕਿਸ ਤਰ੍ਹਾਂ ਭੈਣਾਂ ਪਿੰਡ ਵਿੱਚ ਇੱਕ ਚਾਰ ਸਾਲਾਂ ਦੀ ਲੜਕੀ ਨਾਲ ਬਲਾਤਕਾਰ ਹੋਇਆ ਔਰ ਭੰਗਾਲ ਖੇੜਾ ਪਿੰਡ ਵਿੱਚ ਔਰਤਾਂ ਨੂੰ, ਮਾਵਾਂ ਨੂੰ, ਨੰਗੀਆਂ ਕਰਕੇ ਘੁਮਾਇਆ ਗਿਆ ...

ਡਾਕਟਰ ਰਾਮ ਕੁਮਾਰ ਗੋਇਲ ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਇਥੇ ਭੰਗਰ ਖੇੜਾ ਦਾ ਨਾਮ ਆ ਰਿਹਾ ਹੈ । ਇਹ ਐਵੇਂ ਕਹੇ ਜਾ ਰਹੇ ਹਨ । ਇਸ ਦੀ ਇਨਕੁਆਇਰੀ ਕਰਵਾਈ ਜਾਵੇ । ਇਹ ਐਵੇਂ ਕਿਹਾ ਗਿਆ ਹੈ, ਅਖਬਾਰਾਂ ਵਿੱਚ ਵੀ ਗਲਤ ਲਿਖਿਆ ਗਿਆ ਹੈ । ਮੇਰੇ ਮਾਨਯੋਗ ਮੈਂਬਰ ਇਥੇ ਭੰਗਰਖੇੜਾ-ਭੰਗਰਖੇੜਾ ਕਰ ਰਹੇ ਹਨ ਐਸੀ ਕੋਈ ਗੱਲ ਨਹੀਂ ਹੈ ।

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਇਨ੍ਹਾਂ ਦੀ ਸਿਹਤ ਦਾ ਵੀ ਖਿਆਲ ਰੱਖਿਆ ਜਾਵੇ । ਜੀ, ਮੈਂ ਮਾਨਯੋਗ ਡਿਪਟੀ ਸਪੀਕਰ ਸਾਹਿਬ, ਦੋ ਗੱਲਾਂ ਕਹਿ ਕੇ ਆਪਣੀ ਗੱਲ ਸਮਾਪਤ ਕਰਾਂਗਾ । ਮੈਂ ਬੜੇ ਦੁੱਖ ਨਾਲ ਇਸ ਪਵਿੱਤਰ ਹਾਊਸ ਨੂੰ ਇਹ ਜਾਣਕਾਰੀ ਦੇ ਰਿਹਾ ਹਾਂ ਕਿ ਪਿਛਲੇ ਸਾਲ ਮੇਰੇ ਉਤੇ ਔਰ ਮੇਰੇ ਸਾਥੀਆਂ ਉਤੇ ਗੜ੍ਹਸ਼ੰਕਰ ਥਾਣੇ ਵਿੱਚ ਇੱਕ ਝੂਠਾ ਪਰਚਾ ਦਰਜ ਹੋਇਆ । ਜਿਸ ਦੇ ਵਿੱਚ ਇਹ ਕਿਹਾ ਗਿਆ ਕਿ ਐਮ. ਐਲ.ਏ., ਗੜ੍ਹਸ਼ੰਕਰ ਨੇ ਥਾਣਾ ਤੋੜਿਆ, ਥਾਣੇ ਦੀ ਦੁਕਾਨ ਤੋੜੀ ਔਰ ਇਸ ਤਰੀਕੇ ਨਾਲ ਮੇਰੇ ਉਪਰ ਝੂਠਾ ਕੇਸ ਦਰਜ ਕੀਤਾ ਗਿਆ । ਸਾਡੇ ਪੰਜਾਬ ਦੇ ਬੀ.ਐਸ.ਪੀ.ਦੇ ਜਨਰਲ ਸੈਕਟਰੀ ਸ਼੍ਰੀ ਅਵਤਾਰ ਸਿੰਘ ਕਰੀਮਪੁਰੀ ਹਨ, ਉਨ੍ਹਾਂ ਦੇ ਖਿਲਾਫ ਵੀ ਝੂਠਾ ਕੇਸ ਦਰਜ ਹੋਇਆ ਔਰ ਉਨ੍ਹਾਂ ਨੇ ਤਿੰਨ ਮਹੀਨੇ ਜੇਲ੍ਹ ਵੀ ਕੱਟੀ । ਮੈਂ ਵੀ ਉਨ੍ਹਾਂ ਦੇ ਨਾਲ ਜੇਲ੍ਹ ਵਿੱਚ ਰਿਹਾ । ਇਸ ਦਾ ਕੀ ਕਾਰਨ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਸਬੰਧੀ ਜਾਣਕਾਰੀ ਦੇਣੀ ਚਾਹੁੰਦਾ ਹਾਂ । ਮੈਂ ਦਲਿਤ ਪਰਿਵਾਰ ਦੇ ਵਿੱਚ ਪੈਦਾ ਹੋਇਆ ਹਾਂ ਅਤੇ ਮੈਂ ਸ਼ਡਿਊਲਡ ਕਾਸਟ ਨਾਲ ਸਬੰਧਤ ਹੁੰਦਾ ਹੋਇਆ ਗੜ੍ਹਸ਼ੰਕਰ ਹਲਕੇ ਤੋਂ ਜਨਰਲ ਕੈਟਾਗਰੀ ਤੋਂ ਦੂਜੀ ਵਾਰੀ ਜਿੱਤਿਆ ਹਾਂ । ਜਿਹੜੇ ਜਾਤੀਵਾਦੀ ਲੋਕ ਹਨ, ਉਨ੍ਹਾਂ ਨੂੰ ਇਹ ਗੱਲ ਗਵਾਰਾ ਨਹੀਂ ਸੀ । ਮੈਂ ਬਹੁਤ ਗਰੀਬ ਪਰਿਵਾਰ ਵਿਚੋਂ ਪੈਦਾ ਹੋਇਆ ਹਾਂ ਅਤੇ ਉਨ੍ਹਾਂ ਲੋਕਾਂ ਨੂੰ ਇਹ ਚੀਜ਼ ਠੀਕ ਨਹੀਂ ਲੱਗੀ ਕਿ ਇਕ ਦਲਿਤ ਪਰਿਵਾਰ ਵਿਚੋਂ ਪੈਦਾ ਹੋਇਆ ਇਕ ਭੱਠੇ ਤੇ ਕੰਮ ਕਰਨ ਵਾਲੇ ਦਾ ਬੇਟਾ, ਹਲਕਾ ਗੜ੍ਹਸ਼ੰਕਰ ਤੋਂ ਜਨਰਲ ਕੈਟਾਗਰੀ ਤੋਂ ਦੂਜੀ ਵਾਰੀ ਐਮ.ਐਲ.ਏ.ਬਣੇ । ਉਨ੍ਹਾਂ ਲੋਕਾਂ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੁਰਾਂ ਨੂੰ ਗੁਮਰਾਹ ਕੀਤਾ । ਬਾਦਲ ਸਾਹਿਬ ਗੜ੍ਹਸ਼ੰਕਰ ਹਲਕੇ ਤੋਂ 10 ਕਿਲੋਮੀਟਰ ਦੂਰ ਇਕ ਪਿੰਡ ਮਹਿਮਦਪੁਰ ਗਏ ਸਨ । ਉਥੇ ਉਨ੍ਹਾਂ ਨੇ ਬਾਦਲ ਸਾਹਿਬ ਨੂੰ ਗੁਮਰਾਹ ਕੀਤਾ ਔਰ ਬਾਦਲ ਸਾਹਿਬ ਨੇ ਐਸ.ਐਸ.ਪੀ. ਨਵਾਂ ਸ਼ਹਿਰ ਨੂੰ ਆਰਡਰ ਕੀਤਾ ਕਿ ਇਸ ਦੇ ਖਿਲਾਫ਼ ਪਰਚਾ ਦਰਜ ਕਰਕੇ ਇਸ ਨੂੰ ਜੇਲ੍ਹ ਵਿਚ ਡੱਕੋ । ਇਹ ਸਭ ਕੁਝ ਬਾਦਲ ਸਾਹਿਬ ਦੇ ਆਰਡਰਾਂ ਦੇ ਨਾਲ ਹੀ ਹੋਇਆ । ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਮੈਂ ਗਰੀਬ ਪਰਿਵਾਰ ਵਿਚੋਂ ਪੈਦਾ ਹੋਇਆ ਹਾਂ ਅਤੇ ਮੇਰੇ ਪਿਤਾ ਦੇ ਕੋਲ ਕੁੱਲ 6 ਮਰਲੇ ਜ਼ਮੀਨ ਹੈ ਜਦੋਂ ਤੋਂ ਮੈਂ ਐਮ.ਐਲ.ਏ. ਬਣਿਆ ਹਾਂ । ਮੇਰੇ ਤਿੰਨ ਭਰਾ ਹਨ ਅਤੇ ਉਹੀ 6 ਮਰਲੇ ਜ਼ਮੀਨ ਹੈ । ਮੈਂ ਆਪਣੀ ਜ਼ਿੰਦਗੀ ਦੇ ਨਾਲ ਫੈਸਲਾ ਕੀਤਾ ਹੈ ਕਿ ਮੈਂ ਆਪਣੇ ਨਾਮ ਦੇ ਉਤੇ ਜਾਂ ਆਪਣੇ ਬੱਚੇ ਜਾਂ ਪਰਿਵਾਰ ਦੇ ਨਾਮ ਤੇ ਕੋਈ ਜ਼ਮੀਨ, ਜਾਇਦਾਦ ਨਹੀਂ ਬਣਾਵਾਂਗਾ । ਅਗਰ ਮੇਰੇ ਹਲਕੇ ਦੇ ਵਿਚੋਂ 10 ਬੰਦੇ ਮੇਰੇ ਵਿਰੋਧ ਵਿੱਚ ਇਹ ਕਹਿ ਦੇਣ ਕਿ ਇਹ ਭ੍ਰਿਸ਼ਟਾਚਾਰੀ ਹੈ, ਕੁਰੱਪਟ ਹੈ ਤਾਂ ਮੈਂ ਸਿਰ ਝੁਕਾ ਦਿਆਂਗਾ ਔਰ ਮੈਨੂੰ ਜਿਹੜੀ ਮਰਜ਼ੀ ਸਜ਼ਾ ਦੇ ਦਿੱਤੀ ਜਾਵੇ । ਲੇਕਿਨ ਮਾਨਯੋਗ ਮੁੱਖ ਮੰਤਰੀ ਦੇ ਆਰਡਰਾਂ ਦੇ ਨਾਲ ਮੇਰੇ ਖਿਲਾਫ ਝੂਠਾ ਪਰਚਾ ਦਰਜ ਹੋਇਆ ਹੈ ਅਤੇ

ਇਸ ਸਬੰਧੀ ਅਸੀਂ ਅੱਜ ਵੀ ਅਦਾਲਤਾਂ ਵਿੱਚ ਪੇਸ਼ੀਆਂ ਭੁਗਤ ਰਹੇ ਹਾਂ । ਇਸ ਬਾਰੇ ਮੁੱਖ ਮੰਤਰੀ ਨੂੰ ਸਾੜੇ ਬੰਦੇ ਡੈਪੂਟੇਸ਼ਨ ਲੈ ਕੇ ਮਿਲੇ ਪਰ ਇਸ ਦਾ ਕੋਈ ਨਤੀਜਾ ਨਹੀਂ ਨਿਕਲਿਆ । ਕੀ ਇਹ ਦਲਿਤ ਹਿਤੂ ਸਰਕਾਰ ਹੈ ? ਮੇਰੇ ਘਰ ਦੇ ਉਤੇ ਪੱਥਰ ਮਾਰੇ ਗਏ, ਹਮਲਾ ਹੋਇਆ । ਪਿਛਲੇ ਸੈਸ਼ਨ ਦੇ ਵਿੱਚ ਵੀ ਇਹ ਮਾਮਲਾ ਉਠਿਆ ਸੀ ਔਰ ਇਸ ਤੇ ਸੈਸ਼ਨ ਵੀ ਐਡਜਰਨ ਹੋਇਆ ਸੀ ਕਿ ਮੇਰੇ ਤੇ ਹਮਲਾ ਹੋਇਆ ਅਤੇ ਘਰ ਦੇ ਉਤੇ ਪਥਰਾਅ ਹੋਇਆ ਲੇਕਿਨ ਬਾਦਲ ਸਾਹਿਬ ਨੇ ਇਸ ਗੱਲ ਵੱਲ ਧਿਆਨ ਦੇਣ ਦੀ ਬਜਾਏ ਉਲਟਾ ਮੇਰੇ ਤੇ ਕਸ ਕਰਵਾ ਦਿੱਤਾ । ਗਰੀਬ ਦੀ ਤਾਂ ਆਹ ਹੀ ਹੁੰਦੀ ਹੈ । ਸ਼ਾਇਰ ਲਿਖਦਾ ਹੈ, "ਐ ਜ਼ਾਲਮ ਗ਼ਰੀਬ ਕੋ ਮਤ ਸਤਾ ਗਰੀਬ ਰੋ ਦੇਗਾ, ਸੁਣੇਗਾ ਉਸਕਾ ਮਾਲਕ ਤੋ ਤੁਝੇ ਜੜ੍ਹ ਸੇ ਖੋਦੇਗਾ ।" ਗਰੀਬ ਦੀ ਤਾਂ ਆਹ ਹੁੰਦੀ ਹੈ । ਇਸ ਲਈ ਡਿਪਟੀ ਸਪੀਕਰ ਸਾਹਿਬ, ਜੇਕਰ ਸਰਕਾਰ ਸਚਮੁੱਚ ਦਲਿਤਾਂ ਦੀ ਹਿਤੂ ਸਰਕਾਰ ਹੈ ਤਾਂ ਇਹੋ ਜਿਹੇ ਧੱਕੇ ਬੰਦ ਕਰਵਾਏ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਖਾਲਸੇ ਦਾ 300 ਸਾਲਾ ਜਨਮ ਦਿਵਸ ਆ ਰਿਹਾ ਹੈ । ਇਸ ਅਵਸਰ ਤੇ ਸਰਕਾਰ ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਚਾਹੀਦਾ ਹੈ । ਰਿਜ਼ਰਵੇਸ਼ਨ ਐਕਟ ਬਣਾਉਣਾ ਚਾਹੀਦਾ ਹੈ ਅਤੇ ਜੋ ਦਲਿਤ ਲੋਕਾਂ ਦਾ ਨੌਕਰੀਆਂ ਵਿਚ ਬੈਕਲਾਗ ਪਿਆ ਹੈ, ਉਹ ਪੂਰਾ ਹੋਵੇ । ਜੇਕਰ ਸਰਕਾਰ ਇਸ ਦੇ ਉਤੇ ਆਸ਼ਵਾਸਨ ਦੇ ਸਕਦੀ ਹੈ ਤਾਂ ਅਸੀਂ ਤੇ ਸਾਡੀ ਪਾਰਟੀ ਇਸ ਵਿਚ ਸ਼ਾਮਲ ਹੋ ਸਕਦੇ ਹਾਂ, ਨਹੀਂ ਤਾਂ ਅਸੀਂ ਪੂਰੇ ਪੰਜਾਬ ਦੇ ਵਿਚੋਂ ਸੀਰੀ ਲੈ ਕੇ ਔਰ ਸੀਰੀਆਂ ਦੇ ਤਿੰਨ-ਚਾਰ ਮਾਰਚ ਕਰਕੇ ਆਨੰਦਪੁਰ ਸਾਹਿਬ 13 ਅਪ੍ਰੈਲ ਨੂੰ ਜਾਵਾਂਗੇ ਅਤੇ ਉਥੇ ਲੋਕਾਂ ਨੂੰ ਜਾ ਕੇ ਦੱਸਾਂਗੇ ਕਿ ਇਹ ਇਸ ਸਰਕਾਰ ਦਾ ਕਿਰਦਾਰ ਹੈ . . .

ਸਰਦਾਰ ਸੋਹਣ ਸਿੰਘ ਮਾਹਿਲਪੁਰ : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਹਾਊਸ ਵਿਚ ਗੱਲ ਕੀਤੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਮੇਰੇ ਖਿਲਾਫ਼ ਕਾਰਵਾਈ ਕਰਵਾਈ ਹੈ । ਮੈਂ ਇਸ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ ਕਿਉਂਕਿ ਹਲਕਾ ਗੜ੍ਹਸ਼ੰਕਰ ਤੇ ਮਾਹਿਲਪੁਰ ਨੇੜੇ-ਨੇੜੇ ਪੈਂਦੇ ਹਨ ਅਤੇ ਦੋਨਾਂ ਦੀ ਇਕੋ ਹੀ ਤਹਿਸੀਲ ਹੈ । ਪਿਛਲੇ ਸਾਲ ਜਦੋਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਸਨ ਤਾਂ ਇਨ੍ਹਾਂ ਨੇ ਉਥੇ ਜਨਰਲ ਕੈਟਾਗਰੀ ਦੀਆਂ 80% ਵੋਟਾਂ ਕਟਵਾ ਦਿੱਤੀਆਂ ਔਰ ਜਿਹੜੇ ਉਥੋਂ ਦੇ ਮੌਜੂਦਾ ਨੰਬਰਦਾਰ ਹਨ, ਪਹਿਲਾਂ ਵੀ ਉਹ ਵੋਟਰ ਸਨ ਤੇ ਹੁਣ ਵੀ ਹਨ ਉਨ੍ਹਾਂ ਦੀਆਂ ਵੀ ਵੋਟਾਂ ਕੱਟ ਦਿੱਤੀਆਂ ਗਈਆਂ । ਜਿਸ ਦਿਨ ਪਿੰਡ ਵਿੱਚ ਸਰਪੰਚ ਦੀ ਚੋਣ ਹੋਈ ਉਸ ਦਿਨ ਇਨ੍ਹਾਂ ਦੀ ਪਾਰਟੀ ਦਾ ਸਰਪੰਚ ਜਿੱਤ ਗਿਆ ਅਤੇ ਉਸ ਨੇ ਲਾਊਡ ਸਪੀਕਰ ਲਾ ਕੇ ਉਥੇ ਦੂਜੀ ਪਾਰਟੀ ਵਾਲਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ । ਉਨ੍ਹਾਂ ਲੋਕਾਂ ਨੇ ਹੀ ਉਹ ਸਾਰਾ ਝਗੜਾ ਕੀਤਾ ਜਦ ਕਿ ਸਰਕਾਰ ਦਾ ਇਸ ਦੇ ਵਿਚ ਕੋਈ ਹੱਥ ਨਹੀਂ, ਇਹ ਸਾਰਾ ਇਲਜ਼ਾਮ ਸਰਕਾਰ ਤੇ ਗਲਤ ਲਾ ਰਹੇ ਹਨ

ਸ਼੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਅਗਰ ਇਹ ਇਸ ਗੱਲ ਦੇ ਉਤੇ ਆਉਣ ਕਿ ਅਗਰ ਉਥੇ ਕਿਸੇ ਨੂੰ ਗਾਲ੍ਹਾਂ ਕੱਢੀਆਂ ਹੋਣ, ਕਿਸੇ ਦੀ ਵੋਟ ਕਟਵਾਈ ਹੋਵੇ, ਤਾਂ (ਵਿਘਨ)

ਸ਼੍ਰੀ ਡਿਪਟੀ ਸਪੀਕਰ ਤੁਸੀਂ ਕਨਕਲੂਡ ਕਰੋ । ਤੁਹਾਨੂੰ ਦੋ ਮਿੰਟ ਹੋਰ ਮਿਲਣੇ ਹਨ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ ਡਿਪਟੀ ਸਪੀਕਰ ਸਾਹਿਬ, ਇਹ ਮਸਲਾ ਪਿਛਲੇ ਸਾਲ ਵੀ ਸਦਨ ਦੇ ਵਿਚ ਬੜੇ ਜ਼ੋਰ ਦੇ ਨਾਲ ਉਠਾਇਆ ਗਿਆ ਸੀ। ਇਹ ਹੁਣ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ ਜਾਂ ਕੁਝ ਹੋਰ ਪਰ ਇਹ ਮਾਮਲਾ ਸਬ-ਜੁਡਿਸ ਹੈ। ਮੈਂ ਸਮਝਦਾ ਹਾਂ ਕਿ ਇਹ ਕੇਸ ਆਲਰੇਡੀ ਹੋ ਚੁੱਕਿਆ ਹੈ। ਇਨ੍ਹਾਂ ਨੇ ਆਲਰੇਡੀ ਮੁੱਦਾ ਉਠਾਇਆ, ਇਥੇ ਹਾਊਸ ਦੀ ਕਾਰਵਾਈ ਰੋਕੀ ਗਈ ਅਤੇ ਉਸ ਤੇ ਕਾਰਵਾਈ ਹੋਈ। ਇਸ ਤੇ ਹਾਊਸ ਐਡਜਰਨ ਵੀ ਹੋਇਆ। ਇਹ ਰਿਪੀਟ ਕਰਨ ਦੀ ਕੀ ਜ਼ਰੂਰਤ ਹੈ ਜਦ ਕਿ ਮਾਮਲਾ ਸਬ-ਜੁਡਿਸ ਹੈ। ਝਗੜਾ ਇਨ੍ਹਾਂ ਨੇ ਕੀਤਾ ਜਾਂ ਉਨ੍ਹਾਂ ਨੇ ਕੀਤਾ, ਇਹ ਸਾਰਾ ਮਾਮਲਾ ਅੰਡਰ ਇਨਵੈਸਟੀਗੇਸ਼ਨ ਹੈ। ਇਹ ਮਾਮਲਾ ਪ੍ਰੋਸੀਡਿੰਗ ਦਾ ਪਾਰਟ ਨਹੀਂ ਬਣਨਾ ਚਾਹੀਦਾ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ: ਡਿਪਟੀ ਸਪੀਕਰ ਸਾਹਿਬ, ਜਿਸ ਵਕਤ ਮਿੱਤਲ ਸਾਹਿਬ ਸਾਡੇ ਨਾਲ ਪਿਛਲੀ ਸਰਕਾਰ ਦੇ ਵੇਲੇ ਬੈਠਦੇ ਸਨ ਤਾਂ ਸਾਨੂੰ ਉਤਸ਼ਾਹਿਤ ਕਰਦੇ ਹੁੰਦੇ ਸਨ, ਕਦੇ ਇਧਰ ਨੂੰ ਤੇ ਕਦੇ ਉਧਰ ਨੂੰ ਅਤੇ ਕਹਿੰਦੇ ਹੁੰਦੇ ਸਨ ** **

ਸ੍ਰੀ ਡਿਪਟੀ ਸਪੀਕਰ: **ਲਫ਼ਜ਼ ਐਕਸਪੰਜ ਕਰ ਦਿੱਤੇ ਜਾਣ ਸਹੂੰਗੜਾ ਜੀ, ਤੁਸੀਂ ਹੁਣ 11-27 ਵਜੇ ਤੱਕ ਵਾਈਂਡ ਅੱਪ ਕਰ ਦਿਓ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਉਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਸੀ। ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਤਿਕਸ਼ਨ ਸੂਦ : ਡਿਪਟੀ ਸਪੀਕਰ ਸਾਹਿਬ, ਜੋ ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਸਾਨੂੰ ਮਿੱਤਲ ਸਾਹਿਬ ਪਿਛਲੀ ਸਰਕਾਰ ਦੇ ਵੇਲੇ ਕਿਹਾ ਕਰਦੇ ਸਨ ਕਿ ** ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

ਸ੍ਰੀ ਡਿਪਟੀ ਸਪੀਕਰ: ਇਨ੍ਹਾਂ ਸ਼ਬਦਾਂ ਨੂੰ ਮੈਂ ਪਹਿਲੇ ਹੀ ਰਿਕਾਰਡ ਵਿਚੋਂ ਐਕਸਪੰਜ ਕਰ ਚੁੱਕਾ ਹਾਂ।

ਸਰਦਾਰ ਨੱਥਾ ਸਿੰਘ ਦਾਲਮ (ਕਾਦੀਆਂ) ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਦੇ ਵਿਚ ਸਾਡੇ ਸਤਿਕਾਰਯੋਗ ਅਤੇ ਬੜੇ ਸੂਝਵਾਨ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਰਾਜਪਾਲ ਸਾਹਿਬ ਦੇ ਭਾਸ਼ਣ ਤੇ ਜੋ ਧੰਨਵਾਦ ਦਾ ਮਤਾ ਪੇਸ਼ ਕੀਤਾ ਹੈ, ਮੈਂ ਉਸ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਜਿਥੇ ਪੰਜਾਬ ਦੇ ਰਾਜਪਾਲ ਜੀ ਨੇ ਬਾਦਲ ਸਾਹਿਬ ਦੀ ਸਰਕਾਰ ਦੀਆਂ ਪਿਛਲੇ 2 ਸਾਲਾਂ ਦੀਆਂ ਪ੍ਰਾਪਤੀਆਂ ਦਾ ਆਪਣੇ ਐਡਰੈਸ ਦੇ ਵਿਚ ਜ਼ਿਕਰ ਕੀਤਾ ਹੈ, ਉਥੇ ਆਉਣ ਵਾਲੇ ਸਾਲ ਵਿਚ ਸਰਕਾਰ ਵੱਲੋਂ ਪੰਜਾਬ ਦੀ ਸਮੁੱਚੀ ਤਰੱਕੀ ਵਾਸਤੇ ਨਵੇਂ ਪ੍ਰੋਗਰਾਮਾਂ ਦਾ ਅਤੇ ਜੋ ਨਵੇਂ ਟੀਚੇ ਮਿੱਥੇ ਗਏ ਹਨ, ਉਨ੍ਹਾਂ ਦਾ ਵੀ ਇਸ ਐਡਰੈਸ ਵਿਚ ਜ਼ਿਕਰ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪਿਛਲੇ 2 ਸਾਲਾਂ ਦੇ ਅੰਦਰ ਪੰਜਾਬ ਵਿਚ ਬਾਦਲ ਸਾਹਿਬ ਦੀ ਅਗਵਾਈ ਹੇਠ ਸਰਕਾਰ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਦੇ ਵਿਕਾਸ ਦੇ ਮਾਮਲੇ ਵਿਚ

**Expunged as ordered by the Chair.

ਹਰ ਪੱਖ ਤੋਂ ਹਰ ਖੇਤਰ ਵਿਚ ਪੰਜਾਬ ਨੇ ਤਰੱਕੀ ਕੀਤੀ ਹੈ । ਸਭ ਤੋਂ ਜ਼ਿਆਦਾ ਸ਼ਾਨਦਾਰ ਕੰਮ ਜੋ ਬਾਦਲ ਸਾਹਿਬ ਦੀ ਸਰਕਾਰ ਨੇ ਕੀਤਾ ਹੈ, ਉਹ ਰਣਜੀਤ ਸਾਗਰ ਡੈਮ ਨੂੰ ਮੁਕੰਮਲ ਕਰਨ ਦਾ ਕੀਤਾ ਹੈ । ਰਣਜੀਤ ਸਾਗਰ ਡੈਮ ਪੰਜਾਬ ਦੀ ਉੱਨਤੀ ਅਤੇ ਵਿਕਾਸ ਵਾਸਤੇ ਬੜੀ ਭਾਰੀ ਮਹੱਤਤਾ ਅਤੇ ਮਹਾਨਤਾ ਰੱਖਦਾ ਹੈ । ਰਣਜੀਤ ਸਾਗਰ ਡੈਮ ਸਮੇਂ ਤੋਂ ਪਹਿਲਾਂ ਮੁਕੰਮਲ ਹੋ ਜਾਣਾ ਚਾਹੀਦਾ ਸੀ । 1955 ਵਿਚ ਭਾਰਤ ਦੀ ਸਰਕਾਰ ਨੇ ਪਾਕਿਸਤਾਨ ਦੀ ਸਰਕਾਰ ਨਾਲ ਵਰਲਡ ਬੈਂਕ ਦੇ ਰਾਹੀਂ ਦਰਿਆਵਾਂ ਦੇ ਪਾਣੀ ਦੀ ਵੰਡ ਸਬੰਧੀ ਇਕ ਸਮਝੌਤਾ ਕੀਤਾ ਸੀ ਔਰ ਉਸ ਸਮਝੌਤੇ ਦੇ ਤਹਿਤ ਪਾਕਿਸਤਾਨ ਸਰਕਾਰ ਨੂੰ ਸਾਡੀ ਭਾਰਤ ਸਰਕਾਰ ਵਲੋਂ 100 ਕਰੋੜ ਰੁਪਿਆ ਦਿੱਤਾ ਗਿਆ ਸੀ ਕਿ 1970 ਤੱਕ ਅਸੀਂ ਆਪਣੀਆਂ ਨਹਿਰਾਂ ਦਾ ਅਤੇ ਆਪਣੇ ਪਾਣੀ ਦਾ ਕੋਈ ਆਲਟਰਨੇਟਿਵ ਅਰੇਂਜਮੈਂਟ ਕਰ ਲਵਾਂਗੇ । 1970 ਵਿਚ ਪਾਣੀ ਦਾ ਇਹ ਸਮਝੌਤਾ ਪਾਕਿਸਤਾਨ ਸਰਕਾਰ ਨਾਲ ਖ਼ਤਮ ਹੋ ਗਿਆ । ਉਸ ਤੋਂ ਬਾਅਦ ਹਿੰਦੁਸਤਾਨ ਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਪੰਜਾਬ ਦੇ ਦਰਿਆਵਾਂ ਦੇ ਪਾਣੀ ਨੂੰ ਆਪਣੇ ਲੋਕਾਂ ਦੀ ਬੇਹਤਰੀ ਵਾਸਤੇ ਵਰਤਣ ਦੀ ਪੂਰੀ ਤਰ੍ਹਾਂ ਹੱਕਦਾਰ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਪਲੈਨਿੰਗ ਕਮਿਸ਼ਨ ਵੱਲੋਂ ਰਣਜੀਤ ਸਾਗਰ ਡੈਮ ਦੀ ਉਸਾਰੀ ਵਾਸਤੇ ਸਮੇਂ ਸਿਰ ਕਲੀਅਰੈਂਸ ਨਾ ਦੇਣ ਕਰਕੇ ਇਸ ਡੈਮ ਦੀ ਉਸਾਰੀ 1964 ਵਿਚ ਸ਼ੁਰੂ ਨਾ ਹੋ ਸਕੀ ਜਦ ਕਿ ਉਸ ਵਕਤ ਇਸ ਡੈਮ ਦੀ ਉਸਾਰੀ ਦੀ ਲਾਗਤ, ਕਾਸਟ ਆਫ ਕੰਸਟ੍ਰਕਸ਼ਨ ਕੇਵਲ 84 ਕਰੋੜ ਰੁਪਿਆ ਸੀ ਪਰ ਉਸ ਵਕਤ ਪੰਜਾਬ ਦੇ ਨਾਲ ਦਿੱਲੀ ਦੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਬਹੁਤ ਵੱਡੀ ਬੇ-ਇਨਸਾਫੀ ਕੀਤੀ ਅਤੇ ਰਣਜੀਤ ਸਾਗਰ ਡੈਮ ਦੀ ਕਲੀਅਰੈਂਸ ਟਾਈਮ ਸਿਰ ਨਹੀਂ ਦਿੱਤੀ । ਸਾਡੇ ਬਾਦਲ ਸਾਹਿਬ ਨੂੰ ਇਸ ਗੱਲ ਦਾ ਕਰੈਡਿਟ ਜਾਂਦਾ ਹੈ ਕਿ ਐਮਰਜੈਂਸੀ ਤੋਂ ਬਾਅਦ 1977 ਵਿਚ ਜਦੋਂ ਪੰਜਾਬ ਦੇ ਮੁੱਖ ਮੰਤਰੀ ਬਾਦਲ ਸਾਹਿਬ ਬਣੇ ਤਾਂ ਇਨ੍ਹਾਂ ਨੇ ਪਲੈਨਿੰਗ ਕਮਿਸ਼ਨ ਦੀ ਕਲੀਅਰੈਂਸ ਤੋਂ ਬਿਨਾਂ ਹੀ ਰਣਜੀਤ ਸਾਗਰ ਡੈਮ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਅੱਜ ਇਹ ਹਕੀਕਤ ਹੈ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਸਮੇਂ ਸਿਰ ਕਲੀਅਰੈਂਸ ਨਾ ਮਿਲਣ ਦੇ ਬਾਵਜੂਦ 1977 ਵਿਚ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ । ਇਹ ਕਲੀਅਰੈਂਸ ਨਾ ਦੇਣ ਕਰਕੇ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੱਕਾ ਦਿੱਲੀ ਦੀ ਸਰਕਾਰ ਕਰ ਰਹੀ ਸੀ । ਜਦ ਤੋਂ ਦੇਸ਼ ਆਜ਼ਾਦ ਹੋਇਆ ਹੈ, ਦਿੱਲੀ ਦੀ ਸਰਕਾਰ ਪੰਜਾਬ ਦੇ ਨਾਲ ਪੰਜਾਬ ਦੇ ਮਸਲਿਆਂ ਸਬੰਧੀ ਧੱਕੇ ਅਤੇ ਬੇਇਨਸਾਫ਼ੀ ਕਰਦੀ ਰਹੀ ਹੈ ਜਿਸ ਕਰਕੇ ਇਸ ਡੈਮ ਉਤੇ ਸੈਂਕੜੇ ਕਰੋੜ ਰੁਪਿਆ ਜ਼ਿਆਦਾ ਲੱਗਾ ਹੈ । ਬਾਦਲ ਸਾਹਿਬ ਦੇ ਹੱਥੋਂ ਇਹ ਡੈਮ ਹੁਣ ਮੁਕੰਮਲ ਹੋ ਚੁੱਕਾ ਹੈ । ਇਸ ਦੇ ਰੈਜ਼ਰਵਾਇਅਰ ਦੇ ਵਿਚ ਪਾਣੀ ਆ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ । ਇਸ ਰੈਜ਼ਰਵਾਇਅਰ ਦੇ ਵਿਚ 18 ਲੱਖ ਏਕੜ ਫੀਟ ਪਾਣੀ ਇਕੱਠਾ ਹੋਵੇਗਾ ਅਤੇ ਉਸ ਤੋਂ ਬਿਜਲੀ ਪੈਦਾ ਹੋਵੇਗੀ । ਜੂਨ, 1999 ਨੂੰ ਇਸ ਦਾ ਪਹਿਲਾ ਯੂਨਿਟ 150 ਮੈਗਾਵਾਟ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ ਅਤੇ 2 ਮਹੀਨਿਆਂ ਦੇ ਬਾਦ ਇਸ ਦਾ ਦੂਸਰਾ ਯੂਨਿਟ ਵੀ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ । ਇਸ ਡੈਮ ਦੇ ਚਾਲੂ ਹੋ ਜਾਣ ਦੇ ਨਾਲ ਪੰਜਾਬ ਦੀ ਤਰੱਕੀ ਹੋਵੇਗੀ । ਇਸ ਤੋਂ 600 ਮੈਗਾਵਾਟ ਬਿਜਲੀ ਪੈਦਾ ਹੋਵੇਗੀ ਅਤੇ ਬਾਦਲ ਸਾਹਿਬ ਦੀ ਸਰਕਾਰ ਸਾਰੇ ਦੇਸ਼ ਵਿਚ ਪਹਿਲੀ ਐਸੀ ਸਰਕਾਰ ਹੋਵੇਗੀ ਜਿਹੜੀ 24 ਘੰਟੇ ਲਗਾਤਾਰ ਪੰਜਾਬ ਵਿਚ ਬਿਜਲੀ ਦੇਵੇਗੀ । ਸ੍ਰੀ

[ਸਰਦਾਰ ਨੱਥਾ ਸਿੰਘ ਦਾਲਮ]

ਜਿਹ ਰਣਜੀਤ ਸਾਗਰ ਡੈਮ ਦੀ ਆਗਿਆ ਨਾ ਦੇਣ ਕਰਕੇ ਜੋ ਪੰਜਾਬ ਦਾ ਨੁਕਸਾਨ ਹੋਇਆ ਹੈ, ਉਹ ਕਦੇ ਵੀ ਪੂਰਾ ਨਹੀਂ ਹੋ ਸਕਦਾ। ਇਹ ਨੁਕਸਾਨ ਦਿੱਲੀ ਦੀ ਕਾਂਗਰਸ ਸਰਕਾਰ ਨੇ ਕੀਤਾ ਹੈ ਅਤੇ ਇਸ ਦੇ ਨਾਲ ਬੇਨੀਫੀਸ਼ੀਅਰੀ ਸਟੇਟਸ ਦਾ ਅਰਬਾਂ ਰੁਪਏ ਦਾ ਨੁਕਸਾਨ ਹੋਇਆ ਹੈ, ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ। ਲੀਡਰ ਆਫ ਦੀ ਆਪੋਜੀਸ਼ਨ ਨੇ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਦੇ ਹੋਏ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਮਸਲਿਆਂ ਦਾ ਕੋਈ ਜ਼ਿਕਰ ਨਹੀਂ ਕੀਤਾ। ਇਹ ਕਹਿੰਦੇ ਸਨ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਚੰਡੀਗੜ੍ਹ ਲੈਣ ਬਾਰੇ ਕੋਈ ਗੱਲ ਨਹੀਂ ਕੀਤੀ, ਪੰਜਾਬੀ ਬੋਲਦੇ ਇਲਾਕਿਆਂ ਬਾਰੇ ਅਤੇ ਪੰਜਾਬ ਦੇ ਦਰਿਆਵਾਂ ਬਾਰੇ ਐਡਰੈਸ ਵਿਚ ਜ਼ਿਕਰ ਨਹੀਂ ਕੀਤਾ ਗਿਆ। ਇਹ ਕਹਿੰਦੇ ਹਨ ਕਿ ਪੰਜਾਬ ਸਰਕਾਰ ਇਨ੍ਹਾਂ ਮਸਲਿਆਂ ਉਤੇ ਕੋਈ ਯਤਨ ਨਹੀਂ ਕਰ ਰਹੀ ਜਦ ਕਿ ਉਸ ਵਕਤ ਦੀ ਕਾਂਗਰਸ ਦੀ ਦਿੱਲੀ ਦੀ ਸਰਕਾਰ ਨੇ ਪੰਜਾਬ ਦੇ ਨਾਲ ਇਹ ਜੋ ਧੱਕੇ ਕੀਤੇ ਸਨ, ਉਨ੍ਹਾਂ ਨੂੰ ਇਨ੍ਹਾਂ ਨੇ ਦੂਰ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਕਿੰਤੂ ਨਹੀਂ ਕਰਨਾ ਸੀ ਪਰ ਜਦੋਂ ਨਵੰਬਰ, 1966 ਵਿਚ ਪੰਜਾਬੀ ਸੂਬਾ ਬਣਿਆ ਅਤੇ ਹੋਂਦ ਵਿਚ ਆਇਆ ਸੀ, ਉਸ ਵੇਲੇ ਦੀ ਸਰਕਾਰ ਦੇ ਹੋਮ ਮਨਿਸਟਰ ਨੇ ਚੰਡੀਗੜ੍ਹ ਨੂੰ ਅਲੱਗ ਰੱਖ ਦਿੱਤਾ ਅਤੇ ਇਸ ਨੂੰ ਯੂਨੀਅਨ ਟੈਰੇਟਰੀ ਬਣਾ ਦਿੱਤਾ। ਪੰਜਾਬੀ ਬੋਲਦੇ ਇਲਾਕਿਆਂ ਨੂੰ ਹਰਿਆਣੇ ਵਿਚ ਧੱਕ ਦਿੱਤਾ ਗਿਆ ਜੋ ਗਲਤ ਸੀ। ਜੋ ਦਰਿਆਵਾਂ ਦੇ ਪਾਣੀ ਦੀ ਗਲਤ ਵੰਡ ਸੀ, ਉਹ ਦੂਰ ਨਹੀਂ ਕੀਤੀ। ਅਗਰ ਦਿੱਲੀ ਸਰਕਾਰ ਵੱਲੋਂ 1955 ਵਿਚ ਜਦੋਂ ਪਾਕਿਸਤਾਨ ਦੇ ਨਾਲ ਸਮਝੌਤਾ ਹੋਇਆ ਸੀ, ਇਸ ਡੈਮ ਦੀ ਉਸਾਰੀ ਕੀਤੀ ਹੁੰਦੀ ਤਾਂ ਪੰਜਾਬ ਦਾ ਬਹੁਤ ਵੱਡਾ ਵਿਕਾਸ ਹੋਣਾ ਸੀ। ਦੇਸ਼ ਦੀ ਪਾਰਟੀਸ਼ਨ ਤੋਂ ਬਾਅਦ ਪੰਜਾਬ ਦੇ ਦਰਿਆਵਾਂ ਦਾ ਪਾਣੀ 15 ਮਿਲੀਅਨ ਏਕੜ ਫੁਟ ਸੀ। ਜਿਸ ਵਕਤ ਪਾਕਿਸਤਾਨ ਦੀ ਸਰਕਾਰ ਨਾਲ 1955 ਵਿਚ ਦਰਿਆਵਾਂ ਦੇ ਪਾਣੀ ਸਬੰਧੀ ਵਰਲਡ ਬੈਂਕ ਦੇ ਰਾਹੀਂ ਸਮਝੌਤਾ ਹੋਇਆ ਸੀ, ਉਸ ਵਕਤ ਸਾਡੇ ਦਰਿਆਵਾਂ ਦਾ ਪਾਣੀ 15 ਮਿਲੀਅਨ ਏਕੜ ਫੁਟ ਸੀ। ਇਸ ਵਿਚੋਂ 7.5 ਮਿਲੀਅਨ ਏਕੜ ਫੁਟ ਪਾਣੀ ਇਨ੍ਹਾਂ ਦੀ ਦਿੱਲੀ ਦੀ ਕਾਂਗਰਸ ਸਰਕਾਰ ਨੇ ਰਾਜਸਥਾਨ ਨੂੰ ਗਲਤ ਤਰੀਕੇ ਨਾਲ ਅਤੇ ਨਜਾਇਜ਼ ਤੌਰ ਤੇ ਦੇ ਦਿੱਤਾ ਸੀ। ਜੋ ਪੰਜਾਬੀ ਸੂਬੇ ਨਾਲ ਬਹੁਤ ਵੱਡਾ ਧੱਕਾ ਸੀ ਅਤੇ ਬੇਇਨਸਾਫੀ ਸੀ।

ਪੰਜਾਬ ਦੇ ਦਰਿਆ ਰਾਜਸਥਾਨ ਦੀ ਧਰਤੀ ਨੂੰ ਟੱਚ ਨਹੀਂ ਕਰਦੇ। ਡਿਪਟੀ ਸਪੀਕਰ ਸਾਹਿਬ, ਰੀਪੇਰੀਅਨ ਰਾਈਟਸ ਦੇ ਮੁਤਾਬਿਕ ਜਿਸ ਸੂਬੇ ਦੀ ਧਰਤੀ ਤੇ ਦਰਿਆ ਵੱਗਦੇ ਹਨ ਉਸ ਸੂਬੇ ਨੂੰ ਹੱਕ ਹਾਸਲ ਹੈ ਕਿ ਪਾਣੀ ਦੀ ਵਰਤੋਂ ਉਹ ਆਪਣੇ ਇਲਾਕੇ ਦੀ ਬਿਹਤਰੀ ਵਾਸਤੇ ਕਰ ਸਕੇ। ਲੇਕਿਨ ਸਾਡੇ ਨਾਲ ਬੇਇਨਸਾਫੀ ਹੋਈ ਹੈ। 1972 ਵਿਚ ਪੰਜਾਬ ਅੰਦਰ ** ** ਚੀਫ ਮਨਿਸਟਰ ਬਣੇ ਅਤੇ ਉਨ੍ਹਾਂ ਤੇ ** ** ਨੇ ਦਬਾਅ ਪਾਇਆ ਤਾਂ ਸਾਢੇ ਤਿੰਨ ਮਿਲੀਅਨ ਏਕੜ ਫੁਟ ਪਾਣੀ ਹਰਿਆਣਾ ਨੂੰ ਦੇ ਦਿੱਤਾ ਗਿਆ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਮੈਂਬਰ ਸਾਹਿਬ, ** ** ਅਤੇ ** ਦਾ ਨਾਂ ਲੈ ਰਹੇ ਹਨ। ਇਹ ਐਕਸਪੰਜ ਹੋਣਾ ਚਾਹੀਦਾ ਹੈ।

** Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਨਾਂ ਐਕਸਪੰਜ ਕਰ ਦਿਓ ।

ਸਰਦਾਰ ਨੱਥਾ ਸਿੰਘ ਦਾਲਮ : ਡਿਪਟੀ ਸਪੀਕਰ ਸਾਹਿਬ, ਜਦ ਤੱਕ ਉਨ੍ਹਾਂ ਦਾ ਨਾਂ ਨਹੀਂ ਲਿਆ ਜਾਵੇਗਾ, ਤਦ ਤੱਕ ਜੋ ਪੰਜਾਬ ਦੇ ਨਾਲ ਧੋਖਾ ਹੋਇਆ ਹੈ, ਉਸ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ ।

ਸ਼੍ਰੀ ਡਿਪਟੀ ਸਪੀਕਰ : ਪਲੀਜ਼, ਉਨ੍ਹਾਂ ਦਾ ਨਾ ਨਹੀਂ ਲੈਣਾ ।

ਸਰਦਾਰ ਨੱਥਾ ਸਿੰਘ ਦਾਲਮ : 1972 ਵਿਚ ਉਹ ਚੀਫ਼ ਮਨਿਸਟਰ ਬਣੇ ਅਤੇ 1977 ਤੱਕ ਰਹੇ ਅਤੇ ਉਨ੍ਹਾਂ ਨੇ ਵੀ ਪੰਜਾਬ ਦੇ ਨਾਲ ਧੋਖਾ ਕੀਤਾ ਸੀ । ਸਾਢੇ ਤਿੰਨ ਮਿਲੀਅਨ ਏਕੜ ਫੁਟ ਪਾਣੀ ਹਰਿਆਣੇ ਨੂੰ ਦੇ ਦਿੱਤਾ । ਉਨ੍ਹਾਂ ਨੇ ਪੰਜਾਬ ਨਾਲ ਧੋਖਾ ਕੀਤਾ ਅਤੇ ਬੇਇਨਸਾਫ਼ੀ ਕੀਤੀ । ਜਿਥੋਂ ਤੱਕ ਚੰਡੀਗੜ੍ਹ ਦਾ ਸਬੰਧ ਹੈ ਉਸ ਬਾਰੇ ਮੈਂ ਜ਼ਿਕਰ ਕਰਨਾ ਚਾਹਾਂਗਾ ਕਿ ਨਵੰਬਰ, 1966 ਵਿਚ ਉਸ ਸਮੇਂ ਹੋਮ ਮਨਿਸਟਰ ਸਾਹਿਬ ਨੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਸੀ । ਇਹ ਗੱਲ ਹਕੀਕਤ ਹੈ । ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਿਤਨੇ ਵੀ ਸੂਬੇ ਬਣੇ ਹਨ, ਉਨ੍ਹਾਂ ਨੇ ਆਪਣੀ ਨਵੀਂ ਰਾਜਧਾਨੀ ਬਣਾਈ ਹੈ । ਆਂਧਰਾ ਪ੍ਰਦੇਸ਼ ਬਣਿਆ ਤਾਂ ਉਸ ਦੀ ਰਾਜਧਾਨੀ ਹੈਦਰਾਬਾਦ ਬਣੀ । ਮਹਾਰਾਸ਼ਟਰ ਅਤੇ ਗੁਜਰਾਤ ਬਣਿਆ ਤਾਂ ਮਹਾਰਾਸ਼ਟਰ ਦੀ ਰਾਜਧਾਨੀ ਬੰਬਈ ਬਣੀ ਅਤੇ ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਬਣਾਈ ਗਈ । ਇਸੇ ਤਰ੍ਹਾਂ ਹੀ ਚੰਡੀਗੜ੍ਹ ਨੂੰ ਪੰਜਾਬ ਦੇ ਲੋਕਾਂ ਵਾਸਤੇ ਬਣਾਇਆ ਗਿਆ ਸੀ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਦੋ ਮਿੰਟਾਂ ਵਿਚ ਹੀ ਆਪਣੇ ਭਾਸ਼ਣ ਨੂੰ ਸਮਾਪਤ ਕਰੋ ।

ਸਰਦਾਰ ਨੱਥਾ ਸਿੰਘ ਦਾਲਮ : ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਦੇ ਨਾਲ ਧੋਖਾ ਹੋਇਆ, ਬੇਇਨਸਾਫ਼ੀ ਹੋਈ । ਇਹ ਸਭ ਬੇਇਨਸਾਫ਼ੀਆਂ ਉਸ ਵੇਲੇ ਦੀ ਕਾਂਗਰਸ ਸਰਕਾਰ ਵੱਲੋਂ ਹੋਈਆਂ ਗਈਆਂ । ਹੁਣ ਇਹ ਆਪੋਜ਼ੀਸ਼ਨ ਨੂੰ ਬੁਰਾ ਕਹਿੰਦੇ ਹਨ ਕਿ ਤੁਸੀਂ ਚੰਡੀਗੜ੍ਹ ਨਹੀਂ ਲੈ ਸਕੇ । ਪੰਜਾਬੀ ਬੋਲਦੇ ਇਲਾਕੇ ਨਹੀਂ ਲੈ ਸਕੇ ਅਤੇ ਦਰਿਆਵਾਂ ਦੇ ਪਾਣੀ ਸਬੰਧੀ ਫ਼ੈਸਲਾ ਨਹੀਂ ਕਰ ਸਕੇ । ਪੰਜਾਬ ਨਾਲ ਜੋ ਪਹਿਲਾਂ ਬੇਇਨਸਾਫ਼ੀ ਹੋਈ ਹੈ ਉਸ ਨੂੰ ਕਾਂਗਰਸੀ ਦੂਰ ਨਹੀਂ ਕਰਵਾ ਸਕੇ । ਇਹ ਸਾਰੀ ਇਨ੍ਹਾਂ ਦੀ ਜ਼ਿਮੇਵਾਰੀ ਬਣਦੀ ਸੀ ਜੋ ਪੰਜਾਬ ਦੇ ਨਾਲ ਧੋਖੇ ਹੋਏ ਬੇਇਨਸਾਫ਼ੀਆਂ ਹੋਈਆਂ । ਚੰਡੀਗੜ੍ਹ ਪੰਜਾਬ ਤੋਂ ਖੋਹਿਆ ਗਿਆ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਖੋਹੇ ਗਏ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਡਿਪਟੀ ਸਪੀਕਰ ਸਾਹਿਬ, ਐਸ. ਵਾਈ. ਐਲ. ਨਹਿਰ ਜਦੋਂ ਬਣਨੀ ਸ਼ੁਰੂ ਹੋਈ ਸੀ ਤਾਂ ਉਸ ਵੇਲੇ 2 ਕਰੋੜ ਰੁਪਏ ਹਰਿਆਣਾ ਦੇ ਦੇਵੀ ਲਾਲ ਤੋਂ ਬਾਦਲ ਸਾਹਿਬ ਨੇ ਲਏ । He is unnecessarily accusing the Congress.

ਰਾਜ ਮੰਤਰੀ, ਸਿੰਚਾਈ : ਡਿਪਟੀ ਸਪੀਕਰ ਸਾਹਿਬ, ਸ੍ਰੀ ਰਮੇਸ਼ ਚੰਦਰ ਡੋਗਰਾ ਨੇ ਬੋਲਦੇ ਹੋਏ ਗਲਤ ਕਿਹਾ ਹੈ ਅਤੇ ਸਾਰੇ ਸਿਆਸੀ ਬਖੇੜਿਆਂ ਦੀ ਜੜ੍ਹ ਇਹ ਆਪ ਹਨ । ਇਹ ਆਪਣਾ ਵਕਤ ਭੁੱਲ ਗਏ ਹਨ ।

ਸ਼੍ਰੀ ਡਿਪਟੀ ਸਪੀਕਰ : ਹਾਂ ਜੀ, ਦਾਲਮ ਸਾਹਿਬ ।

ਸਰਦਾਰ ਨੱਥਾ ਸਿੰਘ ਦਾਲਮ: ਮੈਂ ਬੇਨਤੀ ਕਰਾਂਗਾ ਜੀ ਕਿ ਸਰਦਾਰ ਬਾਦਲ ਜਦੋਂ ਸੰਨ 1977 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਦਰਿਆਵਾਂ ਦੇ ਪਾਣੀ ਦੀ ਵੰਡ ਸਬੰਧੀ ਜੋ ਪੰਜਾਬ ਨਾਲ ਧੱਕਾ ਹੋਇਆ ਸੀ, ਉਸ ਸਬੰਧ ਵਿਚ ਸੁਪ੍ਰੀਮ ਕੋਰਟ ਵਿਚ ਰਿੱਟ ਦਾਖਲ ਕੀਤੀ ਸੀ ਪਰ 1980 ਵਿਚ ਜਦ ਪੰਜਾਬ ਵਿਚ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਬਣੇ, ਉਨ੍ਹਾਂ ਨੇ ਉਹ ਪਟੀਸ਼ਨ ਵਾਪਸ ਲੈ ਲਈ ਸੀ । ਉਹ ਧੱਕਾ ਜੋ ਪੰਜਾਬ ਨਾਲ ਹੋਇਆ ਸੀ, ਉਹ ਦੂਰ ਨਹੀਂ ਹੋਣ ਦਿੱਤਾ ਸੀ । ਸਤਲੁਜ-ਯਮੁਨਾ ਲਿੰਕ ਕੈਨਾਲ ਦਾ ਜਿਥੋਂ ਤੱਕ ਸਬੰਧ ਹੈ, ਮੁੱਖ ਮੰਤਰੀ ਸਾਹਿਬ ਕਈ ਵਾਰ ਕਹਿ ਚੁੱਕੇ ਹਨ, ਸਦਨ ਵਿਚ ਵੀ ਕਹਿ ਚੁੱਕੇ ਹਨ ਅਤੇ ਸਦਨ ਤੋਂ ਬਾਹਰ ਵੀ ਕਹਿ ਚੁੱਕੇ ਹਨ ਕਿ ਪੰਜਾਬ ਕੋਲ ਹਰਿਆਣਾ ਜਾਂ ਰਾਜਸਥਾਨ ਨੂੰ ਦੇਣ ਵਾਸਤੇ ਕੋਈ ਫਾਲਤੂ ਪਾਣੀ ਨਹੀਂ । ਪਹਿਲਾਂ ਵੀ ਧੱਕੇ ਨਾਲ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ ਸੀ । ਹੁਣ ਸਤਲੁਜ-ਯਮੁਨਾ ਲਿੰਕ ਕੇਨਾਲ ਵਿਚ ਇਕ ਬੂੰਦ ਪਾਣੀ ਵੀ ਨਹੀਂ ਛੋਡਿਆ ਜਾਵੇਗਾ ਕਿਉਂਕਿ ਪਾਣੀ ਫਾਲਤੂ ਹੈ ਹੀ ਨਹੀਂ ।

ਸ਼੍ਰੀ ਡਿਪਟੀ ਸਪੀਕਰ: ਦਾਲਮ ਸਾਹਿਬ, ਤੁਹਾਡਾ ਟਾਈਮ ਹੋ ਗਿਆ ਹੈ । 1-2 ਮਿੰਟ ਵਿਚ ਗੱਲ ਖ਼ਤਮ ਕਰ ਲਓ ।

ਸਰਦਾਰ ਨੱਥਾ ਸਿੰਘ ਦਾਲਮ: ਬੱਸ ਜੀ, 5 ਮਿੰਟ ਹੋਰ ਦੇ ਦਿਉ ।

ਸ਼੍ਰੀ ਡਿਪਟੀ ਸਪੀਕਰ: 5 ਮਿੰਟ ਤਾਂ ਬਹੁਤ ਜ਼ਿਆਦਾ ਹੈ । ਤੁਸੀਂ ਪਹਿਲਾਂ ਹੀ ਖ਼ਤਮ ਕਰ ਲਓ ।

ਸਰਦਾਰ ਨੱਥਾ ਸਿੰਘ ਦਾਲਮ: ਡਿਪਟੀ ਸਪੀਕਰ ਸਾਹਿਬ, ਹੁਣ ਵੀ ਪੰਜਾਬ ਅੰਦਰ ਕੁਝ ਐਸੇ ਲੋਕ ਹਨ, ਜੋ ਨਹਿਰ ਨੂੰ ਪੂਰਨ ਵਾਸਤੇ ਜਾ ਰਹੇ ਹਨ । ਮੈਂ ਹੈਰਾਨ ਹਾਂ ਕਿ ਜਦੋਂ ਮੁੱਖ ਮੰਤਰੀ ਸਾਹਿਬ ਕਹਿ ਚੁੱਕੇ ਹਨ ਕਿ ਇਸ ਨਹਿਰ ਵਿਚ ਇਕ ਬੂੰਦ ਪਾਣੀ ਵੀ ਨਹੀਂ ਛੱਡਿਆ ਜਾਵੇਗਾ ਤਾਂ ਇਸਨੂੰ ਪੂਰਨ ਦੀ ਕੀ ਤੁੱਕ ਬਣਦੀ ਹੈ । ਇਹ ਕੇਵਲ ਕਾਗਜ਼ੀ ਸ਼ੇਰ ਬਣਨਾ ਚਾਹੁੰਦੇ ਹਨ । ਇਹ ਅਕਾਲੀ ਦਲ ਵਾਲੇ ਜਿਸਨੂੰ ਅਕਾਲੀ ਦਲ, ਅੰਮ੍ਰਿਤਸਰ ਦੇ ਨਾਂ ਤੋਂ ਜਾਣਿਆ ਜਾਂਦਾ ਹੈ, ਇਹ ਸਿਰਫ਼ ਲੋਕਾਂ ਦੀ ਵਾਹ-ਵਾਹ ਲੈਣ ਵਾਸਤੇ ਇਹ ਕੁਝ ਕਰ ਰਹੇ ਹਨ । ਇਹ ਲੋਕ ਪਟੜੀ ਤੋਂ ਉਤਰ ਚੁੱਕੇ ਹਨ । ਡਿਪਟੀ ਸਪੀਕਰ ਸਾਹਿਬ, ਜਿਵੇਂ ਪੰਜਾਬੀ ਦੀ ਇਕ ਕਹਾਵਤ ਹੈ

"ਤਾਲੋਂ ਖੁੰਝੀ ਡੂਮਣੀ, ਗਾਵੇ ਆਲ-ਪਤਾਲ ।"

ਇਹ ਤਾਲ ਤੋਂ ਖੁੰਝ ਚੁੱਕੇ ਹਨ । ਲੋਕਾਂ ਵਿਚ ਇਨ੍ਹਾਂ ਦੀ ਕੋਈ ਸੋ ਨਹੀਂ, ਲੋਕ ਇਨ੍ਹਾਂ ਦੇ ਨਾਲ ਨਹੀਂ । ਜਿਸ ਕੰਮ ਦੀ ਕੋਈ ਮਹਾਨਤਾ ਨਹੀਂ, ਕੋਈ ਮਹੱਤਤਾ ਨਹੀਂ, ਉਹ ਇਹ ਕਰਨ ਜਾ ਰਹੇ ਹਨ ਕਿ ਅਸੀਂ ਨਹਿਰ ਪੂਰਨ ਜਾ ਰਹੇ ਹਾਂ । ਇਹ ਕਾਗਜ਼ੀ ਸ਼ੇਰ ਬਣਨਾ ਚਾਹੁੰਦੇ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਪੰਜਾਬ ਦੇ ਅੰਦਰ ਅਮਨ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਕਰਨਾ । ਅੱਜ ਸਾਡੇ ਦੇਸ਼ ਅੰਦਰ, ਸਾਰੇ ਸੂਬਿਆਂ ਅੰਦਰ ਕਤਲ ਹੋ ਰਹੇ

ਸ੍ਰੀ ਡਿਪਟੀ ਸਪੀਕਰ ਤੁਸੀਂ ਵਾਇੰਡ ਅੱਪ ਕਰੋ ।

ਸਰਦਾਰ ਨੱਥਾ ਸਿੰਘ ਦਾਲਮ ਪੰਜਾਬ ਵਿਚ ਪਿਛਲੇ 2 ਸਾਲ ਦੇ ਅੰਦਰ ਮੁਕੰਮਲ ਤੌਰ ਤੇ ਅਮਨ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਹੈ । ਜਿਸਦੀ ਪ੍ਰਾਪਤੀ ਦਾ ਕਰੈਡਿਟ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੂੰ ਜਾਂਦਾ ਹੈ । ਪੰਜਾਬ ਦੇ ਲੋਕ ਧੰਨਵਾਦੀ ਹਨ ਅਤੇ ਰਿਣੀ ਹਨ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਅਮਨ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਦਿੱਤਾ ਹੈ ।

ਸ੍ਰੀ ਭਗਵਾਨ ਦਾਸ ਅਰੋੜਾ ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ ।

ਸ੍ਰੀ ਡਿਪਟੀ ਸਪੀਕਰ ਹਾਂ ਜੀ, ਅਰੋੜਾ ਸਾਹਿਬ, ਦੱਸੋ ।

ਸ੍ਰੀ ਭਗਵਾਨ ਦਾਸ ਅਰੋੜਾ ** ** **

Mr. Deputy Speaker: It is no Point of Order.

ਖੁਰਾਕ ਸੇਵਾਵਾਂ, ਸ਼ਿਕਾਇਤ ਨਿਵਾਰਣ ਅਤੇ ਪੈਨਸ਼ਨਾਂ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ੍ਰੇਣੀਆਂ ਦੀ ਭਲਾਈ ਦੇ ਰਾਜ ਮੰਤਰੀ: ਡਿਪਟੀ ਸਪੀਕਰ ਸਾਹਿਬ, ਸੰਘੇੜੇ ਵਾਲਾ ਬੱਚਾ ਉਸਦੇ ਘਰ ਭੇਜ ਦਿੱਤਾ ਹੈ, ਉਹ ਮਿਲ ਗਿਆ ਹੈ । ਇਹ ਬਿਨਾਂ ਵਜ੍ਹਾ ਦੀ ਗੱਲ ਕਰ ਰਹੇ ਹਨ । (ਵਿਘਨ)

ਸ੍ਰੀ ਡਿਪਟੀ ਸਪੀਕਰ ਕਾਂਝਲਾ ਜੀ, ਬੈਠ ਜਾਉ । ਅਰੋੜਾ ਜੀ ਦਾ ਪੁਆਇੰਟ ਆਲਰੈਡੀ 'No Point of Order' ਹੋ ਚੁੱਕਾ ਹੈ । ਹਾਂ ਜੀ, ਦਾਲਮ ਸਾਹਿਬ, ਤੁਸੀਂ ਕਨਕਲੂਡ ਕਰੋ ।

ਸਰਦਾਰ ਨੱਥਾ ਸਿੰਘ ਦਾਲਮ ਡਿਪਟੀ ਸਪੀਕਰ ਸਾਹਿਬ, ਇਹ ਇਕ ਹਕੀਕਤ ਹੈ । ਪਿੱਛੇ ਜਿਹੇ ਇਕ ਸਰਵੇਖਣ ਕੀਤਾ ਗਿਆ ਹੈ ਸਾਰੇ ਸੂਬਿਆਂ ਵਿਚ ਲਾਅ ਐਂਡ ਆਰਡਰ ਦੀ ਜੋ ਸਿਚੂਏਸ਼ਨ ਹੈ ਅਤੇ ਇਹ ਸਰਵੇਖਣ ਇਕ ਬਹੁਤ ਵੱਡੇ ਰਸਾਲੇ ਵੱਲੋਂ ਕੀਤਾ ਗਿਆ ਹੈ ਜਿਹੜਾ ਕਿ ਲੱਖਾਂ ਦੀ ਗਿਣਤੀ ਵਿਚ ਛਪਦਾ ਹੈ ਅਤੇ ਹਿੰਦੁਸਤਾਨ ਦੇ ਅੰਦਰ ਵੀ ਅਤੇ ਬਾਹਰ ਵੀ ਜਾਂਦਾ ਹੈ । ਉਸ ਨੇ ਆਪਣੇ ਸਰਵੇਖਣ ਦੇ ਆਧਾਰ ਤੇ ਲਿਖਿਆ ਸੀ ਕਿ ਪੰਜਾਬ ਇਕ ਐਸਾ ਸੂਬਾ ਹੈ ਜਿਥੇ ਇਸ ਸਮੇਂ ਸਭ ਤੋਂ ਜ਼ਿਆਦਾ ਅਮਨ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਕਾਇਮ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਇਸ ਨਵੇਂ ਸਾਲ ਨੂੰ ਵਿਕਾਸ ਦਾ ਸਾਲ ਮਨਾਉਣ ਦਾ ਫੈਸਲਾ ਕੀਤਾ ਹੈ । ਇਸ ਸਾਲ ਦੇ ਵਿਚ ਸਾਡੀ ਸਰਕਾਰ ਨੇ ਪੰਜਾਬ ਵਿਚ ਲਿੰਕ ਸੜਕਾਂ ਦੀ ਰਿਪੇਅਰ ਕਰਨੀ ਹੈ ਅਤੇ 2100 ਕਿਲੋਮੀਟਰ ਲੰਮੀਆਂ ਨਵੀਆਂ ਸੜਕਾਂ ਬਣਾਉਣੀਆਂ ਹਨ । 8 ਹਜ਼ਾਰ ਕਿਲੋਮੀਟਰ

** Expunged as ordered by the Chair.

[ਸਿਰਦਾਰ ਨਰੰਜਨ ਸਿੰਘ ਜ਼ਾਲਮ]

ਜ਼ਮੀਨਾਂ ਸੜਕਾਂ ਦੀ ਰਿਪੇਅਰ ਕਰਨੀ ਹੈ । ਇਸ ਕੰਮ ਵਾਸਤੇ 570 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਜਿਹੜੀਆਂ ਪਲੈਨ ਰੋਡਜ਼ ਹਨ, ਉਨ੍ਹਾਂ ਦੀ ਰਿਪੇਅਰ ਕਰਨ ਵਾਸਤੇ ਵੀ ਪੰਜਾਬ ਸਰਕਾਰ ਨੇ 350 ਕਰੋੜ ਰੁਪਿਆ ਖਰਚ ਕਰਨ ਦਾ ਪ੍ਰੋਗਰਾਮ ਬਣਾਇਆ ਹੈ । ਮੇਰੇ ਦੋਸਤ ਇਥੇ ਜ਼ਿਕਰ ਕਰ ਰਹੇ ਸੀ ਕਿ ਪੰਜਾਬ ਵਿਚ ਨਵੀਆਂ ਸੜਕਾਂ ਨਹੀਂ ਬਣੀਆਂ, ਪੁਰਾਣੀਆਂ ਸੜਕਾਂ ਦੀ ਰਿਪੇਅਰ ਨਹੀਂ ਹੋਈ । ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 2 ਸਾਲਾਂ ਦੇ ਅੰਦਰ ਵੀ ਹਜ਼ਾਰਾਂ ਕਿਲੋਮੀਟਰ ਲੰਮੀਆਂ ਸੜਕਾਂ ਦੀ ਰਿਪੇਅਰ ਕੀਤੀ ਗਈ ਹੈ । ਇਨ੍ਹਾਂ ਕਾਂਗਰਸੀਆਂ ਦੇ ਸਮੇਂ ਵਿਚ ਜਦੋਂ 5 ਸਾਲ ਇਨ੍ਹਾਂ ਦਾ ਰਾਜ ਚਲਦਾ ਰਿਹਾ, ਉਸ ਸਮੇਂ ਇਨ੍ਹਾਂ ਨੇ ਸਿਰਫ ਕਾਗਜ਼ਾਂ ਵਿਚ ਹੀ ਰਿਪੇਅਰ ਕੀਤੀ ਵਿਖਾਈ ਸੀ ਜਦ ਕਿ ਮੌਕੇ ਤੇ ਇਨ੍ਹਾਂ ਦੀ ਰਿਪੇਅਰ ਨਹੀਂ ਹੋਈ ਸੀ । ਇਹ ਹਕੀਕਤ ਹੈ ਕਿ ਉਸ ਸਮੇਂ ਜਿਹੜੀਆਂ ਸੜਕਾਂ ਰਿਪੇਅਰ ਕੀਤੀਆਂ ਗਈਆਂ ਸਨ ਅਤੇ ਜਿਨ੍ਹਾਂ ਤੇ ਕਰੋੜਾਂ ਰੁਪਿਆ ਦਾ ਖਰਚਾ ਹੋਇਆ ਦੱਸਿਆ ਗਿਆ ਸੀ, ਉਨ੍ਹਾਂ ਸਾਰੀਆਂ ਵਿਚ ਟੋਏ ਪਏ ਹੋਏ ਹਨ ਅਤੇ ਉਹ ਸਾਰੀਆਂ ਹੀ ਰਿਪੇਅਰ ਦੀ ਮੰਗ ਕਰਦੀਆਂ ਹਨ । ਪੰਜਾਬ ਸਰਕਾਰ ਨੇ ਇਸ ਸਾਲ ਨੂੰ ਵਿਕਾਸ ਦੇ ਸਾਲ ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ । 8 ਹਜ਼ਾਰ ਕਿਲੋਮੀਟਰ ਲੰਮੀਆਂ ਸੜਕਾਂ ਦੀ ਰਿਪੇਅਰ ਕਰਨੀ ਹੈ ਅਤੇ 2,100 ਕਿਲੋਮੀਟਰ ਲੰਮੀਆਂ ਨਵੀਆਂ ਸੜਕਾਂ ਬਣਾਉਣ ਦਾ ਸਰਕਾਰ ਨੇ ਪ੍ਰੋਗਰਾਮ ਬਣਾਇਆ ਹੈ । ਪਲੈਨ ਰੋਡਜ਼ ਜਿਨ੍ਹਾਂ ਦੀ ਲੰਬਾਈ 3 ਹਜ਼ਾਰ ਕਿਲੋਮੀਟਰ ਹੈ, ਵਾਸਤੇ 350 ਕਰੋੜ ਰੁਪਏ ਖਰਚ ਕਰਨ ਦਾ ਪ੍ਰੋਗਰਾਮ ਬਣਾਇਆ ਹੈ ।

ਇਸ ਤੋਂ ਇਲਾਵਾ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਦਾ ਪ੍ਰੋਗਰਾਮ ਵੀ ਇਸ ਸਰਕਾਰ ਨੇ ਬਣਾਇਆ ਹੈ । ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਕਾਂਗਰਸੀਆਂ ਨੇ ਜਾਂਦੇ ਵਕਤ, ਜਦੋਂ ਇਨ੍ਹਾਂ ਦੀ ਸਰਕਾਰ ਆਖਰੀ ਦਮਾਂ ਤੇ ਸੀ ਅਤੇ ਇਹ ਮਹਿਸੂਸ ਕਰਦੇ ਸੀ ਕਿ ਪੰਜਾਬ ਦੇ ਲੋਕਾਂ ਨੇ ਦੁਬਾਰਾ ਇਹਨਾਂ ਨੂੰ ਆਉਣ ਦਾ ਮੌਕਾ ਨਹੀਂ ਦੇਣਾ, ਪੰਜਾਬ ਦੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੀ ਖਾਤਰ ਬਹੁਤ ਸਾਰੇ ਸਕੂਲ ਅਪਗਰੇਡ ਕਰ ਦਿੱਤੇ ਪਰ ਨਾ ਉਥੇ ਕਿਸੇ ਬਿਲਡਿੰਗ ਦਾ ਪ੍ਰਬੰਧ ਕੀਤਾ ਗਿਆ ਅਤੇ ਨਾ ਹੀ ਕਿਸੇ ਸਟਾਫ ਦਾ ਪ੍ਰਬੰਧ ਕੀਤਾ ਗਿਆ । ਬੱਚਿਆਂ ਦਾ ਇਕ ਸਾਲ ਬੜਾ ਖਰਾਬ ਹੋਇਆ । ਸਾਡੀ ਸਰਕਾਰ ਨੇ ਆਉਣ ਤੋਂ ਬਾਦ ਸਕੂਲਾਂ ਵਿਚ ਟੀਚਰਾਂ ਦੀ ਘਾਟ ਨੂੰ ਪੂਰਾ ਕੀਤਾ ਹੈ । ਪਿਛਲੇ ਦੋ ਸਾਲਾਂ ਵਿਚ ਵਿਦਿਆ ਮੰਤਰੀ ਨੇ ਹਜ਼ਾਰਾਂ ਦੇ ਕਰੀਬ ਨਵੇਂ ਟੀਚਰ ਭਰਤੀ ਕਰਕੇ ਉਨ੍ਹਾਂ ਸਕੂਲਾਂ ਵਿਚ ਭੇਜੇ । ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪਹਿਲਾਂ ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਜਾਣਗੀਆਂ । ਪ੍ਰਾਇਮਰੀ, ਮਿਡਲ, ਹਾਈ ਅਤੇ 10+2 ਸਕੂਲਾਂ ਦੀਆਂ ਬਿਲਡਿੰਗਾਂ ਬਣਾਈਆਂ ਜਾਣਗੀਆਂ ਅਤੇ ਉਸ ਤੋਂ ਬਾਦ ਹੀ ਇਹ ਸਕੂਲ ਅਪਗਰੇਡ ਕੀਤੇ ਜਾਣਗੇ । ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਹੀ ਸੁਚੱਜਾ ਅਤੇ ਸਿਆਣਪ ਭਰਿਆ ਫੈਸਲਾ ਹੈ । ਜਿਥੇ ਇਹ ਫੈਸਲਾ ਵਿਦਿਆਰਥੀਆਂ ਦੇ ਹੱਕ ਵਿਚ ਹੈ ਉਥੇ ਇਹ ਪੰਜਾਬ ਦੇ ਲੋਕਾਂ ਦੇ ਹਿਤ ਵਿਚ ਵੀ ਹੈ । ਇਨ੍ਹਾਂ ਸਕੂਲਾਂ ਵਿਚ ਬੱਚਿਆਂ ਨੇ ਵਿਦਿਆ ਪ੍ਰਾਪਤ ਕਰਨੀ ਹੈ ਅਤੇ ਫਿਰ ਲੀਡਰ ਬਣਨਾ ਹੈ, ਪੰਜਾਬ ਨੂੰ ਅਗਵਾਈ ਦੇਣੀ ਹੈ ।

ਇਨ੍ਹਾਂ ਬੱਚਿਆਂ ਦੇ ਬੈਠਣ ਵਾਸਤੇ ਚੰਗਾ ਪ੍ਰਬੰਧ ਹੋਣਾ ਚਾਹੀਦਾ ਹੈ। ਸਕੂਲਾਂ ਦੀਆਂ ਬਿਲਡਿੰਗਾਂ ਚੰਗੀਆਂ ਬਣਾਉਣੀਆਂ ਚਾਹੀਦੀਆਂ ਹਨ। ਇਹ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਜਿਹੜਾ ਗਵਰਨਰ ਸਾਹਿਬ ਦੇ ਭਾਸ਼ਣ ਤੇ ਧੰਨਵਾਦ ਦਾ ਮਤਾ ਹਾਊਸ ਵਿਚ ਲਿਆਂਦਾ ਗਿਆ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹੋਇਆ ਆਪ ਜੀ ਦਾ ਧੰਨਵਾਦ ਕਰਦਾ ਹਾਂ।

ਸ੍ਰੀ ਡਿਪਟੀ ਸਪੀਕਰ ਹੁਣ ਸਰਦਾਰ ਸੁਖਵਿੰਦਰ ਸਿੰਘ ਔਲਖ। ਤੁਸੀਂ 7-8 ਮਿੰਟਾਂ ਵਿਚ ਹੀ ਆਪਣੀ ਸਪੀਚ ਨੂੰ ਖਤਮ ਕਰਨਾ ਹੈ ਅਤੇ ਟੂ ਦੀ ਪੁਆਇੰਟ ਅਤੇ ਅਕਾਰਡਿੰਗ ਟੂ ਦੀ ਸਬਜੈਕਟ ਬੋਲਣਾ ਹੈ।

ਸਰਦਾਰ ਸੁਖਵਿੰਦਰ ਸਿੰਘ ਔਲਖ (ਮਾਨਸਾ): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਕਰਨ ਦਾ ਜਿਹੜਾ ਮਤਾ ਰੱਖਿਆ ਗਿਆ ਹੈ ਅਤੇ ਜਿਸ ਦੀ ਪ੍ਰੋੜਤਾ ਸੈਣੀ ਸਾਹਿਬ **ਨੇ** ਕੀਤੀ ਹੈ, ਉਸ ਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਦੇ ਸ਼ੁਰੂ ਵਿਚ ਦੋ ਬੜੀਆਂ ਵੱਡੀਆਂ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ। ਇਕ ਜੋ ਆਜ਼ਾਦੀ ਦੇ 50 ਸਾਲਾ ਜਸ਼ਨ ਮਨਾਏ ਗਏ ਹਨ ਅਤੇ ਦੂਸਰੀ ਗੱਲ ਤ੍ਰੈ-ਸ਼ਤਾਬਦੀ ਜਸ਼ਨਾਂ ਦੀ ਕੀਤੀ ਗਈ ਹੈ। ਮੈਂ ਇਹ ਗੱਲ ਫਖਰ ਨਾਲ ਕਹਿ ਸਕਦਾ ਹਾਂ ਕਿ ਇਹ ਦੋਵੇਂ ਘਟਨਾਵਾਂ ਇਤਿਹਾਸਕ ਹਨ ਜਿਨ੍ਹਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਸ਼ੁਰੂ ਵਿਚ ਕੀਤਾ ਹੈ। ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਲੋਕਰਾਜ ਦਾ ਜ਼ਿਕਰ ਕੀਤਾ ਹੈ। ਇਹ ਵੀ ਮਾਣ ਵਾਲੀ ਗੱਲ ਹੈ ਕਿ ਹਿੰਦੁਸਤਾਨ ਇਕ ਮੰਨਿਆ-ਪ੍ਰਮੰਨਿਆ ਲੋਕਰਾਜੀ ਦੇਸ਼ ਹੈ। ਇਸ ਲੋਕਰਾਜੀ ਹਿੰਦੁਸਤਾਨ ਵਿਚ ਪੰਜਾਬ ਸੂਬੇ ਦੀ, ਪੰਜਾਬ ਰਾਜ ਵਿਚ ਲੋਕਰਾਜ ਦੀ ਗੱਲ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜ਼ੋਰ ਦੇ ਕੇ ਕਹੀ ਹੈ। ਇਹ ਵੀ ਸਰਾਹਨਾਯੋਗ ਗੱਲ ਹੈ। ਗਵਰਨਰ ਸਾਹਿਬ ਦੇ ਭਾਸ਼ਣ ਨੂੰ ਸੁਣਨ ਅਤੇ ਪੜ੍ਹਨ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਹ ਸਾਰਾ ਭਾਸ਼ਣ ਹੀ ਪ੍ਰਸ਼ੰਸਾਯੋਗ ਹੈ, ਲੇਕਿਨ ਇਸ ਗੱਲ ਨੂੰ ਮੈਂ ਕਾਬਲੇ ਤਾਰੀਫ਼ ਕਹਾਂਗਾ ਕਿ ਸਰਕਾਰ ਨੇ ਹੇਠਲੀ ਪੱਧਰ ਤੱਕ ਲੋਕਰਾਜ ਨੂੰ ਭੇਜਿਆ ਹੈ। ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਹਨ। ਡਿਪਟੀ ਸਪੀਕਰ ਸਾਹਿਬ, ਪੰਚਾਇਤਾਂ ਦੀਆਂ ਚੋਣਾਂ ਪਹਿਲਾਂ ਵੀ ਹੁੰਦੀਆਂ ਸਨ ਪਰ ਨਿਵੇਕਲੀ ਕਿਸਮ ਨਾਲ। ਉਦੋਂ ਆਪਣੀ ਮਰਜ਼ੀ ਨਾਲ ਸਰਪੰਚ ਚੁਣੇ ਜਾਂਦੇ ਸਨ, ਆਪਣੀ ਮਰਜ਼ੀ ਦੇ ਪੰਚ ਚੁਣੇ ਜਾਂਦੇ ਸਨ ਅਤੇ ਬੜੀਆਂ ਧਾਂਦਲੀਆਂ ਹੁੰਦੀਆਂ ਸਨ। ਕਤਲੋ-ਗਾਰਤ ਵੀ ਹੁੰਦੀ ਸੀ ਅਤੇ ਬੜੀਆਂ ਬੇਨਿਯਮੀਆਂ ਹੁੰਦੀਆਂ ਸਨ, ਲੇਕਿਨ ਡਿਪਟੀ ਸਪੀਕਰ ਸਾਹਿਬ, ਇਹ ਬੜੇ ਮਾਣ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਜਿਹੜੀਆਂ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ, ਉਨ੍ਹਾਂ ਵਿਚ ਕਿਧਰੇ ਵੀ ਕੋਈ ਮੰਦੀ ਘਟਨਾ ਨਹੀਂ ਹੋਈ ਅਤੇ ਨਾ ਹੀ ਕੋਈ ਅਜਿਹੀ ਗਲਤ ਗੱਲ ਹੋਈ ਹੈ। ਇਸ ਦੀ ਉਦਾਹਰਨ ਹਿੰਦੁਸਤਾਨ ਵਿਚ ਹੋਰ ਕੋਈ ਨਹੀਂ ਮਿਲਦੀ।

ਸ੍ਰੀ ਭਗਵਾਨ ਦਾਸ ਅਰੋੜਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ । ਮੈਂਬਰ ਸਾਹਿਬ ਕਹਿ ਰਹੇ ਹਨ ਕਿ ਬੜੀਆਂ ਨਿਰਪੱਖ ਚੋਣਾਂ ਹੋਈਆਂ ਹਨ । ਮੇਰੇ ਆਪਣੇ ਹਲਕੇ ਦੇ ਇਕ ਪਿੰਡ ਨੀਲੋਵਾਲ ਵਿਚ ਸਾਡਾ ਕੈਂਡੀਡੇਟ ਦੋ ਵੋਟਾਂ ਨਾਲ ਜਿੱਤਿਆ ਸੀ ਅਤੇ ਇਕ ਹੋਰ ਪਿੰਡ ਵਿਚ 18 ਵੋਟਾਂ ਨਾਲ ਜਿੱਤਿਆ ਸੀ । ਉਨ੍ਹਾਂ ਨੂੰ ਜਿੱਤਿਆ ਡਿਕਲੇਅਰ ਕਰਨ ਤੋਂ ਬਾਅਦ ਪ੍ਰੀਜ਼ਾਈਡਿੰਗ ਅਫਸਰ ਉਤੇ ਸਰਕਾਰ ਦਾ ਦਬਾਅ ਪਿਆ ਅਤੇ ਉਸ ਨੇ ਉਨ੍ਹਾਂ ਨੂੰ ਹਾਰਿਆ ਹੋਇਆ ਡਿਕਲੇਅਰ ਕਰਕੇ, ਹਾਰਿਆਂ ਹੋਇਆਂ ਨੂੰ ਜਿੱਤਿਆਂ ਹੋਇਆ ਡਿਕਲੇਅਰ ਕਰ ਦਿੱਤਾ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵਿਚ ਪੰਚਾਇਤਾਂ ਨੂੰ ਥਾਣਿਆਂ ਵਿਚ ਅਤੇ ਦਫਤਰਾਂ ਵਿਚ ਜਿਹੜਾ ਮਾਣ-ਸਨਮਾਨ ਦਿੱਤਾ ਜਾਂਦਾ ਸੀ, ਉਹ ਬੜਾ ਹੀ ਘਟੀਆ ਕਦਰਾਂ-ਕੀਮਤਾਂ ਵਾਲਾ ਦਿੱਤਾ ਜਾਂਦਾ ਸੀ । ਇਸ ਦੀ ਮਿਸਾਲ ਸ਼ਾਇਦ ਸਾਰੇ ਹਿੰਦੁਸਤਾਨ ਵਿਚ ਨਾ ਮਿਲੇ । ਪਿੰਡਾਂ ਦੀਆਂ ਪੰਚਾਇਤਾਂ ਥਾਣਿਆਂ ਵਿਚ ਸਾਰਾ -ਸਾਰਾ ਦਿਨ ਬੈਠੀਆਂ ਰਹਿੰਦੀਆਂ ਸਨ ਉਨ੍ਹਾਂ ਨੂੰ ਕੋਈ ਨਹੀਂ ਸੀ ਪੁੱਛਦਾ ਕਿ ਤੁਸੀਂ ਕੌਣ ਹੋ, ਕਿਥੋਂ ਆਏ ਹੋ । ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਉਨ੍ਹਾਂ ਪੰਚਾਇਤਾਂ ਨੂੰ, ਚੁਣੇ ਹੋਏ ਨੁਮਾਇੰਦਿਆਂ ਨੂੰ ਥਾਣਿਆਂ ਵਿਚ ਅਤੇ ਦਫਤਰਾਂ ਵਿਚ ਮਾਣ-ਸਨਮਾਨ ਦਿਵਾਇਆ ਹੈ । ਇਨ੍ਹਾਂ ਦੇ ਰਾਜ ਵਿਚ ਚੁਣੇ ਹੋਏ ਨੁਮਾਇੰਦਿਆਂ ਨੂੰ ਫੜਿਆ ਗਿਆ, ਥਾਣਿਆਂ ਵਿਚ ਲਿਜਾਇਆ ਗਿਆ ਅਤੇ ਨੰਗਿਆਂ ਕਰਕੇ ਉਨ੍ਹਾਂ ਨੂੰ ਕੁੱਟਿਆ ਜਾਂਦਾ ਸੀ । ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਗੱਲਾਂ ਦਾ ਜ਼ਿਕਰ ਨਹੀਂ ਕਰਦਾ, ਪਰ ਇਹ ਇਕ ਗੱਲ ਐਸੀ ਹੈ ਜਿਹੜੀ ਕਿ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਵੀ ਕਹਿਣੀ ਬਣਦੀ ਹੈ । ਦਿਲੋਂ ਤਾਂ ਉਹ ਵੀ ਮੰਨਦੇ ਹਨ ਕਿ ਪੰਚਾਇਤਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਮਾਣ-ਸਨਮਾਨ ਬਹਾਲ ਹੋਇਆ ਹੈ । ਇਸ ਦਾ ਸਿਹਰਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਜਾਂਦਾ ਹੈ । (ਥੰਪਿੰਗ) ਅੱਜ ਲੋਕ ਪਿੰਡਾਂ ਵਿਚ ਗੱਲਾਂ ਕਰਦੇ ਹਨ ਕਿ ਉਨ੍ਹਾਂ ਦਾ ਸਨਮਾਨ ਵਧਿਆ ਹੈ, ਉਨ੍ਹਾਂ ਦੀ ਸੁਣਵਾਈ ਹੁੰਦੀ ਹੈ ਅਤੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਂਦਾ ਹੈ । ਰਾਜ ਵਿਚ ਇਹ ਇੱਕ ਬਹੁਤ ਵੱਡੀ ਗੱਲ ਹੈ, ਉਦਾਹਰਣ ਹੈ ।

ਅੱਗੇ ਮੈਂ ਪਿੰਡਾਂ ਦੇ ਵਿਕਾਸ ਦੀ ਗੱਲ ਕਰਨ ਲੱਗਾ ਹਾਂ ਜਿਹੜਾ ਕਿ ਜੰਗੀ ਪੱਧਰ ਉਤੇ ਸ਼ੁਰੂ ਕੀਤਾ ਗਿਆ ਹੈ । ਮੇਰੇ ਤੋਂ ਪਹਿਲਾਂ ਵੀ ਗੱਲਾਂ ਹੋਈਆਂ ਹਨ । ਸੜਕਾਂ ਦੇ ਬਾਰੇ ਜੋ ਨਵੀਆਂ ਬਣਾਉਣੀਆਂ ਹਨ, ਉਨ੍ਹਾ ਵਾਸਤੇ 570 ਕਰੋੜ ਰੁਪਏ ਰੱਖੇ ਗਏ ਹਨ । ਜਿਹੜੀਆਂ ਸੜਕਾਂ ਰਿਪੇਅਰ ਕਰਨੀਆਂ ਹਨ, ਉਨ੍ਹਾਂ ਵਾਸਤੇ ਵੱਖਰੇ ਪੈਸੇ ਰੱਖੇ ਗਏ ਹਨ । ਇਸ ਦੇ ਨਾਲ ਹੀ 8,000, ਕਿਲੋਮੀਟਰ ਨਵੀਆਂ ਅਤੇ 3,000 ਕਿਲੋਮੀਟਰ ਤਕਰੀਬਨ ਪਲੇਨ ਸੜਕਾਂ ਹਨ ਜਿਨ੍ਹਾਂ ਉਤੇ 350 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ । ਇਹ ਇਕ ਬਹੁਤ ਹੀ ਵੱਡੀ ਰਕਮ ਹੈ ਜਿਹੜੀ ਕਿ ਇਸ ਸਰਕਾਰ ਨੇ ਮਖਸੂਸ ਕੀਤੀ ਹੈ ਲੇਕਿਨ ਮੇਰੇ ਵਿਰੋਧੀ ਬੈਂਚਾਂ ਦੇ ਵੀਰ ਕਹਿੰਦੇ ਹਨ ਕਿ ਸੜਕਾਂ ਅਸੀਂ ਬਣਵਾਈਆਂ ਸਨ । ਡਿਪਟੀ ਸਪੀਕਰ ਸਾਹਿਬ, ਮੈਂ ਸਾਰੇ ਪੰਜਾਬ ਦੀ ਗੱਲ ਤਾਂ ਨਹੀਂ ਕਰਦਾ, ਸਿਰਫ ਆਪਣੇ ਹਲਕੇ ਮਾਨਸਾ ਦੀ ਉਦਾਹਰਣ ਦਿੰਦਾ ਹਾਂ । ਇਨ੍ਹਾਂ ਦੇ ਰਾਜ ਵਿੱਚ ਪੰਜ ਸਾਲਾਂ ਦੇ ਵਿੱਚ ਇਕ

ਕਿਲੋਮੀਟਰ ਵੀ ਸੜਕ ਨਹੀਂ ਬਣੀ । ਲੇਕਿਨ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਆਉਣ ਵਾਲੇ ਸਾਲ ਵਿੱਚ ਬਲਕਿ 30 ਜੂਨ ਤੱਕ ਅਸੀਂ ਹਰ ਹਲਕੇ ਵਿਚ 20 ਕਿਲੋਮੀਟਰ ਸੜਕਾਂ ਬਣਾਵਾਂਗੇ ।

ਸ੍ਰੀ ਭਗਵਾਨ ਦਾਸ ਅਰੋੜਾ: ਮਾਨਯੋਗ ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਬ ਨੇ ਕਿਹਾ ਕਿ ਅਸੀਂ ਮਾਨਸੇ ਜ਼ਿਲ੍ਹੇ ਵਿੱਚ ਕੋਈ ਸੜਕ ਨਹੀਂ ਬਣਵਾਈ, ਕਿਰਪਾਲ ਸਿੰਘ ਮਾਖਾ ਨੇ ਬਣਵਾਈਆਂ ਹਨ ।

ਸ੍ਰੀ ਡਿਪਟੀ ਸਪੀਕਰ: ਅਰੋੜਾ ਸਾਹਿਬ, ਬੈਠੋ । ਹਾਂ ਜੀ, ਔਲਖ ਸਾਹਿਬ, ਕੰਨਟੀਨਿਊ ਕਰੋ ।

ਸਰਦਾਰ ਸੁਖਵਿੰਦਰ ਸਿੰਘ ਔਲਖ: ਡਿਪਟੀ ਸਪੀਕਰ ਸਾਹਿਬ, ਮੈਂ ਸੜਕਾਂ ਬਾਰੇ ਗੱਲ ਕੀਤੀ ਹੈ । ਆਉਣ ਵਾਲੇ ਦਿਨਾਂ ਵਿੱਚ ਮੇਰੇ ਇਨ੍ਹਾਂ ਵਿਰੋਧੀ ਧਿਰ ਦੇ ਵੀਰਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਸੜਕਾਂ ਕਿਵੇਂ ਬਣਦੀਆਂ ਹਨ । ਅਰੋੜਾ ਸਾਹਿਬ ਨੇ ਆਪਣੇ ਇਲਾਕੇ ਵਿੱਚ ਪਹਿਲਾਂ ਬਣਵਾਈਆਂ ਹੋਣਗੀਆਂ ।' ਲੇਕਿਨ ਮੈਂ ਪਹਿਲਾਂ ਵੀ ਗੱਲ ਕੀਤੀ ਹੈ, ਉਹ ਅਫਸਰ ਵਿਚਾਰੇ ਜੇਲ੍ਹਾਂ ਵਿੱਚ ਜਾਣ ਲਈ ਤਿਆਰ ਹਨ, ਇਨ੍ਹਾਂ ਨੇ ਉਨ੍ਹਾਂ ਦੀ ਬਾਂਹ ਵੀ ਨਹੀਂ ਫੜਨੀ ।

ਇਸ ਤੋਂ ਅੱਗੇ ਮੈਂ ਬਿਜਲੀ ਦੀ ਗੱਲ ਕਰਦਾ ਹਾਂ । ਡਿਪਟੀ ਸਪੀਕਰ ਸਾਹਿਬ, ਬਿਜਲੀ ਦੇ ਨਾਲ ਦੇਸ਼ ਦੀ ਤਰੱਕੀ ਹੁੰਦੀ ਹੈ ਪਰ ਮੇਰੇ ਇਨ੍ਹਾਂ ਵੀਰਾਂ ਨੇ ਥੀਨ ਡੈਮ ਮੁਕੰਮਲ ਨਹੀਂ ਕੀਤਾ । 10 ਸਾਲ ਵਿੱਚ ਇਨ੍ਹਾਂ ਨੇ ਮੁਕੰਮਲ ਨਹੀਂ ਕੀਤਾ । ਪਤਾ ਨਹੀਂ ਕਿੱਥੇ ਸੁੱਤੇ ਰਹੇ ਹਨ, ਕੋਈ ਗੱਲ ਨਹੀਂ ਕੀਤੀ । ਸੈਂਟਰ ਵਿੱਚ ਵੀ ਇਨ੍ਹਾਂ ਦਾ ਰਾਜ ਸੀ ਅਤੇ ਪੰਜਾਬ ਦੇ ਵਿੱਚ ਵੀ ਇਨ੍ਹਾਂ ਦਾ ਰਾਜ ਸੀ । ਨਾ ਸੈਂਟਰ ਤੋਂ ਪੈਸੇ ਲੈਣ ਲਈ ਕੋਈ ਪਹੁੰਚ ਕੀਤੀ ਅਤੇ ਨਾ ਥੀਮ ਡੈਮ ਨੂੰ ਪੈਸੇ ਦੇਣ ਦਾ ਯਤਨ ਕੀਤਾ, ਲੇਕਿਨ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਦੋ ਸਾਲ ਦੇ ਵਿੱਚ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਸੈਂਟਰ ਤੋਂ ਪੈਸੇ ਲਿਆਂਦੇ । ਇਨ੍ਹਾਂ ਦੀ ਮਿਹਨਤ ਅਤੇ ਯਤਨਾਂ ਸਦਕਾ ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਥੀਨ ਡੈਮ ਮੁਕੰਮਲ ਹੋਇਆ ਹੈ । ਜਿਸ ਦੇ ਵਿਚੋਂ ਆਉਣ ਵਾਲੇ ਸੈਸ਼ਨ ਵਿੱਚ ਬਿਜਲੀ ਦਾ ਉਤਪਾਦਨ ਸ਼ੁਰੂ ਹੋ ਜਾਵੇਗਾ ਅਤੇ 600 ਮੈਗਾਵਾਟ ਬਿਜਲੀ ਪੈਦਾ ਹੋਵੇਗੀ । ਡਿਪਟੀ ਸਪੀਕਰ ਸਾਹਿਬ, ਇਹ ਬਹੁਤ ਵੱਡੀ ਗੱਲ ਹੈ ਅਤੇ ਮੇਰੇ ਇਨ੍ਹਾਂ ਵਿਰੋਧੀ ਧਿਰ ਦੇ ਵੀਰਾਂ ਕੋਲ ਕੋਈ ਉੱਤਰ ਨਹੀਂ ਕਿ ਇਹ ਕਿਉਂ ਇਸ ਨੂੰ ਮੁਕੰਮਲ ਨਹੀਂ ਕਰ ਸਕੇ ।

ਸ੍ਰੀ ਭਗਵਾਨ ਦਾਸ ਅਰੋੜਾ: ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਦੱਸਿਆ ਹੈ ਕਿ ਅਸੀਂ ਬਿਜਲੀ ਵੱਲ ਕੋਈ ਧਿਆਨ ਨਹੀਂ ਦਿੱਤਾ । ਡਿਪਟੀ ਸਪੀਕਰ ਸਾਹਿਬ, ਰਾਮਪੁਰਾ ਫੂਲ ਕੋਲ ਥਰਮਲ ਪਲਾਂਟ ਸਾਡੇ ਵੇਲੇ ਬਣਿਆ ਹੈ ਅਤੇ 24 ਘੰਟੇ ਬਿਜਲੀ ਦੀ ਸਪਲਾਈ ਅਸੀਂ ਸ਼ੁਰੂ ਕਰਵਾਈ ਹੈ । ਰਿਕਾਰਡ ਕਢਵਾ ਕੇ ਦੇਖ ਲਓ ਕਿ ਅਸੀਂ ਕਿੰਨੇ ਪਿੰਡਾਂ ਵਿੱਚ 24 ਘੰਟੇ ਬਿਜਲੀ ਦੀ ਸਪਲਾਈ ਸ਼ੁਰੂ ਕੀਤੀ ਹੈ ।

ਰਾਜ ਮੰਤਰੀ ਸਿੰਚਾਈ ਡਿਪਟੀ ਸਪੀਕਰ ਸਾਹਿਬ, ਔਲਖ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ, ਰਿਕਾਰਡ ਕਢਵਾ ਕੇ ਦੇਖਿਆ ਜਾ ਸਕਦਾ ਹੈ। ਇਨ੍ਹਾਂ ਨੇ ਪੰਜ ਸਾਲਾਂ ਵਿਚ 500 ਪਿੰਡਾਂ ਨੂੰ 24 ਘੰਟੇ ਬਿਜਲੀ ਦਿੱਤੀ ਹੈ ਅਤੇ ਅਸੀਂ ਕੇਵਲ ਦੋ ਸਾਲਾਂ ਵਿੱਚ ਹੀ 900 ਪਿੰਡ ਕਵਰ ਕੀਤੇ ਹਨ।

ਸ੍ਰੀ ਡਿਪਟੀ ਸਪੀਕਰ: ਔਲਖ ਸਾਹਿਬ, ਕੰਟੀਨਿਊ ਕਰੋ।

ਸਰਦਾਰ ਸੁਖਵਿੰਦਰ ਸਿੰਘ ਔਲਖ ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਉਦਯੋਗਾਂ ਦੀ ਗੱਲ ਕਰਦਾ ਹਾਂ। ਇਕੋ ਇਕ ਵੱਡੀ ਗੱਲ ਇਹ ਹੈ ਕਿ ਜੋ ਉਦਯੋਗ ਹੁੰਦੇ ਹਨ। ਉਹ ਦੇਸ਼ ਦੀ ਤਰੱਕੀ ਦੇ ਜ਼ਾਮਨ ਹੁੰਦੇ ਹਨ। ਇਸ ਗੱਲ ਦੇ ਵਿੱਚ ਵੀ ਇਹ ਮੇਰੇ ਵੀਰ ਸ਼ਾਇਦ ਗਿਲਾ ਮਨਾਉਣ, ਉਦਯੋਗਿਕ ਪੱਖ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਦੇ ਦੋ ਸਾਲ ਦੇ ਸਮੇਂ ਵਿੱਚ ਜਿੰਨੀ ਪੰਜਾਬ ਨੇ ਤਰੱਕੀ ਕੀਤੀ ਹੈ, ਸ਼ਾਇਦ ਹੀ ਕਿਸੇ ਹੋਰ ਸੂਬੇ ਨੇ ਕੀਤੀ ਹੋਵੇ। ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਦੇ ਯਤਨਾਂ ਸਦਕਾ ਬਠਿੰਡਾ ਵਿਖੇ ਇਕ ਰੀਫਾਇਨਰੀ 1,600 ਕਰੋੜ ਰੁਪਏ ਦੀ ਲਾਗਤ ਨਾਲ ਆਈ ਹੈ।

(ਇਕ ਆਵਾਜ਼ ਇਹ ਤਾਂ ਅਸੀਂ ਲੈ ਕੇ ਆਏ ਸੀ।)

ਡਿਪਟੀ ਸਪੀਕਰ ਸਾਹਿਬ, ਇਸ ਬਾਰੇ ਵੀ ਇਹ ਕਹਿ ਰਹੇ ਹਨ ਕਿ ਅਸੀਂ ਲਿਆਏ ਸੀ ਲੇਕਿਨ ਪੰਜਾਬ ਦੇ ਵਿੱਚ ਉਦਯੋਗ ਵਿੱਚ ਇਨਕਲਾਬ ਅਸੀਂ ਲੈ ਕੇ ਆਏ ਹਾਂ। ਇਕੱਲੀ ਰੀਫਾਇਨਰੀ ਹੀ ਨਹੀਂ ਇਕ ਅੰਬੂਜਾ ਸੀਮਿੰਟ ਦਾ ਕਾਰਖਾਨਾ ਵੀ ਬਠਿੰਡਾ ਵਿਖੇ ਲੱਗ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਉਦਯੋਗਿਕ ਪੱਖ ਤੋਂ ਪੰਜਾਬ ਨੇ ਹੋਰ ਵੀ ਤਰੱਕੀ ਕਰਨੀ ਹੈ। ਇਸ ਦਾ ਸਿਹਰਾ ਪੰਜਾਬ ਸਰਕਾਰ ਨੂੰ ਜਾਂਦਾ ਹੈ।

ਸ੍ਰੀ ਡਿਪਟੀ ਸਪੀਕਰ ਔਲਖ ਸਾਹਿਬ, ਦੋ ਮਿੰਟ ਵਿੱਚ ਖਤਮ ਕਰਨ ਦੀ ਕੋਸ਼ਿਸ਼ ਕਰੋ।

ਸਰਦਾਰ ਸੁਖਵਿੰਦਰ ਸਿੰਘ ਔਲਖ ਇਸਦੇ ਬਾਅਦ ਤਾਲੀਮ ਦੀ ਮੈਂ ਗੱਲ ਕਰਦਾ ਹਾਂ। ਕਿਸੇ ਦੇਸ਼ ਦੀ, ਸੂਬੇ ਦੀ ਤਰੱਕੀ ਲਈ ਜਿੱਥੇ ਬਿਜਲੀ ਜ਼ਰੂਰੀ ਹੈ ਜਾਂ ਕਾਰਖਾਨੇ ਜ਼ਰੂਰੀ ਹਨ, ਉੱਥੇ ਲਿਆਕਤ ਦੀ ਵੀ ਲੋੜ ਹੈ, ਤਾਲੀਮ ਦੀ ਵੀ ਲੋੜ ਹੈ। ਡਿਪਟੀ ਸਪੀਕਰ ਸਾਹਿਬ, ਸਿੱਖਿਆ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਨੇ ਬਹੁਤ ਵੱਡੇ ਉਪਰਾਲੇ ਕੀਤੇ ਹਨ। ਬਾਬਾ ਫਰੀਦ ਜੀ ਦੇ ਨਾਂ ਤੇ ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਕਾਇਮ ਕੀਤੀ ਗਈ ਹੈ। ਇਸੇ ਤਰ੍ਹਾਂ ਇਕ ਟੈਕਨੀਕਲ ਯੂਨੀਵਰਸਿਟੀ, ਜਲੰਧਰ ਵਿਖੇ ਕਾਇਮ ਕੀਤੀ ਗਈ ਹੈ। ਇਸੇ ਤਰ੍ਹਾਂ ਹੋਰ ਸਰਕਾਰੀ ਅਤੇ ਗੈਰ-ਸਰਕਾਰੀ ਮੈਡੀਕਲ ਅਤੇ ਇੰਜਨੀਅਰਿੰਗ ਕਾਲਜ ਪੰਜਾਬ ਵਿਚ ਖੋਲ੍ਹੇ ਗਏ ਹਨ। ਇਸ ਤੋਂ ਇਲਾਵਾ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵੀ ਬਣਾਈਆਂ ਗਈਆਂ ਹਨ ਅਤੇ ਕਈ ਸਕੂਲਾਂ ਦੀਆਂ ਬਿਲਡਿੰਗਾਂ ਦੀ ਰਿਪੇਅਰ ਕੀਤੀ ਗਈ ਹੈ ਜਿੱਥੇ ਲੋੜ ਸੀ। ਜਿਹੜੇ ਬੱਚੇ ਨਹੀਂ ਪੜ੍ਹਦੇ, ਉਹ ਤਰੱਕੀ ਨਹੀਂ ਕਰ ਸਕਦੇ। ਇਸੇ ਤਰ੍ਹਾਂ ਨਕਲ ਮਾਰ ਕੇ ਪਾਸ ਹੋਣ ਵਾਲੇ ਵਿਦਿਆਰਥੀ ਵੀ ਆਪਣੇ ਜੀਵਨ ਵਿੱਚ ਤਰੱਕੀ ਨਹੀਂ ਕਰ ਸਕਦੇ।

ਇਸ ਗੱਲ ਵਾਸਤੇ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਖਾਸ ਤੌਰ ਤੇ ਸਿੱਖਿਆ ਮੰਤਰੀ ਜੱਥੇਦਾਰ ਤੋਤਾ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਨਕਲ ਰੋਕਣ ਲਈ ਬਹੁਤ ਵਧੀਆ ਉਪਰਾਲੇ ਕੀਤੇ ਹਨ । ਇਹ ਬਹੁਤ ਸ਼ਲਾਘਾਯੋਗ ਕਦਮ ਹੈ ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਛੋਟੀ ਜਿਹੀ ਗੱਲ ਕਰਕੇ ਆਪਣੀ ਸਪੀਚ ਖਤਮ ਕਰਾਂਗਾ ਉਹ ਹੈ—ਖੇਤੀਬਾੜੀ । ਇਸ ਉਤੇ ਕਿਸਾਨ ਦੀ ਆਰਥਿਕਤਾ ਅਤੇ ਫਿਰ ਕਿਸਾਨ ਦੀ ਆਰਥਿਕਤਾ ਉਤੇ ਦੇਸ਼ ਦੀ ਆਰਥਿਕਤਾ ਖੜ੍ਹੀ ਹੈ । ਖੇਤੀਬਾੜੀ ਬਾਰੇ ਮੇਰੇ ਕੋਲ ਕਈ ਗੱਲਾਂ ਨੋਟ ਹਨ । ਪੰਜਾਬ ਸਰਕਾਰ ਨੇ ਰਾਜ ਭਾਗ ਸੰਭਾਲਦੇ ਸਾਰ ਇੱਕ ਬਹੁਤ ਵੱਡੀ ਗੱਲ ਕੀਤੀ । ਉਹ ਗੱਲ ਸ਼ਾਇਦ ਮੇਰੇ ਸਾਹਮਣੇ ਬੈਠੇ ਵੀਰਾਂ ਨੂੰ ਬਹੁਤ ਚੁੱਭਦੀ ਹੋਵੇਗੀ । ਸਾਡਾ ਝੋਨਾ ਸਾਡੇ ਨਾਲ ਲੱਗਦੀ ਸਟੇਟ ਹਰਿਆਣੇ ਵਿੱਚ 20/- ਰੁ. ਕੁਇੰਟਲ ਵੱਧ ਮੁੱਲ ਤੇ ਵਿੱਕਦਾ ਰਿਹਾ । ਉਹੀ ਝੋਨਾ ਅਤੇ ਉਹੀ ਕੁਆਲਿਟੀ ਸਾਡੇ ਕੋਲ 20/- ਰੁ. ਘੱਟ ਰੇਟ ਤੇ ਵਿੱਕਦਾ ਰਿਹਾ । ਅਫਸੋਸ ਵਾਲੀ ਗੱਲ ਹੈ ਕਿ ਸਾਹਮਣੇ ਬੈਠੇ ਵੀਰਾਂ ਨੇ ਇਸ ਵਾਸਤੇ ਕੁਝ ਨਹੀਂ ਕੀਤਾ । ਕਿਸਾਨਾਂ ਨੂੰ ਰੋਜ਼ ਰਿਹਾ ਇਨ੍ਹਾਂ ਦੀ ਸੈਂਟਰ ਵਿੱਚ ਵੀ ਸਰਕਾਰ ਸੀ ਪਰ ਇਨ੍ਹਾਂ ਨੇ ਫਿਰ ਵੀ ਕੁੱਝ ਨਹੀਂ ਕੀਤਾ । ਇਹ ਆਪਣੇ ਆਪ ਨੂੰ ਕਿਸਾਨਾਂ ਦੇ ਵੱਡੇ ਹੇਜਲੇ ਦੱਸਦੇ ਹਨ । ਮੈਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਸਾਰ ਹੀ ਉਹ 20/- ਰੁ. ਦਾ ਅੰਤਰ ਖਤਮ ਕੀਤਾ । ਹੁਣ ਉਹੀ ਭਾਅ ਪੰਜਾਬ ਵਿੱਚ ਹੈ ਜੋ ਹਰਿਆਣੇ ਵਿੱਚ ਹੈ । ਇਹ ਸਿਹਰਾ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੂੰ ਜਾਂਦਾ ਹੈ ਅਤੇ ਸਾਡੀ ਸਰਕਾਰ ਨੂੰ ਜਾਂਦਾ ਹੈ । ਹੁਣ ਮੈਂ ਕਣਕ ਅਤੇ ਜੀਰੀ ਦੇ ਭਾਅ ਦੀ ਗੱਲ ਕਰਨੀ ਚਾਹੁੰਦਾ ਹਾਂ । ਪਹਿਲਾਂ ਇਨ੍ਹਾਂ ਦੇ ਭਾਅ ਵਿੱਚ ਵਾਧਾ ਕਦੀ 10/- ਰੁ. ਅਤੇ ਕਦੀ 15/- ਰੁ. ਹੁੰਦਾ ਸੀ, ਲੇਕਿਨ, ਡਿਪਟੀ ਸਪੀਕਰ ਸਾਹਿਬ, ਬੜੇ ਮਾਣ ਵਾਲੀ ਗੱਲ ਹੈ ਕਿ 1997-98 ਵਿੱਚ ਸਰਕਾਰ ਨੇ ਇਹ ਭਾਅ 475/- ਰੁ. ਤੋਂ ਵਧਾ ਕੇ 510/- ਰੁ. ਕੀਤਾ ਹੈ । ਇਸ ਤਰ੍ਹਾਂ 35/- ਰੁ. ਦਾ ਵਾਧਾ ਕੀਤਾ ਗਿਆ ਹੈ । ਇਸ ਨਾਲ ਕਿਸਾਨਾਂ ਨੂੰ 224 ਕਰੋੜ ਰੁ. ਦਾ ਲਾਭ ਹੋਇਆ ਹੈ । 1998-99 ਵਿੱਚ 40/- ਰੁ. ਦਾ ਵਾਧਾ ਕੀਤਾ ਹੈ । ਇਸ ਨਾਲ ਕਿਸਾਨਾਂ ਨੂੰ 250/- ਕਰੋੜ ਰੁਪਏ ਦਾ ਲਾਭ ਹੋਇਆ ਹੈ । ਇਸੇ ਤਰ੍ਹਾਂ ਝੋਨੇ ਦੇ ਰੇਟ ਵੀ ਵਧਾਏ ਗਏ ਹਨ । ਇਸ ਨਾਲ ਕਿਸਾਨਾਂ ਨੂੰ 245 ਕਰੋੜ ਰੁਪਏ ਦਾ ਲਾਭ ਹੋਇਆ ਹੈ ਅਤੇ ਕੁੱਲ ਫਾਇਦਾ 719 ਕਰੋੜ ਰੁਪਏ ਦਾ ਪੰਜਾਬ ਦੇ ਕਿਸਾਨਾਂ ਨੂੰ ਹੋਇਆ ਹੈ । ਉਨ੍ਹਾਂ ਦੀ ਟਿਊਬਵੈੱਲ ਦੀ ਬਿਜਲੀ ਮੁਆਫ ਕੀਤੀ ਗਈ, ਮਾਮਲਾ ਮੁਆਫ ਕੀਤਾ ਗਿਆ । ਇਸ ਤਰ੍ਹਾਂ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਨੇ ਯਤਨ ਕਰਕੇ, ਮਿਹਨਤ ਕਰਕੇ, ਆਪਣੀ ਅਕਲ ਨਾਲ, ਆਪਣੀ ਲਿਆਕਤ ਨਾਲ ਫਸਲਾਂ ਦੇ ਰੇਟ ਵਧਾਏ । ਇਹ ਬਹੁਤ ਵੱਡੀ ਗੱਲ ਹੈ । ਇਸ ਤਰ੍ਹਾਂ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਸਨਮਾਨ ਹੋਇਆ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਛੋਟੀ ਜਿਹੀ ਗੱਲ ਕਹਿ ਕੇ ਖਤਮ ਕਰਾਂਗਾ । ਸੜਕਾਂ ਦੀ ਗੱਲ ਬਾਰੇ ਮੈਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ । ਹੁਣ ਮੈਂ ਮੰਡੀਆਂ ਦੀ ਗੱਲ ਕਰਨੀ ਚਾਹੁੰਦਾ ਹਾਂ । ਪਹਿਲਾਂ ਮੰਡੀਆਂ ਵਿੱਚ ਕਿਸਾਨਾਂ ਦਾ ਝੋਨਾ ਰੁਲ ਜਾਂਦਾ ਸੀ, ਕਿਸਾਨਾਂ ਦੀ ਕਣਕ ਰੁਲ ਜਾਂਦੀ ਸੀ ਅਤੇ ਇਹ ਬਹੁਤ ਘੱਟ ਰੇਟ ਤੇ ਵਿਕਦੀ ਸੀ । ਇਸ ਨਾਲ ਕਿਸਾਨ

[ਸਰਦਾਰ ਸੁਖਵਿੰਦਰ ਸਿੰਘ ਔਲਖ]

ਨੂੰ ਘਾਟਾ ਪੈਂਦਾ ਸੀ । ਪਰ ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਸਰਕਾਰ ਨੇ 900 ਮੰਡੀਆਂ ਪੱਕੀਆਂ ਕੀਤੀਆਂ ਹਨ ਅਤੇ ਆਉਣ ਵਾਲੇ ਸਾਲਾਂ ਵਿੱਚ ਜਿਸ ਤਰ੍ਹਾਂ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਜ਼ਿਕਰ ਕੀਤਾ ਗਿਆ ਹੈ, ਸਾਰੇ ਪੰਜਾਬ ਦੀਆਂ ਮੰਡੀਆਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ । ਚਾਹੇ ਉਹ ਸ਼ਹਿਰ ਦੀ ਮੰਡੀ ਹੋਵੇ, ਚਾਹੇ ਕਸਬੇ ਦੀ ਮੰਡੀ ਹੋਵੇ ਅਤੇ ਚਾਹੇ ਪਿੰਡ ਦਾ ਪਰਚੇਜ਼ ਸੈਂਟਰ ਹੋਵੇ । (ਥੰਪਿੰਗ) ਇਹ ਬਹੁਤ ਹੀ ਵੱਡੀ ਗੱਲ ਹੈ । ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਲਈ ਹੀ ਨਹੀਂ ਬਲਕਿ ਦਲਿਤ ਵੀਰਾਂ ਵਾਸਤੇ ਵੀ ਬੜਾ ਕੁਝ ਕੀਤਾ ਹੈ ।

ਇਸ ਤੋਂ ਇਲਾਵਾ ਹੋਰ ਵੀ ਬੜੀਆਂ ਗੱਲਾਂ ਹੋਈਆਂ ਹਨ । ਟਰਾਂਸਪੋਰਟ ਦੀ ਮੈਂ ਗੱਲ ਕਰਦਾ ਹਾਂ । ਪਹਿਲਾਂ ਪੁਰਾਣੀਆਂ ਬੱਸਾਂ ਹੁੰਦੀਆਂ ਸਨ ਅਤੇ ਹੁਣ ਨਵੀਆਂ ਬੱਸਾਂ ਪਾ ਦਿੱਤੀਆਂ ਗਈਆਂ ਹਨ । ਪਹਿਲਾਂ ਬੱਸ ਤੁਰਦੀ ਸੀ ਅਤੇ 10 ਕਿਲੋਮੀਟਰ ਤੇ ਜਾ ਕੇ ਖੜ੍ਹ ਜਾਂਦੀ ਸੀ । ਸਾਹਮਣੇ ਬੈਠੇ ਵੀਰ ਕਿਰਾਏ ਵਧਾਉਣ ਦੀ ਗੱਲ ਕਰਦੇ ਹਨ ਪਰ ਇਨ੍ਹਾਂ ਦੇ ਸਮੇਂ ਬੱਸਾਂ ਚਲਦੀਆਂ ਹੀ ਨਹੀਂ ਸਨ । ਹੁਣ ਬੱਸਾਂ ਵੀ ਨਵੀਆਂ ਪਾਈਆਂ ਗਈਆਂ ਹਨ ਅਤੇ ਹੋਰ ਸਹੂਲਤਾਂ ਵੀ ਮਿਲ ਰਹੀਆਂ ਹਨ ।

ਅਖੀਰ ਵਿੱਚ ਮੈਂ ਸੁਤੰਤਰਤਾ ਸੰਗਰਾਮੀਆਂ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ । ਇਸ ਐਡਰੈਸ ਵਿੱਚ ਸੁਤੰਤਰਤਾ ਸੰਗਰਾਮੀਆਂ ਬਾਰੇ ਬਹੁਤ ਵਧੀਆ ਜ਼ਿਕਰ ਹੋਇਆ ਹੈ । ਜਿਸ ਵਿਅਕਤੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਹਿੱਸਾ ਪਾਇਆ ਹੋਵੇ, ਉਸ ਦਾ ਮਾਣ ਸਨਮਾਨ ਕਰਨਾ ਹਰ ਸਰਕਾਰ ਦਾ ਫਰਜ਼ ਹੈ । ਮੈਂ ਕਹਿ ਸਕਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਫਰਜ਼ਾਂ ਦੀ ਪੂਰਤੀ ਕੀਤੀ ਹੈ । ਉਨ੍ਹਾਂ ਨੇ ਸੁਤੰਤਰਤਾ ਸੰਗਰਾਮੀਆਂ ਦੀਆਂ ਪੈਨਸ਼ਨਾਂ ਵਧਾਈਆਂ ਹਨ ਅਤੇ ਉਨ੍ਹਾਂ ਨੂੰ ਹੋਰ ਵੀ ਕਈ ਸਹੂਲਤਾਂ ਤੇ ਰਿਆਇਤਾਂ ਦਿੱਤੀਆਂ ਹਨ । ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਮੁਫਤ ਕੀਤੀ ਹੈ ਅਤੇ ਇਸ ਤੋਂ ਵੱਡੀ ਗੱਲ ਉਨ੍ਹਾਂ ਵਾਸਤੇ ਗਜ਼ਟਿਡ ਪੋਸਟਾਂ ਵਿੱਚ 2% ਕੋਟਾ ਰਾਖਵਾਂ ਰੱਖਿਆ ਹੈ ਅਤੇ ਨਾਨ-ਗਜ਼ਟਿਡ ਪੋਸਟਾਂ ਵਿੱਚ 1% ਕੋਟਾ ਰਾਖਵਾਂ ਰੱਖਿਆ ਹੈ । ਇਸ ਵਾਸਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਮੈਂ ਵਧਾਈ ਦਿੰਦਾ ਹਾਂ ।

*12.05 ਵਜੇ
ਬਾਅਦ ਦੁਪਹਿਰ

*(ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਹੁਣ ਮੈਂ ਅਮਨ ਸ਼ਾਂਤੀ ਦੀ ਗੱਲ ਕਰਨੀ ਚਾਹੁੰਦਾ ਹਾਂ ਜੋ ਇਧਰ ਬੈਠੇ ਮੇਰੇ ਵੀਰਾਂ ਨੇ ਕੀਤੀ ਹੈ ਕਿ ਨਹੀਂ ਹੈ, ਲੇਕਿਨ, ਸਪੀਕਰ ਸਾਹਿਬ, ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਦੋ ਸਾਲਾਂ ਦੇ ਰਾਜ ਵਿੱਚ ਚਾਹੇ ਉਹ ਪੰਚਾਇਤਾਂ ਦੀਆਂ ਚੋਣਾਂ ਹੋਈਆਂ ਹਨ, ਚਾਹੇ ਲੋਕ ਸਭਾ ਦੀਆਂ ਚੋਣਾਂ ਹੋਈਆਂ ਹਨ, ਚਾਹੇ ਕੋਈ ਹੋਰ ਚੋਣਾਂ ਹੋਈਆਂ ਹਨ ਅਤੇ ਕਿਸੇ ਬੈਂਕਾਂ ਦੀਆਂ ਹੋਈਆਂ ਹਨ ਲੇਕਿਨ ਕਦੇ ਵੀ ਇਥੇ ਕੋਈ ਮਾੜੀ ਘਟਨਾ ਨਹੀਂ ਵਾਪਰੀ । ਇਕ ਹੋਰ ਗੱਲ ਜਿਸ ਦਾ ਰੌਲਾ

ਮੇਰੇ ਵੀਰ ਰੌਲਾ ਵੇਲੇ ਪਾਉਂਦੇ ਸੀ ਕਿ ਜੇ ਅਕਾਲੀ ਸਰਕਾਰ ਆਈ ਤਾਂ ਇਥੇ ਪਤਾ ਨਹੀਂ ਅੱਤਵਾਦ ਦੁਬਾਰਾ ਆ ਜਾਵੇਗਾ ਲੇਕਿਨ, ਸਪੀਕਰ ਸਾਹਿਬ, ਅੱਤਵਾਦ ਇਨ੍ਹਾਂ ਨੇ ਲਿਆਂਦਾ, ਇਹ ਇਸ ਵਾਸਤੇ ਰੌਲਾ ਰਹੇ ਹਨ ਲੇਕਿਨ ਰੌਲਾ ਜ਼ਿਆਦਾ ਪਾਉਂਦੇ ਰਹੇ ਕਿ ਅੱਤਵਾਦ ਆਵੇਗਾ......

ਸ਼੍ਰੀ ਰਮੇਸ਼ ਚੰਦਰ ਡੋਗਰਾ : ** ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸਰਦਾਰ ਸੁਖਵਿੰਦਰ ਸਿੰਘ ਔਲਖ : ਸਪੀਕਰ ਸਾਹਿਬ, ਇਹ ਮਾਣ ਵਾਲੀ ਗੱਲ ਹੈ ਕਿ ਦੋ ਸਾਲਾਂ ਦੇ ਰਾਜ ਵਿੱਚ ਕੋਈ ਮਾੜੀ ਘਟਨਾ ਨਹੀਂ ਹੋਈ । ਜੇਕਰ ਕੋਈ ਮਾੜੀ ਮੋਟੀ ਘਟਨਾ ਹੋਈ ਵੀ ਹੈ ਤਾਂ ਉਸ ਨੂੰ ਜਕਾਬੁਲਤ ਪ੍ਰਬੰਧ ਦੇ ਨਾਲ, ਸਿਆਣਪ ਦੇ ਨਾਲ ਦਬਾਇਆ ਹੈ । ਦੋ ਸਾਲਾਂ ਦੇ ਰਾਜ ਵਿੱਚ ਲੋਕ ਮੌਜ ਕਰ ਰਹੇ ਹਨ । ਪੰਜਾਬ ਵਿੱਚ ਅਮਨ ਸ਼ਾਂਤੀ ਹੈ । ਇਹੀ ਵਿਚਾਰ 'ਇੰਡੀਅਨ ਐਕਸਪ੍ਰੈਸ' ਅਖਬਾਰ ਦੇ ਵੀ ਹਨ । ਇਥੇ ਪਤਾ ਨਹੀਂ ਹੋਰ ਕਿਹੜੇ ਰਸਾਲੇ ਬਾਰੇ ਮੇਰੇ ਵੀਰ ਦੱਸ ਰਹੇ ਸੀ । ਇਨ੍ਹਾਂ ਮੇਰੇ ਵਿਰੋਧੀ ਬੈਂਚਾਂ ਦੇ ਵੀਰਾਂ ਦੇ ਘਰ-ਘਰ ਉਹ ਰਸਾਲਾ ਪਹੁੰਚਾ ਦਿਉ, ਉਸ ਰਸਾਲੇ ਦੀ ਜਿਹੜੀ ਰਿਪੋਰਟ ਹੈ ਕਿ ਜੇ ਹਿੰਦੁਸਤਾਨ ਵਿੱਚ ਕੋਈ ਅਮਨ ਵਾਲਾ ਸੂਬਾ ਹੈ, ਸਭ ਤੋਂ ਜ਼ਿਆਦਾ ਅਮਨ ਵਾਲਾ ਕੋਈ ਸੂਬਾ ਹੈ ਤਾਂ ਉਹ ਪੰਜਾਬ ਹੈ । ਜੇ ਕੋਈ ਖੁਸ਼ਹਾਲ ਹੈ, ਉਹ ਪੰਜਾਬ ਰਾਜ ਹੈ । ਪਹਿਲਾਂ ਵਾਲੀ ਰਿਪੋਰਟ ਵੀ, ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਦਿੰਦੇ ਹਾਂ । ਜੇ ਉਹ ਟਾਈਮ ਵੇਖੀਏ ਤਾਂ ਪਤਾ ਲਗਦਾ ਹੈ ਕਿ ਉਦੋਂ ਪੰਜਾਬ ਦੇ ਵਿੱਚ ਕੋਈ ਵੜਦਾ ਨਹੀਂ ਸੀ । ਪੰਜਾਬ ਦਾ ਮਾਹੌਲ ਇੰਨਾ ਖਰਾਬ ਸੀ ਕਿ ਇੱਥੇ ਧੀਆਂ ਭੈਣਾਂ ਦੀ ਇੱਜ਼ਤ ਮਹਿਫੂਜ਼ ਨਹੀਂ ਸੀ । ਇਹ ਬੜੇ ਸ਼ਰਮ ਵਾਲੀ ਗੱਲ ਸੀ ਲੇਕਿਨ ਅੱਜ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਇਸ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਹਿਣਾ ਕੋਈ ਗਲਤ ਨਹੀਂ ਹੋਵੇਗਾ । ਅੱਜ ਵੀ ਪੰਜਾਬ ਵਿੱਚ ਅਮਨ, ਸ਼ਾਂਤੀ ਔਰ ਖੁਸ਼ਹਾਲੀ ਹੈ । ਸੋ, ਮੈਂ ਇੰਨਾ ਕੁਝ ਕਹਿਣ ਤੋਂ ਬਾਅਦ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਜੋ ਧੰਨਵਾਦ ਦਾ ਮਤਾ ਗਵਰਨਰ ਸਾਹਿਬ ਦੇ ਅਡਰੈਸ ਉਤੇ ਮੇਰੇ ਸਾਥੀ ਵਿਧਾਇਕ ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਰੱਖਿਆ ਗਿਆ ਹੈ, ਮੈਂ ਉਸ ਦੀ ਪੁਰਜ਼ੋਰ ਢੰਗ ਨਾਲ ਪ੍ਰੋੜ੍ਹਤਾ ਕਰਦਾ ਹਾਂ । ਧੰਨਵਾਦ ।

ਸ਼੍ਰੀ ਸਪੀਕਰ : ਡੋਗਰਾ ਸਾਹਿਬ, ਸਿਰਫ ਪੰਜ ਮਿੰਟ ਲੈਣੇ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਤਾਂ ਆਪਣੇ ਹਲਕੇ ਦੀਆਂ ਡਿਮਾਂਡਾਂ ਸਨ, ਉਨ੍ਹਾਂ ਦੀ ਗੱਲ ਕਰਨੀ ਹੈ ।

**Expunged as ordered by the Chair.

ਸ਼੍ਰੀ ਸਪੀਕਰ : ਡੋਗਰਾ ਸਾਹਿਬ, ਸਿਰਫ਼ ਪੰਜ ਮਿੰਟ ਲੈਣੇ।

ਸ਼੍ਰੀ ਰਮੇਸ਼ ਚੰਦਰ ਡੋਗਰਾ (ਦਸੂਹਾ) : ਸਪੀਕਰ ਸਾਹਿਬ, ਤੁਹਾਡੀ ਮਿਹਰਬਾਨੀ ਕਿ ਤੁਸੀਂ ਮੈਨੂੰ ਪੰਜ ਮਿੰਟ ਦਾ ਸਮਾਂ ਬੋਲਣ ਵਾਸਤੇ ਦੇ ਰਹੇ ਹੋ। ਸਪੀਕਰ ਸਾਹਿਬ, ਇੱਕ ਗੱਲ ਬੜੀ ਅਹਿਮੀਅਤ ਰੱਖਦੀ ਹੈ ਕਿ We have just completed the Golden Jubilee year of our independence from colonial rule and are readying ourselves for the tercentenary celebration, of the birth of the Khalsa. ਇਹ ਬਹੁਤ ਹੀ ਅੱਛੀ ਗੱਲ ਹੈ ਲੇਕਿਨ ਸਾਡੀ ਲੀਡਰਸ਼ਿਪ ਨੇ ਵੀ ਕਿਹਾ ਸੀ ਅਤੇ ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਖਾਲਸੇ ਦੇ ਜਨਮ ਦਿਵਸ ਨੂੰ ਮਨਾਉਣ ਦੇ ਵਾਸਤੇ ਸਾਡੀ ਪਾਰਟੀ ਨੂੰ ਬਿਲਕੁਲ ਕਾਂਨਫੀਡੈਂਸ ਦੇ ਵਿੱਚ ਨਹੀਂ ਲਿਆ ਗਿਆ। ਇਸ ਕਰਕੇ ਅਸੀਂ ਆਪਣੀ ਪਾਰਟੀ ਦੇ ਤੌਰ ਤੇ ਇਸ ਜਨਮ ਦਿਵਸ ਨੂੰ ਮਨਾ ਰਹੇ ਹਾਂ। ਇਸ ਦੇ ਨਾਲ ਹੀ ਗਵਰਨਰ ਐਡਰੈਸ ਦੇ ਪੈਰ੍ਹਾ-5 ਵਿੱਚ ਇੱਕ ਗੱਲ ਲਿਖੀ ਹੈ 'My Government has made a commitment to the goals of social justice, transparency in the working of the Government, a corruption free environment and peace and amity.' ਮੈਂ ਇਸ ਦੇ ਵਾਸਤੇ ਗੱਲ ਕਰਨੀ ਚਾਹੁੰਦਾ ਸੀ। ਸਪੀਕਰ ਸਾਹਿਬ, ਇਨ੍ਹਾਂ ਨੇ ਲਿਖਿਆ ਹੈ ਕਿ ਗੌਰਮਿੰਟ ਕੁਰੱਪਸ਼ਨ ਫਰੀ ਕਰਾਂਗੇ। ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਦੋ ਸਾਲਾਂ ਦੀ ਬਰੀਡ ਹੈ ਔਰ ਕੁਰੱਪਸ਼ਨ ਇੱਕ ਲਾਹਣਤ ਹੈ। ਚਾਹੇ ਇਹ ਕਿਸੇ ਵੀ ਰਾਜ ਵਿੱਚ ਹੋਵੇ, ਨਹੀਂ ਹੋਣੀ ਚਾਹੀਦੀ। ਮੈਂ ਦੋ ਸਾਲਾਂ ਦੇ ਵਿੱਚ ਦੇਖਿਆ ਹੈ . . . . .

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ** ** **

ਸ਼੍ਰੀ ਸਪੀਕਰ : ਉਨ੍ਹਾਂ ਨੇ ਬੋਲਣਾ ਹੈ, ਉਹ ਆਪੇ ਜਵਾਬ ਦੇ ਦੇਣਗੇ। ਬਾਦਲ ਸਾਹਿਬ ਨੇ ਬੋਲਣਾ ਹੈ। This is no Point of Order.

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਕੁਰੱਪਸ਼ਨ ਦੇ ਬਾਰੇ ਕਹਿ ਰਿਹਾ ਸੀ ਕਿ ਕੁਰੱਪਸ਼ਨ ਬੜੀ ਲਾਹਣਤ ਹੈ, ਇਹ ਨਹੀਂ ਹੋਣੀ ਚਾਹੀਦੀ। ਭਾਵੇਂ ਅਕਾਲੀ ਰਾਜ ਹੋਵੇ, ਭਾਵੇਂ ਕਾਂਗਰਸ ਦਾ ਰਾਜ ਹੋਵੇ। ਮੈਂ ਦੇਖਿਆ ਹੈ ਕਿ ਇਸ ਰਾਜ ਦੇ ਦੋ ਸਾਲਾਂ ਵਿੱਚ ਕਿਤੇ ਕੁਰੱਪਸ਼ਨ ਇੰਨੀ ਜ਼ਿਆਦਾ ਵਧੀ ਹੈ। ਇਸ ਗੱਲ ਦੀ ਮੈਂ ਐਗਜ਼ੈਂਪਲ ਦਿੰਦਾ ਹਾਂ। ਜਿਸ ਵੇਲੇ ਮੈਂ ਕੱਲ੍ਹ ਡਿਮਾਂਡਾਂ ਤੇ ਬੋਲਿਆ ਸੀ ਤਾਂ ਮੈਂ ਇਹ ਗੱਲ ਛੱਡ ਗਿਆ ਸੀ, ਜਿਹੜੀ ਕਿ ਹੁਣ ਬੋਲਣਾ ਚਾਹੁੰਦਾ ਹਾਂ। ਹੁਸ਼ਿਆਰਪੁਰ ਦੇ ਵਿੱਚ ਕੋਆਪ੍ਰੇਟਿਵ ਬੈਂਕ ਦੇ ਵਿੱਚ ਪੋਸਟਾਂ ਭਰੀਆਂ ਗਈਆਂ। ਕਲੱਰਕ ਦੀ ਪੋਸਟ ਵਾਸਤੇ ਤਿੰਨ-ਤਿੰਨ ਲੱਖ ਰੁਪਏ, ਸਾਢੇ ਤਿੰਨ ਲੱਖ ਰੁਪਏ ਲਏ ਗਏ ਅਤੇ ਚਪੜਾਸੀ ਦੀ ਪੋਸਟ ਵਾਸਤੇ ਇੱਕ ਲੱਖ ਰੁਪਏ ਤੋਂ ਡੇਢ ਲੱਖ ਰੁਪਏ ਲਏ ਗਏ। ਇੱਕ ਕੈਂਡੀਡੇਟ ਸੀ ਜਿਸ ਤੋਂ ਤਿੰਨ ਲੱਖ ਰੁਪਏ ਮੰਗੇ ਗਏ।

**Expunged as ordered by the Chair.

ਪਹਿਲਾਂ ਤਾਂ ਉਹ ਤਿੰਨ ਲੱਖ ਰੁਪਏ ਦਾ ਅਰੇਂਜਮੈਂਟ ਕਰਨੇ ਲੈ ਗਿਆ ਪਰ ਜਿਸ ਵੇਲੇ ਦੇਣ ਗਏ ਤਾਂ ਸਾਰੇ ਤਿੰਨ ਲੱਖ ਰੁਪਿਆ ਮੰਗਿਆ। ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਪੰਜਾਬ ਦੇ ਵਿੱਚ ਕੁਰੱਪਸ਼ਨ ਕਿੰਨੀ ਜ਼ਿਆਦਾ ਵੱਧ ਗਈ ਹੈ......

ਸ਼੍ਰੀ ਜਗਦੀਸ਼ ਸਾਹਨੀ : ** ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਇਹ ਕੁਰੱਪਸ਼ਨ ਦੀ ਗੱਲ ਕਰਦੇ ਹਨ। ਡੋਗਰਾ ਸਾਹਿਬ ਤਾਂ ਜ਼ਬਾਨੀ ਗੱਲਾਂ ਕਰਦੇ ਹਨ, ਇਨ੍ਹਾਂ ਦੇ ਰਾਜ ਦੇ ਵਿੱਚ ਡੀ. ਟੀ. ਓ., ਬੀ. ਡੀ. ਓ. ਅਤੇ ਈ. ਓ. ਵਗੈਰਾ ਰੱਖੇ ਗਏ ਸਨ। ਇਹ ਉਹ ਬੰਦੇ ਹਨ ਜਿਨ੍ਹਾਂ ਦਾ ਪ੍ਰੋਬੇਸ਼ਨ ਪੀਰੀਅਡ ਦੋ ਸਾਲ ਦਾ ਹੈ ਪਰ ਇਨ੍ਹਾਂ ਨੂੰ ਇਨ੍ਹਾਂ ਨੇ 89 ਦਿਨਾਂ ਦੇ ਆਧਾਰ ਦੇ ਉਤੇ ਰੱਖਿਆ ਔਰ ਕੁਰੱਪਸ਼ਨ ਦੀ ਗੱਲ ਦੇਖੋ ਕਿਉਂ ਰੱਖੇ, ਇਨ੍ਹਾਂ ਨੇ ਉਨ੍ਹਾਂ ਤੋਂ 10-10, 15-15 ਅਤੇ 20-20 ਲੱਖ ਰੁਪਏ ਲੈ ਕੇ ਉਨ੍ਹਾਂ ਨੂੰ ਨਿਯੁਕਤ ਕੀਤਾ। ਇਹ ਸਾਰੀਆਂ ਨਿਯੁਕਤੀਆਂ ਹਾਈ ਕੋਰਟ ਨੇ ਸੈਟ ਅਸਾਈਡ ਕਰ ਦਿੱਤੀਆਂ। ਇਨ੍ਹਾਂ ਸਾਰਿਆਂ ਦੇ ਬਾਰੇ ਜੱਜਮੈਂਟਾਂ ਵੀ ਆਈਆਂ ਹਨ। ਇਹ ਸਾਰੀਆਂ ਨਿਯੁਕਤੀਆਂ ਗਲਤ ਤਰੀਕੇ ਦੇ ਨਾਲ ਔਰ ਬੇਨਿਯਮੀਆਂ ਵਰਤ ਕੇ ਕੀਤੀਆਂ ਗਈਆਂ ਹਨ। ਅੱਜ ਸਾਨੂੰ ਇਹ ਕੋਈ ਪਰੂਫ ਦੇ ਦੇਣ......

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਤੁਹਾਨੂੰ ਕੁਰੱਪਸ਼ਨ ਦੀ ਐਗਜ਼ਾਂਪਲ ਦੇ ਸਕਦਾ ਹਾਂ। ਫੂਡ ਤੇ ਸਪਲਾਈ ਡਿਪਾਰਟਮੈਂਟ ਦੇ ਵਿੱਚ ਮਿੱਤਲ ਸਾਹਿਬ ਨੇ ਅਤੇ ਡਿਪੂ ਚੋਣ ਕਮੇਟੀ ਨੇ ਦੋ ਡਿਪੂ ਮੈਨੂੰ ਵੀ ਮੇਰੀ ਸਿਫਾਰਸ਼ ਦੇ ਉਤੇ ਹੁਸ਼ਿਆਰਪੁਰ ਤੇ ਦਸੂਹੇ ਦੇ ਵਿੱਚ ਦੋ ਦਿੱਤੇ ਹਨ, ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਲੇਕਿਨ ਮੇਰੇ ਕੋਲ ਅਜਿਹੇ ਵਿਅਕਤੀ ਵੀ ਹਨ ਜਿਨ੍ਹਾਂ ਦੇ ਕੋਲੋਂ 30-30 ਹਜ਼ਾਰ ਰੁਪਿਆ ਲੈ ਕੇ ਉਨ੍ਹਾਂ ਨੂੰ ਡਿਪੂ ਅਲਾਟ ਕੀਤੇ ਗਏ। ਉਨ੍ਹਾਂ ਨੇ ਇਹ ਪੈਸੇ ਕਿਵੇਂ ਦਿੱਤੇ, ਇਹ ਮੈਨੂੰ ਨਹੀਂ ਪਤਾ ਲੇਕਿਨ ਮੈਂ ਉਹ ਵਿਅਕਤੀ ਪ੍ਰੋਡਿਊਸ ਕਰ ਸਕਦਾ ਹਾਂ। ਅਗਰ ਤੁਸੀਂ ਕਹੋ ਤਾਂ ਮੈਂ ਉਨ੍ਹਾਂ ਵਿਅਕਤੀਆਂ ਨੂੰ ਤੁਹਾਡੇ ਸਾਹਮਣੇ ਲਿਆ ਸਕਦਾ ਹਾਂ ਜਿਨ੍ਹਾਂ ਦੇ ਕੋਲੋਂ 30-30 ਹਜ਼ਾਰ ਰੁਪਏ ਲਏ ਗਏ ਹਨ। ਇਹ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਹਿੰਦੇ ਹਨ ਪਰ ਇਥੇ ਕੁਰੱਪਸ਼ਨ ਏਨੀ ਵਧ ਗਈ ਹੈ ..

ਖੁਰਾਕ ਤੇ ਸਪਲਾਈ ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਰਾਜ ਵੇਲੇ ਦੀ ਗੱਲ ਦੱਸਦਾ ਹਾਂ ਜੋ ਕਿ ਤੱਥਾਂ ਤੇ ਅਧਾਰਤ ਹੈ। ਇਨ੍ਹਾਂ ਦੇ ਜ਼ਮਾਨੇ ਵਿੱਚ ਇੱਕ-ਇੱਕ ਆਦਮੀ ਦੇ ਨਾਮ ਦੇ ਉਤੇ 8-8 ਡਿਪੂ ਅਲਾਟ ਕੀਤੇ ਹੋਏ ਹੁੰਦੇ ਸਨ, ਕਿਸੇ ਦੇ ਬੱਚੇ ਦੇ ਨਾਮ ਉਤੇ, ਕਿਸੇ ਦੀ ਜ਼ਨਾਨੀ ਦੇ ਨਾਂ ਉਤੇ ਅਤੇ ਕਿਸੇ ਦੇ ਹੋਰ ਪਰਿਵਾਰ ਦੇ ਨਾਮ ਉਤੇ। ਇਹ ਅਸੀਂ ਸਾਰੀ ਪੜਤਾਲ ਕਰਵਾਈ। ਜੋ ਇਹ 30-30, 40-40 ਹਜ਼ਾਰ ਰੁਪਏ ਵਾਲੀ ਗੱਲ ਕਰਦੇ ਹਨ, ਇਹ ਸਾਨੂੰ ਪਰੂਫ ਦੇ ਦੇਣ .....

**Expunged as ordered by the Chair.

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਸਬੂਤ ਦੇ ਸਕਦਾ ਹਾਂ, ਵਿਅਕਤੀ ਪੇਸ਼ ਕਰ ਸਕਦਾ ਹਾਂ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਦੇ ਇਲਾਕੇ ਦੇ ਵਿੱਚ ਦੋ ਡਿਪੂ ਚੋਣ ਕਮੇਟੀ ਨੇ ਇਨ੍ਹਾਂ ਨੂੰ ਅਲਾਟ ਕੀਤੇ । ਕੀ ਇਨ੍ਹਾਂ ਨੇ ਜੋ ਸਿਫ਼ਾਰਸ਼ ਕੀਤੀ ਸੀ, ਉਸਦੇ ਪੈਸੇ ਲਏ ਸਨ ? ਪਹਿਲੀ ਵਾਰ ਅਸੀਂ ਬਕਾਇਦਾ ਇੱਕ ਚੋਣ ਕਮੇਟੀ ਬਣਾਈ ਹੈ ਡਿਸਟ੍ਰਿਕਟ ਹੈਡਕੁਆਟਰ ਦੇ ਉਤੇ । ਡਿਪਟੀ ਡਾਇਰੈਕਟਰ ਉਸ ਦਾ ਚੇਅਰਮੈਨ ਹੈ । ਸਬ-ਡਵੀਜ਼ਨ ਲੈਵਲ ਦੇ ਉਤੇ ਡੀ. ਐਫ. ਸੀ. ਚੇਅਰਮੈਨ, ਐਮ. ਐਲ. ਏ., ਮਿਊਂਸਿਪਲ ਕਮਿਸ਼ਨਰ ਅਤੇ ਸਰਪੰਚ ਉਸ ਦਾ ਮੈਂਬਰ ਹੋਵੇਗਾ । ਬਕਾਇਦਾ ਅਸੀਂ ਇਹ ਪਹਿਲੀ ਵਾਰੀ ਚੋਣ ਕਮੇਟੀ ਬਣਾਈ ਹੈ । ਅਸੀਂ ਇਸ ਸਬੰਧ ਵਿੱਚ ਪੋਸਟਾਂ ਐਡਵਰਟਾਈਜ਼ ਕੀਤੀਆਂ ਅਤੇ ਐਡਵਰਟਾਈਜ਼ ਕਰਕੇ ਬਕਾਇਦਾ ਇੰਟਰਵਿਊ ਕਾਲ ਕੀਤੀਆਂ । ਇਨ੍ਹਾਂ ਦੇ ਵੇਲੇ ਤਾਂ ਇੱਕ ਆਇਆ, ਉਸ ਨੂੰ ਦੇ ਦਿੱਤਾ, ਦੂਜਾ ਆਇਆ ਤਾਂ ਉਸ ਨੂੰ ਦੇ ਦਿੱਤਾ । ਪਰ ਅਸੀਂ ਬਾਕਾਇਦਾ ਮੁਕੱਰਰ ਕੀਤਾ ਹੈ ਕਿ ਇਸ ਦੇ ਵਿੱਚ ਕਿਤਨੀਆਂ ਰਿਜ਼ਰਵ ਹਨ, ਕਿਨੀਆਂ ਜਨਰਲ ਹਨ, ਕਿੰਨੀਆਂ ਬੈਕਵਰਡ ਕਲਾਸਿਜ਼ ਦੀਆਂ ਹਨ, ਕਿੰਨੀਆਂ ਐਕਸ-ਸਰਵਿਸਮੈਨ ਦੇ ਲਈ ਹਨ ਅਤੇ ਜਿਹੜਾ ਇਸ ਦੇ ਵਿੱਚ ਬੈਕਲਾਗ ਰਹਿੰਦਾ ਸੀ, ਉਸ ਦਾ ਵੀ ਉਪਬੰਧ ਕੀਤਾ ਹੈ । ਇਨ੍ਹਾਂ ਦੇ ਵੇਲੇ ਇਕ ਆਇਆ, ਉਸ ਨੂੰ ਦੇ ਦਿੱਤਾ ਅਤੇ ਦੂਜਾ ਆਇਆ ਤਾਂ ਉਸ ਨੂੰ ਦੇ ਦਿੱਤਾ । ਇਨ੍ਹਾਂ ਦੀ ਇਕ ਰਵਾਇਤ ਸੀ ਕਿ ਡਿਪੂ 'ਏ' ਦੇ ਨਾਂ ਤੇ ਅਲਾਟ ਹੋਵੇਗਾ ਅਤੇ ਉਹ 'ਬੀ' ਨੂੰ ਸਬਲੈਟ ਕਰ ਦੇਵੇਗਾ । ਉਪਰੋਂ ਡਾਇਰੈਕਟਰ ਨੂੰ ਚਿੱਠੀ ਲਿਖਵਾ ਦਿੰਦੇ ਸਨ ਕਿ ਇਹ ਸਾਡਾ ਹੈਲਪਰ ਹੋਵੇਗਾ । (ਵਿਘਨ) ਤੁਸੀਂ ਸੁਣ ਤਾਂ ਲਓ, ਮੈਂ ਤੁਹਾਡੇ ਕਾਰਨਾਮੇ ਦੱਸ ਦਿਆਂ ਕਿ ਤੁਸੀਂ ਕੀ ਕਰਦੇ ਰਹੇ ਹੋ । ਉਨ੍ਹਾਂ ਨੂੰ ਹਦਾਇਤਾਂ ਕਰ ਦਿੱਤੀਆਂ, ਡਿਪੂ ਕਰ ਦਿੱਤੇ 'ਏ' ਦੇ ਨਾਂ ਤੇ ਜਦੋਂ ਅਸੀਂ ਇਨਕੁਆਇਰੀ ਕਰਵਾਈ ਤਾਂ ਦੇਖਿਆ 'ਏ' ਨੂੰ ਅਲਾਟ ਹੋਇਆ ਹੈ ਤੇ 'ਬੀ' ਉਸ ਨੂੰ ਸਾਂਭ ਰਿਹਾ ਹੈ । ਇਨਕੁਆਇਰੀ ਕਰਨ ਤੇ ਪਤਾ ਲੱਗਿਆ ਕਿ ਚਿੱਠੀ ਮਿਲੀ ਹੈ ਡਾਇਰੈਕਟੋਰੇਟ ਤੋਂ ਕਿ ਉਹ ਹੈਲਪਰ ਹੈ । ਅਸਲ ਵਿੱਚ ਉਹ ਹੈਲਪਰ ਨਹੀਂ, ਸਬ-ਲੈਟੀ ਸੀ । Now nobody will be giving helping letter ਜਿੰਨੇ ਬੇਨਾਮੀ ਡਿਪੂ ਹਨ, ਉਨ੍ਹਾਂ ਨੂੰ ਕੈਂਸਲ ਕੀਤਾ ਜਾ ਰਿਹਾ ਹੈ । ਉਨ੍ਹਾਂ ਦੀ ਬਕਾਇਦਾ ਪੜਤਾਲ ਹੋ ਰਹੀ ਹੈ । ਇਨ੍ਹਾਂ ਦੇ ਸਿਫਾਰਸ਼ੀ ਦੱਸ ਰਹੇ ਹਨ, ਇਸ ਕਰਕੇ ਇਨ੍ਹਾਂ ਨੂੰ ਡਿਪੂਆਂ ਦੀ ਚਿੰਤਾ ਹੋ ਰਹੀ ਹੈ । ਫੇਰ ਵੀ ਮੈਂ ਇਸ ਹਾਊਸ ਵਿਚ ਜ਼ਿੰਮੇਂਵਾਰੀ ਨਾਲ ਕਹਿੰਦਾ ਹਾਂ ਕਿ ਕੋਈ ਇਕ ਵੀ ਸ਼ਿਕਾਇਤ ਹੋਈ ਕਿ ਕਿਸੇ ਅਫ਼ਸਰ ਨੇ ਪੈਸੇ ਲੈ ਕੇ ਡਿਪੂ ਅਲਾਟ ਕੀਤੇ, ਪੈਸੇ ਲੈ ਕੇ ਕਿਸੇ ਇੰਡੀਵਿਜੂਅਲ ਦੀ ਸਿਫ਼ਾਰਸ਼ ਕੀਤੀ ਤਾਂ ਮੈਂ ਉਸ ਦੀ ਪੜਤਾਲ ਕਰਾਂਗਾ । ਜੋ ਕਿਸੇ ਦੀ ਬੇਨਤੀ ਹੋਵੇਗੀ, ਉਸ ਨੂੰ ਰਜਿਸਟਰਡ ਕਰਾਂਗੇ । (ਥੇਪਿੰਗ)

ਸ੍ਰੀ ਰਮੇਸ਼ ਚੰਦਰ ਡੋਗਰਾ : ਮਿੱਤਲ ਸਾਹਿਬ ਦੀ ਮਿਹਰਬਾਨੀ । ਮੈਂ ਪ੍ਰਾਰਥਨਾ ਕਰਦਾ ਹਾਂ ਕਿ ਮੈਂ ਬੰਦੇ ਪੇਸ਼ ਕਰ ਦਿੰਦਾ ਹਾਂ ਪਰ ਸ਼ਰਤ ਹੈ ਕਿ ਉਨ੍ਹਾਂ ਦੇ ਡਿਪੂ ਕੈਂਸਲ ਨਹੀਂ ਕੀਤੇ ਜਾਣਗੇ ।

ਸ੍ਰੀ ਸਪੀਕਰ : ਇਸ ਬਾਰੇ ਕਹਿ ਦਿੱਤਾ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ : ਉਹ ਕਹਿਣਗੇ ਕਿ ਕਿਸ ਨੂੰ ਪੈਸੇ ਦਿੱਤੇ ਹਨ । It is not one. There are many whom I can produce.

ਸਪੀਕਰ ਸਾਹਿਬ, ਇਹ ਤਾਂ ਖੈਰ ਲੰਬੀ ਕਹਾਣੀ ਹੈ ਕੁਰੱਪਸ਼ਨ ਦੀ । ਇਹ ਤਾਂ ਹਰ ਡਿਪਾਰਟਮੈਂਟ ਵਿਚ ਹੋ ਰਹੀ ਹੈ । ਪੀ. ਡਬਲਿਊ. ਡੀ. ਨੇ ਕਮਿਸ਼ਨ ਬੰਦ ਕਰ ਦਿੱਤਾ ? ਇਰੀਗੇਸ਼ਨ ਡਿਪਾਰਟਮੈਂਟ ਕਮਿਸ਼ਨ ਨਹੀਂ ਲੈ ਰਿਹਾ ? ਕੰਮ ਉਨ੍ਹਾਂ ਢੰਗਾਂ ਨਾਲ ਹੀ ਹੋ ਰਹੇ ਹਨ । ਕੁਰੱਪਸ਼ਨ ਹੋ ਰਹੀ ਹੈ । ਇਹ ਸਰਕਾਰ ਵਾਸਤੇ ਬਹੁਤ ਵੱਡੀ ਲਾਅਨਤ ਹੈ । ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਵੱਲ ਹੋਸ਼ ਕਰੇ ਕਿ ਕੁਰੱਪਸ਼ਨ ਦੂਰ ਕਰੇਗੀ । ਸਪੀਕਰ ਸਾਹਿਬ, ਇੱਥੇ ਲਿਖਿਆ ਗਿਆ ਹੈ ਕਿ The Government has successfully conducted election to the Panchayats which were free, fair and peaceful. ਇਹ ਲਫਜ਼ ਬੜਾ ਮਜ਼ਾਕ ਦਿੱਸਦਾ ਹੈ ਕਿ ਬੜੇ ਪੀਸਫੁਲ ਇਲੈਕਸ਼ਨ ਹੋਏ ਹਨ । ਇਨ੍ਹਾਂ ਦੀ ਇਸ ਹਾਊਸ ਵਿਚ ਵੀ ਕਾਫੀ ਚਰਚਾ ਹੋਈ ਕਿ ਪੰਚਾਇਤ ਦੀਆਂ ਇਲੈਕਸ਼ਨਾਂ ਕਿਵੇਂ ਹੋਈਆਂ । ਇਕ ਕੈਂਡੀਡੇਟ ਜਿਸ ਦਾ ਕੈਂਡੀਡੇਚਰ ਰੱਦ ਹੋ ਗਿਆ ਸੀ, ਉਸ ਨੂੰ ਸਰਪੰਚ ਬਣਾ ਦਿੱਤਾ ਗਿਆ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਮੈਨੂੰ ਅਫਸੋਸ ਨਾਲ ਇੱਥੇ ਮੁਹਾਵਰਾ ਪੰਜਾਬੀ ਦਾ ਕਹਿਣਾ ਪੈ ਰਿਹਾ ਹੈ ਕਿ ** ** ** (ਵਿਘਨ) ਸੌਰੀ ਮੈਂ ਇਸ ਵਾਸਤੇ ਮਾਫੀ ਮੰਗ ਲੈਂਦਾ ਹਾਂ । I am sorry to say this.

ਸ੍ਰੀ ਸਪੀਕਰ : ਇਹ ਐਕਸਪੰਜ ਕਰ ਦਿੱਤਾ ਜਾਵੇ ।

ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ : ਤੁਸੀਂ ਐਕਸਪੰਜ ਕਰ ਦਿੱਤਾ ਹੈ ਪਰ ਮੈਂ ਬੋਲਣ ਤੋਂ ਪਹਿਲਾਂ ਹੀ ਮਾਫੀ ਮੰਗ ਲਈ ਹੈ । (ਸ਼ੋਰ) ਮੇਰੀ ਗੱਲ ਸੁਣ ਲਓ । ਤੁਸੀਂ ਵੀ ਕਰਦੇ ਰਹੇ ਹੋ । ਡੋਗਰਾ ਸਾਹਿਬ, ਪੰਚਾਇਤ ਇਲੈਕਸ਼ਨਾਂ ਦੇ ਕਾਰਨਾਮੇ ਸੁਣੋ । 1992-93 ਵਿਚ ਜਦੋਂ ਪੰਚਾਇਤ ਇਲੈਕਸ਼ਨ ਪੰਜਾਬ ਵਿਚ ਹੋਈ ਤਾਂ ਰਾਤ ਵਿਚ ਪਿੰਡ ਰਿਜ਼ਰਵ ਹੁੰਦਾ ਸੀ, ਦਿਨ ਨੂੰ ਜਨਰਲ ਹੋ ਜਾਂਦਾ ਸੀ ਤੇ ਸ਼ਾਮ ਨੂੰ ਫੇਰ ਰਿਜ਼ਰਵ ਹੋ ਜਾਂਦਾ ਸੀ । ਕਿਤੇ ਮਹਿਲਾ ਸੀਟਾਂ ਅਨੁਸੂਚਿਤ ਜਾਤੀ ਸੀਟਾਂ ਵਿਚ ਬਦਲ ਜਾਂਦੀਆਂ ਸਨ । ਵਿਰੋਧੀ ਕੈਂਡੀਡੇਟ ਅਗਰ ਖੜ੍ਹੇ ਹੁੰਦੇ ਤਾਂ ਉਨ੍ਹਾਂ ਨੂੰ ਬੰਦ ਕਰ ਦਿੱਤਾ ਜੇਲ੍ਹਾਂ ਵਿਚ । ਕਈਆਂ ਨੂੰ ਇਹ ਕਹਿ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਕਿ ਇਹ ਅੱਤਵਾਦੀ ਹਨ, ਖੜ੍ਹੇ ਨਹੀਂ ਹੋਣ ਦੇਣਾ । There are hundreds of cases. ਇਹ ਇਸ ਕਰਕੇ ਕੀਤਾ ਜਾਂਦਾ ਸੀ ਤਾਂ ਕਿ ਉਹ ਕੰਟੈਸਟ ਨਾ ਕਰ ਸਕਣ । ਜਿਸ ਇਲੈਕਸ਼ਨ ਬਾਰੇ ਇਹ ਕਹਿ ਰਹੇ ਹਨ, ਉਸ ਬਾਰੇ ਵੋਟਾਂ ਪਈਆਂ ਹਨ । ਓਪਨ ਵੋਟਾਂ ਪਈਆਂ ਹਨ । ਤੁਸੀਂ ਹੀ ਇਹ ਸਿਸਟਮ ਬਣਾਇਆ ਹੈ । ਬੀ. ਡੀ. ਓ.

**Expunged as ordered by the Chair.

[ਖੁਰਾਕ ਤੇ ਸਪਲਾਈ ਅਤੇ ਸੰਸਦੀ ਮਾਮਲਿਆਂ ਦੇ ਮੰਤਰੀ]

ਨੂੰ ਅਧਿਕਾਰ ਦੇ ਦਿੱਤੇ ਅਤੇ ਚਾਰ ਹਜ਼ਾਰ ਦੀ ਸਿਕਿਓਰਟੀ ਦੇ ਕਾਗਜ਼ਾਂ ਦੀ ਸਕਰੂਟਿਨੀ ਉਸ ਨੂੰ ਦੇ ਦਿੱਤੀ। ਹਰ ਬੰਦੇ ਨੂੰ ਰਾਈਟ ਮਿਲਿਆ। ਉਸ ਦੇ ਪੇਪਰਾਂ ਦੀ ਸਕਰੂਟਿਨੀ ਹੋਈ ਤੇ ਤੁਸੀਂ ਕਹਿ ਰਹੇ ਹੋ ਕਿ ਚੁਨਾਵ ਗਲਤ ਹੋਇਆ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਮਿੱਤਲ ਸਾਹਿਬ ਨੇ ਬਹੁਤ ਵਿਆਖਿਆ ਵਿਚ ਆਪਣੇ ਆਪ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ 1992 ਦੀ ਨਹੀਂ, 1997 ਦੀ ਗੱਲ ਕਰ ਰਿਹਾ ਸੀ। 1997 ਵਿਚ ਬਹੁਤ ਵੱਡੇ ਘਪਲੇ ਹੋਏ ਜਿਸ ਦੀ ਹਾਊਸ ਵਿਚ ਚਰਚਾ ਹੋ ਚੁੱਕੀ ਹੈ। ਉਸ ਬਾਰੇ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ। ਹਾਈ ਕੋਰਟ ਵਿਚ ਰਿੱਟਾਂ ਆਈਆਂ ਹੋਈਆਂ ਹਨ। ਉਹ ਸਾਡੇ ਸਾਹਮਣੇ ਹਨ।

ਸ੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿਚ ਤੱਥ ਪੇਸ਼ ਕਰਨ ਲਈ ਪੂਰੀ ਇਮਾਨਦਾਰੀ ਵਰਤੀ ਜਾਂਦੀ ਹੈ। ਝੂਠ ਦਾ ਪਲੰਦਾ ਨਹੀਂ ਲਗਾਇਆ ਜਾਂਦਾ। ਇਹ ਜਦੋਂ ਝੂਠ ਦਾ ਪਲੰਦਾ ਖੜ੍ਹਾ ਕਰਦੇ ਹਨ ਤਾਂ ਜਵਾਬ ਇਥੇ ਮੋੜਨਾ ਪੈਂਦਾ ਹੈ। ਆਪਣੇ ਵਾਰੀ ਇਨ੍ਹਾਂ ਨੇ ਸੋਚਿਆ ਨਹੀਂ, ਅੱਜ ਹਰ ਚੀਜ਼ ਹੋਰ ਨਜ਼ਰ ਨਾਲ ਦੇਖਦੇ ਹਨ। ਇਨ੍ਹਾਂ ਨੂੰ ਉਸੇ ਹਿਸਾਬ ਨਾਲ ਦੇਖਣਾ ਅਤੇ ਕਰਨਾ ਚਾਹੀਦਾ ਹੈ।

ਸ੍ਰੀ ਸਪੀਕਰ : ਡੋਗਰਾ ਸਾਹਿਬ ਕੰਟੀਨਿਊ ਕਰੋ ਤੇ ਜਲਦੀ ਵਾਈਂਡ ਅੱਪ ਕਰੋ।

ਸ੍ਰੀ ਰਮੇਸ਼ ਚੰਦਰ ਡੋਗਰਾ : ਇਲੈਕਸ਼ਨਾਂ ਬੀ. ਡੀ. ਓ. ਆਫਿਸ ਵਿਚ ਰੱਖੀਆਂ ਗਈਆਂ ਸਾਰੇ ਪਿੰਡਾਂ ਦੀਆਂ ਜਿਸ ਨਾਲ ਲੋਕਾਂ ਨੂੰ ਤਕਲੀਫ ਉਠਾਉਣੀ ਪਈ। ਇਸ ਨੂੰ ਠੀਕ ਕਰ ਲੈਣਾ ਚਾਹੀਦਾ ਹੈ ਅਤੇ ਅੱਗੇ ਵਾਸਤੇ ਜਿਹੜੀਆਂ ਨੌਮੀਨੇਸ਼ਨਾਂ ਕਰਨੀਆਂ ਹਨ....(ਵਿਘਨ)

ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੈਂਬਰ ਸਾਹਿਬ ਬਿਨਾਂ ਵਜ੍ਹਾ ਗਲਤ ਗੱਲਾਂ ਇਥੇ ਕਰ ਰਹੇ ਹਨ। ਬੀ. ਡੀ. ਓ. ਨੂੰ ਇਲੈਕਸ਼ਨ ਦੇ ਵਿਚ ਸਾਡੀ ਸਰਕਾਰ ਨੇ ਨਹੀਂ ਲਗਾਇਆ ਸੀ। ਇਲੈਕਸ਼ਨ ਦੇ ਵਿਚ ਜਿਹੜੇ ਰਿਟਰਨਿੰਗ ਅਫਸਰ ਸਨ, ਉਨ੍ਹਾਂ ਨੂੰ ਇਲੈਕਸ਼ਨ ਕਮਿਸ਼ਨ ਨੇ ਲਗਾਇਆ ਸੀ। ਉਸ ਦੇ ਖਿਲਾਫ ਇਨ੍ਹਾਂ ਨੇ ਕੋਈ ਰਿਪ੍ਰਜ਼ੈਂਟੇਸ਼ਨਾਂ ਨਹੀਂ ਕੀਤੀਆਂ। ਇਲੈਕਸ਼ਨ ਦੇ ਵਾਸਤੇ ਆਪਣੇ ਪੰਜਾਬ ਦੇ ਚੀਫ ਇਲੈਕਸ਼ਨ ਕਮਿਸ਼ਨਰ ਨਾਲ ਸਾਡੀ ਕੋਈ ਮੀਟਿੰਗ ਨਹੀਂ ਹੋਈ ਕਿ ਬੀ. ਡੀ. ਓਜ਼ ਲਗਾਉਣੇ ਹਨ ਜਾਂ ਕਿੰਨੇ ਅਫਸਰ ਲਗਾਉਣੇ ਹਨ। ਇਨ੍ਹਾਂ ਇਲੈਕਸ਼ਨਾਂ ਨੂੰ ਇਲੈਕਸ਼ਨ ਕਮਿਸ਼ਨ ਨੇ ਕੰਡਕਟ ਕੀਤਾ ਸੀ ਅਤੇ ਬੀ. ਡੀ. ਓਜ਼ ਨੂੰ ਵੀ ਉਨ੍ਹਾਂ ਨੇ ਹੀ ਲਗਾਇਆ ਸੀ, ਅਸੀਂ ਨਹੀਂ ਲਗਾਇਆ ਹੈ। ਇਥੋਂ ਤੱਕ ਕਿ ਸਾਨੂੰ ਇਸ ਸਬੰਧੀ ਕਿਸੇ ਨੇ ਕਨਸਲਟ ਵੀ ਨਹੀਂ ਕੀਤਾ ਹੈ ਅਤੇ ਨਾ ਹੀ ਸਾਡੇ ਨਾਲ ਕੋਈ ਮੀਟਿੰਗ ਕੀਤੀ ਹੈ। ਇਹ ਇਲੈਕਸ਼ਨਾਂ ਬਾਕਾਇਦਾ ਐਕਟ ਦੇ ਥੱਲੇ ਹੋਈਆਂ ਸਨ। ਇਹ ਕਿਸ ਤਰ੍ਹਾਂ ਪੰਜਾਬ ਦੇ ਚੀਫ ਮਨਿਸਟਰ ਨੂੰ ਦੋਸ਼ੀ ਠਹਿਰਾ ਰਹੇ ਹਨ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਥੇ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦੀ ਗੱਲ ਕੀਤੀ ਗਈ ਹੈ । 1978 ਵਿਚ ਪੰਜਾਬ ਦੇ ਅੰਦਰ ਆਤੰਕਵਾਦ ਦਾ ਦੌਰ ਆਇਆ ਸੀ ਅਤੇ ਉਸ ਵਕਤ ਇਸ ਆਤੰਕਵਾਦ ਦੀ ਨੀਂਹ ਰੱਖੀ ਗਈ ਸੀ । 1992 ਵਿਚ ਪੰਜਾਬ ਵਿਚ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਆਈ ਅਤੇ ਉਸ ਨੇ ਇਸ ਆਤੰਕਵਾਦ ਉਤੇ ਕਾਬੂ ਪਾਇਆ ਸੀ । ਅਸੀਂ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਨੂੰ ਕਾਇਮ ਕੀਤਾ ਸੀ ਅਤੇ ਆਪਣੀਆਂ ਕੁਰਬਾਨੀਆਂ ਦੇ ਸਦਕਾ ਹੀ ਅਸੀਂ ਇਹ ਕਾਇਮ ਕਰ ਸਕੇ ਸੀ ਪਰ ਪਿਛੇ ਇਥੇ ਫਿਰ ਪੰਜਾਬ ਵਿਚ ਆਤੰਕਵਾਦ ਦੇ ਬੱਦਲ ਛਾ ਰਹੇ ਸਨ । ਅਖਬਾਰਾਂ ਦੇ ਵਿਚ ਇਹ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਰਿਹਾ । ਇਹ ਉਸ ਅਮਨ ਅਤੇ ਸ਼ਾਂਤੀ ਨੂੰ ਕਾਇਮ ਰੱਖ ਸਕਣ ਦਾ ਬਹੁਤ ਵੱਡੀ ਦੇਣ ਪੰਜਾਬ ਨੂੰ ਹੋਵੇਗੀ ।

ਸਾਡੀ ਬੇਅੰਤ ਸਿੰਘ ਦੀ ਸਰਕਾਰ ਦਾ 1992 ਵਿਚ ਇਸ ਥੀਨ ਡੈਮ ਨੂੰ ਬਣਾਉਣ ਲਈ ਕਾਫ਼ੀ ਯੋਗਦਾਨ ਰਿਹਾ ਹੈ । ਤੁਹਾਡੀ ਸਰਕਾਰ ਤਾਂ ਕੇਵਲ ਪੱਥਰ ਹੀ ਰੱਖਦੀ ਰਹੀ ਹੈ । ਅਗਰ ਪੱਥਰ ਰੱਖਣ ਨਾਲ ਕੰਮ ਹੋ ਜਾਂਦਾ ਤਾਂ ਡੈਮ ਚਾਲੂ ਹੋ ਜਾਂਦਾ ਸੀ ਪਰ ਮੈਨੂੰ ਖੁਸ਼ੀ ਹੈ ਕਿ ਹੁਣ ਜੂਨ ਵਿਚ ਇਸ ਡੈਮ ਤੋਂ ਬਿਜਲੀ ਪੈਦਾ ਹੋਣੀ ਸ਼ੁਰੂ ਹੋ ਜਾਵੇਗੀ, ਜਿਸ ਦੇ ਨਾਲ ਪੰਜਾਬ ਦੇ ਕਿਸਾਨ ਅਤੇ ਇੰਡਸਟ੍ਰੀਲਿਸਟ ਨੂੰ ਫਾਇਦਾ ਹੋਵੇਗਾ ।

ਸਿੰਚਾਈ ਰਾਜ ਮੰਤਰੀ : ਸਪੀਕਰ ਸਾਹਿਬ, ਵਾਰ ਵਾਰ ਮੈਂਬਰ ਸਾਹਿਬ ਗਲਤ ਬਿਆਨੀਆਂ ਕਰ ਰਹੇ ਹਨ । ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਣਜੀਤ ਸਾਗਰ ਡੈਮ ਦਾ ਨੀਂਹ-ਪੱਥਰ ਸਾਡੇ ਮੁੱਖ ਮੰਤਰੀ ਬਾਦਲ ਸਾਹਿਬ ਨੇ ਰੱਖਿਆ ਸੀ 1978 ਵਿਚ ਜੋ ਕਿ ਮੁਕੰਮਲ ਵੀ ਬਾਦਲ ਸਾਹਿਬ ਦੀ ਸਰਕਾਰ ਦੇ ਵੇਲੇ ਹੋਇਆ ਹੈ ਜਦ ਕਿ ਇਨ੍ਹਾਂ ਦੀ ਸਰਕਾਰ ਵੇਲੇ ਇਸ ਡੈਮ ਉਤੇ ਕੋਈ ਕਾਰਵਾਈ ਨਹੀਂ ਹੋਈ ਸੀ, ਕੋਈ ਪੈਸਾ ਨਹੀਂ ਲੱਗਾ ਸੀ ਅਤੇ ਨਾ ਹੀ ਇਨ੍ਹਾਂ ਨੇ ਇਸ ਨੂੰ ਕੰਪਲੀਟ ਕਰਨ ਵਿਚ ਕੋਈ ਯੋਗਦਾਨ ਪਾਇਆ ਸੀ । ਹੁਣ ਜਦੋਂ ਮੁਕੰਮਲ ਹੋਇਆ ਹੈ ਤਾਂ ਇਹ ਬਾਦਲ ਸਾਹਿਬ ਦੀ ਸਰਕਾਰ ਨੂੰ ਵਧਾਈ ਦੇਣ ਕਿਉਂਕਿ ਬਾਦਲ ਸਾਹਿਬ ਦੀ ਰਹਿਨੁਮਾਈ ਵਿਚ ਇਸ ਨੂੰ ਚਾਲੂ ਕੀਤਾ ਜਾ ਰਿਹਾ ਹੈ । ਤੁਸੀਂ ਸਾਡਾ ਧੰਨਵਾਦ ਕਰੋ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਆਮ ਤੌਰ ਤੇ ਕੋਈ ਵੀ ਡੈਮ ਹੋਵੇ, ਉਸ ਨੂੰ ਕੰਪਲੀਟ ਹੋਣ ਵਿਚ 8-10 ਸਾਲ ਲੱਗ ਜਾਂਦੇ ਹਨ ਪਰ ਐਸਾ ਕਿਹੜਾ ਡੈਮ ਹੈ ਜਿਹੜਾ ਇਨ੍ਹਾਂ ਨੇ 2 ਸਾਲ ਦੇ ਅਰਸੇ ਅੰਦਰ ਹੀ ਕੰਪਲੀਟ ਕਰ ਲਿਆ । ਇਹ ਇਥੇ ਬੜੀ ਹੁਸ਼ਿਆਰੀ ਵਿਖਾ ਰਹੇ ਹਨ ਕਿ ਅਸੀਂ ਕੰਪਲੀਟ ਕੀਤਾ । ਇਹ ਠੀਕ ਹੈ ਕਿ ਉਸਾਰੀ ਦਾ ਕੰਮ ਸਾਡੀ ਸਰਕਾਰ ਦੇ ਵਕਤ ਹੁੰਦਾ ਰਿਹਾ ਹੈ ਪਰ ਮੁਕੰਮਲ ਹੋਣ ਦੇ ਵਕਤ ਤੁਹਾਡੀ ਸਰਕਾਰ ਆ ਗਈ । ਇਸੇ ਤਰ੍ਹਾਂ ਬਠਿੰਡੇ ਦੀ ਰੀਫਾਈਨਰੀ ਦਾ ਕੇਸ ਹੈ ਇਸ ਨੂੰ ਵੀ ਕਲੀਅਰੈਂਸ ਸਾਡੀ ਸਰਕਾਰ ਦੇ ਵੇਲੇ ਨਰਸਿਮ੍ਹਾ ਰਾਓ ਦੀ ਸਰਕਾਰ ਵੇਲੇ ਮਿਲੀ ਸੀ । ਉਸ ਵਕਤ ਬਰਾੜ ਸਾਹਿਬ ਪੰਜਾਬ ਦੇ ਚੀਫ ਮਨਿਸਟਰ ਸਨ । ਰੀਫਾਈਨਰੀ ਦੀ ਅਲਾਟਮੈਂਟ ਪੰਜਾਬ ਦੇ ਲਈ ਹੋ ਗਈ ਸੀ । ਉਸ ਤੋ

[ਸ਼੍ਰੀ ਰਮੇਸ਼ ਚੰਦਰ ਡੋਗਰਾ]

ਬਾਅਦ ਸਾਡੀ ਸਰਕਾਰ ਚਲੀ ਗਈ ਅਤੇ ਬੀ. ਜੇ. ਪੀ. ਦੀ ਸਰਕਾਰ ਸੈਂਟਰ ਵਿਚ ਆ ਗਈ । ਬਾਦਲ ਸਾਹਿਬ ਨੇ ਕੋਸ਼ਿਸ਼ ਕਰਕੇ ਰੀਫਾਈਨਰੀ ਦੀ ਫਿਰ ਅਲਾਟਮੈਂਟ ਲਈ ਹੈ ਅਤੇ ਇਸ ਦਾ ਕਰੈਡਿਟ ਬਾਦਲ ਸਾਹਿਬ ਨੂੰ ਜਾਂਦਾ ਹੈ ਪਰ ਇਹ ਆਈ ਬਰਾੜ ਸਾਹਿਬ ਦੇ ਵਕਤ ਸੀ ।

ਸਿੰਚਾਈ ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਵਾਰ ਵਾਰ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਸ ਪਵਿੱਤਰ ਹਾਊਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ । ਇਹ ਰੀਫਾਈਨਰੀ ਦੀ ਗੱਲ ਕਰ ਰਹੇ ਹਨ । ਇਸ ਰੀਫਾਈਨਰੀ ਨੂੰ ਲੈਣ ਦੀ ਖਾਤਿਰ ਸਾਡੇ ਬਾਦਲ ਸਾਹਿਬ ਨੇ ਦਿੱਲੀ ਦੇ ਕਈ ਚੱਕਰ ਕੱਟੇ ਅਤੇ ਪੰਜਾਬ ਦਾ ਕੇਸ ਪਲੀਡ ਕੀਤਾ, ਤਾਂ ਜਾ ਕੇ ਸੈਂਟਰ ਦੀ ਸਰਕਾਰ ਨੇ ਇਸ ਦੀ ਕਲੀਅਰੈਂਸ ਦਿੱਤੀ ਹੈ । ਇਹ ਸਿਹਰਾ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਦਾ ਹੈ ਅਤੇ ਇਨ੍ਹਾਂ ਨੂੰ ਵਧਾਈ ਦੇਣੀ ਚਾਹੀਦੀ ਹੈ । ਇਹ ਬਾਦਲ ਸਾਹਿਬ ਦੀ ਮਿਹਨਤ ਦਾ ਸਦਕਾ ਹੀ ਸਾਨੂੰ ਮਿਲ ਸਕੀ ਹੈ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕੁਝ ਮੇਰੇ ਆਪਣੇ ਇਲਾਕੇ ਦੀਆਂ ਸਮੱਸਿਆਵਾਂ ਹਨ ਜਿਨ੍ਹਾਂ ਉਤੇ ਮੈਂ ਬੋਲਣਾ ਚਾਹਵਾਂਗਾ । ਕੰਢੀ ਅਤੇ ਪਹਾੜੀ ਇਲਾਕੇ ਦੇ ਵਿਚ ਪੰਜਾਬ ਵਿਚ ਇਕ ਮੇਰਾ ਹਲਕਾ ਹੈ ਅਤੇ ਇਕ ਸੈਣੀ ਸਾਹਿਬ ਦਾ ਹਲਕਾ ਹੈ ਜੋ ਹੁਣ ਇਥੇ ਬੈਠੇ ਨਹੀਂ ਹਨ । ਇਹ ਧਾਰ ਬਲਾਕ ਵਿਚ ਹਨ । ਤਲਵਾੜਾ ਇਲਾਕਾ ਵੀ ਪਹਾੜੀ ਇਲਾਕਾ ਹੈ । ਸਾਡੀਆਂ ਸਮੱਸਿਆਵਾਂ ਆਪਣੀ ਕਿਸਮ ਦੀਆਂ ਹਨ ਤੇ ਇਹ ਸਮੱਸਿਆਵਾਂ ਕਿਸੇ ਪਾਰਟੀ, ਅਫਸਰ ਜਾਂ ਪਾਲੇਟੀਸ਼ੀਅਨ ਨੂੰ ਪਤਾ ਨਹੀਂ ਹਨ । ਸਭ ਤੋਂ ਵੱਡੀ ਸਮੱਸਿਆ ਪੀਣ ਵਾਲੇ ਪਾਣੀ ਦੀ ਹੈ । ਇਹ ਸਮੱਸਿਆ ਪੰਜਾਬ ਦੇ ਕਿਸੇ ਹੋਰ ਇਲਾਕੇ ਵਿਚ ਨਹੀਂ ਹੈ । ਉਥੇ ਲੋਕਾਂ ਨੂੰ 40 ਲੀਟਰ ਪਾਣੀ ਮਿਲਦਾ ਹੈ ਅਤੇ ਅਸੀਂ ਸੀ. ਐਮ. ਸਾਹਿਬ ਨੂੰ ਪਿੱਛੇ ਜਿਹੇ ਹੋਈ ਮੀਟਿੰਗ ਵਿਚ ਰਿਕੁਐਸਟ ਕੀਤੀ ਸੀ ਕਿ 70 ਲੀਟਰ ਪਾਣੀ ਪਰ ਹੈੱਡ ਕਰੋ ਤਾਂ ਕਿ ਸਾਡੇ ਇਲਾਕੇ ਦੇ ਲੋਕ ਪਾਣੀ ਤੋਰ ਲੈ ਸਕਣ ਤੇ ਸੁਖੀ ਜੀਵਨ ਬਤੀਤ ਕਰ ਸਕਣ । ਸਰਕਾਰ ਕੰਢੀ ਅਤੇ ਪਹਾੜੀ ਇਲਾਕੇ ਵੱਲ ਪੂਰਾ ਧਿਆਨ ਦੇਵੇ ।

ਸਪੀਕਰ ਸਾਹਿਬ, ਇਰੀਗੇਸ਼ਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ ਖੇਤ ਨੂੰ ਪਾਣੀ ਮਿਲਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਅਗਰ ਪਲੇਨ ਏਰੀਏ ਵਿੱਚ ਪਾਣੀ ਮਿਲਦਾ ਹੈ ਤਾਂ ਫਿਰ ਕੰਢੀ ਅਤੇ ਪਹਾੜੀ ਇਲਾਕੇ ਵਿਚ ਜਿਥੇ ਛੋਟੀਆਂ ਛੋਟੀਆਂ ਲੈਂਡ ਹੋਲਡਿੰਗਜ਼ ਹਨ ਔਰ ਉਨ੍ਹਾਂ ਨਾਲ ਉਨ੍ਹਾਂ ਲੋਕਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ, ਵੀ ਪਾਣੀ ਮਿਲਣਾ ਚਾਹੀਦਾ ਹੈ । ਇਸ ਨਾਲ ਉਹ ਆਪਣਾ ਗੁਜ਼ਾਰਾ ਠੀਕ ਢੰਗ ਨਾਲ ਕਰ ਸਕਣਗੇ । ਇਸ ਵਾਸਤੇ ਸਭ ਤੋਂ ਮੇਨ ਡੀਪ ਟਿਊਬਵੈੱਲ ਹਨ ਜੋ ਕਿ ਬਹੁਤ ਜ਼ਰੂਰੀ ਹਨ । ਪਿਛਲੇ ਸਾਲ ਵਿੱਤ ਮੰਤਰੀ ਸਾਹਿਬ ਨੇ ਆਪਣੇ ਭਾਸ਼ਣ ਵਿਚ ਮੈਨੂੰ ਐਡਰੈਸ ਕਰਕੇ ਕਿਹਾ ਸੀ ਕਿ ਤੁਹਾਡੇ ਇਲਾਕੇ ਵਿਚ ਡੀਪ ਟਿਊਬਵੈੱਲ ਲਗਵਾਵਾਂਗੇ ਪਰ ਪਿਛਲਾ ਸਾਲ ਤਾਂ ਸਾਰਾ ਨਿਕਲ ਗਿਆ ਹੈ । 15 ਟਿਊਬਵੈੱਲ ਤਲਵਾੜਾ

ਬਲਾਕ ਵਾਸਤੇ ਦਿੱਤੇ ਹਨ ਪਰ ਉਨ੍ਹਾਂ ਟਿਊਬਵੈੱਲਾਂ ਦੀ ਤਾਦਾਦ ਹੋਰ ਵਧਾਈ ਜਾਵੇ ਅਤੇ ਟਿਊਬਵੈੱਲ ਜਲਦੀ ਤੋਂ ਜਲਦੀ ਲਗਵਾਏ ਜਾਣ ਤਾਂ ਕਿ ਲੋਕਾਂ ਨੂੰ ਫਾਇਦਾ ਪਹੁੰਚ ਸਕੇ ।

ਸੜਕਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੜਕਾਂ ਨਵੀਆਂ ਵੀ ਬਣਾਉਣੀਆਂ ਹਨ ਅਤੇ ਸੜਕ ਦੀ ਮੇਨਟੀਨੈਂਸ ਵੀ ਕਰਨੀ ਹੈ, ਉਸ ਵਾਸਤੇ ਪੰਜਾਬ ਸਰਕਾਰ ਨੇ ਸ਼ਰਤ ਰੱਖੀ ਹੈ ਕਿ ਉਥੇ ਮਿੱਟੀ ਪਾਉਣ ਦਾ ਕੰਮ ਲੋਕ ਆਪ ਕਰਨਗੇ ਪਰ ਮੈਂ ਸਮਝਦਾ ਹਾਂ ਕਿ ਪਲੇਨ ਏਰੀਏ ਵਿਚ ਤਾਂ ਇਹ ਭਾਵੇਂ ਪਾਸੀਬਲ ਹੋਵੇ ਪਰ ਕੰਢੀ ਅਤੇ ਪਹਾੜੀ ਇਲਾਕੇ ਵਿਚ ਇਹ ਮਿੱਟੀ ਪਾਉਣ ਦਾ ਕੰਮ ਪਾਸੀਬਲ ਨਹੀਂ ਹੈ । ਮਿੱਟੀ ਪਾਉਣ ਦੇ ਕੰਮ ਲਈ ਪਹਾੜੀ ਅਤੇ ਕੰਢੀ ਦੇ ਇਲਾਕੇ ਵਿਚ ਪਹਿਲਾਂ ਵੀ ਅਗਜ਼ੈਂਪਸ਼ਨ ਰਹੀ ਹੈ, ਇਸ ਲਈ ਇਸ ਨੂੰ ਹੁਣ ਵੀ ਐਗਜ਼ੈਂਪਟ ਕੀਤਾ ਜਾਵੇ । ਮਿੱਟੀ ਪਾਉਣ ਦਾ ਕੰਮ ਸਰਕਾਰ ਖੁਦ ਕਰੇ ਕਿਉਂਕਿ ਪਹਾੜਾਂ ਵਿੱਚ ਬਹੁਤ ਵੱਡੀ ਕਟਿੰਗ ਤੇ ਫਿਲਿੰਗ ਇਨਵਾਲਵਡ ਹੈ । ਇਸ ਕਰਕੇ ਪ੍ਰੈਕਟੀਕਲੀ ਇਹ ਸੰਭਵ ਨਹੀਂ ਕਿ ਅਸੀਂ ਇਹ ਕੰਮ ਕਰ ਸਕੀਏ । ਪਿੰਡ ਦੂਰ ਦੂਰ ਹਨ ਤੇ ਲੋਕ ਘੱਟ ਹਨ । ਇਸ ਕਰਕੇ ਮਿੱਟੀ ਦਾ ਕੰਮ ਸੰਭਵ ਨਹੀਂ । ਮੇਰੀ ਪ੍ਰਾਰਥਨਾ ਕਬੂਲ ਕੀਤੀ ਜਾਵੇ । ਜੇ ਇਹ ਸ਼ਰਤ ਵਾਪਸ ਨਹੀਂ ਲਈ ਗਈ ਤਾਂ ਪਹਾੜਾਂ ਦਾ ਵਿਕਾਸ ਨਹੀਂ ਹੋ ਸਕੇਗਾ । ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਰਾਮਪੁਰ ਤੋਂ ਕਮਾਹੀ ਦੇਵੀ ਤੱਕ ਦੀ ਸੜਕ ਹੈ ਜਿਸ ਵਾਸਤੇ 67 ਲੱਖ ਰੁਪਿਆ ਸਰਦਾਰ ਬੇਅੰਤ ਸਿੰਘ ਜੀ ਨੇ ਦਿੱਤਾ ਸੀ । ਇਸ ਬਾਰੇ ਇਕ ਕੁਐਸਚਨ ਵੀ ਹੋਇਆ ਸੀ ਤੇ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਹ ਸੜਕ ਅਸੀਂ ਬਣਵਾ ਦਿਆਂਗੇ ਲੇਕਿਨ ਇਹ ਸੜਕ ਨਹੀਂ ਬਣੀ । 48 ਲੱਖ ਰੁਪਿਆ ਲਗਦਾ ਸੀ ਤੇ ਉਹ ਸ਼ਾਮ ਚੁਰਾਸੀ ਦੀ ਇਲੈਕਸ਼ਨ ਵਿੱਚ ਦੇ ਦਿੱਤਾ ਗਿਆ ਸੀ ਪਰ ਇਹ ਸੜਕ ਅਧੂਰੀ ਪਈ ਹੋਈ ਹੈ । ਮੇਰੀ ਪ੍ਰਾਰਥਨਾ ਹੈ ਕਿ ਇਸ ਸੜਕ ਨੂੰ ਬਣਵਾ ਦਿੱਤਾ ਜਾਵੇ ।

ਸਪੀਕਰ ਸਾਹਿਬ, ਕੁਐਸਚਨ ਆਵਰ ਵਿੱਚ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਮੇਰੇ ਹਲਕੇ ਵਿੱਚ ਦੋ ਸੜਕਾਂ ਨੂੰ 50-50 ਲੱਖ ਰੁਪਿਆ ਮਿਲਿਆ ਸੀ ਤੇ ਇਹ ਪੈਸਾ ਆਰ. ਡੀ. ਐਫ. ਵਿਚੋਂ ਮਿਲਿਆ ਸੀ । ਇਨ੍ਹਾਂ ਸੜਕਾਂ ਦਾ 50% ਕੰਮ ਹੋ ਗਿਆ ਸੀ ਅਤੇ 50% ਕੰਮ ਬੈਲੈਂਸ ਪਿਆ ਹੈ । ਇਨ੍ਹਾਂ ਸੜਕਾਂ ਦੇ ਨਾਂ ਹੀਰਨਾ ਤੇ ਹਰਿਹਰ-ਪੁਰਨੀ ਹਨ । ਬਾਕੀ 50% ਪੈਸੇ ਵਾਸਤੇ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਸ ਸਾਲ ਦੇ ਵਿਚ ਇਹ ਪੈਸਾ ਦੇ ਦੇਵਾਂਗੇ ਪਰ ਸਾਲ ਖਤਮ ਹੋ ਰਿਹਾ ਹੈ, ਇਸ ਕਰਕੇ ਇਹ ਪੈਸਾ ਜਲਦੀ ਦਿੱਤਾ ਜਾਵੇ ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**Expunged as ordered by the Chair.

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਕਾਲੀਆ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਕਿ ਅਸੀਂ ਪੰਜ ਸਾਲਾਂ ਵਿਚ ਬਹੁਤ ਕੁਝ ਕੀਤਾ ਹੈ। ਬਹੁਤ ਪੁਲ ਬਣਾਏ ਹਨ, ਕੰਢੀ ਕੈਨਾਲ ਬਣਾਈ ਹੈ; ਨੋਟੀਫਿਕੇਸ਼ਨ ਹੋਇਆ ਸੀ ਅਤੇ ਐਕਸੀਅਨ ਮੁਕੇਰੀਆਂ ਨੂੰ ਆਰ. ਡੀ. ਐਫ. ਵਿਚੋਂ ਸੜਕ ਬਣਾਉਣ ਲਈ ਸਾਡੀ ਸਰਕਾਰ ਵੇਲੇ ਪੈਸਾ ਦਿੱਤਾ ਗਿਆ ਸੀ ਪਰ ਉਹ ਨੋਟੀਫਿਕੇਸ਼ਨ ਸਰਕਾਰ ਨੇ ਵਾਪਸ ਲੈ ਲਿਆ ਹੈ। ਇਸ ਤੋਂ ਇਲਾਵਾ ਦੋ ਸੜਕਾਂ ਮੇਰੇ ਹਲਕੇ ਵਿਚ ਹੋਰ ਹਨ ਜੋ ਬਣਨੀਆਂ ਬੰਦ ਹੋ ਗਈਆਂ ਹਨ। ਇਹ ਬਹਿ ਰੇਗਾ ਤੇ ਖਹਿਖੁਸਾਲਾ ਸੜਕਾਂ ਹਨ। ਸਰਕਾਰ ਨੂੰ ਇਨ੍ਹਾਂ ਸੜਕਾਂ ਲਈ ਪੈਸੇ ਦੇਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਸੜਕਾਂ ਦਾ ਨਿਰਮਾਣ ਹੋ ਸਕੇ।

ਸ਼੍ਰੀ ਸਪੀਕਰ : ਡੋਗਰਾ ਜੀ, ਵਾਈਂਡ ਅਪ ਕਰੋ ਕਿਉਂਕਿ ਸੀ. ਐਮ. ਸਾਹਿਬ ਨੇ ਵੀ 12.30 ਵਜੇ ਬੋਲਣਾ ਹੈ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਇਕ ਦੋ ਮਿੰਟ ਵਿਚ ਬੈਠ ਜਾਵਾਂਗਾ। ਇਸੇ ਤਰ੍ਹਾਂ ਬਿਜਲੀ ਦੀ ਪਰਾਬਲਮ ਹੈ। ਬਿਜਲੀ ਸਬ-ਸਟੇਸ਼ਨ ਅਮਰੋਹ ਵਿਖੇ ਕੰਪਲੀਟ ਹੋਣਾ ਸੀ। ਬਿਲਡਿੰਗ ਵਰਕ ਉਸ ਦਾ ਕੰਪਲੀਟ ਹੋ ਚੁੱਕਾ ਹੈ ਤੇ ਪਿਛਲੇ ਸਾਲ ਮੇਰੇ ਕੁਐਸਚਨ ਦੇ ਜਵਾਬ ਵਿਚ ਮਿੱਤਲ ਸਾਹਿਬ ਨੇ ਕਿਹਾ ਸੀ ਕਿ ਇਹ ਸਬ-ਸਟੇਸ਼ਨ ਅਕਤੂਬਰ ਵਿਚ ਕੰਪਲੀਟ ਕਰ ਦਿਆਂਗੇ ਪਰ ਇਹ ਹੁਣ ਮਾਰਚ ਆ ਗਿਆ ਹੈ, ਇਸ ਸਬ-ਸਟੇਸ਼ਨ ਤੇ ਕੰਮ ਅਜੇ ਵੀ ਸ਼ੁਰੂ ਨਹੀਂ ਹੋਇਆ। ਉਸ ਸਬ-ਸਟੇਸ਼ਨ ਨੂੰ ਸਰਕਾਰ ਕੰਪਲੀਟ ਕਰ ਦੇਵੇ ਜਿਸ ਤਰ੍ਹਾਂ ਕਿ ਹਾਊਸ ਵਿਚ ਵਾਅਦਾ ਕੀਤਾ ਗਿਆ ਸੀ। ਦਸੂਹਾ ਸ਼ੂਗਰ ਮਿੱਲ ਬਾਰੇ ਵੀ ਗੱਲ ਹੋਈ ਸੀ ਅਤੇ ਮੈਂ ਪ੍ਰਾਰਥਨਾ ਕੀਤੀ ਸੀ ਕਿ ਜਿਨ੍ਹਾਂ ਅਫਸਰਾਂ ਨੇ ਫਰੀ ਆਫ ਕਾਸਟ, ਜਿਸ ਵਿਅਕਤੀ ਨੇ ਫਰੀ ਆਫ ਕਾਸਟ, ਇਹ ਵੇਚੀ ਸੀ, ਉਸ ਤੇ ਐਕਸ਼ਨ ਲਿਆ ਜਾਵੇ ਅਤੇ ਇਸ ਗੱਲ ਦੀ ਇਨਕੁਆਇਰੀ ਕੀਤੀ ਜਾਵੇ ਪਰ ਮੈਨੂੰ ਨਹੀਂ ਪਤਾ ਕਿ ਉਹ ਇਨਕੁਆਇਰੀ ਕਿਹੜੀ ਜਗ੍ਹਾ ਤੇ ਪਹੁੰਚੀ ਹੈ ਕੇਸ ਕਿਥੇ ਖੜਾ ਹੈ। ਮੈਂ ਬੇਨਤੀ ਕਰਾਂਗਾ ਕਿ ਉਨ੍ਹਾਂ ਲੋਕਾਂ ਤੇ ਐਕਸ਼ਨ ਲਿਆ ਜਾਵੇ।

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰੋ ਜੀ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਹੈਲਥ ਫੈਸਿਲਟੀਜ਼ ਦੀ ਗੱਲ ਕਰਦਾ ਹਾਂ। ਪਹਾੜ ਵਿਚ ਮੇਨ ਸਮੱਸਿਆ ਹੈ ਕਿ ਜੋ ਨਾਰਮਜ਼ ਇਹ ਪਲੇਨ ਏਰੀਆਜ਼ ਵਾਸਤੇ ਰੱਖਦੇ ਹਨ, ਸੜਕਾਂ ਵਾਸਤੇ ਡਿਸਪੈਂਸਰੀਆਂ ਵਾਸਤੇ, ਪਸ਼ੂ ਡਿਸਪੈਂਸਰੀਆਂ ਵਾਸਤੇ, ਉਹੀ ਨਾਰਮਜ਼ ਪਹਾੜੀ ਏਰੀਆ ਵਾਸਤੇ ਰੱਖ ਦਿੱਤੇ ਜਾਂਦੇ ਹਨ। ਪਹਾੜੀ ਏਰੀਏ ਵਾਸਤੇ ਨਾਰਮਜ ਘਟਾਉਣੇ ਚਾਹੀਦੇ ਹਨ ਤਾਂ ਹੀ ਉਥੇ ਡਿਸਪੈਂਸਰੀਆਂ, ਐਨੀਮਲ ਹਸਬੈਂਡਰੀ ਡਿਸਪੈਂਸਰੀਆਂ ਮਿਲ ਸਕਦੀਆਂ ਹਨ ਅਤੇ ਹਾਸਪੀਟੇਲਾਈਜ਼ੇਸ਼ਨ ਸਿਸਟਮ ਠੀਕ ਹੋ ਸਕਦਾ ਹੈ। ਇਨ੍ਹਾਂ ਬੇਨਤੀਆਂ ਦੇ ਨਾਲ ਹੀ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ।

ਸ਼੍ਰੀ ਸਪੀਕਰ : ਮੈਂ ਇਸ ਤੋਂ ਪਹਿਲਾਂ ਕਿ ਸੀ.ਐਮ. ਸਾਹਿਬ ਬੋਲਣ, ਹਾਊਸ ਦੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹਵਾਂਗਾ ਕਿ ਉਹ ਵਿਚ ਵਿਚਾਲੇ ਇੰਟਰੱਪਟ ਕਰਨ ਦੀ ਕੋਸ਼ਿਸ਼ ਨਾ ਕਰਨ ਅਤੇ ਜੇ ਕੋਈ ਕਲੈਰੀਫਿਕੇਸ਼ਨ ਲੈਣੀ ਹੈ ਤਾਂ ਬਾਅਦ ਵਿਚ ਲੈਣ ਦੀ ਕਿਰਪਾ ਕਰਨ।

RESUMPTION OF DISCUSSION ON THE GOVERNOR'S ADDRESS (9)01
AND VOTING ON MOTION OF THANKS

ਮੁੱਖ ਮੰਤਰੀ (ਸਰਦਾਰ ਪ੍ਰਕਾਸ਼ ਸਿੰਘ ਬਾਦਲ) : ਸਪੀਕਰ ਸਾਹਿਬ, 9 ਮਾਰਚ ਨੂੰ ਗਵਰਨਰ ਸਾਹਿਬ ਨੇ ਇਸ ਪਵਿੱਤਰ ਹਾਊਸ ਵਿਚ ਭਾਸ਼ਣ ਦਿੱਤਾ, ਮਨਪ੍ਰੀਤ ਸਿੰਘ ਨੇ ਉਨ੍ਹਾਂ ਦੇ ਧੰਨਵਾਦ ਦਾ ਰੈਜ਼ੋਲਿਊਸ਼ਨ ਪੇਸ਼ ਕੀਤਾ ਤੇ ਸੈਣੀ ਸਾਹਿਬ ਨੇ ਉਸ ਦੀ ਤਾਈਦ ਕੀਤੀ । ਕਈ ਦਿਨਾਂ ਤੋਂ ਇਸ ਸਦਨ ਵਿਚ ਬੜੀ ਮਿਆਰੀ ਬਹਿਸ ਹੋ ਰਹੀ ਹੈ । ਮੈਂ ਦੋਵੇਂ ਪਾਸੇ ਦੇ ਮੈਂਬਰ ਸਾਹਿਬਾਨ ਦਾ ਬੜਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬੜੇ ਡੈਮੋਕਰੇਟਿਕ ਤਰੀਕੇ ਨਾਲ ਇਸ ਬਹਿਸ ਵਿਚ ਹਿੱਸਾ ਲਿਆ ਲੇਕਿਨ ਇਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਦਨ ਵਿਚ ਕੁਝ ਇਹੋ ਜਿਹੀਆਂ ਰਵਾਇਤਾਂ ਪੈ ਗਈਆਂ ਹਨ ਜਿਹੜੀਆਂ ਕਿ ਬਦਲਣ ਦੀ ਲੋੜ ਹੈ । ਪਹਿਲਾਂ ਤਾਂ ਮੈਂ ਕਹਾਂਗਾ ਕਿ ਸਾਡੇ ਕਾਂਸਟੀਚਿਊਸ਼ਨਲ ਹੈੱਡ ਗਵਰਨਰ ਸਾਹਿਬ ਹਨ । ਉਹ ਜਦੋਂ ਏਥੇ ਭਾਸ਼ਣ ਦੇਣ ਵਾਸਤੇ ਆਉਣ, ਕੋਈ ਵੀ ਸਰਕਾਰ ਹੋਵੇ, ਤਾਂ ਸਾਨੂੰ ਉਨ੍ਹਾਂ ਦੇ ਸਤਿਕਾਰ ਦਾ ਖਿਆਲ ਰੱਖਣਾ ਚਾਹੀਦਾ ਹੈ, (ਥੰਪਿੰਗ) ਐਰ ਬਾਈਕਾਟ ਨਹੀਂ ਕਰਨਾ ਚਾਹੀਦਾ । ਇਕ ਦਿਨ ਪਿੱਛੇ ਮੀਟਿੰਗ ਵੀ ਬੁਲਾਈ ਸੀ ਜਿਸ ਵਿਚ ਸਾਰੇ ਹਾਜ਼ਰ ਸੀ । ਕਾਂਗਰਸ ਵਾਲੇ ਵੀਰ ਵੀ ਸੀ ਸੀ. ਪੀ. ਆਈ. ਵਾਲੇ ਅਤੇ ਆਪੋਜ਼ੀਸ਼ਨ ਦੇ ਸਾਰੇ ਹਾਜ਼ਰ ਸੀ ਅਤੇ ਕੁਝ ਫੈਸਲਾ ਹੋ ਗਿਆ ਸੀ । ਇਸ ਲਈ ਜੇ ਕੋਈ ਸਮੁੱਚੇ ਹਾਊਸ ਦਾ ਇਹ ਫੈਸਲਾ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿਚ ਅਸੀਂ ਇਕ ਬਹੁਤ ਵੱਡੀ ਗੱਲ ਕਰ ਜਾਵਾਂਗੇ । ਦੂਸਰਾ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਵੀ ਰਿਵਾਜ ਹੋ ਗਿਆ ਹੈ ਕਿ ਆਪੋਜ਼ੀਸ਼ਨ ਦਾ ਜੋ ਕੰਮ ਹੈ, ਉਹ ਸਿਰਫ ਆਪੋਜ਼ ਕਰਨਾ ਹੈ । ਆਪੋਜ਼ੀਸ਼ਨ ਦਾ ਕਰਨਾ ਕੰਮ ਠੀਕ ਹੈ, ਆਪੋਜ਼ ਕਰਨਾ ਹੈ, ਨੁਕਤਾਚੀਨੀ ਕਰਨਾ ਉਨ੍ਹਾਂ ਦਾ ਹੱਕ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਕੁਝ ਉਨ੍ਹਾਂ ਨੂੰ ਚੰਗੇ ਸੁਝਾਓ ਦੇਣੇ ਵੀ ਚਾਹੀਦੇ ਹਨ, ਕੰਸਟ੍ਰਕਟਿਵ ਸੁਝਾਓ ਵੀ ਦੇਣੇ ਚਾਹੀਦੇ ਹਨ । ਭਾਵ ਤਾਂ ਇਹੀ ਹੈ ਕਿ ਆਪੋਜ਼ੀਸ਼ਨ ਤੇ ਟਰੇਜਰੀ ਬੈਂਚਿਜ਼ ਇਕੱਠੇ ਬੈਠਦੇ ਹਨ ਤਾਂ ਕੋਈ ਨਵੀਆਂ ਗੱਲਾਂ ਸਾਹਮਣੇ ਆਉਣ ਜਿਹੜੀਆਂ ਸਰਕਾਰ ਅਪਣਾ ਸਕੇ । ਏਥੇ ਤਾਂ ਕੇਵਲ ਨੁਕਤਾਚੀਨੀ ਹੀ ਕੀਤੀ ਗਈ, ਸੁਝਾਓ ਨਹੀਂ ਦਿੱਤਾ ਗਿਆ । ਜੋ ਕੋਈ ਚੰਗੀ ਗੱਲ ਵੀ ਹੋਈ ਸੀ, ਉਸ ਨੂੰ ਚੰਗਾ ਨਹੀਂ ਆਖਿਆ ਗਿਆ । ਮੈਂ ਧੰਨਵਾਦੀ ਹਾਂ ਸੀ. ਪੀ. ਆਈ. ਦੇ ਲੀਡਰ ਅਰਸ਼ੀ ਜੀ ਦਾ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਾਡੀਆਂ ਕੁਝ ਗੱਲਾਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ । ਉਨ੍ਹਾਂ ਨੇ ਕਿਹਾ ਕਿ ਇਸ ਗੱਲ ਤੇ ਮੇਰੀ ਤਸੱਲੀ ਹੈ ਕਿ ਇਸ ਸਾਲ ਵਿਚ ਅਮਨ ਸ਼ਾਂਤੀ ਰਹੀ ਹੈ, (ਥੰਪਿੰਗ) ਐਰ ਥੀਨ ਡੈਮ ਵਗੈਰਾ ਜਿਹੜੇ ਪ੍ਰਾਜੈਕਟ ਹਨ, ਸਰਕਾਰ ਨੇ ਉਨ੍ਹਾਂ ਨੂੰ ਮੁਕੰਮਲ ਕੀਤਾ ਹੈ, ਉਸਦਾ ਵੀ ਧੰਨਵਾਦ ਵੀ ਕਰਦਾ ਹਾਂ । ਇਸ ਲਈ ਮੇਰੀ ਬੇਨਤੀ ਹੈ ਕਿ ਜੇ ਏਸੇ ਤਰ੍ਹਾਂ ਨਾਲ ਅਸੀਂ ਕੰਸਟ੍ਰਕਟਿਵ ਰਾਏ ਦੇਈਏ ਤਾਂ ਇਸ ਸਦਨ ਦਾ ਜੋ ਟਾਈਮ ਹੈ, ਉਹ ਬਹੁਤ ਸਾਰਥਕ ਹੋ ਸਕਦਾ ਹੈ । ਸਪੀਕਰ ਸਾਹਿਬ, ਇਹ ਜੋ ਸੈਸ਼ਨ ਹੈ, ਇਹ ਕਈ ਪੱਖਾਂ ਤੋਂ ਹਿਸਟਾਰਿਕ ਸੈਸ਼ਨ ਹੈ । ਮੈਂ ਇਸਨੂੰ ਹਿਸਟਾਰਿਕ ਸੈਸ਼ਨ ਇਸ ਗੱਲੋਂ ਵੀ ਕਹਿ ਰਿਹਾ ਹਾਂ ਕਿ ਇਸ ਸਦੀ ਦਾ ਹੁਣ ਇਹ ਅਖੀਰਲਾ ਸੈਸ਼ਨ ਹੈ । ਇਸ ਕਰਕੇ ਅਸੀਂ ਇਸ ਸੈਸ਼ਨ ਵਿਚ ਕੁਝ ਇਹੋ ਜਿਹੀਆਂ ਗੱਲਾਂ ਕਰ ਲਈਏ ਜਿਹੜੀਆਂ ਇਤਿਹਾਸਿਕ ਹੋਣ ਅਤੇ ਅਸੀਂ ਆਖ ਸਕੀਏ ਕਿ ਇਸ ਅਖੀਰਲੇ ਸੈਸ਼ਨ ਵਿਚ

[ਮੁੱਖ ਮੰਤਰੀ]

ਅਸੀਂ ਇਹ ਕੰਮ ਕੀਤਾ ਹੈ । ਸਪੀਕਰ ਸਾਹਿਬ, ਇਹ ਬੜਾ ਇਤਿਹਾਸਕ ਸਾਲ ਹੈ ਅਤੇ ਇਸ ਸਾਲ ਵਿਚ ਬਹੁਤ ਸਾਰੀਆਂ ਅਹਿਮ ਘਟਨਾਵਾਂ ਦਾ ਸੁਮੇਲ ਹੋ ਰਿਹਾ ਹੈ । ਪਹਿਲੀ ਤਾਂ ਇਹ ਕਿ ਅਸੀਂ ਇਸ ਸਦੀ ਨੂੰ ਖਤਮ ਕਰਕ ਅਗਲੀ ਸਦੀ ਵਿਚ ਪ੍ਰਵੇਸ਼ ਕਰਾਂਗੇ । ਦੂਸਰੀ ਇਹ ਕਿ ਇਸ ਵਿਚ ਖਾਲਸਾ ਪੰਥ ਦਾ 300 ਸਾਲਾ ਸਿਰਜਣਾ ਦਿਵਸ ਮਨਾਇਆ ਜਾਵੇਗਾ । ਇਹ ਗੱਲ ਵੀ ਹੈ ਕਿ ਆਜ਼ਾਦੀ ਦੀ ਪਹਿਲੀ 50ਵੀਂ ਵਰ੍ਹੇ ਗੰਢ ਅਸੀਂ ਮਨਾ ਚੁੱਕੇ ਹਾਂ ਅਤੇ ਸਾਡੀ ਇਹ ਆਜ਼ਾਦੀ ਹੁਣ ਅਗਲੀ 50ਵੀਂ ਵਰ੍ਹੇ ਗੰਢ ਵੱਲ ਵਧਦੀ ਜਾ ਰਹੀ ਹੈ । ਇਹ ਵੀ ਇਕ ਅਹਿਮ ਨੁਕਤਾ ਹੈ । ਇਸੇ ਤਰ੍ਹਾਂ ਇਹ ਜਿਹੜਾ ਸਾਲ ਹੈ, ਇਹ ਇੰਟਰਨੈਸ਼ਨਲ ਈਅਰ ਆਫ ਵੂਮੈਨ ਵੀ ਹੈ । ਇਹ ਵੀ ਇਕ ਬਹੁਤ ਵੱਡੀ ਗੱਲ ਹੈ । ਮੈਂ ਕਹਾਂਗਾ ਕਿ ਇੰਟਰਨੈਸ਼ਨਲ ਈਅਰ ਆਫ ਵੂਮੈਨ ਨੂੰ ਸਭ ਤੋਂ ਪਹਿਲਾਂ ਜਿਸ ਤਰੀਕੇ ਦੇ ਨਾਲ ਅਸੀਂ ਮਨਾਇਆ ਹੈ, ਸ਼ਾਇਦ ਹੀ ਕਿਸੇ ਹੋਰ ਨੇ ਇਸ ਨੂੰ ਇਸ ਤਰੀਕੇ ਦੇ ਨਾਲ ਮਨਾਇਆ ਹੋਵੇ । ਸਾਡੀ ਇਕ ਧਾਰਮਿਕ ਇੰਸਟੀਚਿਊਸ਼ਨ ਹੈ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੂੰ ਕਿ ਸਿੱਖਾਂ ਦੀ ਧਾਰਮਿਕ ਪਾਰਲੀਮੈਂਟ ਵੀ ਸਮਝਿਆ ਜਾਂਦਾ ਹੈ । ਤੁਸੀਂ ਹਿਸਟਰੀ ਵੇਖ ਲਓ, ਅੱਜ ਤੱਕ ਕਦੀ ਕੋਈ ਬੀਬੀ ਇਸ ਦੀ ਪ੍ਰਧਾਨ ਨਹੀਂ ਬਣੀ । ਮੈਂ ਸਮਝਦਾ ਹਾਂ ਕਿ ਇਕੱਲੇ ਹਿੰਦੁਸਤਾਨ ਵਿਚ ਹੀ ਨਹੀਂ, ਸਾਰੀ ਦੁਨੀਆਂ ਦੇ ਵਿਚ ਵੀ ਕੋਈ ਧਰਮ ਐਸਾ ਨਹੀਂ ਹੋਣਾ ਜਿਸ ਵਿਚ ਕਿਸੇ ਇਸਤਰੀ ਨੂੰ ਇਸ ਪਦ ਤੇ ਪਹੁੰਚਾਇਆ ਗਿਆ ਹੋਵੇ । ਪਹਿਲੀ ਵਾਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸਤਰੀ ਨੂੰ ਸਤਿਕਾਰ ਦਿੱਤਾ ਅਤੇ ਉਨ੍ਹਾਂ ਨੇ ਇਸ ਪਾਸੇ ਇਕ ਨਵੀਂ ਲੀਹ ਤੋਰੀ ਸੀ । ਉਨ੍ਹਾਂ ਨੇ ਫੁਰਮਾਇਆ ਹੈ—

ਨਾਨਕ ਭੰਡੇ ਬਾਹਰਾ ਏਕੋ ਸਾਚਾ ਸੋਇ ।

ਭੰਡੇ ਦਾ ਮਤਲਬ ਇਸਤਰੀ ਤੋਂ ਹੈ । ਉਨ੍ਹਾਂ ਨੇ ਇਹ ਵੀ ਫੁਰਮਾਇਆ ਹੈ—

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

ਔਰ ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾ ਸਿਰਫ ਪ੍ਰਧਾਨ ਇਕ ਬੀਬੀ ਨੂੰ ਅਸੀਂ ਬਣਾਇਆ ਹੈ ਬਲਕਿ ਇਕ ਹੋਰ ਬੀਬੀ ਕਿਰਨਜੋਤ ਕੌਰ ਜੋ ਕਿ ਮਾਸਟਰ ਤਾਰਾ ਸਿੰਘ ਜੀ ਦੀ ਦੋਹਤੀ ਹੈ ਅਤੇ ਚੰਗੀ ਪੜ੍ਹੀ ਲਿਖੀ ਹੈ, ਸ਼ਾਇਦ ਐਮ.ਏ. ਤੋਂ ਵੀ ਜ਼ਿਆਦਾ ਪੜ੍ਹੀ ਲਿਖੀ ਹੈ, ਨੂੰ ਵੀ ਇਸ ਦਾ ਮੈਂਬਰ ਬਣਾਇਆ ਹੈ । ਮੈਂ ਇਸ ਮੌਕੇ ਤੇ ਬੀਬੀ ਜਗੀਰ ਕੌਰ ਜੀ ਨੂੰ ਬਹੁਤ ਬਹੁਤ ਵਧਾਈ ਦਿੰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਇਸ ਸਾਰੇ ਹਾਊਸ ਨੂੰ ਵੀ ਉਨ੍ਹਾਂ ਨੂੰ ਵਧਾਈ ਦੇਣੀ ਚਾਹੀਦੀ ਹੈ ਕਿਉਂਕਿ ਇਹ ਬੀਬੀ ਜੀ ਸਾਡੇ ਇਸ ਹਾਊਸ ਦੇ ਮੈਂਬਰ ਵੀ ਹਨ । ਮੈਂ ਕੋਈ ਗੱਲ ਵਧਾ ਕੇ ਕਹਿਣ ਦਾ ਆਦੀ ਨਹੀਂ ਹਾਂ ਲੇਕਿਨ ਇਤਨਾ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਬੀਬੀ ਜੀ ਦੀ ਧਾਰਮਿਕ ਸ਼ਖਸੀਅਤ, ਉਨ੍ਹਾਂ ਦਾ ਬੇਦਾਗ ਸਿਆਸੀ ਜੀਵਨ, ਉਨ੍ਹਾਂ ਦੀ ਦੂਰਅੰਦੇਸ਼ੀ ਪਹੁੰਚ ਅਤੇ ਸਭਨਾਂ ਨੂੰ ਨਾਲ ਲੈ ਕੇ ਚੱਲਣ ਦੀ ਕਾਬਲੀਅਤ ਉਨ੍ਹਾਂ ਨੂੰ ਦਿੱਤੇ ਗਏ ਇਸ ਸਨਮਾਨ ਦੇ ਪੂਰੀ ਤਰ੍ਹਾਂ ਨਾਲ ਯੋਗ ਬਣਾਉਂਦੀ ਹੈ । ਸਪੀਕਰ ਸਾਹਿਬ, ਜਿਥੇ ਆਪਾ ਇਹ ਕੁਝ ਕਰ ਰਹੇ

ਾ, ਉਥੇ ਇਕ ਹੋਰ ਸਭ ਤੋਂ ਵੱਡਾ ਇਤਿਹਾਸਕ ਕੰਮ ਕਰ ਰਹੇ ਹਾਂ। ਇਸ ਨੂੰ ਫੰਕਸ਼ਨ ਕਹਿ ਲਓ ਜਾਂ ਸਮਾਰੋਹ ਕਹਿ ਲਓ, ਇਹ ਹੈ ਖਾਲਸੇ ਦੀ 300 ਸਾਲਾ ਸਿਰਜਣਾ। ਸ਼ੁਰੂ ਵਿਚ ਹੀ ਅਸੀਂ ਇਹ ਕਿਹਾ ਸੀ ਕਿ ਇਹ ਤਾਂ ਸਾਰੇ ਦੇਸ਼ਵਾਸੀਆਂ ਨੂੰ, ਸਾਰੀਆਂ ਪਾਰਟੀਆਂ ਨੂੰ, ਸਾਰੇ ਫਿਰਕਿਆਂ ਨੂੰ ਅਤੇ ਸਾਰੀਆਂ ਸੰਸਥਾਵਾਂ ਨੂੰ ਮਿਲ ਕੇ ਮਨਾਉਣਾ ਚਾਹੀਦਾ ਹੈ ਔਰ ਇਸ ਦੇ ਵਾਸਤੇ ਮੈਂ ਸ਼ੁਰੂ ਵਿਚ ਇਕ ਮੀਟਿੰਗ ਵੀ ਰੱਖੀ ਸੀ। ਉਦੋਂ ਤਾਂ ਸਾਰੀਆਂ ਪਾਰਟੀਆਂ ਦੇ ਲੀਡਰਾਂ ਦੀ ਸਹਿਮਤੀ ਸੀ ਅਤੇ ਉਨ੍ਹਾਂ ਨੇ ਮੈਨੂੰ ਆਖਿਆ ਵੀ ਸੀ ਕਿ ਅਸੀਂ ਸਾਰੇ ਰਲ ਕੇ ਇਹ ਦਿਨ ਮਨਾਵਾਂਗੇ। ਇਥੇ ਹੀ ਨਹੀਂ ਬਲਕਿ ਸੈਂਟਰ ਵਿਚ ਵੀ ਇਸ ਮਕਸਦ ਵਾਸਤੇ ਇਕ ਕਮੇਟੀ ਬਣੀ ਸੀ ਜਿਸ ਵਿਚ ਸਾਰੀਆਂ ਪਾਰਟੀਆਂ ਦੇ ਲੀਡਰ ਸ਼ਾਮਲ ਸਨ। ਉਸ ਵੇਲੇ ਜਦੋਂ ਇਸ ਦੀ ਮੀਟਿੰਗ ਹੋਈ ਸੀ ਤਾਂ ਸਰਦਾਰ ਮਨਮੋਹਨ ਸਿੰਘ ਕਾਂਗਰਸ ਵਲੋਂ ਇਸ ਦੇ ਨੁਮਾਇੰਦੇ ਵਜੋਂ ਹਾਜ਼ਰ ਹੋਏ ਸਨ। ਸੀ. ਪੀ. ਐਮ. ਦੇ ਲੀਡਰ ਕਾਮਰੇਡ ਸਾਹਿਬ ਜੋ ਹਨ, ਉਹ ਵੀ ਇਸ ਮੀਟਿੰਗ ਵਿਚ ਆਏ ਸਨ। ਹਿੰਦੁਸਤਾਨ ਦੇ ਵਿਦਵਾਨ, ਵੱਡੀਆਂ ਸ਼ਖਸੀਅਤਾਂ ਸਾਰੀਆਂ ਹਾਜ਼ਰ ਸਨ। ਸਾਰੇ ਇਹ ਮਹਿਸੂਸ ਕਰਦੇ ਸਨ ਕਿ ਇਹ ਰਾਜ ਵਾਸਤੇ, ਦੇਸ਼ ਵਾਸਤੇ ਬੜਾ ਪਵਿੱਤਰ ਕਾਜ ਹੈ ਅਤੇ ਇਸ ਨੂੰ ਸਾਰਿਆਂ ਨੂੰ ਰਲ ਕੇ ਮਨਾਉਣਾ ਚਾਹੀਦਾ ਹੈ ਲੇਕਿਨ ਅੱਜ ਹੀ ਖਬਰ ਪੜ੍ਹੀ ਹੈ, ਪਹਿਲਾਂ ਵੀ ਪੜ੍ਹੀ ਸੀ, ਸਾਡੇ ਕੁਝ ਆਨਰੇਬਲ ਮੈਂਬਰ ਸਾਹਿਬਾਨ ਹਨ, ਉਨ੍ਹਾਂ ਨੇ ਸਾਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ ਤੇ ਇਹ ਕਿਹਾ ਕਿ ਅਸੀਂ ਵੱਖਰਾ ਦਿਨ ਮਨਾਵਾਂਗੇ। ਚਲੋ ਇਹ ਉਨ੍ਹਾਂ ਦੀ ਖਾਹਿਸ਼ ਸੀ, ਕਿਸੇ ਨੂੰ ਰੁਕਾਵਟ ਨਹੀਂ ਪਾਈ ਜਾ ਸਕਦੀ, ਜਿਸ ਤਰ੍ਹਾਂ ਚਾਹੁਣ ਮਨਾਉਣ। ਅਸੀਂ ਅੱਜ ਵੀ ਅਪੀਲ ਕਰਾਂਗੇ ਸਾਰੀਆਂ ਪਾਰਟੀਆਂ ਨੂੰ, ਲੋਕਾਂ ਨੂੰ, ਸਾਰੇ ਸੱਜਣਾਂ ਨੂੰ ਜਿਹੜੇ ਕੁਝ ਸੋਚ ਰਹੇ ਹਨ ਕਿ ਅੱਡ ਅੱਡ ਇਹ ਦਿਨ ਮਨਾਇਆ ਜਾਵੇ। ਆਪਾਂ ਸਾਰੇ ਇੱਕੱਠੇ ਹੋ ਕੇ ਇਹ ਦਿਨ ਮਨਾਈਏ। ਗੁਰੂ ਸਾਹਿਬਾਨ ਨੇ ਖਾਲਸੇ ਦੀ ਸਿਰਜਣਾ ਵੇਲੇ ਕੋਈ ਮੱਤਭੇਦ, ਫਿਰਕੇ ਵਾਲੀ ਗੱਲ ਨਹੀਂ ਸੀ ਕੀਤੀ, ਕੋਈ ਸਿਆਸੀ ਗੱਲ ਨਹੀਂ ਸੀ ਕੀਤੀ। ਮੇਰਾ ਖਿਆਲ ਹੈ ਕਿ ਉਹ ਮੰਨਣਗੇ ਅਤੇ ਆਪਣਾ ਅਲੱਗ ਪ੍ਰੋਗਰਾਮ ਨਹੀਂ ਬਣਾਉਣਗੇ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਨੰਦਪੁਰ ਦੀ ਧਰਤੀ ਤੇ ਖਾਲਸੇ ਦੇ ਰੂਪ ਵਿਚ ਇਕ ਨਵੀਂ ਸ਼ਕਤੀ ਪੈਦਾ ਕੀਤੀ ਸੀ ਜਿਸ ਦਾ ਆਦਰਸ਼ ਇਕ ਨਵੇਂ ਸਮਾਜ ਦੀ ਸਥਾਪਨਾ ਸੀ। ਇਕ ਅਜਿਹਾ ਸਮਾਜ ਜਿਸ ਵਿਚ ਜ਼ੋਰ-ਜਬਰ ਤੇ ਅਤਿਆਚਾਰ ਦੀ ਕੋਈ ਗੁੰਜਾਇਸ਼ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਮਿਸ਼ਨ ਇਸ ਤਰ੍ਹਾਂ ਫਰਮਾਇਆ ਹੈ:

ਧਰਮ ਚਲਾਵਨ ਸੰਤ ਉਬਾਰਨ।
ਦੁਸ਼ਟ ਸਭਨ ਕੋ ਮੂਲ ਉਪਾਰਨ॥

ਭਾਵ ਬੁਰਾਈ ਨੂੰ ਖਤਮ ਕਰਨਾ ਤੇ ਸਚਾਈ ਨੂੰ ਜਾਗਰੂਕ ਕਰਨਾ। ਸਪੀਕਰ ਸਾਹਿਬ, ਉਸ ਵੇਲੇ ਸਮਾਜ ਦੇ ਪੱਧਰ ਵਿਚ ਬੜਾ ਵੱਡਾ ਨਿਘਾਰ ਸੀ। ਸਮਾਜ ਵਿਚ ਭੇਦ-ਭਾਵ, ਜਾਤ-ਪਾਤ ਊਚ-ਨੀਚ ਦਾ ਬੋਲਬਾਲਾ ਸੀ। ਸਾਰਾ ਸਮਾਜ ਆਰਥਿਕ ਪੱਧਰ ਤੇ ਚੋਰ-

[ਮੁੱਖ ਮੰਤਰੀ]

ਬਜ਼ਾਰੀ ਅਤੇ ਲੁੱਟ ਖਸੁੱਟ ਦਾ ਸ਼ਿਕਾਰ ਸੀ । ਧਰਮ ਨਾਂ ਦੀ ਕੋਈ ਚੀਜ਼ ਨਹੀਂ ਸੀ । ਚਾਰੇ ਪਾਸੇ 'ਕੂੜ ਫਿਰੇ ਪ੍ਰਧਾਨ ਵੇ ਲਾਲੋ' ਅਤੇ ਖੂਨ ਦੇ ਸੋਹਿਲੇ ਗਾਏ ਜਾ ਰਹੇ ਸਨ । ਉਸ ਵੇਲੇ ਗੁਰੂ ਸਾਹਿਬ ਨੇ ਸਮਾਜ ਦਾ ਕਲਿਆਣ ਕਰਨ ਦਾ ਬੀੜਾ ਉਠਾਇਆ । ਸਪੀਕਰ ਸਾਹਿਬ, ਉਹ ਅਜਿਹਾ ਪ੍ਰਬੰਧ ਬਣਾਉਣਾ ਚਾਹੁੰਦੇ ਸਨ, ਚਲਾਉਣਾ ਚਾਹੁੰਦੇ ਸਨ ਜਿੱਥੇ ਜਾਤ-ਪਾਤ ਜਾਂ ਊਚ-ਨੀਚ ਦੀ ਕੋਈ ਥਾਂ ਨਾ ਹੋਵੇ, ਜਿਸ ਵਿਚ ਆਰਥਿਕ ਲੁੱਟ-ਖਸੁੱਟ ਨਾ ਹੋਵੇ, ਜਿਸ ਵਿਚ ਸਭਨਾਂ ਨੂੰ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਹੱਕ ਦੀ ਰਾਖੀ ਹੋਵੇ । ਰਾਜ ਸ਼ਕਤੀ ਵਿਚ ਸਾਰੇ ਬਰਾਬਰ ਦੇ ਭਾਈਵਾਲ ਹੋਣ । ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਦੇ ਰਾਜ ਨੂੰ ਹਲੀਮੀ ਵਾਲਾ ਰਾਜ ਕਿਹਾ ਸੀ ।

ਸਪੀਕਰ ਸਾਹਿਬ, ਅਸੀਂ ਪਿਛਲੇ ਸਦਨ ਵਿਚ ਇਕ ਮਤਾ ਵੀ ਪਾਸ ਕੀਤਾ ਸੀ ਜਿਸ ਵਿਚ ਕਿਹਾ ਗਿਆ ਸੀ: ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ । ਇਸ ਆਦਰਸ਼ ਦੇ ਮੁਤਾਬਿਕ ਅੱਜ ਇਸ ਤਰ੍ਹਾਂ ਦੇ ਸਮਾਜ ਦੀ ਲੋੜ ਹੈ, ਪ੍ਰਚਾਰ ਦੀ ਲੋੜ ਹੈ ਤਾਂ ਕਿ ਅਸੀਂ ਸਾਰੀ ਦੁਨੀਆਂ ਨੂੰ ਇਸ ਦਿਨ ਤੇ ਸੁਨੇਹਾ ਦੇਈਏ । ਸਪੀਕਰ ਸਾਹਿਬ, ਕਿਸ ਨੂੰ ਨਹੀਂ ਪਤਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਛੜਿਆਂ ਹੋਇਆਂ ਨੂੰ, ਲਿਤਾੜਿਆਂ ਹੋਇਆਂ ਲੋਕਾਂ ਨੂੰ ਉਚਾ ਉਠਾਉਣ ਦਾ ਆਦਰਸ਼ ਸੀ । ਦਲਿਤ ਵਰਗਾਂ ਨੂੰ ਬਰਾਬਰ ਦੀ ਭਾਈਵਾਲੀ ਪ੍ਰਦਾਨ ਕੀਤੀ ਗਈ ਸੀ । ਇਹ ਧਰਮ ਨਿਮਾਣਿਆਂ, ਨਿਤਾਣਿਆਂ ਤੇ ਨਿਓਟਿਆਂ ਦਾ ਧਰਮ ਹੈ । ਇਹ ਮਤ ਭੁੱਲੋ ਕਿ ਉਸ ਵੇਲੇ ਸਿੱਖ ਧਰਮ ਵਿਚ ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ, ਜਿਨ੍ਹਾਂ ਨੂੰ ਉਸ ਵੇਲੇ ਨੀਵੀਂਆਂ ਜਾਤੀਆਂ ਕਿਹਾ ਜਾਂਦਾ ਸੀ, ਉਨ੍ਹਾਂ ਵਿਚੋਂ ਸਨ । ਗੁਰੂ ਸਾਹਿਬ ਨੇ ਕਿਹਾ ਹੈ "ਰੰਗਰੇਟੇ ਗੁਰੂ ਕੇ ਬੇਟੇ" । ਸਿੱਖ ਧਰਮ ਮਲਿਕ ਭਾਗੋਆਂ ਦਾ ਧਰਮ ਨਹੀਂ ਹੈ, ਸਗੋਂ ਕਿਰਤ ਕਰਨ ਵਾਲੇ ਅਤੇ ਨਾਮ ਜਪਣ ਵਾਲੇ ਭਾਈ ਲਾਲੋਆਂ ਦਾ ਧਰਮ ਹੈ । (ਥੰਪਿੰਗ) ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਵੇਲੇ ਖਾਲਸਾ ਪੰਥ ਦੀ ਰਚਨਾ ਕਰਕੇ ਸਹੀ ਮਾਅਨਿਆਂ ਵਿਚ ਡੈਮੋਕਰੇਸੀ ਚਾਲੂ ਕੀਤੀ ਸੀ । ਉਨ੍ਹਾਂ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕਿਆ:

"ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰ ਚੇਲਾ ।"

ਔਰ ਉਨ੍ਹਾਂ ਨੇ ਸੰਗਤ ਨੂੰ ਬੜਾ ਮਾਣ ਦਿੱਤਾ ਸੀ । ਉਨ੍ਹਾਂ ਨੇ ਖੁਦ ਫੁਰਮਾਇਆ ਜੀ

"ਗੁਰੂ ਬੀਸ ਵਿਸਵੇ ਹੈ ਤਾਂ ਸੰਗਤ ਇਕੀਸ ਵਿਸਵੇ ।"

ਗੁਰੂ ਗੋਬਿੰਦ ਸਿੰਘ ਜੀ ਨੇ ਵਿਸ਼ਵ ਵਿਆਪੀ ਸੁਨੇਹਾ ਦਿੱਤਾ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਸੀ

"ਮਾਨਸ ਕੀ ਜਾਤ ਸਬੈ
ਏਕੈ ਪਹਿਚਾਨਬੋ ।"

ਇਸ ਲਈ ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਕਰਦਾ ਹਾਂ, ਬੇਨਤੀ ਕਰਦਾ ਹਾਂ ਔਰ ਇਕੱਲੇ ਆਪਣੇ ਮੈਂਬਰ ਸਾਹਿਬਾਨ ਨੂੰ ਹੀ ਨਹੀਂ ਸਾਰੇ ਹਿੰਦੁਸਤਾਨ ਦੇ ਧਰਮਾਂ-

ਨੂੰ, ਵਿਦਵਾਨਾਂ ਨੂੰ, ਸਾਰੀਆਂ ਜੋ ਸੰਸਥਾਵਾਂ ਹਨ, ਉਨ੍ਹਾਂ ਸਭ ਨੂੰ, ਸਿੰਘ ਸਾਹਿਬਾਨ ਨੂੰ, ਸੰਤ ਮਹਾਤਮਾਵਾਂ ਨੂੰ ਵੀ, ਕਿ ਆਪਾਂ ਇਹ ਸਮਾਂ ਜਿਹੜਾ ਹੈ, ਰਲ ਕੇ ਮਨਾਈਏ । ਇਸ ਦੇ ਵਿਚ ਬੜੇ ਵੱਡੇ ਵੱਡੇ ਪ੍ਰੋਗਰਾਮ ਉਲੀਕੇ ਗਏ ਹਨ । ਆਨੰਦਪੁਰ ਸਾਹਿਬ ਨੂੰ ਲਾਸਾਨੀ ਸ਼ਹਿਰ ਬਣਾਉਣਾ ਹੈ ਔਰ ਇਸ ਦੇ ਵਿੱਚ ਵਾਤਾਵਰਣ ਜਿਹੜਾ ਹੈ, ਉਹ ਬੜਾ ਅੱਛਾ ਹੋਵੇ, ਇਸ ਦੀ ਕੋਸ਼ਿਸ਼ ਕਰਨੀ ਹੈ । ਕੋਸ਼ਿਸ਼ ਕੁਝ ਹੋਈ ਵੀ ਹੈ ਲੇਕਿਨ ਕੁਝ ਬਾਕੀ ਰਹਿੰਦੀ ਹੈ । ਜਿਹੜਾ ਬਕਾਇਆ ਕੰਮ ਹੈ ਉਸ ਨੂੰ ਵੀ ਛੇਤੀ ਹੀ ਸਿਰੇ ਚਾੜ੍ਹ ਦਿੱਤਾ ਜਾਵੇਗਾ । ਸਪੀਕਰ ਸਾਹਿਬ, ਜਿਹੜੀਆਂ ਕੌਮਾਂ, ਜਿਹੜੇ ਲੋਕ ਆਪਣਾ ਇਤਿਹਾਸ ਜਿਊਂਦਾ ਨਹੀਂ ਰੱਖਦੇ ਉਹ ਕਮਜ਼ੋਰ ਪੈ ਜਾਂਦੇ ਹਨ । ਇਸ ਲਈ ਬੜਾ ਵੱਡਾ ਉਪਰਾਲਾ ਕਰਕੇ ਉਥੇ ਦੁਨੀਆਂ ਦੇ ਪੱਧਰ ਦਾ ਇਕ ਅਜੂਬਾ ਬਣਾਇਆ ਜਾ ਰਿਹਾ ਹੈ, ਭਾਵੇਂ ਇਸਦਾ ਕੰਮ ਅਜੇ ਆਰੰਭ ਹੀ ਕੀਤਾ ਹੈ ਲੇਕਿਨ ਦੋ ਸਾਲ ਦੇ ਅੰਦਰ ਅੰਦਰ ਉਹ ਸਾਰੀ ਜੋ ਸਪਿਰਿਟ ਹੈ, ਲਿਆਂਦੀ ਜਾਵੇਗੀ । ਇੰਨੇ ਵੱਡੇ ਵੱਡੇ ਐਂਫੀਥੀਏਟਰਜ਼ ਵਿੱਚ ਲਾਈਟਸ ਅਤੇ ਹੋਰ ਨਵੀਆਂ ਟੈਕਨੀਕਸ ਨਾਲ ਸਾਰੇ ਦੇਸ਼ਵਾਸੀਆਂ ਨੂੰ ਉਹ ਇਤਿਹਾਸ ਦੱਸਿਆ ਜਾਵੇਗਾ । ਇਸੇ ਤਰ੍ਹਾਂ ਹੋਰ ਵੀ ਕਈ ਪ੍ਰੋਗਰਾਮ ਹਨ । ਪੰਜ ਪਿਆਰੇ ਜਿਥੇ ਪੈਦਾ ਹੋਏ, ਉਥੋਂ ਮਾਰਚ ਵੀ ਚਲਣੇ ਜਲਦੀ ਸ਼ੁਰੂ ਹੋ ਜਾਣਗੇ । ਇਸੇ ਤਰ੍ਹਾਂ ਹੋਰ ਵੀ ਦੇਸ਼ ਦੀਆਂ ਉਚ-ਸਖਸ਼ੀਅਤਾਂ ਨੂੰ ਇਨਵਾਈਟ ਕੀਤਾ ਜਾ ਰਿਹਾ ਹੈ । ਪ੍ਰਧਾਨ ਮੰਤਰੀ ਜੀ ਨੇ ਵੀ ਅੰਤ ਤਰੀਖ ਨੂੰ ਅੰਤਿਮ ਰਸਮ ਤੇ ਆਉਣਾ ਹੈ । ਉਪ-ਰਾਸ਼ਟਰਪਤੀ ਸਾਹਿਬ ਨੇ ਵੀ ਆਉਣਾ ਹੈ । ਇਕੱਲੀਆਂ ਸਿਆਸੀ ਹੀ ਨਹੀਂ ਦੂਜੀਆਂ ਸਖਸ਼ੀਅਤਾਂ ਵੀ ਸਭ ਧਰਮਾਂ ਦੀਆਂ ਉਥੇ ਪੁੱਜ ਰਹੀਆਂ ਹਨ ਅਤੇ ਉਨ੍ਹਾਂ ਸਭ ਦਾ ਇਕ ਇੱਕਠਾ ਬਹਿਸ ਮੁਬਾਹਸਾ ਹੋਵੇਗਾ । ਇਕ ਦੀਵਾਨ ਸਜੇਗਾ । ਕੀਰਤਨ ਅਤੇ ਹੋਰ ਸਭ ਚੀਜ਼ਾਂ ਦਾ, ਸਪੀਕਰ ਸਾਹਿਬ, ਆਪਾਂ ਉਥੇ ਪ੍ਰੋਗਰਾਮ ਬਣਾਉਣਾ ਹੈ । ਇਸ ਲਈ ਮੈਂ ਦੁਬਾਰਾ ਅਪੀਲ ਕਰਦਾ ਹਾਂ ਕਿ ਇਸ ਮੌਕੇ ਨੂੰ ਸਾਂਝਾ ਮੌਕਾ ਸਮਝਦੇ ਹੋਏ ਇਹ ਦਿਨ ਇੱਠੇ ਹੋ ਕੇ ਆਪਾਂ ਮਨਾਈਏ । ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ, ਕੁਝ ਭਰਾਵਾਂ ਦੀ ਮੈਂ ਮਿੰਨਤ ਤਰਲਾ ਵੀ ਕਰਦਾ ਹਾਂ ਕਿ ਉਹ ਇਸ ਰੰਗ ਵਿੱਚ ਭੰਗ ਨਾ ਪਾਉਣ । ਕਈ ਬਿਆਨ ਆ ਜਾਂਦੇ ਹਨ ਕਿ ਉਥੇ "ਖੂਨ ਦੀ ਹੋਲੀ ਹੋਵੇਗੀ" । ਮੈਂ ਇਸ ਸਬੰਧੀ ਜਿਆਦਾ ਨਹੀਂ ਕਹਿਣਾ ਚਾਹੁੰਦਾ ਲੇਕਿਨ ਮੈਂ ਅਪੀਲ ਕਰਦਾ ਹਾਂ ਕਿ ਉਹ ਵੀ ਸਾਡੀ ਬੇਨਤੀ ਪ੍ਰਵਾਨ ਕਰਨ । ਕੁਝ ਸਾਡੇ ਤੇ ਦੋਸ਼ ਲਗਾਉਂਦੇ ਹਨ ਕਿ ਇਹ ਸਰਕਾਰੀ ਫੰਕਸ਼ਨ ਹੈ । ਇਹ ਸਰਕਾਰੀ ਫੰਕਸ਼ਨ ਨਹੀਂ ਸ਼੍ਰੋਮਣੀ ਕਮੇਟੀ ਦਾ ਫੰਕਸ਼ਨ ਹੈ, ਸਰਕਾਰ ਵੀ ਮਦਦ ਕਰਦੀ ਹੈ ਔਰ ਇਹ ਸਾਰੀਆਂ ਪਾਰਟੀਆਂ ਦੇ ਫੰਕਸ਼ਨ ਹਨ । ਇਹ ਸਾਂਝੇ ਫੰਕਸ਼ਨ ਹਨ ਅਸਲ ਵਿੱਚ ਜਿਹੜੇ ਅਲੱਗ ਅਲੱਗ ਮਨਾਉਣਾ ਚਾਹੁੰਦੇ ਹਨ, ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੇ ਆਪ ਹੀ ਮੀਟਿੰਗਾਂ ਵਿੱਚ ਮੈਨੂੰ ਅਧਿਕਾਰ ਦਿੱਤੇ ਸਨ ਕਿ ਇਹ ਤਿੰਨ ਸੌ ਸਾਲਾ ਜਸ਼ਨ ਮਨਾਏ ਜਾਣਗੇ ਲੇਕਿਨ ਅੱਜ ਉਹ ਆਪਣੀ ਇਸ ਗੱਲ ਤੋਂ ਥੋੜ੍ਹਾ ਜਿਹਾ ਪਿੱਛੇ ਹਟ ਗਏ ਹਨ ।

ਸਪੀਕਰ ਸਾਹਬ, ਦੂਜਾ ਜਿਹੜਾ ਅਹਿਮ ਆਪਣਾ ਪ੍ਰਆਰਿਟੀ ਹੈ ਫਰੀਡਮ ਦਾ, ਉਹ ਵੀ ਅਸੀਂ 50 ਸਾਲ ਪੂਰੇ ਕੀਤੇ ਹਨ । ਇਹ ਜਿਹੜੀ ਦੇਸ਼ ਨੂੰ ਆਜ਼ਾਦੀ ਮਿਲੀ ਹੈ ਇਹ ਕੋਈ ਸੌਖੀ ਨਹੀਂ ਮਿਲੀ । ਬਹੁਤ ਸਾਰੀਆਂ ਕੁਰਬਾਨੀਆਂ ਕਰਨੀਆਂ ਪਈਆਂ ਫਾਂਸੀਆਂ ਤੇ ਚੜ੍ਹਨਾ ਪਿਆ, ਕਾਲੇ ਪਾਣੀ ਦੀਆਂ ਸਜ਼ਾਵਾਂ ਕੱਟਣੀਆਂ ਪਈਆਂ, ਆਪਣੇ

[ਮੁੱਖ ਮੰਤਰੀ]

ਘਰ-ਬਾਰ ਛੱਡਣੇ ਪਏ । ਇਹੋ ਜਿਹਾ ਸ਼ਾਇਦ ਹੀ ਕੋਈ ਹਿੰਦੁਸਤਾਨ ਵਿੱਚ ਅੱਗੇ ਕਦੇ ਨਹੀਂ ਹੋਇਆ । ਸਰਦਾਰ ਭਗਤ ਸਿੰਘ ਵਰਗੇ, ਲਾਲਾ ਲਾਜਪਤ ਰਾਏ ਵਰਗੇ, ਸਰਦਾਰ ਊਧਮ ਸਿੰਘ ਵਰਗੇ ਅਤੇ ਹੋਰ ਸਾਡੇ ਸੈਂਕੜੇ ਬਜ਼ੁਰਗ ਫਾਂਸੀ ਦੇ ਤਖਤੇ ਤੇ ਚੜ੍ਹੇ ਅਤੇ ਉਨ੍ਹਾਂ ਨੇ ਬੜੀ ਭਾਰੀ ਕੁਰਬਾਨੀ ਦਿੱਤੀ । ਇਸ ਦਾ ਕੀ ਮਕਸਦ ਸੀ ? ਇਸ ਦਾ ਮਕਸਦ ਸੀ ਕਿ ਜਦੋਂ ਸਾਡਾ ਦੇਸ਼ ਆਜ਼ਾਦ ਹੋਵੇਗਾ ਤਾਂ ਉਦੋਂ ਨਾ ਇੱਥੇ ਗਰੀਬੀ ਹੋਵੇਗੀ ਅਤੇ ਨਾ ਇੱਥੇ ਅਨਪੜ੍ਹਤਾ ਹੋਵੇਗੀ ਅਤੇ ਹੋਰ ਵੀ ਕਈ ਸਹੂਲਤਾਂ ਜਿਹੜੀਆਂ ਇਨਸਾਨ ਨੂੰ ਚਾਹੀਦੀਆਂ ਹਨ, ਉਹ ਮਿਲਣਗੀਆਂ । ਇਸ ਤਰ੍ਹਾਂ ਮੁਲਕ ਖੁਸ਼ਹਾਲ ਹੋਵੇਗਾ, ਤਰੱਕੀ ਕਰੇਗਾ ਅਤੇ ਅਸੀਂ ਆਜ਼ਾਦੀ ਤੋਂ ਬਾਅਦ ਸਾਰੀ ਦੁਨੀਆਂ ਤੋਂ ਅੱਗੇ ਨਿਕਲ ਜਾਵਾਂਗੇ ਲੇਕਿਨ ਮੈਂ ਸਮਝਦਾ ਹਾਂ ਕਿ ਅੱਜ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਗਏ ਹਨ ਕਿਉਂਕਿ ਦੇਸ਼ ਦੀ ਅਜ਼ਾਦੀ ਤੋਂ ਬਾਅਦ ਪੰਜਾਹ ਸਾਲ ਜਿਸ ਪਾਰਟੀ ਨੇ ਰਾਜ ਕੀਤਾ, ਜਿਸ ਦਾ ਸੂਬਿਆਂ ਵਿੱਚ ਰਾਜ ਰਿਹਾ ਅਤੇ ਸੈਂਟਰ ਵਿੱਚ ਰਾਜ ਰਿਹਾ, ਉਸ ਨੇ ਪੰਜਾਹ ਸਾਲ ਦੇ ਸਮੇਂ ਵਿੱਚ ਕੋਈ ਵੀ ਕਦਮ ਐਸਾ ਨਹੀਂ ਚੁੱਕਿਆ ਜਿਸ ਨਾਲ ਇਹ ਕਹਿ ਸਕਦੇ ਹੋਈਏ ਕਿ ਅਸੀਂ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਅੱਗੇ ਲੈ ਕੇ ਗਏ ਹਾਂ । ਸਪੀਕਰ ਸਾਹਿਬ, ਹਿੰਦੁਸਤਾਨ ਅਜਿਹਾ ਮੁਲਕ ਹੈ ਜਿਸ ਤੇ ਕੁਦਰਤ ਦੀਆਂ ਸਭ ਤੋਂ ਵੱਧ ਬਖਸ਼ਿਸ਼ਾਂ ਹਨ; ਮਿਹਰਾਂ ਹਨ । ਸਾਡੇ ਕੋਲ ਕੋਈ ਇਹੋ ਜਿਹੀ ਚੀਜ਼ ਨਹੀਂ ਜਿਸ ਦੀ ਕਮੀ ਹੋਵੇ । ਸਾਡੇ ਕੋਲ ਪਾਣੀ ਹੈ, ਬਿਜਲੀ ਹੈ, ਜੰਗਲਾਤ ਹਨ, ਸਮੁੰਦਰ ਹਨ, ਕੋਲਾ ਹੈ, ਲੋਹਾ ਹੈ ਭਾਵ ਕਿ ਸਭ ਚੀਜ਼ਾਂ ਸਾਡੇ ਕੋਲ ਹਨ ਜਿਹੜੀਆਂ ਤਰੱਕੀ ਵਾਸਤੇ ਚਾਹੀਦੀਆਂ ਹਨ ਪਰ ਜਿਹੜੇ ਪਹਿਲਾਂ ਸ਼ਾਸਕ ਰਹੇ ਅਤੇ ਜਿਨ੍ਹਾਂ ਨੇ ਰਾਜ ਭਾਗ ਕੀਤਾ, ਉਨ੍ਹਾਂ ਨੇ ਕੋਈ ਨਿਸ਼ਾਨਾ ਨਹੀਂ ਬਣਾਇਆ ਕਿ ਅਸੀਂ ਇਸ ਪਵਿੱਤਰ ਮੁਲਕ ਨੂੰ ਅੱਗੇ ਲਿਜਾਣਾ ਹੈ । ਉਨ੍ਹਾਂ ਨੇ ਸ਼ੁਰੂ ਤੋਂ ਹੀ ਲੁੱਟ-ਖਸੁੱਟ ਕਰਨੀ ਸ਼ੁਰੂ ਕਰ ਦਿੱਤੀ ਜਿਸ ਨਾਲ ਸਾਡਾ ਦੇਸ਼ ਬਹੁਤ ਪਿੱਛੇ ਰਹਿ ਗਿਆ । ਅਸੀਂ ਆਪਣੇ ਦੇਸ਼ਾਂ ਦਾ ਮੁਕਾਬਲਾ ਵੱਡੇ ਦੇਸ਼ਾਂ ਨਾਲ ਤਾਂ ਕੀ ਕਰੀਏ ਸਾਡੇ ਹਿੰਦੁਸਤਾਨ ਦੀ ਤਾਂ ਆਮਦਨੀ ਬੰਗਲਾ ਦੇਸ਼, ਪਾਕਿਸਤਾਨ ਅਤੇ ਸ੍ਰੀ ਲੰਕਾ ਤੋਂ ਵੀ ਘੱਟ ਹੈ । ਇਸ ਲਈ ਇਹ ਸਾਰੀਆਂ ਸੋਚਣ ਵਾਲੀਆਂ ਚੀਜ਼ਾਂ ਹਨ । ਅੱਜ ਪੰਜਾਹ ਸਾਲ ਦੀ ਆਜ਼ਾਦੀ ਤੋਂ ਬਾਅਦ ਸਾਹਮਣੇ ਬੈਠੇ ਭਰਾ ਕੀ ਕਹਿੰਦੇ ਹਨ ਸਾਡੀਆਂ ਸੜਕਾਂ ਬਣਾ ਦਿਓ, ਸਾਨੂੰ ਪੀਣ ਵਾਲਾ ਪਾਣੀ ਦੇ ਦਿਓ, ਸਾਨੂੰ ਹਸਪਤਾਲ ਬਣਾ ਦਿਓ, ਸਾਡਾ ਸਕੂਲ ਅਪਗਰੇਡ ਕਰ ਦਿਓ ਜਾਂ ਸਕੂਲ ਦੀ ਬਿਲਡਿੰਗ ਬਣਾ ਦਿਓ । ਜੇ ਅਸੀਂ ਪੰਜਾਹ ਸਾਲਾਂ ਵਿੱਚ ਮੁਢਲੀਆਂ ਗੱਲਾਂ ਨਹੀਂ ਕਰ ਸਕੇ ਤਾਂ ਫਿਰ ਆਪਾਂ ਮੁਲਕ ਲਈ ਕੀ ਕਰ ਸਕਦੇ ਹਾਂ, ਅਸੀਂ ਮੁਲਕ ਨੂੰ ਕਿਵੇਂ ਅੱਗੇ ਵਧਾ ਸਕਦੇ ਹਾਂ । ਇਨ੍ਹਾਂ ਨੇ ਮੁਲਕ ਨਾਲ ਗੱਦਾਰੀ ਕੀਤੀ । ਇਸ ਬਾਰੇ ਮੈਂ ਪਿਛਲੇ ਸੈਸ਼ਨ ਵਿੱਚ ਵੀ ਦੱਸਿਆ ਸੀ ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਗੱਦਾਰੀ ਸ਼ਬਦ ਗਲਤ ਸ਼ਬਦ ਹੈ । ਇਸ ਨੂੰ ਹਾਊਸ ਦੀ ਕਾਰਵਾਈ ਵਿਚੋਂ ਕਢਵਾ ਦਿੱਤਾ ਜਾਵੇ ।

ਮੁੱਖ ਮੰਤਰੀ : ਮੈਂ ਇਹ ਸ਼ਬਦ ਵਾਪਸ ਲੈਂਦਾ ਹਾਂ । ਤੁਸੀਂ ਇੰਨੇ ਕੁ ਨਾਲ ਹੀ ਖੁਸ਼ ਹੋ ਤਾਂ ਮੈਂ ਇਹ ਸ਼ਬਦ ਵਾਪਸ ਲੈਂਦਾ ਹਾਂ । ਵੈਸੇ ਕੀਤਾ ਤਾਂ ਤੁਸੀਂ ਬਹੁਤ ਕੁਝ ਹੈ ।

ਇਹ ਸਾਰਾ ਸਾਡੀਆਂ ਅੱਖਾਂ ਸਾਹਮਣੇ ਹੈ । ਜੇ ਤੁਸੀਂ ਇਸ ਤੋਂ ਮੁਨਕਰ ਹੋਵੋਗੇ ਤਾਂ ਕੋਈ ਚੰਗੀ ਗੱਲ ਨਹੀਂ ।

ਸਪੀਕਰ ਸਾਹਿਬ, ਕੁਝ ਗੱਲਾਂ ਹੋਰ ਵੀ ਹਨ । ਸਾਨੂੰ ਸੋਚਣਾ ਪਵੇਗਾ ਕਿ ਜੇ ਸਾਡੇ ਵਿਚ ਨੈਸ਼ਨਲ ਸਪਿਰਿਟ ਨਹੀਂ, ਜੇ ਸਾਡੇ ਵਿਚ ਉਹ ਭਾਵਨਾ ਨਹੀਂ ਜੋ ਆਜ਼ਾਦੀ ਲੈਣ ਤੋਂ ਪਹਿਲਾਂ ਹਿੰਦੁਸਤਾਨੀਆਂ ਵਿੱਚ ਸੀ, ਜੇ ਅਸੀਂ ਇਹੋ ਜਿਹੀ ਭਾਵਨਾ ਨਹੀਂ ਲਿਆਵਾਂਗੇ ਤਾਂ ਫਿਰ ਅਸੀਂ ਆਪਣੇ ਮੁਲਕ ਨੂੰ ਹਨੇਰੇ ਵਿੱਚ ਸੁੱਟ ਦੇਵਾਂਗੇ । ਇਸ ਲਈ ਇਸ ਪਾਸੇ ਕਦਮ ਚੁੱਕਣ ਦੀ ਲੋੜ ਹੈ । ਇੱਥੇ ਗੌਰਮਿੰਟ ਦਾ ਸਿਸਟਮ ਵੀ ਬਦਲਣਾ ਪਵੇਗਾ । ਸਾਡੇ ਮੁਲਕ ਦਾ ਕਾਂਸਟੀਚਿਊਸ਼ਨ ਸ਼ੁਰੂ ਤੋਂ ਹੀ ਫੈਡਰਲ ਸੀ । ਲੇਕਿਨ ਹੌਲੀ ਹੌਲੀ ਸੈਂਟਰ ਵਿਚ ਇੱਕ ਪਾਰਟੀ ਦਾ ਰਾਜ ਰਿਹਾ, ਸੂਬਿਆਂ ਵਿੱਚ ਵੀ ਉਸ ਦਾ ਰਾਜ ਰਿਹਾ ਔਰ ਇਸ ਨੇ ਸਾਰੇ ਸੂਬਿਆਂ ਦੀਆਂ ਸ਼ਕਤੀਆਂ ਆਪਣੇ ਕੋਲ ਲੈ ਲਈਆਂ । ਇਸ ਦਾ ਰਿਜ਼ਲਟ ਇਹ ਹੋਇਆ ਕਿ ਸੂਬਿਆਂ ਕੋਲ ਤਾਕਤ ਨਾ ਰਹੀ । ਸਾਰੀ ਤਾਕਤ, ਇਕਨਾਮਿਕ ਤਾਕਤ, ਪਲੀਟੀਕਲ ਤਾਕਤ, ਸਭ ਕੁਝ ਸੈਂਟਰ ਦੇ ਹੱਥ ਵਿਚ ਆ ਗਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੱਕ ਸਾਨੂੰ ਇਕਨਾਮਿਕ ਅਟਾਨਮੀ ਨਹੀਂ ਮਿਲੇਗੀ, ਪੁਲੀਟੀਕਲ ਅਟਾਨਮੀ ਨਹੀਂ ਮਿਲੇਗੀ, ਅਸੀਂ ਮੁਲਕ ਨੂੰ ਅੱਗੇ ਨਹੀਂ ਲਿਜਾ ਸਕਦੇ । ਇਸੇ ਤਰ੍ਹਾਂ ਹੋਰ ਵੀ ਕਈ ਗੱਲਾਂ ਹਨ ਜਿਹੜੀਆਂ ਚਰਚਾ ਦਾ ਮੁਜ਼ਮੂਨ ਬਣੀਆਂ ਰਹੀਆਂ । ਆਰਟੀਕਲ 356 ਬਾਰੇ ਅਕਾਲੀ ਦਲ ਸ਼ੁਰੂ ਤੋਂ ਹੀ ਇਸ ਗੱਲ ਦਾ ਮੁਦੱਈ ਹੈ ਕਿ ਇਸ ਨੂੰ ਸਕਰੈਪ ਕੀਤਾ ਜਾਵੇ, ਹਟਾ ਦਿੱਤਾ ਜਾਵੇ । ਆਰਟੀਕਲ 356 ਦੇ ਅਸੀਂ ਖੁਦ ਸ਼ਿਕਾਰ ਹੋਏ ਹਾਂ । ਮੈਂ ਇਹ ਇਸ ਕਰਕੇ ਨਹੀਂ ਕਹਿੰਦਾ ਕਿਉਂਕਿ ਅਸੀਂ ਖੁਦ ਸ਼ਿਕਾਰ ਰਹੇ ਹਾਂ ਲੇਕਿਨ ਜਦੋਂ ਵੀ ਜੀਅ ਕਰਦਾ ਹੈ ਕੋਈ ਸਰਕਾਰ ਤੋੜ ਦਿੰਦੇ ਹਨ । ਇੱਕ ਗੱਲ ਤੁਸੀਂ ਜ਼ਰੂਰ ਕਹੋਗੇ, ਮੈਂ ਪਹਿਲਾਂ ਹੀ ਉਸ ਦਾ ਜਵਾਬ ਦੇ ਦਿੰਦਾ ਹਾਂ ਕਿ ਅਸੀਂ ਇਸ ਸਮੇਂ 356 ਦੀ ਮੱਦਦ ਕੀਤੀ ਹੈ । ਜੋ ਬਿਹਾਰ ਵਿੱਚ ਗੌਰਮਿੰਟ ਟੁੱਟੀ ਸੀ, ਉਸ ਵਿੱਚ । ਉਸ ਦਾ ਕਾਰਨ ਕੀ ਹੈ ? ਉਸ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਅਸੀਂ ਸਦਾ ਹੀ 356 ਦੇ ਖਿਲਾਫ ਹਾਂ । ਉਹ ਕਾਰਨ ਇਹ ਹੈ ਕਿ ਜਿਸ ਨੂੰ ਅਸੀਂ ਦੁਸ਼ਮਣ ਨੰਬਰ 1 ਪਾਰਟੀ ਦੇਸ਼ ਦੇ ਹਿੱਤਾਂ ਲਈ ਅਤੇ ਪੰਜਾਬ ਦੇ ਹਿੱਤਾਂ ਲਈ ਸਮਝਦੇ ਹਾਂ ਉਸ ਦੇ ਜਾਲ ਵਿੱਚ ਅਸੀਂ ਫਸਣਾ ਨਹੀਂ ਚਾਹੁੰਦੇ ਸੀ । ਇਸ ਲਈ ਕਿ ਜੋ ਸਾਡਾ ਨੰਬਰ 1 ਦੁਸ਼ਮਣ ਹੈ, ਉਹ ਕਿਤੇ ਇਸ ਦਾ ਫਾਇਦਾ ਨਾ ਉਠਾ ਜਾਵੇ, ਸਾਡੀ ਗਲਤੀ ਨਾਲ । ਅਸੀਂ ਇਸ ਕਰਕੇ, ਸਪੀਕਰ ਸਾਹਿਬ, ਇਹ ਫੈਸਲਾ ਲਿਆ ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇਹ ਵੀ ਗੱਲਾਂ ਹੁੰਦੀਆਂ ਕਿ ਪੰਜਾਬ ਦੇ ਪੁਰਾਣੇ ਲਟਕਦੇ ਮਸਲੇ ਹਨ । ਭਾਵੇਂ ਅਸੀਂ ਕਈ ਵਾਰ ਇਸ ਨੂੰ ਡਿਸਕਸ ਕਰ ਚੁੱਕੇ ਹਾਂ ਔਰ ਉਨ੍ਹਾਂ ਗੱਲਾਂ ਨੂੰ ਰਿਪੀਟ ਕਰਨ ਦੀ ਬਹੁਤੀ ਲੋੜ ਨਹੀਂ ਹੁੰਦੀ, ਫਿਰ ਵੀ ਕੁਝ ਗੱਲਾਂ ਹੋਈਆਂ ਹਨ, ਅਖਬਾਰਾਂ ਵਿੱਚ ਵੀ ਸਟੇਟਮੈਂਟਾਂ ਦਿੱਤੀਆਂ ਹਨ, ਕਿ ਪੰਜਾਬ ਦੇ ਜਿਹੜੇ ਮਸਲੇ ਹਨ ਜਿਵੇਂ ਪਾਣੀਆਂ ਦਾ ਹੈ, ਟੈਰੀਟੋਰੀਅਲ ਮਸਲਾ ਹੈ ਜਾਂ ਕਈ ਹੋਰ ਹਨ, ਇਹ ਅਕਾਲੀ ਦਲ ਨੇ ਹੱਲ ਕਿਉਂ ਨਹੀਂ ਕਰਾਏ । ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਵਿਗਾੜੇ ਤਾਂ ਤੁਸੀਂ ਔਰ ਇਹੋ ਜਿਹੀਆਂ ਗੱਲਾਂ ਪਾ ਰਹੇ ਹੋ ਕਿ ਉਹ ਛੋਟੀ ਛੋਟੀ ਖਲੂਣੀਆਂ ਸੌਖੀਆਂ ਨਹੀਂ ਹਨ । ਇਨ੍ਹਾਂ ਦੀ ਕੋਈ ਮਿਸਾਲ ਦਿੰਦੇ ਸੀ । ਮੈਂ ਵੀ ਮਿਸਾਲ

[ਮੁੱਖ ਮੰਤਰੀ]

ਜਿੰਦਾ ਹਾਂ ਅਤੇ ਇਸ ਲਈ ਮੁਆਫੀ ਵੀ ਪਹਿਲਾਂ ਹੀ ਮੰਗਦਾ ਹਾਂ ਕਿਉਂਕਿ ਪੰਜਾਬੀ ਦਾ ਮੁਹਾਵਰਾ ਬੋਲੀਏ ਤਾਂ ਉਹ ਗਲਤ ਜਿਹਾ ਲੱਗਦਾ ਹੈ - ਉਲਟਾ ਚੋਰ ਕੋਤਵਾਲ ਕੋ ਡਾਂਟੇ। ਜੇਕਰ ਇਹ ਅਨਪਾਰਲੀਮੈਂਟ ਹੋਵੇ ਤਾਂ ਮੈਂ ਮੁਆਫੀ ਮੰਗ ਲੈਂਦਾ ਹਾਂ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਇਸ ਨੂੰ ਐਕਸਪੰਜ ਕਰਵਾਓ।

ਮੁੱਖ ਮੰਤਰੀ : ਮੈਂ ਤਾਂ ਕਿਹਾ ਹੈ ਮੈਂ ਮੁਆਫੀ ਮੰਗ ਲੈਂਦਾ ਹਾਂ। ਇਹ ਐਕਸਪੰਜ ਕਰਵਾ ਦਿਓ ਜੀ।

ਸ੍ਰੀ ਸਪੀਕਰ : ਇਹ ਅਨ-ਪਾਰਲੀਮੈਂਟਰੀ ਨਹੀਂ ਹੈ।

ਮੁੱਖ ਮੰਤਰੀ : ਇਸ ਗੱਲ ਨਾਲ ਤਾਂ ਤੁਸੀਂ ਸਹਿਮਤ ਹੋਵੋਗੇ ਕਿ ਭਾਵੇਂ ਚੰਡੀਗੜ੍ਹ ਦਾ ਮਸਲਾ ਹੈ, ਭਾਵੇਂ ਪਾਣੀਆਂ ਦਾ ਮਸਲਾ ਹੈ, ਅਤੇ ਭਾਵੇਂ ਪੰਜਾਬੀ ਸਪੀਕਿੰਗ ਏਰੀਏ ਦਾ ਮਸਲਾ ਹੈ, ਇਹ ਕਿਸ ਨੇ ਖੜ੍ਹੇ ਕੀਤੇ ? ਇਸ ਦੇ ਲਈ ਕੌਣ ਜ਼ਿੰਮੇਵਾਰ ਹੈ ? ਜਾਂ ਤਾਂ ਤੁਸੀਂ ਕਹਿ ਦਿਉ ਕਿ ਅਸੀਂ ਜ਼ਿੰਮੇਵਾਰ ਨਹੀਂ, ਅਸੀਂ ਨਹੀਂ ਕੀਤਾ, ਫਿਰ ਤਾਂ ਅਸੀਂ ਮੰਨ ਲੈਂਦੇ ਹਾਂ। ਇਸ ਲਈ ਮੈਂ ਫਿਰ ਇਹ ਕਹਿਣਾ ਚਾਹੁੰਦਾ ਹਾਂ . .

ਸ੍ਰੀ ਰਮੇਸ਼ ਚੰਦਰ ਡੋਗਰਾ : ਪੰਜਾਬੀ ਸੂਬਾ ਬਣਾ ਲਿਆ, ਇਹੀ ਤਾਂ ਮੁਸ਼ਕਲ ਹੈ।

ਮੁੱਖ ਮੰਤਰੀ : ਨਹਿਰ ਜਿਹੜੀ ਹੈ ਉਹ ਬੀਬੀ ਜੀ ਨੇ ਪੁੱਟੀ ਹੈ . . . ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ-ਬੈਠੇ) : ਇਹ ਬਰਨਾਲੇ ਦੇ ਟਾਈਮ ਹੋਈ ਹੈ।

ਸ੍ਰੀ ਸਪੀਕਰ : ਡੋਗਰਾ ਸਾਹਿਬ, ਇੰਟਰਪਟ ਨਾ ਕਰੋ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਸੌ ਵਾਰੀ ਇਸ ਸਦਨ ਦੇ ਵਿੱਚ ਹੋ ਚੁੱਕੀਆਂ ਹਨ, ਇਹ ਫਿਰ ਉਹੀ ਲੈ ਲੈਂਦੇ ਹਨ। ਇਹ ਕਿਹਾ ਗਿਆ ਕਿ ਅਸੀਂ ਦੋ ਕਰੋੜ ਰੁਪਿਆ ਲੈ ਲਿਆ। ਮੈਂ ਤਾਂ ਉਹ ਰਿਕਾਰਡ ਵੀ ਦੇਖਿਆ, ਸਦਨ ਦੀ ਮੇਜ਼ ਤੇ ਵੀ ਰੱਖਿਆ। ਪਤਾ ਇਨ੍ਹਾਂ ਨੂੰ ਵੀ ਹੈ ਕਿ ਕੀ ਹੋਇਆ ਹੈ। ਫਿਰ ਵੀ ਪਤਾ ਨਹੀਂ ਕਿਉਂ ਕੋਈ ਨਾ ਕੋਈ ਗੱਲ ਕਹਿ ਜਾਂਦੇ ਹਨ।

ਸਪੀਕਰ ਸਾਹਿਬ, ਇੱਕ ਗੱਲ ਬਹੁਤ ਚਰਚਾ ਦਾ ਮੌਜੂ ਹੈ। ਹੈ ਵੀ ਠੀਕ ਕਿ ਪੰਜਾਬ ਇਸ ਵੇਲੇ ਫਾਈਨਾਂਸ਼ਲ ਕਰਾਈਸਿਸ ਵਿੱਚ ਹੈ। ਮੈਂ ਮੰਨਦਾ ਹਾਂ ਲੇਕਿਨ ਇੱਕ ਗੱਲ ਨਾਲ ਮੈਂ ਅੱਜ ਇਹ ਦੱਸਣਾ ਚਾਹੁੰਦਾ ਹਾਂ ਕਿ ਫਾਈਨਾਂਸ਼ੀਅਲ ਕਰਾਈਸਸ ਕੋਈ ਇੱਕ ਸਾਲ ਜਾਂ ਦੋ ਸਾਲਾਂ ਵਿੱਚ ਨਹੀਂ ਆਇਆ। ਕੋਈ ਇੱਕ ਸਾਲ ਵਿੱਚ ਇਹੋ ਜਿਹੀ ਗੱਲ ਨਹੀਂ ਹੋਈ ਜਾਂ ਦੋ ਸਾਲਾਂ ਵਿੱਚ ਇਹੋ ਜਿਹੀ ਗੱਲ ਨਹੀਂ ਹੋਈ, ਜਿਸ ਨਾਲ ਫਾਈਨਾਂਸ਼ੀਅਲ ਕਰਾਈਸਸ ਆਇਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪਿਛਲੇ 15 ਸਾਲਾਂ ਦੀ ਮਿਸ-ਹੈਂਡਲਿੰਗ ਹੋਈ ਹੈ ਪੰਜਾਬ ਦੀ ਇਕਾਨਮੀ ਦੇ ਨਾਲ, ਜਿਸ ਕਰਕੇ ਅੱਜ ਅਸੀਂ ਇਹ ਨਤੀਜੇ ਭੁਗਤ ਰਹੇ ਹਾਂ। ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਚਾਰਜ ਲਿਆ, ਉਦੋਂ

ਸਿੱਕ ਅਤੇ ਕ੍ਰਿਪਲਡ ਇਕਾਨਮੀ ਸੀ ਔਰ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪਹਿਲਾਂ ਅਕਾਲੀ ਸਰਕਾਰ ਬਣੀ ਸੀ.....ਅਸੀ ਵੇਖਦੇ ਹਾਂ ਕਿ ਜਿਹੜੀ ਪਾਰਟੀ ਸਰਕਾਰ ਛੱਡ ਕੇ ਜਾਂਦੀ ਹੈ, ਉਹ ਕੀ ਛੱਡ ਕੇ ਜਾਂਦੀ ਸੀ । 1977-78 ਵਿੱਚ ਜਦੋਂ ਅਸੀਂ ਸੱਤਾ ਛੱਡ ਕੇ ਗਏ ਤਾਂ ਇਕਾਨਮੀ ਸਰਪਲੱਸ ਸੀ । 1979-80 ਤੱਕ ਸ਼੍ਰੋਮਣੀ ਅਕਾਲੀ ਦਲ ਦੀ ਇਥੇ ਸਰਕਾਰ ਰਹੀ ਹੈ । 1977-78 ਵਿੱਚ 80 ਕਰੋੜ ਰੁਪਏ ਦਾ ਸਰਪਲੱਸ ਅਸੀਂ ਛੱਡਿਆ ਸੀ, ਕਾਂਗਰਸ ਸਰਕਾਰ ਨੂੰ । (ਥੰਪਿੰਗ) 1978-79 ਵਿੱਚ 95 ਕਰੋੜ ਰੁਪਏ ਦਾ, 1979-80 ਵਿਚ 101.20 ਕਰੋੜ ਰੁਪਏ ਦਾ ਸਰਪਲੱਸ ਛੱਡ ਕੇ ਗਏ ਸੀ । ਇਨ੍ਹਾਂ ਦੇ ਵੇਲੇ ਹਾਲਾਤ ਕੀ ਸਨ, ਇਸ ਦਾ ਡੈਫ਼ੀਸਿਟ ਤੋਂ ਪਤਾ ਲਗਦਾ ਹੈ । 1992-93 ਵਿੱਚ ਇਨ੍ਹਾਂ ਦਾ ਰਾਜ ਸੀ ਅਤੇ ਇਹ ਸਰਪਲੱਸ ਤੋਂ ਘਟਾ ਕੇ ਇਨ੍ਹਾਂ ਨੇ 397 ਕਰੋੜ ਰੁਪਏ ਦਾ ਡੈਫ਼ੀਸਿਟ ਰੇਵਨਿਊ ਕਰ ਦਿੱਤਾ ।

(ਇੱਕ ਆਵਾਜ਼ : ਇਹ ਅੱਤਵਾਦ ਕਰਕੇ ਹੋਇਆ ।)

397 ਕਰੋੜ ਰੁਪਿਆ ਡੈਫੀਸਿਟ ਛੱਡਿਆ 1993-94 ਦੇ ਵਿੱਚ 410 ਕਰੋੜ ਰੁਪਿਆ ਡੈਫੀਸਿਟ ਹੋ ਗਿਆ, 1994-95 ਦੇ ਵਿੱਚ 374 ਕਰੋੜ ਰੁਪਿਆ ਹੋ ਗਿਆ, 1995-96 ਦੇ ਵਿੱਚ 624 ਕਰੋੜ ਰੁਪਿਆ ਹੋ ਗਿਆ ਅਤੇ 1996-97 ਦੇ ਵਿੱਚ ਇਹ 1101 ਕਰੋੜ ਰੁਪਿਆ ਹੋ ਗਿਆ । (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਅਸੀਂ ਇਸ ਇਕਾਨਮੀ ਨੂੰ ਦੋ ਸਾਲਾਂ ਦੇ ਵਿੱਚ ਠੀਕ ਕਰ ਦੇਣਾ ਸੀ ਲੇਕਿਨ ਇੱਕ ਗੱਲ ਜਿਹੜੀ ਹੋਈ ਹੈ, ਉਸ ਦਾ ਸਾਰੇ ਦੇਸ਼ ਨੂੰ, ਸਭ ਨੂੰ ਪਤਾ ਹੈ ਕਿ ਇੱਕ ਹਜ਼ਾਰ ਕਰੋੜ ਰੁਪਿਆ ਸਾਨੂੰ ਮੁਲਾਜ਼ਮਾਂ ਨੂੰ ਦੇਣਾ ਪਿਆ ਹੈ । ਜਿਹੜੀ ਗੱਲ ਕਦੇ ਕਿਸੇ ਦੇ ਖਿਆਲ ਵਿਚ ਨਹੀਂ ਸੀ । ਇੱਕ ਹਜ਼ਾਰ ਕਰੋੜ ਰੁਪਿਆ ਦੇਣਾ ਪਿਆ, ਨਹੀਂ ਤਾਂ ਅਸੀਂ ਇਸ ਇਕਾਨਮੀ ਨੂੰ ਦਰੁਸਤ ਕਰਨ ਵਾਸਤੇ ਕਾਮਯਾਬ ਹੋ ਜਾਣਾ ਸੀ । ਸੋ, ਇੱਕ ਹੈ ਡੈਫ਼ੀਸਿਟ ਰੈਵੇਨਿਊ ਔਰ ਦੂਜਾ ਹੈ ਗੌਰਮਿੰਟ ਡੈੱਬਟ । ਗੌਰਮਿੰਟ ਨੇ ਕਰਜ਼ਾ ਕਿੰਨਾ ਲਿਆ ਹੈ, ਕਿੰਨਾ ਆਪਣੀ ਸਟੇਟ ਦੇ ਸਿਰ ਤੇ ਕਰਜ਼ਾ ਚਾੜ੍ਹਿਆ ਹੈ, ਇਹ 1992-93 ਵਿਚ 9,331 ਕਰੋੜ ਰੁਪਏ ਦਾ ਕਰਜ਼ਾ ਸੀ, 1993-94 ਦੇ ਵਿਚ 10,608 ਕਰੋੜ ਰੁਪਏ ਦਾ ਕਰਜ਼ਾ, 1994-95 ਦੇ ਵਿੱਚ 12,228 ਕਰੋੜ ਰੁਪਏ ਦਾ ਕਰਜ਼ਾ 1995-96 ਦੇ ਵਿੱਚ 13,712 ਕਰੋੜ ਰੁਪਏ ਦਾ ਕਰਜ਼ਾ ਅਤੇ ਜਦੋਂ ਅਸੀਂ ਸੱਤਾ ਸੰਭਾਲੀ ਤਾਂ ਇਨ੍ਹਾਂ ਨੇ ਕੀ ਦਿਤਾ, ਉਹ ਸੀ 15,344 ਕਰੋੜ ਰੁਪਏ ਦਾ ਕਰਜ਼ਾ । ਇਤਨਾ ਕਰਜ਼ਾ ਇਹ ਛੱਡ ਕੇ ਗਏ ਸਨ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) । ਇਨ੍ਹਾਂ ਦੀ ਸਰਕਾਰ ਦੇ ਵੇਲੇ ਕੀ ਹੋਇਆ, ਇਨ੍ਹਾਂ ਨੇ ਇਨਹੈਰਿਟ ਕੀ ਦਿੱਤਾ । ਜਿਵੇਂ ਮਾਸਟਰਾਂ ਦੀ ਗੱਲ ਚੱਲੀ ਹੈ, ਮੈਂ ਕਹਿ ਸਕਦਾ ਹਾਂ ਕਿ ਕੁਝ ਗੱਲਾਂ ਦੀ ਖਾਤਰ ਇਨ੍ਹਾਂ ਨੇ ਬਹੁਤ ਵੱਡੀ ਭਰਤੀ ਕਰ ਲਈ । ਜੇਕਰ ਭਰਤੀ ਜ਼ਰੂਰਤ ਦੇ ਮੁਤਾਬਕ ਕੀਤੀ ਹੁੰਦੀ ਤਾਂ ਕੋਈ ਇਤਰਾਜ਼ ਨਹੀਂ ਸੀ ਪਰ ਭਰਤੀ ਦੇ ਪਿੱਛੇ ਕੁਝ ਹੋਰ ਗੱਲਾਂ ਸਨ ।

ਸਪੀਕਰ ਸਾਹਿਬ, ਸਰਕਾਰ ਦਾ ਦੂਸਰਾ ਸਾਧਨ ਹੁੰਦਾ ਹੈ ਰੇਵੇਨਿਊ ਟੈਕਸਿਜ਼, ਕਿ ਇਨ੍ਹਾਂ ਦੀ ਰਿਕਵਰੀ ਕਿੰਨੀ ਕਿੰਨੀ ਕੀਤੀ ਗਈ ਹੈ । ਸਪੀਕਰ ਸਾਹਿਬ, ਮੈਂ ਅੰਕੜੇ ਦੇ ਆਧਾਰ ਤੇ ਗੱਲ ਕਹਿ ਰਿਹਾ ਹਾਂ, ਜੇਕਰ ਗਲਤ ਕਹਾਂਗਾ ਤਾਂ ਮੈਂ ਦੇਣਦਾਰ ਹੋਵਾਂਗਾ ।

[ਮੁੱਖ ਮੰਤਰੀ]

ਇਹ ਚਾਹੇ ਮੇਰੇ ਕੋਲੋਂ ਲੈ ਲੈਣ । ਮੈਂ ਇਹ ਕਾਪੀ ਇਨ੍ਹਾਂ ਨੂੰ ਦੇ ਸਕਦਾ ਹਾਂ । 1995-96 ਦੇ ਵਿੱਚ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਟੈਕਸਾਂ ਦੀ ਰਿਕਵਰੀ ਵਿਚ ਵਾਧਾ ਸਿਰਫ 2% ਸੀ । 1996-97 ਦੇ ਵਿੱਚ ਟੈਕਸਾਂ ਦੀ ਰਿਕਵਰੀ ਵਿਚ ਵਾਧੇ ਦੀ ਦਰ 3.2% ਹੋ ਗਈ ਲੇਕਿਨ ਹੁਣ ਇੰਨੀ ਵਧੀ ਹੈ ਜਿਸ ਤੇ ਮੈਨੂੰ ਤਸੱਲੀ ਹੈ, ਇਹ 1997-98 ਵਿੱਚ 11.3% ਰਿਕਵਰੀ ਵਧ ਹੋ ਗਈ ਹੈ । (ਥੰਪਿੰਗ) 1998-99 ਦੇ ਵਿੱਚ ਇਹ 11.6% ਰਿਕਵਰੀ ਵੱਧ ਹੋਈ ਹੈ । ਮੈਂ ਯਕੀਨ ਦਿਵਾਉਂਦਾ ਹਾਂ ਕਿ ਜੋ ਇੰਨੀ ਭੈੜੀ ਇਕਾਨਮੀ ਪੰਜਾਬ ਦੀ ਹੈ, ਜਿਸ ਨੂੰ ਇਨ੍ਹਾਂ ਨੇ ਤਹਿਸ-ਨਹਿਸ ਕੀਤਾ ਹੈ, ਜਿਸ ਦੇ ਨਾਲ ਖਿਲਵਾੜ ਕੀਤਾ ਹੈ, ਇਸ ਨੂੰ ਲੀਹਾਂ ਤੇ ਲਿਆਉਣ ਦੇ ਲਈ ਇੱਕ ਅੱਧਾ ਸਾਲ ਹੋਰ ਲੱਗੇਗਾ । ਸਪੀਕਰ ਸਾਹਿਬ, ਇਸੇ ਤਰ੍ਹਾਂ ਬਿਜਲੀ ਦੀ ਗੱਲ ਚਲੀ । ਮੈਂ ਫੈਕਟ ਦੇ ਆਧਾਰ ਤੇ ਗੱਲ ਕਰ ਰਿਹਾ ਹਾਂ । 5-5 ਸੱਜਣ ਇਧਰੋਂ ਅਤੇ 2-2 ਸੱਜਣ ਤੁਸੀਂ ਆ ਜਾਵੋ ਅਤੇ ਇਹ ਦੇਖ ਲਵੋ ਕਿ ਪਿਛਲੇ ਦੋ ਸਾਲਾਂ ਦੇ ਵਿੱਚ ਅਸੀਂ ਕੀ ਕੀਤਾ ਹੈ ਜਿਹੜਾ ਕਿ ਤੁਸੀਂ ਪੰਜਾਂ ਸਾਲਾਂ ਦੇ ਵਿੱਚ ਨਹੀਂ ਸੀ ਕਰ ਸਕੇ ; ਬਲਕਿ ਪਿਛਲੇ ਵੀਹ ਸਾਲਾਂ ਦੇ ਵਿਚ ਵੀ ਨਹੀਂ ਕੀਤਾ ਹੋਵੇਗਾ । ਪਾਵਰ ਦੀ ਗੱਲ ਚੱਲੀ । ਜਦੋਂ ਤੋਂ ਬਿਜਲੀ ਪੈਦਾ ਹੋਣੀ ਸ਼ੁਰੂ ਹੋਈ ਹੈ ਉਦੋਂ ਤੋਂ ਲੈ ਕੇ 1996-97 ਤੱਕ ਪੰਜਾਬ ਦੇ ਕੋਲ 2247 ਮੈਗਾਵਾਟ ਬਿਜਲੀ ਸੀ ਔਰ ਇਨ੍ਹਾਂ ਨੇ ਪਿਛਲੇ ਪੰਜਾਂ ਸਾਲਾਂ ਦੇ ਵਿੱਚ ਕੀਤਾ ਕੀ ਹੈ । ਸਪੀਕਰ ਸਾਹਿਬ, ਪੰਜਾਬ ਦੀ ਬਿਜਲੀ ਦੇ ਵਿੱਚ ਇਨ੍ਹਾਂ ਨੇ ਇੱਕ ਯੂਨਿਟ ਵੀ ਐਡ ਨਹੀਂ ਕੀਤਾ । ਜੇਕਰ ਕੀਤਾ ਹੋਵੇ ਤਾਂ ਮੈਨੂੰ ਦੱਸ ਦੇਣ । ਸਪੀਕਰ ਸਾਹਿਬ, ਇਨ੍ਹਾਂ ਦੇ ਵੇਲੇ ਇੱਕ ਪ੍ਰਾਜੈਕਟ 10 ਮੈਗਾਵਾਟ ਦਾ ਜਲਖੇੜੀ ਵਿੱਚ 1992 ਤੋਂ 1997 ਤੱਕ ਚਾਲੂ ਹੋਇਆ ਸੀ । ਉਹ ਵੀ ਵਿਚਾਰਾ ਬੰਦ ਹੋ ਗਿਆ ਸ਼ਰਮ ਨਾਲ ਕਿ 10 ਮੈਗਾਵਾਟ, ਬੱਸ । ਉਹ ਵੀ ਕੀ ਕਰੇਗਾ, ਬੰਦ ਹੋ ਗਿਆ । ਇਸ ਲਈ ਇਸ ਨੂੰ ਅਸੀਂ ਕਾਲਾ ਇਤਿਹਾਸ ਕਹਿ ਸਕਦੇ ਹਾਂ ਕਿਉਂਕਿ 5 ਸਾਲਾਂ ਵਿਚ ਬਿਜਲੀ ਇਨ੍ਹਾਂ ਨੇ ਇਕ ਯੂਨਿਟ ਵੀ ਐਡ ਨਹੀਂ ਕੀਤੀ । ਹੁਣ ਸਪੀਕਰ ਸਾਹਿਬ, ਸਾਡੇ ਪੰਜ ਸਾਲ ਹੋਣੇ ਹਨ । ਅਸੀਂ ਕਿੰਨੀ ਬਿਜਲੀ ਐਡ ਕਰਨੀ ਹੈ, ਕੋਈ ਇੰਤਹਾ ਨਹੀਂ, ਜਿੰਨੀ ਮਰਜ਼ੀ ਬਿਜਲੀ ਲੈ ਲਓ । ਮੈਂ ਤੁਹਾਨੂੰ ਦਸਦਾ ਹਾਂ ਕਿ ਇਨ੍ਹਾਂ ਦੇ ਸਮੇਂ 2247 ਮੈਗਾਵਾਟ ਬਿਜਲੀ ਹੋਈ ਹੈ ਜਦੋਂ ਕਿ ਅਸੀਂ ਪੰਜ ਸਾਲਾਂ ਵਿਚ 2095 ਮੈਗਾਵਾਟ ਬਿਜਲੀ ਪੰਜਾਬ ਨੂੰ ਹੋਰ ਦੇਣੀ ਹੈ । (ਥੰਪਿੰਗ) ਇਸ ਵਿਚ ਲਹਿਰਾ ਮੁਹੱਬਤ ਦੇ ਯੂਨਿਟ ਹਨ ਜਿਥੋਂ ਪੰਜਾਬ ਨੂੰ ਬਿਜਲੀ ਮਿਲ ਗਈ ਹੈ । ਰਣਜੀਤ ਸਾਗਰ ਡੈਮ ਤੋਂ 600 ਮੈਗਾਵਾਟ ਬਿਜਲੀ ਮਿਲ ਜਾਣੀ ਹੈ । ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਪ੍ਰਾਪਤੀ ਕੋਈ ਐਵੇਂ ਹੀ ਨਹੀਂ ਹੋਈ । ਇਨ੍ਹਾਂ ਨੇ ਫੁਰਮਾਇਆ ਕਿ ਥੀਨ ਡੈਮ ਸਾਡਾ ਸ਼ੁਰੂ ਕੀਤਾ ਹੋਇਆ ਸੀ ਅਤੇ ਇਹ ਮੁਕੰਮਲ ਹੋਣ ਤੇ ਸੀ । ਇਹ ਤਾਂ ਠੀਕ ਹੋਇਆ ਕਿ ਪਿਛਲੇ ਸਾਲ ਪ੍ਰਾਇਰਟੀ ਅਸੀਂ ਇਨ੍ਹਾਂ ਪ੍ਰਾਜੈਕਟਾਂ ਨੂੰ ਦਿੱਤੀ ਸੀ । ਇਸ ਵਿਚ 440.21 ਕਰੋੜ ਰੁਪਿਆ 1997-98 ਵਿਚ ਖਰਚ ਕੀਤਾ ਗਿਆ । 355 ਕਰੋੜ ਰੁਪਿਆ 1998-99 ਵਿਚ ਖਰਚ ਕੀਤਾ ਗਿਆ । 795 ਕਰੋੜ 21 ਲੱਖ ਰੁਪਿਆ ਅਸੀਂ ਦੋ ਸਾਲਾਂ ਵਿਚ ਥੀਨ ਡੈਮ ਤੇ ਖਰਚ ਕੀਤਾ ਤਾਂ ਇਹ ਥੀਨ ਡੈਮ ਬਣਿਆ ।

ਜੇ ਅਸੀਂ ਇਹ ਕਰ ਸਕਦੇ ਹਾਂ ਥੋੜ੍ਹਾ ਬਹੁਤ ਦੋ ਸਾਲਾਂ ਵਿਚ ਤਾਂ ਇਹ ਤੁਸੀਂ ਵੀ ਕਰ ਸਕਦੇ ਸੀ । ਇਥੇ ਕਿਹਾ ਗਿਆ ਕਿ ਤਾਮਿਲਨਾਡੂ ਨੂੰ ਬਿਜਲੀ ਭੇਜ ਰਹੇ ਹਨ । ਮੈਂ ਤੁਹਾਨੂੰ ਕਹਿੰਦਾ ਹਾਂ ਕਿ ਇਕੱਲੇ ਤਾਮਿਲਨਾਡੂ ਨੂੰ ਕੀ, ਹੋਰ ਸਟੇਟਾਂ ਨੂੰ ਵੀ ਦਿੰਦੇ ਹਾਂ, ਜਦੋਂ ਸਰਪਲੱਸ ਹੁੰਦੀ ਹੈ । ਹੁੰਦਾ ਉਹੀਓ ਹੈ ਜਿਵੇਂ ਕਣਕ ਭੇਜੀ ਜਾਂਦੀ ਹੈ । ਸਰਪਲੱਸ ਭੇਜੀ ਜਾਂਦੀ ਹੈ । ਜੇ ਬਿਜਲੀ ਸਰਪਲੱਸ ਹੁੰਦੀ ਹੈ ਤਾਂ ਦੂਜੀਆਂ ਸਟੇਟਾਂ ਨੂੰ ਦਿੰਦੇ ਹਾਂ, ਜਦੋਂ ਲੋੜ ਹੁੰਦੀ ਹੈ ਤਾਂ ਲੈ ਲੈਂਦੇ ਹਾਂ । ਕਸ਼ਮੀਰ, ਹਿਮਾਚਲ ਨੂੰ ਸਰਦੀਆਂ ਵਿਚ ਬਿਜਲੀ ਦੀ ਲੋੜ ਹੈ, ਉਨ੍ਹਾਂ ਨੂੰ ਦੇ ਦਿੰਦੇ ਹਾਂ ਤੇ ਉਨ੍ਹਾਂ ਤੋਂ ਕੀਮਤ ਗਰਮੀਆਂ ਵਿਚ ਲੈ ਲੈਂਦੇ ਹਾਂ । ਬਿਜਲੀ ਦੇ ਫਰੰਟ ਤੇ ਸਾਨੂੰ ਬਹੁਤ ਵੱਡੀ ਕਾਮਯਾਬੀ ਹੋਈ ਹੈ ਤੇ ਸਾਹਮਣੇ ਬੈਠੇ ਵੀਰ ਜਿਨ੍ਹਾਂ ਨੇ ਕਿ ਕੋਈ ਕਸਰ ਨਹੀਂ ਛੱਡੀ, ਬਿਜਲੀ ਵੱਲ ਕੋਈ ਧਿਆਨ ਨਹੀਂ ਦਿੱਤਾ।

ਇਸੇ ਤਰ੍ਹਾਂ ਹੀ ਦੂਸਰਾ ਮੁੱਦਾ ਜਿਹੜਾ ਬਹੁਤ ਵੱਡਾ ਹੈ, ਉਹ ਹੈ ਇਰੀਗੇਸ਼ਨ ਦਾ ਜਿਸ ਵਿਚ ਫਲੱਡ ਕੰਟਰੋਲ ਆ ਜਾਂਦਾ ਹੈ, ਡਰੇਨੇਜ਼ ਆ ਜਾਂਦੇ ਹਨ । ਇਸ ਬਾਰੇ ਵੀ ਚਰਚਾ ਹੋਈ ਹੈ । ਜਦੋਂ ਇਹ ਰਾਜ ਭਾਗ ਛੱਡ ਕੇ ਗਏ ਸਨ, ਉਸ ਵੇਲੇ ਇਲਾਕੇ ਦੇ ਇਲਾਕੇ ਸੇਮ ਨਾਲ ਤਬਾਹ ਹੋ ਗਏ ਸਨ । ਮੁਕਤਸਰ ਦੀ ਗੱਲ ਸਾਰੇ ਜਾਣਦੇ ਹੋ । ਇਕੱਲਾ ਇਹੀ ਸੇਮ ਨਾਲ ਨਹੀਂ, ਕਿਸਾਨਾਂ ਦੀ ਫਸਲ ਮੁੱਕ ਗਈ, ਸੜਕਾਂ ਟੁੱਟ ਗਈਆਂ, ਸਕੂਲ ਖਤਮ ਹੋ ਗਏ ਅਤੇ ਵਾਟਰ ਵਰਕਸ ਖਤਮ ਹੋ ਗਏ । ਇਹ ਹਾਲਤ ਹਰੇਕ ਨੂੰ ਪਤਾ ਹੈ । ਜਿਵੇਂ ਪਾਕਿਸਤਾਨ ਦੇ ਪੇਂਡੂ ਹਨ, ਉਹ ਹਾਲਤ ਸੀ । ਕਾਰਨ ਕੀ ਸੀ, ਕੌਣ ਜ਼ਿੰਮੇਵਾਰ ਹੈ, ਗੁਨਾਹਗਾਰ ਕੌਣ ਹੈ, ਕਲਪਰਿੱਟ ਕੌਣ ਹੈ । ਸੇਮ ਇਹੋ ਜਿਹੀ ਗੱਲ ਨਹੀਂ ਕਿ ਨਿਕਾਲੀ ਨਹੀਂ ਜਾ ਸਕਦੀ। ਇਹ ਹਨ ਵਿਗਾੜਨ ਵਾਲੇ ਤੇ ਅਸੀਂ ਹਾਂ ਸੰਵਾਰਨ ਵਾਲੇ (ਥੰਪਿੰਗ) ਅਸੀਂ ਇਸ ਵਾਸਤੇ ਇਨ੍ਹਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਡਰੈਗਲਾਈਨ ਮਸ਼ੀਨਾਂ ਹਨ ਜਿਸ ਨਾਲ ਸੇਮ ਨਾਲੀਆਂ ਨਿਕਲਦੀਆਂ ਹਨ । ਇਨ੍ਹਾਂ ਨੇ ਆਪਣੇ ਪੰਜ ਸਾਲਾਂ ਵਿਚ ਛੇ ਡਰੈਗ ਲਾਈਨਾਂ ਖਰੀਦੀਆਂ ਤੇ ਤੁਸੀਂ ਜਾਣ ਕੇ ਹੈਰਾਨ ਹੋਵੋਗੇ ਕਿ ਉਨ੍ਹਾਂ ਦੀ ਕੀਮਤ ਅਸੀਂ ਦਿੱਤੀ । ਇਨ੍ਹਾਂ ਨੇ ਪੈਸੇ ਵੀ ਨਹੀਂ ਦਿੱਤੇ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੇ ਕਿਹਾ ਕਿ ਖਰੀਦ ਲਓ, ਰਿਕਾਰਡ ਤੇ ਰਹੇਗਾ ਪਰ ਪੈਸੇ ਨਹੀਂ ਦਿੱਤੇ ਤੇ ਪਤਾ ਨਹੀਂ ਵਰਤੀਆਂ ਵੀ ਹਨ ਕਿ ਨਹੀਂ । ਪੰਜ ਸਾਲਾਂ ਵਿਚ 87 ਕਰੋੜ ਰੁਪਿਆ ਡਰੇਨੇਜ਼ ਤੇ ਖਰਚ ਕੀਤਾ । ਅਸੀਂ ਦੋ ਸਾਲਾਂ ਵਿਚ ਇਹ ਸੇਮ ਖਤਮ ਕਰਨ ਵਾਸਤੇ 373 ਕਿਲੋਮੀਟਰ ਸੇਮ ਨਾਲੀਆਂ ਪੁੱਟੀਆਂ ਹਨ । ਸੋ ਇਸ ਤਰ੍ਹਾਂ, ਸਪੀਕਰ ਸਾਹਿਬ, ਤਕਰੀਬਨ 247 ਕਰੋੜ ਰੁਪਿਆ ਖਰਚ ਕੀਤਾ । (ਥੰਪਿੰਗ) ਸੇਮ ਸੌਖੀ ਨਹੀਂ ਨਿਕਲੀ । ਤੁਸੀਂ ਅੰਦਾਜ਼ਾ ਲਾਓ, ਇਸ ਵਾਸਤੇ ਅਸੀਂ ਕੀ ਕੀਤਾ । ਸੇਮ ਨੂੰ ਕੱਢਣ ਵਾਸਤੇ ਕੀ ਕੀਤਾ । ਹੁਣ ਸਾਡੇ ਕੋਲ ਬਹੁਤ ਸਾਰੇ ਹੋਰ ਪ੍ਰਾਜੈਕਟ ਹਨ । ਮੈਨੂੰ ਪਤਾ ਹੈ ਕਿ ਉਨ੍ਹਾਂ ਵਿਚ ਮਾਛੀਵਾੜਾ, ਬੇਗਾ, ਮਾਨਸਾ, ਕਾਹਨੂੰਵਾਨ ਵਗੈਰਾ ਹਨ ਜਿਥੇ ਵਾਟਰ ਲਾਗਿੰਗ ਦੀ ਸ਼ਿਕਾਇਤ ਹੈ । 2.5 ਲੱਖ ਹੈਕਟੇਅਰ ਏਰੀਆ ਹਾਲੇ ਵੀ ਵਾਟਰਲਾਗਿੰਗ ਦੇ ਥੱਲੇ ਹੈ । 1999-2000 ਵਿਚ 93000 ਹੈਕਟੇਅਰ ਜ਼ਮੀਨ ਵਿਚੋਂ ਵਾਟਰਲਾਗਿੰਗ ਨੂੰ ਕੱਢ ਸਕਾਂਗੇ ਅਤੇ 40 ਕਰੋੜ ਰੁਪਿਆ ਇਸ ਉਤੇ ਖਰਚ ਕੀਤਾ ਜਾਵੇਗਾ । 2001 ਵਿਚ ਅਸੀਂ ਇਸ ਸਦਨ ਵਿਚ ਖੜ੍ਹੇ ਹੋ ਕੇ ਕਹਿ ਸਕਾਂਗੇ ਕਿ ਪੰਜਾਬ ਵਿਚ ਇਕ ਇੰਚ ਧਰਤੀ ਵੀ ਹੁਣ ਵਾਟਰਲਾਗਿੰਗ ਦੇ ਥੱਲੇ ਨਹੀਂ ਹੈ । ਹਾਲੇ ਜਿਹੜਾ ਸਾਡਾ ਨੁਕਸਾਨ ਹੋ ਰਿਹਾ

[ਮੁੱਖ ਮੰਤਰੀ]

ਹੈ ਸਾਡੇ ਦਰਿਆਵਾਂ ਦੇ ਪਾਣੀ ਕਰਕੇ, ਉਸ ਦਾ ਪਰਾਪਰ ਪ੍ਰਬੰਧ ਕੀਤਾ ਜਾਵੇਗਾ ਤਾਂਕਿ ਫਲੱਡ ਨਾਲ ਜਿਹੜਾ ਨੁਕਸਾਨ ਹੁੰਦਾ ਹੈ, ਉਹ ਨਾ ਹੋਵੇ। ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਧੁੱਸੀ ਬੰਧ ਬਣਾਉਣ ਵੱਲ ਕਦੇ ਧਿਆਨ ਨਹੀਂ ਦਿੱਤਾ। ਅਸੀਂ ਪਿਛਲੇ ਦੋ ਸਾਲਾਂ ਦੇ ਵਿਚ 25 ਕਿਲੋਮੀਟਰ ਦੇ ਏਰੀਆ ਵਿਚ ਨਵੇਂ ਬੰਧ ਬਣਾਏ ਹਨ ਅਤੇ 380 ਕਿਲੋਮੀਟਰ ਦੇ ਧੁੱਸੀ ਬੰਧ ਦੀ ਸਟੇਂਰਥਨਿੰਗ ਕੀਤੀ ਹੈ। ਜੇਕਰ ਅਸੀਂ ਕੁਝ ਇਸ ਪਾਸੇ ਕੀਤਾ ਹੈ, ਤਾਂ ਹੀ ਫਲੱਡ ਰੁਕੇ ਹਨ ਅਤੇ ਦਰਿਆਵਾਂ ਦੇ ਪਾਣੀ ਨਾਲ ਪਿਛਲੇ ਦੋ ਸਾਲਾਂ ਦੇ ਵਿਚ ਕੋਈ ਨੁਕਸਾਨ ਨਹੀਂ ਹੋਇਆ ਹੈ। ਇਹ ਨੁਕਸਾਨ ਪੰਜਾਬ ਵਿਚ ਕਿਉਂ ਨਹੀਂ ਹੋਇਆ ਹੈ। ਅਸੀਂ 13000 ਹੈਕਟੇਅਰ ਲੈਂਡ ਰੀਕਲੇਮ ਕੀਤੀ ਹੈ ਜਿਸ ਕਰਕੇ ਪੰਜਾਬ ਵਿਚ ਫਲੱਡ ਆਉਣੇ ਰੁਕੇ ਹਨ। ਘੱਗਰ ਦਰਿਆ ਦੀ ਗੱਲ ਮੈਂ ਬਾਅਦ ਵਿਚ ਕਰਾਂਗਾ। ਇਸ ਦਰਿਆ ਦੇ ਨਾਲ ਜਿਹੜਾ ਨੁਕਸਾਨ ਪੰਜਾਬ ਦਾ ਹੁੰਦਾ ਹੈ ਘੱਗਰ ਦਰਿਆ ਇਕ ਪਾਸੇ ਤੇ ਹੈ। ਇਸ ਦਰਿਆ ਨਾਲ ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਦਾ ਬਹੁਤ ਨੁਕਸਾਨ ਹੁੰਦਾ ਹੈ ਅਤੇ ਕਈ ਸਾਲਾਂ ਤੋਂ ਇਹ ਨੁਕਸਾਨ ਹੋ ਰਿਹਾ ਹੈ। ਪਿਛਲੇ 50 ਸਾਲਾਂ ਦੇ ਵਿਚ ਕਿਸੇ ਨੇ ਘੱਗਰ ਦਰਿਆ ਦੇ ਬਾਰੇ ਨਹੀਂ ਸੋਚਿਆ ਹੈ। ਇਸ ਦਰਿਆ ਕਰਕੇ ਇਥੋਂ ਦੇ ਗਰੀਬ ਕਿਸਾਨਾਂ ਦਾ ਬਹੁਤ ਵੱਡਾ ਏਰੀਆ ਨੁਕਸਾਨ ਦੀ ਲਪੇਟ ਵਿਚ ਆਉਂਦਾ ਹੈ। ਇਸ ਦੇ ਲਈ ਅਸੀਂ ਇਕ ਕੰਪਰੀਹੈਂਸਿਵ ਪ੍ਰੋਗਰਾਮ ਬਣਾਇਆ ਹੈ। ਅਸੀਂ ਇਸ ਸਾਲ 25 ਕਰੋੜ ਰੁਪਏ ਇਸ ਪ੍ਰੋਗਰਾਮ ਉਤੇ ਖਰਚ ਕਰਾਂਗੇ ਜਿਹੜੇ ਇਸ ਸਾਲ ਰੱਖੇ ਗਏ ਹਨ। ਇਸ ਦੇ ਨਾਲ ਇਸ ਸਾਲ ਦੇ ਜੂਨ, ਜੁਲਾਈ ਤੱਕ 25 ਕਰੋੜ ਰੁਪਿਆ ਖਰਚ ਕਰਕੇ ਇਸ ਦਰਿਆ ਤੋਂ ਜਿਹੜਾ ਨੁਕਸਾਨ ਹੁੰਦਾ ਹੈ, ਉਸ ਨੂੰ ਅਸੀਂ ਘਟਾ ਸਕਾਂਗੇ ਅਤੇ 1-2 ਸਾਲਾਂ ਦੇ ਵਿਚ ਹੋਰ ਖਰਚ ਕਰਕੇ ਇਸ ਨੁਕਸਾਨ ਨੂੰ ਵੀ ਖਤਮ ਕਰ ਦੇਵਾਂਗੇ ਤਾਂਕਿ ਅਸੀਂ ਇਹ ਕਹਿ ਸਕੀਏ ਕਿ ਹੁਣ ਘੱਗਰ ਦਰਿਆ ਨਾਲ ਪੰਜਾਬ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਕਈ ਨਵੇਂ ਪ੍ਰਾਜੈਕਟ ਬਣਾ ਰਹੇ ਹਾਂ। ਕੰਡੀ ਕਨਾਲ ਵਾਸਤੇ ਅਸੀਂ ਸ਼ੁਰੂ ਕੀਤੇ ਹਨ। ਇਸ ਖੇਤਰ ਵਿਚ ਅਸੀਂ ਹੁਸ਼ਿਆਰਪੁਰ ਤੋਂ ਬਲਾਚੌਰ ਤੱਕ 141 ਕਰੋੜ ਰੁਪਿਆ ਖਰਚ ਕਰਨ ਦੇ ਸਾਧਨ ਜੁਟਾਵਾਂਗੇ ਅਤੇ ਦਿੱਲੀ ਦੀ ਸਰਕਾਰ ਤੋਂ ਇਸ ਦੇ ਲਈ ਮਦਦ ਮੰਗਾਂਗੇ। ਇਸ ਕੰਡੀ ਕੈਨਾਲ ਦੇ ਨਾਲ 218 ਪਿੰਡਾਂ ਨੂੰ ਫਾਇਦਾ ਹੋਵੇਗਾ ਅਤੇ 75000 ਏਕੜ ਜ਼ਮੀਨ ਨੂੰ ਅਸੀਂ ਪਾਣੀ ਦੇ ਸਕਾਂਗੇ। ਇਕ ਅਸੀਂ ਦਸ਼ਮੇਸ਼ ਕੈਨਾਲ ਦਾ 3.21 ਲੱਖ ਹੈਕਟੇਅਰ ਜ਼ਮੀਨ ਨੂੰ ਪਾਣੀ ਦੇਣ ਦੇ ਵਾਸਤੇ ਪ੍ਰਬੰਧ ਕੀਤਾ ਹੈ ਅਤੇ ਇਸ ਉਤੇ ਪੈਸਾ ਖਰਚ ਕਰਾਂਗੇ। ਰਣਜੀਤ ਸਾਗਰ ਡੈਮ ਦੇ ਕੰਪਲੀਟ ਹੋਣ ਨਾਲ ਇਸ ਦਾ ਪਾਣੀ ਯੂ.ਬੀ.ਡੀ. ਸੀ. ਕੈਨਾਲ ਦੇ ਵਿਚ ਨਹੀਂ ਪਾ ਸਕਦੇ। ਯੂ.ਬੀ.ਡੀ.ਸੀ. ਦੇ ਪਾਣੀ ਨੂੰ ਅਸੀਂ ਹਾਲੇ ਵਰਤ ਨਹੀਂ ਸਕਦੇ। ਇਸ ਦੇ ਵਿਚ ਕੁਝ ਪ੍ਰਾਬਲਮ ਹਨ. ਇਹ ਪਾਣੀ ਹਾਲੇ ਵਰਤਣ ਦੇ ਕਾਬਲ ਨਹੀਂ ਹੈ। ਸਾਡਾ ਨਿਸ਼ਾਨਾ ਹੈ ਲੋਕਾਂ ਦੀ ਸੇਵਾ ਕਰਨਾ ਇਥੇ ਕਿਹਾ ਗਿਆ ਕਿ ਕਾਂਗਰਸ ਪਾਰਟੀ ਨੇ ਦਲਿਤ ਵਰਗ ਦਾ ਬੜੀ ਮਦਦ ਕੀਤੀ ਹੈ ਅਤੇ ਹੁਣ ਇਨ੍ਹਾਂ ਦੀ ਹਾਲਤ ਮਾੜੀ ਹੈ ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਿੱਛੇ ਪੰਜ ਸਾਲ ਦੀ ਸਰਕਾਰ ਰਹੀ, ਇਨ੍ਹਾਂ ਨੇ ਪਿਛਲੇ ਪੰਜ ਸਾਲਾਂ ਦੇ ਵਿਚ ਦਲਿਤ ਵਰਗ ਦੇ ਵਾਸਤੇ ਕੇਵਲ 247.31 ਕਰੋੜ ਰੁਪਿਆ ਖਰਚ ਕੀਤਾ ਸੀ। ਚੌਧਰੀ ਸਾਹਿਬ ਇੱਥੇ ਬੈਠੇ ਹਨ,

ਇਹ ਨੋਟ ਕਰ ਲੈਣ । ਅਗਰ ਫਿਗਰ ਗਲਤ ਹੋਵੇ ਤਾਂ ਇਹ ਦੱਸ ਸਕਦੇ ਹਨ । ਇਨ੍ਹਾਂ ਨੇ 247.31 ਕਰੋੜ ਰੁਪਿਆ ਪੰਜ ਸਾਲਾਂ ਵਿਚ ਖਰਚ ਕੀਤਾ ਸੀ ਜਦ ਕਿ ਸਾਡੀ ਸਰਕਾਰ ਨੇ ਪਿਛਲੇ ਦੋ ਸਾਲਾਂ ਦੇ ਵਿਚ ਦਲਿਤ ਵਰਗਾਂ ਉਤੇ 297.93 ਕਰੋੜ ਰੁਪਿਆ ਖਰਚ ਕੀਤਾ ਹੈ । ਸਪੀਕਰ ਸਾਹਿਬ, ਅਸੀਂ ਦੋ ਸਾਲਾਂ ਵਿਚ ਇਤਨੇ ਵੱਧ ਪੈਸੇ ਖਰਚ ਕੀਤੇ । ਜੇ ਕੋਈ ਫਿਗਰਜ਼ ਗਲਤ ਹੋਣ ਤਾਂ ਮੈਨੂੰ ਪੁੱਛ ਸਕਦੇ ਹਾਂ ।

ਚੌਧਰੀ ਜਗਜੀਤ ਸਿੰਘ: ਇਹ ਕਾਗਜ਼ਾਂ ਵਿਚ ਹੀ ਹੈ ।

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਦਲਿਤ ਵਰਗਾਂ ਦੀ ਗੱਲ ਹੈ । ਚੌਧਰੀ ਸਾਹਿਬ ਨਹੀਂ ਭੁੱਲਦੇ । ਇਸ ਕਰਕੇ ਇਹ ਹੁਣ ਐਨਕਾਂ ਪਾ ਕੇ ਬੈਠੇ ਹਨ । ਹਰ ਮੁੱਖ ਮੰਤਰੀ ਕੋਲ ਫਿਗਰਜ਼ ਬਣਾਵਟੀ ਨਹੀਂ ਹੁੰਦੀਆਂ । ਸਾਰੇ ਹਾਊਸ ਵਿਚ ਸਭ ਤੋਂ ਵੱਧ ਦਲਿਤ ਵਰਗਾਂ ਬਾਰੇ ਤੁਸੀਂ ਜਾਣਦੇ ਹੋ । ਮੈਂ ਜੋ ਫਿਗਰਜ਼ ਗੱਲਾਂ ਕਹੀਆਂ ਹਨ, ਜੇਕਰ ਗਲਤ ਹੋਣ ਤਾਂ ਬੇਸ਼ਕ ਕਹਿ ਦਿਓ ।

ਐਜੂਕੇਸ਼ਨ ਦੀ ਸਕੀਮ ਹੈ ਕਿ ਦਲਿਤ ਵਰਗਾਂ ਦੇ ਬੱਚਿਆਂ ਨੂੰ ਜੋ ਪਹਿਲੀ ਤੋਂ 10ਵੀਂ ਜਮਾਤ ਤੱਕ ਪੜ੍ਹਦੇ ਹਨ, ਮੁਫਤ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ । ਇਨ੍ਹਾਂ ਨੇ ਪੰਜ ਸਾਲਾਂ ਵਿਚ 31.28 ਕਰੋੜ ਰੁਪਿਆ ਖਰਚ ਕੀਤਾ । ਜਦ ਕਿ ਪਿਛਲੇ ਦੋ ਸਾਲਾਂ ਦੇ ਵਿਚ ਅਸੀਂ 16.45 ਕਰੋੜ ਰੁਪਿਆ ਖਰਚ ਕੀਤਾ । ਇਸੇ ਤਰ੍ਹਾਂ ਸ਼ਡਿਊਲਡ ਕਾਸਟਾਂ ਨੂੰ ਸਕਾਲਰਸ਼ਿਪ ਵਾਸਤੇ ਇਨ੍ਹਾਂ ਨੇ 1992 ਤੋਂ 1997 ਤਕ 39.77 ਕਰੋੜ ਰੁਪਿਆ ਖਰਚ ਕੀਤਾ । ਲਗਭਗ 39 ਕਰੋੜ ਰੁਪਿਆ ਇਨ੍ਹਾਂ ਨੇ ਪੰਜ ਸਾਲਾਂ ਵਿਚ ਖਰਚ ਕੀਤਾ ਪਰ ਅਸੀਂ ਦੋ ਸਾਲਾਂ ਵਿਚ 34 ਕਰੋੜ ਰੁਪਿਆ ਖਰਚ ਕੀਤਾ । ਅਗਲੇ ਸਾਲ ਲਈ 19 ਕਰੋੜ ਰੁਪਏ ਦੀ ਪ੍ਰੋਵੀਜ਼ਨ ਰੱਖੀ ਹੈ ।

ਇਕ ਨਵੀਂ ਸਕੀਮ ਹਾਊਸ ਫਾਰ ਹਾਊਸਲੈਸ ਦੀ ਹੈ । ਸਾਡੀ ਪਾਰਟੀ ਨਿਤਾਣਿਆਂ ਦੀ ਪਾਰਟੀ ਹੈ, ਭਾਈ ਲਾਲੋ ਦੀ ਪਾਰਟੀ ਹੈ । ਸਪੀਕਰ ਸਾਹਿਬ ਅਸੀਂ ਮਹਿਲਾਂ ਅਤੇ ਪੱਕੇ ਮਕਾਨਾਂ ਵਿਚ ਰਹੀਏ ਪਰ ਦਲਿਤ ਵਰਗਾਂ ਨੂੰ ਪੱਕੇ ਮਕਾਨ ਨਹੀਂ ਚਾਹੀਦੇ ਹਨ ? ਪੱਕੇ ਮਕਾਨਾਂ ਵਾਸਤੇ ਅਸੀਂ 46.37 ਕਰੋੜ ਰੁਪਏ ਖਰਚ ਕੀਤੇ ।

ਚੌਧਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ । ਮੁੱਖ ਮੰਤਰੀ ਜੀ ਨੇ ਐਲਾਨ ਕੀਤਾ ਸੀ ਕਿ ਅਸੀਂ 60 ਕਰੋੜ ਰੁਪਿਆ ਹਰ ਸਾਲ ਖਰਚ ਕਰਾਂਗੇ । ਇਨ੍ਹਾਂ ਨੇ ਦੋ ਸਾਲਾਂ ਵਿਚ 120 ਕਰੋੜ ਰੁਪਿਆ ਖਰਚ ਕਰਨਾ ਸੀ ਪਰ ਸਿਰਫ 45 ਕਰੋੜ ਰੁਪਿਆ ਹੀ ਖਰਚ ਕੀਤਾ । ਇਹ ਹਮਦਰਦੀ ਹੈ ਇਨ੍ਹਾਂ ਦੀ ਸ਼ਡਿਊਲਡ

[ਚੌਧਰੀ ਜਗਜੀਤ ਸਿੰਘ]

ਕਾਸਟਾਂ ਵਾਸਤੇ । ਵੇ ਸਾਲਾਂ ਵਿਚ 24,000 ਮਕਾਨ ਬਣਾਉਣੇ ਸਨ ਪਰ ਅੱਜ ਤਕ 8500 ਮਕਾਨ ਹੀ ਬਣਾਏ ਹਨ । ਸਪੀਕਰ ਸਾਹਿਬ ਸ਼ਡਿਊਲਡ ਕਾਸਟਾਂ ਦੇ ਬੱਚਿਆਂ ਦੀ ਵੀ ਗੱਲ ਇਥੇ ਟਾਕ੍ਰਿਸ ਵਿਚ ਕਹੀ ਗਈ ਹੈ । ਸ਼ਡਿਊਲਡ ਕਾਸਟਾਂ ਦੇ ਬੱਚਿਆਂ ਨੂੰ ਜੋ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਦੇ ਹਨ, ਅਸੀਂ ਵਜ਼ੀਫੇ ਅਤੇ ਸਟਾਈਪੰਡ ਦਿੰਦੇ ਸੀ । ਪੰਜਾਬ ਸਰਕਾਰ ਨੇ ਦੋ ਸਾਲਾਂ ਵਿਚ 50% ਬੱਚਿਆਂ ਨੂੰ ਵਜ਼ੀਫੇ ਦਿੱਤੇ ਹਨ ਅਤੇ ਬਾਕੀ 50% ਦਾ ਬੈਕਲਾਗ ਹੈ । ਇਹ ਇਥੇ ਵਿਗਾਰਜ ਦੀਆਂ ਗੱਲਾਂ ਕਰਦੇ ਹਨ ।

ਮੁੱਖ ਮੰਤਰੀ ਸਪੀਕਰ ਸਾਹਿਬ, ਇਹ ਇਨ੍ਹਾਂ ਦਾ ਫਰਜ਼ ਹੈ । ਜੇਕਰ ਕਮਜ਼ੋਰ ਕੇਸ ਹੋਵੇ ਅਤੇ ਵਕੀਲ ਆਪਣੇ ਕੇਸ ਨੂੰ ਚਮਕਾਵੇ ਤਾਂ ਹੀ ਔਤਾ ਵਕੀਲ ਬਣ ਸਕਦਾ ਹੈ ।

ਸਪੀਕਰ ਸਾਹਿਬ, ਅਸੀਂ 46.37 ਕਰੋੜ ਰੁਪਿਆ ਖਰਚ ਕੀਤਾ । ਅਗਲੇ ਸਾਲ ਦਾ ਜੋ ਬਜਟ ਪੇਸ਼ ਹੋਵੇਗਾ, ਉਸ ਵਿਚ ਅਸੀਂ 52 ਕਰੋੜ ਰੁਪਿਆ ਹੋਰ ਰੱਖ ਰਹੇ ਹਾਂ । (ਥੰਪਿੰਗ) ਇਹ ਜੋ ਅਸੀਂ ਦੋ ਸਾਲਾਂ ਵਿਚ ਕੀਤਾ ਹੈ, ਜੇਕਰ ਇਨ੍ਹਾਂ ਨੇ ਪੰਜ ਸਾਲਾਂ ਵਿਚ ਵੀ ਕੀਤਾ ਹੋਵੇ ਤਾਂ ਮੈਨੂੰ ਕਹਿ ਦੇਣ । ਸਪੀਕਰ ਸਾਹਿਬ, ਇਹ ਇਕ ਧਰਮਸ਼ਾਲਾ ਬਣਾਉਣ ਵਾਸਤੇ 50,000/-ਰੁਪਏ ਦਿੰਦੇ ਸਨ ਅਤੇ 15,000/- ਰੁਪਏ ਰਿਪੇਅਰ ਵਾਸਤੇ ਦਿੰਦੇ ਸਨ । ਅਸੀਂ ਇਕ ਧਰਮਸ਼ਾਲਾ ਵਾਸਤੇ 1 ਲੱਖ ਰੁਪਿਆ ਅਤੇ ਰਿਪੇਅਰ ਵਾਸਤੇ 50,000/- ਰੁਪਏ ਕਰ ਦਿੱਤਾ । (ਥੰਪਿੰਗ)

ਆਪੋਜ਼ੀਸ਼ਨ ਦੇ ਕਈ ਮੈਂਬਰ ਸਾਹਿਬਾਨ ਨੇ ਸਾਡਾ ਧੰਨਵਾਦ ਕੀਤਾ ਹੈ ਜੋ ਸਾਡੀ ਦਲਿਤ ਵਰਗ ਦੇ ਬੱਚਿਆਂ ਨੂੰ ਸ਼ਗਨ ਦੇਣ ਦੀ ਸਕੀਮ ਹੈ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਕੋਈ 1% ਬੇਸ਼ਕ ਰਹਿ ਗਿਆ ਹੋਵੇ ਜਿਸ ਨੂੰ ਲਾਭ ਨਾ ਪਹੁੰਚਿਆ ਹੋਵੇ ਜਦੋਂ ਦੀ ਇਹ ਸਕੀਮ ਸ਼ੁਰੂ ਹੋਈ ਹੈ । ਇਸ ਦੀ ਅਦਾਇਗੀ ਵਿਚ 1% ਤੋਂ ਵੱਧ ਜੇ ਕਮੀ ਰਹਿ ਗਈ ਹੋਵੇ ਤਾਂ ਅਸੀਂ ਦੇਣਦਾਰ ਹਾਂ । ਸਾਰੀਆਂ ਬੱਚੀਆਂ ਜਿਨ੍ਹਾਂ ਦੀ ਸ਼ਾਦੀ ਇਨ੍ਹਾਂ 2 ਸਾਲਾਂ ਦੇ ਵਿਚ ਹੋਈ ਹੈ, ਉਨ੍ਹਾਂ ਸਾਰੀਆਂ ਨੂੰ ਸ਼ਗਨ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਸ਼ਗਨ ਦਾ ਕੀ ਮਤਲਬ ਹੁੰਦਾ ਹੈ ? ਮੈਂ ਇਹ ਨਹੀਂ ਕਹਿੰਦਾ ਕਿ 5100 ਰੁਪਏ ਕੋਈ ਬਹੁਤ ਵੱਡੀ ਰਕਮ ਹੈ, ਇਸ ਨਾਲ ਸਾਰੀ ਸ਼ਾਦੀ ਨਹੀਂ ਹੋ ਜਾਂਦੀ । ਸ਼ਗਨ ਦਾ ਮਤਲਬ ਹੁੰਦਾ ਹੈ, ਪਿਆਰ ਤੇ ਸਤਿਕਾਰ । ਅਸੀਂ ਵੀ ਆਪਣੇ ਰਿਸ਼ਤੇਦਾਰਾਂ ਦੇ ਜਾਂਦੇ ਹਾਂ, ਲੜਕੇ ਦੀ ਸ਼ਾਦੀ ਤੇ ਲੜਕੀ ਦੀ ਸ਼ਾਦੀ ਤੇ ਜਾਂਦੇ ਹਾਂ ਅਤੇ ਉਥੇ ਵੀ ਸ਼ਗਨ ਦਿੰਦੇ ਹਾਂ । ਇਹ ਅਸੀਂ ਪਿਆਰ ਦਾ, ਸਤਿਕਾਰ ਦਾ ਪ੍ਰਗਟਾਵਾ ਕਰਦੇ ਹਾਂ । ਇਸ ਲਈ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਾਰੇ ਹਿੰਦੁਸਤਾਨ ਵਿਚ ਇਕ ਐਸੀ ਸਰਕਾਰ ਹੈ ਜਿਸਨੇ ਇਹ ਸਕੀਮ ਚਲਾਈ ਹੈ । ਕਈ ਥਾਂ ਕਾਂਗਰਸ ਦੀਆਂ ਸਰਕਾਰਾਂ ਹਨ, ਕਮਿਊਨਿਸਟਾਂ ਦੀਆਂ ਸਰਕਾਰਾਂ ਹਨ, ਕਾਮਰੇਡ ਸਾਹਿਬ ਵੀ ਦੱਸ ਦੇਣ, ਇਨ੍ਹਾਂ ਦਾ ਜਿਥੇ ਰਾਜ ਹੈ । ਬਾਕੀ ਸੀ.ਪੀ.ਐਮ. ਦੀ ਸਰਕਾਰ ਤਾਂ ਸੁਖ ਨਾਲ ਕਿਤੇ ਹੈ ਹੀ ਨਹੀਂ ਤੇ ਉਹ ਕਾਲੇ ਕਪੜੇ ਵਾਲੇ ਬਹੁਜਨ ਸਮਾਜ ਪਾਰਟੀ ਦੇ ਜੋ ਸਾਡੇ ਵੀਰ ਹਨ, ਇਨ੍ਹਾਂ ਨੇ ਵੀ ਯੂ.ਪੀ. ਵਿਚ ਰਾਜ ਕੀਤਾ । ਮੈਂ ਇਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਕਦੇ ਤੁਸੀਂ ਦਲਿਤ ਵਰਗ ਦੀ ਕਿਸੇ ਲੜਕੀ ਨੂੰ ਸ਼ਗਨ ਦਿੱਤਾ ਹੈ ?

ਸਪੀਕਰ ਸਾਹਿਬ, ਮੈਂ ਹੋਰ ਬੜੀ ਇੰਟਰਸਟਿੰਗ ਗੱਲ ਦੱਸਦਾ ਹਾਂ ਕਿ ਅਸੀਂ ਇਕ ਕਾਰਪੋਰੇਸ਼ਨ ਬਣਾਈ ਸੀ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਤਾਂ ਕਿ ਉਥੋਂ ਗਰੀਬ ਵਰਗ ਦੇ ਵੀਰਾਂ ਨੂੰ, ਦਲਿਤ ਭਰਾਵਾਂ ਨੂੰ ਕੰਮ ਚਲਾਉਣ ਵਾਸਤੇ ਕਰਜ਼ਾ ਮਿਲ ਸਕੇ । ਪਰ ਕਰਜ਼ਾ ਤਾਂ ਮਿਲੇ ਜੇ ਉਥੇ ਪੈਸੇ ਹੋਣ । ਇਨ੍ਹਾਂ ਦੇ ਰਾਜ ਵੀ ਜੋ ਇਨ੍ਹਾਂ ਨੇ ਇਸ ਪਾਸੇ ਕਾਰਗੁਜ਼ਾਰੀ ਕੀਤੀ ਹੈ, ਦੱਸਣੀ ਚਾਹੁੰਦਾ ਹਾਂ । 1992-93 ਦਾ ਤੁਹਾਡਾ ਸਾਲ ਸੀ, ਕੋਈ ਪੈਸਾ ਇਸ ਕਾਰਪੋਰੇਸ਼ਨ ਨੂੰ ਨਹੀਂ ਦਿੱਤਾ । ਇਕ ਰੁਪਿਆ ਵੀ ਨਹੀਂ ਦਿੱਤਾ ।....

(ਇਕ ਆਵਾਜ਼: ਉਦੋਂ ਅੱਤਵਾਦ ਦਾ ਦੌਰ ਸੀ ।)

ਅੱਤਵਾਦ ਰੋਕਦਾ ਤਾਂ ਨਹੀਂ ਸੀ । ਅੱਤਵਾਦ ਨੇ ਕਿਹਾ ਸੀ ਕਿ ਕਾਰਪੋਰੇਸ਼ਨ ਨੂੰ ਪੈਸੇ ਨਾ ਦਿਉ ? ਹਰ ਗੱਲ ਨੂੰ ਅੱਤਵਾਦ ਨਾਲ ਨਾ ਜੋੜੀ ਜਾਉ । ਫੇਰ 1993-94 ਦਾ ਦੂਜਾ ਸਾਲ ਆ ਗਿਆ । ਉਸ ਦੇ ਵਿਚ ਇਕ ਦਮੜੀ ਵੀ ਇਸ ਕਾਰਪੋਰੇਸ਼ਨ ਨੂੰ ਨਹੀਂ ਦਿੱਤੀ ਗਈ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਫੇਰ 1994-95 ਵਿਚ 1 ਕਰੋੜ ਰੁਪਿਆ ਦਿੱਤਾ ਅਤੇ 1995-96 ਵਿਚ ਇਕ ਲੱਖ ਰੁਪਿਆ ਹੋਰ ਦਿੱਤਾ ਯਾਨੀ ਕੁੱਲ ਇਕ ਕਰੋੜ ਇਕ ਲੱਖ ਰੁਪਏ ਦਿੱਤੇ । ਫੇਰ ਸੋਚਿਆ ਕਿ ਕੀ ਲੋੜ ਹੈ, ਉਂਵੇਂ ਹੀ ਡੰਗ ਸਰ ਜਾਂਦਾ ਹੈ । 1996-97 ਵਿਚ ਫੇਰ ਇਕ ਦਮੜੀ ਨਹੀਂ ਦਿੱਤੀ । (ਸ਼ੇਮ ਸ਼ੇਮ ਦੀਆਂ ਆਵਾਜ਼ਾਂ) 5 ਸਾਲ ਦੇ ਕਾਂਗਰਸ ਦੇ ਰਾਜ ਵਿਚ ਕੁਲ ਇਕ ਕਰੋੜ ਇਕ ਲੱਖ ਰੁਪਿਆ ਇਸ ਕਾਰਪੋਰੇਸ਼ਨ ਨੂੰ ਦਿੱਤਾ ਗਿਆ ਜਿਸ ਦੀ ਕੋਈ ਕ੍ਰੈਡਿਬਿਲਟੀ ਨਹੀਂ । ਇਹ ਸਿਰਫ ਇਕ ਕਰੋੜ ਇਕ ਲੱਖ ਰੁਪਿਆ ਦਿੱਤਾ ਗਿਆ । ਕਾਮਰੇਡ ਸਾਹਿਬ, ਤੁਸੀਂ ਛੱਡੋ ਇਨ੍ਹਾਂ ਦਾ ਸਾਥ ਛੱਡੋ ਇਹ ਦਲਿਤਾਂ ਨੂੰ ਮਾਰੀ ਜਾਂਦੇ ਹਨ । ਹੁਣ ਸਾਡਾ ਵੇਖ ਲਓ । ਸਾਡਾ ਰਿਕਾਰਡ ਹੈ ਕਿਉਂਕਿ ਅਸੀਂ 1997-98 ਵਿਚ ਇਸ ਕਾਰਪੋਰੇਸ਼ਨ ਨੂੰ 2 ਕਰੋੜ ਰੁਪਏ ਦਿੱਤੇ ਅਤੇ 1998-99 ਵਿਚ 1.79 ਕਰੋੜ ਰੁਪਏ ਯਾਨੀ ਕੁਲ 3.79 ਕਰੋੜ ਰੁਪਏ ਇਸ ਕਾਰਪੋਰੇਸ਼ਨ ਨੂੰ ਅਸੀਂ 2 ਸਾਲਾਂ ਵਿਚ ਦਿੱਤੇ ਜਿੱਥੇ ਕਿ ਇਨ੍ਹਾਂ ਨੇ 5 ਸਾਲਾਂ ਵਿਚ 1 ਕਰੋੜ 1 ਲੱਖ ਰੁਪਿਆ ਇਸ ਕਾਰਪੋਰੇਸ਼ਨ ਵਿਚ ਪਾਇਆ ।

ਚੌਧਰੀ ਜਗਜੀਤ ਸਿੰਘ : ਤੁਸੀਂ 5 ਕਰੋੜ ਰੁਪਏ ਦੀ ਅਨਾਊਂਸਮੈਂਟ ਕੀਤੀ ਸੀ ਏਥੇ ।

ਮੁੱਖ ਮੰਤਰੀ : ਉਹ ਵੀ ਮੈਂ ਦੱਸਦਾ ਹਾਂ । ਤੁਹਾਡੀ ਜੇ ਤਸੱਲੀ ਨਾ ਹੋਵੇ, ਮੈਨੂੰ ਫੜ ਲੈਣਾ । ਸਪੀਕਰ ਸਾਹਿਬ, ਇਕ ਆਥੋਰਾਈਜ਼ਡ ਕੈਪੀਟਲ ਹੁੰਦਾ ਹੈ । ਤੁਸੀਂ ਸਾਰਾ ਜਾਣਦੇ ਹੋ । ਉਹ ਜੋ ਇਸ ਕਾਰਪੋਰੇਸ਼ਨ ਦਾ ਸੀ, ਉਹ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ

ਸਥਾਨਕ ਸਰਕਾਰ, ਕਿਰਤ ਅਤੇ ਰੋਜ਼ਗਾਰ ਮੰਤਰੀ : ਸਪੀਕਰ ਸਾਹਿਬ, ਹਾਊਸ ਦਾ ਟਾਈਮ ਐਕਸਟੈਂਡ ਕਰ ਦਿਉ ।

ਸ੍ਰੀ ਸਪੀਕਰ : ਅਜੇ ਤਾਂ ਟਾਈਮ ਹੈ ।

ਮੁੱਖ ਮੰਤਰੀ : ਆਥੋਰਾਈਜ਼ਡ ਕੈਪੀਟਲ ਪਹਿਲਾਂ 30 ਕਰੋੜ ਰੁਪਏ ਸੀ । ਤੁਸੀਂ 40 ਕਰੋੜ ਰੁਪਿਆ ਆਖਿਆ ਸੀ, ਮੈਂ 60 ਕਰੋੜ ਰੁਪਏ ਕੀਤਾ ।

ਚੌਧਰੀ ਜਗਜੀਤ ਸਿੰਘ : 60 ਕਰੋੜ ਰੁਪਿਆ ਅਸੀਂ ਕੀਤਾ । ਤੁਸੀਂ ਫਾਈਲ ਦੇਖ ਲਓ ।

ਮੁੱਖ ਮੰਤਰੀ : ਫਾਈਲ ਤੇ ਹੀ ਰਹਿ ਗਿਆ ਹੋਵੇਗਾ । ਅਸੀਂ 60 ਕਰੋੜ ਰੁਪਿਆ ਆਥੋਰਾਈਜ਼ਡ ਕੈਪੀਟਲ ਕੀਤਾ । ਤੇ ਤੁਸੀਂ ਸ਼ੇਅਰ ਕੈਪੀਟਲ ਕਿੰਨਾ ਪਾਇਆ ? ਸਚਾਈ ਤਾਂ ਇਹ ਹੈ ਕਿ ਆਥੋਰਾਈਜ਼ਡ ਕੈਪੀਟਲ ਵਿਚ ਵੀ ਅਤੇ ਸ਼ੇਅਰ ਕੈਪੀਟਲ ਵਿਚ ਵੀ ਤੁਹਾਡਾ ਕੋਈ ਸਥਾਨ ਨਹੀਂ । ਇਹ ਗੱਲਾਂ ਸਾਬਤ ਕਰਦੀਆਂ ਹਨ ਕਿ ਇਹ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਭਾਈ ਲਾਲੋ ਵਾਲੇ ਹਨ ਅਤੇ ਇਹ ਮਲਿਕ ਭਾਗੋ (ਆਪੋਜ਼ੀਸ਼ਨ ਬੈਂਚਾਂ ਵੱਲ ਇਸ਼ਾਰਾ) ਵਾਲੇ ਹਨ । ਮਲਿਕ ਭਾਗੋ ਜਿਹੜਾ ਹੈ, ਉਹ ਭਾਈ ਲਾਲੋ ਬਣਨਾ ਚਾਹੁੰਦਾ ਹੈ । ਸਪੀਕਰ ਸਾਹਿਬ, ਮੈਨੂੰ ਹੈਰਾਨੀ ਹੁੰਦੀ ਹੈ, ਕਈ ਵਾਰ ਸਾਡੇ ਤੇ ਬੜੀ ਨੁਕਤਾਚੀਨੀ ਹੁੰਦੀ ਹੈ, ਪ੍ਰੈਸ ਵਾਲੇ ਵੀ ਕਰ ਦੇਂਦੇ ਹਨ ਪਰ ਇਹ ਇਕ ਵੀ ਗੱਲ ਦੱਸ ਦੇਣ ਜਿਹੜੀ ਇਨ੍ਹਾਂ ਨੇ 5 ਸਾਲਾਂ ਵਿੱਚ, ਪਿਛਲੇ 20 ਸਾਲਾਂ ਵਿਚ ਸਾਡੇ ਨਾਲੋਂ ਵੱਧ ਕੀਤੀ ਹੋਵੇ । ਕਿਧਰੇ ਵੀ ਇਹ ਸਾਡੇ ਨਾਲੋਂ ਵੱਧ ਨਹੀਂ ।

ਟਰਾਂਸਪੋਰਟ ਜਿਹੜੀ ਛੱਡ ਕੇ ਗਏ ਹਨ, ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਹ ਕਰਦੇ ਕੀ ਰਹੇ ਹਨ ? ਪੈਸਾ ਸਾਰਾ ਜਾਂਦਾ ਕਿਥੇ ਰਿਹਾ ਹੈ ? ਜਿਧਰ ਵੇਖੋ, ਕੋਈ ਡਿਵੈਲਪਮੈਂਟ ਨਹੀਂ । ਟ੍ਰਾਂਸਪੋਰਟ ਦੀ ਜਿਹੜੀ ਗੱਲ ਹੈ, ਇਸ ਦੇ ਵਿਚ 1992-97 ਵਿਚ ਇਨ੍ਹਾਂ ਨੇ 930 ਬੱਸਾਂ ਨਵੀਆਂ ਖਰੀਦੀਆਂ । ਇਨ੍ਹਾਂ ਨੇ ਤਾਂ 5 ਸਾਲਾਂ ਵਿਚ 930 ਬੱਸਾਂ ਖਰੀਦੀਆਂ ਲੇਕਿਨ ਅਸੀਂ ਪਹਿਲੇ ਸਾਲ ਹੀ 1009 ਬੱਸਾਂ ਖਰੀਦੀਆਂ ।

(ਇਕ ਆਵਾਜ਼ : ਇਹ ਸਾਰੀਆਂ ਪੰਜਾਬ ਐਂਡ ਸਿੰਧ ਬੈਂਕ ਕੋਲ ਗਿਰਵੀ ਰੱਖੀਆਂ ਹੋਈਆਂ ਨੇ ।)

ਚਾਹੇ ਗਿਰਵੀ ਰੱਖੀਆਂ ਹੋਈਆਂ ਨੇ ਪਰ ਚੱਲਦੀਆਂ ਤਾਂ ਹਨ । ਤੁਸੀਂ (ਸ੍ਰੀ ਭਗਵਾਨ ਦਾਸ ਅਰੋੜਾ) ਤਾਂ ਟ੍ਰਾਂਸਪੋਰਟਰ ਹੋ, ਤੁਹਾਨੂੰ ਤਾਂ ਜ਼ਿਆਦਾ ਪਤਾ ਹੈ ।

EXTENSION OF TIME OF THE SITTING

ਸ੍ਰੀ ਸਪੀਕਰ : ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਬਾਦਲ ਸਾਹਿਬ ਦੇ ਬੋਲਣ ਤੱਕ ਅਤੇ ਹਾਊਸ ਦਾ ਬਿਜ਼ਨੈਸ ਖਤਮ ਹੋਣ ਤੱਕ ਹਾਊਸ ਦਾ ਟਾਈਮ ਐਕਸਟੈਂਡ ਕਰ ਲਈਏ ?

(ਅਵਾਜ਼ਾਂ : ਹਾਂ ਜੀ, ਹਾਂ ਜੀ ।)

ਸ੍ਰੀ ਸਪੀਕਰ : ਬਾਦਲ ਸਾਹਿਬ ਦੇ ਬੋਲਣ ਤੱਕ ਅਤੇ ਹਾਊਸ ਦਾ ਬਿਜ਼ਨੈਸ ਖਤਮ ਹੋਣ ਤੱਕ ਹਾਊਸ ਦਾ ਟਾਈਮ ਐਕਸਟੈਂਡ ਕੀਤਾ ਜਾਂਦਾ ਹੈ ।

DISCUSSION ON THE GOVERNOR'S ADDRESS AND VOTING ON MOTION OF THANKS (*Resumption*)

ਮੁੱਖ ਮੰਤਰੀ : ਇਸ ਸਾਲ ਅਸੀਂ ਇਕ ਹਜ਼ਾਰ ਹੋਰ ਬੱਸਾਂ ਖਰੀਦਣੀਆਂ ਹਨ ਅਤੇ ਅਸੀਂ ਕਹਿ ਸਕਦੇ ਹਾਂ ਕਿ ਸੰਨ 2001 ਤੱਕ ਪੰਜਾਬ ਬੱਸਿਜ਼ ਦੇ ਫਲੀਟ ਵਿਚ ਇਕ ਵੀ ਪੁਰਾਣੀ ਬੱਸ ਨਹੀਂ ਹੋਵੇਗੀ । ਮੇਰਾ ਖਿਆਲ ਹੈ ਕਿ ਤੁਹਾਡੇ (ਕਾਂਗਰਸੀ ਬੈਂਚਾਂ ਵੱਲ ਇਸ਼ਾਰਾ) ਜਿਹੜੇ ਟ੍ਰਾਂਸਪੋਰਟਰਜ਼ ਹਨ, ਉਹ ਤਾਂ ਇਹ ਸੁਣ ਕੇ ਦੁੱਖ ਮਹਿਸੂਸ ਕਰਦੇ ਹੋਣਗੇ,

ਇਹ ਜਾਣ ਬੁਝ ਕੇ ਨਵੀਆਂ ਬੱਸਾਂ ਨਹੀਂ ਖਰੀਦਦੇ ਸਨ ਕਿਉਂਕਿ ਬਹੁਤੇ ਟ੍ਰਾਂਸਪੋਰਟਰਜ਼ ਕਾਂਗਰਸੀ ਸਨ । ਇਨਾਂ ਨੇ ਟਾਂਸਪੋਰਟ ਵਿਭਾਗ ਨੂੰ ਪੁਰਾਣੇ ਛਕੜੇ ਜਿਹੇ ਦੇ ਕੇ ਹੀ ਕੰਮ ਚਲਾਈ ਰੱਖਿਆ ।

ਸਪੀਕਰ ਸਾਹਿਬ, ਹੁਣ ਮੈਂ ਲੋਕਲ ਬਾਡੀਜ਼ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ । ਸਾਡੇ ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਦੀ ਹਾਲਤ ਵੀ ਕੋਈ ਚੰਗੀ ਨਹੀਂ । ਸ਼ਹਿਰੀਆਂ ਦੀਆਂ ਜੋ ਜ਼ਰੂਰਤਾਂ ਹਨ, ਲੋੜਾਂ ਹਨ, ਉਹ ਪੂਰੀਆਂ ਨਹੀਂ ਹੁੰਦੀਆਂ, ਪਿਛਲੇ ਬੈਕਲਾਗ ਕਰਕੇ । ਅਸੀਂ ਜੋ ਕਝ ਕਦਮ ਇਸ ਪਾਸੇ ਉਠਾਏ ਹਨ, ਉਨ੍ਹਾਂ ਨਾਲ ਲੋਕਾਂ ਨੂੰ ਇਕ ਆਸ ਬੱਝੀ ਹੈ ਅਤੇ ਇਕ ਦਿਨ ਐਸਾ ਆਵੇਗਾ ਜਦੋਂ ਅਸੀਂ ਸ਼ਹਿਰਾਂ ਦੀ ਜ਼ਿੰਦਗੀ ਨੂੰ ਇਕ ਨਮੂਨੇ ਦੀ ਜ਼ਿੰਦਗੀ ਬਣਾ ਸਕਾਂਗੇ । ਅਸਲ ਗੱਲ ਤਾਂ ਇਨਕਮ ਦੀ ਹੈ । ਪੈਸਾ ਜ਼ਿਆਦਾ ਆਵੇਗਾ, ਤਦ ਹੀ ਸਹੂਲਤਾਂ ਮਿਲਣਗੀਆਂ । 1996-97 ਵਿਚ ਇਨ੍ਹਾਂ ਕਾਂਗਰਸੀ ਵੀਰਾਂ ਨੇ ਜੋ ਪੈਸਾ ਇਕੱਠਾ ਕੀਤਾ, ਇਨ੍ਹਾਂ ਕਾਰਪੋਰੇਸ਼ਨਾ ਦੀ ਜੋ ਆਮਦਨ ਇਕੱਠੀ ਕੀਤੀ, ਉਹ ਸੀ 370.73 ਕਰੋੜ ਰੁਪਏ । ਅਸੀਂ ਇਹ ਆਮਦਨ ਹੁਣ ਵਧਾ ਕੇ 532.35 ਕਰੋੜ ਰੁਪਏ ਕਰ ਦਿੱਤੀ ਹੈ । ਅਸੀਂ ਇਹ ਆਮਦਨ 370.73 ਕਰੋੜ ਰੁਪਏ ਤੋਂ ਵਧਾ ਕੇ 532.35 ਕਰੋੜ ਰੁਪਏ ਕਰ ਦਿੱਤੀ ਹੈ ਅਤੇ ਕੋਈ ਵੀ ਨਵਾਂ ਟੈਕਸ ਨਹੀਂ ਲਾਇਆ । ਇਹ ਕੰਮ ਜਿਹੜੇ ਹਨ, ਜਦੋਂ ਤੱਕ ਸੋਚਿਆ ਨਾ ਜਾਵੇ ਅਤੇ ਹਮਦਰਦੀ ਨਾ ਹੋਵੇ, ਉਦੋਂ ਤੱਕ ਨਹੀਂ ਹੁੰਦੇ । ਜੇ ਇਕੱਲੀ ਹਮਦਰਦੀ ਹੀ ਹੋਵੇ, ਤਾਂ ਵੀ ਸੋਚ ਕੇ ਕਿਸੇ ਚੀਜ਼ ਦਾ ਹੱਲ ਲਭਿਆ ਜਾ ਸਕਦਾ ਹੈ । ਟੰਡਨ ਸਾਹਿਬ ਸੋਚਦੇ ਰਹਿੰਦੇ ਹਨ, ਇਸ ਕਰਕੇ ਇਨ੍ਹਾਂ ਨੇ ਦੋ ਤਰ੍ਹਾਂ ਦਾ ਸਿਸਟਮ ਚਲਾਇਆ ਹੈ । ਮੈਨੂੰ ਵੀ ਇਸ ਦਾ ਪਰਸੋਂ ਹੀ ਪਤਾ ਲੱਗਿਆ ਹੈ ਜਦੋਂ ਮੈਂ ਮਹਿਕਮੇ ਨੂੰ ਬੁਲਾ ਕੇ ਕਿਹਾ ਕਿ ਮੈਂ ਹਾਊਸ ਵਿਚ ਬੋਲਣਾ ਹੈ, ਇਸ ਕਰਕੇ ਤੁਹਾਡਾ ਹਾਲ ਚਾਲ ਵੀ ਪੁੱਛ ਲਈਏ । ਜਿਹੜੇ ਸਾਡੇ ਵੱਡੇ ਸ਼ਹਿਰ ਹਨ ਜਿਵੇਂ ਲੁਧਿਆਣਾ ਹੈ, ਜਲੰਧਰ ਹੈ, ਅੰਮ੍ਰਿਤਸਰ ਹੈ, ਉਨ੍ਹਾਂ ਵਿਚ ਬਹੁਤ ਸਾਰੇ ਡਿਪਾਰਟਮੈਂਟ ਹਨ । ਕਿਤੇ ਪਬਲਿਕ ਹੈਲਥ ਦਾ ਕੰਮ ਹੁੰਦਾ ਹੈ ਅਤੇ ਕਿਤੇ ਮਕਾਨਾਂ ਦੇ ਨਕਸ਼ੇ ਬਣਾਉਣ/ਅਪਰੂਵ ਕਰਨ ਦਾ ਕੰਮ ਹੁੰਦਾ ਹੈ । ਉਥੇ ਪਹਿਲਾਂ ਕਿਸੇ ਆਦਮੀ ਨੂੰ ਆਪਣੇ ਮਕਾਨ ਵਗੈਰਾ ਵਾਸਤੇ ਵੱਖ ਵੱਖ ਮਹਿਕਮਿਆਂ ਕੋਲ ਕਈ ਥਾਵਾਂ ਤੇ ਜਾਣਾ ਪੈਂਦਾ ਸੀ । ਮੈਂ ਟੰਡਨ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਛੋਟੇ ਛੋਟੇ ਏਰੀਏ ਕਰਕੇ ਇਕੋ ਇੰਸਪੈਕਟਰ ਨੂੰ ਉਹ ਸਾਰਾ ਕੰਮ ਸੌਂਪ ਦਿੱਤਾ ਹੈ । ਹੁਣ ਕਿਸੇ ਆਦਮੀ ਨੂੰ ਆਪਣੇ ਕੰਮਾਂ ਵਾਸਤੇ ਵੱਖ ਵੱਖ ਥਾਵਾਂ ਤੇ ਜਾਣਾ ਨਹੀਂ ਪਵੇਗਾ । ਇਕੋ ਹੀ ਇੰਸਪੈਕਟਰ ਕੋਲ ਜਾ ਕੇ ਉਹ ਆਪਣਾ ਕੰਮ ਕਰਵਾ ਸਕਦਾ ਹੈ । ਇਸ ਤੋਂ ਇਲਾਵਾ ਇਨ੍ਹਾਂ ਨੇ ਉਥੇ ਜ਼ੋਨਲ ਸਿਸਟਮ ਕਰ ਦਿੱਤਾ ਹੈ । ਕਾਰਪੋਰੇਸ਼ਨਾਂ ਨੂੰ ਜ਼ੋਨਾਂ ਵਿਚ ਵੰਡ ਦਿੱਤਾ ਹੈ ਅਤੇ ਹਰੇਕ ਜ਼ੋਨ ਦਾ ਇਨਚਾਰਜ ਇਕ ਅਸਿਸਟੈਂਟ ਕਮਿਸ਼ਨਰ ਹੋਵੇਗਾ । ਉਸ ਨੂੰ ਉਹ ਅਖਤਿਆਰ ਦਿੱਤੇ ਜਾਣਗੇ ਜਿਹੜੇ ਕਮਿਸ਼ਨਰ ਨੂੰ ਹੁੰਦੇ ਹਨ । ਉਹ ਉਸ ਜ਼ੋਨ ਦੇ ਕਮਿਸ਼ਨਰ ਹੋਣਗੇ । ਇਸ ਦੇ ਨਾਲ ਬਹੁਤ ਵੱਡਾ ਫਾਇਦਾ ਹੋਵੇਗਾ ।

ਇਕ ਸਕੀਮ ਸਤਲੁਜ ਐਕਸ਼ਨ ਪਲਾਨ ਹੈ । ਇਹ, ਸਪੀਕਰ ਸਾਹਿਬ, 1996-97 ਵਿਚ ਸ਼ੁਰੂ ਹੋਈ ਸੀ, ਸੈਂਕਸ਼ਨ ਹੋਈ ਸੀ । ਇਸ ਉਤੇ 230 ਕਰੋੜ ਰੁਪਏ ਦਾ ਖਰਚਾ ਹੋਣਾ ਸੀ ।

[ਮੁੱਖ ਮੰਤਰੀ]

ਜਿਸਦੇ ਨਾਲ ਸਾਡੇ ਬਹੁਤ ਸਾਰੇ ਸ਼ਹਿਰਾਂ ਜਿਵੇਂ ਲੁਧਿਆਣਾ, ਫਿਲੌਰ, ਫਗਵਾੜਾ, ਜਲੰਧਰ ਆਦਿ ਨੂੰ ਨਵਾਂ ਇਨਵਾਇਰਨਮੈਂਟ, ਠੀਕ ਪਾਣੀ ਤੇ ਸੀਵਰੇਜ ਵਗੈਰਾ ਦਾ ਇੰਤਜ਼ਾਮ ਮਿਲਣਾ ਸੀ। 230 ਕਰੋੜ ਰੁਪਏ ਦੇ ਖਰਚ ਨਾਲ ਸਾਨੂੰ ਫਿਕਰ ਪੈ ਗਿਆ ਕਿ ਨਾ 230 ਕਰੋੜ ਰੁਪਏ ਹੋਣਗੇ ਤੇ ਨਾ ਇਹ ਗੱਲ ਬਣਨੀ ਹੈ। ਬਣਾਈਏ ਤਾਂ ਕਿਵੇਂ ਬਣਾਈਏ। ਅਸੀਂ ਜਾਤੀ ਤੌਰ, ਤੇ ਮਨਿਸਟਰਾਂ ਨੇ ਤੇ ਅਫਸਰਾਂ ਨੇ ਸੈਂਟਰ ਨੂੰ ਮਿਲ ਕੇ ਕਨਵਿੰਸ ਕਰਵਾਇਆ ਕਿ ਇਹ ਬੜਾ ਇੰਪਾਰਟੈਂਟ ਪ੍ਰੋਜੈਕਟ ਹੈ ਅਤੇ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਸਿਰੇ ਨਹੀਂ ਲਗਾ ਸਕਦੀ। ਅਸੀਂ ਆਪਣੇ ਆਰਗੂਮੈਂਟਾਂ ਨਾਲ ਉਨ੍ਹਾਂ ਨੂੰ ਕਨਵਿੰਸ ਕਰਵਾਇਆ ਅਤੇ ਉਸ ਦਾ ਇੰਨਾਂ ਵੱਡਾ ਫਾਇਦਾ ਹੋਇਆ ਕਿ ਜਿਥੇ ਪਹਿਲਾਂ ਪੰਜਾਬ ਸਰਕਾਰ ਅਤੇ ਕੇਂਦਰ ਦੀ ਸਰਕਾਰ ਨੇ ਅੱਧਾ-ਅੱਧਾ ਪੈਸਾ ਲਗਾਉਣਾ ਸੀ, ਉਥੇ ਹੁਣ ਕੇਂਦਰ ਦੀ ਸਰਕਾਰ 180 ਕਰੋੜ ਰੁਪਏ ਦੇਵੇਗੀ ਅਤੇ ਪੰਜਾਬ ਸਰਕਾਰ ਕੇਵਲ 45 ਕਰੋੜ ਰੁਪਏ ਤੇ ਕੁਝ ਜ਼ਮੀਨ ਦੇ ਦੇਵੇਗੀ। ਇਸ ਦੇ ਨਾਲ ਇਨ੍ਹਾਂ ਪੰਜਾਂ ਸ਼ਹਿਰਾਂ ਦੀ ਕਾਇਆ ਕਲਪ ਹੋ ਜਾਵੇਗੀ ਅਤੇ ਬੜਾ ਵਧੀਆ ਇੰਤਜ਼ਾਮ ਹੋ ਜਾਵੇਗਾ।

ਸਪੀਕਰ ਸਾਹਿਬ, ਇਕ ਨਵੀਂ ਤਕਨੀਕ ਚਲੀ ਹੈ। ਸਾਡੇ ਸ਼ਹਿਰਾਂ ਵਿਚ ਪਾਣੀ ਦਾ ਪੋਲਿਊਸ਼ਨ ਬਹੁਤ ਹੈ। ਜਿਵੇਂ ਹੁਸ਼ਿਆਰਪੁਰ ਵਿਚ ਗੰਦਾ ਨਾਲਾ ਹੈ। ਅੰਮ੍ਰਿਤਸਰ ਵਿਚ ਗੰਦਾ ਨਾਲਾ ਹੈ। ਇਸ ਦੇ ਵਾਸਤੇ ਇਕ ਨਵੀਂ ਤਕਨੀਕ ਡੱਕ ਵੀਡ ਚੱਲੀ ਹੈ। ਇਹ ਇਕ ਛੋਟੀ ਜਿਹੀ ਬੂਟੀ ਹੁੰਦੀ ਹੈ ਇਸ ਨੂੰ ਗੰਦੇ ਪਾਣੀ ਉੱਤੇ ਵਿਛਾ ਦਿੰਦੇ ਹਨ। ਇਹ ਬੜੀ ਛੇਤੀ ਵਧਦੀ ਹੈ। ਫਿਰ ਇਹ ਉਸਦੇ ਗੰਦੇ ਪਾਣੀ ਨੂੰ ਸਾਫ ਸੁਥਰਾ ਬਣਾਦੇਂਦੀ ਹੈ। ਜੇਕਰ ਦੂਸਰਾ ਟੈਂਕ ਉਥੇ ਬਣਿਆ ਹੋਵੇ ਤਾਂ ਉਸ ਸਾਫ ਪਾਣੀ ਵਿਚ ਮੱਛੀਆਂ ਪਾਲੀਆਂ ਜਾ ਸਕਦੀਆਂ ਹਨ। ਇਸ ਬਾਰੇ ਅਸੀਂ ਤਜਰਬੇ ਕਰ ਰਹੇ ਹਾਂ। ਡੱਕ ਵੀਡ ਸਿਸਟਮ ਤੋਂ ਸਿੱਧੇ ਤੌਰ ਤੇ ਅਸੀਂ ਪਾਣੀ ਦੇ ਪੋਲਿਊਸ਼ਨ ਨੂੰ ਖਤਮ ਕਰ ਸਕਦੇ ਹਾਂ।

ਇਕ ਸੋਲਿਡ-ਵੇਸਟ ਮੈਨੇਜਮੈਂਟ ਦੇ ਵੀ ਕਾਫੀ ਪ੍ਰੋਜੈਕਟ ਲੱਗ ਰਹੇ ਹਨ। ਲੁਧਿਆਣਾ, ਜਲੰਧਰ ਵਿਚ ਸੋਲਿਡ-ਵੇਸਟ ਨੂੰ ਮੈਨਿਓਰ ਵਿਚ ਤਬਦੀਲ ਕੀਤਾ ਜਾਵੇਗਾ ਤਾਂ ਕਿ ਕਿਸਾਨਾਂ ਨੂੰ ਫਾਇਦਾ ਹੋ ਸਕੇ।

ਸਪੀਕਰ ਸਾਹਿਬ, ਨਵਾਂ ਮਿਉਂਸਪਲ ਐਕਟ ਆ ਰਿਹਾ ਹੈ। ਸ਼ਾਇਦ ਇਸੇ ਸੈਸ਼ਨ ਵਿਚ ਹੀ ਆਉਣਾ ਹੈ। ਜੋ 74ਵੀਂ ਅਮੈਂਡਮੈਂਟ ਕੰਸਟੀਚਿਊਸ਼ਨ ਦੀ ਹੋਈ ਸੀ, ਉਸ ਦੇ ਮੁਤਾਬਿਕ ਅਸੀਂ ਆਪਣਾ ਐਕਟ ਢਾਲਣਾ ਹੈ। ਸਪੀਕਰ ਸਾਹਿਬ, ਅਸੀਂ ਚੁੰਗੀਆਂ ਨੂੰ ਕੰਪਿਊਟਰਾਈਜ਼ ਕਰ ਰਹੇ ਹਾਂ ਅਤੇ ਸਿੰਗਲ ਟਰਾਂਜ਼ਿਟ ਪਾਸ ਦੇਣ ਦੀ ਸਕੀਮ ਬਣਾ ਰਹੇ ਹਾਂ। ਇਸ ਦੇ ਤਹਿਤ ਇਕ ਟਰੱਕ ਵਾਲੇ ਨੂੰ ਇਕ ਪਾਸ ਦਿੱਤਾ ਜਾਵੇਗਾ। ਫਿਰ ਉਨ੍ਹਾਂ ਨੂੰ ਵਾਰ ਵਾਰ ਰੋਕੀ ਚੁੰਗੀ ਵਾਸਤੇ ਨਹੀਂ ਬੁਲਾਵੇਗਾ। ਇਸ ਦੇ ਨਾਲ ਸ਼ਹਿਰੀ ਲੋਕਾਂ ਨੂੰ ਸਹੂਲਤ ਹੋਵੇਗੀ। ਸਰਾਬ ਤੇ ਜਿਹੜੀ ਚੁੰਗੀ ਲੱਗਦੀ ਸੀ, ਉਹ ਮਿਉਂਸਪਲ ਕਮੇਟੀਆਂ ਨੂੰ ਸਿੱਧੇ ਤੌਰ ਤੇ ਨਹੀਂ ਜਾਂਦੀ ਸੀ। ਉਹ ਪਹਿਲਾ

ਫਾਈਨਾਂਸ ਵਿਭਾਗ ਕੋਲ ਜਾਂਦੀ ਸੀ ਅਤੇ ਫਿਰ ਉਸ ਵਿਭਾਗ ਤੋਂ ਕਮੇਟੀਆਂ ਕੋਲ ਜਾਂਦੀ ਸੀ। ਇਸ ਸਾਲ ਤੋਂ ਅਸੀਂ ਇਹ ਫੈਸਲਾ ਕਰ ਦਿੱਤਾ ਹੈ ਕਿ ਜਿੰਨੀ ਵੀ ਡਿਊਟੀ (ਐਕਸਾਈਜ਼ ਡਿਊਟੀ) ਲੀਕਰ (ਸ਼ਰਾਬ) ਤੋਂ ਹੋਵੇਗੀ, ਉਸ ਦੇ ਮੁਤਾਬਿਕ ਜਿੰਨਾ ਵੀ ਹਿੱਸਾ ਕਿਸੇ ਕਮੇਟੀ ਦਾ ਬਣਦਾ ਹੋਵੇਗਾ, ਉਹ ਉਸ ਮਿਊਂਸਪਲ ਕਮੇਟੀ ਨੂੰ ਸਿੱਧਾ ਹੀ ਮਿਲ ਜਾਵੇਗਾ। ਇਹ ਬੜੀ ਵੱਡੀ ਗੱਲ ਕੀਤੀ ਹੈ।

ਸਪੀਕਰ ਸਾਹਿਬ, ਇਕ ਗੱਲ ਹੋਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਏਥੇ ਬੈਠੇ ਅਸੀਂ 4-5 ਘੰਟੇ ਸੁਣਦੇ ਰਹਿੰਦੇ ਹਾਂ ਕਿ ਸਾਰੀਆਂ ਗੱਲਾਂ ਹੀ ਗਲਤ ਦੱਸੀਆਂ ਜਾ ਰਹੀਆਂ ਹਨ। ਜਿਹੜੀਆਂ ਗੱਲਾਂ ਅਸੀਂ ਕਰਦੇ ਹਾਂ, ਉਸ ਦੀ ਤਸਵੀਰ ਇਹ ਵੀਰ ਹੋਰ ਬੰਨ੍ਹਦੇ ਹਨ। ਹੁਣ ਲੈ ਲਵੋ ਸੋਸ਼ਲ ਸਕਿਉਰਟੀ ਦੀ ਗੱਲ। ਇਹ ਬਹੁਤ ਜ਼ਰੂਰੀ ਹੈ। ਨੁਕਤਾਚੀਨੀ ਹੁੰਦੀ ਹੈ ਕਿ ਓਲਡ-ਏਜ ਪੈਨਸ਼ਨ ਅਕਾਲੀ ਸਰਕਾਰ ਵਿਚ ਨਹੀਂ ਲੱਗਦੀ। ਇਹ ਗੱਲ ਨੋਟ ਕਰ ਲਵੋ ਕਿ ਇਹ ਸਕੀਮ 1964 ਵਿਚ ਸ਼ੁਰੂ ਹੋਈ ਸੀ। 1997 ਤੱਕ ਜ਼ਿਆਦਾ ਤੁਹਾਡੀ ਸਰਕਾਰ ਰਹੀ ਹੈ। ਇਸ ਸਾਰੇ ਸਮੇਂ ਦੇ ਦੌਰਾਨ ਓਲਡ-ਏਜ ਪੈਨਸ਼ਨ 2,24,590 ਬਜ਼ੁਰਗਾਂ ਨੂੰ ਦਿੱਤੀ ਗਈ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਪੈਨਸ਼ਨ ਪਿਛਲੇ ਤਕਰੀਬਨ 30 ਸਾਲਾਂ ਵਿਚ ਦਿੱਤੀ ਹੈ ਅਤੇ ਤੁਹਾਨੂੰ ਹੁਣ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਅਸੀਂ ਇਕ ਸਾਲ ਵਿਚ ਹੀ 3,74,227 ਪੈਨਸ਼ਨਰ ਹੋਰ ਐਡ ਕੀਤੇ ਹਨ। 1997-99 ਤੱਕ ਇਹ 5,98,817 ਹੋ ਜਾਣਗੇ। ਸਪੀਕਰ ਸਾਹਿਬ, ਇਨ੍ਹਾਂ ਨੇ 30 ਸਾਲਾਂ ਵਿਚ 2 ਲੱਖ ਵਿਅਕਤੀਆਂ ਨੂੰ ਪੈਨਸ਼ਨ ਦਿੱਤੀ ਅਤੇ ਅਸੀਂ ਦੋ ਸਾਲਾਂ ਵਿਚ ਹੀ 5,98,817 ਪੈਨਸ਼ਨਰ ਕਰ ਦਿੱਤੇ ਹਨ। ਇਸੇ ਤਰ੍ਹਾਂ ਵਿੱਡੋ ਪੈਨਸ਼ਨ ਹੈ। ਮੇਰਾ ਖਿਆਲ ਹੈ ਕਿ ਇਕ ਵੀ ਅਜਿਹੀ ਚੀਜ਼ ਨਹੀਂ ਜਿਹੜੀ ਇਨ੍ਹਾਂ ਨੇ ਸਾਡੇ ਮੁਕਾਬਲੇ ਤੇ ਕੀਤੀ ਹੋਵੇ। ਇਸੇ ਤਰ੍ਹਾਂ ਡਿਸਏਬਲਡ ਪੈਨਸ਼ਨ ਅਤੇ ਡੈਸਟੀਚਿਊਟ ਪੈਨਸ਼ਨ ਹੈ, ਉਨ੍ਹਾਂ ਵਿੱਚ ਵੀ ਅਸੀਂ ਵਾਧਾ ਕੀਤਾ ਹੈ ਇਸ ਤੋਂ ਅੱਗੇ ਫਰੀ-ਟਰੈਵਲਿੰਗ ਫੈਸਿਲਟੀ ਟੂ ਵੂਮੈਨ ਦੀ ਗੱਲ ਹੈ। ਅਸਲ ਵਿਚ ਅਸੀਂ ਤਾਂ ਬੀਬੀਆਂ ਨੂੰ ਬਹੁਤ ਸਤਿਕਾਰ ਦਿੰਦੇ ਹਾਂ ....।

ਸ਼੍ਰੀ ਰਮੇਸ਼ ਚੰਦਰ ਡੋਗਰਾ : (ਬੈਠੇ ਬੈਠੇ) ਫਰੀ ਟਰੈਵਲਿੰਗ ਦੀ ਸਕੀਮ ਵੀ ਅਸੀਂ ਹੀ ਸ਼ੁਰੂ ਕੀਤੀ ਸੀ।

ਮੁੱਖ ਮੰਤਰੀ ਸਪੀਕਰ ਸਾਹਿਬ, ਅਸੀਂ ਬੀਬੀਆਂ ਨੂੰ ਬਹੁਤ ਸਤਿਕਾਰ ਦਿੰਦੇ ਹਾਂ ਅਤੇ ਇਸੇ ਲਈ ਹੀ ਅਸੀਂ ਬੀਬੀ ਨੂੰ ਐਸ. ਜੀ. ਪੀ. ਸੀ. ਦਾ ਪ੍ਰੈਜ਼ੀਡੈਂਟ ਬਣਾ ਦਿੱਤਾ ਹੈ। ਅਸੀਂ ਬੀਬੀਆਂ ਨੂੰ, ਲੇਡੀਜ਼ ਨੂੰ ਸਤਿਕਾਰ ਦੇ ਕੇ ਵੱਡੇ ਵੱਡੇ ਅਹੁਦਿਆਂ ਤੇ ਬਿਠਾਉਂਦੇ ਹਾਂ ਪਰ ਇਨ੍ਹਾਂ ਨੇ, ਸਪੀਕਰ ਸਾਹਿਬ, ਪਹਿਲਾਂ ਬੀਬੀ ਰਜਿੰਦਰ ਕੌਰ ਭੱਠਲ ਵਿਚਾਰੀ ਨੂੰ ਇੱਥੇ ਬਿਠਾ ਦਿੱਤਾ, ਕਾਂਗਰਸ ਦੀ ਪ੍ਰਧਾਨ ਸੀ, ਚੌਧਰੀ ਸਾਹਿਬ ਦੂਜੇ ਪਾਸੇ ਬੈਠਦੇ ਸਨ ਪਰ ਪਤਾ ਨਹੀਂ ਦਿੱਲੀ ਜਾ ਕੇ ਕੀ ਛੂ-ਮੰਤਰ ਮਾਰਿਆ, ਉਸਨੂੰ ਵਿਚਾਰੀ ਨੂੰ ਹੁਣ ਦੂਜੇ ਪਾਸੇ ਬਿਠਾ ਦਿੱਤਾ, । ਹੁਣ ਵਿਚਾਰੀ ਸੈਂਟਰ ਵਿੱਚ ਹੀ ਆ ਗਏ ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ ਬੈਠੇ): ਉਹ ਸਾਡੇ ਲੀਡਰ ਹਨ, ਦਿੱਲੀ ਗਏ ਹੋਏ ਹਨ।

ਮੁੱਖ ਮੰਤਰੀ: ਡੋਗਰਾ ਜੀ, ਤੁਸੀਂ ਅੱਜ ਹੀ ਖੜ੍ਹੇ ਹੋ ਕੇ ਪਾਸ ਕਰ ਦਿਓ ਕਿ ਇਹ ਸਾਡੇ ਲੀਡਰ ਹਨ, ਅਸੀਂ ਮੰਨ ਲੈਂਦੇ ਹਾਂ। ਤੁਹਾਨੂੰ ਵੀ ਪਤਾ ਹੈ ਅਤੇ ਸਾਨੂੰ ਵੀ ਪਤਾ ਹੈ ਅਤੇ ਸਾਰੇ ਦੇਸ਼ ਨੂੰ ਪਤਾ ਹੈ। ਇਸ ਲਈ ਕਾਹਨੂੰ ਤੁਸੀਂ ਵਕਾਲਤ ਕਰ ਰਹੇ ਹੋ। ਸਪੀਕਰ ਸਾਹਿਬ, ਮੈਨੂੰ ਇਕ ਗੱਲ ਯਾਦ ਆ ਗਈ ਹੈ। ਸਿਰਸਾ ਵਿਖੇ ਇਕ ਸੇਠ ਪ੍ਰੇਮ ਚੰਦ ਜਾਂ ਰਾਮ ਰਹਿੰਦਾ ਸੀ। ਉਹ ਕਾਫੀ ਧਨਾਢ ਸੀ, ਪੈਸੇ ਵਾਲਾ ਸੀ। ਉਹ ਮਨਿਸਟਰ ਬਣ ਗਿਆ। ਉਸਨੇ ਸੋਚਿਆ ਕਿ ਘਰ ਦਾ ਦੁੱਧ ਪੀਆ ਕਰਾਂਗੇ, ਉਹ ਟਰੱਕ ਤੇ ਦੋ ਮੱਝਾਂ ਚੰਡੀਗੜ੍ਹ ਆਉਣ ਵੇਲੇ ਲੈ ਆਇਆ। ਸਪੀਕਰ ਸਾਹਿਬ, ਬਦਕਿਸਮਤੀ ਇਸ ਤਰ੍ਹਾਂ ਵੀ ਹੁੰਦੀ ਹੈ ਕਿ ਚਾਰ ਦਿਨ ਮਗਰੋਂ ਹੀ ਮਨਿਸਟਰੀ ਟੁੱਟ ਗਈ ਅਤੇ ਉਸ ਪ੍ਰੇਮ ਚੰਦ ਨੂੰ ਵਾਪਸ ਸਿਰਸੇ ਮੁੜਨਾ ਪੈ ਗਿਆ। ਜਦੋਂ ਉਹ ਵਾਪਸ ਜਾਣ ਲੱਗਿਆਂ ਤਾਂ ਉਸ ਨੇ ਸੋਚਿਆ ਕਿ ਮੱਝਾਂ ਵੀ ਵਾਪਸ ਹੀ ਲੈ ਜਾਂਦੇ ਹਾਂ। ਜਦੋਂ ਉਹ ਸਿਰਸੇ ਵਿਖੇ ਚੁੰਗੀ ਕੋਲ ਗਿਆ ਤਾਂ ਉਹ ਦੋਵੇਂ ਮੱਝਾਂ ਮਰ ਗਈਆਂ ਤਾਂ ਲੋਕ ਕਹਿਣ ਲੱਗੇ ਕਿ ਪ੍ਰੇਮ ਚੰਦ ਨੂੰ ਭਾਵੇਂ ਸ਼ਰਮ ਆਵੇ ਜਾਂ ਨਾ ਆਵੇ ਪਰ ਮੱਝਾਂ ਨੇ ਜ਼ਰੂਰ ਸ਼ਰਮ ਮਹਿਸੂਸ ਕੀਤੀ ਹੈ, ਇਸੇ ਲਈ ਉਹ ਮਰ ਗਈਆਂ ਹਨ। ਇਸ ਲਈ ਬੀਬੀ ਨੂੰ (ਸ੍ਰੀਮਤੀ ਰਾਜਿੰਦਰ ਕੌਰ ਭੱਠਲ) ਪਤਾ ਨਹੀਂ ਸ਼ਰਮ ਆਵੇ ਜਾਂ ਨਾ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ ਬੈਠੇ) ਬਾਦਲ ਸਾਹਿਬ, ਤੁਸੀਂ ਬੜੀ ਹਮਦਰਦੀ ਕਰ ਰਹੇ ਹੋ ਬੀਬੀ ਵਾਸਤੇ।

ਮੁੱਖ ਮੰਤਰੀ ਸਪੀਕਰ ਸਾਹਿਬ, ਸਾਡੀ ਜਿਹੜੀ ਪਾਰਟੀ ਹੈ, ਉਹ ਜਿਨ੍ਹਾਂ ਤੇ ਵੀ ਜਬਰ ਹੋਵੇ, ਜ਼ੁਲਮ ਹੋਵੇ ਉਸਦੀ ਹਮੇਸ਼ਾ ਹਮਦਰਦ ਰਹੀ ਹੈ ਭਾਵੇਂ ਉਹ ਬੀਬੀ ਭੱਠਲ ਹੋਵੇ ਜਾਂ ਚੌਧਰੀ ਸਾਹਿਬ ਹੋਣ ਅਤੇ ਭਾਵੇਂ ਅਵਤਾਰ ਸਿੰਘ ਬਰਾੜ ਹੋਵੇ। ਉਹ ਵੀ ਨਾਹਰੇ ਤਾਂ ਬੜੇ ਮਾਰਦਾ ਰਿਹਾ ਹੈ ਵਿਚਾਰਾ।

ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੀ ਮੱਦ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰ ਸਾਡੇ ਪੰਜਾਬ ਦਾ ਮੇਨ ਕਿੱਤਾ ਹੈ। ਸਾਡਾ ਏਰੀਆ 1.5% ਹੈ ਪਰ ਅਸੀਂ ਸਾਰੇ ਹਿੰਦੁਸਤਾਨ ਵਿਚ 22% ਕਣਕ ਅਤੇ 10% ਰਾਈਸ ਪੈਦਾ ਕਰਦੇ ਹਾਂ। ਬੜੇ ਮਾਣ ਵਾਲੀ ਗੱਲ ਹੈ ਕਿ 60% ਤੋਂ 70% ਅਸੀਂ ਕਣਕ ਕੇਂਦਰੀ ਪੂਲ ਵਿੱਚ ਦਿੰਦੇ ਹਾਂ ਅਤੇ 40% ਤੋਂ 50% ਰਾਈਸ ਦਿੰਦੇ ਹਾਂ। ਲੇਕਿਨ ਇਹੋ ਜਿਹੇ ਬਹਾਦਰ ਲੋਕ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਦੀਆਂ ਪਾਲਿਸੀਆਂ ਨਾਲ ਤਬਾਹ ਹੋ ਗਏ ਹਨ, ਬਰਬਾਦ ਹੋ ਗਏ ਹਨ। ਅੱਜ ਉਹ ਭੁੱਖ ਮਰੀ ਦਾ ਸ਼ਿਕਾਰ ਹਨ। ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਦਾ ਫ਼ਾਰਮਰ ਜਿਹੜਾ ਦੁਨੀਆਂ ਦਾ ਵੱਡਾ ਫਾਰਮਰ ਹੈ, ਉਸ ਦੀ ਪਰ ਕੈਪਿਟਾ ਇਨ-ਕਮ ਸਾਲ ਦੀ 12950/- ਰੁ. ਹੈ ਅਤੇ ਪਰ-ਡੇ 36/- ਰੁ. ਹੈ। 36/- ਰੁਪਏ ਪਰ-ਡੇ ਤਾਂ ਇੱਕ ਛੋਟੇ ਤੋਂ ਛੋਟਾ ਮੁਲਾਜ਼ਮ ਵੀ ਤਨਖਾਹ ਨਹੀਂ ਲੈਂਦਾ। ਪੰਜਾਬ ਦੇ ਕਿਸਾਨ ਤੇ 57

ਸੌ ਕਰੋੜ ਰੁਪਏ ਦਾ ਕਰਜ਼ਾ ਹੈ ਜਿਸ ਵਿੱਚ ਉਹ 46 ਪਰਸੈਂਟ ਆੜ੍ਹਤੀਆਂ ਤੋਂ ਲੈਂਦਾ ਹੈ। ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ 1102 ਕਰੋੜ ਰੁਪਏ ਹਰ ਸਾਲ ਇੰਟਰਸਟ ਭਰਦਾ ਹੈ। ਇਸ ਦੇ ਕੀ ਕਾਰਨ ਹਨ? ਇਸ ਦਾ ਕਾਰਨ ਇਹ ਹੈ ਕਿ ਉਸ ਦੀ ਇਨਪੁੱਟ ਕਾਸਟ ਤਿੰਨ ਟਾਈਮ ਵਧ ਗਈ ਹੈ ਔਰ ਇਨਕਰੀਜ਼ ਇਨ-ਇਨਕਮ ਇੰਡੈਕਸ 1-5 ਹੈ। ਜੇ ਆਮਦਨ ਘੱਟ ਹੋਵੇ ਅਤੇ ਖਰਚਾ ਵੱਧ ਹੋਵੇ ਤਾਂ ਫਿਰ ਕੀ ਹਾਲਤ ਹੋਵੇਗੀ। ਇਨ੍ਹਾਂ ਵੱਲੋਂ ਕਿਸਾਨਾਂ ਨਾਲ ਨਾ-ਹਮਦਰਦੀ ਰੱਖਣ ਕਾਰਨ ਪਿਛਲੇ 15-16 ਸਾਲਾਂ ਤੋਂ ਜਿਹੜੀਆਂ ਪਾਲਿਸੀਆਂ ਬਣਾਈਆਂ, ਉਸ ਨਾਲ ਵਿਚਾਰਾ ਕਿਸਾਨ ਬਹੁਤ ਹੀ ਹੇਠਾਂ ਚਲਿਆ ਗਿਆ ਹੈ। ਹੁਣ ਤੁਸੀਂ ਕੁਝ ਕਹੋਗੇ ਪਰ ਤੁਸੀਂ ਹਾਲਤ ਇਸ ਦੀ ਕੀ ਕੀਤੀ? ਠੀਕ ਹੈ ਸਾਡੀ ਡਿਊਟੀ ਵੀ ਬਣਦੀ ਹੈ। ਸਿਰਫ ਨੁਕਤਾਚੀਨੀ ਹੀ ਕਰੀ ਜਾਈਏ, ਇਸਦਾ ਕੋਈ ਫਾਇਦਾ ਨਹੀਂ। ਅੱਜ ਅਸੀਂ ਜੋ ਕੁਝ ਕੀਤਾ ਹੈ, ਜੋ ਪੰਜਾਬ ਸਰਕਾਰ ਕਰ ਸਕਦੀ ਹੈ, ਮੇਰਾ ਖਿਆਲ ਹੈ ਕਿ ਹਿੰਦੁਸਤਾਨ ਦੀ ਸਰਕਾਰ ਜਾਂ ਦੁਨੀਆਂ ਦੀ ਕੋਈ ਸਰਕਾਰ ਨਹੀਂ ਕਰ ਸਕਦੀ। ਅਸੀਂ ਉਨ੍ਹਾਂ ਦੀ ਹਾਲਤ ਦੇਖੀ ਹੈ। ਸਾਡਾ ਭਾਵੇਂ ਕ੍ਰਿਟੀਸਿਜ਼ਮ ਵੀ ਹੋਇਆ। ਸਾਨੂੰ ਥੋੜ੍ਹੀਆਂ ਬਹੁਤੀਆਂ ਮੁਸ਼ਕਲਾਤਾਂ ਵੀ ਆਈਆਂ ਪਰ ਜੇ ਅਸੀਂ ਜਾਣਦੇ ਹਾਂ ਕਿ ਕਿਸਾਨ ਕਿੰਨਾ ਔਖਾ ਹੈ ਤਾਂ ਸਾਨੂੰ ਸਹੂਲਤਾਂ ਵੀ ਦੇਣੀਆਂ ਚਾਹੀਦੀਆਂ ਹਨ। ਅਸੀਂ ਸਪੀਕਰ ਸਾਹਿਬ, ਕਿਸਾਨਾਂ ਨੂੰ ਮੁਫਤ ਪਾਣੀ ਦਿੱਤਾ ਹੈ। ਇਸ ਤਰ੍ਹਾਂ ਪੰਜਾਬ ਦਾ ਕਿਸਾਨ ਨਹਿਰਾਂ ਤੋਂ 50 ਕਰੋੜ ਰੁਪਏ ਕਨਸੈਸ਼ਨ ਲੈ ਰਿਹਾ ਹੈ। ਬਿਜਲੀ ਤੋਂ 350 ਕਰੋੜ ਰੁਪਏ ਦਾ ਕਨਸੈਸ਼ਨ ਲੈ ਰਿਹਾ ਹੈ। ਅਸੀਂ ਉਸ ਦਾ ਲੈਂਡ ਰੈਵੀਨਿਊ ਛੱਡ ਦਿੱਤਾ ਹੈ, ਆਬਿਆਨਾ ਛੱਡ ਦਿੱਤਾ ਹੈ। ਇਹ 20 ਕਰੋੜ ਰੁਪਏ ਦਾ ਕਨਸੈਸ਼ਨ ਹੈ। ਇੱਥੇ ਹੀ ਬੱਸ ਨਹੀਂ, ਅਸੀਂ ਮਾਰਕੀਟਿੰਗ ਵਿੱਚ ਬਹੁਤ ਵੱਡੀ ਇੰਪਰੂਵਮੈਂਟ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਤੁਸੀਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) 1992 ਤੋਂ 1997 ਤੱਕ 151 ਫੜ੍ਹ ਪੱਕੇ ਕੀਤੇ ਅਤੇ ਇਸ ਸਾਲ 55 ਕਰੋੜ ਰੁਪਏ ਲਗਾਏ। ਅਸੀਂ ਦੋ ਸਾਲਾਂ ਵਿੱਚ ਹੀ 138 ਫੜ੍ਹ ਪੱਕੇ ਕੀਤੇ ਹਨ ਅਤੇ ਇਸ ਸਾਲ 55 ਕਰੋੜ ਰੁਪਿਆ ਲਗਾ ਕੇ 250 ਫੜ੍ਹ ਹੋਰ ਪੱਕੇ ਕਰਨੇ ਹਨ। ਫਿਰ ਥੋੜ੍ਹੇ ਸਾਲ ਬਾਅਦ ਅਸੀਂ ਇੱਥੇ ਕਹਿ ਸਕਾਂਗੇ ਕਿ ਪੰਜਾਬ ਦਾ ਕੋਈ ਵੀ ਅਜਿਹਾ ਫੜ੍ਹ ਕੱਚਾ ਨਹੀਂ ਜਿਸ ਤੇ ਫਸਲ ਵਿਕਦੀ ਹੋਵੇ। ਇਹ ਕਿੰਨੀ ਵੱਡੀ ਪ੍ਰਾਪਤੀ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਛੇਤੀ ਖਤਮ ਕਰਦਾ ਹਾਂ। ਅਸੀਂ ਮਸ਼ੀਨਰੀ ਤੇ ਸਬਸਿਡੀ ਦਿੱਤੀ ਹੈ। ਹਾਰਵੈਸਟਿੰਗ ਫੰਕਸ਼ਨ ਵਿੱਚ ਅਸੀਂ ਮਦਦ ਕੀਤੀ ਹੈ ਔਰ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਦਮ ਚੁੱਕੇ ਹਨ ਜਿਸ ਨਾਲ ਕਿਸਾਨ ਨੂੰ ਫਾਇਦਾ ਹੋਇਆ ਹੈ। ਵੀਟ ਪ੍ਰਾਸੈਸਿੰਗ ਯੂਨਿਟ ਵੀ ਸ਼ੁਰੂ ਕਰਨੇ ਹਨ। ਅਸੀਂ ਇਥੋਂ ਐਕਸਪੋਰਟ ਵੀ 35 ਕਰੋੜ ਰੁਪਏ ਦੀ ਕੀਤੀ ਹੈ। ਸਪੀਕਰ ਸਾਹਿਬ, ਐਕਸਪੋਰਟ ਲਈ ਚਾਹੀਦਾ ਹੋਵੇ ਜਾਂ ਕੋਈ ਹੋਰ ਹਾਰਟੀਕਲਚਰ ਹੋਵੇ, ਉਹ ਚਾਹੁੰਦੇ ਸਨ ਕਿ ਆਰ. ਡੀ. ਐਫ. ਜਾਂ ਮਾਰਕੀਟਿੰਗ ਫੀਸ ਨਾ ਲੱਗੇ। ਅਸੀਂ ਐਕਸਪੋਰਟ ਵਿੱਚ ਮਾਰਕੀਟਿੰਗ ਫੀਸ ਛੋਡ ਦਿੱਤੀ ਹੈ। ਇਹ ਬਹੁਤ ਵੱਡਾ ਫੈਸਲਾ ਲਿਆ ਗਿਆ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਕਿ ਸਾਡੇ ਲੋਕਾਂ ਵਿੱਚ ਹਿੰਮਤ ਬਹੁਤ ਹੈ। ਜੇ ਉਨ੍ਹਾਂ ਦੀ ਮਦਦ ਹੋਵੇ, ਸਹੀ ਗਾਈਡੈਂਸ ਹੋਵੇ ਤਾਂ ਦੁਨੀਆਂ ਤੋਂ ਕਿਤੇ ਅੱਗੇ ਜਾ ਸਕਦੇ ਹਨ। ਮਰਹੂਮ ਪੰਜਾਬ ਵਿੱਚ ਕਾਫੀ

[ਮੁੱਖ ਮੰਤਰੀ]

ਪੈਦਾ ਹੁੰਦਾ ਹੈ। ਸ਼ਾਇਦ ਘੱਟ ਹੀ ਪਤਾ ਹੋਵੇਗਾ ਹੈ ਕਿ ਇੰਡੀਆ ਦਾ ਬਿਗੈਸਟ ਮਸ਼ਰੂਮ ਪਰੋਡਿਊਸਿੰਗ ਪੰਜਾਬ ਹੈ। ਅਸੀਂ 70% ਮਸ਼ਰੂਮ ਪੰਜਾਬ ਵਿੱਚੋਂ ਐਕਸਪੋਰਟ ਕਰ ਰਹੇ ਹਾਂ, ਪੰਜਾਬ ਵਿੱਚੋਂ ਭੇਜ ਰਹੇ ਹਾਂ(ਥੰਪਿੰਗ) ਡੇਰਾਬਸੀ ਚੇਅਰਮੈਨ ਸਾਹਿਬ ਦਾ ਹਲਕਾ ਹੈ ਉਥੇ ਇੱਕ ਫਾਰਮਰ ਹੈ। ਉਸ ਦੇ ਫਾਰਮ ਵਿੱਚ ਮੈਂ ਵੀ ਵੇਖ ਕੇ ਆਇਆ ਹਾਂ। ਹੈਰਾਨੀ ਹੁੰਦੀ ਹੈ ਕਿ ਇਕ ਕਿਸਾਨ ਕਿੰਨਾ ਕੁਝ ਕਰ ਸਕਦਾ ਹੈ। ਅਸੀਂ ਕਰਾਪ ਇੰਸ਼ੋਰੈਂਸ ਸਕੀਮ ਚਾਲੂ ਕਰਨੀ ਹੈ ਅਤੇ ਹੋਰ ਵੀ ਬਹੁਤ ਕੁਝ ਕਰਨਾ ਹੈ ਪਰ ਟਾਇਮ ਥੋੜ੍ਹਾ ਹੋਣ ਕਾਰਨ ਮੈਂ ਛੱਡ ਦਿੰਦਾ ਹਾਂ। ਸਪੀਕਰ ਸਾਹਿਬ, ਅਸੀਂ ਕਿਸਾਨ ਦੀ ਹੋਰ ਵੀ ਬਹੁਤ ਮਦਦ ਕੀਤੀ ਹੈ। ਸਭ ਤੋਂ ਪਹਿਲਾਂ ਮੈਂ ਬ੍ਰਹਮਪੁਰਾ ਸਾਹਿਬ ਨੂੰ ਵਧਾਈ ਦਿੰਦਾ ਹਾਂ। ਕਰਾਪ ਲੋਨ ਲਿਮਟ ਜਿਹੜੀ ਚੌਧਰੀ ਸਾਹਿਬ ਦੀ ਸਰਕਾਰ ਵੇਲੇ ਚਾਲੀ ਹਜ਼ਾਰ ਰੁਪਿਆ ਸੀ, ਉਹ 70 ਹਜ਼ਾਰ ਰੁਪਏ ਕਰ ਦਿੱਤੀ ਹੈ। ਇਕ ਫਾਰਮਰ ਜਿਹੜਾ ਪਿੰਡ ਦੀ ਸੋਸਾਇਟੀ ਤੋਂ 40 ਹਜ਼ਾਰ ਰੁਪਿਆ ਲੈ ਸਕਦਾ ਸੀ, ਹੁਣ ਉਹ 70 ਹਜ਼ਾਰ ਰੁਪਏ ਲੈ ਸਕੇਗਾ। (ਥੰਪਿੰਗ) (ਵਿਘਨ) ਸਾਰਾ ਦੱਸਦੇ ਹਾਂ। ਜਿਹੜੀ ਡਿਸਬਰਸਮੈਂਟ ਹੈ, ਉਹ ਇਨ੍ਹਾਂ ਨੇ ਪੰਜ ਸਾਲਾਂ ਦੇ ਵਿੱਚ 747.23 ਕਰੋੜ ਰੁਪਏ ਦੀ ਦਿੱਤੀ ਹੈ, ਪੈਸਾ ਡਿਸਬਰਸ ਕੀਤਾ ਹੈ। ਅਸੀਂ ਦੋ ਸਾਲਾਂ ਦੇ ਵਿੱਚ ਐਗਜ਼ੈਕਟ ਦੁੱਗਣੇ 1450 ਕਰੋੜ ਰੁਪਏ ਦੇ ਦਿੱਤੇ ਹਨ। ਸਪੀਕਰ ਸਾਹਿਬ, ਮੈਨੂੰ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਨੇ ਕਦੇ ਸੋਚਿਆ ਹੀ ਕੋਈ ਨਹੀਂ। ਜੇਕਰ ਪੈਸਾ ਨਾ ਵੀ ਹੋਵੇ, ਸਿਰਫ ਸੋਚ ਹੀ ਲਿਆ ਜਾਵੇ ਤਾਂ ਵੀ ਬਹੁਤ ਕੁਝ ਹੁੰਦਾ ਹੈ। ਕਾਂਗਰਸ ਗੌਰਮਿੰਟ ਵੇਲੇ ਜੋ ਪਰ-ਏਕੜ ਕੀਮਤ ਦਿੱਤੀ ਜਾਂਦੀ ਸੀ, ਉਹ 80 ਹਜ਼ਾਰ ਰੁਪਏ ਸੀ। ਜੇਕਰ ਕਿਸੇ ਦੀ ਜ਼ਮੀਨ ਐਕਵਾਇਰ ਕਰਨੀ ਹੋਵੇ ਜਾਂ ਹੋਰ ਕੁਝ ਕਰਨਾ ਹੋਵੇ, ਵੈਲੂਏਸ਼ਨ ਆਫ ਲੈਂਡ ਫਾਰ ਪਰਪਜ਼ ਆਫ ਲੋਨ, ਲੋਨ ਲੈਣ ਵਾਸਤੇ ਇਹ ਵੈਲੂਏਸ਼ਨ ਪਾਉਂਦੇ ਹੁੰਦੇ ਸੀ 80 ਹਜ਼ਾਰ ਰੁਪਏ ਅਤੇ ਅਸੀਂ ਉਹ ਵਧਾ ਕੇ 2.05 ਲੱਖ ਰੁਪਏ ਕਰ ਦਿੱਤੀ ਹੈ। ਕਿੱਡੀ ਵੱਡੀ ਗੱਲ ਹੈ। ਨਾਨ-ਫਾਰਮਿੰਗ ਨੂੰ ਵੀ ਕੋਆਪਰੇਟਿਵ ਮਹਿਕਮੇ ਵਾਲੇ ਇਹ ਦੇ ਰਹੇ ਹਨ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਇਕ ਰਿਵਾਲਵਿੰਗ ਕੈਸ਼ ਕਰੈਡਿਟ ਸਕੀਮ ਅਸੀਂ ਬਣਾਈ ਹੈ ਜਿਸ ਬਾਰੇ ਤੁਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ। ਜੇ ਕਿਸੇ ਕੋਲ ਪੰਜ ਏਕੜ ਤੱਕ ਜ਼ਮੀਨ ਹੈ ਤਾਂ ਉਹ ਇਕ ਲੱਖ ਰੁਪਿਆ ਜਦੋਂ ਮਰਜ਼ੀ ਜਾ ਕੇ ਬੈਂਕ ਤੋਂ ਲੈ ਸਕਦਾ ਹੈ। ਜੇ ਪੰਜ ਏਕੜ ਜ਼ਮੀਨ ਹੈ ਤਾਂ ਦੋ ਲੱਖ ਰੁਪਿਆ ਲੈ ਸਕਦਾ ਹੈ। ਵੱਡੀ ਗੱਲ ਜੋ ਕੀਤੀ ਹੈ, ਉਹ ਹੈ ਕਿ ਉਥੇ ਉਸ ਨੂੰ ਇਹ ਨਹੀਂ ਕਿ ਸਾਰੀ ਜ਼ਮੀਨ ਹੀ ਮਾਰਟਗੇਜ ਕਰਾਉਣੀ ਪਵੇਗੀ। ਜੇ ਪੰਜ ਏਕੜ ਪਿੱਛੇ ਉਹ ਇੱਕ ਲੱਖ ਰੁਪਿਆ ਲੈਂਦਾ ਹੈ ਤਾਂ ਇਕ ਏਕੜ ਜ਼ਮੀਨ ਹੀ ਮਾਰਟਗੇਜ ਕਰਾਉਣੀ ਪਵੇਗੀ। ਉਹ ਦਾ ਖਰਚਾ ਕੋਈ ਨਹੀਂ। ਜੇ ਦੋ ਲੱਖ ਰੁਪਿਆ ਲੈਣਾ ਹੈ ਤਾਂ ਦੋ ਏਕੜ ਮਾਰਟਗੇਜ਼ ਕਰਾਉਣੀ ਪਵੇਗੀ, ਭਾਵੇਂ ਉਸ ਕੋਲ 10 ਏਕੜ ਜ਼ਮੀਨ ਹੈ ਜਾਂ 15 ਏਕੜ ਜ਼ਮੀਨ ਹੈ। ਇੰਟਰਸਟ ਰੇਟ ਜਿਹੜਾ ਤੁਸੀਂ ਲੈਂਦੇ ਸੀ, ਅਸੀਂ ਉਸ ਤੋਂ ਇੱਕ ਪ੍ਰਤੀਸ਼ਤ ਹੋਰ ਘਟਾਇਆ ਹੈ। ਇਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜਾ ਲੋਨ ਵਗੈਰਾ ਲੈਣ ਦਾ ਪ੍ਰੋਸੀਜਰ ਸੀ, ਕਾਂਗਰਸ ਵੇਲੇ ਜਦੋਂ ਕਿਸੇ ਨੇ ਕਹਿਣਾ ਕਿ ਮੈਨੂੰ ਲੋਨ ਦਿਓ ਤਾਂ ਉਸ ਨੂੰ ਪਹਿਲਾਂ ਲੀਗਲ ਓਪੀਨੀਅਨ ਲੈਣੀ ਪੈਂਦੀ ਸੀ। ਉਹ

ਕੋਈ ਵਕੀਲ ਕਰੇ ਅਤੇ ਲੀਗਲ ਉਪੀਨੀਅਨ ਲੈ ਕੇ ਦੇਵੇ ਉਸ ਨਾਲ ਇੱਕ ਤਰਕਾਰੀ ਸਰਟੀਫਿਕੇਟ ਹੋਰ ਦੇਣਾ ਪੈਂਦਾ ਸੀ ਅਤੇ ਸਰਪੰਚ ਤੋਂ ਏਰੀਆ ਸਰਟੀਫਿਕੇਟ ਦੇਣਾ ਪੈਂਦਾ ਸੀ। ਐਨ.ਓ.ਸੀ. ਨਾਲ ਲਾਉਣਾ ਪੈਂਦਾ ਸੀ, ਨਾਨ-ਇਨਕਮਬਰੈਂਸ ਸਰਟੀਫਿਕੇਟ ਤਹਿਸੀਲ ਤੋਂ ਲੈਣਾ ਪੈਂਦਾ ਸੀ, ਇਹ ਸਾਰਾ ਪ੍ਰਾਸੈਸ ਕਰਨਾ ਪੈਂਦਾ ਸੀ। ਹੁਣ ਅਸੀਂ ਕੀ ਕਹਿ ਦਿੱਤਾ ਇੱਕ ਐਫੀਡੈਵਿਟ ਅਤੇ ਇੱਕ ਫਾਰਮ, ਇਹ ਦੋ ਗੱਲਾਂ ਹਨ। ਇਸ ਤੋਂ ਵੱਧ ਕੁਝ ਨਹੀਂ ਲੈਣਾ ਅਤੇ ਸਖਤੀ ਨਾਲ ਹਦਾਇਤਾਂ ਕਰ ਦਿੱਤੀਆਂ ਹਨ ਕਿ ਜਦੋਂ ਕੋਈ ਕਿਸਾਨ ਅਪਲਾਈ ਕਰੇ ਲੋਨ ਵਾਸਤੇ ਤਾਂ 15 ਦਿਨਾਂ ਦੇ ਅੰਦਰ ਅੰਦਰ....।

ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸੀ. ਐਮ. ਸਾਹਿਬ ਨੇ ਜੋ ਕਿਹਾ ਹੈ, ਜੋ ਸਰਟੀਫਿਕੇਟਾਂ ਬਾਰੇ ਦੱਸ ਰਹੇ ਹਨ, ਉਹ ਅੱਜ ਵੀ ਲਾਉਣੇ ਪੈਂਦੇ ਹਨ। ਇਹ ਗਲਤ ਇਨਫਰਮੇਸ਼ਨ ਦੇ ਰਹੇ ਹਨ। ਮੈਂ ਆਪ ਇਹ ਲਾ ਕੇ ਆ ਰਿਹਾ ਹਾਂ ..(ਵਿਘਨ) .ਮੈਂ ਬਿਲਕੁਲ ਠੀਕ ਕਹਿ ਰਿਹਾ ਹਾਂ। ਹੁਣ ਵੀ ਇਹ ਸਰਟੀਫਿਕੇਟ ਲਾਉਣੇ ਪੈਂਦੇ ਹਨ।

ਮੁਖ ਮੰਤਰੀ: ਮੈਂਬਰ ਸਾਹਿਬ, ਤੁਹਾਨੂੰ ਇੰਸਟ੍ਰਕਸ਼ਨਾਂ ਦੀ ਕਾਪੀ ਦੇ ਦੇਵਾਂਗੇ। ਮੈਂ ਤਾਂ ਕਹਿੰਦਾ ਹਾਂ ਇਨ੍ਹਾਂ ਨੂੰ ਲੋਨ ਲੈਣ ਦੀ ਲੋੜ ਹੀ ਨਹੀਂ। ਇਨ੍ਹਾਂ ਕੋਲ ਤਾਂ ਪੈਸਾ ਸੰਭਲਦਾ ਨਹੀਂ।

ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ: ਸੈਂਟ੍ਰਲ ਬੈਂਕ ਵਿਚ ਸਾਰੇ ਸਰਟੀਫਿਕੇਟ ਲਾਉਣੇ ਪੈਂਦੇ ਹਨ।

ਮੁੱਖ ਮੰਤਰੀ: ਤੁਸੀਂ ਇਸ ਤਰ੍ਹਾਂ ਕਰੋ, ਜਿਹੜੀ ਇੰਸਟ੍ਰਕਸ਼ਨਾਂ ਦੀ ਕਾਪੀ ਹੈ, ਉਹ ਤੁਹਾਨੂੰ ਦੇ ਦਿਆਂਗੇ।

ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ: ਇੰਸਟ੍ਰਕਸ਼ਨਾਂ ਦੀ ਕਾਪੀ ਬੈਂਕਾਂ ਨੂੰ ਦੇਵੋ।

ਸ਼੍ਰੀ ਸਪੀਕਰ: ਪ੍ਰਧਾਨ ਸਾਹਿਬ, ਕੋਈ ਗੱਲ ਨਹੀਂ। ਬੈਠ ਜਾਓ।

ਮੁੱਖ ਮੰਤਰੀ: ਅਸੀਂ ਹਾਲੇ ਹਫਤਾ ਪਹਿਲਾਂ ਹੋਇਆ ਹੈ, ਇਹ ਹਦਾਇਤਾਂ ਜਾਰੀ ਕੀਤੀਆਂ ਹਨ, ਥੋੜ੍ਹੇ ਜਿਹੇ ਪੀਰੀਅਡ ਵਿਚ ਕੀਤੀਆਂ ਹਨ ਇਸ ਕਰਕੇ ਤੁਹਾਨੂੰ ਪਤਾ ਨਹੀਂ ਹੈ। ਇਨ੍ਹਾਂ ਦੇ ਸਮੇਂ ਵਿੱਚ ਕੀ ਹੁੰਦਾ ਸੀ ਕਿ ਜਿਹੜਾ ਲੋਨ ਲੈਣਾ ਹੁੰਦਾ ਸੀ, ਉਹ ਸਿੱਧਾ ਫਾਰਮਰਜ਼ ਨੂੰ ਨਹੀਂ ਮਿਲਦਾ ਸੀ। ਕੋਈ ਟਰੈਕਟਰ ਤੇ ਲੈਂਦਾ ਸੀ, ਕੋਈ ਇੰਪਲੀਮੈਂਟਸ ਤੇ ਲੈਂਦਾ ਸੀ ਕੋਈ ਟਰੱਕ ਜਾਂ ਹੋਰ ਚੀਜ਼ ਲੈਣ ਲਈ ਲੋਨ ਲੈਂਦਾ ਸੀ, ਉਹ ਵੀ ਥਰਡ ਪਾਰਟੀ ਦੀ ਰਸੀਦ ਤੇ। ਜਦੋਂ ਪੈਸਾ ਲੈ ਜਾਂਦਾ ਸੀ ਤਾਂ ਕੁਝ ਥਰਡ ਪਾਰਟੀ ਵਾਲੇ ਖਾ ਜਾਂਦੇ ਸੀ ਕੁਝ ਹੋਰ ਖਾ ਜਾਂਦੇ ਸੀ। ਤੁਸੀਂ ਵੀ ਸੋਚੋ ਹੋ, ਹਫਤਾ ਹੀ ਹੋਇਆ ਹੈ ਇਹ ਇੰਸਟ੍ਰਕਸ਼ਨਾਂ ਜਾਰੀ ਕੀਤੀਆਂ ਨੂੰ। ਮੈਂ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਅਸੀਂ ਇਹ ਇੰਸਟ੍ਰਕਸ਼ਨਾਂ ਜਾਰੀ ਕੀਤੀਆਂ ਹਨ। ਹਫਤਾ ਤੁਸੀਂ ਹੋਰ ਕੰਮ ਵਿੱਚ ਬੱਝੇ ਰਹੇ। (ਹਾਸਾ) ਮੈਂ ਬੜੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਕਿ ਇਹ ਇੰਸਟ੍ਰਕਸ਼ਨਾਂ ਅਸੀਂ ਜਾਰੀ ਕਰ ਦਿੱਤੀਆਂ ਹਨ;

[ਮੁੱਖ ਮੰਤਰੀ]

ਔਰ ਲੋਨ ਦੀ ਕਲੀਅਰੈਂਸ 15 ਦਿਨਾਂ ਦੇ ਅੰਦਰ ਅੰਦਰ ਹੋਵੇਗੀ । ਜੇਕਰ ਕਿਸੇ ਲੋਨ ਦੇ ਵਿੱਚ 16ਵਾਂ ਦਿਨ ਲੱਗ ਗਿਆ ਤਾਂ ਸਮਝੋ ਉਹ ਅਫਸਰ ਨਹੀਂ ਰਹੇਗਾ । (ਥੰਪਿੰਗ) ਸਪੀਕਰ ਸਾਹਿਬ, ਜਿਹੜਾ ਦੁੱਧ ਦਾ ਭਾਅ ਹੈ, ਮੇਰਾ ਕੋਈ ਵੀਰ ਡੇਅਰੀ ਫਾਰਮਰ ਇਥੇ ਬੈਠਾ ਹੋਵੇਗਾ ਤਾਂ ਉਸ ਨੂੰ ਪਤਾ ਹੋਵੇਗਾ ਕਿ ਇਨ੍ਹਾਂ ਦੇ ਵੇਲੇ 5.31 ਰੁਪਏ ਪਰ-ਲਿਟਰ ਭਾਅ ਦਿੱਤਾ ਜਾਂਦਾ ਸੀ, ਅਸੀਂ ਇਹ ਹੁਣ 8.95 ਰੁਪਏ ਪਰ-ਲਿਟਰ ਕਰ ਦਿੱਤਾ ਹੈ । ਸੋ,.. ਇਹ ਕਿੰਨਾ ਵੱਡਾ ਫਰਕ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ (ਬੈਠੇ ਬੈਠੇ) ਇਹ ਤਾਂ ਬਾਕੀ ਚੀਜ਼ਾਂ ਦੇ ਪ੍ਰਾਈਸਿਜ਼ ਵਧਣ ਕਰਕੇ ਹੋਇਆ ਹੈ ..

ਮੁੱਖ ਮੰਤਰੀ ਡੋਗਰਾ ਸਾਹਿਬ, ਤੁਸੀਂ ਇਹ ਨਾ ਕਹੋ । ਇਹ ਇਨ੍ਹਾਂ ਕਾਰਗੁਜ਼ਾਰੀ ਵੀਰਾਂ ਦੇ ਰਾਜ ਦੀ ਗੱਲ ਹੈ, ਇਸ ਦੇ ਵਿੱਚ ਸਾਡਾ ਕਸੂਰ ਨਹੀਂ ਹੈ । ਜੋ ਇਹ ਕਿਸਾਨਾਂ ਨੂੰ ਪੰਜ ਪੰਜ ਰੁਪਏ ਡੇਅਰੀ ਫਾਰਮਿੰਗ ਨੂੰ ਭਾਅ ਦਿੰਦੇ ਸਨ । ਸਪੀਕਰ ਸਾਹਿਬ, ਇਹ ਵੀ ਕਰ ਦਿੱਤਾ ਹੈ ਕਿ ਲੋਨ ਲੈਣ ਵਾਸਤੇ ਹੈਡ ਕੁਆਰਟਰ ਤੇ ਨਹੀਂ ਜਾਣਾ ਪਵੇਗਾ, ਡਿਸਟ੍ਰਿਕਟ ਲੈਵਲ ਦੇ ਉਤੇ ਹੀ ਇਹ ਸਾਰਾ ਕੁਝ ਹੋਵੇਗਾ । ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕੋਆਪਰੇਟਿਵ ਮਹਿਕਮਾ ਜਿਹੜਾ ਹੈ, ਇਸ ਦੇ ਵਿੱਚ ਕਿਸਾਨਾਂ ਦਾ ਕੋਈ ਹੱਥ ਨਹੀਂ । ਅਫਸਰਾਂ ਦਾ ਰਾਜ ਹੈ, ਅਫਸਰ ਹੀ ਆਪਣੀ ਮਨਮਰਜ਼ੀ ਕਰਦੇ ਹਨ । ਹੁਣ ਅਸੀਂ ਇਸ ਬਾਰੇ ਐਕਟ ਤਿਆਰ ਕਰ ਦਿੱਤਾ ਹੈ ਜਿਹੜਾ ਕਿ ਸਹੀ ਮਾਅਨਿਆਂ ਦੇ ਵਿੱਚ ਕੋਆਪਰੇਸ਼ਨ ਦੀ ਸ਼ੁਰੂਆਤ ਹੋਵੇਗੀ (ਥੰਪਿੰਗ) । ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਲਦੀ ਉਹ ਇਸ ਨੂੰ ਪੇਸ਼ ਕਰਨ ।

ਸਹਿਕਾਰਤਾ ਮੰਤਰੀ (ਬੈਠੇ ਬੈਠੇ) ਠੀਕ ਹੈ ਜੀ, ਪੇਸ਼ ਕਰ ਦਿਆਂਗਾ ।

ਮੁੱਖ ਮੰਤਰੀ ਸਪੀਕਰ ਸਾਹਿਬ, ਕੀ ਕੀ ਦੱਸਾਂ । ਇਨ੍ਹਾਂ ਨੇ ਹਰ ਕਦਮ ਤੇ ਇਹ ਸੋਚਿਆ ਹੋਇਆ ਸੀ ਕਿ ਕਿਸ ਤਰ੍ਹਾਂ ਕਿਸਾਨਾਂ ਨੂੰ ਮਾਰਿਆ ਜਾਵੇ । ਮੈਂ ਜੇਕਰ ਕੋਈ ਗੱਲ ਕਰਾਂ, ਉਸ ਤੇ ਮੈਨੂੰ ਤਾਂ ਸ਼ਰਮ ਆ ਜਾਵੇਗੀ ਪਰ ਇਨ੍ਹਾਂ ਨੂੰ ਨਹੀਂ । ਇਨ੍ਹਾਂ ਦੀ ਸਰਕਾਰ ਦੇ ਵੇਲੇ ਜਦੋਂ ਕਿਸੇ ਕਿਸਾਨ ਦੀ ਜ਼ਮੀਨ ਐਕੁਆਇਰ ਹੁੰਦੀ ਸੀ ਤਾਂ ਡਿਪਟੀ ਕੁਲੈਕਟਰ ਵੱਲੋਂ ਜੇਕਰ ਕਿਸੇ ਜ਼ਮੀਨ ਦੀ ਔਸਤ ਦੇਖ ਕੇ ਘੱਟ ਘੱਟ ਇੱਕ ਏਕੜ ਦਾ 5 ਲੱਖ ਰੁਪਿਆ ਫਿਕਸ ਕੀਤਾ ਜਾਂਦਾ ਸੀ ਤਾਂ ਵਿਚਾਰੇ ਗਰੀਬ ਕਿਸਾਨ ਨੂੰ ਉਸ ਦੇ ਵਿਚੋਂ ਸਿਰਫ 35-40 ਹਜ਼ਾਰ ਰੁਪਿਆ ਹੀ ਮਿਲਦਾ ਸੀ । ਉਹ ਵਿਚਾਰਾ ਇੰਨੇ ਪੈਸੇ ਦੇ ਨਾਲ ਹੀ ਖੁਸ਼ ਹੋ ਜਾਂਦਾ ਸੀ ਕਿਉਂਕਿ ਵਿਚਾਰੇ ਗਰੀਬ ਕਿਸਾਨ ਨੂੰ ਪੈਸੇ ਦੀ ਜ਼ਰੂਰਤ ਹੁੰਦੀ ਸੀ । ਲੇਕਿਨ ਹੁਣ ਇਹ ਕੀਤਾ ਗਿਆ ਹੈ ਕਿ ਜ਼ਮੀਨ ਦਾ ਰੇਟ ਕੁਲੈਕਟਰ ਫਿਕਸ ਨਹੀਂ ਕਰੇਗਾ ਔਰ ਇਹ ਕੁਲੈਕਟਰ ਰੇਟ ਤੇ ਨਹੀਂ ਹੋਵੇਗੀ ਬਲਕਿ ਮਾਰਕੀਟ ਵੈਲਿਊ ਦੇ ਉਤੇ ਮੁਕੱਰਰ ਕੀਤੀ ਜਾਵੇਗੀ । ਜਿਸ ਪਿੰਡ ਦੀ ਜ਼ਮੀਨ ਆਵੇਗੀ, ਉਸ ਪਿੰਡ ਦਾ ਸਰਪੰਚ ਹੋਵੇਗਾ, ਉਸ ਇਲਾਕੇ ਦਾ ਐਮ. ਐਲ. ਏ. ਜਾਂ ਐਮ. ਪੀ. ਔਰ ਡੀ. ਸੀ. ਹੋਵੇਗਾ ਔਰ ਇਹ ਤਿੰਨੋਂ ਸੱਜਣ ਜ਼ਮੀਨ ਦੀ ਕੀਮਤ ਮੁਕੱਰਰ ਕਰਨਗੇ । ਇਸ ਤਰੀਕੇ ਦੇ ਨਾਲ ਜੋ ਮਾਰਕੀਟ ਰੇਟ ਹੋਵੇਗਾ, ਉਸ ਦੇ ਉਤੇ 30% ਉਜਾੜਾ ਅਲਾਊਂਸ ਵੀ ਦਿੱਤਾ ਜਾਵੇਗਾ । ਸਪੀਕਰ ਸਾਹਿਬ, ਇਨ੍ਹਾਂ ਦੀ

ਸਰਕਾਰ ਦੇ ਵੇਲੇ ਜਦੋਂ ਕਿਸੇ ਕਿਸਾਨ ਦੀ ਜ਼ਮੀਨ ਐਕੁਆਇਰ ਹੁੰਦੀ ਸੀ ਤਾਂ ਉਸ ਵਿਚਾਰੇ ਕਿਸਾਨ ਨੂੰ ਸਾਰੀ ਸਾਰੀ ਰਾਤ ਨੀਂਦ ਨਹੀਂ ਸੀ ਆਉਂਦੀ, ਪਰੰਤੂ ਹੁਣ ਸਾਡੇ ਕੋਲ ਕਿਸਾਨ ਆਪ ਆਉਂਦੇ ਹਨ ਅਤੇ ਸਾਨੂੰ ਕਹਿੰਦੇ ਹਨ ਕਿ ਸਾਡੀ ਜ਼ਮੀਨ ਨੂੰ ਵੀ ਕਿਸੇ ਸਕੀਮ ਦੇ ਅਧੀਨ ਲੈ ਲਵੋ ਕਿਉਂਕਿ ਉਹ ਕਰੋੜਪਤੀ ਇਕ ਦਿਨ ਦੇ ਵਿੱਚ ਹੀ ਬਣ ਜਾਂਦੇ ਹਨ। ਸਮਰਾਲਾ ਦੇ ਕੋਲ ਦੇ ਲੋਕ ਮੇਰੇ ਕੋਲ ਆਏ, ਉਥੇ ਕੋਈ ਇੰਡਸਟਰੀ ਵਗੈਰਾ ਲੱਗਣੀ ਸੀ। ਮੈਂ ਤਾਂ ਸੋਚਿਆ ਕਿ ਇਹ ਤਾਂ ਆਏ ਹੋਣਗੇ ਕਿ ਸਾਡੀ ਜ਼ਮੀਨ ਇਸ ਦੇ ਵਿਚ ਨਹੀਂ ਆਉਣੀ ਚਾਹੀਦੀ ਪਰੰਤੂ ਉਨ੍ਹਾਂ ਕਿਸਾਨਾਂ ਨੇ ਕਿਹਾ ਕਿ ਸਾਡੀ ਜ਼ਮੀਨ ਜ਼ਰੂਰ ਇਸ ਦੇ ਵਿੱਚ ਆਉਣੀ ਚਾਹੀਦੀ ਹੈ। ਇਥੇ ਜੋਸ਼ੀ ਸਾਹਿਬ ਬੈਠੇ ਨਹੀਂ ਹਨ, ਉਨ੍ਹਾਂ ਦੇ ਇਲਾਕੇ ਦੀ ਗੱਲ ਹੈ। ਉਥੇ ਜਿਹੜੀ ਰਿਫਾਇਨਰੀ ਬਣਾਈ ਹੈ, ਉਥੋਂ ਦੇ ਲੋਕ ਇੰਨੇ ਖੁਸ਼ ਹਨ ਕਿ ਛਾਲਾਂ ਮਾਰਦੇ ਹਨ ਕਿਉਂਕਿ ਉਥੇ ਇੱਕ ਇੱਕ ਬੰਦਾ ਲੱਖਪਤੀ, ਕਰੋੜਪਤੀ ਬਣ ਗਿਆ ਹੈ।

ਸ੍ਰੀ ਭਗਵਾਨ ਦਾਸ ਅਰੋੜਾ: ਸੀ. ਐਮ. ਸਾਹਿਬ ਨੇ ਮਾਰਕੀਟ ਕੀਮਤ ਬਾਰੇ ਕਿਹਾ ਹੈ, ਇਹ ਕਿਸਾਨਾਂ ਦੀ ਹਮਦਰਦ ਸਰਕਾਰ ਕਹਾਉਂਦੀ ਹੈ ਪਰ ਜਦੋਂ ਸਾਡੀ ਸਰਕਾਰ ਸੀ ਤਾਂ ਉਦੋਂ 3.5 ਲੱਖ ਰੁਪਏ ਏਕੜ ਦੀ ਕੀਮਤ ਸੀ ਲੇਕਿਨ ਹੁਣ ਇਹ ਘਟ ਕੇ 2 ਲੱਖ ਰੁਪਏ ਕਿਉਂ ਰਹਿ ਗਈ ? ਪੰਜਾਬ ਦੇ ਵਿੱਚ ਜ਼ਮੀਨ ਦੀ ਬਹੁਤ ਘਾਟ ਹੈ..

ਸ੍ਰੀ ਸਪੀਕਰ: ਨਹੀਂ ਜੀ, ਅਰੋੜਾ ਜੀ, ਬੈਠ ਜਾਓ।

ਮੁੱਖ ਮੰਤਰੀ: ਸਪੀਕਰ ਸਾਹਿਬ, ਕਾਮਰੇਡ ਸਾਹਿਬ ਅਰਸ਼ੀ ਜੀ ਇਥੇ ਨਹੀਂ ਹਨ, ਉਹ ਹੁੰਦੇ ਤਾਂ . (ਵਿਘਨ)

ਚੌਧਰੀ ਜਗਜੀਤ ਸਿੰਘ: ਤੁਹਾਡੀ ਗੱਲ ਨਹੀਂ ਕਰ ਰਹੇ, ਕੀਮਤ ਘਟਾਉਣ ਦੀ ਗੱਲ ਕਰ ਰਹੇ ਹਾਂ। ਤੁਹਾਡੀ ਆਪਣੀ ਲੜਾਈ ਕਾਰਨ ਇਹ ਡਾਊਨ ਆਈ ਹੈ।

ਮੁੱਖ ਮੰਤਰੀ: ਤੁਸੀਂ ਵੀ ਸ਼ਾਮਲ ਹੋ ਜਾਓ, ਹੋਰ ਡਾਊਨ ਹੋ ਜਾਵੇਗੀ। ਸਾਨੂੰ ਆਪੋਜ਼ੀਸ਼ਨ ਦੇ ਲੀਡਰ ਦਾ ਬਹੁਤ ਸਤਿਕਾਰ ਹੈ। ਗਲਤ ਗੱਲ ਮੈਂ ਨਹੀਂ ਕਹਿਣੀ, ਤੁਸੀਂ ਕਿਉਂ ਕਹਿੰਦੇ ਹੋ ? ਇਨ੍ਹਾਂ ਨੇ ਕਿਹਾ ਹੈ ਕਿ ਇਸ ਸਰਕਾਰ ਤੋਂ ਖੁਸ਼ ਕੋਈ ਨਹੀਂ। ਅਸੀਂ ਏਨੀਆਂ ਗੱਲਾਂ ਕੀਤੀਆਂ ਹਨ ਇਤਿਹਾਸਕ। ਅਖੇ ਨਾ ਇੰਪਲਾਈਜ਼ ਖੁਸ਼ ਹਨ ਅਤੇ ਨਾ ਟਰੇਡਰ ਖੁਸ਼ ਹਨ ਨਾ ਕਿਸਾਨ ਖੁਸ਼ ਹੈ। ਮੈਂ ਕਿਸਾਨ ਦੀ ਸਾਰੀ ਗੱਲ ਤੁਹਾਨੂੰ ਦੱਸ ਦਿੱਤੀ ਹੈ, ਹੁਣ ਇੰਪਲਾਈਜ਼ ਦੀ ਦਸ ਦਿੰਦਾ ਹਾਂ। 1997-98 ਵਿਚ ਅਸੀਂ ਇਨ੍ਹਾਂ ਨੂੰ 450 ਕਰੋੜ ਰੁਪਏ ਵੱਧ ਦਿੱਤੇ ਹਨ ਤੇ 1998-99 ਵਿਚ 1,100 ਕਰੋੜ ਰੁਪਏ ਦਿੱਤੇ ਹਨ। ਦੋ ਸਾਲਾਂ ਵਿਚ ਸਾਡੇ ਜਿਹੜੇ ਮੁਲਾਜ਼ਮ ਭਰਾ ਹਨ, ਬੱਚੇ ਹਨ, ਉਨ੍ਹਾਂ ਦੀਆਂ ਜੇਬਾਂ ਵਿਚ 1,500 ਕਰੋੜ ਰੁਪਏ ਹੋਰ ਪਾ ਦਿੱਤੇ ਹਨ। ਤੁਸੀਂ ਬਾਈਕਾਟ ਕਰ ਦਿੱਤਾ ਕਿ ਤੁਸੀਂ ਦੇਣਾ ਹੈ ਪਰ ਅਸੀਂ ਲੈਣਾ ਨਹੀਂ। ਸਪੀਕਰ ਸਾਹਿਬ, ਆਪਾਂ ਪ੍ਰੈਸ ਵਾਲਿਆਂ ਨਾਲ ਗੱਲ ਕਰ ਲਈਏ ਕਿ ਜੇ ਤੁਸੀਂ ਬਾਈਕਾਟ ਬਾਰੇ ਖਬਰ ਦੇਣੀ ਹੋਵੇ ਤਾਂ ਹੈਡਲਾਈਨ ਨਾ ਲਾਇਆ ਕਰੋ। ਫੇਰ ਕੋਈ ਬਾਈਕਾਟ ਨਾ ਕਰੇ। ਮੋਟੀ ਖਬਰ ਬਾਈਕਾਟ ਦੀ ਲਾ ਦਿੱਤੀ ਜਾਂਦੀ ਹੈ

[ਮੁੱਖ ਮੰਤਰੀ]

ਭਾਵੇਂ ਕੋਈ ਮੁੱਦਾ ਹੋਵੇ ਜਾਂ ਨਾ ਕਿ ਚਲੋ ਉਠੋ, ਬਾਈਕਾਟ ਕਰ ਦਿਓ, ਨਾਹਰੇ ਲਾ ਦਿਓ ਤੇ ਫੇਰ ਮੁੜ ਆਓ। ਇੰਨਾ ਕੁਝ ਕੀਤਾ ਹੈ ਮੁਲਾਜ਼ਮਾਂ ਵਾਸਤੇ। ਮੈਂ ਬੜੇ ਫ਼ਖ਼ਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮੁਲਾਜ਼ਮਾਂ ਦੀਆਂ ਸਾਰੇ ਹਿੰਦੁਸਤਾਨ ਦੀਆਂ ਸਟੇਟਾਂ ਨਾਲੋਂ ਅਤੇ ਸੈਂਟਰ ਨਾਲੋਂ ਵੱਧ ਤਨਖਾਹਾਂ ਹਨ। (ਥੰਪਿੰਗ) ਇਕ ਪੀਅਨ ਹੈ, ਹਰਿਆਣੇ ਵਿਚ ਉਸ ਨੂੰ 2550-3200 ਰੁਪਏ ਦਾ ਸਕੇਲ ਮਿਲਦਾ ਹੈ। ਸੈਂਟਰ ਵਿਚ 2550-3200 ਰੁਪਏ ਦਾ ਸਕੇਲ ਮਿਲਦਾ ਹੈ ਪਰ ਸਾਡੇ ਇਥੇ 2620-4140 ਰੁਪਏ ਦਾ ਸਕੇਲ ਮਿਲਦਾ ਹੈ। ਕਲਰਕ ਹੈ, ਉਸ ਨੂੰ ਹਰਿਆਣੇ ਵਿਚ 3050-4590 ਰੁਪਏ ਦਾ ਸਕੇਲ ਮਿਲਦਾ ਹੈ, ਸੈਂਟਰ ਵਿਚ ਵੀ 3050-4590 ਰੁਪਏ ਦਾ ਸਕੇਲ ਮਿਲਦਾ ਹੈ ਪਰ ਸਾਡੇ ਇਥੇ 3120-5160 ਦਾ ਸਕੇਲ ਮਿਲਦਾ ਹੈ, ਇਸੇ ਤਰ੍ਹਾਂ ਸਪੀਕਰ ਸਾਹਿਬ, ਅਸਿਸਟੈਂਟ ਹੈ ਹਰਿਆਣੇ ਵਿਚ ਉਸ ਨੂੰ 5000-7850 ਰੁਪਏ ਦਾ ਸਕੇਲ ਮਿਲਦਾ ਹੈ। ਸੈਂਟਰ ਵਿਚ 8000/- ਰੁਪਏ ਦਾ ਸਕੇਲ ਮਿਲਦਾ ਹੈ ਪਰ ਪੰਜਾਬ ਵਿਚ 5800-9200 ਰੁਪਏ ਦਾ ਸਕੇਲ ਮਿਲਦਾ ਹੈ। ਇਸੇ ਤਰ੍ਹਾਂ ਹੀ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਹਨ। ਮੇਰਾ ਭਾਵ ਇਹ ਹੈ ਕਿ ਅਸੀਂ ਰੱਜ ਕੇ ਪਹਿਲਾਂ ਵੀ ਗੱਫੇ ਦਿੱਤੇ ਹਨ ਤੇ ਹੁਣ ਵੀ ਹਰ ਤਰ੍ਹਾਂ ਨਾਲ ਉਨ੍ਹਾਂ ਦਾ ਖਿਆਲ ਰੱਖਾਂਗੇ। ਸਪੀਕਰ ਸਾਹਿਬ, ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਡੇ ਕੁਝ ਭਰਾਵਾਂ ਨੇ ਉਨ੍ਹਾਂ ਨੂੰ ਬਹੁਤ ਚੁੱਕਿਆ। ਆਪੋਜ਼ੀਸ਼ਨ ਸਮਝਦੀ ਹੈ ਕਿ ਪੁਆਇੰਟ ਉਠਾ ਲਓ ਤੇ ਰੌਲਾ-ਰੱਪਾ ਪਾਓ। ਅਸੀਂ ਜਿਹੜੇ ਪ੍ਰਾਈਵੇਟ ਐਫੀਲਿਏਟਿਡ ਨਾਨ-ਰਿਕਗਨਾਈਜ਼ਡ ਸਕੂਲਾਂ ਦਾ ਮਸਲਾ ਸੀ ਅਤੇ ਪ੍ਰਾਈਵੇਟ ਗੌਰਮਿੰਟ ਏਡਿਡ ਕਾਲਜਾਂ ਦਾ ਮਸਲਾ ਸੀ, ਉਹ ਦੋਵੇਂ ਹੱਲ ਕਰ ਲਏ ਹਨ ਉਨ੍ਹਾਂ ਦੀ ਮੀਟਿੰਗ ਕਲ੍ਹ ਹੋਈ ਸੀ। ਉਹ ਖੁਸ਼ੀ-ਖੁਸ਼ੀ ਵਾਪਸ ਕਰ ਦਿੱਤੇ ਹਨ। (ਥੰਪਿੰਗ)

ਚੌਧਰੀ ਜਗਜੀਤ ਸਿੰਘ : (ਬੈਠੇ-ਬੈਠੇ) ਧੰਨਵਾਦ।

ਮੁੱਖ ਮੰਤਰੀ: ਮੇਰਾ ਖਿਆਲ ਹੈ ਕਿ ਅੰਦਰੋਂ ਤਾਂ ਤੁਸੀਂ ਔਖੇ ਹੋਏ ਹੋਵੋਗੇ। ਮੈਨੂੰ ਪਤਾ ਹੈ ਐਜੀਟੇਸ਼ਨ ਮੁੱਕ ਜਾਵੇ ਤਾਂ ਕੋਈ ਗੱਲ ਨਹੀਂ, ਫੈਸਲਾ ਜੋ ਹੋਇਆ ਹੈ, ਉਸ ਬਾਰੇ ਆਰਡਰ ਇਸ਼ੂ ਹੋ ਜਾਣਗੇ। ਚੀਫ ਸੈਕਟਰੀ ਨੂੰ ਕਹਿ ਦਿੱਤਾ ਹੈ। ਅੱਜ ਹੀ ਹੋ ਜਾਣ ਜਾਂ ਕਲ੍ਹ ਹੋ ਜਾਣਗੇ।

ਕੁਰੱਪਸ਼ਨ ਦੀ ਗੱਲ ਹੋਈ ਹੈ, ਕੁਰੱਪਸ਼ਨ ਬੜੀ ਮਾੜੀ ਗੱਲ ਹੈ। ਇਹ ਤਾਂ ਅਜਿਹਾ ਹੈ ਕਿ ਜਿਸ ਕੰਟਰੀ ਵਿਚ, ਸੂਬੇ ਵਿਚ ਕੁਰੱਪਸ਼ਨ ਆ ਜਾਵੇ, ਉਹ ਮੁਲਕ ਤਰੱਕੀ ਨਹੀਂ ਕਰ ਸਕਦਾ। ਮੈਂ ਗਲਤ ਨਹੀਂ ਕਹਿੰਦਾ। ਇਹ ਕੁਰੱਪਸ਼ਨ ਸਾਡੇ ਖੂਨ ਵਿਚ ਆ ਗਈ ਹੈ। ਕਿਉਂ ਆਈ ? ਵੱਡੀ ਗੱਲ ਇਹ ਹੈ ਕਿ ਕੁਰੱਪਸ਼ਨ ਆਉਂਦੀ ਹੈ ਉਤੋਂ ਦੀ ਹੇਠਾਂ ਵੱਲ ਨੂੰ। ਜੇ ਪ੍ਰਧਾਨ ਮੰਤਰੀ ਕੁਰੱਪਟ ਹੋਵੇਗਾ ਤਾਂ ਪੀਅਨ ਵੀ ਕੁਰੱਪਟ ਹੋ ਜਾਵੇਗਾ। ਜੇ ਪ੍ਰਧਾਨ ਮੰਤਰੀ ਇਮਾਨਦਾਰ ਹੈ ਤਾਂ ਪੀਅਨ ਵੀ ਇਮਾਨਦਾਰ ਹੈ। ਇਹ, ਸਪੀਕਰ ਸਾਹਿਬ, ਕਾਂਗਰਸ ਦੀ ਕੁਰੱਪਸ਼ਨ ਹੈ। ਨਰਸਿਮਹਾ ਰਾਓ ਜੀ ਨੂੰ ਠੋਕਿਆ ਹੈ, ਪਕੜ-ਧਕੜ ਹੋ ਗਈ ਤਾਂ ਉਹ ਜ਼ਿਆਦਾ ਮਸ਼ਹੂਰ ਹੋ ਗਏ। ਮੈਂ ਸ਼ੁਰੂ ਤੋਂ ਹੀ ਜਦੋਂ ਪੰਡਿਤ ਜੀ ਆਪਣੇ ਪ੍ਰਧਾਨ ਮੰਤਰੀ ਸਨ, ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਨਾਂ ਕੱਟ ਦਿਓ, ਸ਼ੁਰੂ ਤੋਂ ਹੀ ਕਹਿ ਦਿੰਦਾ ਹਾਂ। ਉਦੋਂ ਚਾਰ ਹਜ਼ਾਰ ਜੀਪਾਂ ਦਾ ਸਕੈਂਡਲ ਆਇਆ ਜੋ ਕਸ਼ਮੀਰ ਵਾਸਤੇ ਖਰੀਦੀਆਂ ਗਈਆਂ

ਸਨ । ਜੇਕਰ ਇਸ ਦੇ ਵਿਚ ਮੈਂ ਗਲਤ ਹੋਵਾਂ ਤਾਂ ਇਹ ਦੱਸ ਦੇਣ । ਮੁਦਰਾ ਸ਼ੇਅਰ ਸਕੈਂਡਲ ਹੋਇਆ । ਕੁਰੱਪਸ਼ਨ ਕਿਥੋਂ ਸ਼ੁਰੂ ਹੁੰਦੀ ਹੈ । ਇਹ ਉਪਰ ਤੋਂ ਸ਼ੁਰੂ ਹੁੰਦੀ ਹੈ ਅਤੇ ਥੱਲੇ ਨੂੰ ਆਉਂਦੀ ਹੈ । ਮੈਂ ਅਗਲੇ ਪ੍ਰਾਈਮ ਮਨਿਸਟਰ ਜੋ ਲੇਡੀ ਸਨ, ਦਾ ਨਾਂ ਨਹੀਂ ਲੈਂਦਾ । ਉਸ ਵਕਤ ਨਗਰਵਾਲਾ ਸਟੇਟ ਬੈਂਕ ਆਫ ਇੰਡੀਆ ਦਾ ਸਕੈਂਡਲ ਹੋਇਆ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਦੀ ਗਵਰਨਰ ਸਾਹਿਬ ਦੇ ਐਡਰੈਸ ਉਤੇ ਜਵਾਬ ਦਿੰਦੇ ਹੋਏ ਕੋਈ ਰੈਲੇਵੈਂਸੀ ਨਹੀਂ ਹੈ । It is a central affair which is being brought again and again.

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਤਰ੍ਹਾਂ 1975 ਵਿਚ ਨਗਰਵਾਲਾ ਕੇਸ ਹੋਇਆ, ਪਾਈਪਰ ਏਅਰ ਕਰਾਫਟ ਦਾ ਕੇਸ ਹੋਇਆ, ਗੈਸ ਪਾਈਪ ਦਾ ਕੇਸ ਹੋਇਆ, ਐਚ. ਡੀ. ਡਬਲਿਊ.-ਸਬ-ਮੈਰੀਨ ਡੀਲ ਦਾ ਕੇਸ ਹੋਇਆ, ਬੋਫੋਰਜ਼ ਦਾ ਕੇਸ ਹੋਇਆ, ਹਰਸ਼ਦ ਮਹਿਤਾ ਸ਼ੇਅਰਜ਼ ਦਾ ਕੇਸ ਹੋਇਆ ਅਤੇ ਇੰਪਲਾਈਜ਼ ਨੂੰ ਹਾਊਸਿਜ਼ ਦੀ ਅਲਾਟਮੈਂਟ ਦਾ ਸਕੈਂਡਲ ਹੋਇਆ । ਇੰਪਲਾਈਜ਼ ਤੋਂ ਪੈਸੇ ਲੈਣ ਦਾ ਕੇਸ ਹੋਇਆ । ਮੈਂ ਦੱਸਦਾ ਹਾਂ ਕਿ ਕੁਰੱਪਸ਼ਨ ਕਿਸ ਤਰ੍ਹਾਂ ਉਪਰ ਤੋਂ ਥੱਲੇ ਨੂੰ ਆਉਂਦੀ ਹੈ । ਫੇਰ ਪੈਟਰੋਲ ਪੰਪਾਂ ਦੀ ਅਲਾਟ-ਮੈਂਟ ਦਾ ਕੇਸ ਹੋਇਆ, ਸ਼ੂਗਰ ਸਕੈਮ ਹੋਇਆ, ਯੂਰੀਆ ਐਕਸਪੋਰਟ ਸਕੈਮ ਹੋਇਆ ਅਤੇ ਟੈਲੀਕਮਿਊਨੀਕੇਸ਼ਨ ਦਾ ਸਕੈਂਡਲ ਹੋਇਆ । ਇਸ ਤਰ੍ਹਾਂ ਹਿੰਦੁਸਤਾਨ ਦੇ ਵਿਚ ਕੁਰੱਪਸ਼ਨ ਹੀ ਕੁਰੱਪਸ਼ਨ ਸੀ ਅਤੇ ਹਰ ਥਾਂ ਤੇ ਸਕੈਂਡਲਾਂ ਦਾ ਰਾਜ ਸੀ । ਅਗਰ ਹਿੰਦੁਸਤਾਨ ਦੇ ਵਿਚ ਕੁਰੱਪਸ਼ਨ ਨਾ ਹੁੰਦੀ ਅਤੇ ਨਾ ਇਸ ਤਰ੍ਹਾਂ ਦੇ ਸਕੈਂਡਲ ਹੁੰਦੇ ਤਾਂ ਇਹ ਦੇਸ਼ ਹਿੰਦੁਸਤਾਨ ਦੁਨੀਆਂ ਵਿਚੋਂ ਸਭ ਤੋਂ ਅੱਗੇ ਦੇਸ਼ ਹੁੰਦਾ । ਸਪੀਕਰ ਸਾਹਿਬ, ਆਖਿਰ ਵਿਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਕਰਿਟੀਸਿਜ਼ਮ ਕਰਨ ਵਾਲੀ ਗੱਲ ਨਹੀਂ ਹੈ । ਅਸੀਂ 21ਵੀਂ ਸਦੀ ਦਾ ਏਜੰਡਾ ਬਣਾਇਆ ਹੈ ਅਤੇ ਇਸ ਏਜੰਡੇ ਨੂੰ ਕੰਪਲੀਟ ਕਰਨਾ ਅਤੇ ਇਸ ਤੇ ਪੂਰੀ ਤਰ੍ਹਾਂ ਅਮਲ ਕਰਨਾ ਸਾਡੇ ਸਾਰਿਆਂ ਦੀ ਜ਼ਿੰਮੇਂਵਾਰੀ ਹੈ । ਜਿਸ ਤਰ੍ਹਾਂ ਕਿ ਮੈਂ ਸ਼ੁਰੂ ਵਿਚ ਆਖਿਆ ਸੀ, ਇਹ ਇਸ ਸਦੀ ਦਾ ਆਖਰੀ ਇਜਲਾਸ ਹੈ ਅਤੇ ਅਸੀਂ ਸਾਰਿਆਂ ਨੇ ਮਿਲ ਕੇ ਆਉਣ ਵਾਲੀ ਸਦੀ ਨੂੰ ਲਿਬਰਲ ਤਰੀਕੇ ਨਾਲ ਜੀ ਆਇਆਂ ਪਹੁੰਚਾਉਣੀ ਹੈ । ਇਸ 21ਵੀਂ ਸਦੀ ਵਿਚ ਅਸੀਂ ਪੰਜਾਬੀਆਂ ਦੇ ਲਈ ਨਵਾਂ ਏਜੰਡਾ ਸ਼ੁਰੂ ਕਰਨਾ ਹੈ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਬੀ. ਜੇ. ਪੀ. ਦੀ ਸਾਂਝੀ ਸਰਕਾਰ ਨੇ ਮਿਲ ਕੇ ਕਾਮਯਾਬ ਕਰਨਾ ਹੈ । ਪੰਜਾਬੀਆਂ ਦੀ ਏਕਤਾ, ਆਪਸੀ ਭਾਈਚਾਰਾ ਅਤੇ ਸਵੈ-ਰੁਜ਼ਗਾਰ ਸਭ ਤੋਂ ਅੱਗੇ ਇਸ ਏਜੰਡੇ ਵਿਚ ਰੱਖੇ ਗਏ ਹਨ । ਇਸ ਦੇ ਨਾਲ ਅਸੀਂ ਪੰਜਾਬੀਆਂ ਦੀ ਖੁਸ਼ਹਾਲੀ ਦੀ ਬੁਨਿਆਦ ਰੱਖਣੀ ਹੈ, ਸਿਆਸੀ ਟਕਰਾਓ ਨੂੰ ਦੂਰ ਕਰਨਾ ਹੈ ਅਤੇ ਆਪਸੀ ਸਹਿਮਤੀ ਪੈਦਾ ਕਰਨੀ ਹੈ । ਇਸ ਨੂੰ ਅਸੀਂ ਪਹਿਲ ਦੇਵਾਂਗੇ ਪਰਾਇਰਟੀ ਦੇਵਾਂਗੇ । ਇਸ ਦੇ ਨਾਲ ਆਰਥਿਕ ਢਾਂਚੇ ਨੂੰ ਪੁਨਰਗਠਣ ਕਰਾਂਗੇ ਅਤੇ ਸਮਾਜ ਵਿਚ ਖਰਾਬੀ ਦਾ ਮਾਹੌਲ ਪੈਦਾ ਕਰਾਂਗੇ । ਲੋਕਾਂ ਦੀ ਅਸੀਂ ਪੂਰੀ ਤਰ੍ਹਾਂ ਸੇਵਾ ਕਰਾਂਗੇ । ਪੰਜਾਬ ਦੇ ਨੌਜਵਾਨਾਂ ਨੂੰ ਆਰਥਿਕ ਸੁਰੱਖਿਆ ਦੇਣ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਇਸ ਨੂੰ ਤਰਜੀਹ ਦੇ ਆਧਾਰ ਤੇ ਲਾਗੂ ਕੀਤਾ ਜਾਵੇਗਾ । ਸਮਾਜਿਕ, ਆਰਥਿਕ ਸੁਰੱਖਿਆ, ਅਤੇ ਖੁਸ਼ਹਾਲੀ ਲਿਆਉਣ ਦੀ ਕੋਸ਼ਿਸ਼ ਕਰਾਂਗੇ ਅਤੇ ਪਿੰਡਾਂ ਦੇ ਵਿਚ ਸਵੈ-ਰੁਜ਼ਗਾਰ ਯੋਜਨਾ

[ਮੁੱਖ ਮੰਤਰੀ]

ਨੂੰ ਉਲੀਕਿਆ ਜਾਵੇਗਾ । ਪੰਜਾਬ ਨੂੰ ਹਰ ਖੇਤਰ ਵਿਚ ਇਕ ਨਵਾਂ ਰੂਪ ਦਿੱਤਾ ਜਾਵੇਗਾ ਅਤੇ ਹਰ ਖੇਤਰ ਵਿਚ ਨਵੀਂ ਵਿਉਂਤਬੰਦੀ ਕੀਤੀ ਜਾਵੇਗੀ । ਵਿਦਿਆ, ਸਿਹਤ ਅਤੇ ਖੇਤੀ ਨੂੰ ਤਰਜੀਹ ਦਿੱਤੀ ਜਾਵੇਗੀ । ਇਸੇ ਤਰ੍ਹਾਂ ਦਲਿਤ ਵਰਗ ਦੇ ਵਾਸਤੇ ਗੌਰਵਮਈ ਜੀਵਨ ਦੀ ਵਿਵਸਥਾ ਕੀਤੀ ਜਾਵੇਗੀ ਅਤੇ ਇਸ ਨੂੰ ਅਸੀਂ ਤਰਜੀਹ ਦੇਵਾਂਗੇ । ਪਿਛਲੇ 50 ਸਾਲਾਂ ਦੇ ਵਿਚ ਆਰਥਿਕ ਖੇਤਰ ਵਿਚ ਬਦਇੰਤਜ਼ਾਮੀ ਕਰਕੇ ਪਿਛਲੀਆਂ ਸਰਕਾਰਾਂ ਇਨ੍ਹਾਂ ਦਲਿਤ ਵਰਗਾਂ ਲਈ ਕੁਝ ਨਹੀਂ ਕਰ ਸਕੀਆਂ । ਬਿਜਲੀ ਅਤੇ ਸਿੰਚਾਈ ਦੇ ਖੇਤਰ ਵਿਚ ਵਿਕਾਸ ਕਰਨ ਲਈ ਸਾਰਿਆਂ ਨੂੰ ਹੰਭਲਾ ਮਾਰਨਾ ਪਵੇਗਾ । ਪੰਜਾਬੀਆਂ ਦੀ ਚੜ੍ਹਦੀ ਕਲਾ ਵਾਸਤੇ ਸਰਬੱਤ ਦੇ ਭਲੇ ਦੇ ਰਸਤੇ ਤੇ ਚਲਦੇ ਹੋਏ ਜਿਹੜੀਆਂ ਵੀ ਰੁਕਾਵਟਾਂ ਆਉਣਗੀਆਂ, ਉਨ੍ਹਾਂ ਨੂੰ ਅਸੀਂ ਦੂਰ ਕਰਾਂਗੇ । ਅਸੀਂ ਪੰਜਾਬ ਨੂੰ ਇਕ ਬਿਹਤਰੀਨ ਖਿੱਤਾ ਸੱਚ ਕਰਕੇ ਵਿਖਾਉਣਾ ਚਾਹੁੰਦੇ ਹਾਂ । ਇਸ ਦੇ ਲਈ ਜਿਹੜੇ ਟੀਚੇ ਮਿਥੇ ਗਏ ਹਨ, ਦੁਨੀਆਂ ਦੇ ਵਿਚ ਇਨ੍ਹਾਂ ਟੀਚਿਆਂ ਅਤੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦੇ ਹਨ ਤਾਂਕਿ ਪੰਜਾਬੀਆਂ ਦੀ ਬਿਹਤਰੀ ਹੋ ਸਕੇ । ਸਾਡੇ ਟੀਚੇ ਬੜੇ ਸਪਸ਼ਟ ਹਨ ਜਿਨ੍ਹਾਂ ਤੇ ਅਸੀਂ ਪਹੁੰਚਣਾ ਚਾਹੁੰਦੇ ਹਾਂ । ਆਓ, ਅਸੀਂ ਸਾਰੇ ਇਸ ਵਿਚ ਯਤਨ ਕਰੀਏ ਤਾਂਕਿ ਅਸੀਂ ਆਪਣੇ ਟੀਚੇ ਪੂਰੇ ਕਰ ਸਕੀਏ ਜਿਸ ਦੇ ਲਈ ਅਸੀਂ ਸਾਰੇ ਵਚਨਬੱਧ ਹਾਂ ।

ਸਪੀਕਰ ਸਾਹਿਬ, ਇਸ ਪਵਿੱਤਰ ਸਦਨ ਵਿਚ ਜਿਥੇ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ, ਸਾਰੇ ਪੰਜਾਬ ਵਾਸੀਆਂ ਨੂੰ ਅਤੇ ਦੁਨੀਆ ਭਰ ਦੇ ਲੋਕਾਂ ਨੂੰ ਖਾਲਸਾ ਪੰਥ ਦੇ 300 ਸਾਲਾ ਸਾਜਣਾ ਦਿਵਸ ਦੇ ਜਸ਼ਨਾਂ ਦੀ ਵਧਾਈ ਦਿੰਦਾ ਹਾਂ, ਉਥੇ ਮੈਂ ਇਹ ਵੀ ਅਪੀਲ ਕਰਦਾ ਹਾਂ ਕਿ ਅਸੀਂ ਸਾਰੇ ਨਫਰਤ ਅਤੇ ਕੁੜੱਤਣ ਨੂੰ ਦੂਰ ਕਰਕੇ ਅਮਨ, ਸ਼ਾਂਤੀ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰੀਏ, ਪੰਜਾਬ ਦੀ ਖੁਸ਼ਹਾਲੀ ਲਈ ਕੰਮ ਕਰੀਏ, ਪੰਜਾਬ ਨੂੰ ਕਾਬਲੇ ਤਾਰੀਫ ਬਣਾਈਏ ਅਤੇ ਅਸੀਂ ਇਸ ਤੇ ਪੂਰੇ ਉਤਰੀਏ । ਸਪੀਕਰ ਸਾਹਿਬ, ਜੇ ਮੇਰੇ ਬੋਲਦੇ ਸਮੇਂ ਕਿਸੇ ਮੈਂਬਰ ਨੂੰ ਜਾਂ ਕਿਸੇ ਪਾਰਟੀ ਨੂੰ ਠੇਸ ਪਹੁੰਚੀ ਹੋਵੇ ਤਾਂ ਮੈਂ ਮਾਫੀ ਮੰਗ ਲੈਂਦਾ ਹਾਂ । ਮੇਰੀ ਭਾਵੇਂ ਆਦਤ ਨਹੀਂ ਕਿ ਚੁਭਵੀਂ ਗੱਲ ਕਹੀ ਜਾਵੇ, ਫਿਰ ਵੀ ਜੇਕਰ ਕੋਈ ਗਲਤ ਗੱਲ ਕਹੀ ਗਈ ਹੋਵੇ ਤਾਂ ਉਸ ਲਈ ਮੈਂ ਸਾਰਿਆਂ ਤੋਂ ਮਾਫੀ ਮੰਗਦਾ ਹਾਂ । ਬਹੁਤ ਬਹੁਤ ਧੰਨਵਾਦ । (ਥੰਪਿੰਗ) ।

ਸ਼੍ਰੀ ਸਪੀਕਰ: ਮੈਂ ਸਭ ਤੋਂ ਪਹਿਲਾਂ ਸ਼੍ਰੀ ਹਰਦੇਵ ਅਰਸ਼ੀ, ਐਮ. ਐਲ. ਏ. ਅਤੇ ਕਾਮਰੇਡ ਅਜੈਬ ਸਿੰਘ ਰੌਂਤਾ, ਐਮ. ਐਲ. ਏ. ਦੁਆਰਾ ਦਿੱਤਾ ਗਿਆ ਸੋਧਨਾ ਦਾ ਨੋਟਿਸ ਸਦਨ ਦੀ ਵੋਟ ਲਈ ਰੱਖਦਾ ਹਾਂ ।

ਸ਼੍ਰੀ ਸਪੀਕਰ ਪ੍ਰਸ਼ਨ ਹੈ—

ਕਿ ਪ੍ਰਸਤਾਵ ਵਿੱਚ ਅੰਤ ਤੇ ਨਿਮਨਲਿਖਤ ਜੋੜ ਦਿੱਤਾ ਜਾਵੇ ਅਰਥਾਤ: —

"ਜਿਥੇ ਤ੍ਰੈਸ਼ਤਾਬਦੀ ਜਸ਼ਨਾਂ ਲਈ ਰੱਖੇ ਫੰਡ ਇਸ ਦੇ ਉਦੇਸ਼ਾਂ ਦੇ ਪਰਚਾਰ ਲਈ ਵਰਤੇ ਜਾਣਗੇ, ਉਥੇ ਨਾਲ ਹੀ ਸਰਬੱਤ ਦੇ ਭਲੇ ਨੂੰ ਸਾਕਾਰ ਕਰਨ ਹਿੱਤ ਠਰੋਸ ਉਦਮਾਂ ਲਈ ਵੀ ਵਰਤੇ ਜਾਣਗੇ । ਅੱਜ ਵਕਤ ਦਾ ਤਕਾਜ਼ਾ ਹੈ ਕਿ ਸਭ ਸੂਬਿਆਂ ਤੋਂ ਅਮੀਰ ਪੰਜਾਬ "ਵਿਦਿਆ ਵਿਚਾਰੀ ਪਰਉਪਕਾਰੀ" ਦੀ ਦਾਤ ਘਰ-ਘਰ ਪਹੁੰਚਾਏ । ਇਸ ਲਈ

ਅੱਠਵੀਂ ਤੱਕ ਦੀ ਵਿਦਿਆ ਅਮਲੀ ਰੂਪ ਵਿੱਚ ਮੁਫਤ ਤੇ ਲਾਜ਼ਮੀ ਕੀਤੀ ਜਾਵੇਗੀ ਤੇ ਹਰ ਵਰਗ ਦੇ ਗਰੀਬ ਬੱਚਿਆਂ ਨੂੰ ਸਕੂਲਾਂ ਵਿੱਚ ਲਿਆਉਣ/ਪ੍ਰੇਰਤ ਕਰਨ ਲਈ ਵਜ਼ੀਫੇ ਦਿੱਤੇ ਜਾਣਗੇ। ਸਮੂਹ ਵਰਗਾਂ ਲਈ ਜਮਾਂ ਦੋ ਤੱਕ ਦੀ ਤਾਲੀਮ ਤੇ ਇਸਤਰੀਆਂ ਲਈ ਗਰੈਜੂ-ਏਸ਼ਨ ਤੱਕ ਦੀ ਤਾਲੀਮ ਅਮਲੀ ਰੂਪ ਵਿੱਚ ਮੁਫਤ ਕੀਤੀ ਜਾਵੇਗੀ।

ਤ੍ਰੈਸ਼ਤਾਬਦੀ ਦੇ ਸਨਮਾਨ ਹਿੱਤ ਇਕ ਸਾਲ ਦੇ ਵਿੱਚ ਪੰਜਾਬ ਦੇ ਇਕ ਹਜ਼ਾਰ ਦੀ ਵਸੋਂ ਵਾਲੇ ਸਾਰੇ ਪਿੰਡਾਂ ਵਿੱਚ ਘੱਟੋ-ਘੱਟ ਇਕ ਡਾਕਟਰ ਵਾਲੀ ਡਿਸਪੈਂਸਰੀ ਜ਼ਰੂਰ ਸਥਾਪਤ ਕੀਤੀ ਜਾਵੇਗੀ।

ਬਜਟਾਂ ਦਾ ਵਡੇਰਾ ਹਿੱਸਾ ਸਰਬੱਤ ਦੇ ਭਲੇ ਦੇ ਕਾਰਜਾਂ ਜਿਵੇਂ :—ਤਾਲੀਮ, ਸਿਹਤ, ਸਹੂਲਤਾਂ, ਗਰੀਬਾਂ ਲਈ ਘਰ ਆਦਿ ਲਈ ਰਾਖਵਾਂ ਕੀਤਾ ਜਾਵੇਗਾ। ਆਉਂਦਾ ਤ੍ਰੈਸ਼ਤਾਬਦੀ ਵਰ੍ਹਾ "ਸੰਕਟ ਵਿੱਚ ਫਸੀ ਖੇਤੀ ਤੇ ਕਿਸਾਨੀ" ਤੇ ਹੋਰ ਮਿਹਨਤਕਸ਼ਾਂ ਦੀਆਂ ਆਸਾਂ-ਉਮੀਦਾਂ ਪੂਰੀਆਂ ਕਰਨ ਵੱਲ ਵਿਸ਼ੇਸ਼ ਯਤਨਾਂ ਵਾਲਾ ਹੋਵੇਗਾ। ਇਸਤਰੀਆਂ ਲਈ ਸਮਾਜਕ, ਆਰਥਕ ਤੇ ਸਿਆਸੀ ਸਮਾਨਤਾ ਯਕੀਨੀ ਬਣਾਈ ਜਾਵੇਗੀ ਅਤੇ ਜਾਤਪਾਤ ਤੇ ਧਰਮ ਨੂੰ ਫਿਰਕੂ ਹਾਬਸ਼ ਦਾ ਰੂਪ ਦੇਣ ਵਿਰੁੱਧ ਜ਼ੋਰਦਾਰ ਚੇਤਨਾਂ ਲਹਿਰ ਲਾਮਬੰਦ ਕੀਤੀ ਜਾਵੇਗੀ। ਸਮੂਹ ਦੇਸ਼ ਵਾਸੀਆਂ ਨੂੰ ਇਸ ਇਤਿਹਾਸਕ ਤ੍ਰੈਸ਼ਤਾਬਦੀ ਉਤੇ ਵਧਾਈਆਂ ਅਰਪਤ ਕਰਦੇ ਹੋਏ ਸੱਦਾ ਦਿੰਦੇ ਹਾਂ ਕਿ ਗੁਰੂ ਸਾਹਿਬਾਨ ਦੀਆਂ ਇਨ੍ਹਾਂ ਸਮਾਜਕ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਉਣ ਤੇ ਅਮਲੀ ਜਾਮਾ ਪੁਆਉਣ ਲਈ ਪੂਰੀ ਤਰ੍ਹਾਂ ਵਾਹ ਲਾਉਣ।"

ਪ੍ਰਸਤਾਵ ਅਪ੍ਰਵਾਨ ਹੋਇਆ।

ਸ੍ਰੀ ਸਪੀਕਰ ਹੁਣ ਮੈਂ ਧੰਨਵਾਦ ਦਾ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਦਾ ਹਾਂ।

ਸ੍ਰੀ ਸਪੀਕਰ ਪ੍ਰਸ਼ਨ ਹੈ—

"ਕਿ ਰਾਜਪਾਲ ਨੂੰ ਨਿਮਨਲਿਖਤ ਸ਼ਬਦਾਂ ਵਿਚ ਮਾਣ-ਪੱਤਰ ਪੇਸ਼ ਕੀਤਾ ਜਾਵੇ :—

"ਕਿ ਇਸ ਸਮਾਗਮ ਵਿਚ ਇਕੱਤਰ ਇਸ ਸਦਨ ਦੇ ਮੈਂਬਰ ਰਾਜਪਾਲ ਦੇ ਉਸ ਭਾਸ਼ਣ ਲਈ ਬਹੁਤ ਧੰਨਵਾਦੀ ਹਨ ਜੋ ਉਨ੍ਹਾਂ ਨੇ 9 ਮਾਰਚ, 1999 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ ਸਦਨ ਬੁੱਧਵਾਰ, ਮਿਤੀ 24 ਮਾਰਚ, 1999 ਦੇ 10.00 ਵਜੇ ਸਵੇਰ ਤੱਕ ਸਥਗਿਤ ਕੀਤਾ ਜਾਂਦਾ ਹੈ।

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 24 ਮਾਰਚ, 1999 ਦੇ 10-00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

*2-09 ਵਜੇ ਬਾਅਦ ਦੁਪਹਿਰ

—0—

APPENDIX-I

TO

PUNJAB VIDHAN SABHA DEBATES

Dated 19th March, 1999

Vol. VII—No. 8

STARRED QUESTION AND ANSWER

ਪਿੰਡ ਮਾਨਵਾਲਾ, ਬਲਾਕ ਧੂਰੀ ਵਿਚ ਬਿਜਲੀ ਦੇ ਕਰੰਟ ਲਗਣ ਕਾਰਣ ਹੋਈਆਂ ਦੁਰਘਟਨਾਵਾਂ

*1452. **ਸਰਦਾਰ ਧਨਵੰਤ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 1993 ਦੇ ਦੌਰਾਨ ਪਿੰਡ ਮਾਨਵਾਲਾ ਬਲਾਕ ਧੂਰੀ, ਜ਼ਿਲ੍ਹਾ ਸੰਗਰੂਰ ਵਿਚ ਬਿਜਲੀ ਦਾ ਕਰੰਟ ਲਗਣ ਕਾਰਣ ਕੋਈ ਮੌਤਾਂ ਹੋਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਵਾਪਰੀਆਂ ਦੁਰਘਟਨਾਵਾਂ ਅਤੇ ਇਨ੍ਹਾਂ ਦੇ ਕਾਰਨ ਮਰੇ ਵਿਅਕਤੀਆਂ ਦੇ ਵੇਰਵੇ ਕੀ ਹਨ ਅਤੇ ਅਜਿਹੀਆਂ ਦੁਰਘਟਨਾਵਾਂ ਕਿਹੜੇ-ਕਿਹੜੇ ਹਾਲਤ ਅਧੀਨ ਵਾਪਰੀਆਂ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਹਾਂ ਜੀ । ਪਿੰਡ ਮਾਨਵਾਲਾ, ਬਲਾਕ ਧੂਰੀ ਜ਼ਿਲ੍ਹਾ ਸੰਗਰੂਰ ਵਿਚ ਬਿਜਲੀ ਦਾ ਕਰੰਟ ਲੱਗਣ ਦਾ ਇੱਕ ਵਾਕਿਆ ਹੋਇਆ ਜਿਸ ਕਾਰਨ ਇੱਕ ਵਿਅਕਤੀ ਜਗੀਰ ਸਿੰਘ ਪੁੱਤਰ ਸ੍ਰੀ ਲੀਲਾ ਸਿੰਘ ਵਾਸੀ ਪਿੰਡ ਮਾਨਵਾਲਾ ਜ਼ਿਲ੍ਹਾ ਸੰਗਰੂਰ ਦੀ ਮਿਤੀ 15-12-98 ਨੂੰ ਮੌਤ ਹੋ ਗਈ ਜੋ ਕਿ ਰੋਲਾਂ ਦੀ ਮਿੱਲ ਦੀ ਬਾਊਂਡਰੀ ਨੇੜੇ ਉਸ ਦਿਨ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ । ਰੋਲਾਂ ਦੀ ਮਿੱਲ ਦੀ ਬਾਊਂਡਰੀ ਤੇ ਲੱਗੀ ਕੰਡਿਆਲੀ ਤਾਰ ਵਿਚ ਬਿਜਲੀ ਦਾ ਕਰੰਟ ਆ ਗਿਆ ਤੇ ਬਿਜਲੀ ਦਾ ਇਹ ਕਰੰਟ ਲੱਗਣ ਨਾਲ ਉਸਦੀ ਮੌਤ ਹੋ ਗਈ ।

UNSTARRED QUESTION AND ANSWER

ਰਾਸ਼ਨ-ਡਿਪੂਆਂ ਦੀ ਅਲਾਟਮੈਂਟ

374. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 1 ਅਪਰੈਲ, 1997 ਤੋਂ ਮਿਤੀ ਅੰਤ ਤੱਕ ਰਾਜ ਵਿਚ ਕੋਈ ਨਵੇਂ ਰਾਸ਼ਨ ਡਿਪੂ ਅਲਾਟ ਕੀਤੇ ਗਏ ਹਨ । ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਵਿਅਕਤੀਆਂ ਦੇ ਜ਼ਿਲ੍ਹਾ-ਵਾਰ ਨਾਂ ਅਤੇ ਪਤੇ ਕੀ-ਕੀ ਹਨ, ਜਿਨ੍ਹਾਂ ਨੂੰ ਉਕਤ ਡਿਪੂ ਅਲਾਟ ਕੀਤੇ ਗਏ ਹਨ ਅਤੇ ਹਰ ਇਕ ਕੇਸ ਵਿਚ ਡਿਪੂ ਨੰਬਰ ਕੀ ਹੈ ?

ਸ੍ਰੀ ਮਦਨ ਮੋਹਨ ਮਿੱਤਲ : ਰਾਜ ਵਿੱਚ ਜਿਨ੍ਹਾਂ ਵਿਅਕਤੀਆਂ ਨੂੰ ਮਿਤੀ 1-4-97 ਤੋਂ ਹੁਣ ਤੱਕ ਨਵੇਂ ਰਾਸ਼ਨ ਡਿਪੂ ਅਲਾਟ ਕੀਤੇ ਗਏ ਹਨ, ਉਨ੍ਹਾਂ ਦੇ ਜ਼ਿਲ੍ਹਾਵਾਰ ਨਾਮ, ਪਤੇ ਅਤੇ ਡਿਪੂ ਨੰਬਰ *ਅਨੁਲੱਗ 'ੳ' ਵਿਚ ਦਿੱਤੇ ਗਏ ਹਨ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

---

*Placed in the Library.

APPENDIX-II

TO

PUNJAB VIDHAN SABHA DEBATES

Dated 19th March, 1999

Vol. VII No. 8

STARRED QUESTIONS AND ANSWERS

ਕਿਸਾਨਾਂ ਦੁਆਰਾ ਆਤਮ-ਹੱਤਿਆ

*1444 (1) **ਕਾਮਰੇਡ ਅਜੈਬ ਸਿੰਘ ਰੋਂਤਾ**
(2) **ਕਾਮਰੇਡ ਹਰਦੇਵ ਸਿੰਘ ਅਰਸ਼ੀ**
} ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਅਜਿਹੇ ਵਿਅਕਤੀਆਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਪਹਿਲੀ ਜੁਲਾਈ, 1998 ਤੋਂ ਮਿਤੀ ਅੰਤ ਤਕ ਦੇ ਸਮੇਂ ਦੌਰਾਨ ਆਤਮ ਹੱਤਿਆ ਕੀਤੀ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਵਿਚੋਂ ਕੋਈ ਵਿਅਕਤੀ ਕਿਸਾਨ ਵਰਗ ਨਾਲ ਸਬੰਧਤ ਸਨ ਜਿਨ੍ਹਾਂ ਨੇ ਕਰਜ਼ੇ ਦੇ ਭਾਰੀ ਬੋਝ ਕਾਰਣ ਆਤਮ ਹੱਤਿਆ ਕੀਤੀ ਸੀ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਅਤੇ ਪਤੇ ਕੀ ਹਨ ;

(ੲ) ਕੀ ਸਰਕਾਰ ਦੁਆਰਾ ਉਪਰੋਕਤ ਭਾਗ (ਅ) ਵਿਚ ਵਰਣਿਤ ਵਿਅਕਤੀਆਂ ਦੇ ਦੁੱਖਿਤ ਪਰਿਵਾਰਾਂ ਲਈ ਕੋਈ ਮਾਲੀ ਸਹਾਇਤਾ ਮਨਜ਼ੂਰ ਕੀਤੀ ਗਈ ਹੈ। ਜੇਕਰ ਅਜਿਹਾ ਹੋਵੇ, ਤਾਂ ਹਰ ਕੇਸ ਵਿਚ ਉਸ ਦਾ ਵੇਰਵਾ ਕੀ ਹੈ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ (ੳ) ਲੋੜੀਂਦੀ ਸੂਚਨਾ ਨਾਲ ਅਨੁਲੱਗ ਅਨੁਸਾਰ ਨੱਥੀ ਹੈ।

(ਅ) ਹਾਂ ਜੀ। ਇੱਕ ਵਿਅਕਤੀ ਸ਼੍ਰੀ ਮਹਿੰਦਰ ਸਿੰਘ ਪੁੱਤਰ ਸ਼੍ਰੀ ਮੁਖਤਿਆਰ ਸਿੰਘ ਜੱਟ, ਵਾਸੀ ਧੌਲਾ, ਥਾਣਾ ਲੰਬੀ, ਜ਼ਿਲ੍ਹਾ ਮੁਕਤਸਰ ਨੇ ਆਤਮ ਹੱਤਿਆ ਕੀਤੀ ਸੀ।

(ੲ) ਸਹਾਇਤਾ ਫੰਡ ਵਿਚੋਂ ਮ੍ਰਿਤਕ ਦੀ ਪਤਨੀ ਨੂੰ 20,000/- ਰੁ (ਵੀਹ ਹਜ਼ਾਰ ਰੁਪਏ ਕੇਵਲ) ਦੀ ਸਹਾਇਤਾ ਦਿੱਤੀ ਗਈ ਹੈ।

ਅਨੁਲੱਗ

ਲੜੀ ਨੰ	ਜ਼ਿਲ੍ਹਾ	ਆਤਮ ਹੱਤਿਆਵਾਂ ਦੀ ਗਿਣਤੀ
1	2	3
1.	ਲੁਧਿਆਣਾ ..	54
2.	ਰੋਪੜ	5
3.	ਪਟਿਆਲਾ ..	45
4	ਸੰਗਰੂਰ ..	25
5.	ਫਤਹਿਗੜ੍ਹ ਸਾਹਿਬ ..	7
6.	ਫਿਰੋਜ਼ਪੁਰ ..	18
7.	ਮੁਕਤਸਰ ..	21
8.	ਮੋਗਾ ..	4
9.	ਫਰੀਦਕੋਟ ..	24
10.	ਬਠਿੰਡਾ ..	19
11.	ਮਾਨਸਾ ..	9
12.	ਜਲੰਧਰ ..	26
13.	ਕਪੂਰਥਲਾ ..	4
14.	ਨਵਾਂ ਸ਼ਹਿਰ ..	—
15.	ਹੁਸ਼ਿਆਰਪੁਰ ..	59
16.	ਅੰਮ੍ਰਿਤਸਰ ..	51
17.	ਗੁਰਦਾਸਪੁਰ ..	14
	ਕੁੱਲ ..	385

ਔਰਤਾਂ/ਲੜਕੀਆਂ ਦੇ ਕਤਲ ਦੇ ਕੇਸ

*1372. **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) 1 ਜਨਵਰੀ, 1997 ਤੋਂ ਮਿਤੀ ਅੰਤ ਤਕ ਦੇ ਸਮੇਂ ਦੇ ਦੌਰਾਨ ਰਾਜ ਵਿਚ ਕਤਲ ਕੀਤੀਆਂ ਗਈਆ ਲੜਕੀਆਂ/ਔਰਤਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਉਨ੍ਹਾਂ ਲੜਕੀਆਂ/ਔਰਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਆਤਮ ਹੱਤਿਆ ਕੀਤੀ ।


(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਘਟਨਾਵਾਂ ਨਾਲ ਸਬੰਧਤ ਉਨ੍ਹਾਂ ਕੇਸਾਂ ਦੀ ਜਿਲ੍ਹਾਵਾਰ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਅਦਾਲਤਾਂ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਹਨ ਅਤੇ ਅਦਾਲਤਾਂ ਦੁਆਰਾ ਕਿੰਨੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਸੀ ?

ਸਰਦਾਰ ਪ੍ਰਕਾਸ਼ ਸਿੰਘ ਬਾਦਲ: (ੳ) ਅਤੇ (ਅ) ਲੋੜੀਂਦੀ ਸੂਚਨਾ ਨਾਲ ਨੱਥੀ ਅਨੁਲੱਗ ਅਨੁਸਾਰ ਹੈ ।

ਅਨੁਲੱਗ

	ਜ਼ਿਲ੍ਹਾ ਪੁਲੀਸ	ਮੌਤਾਂ	ਸਜ਼ਾ		ਬਰੀ		ਖੁਦਕਸ਼ੀ	ਸਜ਼ਾ		ਬਰੀ	
			ਕੇਸ	ਵਿਅਕਤੀ	ਕੇਸ	ਵਿਅਕਤੀ		ਕੇਸ	ਵਿਅਕਤੀ	ਕੇਸ	ਵਿਅਕਤੀ
1.	ਪਟਿਆਲਾ	13	—	—	—	—	25	—	—	—	—
2.	ਫ਼ਿਰੋਜ਼ਪੁਰ	23	—	—	1	5	12	—	—	—	—
3.	ਫਰੀਦਕੋਟ	1	—	—	—	—	4	—	—	—	—
4	ਬਟਾਲਾ	7	—	—	1	1	4	—	—	—	—
5.	ਜਗਰਾਓਂ	5	—	—	—	—	3	—	—	—	—
6.	ਬਠਿੰਡਾ	11	—	—	3	8	11	—	—	1	1
7.	ਕਪੂਰਥਲਾ	4	—	—	—	—	10	—	—	—	—
8.	ਖੰਨਾ	11	—	—	—	—	6	—	—	—	—
9.	ਜਲੰਧਰ	29	1	5	3	6	13	—	—	1	2
10.	ਹੁਸ਼ਿਆਰਪੁਰ	6	—	—	—	—	18	—	—	—	—
11.	ਅੰਮ੍ਰਿਤਸਰ	29	—	—	3	5	18	1	1	1	1
12.	ਰੋਪੜ	12	—	—	—	—	10	—	—	2	2
13.	ਮੋਗਾ	6	—	—	—	—	6	—	—	—	—
14.	ਰੇਲਵੇ/ਪਟਿਆਲਾ	1	—	—	—	—	—	—	—	—	—
15.	ਨਵਾਂ ਸ਼ਹਿਰ	4	—	—	—	—	4	—	2	—	—
16.	ਫਤਹਿਗੜ੍ਹ ਸਾਹਿਬ	3	—	—	—	—	7	—	—	—	—
17.	ਲੁਧਿਆਣਾ	9	—	—	—	—	9	—	—	1	2
18.	ਮੁਕਤਸਰ	5	—	—	1	1	2	—	—	—	—
19.	ਮਾਨਸਾ	4	—	—	—	—	3	—	—	—	—
20.	ਸੰਗਰੂਰ	5	—	—	2	2	8	—	—	1	1
21.	ਮਜੀਠਾ	11	2	2	3	5	5	—	—	2	6
22.	ਤਰਨਤਾਰਨ	15	—	—	1	1	6	—	—	—	—
23.	ਗੁਰਦਾਸਪੁਰ	4	—	—	2	2	8	—	—	—	—
24.	ਬਰਨਾਲਾ	10	—	—	—	—	1	—	—	—	—
		228	3	7	20	36	193	2	3	9	15

1153—19-9-99—305—ਕਾਪੀਆਂ—ਪੰਜਾਬ ਸਰਕਾਰ ਪ੍ਰੈਸ, ਪਟਿਆਲਾ।



Published under the authority of the Punjab Vidhan Sabha and printed by the Controller, Printing and Stationery, Pb. at the Government Press, Patiala.

ਆਰਜ਼ੀ ਫ਼ਾਈਲ ਕਵਰ

(ਰਿਕਾਰਡ ਨਾ ਕੀਤੇ ਫੁਟਕਲ ਕਾਗਜ਼ਾਂ ਲਈ)